# ਪੰਜਾਬ

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

www.PunjabiLibrary.com

# ਪੰਜਾਬ

[ ਇਤਿਹਾਸ, ਕਲਾ, ਸਾਹਿਤ
ਤੇ ਸਭਿਆਚਾਰ ਆਦਿ ]

ਮੁਖ ਸੰਪਾਦਕ

ਮਹਿੰਦਰ ਸਿੰਘ ਰੰਧਾਵਾ

This Comes From:–
Ludhiana Book Shop,
LUDHIANA.

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਮੁੱਲ ੧੪ ਰੁਪਏ

www.PunjabiLibrary.com

ਸਭ ਹੱਕ ਰਾਖਵੇਂ ਹਨ

ਪ੍ਰਕਾਸ਼ਕ :
ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਮਿਲਣ ਦਾ ਪਤਾ :
ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ,
ਚੰਡੀਗੜ੍ਹ

ਪਹਿਲੀ ਵਾਰ : ੧੯੬੦ — ੨੧੦੦

ਪ੍ਰਿੰਟਰ :
ਨਵਯੁਗ ਪ੍ਰੈੱਸ, ਚਾਂਦਨੀ ਚੌਕ, ਦਿੱਲੀ

www.PunjabiLibrary.com

# ਆਮੁਖ

ਮੈਂ ਪੰਜਾਬ, ਪੰਜਾਬੀ ਜੀਵਨ ਤੇ ਸਭਿਆਚਾਰ ਸਬੰਧੀ ਵਿਉਂਤੀ ਪੁਸਤਕ ਦੇ ਮੁਖਬੰਧ ਨੂੰ ਪੜ੍ਹ ਕੇ ਬੜਾ ਪਰਸੰਨ ਹੋਇਆ ਹਾਂ । ਇਸ ਮਹਾਨ ਕਾਰਜ ਦੇ ਨੇਪਰੇ ਚੜ੍ਹਨ ਤੇ ਮੈਂ ਦਿਲੀ ਵਧਾਈ ਦਿੰਦਾ ਹਾਂ।

ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਹ ਪੁਸਤਕ ਪੰਜਾਬੀ ਸਭਿਆਚਾਰ ਬਾਬਤ ਸਹੀ ਸਹੀ ਜਾਣਕਾਰੀ ਕਰਾਉਣ ਵਿਚ ਸਹਾਈ ਹੋਵੇਗੀ, ਜਿਸ ਦੀ ਵੰਨਸੁਵੰਨਤਾ ਅਤੇ ਅਮੀਰੀ ਦੇ ਸਾਰੇ ਪੱਖਾਂ ਬਾਰੇ ਹੁਣ ਤਕ ਬਹੁਤ ਘੱਟ ਲੋਕਾਂ ਨੂੰ ਪਤਾ ਹੈ, ਅਤੇ ਆਸ ਹੈ ਕਿ ਭਾਰਤੀ ਯੂਨੀਅਨ ਦੇ ਵੱਖ ਵੱਖ ਰਾਜਾਂ ਅਤੇ ਪੰਜਾਬ ਵਿਚਕਾਰ ਜੋ ਪਰਸਪਰ ਜਾਣ ਪਛਾਣ ਦੀ ਘਾਟ ਚਲੀ ਆਉਂਦੀ ਹੈ, ਉਸ ਨੂੰ ਇਹ ਪੁਸਤਕ ਪੂਰਾ ਕਰੇਗੀ ।

ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬੀ ਸਭਿਆਚਾਰ ਦੇ ਬਗ਼ੀਚੇ ਵਿੱਚੋਂ ਅਣਗਿਣਤ ਮਹਿਕਦੇ ਫੁੱਲਾਂ ਨੂੰ ਚੁਣ ਕੇ ਇਸ ਗੁਲਦਸਤੇ ਵਿਚ ਸਜਾਇਆ ਗਿਆ ਹੈ । ਮੈਨੂੰ ਭਰੋਸਾ ਹੈ ਕਿ ਇਸ ਧਰਤੀ ਦੇ ਇਨ੍ਹਾਂ ਉੱਘੇ ਸਪੁੱਤਰਾਂ ਅਤੇ ਸਪੁੱਤਰੀਆਂ ਨੇ, ਕਵਿਤਾ, ਵਾਰਤਕ ਅਤੇ ਚਿਤਰਕਲਾ ਰਾਹੀਂ ਪੰਜਾਬ ਦੀ ਆਤਮਾ ਨੂੰ ਸਫਲਤਾ ਸਹਿਤ ਮੂਰਤੀ-ਮਾਨ ਕੀਤਾ ਹੈ।

ਮੈਨੂੰ ਪੂਰਨ ਆਸ ਹੈ ਕਿ ਇਸ ਪ੍ਰਸੰਸਾ-ਯੋਗ ਉੱਦਮ ਲਈ ਪੰਜਾਬ ਦੇ ਵਸਨੀਕ ਸਦਾ ਲਈ ਰਿਣੀ ਰਹਿਣਗੇ।

ਚੰਡੀਗੜ੍ਹ
੨੯-੫-੧੯੬੦

ਪਰਤਾਪ ਸਿੰਘ ਕੈਰੋਂ
ਮੁੱਖ ਮੰਤਰੀ, ਪੰਜਾਬ

www.PunjabiLibrary.com

# ਭੂਮਿਕਾ

ਪੰਜਾਬ ਰਾਂਗਲਾ ਦੇਸ ਹੈ । ਇਥੇ ਕੁਦਰਤ ਆਪਣੇ ਪੂਰੇ ਨਿਖਾਰ ਵਿਚ ਬਹੁਰੰਗੀ ਤਸਵੀਰ ਪੇਸ਼ ਕਰਦੀ ਹੈ । ਹਰਿਆਵਲ ਤੇ ਸੋਕਾ, ਗਰਮੀ ਤੇ ਸਰਦੀ, ਮੀਂਹ ਤੇ ਔੜ, ਹੁੱਸੜ ਤੇ ਤੀਖਣ ਬੁੱਲੇ, ਸਰੀਰਕ ਸ੍ਰਮ ਤੇ ਕੋਮਲ ਹੁਨਰ, ਮਾਲਾ ਤੇ ਚੰਡੀ, ਰੁਖੜਪਣ ਤੇ ਸਾਹਿਤਕ ਸਰਸਤਾ ਆਦਿ ਬੇਜੋੜ ਜੋੜੇ ਅੰਕ ਸਹੇਲੀਆਂ ਵਾਂਙ ਇਥੇ ਗਲਵੱਕੜੀਆਂ ਪਾਈ ਨਜ਼ਰੀਂ ਪੈਂਦੇ ਹਨ । ਇਸੇ ਕਾਰਣ ਇਥੋਂ ਦਾ ਸੰਤ ਸ਼ਾਇਰ ਆਪਣੇ ਮਹਿਬੂਬ ਨੂੰ ਭਾਂਤ ਸੁਭਾਂਤੀ ਕੁਦਰਤ ਵਿਚ ਬੈਠਾ ਅਨੁਭਵ ਕਰਦਾ ਹੈ :—

"ਬਲਿਹਾਰੀ ਕੁਦਰਤ ਵਸਿਆ ।
ਤੇਰਾ ਅੰਤ ਨ ਜਾਈ ਲਖਿਆ ।"

(ਗੁਰੂ ਨਾਨਕ)

ਕੁਦਰਤ ਦੀ ਇਸ ਰੰਗੀਨੀ ਨੇ ਪੰਜਾਬ ਨੂੰ ਦੇਵ ਭੂਮੀ, ਬੀਰ ਭੂਮੀ ਤੇ ਕਲਾ ਭੂਮੀ ਬਣਾ ਦਿੱਤਾ ਹੈ । ਹੜੱਪਾ, ਮੁਹਿੰਜੋਦਾਰੋ, ਤਕਸ਼ਿਲਾ ਤੇ ਰੋਪੜ ਦੀਆਂ ਖੁਦਾਈਆਂ ਵਿਚੋਂ ਬਾਰੀਕ-ਬੀਨਾਂ ਨੂੰ ਝਾਂਵਲੇ ਪੈਂਦੇ ਹਨ ਕਿ ਵਿਸ਼ਵ ਸਭਿਅੱਤਾ ਦੇ ਪੰਘੂੜੇ ਨੂੰ ਸ਼ਾਇਦ ਪਹਿਲਾ ਝੂਟਾ ਇਥੇ ਹੀ ਮਿਲਿਆ ਸੀ । ਵਿਸ਼ਵ-ਸਾਹਿਤ ਦਾ ਮੰਗਲਾਚਰਣ ਵੇਦ-ਰਿਚਾਵਾਂ ਦੇ ਰੂਪ ਵਿਚ ਇਥੋਂ ਦੇ ਦਰਿਆਵਾਂ ਤੇ ਨਦੀਆਂ ਦੇ ਕੰਢਿਆਂ ਤੇ ਸਮਾਧੀ ਧਾਰੀ ਰਿਸ਼ੀਆਂ ਦੇ ਕੰਠੋਂ ਗੂੰਜਿਆ ਸੀ । ਇਥੋਂ ਦੇ ਵਾਸੀਆਂ ਵਿਚ ਇਕ ਵਿਸਮਾਦੀ ਰੰਗ ਤੇ ਅਲਬੇਲਾਪਣ ਹੈ । ਇਨ੍ਹਾਂ ਦੇ ਬੋਲਾਂ ਵਿਚ ਕਰਾਰ, ਬਾਹਾਂ ਵਿਚ ਬਲ, ਛਾਤੀਆਂ ਵਿਚ ਸੁਹਿਰਦ ਧੜਕਣ, ਹੱਥਾਂ ਵਿਚ ਕਲਾ, ਲੱਤਾਂ ਵਿਚ ਛੁਹਲ, ਸੋਚਣ ਵਿਚ ਤੀਖਣ ਕਲਪਣਾ ਤੇ ਲਿਖਣ ਵਿਚ ਸੂਹਜ ਹੈ । ਇਸ ਲਈ ਇਨ੍ਹਾਂ ਲੋਕਾਂ ਦੇ ਇਤਿਹਾਸ, ਰਵਾਇਤਾਂ, ਕਾਰ-ਵਿਹਾਰ, ਖੇਡਾਂ, ਰਹਿਣੀ ਬਹਿਣੀ, ਪੁਸ਼ਾਕ, ਸ਼ਿੰਗਾਰ, ਮਨੌਤਾਂ, ਹੁਨਰ, ਸਾਹਿਤ ਤੇ ਭਾਸ਼ਾ ਸਬੰਧੀ ਸ਼ਬਦ ਚਿਤਰਾਂ ਰਾਹੀਂ ਤਸਵੀਰ ਪੇਸ਼ ਕਰਨਾ ਲੋਕ ਸੇਵਾ ਦਾ ਕੰਮ ਹੈ ।

ਇਸ ਪੱਖੋਂ 'ਪੰਜਾਬ' ਨਾਂ ਦੀ ਇਹ ਰਚਨਾ ਇਕ ਮਹਾਨ ਕ੍ਰਿਤ ਹੈ । ਇਹ ਪੰਜਾਬ ਦਾ ਦਰਪਨ ਹੈ । ਪੰਜਾਬੀ ਪਾਠਕ ਇਸ ਵਿਚੋਂ ਆਪਣੀ ਬਾਂਕੀ ਨੁਹਾਰ ਵੇਖ ਕੇ ਸਵੈਮਾਨ ਨਾਲ ਹੁੰਗਾਰਾ ਭਰਨਗੇ । ਮੈਨੂੰ ਯਕੀਨ ਹੈ ਕਿ ਇਸ ਦਾ ਹੋਰ ਭਾਰਤੀ ਅਤੇ ਬਿਦੇਸੀ ਭਾਸ਼ਾਵਾਂ ਵਿਚ ਅਨੁਵਾਦ ਪੰਜਾਬ ਨੂੰ ਗੌਰਵ ਪਰਦਾਨ ਕਰੇਗਾ । ਇਸ ਪੁਸਤਕ ਦੀ ਤਿਆਰੀ ਤੇ ਛਪਾਈ ਦਾ ਸਿਹਰਾ ਇਸ ਦੇ ਮੁਖ ਸੰਪਾਦਕ ਡਾਕਟਰ ਐਮ. ਐਸ. ਰੰਧਾਵਾ, ਆਈ. ਸੀ. ਐਸ. ਤੇ ਸੰਪਾਦਕੀ-ਬੋਰਡ ਦੇ ਸਿਰ ਬੱਝਦਾ ਹੈ । ਰੰਧਾਵਾ ਜੀ ਇਕ ਆਦਰਸ਼ਕ ਪੰਜਾਬੀ ਹਨ । ਸਾਹਿਤ, ਕਲਾ ਤੇ ਇਲਮ-ਦੋਸਤ ਹੋਣ ਕਰਕੇ ਇਨ੍ਹਾਂ ਦੀ ਸ਼ਖ਼ਸੀਅਤ ਚੁੰਬਕੀ-ਖਿੱਚ ਰਖਦੀ ਹੈ । ਇਸੇ ਸਦਕਾ ਇਨ੍ਹਾਂ ਪੰਜਾਬ ਦੇ ਸਮੁੱਚੇ ਕਲਾਕਾਰਾਂ ਦਾ ਸਹਿਯੋਗ ਝਟਪਟ ਹਾਸਲ ਕਰਕੇ ਇਸ ਵਡਮੁੱਲੀ ਪੁਸਤਕ ਨੂੰ ਪੂਰਨ ਸਫਲਤਾ ਨਾਲ ਬੱਝਵੇਂ ਸਮੇਂ ਵਿਚ ਨੇਪਰੇ ਚਾੜ੍ਹ ਲਿਆ ਹੈ ।

ਮੈਨੂੰ ਭਰੋਸਾ ਹੈ ਇਸ ਰਚਨਾ ਨੂੰ ਵੇਖ ਕੇ ਤੇ ਪੜ੍ਹ ਕੇ ਸਾਰੇ ਪੰਜਾਬੀ ਮੁਕਤ-ਕੰਠ ਨਾਲ ਇਸ ਦੇ ਸੰਪਾਦਨ ਅਤੇ ਪਰਕਾਸ਼ਨ ਦੀ ਪਰਸੰਸਾ ਕਰਨਗੇ । ਮੈਂ ਆਸ ਕਰਦਾ ਹਾਂ ਕਿ ਭਾਸ਼ਾ ਵਿਭਾਗ ਲਗਨ ਤੇ ਘਾਲ ਦੁਆਰਾ ਪੰਜਾਬ, ਇਸ ਦੇ ਸਾਹਿਤ ਤੇ ਸਭਿਆਚਾਰ ਦੀ ਇਵੇਂ ਹੀ ਪਰਸੰਸਾ ਜਨਕ ਸੇਵਾ ਕਰਦਾ ਰਹੇਗਾ ।

ਅਮਰਨਾਥ ਵਿਦਿਆਲੰਕਾਰ,
ਸਿਖਿਆ ਤੇ ਭਾਸ਼ਾ ਮੰਤਰੀ,
ਪੰਜਾਬ ।

ਚੰਡੀਗੜ੍ਹ
੨੯-੬-੧੯੬੦

www.PunjabiLibrary.com

## ਸੰਪਾਦਕੀ ਬੋਰਡ

| | |
|---|---|
| ਡਾਕਟਰ ਮਹਿੰਦਰ ਸਿੰਘ ਰੰਧਾਵਾ | ਮੁਖ ਸੰਪਾਦਕ |
| ਸਰਦਾਰ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' | ਮੈਂਬਰ |
| ਡਾਕਟਰ ਗੰਡਾ ਸਿੰਘ | ,, |
| ਪ੍ਰੋ: ਮੋਹਨ ਸਿੰਘ 'ਮਾਹਰ' | ,, |
| ਸ਼੍ਰੀਮਤੀ ਅੰਮ੍ਰਿਤਾ ਪ੍ਰੀਤਮ | ,, |
| ਪ੍ਰੋ: ਪ੍ਰੀਤਮ ਸਿੰਘ | ,, |
| ਸ੍ਰੀ ਰਣਜੀਤ ਸਿੰਘ ਗਿੱਲ | ,, |
| ਸ੍ਰੀ ਲਾਲ ਸਿੰਘ | ,, |
| ਡਾਕਟਰ ਜੀਤ ਸਿੰਘ ਸੀਤਲ | ਕਨਵੀਨਰ |
| ਸ੍ਰੀ ਪਰਤਾਪ ਸਿੰਘ ਕੈਂਤਲ | ਸਹਾਇਕ ਕਨਵੀਨਰ |


www.PunjabiLibrary.com

# ਮੁਖਬੰਧ

੩੦ ਅਪ੍ਰੈਲ, ੧੯੫੭ ਨੂੰ ਮੈਂ ਸਰਦਾਰ ਪਰਤਾਪ ਸਿੰਘ ਜੀ ਕੈਰੋਂ, ਮੁੱਖ ਮੰਤਰੀ, ਪੰਜਾਬ, ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬੀ ਜ਼ਬਾਨ ਵਿਚ ਪੰਜਾਬ ਦੀ ਕਲਾ ਸਾਹਿਤ ਤੇ ਸਭਿਆਚਾਰ ਬਾਰੇ ਹਰ ਪੱਖ ਤੋਂ ਪੂਰਨ ਤੇ ਪ੍ਰਬੀਨ ਤਸਵੀਰ ਪੇਸ਼ ਕਰਨ ਵਾਲੀ ਇਕ ਪੁਸਤਕ ਛਾਪਣ ਦੀ ਤਜਵੀਜ਼ ਦਿੱਤੀ। ਪੰਜਾਬ ਸਰਕਾਰ ਨੇ ਅਜੇਹੀ ਪੁਸਤਕ ਦੀ ਅਣਹੋਂਦ ਕਾਰਣ ਇਸ ਦੀ ਲੋੜ ਤੇ ਵਿਸ਼ੇਸ਼ਤਾ ਨੂੰ ਅਨੁਭਵ ਕਰਦਿਆਂ ਮੇਰੀ ਤਜਵੀਜ਼ ਫ਼ੌਰਨ ਹੀ ਪਰਵਾਨ ਕਰਕੇ ਇਸ ਨੂੰ ਤਿਆਰ ਕਰਨ ਤੇ ਛਾਪਣ ਦੀ ਸਕੀਮ ਭਾਸ਼ਾ ਵਿਭਾਗ, ਪੰਜਾਬ, ਦੇ ਅਗਲੇ ਹੀ ਸਾਲ (੧੯੫੮-੫੯) ਦੇ ਪ੍ਰੋਗਰਾਮ ਵਿਚ ਸ਼ਾਮਲ ਕਰ ਲਈ। ਪਹਿਲੀ ਮਈ ੧੯੫੮ ਨੂੰ ਮੈਂ ਕ੍ਰਿਸ਼ੀ ਭਵਨ, ਨਵੀਂ ਦਿੱਲੀ, ਵਿਖੇ ਆਪਣੇ ਦਫ਼ਤਰ ਵਿਚ ਇਕ ਮੀਟਿੰਗ ਬੁਲਾਈ ਜਿਸ ਵਿਚ ਭਾਸ਼ਾ ਵਿਭਾਗ, ਪੰਜਾਬ, ਦੇ ਸਾਬਕ ਡਾਇਰੈਕਟਰ ਸਰਦਾਰ ਰਣਜੀਤ ਸਿੰਘ ਗਿੱਲ, ਸਹਾਇਕ ਡਾਇਰੈਕਟਰ ਡਾਕਟਰ ਜੀਤ ਸਿੰਘ ਸੀਤਲ ਤੇ ਸ੍ਰੀ ਪਰਤਾਪ ਸਿੰਘ ਕੈਂਤਲ ਸ਼ਾਮਲ ਹੋਏ । ਇਸ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਇਸ ਪੁਸਤਕ ਵਿਚ ਕਿਹੜੇ ਕਿਹੜੇ ਵਿਸ਼ਿਆਂ ਬਾਰੇ ਵਾਕਫ਼ੀ ਦੇਣੀ ਜ਼ਰੂਰੀ ਹੈ ਤੇ ਸਬੰਧਤ ਵਿਸ਼ਾ ਕਿਹੜੇ ਕਿਹੜੇ ਵਿਦਵਾਨ ਜਾਂ ਲੇਖਕ ਨੂੰ ਸੌਂਪਿਆ ਜਾਵੇ।

ਸਭ ਤੋਂ ਪਹਿਲਾਂ ਪੰਜਾਬ ਦੇ ਭੂਗੋਲ ਤੇ ਇਤਿਹਾਸ ਬਾਰੇ ਮੋਟੀ ਮੋਟੀ ਜਾਣ ਪਛਾਣ ਕਰਵਾਉਣ ਵਾਲਾ ਇਕ ਕਾਂਡ ਦੇਣ ਦਾ ਫ਼ੈਸਲਾ ਹੋਇਆ । ਇਹ ਕੰਮ ਪਰਸਿੱਧ ਇਤਿਹਾਸ ਖੋਜੀ ਡਾਕਟਰ ਗੰਡਾ ਸਿੰਘ, ਰਿਟਾਇਰਡ ਡਾਇਰੈਕਟਰ ਆਰਕਾਈਵਜ਼, ਸਾਬਕਾ ਪੈਪਸੂ ਸਰਕਾਰ ਨੂੰ ਸੌਂਪਿਆ ਗਿਆ ਜਿਹੜਾ ਉਨ੍ਹਾਂ ਨੇ ਅਤਿ ਨਿਪੁੰਨਤਾ ਨਾਲ ਨਿਭਾਇਆ ਹੈ।

ਇਸ ਪੁਸਤਕ ਨੂੰ ਹਰ ਪੱਖ ਤੋਂ ਪੂਰਨ ਬਣਾਉਣ ਲਈ ਪੰਜਾਬ ਦੀ ਚਿੱਤਰਕਲਾ, ਕਸੀਦਾਕਾਰੀ ਆਦਿ ਕੋਮਲ ਹੁਨਰਾਂ ਦਾ ਸੰਖੇਪ ਵੇਰਵਾ ਦੇਣਾ ਵੀ ਜ਼ਰੂਰੀ ਸਮਝਿਆ ਗਿਆ। ਪੰਜਾਬ, ਖਾਸ ਕਰਕੇ ਕੇਂਦਰੀ ਪੰਜਾਬ, ਦੀਆਂ ਫੁਲਕਾਰੀਆਂ ਤੇ ਕਾਂਗੜੇ ਦੇ ਰੁਮਾਲ ਸਾਡੀ ਕਸੀਦਾਕਾਰੀ ਤੇ ਕਢਾਈ ਦੇ ਹੁਨਰ ਦੀ ਮੂੰਹ ਬੋਲਦੀ ਤਸਵੀਰ ਹਨ। ਇਨ੍ਹਾਂ ਦੀ ਸੁੰਦਰਤਾ ਤੋਂ ਨਾਵਾਕਫ਼ ਹੋਣਾ ਪੰਜਾਬੀ ਕਲਾ ਦੇ ਇਕ ਬਹੁਤ ਵਡੇ ਭਾਗ ਤੋਂ ਅਣਜਾਣ ਹੋਣਾ ਹੈ। ਸ੍ਰੀਮਤੀ ਰੰਪਾ ਪਾਲ ਨੇ ਇਸ ਵਿਸ਼ੇ ਤੇ ਬਹੁਤ ਹੀ ਸ਼ੌਕ ਤੇ ਲਗਨ ਨਾਲ ਖੋਜ ਕੀਤੀ ਹੈ । ਇਸ ਲਈ ਇਸ ਕਲਾ ਸਬੰਧੀ ਲੇਖ ਉਨ੍ਹਾਂ ਤੋਂ ਲਿਖਵਾਇਆ ਗਿਆ ਹੈ। ਕਾਂਗੜੇ ਦੀ ਚਿੱਤਰਕਲਾ ਵਿਚੋਂ ਲਭਦੀ ਉਥੋਂ ਦੇ ਸਮੁਚੇ ਜੀਵਨ ਦੀ ਤਸਵੀਰ ਮੈਂ ਆਪ ਪੇਸ਼ ਕੀਤੀ ਹੈ । ਡਾਕਟਰ ਮੁਲਕ ਰਾਜ ਅਨੰਦ ਨੇ ਸਿਖ ਰਾਜ ਸਮੇਂ ਦੀ ਚਿੱਤਰਕਲਾ ਬਾਰੇ "ਮਾਰਗ" ਦੇ ਖ਼ਾਸ ਅੰਕ ਵਿਚ ਛਪਿਆ ਲੇਖ ਭੇਟ ਕਰਕੇ ਇਸ ਪੁਸਤਕ ਦੀ ਸ਼ਾਨ ਵਿਚ ਵਾਧਾ ਕੀਤਾ ਹੈ । ਇਸ ਤੋਂ ਇਲਾਵਾ ਉਨ੍ਹਾਂ ਨੇ "ਮਾਰਗ" ਵਿਚ ਛਪੀ ਅੰਮ੍ਰਿਤਾ ਸ਼ੇਰਗਿੱਲ, ਕੰਵਲ ਕ੍ਰਿਸ਼ਨ, ਸਤੀਸ਼ ਗੁਜਰਾਲ, ਸੋਭਾ ਸਿੰਘ, ਪੀ. ਐਨ. ਮਾਗੋ, ਠਾਕਰ ਸਿੰਘ, ਈਸ਼ਵਰ ਸਿੰਘ, ਪੀ. ਬੀ. ਸਾਨਿਆਲ. ਐਸ. ਐਲ. ਪ੍ਰਾਸ਼ਰ ਆਦਿ ਨਵੀਨ ਚਿੱਤਰਕਾਰਾਂ ਬਾਰੇ ਵਾਕਫ਼ੀ ਨੂੰ ਉਲਥਾ ਕੇ ਵਰਤਣ ਦੀ ਆਗਿਆ ਦਿੱਤੀ। ਇਹ ਵਾਕਫ਼ੀ ਸਾਨੂੰ ਹੋਰ ਕਿਧਰੇ ਵੀ ਇਸ ਸੁਚੱਜੇ ਰੂਪ ਵਿਚ ਇਕਤਰ ਹੋਈ ਨਹੀਂ ਸੀ ਮਿਲ ਸਕਦੀ।

ਪੰਜਾਬ ਦੇ ਵਸਨੀਕ, ਕੀ ਗੱਭਰੂ ਤੇ ਕੀ ਮੁਟਿਆਰਾਂ, ਬੜੇ ਖੁਲ੍ਹੇ ਡੁਲ੍ਹੇ ਤੇ ਉੱਦਮੀ ਸੁਭਾ ਦੇ ਮਾਲਕ ਹਨ। ਇਨ੍ਹਾਂ ਦਾ ਪਹਿਰਾਵਾ, ਹਾਰ ਸ਼ਿੰਗਾਰ, ਲੋਕ-ਨਾਚ, ਖੇਡਾਂ, ਵਹਿਮ ਭਰਮ, ਮੇਲੇ, ਤਿਉਹਾਰ ਤੇ ਲੋਕ ਗੀਤ ਪੰਜਾਬੀਆਂ

ਦੇ ਇਸ ਉਦਾਰ ਜੀਵਨ ਵਿਚ ਫੁਰਤੀ, ਸ਼ੌਕ ਤੇ ਲਚਕ ਪੈਦਾ ਕਰਦੇ ਹਨ । ਲੋਕ ਨਾਚਾਂ ਤੇ ਲੋਕ ਗੀਤਾਂ ਤੋਂ ਸਿਵਾ ਪੰਜਾਬੀ ਸਭਿਆਚਾਰ ਦੇ ਇਨ੍ਹਾਂ ਪੱਖਾਂ ਤੇ ਜਿੰਨਾਂ ਕੰਮ ਹੋਇਆ ਹੈ ਉਸ ਦੀ ਮਾਂਦੀ ਦਸ਼ਾ ਨੂੰ ਤੱਕ ਕੇ ਇਨ੍ਹਾਂ ਬਾਰੇ ਸੰਖੇਪ ਵਾਕਫ਼ੀ ਦੇਣੀ ਬਹੁਤ ਹੀ ਜ਼ਰੂਰੀ ਸਮਝੀ ਗਈ। ਭੰਗੜਾ, ਝੁੰਮਰ, ਗਿੱਧਾ ਆਦਿ ਲੋਕ-ਨਾਚ ਪੰਜਾਬੀ ਗੱਭਰੂਆਂ ਤੇ ਮੁਟਿਆਰਾਂ ਦੀ ਜਵਾਨ ਰੂਹ ਨੂੰ ਵਿਕਾਸ ਦਿੰਦੇ ਹਨ। ਮੇਲਿਆਂ, ਤਿਉਹਾਰਾਂ ਅਤੇ ਬਾਕੀ ਖ਼ੁਸ਼ੀ ਦੇ ਮੌਕਿਆਂ ਉਤੇ ਇਹ ਨਾਚ ਆਪਣੇ ਭਰ ਜੋਬਨ ਵਿਚ ਹੁੰਦੇ ਹਨ । ਸਰਦਾਰ ਜੋਗਿੰਦਰ ਸਿੰਘ, ਬੈਂਕ ਆਫ਼ ਪਟਿਆਲਾ ਨੇ ਬੜੀ ਮਿਹਨਤ ਤੇ ਖੋਜ ਕਰਕੇ ਇਸ ਵਿਸ਼ੇ ਬਾਰੇ ਲਿਖਿਆ ਹੈ। ਸਰਦਾਰ ਸੁਜਾਨ ਸਿੰਘ ਪ੍ਰਿੰਸੀਪਲ ਫਿਜ਼ੀਕਲ ਟ੍ਰੇਨਿੰਗ ਕਾਲਜ ਜੋਧਪੁਰ ਨੇ ਉੱਨੇ ਹੀ ਸ਼ੌਕ ਤੇ ਲਗਨ ਨਾਲ ਪੰਜਾਬ ਦੇ ਪਿੰਡਾਂ ਦੀਆਂ ਅਜੇਹੀਆਂ ਖੇਡਾਂ ਬਾਰੇ ਲਿਖਿਆ ਹੈ ਜਿਹੜੀਆਂ ਨਵੀਨ ਵਿਦਿਆ ਦੇ ਅਸਰ ਥਲੇ ਅਲੋਪ ਹੁੰਦੀਆਂ ਜਾ ਰਹੀਆਂ ਹਨ । ਸਰਦਾਰ ਗੁਲਜ਼ਾਰ ਸਿੰਘ ਸੰਧੂ ਨੇ ਭਾਸ਼ਾ ਵਿਭਾਗ ਪੰਜਾਬ ਦੀ ਹੌਸਲਾ ਅਫ਼ਜ਼ਾਈ ਨਾਲ ਪੰਜਾਬ ਦੇ ਪਿੰਡਾਂ ਦਾ ਦੌਰਾ ਕਰਕੇ ਉਥੋਂ ਦੇ ਰਸਮਾਂ ਰਿਵਾਜਾਂ ਤੇ ਵਹਿਮਾਂ ਭਰਮਾਂ ਦਾ ਇਕ ਦਿਲਚਸਪ ਵੇਰਵਾ ਪੇਸ਼ ਕੀਤਾ ਹੈ ਅਤੇ ਇਸ ਦੇ ਨਾਲ ਹੀ ਇਥੋਂ ਦੇ ਹਾਰ ਸ਼ਿੰਗਾਰ ਤੇ ਪਹਿਰਾਵੇ ਬਾਰੇ ਇਕ ਉੱਤਮ ਲੇਖ ਲਿਖਿਆ ਹੈ । ਗਿਆਨੀ ਗੁਰਦਿੱਤ ਸਿੰਘ ਨੇ, ਜਿਹੜੇ ਪੰਜਾਬ ਦੇ ਪੇਂਡੂ ਜੀਵਨ ਵਿਚ ਬਹੁਤ ਡੂੰਘੀ ਦਿਲਚਸਪੀ ਰਖਦੇ ਹਨ, ਪੰਜਾਬ ਦੇ ਮੇਲਿਆਂ ਅਤੇ ਤਿਉਹਾਰਾਂ ਬਾਰੇ ਬਹੁਤ ਹੀ ਲਾਭਦਾਇਕ ਲੇਖ ਲਿਖਿਆ ਹੈ। ਸ੍ਰੀ ਦੇਵਿੰਦਰ ਸਤਿਆਰਥੀ ਨੇ ਸਭ ਤੋਂ ਪਹਿਲਾਂ ਪੰਜਾਬ ਦੇ ਲੋਕ-ਗੀਤ ਇਕੱਠੇ ਕਰਕੇ ਅਜ ਦੇ ਗਭਰੂਆਂ ਤੇ ਮੁਟਿਆਰਾਂ ਵਿਚ ਨਵੀਨ ਵਿਦਿਆ ਦੁਆਰਾ ਲੋਕ ਗੀਤਾਂ ਬਾਰੇ ਪੈਦਾ ਹੋਈ ਬਣਾਵਟ ਤੇ ਉਪਰਾਮਤਾ ਨੂੰ ਰੋਕਿਆ ਹੈ ਅਤੇ ਉਨ੍ਹਾਂ ਵਿਚ ਗੀਤਾਂ ਦੀ ਸੁੰਦਰਤਾ ਦੁਬਾਰਾ ਸੁਰਜੀਤ ਕੀਤੀ ਹੈ । ਇਸ ਪੁਸਤਕ ਵਿਚ ਲੋਕ ਗੀਤਾਂ ਬਾਰੇ ਦਿਤਾ ਲੇਖ ਸਤਿਆਰਥੀ ਜੀ ਨੇ ਹੋਰ ਵੀ ਉਚੇਚ ਮਿਹਨਤ ਨਾਲ ਲਿਖਿਆ ਹੈ।

ਪੰਜਾਬ ਦੀ ਧਰਤੀ ਪ੍ਰੇਮੀਆਂ ਤੇ ਪ੍ਰੇਮ-ਸਨੇਹੀਆਂ ਦੀ ਧਰਤੀ ਹੈ। ਇਥੋਂ ਦੇ ਜੰਗਲ ਬੇਲਿਆਂ ਵਿਚ, ਇਥੋਂ ਦੇ ਵਗਦੇ ਪਾਣੀਆਂ ਦੇ ਕੰਢੇ ਅਤੇ ਇਥੋਂ ਦੇ ਹਰੇ ਭਰੇ ਬਿਰਖਾਂ ਦੇ ਥਲੇ ਅਨੇਕਾਂ ਹੀ ਪ੍ਰੇਮੀਆਂ ਦੀ ਪ੍ਰੀਤ ਨੇ ਪਰਵਰਿਸ਼ ਪਾਈ ਹੈ। ਇਨ੍ਹਾਂ ਪ੍ਰੇਮੀਆਂ ਦੀਆਂ ਪ੍ਰੇਮ-ਕਹਾਣੀਆਂ ਤੋਂ ਹੀ ਅਜੋਕੇ ਪੰਜਾਬ ਦੇ ਯੁਵਕ ਤੇ ਯੁਵਤੀਆਂ ਪਰੇਰਨਾ ਲੈਂਦੇ ਹਨ। ਹੀਰ ਰਾਂਝਾ, ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਦੀਆਂ ਪ੍ਰੀਤ-ਕਹਾਣੀਆਂ ਸਰਦਾਰ ਗੁਰਬਖ਼ਸ਼ ਸਿੰਘ ਨੇ ਲਿਖ ਕੇ ਬੜੀ ਕਿਰਪਾ ਕੀਤੀ ਹੈ। ਆਪ ਨੇ ਪੰਜਾਬੀ ਜ਼ਬਾਨ ਤੇ ਸਾਹਿਤ ਨੂੰ ਉਚਕੋਟੀ ਦੀ ਵਾਰਤਕ ਦਿੱਤੀ ਹੈ ਤੇ ਕਾਵਿਕ ਸ਼ੈਲੀ ਵਿਚ ਕੋਮਲ ਭਾਵ ਨਾਲ ਲਿਖੀਆਂ ਇਹ ਕਹਾਣੀਆਂ ਨੂੰ ਮੇਰਾ ਵਿਸ਼ਵਾਸ਼ ਹੈ, ਪੰਜਾਬੀ ਵਿਚ ਦਿਲਚਸਪੀ ਰਖਣ ਵਾਲੇ ਸਾਰੇ ਹੀ ਪਾਠਕ ਬੜੇ ਸ਼ੌਕ ਤੇ ਸ਼ਰਧਾ ਨਾਲ ਪੜ੍ਹਨਗੇ । ਗਿਆਨੀ ਗੁਰਦਿੱਤ ਸਿੰਘ ਨੇ ਰਾਜਾ ਰਸਾਲੂ ਦੀ ਤੇ ਸਰਦਾਰ ਸੂਬਾ ਸਿੰਘ ਨੇ ਪੂਰਨ ਭਗਤ ਦੀ ਕਹਾਣੀ ਬੜੇ ਕੋਮਲ ਭਾਵ ਨਾਲ ਦਿਲਚਸਪ ਬਣਾ ਕੇ ਲਿਖੀ ਹੈ।

ਗੁਰੂਆਂ, ਸੰਤਾਂ ਤੇ ਸੂਫ਼ੀਆਂ ਦੇ ਜੀਵਨ ਅਤੇ ਉਨ੍ਹਾਂ ਦੀ ਧਾਰਮਕ ਤੇ ਭਗਤੀ ਭਾਵ ਨਾਲ ਰੱਤੀ ਕਵਿਤਾ ਤੋਂ ਪਰੇਰਨਾ ਲੈ ਕੇ ਪੰਜਾਬ ਦੇ ਵਸਨੀਕ ਆਪਣੀਆਂ ਅਧੀਰ ਘੜੀਆਂ ਨੂੰ ਧੀਰ ਬਖਸ਼ਦੇ ਹਨ। ਪ੍ਰੋ: ਰਾਮ ਸਿੰਘ ਨੇ ਸੂਫ਼ੀਆਂ, ਭਗਤਾਂ ਤੇ ਗੁਰੂਆਂ ਦੀ ਅਜਿਹੀ ਕਵਿਤਾ ਦੇ ਹਵਾਲੇ ਦੇ ਕੇ ਉਨ੍ਹਾਂ ਦੇ ਜੀਵਨ ਸਬੰਧੀ ਵੀ ਸੰਖੇਪ ਵੇਰਵਾ ਦਿਤਾ ਹੈ। ਇਨ੍ਹਾਂ ਦਾ ਇਹ ਲੇਖ ਭਗਤ ਪਿਆਰੇ ਤੇ ਸ਼ਰਧਾਲੂ ਪਾਠਕ ਬੜੀ ਹੀ ਸ਼ਰਧਾ ਤੇ ਸ਼ੌਕ ਨਾਲ ਪੜ੍ਹ ਕੇ ਮਾਣਨਗੇ।

ਪੰਜਾਬੀ ਲਿੱਪੀ ਦੇ ਵਿਕਾਸ ਬਾਰੇ ਤਾਂ ਸਾਡੇ ਪਾਠਕ ਬਹੁਤ ਹੀ ਅਣਜਾਣ ਹਨ। ਪ੍ਰੋ: ਪ੍ਰੀਤਮ ਸਿੰਘ ਨੇ ਪੰਜਾਬੀ ਲਿੱਪੀ ਦੇ ਨਿਕਾਸ ਤੇ ਵਿਕਾਸ ਬਾਰੇ ਬੜੀ ਲਗਨ ਤੇ ਸਾਧਨਾਂ ਨਾਲ ਖੋਜ ਕੀਤੀ ਹੈ । ਉਨ੍ਹਾਂ ਨੇ ਇਸ ਪੁਸਤਕ ਲਈ ਪੰਜਾਬੀ ਲਿੱਪੀ ਤੇ ਪੰਜਾਬੀ ਬੋਲੀ ਬਾਰੇ ਬਹੁਤ ਹੀ ਗਿਆਨ ਭਰਪੂਰ ਲੇਖ ਲਿਖਿਆ ਹੈ।

ਪ੍ਰੋ: ਮੋਹਨ ਸਿੰਘ, ਜਿਹੜੇ ਪੰਜਾਬੀ ਦੇ ਗੀਤ-ਕਾਵਿ ਵਿਚ ਇਕ ਖ਼ਾਸ ਸਥਾਨ ਰਖਦੇ ਹਨ, ਨੇ ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ ਬੜੀ ਨਿਪੁੰਨਤਾ ਨਾਲ ਪੇਸ਼ ਕੀਤਾ ਹੈ। ਨਵੀਨ ਪੰਜਾਬੀ ਕਵਿਤਾ ਨਾਲ ਜਾਣ ਪਛਾਣ ਸ੍ਰੀਮਤੀ ਅੰਮ੍ਰਿਤਾ ਪ੍ਰੀਤਮ ਨੇ ਪਰਸਿੱਧ ਕਵੀਆਂ ਦੀਆਂ ਰਚਨਾਵਾਂ ਦੁਆਰਾ ਕਰਵਾਈ ਹੈ । ਆਪ ਨੇ ਉੱਚਕੋਟੀ

ਦੀ ਕਵਿਤਾ ਰਚ ਕੇ ਸਾਡੇ ਕਾਵਿ ਖਜ਼ਾਨੇ ਨੂੰ ਅਮੀਰ ਕੀਤਾ ਹੈ ।

ਇਨ੍ਹਾਂ ਵਿਸ਼ਿਆਂ ਤੋਂ ਇਲਾਵਾ ਗੁਰਦੁਆਰਿਆਂ, ਮੰਦਰਾਂ ਤੇ ਕੁਝ ਹੋਰ ਧਾਰਮਕ ਤੇ ਇਤਿਹਾਸਕ ਸਥਾਨਾਂ ਦਾ ਜ਼ਿਕਰ ਵੀ ਇਸ ਪੁਸਤਕ ਲਈ ਬਹੁਤ ਜ਼ਰੂਰੀ ਸਮਝਿਆ ਗਿਆ । ਇਹ ਕੰਮ ਵੀ ਡਾਕਟਰ ਗੰਡਾ ਸਿੰਘ ਹੁਰਾਂ ਨੂੰ ਹੀ ਸੌਂਪਿਆ ਗਿਆ ਜਿਹੜਾ ਉਨ੍ਹਾਂ ਨੇ ਬੜੀ ਪਰਬੀਨਤਾ ਨਾਲ ਨਿਭਾਇਆ । ਅੰਤ ਵਿਚ ਸ: ਕਿਰਪਾਲ ਸਿੰਘ ਨਾਰੰਗ ਦਾ ਇਕ ਲੇਖ ਭਾਰਤੀ ਇਤਿਹਾਸ ਤੇ ਸਭਿਆਚਾਰ ਨੂੰ ਪੰਜਾਬ ਦੀ ਦੇਣ ਬਾਰੇ ਦਿਤਾ ਗਿਆ ਹੈ ਜਿਹੜਾ ਕਿ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਬੜੀ ਦਿਲਚਸਪੀ ਨਾਲ ਪੜ੍ਹਿਆ ਜਾਵੇਗਾ ।

ਇਸ ਵਡਮੁੱਲੀ ਪੁਸਤਕ ਨੂੰ ਤਿਆਰ ਕਰਨ ਵਿਚ ਪੰਜਾਬੀ ਦੇ ਪਰਸਿੱਧ ਲੇਖਕਾਂ ਤੇ ਵਿਦਵਾਨਾਂ ਨੇ ਬੜੀ ਖ਼ੁਸ਼ੀ ਨਾਲ ਮਿਲਵਰਤਨ ਦਿੱਤੀ ਹੈ ਅਤੇ ਆਪਣਾ ਕੰਮ ਜ਼ਿਮੇਵਾਰੀ ਤੇ ਸਾਧਨਾਂ ਨਾਲ ਨਿਭਾਇਆ ਹੈ, ਜਿਸ ਲਈ ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦੀ ਹਾਂ । ਇਸ ਪੁਸਤਕ ਦੇ ਸੰਪਾਦਨ ਦਾ ਕੰਮ ਪ੍ਰੋ: ਪ੍ਰੀਤਮ ਸਿੰਘ ਹੁਰਾਂ ਦੀ ਸਹਾਇਤਾ ਨਾਲ ਕੀਤਾ ਗਿਆ ਹੈ । ਮੈਂ ਉਨ੍ਹਾਂ ਸਾਰਿਆਂ ਕਵੀਆਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੀਆਂ ਕਵਿਤਾਵਾਂ ਇਸ ਪੁਸਤਕ ਵਿਚ ਛਾਪਣ ਦੀ ਆਗਿਆ ਦਿਤੀ ਹੈ ।

ਵੱਖੋ ਵਖ ਵਿਸ਼ਿਆਂ ਤੇ ਦਿਤੇ ਗਏ ਇਨ੍ਹਾਂ ਲੇਖਾਂ ਤੋਂ ਇਲਾਵਾ ਇਸ ਪੁਸਤਕ ਨੂੰ ਇਸ ਕਦਰ ਸੁੰਦਰ ਤੇ ਸੁਚਿੱਤਰ ਬਣਾਉਣ ਵਿਚ ਹੋਰ ਵੀ ਕਈ ਦੋਸਤਾਂ ਨੇ ਹਥ ਵਟਾਇਆ ਹੈ ਜਿਨ੍ਹਾਂ ਦੀ ਸਹਾਇਤਾ ਦਾ ਸਦਕਾ ਹੀ ਇਹ ਅਦੁੱਤੀ ਸੁਗਾਤ ਤਿਆਰ ਹੋਈ ਹੈ । ਫੁਲਕਾਰੀ ਤੇ ਕਢਾਈ ਆਦਿ ਦੇ ਕੰਮ ਦੀਆਂ ਰੰਗਦਾਰ ਤਸਵੀਰਾਂ ਦੇ ਬਲਾਕ ਪਰਾਪਤ ਕਰਨ ਲਈ ਮੈਂ ਪਬਲੀਕੇਸ਼ਨ ਡਵੀਜ਼ਨ ਮਨਿਸਟਰੀ ਆਫ਼ ਇਨਫ਼ਰਮੇਸ਼ਨ ਐਂਡ ਬ੍ਰਾਡਕਾਸਟਿੰਗ ਦਾ ਧੰਨਵਾਦੀ ਹਾਂ ਅਤੇ ਕਾਂਗੜੇ ਦੀ ਚਿੱਤਰਕਲਾ ਦੇ ਪ੍ਰਿੰਟ ਪ੍ਰਾਪਤ ਕਰਨ ਵਾਸਤੇ ਆਰਕਿਆਲੋਜੀ ਦੇ ਡਾਇਰੈਕਟਰ ਜਨਰਲ ਦਾ ਮੈਂ ਬਹੁਤ ਮਸ਼ਕੂਰ ਹਾਂ । ਦਸਾਂ ਗੁਰੂਆਂ ਦੀਆਂ ਤਸਵੀਰਾਂ ਅਜਾਇਬ ਘਰ ਪੰਜਾਬ, ਰਾਜਾ ਧ੍ਰੂਵ ਦੇਵ ਚੰਦ ਲੰਬਾਗਰਾਓਂ ਅਤੇ ਸਰਦਾਰ ਬਹਾਦਰ ਮੋਹਣ ਸਿੰਘ ਦੇ ਧੰਨਵਾਦ ਸਾਹਿਤ ਛਾਪੀਆਂ ਗਈਆਂ ਹਨ । ਤੇ ਇਸ ਪੁਸਤਕ ਵਿਚ ਦਿਤੇ ਬਾਕੀ ਕੰਧ-ਚਿੱਤਰਾਂ ਦੀਆਂ ਤਸਵੀਰਾਂ ਗੁਰਦੁਆਰਾ ਖਡੂਰ ਸਾਹਿਬ, ਹਰਿਮੰਦਰ ਸਾਹਿਬ ਅਤੇ ਬਾਬਾ ਅਟੱਲ ਤੋਂ ਲਈਆਂ ਗਈਆਂ ਹਨ । ਗੁਰੂਆਂ ਦੀਆਂ ਹਥ ਲਿਖਤਾਂ ਦੇ ਨਮੂਨਿਆਂ ਦੇ ਬਲਾਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਲਏ ਗਏ ਜਿਨ੍ਹਾਂ ਲਈ ਅਸੀਂ ਉਨ੍ਹਾਂ ਦੇ ਰਿਣੀ ਹਾਂ । ਅਜ ਕਲ ਦੇ ਚਿੱਤਰਕਾਰਾਂ ਵਿਚੋਂ ਸਤੀਸ਼ ਗੁਜਰਾਲ, ਪ੍ਰਾਸ਼ਰ, ਠਾਕੁਰ ਸਿੰਘ, ਸੋਭਾ ਸਿੰਘ ਦੀਆਂ ਤਸਵੀਰਾਂ ਦਿੱਤੀਆਂ ਗਈਆਂ ਹਨ । ਧੰਨ ਰਾਜ ਭਗਤ ਅਤੇ ਅਮਰ ਨਾਥ ਸਹਿਗਲ ਦੀ ਮੂਰਤੀ ਕਲਾ ਦੀਆਂ ਤਸਵੀਰਾਂ ਫ਼ਾਈਨ ਆਰਟਸ ਐਂਡ ਕਰਾਫ਼ਟਸ ਸੁਸਾਇਟੀ ਨਵੀਂ ਦਿੱਲੀ ਦੇ ਸਹਿਯੋਗ ਨਾਲ ਮਿਲ ਸਕੀਆਂ ਹਨ ਜਿਸ ਲਈ ਮੈਂ ਸੁਸਾਇਟੀ ਦਾ ਬਹੁਤ ਹੀ ਧੰਨਵਾਦ ਕਰਦਾ ਹਾਂ । ਉਂਞ ਪੰਜਾਬ ਦੀ ਕੋਮਲ ਕਲਾ ਇਸ ਹੱਦ ਤਕ ਉੱਨਤ ਹੋ ਚੁਕੀ ਹੈ ਕਿ ਇਸ ਬਾਰੇ ਇਕ ਪੂਰੀ ਦੀ ਪੂਰੀ ਕਿਤਾਬ ਛਾਪਣੀ ਚਾਹੀਦੀ ਹੈ ਜਿਸ ਵਿਚ ਅਜ ਦੇ ਸਾਰੇ ਹੀ ਪਰਸਿੱਧ ਕਲਾਕਾਰਾਂ ਦੀ ਕਲਾ ਦੇ ਨਮੂਨੇ ਦਿਤੇ ਜਾ ਸਕਣ । ਆਸ ਹੈ, ਕਿ ਇਸ ਦਾ ਮੌਕਾ ਵੀ ਛੇਤੀ ਹੀ ਪਰਾਪਤ ਹੋ ਸਕੇਗਾ । ਇਸ ਪੁਸਤਕ ਵਿਚ ਦਿਤੀਆਂ ਬਹੁਤੀਆਂ ਤਸਵੀਰਾਂ ਪਰਸਿੱਧ ਫੋਟੋਗ੍ਰਾਫ਼ਰ ਸ੍ਰੀ ਹਰੀਕ੍ਰਿਸ਼ਨ ਗੋਰਖਾ ਦੀਆਂ ਹਨ ਜਿਨ੍ਹਾਂ ਨਾਲ ਇਸ ਕਿਤਾਬ ਦੀ ਸੁੰਦਰਤਾ ਵਿਚ ਅਵੱਸ਼ ਵਾਧਾ ਹੋਇਆ ਹੈ । ਪੰਜਾਬ ਦਾ ਡਿਵੈਲਪਮੈਂਟ ਕਮਿਸ਼ਨਰ ਹੁੰਦਿਆਂ ਪੰਜਾਬ ਵਿਚ ਦੌਰੇ ਕਰਦੇ ਸਮੇਂ ਜਿਹੜੀਆਂ ਤਸਵੀਰਾਂ ਮੈਂ ਉਥੋਂ ਦੇ ਗੁਰਦੁਆਰਿਆਂ ਦੀਆਂ ਲਈਆਂ ਸਨ ਉਹ ਡਾਕਟਰ ਗੰਡਾ ਸਿੰਘ ਦਾ ਲੇਖ ਸੁਚਿੱਤਰ ਕਰਨ ਵਿਚ ਬਹੁਤ ਹੀ ਕਾਰਵੰਦ ਸਿੱਧ ਹੋਈਆਂ ਹਨ । ਭਾਰਤੀ ਖੇਤੀਬਾੜੀ ਖੋਜ ਕੌਂਸਲ ਦੇ ਚੀਫ਼ ਐਡੀਟਰ ਸ੍ਰੀ ਪ੍ਰੇਮ ਨਾਥ ਅਤੇ ਡਾਇਰੈਕਟਰ ਆਫ਼ ਆਰਟਸ ਸ੍ਰੀ ਨਰਿੰਦਰ ਸਿੰਘ ਬਿਸ਼ਟ ਨੇ ਇਸ ਪੁਸਤਕ ਦੀ ਗੈੱਟ-ਅੱਪ ਤੇ ਵਿਉਂਤ ਵਿਚ ਹੱਥ ਵਟਾਇਆ ਹੈ ਜਿਸ ਲਈ ਮੈਂ ਉਨ੍ਹਾਂ ਦਾ ਮਸ਼ਕੂਰ ਹਾਂ । ਮੇਰੇ ਦਿਲ ਵਿਚ ਨਵਯੁਗ ਪ੍ਰੈੱਸ, ਦਿੱਲੀ ਦੇ ਮਾਲਕ ਸਰਦਾਰ ਪ੍ਰੀਤਮ ਸਿੰਘ ਲਈ ਵੀ ਬੜੀ ਪਰਸੰਸਾ ਹੈ, ਜਿਨ੍ਹਾਂ ਇਸ ਪੁਸਤਕ ਦੀ ਛਪਾਈ

ਦਿਲਚਸਪੀ ਤੇ ਸੁਚੱਜਤਾ ਨਾਲ ਕੀਤੀ ਹੈ ।

ਅਸਲ ਵਿਚ ਇਹ ਰਚਨਾ ਸਰਦਾਰ ਪ੍ਰਤਾਪ ਸਿੰਘ ਕੈਰੋਂ ਮੁਖ-ਮੰਤਰੀ, ਪੰਜਾਬ, ਦੀ ਸਰਪਰਸਤੀ ਤੇ ਹੌਸਲਾ ਅਫ਼ਜ਼ਾਈ ਦੁਆਰਾ ਹੀ ਇਸ ਕਦਰ ਨਿਪੁੰਨ ਤੇ ਸੁਚਿੱਤਰ ਹੋ ਸਕੀ ਹੈ, ਜਿਸ ਲਈ ਮੈਂ ਉਨ੍ਹਾਂ ਦਾ ਸੱਚੇ ਦਿਲੋਂ ਧੰਨਵਾਦ ਕਰਦਾ ਹਾਂ । ਮੈਂ ਸ੍ਰੀ ਅਮਰਨਾਥ ਵਿਦਿਆਲੰਕਾਰ, ਮੰਤਰੀ ਸਿਖਿਆ ਤੇ ਭਾਸ਼ਾ ਵਿਭਾਗ, ਪੰਜਾਬ ਦਾ ਵੀ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੀ ਤਿਆਰੀ ਵਿਚ ਬੜੀ ਦਿਲਚਸਪੀ ਲਈ ਹੈ ਤੇ ਪੂਰਨ ਹਮਦਰਦੀ ਨਾਲ ਮਦਦ ਕੀਤੀ ਹੈ । ਮੈਂ ਗਿਆਨੀ ਲਾਲ ਸਿੰਘ, ਡਾਇਰੈਕਟਰ ਭਾਸ਼ਾ ਵਿਭਾਗ ਦਾ ਰਿਣੀ ਹਾਂ ਕਿ ਉਨ੍ਹਾਂ ਨੇ ਉਚੇਚੀ ਕੋਸ਼ਿਸ਼ ਨਾਲ ਇਸ ਮਹਾਨ ਕਾਰਜ ਨੂੰ ਸਫਲਤਾ ਸਹਿਤ ਨੇਪਰੇ ਚਾੜ੍ਹਿਆ ਹੈ । ਡਾਕਟਰ ਜੀਤ ਸਿੰਘ ਸੀਤਲ ਜਿਨ੍ਹਾਂ ਦੀ ਅਗਵਾਈ ਹੇਠ ਇਹ ਪੁਸਤਕ ਸਿਰੇ ਚੜ੍ਹੀ ਤੇ ਸ੍ਰੀ ਪਰਤਾਪ ਸਿੰਘ ਕੈਂਤਲ ਜਿਨ੍ਹਾਂ ਨੇ ਇਸ ਪੁਸਤਕ ਦੀ ਤਿਆਰੀ, ਛਪਾਈ ਤੇ ਸੰਪਾਦਨ ਵਿਚ ਬੜੀ ਮਿਹਨਤ ਕੀਤੀ ਹੈ ਵੀ ਸ਼ਲਾਘਾ ਦੇ ਪਾਤਰ ਹਨ । ਇਸ ਪੁਸਤਕ ਦੀ ਪ੍ਰੈਸ ਕਾਪੀ ਤਿਆਰ ਕਰਨ ਤੇ ਪਰੂਫ ਪੜ੍ਹਨ ਦਾ ਕੰਮ ਸ੍ਰੀ ਪਿਆਰਾ ਸਿੰਘ 'ਪਦਮ' ਨੇ ਬੜੀ ਮਿਹਨਤ ਤੇ ਨਿਪੁੰਨਤਾ ਨਾਲ ਕੀਤਾ ਹੈ ।

ਮੇਰਾ ਵਿਸ਼ਵਾਸ਼ ਹੈ ਕਿ ਇਹ ਪੁਸਤਕ ਪੰਜਾਬੀ ਸਾਹਿਤ ਦੇ ਮਾਣ ਨੂੰ ਉੱਚਾ ਕਰੇਗੀ ਅਤੇ ਪੰਜਾਬੀ ਦੇ ਨਵੇਂ ਲੇਖਕਾਂ ਨੂੰ ਹੋਰ ਚੰਗੇਰੀ ਰਚਨਾ ਕਰਨ ਲਈ ਪਰੇਰੇਗੀ । ਇਹ ਵੀ ਮੈਨੂੰ ਪੂਰਨ ਯਕੀਨ ਹੈ ਕਿ ਪੰਜਾਬੀ ਜ਼ਬਾਨ ਦਾ ਪਿਛੋਕੜ ਬੜਾ ਅਮੀਰ ਤੇ ਭਵਿੱਖ ਬਹੁਤ ਆਸਾਂ ਭਰਿਆ ਹੈ । ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਵਧ ਤੋਂ ਵਧ ਲਗਨ ਤੇ ਮਿਹਨਤ ਨਾਲ ਪੰਜਾਬੀ ਨੂੰ ਬੰਗਾਲੀ, ਤਾਮਿਲ, ਮਲਿਆਲਮ ਤੇ ਮਰਾਠੀ ਆਦਿ ਭਾਰਤ ਦੀਆਂ ਦੂਜੀਆਂ ਪਰਸਿੱਧ ਜ਼ਬਾਨਾਂ ਦੇ ਟਾਕਰੇ ਤੇ ਲੈ ਆਈਏ । ਮੇਰਾ ਵਿਸ਼ਵਾਸ਼ ਹੈ ਕਿ ਪੰਜਾਬੀ ਜ਼ਬਾਨ ਦੀ ਉੱਨਤੀ ਵਿਚ ਇਹ ਪੁਸਤਕ ਇਕ ਮੀਲ-ਪੱਥਰ ਸਿੱਧ ਹੋਵੇਗੀ ।

ਮਹਿੰਦਰ ਸਿੰਘ ਰੰਧਾਵਾ
ਮੀਤ ਪ੍ਰਧਾਨ
ਭਾਰਤੀ ਖੇਤੀਬਾੜੀ ਖੋਜ ਕੌਂਸਲ, ਨਵੀਂ ਦਿੱਲੀ ।

ਜੂਨ ੧੭, ੧੯੬੦



www.PunjabiLibrary.com

## ਵਿਸ਼ਾ-ਸੂਚੀ


| | | |
|---|---|---|
| ੧. ਮੁਖਬੰਧ | ਮਹਿੰਦਰ ਸਿੰਘ ਰੰਧਾਵਾ | ੳ ਤੋਂ ਸ |
| ੨. ਸਪਤ-ਸਿੰਧੂ ਪਜਾਬ | ਗੰਡਾ ਸਿੰਘ | ੧-੩੪ |
| ੩. ਕਲਾ, ਫੁਲਕਾਰੀ ਤੇ ਚਿਤਰਕਾਰੀ | | ੩੫-੯੪ |
| (ੳ) ਫੁਲਕਾਰੀ | ਰੰਧਾ ਪਾਲ | ੩੫-੫੭ |
| (ਅ) ਕਾਂਗੜੇ ਦੀ ਚਿਤਰਕਲਾ | ਮਹਿੰਦਰ ਸਿੰਘ ਰੰਧਾਵਾ | ੫੮-੭੮ |
| (ੲ) ਸਿਖ ਰਾਜ ਸਮੇਂ ਦੀ ਚਿਤਰਕਾਰੀ ਤੇ ਆਧੁਨਿਕ ਕਲਾਕਾਰ | ਮੁਲਕ ਰਾਜ ਅਨੰਦ | ੭੯-੯੪ |
| ੪. ਹਾਰ ਸ਼ਿੰਗਾਰ ਤੇ ਪਹਿਰਾਵਾ | ਗੁਲਜ਼ਾਰ ਸਿੰਘ ਸੰਧੂ | ੯੫-੧੧੦ |
| ੫. ਲੋਕ ਨਾਚ | ਜੁਗਿੰਦਰ ਸਿੰਘ | ੧੧੧-੧੩੮ |
| ੬. ਖੇਡਾਂ | ਸੁਜਾਨ ਸਿੰਘ | ੧੩੯-੧੫੮ |
| ੭. ਰਸਮ ਰਿਵਾਜ ਤੇ ਵਹਿਮ ਭਰਮ | ਗੁਲਜ਼ਾਰ ਸਿੰਘ ਸੰਧੂ | ੧੫੯-੧੯੨ |
| ੮. ਮੇਲੇ ਤੇ ਤਿਉਹਾਰ | ਗੁਰਦਿਤ ਸਿੰਘ ਗਿਆਨੀ | ੧੯੩-੨੧੪ |
| ੯. ਲੋਕ ਗੀਤ | ਦੇਵਿੰਦਰ ਸਤਿਆਰਥੀ | ੨੧੫-੨੫੪ |
| ੧੦. ਲੋਕ ਕਹਾਣੀਆਂ | | ੨੫੫-੩੩੦ |
| (ੳ) ਹੀਰ ਰਾਂਝਾ | ਗੁਰਬਖ਼ਸ਼ ਸਿੰਘ | ੨੫੬-੨੭੦ |
| (ਅ) ਸੋਹਣੀ ਮਹੀਂਵਾਲ | ,, | ੨੭੧-੨੯੦ |
| (ੲ) ਮਿਰਜ਼ਾ ਸਾਹਿਬਾਂ | ,, | ੨੯੧-੩੦੫ |
| (ਸ) ਪੂਰਨ ਭਗਤ | ਗੁਰਦਿਤ ਸਿੰਘ ਗਿਆਨੀ | ੩੦੬-੩੧੮ |
| (ਹ) ਰਾਜਾ ਰਸਾਲੂ | ਸੂਬਾ ਸਿੰਘ | ੩੧੯-੩੩੦ |
| ੧੧. ਗੁਰੂ, ਸੰਤ ਤੇ ਸੂਫ਼ੀ (ਰਹੱਸਵਾਦੀ) | ਰਾਮ ਸਿੰਘ | ੩੩੧-੩੭੬ |
| ੧੨. ਬੋਲੀ ਤੇ ਲਿਪੀ | ਪ੍ਰੀਤਮ ਸਿੰਘ | ੩੭੭-੪੧੦ |
| ੧੩. ਸਾਹਿਤ | ਮੋਹਨ ਸਿੰਘ | ੪੧੧-੪੫੪ |
| ੧੪. ਅਜੋਕੀ ਪੰਜਾਬੀ ਕਵਿਤਾ | ਅੰਮ੍ਰਿਤਾ ਪ੍ਰੀਤਮ | ੪੫੫-੪੭੮ |
| ੧੫. ਇਤਿਹਾਸਕ ਤੇ ਧਾਰਮਕ ਅਸਥਾਨ | ਗੰਡਾ ਸਿੰਘ | ੪੭੯-੫੨੮ |
| ੧੬. ਪੰਜਾਬ ਦੀ ਦੇਣ | ਕਿਰਪਾਲ ਸਿੰਘ ਨਾਰੰਗ | ੫੨੯-੫੪੦ |
| ੧੭. ਨਾਮਾਵਲੀ | ... ... ... ... ... | ੫੪੧-੫੬੦ |

# ਚਿੱਤਰ-ਸੂਚੀ


ਪੰਜਾਬ ਦਾ ਨਕਸ਼ਾ ੧੫

ਹੱਥ ਦੇ ਕੱਢੇ ਹੋਏ ਰੁਮਾਲ, ਫੁਲਕਾਰੀਆਂ ਅਤੇ ਬਾਗ਼ — ੮ ਪੰਨੇ ੪੦–੪੧

ਕਾਂਗੜਾ ਕਲਾ—੨ ਪੰਨੇ

ਵਿਪ੍ਰਾਲਭਦ ਨਾਇਕਾ ੬੪–੬੫

ਨਾਇਕਾ ਵਾਸਕਸਜਯਾ ੭੨–੭੩

ਨਵੀਨ ਕਲਾਕਾਰਾਂ ਦੀ ਕਲਾ ਦੇ ਨਮੂਨੇ — ੧੦ ਪੰਨੇ ੮੮–੮੯

ਫੁਟਕਲ—੧੬ ਪੰਨੇ

ਪੰਜਾਬ ਦੇ ਲੋਕ, ਮਨ ਪਰਚਾਵਾ, ਘਰੇਲੂ ਧੰਦੇ, ਹਾਰ ਸ਼ਿਗਾਰ, ਲੋਕ ਨਾਚ ਤੇ ਖੇਡਾਂ ੧੧੨–੧੧੩

੧੫੨–੧੫੩


ਗੁਰੂ ਸਾਹਿਬਾਨ ਅਤੇ ਉਨ੍ਹਾਂ ਨਾਲ ਸੰਬੰਧਤ ਸਾਕਿਆਂ ਦੇ ਕੰਧ ਚਿੱਤਰ, ਅਤੇ ਉਨ੍ਹਾਂ ਦੀਆਂ ਨਿਸ਼ਾਨੀਆਂ ਤੇ ਹੁਕਮਨਾਮੇ — ੧੬ ਪੰਨੇ ੩੩੬–੩੩੭

ਗੁਰਦੁਆਰੇ, ਮੰਦਰ ਤੇ ਹੋਰ ਧਾਰਮਕ ਅਸਥਾਨ — ੨੦ ਪੰਨੇ ੪੮੦–੪੮੧

੫੧੨–੫੧੩


www.PunjabiLibrary.com

# ਪੰਜਾਬ




www.PunjabiLibrary.com

# ਸਪਤ-ਸਿੰਧੂ—ਪੰਜਾਬ

www.PunjabiLibrary.com

# ਸਪਤ-ਸਿੰਧੂ—ਪੰਜਾਬ
## (ਭੂਗੋਲ ਤੇ ਇਤਿਹਾਸ)

ਪੰਜਾਬ ਸੰਸਾਰ ਦੇ ਉਨ੍ਹਾਂ ਕੁਝ ਥੋੜੇ ਜਿਹੇ ਦੇਸਾਂ ਵਿੱਚੋਂ ਹੈ ਜਿਨ੍ਹਾਂ ਨੂੰ ਆਪਣੀ ਇਤਿਹਾਸਿਕ ਪ੍ਰਾਚੀਨਤਾ ਉੱਤੇ ਯੋਗ ਮਾਣ ਹੈ। ਕੇਵਲ ਇਹ ਹੀ ਨਹੀਂ ਕਿ ਪ੍ਰਾਚੀਨ ਆਰੀਆਂ ਦੀ ਸੱਭਿਅਤਾ ਅਤੇ ਉਨ੍ਹਾਂ ਦੇ ਸਾਹਿਤ ਨੇ ਇੱਥੇ ਜਨਮ ਲਿਆ ਅਤੇ ਇੱਥੋਂ ਹੀ ਉਨ੍ਹਾਂ ਦਾ ਬਾਹਰ ਨੂੰ ਪਸਾਰਾ ਹੋਇਆ, ਬਲਕਿ ਇਹ ਭੀ ਕਿ ਆਰੀਆ ਸੱਭਿਅਤਾ ਦੇ ਜਨਮ ਤੋਂ ਭੀ ਪਹਿਲਾਂ ਦੀ ਪੰਜਾਬ ਦੀ ਸੱਭਿਅਤਾ ਭੀ ਉੱਚਤਾ ਦੇ ਸਿਖਰ ਉੱਤੇ ਪਹੁੰਚੀ ਹੋਈ ਸੀ, ਜਿਸ ਦਾ ਕੁਝ ਕੁ ਅੰਦਾਜ਼ਾ ਹੜੱਪਾ ਅਤੇ ਰੋਪੜ ਦੀਆਂ ਖੁਦਾਈਆਂ 'ਚੋਂ ਨਿਕਲੀਆਂ ਵਸਤਾਂ ਤੋਂ ਲਾਇਆ ਜਾ ਸਕਦਾ ਹੈ। ਪੰਜਾਬ ਸਦਾ ਤੋਂ ਹੀ ਹਿੰਦੁਸਤਾਨ ਦੀ ਆਨ ਸ਼ਾਨ ਅਤੇ ਇੱਜ਼ਤ ਦਾ ਰਾਖਾ ਰਿਹਾ ਹੈ ਅਤੇ ਇਸ ਦੀ ਆਜ਼ਾਦੀ ਨੂੰ ਬਚਾਈ ਰੱਖਣ ਲਈ ਬਿਦੇਸ਼ੀ ਵੈਰੀਆਂ ਦੇ ਪਹਿਲੇ ਖ਼ੂਨੀ ਵਾਰਾਂ ਦਾ ਟਾਕਰਾ ਇਸ ਨੂੰ ਹੀ ਕਰਨਾ ਪੈਂਦਾ ਰਿਹਾ। ਇਸ ਨੇ ਪੰਜਾਬੀਆਂ ਨੂੰ ਐਸੇ ਹਠੀਲੇ ਸੂਰਬੀਰ ਬਣਾ ਦਿੱਤਾ ਹੈ ਜੋ ਹਰ ਰਣ-ਤੱਤੇ ਵਿਚ ਖ਼ੁਸ਼ੀ ਨਾਲ ਛਾਲਾਂ ਮਾਰਦੇ ਅਤੇ ਮੌਤ ਨੂੰ ਮਖ਼ੌਲਾਂ ਕਰਦੇ ਅੱਗੇ ਵਧਦੇ ਚਲਦੇ ਹਨ। ਇਹ ਪੰਜਾਬ ਦੇ ਦਰਿਆਵਾਂ ਵਾਂਙੂ ਸੂਕਦੇ ਅਤੇ ਇਸ ਦੀ ਉਪਜਾਊ ਧਰਤੀ ਦੀ ਤਰ੍ਹਾਂ ਖੁਲ੍ਹ-ਦਿਲੇ ਤੇ ਉਦਾਰ ਹਨ। ਇਹ ਵਲ-ਛਲ ਨਹੀਂ ਜਾਣਦੇ, ਹੱਥ ਨਹੀਂ ਅੱਡਦੇ, ਬਾਹਾਂ ਅਤੇ ਹਿੱਕ ਦੇ ਜ਼ੋਰ ਨਾਲ ਜੀਉਂਦੇ-ਜਾਗਦੇ ਹਨ।

## ਪੁਰਾਣੇ ਪੰਜਾਬ ਦਾ ਚੁਹੱਦਾ

ਪ੍ਰਾਚੀਨ ਸਮਿਆਂ ਤੋਂ ਪੰਜਾਬ ਦੀਆਂ ਭੂਗੋਲਕ ਹੱਦਾਂ ਦੋ ਇਤਿਹਾਸ-ਪਰਸਿੱਧ ਦਰਿਆਵਾਂ ਨਾਲ ਬਣੀਆਂ ਚਲੀਆਂ ਆ ਰਹੀਆਂ ਹਨ : ਲਹਿੰਦੇ ਵਲ ਸਿੰਧ ਦਰਿਆ ਅਤੇ ਚੜ੍ਹਦੇ ਵਲ ਜਮਨਾ । ਇਨ੍ਹਾਂ ਦੋਹਾਂ ਦੇ ਵਿਚਕਾਰ ਪੰਜ ਦਰਿਆ ਹੋਰ ਹਨ : ਜਿਹਲਮ, ਝਨਾਂ, ਰਾਵੀ, ਬਿਆਸ ਅਤੇ ਸਤਲੁਜ। ਇਸ ਤਰ੍ਹਾਂ ਸੱਤਾਂ ਦਰਿਆਵਾਂ ਦੀ ਇਹ ਭੂਮੀ ਸਪਤ-ਸਿੰਧੂ ਕਹਾਉਂਦੀ ਸੀ। ਵੇਦਕ ਅਤੇ ਕੁਝ ਪਿਛਲੇਰੇ ਸਮਿਆਂ ਵਿਚ ਸਪਤ-ਸਿੰਧੂ ਦੀ ਸਭ ਤੋਂ ਚੜ੍ਹਦੀ ਨਦੀ ਸਰਸੂਤੀ ਹੁੰਦੀ ਸੀ ਜੋ ਇਸ ਵੇਲੇ ਬਹੁਤੀ ਉਜਾਗਰ ਨਹੀਂ ਰਹੀ ਅਤੇ ਇਕ ਵੱਡੇ ਚੋ ਦੀ ਸ਼ਕਲ ਧਾਰਣ ਕਰ ਕੇ ਘੱਗਰ ਵਿਚ ਰਲ ਜਾਂਦੀ ਹੈ, ਇਸ ਲਈ ਪੰਜਾਬ ਦੀ ਚੜ੍ਹਦੀ ਹੱਦੇ ਇਸ ਦੀ ਥਾਂ ਹੁਣ ਜਮਨਾ ਨੇ ਮੱਲ ਲਈ ਹੈ।

ਚੜ੍ਹਦੇ ਵਲੋਂ ਸਤਲੁਜ ਤੇ ਬਿਆਸ ਰਲ ਕੇ ਅਤੇ ਉੱਤਰ-ਲਹਿੰਦੇ ਵਲੋਂ ਜਿਹਲਮ, ਝਨਾਂ ਤੇ ਰਾਵੀ ਇਕ ਹੋ ਕੇ, ਸ਼ਹਿਰ ਉੱਚ ਦੇ ਉੱਤਰ ਵਲ ਖ਼ੈਰਪੁਰੋਂ ਲਹਿੰਦੇ ਪਾਸੇ ਇਕ ਥਾਂ ਇਕੱਠੇ ਹੋ ਜਾਂਦੇ ਹਨ ਤੇ ਉੱਥੋਂ ਇਨ੍ਹਾਂ ਦਾ ਨਾਉਂ ਪੰਜ-ਨਦ ਪੈ ਜਾਂਦਾ ਹੈ । ਇਸੇ ਤੋਂ (ਜਮਨਾ ਤਕ ਦੇ) ਸਾਰੇ ਚੜ੍ਹਦੇ ਦੇਸ ਦਾ ਨਾਉਂ ਪੰਜ-ਨਦ ਹੋ ਗਿਆ, ਜੋ ਮੁਸਲਮਾਨਾਂ ਦੇ ਇੱਥੇ ਆਉਣ ਪਰ ਬਦਲ ਕੇ ਪੰਜਾਬ (ਪੰਜ-ਆਬ — ਪੰਜ ਦਰਿਆਵਾਂ ਦਾ ਦੇਸ) ਬਣ ਗਿਆ।

ਪੰਜਾਬ ਦੇ ਉੱਤਰ ਵਲ ਹਿਮਾਲਾ ਪਰਬਤ ਹੈ ਜੋ ਇਸ ਨੂੰ ਕਸ਼ਮੀਰ ਅਤੇ ਪਠਾਣੀ ਇਲਾਕੇ ਤੋਂ ਵੱਖ ਕਰਦਾ ਹੈ। ਲਹਿੰਦੇ ਵਲ ਮੋਟੀ ਹੱਦ ਸਿੰਧ ਦਰਿਆ ਦੀ ਹੈ ਜਿਸ ਦੇ ਪਾਰ ਪਠਾਣੀ ਦੇਸ ਹੈ। ਸਿੰਧੋਂ ਪਾਰ ਲਹਿੰਦੇ ਨੂੰ ਜ਼ਿਲਾ ਮੀਆਂਵਾਲੀ ਦੀ ਈਸੇ ਖ਼ਾਨ ਤਹਿਸੀਲ ਪੰਜਾਬ ਵਿਚ ਗਿਣੀ ਜਾਂਦੀ ਸੀ, ਇਸੇ ਤਰ੍ਹਾਂ ਪਾਰ ਲਹਿੰਦੇ-ਦੱਖਣ ਨੂੰ ਡੇਰਾ

www.PunjabiLibrary.com

ਗਾਜ਼ੀਖ਼ਾਨ ਦਾ ਜ਼ਿਲਾ ਸੀ ਜਿਸ ਨਾਲ ਪਜਾਬ ਦੀ ਲਹਿੰਦੀ-ਦੱਖਣੀ ਹੱਦ ਸੁਲੇਮਾਨ ਪਰਬਤ ਨੂੰ ਜਾ ਲਗਦੀ ਸੀ ਜੋ ਇਸ ਨੂੰ ਬਲੋਚਿਸਤਾਨ ਤੋਂ ਵੱਖ ਕਰਦੀ ਸੀ । ਧੁਰ ਦੱਖਣ-ਲਹਿੰਦੇ ਵਲ ਸਿੰਧ ਦਾ ਇਲਾਕਾ ਹੈ । ਦੱਖਣ ਨੂੰ ਰਾਜਪੂਤਾਨੇ ਦੀ ਹੱਦ ਹੈ। ਚੜ੍ਹਦੇ ਵਲ ਜਮਨਾ ਨਦੀ ਹੈ ਅਤੇ ਉੱਤਰ-ਚੜ੍ਹਦੇ ਵਲ ਹਿਮਾਲਾ ਪਰਬਤ ਦੀਆਂ ਸ਼ਵਾਲਕ ਪਹਾੜੀਆਂ ਹਨ। ਇਸ ਤੋਂ ਪਾਰ ਚੀਨੀ ਤਿੱਬਤ ਦਾ ਇਲਾਕਾ ਹੈ। ਸ਼ਵਾਲਕ ਦੇ ਰਿਆਸਤੀ ਇਲਾਕੇ ਨੂੰ ਇਕ ਥਾਂ ਕਰ ਕੇ ਹੁਣ ਹਿਮਾਚਲ ਪ੍ਰਦੇਸ਼ ਦੇ ਨਾਉਂ ਹੇਠ ਪੰਜਾਬ ਤੋਂ ਵੱਖ ਕਰ ਦਿੱਤਾ ਗਿਆ ਹੈ।

## ਅਜੋਕੇ ਪੰਜਾਬ ਦਾ ਚੁਹੱਦਾ

ਸੰਨ ੧੯੪੭ ਈਸਵੀ ਵਿਚ ਹਿੰਦੁਸਤਾਨ ਦੀ ਵੰਡ ਨਾਲ ਪੰਜਾਬ ਦੀ ਭੀ ਵੰਡ ਹੋ ਗਈ ਅਤੇ ਇਸ ਦੇ ਦੋ ਹਿੱਸੇ ਹੋ ਗਏ : ਲਹਿੰਦਾ ਤੇ ਚੜ੍ਹਦਾ । ਲਹਿੰਦਾ ਪੰਜਾਬ ਨਵੇਂ ਬਣੇ ਮੁਸਲਮਾਨੀ ਰਾਜ ਪਾਕਿਸਤਾਨ ਦੇ ਹਿੱਸੇ ਆਇਆ ਅਤੇ ਚੜ੍ਹਦਾ ਪੰਜਾਬ ਹਿੰਦੁਸਤਾਨ ਦੇ । ਇਸ ਨਾਲ ਹਿੰਦੁਸਤਾਨ ਦੇ ਹਿੱਸੇ ਆਏ ਪੰਜਾਬ ਦੀਆਂ ਹੱਦਾਂ ਇਸ ਤਰ੍ਹਾਂ ਬਦਲ ਗਈਆਂ ਕਿ ਇਸ ਦੇ ਲਹਿੰਦੇ ਵਲ ਲਹਿੰਦਾ ਪਾਕਿਸਤਾਨ ਹੋ ਗਿਆ, ਜਿਸ ਨਾਲ ਸਿਆਲਕੋਟ, ਲਾਹੌਰ ਤੇ ਮਿੰਟਗੁਮਰੀ ਦੇ ਜ਼ਿਲੇ ਅਤੇ ਬਹਾਵਲਪੁਰ ਦੀ ਰਿਆਸਤ ਪਾਕਿਸਤਾਨ ਨੂੰ ਚਲੇ ਗਏ। ਗੁਰਦਾਸਪੁਰ ਦੇ ਜ਼ਿਲੇ ਦਾ ਕੁਝ ਹਿੱਸਾ ਕਟ ਹੋ ਕੇ ਪਾਕਿਸਤਾਨ (ਜ਼ਿਲਾ ਸਿਆਲਕੋਟ) ਵਲ ਚਲਿਆ ਗਿਆ ਅਤੇ ਲਾਹੌਰ ਦੇ ਜ਼ਿਲੇ ਦਾ ਕੁਝ ਹਿੱਸਾ ਹਿੰਦੁਸਤਾਨ (ਜ਼ਿਲਾ ਅੰਮ੍ਰਿਤਸਰ) ਨਾਲ ਰਲ ਗਿਆ । ਇਸ ਤਰ੍ਹਾਂ ਜ਼ਿਲਾ ਗੁਰਦਾਸਪੁਰ (ਹਿੰਦੁਸਤਾਨ) ਅਤੇ ਜ਼ਿਲਾ ਸਿਆਲਕੋਟ (ਪਾਕਿਸਤਾਨ) ਅਤੇ ਜ਼ਿਲਾ ਅੰਮ੍ਰਿਤਸਰ (ਹਿੰਦੁਸਤਾਨ) ਦੇ ਉੱਤਰ ਤੇ ਉੱਤਰ-ਲਹਿੰਦੇ ਦੇ ਕੁਝ ਹਿੱਸੇ ਅਤੇ ਜ਼ਿਲਾ ਲਾਹੌਰ (ਪਾਕਿਸਤਾਨ) ਦੇ ਉੱਤਰ-ਚੜ੍ਹਦੇ ਦੇ ਕੁਝ ਹਿੱਸੇ ਦੇ ਵਿਚਕਾਰ ਹੱਦ ਰਾਵੀ ਦਰਿਆ ਦੀ ਹੋ ਗਈ। ਜ਼ਿਲਾ ਲਾਹੌਰ (ਪਾਕਿਸਤਾਨ) ਦੀ ਉੱਤਰ-ਚੜ੍ਹਦੀ ਨੁੱਕਰ ਤੋਂ, ਜੋ ਰਾਵੀ ਨਾਲ ਲਗਦੀ ਹੈ, ਸਰਹੱਦ ਦੀ ਲਕੀਰ ਨਵੇਂ ਬਣੇ ਜ਼ਿਲਾ ਅੰਮ੍ਰਿਤਸਰ ਦੇ ਲਹਿੰਦੇ ਲਹਿੰਦੇ ਹੁੰਦੀ ਜ਼ਿਲਾ ਫ਼ੀਰੋਜ਼ਪੁਰ ਦੇ ਉੱਤਰ ਨੂੰ ਸਤਲੁਜ ਦਰਿਆ ਨਾਲ ਆ ਮਿਲੀ ਹੈ । ਇੱਥੋਂ ਜ਼ਿਲਾ ਫ਼ੀਰੋਜ਼ਪੁਰ (ਹਿੰਦੁਸਤਾਨ) ਦੀ ਉੱਤਰੀ ਹੱਦ, ਜੋ ਪਾਕਿਸਤਾਨ ਦੇ ਜ਼ਿਲਾ ਲਾਹੌਰ ਤੇ ਮਿੰਟਗੁਮਰੀ ਨਾਲ ਲਗਦੀ ਹੈ, ਸਤਲੁਜ ਹੈ ਅਤੇ ਜ਼ਿਲਾ ਫ਼ੀਰੋਜ਼ਪੁਰ ਦੀ ਥੋੜੀ ਜਿਹੀ ਉੱਤਰ-ਲਹਿੰਦੀ ਹੱਦ ਸਤਲੁਜ ਦੇ ਦੱਖਣ ਨੂੰ ਬਹਾਵਲ ਪੁਰ (ਪਾਕਿਸਤਾਨ) ਦੀ ਉੱਤਰ-ਚੜ੍ਹਦੇ ਦੀ ਚੁੱਕ ਨਾਲ ਜਾ ਲਗਦੀ ਹੈ। ਪੰਜਾਬ ਦੇ ਦੱਖਣ-ਲਹਿੰਦੇ ਨੂੰ ਰਾਜਸਥਾਨ (ਰਾਜਪੂਤਾਨਾ), ਚੜ੍ਹਦੇ ਨੂੰ ਜਮਨਾ ਨਦੀ ਅਤੇ ਉੱਤਰ ਪ੍ਰਦੇਸ਼ ਅਤੇ ਉੱਤਰ-ਚੜ੍ਹਦੇ ਨੂੰ ਹਿਮਾਚਲ ਪ੍ਰਦੇਸ਼ ਹੈ। ਉੱਤਰ ਵਿਚ ਗੁਰਦਾਸਪੁਰ ਦੇ ਜ਼ਿਲੇ, ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ (ਚੰਬਾ) ਲਗਦਾ ਹੈ।

## ਪੰਜਾਬ ਦੇ ਦੁਆਬੇ

ਪੰਜਾਬ ਪੰਜ ਕੁਦਰਤੀ ਦੁਆਬਿਆਂ ਵਿਚ ਵੰਡਿਆ ਹੋਇਆ ਹੈ। ਦੁਆਬੇ ਦੇ ਅੱਖਰੀ ਅਰਥ ਹਨ ਦੋ ਦਰਿਆਵਾਂ (ਦੋ×ਆਬ—ਦੋ ਨਦੀਆਂ) ਦੇ ਵਿਚਕਾਰਲਾ ਇਲਾਕਾ। ਪੰਜਾਬ ਦੇ ਦੁਆਬਿਆਂ ਦੇ ਨਾਉਂ ਭੀ ਸੰਬੰਧਤ ਦਰਿਆਵਾਂ ਦੇ ਨਾਂਵਾਂ ਦੇ ਪਹਿਲੇ ਅੱਖਰਾਂ ਤੋਂ ਹੀ ਪਏ ਹਨ। ਇਹ ਦੁਆਬੇ ਹਨ :

੧. ਬਿਸਤ ਜਲੰਧਰ ਦੁਆਬ—ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰਲਾ ਇਲਾਕਾ । ਇਸ ਨੂੰ ਸੀਰੋਵਾਲ ਭੀ ਕਹਿੰਦੇ ਹਨ, ਇਸ ਕਰਕੇ ਕਿ ਇਸ ਇਲਾਕੇ (ਦੇ ਚੋਆਂ) ਵਿਚ ਪਾਣੀ ਦੀਆਂ ਸੀਰਾਂ ਆਮ ਫੁਟਦੀਆਂ ਤੇ ਵਗਦੀਆਂ ਹਨ।

www.PunjabiLibrary.com

੨. ਬਾਰੀ ਦੁਆਬ — ਬਿਆਸ ਅਤੇ ਰਾਵੀ ਦੇ ਵਿਚਕਾਰਲਾ ਇਲਾਕਾ ।

੩. ਰਚਨਾ (ਰਚਿਨ-ਆਬ, ਰਚਿਨ-ਅਉ) ਦੁਆਬ — ਰਾਵੀ ਅਤੇ ਚਿਨਾਬ (ਝਨਾਂ) ਦੇ ਵਿਚਕਾਰਲਾ ਇਲਾਕਾ ।

੪. ਚੱਜ ਦੁਆਬ — ਚਿਨਾਬ ਅਤੇ ਜਿਹਲਮ ਦੇ ਵਿਚਕਾਰਲਾ ਇਲਾਕਾ । ਇਸ ਦੁਆਬੇ ਨੂੰ ਚਿਨਹਤ — ਚਿਨਾਬ ਅਤੇ ਬਿਹਤ (ਜੋ ਜਿਹਲਮ ਦਾ ਦੂਸਰਾ ਨਾਉਂ ਹੈ) ਦੇ ਵਿਚਕਾਰਲਾ ਇਲਾਕਾ ਭੀ ਆਖਦੇ ਹਨ ।

੫. ਸਿੰਧ-ਸਾਗਰ ਦੁਆਬ — ਸਿੰਧ ਅਤੇ ਜਿਹਲਮ (ਬਿਹਤ) ਦੇ ਵਿਚਕਾਰਲਾ ਇਲਾਕਾ ।

ਉਪਰੋਕਤ ਦੁਆਬਿਆਂ ਵਿੱਚੋਂ ਕੇਵਲ ਡੇਢ ਦੁਆਬਾ ਹੀ ਇਸ ਵੇਲੇ ਹਿੰਦੁਸਤਾਨੀ ਪੰਜਾਬ ਵਿਚ ਹੈ ।

੧. ਬਾਰੀ ਦੁਆਬਾ — ਲਾਹੌਰ, ਮਿੰਟਗੁਮਰੀ ਅਤੇ ਮੁਲਤਾਨ ਦੇ ਜ਼ਿਲੇ ਲਹਿੰਦੇ ਪਾਕਿਸਤਾਨ ਵਿਚ ਚਲੇ ਜਾਣ ਕਰਕੇ ਹਿੰਦੁਸਤਾਨ ਦੇ ਹਿੱਸੇ ਆਏ ਬਾਰੀ ਦੁਆਬ ਵਿਚ ਕਾਂਗੜਾ (ਕੁਝ ਹਿੱਸਾ), ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲੇ ਹੀ ਰਹਿ ਗਏ ਹਨ । ਇਸ ਕਰਕੇ ਬਾਰੀ ਦੁਆਬ ਨੂੰ ਅੱਧਾ ਦੁਆਬਾ ਹੀ ਗਿਣਿਆ ਜਾ ਸਕਦਾ ਹੈ ।

੨. ਬਿਸਤ ਜਲੰਧਰ ਦੁਆਬ — ਇਸ ਵਿਚ ਕਾਂਗੜਾ (ਕੁਝ ਹਿੱਸਾ) ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲੇ ਦੇ ਜ਼ਿਲੇ ਹਨ ।

ਇਸ ਤੋਂ ਇਲਾਵਾ ਪੰਜਾਬ ਵਿਚ ਸਤਲੁਜ ਦੇ ਦੱਖਣ, ਜਮਨਾ ਦੇ ਲਹਿੰਦੇ ਅਤੇ ਰਾਜਸਥਾਨ ਦੀ ਉੱਤਰ-ਚੜ੍ਹਦੀ ਹੱਦ ਤਕ ਦਾ ਉਹ ਸਾਰਾ ਇਲਾਕਾ ਹੈ ਜਿਸ ਵਿਚ ਕਿ ਫ਼ੀਰੋਜ਼ਪੁਰ, ਲੁਧਿਆਣਾ, ਅੰਬਾਲਾ, ਕਰਨਾਲ, ਰੋਹਤਕ, ਗੁੜਗਾਉਂ ਅਤੇ ਹਿਸਾਰ ਦੇ ਜ਼ਿਲੇ ਅਤੇ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ, ਮਲੇਰ-ਕੋਟਲਾ, ਕਲਸੀਆ, ਨਾਲਾਗੜ੍ਹ, ਪਟੌਦੀ, ਦੁਜਾਨਾ ਅਤੇ ਲੋਹਾਰੂ ਦੀਆਂ ਪੁਰਾਣੀਆਂ ਰਿਆਸਤਾਂ ਸ਼ਾਮਲ ਹਨ ।

ਸਤਲੁਜ ਤੋਂ ਦੱਖਣ ਦੇ ਇਲਾਕੇ ਨੂੰ ਚਾਰ ਮੋਟਿਆਂ ਮੋਟਿਆਂ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ : ਮਾਲਵਾ, ਕਰਖੇਤਰ, ਭਟਿਆਣਾ ਅਤੇ ਹਰਿਆਣਾ ।

**ਮਾਲਵਾ** — ਸਤਲੁਜ ਦੇ ਦੱਖਣ ਨੂੰ ਪੰਜਾਬ ਦਾ ਉਹ ਇਲਾਕਾ, ਜੋ ੨੯° ਅਤੇ ੩੧° ਉੱਤਰੀ ਵਿਥਕਾਰਾਂ ਅਤੇ ੭੪°-੩੦′ ਤੇ ੭੭° ਚੜ੍ਹਦੀਆਂ ਲਮਕਾਰਾਂ ਦੇ ਵਿਚਕਾਰ ਹੈ । ਇਸ ਵਿਚ ਫ਼ੀਰੋਜ਼ਪੁਰ, ਲੁਧਿਆਣੇ ਦੇ ਜ਼ਿਲੇ ਅਤੇ ਪਟਿਆਲਾ, ਨਾਭਾ, ਜੀਂਦ, ਫ਼ਰੀਦਕੋਟ ਤੇ ਮਲੇਰ-ਕੋਟਲੇ ਦੀਆਂ ਪੁਰਾਣੀਆਂ ਦੇਸੀ ਰਿਆਸਤਾਂ ਸ਼ਾਮਲ ਹਨ ।

**ਕੁਰਖੇਤਰ** — ਹਿੰਦੂਆਂ ਦੀ ਇਹ ਪਵਿੱਤਰ ਭੂਮੀ ੨੯°-੩੦′ ਤੇ ੩੦° ਉੱਤਰੀ ਵਿਥਕਾਰ ਅਤੇ ੭੬°-੨੦′ ਤੇ ੭੭° ਚੜ੍ਹਦੀਆਂ ਲਮਕਾਰਾਂ ਦੇ ਵਿਚਕਾਰ ਜ਼ਿਲਾ ਕਰਨਾਲ ਅਤੇ ਜੀਂਦ ਦੀ ਪੁਰਾਣੀ ਰਿਆਸਤ ਵਿਚ ਹੈ । ਮਹਾਂਭਾਰਤ ਅਨੁਸਾਰ, ਜਿਸ ਵਿਚ ਇਸ ਇਲਾਕੇ ਦਾ ਸਭ ਤੋਂ ਪੁਰਾਣਾ ਹਾਲ ਮਿਲਦਾ ਹੈ, ਇਹ ਸਰਸੁਤੀ ਅਤੇ ਦਰਿਸ਼ਦੂਤੀ (ਹੁਣ ਰਕਸ਼ੀ) ਨਦੀਆਂ ਦੇ ਵਿਚਕਾਰ ਹੈ । ਇਸ ਇਲਾਕੇ ਵਿਚ ਸੱਤ ਜਾਂ ਇਨ੍ਹਾਂ ਦੋਹਾਂ ਨਦੀਆਂ ਸਮੇਤ ਨੌਂ ਨਦੀਆਂ ਸਨ ਅਤੇ ਇਨ੍ਹਾਂ ਦੇ ਦੋਹੀਂ ਪਾਸੀਂ ਸੱਤ ਜਾਂ ਨੌਂ ਬਣ ਜਾਂ ਜੰਗਲ ਸਨ ਜਿੱਥੇ ਕਿ ਪ੍ਰਾਚੀਨ ਆਰੀਆ ਰਿਖੀਆਂ ਦੇ ਆਸ਼ਰਮ ਸਨ । ਇਹ ਆਸ਼ਰਮ ਬ੍ਰਹਮਚਾਰੀਆਂ ਦੇ ਮੁਖ ਵਿੱਦਿਆ-ਅਸਥਾਨ ਸਨ, ਜਿੱਥੇ ਕਿ ਰਿਖੀ ਲੋਕ ਉਨ੍ਹਾਂ ਨੂੰ ਧਾਰਮਕ ਅਤੇ ਸਾਹਿਤਕ ਗਿਆਨ ਦੇ ਨਾਲੋ ਨਾਲ ਹਰ ਪਰਕਾਰ ਦੀ ਹੋਰ ਸਿਖਿਆ ਭੀ ਦਿੰਦੇ ਸਨ ।

ਕੁਰਖੇਤਰ ਦੀ ਚੁਪਾਸੀ ਭੂਮੀ ਦਾ ਘੇਰਾ ੧੬੦ ਮੀਲ ਤੋਂ ਵਧ ਨਹੀਂ ਸੀ । ਇਸ ਦਾ ਉੱਤਰ ਬੇਰ ਤੋਂ ਲੈ ਕੇ (ਜਿੱਥੇ ਕਿ ਸਰਸੁਤੀ ਤੇ ਘੱਗਰ ਮਿਲਦੇ ਹਨ) ਥਾਨੇਸਰ ਤਕ ਹੈ ਅਤੇ ਇਸ ਦਾ ਦੱਖਣ ਸਫ਼ੀਦੋਂ ਦੇ ਦੱਖਣ ਨੂੰ ਸਿੱਖ ਤੋਂ ਜੀਂਦ ਦੇ ਦੱਖਣ ਤੇ ਲਹਿਦੇ ਨੂੰ ਰਾਮਰਾਏ ਤਕ ਹੈ ।

ਇਸ ਭੂਮੀ ਦਾ ਨਾਉਂ ਕੁਰਖੇਤਰ (ਕੁਰੂ ਦਾ ਮੈਦਾਨ) ਕੋਰਵਾਂ ਅਤੇ ਪਾਂਡਵਾਂ ਦੇ ਬਜ਼ੁਰਗ ਕੁਰੂ ਤੋਂ ਪਿਆ ਹੈ ਅਤੇ ਇੱਥੇ ਹੀ ਦੋਹਾਂ ਵਿਚਕਾਰ ਮਹਾਭਾਰਤ ਦਾ ਯੁਧ ਹੋਇਆ ਸੀ। ਇਹ ਭੂਮੀ ਕੌਰਵਾਂ ਦੇ ਸਮੇਂ ਤੋਂ ਪਹਿਲਾਂ ਭੀ ਚੋਖੀ ਪਰਸਿੱਧ ਸੀ ਅਤੇ ਧਰਮ-ਖੇਤਰ ਜਾਂ ਬ੍ਰਹਮਵਰਤ ਕਰਕੇ ਭੀ ਸੱਦੀ ਜਾਂਦੀ ਸੀ। ਥਾਨੇਸਰ ਦੇ ਮੁਕਾਮ ਤੇ ਹੀ ਕਿਹਾ ਜਾਂਦਾ ਹੈ ਕਿ ਪਰਸੁਰਾਮ ਨੇ ਖੱਤਰੀਆਂ ਦਾ ਨਾਸ ਕੀਤਾ ਸੀ। ਕੁਰਖੇਤਰ ਦੇ ਬਾਹਰਵਾਰ ਦੇ ਸਰਵਣਾਪਤ ਸਰੋਵਰ ਦਾ ਸੰਬੰਧ ਰਿਗਵੇਦ ਵਿਚ ਆਈ ਘੋੜ-ਸਿਰੇ ਦਧਿਅੰਚ (ਦਧੀਚ) ਦੀ ਕਥਾ ਨਾਲ ਦੱਸਿਆ ਜਾਂਦਾ ਹੈ। ਇਸ ਭੂਮੀ ਦਾ ਨਾਉਂ ਨਰਦਕ ਕਰਕੇ ਭੀ ਆਉਂਦਾ ਹੈ ਜੋ 'ਨਿਰਦੁਖ' (ਦੁਖਾਂ ਤੋਂ ਰਹਿਤ ਧਰਮ-ਭੂਮੀ) ਦਾ ਵਿਗੜਿਆ ਹੋਇਆ ਰੂਪ ਪਰਤੀਤ ਹੁੰਦਾ ਹੈ। ਸੱਤਵੀਂ ਈਸਵੀ ਸਦੀ ਦਾ ਚੀਨੀ ਯਾਤਰੀ ਹਿਊਨ-ਸਾਂਗ ਇਸ ਨੂੰ ਸੁਖ-ਭੂਮੀ ਕਰਕੇ ਸੱਦਦਾ ਹੈ। ਸੂਰਜ ਦੇਵਤਾ, ਸ਼ਿਵਜੀ ਮਹਾਂਦੇਵ, ਮਹਾਭਾਰਤ ਆਦਿ ਦੇ ਇੱਥੇ ੩੬੦ ਤੀਰਥ-ਅਸਥਾਨ ਦੱਸੇ ਜਾਂਦੇ ਹਨ। ਥਾਨੇਸਰ, ਅਮੀਨ, ਪਹੋਆ, ਜੀਂਦ, ਸਫ਼ੀਦੋਂ ਅਤੇ ਕੈਥਲ ਕੁਰਖੇਤਰ ਭੂਮੀ ਦੇ ਖ਼ਾਸ ਉੱਘੇ ਅਸਥਾਨ ਹਨ।

**ਭਟਿਆਣਾ** — ਪੰਜਾਬ ਦੇ ਦੱਖਣ-ਲਹਿੰਦੇ ਦਾ ਉਹ ਹਿੱਸਾ, ਜੋ ੨੯°- ੧੫′ ਤੇ ੩੦°– ੧੫′ ਉੱਤਰੀ ਵਿਥਕਾਰਾਂ ਅਤੇ ੭੪° ਤੇ ੭੫°-੪੫′ ਚੜ੍ਹਦੀਆਂ ਲਮਕਾਰਾਂ ਦੇ ਵਿਚਕਾਰ ਹੈ, ਭਟਿਆਣਾ ਨਾਉਂ ਨਾਲ ਪਰਸਿੱਧ ਹੈ। ਇਹ ਨਾਉਂ ਇਸ ਦਾ ਇਸ ਕਰਕੇ ਪਿਆ ਹੈ ਕਿ ਇਥੇ ਭੱਟੀ ਰਾਜਪੂਤ (ਜੋ ਬਹੁਤ ਕਰਕੇ ਮੁਸਲਮਾਨ ਹੋ ਗਏ ਹੋਏ ਹਨ) ਵਸਦੇ ਹਨ। ਇਸ ਵਿਚ ਜ਼ਿਲਾ ਹਿਸਾਰ ਦੇ ਫ਼ਤਿਹ-ਆਬਾਦ ਤੋਂ ਲੈ ਕੇ ਭਟਨੇਰ (ਬੀਕਾਨੇਰ) ਤਕ ਘੱਗਰ ਦੀ ਵਾਦੀ ਦਾ ਹਿੱਸਾ ਆਉਂਦਾ ਹੈ ਅਤੇ ਇਸ ਦੇ ਨਾਲ ਹੀ ਘੱਗਰ ਦੇ ਉੱਤਰ-ਲਹਿੰਦੇ ਵਲ ਦਾ ਖ਼ੁਸ਼ਕ ਇਲਾਕਾ ਜੋ ਸਤਲੁਜ ਦੇ ਪੁਰਾਣੇ ਵਹਿਣ ਤਕ ਚਲਾ ਜਾਂਦਾ ਹੈ। ਭਟਿਆਣੇ ਦਾ ਚੁਹੱਦਾ ਇਸ ਤਰ੍ਹਾਂ ਹੈ ਕਿ ਇਸ ਦੇ ਚੜ੍ਹਦੇ ਪਾਸੇ ਹਰਿਆਣੇ ਦਾ ਇਲਾਕਾ ਹੈ, ਲਹਿੰਦੇ ਅਤੇ ਦੱਖਣ ਵਲ ਬੀਕਾਨੇਰ ਅਤੇ ਉੱਤਰ ਵਲ ਬਠਿੰਡੇ ਦਾ ਇਲਾਕਾ।

ਇਸ ਇਲਾਕੇ ਦਾ ਇਤਿਹਾਸ ਭੱਟੀ ਰਾਜਪੂਤਾਂ ਦੀਆਂ ਮੁਸਲਮਾਨ ਬਾਦਸ਼ਾਹਾਂ ਨਾਲ ਹੁੰਦੀਆਂ ਰਹੀਆਂ ਜੰਗਾਂ ਨਾਲ ਭਰਿਆ ਪਿਆ ਹੈ। ੧੭੫੦ ਈਸਵੀ ਤੋਂ ਬਾਦ ਇਨ੍ਹਾਂ ਦੇ ਟਾਕਰੇ ਸਿੰਘਾਂ ਨਾਲ ਸ਼ੁਰੂ ਹੋ ਗਏ ਤੇ ਕੁਝ ਚਿਰ ਲਈ ਇਹ ਇਲਾਕਾ ਪਟਿਆਲਾ ਰਾਜ ਵਿਚ ਆ ਗਿਆ। ਅਠਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਜੌਰਜ ਟੌਮਸ ਨੇ ਇਸ ਇਲਾਕੇ ਵਿਚ ਆਪਣਾ ਰਾਜ ਖੜਾ ਕਰ ਲਿਆ। ੧੮੦੧ ਵਿਚ ਇਥੇ ਮਰਾਠੇ ਆ ਗਏ ਜਿਨ੍ਹਾਂ ਪਾਸੋਂ ੧੮੦੩ ਵਿਚ ਇਹ ਇਲਾਕਾ ਅੰਗਰੇਜ਼ਾਂ ਨੇ ਖੋਹ ਲਿਆ। ਇਸ ਸਬੰਧੀ ਕੁਝ ਚਿਰ ਪਟਿਆਲਾ ਰਾਜ ਨਾਲ ਝਗੜਾ ਹੁੰਦਾ ਰਿਹਾ ਪਰ ਅੰਤ ਅੰਗਰੇਜ਼ਾਂ ਨੇ ਭਟਿਆਣੇ ਦਾ ਵਖਰਾ ਜ਼ਿਲਾ ਬਣਾ ਦਿੱਤਾ ਜੋ ੧੮੫੭ ਤੋਂ ਬਾਦ ਸਰਸਾ ਜ਼ਿਲਾ ਦੇ ਨਾਉਂ ਹੇਠਾਂ ਉੱਤਰ-ਲਹਿੰਦੇ ਸੂਬੇ ਤੋਂ ਪੰਜਾਬ ਨੂੰ ਬਦਲ ਦਿੱਤਾ ਗਿਆ। ੧੮੮੪ ਵਿਚ ਸਰਸੇ ਦਾ ਜ਼ਿਲਾ ਭੀ ਤੋੜ ਦਿੱਤਾ ਗਿਆ ਅਤੇ ਇਸ ਦੇ ਕੁਝ ਹਿੱਸੇ ਜ਼ਿਲਾ ਹਿਸਾਰ ਨਾਲ ਰਲਾ ਦਿੱਤੇ ਗਏ ਤੇ ਕੁਝ ਫ਼ੀਰੋਜ਼ਪੁਰ ਨਾਲ।

**ਹਰਿਆਣਾ** — ਪੰਜਾਬ ਦਾ ਉਹ ਇਲਾਕਾ—ਜੋ ੨੯°- ੩੦′ ਅਤੇ ੩੦° ਉੱਤਰੀ ਚੁੜਕਾਰ ਦੇ ਵਿਚਕਾਰ ਹੈ ਅਤੇ ਜਿਸ ਵਿਚ ਹਿਸਾਰ ਦੇ ਜ਼ਿਲੇ ਦਾ ਚੜ੍ਹਦਾ ਅੱਧ (ਹਾਂਸੀ ਦਾ ਸਾਰਾ ਇਲਾਕਾ, ਫ਼ਤਿਹ-ਆਬਾਦ, ਹਿਸਾਰ ਅਤੇ ਭਿਵਾਨੀ ਦਾ ਚੜ੍ਹਦਾ ਇਲਾਕਾ) ਰੋਹਤਕ ਦੇ ਜ਼ਿਲੇ ਦਾ ਕੁਝ ਹਿੱਸਾ ਅਤੇ ਪੁਰਾਣੀਆਂ ਪਟਿਆਲੇ ਅਤੇ ਜੀਂਦ ਦੀਆਂ ਰਿਆਸਤਾਂ ਦੇ ਕੁਝ ਦੱਖਣੀ ਹਿੱਸੇ ਸ਼ਾਮਲ ਹਨ — ਹਰਿਆਣਾ ਕਹਾਉਂਦਾ ਹੈ। ਇਹ ਇਲਾਕਾ ਬੇਢਬੇ ਅੰਡੇ ਦੀ ਸ਼ਕਲ ਦਾ ਹੈ ਜਿਸ ਦਾ ਲੰਮਾ ਧੁਰਾ ਉੱਤਰ-ਲਹਿੰਦਿਉਂ ਦੱਖਣ-ਚੜ੍ਹਦੇ ਨੂੰ ਹੈ। ਇਸ ਦਾ ਚੁਹੱਦਾ ਇਸ ਤਰ੍ਹਾਂ ਹੈ ਕਿ ਇਸ ਦੇ ਉੱਤਰ-ਲਹਿੰਦੇ ਨੂੰ ਘੱਗਰ ਦੀ ਵਾਦੀ ਹੈ, ਲਹਿੰਦੇ, ਦੱਖਣ-ਲਹਿੰਦੇ ਤੇ ਦੱਖਣ ਨੂੰ ਬਾਗੜ ਦਾ ਰੇਤ-ਥਲਾ ਹੈ ਜੋ ਬੀਕਾਨੇਰ ਨਾਲ ਜਾ ਰਲਦਾ ਹੈ। ਚੜ੍ਹਦੇ ਪਾਸੇ ਜਮਨਾ ਦੀ ਬੇਟ ਹੈ ਅਤੇ ਉੱਤਰ ਵਲ ਕੁਰਖੇਤਰ (ਨਰਦਕ) ਦਾ ਇਲਾਕਾ। ਇਸ ਇਲਾਕੇ ਦਾ ਰਕਬਾ ੩੦੦੦ ਮੁਰੱਬਾ ਮੀਲ ਦੇ ਲਗਭਗ ਹੈ।

ਇਸ ਇਲਾਕੇ ਦਾ ਨਾਉਂ ਹਰਿਆਣਾ ਕਿਸੇ ਐਸੇ ਪੁਰਾਣੇ ਸਮੇਂ ਵਲ ਇਸ਼ਾਰਾ ਕਰਦਾ ਪਿਆ ਜਾਪਦਾ ਹੈ ਜਦੋਂ ਇਹ ਬੜਾ ਹਰਿਆਵਲਾ ਅਤੇ ਉਪਜਾਊ ਹੁੰਦਾ ਸੀ । ਇਥੇ ਦੀਆਂ ਪ੍ਰਾਚੀਨ ਵਸਤਾਂ ਅਤੇ ਯਾਦਗਾਰਾਂ ਤੋਂ ਪਰਤੀਤ ਹੁੰਦਾ ਹੈ ਕਿ ਸਰਸੁਤੀ ਨਦੀ ਨਾਲ ਸਿੰਜਿਆ ਜਾ ਕੇ ਹਰਿਆਣੇ ਦਾ ਇਲਾਕਾ ਕਿਸੇ ਸਮੇਂ ਹਿੰਦੂ ਸੱਭਿਅਤਾ ਦਾ ਇਕ ਉੱਘਾ ਕੇਂਦਰ ਸੀ । ਤੈਮੂਰ ਦੇ ਹੱਲੇ ਵੇਲੇ ਟੋਹਾਣੇ ਵਿਚ 'ਕਮਾਦ ਦੇ ਜੰਗਲਾਂ' ਦੇ ਜ਼ਿਕਰ ਤੋਂ ਪਤਾ ਚਲਦਾ ਹੈ ਕਿ ਉਸ ਵੇਲੇ ਭੀ ਘੱਗਰ ਦੀ ਵਾਦੀ ਬੜੀ ਉਪਜਾਊ ਸੀ ਭਾਵੇਂ ਹਿਸਾਰ ਦਾ ਲਾਗਾ-ਚਾਗਾ ਝੁਲਸਿਆ ਹੋਇਆ ਤੇ ਖ਼ੁਸ਼ਕ ਹੋ ਚੁੱਕਾ ਸੀ ।

ਅਠਾਰ੍ਹਵੀਂ ਸਦੀ ਦੇ ਅੰਤ ਵਿਚ ਹਰਿਆਣਾ ਭੱਟੀਆਂ, ਸਿੱਖਾਂ ਤੇ ਮਰਾਠਿਆਂ ਦਾ ਅਖਾੜਾ ਬਣਿਆ ਹੋਇਆ ਸੀ । ਇਸ ਵੇਲੇ ਜੌਰਜ ਟੌਮਸ ਘੱਗਰ ਤਕ ਹੱਥ ਮਾਰਦਾ ਪਿਆ ਸੀ । ਹਾਂਸੀ ਉਸ ਦੀ ਰਾਜਧਾਨੀ ਸੀ ਅਤੇ ਰੋਹਤਕ ਦੇ ਜ਼ਿਲੇ (ਝੱਜਰ ਤਹਿਸੀਲ) ਵਿਚ ਉਸ ਨੇ ਜਾਰਜ-ਗੜ੍ਹ ਨਾਮੀ ਪਿੰਡ ਵਸਾ ਕੇ ਉਥੇ ਇਕ ਕਿਲਾ ਬਣਾਇਆ ਸੀ ਜੋ ਜਹਾਜ਼ਗੜ੍ਹ ਦੇ ਨਾਉਂ ਨਾਲ ਪਰਸਿੱਧ ਸੀ । ਜਦ ਮਰਾਠਿਆਂ ਦੇ ਇਕ ਫ਼ਰਾਂਸੀਸੀ ਅਫ਼ਸਰ ਲੂਈ ਬੂਰਕਾਂ (Louis Bourquin) ਨੇ ਹਾਂਸੀ ਉੱਤੇ ਕਬਜ਼ਾ ਕਰ ਲਿਆ ਤਾਂ ਹਰਿਆਣੇ ਦਾ ਕਾਫੀ ਇਲਾਕਾ ਮਰਾਠਿਆਂ ਨੇ ਮੱਲ ਲਿਆ, ਪਰ ਛੇਤੀ ਹੀ ਪਿੱਛੋਂ ਸੰਨ ੧੮੦੩ ਵਿਚ ਇਹ ਅੰਗਰੇਜ਼ੀ ਰਾਜ ਵਿਚ ਆ ਗਿਆ ।

ਪਹਿਲੋਂ ਹਾਂਸੀ ਵਿਚ ਛਾਉਣੀ ਪਾਈ ਗਈ ਅਤੇ ਹਰਿਆਣੇ ਵਿਚ ਦੇਸੀ ਨਾਜ਼ਿਮ ਨਿਯਤ ਕੀਤੇ ਗਏ । ਕੁਝ ਚਿਰ ਪਟਿਆਲਾ ਰਾਜ ਨਾਲ ਸਰਹੱਦ ਦਾ ਝਗੜਾ ਰਿਹਾ, ਪਰ ਅੰਤ ਅੰਗਰੇਜ਼ਾਂ ਨੇ ਪੱਕਾ ਕਬਜ਼ਾ ਕਰ ਲਿਆ ਅਤੇ ਦੋ ਵੱਖਰੇ ਵੱਖਰੇ ਜ਼ਿਲੇ ਬਣਾ ਦਿੱਤੇ, ਭਟਿਆਣਾ (ਜਿਸ ਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ) ਅਤੇ ਰੋਹਤਕ । ਇਸ ਵੇਲੇ ਹਰਿਆਣੇ ਦਾ ਇਲਾਕਾ ਹਿਸਾਰ ਅਤੇ ਰੋਹਤਕ ਦੇ ਜ਼ਿਲਿਆਂ ਵਿਚ ਵੰਡਿਆ ਹੋਇਆ ਹੈ । ਬਾਗੜ ਦੇ ਬਹੁਤ ਸਾਰੇ ਇਲਾਕੇ ਨੂੰ ਭੀ ਭੂਗੋਲਕ ਨਜ਼ਰ ਤੋਂ ਹਰਿਆਣੇ ਵਿਚ ਹੀ ਗਿਣਿਆ ਜਾ ਸਕਦਾ ਹੈ ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਚੂੰਕਿ ਹਿਸਾਰ ਤੋਂ ਲੈ ਕੇ ਦਿੱਲੀ ਤੱਕ ਦੇ ਇਸ ਇਲਾਕੇ ਵਿਚ ਬਹੁਤੇ ਜੱਟ (ਜਿਨ੍ਹਾਂ ਦਾ ਗੋਤ ਹੀਰ ਹੈ) ਜਾਂ ਅਹੀਰ ਵਸਦੇ ਹਨ, ਇਸ ਲਈ ਇਸ ਨੂੰ ਉਸੇ ਤਰ੍ਹਾਂ ਹੀ ਅਹੀਰਿਆਣਾ ਜਾਂ ਹੀਰਿਆਣਾ (ਜੋ ਪਿੱਛੋਂ ਹੌਲੀ ਹੌਲੀ ਹਰਿਆਣਾ ਹੋ ਗਿਆ) ਆਖਦੇ ਹਨ ਜਿਵੇਂ ਕਿ ਭੱਟੀਆਂ ਦੇ ਇਲਾਕੇ ਨੂੰ ਭਟਿਆਣਾ । ਇਥੇ ਖ਼ਾਸ ਕਰਕੇ ਬਹੁਤੀ ਵਸੋਂ ਜੱਟਾਂ ਦੀ ਹੋਣ ਕਰਕੇ ਇਸ ਨੂੰ ਜਟਿਆਟ ਜਾਂ ਜਟੇਟ ਭੀ ਸਦਦੇ ਹਨ ।

## ਪੰਜਾਬ ਦੇ ਪਹਾੜ

ਪੰਜਾਬ ਮੈਦਾਨੀ ਦੇਸ ਹੈ, ਪਹਾੜੀ ਨਹੀਂ । ਚੜ੍ਹਦੇ ਦੀਆਂ ਦੇਸੀ ਰਿਆਸਤਾਂ ਪਹਾੜੀ ਸਨ, ਜਿਨ੍ਹਾਂ ਨੂੰ ਚੜ੍ਹਦੇ ਪਹਾੜੀ ਇਲਾਕੇ ਨਾਲ ਰਲਾ ਕੇ ਵੱਖਰਾ ਹਿਮਾਚਲ ਪ੍ਰਦੇਸ਼ ਬਣਾ ਦਿੱਤਾ ਗਿਆ ਹੈ । ਹੁਣ ਇਸ ਵਿਚ ਕੇਵਲ ਕਾਂਗੜੇ ਦਾ ਜ਼ਿਲਾ ਅਤੇ ਹੁਸ਼ਿਆਰਪੁਰ ਦੇ ਜ਼ਿਲੇ ਦੀ ਊਨਾ ਤਹਿਸੀਲ ਹੀ ਪਹਾੜੀ ਇਲਾਕਾ ਰਹਿ ਗਿਆ ਹੈ ।

ਕਾਂਗੜੇ ਅਤੇ ਹੁਸ਼ਿਆਰਪੁਰ ਦੇ ਪਹਾੜ ਹਿਮਾਲਾ ਪਰਬਤ ਦੇ ਲਹਿੰਦੇ-ਦੱਖਣ ਦੀਆਂ ਸ਼ਵਾਲਕ ਪਹਾੜੀਆਂ ਦਾ ਹਿੱਸਾ ਹਨ ਜਿਨ੍ਹਾਂ ਵਿਚ ਧੌਲੀ-ਧਾਰ ਸਭ ਤੋਂ ਜ਼ਿਆਦਾ ਪਰਸਿੱਧ ਹੈ । ਧੌਲੀ-ਧਾਰ ਦਾ ਆਰੰਭ ਬਿਆਸ ਦਰਿਆ ਦੇ ਸੱਜੇ ਕੰਢੇ ਉਸ ਅਸਥਾਨ ਤੋਂ ਹੁੰਦਾ ਹੈ ਜਿੱਥੋਂ ਕਿ ਦਰਿਆ, ਕੁੱਲੂ ਨੂੰ ਛਡ ਕੇ ਇਕ ਦਮ ਮੰਡੀ ਸ਼ਹਿਰ ਵਲ ਨੂੰ ਮੁੜ ਪੈਂਦਾ ਹੈ । ਇਥੋਂ ਇਹ ਪਹਾੜੀ ਧਾਰ ਉੱਤਰ ਵਲ ਨੂੰ ਜਾਂਦੀ ਹੈ । ਜਿਸ ਥਾਂ ਤੋਂ ਕੁੱਲੂ ਨੂੰ ਜਾਣ ਵਾਲੀ ਪੁਰਾਣੀ ਸੜਕ ਬਜੌੜੀ ਦੇ ਦੱਰੇ ਨਾਲ ਇਸ ਧਾਰ ਤੋਂ ਦੀ ਲੰਘਦੀ ਹੈ, ਇਹ ਕੁੱਲੂ ਅਤੇ ਮੰਡੀ ਦੇ ਇਲਾਕਿਆਂ ਦੀ ਹੱਦ ਬੰਨ੍ਹਦੀ ਹੈ ਅਤੇ ਇਸੇ ਪਾਸੇ ਨੂੰ ਦਸ ਮੀਲ ਹੋਰ ਅੱਗੇ ਜਾ ਕੇ ਕੁੱਲੂ ਅਤੇ ਬੰਗਾਹਲ ਦੇ ਤੱਲਕਿਆਂ ਦੀ ਹੱਦ ਬਣਾਉਂਦੀ ਹੈ । ਫੇਰ ਇਹ ਇਕ ਦਮ ਲਹਿੰਦੇ ਵਲ ਨੂੰ ਮੁੜ ਜਾਂਦੀ ਹੈ ਅਤੇ ਬੰਗਾਹਲ ਦੇ ਤੱਲਕੇ ਵਿਚ — ਦੀ ਲੰਘਦੀ ਹੋਈ ਕਾਂਗੜੇ ਦੀ

ਵਾਦੀ ਦੇ ਉੱਪਰ ਆ ਨਿਕਲਦੀ ਹੈ ਜਿੱਥੇ ਕਿ ਇਸ ਦਾ ਨਾਉਂ ਪੱਕੀ ਤਰ੍ਹਾਂ ਧੌਲੀ-ਧਾਰ ਪੈ ਜਾਂਦਾ ਹੈ। ਉਸ ਟਿਕਾਣੇ ਤੋਂ ਲੈ ਕੇ ਜਿੱਥੋਂ ਇਹ ਧਾਰ ਬੰਗਾਹਲ ਨੂੰ ਛਡਦੀ ਹੈ ਉਸ ਥਾਂ ਤਕ ਜਿੱਥੋਂ ਕਿ ਕਾਂਗੜੇ ਦੀ ਉੱਤਰੀ ਹੱਦ ਹਾਥੀ-ਧਾਰ ਦੀਆਂ ਛੋਟੀਆਂ ਪਹਾੜੀਆਂ ਵਲ ਨੂੰ ੩੬ ਕੁ ਮੀਲ ਹੇਠਾਂ ਉਤਰ ਪੈਂਦੀ ਹੈ, ਇਹ ਚੰਬੇ ਨੂੰ ਕਾਂਗੜੇ ਤੋਂ ਵੱਖ ਕਰਦੀ ਹੈ। ਬੰਗਾਹਲ ਦਾ ਤੱਲਕਾ ਕਾਂਗੜੇ ਅਤੇ ਕੁੱਲੂ ਨੂੰ ਜੋੜਦਾ ਹੈ, ਅਤੇ ਧੌਲੀ-ਧਾਰ ਬੰਗਾਹਲ ਨੂੰ ਦੋ ਹਿੱਸਿਆਂ ਵਿਚ ਵੰਡਦੀ ਹੈ। ਇਸ ਦੇ ਉੱਤਰ ਵਲ ਦੇ ਹਿੱਸੇ ਨੂੰ ਵੱਡਾ ਬੰਗਾਹਲ ਅਤੇ ਦੱਖਣ ਵਲ ਦੇ ਹਿੱਸੇ ਨੂੰ ਛੋਟਾ ਬੰਗਾਹਲ ਕਹਿੰਦੇ ਹਨ।

ਬੰਗਾਹਲ ਵਿਚ ਧੌਲੀ-ਧਾਰ ਦੀ ਸਭ ਤੋਂ ਉੱਚੀ ਟੀਸੀ ੧੭,੦੦੦ ਫੁਟ ਦੀ ਉਚਾਈ ਤੇ ਹੈ ਅਤੇ ਕਾਂਗੜੇ ਦੇ ਜ਼ਿਲੇ ਵਿਚ ਇਸ ਦੀ ਉਚਾਈ ੧੫,੦੦੦ ਫੁਟ ਦੇ ਲਗਭਗ ਹੈ। ਕੁੱਲੂ ਅਤੇ ਬੰਗਾਹਲ ਦੀ ਸਰਹੱਦ ਉੱਤੇ ਲਹਿੰਦੇ ਵਲ ਨੂੰ ਮੋੜ ਤੇ ਇਹ ਧਾਰ ਮੱਧ ਹਿਮਾਲਾ ਦੇ ਸਿਲਸਿਲੇ ਦੀ ੧੫ ਮੀਲ ਲੰਮੀ ਅਤੇ ੧੮,੦੦੦ ਫੁਟ ਉੱਚੀ ਪਹਾੜੀ ਲੀਕ ਨਾਲ ਜੁੜ ਜਾਂਦੀ ਹੈ। ਕੁੱਲੂ ਦੇ ਲੋਕ ਇਸ ਨੂੰ 'ਬੰਗਾਹਲ ਦੀ ਬੜੀ ਧਾਰ' ਕਰਕੇ ਸੱਦਦੇ ਹਨ। ਇਸ ਧਾਰ ਨੂੰ ਧੌਲੀ (ਚਿੱਟੀ) ਧਾਰ ਇਸ ਕਰਕੇ ਕਹਿੰਦੇ ਹਨ ਕਿ ਇਸ ਇਲਾਕੇ ਵਿਚ ਬਹੁਤੀ ਇਹੋ ਹੀ ਪਹਾੜੀ ਹੈ ਜੋ ਬਰਫ ਪੈਣ ਨਾਲ ਚਿੱਟੀ (ਧੌਲੀ) ਹੋ ਜਾਂਦੀ ਹੈ।

ਕਾਂਗੜੇ ਦੇ ਚੜ੍ਹਦੇ ਨੂੰ ਕੁੱਲੂ, ਲਾਹੌਲ ਅਤੇ ਸਪਿੱਤੀ ਦੇ ਇਲਾਕੇ ਹਨ ਜੋ ਹਿਮਾਲਾ ਪਰਬਤ ਦੀਆਂ ਦੱਖਣ-ਲਹਿਦੀਆਂ ਧਾਰਾਂ ਨਾਲ ਵਲ੍ਹੇਟੇ ਹੋਏ ਹਨ। ਸਪਿੱਤੀ ਦੀ ਚੜ੍ਹਦੀ ਅਣਮਿਥੀ ਸਰਹੱਦ ਤਿੱਬਤ ਦੇ ਲਹਿੰਦੇ ਨਾਲ ਜਾ ਲਗਦੀ ਹੈ।

ਜ਼ਿਲਾ ਹੁਸ਼ਿਆਰਪੁਰ ਦੀ ਊਨਾ ਤਹਿਸੀਲ ਨੂੰ ਹਲਕਾ ਜਿਹਾ ਪਹਾੜੀ ਇਲਾਕਾ ਕਿਹਾ ਜਾ ਸਕਦਾ ਹੈ। ਇਸ ਦੀ ਚੜ੍ਹਦੀ ਸਰਹੱਦ ਬਾਹਰਲੇ ਹਿਮਾਲਾ ਪਰਬਤ ਦੀਆਂ ਸੋਲਾਂ-ਸਿੰਗੀ ਪਹਾੜੀਆਂ ਦੀਆਂ ਲਹਿੰਦੀਆਂ ਢਲਵਾਣਾਂ ਨਾਲ ਬਣਦੀ ਹੈ ਜੋ ਇਸ ਨੂੰ ਜ਼ਿਲਾ ਕਾਂਗੜੇ ਅਤੇ ਕਹਿਲੂਰ ਤੇ ਹਿੰਡੂਰ ਦੇ ਇਲਾਕਿਆਂ ਤੋਂ ਵੱਖ ਕਰਦੀ ਹੈ। ਸੋਲਾਂ-ਸਿੰਗੀ ਪਹਾੜੀਆਂ ਦੇ ਬਰਾਬਰ ਬਰਾਬਰ ਲਹਿੰਦੇ ਨੂੰ ਕੁਝ ਕੁ ਦੂਰੀ ਤੇ ਉੱਤਰ-ਲਹਿੰਦੇ ਤੋਂ ਚੜ੍ਹਦੇ-ਦੱਖਣ ਨੂੰ ਸ਼ਵਾਲਕ ਸਿਲਸਿਲੇ ਦੀ ਉੱਤਰੀ ਧਾਰ ਜਾ ਰਹੀ ਹੈ ਜਿਸ ਨੂੰ ਕਟਾਰ-ਧਾਰ ਕਹਿੰਦੇ ਹਨ। ਸੋਲਾ-ਸਿੰਗੀ ਅਤੇ ਕਟਾਰ-ਧਾਰ ਦੀਆਂ ਪਹਾੜੀਆਂ ਦੇ ਵਿਚਕਾਰ ਇਕ ਖੁਲ੍ਹੀ ਉਪਜਾਊ ਵਾਦੀ ਹੈ ਜਿਸ ਨੂੰ ਜਸਵਾਨ ਜਾਂ ਊਨੇ ਦੀ ਦੂਨ ਕਹਿੰਦੇ ਹਨ। ਇਸ ਦੂਨ ਨੂੰ ਸੁਆਂ ਨਦੀ ਸਿੰਜਦੀ ਹੈ ਜੋ ਦੂਨ ਦੇ ਉੱਤਰ ਵਿੱਚੋਂ ਨਿਕਲ ਕੇ ਦੱਖਣ-ਚੜ੍ਹਦੇ ਨੂੰ ਵਗਦੀ ਹੋਈ ਅਨੰਦਪੁਰ ਦੇ ਪਾਸ ਸਤਲੁਜ ਦਰਿਆ ਵਿਚ ਆ ਡਿਗਦੀ ਹੈ। ਕਟਾਰ-ਧਾਰ ਦੇ ਲਹਿੰਦੇ ਢਲਵਾਣੀ ਇਲਾਕੇ ਨੂੰ ਕੰਢੀ ਆਖਦੇ ਹਨ ਜਿੱਥੋਂ ਕਿ ਬੇਸ਼ੁਮਾਰ ਛੋਟੇ ਵੱਡੇ ਪਹਾੜੀ ਨਾਲੇ (ਜਿਨ੍ਹਾਂ ਨੂੰ ਚੋ ਕਿਹਾ ਜਾਂਦਾ ਹੈ) ਨਿਕਲ ਕੇ ਲਹਿੰਦੇ ਜਾਂ ਲਹਿੰਦੇ-ਦੱਖਣ ਨੂੰ ਵਗਦੇ ਹੋਏ ਹੁਸ਼ਿਆਰਪੁਰ ਦੇ ਜ਼ਿਲੇ ਦੀ ਉਪਜਾਊ ਭੋਂ ਨੂੰ ਰੋੜ੍ਹ ਕੇ ਬਿਆਸ ਦਰਿਆ ਜਾਂ ਕਾਲੀ ਬੇਈਂ ਵਿਚ ਸੁੱਟੀ ਜਾ ਰਹੇ ਹਨ ਜਾਂ ਪਨ੍ਹੇ ਦੀ ਸ਼ਕਲ ਵਿਚ ਜ਼ਿਲਾ ਜਲੰਧਰ ਵਿਚ ਵਿਛਾਈ ਜਾ ਰਹੇ ਹਨ ਅਤੇ ਹੁਸ਼ਿਆਰਪੁਰ ਦੇ ਜ਼ਿਲੇ ਨੂੰ ਰੇਤਲਾ ਕਰੀ ਜਾ ਰਹੇ ਹਨ।

ਜ਼ਿਲਾ ਅੰਬਾਲਾ ਦੇ ਚੜ੍ਹਦੇ ਪਾਸੇ ਭੀ ਸ਼ਵਾਲਕ ਦੀਆਂ ਪਹਾੜੀਆਂ ਦਾ ਸਿਲਸਿਲਾ ਉੱਤਰ-ਲਹਿੰਦੇ ਤੋਂ ਦੱਖਣ-ਚੜ੍ਹਦੇ ਨੂੰ ਜਾ ਰਿਹਾ ਹੈ। ਪਰ ਇਹ ਪੰਜਾਬ ਦੀ ਹੱਦ ਤੋਂ ਬਾਹਰ ਹੈ ਇਸ ਲਈ ਇਸ ਦਾ ਵੇਰਵਾ ਇੱਥੇ ਨਹੀਂ ਦਿੱਤਾ ਜਾ ਰਿਹਾ।

## ਪੰਜਾਬ ਦੇ ਦਰਿਆ

ਪਜਾਬ ਦੀ ਬਹੁਤ ਸਾਰੀ ਮਹੱਤਤਾ ਇਸ ਦੇ ਦਰਿਆਵਾਂ ਦੀ ਬਣਾਈ ਹੋਈ ਹੈ। ਜਿੱਥੇ ਇਨ੍ਹਾਂ ਦੇ ਵਿਚਕਾਰਲੇ ਦੁਆਬਿਆਂ ਨੇ ਪਜਾਬੀਆਂ ਨੂੰ ਸਾਫ਼ ਤੇ ਸੋਹਣੇ ਪੌਣ ਪਾਣੀ ਬਖਸ਼ੇ ਅਤੇ ਬੜੀ ਖੁਲ੍ਹੀ-ਡੁਲ੍ਹੀ ਉਪਜਾਊ ਭੋਂ ਦਿੱਤੀ, ਉੱਥੇ

ਇਨ੍ਹਾਂ ਨੇ ਸਡੋਲ-ਸਰੀਰੇ ਸੂਰਬੀਰਾਂ ਅਤੇ ਡੂੰਘੇ ਵਿਚਾਰਵਾਨ ਵਿਦਵਾਨਾਂ ਨੂੰ ਵੀ ਜਨਮ ਦਿੱਤਾ । ਇਥੇ ਹੀ ਆਰੀਆਂ ਤੋਂ ਪਹਿਲੀ ਹਿੰਦੁਸਤਾਨ ਦੀ ਸੱਭਿਅਤਾ ਉੱਸਰੀ ਤੇ ਉੱਘੜੀ, ਇਥ ਹੀ ਪਹਿਲੋਂ ਪਹਿਲ ਆਰੀਆ ਲੋਕ ਟਿਕ ਕੇ ਆਬਾਦ ਹੋਏ। ਪੰਜਾਬ ਦੇ ਪੂਰਬੀ ਦਰਿਆਵਾਂ ਦੇ ਕੰਢਿਆਂ ਉੱਤੇ ਆਰੀਆ ਰਿਖੀਆਂ ਮੁਨੀਆਂ ਨੇ ਆਪਣੇ ਆਸ਼ਰਮ ਬਣਾਏ ਅਤੇ ਵੇਦ ਆਦਿ ਧਾਰਮਕ ਤੇ ਸਮਾਜਕ ਗ੍ਰੰਥ ਰਚੇ, ਜਿਨ੍ਹਾਂ ਨਾਲ ਆਰੀਆ ਸੱਭਿਅਤਾ ਦੀ ਨੀਂਹ ਬੱਝੀ ਅਤੇ ਇਸ ਦੀ ਉਸਾਰੀ ਹੋਈ। ਇਥੋਂ ਹੀ ਇਹ ਸੱਭਿਅਤਾ ਪੂਰਬ ਵਲ ਨੂੰ ਪਸਰੀ ਅਤੇ ਭਾਰਤੀ ਸੱਭਿਅਤਾ ਦੇ ਰੂਪ ਵਿਚ ਵਧੀ ਫੁੱਲੀ। ਇਸੇ ਲਈ ਪੰਜਾਬ ਨੂੰ ਪ੍ਰਾਚੀਨ ਸੱਭਿਅਤਾ ਦਾ ਜਨਮ-ਦਾਤਾ ਅਤੇ ਪੰਘੂੜਾ ਕਿਹਾ ਜਾਂਦਾ ਹੈ।

ਜਿਵੇਂ ਪੁਰਾਤਨ ਪੰਜਾਬ ਵਿਚ ਪੰਜ ਵੱਡੇ ਵੱਡੇ ਦਰਿਆ ਸਨ ਜਿਨ੍ਹਾਂ ਕਰਕੇ ਇਸ ਦਾ ਇਹ ਨਾਉਂ ਪਿਆ ਸੀ, ਇਸੇ ਤਰ੍ਹਾਂ ਅਜੋਕੇ (ਹਿੰਦੁਸਤਾਨੀ) ਪੰਜਾਬ ਦੀ ਪਾਕਿਸਤਾਨ ਨਾਲ ਲਗਦੀ ਲਹਿੰਦੀਂ ਹੱਦ ਤੋਂ ਲੈ ਕੇ, ਜੋ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲਿਆਂ ਦੇ ਉੱਤਰ ਨੂੰ ਰਾਵੀ ਦਰਿਆ ਨਾਲ ਬਣਦੀ ਹੈ, ਜਮਨਾ ਨਾਲ ਬਣਦੀ ਚੜ੍ਹਦੀ ਹੱਦ ਤੱਕ ਭੀ ਪੰਜ ਹੀ ਦਰਿਆ ਹਨ। ਇਹ ਹਨ : ਰਾਵੀ, ਬਿਆਸ, ਸਤਲੁਜ, ਸਰਸੁਤੀ ਤੇ ਜਮਨਾ । ਪਰ ਜੇ ਸਰਸੁਤੀ ਦੇ ਨਾਲ ਦੇ ਇਤਿਹਾਸ-ਪਰਸਿੱਧ ਦਰਿਆ ਘੱਗਰ ਅਤੇ ਮਾਰਕੰਡਾ ਭੀ ਗਿਣ ਲਏ ਜਾਣ ਤਾਂ ਇਹ ਪੂਰੇ ਸੱਤ ਹੋ ਜਾਂਦੇ ਹਨ।

**ਰਾਵੀ** – ਪ੍ਰਾਚੀਨ ਵੇਦਿਕ ਸਮਿਆਂ ਵਿਚ ਰਾਵੀ ਦਰਿਆ ਦਾ ਨਾਉਂ ਪਰੁਸ਼ਨੀ (ਪਰੂਸ਼ਨੀ) ਸੀ ਅਤੇ ਪਿਛਲੇਰੇ ਸੰਸਕ੍ਰਿਤ ਸਾਹਿੱਤ ਵਿਚ ਇਸ ਦਾ ਨਾਉਂ ਇਰਾਵਤੀ ਆਉਂਦਾ ਹੈ । ਯੂਨਾਨੀ ਵਿਦਵਾਨਾਂ ਨੇ ਇਸ ਦਾ ਜ਼ਿਕਰ ਹਾਈਡਰਾਉਟੀਜ਼, ਅਦਰੀਸ ਜਾਂ ਰੂੰਨਾਦੀਸ ਨਾਉਂ ਨਾਲ ਕੀਤਾ ਹੈ। ਅਜ ਕਲ ਦਾ ਨਾਉਂ ਰਾਵੀ 'ਰਵੀ' ਅਰਥਾਤ ਸੂਰਜ ਤੋਂ ਜਾਂ ਇਰਾਵਤੀ ਤੋਂ ਬਿਗੜ ਕੇ ਪਿਆ ਜਾਪਦਾ ਹੈ।

ਰਾਵੀ ਦਾ ਆਦਿ ਸੋਮਾ ਕੁੱਲੂ ਦੇ ਪਹਾੜ ਵਿਚ ਹੈ ਜਿੱਥੋਂ ਨਿਕਲ ਕੇ ਇਹ ਜ਼ਿਲਾ ਕਾਂਗੜਾ ਦੇ ਚੜ੍ਹਦੇ-ਉੱਤਰੋਂ ਉੱਤਰ-ਲਹਿਦੇ ਨੂੰ ਹੋ ਕੇ ਬੜਾ ਬੰਗਾਹਲ ਦੇ ਲਹਿੰਦਿਉਂ ਚੰਬੇ ਦੇ ਇਲਾਕੇ ਵਿਚ ਦਾਖਲ ਹੋ ਜਾਂਦਾ ਹੈ। ਇਥੋਂ ਕੁਝ ਪੰਜ ਛੇ ਮੀਲ ਲਹਿੰਦੇ ਵਗ ਕੇ ਤਿੰਨ ਕੁ ਮੀਲ ਦੱਖਣ ਨੂੰ ਹੋ ਕੇ ਲਹਿੰਦੇ-ਉੱਤਰ ਨੂੰ ਚੜ੍ਹ ਤੁਰਦਾ ਹੈ ਅਤੇ ਚੰਬੇ ਸ਼ਹਿਰ ਦੇ ਦੱਖਣ ਦੀ ਹੁੰਦਾ ਹੋਇਆ ਕਸ਼ਮੀਰ ਦੀ ਹੱਦ ਦੇ ਨਾਲ ਨਾਲ ਮਾਧੋਪੁਰ ਪੁਜਦਾ ਹੈ । ਇਥੇ ਇਸ ਵਿੱਚੋਂ ਅਪਰ-ਬਾਰੀ-ਦੁਆਬ ਨਹਿਰ ਕੱਢੀ ਗਈ ਹੈ, ਜਿਸ ਦੀਆਂ ਸ਼ਾਖਾਂ ਗੁਰਦਾਸਪੁਰ, ਅੰਮ੍ਰਿਤਸਰ ਤੇ ਲਾਹੌਰ ਦੇ ਜ਼ਿਲਿਆਂ ਨੂੰ ਸਿੰਜਦੀਆਂ ਹਨ। ਕਠੂਹੇ ਤੋਂ ਚਾਰ ਕੁ ਮੀਲ ਦੱਖਣ ਨੂੰ ਕਸ਼ਮੀਰ ਦੀ ਹੱਦੋਂ ਨਿਕਲ ਕੇ ਇਹ ਸਿੱਧਾ ਦੱਖਣ-ਲਹਿੰਦੇ ਨੂੰ ਹੋ ਪੈਂਦਾ ਹੈ। ਇੱਥੇ ਇਸ ਦੇ ਚੜ੍ਹਦੇ ਵਲ ਹਿੰਦੁਸਤਾਨੀ ਪੰਜਾਬ ਦੇ ਜ਼ਿਲੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਹਨ ਅਤੇ ਲਹਿੰਦੇ ਨੂੰ ਲਹਿੰਦੇ ਪਾਕਿਸਤਾਨ ਦੇ ਜ਼ਿਲੇ ਸਿਆਲਕੋਟ ਤੇ ਸ਼ੇਖੂਪੁਰਾ । ਅੱਗੇ ਚਲ ਕੇ ਇਹ ਨਿਰੋਲ ਪਾਕਿਸਤਾਨ ਵਿਚ ਚਲਾ ਜਾਂਦਾ ਹੈ ਅਤੇ ਲਾਹੌਰ ਤੇ ਸ਼ੇਖੂਪੁਰਾ, ਮਿੰਟਗੁਮਰੀ ਤੇ ਲਾਇਲਪੁਰ ਅਤੇ ਮੁਲਤਾਨ ਤੇ ਝੰਗ ਦੀਆਂ ਹੱਦਾਂ ਬਣਾਉਂਦਾ ਹੋਇਆ ਮੁਲਤਾਨ, ਮੁਜ਼ਫਰਗੜ੍ਹ ਤੇ ਝੰਗ ਦੇ ਤਿਹੱਦੇ ਤੇ ਸਰਦਾਰਪੁਰੋਂ ਤਿੰਨ ਚਾਰ ਮੀਲ ਉੱਤਰ-ਚੜ੍ਹਦੇ ਨੂੰ ਉੱਤਰ ਵੱਲੋਂ ਝਨਾਂ ਨਾਲ ਰਲ ਕੇ ਆ ਰਹੇ ਜਿਹਲਮ ਦਰਿਆ ਵਿਚ ਜਾ ਪੈਂਦਾ ਹੈ । ਇਹ ਦਰਿਆ ਕੁਲ ੪੫੦ ਮੀਲ ਲੰਮਾ ਹੈ ਅਤੇ ਇਸ ਦੇ ਕੰਢਿਆਂ ਤੇ ਪਰਸਿੱਧ ਅਸਥਾਨ ਇਹ ਹਨ : ਬੜਾ ਬੰਗਾਹਲ, ਘਿਤਰਾੜੀ, ਚੰਬਾ, ਮਾਧੋਪੁਰ, ਡੇਰਾ ਬਾਬਾ ਨਾਨਕ, ਲਾਹੌਰ, ਸ਼ਾਹਦਰਾ ਤੇ ਸਰਾਇ-ਸਿੱਧੂ।

**ਬਿਆਸ** – ਵੇਦ ਵਿਚ ਇਸ ਦਾ ਨਾਉਂ ਅਰਜਿਕੇਯ ਅਤੇ ਪਿਛਲੇਰੇ ਸੰਸਕ੍ਰਿਤ ਸਾਹਿੱਤ ਵਿਚ ਵਿਪਾਸ਼ਾ ਆਇਆ ਹੈ। ਯੂਨਾਨੀਆਂ ਨੇ ਇਸ ਨੂੰ ਹਾਇਫ਼ਾਸਿਸ ਜਾਂ ਹਾਇਪਾਸੀਸ ਕਰਕੇ ਲਿਖਿਆ ਹੈ । ਸੰਸਕ੍ਰਿਤ ਵਿਚ ਵਿਪਾਸ਼ਾ ਦੇ ਅਰਥ ਹਨ ਬੰਦ-ਖਲਾਸ (ਵਿ=ਖੋਹਲਣਾ, ਪਾਸ਼=ਬੰਦ, ਰੱਸੀ, ਜ਼ੰਜੀਰ)। ਮਹਾਂਭਾਰਤ ਵਿਚ ਵਿਪਾਸ਼ਾ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੋਈ ਹੈ ਕਿ ਜਦ ਵਿਸ਼ਵਾ-ਮਿੱਤ੍ਰ ਦੇ ਹੱਥੋਂ ਵਸ਼ਿਸ਼ਟ ਰਿਖੀ ਦੇ ਪੁੱਤਰ ਮਾਰੇ ਗਏ ਤਾਂ

ਗ਼ਮ ਅਤੇ ਨਿਰਾਸਤਾ ਨਾਲ ਉਸ ਦਾ ਦਿਲ ਟੁੱਟ ਗਿਆ ਅਤੇ ਦੁੱਖਾਂ-ਭਰੇ ਜੀਵਨ ਨੂੰ ਵਿਅਰਥ ਜਾਣ ਕੇ ਉਸ ਨੇ ਆਤਮ-ਹੱਤਿਆ ਕਰਨ ਦੀ ਠਾਣ ਲਈ। ਉਸ ਨੇ ਆਪਣੇ ਹਥ ਪੈਰ ਰੱਸੀਆਂ ਨਾਲ ਬੰਨ੍ਹ ਲਏ ਅਤੇ ਆਪਣੇ ਆਪ ਨੂੰ ਨਦੀ ਵਿਚ ਸੁੱਟ ਦਿੱਤਾ, ਪਰ ਨਦੀ ਬ੍ਰਹਮ-ਹੱਤਿਆ ਤੋਂ ਡਰ ਗਈ ਅਤੇ ਉਸ ਦੀਆਂ ਤੇਜ਼ ਛੱਲਾਂ ਨੇ ਰਿਖੀ ਦੇ ਬੰਦ ਢਿੱਲੇ ਕਰ ਦਿੱਤੇ ਤੇ ਉਸ ਨੂੰ ਉਛਾਲ ਕੇ ਕੰਢੇ ਤੇ ਸੁੱਟ ਦਿੱਤਾ। ਇਸ ਤਰ੍ਹਾਂ ਵਸ਼ਿਸ਼ਟ ਰਿਖੀ ਦੀ ਜਾਨ ਬਚ ਗਈ ਅਤੇ ਇਸ ਨਦੀ ਦਾ ਨਾਉਂ ਵਿਪਾਸ਼ਾ ਪੈ ਗਿਆ।

ਪਾਨਿਨੀ ਰਿਖੀ ਦੀ ਅਸ਼ਟਾਧਿਆਈ ਅਤੇ ਮਾਰਕੰਡੇ, ਭਾਗਵਤ, ਤੇ ਪਦਮ ਪੁਰਾਣਾਂ ਵਿਚ ਭੀ ਇਸ ਦਰਿਆ ਦਾ ਨਾਉਂ ਕਈ ਵਾਰੀ ਆਇਆ ਹੈ।

ਇਸ ਦਾ ਸੋਮਾ ਕੁੱਲੂ ਦੇ ਪਹਾੜ ਵਿਚ ਦੱਰਾ ਰੋਹਤਾਂਗ ਦੇ ਦੱਖਣੀ ਮੂੰਹ ਪਾਸ ੧੩,੩੨੬ ਫੁਟ ਦੀ ਉਚਾਈ ਉੱਤੇ ਹੈ। ਉੱਥੋਂ ਪਹਿਲਾਂ ਸਿੱਧਾ ਦੱਖਣ ਨੂੰ ਵਗਦਾ ਹੈ ਤੇ ਬਜੌੜੇ ਕੋਲ ਮੰਡੀ ਦੀ ਸਰਹੱਦ ਨੂੰ ਆ ਲਗਦਾ ਹੈ। ਦਸ ਕੁ ਮੀਲ ਹੱਦ ਦੇ ਨਾਲ ਨਾਲ ਦੱਖਣ ਨੂੰ ਤੁਰਿਆ ਜਾਂਦਾ ਹੈ ਤੇ ਫੇਰ ਲਹਿੰਦੇ ਨੂੰ ਮੰਡੀ ਦੇ ਇਲਾਕੇ ਵਿਚ ਦਾਖ਼ਲ ਹੋ ਜਾਂਦਾ ਹੈ ਤੇ ਉੱਤਰ-ਲਹਿੰਦੇ ਨੂੰ ਵਗਦਾ ਹੋਇਆ ਮੰਡੀ ਸ਼ਹਿਰ ਜਾ ਪੁਜਦਾ ਹੈ। ਇਥੋਂ ਹੋਰ ਅੱਗੇ ਇਸੇ ਇਲਾਕੇ ਵਿਚ ਦੀ ੧੯੨੦ ਫੁਟ ਦੀ ਉਚਾਈ ਤੇ ਸੰਘੋਲ ਤੋਂ ਕਾਂਗੜੇ ਦੇ ਜ਼ਿਲੇ ਵਿਚ ਦਾਖਲ ਹੁੰਦਾ ਹੈ ਅਤੇ ਦੱਖਣ-ਲਹਿੰਦੇ ਨੂੰ ਹੋ ਕੇ ਸੁਜਾਨਪੁਰ ਪਾਸ ਦੀ ਲੰਘਦਾ ਹੋਇਆ ਨਦੌਣ ਪੁਜਦਾ ਹੈ। ਇੱਥੋਂ ਉੱਤਰ-ਲਹਿੰਦੇ ਨੂੰ ਚੜ੍ਹ ਕੇ ਡੇਰਾ ਗੋਪੀਪੁਰ ਦੇ ਕੋਲ ਦੀ ਲੰਘਦਾ ਹੈ ਅਤੇ ਤਲਵਾੜੇ ਜਾ ਕੇ ਕਾਂਗੜੇ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਦੀ ਹੱਦ ਬਣਾਉਂਦਾ ਹੋਇਆ ਉੱਤਰ-ਲਹਿੰਦੇ ਨੂੰ ਤੁਰਿਆ ਜਾਂਦਾ ਹੈ ਤੇ ਦੀਨਾਨਗਰੋਂ ੮ ਮੀਲ ਦੱਖਣ-ਚੜ੍ਹਦੇ ਅਤੇ ਨਾਨੂ-ਨੰਗਲ ਤੋਂ ਚਾਰ ਕੁ ਮੀਲ ਚੜ੍ਹਦੇ ਦੱਖਣ ਨੂੰ ਜ਼ਿਲਾ ਗੁਰਦਾਸਪੁਰ ਦੀ ਹੱਦ ਨਾਲ ਆ ਲਗਦਾ ਹੈ। ਇਥੇ ਕਾਂਗੜੇ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਦਾ ਤ੍ਰਿਹੱਦਾ ਹੈ। ਇਥੋਂ ਇਸ ਦਾ ਵਹਿਣ ਲਹਿੰਦੇ ਨੂੰ ਹੋ ਕੇ ਦੱਖਣ ਨੂੰ ਢਲ ਜਾਂਦਾ ਹੈ ਅਤੇ ਸ੍ਰੀ ਹਰਿਗੋਬਿੰਦਪੁਰ (ਗੁਰਦਾਸਪੁਰ) ਤਕ ਇਸੇ ਤਰ੍ਹਾਂ ਤੁਰਿਆ ਜਾਂਦਾ ਹੈ। ਦੋ ਕੁ ਮੀਲ ਦੱਖਣ-ਲਹਿੰਦੇ ਨੂੰ ਚੜ੍ਹਦੇ ਪਾਸੇ ਜ਼ਿਲਾ ਕਪੂਰਥਲਾ ਦੀ ਲਹਿੰਦੀ ਹੱਦ ਆ ਜਾਂਦੀ ਹੈ ਅਤੇ ਅੱਠ ਕੁ ਮੀਲ ਅੱਗੇ ਲਹਿੰਦੇ ਪਾਸੇ ਜ਼ਿਲਾ ਅੰਮ੍ਰਿਤਸਰ ਦੀ ਚੜ੍ਹਦੀ ਹੱਦ ਹੈ, ਜੋ ਸਿਧੀ ਦੱਖਣ ਲਹਿੰਦੇ ਹਰੀ-ਕੇ-ਪੱਤਣ ਤਕ ਤੁਰੀ ਜਾਂਦੀ ਹੈ ਜਿੱਥੇ ਅੰਮ੍ਰਿਤਸਰ, ਕਪੂਰਥਲਾ ਅਤੇ ਫੀਰੋਜ਼ਪੁਰ ਦੇ ਜ਼ਿਲਿਆਂ ਦੇ ਤ੍ਰਿਹੱਦੇ ਉੱਤੇ ਬਿਆਸਾ ਦੱਖਣ ਚੜ੍ਹਦੇ ਵਲੋਂ ਆ ਰਹੇ ਦਰਿਆ ਸਤਲੁਜ ਵਿਚ ਜਾ ਡਿਗਦਾ ਹੈ।

ਬਿਆਸਾ ਅਤੇ ਸਤਲੁਜ ਦਾ ਹਰੀ-ਕੇ-ਪੱਤਣ ਦਾ ਸੰਗਮ ਸੰਨ ੧੭੯੦ ਤੋਂ ਹੈ ਜਦ ਕਿ ਸਤਲੁਜ ਆਪਣਾ ਪੁਰਾਣਾ ਧਰਮਕੋਟ ਦੇ ਲਾਗਦਾ ਵਹਿਣ ਛਡ ਕੇ ਬਿਆਸਾ ਨੂੰ ਹਰੀ-ਕੇ-ਪੱਤਣ ਤੇ ਆ ਮਿਲਿਆ ਸੀ। ਇਸ ਤੋਂ ਕਈ ਸਦੀਆਂ ਪਹਿਲਾਂ ਇਨ੍ਹਾਂ ਦੋਹਾਂ ਦਾ ਮੇਲ ਫ਼ੀਰੋਜ਼ਪੁਰ ਅਤੇ ਕਸੂਰ ਦੇ ਵਿਚਕਾਰ ਭਾਉ-ਦੇ-ਪੱਤਣ ਤੇ ਹੁੰਦਾ ਸੀ। ਇਸ ਦਾ ਜ਼ਿਕਰ ਜੌਹਰ ਨੇ ਹੁਮਾਯੂੰ ਪਾਤਸ਼ਾਹ ਦੇ ਇਤਿਹਾਸ 'ਤਜ਼ਕਿਰਾਤੁ-ਲ-ਵਾਕਿਆਤ' ਵਿਚ ਸੰਨ ੧੫੫੫ ਅਤੇ ਅਬੁਲ-ਫ਼ਜ਼ਲ ਨੇ ਆਈਨਿ-ਅਕਬਰੀ ਵਿਚ ਸੰਨ ੧੫੯੬ ਵਿਚ ਕੀਤਾ ਹੋਇਆ ਹੈ। ਪਰ ਉਸ ਵੇਲੇ ਬਿਆਸਾ ਆਪਣੀ ਆਜ਼ਾਦ ਹਸਤੀ ਗੁਆ ਕੇ ਸਤਲੁਜ ਦਾ ਸਹਾਇਕ ਬਣ ਚੁੱਕਾ ਹੋਇਆ ਸੀ। ਆਪਣੇ ਸੁਤੰਤਰ ਸਮੇਂ ਵਿਚ ਇਹ ਮਲਤਾਨ ਦੇ ਇਲਾਕੇ ਤਕ ਵਗਦਾ ਜਾਂਦਾ ਸੀ ਅਤੇ ਸ਼ਹਿਰ ਮੁਲਤਾਨ ਤੋਂ ੨੮ ਮੀਲ ਦੱਖਣ ਨੂੰ ਜਿਹਲਮ, ਝਨਾਂ ਅਤੇ ਰਾਵੀ ਦੇ ਸਾਂਝੇ ਪਾਣੀ (ਤ੍ਰਿਨਾਬ) ਨਾਲ ਜਾ ਕੇ ਮਿਲਦਾ ਸੀ। ਬਿਆਸ ਦਾ ਪੁਰਾਣਾ ਵਹਿਣ ਹੁਣ ਭੀ ਹਰੀ-ਕੇ-ਪੱਤਣ ਤੋਂ ਪਾਕਿਸਤਾਨ ਦੇ ਲਾਹੌਰ, ਮਿੰਟਗੁਮਰੀ ਅਤੇ ਮੁਲਤਾਨ ਦੇ ਜ਼ਿਲਿਆਂ ਵਿਚ ਦੀ ਲੰਘਦਾ ਸ਼ੁਜਾਬਾਦ ਤਕ ਸੁੱਕੀ ਨਦੀ ਦੀ ਸ਼ਕਲ ਵਿਚ ਦੇਖਿਆ ਜਾ ਸਕਦਾ ਹੈ।

ਇਸ ਵੇਲੇ ਇਸ ਦਰਿਆ ਦੀ ਕੁਲ ਲੰਬਾਈ ੨੯੦ ਮੀਲ ਹੈ।

**ਚਿੱਟੀ ਤੇ ਕਾਲੀ ਬੇਂਈਂ** – ਨਿੱਕੇ ਵੱਡੇ ਨਾਲੇ ਜਾਂ ਚੋ ਤਾਂ ਅਨੇਕਾਂ ਹੀ ਚੜ੍ਹਦੀ ਵਲੋਂ ਬਿਆਸ ਵਲ ਨੂੰ

ਆਉਂਦੇ ਹਨ, ਪਰ ਇਹ ਸਾਰੇ ਹੀ ਦੋ ਖ਼ਾਸ ਨਦੀਆਂ ਵਿੱਚੋਂ ਇਕ ਜਾਂ ਦੂਸਰੀ ਵਿਚ ਜਾ ਡਿਗਦੇ ਹਨ। ਇਹ ਨਦੀਆਂ ਹਨ; ਚੜ੍ਹਦੀ ਜਾਂ ਚਿੱਟੀ ਬੇਂਈਂ, ਅਤੇ ਲਹਿੰਦੀ ਜਾਂ ਕਾਲੀ ਬੇਂਈਂ।

ਚਿੱਟੀ ਬੇਂਈਂ ਸ਼ਹਿਰ ਹੁਸ਼ਿਆਰਪੁਰ ਦੇ ਚੜ੍ਹਦੇ-ਦੱਖਣੋਂ ਕੰਢੀ ਦੇ ਇਲਾਕੇ ਵਿੱਚੋਂ ਇਕ ਚੋ ਦੀ ਸ਼ਕਲ ਵਿਚ ਨਿਕਲਦੀ ਹੈ ਅਤੇ ਲਹਿੰਦੇ-ਦੱਖਣ ਨੂੰ ਵਗਦੀ ਹੋਈ ਜਲੰਧਰ ਛਾਉਣੀ ਦੇ ਦੱਖਣ ਦੀ ਸੱਪ ਵਾਂਙੂ ਵਲ ਖਾਂਦੀ ਬਿਆਸ ਅਤੇ ਸਤਲੁਜ ਦੇ ਸੰਗਮ ਤੋਂ ਛੇ ਕੁ ਮੀਲ ਚੜ੍ਹਦੀ ਵਲ ਸਤਲੁਜ ਵਿਚ ਜਾ ਡਿਗਦੀ ਹੈ। ਬਰਸਾਤ ਦੇ ਦਿਨੀਂ ਇਸ ਵਿਚ ਚੋਖਾ ਪਾਣੀ ਆ ਜਾਂਦਾ ਹੈ; ਖਾਡਰੇ ਦੇ ਦਿਨੀਂ ਆਮ ਕਰਕੇ ਇਹ ਪੈਰੀਂ ਪਾਰ ਕੀਤੀ ਜਾ ਸਕਦੀ ਹੈ।

ਕਾਲੀ ਬੇਂਈਂ ਜ਼ਿਲਾ ਹੁਸ਼ਿਆਰਪੁਰ ਵਿਚ ਦਸੂਹੇ ਦੇ ਉੱਤਰ-ਲਹਿੰਦੇ ਸੀਰਾਂ ਵਾਲੇ ਚੋਦੀ ਇਲਾਕੇ ਵਿਚੋਂ ਇਕ ਚੋ ਵਾਂਙੂ ਨਿਕਲਦੀ ਹੈ ਅਤੇ ਬਿਆਸਾ ਦੇ ਬਰੋ-ਬਰੋਬਰ ਪਹਿਲਾਂ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਦੱਖਣ ਨੂੰ ਅਤੇ ਫੇਰ ਜਲੰਧਰ ਦੇ ਜ਼ਿਲੇ ਵਿਚ ਦੱਖਣ-ਲਹਿੰਦੇ ਨੂੰ ਵਗਦੀ ਹੋਈ ਭੁਲੱਥ ਅਤੇ ਹਮੀਰੇ ਦੇ ਲਹਿੰਦੇ ਲਹਿੰਦੇ ਸੁਲਤਾਨਪੁਰ ਲੋਧੀ ਜਾ ਪੁਜਦੀ ਹੈ। ਇਥੇ ਜਾ ਕੇ ਇਸ ਵਿਚ ਚੋਖਾ ਪਾਣੀ ਹੋ ਜਾਂਦਾ ਹੈ ਅਤੇ ਇਹ ਸਤਲੁਜ ਅਤੇ ਬਿਆਸਾ ਦੇ ਸੰਗਮ ਪਾਸ ਉੱਤਰ-ਚੜ੍ਹਦੇ ਵਲੋਂ ਆ ਕੇ ਰਲ ਜਾਂਦੀ ਹੈ।

**ਸਤਲੁਜ** – ਪ੍ਰਾਚੀਨ ਵੇਦਕ ਸਮੇਂ ਵਿਚ ਸਤਲੁਜ ਦਰਿਆ ਦਾ ਨਾਉਂ ਸ਼ਤੁੱਦਰੂ ਜਾਂ ਸ਼ਤੁਦਰੀ ਹੁੰਦਾ ਸੀ ਅਤੇ ਇਸੇ ਨਾਉਂ ਨਾਲ ਇਸ ਦਾ ਜ਼ਿਕਰ ਰਿਗਵੇਦ ਵਿਚ ਆਇਆ ਹੈ। ਯਾਸਕ ਦੇ 'ਨਿਰੁਕਤ' ਗ੍ਰੰਥ, ਮਾਰਕੰਡੇ ਅਤੇ ਭਾਗਵਤ ਪੁਰਾਣਾਂ ਵਿਚ ਭੀ ਇਸ ਦਾ ਜ਼ਿਕਰ ਆਉਂਦਾ ਹੈ। ਯੂਨਾਨੀ ਲਿਖਾਰੀਆਂ ਨੇ ਇਸ ਨੂੰ ਜ਼ਾਰਾਦਰੋਸ ਜਾਂ ਹੈਸੀਦਰੁਸ ਕਰਕੇ ਲਿਖਿਆ ਹੈ।

ਸਤਲੁਜ ਤਿੱਬਤ ਦੀ ਸਭ ਤੋਂ ਲਹਿੰਦੀ ਮਾਨਸਰੋਵਰ ਝੀਲ (੧੫,੨੦੦ ਫੁਟ ਉੱਚੀ) ਤੋਂ ਨਿਕਲਦਾ ਹੈ ਅਤੇ ਕੈਲਾਸ਼ ਪਰਬਤ ਦੀਆਂ ਦੱਖਣੀ ਢਾਲਾਂ ਦੇ ਨਾਲ ਨਾਲ ਚੀਨੀ ਤਿਬਤ ਦੀ ਸ਼ਿਪਕੀ ਦੀ ਸਰਹੱਦੀ ਚੌਂਕੀ ਵਲ ਉੱਤਰ-ਲਹਿੰਦੇ ਨੂੰ ਵਗਦਾ ਹੈ ਤੇ ਰਾਮਪੁਰ (ਬਸ਼ਹਿਰ) ਤੋਂ ਕੋਟਗੜ੍ਹ ਭੱਜੀ ਤੇ ਬਘਲ ਦੇ ਇਲਾਕਿਆਂ ਦੇ ਉੱਤਰੋ ਉੱਤਰ ਕਹਿਲੂਰ ਦੇ ਇਲਾਕੇ ਵਿਚ ਆ ਦਾਖ਼ਲ ਹੁੰਦਾ ਹੈ। ਬਿਲਾਸਪੁਰੋਂ ਦੱਖਣ-ਲਹਿੰਦੇ ਦੋ ਵਲ ਖਾ ਕੇ ਉੱਤਰ-ਲਹਿਦੇ ਨੂੰ ਚੜ੍ਹ ਕੇ ਭਾਖੜੇ ਤੋਂ ਲਹਿੰਦੇ ਉੱਤਰ-ਲਹਿੰਦਿਉਂ ਜ਼ਿਲਾ ਹੁਸ਼ਿਆਰਪੁਰ (ਤਹਿਸੀਲ ਊਨਾ) ਦੀ ਜਸਵਾਨ ਦੂਨ ਵਿਚ ਸੰਤੋਖ-ਗੜ੍ਹੋਂ ਤਿੰਨ ਕੁ ਮੀਲ ਉੱਤਰੋਂ ਦੱਖਣ ਨੂੰ ਹੋ ਪੈਂਦਾ ਹੈ। ਆਨੰਦਪੁਰ ਤੋਂ ਸਤ ਅੱਠ ਮੀਲ ਲਹਿੰਦੇ-ਉੱਤਰ ਨੂੰ ਉੱਤਰ ਵਲੋਂ ਆਉਂਦੀ ਸੁਆਂ ਨਦੀ ਸਤਲੁਜ ਵਿਚ ਆ ਰਲਦੀ ਹੈ। ਜ਼ਿਲਾ ਅੰਬਾਲੇ ਦੀ ਹੱਦ ਨੂੰ ਛੂੰਹਦੇ ਸਾਰ ਇਸ ਦਾ ਰੁਖ਼ ਦੱਖਣ-ਲਹਿੰਦੇ ਨੂੰ ਹੋ ਜਾਂਦਾ ਹੈ। ਰੋਪੜ ਦੇ ਉੱਤਰੋਂ ਇਹ ਸ਼ਵਾਲਕ ਦੀਆਂ ਪਹਾੜੀਆਂ ਤੋਂ ਬਾਹਰ ਨਿਕਲ ਆਉਂਦਾ ਹੈ ਅਤੇ ਮਾਛੀਵਾੜੇ, ਲੁਧਿਆਣੇ ਅਤੇ ਅਲੀਵਾਲ ਦੇ ਉੱਤਰੋ ਉੱਤਰ ਧਰਮਕੋਟ ਤੱਕ ਸਿੱਧਾ ਲਹਿੰਦੇ ਨੂੰ ਹੋ ਤੁਰਦਾ ਹੈ। ਧਰਮਕੋਟੋਂ ਆਪਣਾ ਪੁਰਾਣਾ ਵਹਿਣ ਛਡ ਕੇ ਉੱਤਰ ਲਹਿੰਦੇ ਨੂੰ ਹਰੀ-ਕੇ-ਪੱਤਣ ਤੇ ਬਿਆਸਾ ਨੂੰ ਜਾ ਮਿਲਦਾ ਹੈ। ਇਥੋਂ ਅੱਗੇ ਚਲ ਕੇ ਪਾਕਿਸਤਾਨ ਦੇ ਜ਼ਿਲਾ ਲਾਹੌਰ ਅਤੇ ਮਿੰਟਗੁਮਰੀ ਦੀਆਂ ਹੱਦਾਂ ਆ ਜਾਂਦੀਆਂ ਹਨ। ਇਹ ਜ਼ਿਲੇ ਇਸ ਦੇ ਸੱਜੇ ਕੰਢੇ ਉੱਤੇ ਹਨ। ਬਹਾਵਲਪੁਰ (ਪਾਕਿਸਤਾਨ) ਦੀ ਉੱਤਰੀ ਸਰਹੱਦੋਂ ਸਤਲੁਜ (ਘਾਰਾ) ਨਿਰੋਲ ਪਾਕਿਸਤਾਨੀ ਬਣ ਜਾਂਦਾ ਹੈ ਅਤੇ ਪੰਜਨਦ ਦੇ ਅਸਥਾਨ ਤੇ ਝਨਾਂ ਅਤੇ ਰਾਵੀ ਨੂੰ ਨਾਲ ਰਲਾ ਕੇ ਆ ਰਹੇ ਜਿਹਲਮ (ਤ੍ਰਿਨਾਬ) ਨਾਲ ਜਾ ਰਲਦਾ ਹੈ। ਇਥੋਂ ਇਹ ਪੰਜੇ ਦਰਿਆ (ਸਤਲੁਜ, ਬਿਆਸ, ਰਾਵੀ, ਝਨਾਂ ਅਤੇ ਜੇਹਲਮ) ਪੰਜਨਦ ਬਣ ਕੇ ਮਿਠਨਕੋਟ ਪਾਸ ਸਿੰਧ ਦਰਿਆ ਨੂੰ ਜਾ ਮਿਲਦੇ ਹਨ।

ਦੋ ਖ਼ਾਸ ਪਰਸਿੱਧ ਨਦੀਆਂ, ਜੋ ਸਤਲੁਜ ਵਿਚ ਆ ਕੇ ਡਿਗਦੀਆਂ ਹਨ, ਉਹ ਹਨ ਸੁਆਂ ਅਤੇ ਸਰਸਾ।

ਸੁਆਂ ਜ਼ਿਲਾ ਹੁਸ਼ਿਆਰਪੁਰ ਦੀ ਊਨਾ ਤਹਿਸੀਲ ਦੀ ਉੱਤਰ-ਚੜ੍ਹਦੀ ਗੁੱਠ ਦੀਆਂ ਪਹਾੜੀਆਂ ਵਿੱਚੋਂ ਭਰਵਾਈਂ ਤੋਂ ਚਾਰ ਪੰਜ ਮੀਲ ਉੱਤਰ-ਲਹਿੰਦਿਉਂ ਨਿਕਲਦੀ ਹੈ। ਆਪਣੇ ਸੋਮੇ ਤੋਂ ਇਹ ਸੱਤ ਕੁ ਮੀਲ ਲਹਿੰਦੇ-ਦੱਖਣ ਨੂੰ ਵਗ ਕੇ

ਸਿੱਧੀ ਦੱਖਣ-ਚੜ੍ਹਦੇ ਨੂੰ ਹੋ ਪੈਂਦੀ ਹੈ। ਅੰਬ ਇਸ ਤੋਂ ਤਿੰਨ ਕੁ ਮੀਲ ਚੜ੍ਹਦੇ ਨੂੰ ਰਹਿ ਜਾਂਦਾ ਹੈ ਅਤੇ ਗਗਰੇਟ ਦੋ ਕੁ ਮੀਲ ਲਹਿੰਦੇ ਨੂੰ। ਅੰਬ ਗਗਰੇਟ ਤੋਂ ਪੰਜ ਕੁ ਮੀਲ ਲਹਿੰਦੇ-ਦੱਖਣ ਨੂੰ ਹੈ। ਊਨਾ ਡੇਢ ਕੁ ਮੀਲ ਚੜ੍ਹਦੇ ਨੂੰ ਇਸ ਦੇ ਖੱਬੇ ਕੰਢੇ ਉੱਤੇ ਹੈ। ਇਸ ਤੋਂ ਪੰਦਰਾਂ ਸੋਲਾਂ ਮੀਲ ਦੱਖਣ-ਚੜ੍ਹਦੇ ਅਤੇ ਆਨੰਦਪੁਰੋਂ ਸਤ ਅੱਠ ਮੀਲ ਲਹਿੰਦੇ-ਉੱਤਰ ਨੂੰ ਇਹ ਨਦੀ ਸਤਲੁਜ ਨਾਲ ਜਾ ਮਿਲਦੀ ਹੈ।

ਸਰਸਾ ਨਦੀ ਅਠਾਰ੍ਹਵੀਂ ਸਦੀ ਦੇ ਆਰੰਭ ਤੋਂ ਪੰਜਾਬ ਦੇ ਇਤਿਹਾਸ ਵਿਚ ਕਾਫ਼ੀ ਉੱਘੀ ਹੋ ਗਈ ਹੋਈ ਹੈ। ਸੰਨ ੧੭੦੪ ਈਸਵੀ ਦੇ ਦਸੰਬਰ ਵਿਚ ਆਨੰਦਪੁਰ ਛੱਡਣ ਤੋਂ ਬਾਦ ਇਸ ਦੇ ਸੱਜੇ ਕੰਢੇ ਵੈਰੀਆਂ ਨੇ ਗੁਰੂ ਗੋਬਿੰਦ ਸਿੰਘ ਉੱਤੇ ਹੱਲਾ ਕਰ ਕੇ ਉਨ੍ਹਾਂ ਦਾ ਚੋਖਾ ਨੁਕਸਾਨ ਕੀਤਾ ਸੀ। ਇਸੇ ਵੇਲੇ ਹੀ ਗੁਰੂ ਸਾਹਿਬ ਦਾ ਬਹੁ-ਮੁੱਲਾ ਸਾਹਿੱਤਕ ਭੰਡਾਰ ਸਰਸੇ ਵਿਚ ਰੁੜ੍ਹ ਗਿਆ ਸੀ ਜਿਸ ਨਾਲ ਕੇਵਲ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਅਤੇ ਸੰਸਾਰ ਨੂੰ ਸਦਾ ਲਈ ਇਕ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ। ਇਸ ਨਦੀ ਦੀਆਂ ਦੋ ਸ਼ਾਖਾਂ ਨਾਲਾਗੜ੍ਹ (ਹਿੰਡੂਰ) ਦੀਆਂ ਚੜ੍ਹਦੀਆਂ ਪਹਾੜੀਆਂ ਵਿੱਚੋਂ ਨਿਕਲ ਕੇ ਇਕ ਨਾਲਾਗੜ੍ਹ ਦੇ ਉੱਤਰ ਵਲ ਦੀ ਅਤੇ ਦੂਸਰੀ ਦੱਖਣ ਵਲ ਦੀ ਹੋ ਕੇ ਇਸ ਤੋਂ ਚਾਰ ਕੁ ਮੀਲ ਲਹਿੰਦੇ ਨੂੰ ਇਕੱਠੀਆਂ ਹੋ ਕੇ ਲਹਿੰਦੇ-ਉੱਤਰ ਨੂੰ ਸਤਲੁਜ ਵਲ ਨੂੰ ਤੁਰ ਪੈਂਦੀਆਂ ਹਨ। ਪਰ ਸਰਸਾ ਦੀ ਸਭ ਤੋਂ ਲੰਮੀ ਸ਼ਾਖ ਦਾ ਸੋਮਾ ਕਾਲਕਾ ਦੇ ਪਾਸ ਹੈ ਜਿੱਥੋਂ ਚਾਰ ਕੁ ਮੀਲ ਲਹਿੰਦੇ ਨੂੰ ਵਗ ਕੇ ਇਹ ਉੱਤਰ-ਲਹਿੰਦੇ ਨੂੰ ਚੜ੍ਹ ਪੈਂਦੀ ਹੈ ਅਤੇ ਛੋਟੇ ਮੋਟੇ ਚੋਆਂ ਨੂੰ ਨਾਲ ਰਲਾਉਂਦੀ ਹੋਈ ਨਾਲਾਗੜ੍ਹ ਤੋਂ ਚਾਰ ਕੁ ਮੀਲ ਦੱਖਣ ਨੂੰ ਉੱਪਰ ਦੱਸੀ ਦੱਖਣੀ ਸ਼ਾਖ ਨੂੰ ਆ ਨਾਲ ਲੈਂਦੀ ਹੈ। ਇਸ ਤਰ੍ਹਾਂ ਇਹ ਤਿੰਨੇ ਸ਼ਾਖਾਂ ਇਕੱਠੀਆਂ ਪੂਰੀ ਸਰਸਾ ਨਦੀ ਦੇ ਰੂਪ ਵਿਚ ਰੋਪੜ ਤੋਂ ਸੱਤ ਮੀਲ ਉੱਤਰ-ਚੜ੍ਹਦੇ ਨੂੰ ਸਤਲੁਜ ਵਿਚ ਮਿਲ ਜਾਂਦੀਆਂ ਹਨ।

ਸਤਲੁਜ ਨੇ ਪੁਰਾਣਿਆਂ ਸਮਿਆਂ ਵਿਚ ਕਈ ਵਾਰੀ ਆਪਣਾ ਰੁਖ਼ ਬਦਲਿਆ ਹੈ। ਯੂਨਾਨੀ ਇਤਿਹਾਸਕਾਰ ਆਰੀਅਨ ਦੇ ਸਮੇਂ ਸਤਲੁਜ ਇਕ ਆਜ਼ਾਦ ਦਰਿਆ ਦੀ ਹੈਸੀਅਤ ਵਿਚ ਰਣ ਕੱਛ ਵਿਚ ਜਾ ਕੇ ਡਿਗਦਾ ਸੀ। ਸੰਨ ੧੦੦੦ ਈਸਵੀ ਵਿਚ ਇਹ ਹਕੜਾ ਦਾ ਸਹਾਇਕ ਹੁੰਦਾ ਸੀ ਅਤੇ ਸਿੰਧ ਦੇ ਇਲਾਕੇ ਵਿਚ ਚੜ੍ਹਦੀ ਨਾਰਾ ਨਦੀ ਵਿਚ ਡਿੱਗਦਾ ਸੀ। ਓਦੋਂ ਇਹ ਬੀਕਾਨੇਰ, ਦੱਖਣੀ ਬਹਾਵਲਪੁਰ ਅਤੇ ਸਿੰਧ ਦੇ ਇਲਾਕੇ ਨੂੰ ਹਰਾ-ਭਰਾ ਤੇ ਉਪਜਾਊ ਬਣਾਉਂਦਾ ਸੀ। ਨਾਰਾ ਨਦੀ ਤੋਂ ਸਤਲੁਜ ਦਾ ਪੁਰਾਣਾ ਵਹਿਣ ਬਹਾਵਲਪੁਰ ਅਤੇ ਬੀਕਾਨੇਰ ਵਿਚ ਦੀ ਪਿੱਛੇ ਨੂੰ ਜ਼ਿਲਾ ਹਿਸਾਰ ਦੀ ਸਰਸਾ ਤਹਿਸੀਲ ਤਕ ਟੋਲਿਆ ਜਾ ਸਕਦਾ ਹੈ, ਪਰ ਟੋਹਾਣੇ ਕੋਲ ਇਹ ਗੁੰਮ ਹੋ ਜਾਂਦਾ ਹੈ। ਟੋਹਾਣੇ ਤੋਂ ਅੱਗੇ ਰੋਪੜ ਤਕ ਇਸ ਦਾ ਪਤਾ ਨਹੀਂ ਚਲਦਾ। ਸਾਨੂੰ ਇਹ ਪਤਾ ਹੈ ਕਿ ਪੁਰਾਣੇ ਸਮੇਂ ਬਿਆਸਾ ਨਾਲ ਮਿਲਣ ਲਈ ਲਹਿੰਦੇ ਨੂੰ ਜਾਣ ਦੀ ਥਾਂ ਰੋਪੜ ਤੋਂ ਸਤਲੁਜ ਦੱਖਣ ਨੂੰ ਵਗਦਾ ਹੁੰਦਾ ਸੀ। ਸੰਨ ੧੨੪੫ ਵਿਚ ਸਤਲੁਜ ਬਹੁਤ ਸਾਰਾ ਉੱਤਰ ਵਲ ਨੂੰ ਰੁਖ਼ ਕਰ ਚੁੱਕਾ ਸੀ, ਹਕੜਾ ਭੀ ਸੁਕ ਚੁੱਕਾ ਸੀ, ਇਸ ਲਈ ਲੋਕ ਸਿੰਧ ਅਤੇ ਬੀਕਾਨੇਰ ਵਿਚੋਂ ਉੱਜੜ ਕੇ ਉੱਤਰ ਵਲ ਚੜ੍ਹ ਗਏ। ਮਲੂਮ ਹੁੰਦਾ ਹੈ ਸਤਲੁਜ ਇਸ ਵੇਲੇ ਘੱਗਰ ਦੇ ਵਹਿਣ ਵਿਚ ਦੀ ਵਗਦਾ ਸੀ। ਸੰਨ ੧੫੯੩ ਦੇ ਆਲੇ ਦੁਆਲੇ ਇਹ ਘੱਗਰ ਨੂੰ ਛਡ ਕੇ ਇਕ ਵਾਰੀ ਹੋਰ ਉੱਤਰ ਨੂੰ ਚੜ੍ਹ ਗਿਆ ਅਤੇ ਬਿਆਸਾ ਦੱਖਣ ਨੂੰ ਹੋ ਕੇ ਇਸ ਨੂੰ ਆ ਮਿਲਿਆ ਅਤੇ ਇਹ ਦੋਵੇਂ ਇਕੋ ਵਹਿਣ ਵਿਚ ਵਗਣ ਲਗ ਪਏ ਜੋ ਮੱਛੂਵਾਹ, ਹਰਿਆਣੀ, ਡੰਡ, ਨੂਰਨੀ, ਨੀਲੀ ਤੇ ਘਾਰਾ ਨਾਂਵਾਂ ਨਾਲ ਪਰਸਿੱਧ ਸੀ। ਇਸ ਸਮੇਂ ਵਿਚ ਸਤਲੁਜ ਇਕ ਵਾਰੀ ਫੇਰ ਘੱਗਰ ਨੂੰ ਆ ਮਿਲਿਆ। ਸੰਨ ੧੭੯੬ ਈਸਵੀ 'ਚ ਸਤਲੁਜ ਫੇਰ ਘੱਗਰ ਨੂੰ ਛੱਡ ਗਿਆ ਅਤੇ ਉੱਤਰ ਨੂੰ ਚੜ੍ਹ ਕੇ ਹਰੀ-ਕੇ-ਪੱਤਣ ਪਾਸ (ਜਿੱਥੇ ਕਿ ਅੱਜ ਕਲ ਦੋਵੇਂ ਦਰਿਆ ਮਿਲਦੇ ਹਨ) ਬਿਆਸ ਨੂੰ ਜਾ ਮਿਲਿਆ। ਹੁਣ ਪਿਛਲੇ ੧੬੪ ਸਾਲ ਤੋਂ ਇਸ ਦੇ ਵਹਿਣ ਵਿਚ ਕੋਈ ਤਬਦੀਲੀ ਨਹੀਂ ਆਈ।

**ਜਮਨਾ** — ਰਿਗਵੇਦ ਆਦਿ ਵੇਦਿਕ ਗ੍ਰੰਥਾਂ ਅਤੇ ਪ੍ਰਾਚੀਨ ਸੰਸਕ੍ਰਿਤ ਸਾਹਿੱਤ ਵਿਚ ਜਮਨਾ ਦਰਿਆ ਦਾ ਨਾਉਂ ਕਲਿੰਦ-ਕੰਨਿਆ ਜਾਂ ਕਾਲਿੰਦੀ ਕਰਕੇ ਆਇਆ ਹੈ। ਇਹ ਨਾਉਂ ਇਸ ਦਾ ਇਸ ਕਰਕੇ ਪਿਆ ਹੈ ਕਿ

ਇਸ ਦਾ ਸੋਮਾਂ ਜਾਂ ਜਨਮ-ਅਸਥਾਨ ਕਲਿੰਦਗਿਰੀ (ਕਲਿੰਦ ਪਹਾੜੀ) ਵਿਚ ਹੈ। ਗੰਗਾ ਅਤੇ ਸਤਲੁਜ ਦੇ ਉੱਪਰਲੇ ਹਿੱਸਿਆਂ ਦੇ ਵਿਚਕਾਰਲੇ ਦੇਸ ਨੂੰ ਕੁਲਿੰਦ ਜਾਂ ਕਲਿੰਦ ਦੇਸ ਕਿਹਾ ਜਾਂਦਾ ਸੀ । ਕਨਿੰਘਮ ਬਿਆਸਾ ਅਤੇ ਤੌਂਸ ਦੇ ਵਿਚਕਾਰਲੇ ਇਲਾਕੇ ਨੂੰ, ਜਿਸ ਵਿਚ ਕੁੱਲੂ ਭੀ ਸ਼ਾਮਲ ਹੈ, ਕਲਿੰਦ ਦੇਸ ਕਹਿੰਦਾ ਹੈ। ਰਿਗਵੇਦ ਅਨੁਸਾਰ ਤ੍ਰਿਤਸੂ ਅਤੇ ਸੁਦ ਲੋਕਾਂ ਨੇ ਇਸ ਦੇ ਕੰਢੇ ਉੱਤੇ ਆਪਣੇ ਵੈਰੀਆਂ ਨੂੰ ਹਾਰ ਦੇ ਕੇ ਵਿਜੈ ਪਰਾਪਤ ਕੀਤੀ ਸੀ। ਤ੍ਰਿਤਸੂਆਂ ਦਾ ਇਲਾਕਾ ਚੜ੍ਹਦੀ ਵਲੋਂ ਜਮਨਾ ਅਤੇ ਲਹਿੰਦੀ ਵਲੋਂ ਸਰਸ੍ਵਤੀ ਦੇ ਵਿਚਕਾਰਲਾ ਸੀ। ਐਤਰੇਯ ਅਤੇ ਸ਼ਤਪਥ ਬ੍ਰਾਹਮਣ-ਗ੍ਰੰਥਾਂ ਅਨੁਸਾਰ ਭਰਤ ਲੋਕਾਂ ਦੀ ਪਰਸਿੱਧੀ ਜਮਨਾ ਦੇ ਕੰਢੇ ਹੋਈ ਜਿੱਤ ਦੇ ਕਾਰਣ ਸੀ। ਬਾਣ ਕਵੀ 'ਕਾਦੰਬਰੀ' ਵਿਚ ਇਸ ਨੂੰ ਕਾਲਿੰਦੀ ਇਸ ਕਰਕੇ ਕਹਿੰਦਾ ਹੈ ਕਿ ਇਸ ਦਾ ਪਾਣੀ ਕਾਲਾ ਕਾਲਾ ਜਾਪਦਾ ਸੀ।

ਜਮਨਾ ਟੀਹਰੀ ਗੜ੍ਹਵਾਲ ਦੇ ਇਲਾਕੇ ਵਿਚ ੨੦,੭੩੧ ਫੁਟ ਦੀ ਉਚਾਈ ਵਾਲੇ ਬਾਂਦਰ-ਪੂਛ ਪਹਾੜ ਦੇ ਅਠ ਮੀਲ ਲਹਿੰਦਿਉਂ ਢਲਵਾਨਾਂ ਤੋਂ ਗਰਮ ਪਾਣੀ ਦੇ ਚਸ਼ਮਿਆਂ ਵਿੱਚੋਂ ਨਿਕਲਦੀ ਹੈ ਅਤੇ ਜਮਨੋਤਰੀ ਨਾਉਂ ਦੇ ਤੀਰਥ ਅਸਥਾਨ ਦੇ ਕੋਲ ਦੀ ਵਗਦੀ ਹੈ । ਜਮਨੋਤਰੀ ਮੰਦਰ ਬਾਂਦਰ-ਪੂਛ ਪਹਾੜ ਦੇ ਪੈਰਾਂ ਵਿਚ ਹੈ ਅਤੇ ਅਸ਼ਨਾਨ-ਅਸਥਾਨ ਐਸੇ ਥਾਂ ਹੈ ਜਿੱਥੇ ਕਿ ਗਰਮ ਅਤੇ ਠੰਢਾ ਪਾਣੀ ਮਿਲ ਕੇ ਸਰੋਵਰ ਦਾ ਰੂਪ ਧਾਰ ਲੈਂਦੇ ਹਨ। ਇਨ੍ਹਾਂ ਚਸ਼ਮਿਆਂ ਦਾ ਪਾਣੀ ਇਤਨਾ ਗਰਮ ਹੈ ਕਿ ਇਸ ਵਿਚ ਚਾਉਲ ਉਬਾਲੇ ਜਾ ਸਕਦੇ ਹਨ। ਬਾਂਦਰ-ਪੂਛ ਪਹਾੜ ਦੀ ਕਥਾ ਇਸ ਤਰ੍ਹਾਂ ਪਰਸਿੱਧ ਹੈ ਕਿ ਜਦ ਹਨੂਮਾਨ ਲੰਕਾ ਨੂੰ ਅੱਗ ਲਾ ਕੇ ਮੁੜਿਆ ਤਾਂ ਉਸ ਨੇ ਆਪਣੀ ਬਲ ਰਹੀ ਪੂਛ ਦੀ ਅੱਗ ਇਥੇ ਸਭ ਤੋਂ ਉੱਚੀਆਂ ਚੌਂਹ ਟੀਸੀਆਂ ਦੇ ਵਿਚਕਾਰ ਇਕ ਸਰੋਵਰ ਵਿਚ ਡੋਬ ਕੇ ਬੁਝਾਈ ਸੀ । ਇਸ ਕਰਕੇ ਓਦੋਂ ਤੋਂ ਇਸ ਪਹਾੜ ਨੂੰ ਬਾਂਦਰ-ਪੂਛ ਪਰਬਤ ਕਹਿੰਦੇ ਹਨ। ਇਸੇ ਨੂੰ ਹੀ ਕਲਿੰਦਗਿਰੀ ਭੀ ਸਦਦੇ ਹਨ। ਜਮਨਾ ਸ਼ਵਾਲਕ ਤੋਂ ਨਿਕਲਣ ਲਈ ਦੱਖਣ-ਲਹਿੰਦੇ ਨੂੰ ਵਗਦੀ ਹੋਈ ਕਾਲਸੀ ਪਾਸ ਦੱਖਣ ਨੂੰ ਸਿਰਮੌਰ (ਨਾਹਣ) ਦੇ ਇਲਾਕੇ ਦੀ ਸਰਹਦ ਨੂੰ ਆ ਲਗਦੀ ਹੈ। ਕਾਲਸੀ ਤੋਂ ਦੱਖਣ-ਲਹਿੰਦੇ ਨੂੰ ਤਿੰਨ ਕੁ ਮੀਲ ਤੇ ਉੱਤਰ ਵਲੋਂ ਆ ਰਹੀ ਤੌਂਸ ਨਦੀ ਜਮਨਾ ਨਾਲ ਆ ਮਿਲਦੀ ਹੈ। ਇਥੋਂ ੧੨ ਕੁ ਮੀਲ ਦੱਖਣ-ਲਹਿੰਦੇ ਨੂੰ ਪਾਉਂਟਾ ਹੈ। ਪਾਉਂਟੇ ਤੋਂ ਚਾਰ ਮੀਲ ਚੜ੍ਹਦੇ ਅਤੇ ਹਰਬਰਟਪੁਰ ਤੋਂ ਚਾਰ ਮੀਲ ਲਹਿੰਦੇ ਨੂੰ ਦੋਹਾਂ ਦੇ ਵਿਚਕਾਰ ਉੱਤਰ-ਲਹਿੰਦੇ ਵਲੋਂ ਗਿਰੀ ਨਦੀ ਅਤੇ ਚੜ੍ਹਦੀ ਵਲੋਂ ਅਸਨ ਨਦੀ ਇਸ ਵਿਚ ਆ ਡਿਗਦੀਆਂ ਹਨ। ਇੱਥੋਂ ਵਲ ਖਾ ਕੇ ਇਹ ਪੰਜਾਬ ਅਤੇ ਉੱਤਰ-ਪ੍ਰਦੇਸ਼ ਦੀ ਹਦ ਬਣਾਉਂਦੀ ਹੋਈ ਦੱਖਣ ਨੂੰ ਦਿੱਲੀ ਵਲ ਨੂੰ ਤੁਰ ਪੈਂਦੀ ਹੈ । ਪਾਉਂਟੇ ਤੋਂ ੧੨ ਕੁ ਮੀਲ ਦੱਖਣ ਨੂੰ ਤਾਜੇਵਾਲਾ ਹੈ ਜਿੱਥੇ ਕਿ ਜਮਨਾ ਵਿੱਚੋਂ ਦੋ ਨਹਿਰਾਂ ਲਹਿੰਦੀ ਜਮਨਾ ਨਹਿਰ ਅਤੇ ਪੂਰਬੀ ਜਮਨਾ ਨਹਿਰ ਕੱਢੀਆਂ ਗਈਆਂ ਹਨ। ਪੂਰਬੀ ਨਹਿਰ ਜਮਨਾ ਦੇ ਚੜ੍ਹਦੇ ਚੜ੍ਹਦੇ ਦਿੱਲੀ ਤਕ ਜਾ ਪੁਜਦੀ ਹੈ। ਲਹਿੰਦੀ ਨਹਿਰ ਦੀਆਂ ਸਰਸਾ ਅਤੇ ਹਾਂਸੀ ਆਦਿ ਸ਼ਾਖ਼ਾਂ ਕਰਨਾਲ, ਰੋਹਤਕ ਅਤੇ ਹਿਸਾਰ ਦੇ ਜ਼ਿਲਿਆਂ ਨੂੰ ਸਿੰਜਦੀਆਂ ਅਤੇ ਆਬਾਦ ਕਰਦੀਆਂ ਹਨ।

ਦਿੱਲੀਉਂ ਦੱਖਣ ਨੂੰ ਗੁੜਗਾਉਂ ਦੇ ਜ਼ਿਲੇ ਦੇ ਹਸਨਪੁਰ ਨਗਰ ਤੋਂ ਜਮਨਾ ਪੰਜਾਬ ਦੀ ਹਦ ਛੱਡ ਕੇ ਨਿਰੋਲ ਉੱਤਰ-ਪ੍ਰਦੇਸ਼ ਦੀ ਨਦੀ ਬਣ ਜਾਂਦੀ ਹੈ ਅਤੇ ਅਲਾਹਾਬਾਦ (ਪਰਯਾਗ) ਪਾਸ ਉੱਤਰ-ਲਹਿੰਦੇ ਵੱਲੋਂ ਆ ਰਹੀ ਗੰਗਾ ਨਾਲ ਮਿਲ ਜਾਂਦੀ ਹੈ।

ਜਮਨਾ ਹਿੰਦੂਆਂ ਲਈ ਗੰਗਾ ਤੋਂ ਦੂਸਰੇ ਦਰਜੇ ਦੀ ਪਵਿੱਤਰ ਨਦੀ ਹੈ ਅਤੇ ਮਥਰਾ ਅਤੇ ਪਰਯਾਗ-ਸੰਗਮ ਧਾਰਮਕ ਵਿਸ਼ੇਸ਼ਤਾ ਵਾਲੇ ਤੀਰਥ ਅਸਥਾਨ ਹਨ। ਬੁੱਧ ਧਾਰਮਕ ਗ੍ਰੰਥਾਂ ਵਿਚ ਇਸ ਦਾ ਖ਼ਾਸ ਜ਼ਿਕਰ ਆਉਂਦਾ ਹੈ। ਉੱਪਰ ਪਾਉਂਟਾ ਸਿੱਖਾਂ ਲਈ ਇਤਿਹਾਸਕ ਮੁਹੱਤਤਾ ਰਖਦਾ ਹੈ ਜਿੱਥੇ ਜਮਨਾ ਦੇ ਕੰਢੇ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

**ਸਰਸ੍ਵਤੀ**— ਸਰਸ੍ਵਤੀ ਦੀ ਇਸ ਵੇਲੇ ਭਾਵੇਂ ਬਹੁਤੀ ਪਰਸਿੱਧੀ ਨਹੀਂ ਰਹੀ, ਪਰ ਪ੍ਰਾਚੀਨ ਸਮਿਆਂ ਤੋਂ ਇਹ

www.PunjabiLibrary.com

ਬੜੀ ਧਾਰਮਕ ਅਤੇ ਇਤਿਹਾਸਕ ਵਿਸ਼ੇਸ਼ਤਾ ਵਾਲੀ ਉੱਘੀ ਨਦੀ ਹੈ ਜਿਸ ਦਾ ਜ਼ਿਕਰ ਰਿਗਵੇਦ ਅਤੇ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਵਿਚ ਸਭ ਤੋਂ ਜ਼ਿਆਦਾ ਆਉਂਦਾ ਹੈ। ਇਸ ਦੇ ਨਾਲ ਹੀ ਦ੍ਰਿਸ਼ੱਦ੍ਵਤੀ ਨਦੀ ਦਾ ਭੀ ਜ਼ਿਕਰ ਹੈ। ਮਨੂੰ ਨੇ ਇਨ੍ਹਾਂ ਦੋਹਾਂ ਨਦੀਆਂ ਦੇ ਵਿਚਕਾਰਲੇ ਇਲਾਕੇ ਨੂੰ ਬ੍ਰਹਮਵਰਤ ਦਸਿਆ ਹੈ । ਇੱਥੇ ਹੀ ਉੱਤਰ ਵਲੋਂ ਆ ਕੇ ਆਰੀਆ ਲੋਕ ਪਹਿਲੋਂ ਪਹਿਲ ਪੱਕੀ ਤਰ੍ਹਾਂ ਆਬਾਦ ਹੋਏ ਸਨ ਅਤੇ ਇੱਥੋਂ ਹੀ ਪਸਰ ਕੇ ਕੁਰਖੇਤਰ ਅਤੇ ਬ੍ਰਹਮਰਿਸ਼ੀ ਦੇਸ ਵਲ ਨੂੰ ਵਧੇ ਸਨ। ਪਿੱਛੋਂ ਬ੍ਰਹਮਵਰਤ ਦਾ ਨਾਉਂ ਹੌਲੀ ਹੌਲੀ ਕੁਰਖੇਤਰ ਪਰਸਿੱਧ ਹੋ ਗਿਆ। ਮਹਾ-ਭਾਰਤ ਵਿਚ ਇਸ ਦੀ ਧਾਰਮਕ ਪਰਸਿੱਧੀ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ ਕਿ ਇਸ ਦੇ ਕੰਢੇ ਤੇ ਲੋਕ ਆਪਣੇ ਪਿੱਤਰਾਂ ਨਮਿਤ ਪਿੰਡ-ਦਾਨ ਕਰਿਆ ਕਰਦੇ ਸਨ। ਇਸ ਦੇ ਕੰਢੇ ਤੇ ਇਕ ਜੰਗਲ ਹੁੰਦਾ ਸੀ ਜਿਸ ਨੂੰ ਅੰਬਿਕਾ ਬਣ ਕਹਿੰਦੇ ਸਨ। ਸਰਸ੍ਵਤੀ (ਅਤੇ ਦ੍ਰਿਸ਼ੱਦ੍ਵਤੀ ਵੀ) ਸਪਤ-ਸਿੰਧਵੀ ਜਾਂ ਪੰਜ-ਨਦੀ ਦਰਿਆਵਾਂ ਤੋਂ ਸੁਤੰਤਰ ਤੌਰ ਤੇ ਵਗਦੀ ਹੁੰਦੀ ਸੀ ਅਤੇ ਹੁਣ ਵੀ ਇਹ ਉਨ੍ਹਾਂ ਦੀ ਟੋਲੀ ਵਿਚ ਨਹੀਂ ਰਲਦੀ। ਇਹ ਸਢੌਰੇ ਤੋਂ ਦੱਖਣ ਨੂੰ ਸਿਰਮੂਰ (ਨਾਹਣ) ਦੀਆਂ ਸ਼ਵਾਲਕ ਪਹਾੜੀਆਂ ਵਿੱਚੋਂ ਨਿਕਲਦੀ ਹੈ ਅਤੇ ਅਧ-ਬਦਰੀ ਕੋਲ ਮੈਦਾਨ ਵਿਚ ਆ ਜਾਂਦੀ ਹੈ। ਇਹ ਕੁਝ ਮੀਲਾਂ ਪਿੱਛੋਂ ਰੇਤ ਵਿਚ ਛਪਨ ਹੋ ਜਾਂਦੀ ਹੈ ਅਤੇ ਭਵਾਨੀਪੁਰ ਪਿੰਡੋਂ ਤਿੰਨ ਮੀਲ ਦੱਖਣ ਨੂੰ ਦਿਸ ਪੈਂਦੀ ਹੈ। ਬਾਲ ਛਪਰ ਕੋਲ ਇਹ ਫੇਰ ਅਲੋਪ ਹੋ ਜਾਂਦੀ ਹੈ ਤੇ ਅੱਗੇ ਜਾ ਕੇ ਫੇਰ ਨਿਕਲ ਕੇ ਦੱਖਣ-ਲਹਿੰਦੇ ਵਲ ਨੂੰ ਵਗਦੀ ਪਿਪਲੀ ਅਤੇ ਥਾਨੇਸਰ ਦੇ ਕੋਲ ਦੀ ਲਹਿੰਦੇ ਵਲ ਦੀ (ਥਾਨੇਸਰ ਤੋਂ ੧੬ ਮੀਲ ਦੀ ਵਿੱਥ ਤੇ) ਪਹੋਏ ਜਾ ਪੁਜਦੀ ਹੈ। ਪ੍ਰਾਚੀਨ ਸਮਿਆਂ ਤੋਂ ਪਹੋਆ ਬੜਾ ਪਰਸਿੱਧ ਹਿੰਦੂ ਧਾਰਮਕ ਅਸਥਾਨ ਚਲਿਆ ਆ ਰਿਹਾ ਹੈ । ਇੱਥੇ ਬ੍ਰਹਮ-ਯੋਨੀ ਤੀਰਥ ਹੈ। ਪਹੋਏ ਦਾ ਪੁਰਾਣਾ ਨਾਉਂ ਪ੍ਰਿਥੂਦਕ ਸੀ ਜੋ ਵਾਮਨ ਪੁਰਾਣ ਅਨੁਸਾਰ ਉਘਵਤੀ ਨਦੀ ਦੇ ਕੰਢੇ ਤੇ ਹੁੰਦਾ ਸੀ। ਪਹੋਏ ਦੇ ਕੋਲ ਤਿੰਨ ਕੁ ਮੀਲ ਤੇ ਉੱਤਰ-ਚੜ੍ਹਦੇ ਵਲੋਂ ਆਉਂਦੀ ਮਾਰਕੰਡਾ ਨਦੀ ਇਸ ਵਿਚ ਮਿਲ ਜਾਂਦੀ ਹੈ। ਇਥੋਂ ਦੋਨੋਂ ਸਰਸ੍ਵਤੀ ਦੇ ਨਾਉਂ ਨਾਲ ਲਹਿੰਦੇ-ਦੱਖਣ ਨੂੰ ਵਗਦੀਆਂ ਹਨ ਅਤੇ ਰਸੌਲੀ ਤੋਂ ਡੇਢ ਕੁ ਮੀਲ ਦੱਖਣ ਨੂੰ ਤੇ ਸ਼ੁਤਰਾਣੇ ਦੇ ਦੱਖਣ-ਚੜ੍ਹਦੇ ਨੂੰ ਤਿੰਨ ਕੁ ਮੀਲ ਤੇ ਸੇਗੜੇ ਤੋਂ ਇਕ ਮੀਲ ਉੱਤਰ ਨੂੰ ਘੱਗਰ ਨਾਲ ਮੇਲ ਹੋ ਜਾਂਦਾ ਹੈ। ਪੁਰਾਣੇ ਸਮੇਂ ਵਿਚ ਇਹ ਮੇਲ ਅੱਠ ਕੁ ਮੀਲ ਹੋਰ ਦੱਖਣ-ਲਹਿੰਦੇ ਨੂੰ ਜਾ ਕੇ ਹੋਇਆ ਕਰਦਾ ਸੀ। ਇਸ ਤੋਂ ਅੱਗੋਂ ਇਸ ਦਾ ਨਾਉਂ ਘੱਗਰ ਹੋ ਜਾਂਦਾ ਹੈ ਜੋ ਲਹਿੰਦੇ ਦੱਖਣ ਨੂੰ ਵਗਦਾ ਹੋਇਆ ਜਾਖਲ ਦੇ ਦੱਖਣ ਦੀ ਹੋ ਕੇ ਸਰਸੇ ਦੇ ਉੱਤਰ ਦੀ ਲੰਘਦਾ ਹਨੂੰਮਾਨਗੜ੍ਹ (ਜਿਸ ਦਾ ਪੁਰਾਣਾ ਨਾਉਂ ਭਟਨੇਰ ਸੀ) ਜਾ ਪੁਜਦਾ ਹੈ ਅਤੇ ਥੋੜੀ ਦੂਰ ਜਾ ਕੇ ਰੇਤ-ਥਲੇ ਵਿਚ ਅਲੋਪ ਹੋ ਜਾਂਦਾ ਹੈ।

ਜਿੱਥੇ ਅਜ ਕਲ੍ਹ ਘੱਗਰ ਅਤੇ ਸਰਸ੍ਵਤੀ ਦਾ ਮੇਲ ਹੁੰਦਾ ਹੈ ਉੱਥੋਂ ਇਸ ਦਾ ਪੁਰਾਣਾ ਵਹਿਣ ਦੱਖਣ ਨੂੰ ਹੁੰਦਾ ਸੀ ਜੋ ਧਮਤਾਨ ਦੇ ਉੱਤਰ ਅਤੇ ਟੋਹਾਣੇ ਦੇ ਚੜ੍ਹਦੇ-ਦੱਖਣੋਂ ਦੋਹਾਂ ਦੇ ਵਿਚਕਾਰ ਦੀ ਲੰਘਦਾ ਸੀ ਅਤੇ ਦੱਖਣ-ਲਹਿੰਦੇ ਨੂੰ ਜਾ ਕੇ ਗੁੰਮ ਹੋ ਜਾਂਦਾ ਸੀ।

ਇਸ ਨਦੀ ਨੂੰ ਪ੍ਰਾਚੀਨ ਸਾਹਿੱਤ ਵਿਚ ਕੁਰਖੇਤਰ ਸਰਸ੍ਵਤੀ, ਪਰਾਚੀ ਸਰਸ੍ਵਤੀ ਅਤੇ ਪੂਰਬੀ ਸਰਸ੍ਵਤੀ ਭੀ ਕਿਹਾ ਹੈ।

**ਦ੍ਰਿਸ਼ੱਦ੍ਵਤੀ** — ਚੌਟੰਗ — ਇਹ ਨਦੀ ਜੋ ਵੇਦਕ ਰਿਖੀਆਂ ਦੇ ਸਮੇਂ ਇਕ ਮਹਾਨ ਪਰਸਿੱਧ ਨਦੀ ਸੀ, ਅਤੇ ਜਿਸ ਦਾ ਜ਼ਿਕਰ ਰਿਗਵੇਦ ਅਤੇ ਪ੍ਰਾਚੀਨ ਸੰਸਕ੍ਰਿਤ ਸਾਹਿੱਤ ਵਿਚ ਥਾਂ ਥਾਂ ਤੇ ਆਉਂਦਾ ਹੈ, ਹੁਣ ਬਿਲਕੁਲ ਭੁੱਲੀ ਜਾ ਚੁਕੀ ਹੈ ਅਤੇ ਨਿਸਚੇ ਨਾਲ ਇਹ ਭੀ ਕਹਿਣਾ ਔਖਾ ਹੋ ਰਿਹਾ ਹੈ ਕਿ ਹੁਣ ਇਸ ਦਾ ਕਿੱਥੇ ਕੀ ਨਾਉਂ ਹੈ ਤੇ ਕਿੱਥੋਂ ਕਿੱਥੋਂ ਦੀ ਵਗਦੀ ਹੈ। ਕਈ ਘੱਗਰ ਨੂੰ ਹੀ ਦ੍ਰਿਸ਼ੱਦ੍ਵਤੀ ਸਮਝਦੇ ਹਨ ਅਤੇ ਕੁਝ ਥਾਨੇਸਰ ਦੇ ਦੱਖਣ-ਚੜ੍ਹਦੇ ਨੂੰ ਵਗਦੀ ਰਾਕਸ਼ੀ ਨਦੀ ਨੂੰ। ਪਰ ਜ਼ਿਆਦਾ ਵਿਦਵਾਨਾਂ ਦੇ ਵਿਚਾਰ ਵਿਚ ਚੌਟੰਗ ਨਦੀ ਹੀ ਬਹੁਤ ਕਰਕੇ ਦ੍ਰਿਸ਼ੱਦ੍ਵਤੀ ਹੈ। ਚੌਟੰਗ ਸਰਸ੍ਵਤੀ ਤੋਂ ਥੋੜਾ ਦੱਖਣ ਨੂੰ ਛਛਰੌਲੀ ਦੇ ਉੱਤਰ-ਲਹਿੰਦਿਉਂ ਨਿਕਲਦੀ ਹੈ। ਬਾਲ-ਛਪਰ ਕੋਲ ਚੌਟੰਗ

(ਤੇ ਸਰਸ੍ਵਤੀ ?) ਰੇਤੇ ਵਿਚ ਅਲੋਪ ਹੋ ਜਾਂਦੀ ਹੈ, ਪਰ ਅੱਗੇ ਚਲ ਕੇ ਪਰਤੱਖ ਹੋ ਜਾਂਦੀ ਹੈ ਅਤ ਦੱਖਣ-ਲਹਿੰਦੇ ਨੂੰ ਜਮਨਾ ਅਤੇ ਸਰਸ੍ਵਤੀ ਦੇ ਵਿਚਕਾਰ ਬਰਾਬਰ ਬਰਾਬਰ (ਜਗਾਧਰੀ ਤੋਂ ਤਿੰਨ ਕੁ ਮੀਲ) ਵਗ ਤੁਰਦੀ ਹੈ ਅਤੇ ਲਾਡਵੇ ਦੇ ਕੋਲ ਦੀ ਹੋ ਕੇ ਤਰਾਉੜੀ ਸਟੇਸ਼ਨ ਦੇ ਉੱਤਰ ਨੂੰ ਚਾਰ ਕੁ ਮੀਲ ਦੀ ਵਿਥ ਤੇ ਲਹਿੰਦੀ ਜਮਨਾ ਨਹਿਰ ਦੀ ਸ਼ਾਖ ਵਿਚ ਜਾ ਰਲਦੀ ਹੈ ਜੋ ਇੰਦਰੀ ਤੋਂ ਕੱਢੀ ਗਈ ਹੈ। ਚੌਟੰਗ ਦਾ ਪੁਰਾਣਾ ਵਹਿਣ ਹੀ ਲਹਿੰਦੀ ਜਮਨਾ ਨਹਿਰ ਦੀ ਹਿਸਾਰ ਸ਼ਾਖ ਲਈ ਰਾਹ ਬਣਾ ਲਿਆ ਗਿਆ ਹੈ ਜੋ ਹਾਂਸੀ ਹਿਸਾਰ ਦੇ ਇਲਾਕੇ ਨੂੰ ਸਿੰਜਦੀ ਹੈ । ਪੁਰਾਣੇ ਸਮਿਆਂ ਵਿਚ ਇਹ ੨੬੦ ਮੀਲ ਦਾ ਪੰਧ ਕਟ ਕੇ ਭਟਨੇਰ ਤੋਂ ਕੁਝ ਮੀਲ ਹੇਠਾਂ ਘੱਗਰ ਨੂੰ ਮਿਲਦੀ ਸੀ ਜਿੱਥੋਂ ਕਿ ਦ੍ਰਿਸ਼ਦ੍ਵਤੀ (ਚੌਟੰਗ) ਦੇ ਪੁਰਾਣੇ ਤਿਆਗੇ ਹੋਏ ਵਹਿਣ ਨੂੰ ਪਿੱਛੇ ਨੂੰ ਟੋਲਿਆ ਜਾ ਸਕਦਾ ਹੈ। ਇਸ ਵੇਲੇ ਇਹ ਬਿਲਕੁਲ ਨਹਿਰ ਵਿਚ ਰਲਾ ਦਿੱਤੀ ਗਈ ਹੈ।

**ਘੱਗਰ –** ਇਹ ਨਦੀ ਸਿਰਮੌਰ ਦੀਆਂ ਪਹਾੜੀਆਂ ਤੋਂ ਨਿਕਲ ਕੇ ਉੱਤਰ-ਲਹਿੰਦੇ ਨੂੰ ਹੋ ਜਾਂਦੀ ਹੈ ਅਤੇ ਚਾਰ ਕੁ ਮੀਲ ਤੋਂ ਦੱਖਣ ਨੂੰ ਹੋ ਕੇ ਦੋ ਕੁ ਮੀਲੋਂ ਉੱਤਰ-ਲਹਿੰਦੇ ਨੂੰ ਤੁਰ ਪੈਂਦੀ ਹੈ। ਕਾਦਪੁਰ ਦੇ ਦੱਖਣੋਂ ਸਿੱਧੀ ਲਹਿੰਦੇ ਨੂੰ ਚੰਡੀ ਨੂੰ, ਤੇ ਉੱਥੋਂ ਦੱਖਣ-ਲਹਿੰਦੇ ਨੂੰ ਛੱਤ ਦੇ ਚੜ੍ਹਦੇ ਦੀ ਅੰਬਾਲੇ ਦੇ ਲਹਿੰਦਿਉਂ ਲੰਘਦੀ ਹੈ ਤੇ ਅਰਨੌਲੀ ਵਲ ਨੂੰ ਤੁਰੀ ਜਾਂਦੀ ਹੈ । ਇਸ ਦੇ ਸਵਾ ਕੁ ਮੀਲ ਦੱਖਣੋਂ ਹੁੰਦੀ ਦੱਖਣ-ਲਹਿੰਦੇ ਨੂੰ ਚਲੀ ਜਾਂਦੀ ਹੈ। ਅਰਨੌਲੀ ਤੋਂ ਪੰਜ ਛੇ ਮੀਲ ਦੱਖਣ ਨੂੰ ਬਾਊਪੁਰ ਹੈ। ਇਸ ਦੇ ਦੋ ਕੁ ਮੀਲ ਲਹਿੰਦਿਉਂ ਘੱਗਰ, ਦੋ ਕੁ ਮੀਲ ਚੜ੍ਹਦੇ ਦੱਖਣ ਨੂੰ ਹੋ ਪੈਂਦੀ ਹੈ ਅਤੇ ਆਪਣੇ ਨਵੇਂ ਵਹਿਣ ਵਿਚ ਪੁਰਾਣੇ ਵਹਿਣ ਦੇ ਬਰਾਬਰ ਦੱਖਣ-ਲਹਿੰਦੇ ਨੂੰ ਹੋ ਜਾਂਦੀ ਹੈ ਅਤੇ ਰਸੌਲੀ ਤੋਂ ਡੇਢ ਮੀਲ ਦੱਖਣ ਨੂੰ ਅਤੇ ਸ਼ੁਤਰਾਣੇ ਤੋਂ ਤਿੰਨ ਕੁ ਮੀਲ ਦੱਖਣ-ਚੜ੍ਹਦੇ ਨੂੰ ਸੇਗੜੇ ਤੋਂ ਇਕ ਮੀਲ ਉੱਤਰ ਨੂੰ ਸਰਸ੍ਵਤੀ ਨਾਲ ਮਿਲ ਜਾਂਦੀ ਹੈ। ਪੁਰਾਣੇ ਸਮੇਂ ਵਿਚ ਇਹ ਮੇਲ ਸਤ ਅਠ ਮੀਲ ਹੋਰ ਹੇਠਾਂ ਦੱਖਣ-ਲਹਿੰਦੇ ਨੂੰ ਜਾ ਕੇ ਹੋਇਆ ਕਰਦਾ ਸੀ। ਪੁਰਾਣਾ ਵਹਿਣ ਨਵੇਂ ਵਹਿਣ ਦੇ ਲਹਿੰਦੇ ਲਹਿੰਦੇ ਹੁੰਦਾ ਸੀ ਜਿਸ ਦੇ ਨਿਸ਼ਾਨ ਇਕ ਚੋ ਦੀ ਸ਼ਕਲ ਵਿਚ ਮੌਜੂਦ ਹਨ।

ਫ਼ਤਿਹਆਬਾਦੋਂ ਢਾਈ ਕੁ ਮੀਲ ਉੱਤਰੋਂ ਜ਼ਫਰਾਬਾਦ ਕੋਲੋਂ ਇਹ ਜ਼ਰਾ ਕੁ ਉੱਤਰ ਨੂੰ ਹੋ ਕੇ ਲਹਿੰਦੇ ਨੂੰ ਸਰਸੇ ਨੂੰ ਹੋ ਜਾਂਦੀ ਹੈ ਅਤੇ ਭਟਨੇਰ ਕੋਲ ਰੇਤ-ਥਲੇ ਵਿਚ ਜਾ ਗੁੰਮਦੀ ਹੈ।

ਪੁਰਾਣੇ ਸਮੇਂ ਵਿਚ ਜਿੱਥੇ ਸਰਸ੍ਵਤੀ ਅਤੇ ਘੱਗਰ ਦਾ ਮੇਲ ਹੁੰਦਾ ਸੀ ਓਥੋਂ ਅੱਗੇ ਭੀ ਇਸ ਦਾ ਨਾਉਂ ਸਰਸ੍ਵਤੀ ਹੀ ਰਹਿੰਦਾ ਸੀ ਅਤੇ ਇਸ ਨੂੰ ਪਾਵਣੀ ਭੀ ਆਖਦੇ ਸਨ। ਪਾਵਣੀ ਦੇ ਅਰਥ ਹਨ ਪਵਿੱਤਰ ਕਰਨ ਵਾਲੀ। ਰਾਮਾਇਣ ਦੇ ਆਦਿ ਪਰਵ ਅਨੁਸਾਰ ਸਰਸ੍ਵਤੀ ਗੰਗਾ ਦੀ ਇਕ ਸਹਾਇਕ ਨਦੀ ਹੋਇਆ ਕਰਦੀ ਸੀ ਅਤੇ ਥਾਨੇਸਰ ਦੇ ਉੱਤਰ ਨੂੰ ਇਕ ਤੀਰਥ ਅਸਥਾਨ ਗੰਗਾ-ਤੀਰਥ ਹੈ ਜਿੱਥੇ, ਕਿਹਾ ਜਾਂਦਾ ਹੈ ਕਿ, ਆਪਣੇ ਪਾਪਾਂ ਦੀ ਨਵਿਰਤੀ ਲਈ ਗੰਗਾ ਨੇ ਇਸ਼ਨਾਨ ਕੀਤਾ ਸੀ।

**ਮਾਰਕੰਡਾ –** ਇਸ ਨਦੀ ਦਾ ਪੁਰਾਣਾ ਨਾਉਂ ਅਰੁਣਾ ਭੀ ਸੀ। ਇਹ ਸਿਰਮੌਰ ਦੇ ਇਲਾਕੇ ਵਿਚ ਸ਼ਵਾਲਕ ਦੀਆਂ ਪਹਾੜੀਆਂ ਵਿੱਚੋਂ ਨਿਕਲਦੀ ਹੈ ਅਤੇ ਦੱਖਣ-ਲਹਿੰਦੇ ਨੂੰ ਹੁੰਦੀ ਹੋਈ ਨਾਰਾਇਣਗੜ੍ਹ ਤੋਂ ਛੇ ਮੀਲ ਉੱਤਰ-ਚੜ੍ਹਦੇ ਨੂੰ ਕਾਲਾ ਅੰਬ ਕੋਲ ਅੰਬਾਲੇ ਦੇ ਜ਼ਿਲੇ ਵਿਚ ਦਾਖ਼ਲ ਹੁੰਦੀ ਹੈ। ਇਸ ਥਾਂ ਤੋਂ ਇਸ ਦਾ ਰੁਖ਼ ਬਹੁਤਾ ਦੱਖਣ ਨੂੰ ਹੈ ਅਤੇ ਇਹ ਅਸਗਰਪੁਰ, ਫ਼ੀਰੋਜ਼ਪੁਰ, ਪਹਾੜੀਪੁਰ ਅਤੇ ਸੈਦਪੁਰ ਆਦਿ ਪਿੰਡਾਂ ਦੇ ਲਾਗਿਉਂ ਦੀ ਹੁੰਦੀ ਹੋਈ ਦੱਖਣ ਨੂੰ ਤੁਰੀ ਜਾਂਦੀ ਹੈ। ਸ਼ੇਰਪੁਰ ਦੇ ਉੱਤਰ ਨੂੰ ਚੜ੍ਹਦੀ ਵਲੋਂ ਆ ਰਹੀ ਨਕਟੀ ਨਦੀ ਇਸ ਵਿਚ ਆ ਰਲਦੀ ਹੈ ਅਤੇ ਇਹ ਬਰਾੜਾ ਤੇ ਕੇਸਰੀ ਸਟੇਸ਼ਨਾਂ ਦੇ ਵਿਚਕਾਰ ਦੀ ਹੁੰਦੀ ਹੋਈ ਸ਼ਾਹਾਬਾਦ ਪੁਜ ਜਾਂਦੀ ਹੈ। ਇੱਥੋਂ ਉੱਤਰ ਵਲ ਦੀ ਲੰਘ ਕੇ ਝਾਂਸਾ ਦੇ ਉੱਤਰ ਦੀ ਠਸਕੇ ਜਾ ਪੁਜਦੀ ਹੈ। ਹੁਣ ਇਸ ਦਾ ਰੁਖ਼ ਜ਼ਰਾ ਜ਼ਿਆਦਾ ਦੱਖਣ ਨੂੰ ਹੋ ਜਾਂਦਾ ਹੈ

ਅਤੇ ਪਹੋਏ ਤੋਂ ਉੱਤਰ-ਚੜ੍ਹਦੇ ਨੂੰ ਤਿੰਨ ਮੀਲ ਪਹਿਲਾਂ ਹੀ ਸਰਸੂਤੀ ਵਿਚ ਮਿਲ ਜਾਂਦੀ ਹੈ। ਮਾਰਕੰਡੇ ਅਤੇ ਸਰਸੂਤੀ ਦੇ ਸੰਗਮ ਨੂੰ ਅਰੁਣ ਸੰਗਮ ਭੀ ਕਹਿੰਦੇ ਹਨ ਅਤੇ ਉੱਥੇ ਵਸ ਰਿਹਾ ਅਰੁਣੂ ਨਾਉਂ ਦਾ ਪਿੰਡ ਪੁਰਾਣੇ ਨਾਉਂ ਦੀ ਯਾਦ ਕਾਇਮ ਰਖ ਰਿਹਾ ਹੈ।

ਸ਼ਵਾਲਕ ਪਹਾੜ ਦਾ ਸਾਰਾ ਇਲਾਕਾ ਹੀ ਜਲ-ਭਰਪੂਰ ਨਦੀਆਂ ਦਾ ਇਲਾਕਾ ਹੈ ਅਤੇ ਇੱਥੋਂ ਅਨੇਕਾਂ ਛੋਟੀਆਂ ਵੱਡੀਆਂ ਨਦੀਆਂ ਨਿਕਲ ਕੇ ਪੰਜਾਬ ਨੂੰ ਸਿੰਜਦੀਆਂ ਤੇ ਉਪਜਾਊ ਬਣਾਉਂਦੀਆਂ ਹਨ। ਇਤਿਹਾਸਕ ਤੌਰ ਤੇ ਭੀ ਇਹ ਨਦੀਆਂ ਖ਼ਾਸ ਵਿਸ਼ੇਸ਼ਤਾ ਰਖਦੀਆਂ ਹਨ, ਅਤੇ ਖ਼ਾਸ ਕਰ ਸਤਲੁਜ ਤੋਂ ਦੱਖਣ ਦੇ ਇਲਾਕੇ ਵਿਚ ਵਗਦੀਆਂ ਨਦੀਆਂ। ਸਰਸੂਤੀ ਦੇਸ ਵਿਚ ਹੀ, ਜਿਸ ਨੂੰ ਕਿ ਬ੍ਰਹਮਵਰਤ ਅਤੇ ਕੁਰੁਖੇਤਰ ਦੇਸ ਭੀ ਕਿਹਾ ਜਾਂਦਾ ਸੀ, ਪਹਿਲੋਂ ਪਹਿਲ ਆਰੀਆ ਲੋਕਾਂ ਨੇ ਉੱਤਰ-ਲਹਿੰਦੇ ਵਲੋਂ ਆ ਕੇ ਆਪਣੀ ਪੱਕੀ ਵੱਸੋਂ ਕੀਤੀ ਸੀ। ਇੱਥੇ ਹੀ ਬਹੁਤ ਸਾਰੀਆਂ ਵੇਦਕ ਰਿਚਾਂ ਰਚੀਆਂ ਗਈਆਂ ਅਤੇ ਸੰਸਕ੍ਰਿਤ ਸਾਹਿੱਤ ਦੀ ਨੀਂਹ ਧਰੀ ਗਈ। ਇੱਥੇ ਦੀਆਂ ਨਦੀਆਂ ਦੇ ਕੰਢੇ ਹੀ ਪ੍ਰਾਚੀਨ ਰਿਖੀਆਂ ਨੇ ਆਪਣੇ ਆਸ਼ਰਮ ਬਣਾਏ ਅਤੇ ਵਿਦਿਆ ਅਧਿਕਾਰੀ ਬ੍ਰਹਮਚਾਰੀਆਂ ਨੂੰ ਸਿਖਿਆ ਦੇ ਕੇ ਆਰੀਆ ਸੱਭਿਅਤਾ ਵਿਚ ਨਿਪੁੰਨ ਕੀਤਾ। ਇੱਥੇ ਹੀ ਉਨ੍ਹਾਂ ਦੇ ਬਹੁਤ ਸਾਰੇ ਯੁਧ ਲੜੇ ਗਏ ਅਤੇ ਇੱਥੇ ਹੀ ਕਰਮ-ਯੋਗ ਦੀ ਸਿਖਿਆ ਪਰਪੱਕ ਕੀਤੀ ਗਈ। ਗੱਲ ਕੀ, ਭਾਰਤ ਦੀ ਪ੍ਰਾਚੀਨ ਸੱਭਿਅਤਾ ਦਾ ਜਨਮ ਪੰਜਾਬ ਦੀ ਇਸੇ ਧਰਮ-ਭੂਮੀ ਵਿਚ ਹੋਇਆ ਤੇ ਇੱਥੇ ਹੀ ਉਹ ਵਧੀ ਫੁੱਲੀ।

ਬਾਦ ਵਿਚ ਹਿੰਦੁਸਤਾਨ ਉੱਤੇ ਕਬਜ਼ਾ ਕਰਨ ਦੀ ਇੱਛਾ ਨਾਲ ਬਾਹਰੋਂ ਆਏ ਬਿਦੇਸ਼ੀ ਲੋਕਾਂ ਦੀ ਕਿਸਮਤ ਦਾ ਫ਼ੈਸਲਾ ਭੀ ਇਥੇ ਹੀ ਹੋ ਜਾਂਦਾ ਰਿਹਾ ਅਤੇ ਜੇ ਉਹ ਜਿਤ ਕੇ ਕੁਰਖੇਤਰ ਦੇ ਇਲਾਕੇ ਤੋਂ ਅੱਗੇ ਲੰਘ ਗਏ ਤਾਂ ਫੇਰ ਘਟ ਹੀ ਕਿਸੇ ਨੇ ਉਨ੍ਹਾਂ ਦਾ ਡਟ ਕੇ ਟਾਕਰਾ ਕੀਤਾ। ਇਸ ਲਈ ਪੰਜਾਬ ਦਾ ਇਤਿਹਾਸ ਭਾਰਤ ਦੀ ਸੁਤੰਤਰਤਾ ਨੂੰ ਕਾਇਮ ਰੱਖਣ ਜਾਂ ਮੁੜ ਪਰਾਪਤ ਕਰਨ ਲਈ ਜਤਨਾਂ-ਭਰਿਆ ਇਤਿਹਾਸ ਹੈ ਜਿਸ ਦਾ ਸੰਖੇਪ ਜਿਹਾ ਵਰਣਨ ਅਗਲੇ ਪੰਨਿਆਂ ਵਿਚ ਕੀਤਾ ਜਾਏਗਾ।

## ਕੁਦਰਤੀ ਨਜ਼ਾਰੇ

ਪੰਜਾਬ ਦੇ ਉੱਤਰ-ਚੜ੍ਹਦੇ ਵਲ ਹਿਮਾਲਾ ਪਰਬਤ ਦੇ ਸ਼ਵਾਲਕ ਪਹਾੜੀ ਸਿਲਸਿਲੇ ਦਾ ਕੁਝ ਹਿੱਸਾ ਹੈ, ਪਰ ਇਹ ਬਹੁਤ ਸਾਰਾ ਹਿਮਾਚਲ ਪ੍ਰਦੇਸ਼ ਵਿਚ ਚਲਾ ਗਿਆ ਹੈ। ਪੰਜਾਬ ਵਿਚ ਕੇਵਲ ਜ਼ਿਲਾ ਕਾਂਗੜਾ, ਜ਼ਿਲਾ ਗੁਰਦਾਸਪੁਰ ਦਾ ਉੱਤਰ-ਚੜ੍ਹਦਾ ਹਿੱਸਾ, ਜ਼ਿਲਾ ਹੁਸ਼ਿਆਰਪੁਰ ਦੀ ਊਨਾ ਤਹਿਸੀਲ ਅਤੇ ਜ਼ਿਲਾ ਅੰਬਾਲੇ ਦਾ ਉੱਤਰ-ਚੜ੍ਹਦਾ ਹਿੱਸਾ ਹੀ ਪਹਾੜੀਆਂ ਵਾਲਾ ਹੈ। ਪਰ ਸਿਵਾਏ ਕਾਂਗੜੇ ਦੇ ਜ਼ਿਲੇ ਦੇ ਇਨ੍ਹਾਂ ਵਿੱਚੋਂ ਕਿਸੇ ਇਲਾਕੇ ਨੂੰ ਭੀ ਪਹਾੜੀ ਇਲਾਕਾ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਨੂੰ ਕੇਵਲ ਕੰਢੀ ਦਾ ਇਲਾਕਾ ਜਾਂ ਦਾਮਨਿ-ਕੋਹ ਹੀ ਕਹਿਣਾ ਚਾਹੀਦਾ ਹੈ। ਕਾਂਗੜੇ ਦਾ ਜ਼ਿਲਾ ਅਤੇ ਹੁਸ਼ਿਆਰਪੁਰ ਦੀ ਜਸਵਾਨ ਦੂਨ ਕੁਦਰਤੀ ਪਹਾੜੀ ਨਜ਼ਾਰਿਆਂ ਦੀ ਰਮਣੀਕਤਾ ਅਤੇ ਹਰਿਆਵਲ ਵਿਚ ਆਮ ਪਹਾੜਾਂ ਨਾਲੋਂ ਕੋਈ ਘਟ ਨਹੀਂ ਹੈ, ਪਰ ਪੰਜਾਬ ਦੇ ਅਸਲ ਕੁਦਰਤੀ ਨਜ਼ਾਰੇ ਮੈਦਾਨੀ ਇਲਾਕਿਆਂ ਵਿਚ ਫ਼ਸਲਾਂ ਦੇ ਦਿਨੀਂ ਹੁੰਦੇ ਹਨ, ਅਤੇ ਖ਼ਾਸ ਕਰ ਨਹਿਰੀ ਇਲਾਕੇ ਵਿਚ ਜਿਧਰ ਨੂੰ ਤੁਰ ਪਉ ਸੈਂਕੜੇ ਮੀਲਾਂ ਤੱਕ ਹਰ ਪਾਸੇ ਰੰਗ ਬਰੰਗੇ ਹਰੇ ਭਰੇ ਖੇਤ ਦਿਸਦੇ ਹਨ ਅਤੇ ਵਿਚਕਾਰ ਪਿੰਡ ਇਉਂ ਪਰਤੀਤ ਹੁੰਦੇ ਹਨ ਜਿਵੇਂ ਕਿ ਹਰੇ ਸਮੁੰਦਰ ਵਿਚ ਛੋਟੇ ਛੋਟੇ ਟਾਪੂ। ਜਦ ਫ਼ਸਲ ਵੱਢ ਲਈ ਜਾਂਦੀ ਹੈ ਤਾਂ ਸਭ ਕੁਝ ਇਕ ਦਮ ਬਦਲ ਜਾਂਦਾ ਹੈ ਅਤੇ ਹਰਿਆਵਲ ਦੀ ਥਾਂ ਦੂਰ ਦੂਰ ਤੱਕ ਮਿੱਟੀ-ਰੰਗੀ ਭੋਂ ਹੀ ਦਿਸਦੀ ਹੈ, ਅਤੇ ਹਰਿਆਵਲ ਕੇਵਲ ਕਿਤੇ ਕਿਤੇ ਖੇਤਾਂ ਵਿਚ ਖੜੋਤੇ, ਸੜਕਾਂ ਦੇ ਦੋਹੀਂ ਪਾਸੀਂ ਜਾਂ ਪਿੰਡਾਂ ਅਤੇ ਟੋਭਿਆਂ ਦੇ ਆਲੇ ਦੁਆਲੇ ਦੇ ਬਿਰਛਾਂ ਦੀ ਜਾਂ ਬਾਗ਼ਾਂ ਦੀ ਹੀ ਨਜ਼ਰੇ ਪੈਂਦੀ ਹੈ। ਪਰ ਬਰਸਾਤ ਸ਼ੁਰੂ ਹੁੰਦੇ ਸਾਰ ਹੀ ਹਰ ਪਾਸੇ ਹਰਿਆਵਲ ਇਉਂ ਹੋ ਜਾਂਦੀ ਹੈ ਕਿ ਜਿਵੇਂ

ਮੀਂਹ ਦੇ ਨਾਲ ਵਗ੍ਹੀ ਹੁੰਦੀ ਹੈ। ਦਰਿਆਵਾਂ, ਨਦੀਆਂ ਤੇ ਨਹਿਰਾਂ ਦੇ ਥਾਈਂ ਤਾਂ ਸਦਾ ਹੀ ਹਰਿਆਵਲ ਰਹਿੰਦੀ ਹੈ। ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਅੰਬਾਲੇ ਦੇ ਜ਼ਿਲੇ ਕੁਦਰਤੀ ਤੌਰ ਤੇ ਹੀ ਹਰੇ-ਭਰੇ ਰਹਿੰਦੇ ਹਨ । ਹੁਸ਼ਿਆਰਪੁਰ ਦਾ ਤਾਂ ਨਾਉਂ ਹੀ ਪੰਜਾਬ ਦਾ ਬਾਗ਼ ਹੈ । ਹਰਿਆਣੇ, ਭਟਿਆਣੇ ਤੇ ਬਾਂਗਰ ਦਾ ਚੜ੍ਹਦਾ ਇਲਾਕਾ ਜ਼ਿਆਦਾ ਖ਼ੁਸ਼ਕੀ ਦਾ ਮਾਰਿਆ ਹੋਇਆ ਹੋਣ ਕਰਕੇ ਅੱਖਾਂ ਨੂੰ ਕੁਝ ਬਹੁਤਾ ਚਿਰ ਚੁਭਦਾ ਰਹਿੰਦਾ ਹੈ । ਪਰ ਨਹਿਰਾਂ ਦੇ ਵਿਛਦੇ ਜਾ ਰਹੇ ਜਾਲ ਨਾਲ ਹਰਿਆਵਲ ਪਸਰਦੀ ਜਾ ਰਹੀ ਹੈ ਅਤੇ ਭਾਖੜਾ ਬੰਨ੍ਹ ਦੇ ਮੁਕੰਮਲ ਹੋ ਜਾਣ ਨਾਲ ਬਹੁਤ ਸਾਰੇ ਰੇਤ-ਥਲੇ ਭੀ ਲਹਿਲਹਾ ਉੱਠਣਗੇ।

ਬਰਸਾਤ ਦੇ ਦਿਨਾਂ ਵਿਚ ਜੇ ਦਰਿਆ ਅਤੇ ਨਦੀਆਂ ਉੱਛਲ ਜਾਣ ਜਾਂ ਚੋਆਂ ਵਿਚ ਜ਼ਿਆਦਾ ਹੜ੍ਹ ਆ ਜਾਣ ਤਾਂ ਆਮ ਮੈਦਾਨਾਂ ਵਿਚ ਭੀ ਪਾਣੀ ਫਿਰ ਜਾਂਦਾ ਹੈ ਅਤੇ ਕਈ ਵਾਰੀ ਪਿੰਡਾਂ ਵਿਚ ਭੀ ਆ ਵੜਦਾ ਹੈ ਜਿਸ ਨਾਲ ਕਈ ਪਿੰਡ ਜਜ਼ੀਰੇ ਜਿਹੇ ਬਣ ਜਾਂਦੇ ਹਨ। ਇਹ ਹੜ੍ਹ ਸਭ ਤੋਂ ਜ਼ਿਆਦਾ ਨੁਕਸਾਨ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਕਰਦੇ ਹਨ ਜਿੱਥੋਂ ਦੀ ਉਪਜਾਊ ਭੋਂ ਰੋੜ੍ਹ ਕੇ ਲਹਿੰਦੀ ਵਲ ਲਿਜਾ ਸੁਟਦੇ ਹਨ ਤੇ ਇਸ ਨੂੰ ਰੇਤਲਾ ਕਰੀ ਜਾ ਰਹੇ ਹਨ।

## ਖਾਨਾਂ

ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜ਼ਿਲੇ ਅਟਕ ਵਿਚ ਮਿੱਟੀ ਦਾ ਤੇਲ ਨਿਕਲਦਾ ਹੈ ਅਤੇ ਖੀਊੜਾ ਦੇ ਪਹਾੜ ਵਿਚ ਲੂਣ ਦੀਆਂ ਖਾਣਾਂ ਹਨ। ਪਰ ਚੜ੍ਹਦੇ (ਹਿੰਦੁਸਤਾਨ ਦੇ) ਪੰਜਾਬ ਦੇ ਉੱਤਰ-ਚੜ੍ਹਦੇ ਪਹਾੜੀ ਜਾਂ ਕੰਢੀ ਦੇ ਇਲਾਕਿਆਂ ਵਿਚ ਹਾਲ ਤੱਕ ਕਿਧਰੇ ਭੀ ਅਜਿਹੀ ਬਹੁਤੀ ਖੁਦਾਈ ਨਹੀਂ ਹੋਈ ਜਿਸ ਤੋਂ ਇਹ ਪਤਾ ਲਗ ਸਕੇ ਕਿ ਇਨ੍ਹਾਂ ਦੀਆਂ ਹੇਠਲੀਆਂ ਤਹਿਆਂ ਵਿਚ ਕੀ ਕੁਝ ਲੁਕਿਆ ਪਿਆ ਹੈ। ਪੰਜਾਬ ਦੀ ਮੈਦਾਨੀ ਭੋਂ ਚੂੰਕਿ ਬੜੀ ਉਪਜਾਊ ਹੈ ਅਤੇ ਖ਼ੁਰਾਕ ਦਾ ਤੋੜਾ ਆਮ ਕਦੀ ਨਹੀਂ ਆਇਆ, ਇਸ ਲਈ ਜ਼ਮੀਨ ਦੇ ਹੇਠਾਂ ਦੀ ਖੁਦਾਈ ਵਲ ਕਦੀ ਕਿਸੇ ਬਹੁਤਾ ਧਿਆਨ ਨਹੀਂ ਦਿੱਤਾ। ਜੁਆਲਾ-ਮੁਖੀ ਦੀ ਲਾਟ ਤੋਂ ਅੰਦਾਜ਼ਾ ਲਾ ਕੇ ਓਥੇ ਪੁਟਾਈ ਸ਼ੁਰੂ ਕੀਤੀ ਗਈ ਹੈ ਜਿੱਥੇ ਕਿ ਗੈਸ ਅਤੇ ਤੇਲ ਦੇ ਸੋਮੇ ਨਿਕਲਣ ਦੀਆਂ ਬੜੀਆਂ ਉਤਸ਼ਾਹ-ਭਰੀਆਂ ਆਸਾਂ ਬੱਝ ਗਈਆਂ ਹਨ। ਇਸੇ ਤਰ੍ਹਾਂ ਜ਼ਿਲਾ ਹੁਸ਼ਿਆਰਪੁਰ ਵਿਚ ਪਿੰਡ ਬਠੁੱਲਾ (ਬਠੁੱਲਗੜ੍ਹ) ਦੇ ਲਾਗੇ ਮਿੱਟੀ ਦੇ ਤੇਲ ਦੀ ਭਾਲ ਵਿਚ ਪੁਟਾਈ ਹੋ ਰਹੀ ਹੈ।

## ਜਲ-ਵਾਯੂ

ਜਲ-ਵਾਯੂ ਦੇ ਲਿਹਾਜ਼ ਨਾਲ ਸਾਰੇ ਪੁਰਾਣੇ (ਹਿੰਦੁਸਤਾਨੀ ਅਤੇ ਪਾਕਿਸਤਾਨੀ) ਪੰਜਾਬ ਨੂੰ ਤਿੰਨ ਵੱਡੇ ਵੱਡੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

੧—ਹਿਮਾਲਾ ਪਾਰ

੨—ਹਿਮਾਲਾ

੩—ਮੈਦਾਨ

ਮੈਦਾਨੀ ਇਲਾਕੇ ਦੇ ਚਾਰ ਹਿੱਸੇ ਕੀਤੇ ਜਾ ਸਕਦੇ ਹਨ

(ੳ) ਉੱਤਰ-ਲਹਿੰਦਾ

(ਅ) ਦੱਖਣ-ਲਹਿੰਦਾ

(ੲ) ਕੰਢੀ

(ਸ) ਮਾਝਾ ਅਤੇ ਦੱਖਣ-ਚੜ੍ਹਦਾ

ਹਿਮਾਲਾ ਪਾਰ ਅਤੇ ਹਿਮਾਲਾ ਦਾ ਇਲਾਕਾ ਹੁਣ ਜਾਂ ਤਾਂ ਉੱਤਰ-ਲਹਿੰਦੇ ਪਾਕਿਸਤਾਨੀ ਪੰਜਾਬ ਵਿਚ ਹੈ ਜਾਂ (ਹਿੰਦੁਸਤਾਨ ਦੇ) ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿਚ। ਹਿੰਦੁਸਤਾਨੀ ਪੰਜਾਬ ਵਿਚ ਕਾਂਗੜੇ ਦਾ ਜ਼ਿਲਾ ਹਿਮਾਲਾ ਪਰਬਤ ਤੋਂ ਬਾਹਰ ਹੀ ਗਿਣਨਾ ਚਾਹੀਦਾ ਅਤੇ ਇਸ ਦੇ ਨਾਲ ਹੀ ਹੁਸ਼ਿਆਰਪੁਰ ਦੇ ਜ਼ਿਲੇ ਦੀ ਊਨਾ ਤਹਿਸੀਲ, ਜੋ ਕੁਦਰਤੀ ਬਣਾਵਟ ਤੋਂ ਸਪਸ਼ਟ ਤੌਰ ਤੇ ਛੋਟੀਆਂ ਪਹਾੜੀਆਂ ਦਾ ਢਾਲੀ ਇਲਾਕਾ ਹੈ, ਜਿਸ ਨੂੰ ਦਾਮਨਿ-ਕੋਹ ਜਾਂ ਕੰਢੀ ਦਾ ਇਲਾਕਾ ਕਿਹਾ ਜਾਂਦਾ ਹੈ। ਮੈਦਾਨੀ ਇਲਾਕਿਆਂ ਵਿੱਚੋਂ ਉੱਤਰ-ਲਹਿੰਦਾ ਅਤੇ ਦੱਖਣ-ਲਹਿੰਦਾ ਪੰਜਾਬ ਪਾਕਿਸਤਾਨ ਵਿਚ ਚਲਾ ਗਿਆ ਹੈ। ਹਿੰਦੁਸਤਾਨੀ ਪੰਜਾਬ ਵਿਚ ਕੇਵਲ ਮਾਝਾ ਅਤੇ ਦੱਖਣ-ਚੜ੍ਹਦੇ ਦਾ ਇਲਾਕਾ ਹੀ ਹੈ। ਇਸ ਲਈ ਹਿੰਦੁਸਤਾਨੀ ਪੰਜਾਬ ਨੂੰ ਜਲ-ਵਾਯੂ ਦੇ ਲਿਹਾਜ਼ ਨਾਲ ਕੰਢੀ, ਮਾਝਾ ਅਤੇ ਦੱਖਣ-ਚੜ੍ਹਦੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ।

**ਕੰਢੀ** – ਕਾਂਗੜੇ ਦੇ ਜ਼ਿਲੇ ਵਿਚ ਥਾਂ ਥਾਂ ਜਲ-ਵਾਯੂ ਵੱਖਰਾ ਵੱਖਰਾ ਹੈ। ਕਾਂਗੜੇ ਸ਼ਹਿਰ ਵਿਚ ਗਰਮੀ ਦਾ ਦਰਜਾ ਸਿਆਲ ਨੂੰ ੫੩°, ਬਸੰਤ ਰੁਤ ਵਿਚ ੭੦°, ਗਰਮੀ ਵਿਚ ੮੦° ਅਤੇ ਪਤਝੜ ਵਿਚ ੬੮° ਡਿਗਰੀ ਹੁੰਦਾ ਹੈ। ਜ਼ਿਲੇ ਦੇ ਦੱਖਣ ਦੇ ਇਲਾਕੇ ਵਿਚ ਗਰਮੀ ਦਾ ਦਰਜਾ ਇਸ ਤੋਂ ਚੋਖਾ ਜ਼ਿਆਦਾ ਹੁੰਦਾ ਹੈ, ਪਰ ਧੌਲੀ-ਧਾਰ ਦੇ ਇਲਾਕੇ ਵਿਚ ੮° ਘਟ ਹੁੰਦਾ ਹੈ। ਮੀਂਹ ਵਰ੍ਹ ਪੈਣ ਨਾਲ ਉਸ ਦੇ ਮੁਤਾਬਕ ਹੀ ਗਰਮੀ ਘਟ ਜਾਂਦੀ ਹੈ। ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਵਿਚ ਪਹਾੜਾਂ ਤੋਂ ਬਹੁਤਾ ਦੂਰ ਨਾ ਹੋਣ ਕਰਕੇ ਬਹੁਤ ਗਰਮੀ ਨਹੀਂ ਹੁੰਦੀ, ਪਰ ਜਿਉਂ ਜਿਉਂ ਲਹਿੰਦੇ ਨੂੰ ਹਟਦੇ ਜਾਉ ਦੂਰੀ ਵਧਦੀ ਜਾਣ ਨਾਲ ਗਰਮੀ ਭੀ ਹੌਲੀ ਹੌਲੀ ਵਧਦੀ ਜਾਂਦੀ ਹੈ। ਬਸੰਤ ਰੁਤੇ ਸਿਆਲ ਦਾ ਪਾਲਾ ਘਟ ਜਾਂਦਾ ਹੈ। ਚੜ੍ਹਦੇ ਵਿਸਾਖ ਫ਼ਸਲਾਂ ਕੱਟਣ ਸਮੇਂ ਚੋਖੀ ਗਰਮੀ ਸ਼ੁਰੂ ਹੋ ਜਾਂਦੀ ਹੈ। ਜੇਠ ਹਾੜ੍ਹ ਨੂੰ ਭਰ ਗਰਮੀ ਦੇ ਦਿਨ ਹੁੰਦੇ ਹਨ, ਪਰ ਧਰਮਸਾਲਾ ਅਤੇ ਭਰਵਾਈਂ ਇਨ੍ਹੀਂ ਦਿਨੀਂ ਭੀ ਮੌਸਮ ਬੜਾ ਸੋਹਣਾ ਹੁੰਦਾ ਹੈ।

ਜੇਠ ਦੇ ਦੂਸਰੇ ਅਧ ਵਿਚ ਮੀਂਹ ਸ਼ੁਰੂ ਹੋ ਜਾਂਦਾ ਹੈ ਜੋ ਅੱਸੂ ਦੇ ਪਹਿਲੇ ਸਾਤੇ ਤਕ ਚਲਦਾ ਹੈ।

ਇਨ੍ਹਾਂ ਦਿਨਾਂ ਵਿਚ ਖ਼ਾਸ ਕਰਕੇ ਮੱਛਰ ਚੋਖਾ ਹੋ ਜਾਂਦਾ ਹੈ ਅਤੇ ਕੰਢੀ ਦੇ ਚੜ੍ਹਦੇ ਇਲਾਕੇ ਵਿਚ ਮਲੇਰੀਆ ਅਤੇ ਵਾਰੀ ਦਾ ਤਾਪ ਆਮ ਹੋ ਜਾਂਦਾ ਹੈ। ਅੱਸੂ ਦੇ ਚੜ੍ਹਦੇ ਸਾਰ ਮੀਂਹ ਦਾ ਜ਼ੋਰ ਘਟ ਜਾਂਦਾ ਹੈ ਅਤੇ ਦੂਸਰੇ ਸਾਤੇ ਤੋਂ ਬੰਦ ਹੋ ਜਾਂਦਾ ਹੈ। ਪੋਹ ਦੇ ਚੜ੍ਹਾ ਤੱਕ ਮੌਸਮ ਆਮ ਤੌਰ ਤੇ ਖ਼ੁਸ਼ਕ ਰਹਿੰਦਾ ਹੈ। ਪੋਹ ਅਤੇ ਮਾਘ ਵਿਚ ਬੱਦਲ ਆ ਜਾਂਦੇ ਹਨ ਅਤੇ ਸਾਰੇ ਦੇਸ ਵਿਚ ਵਰਖਾ ਹੋ ਜਾਂਦੀ ਹੈ ਜਿਸ ਨਾਲ ਫ਼ਸਲਾਂ ਦੀ ਰੰਗਤ ਬਦਲ ਜਾਂਦੀ ਹੈ ਤੇ ਉਹ ਫੁੱਟ ਉਠਦੀਆਂ ਹਨ। ਫੱਗਣ ਅਤੇ ਚੇਤ ਮਹੀਨੇ ਖ਼ੁਸ਼ਕ ਰਹਿੰਦੇ ਹਨ ਅਤੇ ਹੌਲੀ ਹੌਲੀ ਸਰਦੀ ਹਟਦੀ ਤੇ ਗਰਮੀ ਆਉਂਦੀ ਜਾਂਦੀ ਹੈ।

ਕੰਢੀ ਵਿਚ ਬਰਸਾਤ ਦੇ ਦਿਨੀਂ ਮੱਛਰਾਂ ਅਤੇ ਕੱਚੇ ਪਾਣੀਆਂ ਕਰਕੇ ਮਲੇਰੀਆ ਅਤੇ ਵਾਰੀ-ਦਾ-ਤਾਪ ਆਮ ਬਿਮਾਰੀਆਂ ਹੋ ਜਾਂਦੀਆਂ ਹਨ। ਪਹਾੜੀਆਂ ਵਿਚ ਗਿੱਲ੍ਹੜ ਬਹੁਤ ਹੋ ਜਾਂਦੇ ਹਨ ਅਤੇ ਖ਼ੂਨ ਦੀ ਖ਼ਰਾਬੀ ਭੀ ਚੋਖੀ ਰਹਿੰਦੀ ਹੈ ਜਿਸ ਨਾਲ ਜੁੱਸੇ ਵਿਚ ਕਮਜ਼ੋਰੀ ਤੇ ਰੰਗ ਵਿਚ ਪਿਲੱਤਣ ਆ ਜਾਂਦੀ ਹੈ। ਪਹਾੜਾਂ ਵਿਚ ਆਦਮੀਆਂ ਨਾਲੋਂ ਜ਼ਨਾਨੀਆਂ ਜ਼ਿਆਦਾ ਚੋਬਰ, ਫੁਰਤੀਲੀਆਂ ਤੇ ਤਕੜੀਆਂ ਹੁੰਦੀਆਂ ਹਨ ਜਿਸ ਦਾ ਇਕ ਕਾਰਣ ਇਹ ਭੀ ਹੈ ਕਿ ਇਥੇ ਘਰ ਅਤੇ ਬਾਹਰ ਦਾ ਕੰਮ ਬਹਤ ਸਾਰਾ ਉਨ੍ਹਾਂ ਨੂੰ ਹੀ ਕਰਨਾ ਪੈਂਦਾ ਹੈ।

**ਮਾਝਾ ਅਤੇ ਦੱਖਣ-ਚੜ੍ਹਦਾ ਪੰਜਾਬ** – ਜਲ-ਵਾਯੂ ਦੇ ਲਿਹਾਜ਼ ਨਾਲ ਮਾਝੇ ਅਤੇ ਦੱਖਣ-ਚੜ੍ਹਦੇ ਪੰਜਾਬ ਦਾ ਇਲਾਕਾ ਬਹੁਤ ਵਧੀਆ ਗਿਣਿਆ ਜਾਂਦਾ ਹੈ ਜਿਸ ਦਾ ਅੰਦਾਜ਼ਾ ਇੱਥੋਂ ਦੀ ਉਪਜਾਊ ਭੋਂ, ਚੰਗੀਆਂ ਭਰਵੀਆਂ ਫ਼ਸਲਾਂ,

ਦਰਖ਼ਤਾਂ ਅਤੇ ਵੇਲ ਬੂਟਿਆਂ ਦੀ ਛਬ ਅਤੇ ਆਦਮੀਆਂ ਤੇ ਜ਼ਨਾਨੀਆਂ ਦੇ ਭਰਵੇਂ ਕੱਦ-ਕਾਠ, ਨਿਖਰਵੇਂ ਚਿਹਰੇ-ਮੁਹਰੇ, ਚੁਸਤ ਅਤੇ ਖੜਕਵੀਂ ਤੋਰ ਅਤੇ ਬੋਲ-ਚਾਲ ਤੋਂ ਲਗਦਾ ਹੈ। ਇੱਥੇ ਹਰ ਪਰਕਾਰ ਦਾ ਜਲ-ਵਾਯੂ ਹੈ। ਗਰਮੀ ਅਤੇ ਸਰਦੀ ਆਪਣੇ ਆਪਣੇ ਮੌਸਮ ਵਿਚ ਚੋਖੀ ਹੁੰਦੀ ਹੈ। ਜਿੱਥੇ ਸਿਆਲ ਨੂੰ ਕਈ ਥਾਈਂ ਪਾਣੀ ਜੰਮ ਜਾਂਦਾ ਅਤੇ ਕੱਕਰ ਪੈਂਦਾ ਹੈ ਉਥੇ ਗਰਮੀ ਭੀ ਸਿਖਰ ਮੌਸਮ ਤੇ ਆ ਕੇ ਕਦੇ ਕਦੇ ੧੧੬°–੧੧੭° ਤਕ ਭੀ ਚਲੀ ਜਾਂਦੀ ਹੈ। ਪਰ ਇਹ ਕੇਵਲ ਅੱਧ ਵਿਸਾਖ ਤੋਂ ਅੱਧ ਹਾੜ੍ਹ ਤੱਕ (ਮਈ ਜੂਨ ਵਿਚ) ਹੀ ਹੁੰਦੀ ਹੈ। ਗਰਮੀ ਸ਼ੁਰੂ ਤਾਂ ਭਾਵੇਂ ਚੇਤ ਦੇ ਚੜ੍ਹਾ ਨਾਲ ਹੀ ਹੋ ਜਾਂਦੀ ਹੈ ਜਦ ਕਿ ਲਹਿੰਦੇ ਵਲੋਂ ਖ਼ੁਸ਼ਕ ਹਵਾ ਵਗਣੀ ਸ਼ੁਰੂ ਹੁੰਦੀ ਹੈ, ਪਰ ਗਰਮੀ ਦਾ ਬਹੁਤਾ ਜ਼ੋਰ ਵਿਸਾਖ, ਜੇਠ ਤੇ ਅੱਧੇ ਹਾੜ੍ਹ ਤਕ ਹੀ ਰਹਿੰਦਾ ਹੈ। ਇਨ੍ਹੀਂ ਦਿਨੀਂ ਕਈ ਵਾਰੀ ਐਸੀ ਗਰਮ ਲੂ ਚਲਦੀ ਹੈ ਕਿ ਇਸ ਦੀਆਂ ਲਹਿਰਾਂ ਦਰਿਆ ਦੀਆਂ ਲਹਿਰਾਂ ਵਾਂਗ ਚਲਦੀਆਂ ਦਿਸਦੀਆਂ ਹਨ । ਬਰਸਾਤ ਵਿਚ ਬਾਰਸ਼ ਵੇਲੇ ਤਾਂ ਗਰਮੀ ਘਟ ਜਾਂਦੀ ਹੈ, ਪਰ ਬਾਰਸ਼ਾਂ ਦੇ ਵਿਚਕਾਰ ਗਰਮੀ ਚੋਖੀ ਰਹਿੰਦੀ ਹੈ। ਅੱਸੂ ਅਤੇ ਕੱਤਕ ਦੇ ਖ਼ੁਸ਼ਕ ਮਹੀਨਿਆਂ ਵਿਚ ਫੇਰ ਗਰਮੀ ਹੋ ਜਾਂਦੀ ਹੈ, ਪਰ ਜੇਠ ਹਾੜ੍ਹ ਵਰਗਾ ਜ਼ੋਰ ਇਸ ਵੇਲੇ ਨਹੀਂ ਰਹਿੰਦਾ । ਕੱਤਕ ਦੇ ਮਹੀਨੇ ਕਈ ਵਾਰੀ ਮੌਸਮ ਅਨੋਖਾ ਜਿਹਾ ਹੁੰਦਾ ਹੈ। ਦਿਨੇ ਚੋਖੀ ਗਰਮੀ ਹੁੰਦੀ ਹੈ ਤੇ ਰਾਤ ਨੂੰ ਸਰਦੀ ਹੋ ਜਾਂਦੀ ਹੈ। ਇਸੇ ਕਰਕੇ ਹੀ ਇਹ ਕਹਾਵਤ ਬਣੀ ਹੋਈ ਹੈ:

ਅੱਸੂ ਮਾਹ ਨਿਰਾਲਾ
ਦਿਨੇ ਧੁੱਪ ਤੇ ਰਾਤੀਂ ਪਾਲਾ।

ਜੇਠ ਹਾੜ੍ਹ ਦੇ ਗਰਮ ਅਤੇ ਖ਼ੁਸ਼ਕ ਮਹੀਨਿਆਂ ਵਿਚ ਕਈ ਵਾਰੀ ਅਨ੍ਹੇਰੀਆਂ ਵਗਦੀਆਂ ਹਨ ਜਿਨ੍ਹਾਂ ਦਾ ਜ਼ੋਰ ਬਹੁਤਾ ਭਟਿਆਣੇ ਅਤੇ ਹਰਿਆਣੇ ਦੇ ਇਲਾਕਿਆਂ ਵਿਚ ਹੁੰਦਾ ਹੈ। ਇਹ ਇਲਾਕੇ ਰਾਜਸਥਾਨ ਦੇ ਰੇਤ-ਥਲਿਆਂ ਦੇ ਨਾਲ ਲਗਦੇ ਹਨ ਜਿੱਥੇ ਕਿ ਗਰਮੀ ਵਿਚ ਝੱਖੜ ਆਮ ਚਲਦੇ ਰਹਿੰਦੇ ਹਨ। ਪੰਜਾਬ ਵਿਚ ਭੀ ਗਰਮੀ ਅਤੇ ਬਰਸਾਤ ਦੇ ਦਿਨੀਂ ਕਈ ਵਾਰੀ ਇਤਨੇ ਤੇਜ਼ ਤੇ ਜ਼ੋਰ ਦੇ ਝੱਖੜ ਆਉਂਦੇ ਹਨ ਕਿ ਹਜ਼ਾਰਾਂ ਦੀ ਗਿਣਤੀ ਵਿਚ ਦਰਖ਼ਤ ਜੜ੍ਹਾਂ ਤੋਂ ਪੁੱਟੇ ਜਾਂਦੇ ਹਨ ਤੇ ਅਣਗਿਣਤ ਪੰਛੀ ਮਰ ਜਾਂਦੇ ਹਨ।

ਬਰਸਾਤ ਦਾ ਮੌਸਮ ਪੰਜਾਬ ਦੇ ਮੈਦਾਨਾਂ ਵਿਚ ਕੰਢੀ ਦੇ ਇਲਾਕੇ ਦੀ ਤਰ੍ਹਾਂ ਹੀ ਹਾੜ੍ਹ ਦੇ ਅੱਧ (ਜੂਨ ਦੇ ਅੰਤ ਅਤੇ ਜੁਲਾਈ ਦੇ ਅਰੰਭ) ਵਿਚ ਸ਼ੁਰੂ ਹੁੰਦਾ ਹੈ ਅਤੇ ਅੱਸੂ ਦੇ ਪਹਿਲੇ ਸਾਤੇ (ਸਤੰਬਰ ਦੇ ਤੀਸਰੇ ਸਾਤੇ) ਤਕ ਚਲਦਾ ਹੈ। ਪੰਜਾਬ ਦੀ ਵਰਖਾ ਉਨ੍ਹਾਂ ਮੌਨਸੂਨ ਹਵਾਵਾਂ ਨਾਲ ਹੁੰਦੀ ਹੈ ਜੋ ਬੰਗਾਲ ਦੀ ਖਾੜੀ ਵਿੱਚੋਂ ਆਉਂਦੀਆਂ ਹਨ । ਇਹ ਹਵਾਵਾਂ ਗਰਮੀ ਦੇ ਮੌਸਮ ਵਿਚ ਹਿੰਦ ਮਹਾਂ-ਸਾਗਰ ਵਿਚ ਦੱਖਣ-ਲਹਿੰਦਿਉਂ ਚੱਲ ਕੇ ਬੰਗਾਲ ਦੀ ਖਾੜੀਉਂ ਉੱਤਰ-ਚੜ੍ਹਦੇ ਨੂੰ ਹੋ ਜਾਂਦੀਆਂ ਹਨ ਅਤੇ ਚੜ੍ਹਦੇ ਹਿਮਾਲਾ ਨਾਲ ਟਕਰਾ ਕੇ ਲਹਿੰਦੇ ਨੂੰ ਹੋ ਪੈਂਦੀਆਂ ਹਨ ਅਤੇ ਦੱਖਣ-ਲਹਿੰਦਿਉਂ ਉੱਤਰ-ਚੜ੍ਹਦੇ ਨੂੰ ਚੜ੍ਹਦੀਆਂ ਹੋਈਆਂ ਪੱਛਮ ਨੂੰ ਪਹਾੜ ਦੀ ਤਰਾਈ ਅਤੇ ਗੰਗਾ-ਜਮਨਾ ਦੇ ਮੈਦਾਨਾਂ ਵਿਚ ਮੀਂਹ ਵਰ੍ਹਾਉਂਦੀਆਂ ਪੰਜਾਬ ਆ ਪੁਜਦੀਆਂ ਹਨ। ਅੱਗੇ ਹਿਮਾਲਾ ਪਰਬਤ ਦੀ ਰੋਕ ਹੋਣ ਕਰਕੇ ਹਿਮਾਚਲ ਅਤੇ ਕਸ਼ਮੀਰ ਦੇ ਹਿੱਸੇ ਬੇਅੰਤ ਵਰਖਾ ਆਉਂਦੀ ਹੈ। ਇਹ ਵਰਖਾ ਪੰਜਾਬ ਦੀ ਕੰਢੀ ਅਤੇ ਮੈਦਾਨਾਂ ਵਿਚ ਭੀ ਆ ਜਾਂਦੀ ਹੈ ਅਤੇ ਦੱਖਣ-ਚੜ੍ਹਦਿਉਂ ਜਿਉਂ ਜਿਉਂ ਉੱਤਰ-ਲਹਿੰਦੇ ਨੂੰ ਵਧਦੀ ਹੈ, ਘਟਦੀ ਜਾਂਦੀ ਹੈ।

ਮੌਨਸੂਨ ਦੀ ਬੰਬਈ ਵਾਲੀ ਸ਼ਾਖ਼ ਦਾ ਬਹੁਤਾ ਜ਼ੋਰ ਲਹਿੰਦੇ ਘਾਟਾਂ ਅਤੇ ਦੱਖਣ ਵਿਚ ਹੀ ਲਗ ਜਾਂਦਾ ਹੈ। ਜੇ ਕੁਝ ਹਵਾਵਾਂ ਬਚ ਕੇ ਨਿਕਲ ਭੀ ਆਉਣ ਤਾਂ ਰਾਜਸਥਾਨ ਦੇ ਰੇਤ-ਥਲੇ ਉਨ੍ਹਾਂ ਨੂੰ ਜਲੋਂ ਖ਼ਾਲੀ ਕਰ ਛਡਦੇ ਹਨ। ਪਰ ਜੇ ਕਿਧਰੇ ਉਹ ਬੰਗਾਲ ਖਾੜੀ ਦੀ ਹਵਾਈ ਲਹਿਰ ਵਿਚ ਖਿਚੀਆਂ ਆ ਜਾਣ ਤਾਂ ਸਾਰੇ ਪਾਸੀਂ ਵਰਖਾ ਕਾਫ਼ੀ ਖੁਲ੍ਹੀ ਵਰ੍ਹਦੀ ਹੈ। ਪੰਜਾਬ ਦੇ ਮੈਦਾਨਾਂ ਵਿਚ ਲਗਾਤਾਰ ਕਈ ਕਈ ਦਿਨ ਜਾਂ ਕਈ ਕਈ ਘੰਟੇ ਵਰਖਾ ਘਟ ਹੀ ਹੁੰਦੀ ਹੈ। ਇਕ ਦਿਨ ਜ਼ੋਰ ਦੀ ਬਾਰਸ਼ ਹੋ ਕੇ ਜਾਂ ਤਾਂ ਆਸਮਾਨ ਸਾਫ਼ ਹੋ ਜਾਂਦਾ ਹੈ ਜਾਂ ਬੱਦਲ ਪੇਤਲੇ ਹੋ ਜਾਂਦੇ ਹਨ ਤੇ ਮੁੜ ਗਰਮੀ ਅਤੇ ਹੁੱਸੜ ਹੋ ਜਾਂਦਾ ਹੈ ਜਿਸ ਨਾਲ ਫੇਰ ਮੀਂਹ ਆ ਜਾਂਦਾ ਹੈ । ਬਰਸਾਤ ਵਿਚ ਗਰਮੀ

ਅਤੇ ਹੁੱਸੜ ਦਾ ਵਧਣਾ ਨਿਸ਼ਾਨੀਆਂ ਹੁੰਦੀਆਂ ਹਨ ਛੇਤੀ ਹੀ ਹੋਰ ਮੀਂਹ ਆਉਣ ਦੀਆਂ ਅਤੇ ਇਹ ਕਦੀ ਭੀ ਖ਼ਾਲੀ ਨਹੀਂ ਜਾਂਦੀਆਂ। ਅੱਧ ਅੱਸੂ ਤੋਂ ਕੱਤਕ, ਮੱਘਰ ਅਤੇ ਅੱਧ ਪੋਹ ਤੱਕ (ਅਕਤੂਬਰ, ਨਵੰਬਰ ਅਤੇ ਦਸੰਬਰ) ਦੇ ਮਹੀਨੇ ਖ਼ੁਸ਼ਕ ਹੀ ਲੰਘਦੇ ਹਨ। ਸਿਆਲ ਦੇ ਅਰੰਭ ਵਿਚ ਇਕ ਅੱਧਾ ਮੀਂਹ ਵਰ੍ਹਦਾ ਹੈ।

ਪੰਜਾਬ ਵਿਚ ਸਿਆਲ ਦਾ ਮੀਂਹ ਪੋਹ ਦੇ ਤੀਸਰੇ ਸਾਤੇ (ਜਨਵਰੀ ਦੇ ਅਰੰਭ ਵਿਚ) ਸ਼ੁਰੂ ਹੁੰਦਾ ਹੈ ਅਤੇ ਮਾਘ ਦੇ ਅੰਤ ਤਕ ਚਲਦਾ ਹੈ। ਸਿਆਲ ਦੀ ਮੌਨਸੂਨ ਦੀ ਪੰਜਾਬ ਤਕ ਪਹੁੰਚ ਨਹੀਂ ਹੁੰਦੀ। ਇੱਥੇ ਉਨ੍ਹੀਂ ਦਿਨੀਂ ਲਹਿੰਦੀਆਂ ਜਾਂ ਉੱਤਰੀ ਹਵਾਵਾਂ ਚਲਦੀਆਂ ਹਨ। ਸਿਆਲ ਨੂੰ ਜੋ ਮੀਂਹ ਇੱਥੇ ਵਰ੍ਹਦਾ ਹੈ ਉਹ ਪਖ਼ਤੂਨੀ ਇਲਾਕੇ ਤੋਂ ਪਾਰ ਉਠਦੀਆਂ ਅਨ੍ਹੇਰੀਆਂ ਕਰਕੇ ਹੁੰਦਾ ਹੈ। ਸਿਆਲ ਨੂੰ ਮੀਂਹ ਕੋਈ ਬਹੁਤਾ ਤਾਂ ਨਹੀਂ ਵਰ੍ਹਦਾ, ਪਰ ਜੋ ਵਰ੍ਹਦਾ ਹੈ ਜੇ ਉਹ ਮੌਕੇ ਸਿਰ ਪੈ ਜਾਏ ਤਾਂ ਆਉਣ ਵਾਲੀਆਂ ਫ਼ਸਲਾਂ ਲਈ ਬਹੁਤ ਹੀ ਫ਼ਾਇਦੇਮੰਦ ਹੁੰਦਾ ਹੈ।

ਭਟਿਆਣੇ ਅਤੇ ਹਰਿਆਣੇ ਵਿਚ, ਜੋ ਕੁਰਖੇਤਰ ਦੇ ਇਲਾਕੇ ਦੇ ਲਹਿੰਦੇ, ਦੱਖਣ-ਲਹਿੰਦੇ ਅਤੇ ਦੱਖਣ ਨੂੰ ਹੈ ਬਰਖਾ ਬੜੀ ਥੋੜੀ ਹੁੰਦੀ ਹੈ। ਇਸੇ ਕਰਕੇ ਹੀ ਗਰਮੀਆਂ ਵਿਚ ਉਧਰ ਮਿੱਟੀ-ਭਰੀਆਂ ਅਨ੍ਹੇਰੀਆਂ ਆਮ ਚਲਦੀਆਂ ਹਨ ਜੋ ਚੜ੍ਹਦੇ ਮੈਦਾਨਾਂ ਵਿਚ ਦੀ ਹੋ ਕੇ ਕੰਢੀ ਤਕ ਪੁੱਜ ਜਾਂਦੀਆਂ ਹਨ ਅਤੇ ਕਦੇ ਕਦੇ, ਪਰ ਬਹੁਤ ਟਾਵੀਆਂ, ਪਹਾੜਾਂ ਉੱਪਰ ਦੀ ਸ਼ਿਮਲੇ ਜਾ ਪੁੱਜਦੀਆਂ ਹਨ।

ਸਿਆਲ ਦਾ ਮੌਸਮ ਅੱਧ ਨਵੰਬਰ ਵਿਚ ਸ਼ੁਰੂ ਹੁੰਦਾ ਹੈ ਅਤੇ ਮਾਰਚ ਦੇ ਪਹਿਲੇ ਦਹੱਕੇ ਤਕ ਚਲਦਾ ਹੈ। ਇਸ ਵਿਚ ਦਸ ਦਿਨ ਦੇ ਇਧਰ ਉਧਰ ਹੋਣ ਤੋਂ ਜ਼ਿਆਦਾ ਫ਼ਰਕ ਨਹੀਂ ਪੈਂਦਾ। ਪਹਾੜੀ ਇਲਾਕਾ ਨਾ ਹੋਣ ਕਰਕੇ ਇੱਥੇ ਕਿਧਰੇ ਬਰਫ਼ ਤਾਂ ਨਹੀਂ ਪੈਂਦੀ, ਪਰ ਸਾਰੇ ਮੌਸਮ ਵਿਚ ਦੋ ਚਾਰ ਵਾਰੀ ਕੋਰਾ ਜ਼ਰੂਰ ਜੰਮ ਜਾਂਦਾ ਹੈ।

ਗਰਮੀ ਦੇ ਮੌਸਮ ਵਿਚ ਗਰਮੀ ਅਤੇ ਸਿਆਲੇ ਵਿਚ ਸਰਦੀ ਚੋਖੀ ਪੈਣ ਕਰਕੇ ਸਾਰੇ ਪੰਜਾਬ ਵਿਚ ਹੀ ਲੋਕਾਂ ਦੇ ਕੱਦ ਕਾਠ ਚੰਗੇ, ਹੱਥ ਪੈਰ ਮੋਕਲੇ ਅਤੇ ਸਰੀਰ ਗਠੀਲੇ ਹੁੰਦੇ ਹਨ। ਇਸ ਵਿਚ ਪੰਜਾਬੀਆਂ ਦਾ ਖੁੱਲ੍ਹਾ ਅਤੇ ਚੰਗਾ ਖਾਣ ਪੀਣ ਭੀ ਇਨ੍ਹਾਂ ਦੀ ਬੜੀ ਸਹਾਇਤਾ ਕਰਦਾ ਹੈ। ਗਰਮੀ ਅਤੇ ਸਰਦੀ ਸਹਿ ਜਾਣ ਦੀ ਜਿਤਨੀ ਸ਼ਕਤੀ ਇਨ੍ਹਾਂ ਵਿਚ ਹੈ, ਉਤਨੀ ਸੰਸਾਰ ਦੇ ਹੋਰ ਬਹੁਤ ਘਟ ਲੋਕਾਂ ਵਿਚ ਹੈ ਅਤੇ ਇਹ ਹੀ ਹਨ ਜੋ ਅਰਬ ਅਤੇ ਅਫ਼ਰੀਕਾ ਦੇ ਭਖਦੇ ਰੇਤ-ਥਲਿਆਂ ਅਤੇ ਲੱਦਾਖ਼ ਦਿਆਂ ਬਰਫ਼ ਨਾਲ ਢਕੇ ਹੋਏ ਪਹਾੜਾਂ ਵਿਚ ਹਸੂੰ ਹਸੂੰ ਕਰਦੇ ਵਿਚਰ ਸਕਦੇ ਹਨ। ਪ੍ਰਾਚੀਨ ਸਮਿਆਂ ਤੋਂ ਹੀ ਪੰਜਾਬ ਦੇ ਹਠੀਲੇ ਜਵਾਨਾਂ ਨੇ ਆਪਣੇ ਦੇਸ ਦੀ ਰਾਖੀ ਕਰਨ ਅਤੇ ਇਸ ਦੀ ਸੁਤੰਤਰਤਾ ਨੂੰ ਬਚਾਈ ਰੱਖਣ ਅਤੇ ਮੁੜ ਪਰਾਪਤ ਕਰਨ ਲਈ ਜੋ ਘਾਲਾਂ ਘਾਲੀਆਂ ਹਨ, ਉਹ ਇਤਿਹਾਸ ਦੇ ਪੱਤਰਿਆਂ ਨੂੰ ਸ਼ੋਭਾ ਦੇ ਰਹੀਆਂ ਹਨ।

## ਪੰਜਾਬ ਦਾ ਇਤਿਹਾਸ

ਸੰਨ ੧੯੪੭ ਵਿਚ ਹਿੰਦੁਸਤਾਨ ਦੀ ਵੰਡ ਨਾਲ ਪੰਜਾਬ ਦੇ ਭੀ ਦੋ ਟੁਕੜੇ ਹੋ ਗਏ : ਲਹਿੰਦਾ ਪੰਜਾਬ (ਪਾਕਿਸਤਾਨ) ਅਤੇ ਚੜ੍ਹਦਾ ਪੰਜਾਬ (ਹਿੰਦੁਸਤਾਨ)। ਪਰ ਪ੍ਰਾਚੀਨ ਸਮਿਆਂ ਤੋਂ ਹੀ ਚੂੰਕਿ ਪੰਜਾਬ ਸਿੰਧ ਤੋਂ ਲੈ ਕੇ ਜਮਨਾ ਤਕ ਗਿਣਿਆ ਜਾਂਦਾ ਰਿਹਾ ਹੈ ਇਸ ਲਈ ਹੇਠਾਂ ਦਿੱਤਾ ਜਾ ਰਿਹਾ ਇਸ ਦੇਸ ਦਾ ਇਤਿਹਾਸ ਸੰਨ ੧੯੪੭ ਤੱਕ ਸਮੁੱਚੇ ਪੰਜਾਬ ਦਾ ਹੈ।

**ਆਰੀਆ ਲੋਕ** — ਪੰਜਾਬ ਦੇ ਜਿਸ ਇਤਿਹਾਸ ਦਾ ਹੁਣ ਤਕ ਪਤਾ ਲੱਗਾ ਹੈ ਉਹ ਆਰੀਆ ਲੋਕਾਂ ਦੇ ਸਮੇਂ ਤੋਂ ਅਰੰਭ ਹੁੰਦਾ ਹੈ। ਇਹ ਲੋਕ ਕਦੋਂ, ਕਿਵੇਂ ਤੇ ਕਿੱਥੋਂ ਆ ਕੇ ਇੱਥੇ ਵਸੇ, ਇਹ ਗੱਲ ਨਿਸਚੇ ਤੋਰ ਤੇ ਹਾਲੇ ਤਕ ਨਹੀਂ ਕਹੀ ਜਾ ਸਕਦੀ। ਆਮ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਰੂਸ ਦੇ ਦੱਖਣੋਂ ਮਧ-ਏਸ਼ੀਆ ਤੋਂ ਆ ਕੇ ਇੱਥੇ

www.PunjabiLibrary.com

ਵਸੇ ਸਨ। ਕੁਝ ਹਿੰਦੁਸਤਾਨੀ ਵਿਚਾਰਵਾਨ ਕਹਿੰਦੇ ਹਨ ਕਿ ਇਹ ਅਰੰਭ ਤੋਂ ਹੀ ਉੱਤਰੀ ਹਿੰਦ (ਪੰਜਾਬ) ਦੇ ਵਾਸੀ ਸਨ ਅਤੇ ਇੱਥੋਂ ਲਹਿੰਦੇ ਵਲ ਗਏ ਸਨ। ਹਾਂ, ਇਕ ਗੱਲ ਨਿਸਚੇ ਹੈ ਕਿ ਆਰੀਆਂ ਦੀ ਸਭ ਤੋਂ ਪੁਰਾਣੀ ਪੁਸਤਕ, ਜੋ ਸੰਸਾਰ ਦੀ ਭੀ ਸਭ ਤੋਂ ਪੁਰਾਣੀ ਪੁਸਤਕ ਮੰਨੀ ਜਾਂਦੀ ਹੈ, ਰਿਗਵੇਦ ਪੰਜਾਬ ਵਿਚ ਰਚੀ ਗਈ ਸੀ। ਜਿਨ੍ਹਾਂ ਲੋਕਾਂ ਨਾਲ ਸ਼ੁਰੂ ਸ਼ੁਰੂ ਵਿਚ ਇਨ੍ਹਾਂ ਦੇ ਜੁਧ ਅਤੇ ਟਾਕਰੇ ਹੁੰਦੇ ਰਹੇ ਅਤੇ ਜਿਨ੍ਹਾਂ ਨੂੰ ਆਰੀਆਂ ਤੋਂ ਭੀ ਪਹਿਲਾਂ ਦੇ ਪੰਜਾਬੀ ਕਿਹਾ ਜਾ ਸਕਦਾ ਹੈ ਅਤੇ ਜਿਨ੍ਹਾਂ ਦਾ ਆਰੀਆ ਗ੍ਰੰਥਾਂ ਵਿਚ ਦਸਿਯੂ ਜਾਂ ਦਾਸ ਨਾਉਂ ਨਾਲ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਦੀ ਸੱਭਿਅਤਾ ਆਰੀਆ ਸੱਭਿਅਤਾ ਤੋਂ ਕੋਈ ਘਟ ਨਹੀਂ ਸੀ। ਆਰੀਆਂ ਵਲੋਂ ਉਨ੍ਹਾਂ ਦੇ ਤਬਾਹ ਕੀਤੇ ਗਏ ਪੁਰਾਂ ਅਤੇ ਨਗਰਾਂ ਦੇ ਵਰਣਨ ਤੋਂ ਇਹ ਗੱਲ ਸਪਸ਼ਟ ਸਿਧ ਹੁੰਦੀ ਹੈ। ਹੜੱਪੇ ਅਤੇ ਰੋਪੜ ਦੀ ਖੁਦਾਈ ਤੋਂ ਜੋ ਨਤੀਜੇ ਕੱਢੇ ਜਾ ਰਹੇ ਹਨ ਉਹ ਭੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਪ੍ਰਾਚੀਨ ਆਰੀਆਂ ਦੇ ਦੋ ਵਿਸ਼ੇਸ਼ ਵੱਡੇ ਘਰਾਣੇ ਹੋਏ ਹਨ: ਸੂਰਜਬੰਸੀ ਅਤੇ ਚੰਦਰਬੰਸੀ। ਸੂਰਜਬੰਸੀਆਂ ਵਿਚੋਂ ਇਕਸ਼ਵਾਕੂ ਬੜਾ ਪਰਸਿੱਧ ਹੋਇਆ ਹੈ ਜਿਸ ਦੀ ਔਲਾਦ ਵਿੱਚੋਂ ਅਜੁੱਧਿਆ ਦੇ ਰਾਜਾ ਦਸਰਥ ਦੇ ਸਪੁੱਤਰ ਸ੍ਰੀ ਰਾਮ ਚੰਦਰ ਇਤਿਹਾਸ-ਪਰਸਿੱਧ ਮਹਾਪੁਰਖ ਹੋਏ ਹਨ। ਪਰ ਰਾਮਾਇਣ ਦੀ ਕਥਾ ਦਾ ਪੰਜਾਬ ਨਾਲ ਸਿੱਧਾ ਕੋਈ ਸਬੰਧ ਨਾ ਹੋਣ ਕਰਕੇ ਇਸ ਸਬੰਧੀ ਬਹੁਤਾ ਕੁਝ ਇੱਥੇ ਨਹੀਂ ਕਿਹਾ ਜਾ ਰਿਹਾ। ਸ੍ਰੀ ਰਾਮ ਚੰਦਰ ਦੇ ਬਨਵਾਸ ਕੱਟ ਕੇ ਅਜੁੱਧਿਆ ਮੁੜ ਆਉਣ ਪਿੱਛੋਂ ਛੋਟੇ ਭਾਈ ਭਰਤ ਨੂੰ ਉਸ ਦਾ ਨਾਨਕਾ ਕੈਕੇਇ ਦੇਸ ਦਾ ਰਾਜ ਪਰਾਪਤ ਹੋਇਆ ਜੋ ਜਿਹਲਮ ਅਤੇ ਝਨਾਂ ਨਦੀਆਂ ਦੇ ਵਿਚਕਾਰ ਸੀ। ਉੱਤਰੀ ਸਿੰਧ (ਡੇਰਾਜਾਤ) ਭੀ ਉਸ ਵਿਚ ਸ਼ਾਮਲ ਸੀ। ਭਰਤ ਦੇ ਦੋ ਪੁੱਤਰ ਸਨ: ਤਕਸ਼ ਅਤੇ ਪੁਸ਼ਕਰ। ਇਨ੍ਹਾਂ ਨੇ ਗੰਧਰਵਾਂ ਤੋਂ ਗਾਂਧਾਰ (ਸਿੰਧ ਸਾਗਰ ਦੁਆਬ — ਰਾਵਲਪਿੰਡੀ ਅਤੇ ਪਿਸ਼ਾਵਰ ਦੇ ਜ਼ਿਲੇ) ਜਿਤ ਕੇ ਤਕਸ਼ਿਲਾ (ਟੈਕਸਿਲਾ) ਤੇ ਪੁਸ਼ਕਰਾਵਤੀ (ਕਾਬੁਲ ਅਤੇ ਸਵਾਤ ਦਰਿਆਵਾਂ ਦੇ ਸੰਗਮ ਉੱਤੇ ਚਾਰ-ਸੱਦਾ) ਦੀ ਨੀਂਹ ਰੱਖੀ। ਤਕਸ਼ਿਲਾ ਪੂਰਬੀ ਗਾਂਧਾਰ ਵਿਚ ਸੀ ਅਤੇ ਪੁਸ਼ਕਰਾਵਤੀ ਪੱਛਮੀ ਗਾਂਧਾਰ ਵਿਚ।

**ਮਹਾਭਾਰਤ ਜੁੱਧ** – ਚੰਦਰਬੰਸੀਆਂ (ਪੌਰਵਾਂ) ਦਾ ਇਕ ਇਤਿਹਾਸ-ਪਰਸਿੱਧ ਵਡਿੱਕਾ ਦੁਸ਼ਿਅੰਤ ਹੋਇਆ ਹੈ ਜਿਸ ਦਾ ਰਿਖੀ ਵਿਸ਼ਵਾ-ਮਿੱਤਰ ਦੀ ਪੁੱਤਰੀ ਸ਼ਕੁੰਤਲਾ ਨਾਲ ਵਿਆਹ ਹੋਇਆ ਸੀ। ਇਸ ਦੀ ਕੁੱਖੋਂ ਹਿੰਦੁਸਤਾਨ ਦੇ ਮਹਾਨ ਪਰਤਾਪੀ ਰਾਜਾ ਭਰਤ ਨੇ ਜਨਮ ਲਿਆ। ਭਰਤ ਦਾ ਰਾਜ (੨੩੫੦—੨੩੦੦ ਈ. ਪੂ.) ਸਰਸ੍ਵਤੀ ਤੋਂ ਲੈ ਕੇ ਗੰਗਾ ਤੱਕ ਸੀ ਅਤੇ ਇਹ ਚਕਰਵਰਤੀ ਰਾਜਾ ਪਰਸਿੱਧ ਹੋਇਆ। ਭਰਤ ਦੇ ਨਾਉਂ ਉੱਤੇ ਹਿੰਦੁਸਤਾਨ ਦਾ ਨਾਉਂ ਭਾਰਤ ਪਿਆ ਦੱਸੀਦਾ ਹੈ। ਇਸ ਦੀ ਛੇਵੀਂ ਪੀੜ੍ਹੀ ਤੇ ਹਸਤੀ ਹੋਇਆ ਜਿਸ ਨੇ ਆਪਣੇ ਨਾਉਂ ਪਰ ਹਸਤਿਨਾਪੁਰ ਵਸਾ ਕੇ ਉਸ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਘਰਾਣੇ ਵਿਚ ਇਕ ਰਾਜਾ ਸੰਵਰਣ ਹੋਇਆ ਜਿਸ ਨੂੰ ਉੱਤਰੀ ਪੰਚਾਲ ਦੇ ਰਾਜਾ ਸੁਦਾਸ ਨੇ ਹਸਤਿਨਾਪੁਰ ਤੋਂ ਕੱਢ ਦਿੱਤਾ ਅਤੇ ਪੰਜਾਬ ਉੱਤੇ ਚੜ੍ਹਾਈ ਕਰ ਕੇ ਰਾਵੀ (ਪਰੁਸ਼ਨੀ) ਦੇ ਕੰਢੇ ਦਸ ਰਾਜਿਆਂ ਨੂੰ ਹਾਰ ਦਿੱਤੀ। ਪਰ ਸੁਦਾਸ ਦੀ ਮੌਤ ਪਿੱਛੋਂ ਸੰਵਰਣ ਨੇ ਹਸਤਿਨਾਪੁਰ ਫੇਰ ਆ ਸੰਭਾਲਿਆ। ਇਸ ਦਾ ਪੁੱਤਰ ਕੁਰੂ ਹੋਇਆ ਜਿਸ ਦੀ ਔਲਾਦ ਕੌਰਵ ਕਹਾਈ ਅਤੇ ਜਿਸ ਤੇ ਨਾਉਂ ਉੱਤੇ ਸਰਸ੍ਵਤੀ ਦਾ ਇਲਾਕਾ ਕੁਰਖੇਤਰ (ਕੁਰੂ + ਖੇਤਰ) ਪਰਸਿੱਧ ਹੋਇਆ।

ਹਸਤਿਨਾਪੁਰ ਦੇ ਕੌਰਵ ਖ਼ਾਨਦਾਨ ਵਿਚ ਦੋ ਭਾਈ ਧਿਰਤਰਾਸ਼ਟਰ ਅਤੇ ਪਾਂਡੂ ਹੋਏ ਹਨ। ਧਿਰਤਰਾਸ਼ਟਰ ਦਾ ਪੁੱਤਰ ਦੁਰਯੋਧਨ ਰਾਜ ਕਰਦਾ ਸੀ। ਪਾਂਡੂ ਦੇ ਪੰਜ ਪੁੱਤਰ (ਪਾਂਡਵ) ਸਨ ਜਿਨ੍ਹਾਂ ਵਿੱਚੋਂ ਯੁਧਿਸ਼ਟਰ ਸਾਰਿਆਂ ਤੋਂ ਵੱਡਾ ਸੀ। ਇਨ੍ਹਾਂ ਨੇ ਪੰਚਾਲ ਦੇਸ ਦੇ ਰਾਜਾ ਦਰੁਪਦ ਦੀ ਸਪੁੱਤਰੀ ਦਰੋਪਦੀ ਨਾਲ ਸੁਅੰਬਰ ਰਾਹੀਂ ਵਿਆਹ ਕਰ ਲਿਆ ਅਤੇ ਕੌਰਵਾਂ ਪਾਸੋਂ ਖ਼ਾਨਦਾਨੀ ਰਾਜ ਵਿੱਚੋਂ ਹਿੱਸਾ ਮੰਗਿਆ, ਪਰ ਦੁਰਯੋਧਨ ਨੇ ਇਕ ਸੂਈ ਦੇ ਨੱਕੇ ਜਿੰਨੀ ਥਾਂ ਭੀ ਦੇਣੋਂ ਨਾਂਹ ਕਰ ਦਿੱਤੀ। ਉਨ੍ਹੀਂ ਦਿਨੀਂ ਆਰੀਆ ਲੋਕਾਂ ਵਿਚ ਜੂਏ ਦੀ ਬੜੀ ਲੱਤ ਸੀ। ਦੁਰਯੋਧਨ ਨੇ ਚਲਾਕੀ ਨਾਲ ਯੁਧਿਸ਼ਟਰ ਨੂੰ ਜੂਏ ਤੇ ਸੱਦ ਕੇ ਉਸ ਦਾ ਰਾਜ-ਭਾਗ ਜਿੱਤ ਲਿਆ ਅਤੇ ਪਾਂਡਵਾਂ ਨੂੰ ਬਨਵਾਸ ਦੇ ਦਿੱਤਾ। ਤੇਰਾਂ

ਵਰ੍ਹ ਬਨਵਾਸ ਕੱਟ ਕੇ ਮੁੜਨ ਪਰ ਭੀ ਦੁਰਯੋਧਨ ਨੇ ਉਨ੍ਹਾਂ ਨੂੰ ਕੁਝ ਦਣਾ ਪਰਵਾਨ ਨਾ ਕੀਤਾ। ਅੰਤ ਕੁਰਖੇਤਰ ਦੇ ਮੈਦਾਨ ਵਿਚ ਲੜਾਈ ਛਿੜ ਪਈ ਜਿਸ ਵਿਚ ਹਿੰਦੁਸਤਾਨ ਭਰ ਦੇ ਸਭ ਉੱਘੇ ਉੱਘੇ ਰਾਜੇ ਤੇ ਸੂਰਮੇਂ ਸ਼ਾਮਲ ਹੋਏ ਅਤੇ ਅਠਾਰਾਂ ਦਿਨਾਂ ਦੇ ਘਮਸਾਨ ਯੁੱਧ ਪਿੱਛੋਂ ਪਾਂਡਵਾਂ ਦੀ ਜਿੱਤ ਹੋਈ। ਇਤਿਹਾਸਕਾਰਾਂ ਨੇ ਇਸ ਮਹਾਨ ਯੁੱਧ ਦੀ ਤਾਰੀਖ਼ ਈਸਾ ਤੋਂ ੧੪੦੦ ਸਾਲ ਪਹਿਲਾਂ ਨਿਯਤ ਕੀਤੀ ਹੈ।

**ਆਰੀਆ ਲੋਕਾਂ ਦਾ ਸਾਹਿਤ** – ਆਰੀਆ ਲੋਕ ਨਿਰੇ ਪੂਰੇ ਜੋਧੇ ਹੀ ਨਹੀਂ ਸਨ, ਉਨ੍ਹਾਂ ਵਿਚ ਕਈ ਉੱਚ ਪਾਏ ਦੇ ਵਿਦਵਾਨ ਭੀ ਸਨ ਜਿਨ੍ਹਾਂ ਨੇ ਆਪਣੇ ਵਿਚਾਰ ਬੜੀ ਸੁੰਦਰ ਬੋਲੀ ਵਿਚ ਪਰਗਟ ਕੀਤੇ ਹੋਏ ਹਨ। ਇਨ੍ਹਾਂ ਦਾ ਸਭ ਤੋਂ ਪਹਿਲਾ ਵਿਦਵਾਨ ਰਿਖੀ ਵਿਸ਼ਵਾ-ਮਿਤ੍ਰ ਹੋਇਆ ਹੈ ਜੋ ਇਕਸ਼ਵਾਕੂ ਤੋਂ ੨੯ਵੀਂ ਪੀੜ੍ਹੀ ਦੇ ਵੇਲੇ ਸੀ। ਇਸ ਤੋਂ ਚਾਲ੍ਹੀ ਪੀੜ੍ਹੀਆਂ ਬਾਦ ਤਕ ਰਿਖੀਆਂ ਦੀ ਪਰੰਪਰਾ ਚਲਦੀ ਰਹੀ ਮੰਨੀ ਜਾਂਦੀ ਹੈ। ਜੋ ਗਿਆਨ ਇਨ੍ਹਾਂ ਪ੍ਰਾਚੀਨ ਰਿਖੀਆਂ ਨੇ ਕਵਿਤਾ ਵਿਚ ਉਚਾਰਨ ਕੀਤਾ ਉਹ ਪਹਿਲੋਂ ਪਹਿਲ ਮੂੰਹ ਜ਼ਬਾਨੀ ਯਾਦ ਸੀ। ਪਰ ਜਦ ਮਹਾਭਾਰਤ ਯੁੱਧ ਤੋਂ ਕੋਈ ਦੋ ਕੁ ਸੌ ਸਾਲ ਪਹਿਲਾਂ ਲਿਖਣ ਦੀ ਪਰੰਪਰਾ ਸਥਾਪਤ ਹੋਈ ਤਾਂ ਇਹ ਗਿਆਨ ਲਿਖਤ ਵਿਚ ਆ ਗਿਆ ਅਤੇ ਵੇਦ ਦੇ ਨਾਉਂ ਨਾਲ ਪਰਸਿੱਧ ਹੋਇਆ।

ਸਭ ਤੋਂ ਪਹਿਲੀ ਅਤੇ ਮੂਲ ਪੁਸਤਕ ਰਿਗਵੇਦ ਹੈ। ਇਸ ਵਿਚ ੧੦੧੭ ਸੂਕਤ ਯਾ ਕਵਿਤਾਵਾਂ ਹਨ ਜੋ ਬਹੁਤੀਆਂ ਦੇਵਤਿਆਂ ਦੀ ਉਸਤਤ ਵਿਚ ਜਾਂ ਉਨ੍ਹਾਂ ਦੀ ਸੇਵਾ ਵਿਚ ਪਰਾਰਥਨਾਂ ਵਜੋਂ ਹਨ। ਇਹ ੧੦ ਮੰਡਲਾਂ ਵਿਚ ਵੰਡੀਆਂ ਹੋਈਆਂ ਹਨ। ਰਿਗਵੇਦ ਦੇ ਮੰਤਰ ਦੇਸ ਦੀ ਉਸ ਪੁਰਾਣੀ ਬੋਲੀ ਵਿਚ ਹਨ ਜੋ ਉਸ ਵੇਲੇ ਏਥੇ ਬੋਲੀ ਜਾਂਦੀ ਸੀ ਅਤੇ ਇਹ ਆਰੀਆ ਲੋਕਾਂ ਦੀ ਸੱਭਿਅਤਾ ਦੇ ਲਖਾਇਕ ਹਨ। ਦੂਸਰਾ ਸਾਮਵੇਦ ਹੈ ਜਿਸ ਵਿਚ ਗੀਤਾਂ ਦਾ ਸੰਗ੍ਰਹਿ ਹੈ। ਤੀਸਰੇ ਯਜੁਰਵੇਦ ਵਿਚ ਯੱਗਾਂ ਦੀ ਰੀਤ ਅਤੇ ਉਨ੍ਹਾਂ ਦੇ ਮੰਤਰ ਦਿੱਤੇ ਹੋਏ ਹਨ। ਦੂਸਰੇ ਅਤੇ ਤੀਸਰੇ ਵੇਦ ਵਿਚ ਚੋਖੇ ਮੰਤਰ ਐਸੇ ਹਨ ਜੋ ਰਿਗਵੇਦ ਵਿਚ ਆ ਚੁਕੇ ਹੋਏ ਹਨ। ਇਨ੍ਹਾਂ ਤਿੰਨਾਂ ਵੇਦਾਂ ਨੂੰ 'ਤਰੈਈ' ਕਿਹਾ ਜਾਂਦਾ ਹੈ। ਚੌਥਾ ਅਥਰਵਵੇਦ ਆਮ ਜਨਤਾ ਲਈ ਫੁਟਕਲ ਮੰਤਰਾਂ ਦੀ ਪਰਾਰਥਨਾ-ਪੁਸਤਕ ਹੈ।

ਵੇਦਕ ਸੂਤਰਾਂ ਨੂੰ ਵਿਸਥਾਰ ਸਹਿਤ ਸਮਝਣ ਸਮਝਾਉਣ ਲਈ ਬ੍ਰਾਹਮਣ ਗ੍ਰੰਥ ਰਚੇ ਗਏ ਅਤੇ ਫੇਰ ਪਿੱਛੋਂ ਉਪਨਿਸ਼ਦ ਲਿਖੇ ਗਏ ਜੋ ਆਤਮਕ ਗਿਆਨ ਦੇ ਭੰਡਾਰ ਹਨ। ਆਰੀਆ ਲੋਕਾਂ ਦੀ ਉੱਨਤੀ ਧਾਰਮਕ ਸਾਹਿੱਤ ਤਕ ਹੀ ਸੀਮਤ ਨਹੀਂ ਸੀ, ਬਲਕਿ ਹਰ ਲੋੜੀਂਦੇ ਇਲਮ ਵਲ ਧਿਆਨ ਦਿੱਤਾ ਜਾਂਦਾ ਸੀ। ਧਨੁਰ-ਵੇਦ (ਜੰਗ ਦੀ ਵਿੱਦਿਆ) ਗਾਂਧਰਵ-ਵੇਦ (ਰਾਗ ਵਿੱਦਿਆ), ਅਰਥਵੇਦ (ਵਪਾਰ ਅਤੇ ਕਾਰੀਗਰੀ), ਆਯੁਰਵੇਦ (ਦਵਾ ਦਾਰੂ), ਛੰਦ (ਕਵਿਤਾ) ਵਿਆਕਰਣ, ਨਿਰੁਕਤ, ਜੋਤਿਸ਼ ਆਦਿ ਸੰਬੰਧੀ ਗ੍ਰੰਥ ਭੀ ਰਚੇ ਗਏ। ਮੱਨੂ ਦਾ ਧਰਮ ਸ਼ਾਸਤਰ, ਜਿਸ ਵਿਚ ਸਮਾਜ ਦੀ ਬਣਤਰ ਦਾ ਵਰਣਨ ਹੈ, ਅਤੇ ਪਾਨਿਨੀ ਦਾ ਵਿਆਕਰਣ ਇਸ ਸਮੇਂ ਦੇ ਸਾਹਿਤ ਦੇ ਨਮੂਨੇ ਹਨ।

**ਮਹਾਜਨਪਦ** – ਮਹਾਭਾਰਤ ਦੇ ਜੁੱਧ ਤੋਂ ਬਾਦ ਹਿੰਦੁਸਤਾਨ ਵਿਚ ਚੋਖੀ ਰਾਜਸੀ ਅਦਲਾ-ਬਦਲੀ ਹੋ ਗਈ। ਪਹਿਲੇ ਜੋ ਬਹੁਤ ਸਾਰੇ ਰਾਜਿਆਂ ਦੇ ਰਾਜ ਸਨ, ਹੁਣ ਲੋਕ-ਰਾਜ (ਜਨ-ਪਦ) ਬਣ ਗਏ ਜੋ ਸਮਾ ਪਾ ਕੇ ਬਾਦ ਵਿਚ ਮਹਾਜਨ-ਪਦ ਹੋ ਗਏ। ਪੰਜਾਬ ਦੇ ਦੋ ਜਨ-ਪਦ ਬੜੇ ਪਰਸਿੱਧ ਹੋਏ ਹਨ, ਇਕ ਕੁਰੂ ਜਨ-ਪਦ (ਕੁਰਖੇਤਰ ਜਾਂ ਸਰਸੂਤੀ ਦਾ ਇਲਾਕਾ) ਜਿੱਥੇ ਕੁਰੂ ਲੋਕ ਵੱਸਦੇ ਸਨ ਅਤੇ ਦੂਸਰਾ ਮਦਰ ਜਨ-ਪਦ (ਰਾਵੀ ਤੇ ਝਨਾਂ ਦਾ ਇਲਾਕਾ) ਜਿੱਥੇ ਮਦਰ ਲੋਕ ਵਸਦੇ ਸਨ। ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ (ਜ਼ਿਲਾ ਹੁਸ਼ਿਆਰਪੁਰ) ਨੂੰ ਭੀ ਮਦਰ ਦੇਸ ਵਿਚ ਹੀ ਦੱਸਿਆ ਹੈ। ਜਲੰਧਰ ਦੁਆਬ ਨੂੰ ਤ੍ਰਿ-ਗਰਤ ਆਖਦੇ ਸਨ। ਚੰਬਾ, ਸੁਕੇਤ ਅਤੇ ਮੰਡੀ ਦੇ ਇਲਾਕੇ ਭੀ ਇਸੇ ਵਿਚ ਸ਼ਾਮਲ ਸਨ। ਲਹਿੰਦੇ ਵਲ ਗਾਂਧਾਰ ਦੇਸ ਸੀ ਜਿਸ ਦੀ ਰਾਜਧਾਨੀ ਤਕਸ਼ਿਲਾ ਉਨ੍ਹਾਂ ਸਮਿਆਂ ਵਿਚ ਉੱਚ ਵਿੱਦਿਆ ਦਾ ਇਕ ਜਗਤ-ਪਰਸਿੱਧ ਕੇਂਦਰ ਸੀ। ਕਸ਼ਮੀਰ ਭੀ ਗਾਂਧਾਰ ਦੇ ਅਧੀਨ ਹੀ ਹੁੰਦਾ ਸੀ।

**ਸਿਕੰਦਰ ਦਾ ਹੱਲਾ** — ਈਸਾ ਤੋਂ ਪਹਿਲਾਂ ੩੨੬ ਸੰਨ ਵਿਚ ਯੂਨਾਨੀ ਵਿਜਈ ਸਿਕੰਦਰ ਨੇ ਈਰਾਨ ਨੂੰ ਜਿੱਤ ਕੇ ਹਿੰਦੁਸਤਾਨ ਤੇ ਆ ਧਾਵਾ ਬੋਲਿਆ। ਉਨ੍ਹੀਂ ਦਿਨੀਂ ਸਿੰਧ ਦਰਿਆ ਈਰਾਨ ਦੀ ਚੜ੍ਹਦੀ ਹੱਦ ਸੀ। ਤਕਸ਼ਿਲਾ ਦੇ ਰਾਜਾ ਆਂਭੀ ਦੇ ਸਿਕੰਦਰ ਦੀ ਈਨ ਮੰਨ ਲੈਣ ਕਰਕੇ ਉਹ ਸੌਖੇ ਹੀ ਸਿੰਧੋਂ ਪਾਰ ਹੋ ਆਇਆ ਅਤੇ ਰਾਜਾ ਪੁਰੂ (ਪੋਰਸ) ਦੇ ਕੈਕੇਇ ਦੇਸ ਉੱਤੇ ਹੱਲਾ ਬੋਲ ਦਿੱਤਾ। ਪੁਰੂ ਸੂਰਮਿਆਂ ਵਾਂਙੂ ਡਟ ਕੇ ਲੜਿਆ, ਪਰ ਸਿਕੰਦਰ ਦੇ ਘੋੜ-ਚੜ੍ਹਿਆਂ ਅੱਗੇ ਉਸ ਦੀ ਕੋਈ ਪੇਸ਼ ਨਾ ਗਈ ਅਤੇ ਹਾਰ ਖਾ ਗਿਆ। ਸਿਕੰਦਰ ਹੁਣ ਚੜ੍ਹਦੇ ਵਲ ਅੱਗੇ ਨੂੰ ਵਧਿਆ। ਪੈਰ ਪੈਰ ਤੇ ਪੰਜਾਬੀਆਂ ਨੇ ਉਸ ਦਾ ਟਾਕਰਾ ਕੀਤਾ ਅਤੇ ਰਾਵੀ ਲੰਘ ਕੇ ਕਠ ਲੋਕਾਂ ਨਾਲ ਜੋ ਜੁੱਧ ਮਚਿਆ ਉਸ ਨਾਲ ਯੂਨਾਨੀ ਘਬਰਾ ਉੱਠੇ ਅਤੇ ਸਿਕੰਦਰ ਪੁਰੂ ਦੀ ਸਹਾਇਤਾ ਨਾਲ ਹੀ ਜਿੱਤ ਪਰਾਪਤ ਕਰ ਸਕਿਆ। ਹੁਣ ਜਦ ਉਹ ਬਿਆਸ ਦੇ ਕੰਢੇ (ਜ਼ਿਲਾ ਹੁਸ਼ਿਆਰਪੁਰ ਦੀ ਹੱਦ) ਉੱਤੇ ਪੁੱਜਾ ਤਾਂ ਸਿਕੰਦਰ ਦੀ ਫ਼ੌਜ ਨੇ ਅੱਗੇ ਵਧਣੋਂ ਨਾਂਹ ਕਰ ਦਿੱਤੀ। ਨਿੱਤ ਦੇ ਟਾਕਰਿਆਂ ਨੇ ਯੂਨਾਨੀਆਂ ਦਾ ਦਮ ਤੇ ਹੌਸਲਾ ਤੋੜ ਦਿੱਤਾ। ਹਾਲੇ ਅੱਧਾ ਪੰਜਾਬ ਅੱਗੇ ਹੋਰ ਪਿਆ ਸੀ। ਸਿਕੰਦਰ ਨੇ ਯੂਨਾਨੀਆਂ ਨੂੰ ਬੜੇ ਹੌਂਸਲੇ ਅਤੇ ਦਿਲਾਸੇ ਦਿੱਤੇ, ਪਰ ਉਨ੍ਹਾਂ ਇਕ ਨਾ ਮੰਨੀ। ਅੰਤ ਸਿਕੰਦਰ ਇੱਥੋਂ ਪਿੱਛੇ ਨੂੰ ਮੁੜ ਪੈਣ ਲਈ ਮਜਬੂਰ ਹੋ ਗਿਆ। ਰਾਵੀ ਅਤੇ ਝਨਾਂ ਦੇ ਸੰਗਮ ਦੇ ਲਾਗੇ ਓਦੋਂ ਮਲੋਈ ਲੋਕ ਵਸਦੇ ਸਨ। ਮੁਲਤਾਨ ਤੋਂ ਉੱਤਰ-ਚੜ੍ਹਦੇ ਨੂੰ ੪੦ ਕੁ ਮੀਲ ਦੀ ਵਿਥ ਤੇ ਉਨ੍ਹਾਂ ਨਾਲ ਟਾਕਰੇ ਵਿਚ ਸਿਕੰਦਰ ਜ਼ਖ਼ਮੀ ਅਤੇ ਬੇਹੋਸ਼ ਹੋ ਗਿਆ। ਸਿੰਧ ਦਰਿਆਉਂ ਪਾਰ ਹੋ ਕੇ ਸਿਕੰਦਰ ਯੂਨਾਨ ਨੂੰ ਮੁੜ ਪਿਆ, ਪਰ ਰਸਤੇ ਵਿਚ ਬਾਬੁਲ ਦੇ ਅਸਥਾਨ ਤੇ ਸੰਨ ੩੨੩ ਈ. ਪੂ. ਵਿਚ ਉਸ ਦਾ ਦੇਹਾਂਤ ਹੋ ਗਿਆ।

**ਚੰਦਰ ਗੁਪਤ ਮੌਰੀਆ** — ਸਿਕੰਦਰ ਪੰਜਾਬ ਵਿਚ ਆਪਣਾ ਰਾਜ ਪੱਕਾ ਨਾ ਕਰ ਸਕਿਆ। ਉਸ ਦੇ ਮੂੰਹ ਮੋੜਦੇ ਸਾਰ ਹੀ ਹੱਲਾ-ਗੁੱਲਾ ਮਚ ਗਿਆ ਅਤੇ ਉਸ ਦੀ ਮੌਤ ਤੋਂ ਛੇਤੀ ਹੀ ਪਿੱਛੋਂ ਚੰਦਰ ਗੁਪਤ ਮੌਰੀਆ (੩੨੪—੩੦੦ ਈ. ਪੂ.) ਨੇ ਪੰਜਾਬ ਵਿੱਚੋਂ ਯੂਨਾਨੀਆਂ ਦੀ ਬਹੁਤ ਹੱਦ ਤਕ ਸਫ ਹੀ ਵਲ੍ਹੇਟ ਛੱਡੀ। ਈਸਾ ਤੋਂ ਪਹਿਲਾਂ ਸੰਨ ੩੦੫ ਵਿਚ ਜਦ ਸੀਰੀਆ ਦੇ ਬਾਦਸ਼ਾਹ ਸਿਲੂਕਸ ਨਿਕਾਤੋਰ ਨੇ ਹਿੰਦ ਉੱਤੇ ਹੱਲਾ ਕੀਤਾ ਤਾਂ ਉਸ ਨੂੰ ਲੈਣੇ ਦੇ ਦੇਣੇ ਪੈ ਗਏ ਅਤੇ ਇਸ ਨੇ ਸਿੰਧ ਤੋਂ ਚੜ੍ਹਦੇ ਪਾਰ ਦਾ ਇਲਾਕਾ ਅਤੇ ਆਪਣੀ ਧੀ ਦਾ ਡੋਲਾ ਦੇ ਕੇ ਪਿੱਛਾ ਛੁਡਾਇਆ।

**ਬਾਖ਼ਤਰੀ ਯੂਨਾਨੀ** — ਚੰਦਰ ਗੁਪਤ ਦੇ ਪੁੱਤਰ ਬਿੰਦੂਸਾਰ (੩੦੦—੨੭੩ ਈ. ਪੂ.) ਦੇ ਪੋਤੇ ਅਸ਼ੋਕ ਦੇ ਜ਼ਮਾਨੇ (੨੭੩—੨੩੬ ਈ. ਪੂ.) ਵਿਚ ਰਾਜ-ਧਰਮ ਬੁੱਧ ਹੋ ਗਿਆ। ਅਸ਼ੋਕ ਇਕ ਮਹਾਨ ਪਰਤਾਪੀ ਰਾਜਾ ਹੋਇਆ ਹੈ, ਪਰ ਇਸ ਦੇ ਪਿਛਲਿਆਂ ਦੇ ਹੱਥੋਂ ਛੇਤੀ ਹੀ ਰਾਜ ਖੁੱਸ ਗਿਆ ਅਤੇ ਬਾਖ਼ਤਰੀਆ ਦੇ ਯੂਨਾਨੀਆਂ ਦਾ ਜ਼ੋਰ ਪੈ ਗਿਆ ਅਤੇ ਉਨ੍ਹਾਂ ਨੇ ਪੰਜਾਬ ਵਿਚ ਤਿੰਨ ਛੋਟੇ ਛੋਟੇ ਰਾਜ ਕਾਇਮ ਕਰ ਲਏ। ਇਕ ਪੁਸ਼ਕਰਾਵਤੀ (ਚਾਰਸੱਦਾ-ਪਿਸ਼ਾਵਰ ਤੋਂ ਉੱਤਰ-ਚੜ੍ਹਦੇ ਨੂੰ ੧੭ ਮੀਲ, ਸਵਾਤ ਦੇ ਕੰਢੇ) ਦੂਸਰਾ ਤਕਸ਼ਿਲਾ ਅਤੇ ਤੀਸਰਾ ਸ਼ਾਕਲ। ਸ਼ਾਕਲ ਦਾ ਮਨਿੰਦਰ (੧੫੫—੧੩੦ ਈ. ਪੂ.) ਨਾਮੀ ਇਕ ਯੂਨਾਨੀ ਰਾਜਾ ਬੜਾ ਪ੍ਰਭਾਵਸ਼ਾਲੀ ਹੋਇਆ ਹੈ। ਇਸ ਨੇ ਬੁੱਧ ਧਰਮ ਧਾਰਨ ਕਰ ਲਿਆ ਸੀ ਤੇ ਇਸ ਦੇ ਪਰਚਾਰ ਲਈ ਬੜਾ ਜਤਨ ਕੀਤਾ।

**ਗਣ-ਰਾਜ** — ਯੂਨਾਨੀ ਰਾਜਿਆਂ ਦੇ ਸਮੇਂ ਪੂਰਬੀ ਪੰਜਾਬ ਵਿਚ ਗਣ-ਰਾਜ ਸਥਾਪਿਤ ਹੋਏ। ਸਤਲੁਜ ਦੇ ਦੱਖਣ ਨੂੰ ਰੋਹਤਕ ਦੇ ਇਲਾਕੇ ਤੱਕ ਯੌਧੇਇ ਲੋਕਾਂ ਦਾ ਇਕ ਬੜਾ ਜ਼ੋਰ ਵਾਲਾ ਗਣ ਸੀ। ਇਸ ਬੰਸ ਦੇ ਲੋਕ ਹੁਣ ਭੀ ਹਰਿਆਣੇ ਅਤੇ ਭਟਿਆਣੇ ਵਿਚ ਵਸਦੇ ਹਨ ਅਤੇ ਜੋਹੀਏ ਕਰਕੇ ਪਰਸਿੱਧ ਹਨ। ਕੁਣਿੰਦ ਨਾਉਂ ਦਾ ਗਣ-ਰਾਜ ਬਿਆਸਾ ਤੋਂ ਜਮਨਾ ਤਕ ਸ਼ਿਵਾਲਕ ਦੀ ਕੰਢੀ ਵਿਚ ਸੀ। ਮਲੋਈ ਜਾਤਿ ਦੇ ਲੋਕਾਂ ਦਾ ਗਣ ਇਨ੍ਹੀਂ ਦਿਨੀਂ ਯੂਨਾਨੀਆਂ ਦੇ ਦਬਾਉ ਕਰਕੇ ਮੁਲਤਾਨ ਤੋਂ ਉਠ ਕੇ ਪੰਜਾਬ ਨੂੰ ਛਡ ਗਿਆ ਅਤੇ ਚੰਬਲ ਨਦੀ ਦੇ ਕੰਢੇ ਜਾ ਵਸਿਆ।

**ਸ਼ਕ ਲੋਕਾਂ ਦਾ ਪੰਜਾਬ ਆਉਣਾ** – ਜਦ ਸ਼ਕ ਲੋਕਾਂ ਦੇ ਸੀਸਤਾਨ (ਸ਼ਕਸਥਾਨ) ਵਿਚ ਬਹੁਤੀ ਦੇਰ ਪੈਰ ਜੰਮੇ ਨਾ ਰਹਿ ਸਕੇ ਤਾਂ ਉਹ ਦੱਖਣ-ਚੜ੍ਹਦੇ ਵੱਲ ਨੂੰ ਨਿਕਲ ਤੁਰੇ ਅਤੇ ਸਿੰਧ ਵਿਚ ਆ ਬੈਠੇ। ਇਹ ਗੱਲ ਈਸਾ ਤੋਂ ਪਹਿਲਾਂ ੧੨੦-੧੨੫ ਸਾਲ ਦੀ ਹੈ। ਇਨ੍ਹਾਂ ਕਰਕੇ ਹੀ ਸਿੰਧ ਦਾ ਨਾਉਂ ਸ਼ਕ-ਦੀਪ ਪੈ ਗਿਆ। ਸ਼ਕਾਂ ਨੇ ਇੱਥੋਂ ਬਾਹਰ ਧਾਵੇ ਕਰਨੇ ਅਰੰਭ ਦਿੱਤੇ ਅਤੇ ਪਹਿਲਾ ਹੱਲਾ ਸੁਰਾਸ਼ਟਰ (ਕਾਠੀਆਵਾੜ) ਅਤੇ ਉਜੈਨ ਉੱਤੇ (ਸੰਨ ੧੦੦ ਈ. ਪੂ.) ਕੀਤਾ। ਉਜੈਨ ਤੋਂ ਪੁਸ਼ਕਰ ਹੁੰਦੇ ਹੋਏ ਸ਼ਕ ਵਿਜਈ ਮਥੁਰਾ ਪੁੱਜ ਗਏ। ਇਸੇ ਸਮੇਂ ਇਨ੍ਹਾਂ ਦਾ ਇਕ ਦਲ ਸਿੰਧੋਂ ਗਾਂਧਾਰ (ਪਿਸ਼ਾਵਰ) ਵਲ ਚੜ੍ਹ ਆਇਆ ਅਤੇ ਸਵਾਤ ਦੀ ਦੂਨ ਤਕ (੬੫ ਈ. ਪੂ. ਦੇ ਲਗਭਗ) ਪੁਜ ਗਿਆ। ਸ਼ਕਾਂ ਦੇ ਇਸ ਹੜ੍ਹ ਨਾਲ ਪੰਜਾਬ ਦੇ ਬਾਖ਼ਤਰੀ ਯੂਨਾਨੀਆਂ ਦੇ ਰਾਜਾਂ ਦੀ ਸਫ਼ਾਈ ਹੋ ਗਈ। ਪਰ ਸ਼ਕਾਂ ਦਾ ਰਾਜਸੀ ਜ਼ੋਰ ਭੀ ਦੇਸ ਵਿਚ ਬਹੁਤ ਦੇਰ ਨਾ ਟਿਕ ਸਕਿਆ। ਇਕ ਪਾਸੇ ਮਾਲਵ-ਗਣ ਅਤੇ ਗੌਤਮੀ ਪੁੱਤਰ ਸ਼ਾਤ-ਕਰਣਿ (ਸਾਤਵਾਹਨ) ਨੇ ਰਲ ਕੇ ਸ਼ਕਾਂ ਨੂੰ ਉਜੈਨ ਵਿਚ ਹਰਾ ਕੇ (ਸੰਨ ੫੮ ਈ: ਪੂ:) ਉਜਾੜ ਦਿੱਤਾ ਤੇ ਆਪਣੀ ਜਿਤ ਦੀ ਖ਼ੁਸ਼ੀ ਵਿਚ ਸੰਮਤ ਚਲਾਇਆ ਜੋ ਪਿੱਛੋਂ ਜਾ ਕੇ ਬਿਕਰਮ ਸੰਮਤ ਦੇ ਨਾਉਂ ਨਾਲ ਪਰਸਿੱਧ ਹੋ ਗਿਆ। ਦੂਸਰੇ ਪਾਸੇ ਪਾਰਥ (ਪਾਰਥੀਅਨ, ਪਲ੍ਹਵ) ਲੋਕਾਂ ਨੇ ਸੀਸਤਾਨ ਤੋਂ ਹਿਰਾਤ ਅਤੇ ਕਾਬੁਲ ਹੁੰਦੇ ਹੋਏ ਗਾਂਧਾਰ (ਪਿਸ਼ਾਵਰ) ਅਤੇ ਸਿੰਧ ਭੀ ਸ਼ਕਾਂ ਕੋਲੋਂ ਖੋਹ ਲਿਆ (ਲਗਭਗ ੪੫ ਈ. ਪੂ.), ਜਿਸ ਨਾਲ ਸ਼ਾਕਲ ਤੋਂ ਬਿਨਾਂ ਉਨ੍ਹਾਂ ਦਾ ਰਾਜ ਕਿਤੇ ਵੀ ਨਾ ਰਹਿ ਗਿਆ।

**ਕੁਸ਼ਾਨ ਜਾਂ ਯੂਇ-ਚੀ** – ਇਸ ਵੇਲੇ ਜਦ ਕਿ ਪਲ੍ਹਵ (ਪਾਰਥੀਅਨ) ਲੋਕ ਕਾਬੁਲ ਉੱਤੇ ਅਧਿਕਾਰ ਜਮਾਉਣ ਦੇ ਆਹਰ ਵਿਚ ਲੱਗੇ ਹੋਏ ਸਨ, ਕੁਸ਼ਾਨ ਲੋਕ ਗਾਂਧਾਰ ਵਲ ਆ ਨਿਕਲੇ ਅਤੇ ਜਦ ਪਾਰਥੀ (ਪਲ੍ਹਵ) ਜ਼ਰਾ ਕੁ ਕਮਜ਼ੋਰ ਹੁੰਦੇ ਦਿਸੇ ਤਾਂ ਕੁਸ਼ਾਨਾਂ ਨੇ ਗਾਂਧਾਰ ਅਤੇ ਉਸ ਦੇ ਲਹਿੰਦੇ ਕਪਿਸ਼ ਅਤੇ ਅਫ਼ਗ਼ਾਨਿਸਤਾਨ ਉੱਤੇ ਕਬਜ਼ਾ ਕਰ ਲਿਆ। ਕੁਸ਼ਾਨ ਕਪਿਸ਼ ਦੇ ਪੁੱਤਰ ਵਿਮ-ਕਪਿਸ਼ (੩੦-ਈ.) ਨੇ ਸਾਰੇ ਪੰਜਾਬ, ਸਿੰਧ ਅਤੇ ਮਥਰਾ ਦੇ ਇਲਾਕੇ ਤੱਕ ਆਪਣਾ ਰਾਜ ਵਧਾ ਲਿਆ। ਪੰਜਾਬ ਵਿਚ ਇਹ ਸਿਰੀ ਕਪਿਸ਼ 'ਸਿਰਕੱਪ' ਕਰਕੇ ਪਰਸਿੱਧ ਹੈ।

ਕੁਸ਼ਾਨਾਂ ਵਿਚੋਂ ਕਨਿਸ਼ਕ (੧੨੦-੧੫੦ ਈ.) ਬੜਾ ਵੱਡਾ ਸਮਰਾਟ ਹੋਇਆ ਹੈ। ਇਸ ਦੀ ਰਾਜਧਾਨੀ ਪਿਸ਼ਾਵਰ ਸੀ ਜਿਸ ਦੇ ਆਲੇ ਦੁਆਲੇ ਇਸ ਸਮੇਂ ਹੋਈ ਬੁੱਧਾਂ ਦੀ ਪ੍ਰਭੁਤਾ ਦੀਆਂ ਨਿਸ਼ਾਨੀਆਂ ਹੁਣ ਤਕ ਮਿਲਦੀਆਂ ਹਨ।

**ਸੁਤੰਤਰ ਗਣ (ਲੋਕ) ਰਾਜ** – ਕੁਸ਼ਾਨ ਰਾਜ ਪਿਸ਼ਾਵਰ ਵਿਚ ਤਾਂ ਭਾਵੇਂ ਸੰਨ ੪੬੫ ਈ. ਤਕ ਚਲਦਾ ਰਿਹਾ ਜਦ ਕਿ ਗੋਰੇ ਹੂਣਾਂ ਨੇ ਇਸ ਨੂੰ ਬਿਲਕੁਲ ਮਿਟਾ ਕੇ ਰਖ ਦਿੱਤਾ, ਪਰ ਪੰਜਾਬ ਵਿਚ ਪਹਿਲੇ ਵਾਸੁਦੇਵ (ਸੰਨ ੧੪੫-੧੭੬ ਈ.) ਦੇ ਮਗਰੋਂ ਛੇਤੀ ਹੀ ਹਾਲਤ ਪਤਲੀ ਪੈਣੀ ਸ਼ੁਰੂ ਹੋ ਗਈ ਸੀ ਅਤੇ ਮਦਰ, ਕੁਨਿੰਦ, ਕੁਲੂਤ ਅਤੇ ਯੌਧੇਇ ਖ਼ਾਨਦਾਨਾਂ ਨੇ ਸਿਰ ਚੁਕ ਲਏ ਅਤੇ ਆਪਣੇ ਆਪਣੇ ਇਲਾਕਿਆਂ ਵਿਚ ਸੁਤੰਤਰ ਰਾਜ ਖੜੇ ਕਰ ਲਏ। ਮਦਰਾਂ ਦਾ ਇਲਾਕਾ ਸਿਆਲਕੋਟ ਦੇ ਆਲੇ ਦੁਆਲੇ ਸੀ, ਕੁਨਿੰਦਾਂ ਦਾ ਸ਼ਵਾਲਕ ਪਹਾੜ ਦੀ ਕੰਢੀ ਵਿਚ ਜਮਨਾ ਅਤੇ ਸਤਲੁਜ ਦੇ ਵਿਚਕਾਰ ਅਤੇ ਸਤਲੁਜ ਤੇ ਬਿਆਸਾ ਦੇ ਉੱਪਰਲੇ ਵਹਿਣਾਂ ਪਾਸ (ਕਾਂਗੜੇ ਵੱਲ), ਕੁਲੂਤਾਂ ਦਾ ਕੁਲੂ ਦੇ ਪਹਾੜਾਂ ਵਿਚ, ਅਤੇ ਯੌਧੇਆਂ ਦਾ ਸਤਲੁਜ ਦੇ ਦੱਖਣ ਨੂੰ ਹਰਿਆਣੇ ਤੱਕ ਸੀ। ਇਸ ਸਮੇਂ ਦੇ ਯੌਧੇਆਂ ਨੇ ਆਪਣੇ ਜਾਰੀ ਕੀਤੇ ਸਿੱਕਿਆਂ ਉੱਤੇ ਜੁੱਧ ਦੇ ਦੇਵਤਾ ਕਾਰਤਕੇਇ ਦੀ ਮੂਰਤੀ ਬਣਾਈ। ਇਨ੍ਹਾਂ ਦੀ ਨਵੀਂ ਰਾਜਧਾਨੀ ਸਤਲੁਜ ਦੇ ਕੰਢੇ ਸੁਨੇਤਰ ਵਿਚ ਸੀ ਜਿਸ ਦੀ ਉਜੜੀ ਬਸਤੀ ਦੇ ਖੰਡਰ ਸੁਨੇਤ ਨਾਉਂ ਨਾਲ ਸ਼ਹਿਰ ਲੁਧਿਆਣੇ ਦੇ ਲਾਗੇ ਹੁਣ ਤੱਕ ਵੇਖੇ ਜਾ ਸਕਦੇ ਹਨ। ਮਲੂਮ ਹੁੰਦਾ ਹੈ ਕਿ ਕੁਝ ਸਮਾਂ ਪਾ ਕੇ ਕੁਨਿੰਦ-ਗਣ (ਰਾਜ) ਯੌਧੇਆਂ ਨਾਲ ਰਲ ਗਿਆ ਸੀ ਕਿਉਂਕਿ ਯੌਧੇਆਂ ਦੇ ਲੇਖ ਹੁਸ਼ਿਆਰਪੁਰ ਤੋਂ ਲੈ ਕੇ ਬਹਾਵਲਪੁਰ ਅਤੇ ਸਹਾਰਨਪੁਰ ਤੋਂ ਭਰਤਪੁਰ ਤੱਕ ਲਭਦੇ ਰਹੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਕੁਸ਼ਾਨ ਰਾਜ ਨੂੰ ਪੰਜਾਬ ਵਿੱਚੋਂ ਖ਼ਤਮ ਕਰਨ ਦਾ ਸਿਹਰਾ ਯੌਧੇਆਂ ਦੇ ਸਿਰ ਹੈ, ਪਰ ਇਹ ਗੱਲ ਕੇਵਲ ਅੱਧ-ਪਚੱਧੀ ਹੀ ਠੀਕ ਕਹੀ ਜਾ ਸਕਦੀ ਹੈ।

**ਗੁਪਤ ਰਾਜੇ** – ਗੁਪਤ ਖ਼ਾਨਦਾਨ ਦਾ ਅਰੰਭ ਚੜ੍ਹਦੇ ਪੰਜਾਬ ਵਿਚ ਹੋਇਆ ਪਰਤੀਤ ਹੁੰਦਾ ਹੈ। ਪਹਿਲੋਂ ਮਹਾਰਾਜਾ ਸ੍ਰੀ ਗੁਪਤ ਦੇ ਰਾਜ ਵਿਚ ਬੰਗਾਲ ਦਾ ਕੁਝ ਹਿੱਸਾ ਸ਼ਾਮਲ ਸੀ। ਸ੍ਰੀ ਗੁਪਤ ਦੇ ਪੁੱਤਰ ਘਟੋਤਕਚ ਗੁਪਤ ਸਬੰਧੀ ਵੇਰਵੇ ਸਹਿਤ ਕੁਝ ਪਤਾ ਨਹੀਂ ਚਲਦਾ। ਇਸ ਦਾ ਪੁੱਤਰ ਚੰਦਰ ਗੁਪਤ ਪਹਿਲਾ ਸੀ ਜਿਸ ਦਾ ਪੁੱਤਰ ਸਮੁਦਰ ਗੁਪਤ ਪਹਿਲਾ ਸਮਰਾਟ ਹੋਇਆ ਹੈ। ਇਸ ਨੇ ਚੜ੍ਹਦੇ ਪਾਸਿਉਂ ਮੱਲਾਂ ਮਾਰਦੇ ਗੰਗਾ ਜਮਨਾ ਦੇ ਦੁਆਬੇ ਵਿਚ ਆਪਣਾ ਰਾਜ ਆ ਜਮਾਇਆ। ਇਸ ਦਾ ਰਾਜ ਸੰਨ ੩੨੦ ਤੋਂ ਅਰੰਭ ਹੋ ਕੇ ਸੰਨ ੩੭੫ ਤਕ ਰਿਹਾ।

**ਕਿਦਾਰ ਕੁਸ਼ਾਨ** – ਇਸ ਵੇਲੇ ਛੋਟੇ ਰਿਖਿਕਾਂ (ਕੁਸ਼ਾਨਾਂ) ਦੇ ਇਕ ਆਗੂ ਕਿਦਾਰ ਨੇ ਸੰਨ ੩੪੦ ਈ. ਵਿਚ ਪਿਸ਼ਾਵਰ (ਗਾਂਧਾਰ) ਵਿਚ ਆਪਣਾ ਰਾਜ ਖੜਾ ਕਰ ਲਿਆ ਅਤੇ ਕਸ਼ਮੀਰ ਅਤੇ ਅੱਧੇ ਲਹਿੰਦੇ ਪੰਜਾਬ ਤੇ ਭੀ ਕਬਜ਼ਾ ਜਮਾ ਲਿਆ। ਪਹਿਲੋਂ ਪਹਿਲ ਇਹ ਆਪਣੇ ਆਪ ਨੂੰ ਈਰਾਨੀ ਸ਼ਾਹਨਸ਼ਾਹ ਸ਼ਾਹਪੂਰ ਦੇ ਅਧੀਨ ਦਸਦਾ ਰਿਹਾ, ਪਰ ਸੰਨ ੩੫੫ ਈ. ਵਿਚ ਸੁਤੰਤਰ ਹੋ ਬੈਠਾ। ਜਦ ਸ਼ਾਹਪੂਰ ਫ਼ੌਜ ਲੈ ਕੇ ਆ ਚੜ੍ਹਿਆ ਤਾਂ ਇਸ ਨੇ ਈਨ ਮੰਨ ਲਈ, ਪਰ ਸੰਨ ੩੭੭-੭੯ ਵਿਚ ਫੇਰ ਆਜ਼ਾਦ ਹੋ ਗਿਆ ਅਤੇ ਜਦ ਈਰਾਨੀ ਸ਼ਾਹਪੂਰ ਫ਼ੌਜ ਲੈ ਕੇ ਆਇਆ ਤਾਂ ਉਸ ਨੂੰ ਭਜਾ ਦਿੱਤਾ ਅਤੇ ਆਪਣੀ ਆਜ਼ਾਦੀ ਪੱਕੀ ਕਰ ਲਈ। ਕਿਦਾਰ ਕੁਸ਼ਾਨ ਦੇ ਲੱਭੇ ਸਿੱਕਿਆਂ ਤੋਂ ਪਰਤੀਤ ਹੁੰਦਾ ਹੈ ਕਿ ਕਿਦਾਰ ਦੇ ਪਿਛੋਂ ਉਸ ਦੇ ਖ਼ਾਨਦਾਨ ਦੀਆਂ ਕੁਝ ਪੀੜ੍ਹੀਆਂ ਗਾਂਧਾਰ ਵਿਚ ਰਾਜ ਕਰਦੀਆਂ ਰਹੀਆਂ ਹਨ, ਪਰ ਉਨ੍ਹਾਂ ਸਬੰਧੀ ਹਾਲੇ ਤੱਕ ਕੋਈ ਵੇਰਵਾ ਪਤਾ ਨਹੀਂ ਲੱਗਾ। ਕੇਵਲ ਇਤਨਾ ਹੀ ਪਤਾ ਹੈ ਕਿ ਪਿਸ਼ਾਵਰ (ਗਾਂਧਾਰ) ਵਿਚ ਇਨ੍ਹਾਂ ਕੁਸ਼ਾਨਾਂ ਦਾ ਰਾਜ ਸੰਨ ੪੬੫ ਈ. ਤੱਕ ਚਲਦਾ ਰਿਹਾ ਹੈ ਜਦੋਂ ਕਿ ਗੋਰੇ ਹੂਣਾਂ ਨੇ ਇਨ੍ਹਾਂ ਦੀ ਥਾਂ ਆ ਮੱਲੀ।

ਕੁਸ਼ਾਨਾਂ ਦੀ ਪੰਜਾਬ ਵਿਚ ਹਕੂਮਤ ਮੁੜ ਕਦੀ ਜਾਗੀ ਕਿ ਨਹੀਂ, ਇਸ ਗੱਲ ਤੇ ਨਿਰਭਰ ਹੈ ਕਿ ਤੋਰਮਾਨ ਅਤੇ ਮਿਹਿਰਕੁਲ ਆਦਿ ਰਾਜੇ ਕੁਸ਼ਾਨ ਸਨ ਕਿ ਹੂਣ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਹੂਣ ਅਤੇ ਕੁਸ਼ਾਨ ਚਿਹਰੇ-ਮੋਹਰੇ ਤੋਂ ਬਹੁਤ ਮਿਲਦੇ ਜੁਲਦੇ ਸਨ ਅਤੇ ਇਹ ਦੋਵੇਂ ਆਪਸ ਵਿਚ ਘੁਲ-ਮਿਲ ਕੇ ਇੱਕੋ ਕੌਮ ਬਣ ਗਏ ਅਤੇ ਹੂਣ ਨਾਉਂ ਨਾਲ ਪਰਸਿੱਧ ਹੋਏ। ਇਹ ਗੱਲ ਕੋਈ ਅਸੰਭਵ ਨਹੀਂ ਜਾਪਦੀ।

**ਚੰਦਰ ਗੁਪਤ ਬਿਕਰਮਾਦਿਤ** – (੩੭੬-੪੧੫ ਈ.) ਸਮੁਦਰ ਗੁਪਤ ਦਾ ਰਾਜ ਬੰਗਾਲ ਤੋਂ ਲੈ ਕੇ ਪੰਜਾਬ ਤਕ ਫੈਲਿਆ ਹੋਇਆ ਸੀ ਅਤੇ ਯੌਧੇਇ ਅਤੇ ਮਦਰ ਦੇਸ ਵਾਸੀਆਂ ਦੇ ਗਣ-ਰਾਜ ਭੀ ਉਸ ਦੇ ਅਧੀਨ ਸਨ। ਇਹ ਧਾਰਮਕ ਰੁਚੀਆਂ ਵਾਲਾ ਬੰਦਾ ਸੀ ਅਤੇ ਬਰਾਹਮਣੀ ਮਤ ਦਾ ਅਨੁਯਾਈ ਸੀ। ਇਸ ਦਾ ਵੱਡਾ ਪੁੱਤਰ ਰਾਮ ਗੁਪਤ ਸੀ ਜੋ ਆਪਣੇ ਰਾਜ ਭਾਗ ਦੀ ਰੱਖਿਆ ਨਾ ਕਰ ਸਕਿਆ, ਇਸ ਲਈ ਰਾਜ ਛੋਟੇ ਪੁੱਤਰ (ਰਾਮ ਗੁਪਤ ਦੇ ਛੋਟੇ ਭਰਾ) ਚੰਦਰ ਗੁਪਤ ਨੂੰ ਸੰਭਾਲਣਾ ਪਿਆ। ਇਸ ਦਾ ਨਾਉਂ ਦੇਵ ਗੁਪਤ ਭੀ ਸੀ ਅਤੇ ਇਹ ਦੇਵ ਰਾਜਾ ਜਾਂ ਦੇਵ-ਸ੍ਰੀ ਕਰਕੇ ਭੀ ਪਰਸਿੱਧ ਹੈ।

ਚੰਦਰ ਗੁਪਤ ਨੇ ਆਪਣੇ ਰਾਜ ਦੀਆਂ ਹੱਦਾਂ ਬੰਗਾਲ ਤੋਂ ਲੈ ਕੇ ਲਹਿੰਦੇ ਵਲ ਬਲਖ ਤੱਕ ਪਹੁੰਚਾ ਦਿੱਤੀਆਂ ਅਤੇ ਵਿਆਹਾਂ ਰਾਹੀਂ ਆਲੇ ਦੁਆਲੇ ਮਿੱਤਰਾਨੇ ਗੰਢ ਕੇ ਰਾਜ ਨੂੰ ਪੱਕੇ ਪੈਰਾਂ ਉੱਤੇ ਖੜਾ ਕਰਨ ਦੇ ਜਤਨ ਕੀਤੇ। ਇਹ ਬੜਾ ਦਾਨੀ ਅਤੇ ਵਿਦਿਆ-ਪ੍ਰੇਮੀ ਪਰਸਿੱਧ ਹੈ। ਕਵੀ ਕਾਲੀਦਾਸ ਇਸੇ ਦੇ ਸਮੇਂ ਹੋਇਆ ਹੈ।

ਚੀਨੀ ਯਾਤਰੀ ਫ਼ਾਹੀਅਨ, ਜਿਸ ਨੇ ਦਸ ਸਾਲ ਤੋਂ ਉੱਪਰ (੪੦੦-੪੧੧ ਈ.) ਹਿੰਦੁਸਤਾਨ ਦਾ ਭ੍ਰਮਨ ਕੀਤਾ, ਚੰਦਰ ਗੁਪਤ ਬਿਕਰਮਾਦਿਤ ਦੇ ਰਾਜ ਸਬੰਧੀ ਲਿਖਦਾ ਹੈ "ਲੋਕੀਂ ਬਹੁਤ ਪਰਸੰਨ ਹਨ। ਲੋਕਾਂ ਨੂੰ ਆਪਣੇ ਘਰ ਦਾ ਮਾਲ ਕਿਧਰੇ ਦਰਜ ਨਹੀਂ ਕਰਾਉਣਾ ਪੈਂਦਾ, ਨਾ ਹੀ ਕਚਹਿਰੀਆਂ ਵਿਚ ਜਾਣਾ ਪੈਂਦਾ ਹੈ। ਕੇਵਲ ਉਨ੍ਹਾਂ ਨੂੰ ਹੀ (ਮਾਮਲੇ ਵਜੋਂ) ਦਾਣੇ ਦੇਣੇ ਪੈਂਦੇ ਹਨ ਜੋ ਰਾਜੇ ਦੀਆਂ ਜ਼ਮੀਨਾਂ ਵਾਹੁੰਦੇ ਹਨ। ਵਾਹਕ ਆਪਣੀ ਮਰਜ਼ੀ ਨਾਲ ਜਾ ਸਕਦੇ ਹਨ ਅਤੇ ਰਹਿ ਸਕਦੇ ਹਨ। ਰਾਜਾ ਮੌਤ ਦੀ ਸਜ਼ਾ ਜਾਂ ਕੋਈ ਸਰੀਰਕ ਸਜ਼ਾ ਦਿੱਤੇ ਬਿਨਾਂ ਰਾਜ ਕਰਦਾ ਹੈ।"

ਚੰਦਰ ਗੁਪਤ ਬਿਕ੍ਰਮਾਦਿੱਤ ਤੋਂ ਬਾਦ ਉਸ ਦੇ ਪੁੱਤਰ ਕੁਮਾਰ ਗੁਪਤ (੪੧੫-੪੫੫ ਈ.) ਅਤੇ ਪੋਤਰੇ ਸਕੰਦ ਗੁਪਤ (੪੫੫-੪੬੭) ਨੇ ਰਾਜ ਕੀਤਾ। ਕੁਮਾਰ ਗੁਪਤ ਦੇ ਵੇਲੇ ਬਿਦੇਸ਼ੀ ਵੈਰੀਆਂ ਨੇ ਪੁਸ਼ਮਿਤ੍ਰ ਦੀ ਅਗਵਾਈ ਵਿਚ ਬੜੇ ਭਾਰੀ ਦਲ ਨਾਲ ਹੱਲਾ ਕੀਤਾ ਸੀ ਜਿਸ ਨੂੰ ਸਕੰਦ ਗੁਪਤ ਨੇ (ਜੋ ਉਦੋਂ ਹਾਲੇ ਯੁਵਰਾਜ ਹੀ ਸੀ) ਬੜੀ ਬੀਰਤਾ ਨਾਲ ਠਲ੍ਹ ਪਾ ਦਿੱਤੀ ਸੀ। ਜਦ ਇਹ ਆਪ ਰਾਜਾ ਬਣਿਆ ਤਾਂ ਹੂਣਾਂ ਨੇ ਆ ਧਾਵਾ ਬੋਲਿਆ ਅਤੇ ਗਾਂਧਾਰ ਉੱਤੇ ਕਬਜ਼ਾ ਕਰ ਲਿਆ, ਪਰ ਸਕੰਦ ਗੁਪਤ ਨੇ ਇਨ੍ਹਾਂ ਦੇ ਪੈਰ ਨਾ ਲੱਗਣ ਦਿੱਤੇ (੪੬੦ ਈ.) ਅਤੇ ਇਹ ਬਲਾ ਕੁਝ ਸਮੇਂ ਲਈ ਟਲ ਗਈ।

**ਹੂਣ** — ਪੰਜਵੀਂ ਸਦੀ ਦੇ ਅੰਤ ਜਾਂ ਛੇਵੀਂ ਦੇ ਆਰੰਭ ਵਿਚ ਹੂਣਾਂ ਦਾ ਜ਼ੋਰ ਚੋਖਾ ਵਧ ਗਿਆ ਅਤੇ ਉਨ੍ਹਾਂ ਦੇ ਇਕ ਆਗੂ ਤੋਰਮਾਨ ਨੇ ਪੰਜਾਬ ਤੋਂ ਅੱਗੇ ਵਧ ਕੇ ਗੰਗਾ ਜਮਨਾ ਦੇ ਦੁਆਬੇ, ਭਟਿਆਣੇ ਤੋਂ ਲਹਿੰਦੇ ਦੇਸ (ਰਾਜਪੂਤਾਨਾ) ਅਤੇ ਸਾਗਰ (ਮਧ ਪ੍ਰਦੇਸ਼) ਦੇ ਜ਼ਿਲੇ ਤੱਕ ਜਾ ਮੱਲਾਂ ਮਾਰੀਆਂ। ਕਸ਼ਮੀਰ ਉੱਤੇ ਭੀ ਉਸੇ ਦਾ ਰਾਜ ਸੀ। ਜੈਨੀਆਂ ਦੀ ਲਿਖਤ ਅਨੁਸਾਰ ਤੋਰਮਾਨ ਨੇ ਜੈਨ ਧਰਮ ਧਾਰਨ ਕਰ ਲਿਆ ਸੀ ਅਤੇ ਉਹ ਚੰਦਰਭਾਗਾ (ਝਨਾਂ) ਨਦੀ ਦੇ ਕੰਢੇ ਤੇ ਪਵੱਈਆ ਨਗਰ ਵਿਚ ਰਹਿੰਦਾ ਸੀ। ਸੰਨ ੫੧੫ ਵਿਚ ਉਸ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਮਿਹਿਰਕੁਲ (ਜਿਸ ਨੂੰ ਮਿਹਿਰ-ਗੁਲ ਭੀ ਲਿਖਿਆ ਹੋਇਆ ਹੈ) ਗੱਦੀ ਉੱਤੇ ਬੈਠਾ। ਚੀਨੀ ਯਾਤਰੀ ਹੀਊਨ ਸਾਂਗ ਅਨੁਸਾਰ ਮਿਹਿਰਕੁਲ ਦੀ ਰਾਜਧਾਨੀ ਸ਼ਾਕਲ (ਸਿਆਲਕੋਟ) ਸੀ। ਕਸ਼ਮੀਰ ਅਤੇ ਗਾਂਧਾਰ ਭੀ ਉਸੇ ਦੇ ਰਾਜ ਵਿਚ ਸਨ ਅਤੇ ਉਸ ਨੇ ਦੱਖਣੀ ਭਾਰਤ ਅਤੇ ਲੰਕਾ ਤੱਕ ਆਪਣਾ ਰਾਜ ਪਸਾਰ ਲਿਆ ਸੀ। ਇਹ ਸ਼ਿਵਜੀ ਦਾ ਪੁਜਾਰੀ, ਬੋਧਾਂ ਦਾ ਵੈਰੀ ਅਤੇ ਬੜਾ ਜ਼ਾਲਮ ਸੀ ਜਿਸ ਦੇ ਅੱਤਿਆਚਾਰਾਂ ਦੀਆਂ ਕਹਾਣੀਆਂ ਨਾਲ ਉਸ ਸਮੇਂ ਦਾ ਬੁਧ ਸਾਹਿੱਤ ਭਰਿਆ ਪਿਆ ਹੈ। ਯਸ਼ੋਧਰਮਨ ਅਤੇ ਨਰਸਿੰਘ ਗੁਪਤ ਨੇ ਉਸ ਨੂੰ ਐਸੀਆਂ ਸੱਟਾਂ ਮਾਰੀਆਂ ਕਿ ਮਿਹਿਰਕੁਲ ਮੁੜ ਪੂਰੀ ਤਰ੍ਹਾਂ ਆਪਣੀ ਤਾਕਤ ਨਾ ਬਣਾ ਸਕਿਆ। ਦੂਸਰੇ ਪਾਸੇ ਤੁਰਕਾਂ ਅਤੇ ਈਰਾਨੀਆਂ ਨੇ ੫੬੩-੫੬੭ ਈ. ਦੇ ਦਰਮਿਆਨ ਆਮੂ ਦਰਿਆ ਉੱਤੇ ਹੂਣਾਂ ਦਾ ਜ਼ੋਰ ਤੋੜ ਦਿੱਤਾ ਜਿਸ ਨਾਲ ਚੜ੍ਹਦੇ ਵਿਚ ਭੀ ਉਨ੍ਹਾਂ ਦੀ ਤਾਕਤ ਸਦਾ ਲਈ ਖ਼ਤਮ ਹੋ ਗਈ।

**ਥਾਨੇਸਰ ਰਾਜ** — ਥਾਨੇਸਰ ਦਾ ਰਾਜ ਪੁਸ਼ਪਭੂਤੀ ਨੇ ਛੇਵੀਂ ਸਦੀ ਈਸਵੀ ਦੇ ਆਰੰਭ ਵਿਚ ਅਸਥਾਪਨ ਕੀਤਾ ਸੀ। ਇਸ ਦਾ ਅਤੇ ਇਸ ਦੇ ਬਾਦ ਹੋਏ ਰਾਜਿਆਂ ਦਾ ਹਾਲ ਬਾਣ ਭੱਟ ਨੇ ਆਪਣੀ ਪੁਸਤਕ 'ਹਰਸ਼ ਚਰਿੱਤਰ' ਵਿਚ ਦਿੱਤਾ ਹੈ। ਇਸ ਕੁਲ ਦਾ ਸਭ ਤੋਂ ਵੱਧ ਪਰਤਾਪੀ ਰਾਜਾ ਹਰਸ਼-ਵਰਧਨ (੬੦੬-੬੪੭ ਈ.) ਹੋਇਆ ਹੈ ਜਿਸ ਨੇ ਜਿਹਲਮ ਅਤੇ ਮੁਲਤਾਨ ਤੱਕ ਦੇ ਸਮੁੱਚੇ ਪੰਜਾਬ ਤੋਂ ਇਲਾਵਾ ਹੋਰ ਦੂਰ ਦੂਰ ਦੇ ਇਲਾਕੇ ਆਪਣੇ ਅਧੀਨ ਕਰ ਲਏ ਅਤੇ ਬ੍ਰਹਮਪੁੱਤਰ ਤੋਂ ਬਿਆਸਾ ਤਕ ਆਪਣਾ ਰਾਜ ਵਧਾ ਲਿਆ। ਸਿੰਧ ਤੇ ਕਸ਼ਮੀਰ ਭੀ ਉਸੇ ਦੇ ਰਾਜ ਵਿਚ ਸਨ। ਹਰਸ਼-ਵਰਧਨ ਨੇ ਬਾਦ ਵਿਚ ਆਪਣੀ ਰਾਜਧਾਨੀ ਕਨੌਜ ਜਾ ਕਾਇਮ ਕੀਤੀ ਅਤੇ ਭਾਰਤ ਵਿਚ ਉਹ ਕੀਰਤੀ ਪਰਾਪਤ ਕੀਤੀ ਜੋ ਘਟ ਹੀ ਲੋਕਾਂ ਦੇ ਹਿੱਸੇ ਆਈ ਹੈ।

**ਰਾਜਪੂਤ** — ਅੱਠਵੀਂ ਸਦੀ ਵਿਚ ਪ੍ਰਤੀਹਾਰ ਅਤੇ ਤੋਮਾਰ ਰਾਜਪੂਤਾਂ ਨੇ ਦੱਖਣ-ਚੜ੍ਹਦੇ ਪੰਜਾਬ ਵਿਚ ਆ ਪੈਰ ਜਮਾਏ। ਪ੍ਰਤੀਹਾਰ ਰਾਜਪੂਤ ਰਾਜਾ ਭੋਜ ਦਾ ਰਾਜ ਪੰਜਾਬ ਵਿਚ ਸਰਸਾ ਅਤੇ ਕਰਨਾਲ ਦੇ ਜ਼ਿਲਿਆਂ ਤਕ ਸੀ। ਇਕ ਪੁਰਾਤਨ ਕਥਾ ਅਨੁਸਾਰ ਤੋਮਾਰ ਰਾਜਪੂਤਾਂ ਨੇ ਸੰਨ ੭੩੬ ਈ. ਵਿਚ ਅਜ ਕਲ੍ਹ ਦੀ ਦਿੱਲੀ ਆਬਾਦ ਕੀਤੀ। ਪਰਤੀਤ ਹੁੰਦਾ ਹੈ ਕਿ ਇਸ ਵੇਲੇ ਤੋਮਾਰ ਰਾਜਪੂਤ ਰਾਜਾ ਭੋਜ ਦੇ ਅਧੀਨ ਸਨ। ਹੌਲੀ ਹੌਲੀ ਇਨ੍ਹਾਂ ਦਾ ਜ਼ੋਰ ਵਧਦਾ ਗਿਆ ਅਤੇ ਪਿਛਲੇ ਪ੍ਰਤੀਹਾਰਾਂ ਵੇਲੇ ਇਹ ਸੁਤੰਤਰ ਹੋ ਗਏ। ਇਨ੍ਹਾਂ ਦਾ ਰਾਜ ਪੰਜਾਬ ਦੇ ਹਰਿਆਣਾ ਇਲਾਕੇ ਤਕ ਸੀ।

ਜੋਲ ਦੇ ਬੰਸ ਦੇ ਜਜੁਕ ਦਾ ਪੁੱਤਰ ਅਤੇ ਵਜਰਾਟ ਦਾ ਪੋਤਰਾ ਗੁਗਾ ਬੜਾ ਪਰਸਿੱਧ ਹੋਇਆ ਹੈ ਜਿਸ ਦੀਆਂ ਵਾਰਾਂ ਅਤੇ ਭੇਟਾਂ ਹੁਣ ਤੱਕ ਜਲੰਧਰ ਦੁਆਬ ਅਤੇ ਸਤਲੁਜ ਦੇ ਦੱਖਣ ਵਲ ਮਾਲਵੇ ਅਤੇ ਹਰਿਆਣੇ ਵਿਚ ਗਾਂਵੀਆਂ ਜਾਂਦੀਆਂ ਹਨ। ਇਹ ਮਹਿੰਦਰਪਾਲ (ਪਹਿਲੇ) ਪ੍ਰਤੀਹਾਰ ਦਾ ਇਕ ਜਾਗੀਰਦਾਰ ਸੀ। ਇਸ ਦੇ ਸਮੇਂ ਹੀ ਗੁੱਗੇ ਅਤੇ ਉਸ ਦੇ ਦੋ ਮਤਰਏ ਭਰਾਵਾਂ ਨੇ ਸਰਸੂਤੀ ਦੇ ਕੰਢੇ ਪਹੋਏ ਵਿਚ ਵਿਸ਼ਨੂੰ ਦੇ ਤਿੰਨ ਮੰਦਿਰ ਬਣਵਾਏ ਸਨ। ਪੁਰਾਣੇ ਸਾਹਿੱਤ ਵਿਚ ਗੁੱਗੇ ਦਾ ਜ਼ਿਕਰ ਭੂਨਾਥ (ਧਰਤੀ ਦਾ ਦੇਵਤਾ) ਦੇ ਨਾਉਂ ਨਾਲ ਭੀ ਆਇਆ ਹੈ ਅਤੇ ਪੰਜਾਬ ਦੇ ਕੁਝ ਹਿੱਸਿਆਂ ਵਿਚ ਅੱਜ ਤੱਕ ਗੁੱਗਾ ਨੌਮੀ ਵਾਲੇ ਦਿਨ ਧਰਤੀ ਦੇ ਦੇਵਤਾ ਦੀ ਪੂਜਾ ਹੁੰਦੀ ਹੈ ਅਤੇ ਸੱਪਾਂ ਦੀਆਂ ਵਰਮੀਆਂ ਉੱਤੇ ਸ਼ੱਕਰ ਸੇਵੀਆਂ ਚੜ੍ਹਾਈਆਂ ਜਾਂਦੀਆਂ ਹਨ।

**ਮੁਸਲਮਾਨੀ ਹੱਲੇ**—ਇਸ ਵੇਲੇ ਅਰਬ ਦੇਸ ਵਿਚ ਇਸਲਾਮ ਦਾ ਜਨਮ ਹੋ ਚੁਕਾ ਸੀ ਅਤੇ ਮੁਸਲਮਾਨਾਂ ਨੇ ਬਾਹਰ ਬਦੇਸਾਂ ਉੱਤੇ ਹੱਲੇ ਕਰਨੇ ਆਰੰਭੇ ਹੋਏ ਸਨ। ਖ਼ਲੀਫ਼ਾ ਅਬੂ-ਬਕਰ ਦੇ ਜ਼ਮਾਨੇ ਵਿਚ ਇਕ ਅਰਬੀ ਮੁਸਲਮਾਨ ਜਰਨੈਲ ਅਲ-ਮੁਹੱਲਬ ਸੰਨ ੬੬੪ ਈ. ਵਿਚ ਮੁਲਤਾਨ ਤੱਕ ਪੁੱਜ ਗਿਆ ਸੀ, ਪਰ ਇਸ ਦਾ ਕੋਈ ਪੱਕਾ ਅਸਰ ਨਹੀਂ ਸੀ ਹੋਇਆ। ਪਹਿਲਾ ਅਸਲੀ ਹੱਲਾ ਸਨ ੭੧੨ ਵਿਚ ਹੋਇਆ ਜਦ ਕਿ ਖ਼ਲੀਫ਼ਾ ਬਗ਼ਦਾਦ ਦੇ ਇਕ ਜਰਨੈਲ ਮੁਹੰਮਦ ਬਿਨ-ਕਾਸਿਮ ਨੇ ਸਿੰਧ ਦੇ ਰਾਜਾ ਦਾਹਰ ਨੂੰ ਹਰਾ ਕੇ ਮੁਲਤਾਨ ਉੱਤੇ ਕਬਜ਼ਾ ਕਰ ਲਿਆ ਅਤੇ ਸ਼ੋਰਕੋਟ ਤੱਕ ਕਿਲਾਬੰਦੀ ਕਰ ਲਈ। ਸੰਨ ੮੭੧ ਤਕ, ਜਦ ਕਿ ਖ਼ਲੀਫ਼ੇ ਦੀ ਤਾਕਤ ਕਮਜ਼ੋਰ ਪੈ ਰਹੀਂ ਸੀ, ਮੁਲਤਾਨ ਵਿਚ ਆਜ਼ਾਦ ਅਰਬ ਹਕੂਮਤ ਕਾਇਮ ਹੋ ਗਈ। ਬਾਕੀ ਪੰਜਾਬ ਵਿਚ ਇਸ ਵੇਲੇ ਹਿੰਦੂ ਰਾਜੇ ਰਾਜ ਕਰਦੇ ਸਨ। ਜਲੰਧਰ ਵਿਚ ਉਨ੍ਹਾਂ ਦੀ ਇਕ ਉੱਘੀ ਰਾਜਧਾਨੀ ਸੀ। ਦਸਵੀਂ ਸਦੀ ਵਿਚ ਲਾਹੌਰ ਵਿਚ ਸ਼ਾਹੀ ਰਾਜੇ ਰਾਜ ਕਰਦੇ ਸਨ ਜਿਨ੍ਹਾਂ ਨਾਲ ਕਿ ਗ਼ਜ਼ਨੀ ਦੇ ਮੁਸਲਮਾਨਾਂ ਦਾ ਟਾਕਰਾ ਸ਼ੁਰੂ ਹੋ ਗਿਆ। ਸ਼ਾਹੀ ਰਾਜਾ ਜੈਪਾਲ ਬਠਿੰਡੇ ਰਿਹਾ ਕਰਦਾ ਸੀ ਜਿੱਥੇ ਕਿ ਉਸ ਦੀ ਰਾਜਧਾਨੀ ਸੀ ਅਤੇ ਉਸ ਦੇ ਰਾਜ ਦੀ ਲਹਿੰਦੀ ਹੱਦ ਲਮਗਾਨ (ਅਫ਼ਗਾਨਿਸਤਾਨ) ਤਕ ਸੀ।

**ਸ਼ਾਹੀ ਰਾਜੇ ਅਤੇ ਮਹਿਮੂਦ ਗ਼ਜ਼ਨਵੀ** — ਲਹਿੰਦੀ ਹੱਦ ਉੱਤੇ ਵਧਦੀ ਜਾ ਰਹੀ ਮੁਸਲਮਾਨੀ ਤਾਕਤ ਦੇ ਕਾਰਣ ਆਪਣੇ ਰਾਜ ਦੀ ਰਾਖੀ ਲਈ ਰਾਜਾ ਜੈਪਾਲ ਨੇ ਸਬੁਕਤਗੀਨ ਦੇ ਵਿਰੁਧ ਗ਼ਜ਼ਨੀ ਵੱਲ ਚੜ੍ਹਾਈ ਕੀਤੀ ਅਤੇ ਲਮਗਾਨ ਦੇ ਮੁਕਾਮ ਤੇ ਸੁਲ੍ਹਾ ਕਰ ਕੇ ਮੁੜ ਆਇਆ, ਪਰ ਸੰਨ ੯੮੮ ਵਿਚ ਜੈਪਾਲ ਨੂੰ ਹਾਰ ਹੋ ਗਈ ਜਿਸ ਦਾ ਨਤੀਜਾ ਇਹ ਹੋਇਆ ਕਿ ਸਿੰਧੋਂ ਪਾਰਲੇ ਇਲਾਕੇ ਉੱਤੇ ਗਜ਼ਨਵੀਆਂ ਦਾ ਕਬਜ਼ਾ ਹੋ ਗਿਆ।

ਸਬੁਕਤਗੀਨ ਦੇ ਪੁੱਤਰ ਮਹਿਮੂਦ ਨੇ ਇਸਲਾਮ ਦੇ ਜੋਸ਼ ਅਤੇ ਹਿੰਦੁਸਤਾਨ ਦੀ ਦੌਲਤ ਦੇ ਲਾਲਚ ਨਾਲ ਚੜ੍ਹਦੇ ਵਲ ਧਾਵੇ ਕਰਨੇ ਸ਼ੁਰੂ ਕਰ ਦਿੱਤੇ। ਅਗਸਤ ੧੦੦੧ ਵਿਚ ਪੰਦਰਾਂ ਹਜ਼ਾਰ ਘੋੜ-ਚੜ੍ਹੇ ਲੈ ਕੇ ਪਿਸ਼ਾਵਰ ਉੱਤੇ ਚੜ੍ਹ ਆਇਆ। ਜੈਪਾਲ ਉਸ ਦੇ ਟਾਕਰੇ ਲਈ ਪੁੱਜਾ, ਪਰ ਹਾਰ ਖਾ ਗਿਆ। ਭਾਵੇਂ ਮਹਿਮੂਦ ਨੇ ਜੈਪਾਲ ਪਾਸੋਂ ਕਰ ਲੈਣਾ ਪਰਵਾਨ ਕਰ ਲਿਆ ਸੀ, ਪਰ ਹਾਰ ਦੀ ਸ਼ਰਮਿੰਦਗੀ ਦੇ ਕਾਰਣ ਉਸ ਨੇ ਆਪਣੇ ਆਪ ਨੂੰ ਚਿਤਾ ਵਿਚ ਭਸਮ ਕਰ ਦਿੱਤਾ।

ਜੈਪਾਲ ਤੋਂ ਬਾਦ ਉਸ ਦੇ ਪੁੱਤਰ ਅਨੰਗਪਾਲ ਨੇ ਮਹਿਮੂਦ ਗਜ਼ਨਵੀ ਦੇ ਹੱਲੇ ਰੋਕਣ ਦਾ ਜਤਨ ਕੀਤਾ ਅਤੇ ਸੰਨ ੧੦੦੮ ਵਿਚ ਹਿੰਦੂ ਧਰਮ ਦੇ ਨਾਉਂ ਤੇ ਉਜੈਨ, ਕਨੌਜ ਦਿੱਲੀ, ਗੋਪਾਚਲ (ਗੋਪਗਿਰਿ ਗਵਾਲੀਅਰ), ਅਜਮੇਰ ਅਤੇ ਜਲੰਧਰ ਆਦਿ ਰਾਜਾਂ ਦੀ ਸਹਾਇਤਾ ਨਾਲ ਪਿਸ਼ਾਵਰ ਪਹੁੰਚਾ। ਲੜਾਈ ਵਿਚ ਹਿੰਦੂ ਫ਼ੌਜਾਂ ਨੂੰ ਹਾਰ ਹੋ ਗਈ, ਪਰ ਪੰਜਾਬ ਵਿਚ ਗ਼ਜ਼ਨਵੀਆਂ ਦੀ ਤਾਕਤ ਸੰਨ ੧੦੨੧ ਵਿਚ ਹੀ ਕੁਝ ਪੱਕੀ ਹੋ ਸਕੀ ਜਦ ਕਿ ਅੰਤਮ ਸ਼ਾਹੀ ਰਾਜੇ ਤਿਰਲੋਚਨਪਾਲ ਨੂੰ ਹਾਰ ਹੋ ਗਈ ਅਤੇ ਉਹ ਕੁਝ ਹਿੰਦੂਆਂ ਦੇ ਹੱਥੋਂ ਹੀ ਮਾਰਿਆ ਗਿਆ। ਤਿਰਲੋਚਨਪਾਲ

ਦਾ ਪੁੱਤਰ ਭੀਮਪਾਲ ਪੰਜ ਵਰ੍ਹੇ ਪਿੱਛੋਂ ਜੀਊਂਦਾ ਰਿਹਾ, ਪਰ ਖੁੱਸਾ ਹੋਇਆ ਰਾਜ ਮੁੜ ਪਰਾਪਤ ਨਾ ਕਰ ਸਕਿਆ। ਮਹਿਮੂਦ ਦੀ ਤਾਕਤ ਦਿਨੋ ਦਿਨ ਵਧਦੀ ਗਈ ਅਤੇ ਸੰਨ ੧੦੨੪ ਵਿਚ ਉਸ ਨੇ ਸੋਮਨਾਥ ਦੇ ਮੰਦਰ ਉੱਤੇ ਜਾ ਹੱਲਾ ਕੀਤਾ, ਮੂਰਤੀਆਂ ਤੋੜ ਦਿੱਤੀਆਂ ਅਤੇ ਅਣਗਿਣਤ ਦੌਲਤ ਲੈ ਕੇ ਗ਼ਜ਼ਨੀ ਮੁੜ ਗਿਆ।

ਸੰਨ ੧੦੩੦ ਵਿਚ ਮਹਿਮੂਦ ਦੀ ਮੌਤ ਤੋਂ ਪਿੱਛੋਂ ਤੀਹ ਵਰ੍ਹੇ ਤਕ ਰਾਜ-ਰੌਲਾ ਹੀ ਮਚਿਆ ਰਿਹਾ। ੧੦੫੯ ਵਿਚ ਮਾਸੂਦ ਦਾ ਪੁੱਤਰ ਇਬਰਾਹੀਮ ਬਾਦਸ਼ਾਹ ਬਣਿਆ, ਜਿਸ ਨੇ ਪਾਕਪਟਨ, ਜਲਧਰ, ਸਰਹੰਦ ਅਤੇ ਬੂੜੀਏ ਉੱਤੇ ਆ ਕਬਜ਼ੇ ਕੀਤੇ। ਸੰਨ ੧੦੭੫ ਵਿਚ ਇਬਰਾਹੀਮ ਨੇ ਆਪਣੇ ਪੁੱਤਰ ਮਹਿਮੂਦ ਨੂੰ ਪੰਜਾਬ ਦਾ ਹਾਕਮ ਨੀਯਤ ਕੀਤਾ ਜਿਸ ਨੇ ਅੱਗੇ ਵਧ ਕੇ ਆਗਰਾ ਜਿੱਤ ਲਿਆ। ਸੰਨ ੧੦੯੯ ਵਿਚ ਇਬਰਾਹੀਮ ਦੇ ਮਰਨ ਪਿੱਛੋਂ ਅਲਾ-ਉ-ਦੌਲਾ ਮਾਸੂਦ ਤੀਸਰਾ ਤਖ਼ਤ ਤੇ ਬੈਠਾ। ਇਸ ਦੇ ਵੇਲੇ ਇਜ਼-ਦੌਲਾ ਪੰਜਾਬ ਦਾ ਹਾਕਮ ਸੀ। ਮਾਸੂਦ ਤੀਸਰੇ ਨੇ ੧੦੯੯ ਵਿਚ ਗ਼ੌਰ ਦਾ ਰਾਜ ਮਲਿਕ ਇੱਜ਼-ਦੀਨ ਨੂੰ ਬਖ਼ਸ਼ਿਆ, ਪਰ ਕੁਝ ਚਿਰ ਪਿੱਛੋਂ ਗ਼ੌਰੀਆਂ ਅਤੇ ਗ਼ਜ਼ਨਵੀਆਂ ਦੀ ਅਣਬਣ ਹੋ ਗਈ ਅਤੇ ਪੰਜਾਬ ਦੀ ਹਕੂਮਤ ਲਈ ਖਿੱਚਾ-ਖਿਚ ਅਰੰਭ ਹੋ ਗਈ। ਅੰਤ ੧੧੮੬ ਈਸਵੀ ਵਿਚ ਮੁਇਜ਼ੁੱਦੀਨ ਮੁਹੰਮਦ ਗ਼ੌਰੀ ਨੇ ਅੰਤਮ ਗ਼ਜ਼ਨਵੀ ਮਲਿਕ ਖ਼ੁਸਰੋ ਨੂੰ ਤਖ਼ਤੋਂ ਲਾਹ ਦਿੱਤਾ ਅਤੇ ਪੰਜਾਬ ਉੱਤੇ ਕਬਜ਼ਾ ਕਰ ਕੇ ਆਪਣੀ ਤਾਕਤ ਮਜ਼ਬੂਤ ਕਰ ਲਈ।

**ਗ਼ੌਰੀਆਂ ਤੋਂ ਤੁਗ਼ਲਕਾਂ ਤਕ** — ਹੁਣ ਮੁਇਜ਼ੁੱਦੀਨ ਮੁਹੰਮਦ ਗ਼ੌਰੀ ਨੇ ਹਿਦੁਸਤਾਨ ਉੱਤੇ ਹੱਲੇ ਸ਼ੁਰੂ ਕਰ ਦਿੱਤੇ ਅਤੇ ਸਰਹੰਦ ਤਕ ਆ ਪੁੱਜਾ। ਦਿੱਲੀ ਦੇ ਡਰ ਰਹੇ ਰਾਜਪੂਤਾਂ ਦੀ ਪੁਕਾਰ ਨੂੰ ਸੁਣ ਕੇ ਪਿਰਥੀ ਰਾਜ ਚੌਹਾਨ ਉਨ੍ਹਾਂ ਦੀ ਸਹਾਇਤਾ ਨੂੰ ਆਇਆ ਅਤੇ ੧੧੯੦-੧੧੯੧ ਨੂੰ ਥਾਨੇਸਰੋਂ ੧੪ ਮੀਲ ਅਤੇ ਤਰਾਈਂ ਦੀ ਪਹਿਲੀ ਲੜਾਈ ਵਿਚ ਗ਼ੌਰੀ ਨੂੰ ਮੈਦਾਨੋਂ ਭਜਾ ਦਿੱਤਾ ਅਤੇ ਸਰਹੰਦ ਉੱਤੇ ਕਬਜ਼ਾ ਕਰ ਕੇ ਪੰਜਾਬ ਵਿਚ ਚੌਹਾਨਾਂ ਦਾ ਬੋਲ-ਬਾਲਾ ਕਰ ਦਿੱਤਾ, ਪਰ ਗ਼ੌਰੀ ਨੇ ਅਗਲੇ ਸਾਲ ਹੀ (੧੧੯੨ ਈ.) ਆਪਣਾ ਬਦਲਾ ਲੈ ਲਿਆ ਅਤੇ ਤਰਾਈਂ ਦੀ ਦੂਸਰੀ ਲੜਾਈ ਵਿਚ ਪਿਰਥੀ ਰਾਜ ਨੂੰ ਹਰਾ ਕੇ ਕੈਦ ਕਰ ਲਿਆ ਅਤੇ ਅੰਤ ਉਹ ਕਤਲ ਹੋ ਗਿਆ, ਜਿਸ ਦੇ ਨਾਲ ਹੀ ਉੱਤਰੀ ਹਿੰਦ ਵਿੱਚੋਂ ਹਿੰਦੂ ਰਾਜ ਸਦਾ ਲਈ ਖ਼ਤਮ ਹੋ ਗਿਆ।

ਮੁਹੰਮਦ ਗ਼ੌਰੀ ਨੇ ਤਰਾਈਂ ਤੋਂ ਅੱਗੇ ਵਧ ਕੇ ਦਿੱਲੀ ਉੱਤੇ ਕਬਜ਼ਾ ਕਰ ਲਿਆ ਅਤੇ ਹਾਂਸੀ, ਘੁੜਾਮ, ਸਰਸੂਤੀ (ਥਾਨੇਸਰ) ਅਤੇ ਸਰਹੰਦ ਵਿਚ ਆਪਣੀਆਂ ਛਾਉਣੀਆਂ ਪਾ ਕੇ ਕੁਤਬੁੱਦੀਨ ਐਬਕ ਨੂੰ ਫ਼ੌਜ ਦੇ ਕੇ ਇੰਦਰਪਤ ਛਡ ਗਿਆ। ਪਰ ਐਬਕ ਨੂੰ ਛੇਤੀ ਹੀ ਦਿੱਲੀ ਪਰ ਪੱਕਾ ਕਬਜ਼ਾ ਕਰਨਾ ਪੈ ਗਿਆ। ਇਸ ਨਾਲ ਮੁਸਲਮਾਨੀ ਰਾਜ ਦਿੱਲੀ ਵਿੱਚ ਪੱਕਾ ਹੋ ਗਿਆ। ਸੰਨ ੧੨੧੦ ਵਿਚ ਐਬਕ ਦੀ ਮੌਤ ਤੋਂ ਬਾਦ ਉਸ ਦੇ ਗ਼ੁਲਾਮ ਇਲਤੁਤਮਸ਼ ਨੇ ਰਾਜ ਸੰਭਾਲ ਲਿਆ ਅਤੇ ਪੰਜਾਬ ਉੱਤੇ ਕਬਜ਼ਾ ਕਰ ਲਿਆ। ਇਸ ਦੇ ਜ਼ਮਾਨੇ ਵਿਚ ਜਲਾਲੂ-ਦੀਨ ਖ਼ੁਆਰਿਜ਼ਮੀ ਦੇ ਪਿੱਛੇ ਪਿੱਛੇ ਆ ਰਹੇ ਚੰਗੇਜ਼ਖਾਨੀ ਮੰਗੋਲ ਪੰਜਾਬ ਦੀ ਉੱਤਰ-ਲਹਿੰਦੀ ਹਦ ਪਰ ਆ ਪੁੱਜੇ, ਪਰ ਬਚਾ ਹੋ ਗਿਆ। ੧੨੪੧ ਵਿਚ ਮਗੋਲਾਂ ਨੇ ਫੇਰ ਆ ਹੱਲਾ ਬੋਲਿਆ, ਪਰ ਬਲਬਨ ਅਤੇ ਉਸ ਦੇ ਹਮਾਇਤੀ ਲਾਹੌਰ ਦੇ ਹਾਕਮ ਸ਼ੇਰ ਖ਼ਾਨ ਨੇ ਕੁਝ ਚਿਰ ਲਈ ਦੇਸ ਨੂੰ ਮੰਗੋਲਾਂ ਅਤੇ ਤੁਰਕਾਂ ਤੋਂ ਬਚਾਈ ਰਖਿਆ।

ਖ਼ਿਲਜੀਆਂ ਅਤੇ ਤੁਗ਼ਲਕਾਂ ਦੇ ਜ਼ਮਾਨੇ ਵਿਚ ਗੱਖੜਾਂ ਨੇ ਪੰਜਾਬ ਵਿਚ ਤਾਕਤ ਪੈਦਾ ਕਰਨ ਦੇ ਜਤਨ ਕੀਤੇ। ਉਨ੍ਹਾਂ ਨੇ ਲਾਹੌਰ ਉੱਤੇ ਕਬਜ਼ਾ ਭੀ ਕਰ ਲਿਆ ਪਰ ਉਹ ਬਹੁਤੀ ਦੇਰ ਤਕ ਟਿਕ ਨਾ ਸਕੇ। ਫ਼ੀਰੋਜ਼ਸ਼ਾਹ ਤੁਗ਼ਲਕ ਤੀਸਰੇ ਨੇ ਪੰਜਾਬ ਵਿਚ ਉੱਨਤੀ ਦੇ ਕਾਫ਼ੀ ਸਾਮਾਨ ਪੈਦਾ ਕੀਤੇ। ਖੇਤੀਬਾੜੀ ਲਈ ਨਹਿਰਾਂ ਕਢਾਈਆਂ ਅਤੇ ਖ਼ਾਸ ਕਰਕੇ ਸਰਹੰਦ ਦੀ ਨਹਿਰ। ਹਿਸਾਰ (ਫ਼ੀਰੋਜ਼ਾ) ਸ਼ਹਿਰ ਦੀ ਬੁਨਿਆਦ ਰੱਖੀ, ਸਰਹੰਦ ਦੇ ਇਲਾਕੇ ਨੂੰ ਚੰਗੀ ਤਰ੍ਹਾਂ ਵਸਾਇਆ ਅਤੇ ਆਬਾਦੀ ਦੀ ਉੱਨਤੀ ਕੀਤੀ, ਪਰ ਸੰਨ ੧੩੯੦ ਵਿਚ ਫ਼ੀਰੋਜ਼ਸ਼ਾਹ ਦੀ ਮੌਤ ਪਿੱਛੋਂ ਹਾਲਤ ਫੇਰ ਖ਼ਰਾਬ ਹੋ ਗਈ।

**ਤੈਮੂਰ ਦਾ ਹੱਲਾ** – ੧੩੯੮ ਵਿਚ ਤੈਮੂਰ ਨੇ ਹਿੰਦੁਸਤਾਨ ਉੱਤੇ ਆ ਹਮਲਾ ਕੀਤਾ। ਦੇਸ ਨੂੰ ਲੁੱਟ-ਪੁੱਟ ਕੇ ਮੁੜਦੇ ਹੋਏ ਤੈਮੂਰ ਨੇ ਨਗਰਕੋਟ ਅਤੇ ਜੰਮੂੰ ਨੂੰ ਤਬਾਹ ਕਰ ਦਿੱਤਾ। ਕਈ ਲੱਖ ਮਨੁੱਖ, ਜ਼ਨਾਨੀਆਂ ਅਤੇ ਬੱਚੇ ਕਤਲ ਕਰਵਾਏ। ਇਤਿਹਾਸਾਂ ਵਿਚ ਲਿਖਿਆ ਹੋਇਆ ਹੈ ਕਿ ਇਕ ਲੱਖ ਤੋਂ ਉੱਪਰ ਹਿੰਦੁਸਤਾਨੀ ਕੈਦੀ ਤੈਮੂਰ ਦੀ ਕੈਦ ਵਿਚ ਸਨ। ਉਨ੍ਹਾਂ ਨੂੰ ਲੁੱਟ ਦੇ ਅਸਬਾਬ ਅਤੇ ਖ਼ਜ਼ਾਨੇ ਦੇ ਨਾਲ ਨਾਲ ਰਖਣਾ ਖ਼ਤਰਨਾਕ ਸਮਝਿਆ ਅਤੇ ਛੱਡ ਦੇਣਾ ਭੀ ਮੁਨਾਸਬ ਨਾ ਸਮਝਿਆ, ਇਸ ਲਈ ਇਨ੍ਹਾਂ ਨੂੰ ਕਤਲ ਕਰ ਦੇਣ ਦਾ ਹੁਕਮ ਦੇ ਦਿੱਤਾ।

**ਮੁਗ਼ਲ ਰਾਜ** – ਤੈਮੂਰ ਜਾਂਦੀ ਵਾਰੀ ਸੱਯਦ ਖਿਜ਼ਰ ਖ਼ਾਨ ਨੂੰ ਪੰਜਾਬ ਦੀ ਹਕੂਮਤ ਦੇ ਗਿਆ, ਪਰ ਸੱਯਦਾਂ ਅਤੇ ਲੋਧੀਆਂ ਦੇ ਜ਼ਮਾਨੇ ਵਿਚ ਕੋਈ ਤਕੜੀ ਹਕੂਮਤ ਨਾ ਬਣ ਸਕੀ। ਅੰਤ ਮਗ਼ਲ ਰਾਜ ਦੇ ਮੋਢੀ ਬਾਬਰ ਬਾਦਸ਼ਾਹ ਨੇ ਹਿਦੁਸਤਾਨ ਦੀ ਬਾਦਸ਼ਾਹੀ ਆ ਸੰਭਾਲੀ। ਸਵਾ ਦੋ ਸੌ ਸਾਲ (੧੫੨੬-੧੭੫੨) ਤਕ ਪੰਜਾਬ ਮੁਗ਼ਲ ਰਾਜ ਦਾ ਹਿੱਸਾ ਬਣਿਆ ਰਿਹਾ ਜਿੱਥੋਂ ਕਿ ਅਹਿਮਦ ਸ਼ਾਹ ਦੁੱਰਾਨੀ ਅਫ਼ਗ਼ਾਨ ਨੇ ਇਸ ਨੂੰ ਵੱਖਰਾ ਕਰ ਦਿੱਤਾ ਅਤੇ ਸੰਨ ੧੭੬੪ ਵਿਚ ਸਿੱਖਾਂ ਨੇ ਸਾਢੇ ਸਤ ਸੌ ਸਾਲ ਪਿੱਛੋਂ ਪੰਜਾਬ ਵਿਚ ਮੁੜ ਪੰਜਾਬੀਆਂ ਦੀ ਹਕੂਮਤ ਕਾਇਮ ਕੀਤੀ।

ਬਾਬਰ ਨੇ ਸੰਨ ੧੫੨੬ ਵਿਚ ਪਾਣੀਪਤ ਦੀ ਲੜਾਈ ਵਿਚ ਇਬਰਾਹੀਮ ਲੋਧੀ ਉੱਤੇ ਫ਼ਤਿਹ ਪਾ ਕੇ ਦਿੱਲੀ ਵਿਚ ਮੁਗ਼ਲ ਰਾਜ ਦੀ ਨੀਂਹ ਰੱਖੀ, ਪਰ ਚੌਦਾਂ ਸਾਲ ਪਿੱਛੋਂ ੧੫੪੦ ਵਿਚ ਸ਼ੇਰ ਸ਼ਾਹ ਸੂਰੀ ਨੇ ਬਾਬਰ ਦੇ ਪੁੱਤਰ ਹੁਮਾਯੂੰ ਨੂੰ ਹਿੰਦੁਸਤਾਨ ਤੋਂ ਭਜਾ ਕੇ ਈਰਾਨ ਵੱਲ ਧੱਕ ਦਿੱਤਾ। ਇਸ ਭਾਂਜ ਵੇਲੇ ਮੁਲਤਾਨ ਦੇ ਇਲਾਕੇ ਵਿਚ ਅਮਰਕੋਟ ਦੇ ਅਸਥਾਨ ਤੇ ਅਕਬਰ ਨੇ ਜਨਮ ਲਿਆ। ਪੰਦਰਾਂ ਸਾਲਾਂ ਪਿੱਛੋਂ ਜਦ ਹੁਮਾਯੂੰ ਮੁੜ ਹਿੰਦੁਸਤਾਨ ਵਿਚ ਆ ਬਾਦਸ਼ਾਹ ਬਣਿਆ ਅਤੇ ੧੫੫੬ ਵਿਚ ਮਰ ਗਿਆ ਤਾਂ ਅਕਬਰ ਦੀ ਤਾਜਪੋਸ਼ੀ ਪੰਜਾਬ ਵਿਚ ਹੀ ਕਲਾਨੌਰ ਦੇ ਮੁਕਾਮ ਤੇ ਹੋਈ। ਰਿਵਾੜੀ ਦੇ ਇਕ ਹਟਵਾਣੀਏ ਹੇਮੂੰ ਨੇ, ਜੋ ਸੂਰੀ ਬਾਦਸ਼ਾਹਾਂ ਦਾ ਵਜ਼ੀਰ ਰਹਿ ਚੁੱਕਾ ਸੀ, ਅਕਬਰ ਬਾਦਸ਼ਾਹ ਦੀ ਥਾਂ ਦਿੱਲੀ ਦੇ ਤਖ਼ਤ ਉੱਤੇ ਬੈਠਣ ਦਾ ਜਤਨ ਕੀਤਾ, ਪਰ ੧੫੫੬ ਵਿਚ ਪਾਣੀਪਤ ਦੇ ਮੈਦਾਨ ਵਿਚ ਭਾਂਜ ਖਾ ਗਿਆ। ਅਕਬਰ ਦਾ ਜ਼ਮਾਨਾ ਇਕ ਅਮਨ ਦਾ ਜ਼ਮਾਨਾ ਸੀ। ਇਸ ਵੇਲੇ ਦੇਸ ਵੱਖ ਵੱਖ ਸੂਬਿਆਂ ਵਿਚ ਵੰਡਿਆ ਹੋਇਆ ਸੀ। ਪੰਜਾਬ ਦਾ ਇਲਾਕਾ ਲਾਹੌਰ ਅਤੇ ਮੁਲਤਾਨ ਦੇ ਸੂਬਿਆਂ ਤੋਂ ਇਲਾਵਾ ਸਿੰਧੋਂ ਪਾਰ ਦਾ ਇਲਾਕਾ ਕਾਬੁਲ ਵਿਚ ਅਤੇ ਦੱਖਣ-ਚੜ੍ਹਦੇ ਦਾ ਦਿੱਲੀ ਦੇ ਸੂਬੇ ਵਿਚ ਸੀ।

ਅਕਬਰ ਤੋਂ ਬਾਦ ਸੰਨ ੧੬੦੫ ਵਿਚ ਉਸ ਦਾ ਪੁੱਤਰ ਜਹਾਂਗੀਰ ਤਖ਼ਤ ਉੱਤੇ ਬੈਠਾ। ਜਹਾਂਗੀਰ ਦਾ ਪੁੱਤਰ ਖ਼ੁਸਰੋ ਚਾਹੁੰਦਾ ਸੀ ਕਿ ਰਾਜ ਤਖ਼ਤ ਉੱਤੇ ਉਹ ਬੈਠੇ ਅਤੇ ਉਹ ਸਹਾਇਤਾ ਲਈ ਪੰਜਾਬ ਵੱਲ ਨੂੰ ਭੱਜਾ ਆਇਆ, ਪਰ ਖ਼ੁਸਰੋ ਦਾ ਜਤਨ ਸਫ਼ਲ ਨਾ ਹੋਇਆ। ਜਦ ਸੰਨ ੧੬੨੮ ਵਿਚ ਜਹਾਂਗੀਰ ਭਿੰਬਰ ਦੇ ਮੁਕਾਮ ਤੇ ਮਰ ਗਿਆ ਤਾਂ ਲਾਹੌਰੋਂ ਦਰਿਆ ਰਾਵੀ ਦੇ ਦੂਸਰੇ ਪਾਸੇ ਸ਼ਾਹਦਰੇ ਦਫ਼ਨ ਕੀਤਾ ਗਿਆ ਜਿੱਥੇ ਕਿ ਉਸ ਦੀ ਮਲਿਕਾ ਨੂਰਜਹਾਨ ਨੇ ਇਕ ਬੜਾ ਆਲੀਸ਼ਾਨ ਮਕਬਰਾ ਬਣਵਾਇਆ ਅਤੇ ਆਪ ਭੀ ਅਠਾਰਾਂ ਵਰ੍ਹੇ ਪਿੱਛੋਂ ਇੱਥੇ ਹੀ ਪਰਾਣ ਤਿਆਗੇ। ਸ਼ਾਹਦਰੇ ਵਿਚ ਜਹਾਂਗੀਰ ਬਾਦਸ਼ਾਹ ਦੇ ਮਕਬਰੇ ਦੇ ਲਾਗੇ ਹੀ ਨੂਰਜਹਾਂ ਦਾ ਭੀ ਮਕਬਰਾ ਬਣਿਆ ਹੋਇਆ ਹੈ। ਜਹਾਂਗੀਰ ਦੀ ਹਕੂਮਤ ਦੇ ਆਰਭ ਵਿਚ ਉਸ ਦੇ ਹੁਕਮ ਨਾਲ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਨੂੰ ਲਾਹੌਰ ਵਿਚ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਪਿੱਛੋਂ ਸ਼ਾਹਜ਼ਹਾਨ ਦੇ ਹੁਕਮ ਨਾਲ ਮੁਗ਼ਲਈ ਫ਼ੌਜਾਂ ਨੇ ਛੇਵੇਂ ਗੁਰੂ ਹਰਿਗੋਬਿੰਦ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ, ਪਰ ਸਿੱਖਾਂ ਨੇ ਇਨ੍ਹਾਂ ਨੂੰ ਚਾਰ ਲੜਾਈਆਂ ਵਿਚ ਹਾਰ ਦਿੱਤੀ।

ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਕਰ ਕੇ ਜਦ ਔਰੰਗਜ਼ੇਬ ਆਪਣੇ ਭਰਾ ਦਾਰਾ ਸ਼ਿਕੋਹ ਦੇ ਮਗਰ ਪਿਆ ਪੰਜਾਬ ਵੱਲ ਨੂੰ ਆਇਆ ਤਾਂ ਗੁਰੂ ਹਰਿਰਾਇ ਨੇ ਬਿਆਸਾ ਦੇ ਕੰਢੇ ਉੱਤੇ ਫ਼ੌਜ ਲਿਆ ਖੜੀ ਕੀਤੀ ਅਤੇ ਔਰੰਗਜ਼ੇਬ ਦਾ ਰਾਹ ਕਾਫ਼ੀ ਦੇਰ ਤਕ ਇਸ ਖ਼ਿਆਲ ਨਾਲ ਰੋਕੀ ਰੱਖਿਆ ਕਿ ਦਾਰਾ ਸ਼ਿਕੋਹ ਦੂਰ ਅੱਗੇ ਨਿਕਲ ਜਾਏ ਅਤੇ ਔਰੰਗਜ਼ੇਬ ਦੇ ਪੰਜੇ ਤੋਂ ਬਚ ਸਕੇ। ਔਰੰਗਜ਼ੇਬ ਦੇ ਧਾਰਮਕ ਤਅੱਸਬ ਨੇ ਸਿੱਖ ਗੁਰੂਆਂ ਉੱਤੇ ਸਖ਼ਤੀ ਅਰੰਭ

ਦਿੱਤੀ । ਗੁਰੂ ਹਰਿਰਾਇ ਦੇ ਪੁੱਤਰ ਗੁਰੂ ਹਰਿਕ੍ਰਿਸ਼ਨ ਨੂੰ ਦਿੱਲੀ ਬੁਲਾ ਭੇਜਿਆ, ਜਿੱਥੇ ਉਨ੍ਹਾਂ ਦਾ ਦੇਹਾਂਤ ਹੋ ਗਿਆ । ਗੁਰੂ ਤੇਗ਼ ਬਹਾਦੁਰ ਬਾਦਸ਼ਾਹ ਦੇ ਹੁਕਮ ਨਾਲ ਦਿੱਲੀ ਵਿਚ ਕਤਲ ਕਰ ਦਿੱਤੇ ਗਏ । ਗੁਰੂ ਗੋਬਿੰਦ ਸਿੰਘ ਦੇ ਵਿਰੁਧ ਸ਼ਾਹੀ ਹੁਕਮ ਨਾਲ ਮੁਗ਼ਲਈ ਫ਼ੌਜਾਂ ਨੇ ਚੜ੍ਹਾਈਆਂ ਕੀਤੀਆਂ ਜਿਸ ਕਰਕੇ ਉਨ੍ਹਾਂ ਨੂੰ ਘਰ-ਬਾਰ ਛੱਡਣ ਉੱਤੇ ਮਜਬੂਰ ਹੋਣਾ ਪਿਆ । ਉਨ੍ਹਾਂ ਦੇ ਦੋ ਪੁੱਤਰ ਜੰਗ ਵਿਚ ਮਾਰੇ ਗਏ ਅਤੇ ਦੋ (ਪੰਜ ਅਤੇ ਸੱਤ ਸਾਲ ਦੇ) ਮਾਸੂਮ ਬੱਚਿਆਂ ਨੂੰ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਨੀਂਹਾਂ ਵਿਚ ਚਿਣ ਕੇ ਤਸੀਹੇ ਦਿੱਤੇ ਅਤੇ ਫੇਰ ਜੱਲਾਦਾਂ ਕੋਲੋਂ ਛੁਰਿਆਂ ਨਾਲ ਕੁਹਾ ਕੇ ਕਤਲ ਕਰਾ ਦਿੱਤਾ ।

ਅਕਬਰ, ਜਹਾਂਗੀਰ ਅਤੇ ਸ਼ਾਹਜਹਾਨ ਦਾ ਜ਼ਮਾਨਾ ਲਾਹੌਰ ਲਈ ਬੜਾ ਸੁਹਾਉਣਾ ਅਤੇ ਖ਼ੁਸ਼ੀਆਂ ਤੇ ਉੱਨਤੀ ਭਰਿਆ ਸੀ । ਇਕ ਪਾਸੇ ਇਹ ਦਿੱਲੀ ਅਤੇ ਕਸ਼ਮੀਰ ਦੇ ਵਿਚਕਾਰ ਸੀ, ਦੂਸਰੇ ਪਾਸੇ ਆਗਰੇ ਅਤੇ ਕਾਬੁਲ ਦੇ ਅੱਧ ਵਿਚ । ਬਾਦਸ਼ਾਹ ਬਹੁਤ ਵਾਰੀ ਇਥੇ ਹੀ ਟਿਕਦੇ ਸਨ ਅਤੇ ਅਕਬਰ ਬਾਦਸ਼ਾਹ ਨੇ ਪੂਰੇ ਚੌਦਾਂ ਵਰ੍ਹੇ (੧੫੮੪-੧੫੯੮) ਲਾਹੌਰ ਸ਼ਹਿਰ ਨੂੰ ਆਪਣਾ ਰਾਜ-ਅਸਥਾਨ ਬਣਾਈ ਰੱਖਿਆ । ਜਹਾਂਗੀਰ ਬਾਦਸ਼ਾਹ ਇੱਥੇ ਮਰਿਆ ਅਤੇ ਦਫ਼ਨਾਇਆ ਗਿਆ, ਅਤੇ ਸ਼ਾਹਜਹਾਨ ਬਾਦਸ਼ਾਹ ਨੇ ਇੱਥੇ ਜਨਮ ਲਿਆ । ਸ਼ਾਹਜਹਾਨ ਬਾਦਸ਼ਾਹ ਨੇ ਇੱਥ ਸ਼ਾਲਾਮਾਰ ਨਾਉਂ ਦਾ ਇਕ ਬੜਾ ਸੁੰਦਰ ਬਾਗ਼ ਲੁਆਇਆ ਅਤੇ ਅਲੀ-ਮਰਦਾਨ ਖ਼ਾਨ ਦੀ ਨਹਿਰ ਕੁਝ ਹੱਦ ਤਕ ਇਸੇ ਬਾਗ਼ ਨੂੰ ਪਾਣੀ ਦੇਣ ਲਈ ਬਣਾਈ ਗਈ ਸੀ । ਬਾਦਸ਼ਾਹ ਔਰੰਗਜ਼ੇਬ ਦੇ ਸਮੇਂ ਭੀ, ਜਦ ਤਕ ਕਿ ਉਹ ਦੱਖਣ ਵਿਚ ਮਰਾਠਿਆਂ ਨਾਲ ਅਨੰਤ ਲੜਾਈਆਂ ਵਿਚ ਉਲਝ ਨਹੀਂ ਸੀ ਗਿਆ, ਲਾਹੌਰ ਦੀ ਸ਼ਾਨ ਸ਼ੌਕਤ ਬਣੀ ਰਹੀ । ਔਰੰਗਜ਼ੇਬ ਦਾ ਪੁੱਤਰ ਬਹਾਦੁਰਸ਼ਾਹ ਬਾਦਸ਼ਾਹ ਭੀ ਇਥੇ ਹੀ ਮਰਿਆ ਸੀ ।

**ਸਿਖ ਗੁਰੂ** – ਮੁਗ਼ਲ ਰਾਜ ਦੀ ਕਾਇਮੀ ਦੇ ਨਾਲ ਨਾਲ ਹੀ ਸਿਖ ਗੁਰੂਆਂ ਵੱਲੋਂ ਪੰਜਾਬ ਵਿਚ ਇਕ ਨਵੀਂ ਕੌਮ ਪੈਦਾ ਕਰਨ ਦੇ ਜਤਨ ਹੁੰਦੇ ਆ ਰਹੇ ਸਨ । ਸਿਖ ਧਰਮ ਦੇ ਮੋਢੀ ਗੁਰੂ ਨਾਨਕ ਮੁਗ਼ਲ ਰਾਜ ਦੇ ਮੋਢੀ ਬਾਬਰ ਬਾਦਸ਼ਾਹ ਦੇ ਸਮਕਾਲੀ ਸਨ ਅਤੇ ਅੰਤਿਮ ਦਸਮ ਗੁਰੂ ਗੋਬਿੰਦ ਸਿੰਘ ਬਾਦਸ਼ਾਹ ਔਰੰਗਜ਼ੇਬ ਦੇ, ਜਿਸ ਤੋਂ ਬਾਦ ਮੁਗ਼ਲ ਰਾਜ ਹੌਲੀ ਹੌਲੀ ਢਹਿੰਦੀਆਂ ਕਲਾਂ ਵਲ ਜਾਣ ਲਗ ਪਿਆ ।

ਪੰਧਰਵੀਂ ਸਦੀ ਈਸਵੀ ਦੇ ਅੰਤ ਵਿਚ ਹਿੰਦੁਸਤਾਨ ਦੀ ਧਾਰਮਕ, ਸਮਾਜਕ ਅਤੇ ਰਾਜਸੀ ਦਸ਼ਾ ਦਿਨੋ ਦਿਨ ਹੇਠਾਂ ਜਾ ਰਹੀ ਦੇਖ ਕੇ ਗੁਰੂ ਨਾਨਕ ਨੇ ਲੋਕਾਂ ਵਿਚ ਜਾਗਰਤ ਪੈਦਾ ਕਰਨ ਲਈ ਲੋਕਾਂ ਦੀ ਆਪਣੀ ਆਮ ਬੋਲੀ ਵਿਚ ਉਪਦੇਸ਼ ਦੇਣਾ ਆਰੰਭ ਕੀਤਾ ਅਤੇ ਥਾਂ ਥਾਂ ਦੇਸ ਪਰਦੇਸ ਫਿਰ ਕੇ ਪੁਰਾਣੇ ਵਹਿਮਾਂ, ਭਰਮਾਂ ਅਤੇ ਗ਼ੁਲਾਮੀ ਦੇ ਵਿਰੁਧ ਇਕ ਜ਼ੋਰਦਾਰ ਜਹਾਦ ਖੜਾ ਕਰ ਦਿੱਤਾ । 'ਰੱਬ ਇਕ ਹੈ ਅਤੇ ਸਭ ਇਨਸਾਨ ਉਸ ਦੀ ਸੰਤਾਨ ਅਤੇ ਭਾਈ ਭਾਈ ਹਨ (ਏਕੁ ਪਿਤਾ ਏਕਸ ਕੇ ਹਮ ਬਾਰਿਕ), ਮਨੁਖ ਮਨੁਖ ਵਿਚ ਕੋਈ ਭਿੰਨ ਭੇਦ ਨਹੀਂ, ਨਾ ਕੋਈ ਛੋਟਾ ਹੈ, ਨਾ ਵੱਡਾ, ਜਾਤ ਪਾਤ ਅਤੇ ਹਿੰਦੂ ਮੁਸਲਮਾਨ ਦਾ ਵਿਤਕਰਾ ਭਰਮ ਹੈ, ਰਾਜੇ ਅਤੇ ਉਨ੍ਹਾਂ ਦੇ ਮੁਕੱਦਮ ਜ਼ੁਲਮ ਦੀ ਛੁਰੀ ਹੱਥ ਵਿਚ ਲਈ ਫਿਰਦੇ ਕਸਾਈ ਬਣੇ ਹੋਏ ਹਨ, ਇਨ੍ਹਾਂ ਦਾ ਅਸਲੀ ਕਰਮ ਧਰਮ ਪਰਜਾ ਦੀ ਰਾਖੀ ਅਤੇ ਉਨ੍ਹਾਂ ਨਾਲ ਇਨਸਾਫ਼ ਕਰਨਾ ਹੈ ।' ਇਸ ਕਿਸਮ ਦੇ ਇਨਕਲਾਬੀ ਵਿਚਾਰਾਂ ਨੇ ਲੋਕਾਂ ਵਿਚ ਇਕ ਲਹਿਰ ਚਲਾ ਦਿੱਤੀ ਅਤੇ ਉਹ ਸੰਗਤਾਂ ਅਤੇ ਪੰਗਤਾਂ ਵਿਚ ਜੁੜਨ ਲਗ ਪਏ । ਇਸ ਨਾਲ ਇਕ ਨਵਾਂ ਭਾਈਚਾਰਾ ਬਣਨਾ ਸ਼ੁਰੂ ਹੋ ਗਿਆ ।

ਗੁਰੂ ਨਾਨਕ (੧੪੬੯-੧੫੩੯ ਈ.) ਦੀ ਜਾਰੀ ਕੀਤੀ ਧਾਰਮਕ ਅਤੇ ਸਮਾਜੀ ਆਜ਼ਾਦੀ ਦੀ ਲਹਿਰ ਨੂੰ ਉਨ੍ਹਾਂ ਤੋਂ ਬਾਦ ਹੋਏ ਨੌਂ ਗੁਰੂਆਂ ਨੇ ਇਸ ਸਫਲਤਾ ਨਾਲ ਚਲਾਇਆ ਕਿ ਅਠਾਰ੍ਹਵੀਂ ਸਦੀ ਤਕ ਉਨ੍ਹਾਂ ਦੇ ਸਿੱਖ ਇਕ ਵੱਖਰੀ ਅਤੇ ਮਜ਼ਬੂਤ ਆਪਾ-ਵਾਰੂ ਕੌਮ ਬਣ ਗਏ । ਗੁਰੂ ਅੰਗਦ (੧੫੩੯-੧੫੫੨) ਅਤੇ ਗੁਰੂ ਅਮਰਦਾਸ (੧੫੫੨-੧੫੭੪) ਨੇ ਸਮਾਜਕ ਖ਼ਰਾਬੀਆਂ ਦੂਰ ਕਰਨ ਲਈ ਜਤਨ ਜਾਰੀ ਰੱਖੇ ਅਤੇ ਸਾਂਝੇ ਲੰਗਰਾਂ ਵਿਚ ਬਿਨਾਂ

ਭਿੰਨ-ਭੇਦ ਦੇ ਇਕ ਥਾਂ ਬੈਠ ਕੇ ਖਾਣ ਪੀਣ ਦੀ ਪਰਪਾਟੀ ਚਲਾਈ ਅਤੇ ਵੱਖਰੋ ਵੱਖਰੇ ਖਿਆਲਾਂ ਦੇ ਲੋਕਾਂ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਅਤੇ ਲੋਕ-ਸੇਵਾ ਲਈ ਤਿਆਰ ਹੋਣ ਦੇ ਸਾਧਨ ਪੈਦਾ ਕਰ ਦਿੱਤੇ। ਗੁਰੂ ਰਾਮਦਾਸ (੧੫੭੪-੧੫੮੧) ਨੇ ਅੰਮ੍ਰਿਤਸਰ ਵਿਚ ਇਕ ਧਾਰਮਕ ਤੀਰਥ ਅਸਥਾਪਨ ਕਰ ਕੇ ਸਿਖਾਂ ਨੂੰ ਸੰਗਠਿਤ ਕਰਨ ਲਈ ਇਕ ਕੇਂਦਰ ਬਣਾ ਦਿੱਤਾ। ਗੁਰੂ ਅਰਜਨ (੧੫੮੧-੧੬੦੬) ਨੇ ਗੁਰੂ ਸਾਹਿਬਾਂ ਅਤੇ ਦੇਸ ਦੇ ਕੁਝ ਹੋਰ ਉੱਘੇ ਉੱਘੇ ਮਹਾਪੁਰਖਾਂ ਦੀ ਬਾਣੀ ਇਕ ਥਾਂ ਇਕੱਠੀ ਕਰ ਕੇ ਸਿਖਾਂ ਲਈ ਧਰਮ ਗ੍ਰੰਥ "ਸ੍ਰੀ ਗੁਰੂ ਗ੍ਰੰਥ ਸਾਹਿਬ" ਸੰਕਲਿਤ ਕੀਤਾ। ਇਸ ਨਾਲ ਉਨ੍ਹਾਂ ਦੀ ਧਾਰਮਕ ਸੁਤੰਤਰਤਾ ਬਹੁਤ ਹੱਦ ਤਕ ਹੋਰ ਪੱਕੀ ਹੋ ਗਈ। ਗੁਰੂ ਅਰਜਨ ਨੇ ਕੁਝ ਨਵੇਂ ਨਗਰਾਂ ਦੀ ਨੀਂਹ ਰੱਖੀ ਅਤੇ ਪਾਣੀ ਦੀ ਤਕਲੀਫ਼ ਨੂੰ ਦੂਰ ਕਰਨ ਲਈ ਸਰੋਵਰ ਬਣਵਾਏ ਅਤੇ ਅਕਬਰ ਬਾਦਸ਼ਾਹ ਨੂੰ ਕਹਿ ਕੇ ਵਧੇ ਹੋਏ ਸਰਕਾਰੀ ਮਾਮਲੇ ਘਟ ਕਰਵਾਏ। ਪਰ ਅਕਬਰ ਬਾਦਸ਼ਾਹ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਹਿੰਦੂ ਅਤੇ ਮੁਸਲਮਾਨਾਂ ਵਿਚ ਵਧਦੀ ਜਾ ਰਹੀ ਸਿਖ ਗੁਰੂਆਂ ਅਤੇ ਖ਼ਾਸ ਕਰ ਗੁਰੂ ਅਰਜਨ ਦੀ ਪ੍ਰਭੁਤਾ ਅਤੇ ਕੀਰਤੀ ਅਤੇ ਸਿੱਖ ਧਰਮ ਦੇ ਪਰਚਾਰ ਨੂੰ ਸਹਿ ਨਾ ਸਕਿਆ। ਉਸ ਨੂੰ ਇਸ ਵਿਚੋਂ ਰਾਜਸੀ ਅੰਦੋਲਨ ਦਾ ਖ਼ਤਰਾ ਦਿੱਸਣ ਲਗ ਪਿਆ। ਇਸ ਲਈ ਉਸ ਨੇ ਗੁਰੂ ਅਰਜਨ ਨੂੰ ਆਪਣੇ ਪੁੱਤਰ ਖ਼ੁਸਰੋ ਦੀ ਬਗ਼ਾਵਤ ਵਿਚ ਲਪੇਟ ਕੇ ਲਾਹੌਰ ਵਿਚ ਤਸੀਹੇ ਦੇ ਦੇ ਕੇ ਸ਼ਹੀਦ ਕਰਵਾ ਦਿੱਤਾ।

ਇਸ ਦਾ ਇਕ ਨਤੀਜਾ ਇਹ ਹੋਇਆ ਕਿ ਛੇਵੇਂ ਗੁਰੂ ਹਰਿਗੋਬਿੰਦ (੧੬੦੬-੧੬੪੫) ਨੇ ਸਿਖਾਂ ਨੂੰ ਸ਼ਸਤਰ ਧਾਰਨ ਕਰਨ ਅਤੇ ਆਪਣੀ ਰੱਖਿਆ ਆਪ ਕਰ ਸਕਣ ਲਈ ਤਿਆਰ ਰਹਿਣ ਦੀ ਆਗਿਆ ਦਿੱਤੀ। ਹੁਣ ਸਿਖ ਭੀ ਤਕੜੇ ਹੋ ਗਏ ਅਤੇ ਜਦ ਸ਼ਾਹਜਹਾਨ ਦੇ ਹੁਕਮ ਨਾਲ ਮੁਗ਼ਲ ਫ਼ੌਜਾਂ ਉਨ੍ਹਾਂ ਦੇ ਵਿਰੁਧ ਚੜ੍ਹ ਆਈਆਂ ਤਾਂ ਗੁਰੂ ਹਰਿਗੋਬਿੰਦ ਦੀ ਅਗਵਾਈ ਵਿਚ ਸਿਖਾਂ ਨੇ ਚਾਰ ਵਾਰੀ ਉਨ੍ਹਾਂ ਨੂੰ ਭਾਂਜ ਦਿੱਤੀ। ਜਦ ਔਰੰਗਜ਼ੇਬ ਦੇ ਜ਼ੁਲਮਾਂ ਦਾ ਸਤਾਇਆ ਹੋਇਆ ਉਸ ਦਾ ਆਪਣਾ ਭਾਈ ਦਾਰਾ ਸ਼ਿਕੋਹ ਆਪਣੀ ਜਾਨ ਲੈ ਕੇ ਪੰਜਾਬ ਵਲ ਭੱਜਾ ਤਾਂ ਉਸ ਦੇ ਪਿੱਛੇ ਚੜ੍ਹੇ ਆ ਰਹੇ ਔਰੰਗਜ਼ੇਬ ਦਾ ਬਿਆਸਾ ਉੱਤੇ ਕੁਝ ਚਿਰ ਰਾਹ ਰੋਕਣ ਲਈ ਗੁਰੂ ਹਰਿਰਾਇ (੧੬੪੫-੧੬੬੧) ਨੇ ਸਿਖ ਫ਼ੌਜ ਲਿਆ ਖੜੀ ਕੀਤੀ ਤਾਂ ਕਿ ਦਾਰਾ ਉਸ ਦੀ ਮਾਰ ਤੋਂ ਬਚ ਕੇ ਦੂਰ ਨਿਕਲ ਸਕੇ। ਨੌਵੇਂ ਗੁਰੂ ਤੇਗ ਬਹਾਦਰ (੧੬੬੪-੧੬੭੫) ਔਰੰਗਜ਼ੇਬ ਦੇ ਹੁਕਮ ਨਾਲ ਦਿੱਲੀ ਵਿਚ ਕਤਲ ਕਰ ਦਿੱਤੇ ਗਏ।

ਦਸਵੇਂ ਗੁਰੂ ਗੋਬਿੰਦ ਸਿੰਘ (ਸਨ ੧੬੭੫-੧੭੦੮ ਈ.)ਨੇ ਸਿੱਖਾਂ ਨੂੰ ਇਕ ਨਵੇਂ ਸੱਚੇ ਵਿਚ ਢਾਲ ਦਿੱਤਾ ਅਤੇ ਖੰਡੇ ਦੀ ਪਾਹੁਲ (ਅੰਮ੍ਰਿਤ) ਨਾਲ ਸਿੰਘ ਸਜਾ ਕੇ ਉਨ੍ਹਾਂ ਨੂੰ ਖ਼ਾਲਸੇ ਬਣਾ ਦਿੱਤਾ। ਉਨ੍ਹਾਂ ਵਿਚ ਹਰ ਪਰਕਾਰ ਦੀ ਵਿੱਦਿਆ ਅਤੇ ਸਾਹਿਤ ਦੀ ਪਰਪਾਟੀ ਚਲਾਈ ਅਤੇ ਉਨ੍ਹਾਂ ਨੂੰ ਦੇਸ ਅਤੇ ਧਰਮ ਦੀ ਰੱਖਿਆ ਲਈ ਸੰਤ-ਸਿਪਾਹੀਆਂ ਦੀ ਇਕ ਜਮਾਤ ਬਣਾ ਦਿੱਤਾ। ਗੁਰੂ ਦੇ ਨਿਵਾਸ ਅਸਥਾਨ ਅਨੰਦਪੁਰ (ਜ਼ਿਲਾ ਹੁਸ਼ਿਆਰਪੁਰ) ਦੇ ਇਰਦ-ਗਿਰਦ ਦੇ ਪਹਾੜੀ ਰਾਜੇ ਅਤੇ ਮੁਗ਼ਲ ਸਰਦਾਰ ਸਿੰਘਾਂ ਦੀ ਵਧ ਰਹੀ ਤਾਕਤ ਨੂੰ ਸੁਖਾਲੀ ਅੱਖੀਂ ਨਾ ਦੇਖ ਸਕੇ ਅਤੇ ਗੁਰੂ ਨੂੰ ਤੰਗ ਕਰਨ ਲਗ ਪਏ। ਆਪ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਜੁੱਧ ਵਿਚ ਸ਼ਹੀਦ ਹੋ ਗਏ ਅਤੇ ਦੋ ਛੋਟੇ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਹੁਕਮ ਨਾਲ ਨੀਂਹ ਵਿਚ ਚਿਣਨ ਦੇ ਤਸੀਹੇ ਦੇ ਕੇ ਜ਼ਿਬਾਹ ਕਰ ਦਿੱਤੇ ਗਏ। ਔਰੰਗਜ਼ੇਬ ਦੀ ਮੌਤ ਤੋਂ ਬਾਦ ਗੁਰੂ ਗੋਬਿੰਦ ਸਿੰਘ ਅਤੇ ਬਹਾਦੁਰਸ਼ਾਹ ਬਾਦਸ਼ਾਹ ਦੇ ਸੰਬੰਧ ਮਿਤਰਾਨਾ ਹੋਣ ਦੀ ਆਸ ਹੋ ਰਹੀ ਸੀ, ਪਰ ਪੂਰੀ ਨਾ ਹੋ ਸਕੀ ਅਤੇ ਨਾਂਦੇੜ (ਹੈਦਰਾਬਾਦ ਦੱਖਣ) ਦੇ ਅਸਥਾਨ ਤੇ ਨਵਾਬ ਸਰਹੰਦ ਵਲੋਂ ਭੇਜੇ ਗਏ ਆਦਮੀਆਂ ਦੇ ਹੱਥੋਂ ਜ਼ਖ਼ਮੀ ਹੋ ਕੇ ਚੜ੍ਹਾਈ ਕਰ ਗਏ।

ਗੁਰੂ ਗੋਬਿੰਦ ਸਿੰਘ ਬੜੇ ਨਿੰਮਰ ਭਾਵ ਨਾਲ ਧਰਮਾਂ, ਦੇਸਾਂ ਅਤੇ ਕੌਮਾਂ ਦੇ ਖ਼ਿਆਲਾਂ ਤੋਂ ਉੱਚੇ ਹੋ ਕੇ ਮਨੁਖ-ਮਾਤਰ ਨੂੰ ਸਰਬ-ਸੰਸਾਰਕ ਦਰਿਸ਼ਟੀ ਨਾਲ ਦੇਖਣ ਵਾਲੇ ਮਹਾਪੁਰਸ਼ ਸਨ ਜਿਨ੍ਹਾਂ ਦੀ ਨਜ਼ਰ ਵਿਚ 'ਅੱਲਾ ਅਭੇਖ ਸੋਈ, ਪੁਰਾਣ ਅਉ ਕੁਰਾਨ ਓਈ, ਏਕ ਹੀ ਸਰੂਪ ਸਭੈ, ਏਕ ਹੀ ਬਨਾਉ ਹੈ', 'ਹਿੰਦੂ ਤੁਰਕ ਕੋਊ ਰਾਫ਼ਜ਼ੀ

ਇਮਾਮ ਸ਼ਾਫ਼ੀ, ਮਾਨਸ ਕੀ ਜਾਂਤ ਸਭੈ ਏਕੈ ਪਹਿਚਾਨਬੋ' ਅਤੇ 'ਦੇਹੁਰਾ ਮਸੀਤ ਸੋਈ, ਪੂਜਾ ਅਉ ਨਿਮਾਜ਼ ਓਹੀ, ਮਾਨਸ ਸਭੇ ਏਕ ਪੈ ਅਨੇਕ ਕੋ ਪ੍ਰਭਾਉ ਹੈ ਸੀ' (ਅਕਾਲ ਉਸਤਤ)। ਜਦ ਕੁਝ ਲੋਕ ਪੁਰਾਤਨ ਵਿਚਾਰਾਂ ਅਨੁਸਾਰ ਆਪ ਨੂੰ ਰੱਬੀ ਦਰਜਾ ਦਿੰਦੇ ਨਜ਼ਰ ਆਏ ਤਾਂ ਆਪ ਨੇ ਬੜੀ ਨਿਮਰਤਾ, ਪਰ ਜ਼ੋਰ ਅਤੇ ਦਰਿੜ੍ਹਤਾ ਨਾਲ ਆਖਿਆ 'ਜੋ ਹਮ ਕੋ ਪਰਮੇਸਰ ਉਚਰ ਹੈ, ਤੇ ਸਭਿ ਨਰਕ ਕੁੰਡ ਮਹਿ ਪਰ ਹੈ...'' ''ਮੈਂ ਹੋਂ ਪਰਮ ਪੁਰਖ ਕੋ ਦਾਸਾ ਦੇਖਨ ਆਯੋ ਜਗਤ ਤਮਾਸਾ' (ਬਚਿਤਰ ਨਾਟਕ)। ਇਕ ਥਾਂ ਆਪਣੇ ਸਿੰਘਾਂ ਵਲ ਇਸ਼ਾਰਾ ਕਰ ਕੇ ਆਪ ਨੇ ਕਿਹਾ, 'ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗ਼ਰੀਬ ਕਰੋਰ ਪਰੇ।'

**ਬੰਦਾ ਸਿੰਘ ਬਹਾਦਰ** (੧੭੦੮-੧੭੧੬) — ਨਾਂਦੇੜ (ਦੱਖਣ) ਤੋਂ ਗੁਰੂ ਗੋਬਿੰਦ ਸਿੰਘ ਦਾ ਇਕ ਸਿੰਘ ਬੰਦਾ ਸਿੰਘ ਨਾਮੀ ਪੰਜਾਬ ਵਿਚ ਆਇਆ ਅਤੇ ਸੰਨ ੧੭੧੦ ਵਿਚ ਸਿੰਘਾਂ ਦੀ ਸਹਾਇਤਾ ਨਾਲ ਸਰਹੰਦ ਅਤੇ ਉਸ ਦਾ ਚੁਗਿਰਦਾ ਫ਼ਤਿਹ ਕਰ ਕੇ ਉਸ ਨੇ ਸਿਖ ਰਾਜ ਕਾਇਮ ਕਰ ਲਿਆ, ਅਤੇ ਸਢੌਰੇ (ਜ਼ਿਲਾ ਅੰਬਾਲਾ) ਦੇ ਲਾਗੇ ਮੁਖ਼ਲਸਗੜ੍ਹ ਵਿਚ ਆਪਣਾ ਰਾਜਸੀ ਕੇਂਦਰ ਬਣਾ ਕੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਉਂ ਤੇ ਸਿੱਕਾ ਜਾਰੀ ਕੀਤਾ।

ਸਦੀਆਂ ਤੋਂ ਬਾਦ ਪੰਜਾਬ ਵਿਚ ਇਹ ਪਹਿਲਾ ਪੰਜਾਬੀ ਰਾਜ ਸੀ ਜਿਸ ਦੀਆਂ ਹੱਦਾਂ ਲਗਭਗ ਅੱਜ ਕਲ੍ਹ ਦੇ ਪੰਜਾਬ ਵਾਲੀਆਂ ਹੀ ਸਨ ਅਤੇ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਸ਼ਵਾਲਕ ਪਹਾੜੀਆਂ ਦਾ ਕੁਝ ਇਲਾਕਾ ਭੀ ਇਸ ਵਿਚ ਸ਼ਾਮਲ ਸੀ। ਸਭ ਤੋਂ ਵੱਡਾ ਕੰਮ ਜੋ ਇਸ ਨੇ ਕੀਤਾ ਉਹ ਪੰਜਾਬੀਆਂ ਲਈ ਆਪਣਾ ਰਾਜ ਕਾਇਮ ਕਰਨ ਲਈ ਲੀਹ ਤੋਰਨਾ ਸੀ। ਬੰਦਾ ਸਿਘ ਨੇ ਬਿਨਾਂ ਵੱਡੇ ਛੋਟੇ ਦੇ ਵਿਤਕਰੇ ਦੇ ਸਿਖ ਹਾਕਮ ਨੀਯਤ ਕੀਤੇ ਅਤੇ ਦੇਰ ਤੋਂ ਤੁਰਿਆ ਆ ਰਿਹਾ ਜਾਗੀਰਦਾਰੀ ਪਰਬੰਧ ਖ਼ਤਮ ਕਰ ਦਿੱਤਾ। ਪਰ ਮੁਗ਼ਲ ਸਾਮਰਾਜ ਦੀ ਭਾਰੀ ਤਾਕਤ ਦੇ ਸਾਹਮਣੇ ਬੰਦਾ ਸਿੰਘ ਦਾ ਰਾਜ ਬਹੁਤ ਦੇਰ ਟਿਕ ਨਾ ਸਕਿਆ। ਬਾਦਸ਼ਾਹ ਫ਼ਰੁਖ਼ਸੀਅਰ ਦੇ ਹੁਕਮ ਨਾਲ ਮਾਰਚ ਸੰਨ ੧੭੧੬ ਵਿਚ ੭੮੦ ਸਿਖ ਅਤੇ ਜੂਨ ਵਿਚ ਬੰਦਾ ਸਿੰਘ ਅਤੇ ਉਸਦੇ ਕੁਝ ਚੁਣਵੇਂ ਸਾਥੀ ਸਰਦਾਰ ਬੜੀ ਬੇਰਹਿਮੀ ਨਾਲ ਦਿੱਲੀ ਵਿਚ ਕਤਲ ਕੀਤੇ ਗਏ, ਪਰ ਜਿਸ ਸਿਦਕ ਤੇ ਦਲੇਰੀ ਨਾਲ ਉਨ੍ਹਾਂ ਨੇ ਆਪਣੀਆਂ ਜਾਨਾਂ ਦਿੱਤੀਆਂ ਉਸਦੀ ਮਿਸਾਲ ਕਿਸੇ ਹੋਰ ਤਵਾਰੀਖ਼ ਵਿਚ ਮਿਲਣੀ ਮੁਸ਼ਕਲ ਹੈ।

**ਸਿਖ ਮਿਸਲਾਂ** — 'ਅਖ਼ਬਾਰਿ ਦਰਬਾਰਿ ਮੁਅੱਲਾ' ਅਨੁਸਾਰ ੧੦ ਦਸੰਬਰ, ਸੰਨ ੧੭੧੦ ਈਸਵੀ ਨੂੰ ਬਹਾਦੁਰਸ਼ਾਹ ਬਾਦਸ਼ਾਹ ਨੇ ਸਿੰਘਾਂ ਦੀ ਕਤਲਾਮ ਦਾ ਹਕਮ ਜਾਰੀ ਕੀਤਾ ਸੀ ਕਿ ਗੁਰੂ ਨਾਨਕ ਦੇ ਸਿੱਖ ਜਿੱਥੇ ਕਿਧਰੇ ਭੀ ਮਿਲ ਜਾਣ ਕਤਲ ਕਰ ਦਿੱਤੇ ਜਾਣ — (ਨਾਨਕ-ਪ੍ਰਸਤਾਂ ਰਾ ਹਰ ਜਾ ਕਿ ਬ-ਯਾਬੰਦ ਬ-ਕਤਲ ਰਸਾਨੰਦ) — ਅਤੇ ਇਸ ਹੁਕਮ ਨੂੰ ਬਾਦਸ਼ਾਹ ਫ਼ਰੁਖ਼ਸੀਅਰ ਨੇ ਮੁੜ ਸਨ ੧੭੧੬ ਵਿਚ ਦੁਹਰਾ ਦਿੱਤਾ। ਹੁਣ ਸਿੱਖਾਂ ਉੱਤੇ ਸਖ਼ਤੀ ਦੇ ਝੱਖੜ ਝੁਲ ਪਏ ਅਤੇ ਫ਼ੌਜੀ ਦਸਤੇ ਉਨ੍ਹਾਂ ਦੀ ਭਾਲ ਵਿਚ ਨਿਕਲ ਤੁਰੇ। ਹਜ਼ਾਰਾਂ ਦੀ ਗਿਣਤੀ ਵਿਚ ਸ਼ਹਿਰਾਂ ਅਤੇ ਪਿੰਡਾਂ ਵਿੱਚੋਂ ਫੜ ਕੇ ਸਿਖ ਲਾਹੌਰ ਲਿਆਂਦੇ ਗਏ ਅਤੇ ਦਿੱਲੀ ਦਰਵਾਜ਼ੇ ਦੇ ਬਾਹਰ ਸ਼ਹੀਦ-ਗੰਜ ਦੇ ਅਸਥਾਨ ਉੱਤੇ ਤਸੀਹੇ ਦੇ ਦੇ ਕੇ ਕਤਲ ਕੀਤੇ ਗਏ, ਪਰ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਵਿਚੋਂ ਕਿਸੇ ਇਕ ਨੇ ਭੀ ਆਪਣੀ ਜਾਨ ਬਚਾਉਣ ਲਈ ਆਪਣਾ ਧਰਮ ਤਿਆਗਣਾ ਪਰਵਾਨ ਨਾ ਕੀਤਾ। ਬਹੁਤ ਸਾਰੇ ਸਿਖ ਵੇਲਾ ਟਪਾਉਣ ਲਈ ਆਪਣੇ ਪਿੰਡ ਛੱਡ ਕੇ ਜੰਗਲਾਂ ਅਤੇ ਪਹਾੜਾਂ ਵਲ ਨੂੰ ਨਿਕਲ ਗਏ। ਇਸ ਮੁਸੀਬਤ ਅਤੇ ਭਾਜੜਾਂ ਦੇ ਵੇਲੇ ਸਿਖ ਕੌਮ ਹਠੀਲੀ ਅਤੇ ਦੁਖਾਂ ਤਕਲੀਫ਼ਾਂ ਤੋਂ ਬੇਪਰਵਾਹ ਹੋ ਗਈ। ਜਰਵਾਣਿਆਂ ਹੱਥੋਂ ਦੇਸ ਦੀ ਆਜ਼ਾਦੀ ਇਨ੍ਹਾਂ ਦਾ ਇਕ ਨਿਸ਼ਾਨਾ ਬਣ ਗਿਆ ਅਤੇ ਛੋਟੇ ਛੋਟੇ ਜੱਥੇ ਬਣਾ ਕੇ ਇਨ੍ਹਾਂ ਨੇ ਆਲੇ ਦੁਆਲੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਉਧਰ ਨਾਦਰਸ਼ਾਹ ਈਰਾਨੀ ਅਤੇ ਅਹਿਮਦਸ਼ਾਹ ਦੁੱਰਾਨੀ ਦੇ ਹਿੰਦ ਪਰ ਹੱਲਿਆਂ ਨੇ ਮੁਗ਼ਲਾਂ ਦੀ ਤਾਕਤ ਬਹੁਤ ਕਮਜ਼ੋਰ ਕਰ ਦਿੱਤੀ ਜਿਸ

ਕਰਕੇ ਸਿੱਖਾਂ ਨੂੰ ਹਥ ਪੈਰ ਮਾਰਨ ਦਾ ਸੋਹਣਾ ਮੌਕਾ ਬਣ ਗਿਆ। ਇਨ੍ਹਾਂ ਨੇ ਪਹਿਲਾਂ ਦੋ ਦਲ ਬਣਾਏ, ਬੁੱਢਾ ਦਲ ਅਤੇ ਤਰਣਾ ਦਲ, ਅਤੇ ਫੇਰ ਪੰਜ ਜੱਥੇ, ਜਿਨ੍ਹਾਂ ਦੇ ਪਿੱਛੋਂ ਜਾ ਕੇ ਉੱਘੇ ਉੱਘੇ ਬਾਰਾਂ ਜੱਥੇ ਬਣ ਗਏ ਜੋ ਮੱਲਾਂ ਮਾਰਨ ਵੇਲੇ ਮਿਸਲਾਂ ਦੇ ਨਾਉਂ ਨਾਲ ਪਰਸਿੱਧ ਹੋਏ। ਬਾਰਾਂ ਮਿਸਲਾਂ ਇਹ ਸਨ :

ਆਹਲੂਵਾਲੀਏ, ਭੰਗੀ, ਡੱਲੇਵਾਲੀਏ, ਫੈਜ਼ੁੱਲਾਪੁਰੀਏ, ਕਨ੍ਹਈਏ, ਨਕੱਈ, ਰਾਮਗੜ੍ਹੀਏ, ਸ਼ੁੱਕਰਚੱਕੀਏ, ਕਰੋੜਸਿੰਘੀਏ, ਨਿਸ਼ਾਨਾਂ ਵਾਲੇ, ਫੂਲਕੇ ਅਤੇ ਸ਼ਹੀਦ।

ਪਹਿਲੀਆਂ ਅੱਠ ਮਿਸਲਾਂ ਦਾ ਬਹੁਤਾ ਇਲਾਕਾ ਸਤਲੁਜੋਂ ਉੱਤਰ ਵਲ ਸੀ ਅਤੇ ਪਿਛਲੀਆਂ ਦਾ ਦੱਖਣ ਵਲ।

ਸਿੱਖ ਮਿਸਲਦਾਰ ਸਰਦਾਰਾਂ ਨੇ ਪਹਿਲੋਂ ਪਹਿਲ ਅਪਰੈਲ ਸੰਨ ੧੭੫੮ ਵਿਚ ਲਾਹੌਰ ਤੇ ਕਬਜ਼ਾ ਕੀਤਾ ਜੋ ਕੁਝ ਚਿਰ ਲਈ ਖ਼ਾਲੀ ਕਰਨਾ ਪੈ ਗਿਆ। ੧੪ ਜਨਵਰੀ ਸੰਨ ੧੭੬੪ ਨੂੰ ਸਿੰਘਾਂ ਨੇ ਸਰਹੰਦ ਮਾਰ ਲਈ ਜਿਸ ਨਾਲ ਸਤਲੁਜ ਦੇ ਦੱਖਣ ਨੂੰ ਉਨ੍ਹਾਂ ਦਾ ਰਾਜ ਹੋ ਗਿਆ। ਅਗਲੇ ਸਾਲ ੧੬ ਅਪਰੈਲ ੧੭੬੫ ਨੂੰ ਉਨ੍ਹਾਂ ਨੇ ਲਾਹੌਰ ਉੱਤੇ ਪੱਕਾ ਕਬਜ਼ਾ ਕਰ ਲਿਆ।

**ਸਿੱਖ ਰਾਜ** – ਸਿੱਖ ਰਾਜ ਦੇ ਸਰਹੰਦ ਅਤੇ ਉੱਤਰੀ ਪੰਜਾਬ ਵਿਚ ਕਾਇਮ ਹੋਣ ਵੇਲੇ ਸੁੱਕਰਚੱਕੀਆ ਮਿਸਲ ਦੇ ਮੋਹਰੀ ਸਰਦਾਰ ਚੜ੍ਹਤ ਸਿੰਘ ਸਨ। ਇਨ੍ਹਾਂ ਦੇ ਪੋਤਰੇ ਸਰਦਾਰ ਰਣਜੀਤ ਸਿੰਘ ਨੇ ਹੌਲੀ ਹੌਲੀ ਤਾਕਤ ਪੈਦਾ ਕਰ ਕੇ ਛੋਟੀ ਉਮਰ ਵਿਚ ਹੀ ਆਪਣਾ ਸਿੱਕਾ ਬਿਠਾ ਲਿਆ। ਗੁਜਰਾਂਵਾਲਾ ਇਸ ਮਿਸਲ ਦਾ ਕੇਂਦਰ ਸੀ। ਰਣਜੀਤ ਸਿੰਘ ੧੯ ਸਾਲ ਦੀ ਉਮਰ ਵਿਚ ਹੀ ਸੀ ਕਿ ਲਾਹੌਰ ਦੇ ਸ਼ਹਿਰੀਆਂ ਦੇ ਕੁਝ ਚੌਧਰੀ ਉਸ ਪਾਸ ਗਏ। ਉਨ੍ਹਾਂ ਦੀ ਬੇਨਤੀ ਪਰਵਾਨ ਕਰ ਕੇ ਸੰਨ ੧੭੯੯ ਵਿਚ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਪਿੱਛੋਂ ਛੇਤੀ ਹੀ ਉਸ ਨੇ ਚੜ੍ਹਦੇ ਅਤੇ ਮੱਧ ਪੰਜਾਬ ਵਿਚ ਪੈਰ ਜਮਾ ਕੇ ਮੁਲਤਾਨ, ਕਸ਼ਮੀਰ ਅਤੇ ਖ਼ੈਬਰ ਤਕ ਆਪਣਾ ਰਾਜ ਬਣਾ ਲਿਆ। ਮਿਸਲਦਾਰ ਸਰਦਾਰਾਂ ਵਾਂਙੂ ਹੀ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭੀ ਸਚਮੁਚ ਪੰਜਾਬੀਆਂ ਦਾ ਰਾਜ ਸੀ ਜਿਸ ਵਿਚ ਹਿੰਦੂ, ਸਿਖ ਅਤੇ ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਸੀ। ਮਹਾਰਾਜੇ ਦੇ ਵੇਲੇ ਮੁੱਦਤਾਂ ਤੋਂ ਬਾਦ ਪੰਜਾਬੀਆਂ ਨੇ ਅਮਨ ਦਾ ਮੂੰਹ ਡਿੱਠਾ। ਮਹਾਰਾਜਾ ਰਣਜੀਤ ਸਿੰਘ ਤੋਂ ਬਾਦ ਨੌਂ ਸਾਲਾਂ ਵਿਚ ਹੀ ਇਹ ਰਾਜ ਢਹਿ ਢੇਰੀ ਹੋ ਗਿਆ ਅਤੇ ਸੰਨ ੧੮੪੯ ਵਿਚ ਪੰਜਾਬ ਭੀ ਬਾਕੀ ਹਿੰਦੁਸਤਾਨ ਦੀ ਤਰ੍ਹਾਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ।

ਪੰਜਾਬ ਦਾ ਰਾਜ ਨਸ਼ਟ ਹੋਣ ਵਿਚ ਪੂਰਬੀਆਂ ਅਤੇ ਡੋਗਰਿਆਂ ਦਾ ਬਹੁਤ ਜ਼ਿਆਦਾ ਹੱਥ ਸੀ। ਇਹ ਲੋਕ ਅੰਦਰੋਂ ਅੰਦਰੀਂ ਅੰਗਰੇਜ਼ਾਂ ਨਾਲ ਰਲ ਗਏ ਸਨ ਜਿਸ ਕਰਕੇ ਪੰਜਾਬ ਦੀਆਂ ਫ਼ੌਜਾਂ ਅੰਗਰੇਜ਼ਾਂ ਨਾਲ ਪਹਿਲੀ ਲੜਾਈ ਵਿਚ ਧੋਖੇ ਵਿਚ ਆ ਕੇ ਹਾਰ ਖਾ ਗਈਆਂ। ਦੂਸਰੀ ਲੜਾਈ ਵੇਲੇ ਲਾਹੌਰ ਦਰਬਾਰ ਤਾਂ ਇਸ ਖ਼ਿਆਲ ਵਿਚ ਸੀ ਕਿ ਅੰਗਰੇਜ਼ ਮੁਲਤਾਨ ਦਾ ਬਲਵਾ ਮਿਟਾਉਣ ਲਈ ਆਪਣੀਆਂ ਫ਼ੌਜਾਂ ਲਿਆਏ ਹਨ ਅਤੇ ਜਦ ਉਨ੍ਹਾਂ ਨੂੰ ਅਸਲੀਅਤ ਦਾ ਗਿਆਨ ਹੋਇਆ ਤਾਂ ਮੌਕਾ ਹੱਥੋਂ ਖੁੰਝ ਚੁੱਕਾ ਸੀ।

**੧੮੫੭ ਦਾ ਗ਼ਦਰ** – ੧੮੫੭ ਦੇ ਪੂਰਬੀਆਂ ਦੇ ਗ਼ਦਰ ਵੇਲੇ ਬੰਗਾਲੀਆਂ, ਮਦਰਾਸੀਆਂ, ਗੁਜਰਾਤੀਆਂ, ਮਰਾਠਿਆਂ, ਰਾਜਪੂਤਾਂ ਅਤੇ ਗੋਰਖਿਆਂ ਆਦਿ ਦੀ ਤਰ੍ਹਾਂ ਪੰਜਾਬੀਆਂ ਨੇ ਭੀ ਉਨ੍ਹਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਉਨ੍ਹਾਂ ਨੂੰ ਪਤਾ ਸੀ ਕਿ ਪੂਰਬੀਆਂ ਨੇ ਸਾਰੇ ਹਿੰਦੁਸਤਾਨ ਵਿਚ ਅੰਗਰੇਜ਼ੀ ਰਾਜ ਕਾਇਮ ਕਰਨ ਵਿਚ ਅੰਗਰੇਜ਼ਾਂ ਦੀ ਸਹਾਇਤਾ ਕੀਤੀ ਸੀ ਅਤੇ ਅਫ਼ਗਾਨਾਂ ਦੀ ਆਜ਼ਾਦੀ ਖੋਹਣ ਲਈ ਅੰਗਰੇਜ਼ਾਂ ਦੇ ਨਾਲ ਅਫ਼ਗਾਨਿਸਤਾਨ ਤਕ ਗਏ ਸਨ ਅਤੇ ਹੁਣ ਭੀ ਸੁਆਰਥ ਤੋਂ ਬਿਨਾਂ ਕੋਈ ਹੋਰ ਜਜ਼ਬਾ ਉਨ੍ਹਾਂ ਵਿਚ ਕੰਮ ਨਹੀਂ ਸੀ ਕਰ ਰਿਹਾ। ਇਸ ਤੋਂ ਇਲਾਵਾ ਪੰਜਾਬੀ ਹਿਦਸਤਾਨ ਵਿਚ ਮੁੜ ਉਸੇ ਮੁਗ਼ਲ ਰਾਜ ਨੂੰ ਕਾਇਮ ਕਰਨ ਲਈ ਕਿਸੇ ਨਾਲ ਭੀ ਸ਼ਾਮਲ ਹੋਣ ਲਈ ਤਿਆਰ ਨਹੀਂ ਸਨ ਹੋ ਸਕਦੇ ਜਿਸ ਦੇ ਜ਼ੁਲਮਾਂ ਵਿਰੁਧ ਉਹ ਡੇਢ ਸੌ ਸਾਲ ਤੋਂ ਉੱਪਰ ਲੜਦੇ ਮਰਦੇ ਰਹੇ ਸਨ।

**ਬਾਬਾ ਰਾਮ ਸਿੰਘ** – ਗ਼ਦਰ ਤੋਂ ਚਾਰ ਪੰਜ ਸਾਲ ਹੀ ਬਾਦ ਪਿੰਡ ਭੈਣੀ ਜ਼ਿਲਾ ਲੁਧਿਆਣਾ ਦੇ ਵਸਨੀਕ ਬਾਬਾ ਰਾਮ ਸਿੰਘ ਨੇ ਪੰਜਾਬ ਵਿਚ ਸਿੱਖਾਂ ਦੀ ਧਾਰਮਕ ਅਤੇ ਸਮਾਜਕ ਹਾਲਤ ਨੂੰ ਸੁਧਾਰਨ ਦੇ ਜਤਨ ਅਰੰਭੇ, ਪਰ ਉਨ੍ਹਾਂ ਦੇ ਕੁਝ ਕੁ ਜ਼ਿਆਦਾ ਜੋਸ਼ੀਲੇ ਸੰਗੀਆਂ ਦੇ ਮੁਸਲਮਾਨ ਬੁੱਚੜਾਂ ਵਿਰੁਧ ਅੰਦੋਲਨ ਨੇ ਇਸ ਲਹਿਰ ਦਾ ਮੂੰਹ ਹੋਰ ਪਾਸੇ ਮੋੜ ਦਿੱਤਾ। ਉਨ੍ਹਾਂ ਵਿੱਚੋਂ ਕੁਝ ਕੁ ਨੇ ਜੋਸ਼ ਵਿਚ ਆ ਕੇ ਬਿਨਾਂ ਬਾਬਾ ਰਾਮ ਸਿੰਘ ਦੀ ਆਗਿਆ ਦੇ ਹੀ ਹਥਿਆਰ ਪਰਾਪਤ ਕਰਨ ਲਈ ਮਲੋਦ ਅਤੇ ਮਲੇਰਕੋਟਲੇ ਉੱਤੇ ਧਾਵੇ ਬੋਲ ਦਿੱਤੇ। ਗ਼ਦਰ ਹੁਣੇ ਹੀ ਹੋ ਕੇ ਹਟਿਆ ਸੀ ਇਸ ਲਈ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਐਲ. ਕੋਵਨ ਅਤੇ ਅੰਬਾਲੇ ਦੇ ਕਮਿਸ਼ਨਰ ਡਗਲਸ ਫ਼ੋਰਸਾਈਥ ਨੇ ਇਸ ਨਿਗੂਣੇ ਜਿਹੇ ਬਲਵੇ ਨੂੰ ਐਵੇਂ ਹੀ ਵਧਾ ਦਿੱਤਾ ਅਤੇ ੬੫ ਕੂਕੇ ਅੰਨ੍ਹੇ ਵਾਹ ਤੋਪਾਂ ਨਾਲ ਉਡਾ ਦਿੱਤੇ।

**ਰਾਜਸੀ ਜਾਗਰਤ ਅਤੇ ਅੰਦੋਲਨ** – ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿਚ ਆਰੀਆ ਸਮਾਜ, ਕਾਦਿਆਨੀ ਜਮਾਤ ਅਤੇ ਸਿੰਘ ਸਭਾਵਾਂ ਕਾਇਮ ਹੋਈਆਂ ਜਿਨ੍ਹਾਂ ਨੇ ਪੰਜਾਬ ਵਿਚ ਬਹੁਤ ਕੁਝ ਧਾਰਮਕ ਤੇ ਸਮਾਜਕ ਅੰਦੋਲਨ ਲਿਆਂਦਾ ਅਤੇ ਵਿਦਿਆ ਦਾ ਪਰਚਾਰ ਕੀਤਾ। ਪਰ ੧੯੦੭ ਦੇ ਕਾਲੋਨੀ ਬਿਲ ਸੰਬੰਧੀ ਹੋਈ ਐਜੀਟੇਸ਼ਨ ਨੇ ਲੋਕਾਂ ਨੂੰ ਇਕ ਰਾਜਸੀ ਹਲੂਣਾ ਦੇ ਦਿੱਤਾ। ੧੯੧੩ ਵਿਚ ਅਮਰੀਕਾ ਗਏ ਹੋਏ ਪੰਜਾਬੀਆਂ ਨੇ ਸਾਨ-ਫ਼ਰਾਂਸਿਸਕੋ ਵਿਚ ਗ਼ਦਰ ਪਾਰਟੀ ਦੀ ਨੀਂਹ ਰੱਖੀ ਅਤੇ ਹਿੰਦੁਸਤਾਨ ਦੀ ਆਜ਼ਾਦੀ ਦਾ ਪਰਚਾਰ ਕਰਨਾ ਸ਼ੁਰੂ ਕੀਤਾ। ਸਤੰਬਰ ੧੯੧੪ ਵਿਚ ਕੌਮਾਗਾਟਾਮਾਰੂ ਦੇ ਪੰਜਾਬੀ ਮੁਸਾਫ਼ਰਾਂ ਉੱਤੇ ਬਜ-ਬਜ ਦੇ ਘਾਟ ਤੇ ਗੋਲੀ ਚੱਲਣ ਨੇ ਲੋਕਾਂ ਦੇ ਦਿਲ ਹਿਲਾ ਦਿੱਤੇ। ਸਰਕਾਰ ਪੰਜਾਬ ਨੇ ਇਨ੍ਹਾਂ ਮੁਸਾਫ਼ਰਾਂ ਅਤੇ ਅਗਲੇ ਮਹੀਨੇ ਆਏ ਤੋਸਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਗ਼ਦਰ ਫੈਲਾਉਣ ਦੇ ਦੋਸ਼ ਵਿਚ ਜੇਲ੍ਹਾਂ ਵਿਚ ਡਕ ਦਿੱਤਾ। ੧੯੧੫ ਦੀ ਫ਼ਰਵਰੀ ਵਿਚ ਮਿਥਿਆ ਹੋਇਆ ਗ਼ਦਰ ਸਿਰੇ ਨਾ ਚੜ੍ਹ ਸਕਿਆ। ਇਸ ਗ਼ਦਰ ਦੇ ਇਰਾਦੇ ਦੇ ਦੋਸ਼ ਵਿਚ ਕਈ ਆਦਮੀ ਫ਼ਾਂਸੀ ਲੱਗੇ ਤੇ ਕਈਆਂ ਨੂੰ ਉਮਰ ਕੈਦਾਂ ਹੋਈਆਂ।

੧੯੧੯ ਵਿਚ ਅੰਮ੍ਰਿਤਸਰ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਵਾਕਿਆ ਹੋਇਆ। ਜਿਸ ਵਿਚ ਇਕ ਅੰਗਰੇਜ਼ ਜਰਨੈਲ ਡਾਇਰ ਨੇ ਬਹੁਤ ਸਾਰੇ ਨਿਰਦੋਸ਼ ਅਤੇ ਨਿਹੱਥੇ ਪੰਜਾਬੀਆਂ ਨੂੰ ਮਸ਼ੀਨ ਗਨਾਂ ਨਾਲ ਦਾਣਿਆਂ ਵਾਂਙੂ ਭੁੰਨ ਸੁੱਟਿਆ। ਇਸ ਗੱਲ ਨੇ ਸਾਰੇ ਹਿੰਦੁਸਤਾਨ ਵਿਚ ਰਾਜਸੀ ਅੱਗ ਬਾਲ ਦਿੱਤੀ ਜੋ ਮੁੜ ਬੁਝਾਈ ਨਾ ਜਾ ਸਕੀ। ੧੯੨੦ ਵਿਚ ਸਿਖਾਂ ਦੀ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ, ਜਿਸ ਦੇ ਨਨਕਾਣਾ ਸਾਹਿਬ, ਗੁਰੂ ਕਾ ਬਾਗ਼ ਅਤੇ ਜੈਤੋਂ ਦੇ ਮੋਰਚਿਆਂ ਨੇ ਸਰਕਾਰ ਅੰਗਰੇਜ਼ੀ ਦਾ ਰੋਹਬ ਲੋਕਾਂ ਦੇ ਮਨਾਂ ਵਿੱਚੋਂ ਹਿਲਾ ਦਿੱਤਾ।

ਪਹਿਲੋਂ ਪਹਿਲ ਪੰਜਾਬ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਬਹੁਤ ਜ਼ੋਰ ਨਹੀਂ ਸੀ, ਇਹ ੧੯੧੯ ਤੋਂ ਬਾਦ ਜ਼ਿਆਦਾ ਵਧਣਾ ਆਰੰਭ ਹੋਇਆ ਅਤੇ ਹਿੰਦੁਸਤਾਨ ਦੀ ਮੁਕੰਮਲ ਸੁਤੰਤਰਤਾ ਦਾ ਮਤਾ ੩੧ ਦਸੰਬਰ ੧੯੨੯ ਨੂੰ ਲਾਹੌਰ ਕਾਂਗਰਸ ਦੇ ੪੫ਵੇਂ ਸਾਲਾਨਾ ਇਜਲਾਸ ਵਿਚ ਪਾਸ ਹੋਇਆ। ਇਸ ਸਮੇਂ ਲਾਲਾ ਲਾਜਪਤ ਰਾਇ ਅਤੇ ਡਾਕਟਰ ਸੈਫ਼-ਦੀਨ ਕਿਚਲੂ ਆਦਿ ਨੇ ਦੇਸ ਦੀ ਬੜੀ ਪਰਸੰਸਾ-ਯੋਗ ਸੇਵਾ ਕੀਤੀ। ਨਾ-ਮਿਲ-ਵਰਤਨ ਅਤੇ "ਹਿੰਦੁਸਤਾਨ ਛਡ ਜਾਓ" (੧੯੪੨) ਦੀਆਂ ਲਹਿਰਾਂ ਵਿਚ ਪੰਜਾਬੀ ਪੂਰੀ ਤਰ੍ਹਾਂ ਸ਼ਾਮਲ ਹੋਏ। ਪਹਿਲੀ ਆਜ਼ਾਦ ਹਿੰਦ ਫ਼ੌਜ ਦੇ ਮੋਹਰੀ ਭੀ ਪੰਜਾਬੀ ਹੀ ਸਨ ਅਤੇ ਦੂਸਰੀ ਵਿਚ ਭੀ ਉਨ੍ਹਾਂ ਦਾ ਹਿੱਸਾ ਬੜਾ ਉੱਘਾ ਸੀ।

**ਦੇਸ਼ ਦੀ ਆਜ਼ਾਦੀ ਅਤੇ ਵੰਡ** – ਜਦ ਮੁਸਲਿਮ ਲੀਗ ਦੀ ਮੰਗ ਨੂੰ ਪਰਵਾਨ ਕਰ ਕੇ ਅੰਗਰੇਜ਼ਾਂ ਨੇ ੧੯੪੭ ਵਿਚ ਹਿੰਦੁਸਤਾਨ ਨੂੰ ਵੰਡਣ ਅਤੇ ਪਾਕਿਸਤਾਨ ਬਣਾ ਦੇਣ ਦਾ ਫੈਸਲਾ ਕਰ ਲਿਆ ਤਾਂ ਇਹ ਪੰਜਾਬੀਆਂ ਦੀ ਹਿੰਮਤ ਦਾ ਨਤੀਜਾ ਸੀ ਕਿ ਚੜ੍ਹਦਾ ਪੰਜਾਬ ਪਾਕਿਸਤਾਨ ਵਿਚ ਚਲਾ ਜਾਣੋਂ ਬਚ ਗਿਆ ਭਾਵੇਂ ਇਸ ਦੇ ਬਦਲੇ ਉਨ੍ਹਾਂ ਨੂੰ ਬੇਅੰਤ ਜਾਨੀ ਅਤੇ ਮਾਲੀ ਨੁਕਸਾਨ ਉਠਾਉਣਾ ਪਿਆ।

---

# ਕਲਾ

ਫੁਲਕਾਰੀ ਤੇ ਚਿਤਰਕਾਰੀ

www.PunjabiLibrary.com

੧.

# ਫੁਲਕਾਰੀ

ਕਿਹਾ ਜਾਂਦਾ ਹੈ ਕਿ ਪੰਜਾਬ, ਕਲਾ-ਖੇਤਰ ਵਿੱਚ ਬੜਾ ਪਿੱਛੇ ਹੈ। ਇਸ ਨੇ ਭਾਰਤੀ ਕਲਾ ਵਿੱਚ ਦੂਜੇ ਸੂਬਿਆਂ ਜਿੰਨਾਂ ਹਿੱਸਾ ਨਹੀਂ ਪਾਇਆ। ਪਰ ਫੁਲਕਾਰੀ ਦੀ ਕਲਾ ਬਾਰੇ ਜਾਣ ਲੈਣ ਤੋਂ ਪਿੱਛੋਂ ਅਜਿਹੇ ਸਾਰੇ ਭੁਲੇਖਿਆਂ ਨੂੰ ਦੂਰ ਕੀਤਾ ਜਾ ਸਕੇਗਾ। ਅੱਗੇ ਇਸ ਕਲਾ ਬਾਰੇ ਕੋਈ ਬਾਕਾਇਦਾ ਕੰਮ ਹੋਇਆ ਨਹੀਂ ਮਿਲਦਾ, ਪਰ ਥੋੜੀ ਜਿਹੀ ਜਾਣ ਪਛਾਣ ਦੇ ਉਪਰੰਤ ਹੀ ਇਹ ਦਾਅਵਾ ਕਰਨਾ ਔਖਾ ਨਹੀਂ ਕਿ ਫੁਲਕਾਰੀ ਸਾਡੀ ਲੋਕ-ਕਲਾ ਦਾ ਉਹ ਨਮੂਨਾ ਹੈ ਜਿਸਨੂੰ ਭਾਰਤੀ ਕਲਾਕਾਰੀ ਦੀ ਜਿੰਦ-ਜਾਨ ਆਖਿਆ ਜਾ ਸਕਦਾ ਹੈ।

ਸਾਡੇ ਖ਼ਿਆਲ ਵਿੱਚ ਫੁਲਕਾਰੀ ਦੇ ਟਾਕਰੇ ਦੀ ਸ਼ਿਲਪ-ਕਲਾ ਹੋਰ ਕਿਤੇ ਨਹੀਂ ਮਿਲੇਗੀ। ਫੁਲਕਾਰੀ ਦੇ ਹੁਨਰ ਦਾ ਅਸਲੀ ਕਮਾਲ ਇਹ ਹੈ ਕਿ ਇਸ ਦੀ ਕਢਾਈ ਕਪੜੇ ਦੇ ਪੁੱਠੇ ਪਾਸਿਉਂ ਕੀਤੀ ਜਾਂਦੀ ਹੈ। ਕਢਾਈ ਵਾਸਤੇ ਪੰਜਾਬੀ ਨੱਢੀਆਂ ਪਾਸ ਕੋਈ ਨਮੂਨਾ ਨਹੀਂ ਹੁੰਦਾ ਜਿਸ ਨੂੰ ਵੇਖ ਕੇ ਉਹ ਉਤਾਰਾ ਕਰ ਲੈਣ। ਉਹ ਤਾਂ ਸਿਰਫ਼ ਪਿੰਡ ਦੇ ਲੁਹਾਰ ਦੀ ਬਣਾਈ ਇਕ ਮੋਟੀ ਜਿਹੀ ਸਾਧਾਰਨ ਸੂਈ ਨਾਲ ਹੀ ਅੱਤ ਪਿਆਰੀ ਤੇ ਸੁਹਣੀ ਕਢਾਈ ਕਰ ਜਾਂਦੀਆਂ ਹਨ। ਕੀ ਦੁਨੀਆਂ ਵਿੱਚ ਹੋਰ ਕਿਧਰੇ ਇਸ ਦੀ ਮਿਸਾਲ ਮਿਲ ਸਕਦੀ ਹੈ?

ਫੁਲਕਾਰੀ ਦਾ ਖ਼ਿਆਲ ਆਉਂਦੇ ਹੀ ਵੇਲ-ਬੂਟਿਆਂ ਨਾਲ ਸਜੀ-ਫਬੀ ਕੋਈ ਸ਼ੈ ਉੱਘੜ ਖੜੋਂਦੀ ਹੈ। ਪੰਜਾਬੀਆਂ ਦੇ ਦਿਲਾਂ ਵਿੱਚ ਇਸ ਦੀ ਯਾਦ ਨਾਲ ਅਨੋਖੀਆਂ ਖ਼ੁਸ਼ੀਆਂ ਤੇ ਹੁਸੀਨ ਸਿਮਰਤੀਆਂ ਜਾਗ ਪੈਂਦੀਆਂ ਹਨ ਅਤੇ ਪੰਜਾਬੀ ਜ਼ਿੰਦਗੀ ਦੀਆਂ ਜੀਉਂਦੀਆਂ ਝਾਕੀਆਂ ਅੱਖਾਂ ਸਾਹਮਣਿਉਂ ਘੁੰਮ ਜਾਂਦੀਆਂ ਹਨ। ਅਸੀਂ ਇਉਂ ਅਨੁਭਵ ਕਰਦੇ ਹਾਂ ਜਿਵੇਂ ਬੁੱਢੀ ਦਾਦੀ ਸਿਰ ਉੱਤੇ ਫੁਲਕਾਰੀ ਲਈ ਚੁੱਲ੍ਹੇ ਅੱਗੇ ਬੈਠੀ-ਛਾਹ ਵੇਲਾ ਤਿਆਰ ਕਰ ਰਹੀ ਹੈ ਜਾਂ ਕੋਈ ਨੱਢੀ ਸਿਰ ਉੱਤੇ ਲੱਸੀ ਦੀ ਚਾਟੀ ਚੁੱਕੀ, ਉੱਪਰ ਰੋਟੀਆਂ ਦਾ ਛਿੱਕੂ ਟਿਕਾਈ, ਖੇਤਾਂ ਵਿਚ ਕੰਮ ਕਰਦੇ ਜੱਟਾਂ ਲਈ ਭੱਤਾ ਲੈ ਜਾ ਰਹੀ ਹੈ ਤੇ ਉਸ ਦੇ ਕਾਲੇ ਪੱਲੇ ਵਾਲੇ ਪੀਲੇ ਘਗਰੇ ਤੇ ਸ਼ਾਹ ਕਾਲੇ ਕਮੀਜ਼ ਨਾਲੋਂ ਕਿਤੇ ਵੱਧ ਉਸ ਦੇ ਸਿਰ ਉੱਪਰਲੀ ਫੁਲਕਾਰੀ ਉਸ ਦੇ ਹੁਸਨ ਵਿੱਚ ਜਾਨ ਪਾ ਰਹੀ ਹੈ; ਸਾਨੂੰ ਇਉਂ ਵੀ ਲਗਦਾ ਹੈ ਕਿ ਮੁਟਿਆਰਾਂ ਦੀ ਇਕ ਟੋਲੀ ਸਿਖਰ ਦੁਪਹਿਰੇ ਵਿਹੜੇ ਵਿੱਚ ਅੰਬੀ ਦੇ ਬੂਟੇ ਥੱਲੇ ਕਸੀਦਾ ਕੱਢ ਰਹੀ ਹੈ ਤੇ ਰੰਗਲੇ ਚਰਖੇ ਦੀ ਘੂਕਰ ਉਨ੍ਹਾਂ ਦੀਆਂ ਸੁਬਕ ਉਂਗਲਾਂ ਨੂੰ ਇਕ ਤਾਲ ਦੇ ਰਹੀ ਹੈ।

ਫੁਲਕਾਰੀ ਦੇ ਅਰਥ ਹਨ ਫੁੱਲ ਕੱਢਣਾ, ਤੇ ਇਹ ਸ਼ਬਦ ਕੱਢੇ ਗਏ ਕਪੜੇ ਲਈ ਅੰਮ੍ਰਿਤਸਰੋਂ ਦਿੱਲੀ ਤਕ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਦੇ ਇਕ ਕਪੜੇ ਨੂੰ 'ਬਾਗ' ਵੀ ਆਖਦੇ ਹਨ। ਫੁਲਕਾਰੀ ਉੱਤੇ ਕੱਢੇ ਵੇਲ ਬੂਟਿਆਂ ਤੇ ਫੁੱਲਾਂ ਦੇ ਚਿੱਤਰ ਸੱਚਮੁੱਚ ਬਾਗ਼ ਦਾ ਹੀ ਰੂਪ ਲਗਦੇ ਹਨ। ਉਹ ਇਤਨੇ ਸੁਰਾਂਗਲੇ ਹੁੰਦੇ ਹਨ ਕਿ ਉਨ੍ਹਾਂ ਦਾ ਨਾਂ ਹੀ ਬਾਗ ਪੈ ਗਿਆ ਹੈ। ਬਾਗ਼ ਤੇ ਫੁਲਕਾਰੀ ਵੱਖ ਵੱਖ ਕਢਾਈ ਵਾਲੇ ਕਪੜਿਆਂ ਦੇ ਨਾਂ ਹਨ। ਕੁਝ ਸਮਾਂ ਪਹਿਲਾਂ ਇਸਤਰੀਆਂ ਸਿਆਲ ਵਿੱਚ ਫੁਲਕਾਰੀਆਂ ਆਮ ਵਰਤਦੀਆਂ ਸਨ ਕਿਉਂਕਿ ਇਹ ਸ਼ਿੰਗਾਰ-ਮਈ ਵੀ ਹਨ ਅਤੇ ਨਿੱਘੀਆਂ ਵੀ। ਅਕਸਰ ਇਹ ਲੰਬਾਈ ਵਿੱਚ ਢਾਈ ਗਜ਼ ਤੇ ਚੁੜਾਈ ਵਿੱਚ ਡੇਢ ਗਜ਼ ਹੁੰਦੀਆਂ ਹਨ। ਪਰ ਇਹ ਲੰਬਾਈ ਚੁੜਾਈ ਹਮੇਸ਼ਾਂ ਮਿੱਥੀ ਹੋਈ ਨਹੀਂ ਹੁੰਦੀ।

ਫੁਲਕਾਰੀ ਦੇ ਪੱਲਿਆਂ ਉੱਤੇ ਕਈ ਪਰਕਾਰ ਦੀਆਂ ਮਨਮੋਹਣੀਆਂ ਬੂਟੀਆਂ ਕੱਢੀਆਂ ਹੁੰਦੀਆਂ ਹਨ।

ਪੱਲਿਆਂ ਉੱਤੇ ਕੀਤੀ ਕਢਾਈ ਹੁਨਰ ਦੀਆਂ ਸਿਖਰਾਂ ਛੂਹੰਦੀ ਹੈ, ਇਹ ਕਪੜੇ ਦੀ ਮੁੱਖ ਕਢਾਈ ਨਾਲੋਂ ਵੀ ਵਧੇਰੇ ਸੁਹਣੀ ਹੰਦੀ ਹੈ। ਫੁਲਕਾਰੀ ਉੱਤੇ ਬਹੁਤ ਕਰਕੇ ਸਿਰਫ਼ ਬੂਟੀਆਂ ਹੀ ਕੱਢੀਆਂ ਹੁੰਦੀਆਂ ਹਨ। ਕਈਆਂ ਉੱਤੇ ਚਿੱਤਰ ਵੀ ਕੱਢੇ ਜਾਂਦੇ ਹਨ।

'ਬਾਗ' ਸ਼ਬਦ ਇਸ ਵੰਨਗੀ ਦੇ ਕਪੜਿਆਂ ਲਈ ਪੱਛਮੀ ਪੰਜਾਬ ਦੇ ਪਿਸ਼ਾਵਰ, ਸਿਆਲਕੋਟ, ਜਿਹਲਮ, ਰਾਵਲਪਿੰਡੀ ਤੇ ਹਜ਼ਾਰੇ ਦੇ ਜ਼ਿਲਿਆਂ ਵਿੱਚ ਵਰਤਿਆ ਜਾਂਦਾ ਹੈ। ਬਾਗ ਦੀ ਕਢਾਈ ਇਸ ਦੇ ਪੋਟੇ ਪੋਟੇ ਉੱਤੇ ਕੀਤੀ ਜਾਂਦੀ ਹੈ ਅਤੇ ਰੱਤੀ ਜਿੰਨੀ ਥਾਂ ਵੀ ਅਣ-ਕੱਢੀ ਨਹੀਂ ਰਹਿਣ ਦਿੱਤੀ ਜਾਂਦੀ। ਕਢਾਈ ਆਮ ਕਰਕੇ ਦੋ ਰੰਗਾਂ ਵਿੱਚ ਕੀਤੀ ਜਾਂਦੀ ਹੈ। ਰੰਗ-ਚੋਣ ਅਤੇ ਰੰਗ-ਮੇਲ ਵਿੱਚ ਬੜਾ ਸੁਚੱਜ ਤੇ ਸੁੰਦਰਤਾ ਵਿਖਾਈ ਦੇਂਦੀ ਹੈ। ਬਾਗਾਂ ਉੱਤੇ ਕਈ ਪਰਕਾਰ ਦੀਆਂ ਬੂਟੀਆਂ ਤੇ ਕੋਣਦਾਰ ਜਾਂ ਗੋਲਾਕਾਰੀ ਨਮੂਨੇ ਕੱਢੇ ਹੁੰਦੇ ਹਨ। ਇਨ੍ਹਾਂ ਨੂੰ ਵੇਖ ਕੇ ਇਉਂ ਲਗਦਾ ਹੈ ਜਿਵੇਂ ਸੁਨਹਿਰੀ ਤੇ ਗੂੜ੍ਹੀ ਲਾਲ ਭਾਹ ਮਾਰਦੀ ਮਖ਼ਮਲ ਹੋਵੇ। ਫੁਲਕਾਰੀਆਂ ਵਾਂਗ ਕਈ ਬਾਗਾਂ ਦੇ ਵੱਖਰੇ ਪੱਲੇ ਨਹੀਂ ਹੁੰਦੇ, ਸਗੋਂ ਬਾਗ ਦੀ ਮੁੱਖ-ਜ਼ਮੀਨ ਦੀਆਂ ਬੂਟੀਆਂ ਤੇ ਸ਼ਕਲਾਂ ਕੱਢੀਆਂ ਹੀ ਵੱਖਰੀ ਤਰਤੀਬ ਵਿੱਚ ਜਾਂਦੀਆਂ ਹਨ। ਕਈਆਂ ਦੇ ਪੱਲਿਆਂ ਉੱਤੇ ਬੜੀਆਂ ਖ਼ੂਬਸੂਰਤ ਤੇ ਸ਼ਾਨਦਾਰ ਜਾਮਿਤਕ ਸ਼ਕਲਾਂ ਦੀ ਕਢਾਈ ਕੀਤੀ ਜਾਂਦੀ ਹੈ। ਜਿਨ੍ਹਾਂ ਬਾਗਾਂ ਵਿਚ ਪੱਲਾ ਉੱਕਾ ਹੀ ਨਹੀਂ ਹੁੰਦਾ ਉਨ੍ਹਾਂ ਦੇ ਸਿਰਿਆਂ ਉੱਤੇ ਕਿਨਾਰੀ-ਨੁਮਾ ਬਰੀਕ ਤੋਪੇ ਭਰੇ ਜਾਂਦੇ ਹਨ। ਫੁਲਕਾਰੀ ਤੇ ਬਾਗ ਦੀ ਕਢਾਈ ਪੱਟ ਨਾਲ ਕੀਤੀ ਜਾਂਦੀ ਹੈ। ਅੱਗੇ ਇਹ ਅਫ਼ਗਾਨਿਸਤਾਨ ਅਤੇ ਕਸ਼ਮੀਰੋਂ ਮੰਗਵਾਇਆ ਅਤੇ ਅੰਮ੍ਰਿਤਸਰ ਤੇ ਜੰਮੂ ਵਿੱਚ ਰੰਗਿਆ ਜਾਂਦਾ ਸੀ। ਪੱਟ ਕੂਲਾ ਤੇ ਬੂਰਦਾਰ ਹੁੰਦਾ ਹੈ। ਇਹ ਪੋਟਿਆਂ ਨਾਲ ਚੰਬੜ ਜਾਂਦਾ ਹੈ, ਇਸ ਕਰਕੇ ਅੱਜ ਕੱਲ ਦੀਆਂ ਇਸਤਰੀਆਂ ਨੂੰ ਪੱਟ ਨਾਲ ਕਸੀਦਾ ਕੱਢਣਾ ਬੜਾ ਔਖਾ ਲਗਦਾ ਹੈ। ਇਸ ਨਾਲ ਕਢਾਈ ਕਰਨ ਲਈ ਬੜੇ ਲੰਮੇ ਅਭਿਆਸ ਤੇ ਤਜਰਬੇ ਦੀ ਲੋੜ ਹੈ। ਕਸੀਦਾ, ਆਮ ਤੌਰ ਤੇ ਘਰ-ਕੱਤੇ, ਘਰ-ਬੁਣੇ ਅਤੇ ਘਰ-ਰੰਗੇ ਖੱਦਰ ਦੇ ਕਪੜੇ ਉੱਤੇ ਕੱਢਿਆ ਜਾਂਦਾ ਹੈ। ਸੁਹਣੇ ਸੁਥਰੇ ਕੰਮ ਲਈ ਹਲਵਾਨ, ਇਕ ਪਰਕਾਰ ਦਾ ਵਧੀਆ ਖੱਦਰ, ਵਰਤਿਆ ਜਾਂਦਾ ਹੈ। ਫੁਲਕਾਰੀਆਂ ਅਤੇ ਬਾਗਾਂ ਦਾ ਇਕ ਗੁਣ ਇਹ ਵੀ ਹੈ ਕਿ ਇਨ੍ਹਾਂ ਨੂੰ ਕੀੜਾ ਨਹੀਂ ਲਗਦਾ। ਪਰ ਘਰਾਂ ਵਿਚ ਆਮ ਲੋਕ ਇਸ ਨੂੰ ਕਣਕ ਦੇ ਨਾਲ ਹੀ ਰੱਖਦੇ ਸਨ ਇਸ ਲਈ ਕਦੇ ਕਦਾਈਂ ਚੂਹੇ ਜ਼ਰੂਰ ਇਨ੍ਹਾਂ ਨੂੰ ਕੁਤਰ ਜਾਂਦੇ ਸਨ। ਕਸੀਦੇ ਲਈ ਲਾਲ, ਨੀਲਾ, ਅਤੇ ਚਿੱਟਾ ਖੱਦਰ ਅਤੇ ਪੱਟ ਦੀ ਕਢਾਈ ਲਈ ਗੂੜ੍ਹਾ ਲਾਲ, ਚਿੱਟਾ 'ਸੁਨਹਿਰੀ' ਪੀਲਾ, ਹਰਾ ਅਤੇ ਸੰਤਰੀ ਪੱਟ ਵਰਤਿਆ ਜਾਂਦਾ ਸੀ।

ਫੁਲਕਾਰੀ ਕਦੋਂ ਤੇ ਕਿਵੇਂ ਹੋਂਦ ਵਿੱਚ ਆਈ, ਇਸ ਦਾ ਪੂਰਾ ਗਿਆਨ ਸਾਨੂੰ ਕੋਈ ਨਹੀਂ। ਕਈਆਂ ਦਾ ਖ਼ਿਆਲ ਹੈ ਕਿ ਕਸ਼ਮੀਰ ਵਿੱਚ ਆ ਕੇ ਵੱਸਣ ਵਾਲੇ ਈਰਾਨੀ ਮੁਸਲਮਾਨ ਇਸ ਹੁਨਰ ਨੂੰ ਆਪਣੇ ਨਾਲ ਭਾਰਤ ਵਿੱਚ ਲਿਆਏ। ਈਰਾਨ ਵਿੱਚ ਇਸ ਨੂੰ 'ਗੁਲਕਾਰੀ' ਕਹਿੰਦੇ ਸਨ। 'ਗੁਲਕਾਰੀ' ਫ਼ਾਰਸੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ ਫੁੱਲ ਕੱਢਣਾ। ਕੁਝ ਚਿਰ ਹੋਇਆ ਮੈਂ ਈਰਾਨ ਵਿੱਚ ਇਕ ਮਿੱਤਰ ਨੂੰ ਲਿਖਿਆ ਸੀ ਕਿ ਉਹ ਜ਼ਾਹਿਦਾਨ ਦੇ ਸਭ ਤੋਂ ਵੱਡੇ ਬਜ਼ੁਰਗਾਂ ਤੋਂ ਗੁਲਕਾਰੀ ਬਾਰੇ ਪੁੱਛ ਪੜਤਾਲ ਕਰੇ। ਮੈਂ ਉਸ ਨੂੰ ਗੁਲਕਾਰੀ ਦਾ ਕੋਈ ਨਮੂਨਾ ਹਾਸਲ ਕਰਨ ਲਈ ਵੀ ਆਖਿਆ ਤਾਂ ਜੁ ਮੈਂ ਇਸ ਦੀ ਕਢਾਈ ਦਾ ਟਾਕਰਾ ਫੁਲਕਾਰੀ ਦੀ ਕਢਾਈ ਨਾਲ ਕਰ ਸਕਾਂ। ਪਰ ਮੇਰਾ ਮਿੱਤਰ ਆਪਣੀਆਂ ਕੋਸ਼ਸ਼ਾਂ ਵਿੱਚ ਅਸਫ਼ਲ ਰਿਹਾ। ਅੱਜ ਕਲ ਦੀ ਕਸ਼ਮੀਰੀ ਕਸ਼ੀਦਾਕਾਰੀ ਦਾ ਨਾਤਾ ਚੀਨੀ ਤੇ ਈਰਾਨੀ ਕਸ਼ੀਦਾਕਾਰੀ ਨਾਲ ਜਾ ਜੁੜਦਾ ਹੈ, ਪਰ ਬਾਗ ਤੇ ਫੁਲਕਾਰੀ ਦੀ ਕਢਾਈ ਆਪਣੀ ਸ਼ੈਲੀ ਤੇ ਤੋਪੇ ਵਿੱਚ ਚੀਨੀ ਤੇ ਈਰਾਨੀ ਕਸ਼ੀਦਾਕਾਰੀ ਤੋਂ ਬਿਲਕੁਲ ਵੱਖਰੀ ਹੈ। ਕਈਆਂ ਦਾ ਇਹ ਵੀ ਵਿਚਾਰ ਹੈ ਕਿ ਮੱਧ-ਏਸ਼ੀਆ ਤੋਂ ਭਾਰਤ ਵਿੱਚ ਪ੍ਰਵੇਸ਼ ਕਰਨ ਵਾਲੇ ਜੱਟ ਅਤੇ ਗੁੱਜਰ ਲੋਕ ਫੁਲਕਾਰੀ ਦੀ ਕਲਾ ਨੂੰ ਆਪਣੇ ਨਾਲ ਲਿਆਏ ਸਨ।

ਇਹ ਮੰਨੀ ਪਰਮੰਨੀ ਗੱਲ ਹੈ ਕਿ ਈਰਾਨੀ ਅਤੇ ਮੱਧ-ਏਸ਼ੀਆਈ ਖ਼ਾਨਾ-ਬਦੋਸ਼ ਸ਼ਾਲ, ਦੁਸ਼ਾਲੇ ਅਤੇ ਹੋਰ ਕਪੜੇ ਬੁਣਨ ਵਿਚ ਮਾਹਰ ਸਨ। ਉਨ੍ਹਾਂ ਦੀ ਰੰਗ ਦੀ ਸੂਝ ਅਸਚਰਜ-ਜਨਕ ਸੀ ਅਤੇ ਅਨੇਕ ਪਰਕਾਰ ਦੇ ਰਾਂਗਲੇ ਚਿੱਤ੍ਰ ਬੁਣਨ ਵਿੱਚ ਉਨ੍ਹਾਂ ਦਾ ਸਾਨੀ ਕੋਈ ਨਹੀਂ ਸੀ।

ਇਸ ਲਈ ਹੋ ਸਕਦਾ ਹੈ ਰੰਗ ਦੀ ਸੂਝ ਜੱਟਾਂ ਤੇ ਗੁੱਜਰਾਂ ਨਾਲ ਹੀ ਸਾਡੇ ਦੇਸ ਵਿੱਚ ਆਈ ਹੋਵੇ, ਪਰ ਕਢਾਈ ਲਈ ਵਰਤੋਂ ਵਿੱਚ ਲਿਆਂਦਾ ਕਪੜਾ ਖੱਦਰ, ਆਪਣੀ ਪੂਰੀ ਦੀ ਪੂਰੀ ਰਚਨਾ ਵਿੱਚ ਭਾਰਤੀ ਹੈ। ਫੁਲ-ਕਾਰੀ ਉੱਤੇ ਕੱਢੇ ਵੇਲ ਬੂਟੇ ਨਾ ਕੇਵਲ ਉੱਤਰੀ ਤੇ ਪੱਛਮੀ ਭਾਰਤ ਦੀ ਕਸੀਦਾਕਾਰੀ ਵਿੱਚ ਹੀ ਨਹੀਂ, ਸਗੋਂ ਇਹ ਪੱਛਮ ਵਿੱਚ ਚੈਕੋਸਲੋਵਾਕੀਆ ਤੇ ਹੰਗਰੀ ਅਤੇ ਧੁਰ-ਪੂਰਬ ਵਿੱਚ ਹਿੰਦ-ਚੀਨੀ ਦੇਸਾਂ ਦੇ ਬੁਣੇ ਹੋਏ ਕਪੜੇ ਵਿੱਚ ਵੀ ਮਿਲਦੇ ਹਨ।

ਫੁਲਕਾਰੀ ਦਾ ਜਨਮ ਸਮਿਆਂ-ਪੁਰਾਣੀ ਗੱਲ ਹੈ। ਵੇਦ, ਮਹਾਭਾਰਤ, ਗੁਰੂ ਗ੍ਰੰਥ ਅਤੇ ਪੰਜਾਬ ਦੇ ਲੋਕ-ਗੀਤਾਂ ਵਿੱਚ ਫੁਲਕਾਰੀ ਦਾ ਜ਼ਿਕਰ ਆਉਂਦਾ ਹੈ। ਇਸ ਗੱਲ ਦੀ ਬਹੁਤੀ ਮਹਾਨਤਾ ਨਹੀਂ ਕਿ ਇਹ ਪੱਛਮ ਤੋਂ ਆਈ ਜਾਂ ਪੂਰਬ ਤੋਂ, ਮਹਾਨਤਾ ਇਸ ਗੱਲ ਦੀ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਵਿੱਚ ਪ੍ਰਵੇਸ਼ ਕਰਨ ਪਿੱਛੋਂ ਫੁਲਕਾਰੀ ਦੀ ਰੂਪ-ਰੇਖਾ ਪੂਰਨ ਰੂਪ ਵਿੱਚ ਬਦਲ ਗਈ ਅਤੇ ਫੁਲਕਾਰੀ ਆਪਣਾ ਵਖਰਾ ਵਿਅਕਤਿਤ੍ਵ ਲੈ ਕੇ ਇਕ ਪਿਆਰੇ ਤੇ ਸੁਰਾਂਗਲੇ ਰੂਪ ਵਿੱਚ ਪਰਗਟ ਹੋਈ।

## ੨.

## ਫੁਲਕਾਰੀ ਦੀਆਂ ਕਿਸਮਾਂ

ਆਦਮੀ ਦੇ ਵੱਖ ਵੱਖ ਬਸਤਰਾਂ ਵਾਂਗ ਫੁਲਕਾਰੀਆਂ ਵੀ ਕਈ ਪਰਕਾਰ ਦੀਆਂ ਹਨ। ਇਨ੍ਹਾਂ ਉੱਤੇ ਕੱਢੇ ਗਏ ਫੁੱਲਾਂ ਬੂਟਿਆਂ ਦੇ ਚਿੱਤਰ ਵੀ ਵੱਖ ਵੱਖ ਜ਼ਿਲਿਆਂ ਵਿੱਚ ਵੱਖ ਵੱਖ ਕਿਸਮਾਂ ਦੇ ਹੁੰਦੇ ਹਨ। ਚਾਰ ਪੰਜ ਕਿਸਮ ਦੀਆਂ ਫੁਲਕਾਰੀਆਂ ਪਰਸਿੱਧ ਹਨ। ਖ਼ਾਸ ਵਿਆਹਾਂ ਸ਼ਾਦੀਆਂ ਲਈ ਕੱਢੀਆਂ ਜਾਣ ਵਾਲੀਆਂ ਫੁਲਕਾਰੀਆਂ ਉੱਤੇ ਬੜਾ ਸੁਹਣਾ ਕੰਮ ਕੀਤਾ ਹੁੰਦਾ ਹੈ। ਇਨ੍ਹਾਂ ਦੇ ਰੇਸ਼ਮ-ਕੱਢੇ ਤਲ ਨੂੰ ਮਲਮਲ ਨਾਲ ਢਕ ਦਿੱਤਾ ਜਾਂਦਾ ਹੈ ਤਾਂ ਜੁ ਉਹ ਖ਼ਰਾਬ ਨਾ ਹੋਣ। ਫੁਲਕਾਰੀ ਸਿਰਫ਼ ਇਕ ਸ਼ੋਭਨੀਕ ਸ਼ਾਲ ਹੀ ਨਹੀਂ, ਸਗੋਂ ਬੜੀ ਸੁਖਦਾਈ, ਨਿੱਘੀ ਅਤੇ ਊਨੀ ਸ਼ਾਲ ਜਿੰਨੀ ਗਰਮ ਵੀ ਹੈ। ਪੰਜਾਬ ਵਿੱਚ ਠੰਢ ਬੜੀ ਪੈਂਦੀ ਹੈ ਤੇ ਫੁਲਕਾਰੀ ਪਾਲਾ ਰੋਕਣ ਲਈ ਉੱਪਰ ਲਈ ਜਾਂਦੀ ਹੈ। ਕਦੀ ਇਹ ਪੰਜਾਬ ਦੀਆਂ ਇਸਤਰੀਆਂ ਦਾ ਅੱਤ ਪਿਆਰਾ ਪਹਿਰਾਵਾ ਸੀ।

ਵੰਨ-ਸੁਵੰਨੀਆਂ ਬੂਟੀਆਂ ਨਾਲ ਕੱਢੀ ਅਤੇ ਪੂਰੇ ਪੱਲੇ ਵਾਲੀ ਖ਼ਾਸ ਫੁਲਕਾਰੀ ਤੇ ਸੁਰਾਂਗਲੇ ਬਾਗ ਨੂੰ ਵਿਆਹ ਸ਼ਾਦੀ ਵਰਗੇ ਖ਼ਾਸ ਮੌਕਿਆਂ ਉੱਤੇ ਜਾਂ ਸਾਕ-ਸੰਬੰਧੀਆਂ ਨੂੰ ਮਿਲਣ ਮਿਲਾਣ ਵੇਲੇ ਉੱਪਰ ਲਿਆ ਜਾਂਦਾ। ਸਭ ਤੋਂ ਵਧੀਆ ਫੁਲਕਾਰੀਆਂ ਪਹਿਲਾਂ ਪੱਛਮੀ ਪੰਜਾਬ ਦੇ ਪਿਸ਼ਾਵਰ, ਸਿਆਲਕੋਟ, ਜਿਹਲਮ, ਰਾਵਲਪਿੰਡੀ (ਰਾਵਲਪਿੰਡੀ ਦੇ ਨੇੜੇ ਚਕਵਾਲ ਆਪਣੇ ਸੁਹਣੇ ਬਾਗਾਂ ਲਈ ਖ਼ਾਸ ਕਰਕੇ ਪਰਸਿੱਧ ਸੀ)ਤੇ ਹਜ਼ਾਰੇ ਦੇ ਜ਼ਿਲਿਆਂ ਵਿੱਚ ਅਤੇ ਪਟਿਆਲੇ, ਕਪੂਰਥਲੇ, ਨਾਭੇ, ਫ਼ਰੀਦਕੋਟ ਅਤੇ ਜੀਂਦ ਦੀਆਂ ਭੂਤ-ਪੂਰਬ ਸਿੱਖ ਰਿਆਸਤਾਂ ਵਿਚ ਕਢੀਆਂ ਜਾਂਦੀਆਂ ਸਨ।

**ਚੋਪ ਅਤੇ ਸੁੱਬਰ**— ਇਹ ਦੋ ਪਰਸਿੱਧ ਫੁਲਕਾਰੀਆਂ ਹਨ। ਇਹ ਲੜਕੀ ਦੇ ਵਿਆਹ ਉੱਤੇ ਉਸ ਦੇ ਨਾਨਕਿਆਂ ਵੱਲੋਂ ਛੱਕ ਵਿੱਚ ਦਿੱਤੀਆਂ ਜਾਂਦੀਆਂ ਹਨ।

ਲਾਲ ਜਾਂ ਗੂੜ੍ਹੇ ਲਾਲ ਖੱਦਰ ਨੂੰ ਸਾਲੂ ਆਖਦੇ ਹਨ। ਇਹ ਰੋਜ਼ਾਨਾ ਪਹਿਰਾਵੇ ਦਾ ਘਰੋਗੀ ਕਪੜਾ ਹੈ।

**ਤਿਲ-ਪੱਤਰਾ** — ਇਸ ਕਿਸਮ ਦੀਆਂ ਫੁਲਕਾਰੀਆਂ ਘਟੀਆ ਖੱਦਰ ਉੱਤੇ ਮਿਹਨਤਾਨਾ ਦੇ ਕੇ ਕਢਵਾਈਆਂ ਜਾਂਦੀਆਂ ਹਨ। ਇਨ੍ਹਾਂ ਦੀ ਜ਼ਮੀਨ ਅਤੇ ਪੱਲੇ ਉੱਤੇ ਏਧਰ ਓਧਰ ਕੁਝ ਤੋਪੇ ਭਰੇ ਹੁੰਦੇ ਹਨ। ਇਹ ਵਿਆਹ ਸ਼ਾਦ

ਵੇਲੇ ਨੌਕਰਾਂ ਚਾਕਰਾਂ, ਜਿਵੇਂ ਝੀਊਰੀਆਂ, ਨਾਇਣਾਂ, ਚੂਹੜੀਆਂ, ਆਦਿ ਨੂੰ ਨਕਦੀ ਦੇ ਨਾਲ ਸੁਗ਼ਾਤ ਵਜੋਂ ਦਿਤੀਆਂ ਜਾਂਦੀਆਂ ਸਨ। ਕੁੜੀਆਂ ਦੇ ਦਾਜ ਵਿਚ ਅਜਿਹੀਆਂ ਬਹੁਤ ਸਾਰੀਆਂ ਫੁਲਕਾਰੀਆਂ ਦਿਤੀਆਂ ਜਾਂਦੀਆਂ ਸਨ, ਇਸ ਲਈ ਮਾਂ, ਤਾਈਆਂ, ਚਾਚੀਆਂ ਤੇ ਪਰਵਾਰ ਦੀਆਂ ਦੂਜੀਆਂ ਇਸਤਰੀਆਂ ਕਈ ਕਈ ਵਰ੍ਹੇ ਇਨ੍ਹਾਂ ਨੂੰ ਕੱਢਦੀਆਂ ਰਹਿੰਦੀਆਂ ਸਨ। ਇਸ ਔਖਿਆਈ ਤੋਂ ਬਚਣ ਲਈ ਇਨ੍ਹਾਂ ਨੂੰ ਪੈਸੇ ਦੇ ਕੇ ਕਢਵਾਉਣ ਦਾ ਰਿਵਾਜ ਪੈ ਗਿਆ ਹੈ। ਤਿਲ-ਪੱਤਰਾ ਦੇ ਅਰਥ ਹਨ ਤਿਲਾਂ ਦੇ ਬੀਜ ਖਿਲਾਰਨਾ।

**ਨੀਲਕ** – ਕਾਲੇ ਜਾਂ ਨੀਲੇ ਖੱਦਰ ਉੱਤੇ ਪੀਲੇ, ਗੂੜ੍ਹੇ ਲਾਲ ਰੇਸ਼ਮ ਨਾਲ ਕੱਢੀ ਨੀਲਕ ਫੁਲਕਾਰੀ ਕਿਸਾਨ ਇਸਤਰੀਆਂ ਵਿੱਚ ਬੜੀ ਹਰਮਨ-ਪਿਆਰੀ ਹੈ। ਨੀਲਕ ਬੜੀ ਸੁਹਣੀ ਅਤੇ ਮਨ-ਮੋਹਣੀ ਫੁਲਕਾਰੀ ਹੈ । ਗੂੜ੍ਹੇ ਨੀਲ ਰੰਗ ਨੂੰ ਸਿਆਹੀ-ਮਾਇਲ ਬਣਾਉਣ ਲਈ ਇਸ ਵਿੱਚ ਕੁਝ ਲੋਹਾ ਮਿਲਾ ਕੇ ਇਸ ਦਾ ਰੰਗ ਤਿਆਰ ਕੀਤਾ ਜਾਂਦਾ ਸੀ।

**ਘੁੰਗਟਬਾਗ** – ਇਹ ਇਕ ਪਰਸਿੱਧ ਬਾਗ ਹੈ। ਇਹ ਰਾਵਲਪਿੰਡੀ ਦੇ ਇਲਾਕੇ ਦੀ ਚੀਜ਼ ਹੈ। ਇਸ ਦੇ ਸਿਰ ਉਤਲੇ ਹਿੱਸੇ ਉੱਤੇ ਤਿਕੋਨੀ ਸ਼ਕਲ ਵਿੱਚ ਕਢਾਈ ਕੀਤੀ ਹੁੰਦੀ ਹੈ। ਤਿਕੋਨ ਦਾ ਆਧਾਰ ਮੱਥੇ ਦੀ ਪੂਰੀ ਗੋਲਾਈ ਉੱਤੇ ਤੇ ਸਿਖਰ ਗਰਦਨ ਦੇ ਪਿਛਲੇ ਹਿੱਸੇ ਉੱਤੇ ਪੈਂਦਾ ਹੈ। ਘੁੰਗਟ-ਬਾਗਾਂ ਵਿੱਚ ਆਮ ਤੌਰ ਉੱਤੇ ਦੋ ਵੱਡੇ ਤਿਕੋਨੇ ਬੂਟੇ ਕੱਢੇ ਹੁੰਦੇ ਹਨ ਅਤੇ ਸਜਾਵਟ ਵਜੋਂ ਰਿਬਨ ਵਾਂਗ ਗੋਟਾ ਲਾਇਆ ਜਾਂਦਾ ਹੈ।

ਉੱਤਰ-ਪੱਛਮੀ ਭਾਰਤ ਵਿਚ ਇਸਲਾਮੀ ਅਸਰ ਹੇਠ ਪਰਦੇ ਦਾ ਸਖ਼ਤ ਰਿਵਾਜ ਸੀ। ਆਦਮੀਆਂ ਸਾਹ-ਮਣੇ ਸ਼ਾਲ ਖਿੱਚ ਕੇ ਮੂੰਹ ਢਕ ਲਿਆ ਜਾਂਦਾ ਸੀ, ਤੇ ਹਿੰਦੂਆਂ ਵਿਚ ਵਿਆਹੀਆਂ ਮਟਿਆਰਾਂ ਵਡੇਰੇ ਮਰਦ-ਸੰਬੰਧੀਆਂ ਦੇ ਸਾਹਮਣੇ ਘੁੰਡ ਕੱਢ ਲੈਂਦੀਆਂ ਸਨ।

**ਛੱਮਾਸ**–ਪੰਜਾਬ ਦੇ ਦੱਖਣ-ਪੂਰਬੀ ਭਾਗ, ਖਾਸ ਕਰਕੇ ਰੋਹਤਕ, ਗੁੜਗਾਵਾਂ, ਹਿਸਾਰ ਅਤੇ ਦਿੱਲੀ ਦੇ ਪ੍ਰਦੇਸ਼ ਵਿਚ ਸ਼ੀਸ਼ੇ ਦੇ ਕੰਮ ਵਾਲੀ ਫੁਲਕਾਰੀ ਦਾ ਰਿਵਾਜ ਆਮ ਰਿਹਾ ਹੈ। ਸ਼ੀਸ਼ੇ ਦੇ ਨਿੱਕੇ ਨਿੱਕੇ ਟੁਕੜੇ ਪੀਲੇ ਜਾਂ ਸਲੇਟੀ-ਨੀਲੇ ਧਾਗੇ ਨਾਲ ਲਾਲ ਜਾਂ ਸਲੇਟੀ ਕਪੜੇ ਉੱਤੇ ਜੜ ਦਿਤੇ ਜਾਂਦੇ ਸਨ। ਇਹ ਭਾਰੀ ਅਤੇ ਸ਼ੋਭਾ ਵਾਲੀ ਫੁਲਕਾਰੀ ਆਪਣੀ ਕਿਸਮ ਦੀ ਅਨੋਖੀ ਚੀਜ਼ ਹੈ। ਸ਼ੀਸ਼ੇ ਦੇ ਗੋਲ ਚਮਕਦਾਰ ਟੁਕੜੇ ਕਸ਼ੀਦੇ ਦੇ ਰੰਗ ਦੀ ਸ਼ੋਭਾ ਪੂਰੀ ਤਰ੍ਹਾਂ ਪਰਗਟਾਉਂਦੇ ਹਨ।

ਇਹ ਫੁਲਕਾਰੀਆਂ ਬੀਤੇ ਸਮਿਆਂ ਦੀ ਧੁੰਦ ਵਿਚ ਗੁਆਚ ਗਈਆਂ ਹਨ, ਹੁਣ ਮੁਸ਼ਕਲ ਨਾਲ ਹੀ ਕਿਤੇ ਕੋਈ ਲਭਦੀ ਹੈ। ਜਿਹੜੀਆਂ ਮਿਲਦੀਆਂ ਵੀ ਹਨ ਉਹ ਕਈ ਦਹਾਕੇ ਪੁਰਾਣੀਆਂ, ਘੱਟੇ ਮਿੱਟੀ ਨਾਲ ਭਰੀਆਂ ਤੇ ਚੂਹਿਆਂ ਦੀਆਂ ਟੁੱਕੀਆਂ ਹੁੰਦੀਆਂ ਹਨ। ਇਕ ਪ੍ਰਦਰਸ਼ਨੀ ਲਈ ਮੈਂ ਬੜੀ ਮੁਸ਼ਕਲ ਨਾਲ ਕੁਝ ਫੁਲਕਾਰੀਆਂ ਹਾਸਲ ਕੀਤੀਆਂ, ਪਰ ਉਨ੍ਹਾਂ ਨੂੰ ਝਾੜ ਝੰਬ ਕੇ ਪੂਰੇ ਦੋ ਹਫ਼ਤੇ ਧੁੱਪੇ ਪਾਉਣਾ ਪਿਆ ਤਾਂ ਕਿਤੇ ਜਾ ਕੇ ਇਨ੍ਹਾਂ ਦੀ ਵਰ੍ਹਿਆਂ ਪੁਰਾਣੀ ਬਦਬੂ ਦੂਰ ਹੋਈ।

ਦੱਖਣੀ ਤੇ ਦੱਖਣ-ਪੱਛਮੀ ਪੰਜਾਬ ਦੀਆਂ ਫੁਲਕਾਰੀਆਂ ਵਿਚ ਬੂਟੀਆਂ ਦੀ ਬਨਾਵਟ ਅਤੇ ਤ੍ਰੋਪੇ ਦੇ ਲਿਹਾਜ਼ ਨਾਲ ਕੁਝ ਵਖਰਾਪਨ ਹੈ। ਇਨ੍ਹਾਂ ਦੇ ਪੱਲੇ ਚੌੜੇ ਹੁੰਦੇ ਹਨ ਜਿਨ੍ਹਾਂ ਉੱਤੇ ਬੜੇ ਪਿਆਰੇ ਨਮੂਨੇ ਕੱਢੇ ਹੁੰਦੇ ਹਨ। ਕਢਾਈ ਦੁਸੂਤੀ ਤ੍ਰੋਪੇ ਅਤੇ ਇਕ ਕਿਸਮ ਦੇ ਸਾਟਨ-ਤ੍ਰੋਪੇ ਨਾਲ ਕੀਤੀ ਹੁੰਦੀ ਹੈ। ਚੋਪ ਉੱਤੇ ਕੀਤੇ ਕੰਮ ਵਾਂਗ ਇਨ੍ਹਾਂ ਦੇ ਪੱਲੇ ਵੀ ਦੋਹੀਂ ਪਾਸੀਂ ਕੱਢੇ ਹੁੰਦੇ ਹਨ। ਇਨ੍ਹਾਂ ਉੱਤੇ ਪਸ਼ੂਆਂ ਪੰਛੀਆਂ ਦੀਆਂ ਮੂਰਤਾਂ ਆਮ ਕੱਢੀਆਂ ਜਾਂਦੀਆਂ ਹਨ। ਪੱਛਮੀ ਤੇ ਪੂਰਬੀ ਪੰਜਾਬ ਦੀਆਂ ਫੁਲਕਾਰੀਆਂ ਅਤੇ ਬਾਗਾਂ ਦੇ ਪੁੱਠੇ ਪਾਸੇ, ਮੱਧਮ ਜਿਹੀਆਂ ਨੁਕਤੇਦਾਰ ਲਕੀਰਾਂ ਦੇ ਛੁੱਟ ਹੋਰ ਕੁਝ ਵੀ ਨਹੀਂ ਹੁੰਦਾ। ਪਰ ਦੱਖਣ ਤੇ ਦੱਖਣ-ਪੱਛਮੀ ਪੰਜਾਬ ਵਿਚ ਰੇਸ਼ਮ ਦੀ ਥਾਂ ਜ਼ਿਆਦਾ ਤਰ

ਘਰ-ਕੱਤਿਆ ਸੂਤੀ ਧਾਗਾ ਹੀ ਵਰਤਿਆ ਜਾਂਦਾ ਹੈ, ਜਿਸ ਕਰਕੇ ਇਨ੍ਹਾਂ ਇਲਾਕਿਆਂ ਦੀ ਕਢਾਈ ਘਟੀਆ ਕਿਸਮ ਦੀ ਹੈ। ਇਸ ਇਲਾਕੇ ਦੇ ਰੱਜੇ-ਪੁਜੇ ਘਰਾਂ ਦੀਆਂ ਕਿਸਾਨ-ਇਸਤਰੀਆਂ ਆਪਣੀਆਂ ਓਢਣੀਆਂ ਗੋਟੇ-ਕਿਨਾਰੀ ਨਾਲ ਵੀ ਸ਼ਿੰਗਾਰ ਲੈਂਦੀਆਂ ਹਨ। ਓਢਣੀ ਦੇ ਸਿਰ ਉੱਤੇ ਲੈਣ ਵਾਲੇ ਹਿੱਸੇ ਦੀਆਂ ਕੰਨੀਆਂ ਉੱਤੇ ਬਰੀਕ ਗੋਟਾ ਲਾਇਆ ਜਾਂਦਾ ਹੈ।

ਕਈ ਵਾਰ ਫੁਲਕਾਰੀ ਦੇ ਕੋਨੇ ਵਿਚ ਸਾਧਾਰਨ ਗਹਿਣੇ — ਪਹੁੰਚੀ, ਕੰਗਣ, ਮੁਰਕੀਆਂ, ਮੁੰਦਰੀਆਂ, ਹਾਰ ਤੇ ਬਾਜੂਬੰਦ-ਕੱਢੇ ਮਿਲਦੇ ਹਨ। ਇਹ ਕਦੇ ਵੀ ਫੁਲਕਾਰੀ ਦੀ ਬਨਾਵਟ ਦਾ ਹਿੱਸਾ ਨਹੀਂ ਸਨ, ਇਹ ਕਸ਼ੀਦੇ ਵਿਚ ਗਹਿਣੇ ਜੜਨ ਦੀ ਤ੍ਰੀਮਤੀ ਰੀਝ ਨੂੰ ਪਰਗਟਾਉਂਦੇ ਹਨ।

ਇਸ ਕਿਸਮ ਦੀਆਂ ਫੁਲਕਾਰੀਆਂ ਫ਼ੀਰੋਜ਼ਪੁਰ ਦੇ ਇਲਾਕਿਆਂ ਵਿਚ ਆਮ ਮਿਲਦੀਆਂ ਹਨ ਤੇ ਇਨ੍ਹਾਂ ਨੂੰ ਸੈਂਚੀ ਆਖਿਆ ਜਾਂਦਾ ਹੈ। ਸੈਂਚੀ ਵਿਚ ਅਸੀਂ ਇਸਤਰੀਆਂ ਦੀ ਚਿੱਤਰੀ ਰੁਚੀ ਨੂੰ ਵੀ ਜਾਣ ਸਕਦੇ ਹਾਂ।

## ੩.

## ਚੋਪ

ਚੋਪ ਵਿਆਹ ਦੀ ਫੁਲਕਾਰੀ ਹੈ। ਵਿਆਹ ਦੀਆਂ ਰੀਤਾਂ ਮੁੱਕਣ ਤੋਂ ਕੁਝ ਚਿਰ ਪਹਿਲਾਂ ਲੜਕੀ ਨੂੰ ਚੂੜਾ ਚੜ੍ਹਾਉਣ ਵੇਲੇ ਨਾਨੀ ਚੋਪ ਦਿਆ ਕਰਦੀ ਸੀ। ਪੁਰਾਤਨ ਵਿਚਾਰਾਂ ਦੇ ਲੋਕਾਂ ਵਿਚ ਇਹ ਰਸਮ ਅਜੇ ਤਕ ਤੁਰੀ ਆਉਂਦੀ ਹੈ। ਚੂੜਾ ਚੜ੍ਹਾਉਣ ਵੇਲੇ ਕੁੜੀ ਦੇ ਸਭ ਨੇੜੇ ਦੇ ਰਿਸ਼ਤੇਦਾਰ ਜੁੜ ਬਹਿੰਦੇ ਹਨ ਅਤੇ ਦੰਦ-ਖੰਡ ਦਾ ਲਾਲ ਚੂੜਾ ਚੜ੍ਹਦਾ ਵੇਖਦੇ ਹਨ। ਚੂੜੀਆਂ ਇਕ ਤਰਤੀਬ ਵਿਚ ਚੜ੍ਹਾਈਆਂ ਜਾਂਦੀਆਂ ਹਨ, ਪਹਿਲਾਂ ਵੱਡੀ ਫਿਰ ਉਸ ਤੋਂ ਰਤਾ ਛੋਟੀ। ਇਸ ਤਰ੍ਹਾਂ ਵੀਣੀ ਉੱਤੇ ਚੂੜਾ ਬੜਾ ਫਬਦਾ ਹੈ। ਚੂੜਾ ਚੜ੍ਹਾਉਣ ਲਈ ਕਾਫ਼ੀ ਸੁਚੱਜੇ ਅਤੇ ਤਜਰਬੇਕਾਰ ਹੱਥ ਦੀ ਲੋੜ ਹੈ, ਇਸ ਲਈ ਬਹੁਤ ਥਾਈਂ ਪਾਂਧਾ ਚੂੜਾ ਚੜ੍ਹਾਉਂਦਾ ਹੈ; ਪਰ ਮਾਮਿਆਂ ਤੋਂ ਚੂੜਾ ਚੜ੍ਹਾਉਣ ਦਾ ਰਿਵਾਜ ਵੀ ਆਮ ਹੈ। ਇਸ ਸ਼ੁਭ ਅਵਸਰ ਉੱਤੇ ਇਸਤਰੀਆਂ ਸੁਹਾਗ ਗਾਉਂਦੀਆਂ ਹਨ ਅਤੇ ਮਾਮੇ ਗਹਿਣੇ, ਕਪੜੇ ਆਦਿ ਭੇਟ ਕਰਦੇ ਹਨ। ਇਸ ਨੂੰ ਨਾਨਕਾ-ਛੱਕ ਆਖਦੇ ਹਨ।


ਨਾਨਕੇ-ਛੱਕ ਵਿਚ ਫੁਲਕਾਰੀਆਂ ਵੀ ਹੁੰਦੀਆਂ ਹਨ। ਚੋਪ ਸਾਧਾਰਨ ਫੁਲਕਾਰੀ ਤੋਂ ਵੱਡੀ ਹੁੰਦੀ ਹੈ, ਅਤੇ ਇਸ ਦੀ ਕਢਾਈ ਵੀ ਇਕ ਖ਼ਾਸ ਗੁੰਝਲਦਾਰ ਤ੍ਰੋਪੇ ਦੁਆਰਾ ਕੀਤੀ ਗਈ ਹੁੰਦੀ ਹੈ। ਇਹ ਕੰਮ ਬੜਾ ਔਖਾ ਹੈ ਕਿਉਂ ਜੋ ਸਫ਼ਾਈ ਅਤੇ ਰੂਪ ਵਾਲੇ ਦੋਵੇਂ ਪੱਖ ਇੱਕੋ ਜਿਹੇ ਪੂਰੇ ਹੋਣੇ ਜ਼ਰੂਰੀ ਹਨ। ਚੋਪ ਬੜੇ ਹੀ ਵਧੀਆ ਲਾਲ ਸੂਹੇ ਖੱਦਰ ਉੱਤੇ ਸੁਨਹਿਰੀ ਪੀਲੇ ਧਾਗੇ ਨਾਲ ਕੱਢੀ ਜਾਂਦੀ ਹੈ। ਚੋਪ ਦੀ ਕਢਾਈ ਕੇਵਲ ਪੱਲਿਆਂ ਤੇ ਪਾਸਿਆਂ ਉੱਤੇ ਹੀ ਕੀਤੀ ਜਾਂਦੀ ਹੈ। ਸ਼ਾਲ ਦੀ ਵਿਚਲੀ ਜ਼ਮੀਨ ਸਾਫ਼ ਅਤੇ ਬਿਨਾਂ ਕਿਸੇ ਕਢਾਈ ਤੋਂ ਹੁੰਦੀ ਹੈ। ਅੰਬਾਲਾ ਡਿਵੀਜ਼ਨ ਵਿਚ ਚੋਪ ਦਾ ਨਾਂ ਵਿਗੜ ਕੇ ਸੋਂਫ ਪੈ ਗਿਆ ਹੈ। ਚੋਪ ਦੀ ਕਢਾਈ ਦਾ ਤੋਪਾ ਬੜਾ ਹੀ ਨਿੱਕਾ ਹੁੰਦਾ ਹੈ ਤੇ ਕਢਾਈ ਦੇ ਤੋਪਿਆਂ ਨਾਲ ਕਪੜੇ ਉੱਪਰ ਚੌਰਸ ਜਾਂ ਗੋਲ ਫੇਰਾਂ ਵਿਚ ਬੂਟੇ ਪਾਏ ਜਾਂਦੇ ਹਨ।

ਚੋਪ ਕੁੜੀ ਦੇ ਦਾਜ ਦੀ ਇਕ ਖ਼ਾਸ ਚੀਜ਼ ਹੈ। ਉੱਤਲੀ ਮੱਧ-ਸ਼੍ਰੇਣੀ ਦਿਆਂ ਖ਼ਾਨਦਾਨਾਂ ਵਿੱਚ ਪਹਿਲਾਂ ਇਹ ਆਮ ਰਿਵਾਜ ਸੀ ਕਿ ਲੜਕੀ ਨੂੰ ਦਾਜ ਵਿੱਚ ਪੰਜਾਹ ਬਾਗ਼ ਤੇ ਫੁਲਕਾਰੀਆਂ ਦਿੱਤੀਆਂ ਜਾਂਦੀਆਂ ਸਨ, ਇਨ੍ਹਾਂ ਵਿੱਚੋਂ ਕਈ ਫੁਲਕਾਰੀਆਂ ਸੱਸ, ਨਿਨਾਣਾਂ ਆਦਿ ਸਹੁਰੇ ਘਰ ਦੀਆਂ ਇਸਤਰੀਆਂ ਲਈ ਹੁੰਦੀਆਂ ਸਨ। ਬਹੁਤੀਆਂ ਕੁੜੀਆਂ ਵਿਦਿਆ ਹੁੰਦਿਆਂ ਹੀ ਫੁਲਕਾਰੀਆਂ ਕੱਢਣੀਆਂ ਸ਼ੁਰੂ ਕਰ ਦੇਂਦੀਆਂ ਸਨ। ਇਕ ਫੁਲਕਾਰੀ ਕੱਢਣ ਉੱਤੇ ਚਾਰ ਮਹੀਨਿਆਂ ਤੋਂ ਲੈ ਕੇ ਵਰ੍ਹਾ ਤੱਕ ਲਗ ਜਾਂਦਾ ਸੀ। ਪਰਵਾਰ ਦੀਆਂ ਦੂਜੀਆਂ ਇਸਤਰੀਆਂ ਵੀ ਇਸ ਕੰਮ ਵਿਚ




ਵਿਆਹ ਸਮੇਂ 'ਘੁੰਗਟ ਬਾਗ਼' ਪਹਿਨੀ
ਇਕ ਪੰਜਾਬਣ ਮੁਟਿਆਰ

www.PunjabiLibrary.com




ਚਾਰਖਾਨੇ ਦਾ ਬਾਗ਼

www.PunjabiLibrary.com




ਕਾਂਗੜੇ ਦੇ ਰੁਮਾਲ ਦੀ ਕਢਾਈ




ਡੱਬੀਆਂ ਵਾਲਾ ਬਾਗ਼



ਫੁਲਕਾਰੀ ਵਿਚ ਵੰਨ-ਸੁਵੰਨੀ ਪੇਂਡੂ ਜ਼ਿੰਦਗੀ ਦਾ ਚਿੱਤਰ



ਰਾਵਲਪਿੰਡੀ ਦੇ ਬਾਗ ਦਾ ਨਮੂਨਾ



ਮੋਗੇ ਦੇ ਇਲਾਕੇ ਦੀ ਕਢਾਈ ਦਾ ਨਮੂਨਾ



ਕਾਂਗੜੇ ਦਾ ਰੁਮਾਲ, ਜਿਸ ਵਿਚ ਸ੍ਰੀ ਕ੍ਰਿਸ਼ਨ ਜੀ ਦੇ
ਜਨਮ ਦਾ ਦ੍ਰਿਸ਼ ਚਿੱਤਰਿਆ ਗਿਆਂ ਹੈ

ਉਸ ਦਾ ਹੱਥ ਵਟਾਉਂਦੀਆਂ ਸਨ। ਪੁਰਾਣੇ ਸਮਿਆਂ ਵਿਚ ਜਦੋਂ ਚੀਜ਼ਾਂ ਬੜੀਆਂ ਸਸਤੀਆਂ ਸਨ, ਇਕ ਫੁਲਕਾਰੀ ਉੱਤੇ ਲਗਪਗ ਚਾਲ੍ਹੀ ਰੁਪਏ ਦਾ ਰੇਸ਼ਮ ਲਗ ਜਾਂਦਾ ਸੀ। ਲੜਕੀ ਦੇ ਦਾਜ ਦੇ ਲੀੜੇ ਵਿਆਹ ਤੋਂ ਕਈ ਕਈ ਵਰ੍ਹੇ ਪਹਿਲਾਂ ਤਿਆਰ ਕੀਤੇ ਜਾਂਦੇ ਸਨ ਤੇ ਇਨ੍ਹਾਂ ਉੱਤੇ ਬੜੀ ਮਿਹਨਤ ਕੀਤੀ ਜਾਂਦੀ ਸੀ। ਇਹ ਬੜੇ ਧੀਰਜ ਅਤੇ ਸਹਿਜ ਦਾ ਕੰਮ ਸੀ। ਇਸ ਧੀਰਜ ਅਤੇ ਸਹਿਜ ਦਾ ਅਸਰ ਔਰਤਾਂ ਦੀ ਆਮ ਜ਼ਿੰਦਗੀ ਉੱਤੇ ਵੀ ਪੈਂਦਾ ਸੀ ਅਤੇ ਉਨ੍ਹਾਂ ਦੀ ਤਬੀਅਤ ਵਿੱਚੋਂ ਕਾਹਲ ਦੂਰ ਹੋ ਜਾਂਦੀ ਸੀ।

ਨਾਨੀ ਅਤੇ ਮਾਂ ਆਦਿ ਚੋਪ ਕੱਢਣ ਦੇ ਕੰਮ ਵਿਚ ਬੜਾ ਮਾਣ ਮਹਿਸੂਸ ਕਰਦੀਆਂ ਸਨ। ਉਹ ਇਸ ਕਾਰਜ ਦੇ ਆਰੰਭ ਲਈ ਕੋਈ ਸ਼ੁਭ ਦਿਨ ਚੁਣਦੀਆਂ ਅਤੇ ਆਪਣੇ ਆਂਢੀਆਂ ਗੁਆਂਢੀਆਂ ਅਤੇ ਕੁੜੀ ਦੀਆਂ ਸਹੇਲੀਆਂ ਨੂੰ ਇਸ ਸ਼ੁਭ ਮੌਕੇ ਉੱਤੇ ਸੱਦਾ ਦਿਦੀਆਂ। ਘਰ ਝਾੜਿਆ-ਝੰਬਿਆ ਜਾਂਦਾ, ਵਿਹੜਾ ਸਾਫ਼ ਕੀਤਾ ਅਤੇ ਲਿੱਪਿਆ ਪੋਚਿਆ ਜਾਂਦਾ, ਰੰਗ ਬਰੰਗੀਆਂ ਦਰੀਆਂ ਵਿਛਾਈਆਂ ਜਾਂਦੀਆਂ, ਆਂਢਣਾ ਗੁਆਂਢਣਾਂ ਤੇ ਕੁੜੀਆਂ ਚਿੜੀਆਂ ਸਭ ਉੱਥੇ ਆ ਬਹਿੰਦੀਆਂ ਫੇਰ ਉਹ ਪ੍ਰਾਰਥਨਾ ਕਰਦੀਆਂ, ਗੁੜ ਤੇ ਖੋਪਾ ਵੰਡਦੀਆਂ, ਅਤੇ ਪਵਿੱਤਰ ਮੌਲੀ ਸਭਨਾਂ ਦੇ ਸੱਜੇ ਹੱਥ ਉੱਤੇ ਬੰਨ੍ਹਦੀਆਂ। ਇਸ ਪਿੱਛੋਂ ਢੋਲਕੀ ਦੀ ਤਾਲ ਉੱਤੇ ਇਸਤਰੀਆਂ ਸੁਹਾਗ ਦਾ ਗੀਤ ਛੇੜਦੀਆਂ ਅਤੇ ਨਾਨੀ ਚੋਪ ਉੱਤੇ ਪਹਿਲਾ ਤ੍ਰੋਪਾ ਭਰਦੀ। ਤਦ ਸਭ ਜਣੇ ਨਾਨੀ ਤੇ ਦੋਹਤੀ ਨੂੰ ਸ਼ੁਭ ਇੱਛਾਵਾਂ ਭੇਟ ਕਰਦੇ। ਕਸ਼ੀਦੇ ਦੇ ਕੰਮ ਦੀਆਂ ਮਾਹਰ ਬਿਰਧ ਇਸਤਰੀਆਂ ਸਲਾਹਾਂ ਦੇਂਦੀਆਂ ਅਤੇ ਚੋਪ ਕੱਢਣ ਵਿਚ ਹੱਥ ਵਟਾਂਦੀਆਂ।

ਜਿਸ ਤਰ੍ਹਾਂ ਕੁੜੀਆਂ ਤ੍ਰਿੰਞਣਾਂ ਵਿਚ ਆ ਮਿਲਦੀਆਂ ਹਨ, ਜਿਸ ਤਰ੍ਹਾਂ ਉਹ ਚਰਖੇ ਦੀ ਘੂਕਰ ਨਾਲ ਆਪਣੇ ਜੀਵਨ ਦੀਆਂ ਤੰਦਾਂ ਕੱਢਦੀਆਂ ਹਨ, ਉਸੇ ਤਰ੍ਹਾਂ ਕਢਾਈ ਦਾ ਕੰਮ ਵੀ ਉਨ੍ਹਾਂ ਲਈ ਧਰਮ ਬਣ ਗਿਆ ਸੀ, ਉਹ ਸੂਈ ਧਾਗੇ ਨਾਲ ਨਿੱਕੇ ਨਿੱਕੇ ਤ੍ਰੋਪੇ ਪਾਉਂਦੀਆਂ ਹੋਈਆਂ ਆਪਣੇ ਜੀਵਨ ਦੇ ਤ੍ਰੋਪਿਆਂ ਵਿਚ ਮੁਗਧ ਹੋ ਜਾਂਦੀਆਂ। ਇਸ ਤਰ੍ਹਾਂ ਨਾਨੀ ਅਤੇ ਮਾਂ ਵੱਲੋਂ ਆਰੰਭ ਕੀਤਾ ਗਿਆ ਕੰਮ ਘਰਾਂ, ਵਿਹੜਿਆਂ ਦੀ ਰੌਣਕ ਦਾ ਮੁੱਖ ਸਾਧਨ ਬਣ ਕੇ, ਸਾਡੀ ਲੋਕ-ਜ਼ਿੰਦਗੀ ਦਾ ਜੀਵਨ-ਚਿੱਤਰ ਹੋ ਨਿੱਬੜਿਆ ਹੈ।

ਇਸ ਤਰ੍ਹਾਂ, ਪਿਆਰ, ਸ਼ੁਭ ਇੱਛਾਵਾਂ, ਮਿੱਤਰਤਾ ਤੇ ਬਜ਼ੁਰਗਾਂ ਦੀਆਂ ਅਸੀਸਾਂ ਦੇ ਪ੍ਰੇਰਨਾ-ਭਰਪੂਰ ਵਾਯੂ-ਮੰਡਲ ਵਿਚ ਚੋਪ ਦੀ ਕਢਾਈ ਦਾ ਕੰਮ ਸ਼ੁਰੂ ਹੁੰਦਾ, ਤੇ ਫੇਰ ਕਰੜੀ ਘਾਲ, ਧੀਰਜ ਤੇ ਸ਼ਰਧਾ ਨਾਲ ਸਿਰੇ ਚੜ੍ਹਦਾ। ਇਉਂ ਇਕ ਬੜੀ ਪਿਆਰੀ ਤੇ ਸ਼ਾਨਦਾਰ ਸ਼ਾਲ ਤਿਆਰ ਹੁੰਦੀ। ਇਕ ਮਾਂ, ਫੁਲਕਾਰੀ ਦੀ ਕਢਾਈ ਵਿਚ ਆਪਣੀ ਸਾਰੀ ਮਮਤਾ ਰਚਾ ਦੇਂਦੀ ਹੈ, ਆਪਣੀ ਲਾਡਲੀ ਦੇ ਸੁੱਖ-ਭਰੇ ਭਵਿੱਖ ਦੇ ਸਾਰੇ ਸੁਫ਼ਨੇ ਇਸ ਦੀਆਂ ਰਾਂਗਲੀਆਂ ਬੂਟੀਆਂ ਵਿਚ ਜੜ ਦੇਂਦੀ ਹੈ। ਇਸ ਲਈ ਇਕ ਬਾਗ ਜਾਂ ਫੁਲਕਾਰੀ ਸਾਡੀ ਅੱਤ ਸੁੰਦਰ ਕਲਾ-ਭਰਪੂਰ ਕਿਰਤ ਹੀ ਨਹੀਂ, ਮਾਂ ਦੀ ਮਮਤਾ ਅਤੇ ਸ਼ਰਧਾ ਦਾ ਇਕ ਪਿਆਰਾਂ-ਭਰਿਆ ਚਿੰਨ੍ਹ ਵੀ ਹੈ। ਚੋਪ ਸਾਡੀ ਲੋਕ-ਜ਼ਿੰਦਗੀ ਦੀਆਂ ਸਾਂਝੀਆਂ ਪ੍ਰੀਤਾਂ ਦੇ ਕੁੰਭ ਦਾ ਫਲ ਹੈ।

ਮੇਰੇ ਇਕ ਮਿੱਤਰ ਦੀ ਦਾਦੀ ਦੀ ਕਹਾਣੀ ਬੜੀ ਪਿਆਰੀ ਹੈ। ਘਰ ਦਾ ਸਾਰਾ ਕੰਮ ਧੰਦਾ ਉਸ ਨੂੰ ਆਪ ਕਰਨਾ ਪੈਂਦਾ ਸੀ, ਜਿਸ ਕਰਕੇ ਆਪਣੀਆਂ ਪੋਤਰੀਆਂ ਲਈ ਬਾਗ ਕੱਢਣ ਦਾ ਵਿਹਲ ਉਸ ਕੋਲ ਨਹੀਂ ਸੀ। ਉਹ ਧਾਰਮਕ ਵਿਚਾਰਾਂ ਦੀ ਇਸਤਰੀ ਸੀ, ਕਢਾਈ ਦਾ ਸ਼ੌਕ ਵੀ ਉਹਨੂੰ ਬੜਾ ਸੀ ਅਤੇ ਕਰੜੀ ਮਿਹਨਤ ਉਸ ਦਾ ਸੁਭਾ ਬਣ ਚੁੱਕਾ ਸੀ। ਉਹ ਪਹਿਰ ਰਾਤ ਰਹੇ ਉੱਠਦੀ, ਠੰਢੇ ਪਾਣੀ ਨਾਲ ਇਸ਼ਨਾਨ ਕਰਦੀ, ਦੀਵਾ ਜਗਾਉਂਦੀ, ਆਪਣਾ ਬਾਗ ਜਾਂ ਫੁਲਕਾਰੀ ਲੈਂਦੀ ਤੇ ਸੂਈ ਦੇ ਹਰ ਤ੍ਰੋਪੇ ਨਾਲ ਰੱਬ ਦਾ ਨਾਂ ਜਪਦੀ। ਘਰ ਦੇ ਕੰਮ-ਧੰਦੇ ਵਿਚ ਰੁੱਝਣ ਤੋਂ ਪਹਿਲਾਂ ਇਸ ਪਰਕਾਰ ਉਹ ਘਟੋ ਘੱਟ ਇਕ ਹਜ਼ਾਰ ਤ੍ਰੋਪੇ ਜ਼ਰੂਰ ਭਰ ਲੈਂਦੀ। ਇਸ ਤਰ੍ਹਾਂ ਉਹ ਇੱਕੋ ਵੇਲੇ ਰੱਬ ਦਾ ਨਾਂ ਵੀ ਜਪਦੀ ਅਤੇ ਕਢਾਈ ਵੀ ਕਰਦੀ। ਉਸ ਦੀ ਫੁਲਕਾਰੀ ਸ਼ਰਧਾ, ਭਗਤੀ ਤੇ ਪਵਿੱਤਰ ਵਿਚਾਰਾਂ ਦੀ ਇਕ ਸੁੰਦਰ ਰਚਨਾ ਹੁੰਦੀ। ਸਾਹਮਣੀ ਤਸਵੀਰ ਵਿਚ ਇਸੇ ਮਾਈ ਦੀ ਕੱਢੀ ਹੋਈ ਫੁਲਕਾਰੀ ਵੇਖੀ ਜਾ ਸਕਦੀ ਹੈ। ਇਸ ਕਿਸਮ ਦੀ ਪ੍ਰਾਰਥਨਾ ਨੂੰ ਜਾਪ ਆਖਦੇ ਹਨ। ਕਈ ਇਸਤਰੀਆਂ ਰੱਬ ਦਾ ਨਾਂ ਜਪਦੀਆਂ ਕਣਕ ਦਾ ਇਕ ਇਕ

ਦਾਣਾ ਰੱਖੀ ਜਾਂਦੀਆਂ ਹਨ। ਛੇਤੀ ਹੀ ਇਹ ਇਕ ਢੇਰੀ ਬਣ ਜਾਂਦੀ ਹੈ ਤੇ ਗ਼ਰੀਬ ਗ਼ੁਰਬੇ ਨੂੰ ਦਾਨ ਵਿਚ ਦੇ ਦਿੱਤੀ ਜਾਂਦੀ ਹੈ। ਕੀ ਇਹ ਇਕ ਸੁਹਣਾ ਅਮਲਾਂ-ਭਰਿਆ ਧਰਮ ਨਹੀਂ ?

ਚੋਪ ਅੱਜ ਕਲ ਕਿਤੇ ਮੁਸ਼ਕਲ ਨਾਲ ਹੀ ਮਿਲਦੀ ਹੈ, ਕਿਉਂ ਜੁ ਇਸ ਦਾ ਰਿਵਾਜ ਨਹੀਂ ਰਿਹਾ। ਹੁਣ ਤਾਂ ਇਹ ਵਿਰਸੇ ਵਿਚ ਚਲੀ ਆਉਂਦੀ ਇਕ ਦੁਰਲੱਭ ਚੀਜ਼ ਰਹਿ ਗਈ ਹੈ। ਪੁਰਾਣੀਆਂ ਚੋਪ ਮਾਂਵਾਂ ਵੱਲੋਂ ਧੀਆਂ ਨੂੰ ਵਿਆਹ ਸਮੇਂ ਦਿੱਤੀਆਂ ਜਾਂਦੇ ਹਨ, ਅਤੇ ਉਹ ਵੀ ਉਨ੍ਹਾਂ ਦੂਰ ਦੁਰਾਡੇ ਪਿੰਡਾਂ ਵਿਚ, ਜਿੱਥੇ ਅੱਜ ਕੱਲ ਦੇ ਸਸਤੇ ਮਸ਼ੀਨੀ ਕਪੜੇ, ਜਿਵੇਂ ਲਿਨਨ, ਜਾਲੀ, ਆਦਿ ਨੇ ਪਿੰਡਾਂ ਤੇ ਕਸਬਿਆਂ ਦੇ ਬਜ਼ਾਰਾਂ ਵਿਚ ਅਜੇ ਤੱਕ ਧਾਵਾ ਨਹੀਂ ਬੋਲਿਆ। ਜਿਵੇਂ ਯੂਰਪ ਵਿਚ ਸੈਂਕੜੇ ਸਾਲ ਪੁਰਾਣੀਆਂ ਵਿਆਹ-ਓਢਣੀਆਂ ਬੜੀ ਸੰਭਾਲ ਨਾਲ ਰੱਖੀਆਂ ਜਾਂਦੀਆਂ ਹਨ ਤੇ ਕੇਵਲ ਵਿਆਹ ਵੇਲੇ ਹੀ ਕੱਢੀਆਂ ਜਾਂਦੀਆਂ ਹਨ, ਉਵੇਂ ਹੀ ਚੋਪ ਵੀ ਸਾਡੀ ਵਿਰਾਸਤ ਦੀ ਇਕ ਵਡਮੁੱਲੀ ਚੀਜ਼ ਬਣ ਗਈ ਹੈ ਤੇ ਸੰਭਾਲ ਸੰਭਾਲ ਰੱਖੀ ਜਾਂਦੀ ਹੈ।

ਪੰਜਾਬ ਵਿਚ ਹਰ ਗੁਣੀ ਸ਼ੈ ਨੂੰ ਸਾਂਭ ਕੇ ਰੱਖਿਆ ਜਾਂਦਾ ਹੈ। ਅੱਜ ਵੀ ਸਾਡੀ ਸੱਭਿਅਤਾ ਸਾਡੇ ਵਿਚ ਮੌਜੂਦ ਹੈ; ਸੱਭਿਅਤਾ ਦੇ ਚਿੰਨ੍ਹ ਅਸੀਂ ਅੱਜ ਵੀ ਉਣਦੇ ਰਹਿੰਦੇ ਹਾਂ। ਪਿੱਛੇ ਜਿਹੇ ਸਾਨੂੰ ਕੁਝ ਕੁ ਫੁਲਕਾਰੀਆਂ ਇਕੱਠੀਆਂ ਕਰਨ ਦੀ ਲੋੜ ਪਈ, ਮੋਗੇ ਦੇ ਇਲਾਕੇ ਵਿੱਚੋਂ ਫੁਲਕਾਰੀਆਂ ਢੂੰਡੀਆਂ ਗਈਆਂ। ਇਕ ਘਰੋਂ ਬਿਲਕੁਲ ਨਵੀਆਂ ਫੁਲਕਾਰੀਆਂ ਮਿਲੀਆਂ, ਪਰ ਬਹੁਤ ਤਰਲਿਆਂ ਤੋਂ ਪਿੱਛੋਂ। ਤਰਲੇ ਇਸ ਲਈ ਕਰਨੇ ਪਏ ਕਿ ਉਹ ਫੁਲਕਾਰੀਆਂ ਹੁਣੇ ਹੁਣੇ ਹੀ ਕੱਢੀਆਂ ਗਈਆਂ ਸਨ ਅਤੇ ਉਹ ਕੁੜੀ, ਜਿਸ ਦਾ ਵਿਆਹ ਕੁਝ ਦਿਨਾਂ ਵਿਚ ਹੋਣ ਵਾਲਾ ਸੀ ਅਤੇ ਜਿਸ ਨੇ ਆਪਣੀਆਂ ਸਾਰੀਆਂ ਰੀਝਾਂ ਉਨ੍ਹਾਂ ਫੁਲਕਾਰੀਆਂ ਦੀਆਂ ਤੰਦਾਂ ਵਿਚ ਲੁਕਾਈਆਂ ਹੋਈਆਂ ਸਨ, ਫੁਲਕਾਰੀਆਂ ਨਹੀਂ ਦੇਂਦੀ ਸੀ ਤਾਂ ਜੋ ਉਹ ਮੈਲੀਆਂ ਨਾ ਹੋ ਜਾਣ। ਇਹ ਪਤਾ ਲੱਗਣ ਉੱਤੇ ਹੈਰਾਨੀ ਜਿਹੀ ਹੋਈ ਸੀ ਕਿ ਪੰਜਾਬ ਦੀਆਂ ਕੁੜੀਆਂ ਅੱਜ ਵੀ ਫੁਲਕਾਰੀਆਂ ਕੱਢਦੀਆਂ ਹਨ। ਹੱਦ ਤੋਂ ਬਹੁਤੀ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਸਾਡੀਆਂ ਕੁੜੀਆਂ ਲੋਕ-ਹੁਨਰ ਨੂੰ ਅੱਜ ਵੀ ਜੀਵਤ ਰੱਖ ਰਹੀਆਂ ਹਨ।

**ਸੁੱਭਰ** — ਇਹ ਇਕ ਹੋਰ ਲਾਲ ਰੰਗ ਦਾ ਸ਼ਗਨਾਂ ਭਰਿਆ ਲੀੜਾ ਹੈ। ਇਸ ਨੂੰ ਕੁੜੀ ਫੇਰਿਆਂ ਦੇ ਸ਼ੁਭ ਮੌਕੇ ਉੱਤੇ ਲੈਂਦੀ ਹੈ। ਸੁੱਭਰ ਦਾ ਕਪੜਾ ਗੂੜ੍ਹਾ ਲਾਲ ਖੱਦਰ ਹੁੰਦਾ ਹੈ। ਸਿਰਫ਼ ਇਹਦੇ ਕੋਨਿਆਂ ਵਿਚ ਤੇ ਵਿਚਕਾਰ ਆਮ ਕਰਕੇ ਪੰਜ ਪੰਜ ਬੂਟੀਆਂ ਕੱਢੀਆਂ ਹੁੰਦੀਆਂ ਹਨ। ਸੁੱਭਰ ਦਾ ਬਾਕੀ ਹਿੱਸਾ ਬਿਲਕੁਲ ਸਾਫ਼ ਹੁੰਦਾ ਹੈ।

## ੪.

# ਸੱਭਿਅਤਾ ਅਤੇ ਫੁਲਕਾਰੀ

ਇਸ ਸਦੀ ਦੇ ਮੁੱਢਲੇ ਭਾਗ ਵਿਚ ਅੱਖਰ-ਵਿਦਿਆ ਨੂੰ ਨਾ ਤਾਂ ਇਸਤਰੀ ਦੇ ਯੋਗ ਸਮਝਿਆ ਜਾਂਦਾ ਸੀ ਅਤੇ ਨਾ ਹੀ ਜ਼ਰੂਰੀ। ਬੜੀਆਂ ਥੋੜ੍ਹੀਆਂ ਇਸਤਰੀਆਂ ਪੜ੍ਹ ਲਿਖ ਸਕਦੀਆਂ ਸਨ, ਪਰ ਉਹ ਹਰ ਤਰ੍ਹਾਂ ਦੀ ਘਰੋਗੀ ਦਸਤ-ਕਾਰੀ—ਕਤਾਈ, ਰੰਗਾਈ, ਸਿਲਾਈ, ਕਸ਼ੀਦਾ, ਕਢਾਈ, ਨਾਲੇ, ਦਰੀਆਂ ਅਤੇ ਨਿਵਾਰ ਬੁਣਨ—ਅਤੇ ਰਸੋਈ ਦੇ ਕੰਮ ਵਿਚ ਨਿਪੁੰਨ ਹੁੰਦੀਆਂ ਸਨ। ਸਭ ਇਸਤਰੀਆਂ ਗਾ ਸਕਦੀਆਂ ਸਨ, ਨੱਚ ਸਕਦੀਆਂ ਸਨ, ਕਈ ਇਸਤਰੀਆਂ ਬੜੀਆਂ ਚੰਗੀਆਂ ਕਵਿੱਤਰੀਆਂ ਹੁੰਦੀਆਂ ਸਨ। ਉਨ੍ਹਾਂ ਦੀਆਂ ਰਚੀਆਂ ਕਵਿਤਾਵਾਂ ਤੇ ਗੀਤਾਂ ਦਾ ਲੋਕ-ਸਾਹਿਤ ਵਿਚ ਬੜਾ ਉੱਚਾ ਦਰਜਾ ਹੈ। ਤਿਉਹਾਰ ਆਉਂਦੇ ਹਨ ਤਾਂ ਉਹ ਘਰ ਦੀਆਂ ਕੰਧਾਂ ਉੱਤੇ ਆਮ ਰੰਗਾਂ ਨਾਲ ਧਾਰਮਕ ਚਿੰਨ੍ਹ ਅਤੇ ਹੋਰ ਦੂਜੀਆਂ ਕਿਸਮ ਦੀਆਂ ਮੂਰਤਾਂ ਵੀ ਚਿੱਤਰਦੀਆਂ ਹਨ।

ਕੁੜੀ ਲਈ ਕਸੀਦਾ ਸਿੱਖਣਾ ਬੜਾ ਜ਼ਰੂਰੀ ਸੀ। ਇਸ ਬਿਨਾਂ ਉਸ ਦੀ ਸਿਖਿਆ ਅਪੂਰਨ ਸਮਝੀ ਜਾਂਦੀ ਸੀ। ਸਿੱਖ ਮਤ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ (੧੪੬੯-੧੫੩੯ ਈ.) ਇਕ ਸ਼ਬਦ ਵਿਚ ਕਹਿੰਦੇ ਹਨ। "ਕਢ ਕਸੀਦਾ ਪਹਿਨੈ ਚੋਲੀ, ਤਾਂ ਤੂੰ ਜਾਣਹਿ ਨਾਰੀ"। ਅੱਠ ਨੌਂ ਵਰ੍ਹੇ ਦੀ ਉਮਰ ਵਿਚ ਹੀ ਲੜਕੀਆਂ ਨੂੰ ਕਸੀਦਾ ਕੱਢਣਾ ਸਿਖਾਇਆ ਜਾਂਦਾ ਸੀ। ਕਈ ਵਰ੍ਹੇ ਉਹ ਬੜੇ ਮੋਟੇ ਖੱਦਰ ਉੱਤੇ ਸਸਤੇ ਧਾਗੇ ਨਾਲ ਕਢਾਈ ਸਿੱਖਦੀਆਂ ਸਨ : ਵਰ੍ਹਿਆਂ ਦੇ ਅਭਿਆਸ ਨਾਲ ਉਹ ਫੁਲਕਾਰੀ-ਕਲਾ ਵਿਚ ਪੂਰਨਤਾ ਪਰਾਪਤ ਕਰਦੀਆਂ ਅਤੇ ਹੌਲੀ ਹੌਲੀ ਉਨ੍ਹਾਂ ਨੂੰ ਬਾਗਾਂ ਅਤੇ ਫੁਲਕਾਰੀਆਂ ਦੀਆਂ ਅਨੇਕ ਪਰਕਾਰ ਦੀਆਂ ਬੂਟੀਆਂ ਕੱਢਣ ਦੀ ਜਾਚ ਆ ਜਾਂਦੀ ਸੀ।

ਕਢਾਈ-ਕਲਾ ਦੀ ਸਿਖਲਾਈ ਅਲੂਣੀ ਸਿਲ ਨਹੀਂ ਸੀ। ਵਡੇਰੀਆਂ ਇਸਤਰੀਆਂ ਇਕੱਠੀਆਂ ਬਹਿ ਕੇ ਕਸੀਦਾ ਕੱਢਦੀਆਂ। ਇਸ ਭਾਵਾਂ-ਭਰਪੂਰ ਤੇ ਖ਼ੁਸ਼ ਵਾਤਾਵਰਨ ਵਿਚ ਕੁੜੀਆਂ ਨੂੰ ਬੜਾ ਉਤਸ਼ਾਹ ਮਿਲਦਾ, ਉਨ੍ਹਾਂ ਅੰਦਰ ਸਿਰਜਣ-ਸ਼ਕਤੀ ਜਾਗਦੀ ਅਤੇ ਉਨ੍ਹਾਂ ਦੀ ਮਾਨਸਕ ਉੱਨਤੀ ਦੇ ਰਾਹ ਖੁਲ੍ਹਦੇ। ਏਥੇ ਉਹ ਕਸੀਦਾ ਹੀ ਨਹੀਂ ਸਨ ਸਿੱਖਦੀਆਂ ਸਗੋਂ ਸਭਿਆਚਾਰਕ ਤੇ ਸਮਾਜਕ ਜੀਵਨ ਦੀ ਜਾਗ ਵੀ ਉਨ੍ਹਾਂ ਨੂੰ ਲਗਦੀ – ਉਹ ਇਤਿਹਾਸਕ ਤੇ ਪੁਰਾਣਾਂ ਦੀਆਂ ਕਹਾਣੀਆਂ ਸੁਣਦੀਆਂ, ਰੁੱਤਾਂ ਅਤੇ ਸਮਾਜਕ ਘਟਨਾਵਾਂ ਬਾਰੇ ਲੋਕ-ਗੀਤ ਗਾਉਂਦੀਆਂ ਅਤੇ ਗੀਤਾਂ ਨੂੰ ਤਾਲ ਦੇਣ ਲਈ ਢੋਲਕੀਆਂ ਵਜਾਉਂਦੀਆਂ।

ਫੁਲਕਾਰੀ-ਕਲਾ ਉੱਚੇ ਘਰਾਣਿਆਂ ਅਤੇ ਕਿਰਤੀ ਸ੍ਰੇਣੀਆਂ ਦੀਆਂ ਇਸਤਰੀਆਂ, ਦੋਹਾਂ ਵਿਚ ਬੜੀ ਹਰਮਨ-ਪਿਆਰੀ ਰਹੀ ਹੈ। ਜੱਟੀਆਂ ਅਤੇ ਗੁੱਜਰੀਆਂ ਨੇ ਤਾਂ, ਖ਼ਾਸ ਕਰਕੇ, ਇਸ ਵਿਚ ਕਮਾਲ ਹਾਸਲ ਕੀਤਾ ਹੈ। ਇਸ ਦਾ ਖ਼ਿਆਲ ਹੀ ਸਾਡੇ ਸਾਹਮਣੇ ਪ੍ਰਾਚੀਨ ਯੂਨਾਨ ਤੇ ਰੋਮ ਦੀਆਂ ਇਸਤਰੀਆਂ ਦੀ ਝਾਕੀ ਸਜੀਵ ਕਰ ਦੇਂਦਾ ਹੈ। ਮਹਾਨ 'ਉਲੀਸਸ' ਦੀ ਪਤਨੀ 'ਪੈਨੀਲੋਪ' ਆਪਣੀ ਖੱਡੀ ਉੱਤੇ ਕਪੜਾ ਬੁਣਦੀ ਸੀ; ਰੋਮਨ ਸ਼ਹਿਜ਼ਾਦੀਆਂ ਦੀਆਂ ਗੋਲੀਆਂ ਉਸ ਨਾਲ ਮਹਿਲਾਂ ਵਿਚ ਬੈਠੀਆਂ ਹੋਈਆਂ ਕਸੀਦਾ ਕੱਢਿਆ ਕਰਦੀਆਂ ਸਨ।

ਆਮ ਘਰਾਂ ਅਤੇ ਗਲੀਆਂ ਵਿਚ ਬੈਠੀਆਂ ਕਸੀਦਾ ਕੱਢਦੀਆਂ ਇਸਤਰੀਆਂ ਗੱਲਾਂ ਕਰਦੀਆਂ ਰਹਿੰਦੀਆਂ ਹਨ– ਪਿੰਡ ਦੀਆਂ, ਆਂਢੀਆਂ-ਗੁਆਂਢੀਆਂ ਦੀਆਂ ਅਤੇ ਕਈ ਵਾਰ ਦੁਨੀਆਂ ਦੀਆਂ ਵੱਡੀਆਂ ਖ਼ਬਰਾਂ ਦੀਆਂ। ਸਹਿਜ ਸੁਭਾ ਕਿਸੇ ਦੇ ਪੁੱਤਰ ਜਾਂ ਪਤੀ ਬਾਰੇ ਗੱਲ ਛਿੜ ਪੈਂਦੀ ਹੈ ਜਿਹੜਾ ਸਿਪਾਹੀ ਭਰਤੀ ਹੋ ਕੇ ਚੀਨ, ਮਲਾਇਆ ਜਾਂ ਇਰਾਕ ਵਿਚ ਲਾਮ ਉੱਤੇ ਗਿਆ ਹੁੰਦਾ ਹੈ, ਜਾਂ ਬਰਮਾ, ਈਰਾਨ ਜਾਂ ਆਸਟ੍ਰੇਲੀਆ ਵਿਚ ਰੋਜ਼ੀ ਕਮਾ ਰਿਹਾ ਹੁੰਦਾ ਹੈ। ਗੱਲ ਵਿੱਚੋਂ ਗੱਲ ਤੁਰਦੀ ਹੈ ਅਤੇ ਦੂਰ ਦੁਰਾਡੇ ਦੇਸਾਂ ਦੇ ਲੋਕਾਂ ਅਤੇ ਉਨ੍ਹਾਂ ਦੇ ਰਸਮਾਂ ਰਿਵਾਜਾਂ, ਸਮੁੰਦਰਾਂ, ਅਕਾਸ਼ਾਂ, ਜਹਾਜ਼ਾਂ ਅਤੇ ਜੰਗਾਂ ਜੁੱਧਾਂ ਦੀਆਂ ਕਹਾਣੀਆਂ ਸੁਣੀਆਂ ਸੁਣਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹ ਮਿਲ-ਬਹਿਣੀ ਉਨ੍ਹਾਂ ਦੀ ਪਾਠਸ਼ਾਲਾ ਵੀ ਹੁੰਦੀ ਹੈ।

ਬਾਗਾਂ ਉੱਤੇ ਕੱਢੀਆਂ ਬੂਟੀਆਂ ਅਤੇ ਚਿੱਤਰ ਸਾਡੀਆਂ ਇਸਤਰੀਆਂ ਦੀ ਕਮਾਲ ਦੀ ਰੰਗ-ਸੂਝ, ਰੰਗ-ਮੇਲ, ਕਲਪਣਾ-ਸ਼ਕਤੀ ਅਤੇ ਮੌਲਿਕਤਾ ਨੂੰ ਪਰਗਟਾਉਂਦੇ ਹਨ। ਉਨ੍ਹਾਂ ਦੇ ਸਾਹਮਣੇ ਨਮੂਨਿਆਂ ਦੀਆਂ ਪੁਸਤਕਾਂ ਜਾਂ ਚਿੱਤਰ ਨਹੀਂ ਹੁੰਦੇ, ਸਗੋਂ ਵਰ੍ਹਿਆਂ ਦੇ ਅਭਿਆਸ ਪਿੱਛੋਂ ਉਨ੍ਹਾਂ ਦੇ ਹੱਥਾਂ ਨੂੰ ਸੂਈ ਉੱਤੇ ਪੂਰਾ ਪੂਰਾ ਕਾਬੂ ਹੋ ਜਾਂਦਾ ਹੈ। ਉਨ੍ਹਾਂ ਨੇ ਕਦੀ ਜੁਮੈਟਰੀ ਤੇ ਯੂਕਲਿਡ ਦਾ ਨਾਂ ਤੱਕ ਨਹੀਂ ਸੀ ਸੁਣਿਆ, ਪਰ ਉਨ੍ਹਾਂ ਦੇ ਕੱਢੇ ਬਾਗਾਂ ਦੇ ਬੂਟੇ ਏਨੇ ਇਕਸਾਰ ਤੇ ਸਾਂਵੇਂ ਹੁੰਦੇ ਹਨ ਕਿ ਵੇਖ ਕੇ ਹੈਰਾਨੀ ਹੁੰਦੀ ਹੈ ਅਤੇ ਇਹ ਸਾਰਾ ਕੰਮ ਉਹ ਸਿਰਫ਼ ਇਕ ਸਾਧਾਰਨ ਜਿਹੀ ਮੋਟੀ ਸੂਈ ਨਾਲ ਕਰਦੀਆਂ ਸਨ – ਉਨ੍ਹਾਂ ਪਾਸ ਨਾ ਕੋਈ ਪੈਨਸਲ, ਨਾ ਚਾਕ ਤੇ ਨਾ ਕੋਈ ਸੈੱਟ ਸੁਕੇਅਰ ਹੁੰਦਾ ਹੈ।

ਕੁੜੀ ਲਈ ਫੁਲਕਾਰੀ ਉੱਤੇ ਕੱਢਣ ਵਾਸਤੇ ਕਿਸੇ ਬੂਟੀ ਦੀ ਭਾਲ ਉੱਕਾ ਹੀ ਔਖੀ ਨਹੀਂ ਸੀ। ਉਹ ਦੂਰੋਂ ਨੇੜਿਉਂ ਕੁਝ ਨਾ ਕੁਝ ਚੁਣ ਲੈਂਦੀ, ਪਰ ਬਹੁਤਾ ਉਹ ਆਪਣੇ ਆਲੇ-ਦੁਆਲੇ ਵਿੱਚੋਂ ਹੀ ਚੁਣਦੀ। ਘਰ, ਖੇਤ, ਸੂਰਜ, ਚੰਦ, ਤਾਰੇ, ਮਕੜੀ ਤੇ ਜਾਲਾ, ਗੁੱਟਾ ਤੇ ਗੇਂਦਾ, ਪਿੰਡਾਂ ਵਿਚ ਉੱਗੇ ਬਬੂਲ ਦੇ ਪੀਲੇ ਫੁੱਲ, ਕਪਾਹ ਦੀਆਂ ਚਾਂਦੀ-ਚਿੱਟੀਆਂ ਫੁੱਟੀਆਂ, ਕਣਕ ਤੇ ਜੌਂ ਦੇ ਸੁਨਹਿਰੀ ਸਿੱਟੇ, ਫਲ ਤੇ ਸਬਜ਼ੀਆਂ, ਇੱਥੋਂ ਤਕ ਕਿ ਪਰਾਉਂਠਾ,

ਕੰਘੀ ਤੇ ਸ਼ੀਸ਼ਾ, ਦੁਧਾਰਾ ਖੰਡਾ (ਦੁਧਾਰਾ ਖੰਡਾ ਸ਼ਾਇਦ ਉਸ ਪਤਨੀ ਨੇ ਕੱਢਿਆ ਹੋਵੇਗਾ ਜਿਸ ਦਾ ਪਤੀ ਦੂਰ ਲਾਮ ਤੇ ਗਿਆ ਹੋਇਆ ਸੀ), ਵਿਦੇਸ਼ੀ ਨਾਰੀਅਲ, ਸਾਗਰ ਦੀਆਂ ਲਹਿਰਾਂ ਜਿਹੜੀਆਂ ਉਹ ਕਦੇ ਨਹੀਂ ਵੇਖੀਆਂ ਸਿਰਫ਼ ਸੁਣੀਆਂ ਹੀ ਹਨ, ਤੇ ਅਜਿਹੇ ਹੋਰ ਅਨੇਕਾਂ ਚਿੱਤਰ ਆਪਣੀ ਕਢਾਈ ਲਈ ਚੁਣਦੀ ਹੈ।

੫.

## ਕਲਾ, ਕਵਿਤਾ ਅਤੇ ਫੁਲਕਾਰੀ

ਪਜਾਬਣਾਂ ਤਕੜੀਆਂ ਹੁੰਦੀਆਂ ਹਨ ਅਤੇ ਦਿਲ-ਭਰਪੂਰ ਹਾਸਾ ਹੱਸਦੀਆਂ ਹਨ; ਜਿਨ੍ਹਾਂ ਨੇ ਉਸ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ ਉਹ ਉਸ ਨੂੰ ਗੰਵਾਰ ਸਮਝਣ ਦੀ ਗ਼ਲਤੀ ਕਰਦੇ ਹਨ। ਖੁਲ੍ਹੀ ਰਹਿਣੀ ਬਹਿਣੀ ਦੇ ਬਾਵਜੂਦ ਪੰਜਾਬਣ ਦਾ ਦਿਲ ਬੜਾ ਨਿੱਘਾ ਅਤੇ ਉਸ ਦੀ ਕਲਪਨਾ ਕਾਵਿ-ਮਈ ਹੈ; ਉਹ ਖਰੀ ਵੀ ਹੈ ਅਤੇ ਸੁਭਾਵਕ ਵੀ।

ਪੰਜਾਬੀ ਇਸਤਰੀ ਨੇ ਆਪਣੀ ਸੁਹਣੀ ਆਤਮਾ ਨੂੰ ਫੁਲਕਾਰੀ ਵਿਚ ਤੇ ਆਪਣੀ ਕਵਿਤਾ ਨੂੰ ਲੋਕ-ਗੀਤਾਂ ਵਿਚ ਪਰਗਟਾਇਆ ਹੈ। ਇਨ੍ਹਾਂ ਦੁਹਾਂ ਵਿਚ ਉਸ ਦੀ ਰੂਹ ਧੜਕਦੀ ਹੈ।

ਇਸ ਲਈ ਫੁਲਕਾਰੀ ਸੱਚੇ ਅਰਥਾਂ ਵਿਚ ਇਕ ਸੁਦੇਸ਼ੀ ਕਲਾ ਹੈ। ਪੰਜਾਬ ਦੇ ਲੋਕ-ਗੀਤਾਂ ਵਿਚ ਇਸ ਦੀ ਸੁੰਦਰਤਾ ਅਤੇ ਕਲਾ ਦੀ ਪਰਸੰਸਾ ਕੋਈ ਹੈਰਾਨੀ ਦੀ ਗੱਲ ਨਹੀਂ। ਅੱਜ ਵੀ, ਜਦੋਂ ਫੁਲਕਾਰੀ ਫ਼ੈਸ਼ਨ ਦੀ ਚੀਜ਼ ਨਹੀਂ ਰਹੀ, ਪਰਸਿੱਧ ਪੰਜਾਬੀ ਕਵਿੱਤ੍ਰੀ ਅੰਮ੍ਰਿਤਾ ਪ੍ਰੀਤਮ ਫੁਲਕਾਰੀ ਦੇ ਗੀਤ ਗਾਉਂਦੀ ਹੈ। ਦੇਵਿੰਦਰ ਸਤਿਆਰਥੀ ਪ੍ਰਸਿੱਧ-ਲੋਕ-ਗੀਤ ਸੰਗ੍ਰਹਿ-ਕਰਤਾ ਹੈ। ਉਸ ਨੇ ਸਾਰੇ ਭਾਰਤ, ਬਰਮਾ ਤੇ ਲੰਕਾ ਵਿਚ ਘੁੰਮ ਕੇ ਲੋਕ-ਗੀਤ ਇਕੱਠੇ ਕੀਤੇ ਹਨ। ਉਸ ਦੇ ਸੰਗ੍ਰਹਿ ਵਿਚ ਫੁਲਕਾਰੀ ਉੱਤੇ ਰਚੇ ਹੋਏ ਅਨੇਕਾਂ ਹੀ ਸੁੰਦਰ ਗੀਤ ਮਿਲਦੇ ਹਨ। ਅੰਮ੍ਰਿਤਾ ਪ੍ਰੀਤਮ ਤੇ ਸਤਿਆਰਥੀ ਦੋਵੇਂ ਪੰਜਾਬ ਦੀਆਂ ਪੇਂਡੂ ਮੁਟਿਆਰਾਂ ਅਤੇ ਗਭਰੂਆਂ ਦੇ ਜੀਵਨ ਅਤੇ ਉਨ੍ਹਾਂ ਦੇ ਪਿਆਰ ਬਾਰੇ ਲਿਖਦੇ ਹਨ; ਇਸੇ ਲਈ ਫੁਲਕਾਰੀ ਬੜੀ ਵਾਰ ਉਨ੍ਹਾਂ ਦੇ ਗੀਤਾਂ ਵਿਚ ਆਉਂਦੀ ਹੈ। ਅੱਗੇ ਚਲ ਕੇ ਅਸਾਂ ਫੁਲਕਾਰੀ ਬਾਰੇ ਕੁਝ ਗੀਤ ਦਿੱਤੇ ਹਨ ਜੋ ਆਪਣੇ ਹੁਨਰ ਦੀ ਮੂੰਹ ਬੋਲਦੀ ਤਸਵੀਰ ਹਨ।

ਅੰਮ੍ਰਿਤਾ ਸ਼ੇਰਗਿੱਲ ਜਗਤ-ਪਰਸਿੱਧ ਪੰਜਾਬੀ ਚਿੱਤਰਕਾਰ ਹੋਈ ਹੈ। ਉਸ ਦੇ ਕਲਾ-ਪ੍ਰੇਮੀ ਪਿਤਾ ਸਰਦਾਰ ਉਮਰਾਉ ਸਿੰਘ ਮਜੀਠੀਏ ਦੀ ਮੌਤ ਹੋਇਆਂ ਥੋੜ੍ਹਾ ਚਿਰ ਹੀ ਹੋਇਆ ਹੈ। ਅੰਮ੍ਰਿਤਾ ਸ਼ੇਰਗਿੱਲ ਨੇ ਆਪਣੇ ਚਿੱਤਰ 'ਬਿਸਰਾਮ' ਵਿਚ ਫੁਲਕਾਰੀ ਨੂੰ ਅਮਰ ਬਣਾ ਦਿੱਤਾ ਹੈ। ਇਸ ਵਿਚ ਕੁੱਝ ਕਿਸਾਨ ਕੁੜੀਆਂ ਵਿਖਾਈਆਂ ਗਈਆਂ ਹਨ। ਇਕ ਕੁੜੀ ਨੇ ਕਾਲੀ ਜ਼ਮੀਨ ਉੱਤੇ ਤਾਰੇ-ਹਾਰ ਚੰਬੇਲੀ ਫੁੱਲ ਨਾਲ ਸ਼ਿੰਗਾਰੀ ਇਕ ਸਾਦਾ ਫੁਲਕਾਰੀ ਉੱਪਰ ਲਈ ਹੋਈ ਹੈ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਫੁਲਕਾਰੀ ਨੇ ਪੰਜਾਬੀਆਂ ਦੀ ਲੋਕ-ਕਵਿਤਾ ਵਿਚ ਆਪਣਾ ਸਥਾਨ ਪਰਾਪਤ ਕਰ ਲਿਆ ਹੈ। ਪਿੰਡ ਦੀਆਂ ਕੁੜੀਆਂ ਰਲ ਕੇ ਫੁਲਕਾਰੀ ਕੱਢਣ ਬਹਿੰਦੀਆਂ ਹਨ ਤਾਂ ਉਹ ਗੀਤ ਜੋੜਦੀਆਂ ਅਤੇ ਗਾਉਂਦੀਆਂ ਹਨ। ਜੇ ਫੁਲਕਾਰੀ ਵਿਆਹੀ ਜਾਣ ਵਾਲੀ ਕੁੜੀ ਲਈ ਰਾਖਵੀਂ ਹੈ ਤਾਂ ਉਹ ਸੁਹਾਗ ਦੇ ਗੀਤ ਗਾਉਂਦੀਆਂ ਹਨ ਜਿਨ੍ਹਾਂ ਵਿਚ ਨੱਢੀ ਦੇ ਭਵਿੱਖ,ਉਹਦੇ ਨਵੇਂ ਸਾਕ-ਸੰਬੰਧੀਆਂ ਦੀਆਂ ਝਾਕੀਆਂ ਹੁੰਦੀਆਂ ਅਤੇ ਉਹ ਆਪਣੀ ਸਹੇਲੀ ਨੂੰ ਸ਼ੁੱਭ-ਇੱਛਾਵਾਂ ਅਤੇ ਅਸੀਸਾਂ ਦੇਂਦੀਆਂ ਹਨ; ਅਤੇ ਜੇ ਫੁਲਕਾਰੀ ਨੀਂਗਰ ਦੇ ਪਰਵਾਰ ਲਈ ਹੁੰਦੀ ਤਾਂ ਘੋੜੀਆਂ ਗਾਂਵੀਆਂ ਜਾਂਦੀਆਂ।

ਇਸ ਤਰ੍ਹਾਂ ਫੁਲਕਾਰੀ ਦੇ ਰੋਮਾਂਟਿਕ ਰੂਪ ਦਾ ਸਾਡੀ ਲੋਕ-ਕਲਾ ਨਾਲ ਬੜਾ ਸੰਘਣਾ ਅਤੇ ਅਨਿੱਖੜਵਾਂ ਸੰਬੰਧ ਹੈ। ਫੁਲਕਾਰੀ ਕੱਢਣ ਦਾ ਆਰੰਭ ਹੀ ਇਕ ਕਾਵਿ-ਮਈ ਵਾਤਾਵਰਨ ਵਿਚ ਹੁੰਦਾ ਹੈ। ਸੁਹਣੇ ਪਿਆਰੇ ਗੀਤ ਗਾਏ

ਜਾਂਦੇ ਹਨ, ਹਾਸਾ ਠੱਠਾ ਹੁੰਦਾ ਹੈ ਅਤੇ ਇਸ ਤਰ੍ਹਾਂ ਸਾਰਾ ਵਾਤਾਵਰਨ ਮੁਟਿਆਰਾਂ ਦੀ ਤਾਜ਼ਗੀ ਅਤੇ ਆਕਰਸ਼ਣ ਨਾਲ ਸੁਗੰਧਤ ਹੋ ਜਾਂਦਾ ਹੈ।

ਪੰਜਾਬ ਗੀਤਾਂ ਦੀ ਧਰਤੀ ਹੈ। ਗੀਤ ਪੰਜਾਬ ਦੀ ਨਸ ਨਸ ਵਿਚ ਵੱਸੇ ਹੋਏ ਹਨ । ਇਸ ਦੀ ਰੋਮਾਂਟਿਕ ਧਰਤੀ ਵਿਚ ਹਲ ਚਲਾਉਂਦਾ ਜੱਟ ਯੁਗਾਂ ਯੁਗਾਂ ਤੋਂ ਗੀਤ ਅਲਾਪਦਾ ਆਇਆ ਹੈ। ਜੀਵਨ ਦੀ ਸਾਰੀ ਪ੍ਰਫੁੱਲਤਾ ਗੀਤ ਦੀਆਂ ਸੁਰਾਂ ਵਿਚ ਹੀ ਹੁੰਦੀ ਹੈ। ਜੱਟ ਭੁੱਖਾ ਹੋਵੇ, ਸੁਆਣੀ ਦੇ ਘਰ ਵਿਚ ਦਾਣੇ ਨਾ ਹੋਣ, ਵਿਆਹ ਹੋਵੇ, ਗ਼ਮੀ ਹੋਵੇ, ਮੇਲਾ ਹੋਵੇ ਤੇ ਭਾਵੇਂ ਲੜਾਈ ਦਾ ਸਮਾਂ, ਪੰਜਾਬੀ ਹਿਰਦੇ ਵਿੱਚੋਂ ਗੀਤ ਜ਼ਰੂਰ ਜਾਗਦਾ ਹੈ।

ਇਸਤਰੀਆਂ ਸਾਡੇ ਲੋਕ-ਗੀਤਾਂ ਨੂੰ ਉਭਾਰਨ, ਉਸਾਰਨ ਅਤੇ ਗਾਉਣ ਵਿਚ ਆਦਮੀਆਂ ਨਾਲੋਂ ਅੱਗੇ ਹਨ। ਅਜੇ ਤੜਕਾ ਹੀ ਹੁੰਦਾ ਹੈ ਕਿ ਚੱਕੀਆਂ ਚੱਲ ਪੈਂਦੀਆਂ ਹਨ। ਚੱਕੀਆਂ ਦੀ ਘਿਸਰ-ਘਿਸਰ ਦੀ ਆਵਾਜ਼ ਦੇ ਨਾਲ ਨਾਲ ਸੁਆਣੀਆਂ ਦੇ ਮਿੱਠੇ ਬੋਲ ਵੀ ਸਰਘੀ ਦੇ ਵੇਲੇ ਵਿਚ ਇਕ ਉਮੰਗਾਂ-ਭਰਿਆ ਜੀਵਨ ਭਰ ਦਿੰਦੇ ਹਨ। ਮਧਾਣੀਆਂ ਚਲਦੀਆਂ ਹਨ, ਛਾਹ ਵੇਲੇ ਪੱਕਦੇ ਹਨ, ਭੱਤੇ ਖੇਤਾਂ ਵਲ ਜਾਂਦੇ ਹਨ ਅਤੇ ਉਨ੍ਹਾਂ ਦੇ ਨਾਲ ਨਾਲ ਗੀਤਾਂ ਦੀ ਲੈ ਵੀ ਹਿੰਮਤ ਦਾ ਹੌਸਲਾ ਵਧਾਉਂਦੀ ਹੈ। ਹਾਲੀ ਦੀਆਂ ਹੇਕਾਂ ਸੁਣ ਕੇ ਜੱਟੀ ਦੀ ਹਿੱਕੜੀ ਵਿਚ ਜ਼ਿੰਦਗੀ ਗੁਦਗੁਦਾ ਉੱਠਦੀ ਹੈ। ਉਹ ਘਰ ਮੁੜਦੀ ਹੈ ਤਾਂ ਦੋਪਹਿਰਾ ਕਿੱਕਲੀਆਂ, ਗਿੱਧਿਆਂ ਨੂੰ ਆਵਾਜ਼ਾਂ ਦੇ ਰਿਹਾ ਹੁੰਦਾ ਹੈ। ਤ੍ਰਿੰਞਣਾਂ ਵਿਚ ਘੁੰਮਰ ਪੈ ਜਾਂਦੇ ਹਨ ਅਤੇ ਗੀਤਾਂ ਦੀ ਤੁਰਦੀ ਫਿਰਦੀ ਆਵਾਜ਼, ਟਿਕ ਕੇ, ਚਰਖੇ ਦੀ ਘੂੰ ਘੂੰ ਨਾਲ ਬਹਿਸ਼ਤਾਂ ਨੂੰ ਮਾਤ ਪਾਉਂਦੀ ਹੈ। ਬੁੱਢੀਆਂ, ਜਵਾਨਾਂ ਤੇ ਬਾਲੜੀਆਂ ਕਸੀਦੇ ਲੈ ਬਹਿੰਦੀਆਂ ਹਨ। ਦੋਪਹਿਰਾਂ ਦੇ ਤ੍ਰਿੰਞਣ ਹੋਣ, ਰਾਤਾਂ ਵਿਚ ਚਰਖੇ ਘੁੰਮਦੇ ਹੋਣ ਤਾਂ ਫੁਲਕਾਰੀ ਵਿਚ ਭਰੇ ਜਾ ਰਹੇ ਇਕ ਇਕ ਤੋਪੇ ਵਿਚ ਜ਼ਿੰਦਗੀ ਭਰੀ ਜਾਂਦੀ ਹੈ ਅਤੇ ਤੋਪਿਆਂ ਦੀ ਇਕਸੁਰਤਾ ਨਾਲ ਗੀਤ ਆਪ ਹੀ ਉਮਡ ਪੈਂਦੇ ਹਨ।

## ਫੁਲਕਾਰੀ ਦੇ ਲੋਕ-ਗੀਤ

'ਉੱਤੇ ਫੁਲਕਾਰੀ, ਮੈਂ ਰਹਿੰਦੀ ਕੁਆਰੀ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

ਕੱਢਣਾ ਏ ਬਾਗ਼, ਸੱਸੂ ਸੁੱਤੀਏ ਜਾਗ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

ਤੰਦ ਨਹੀਂ ਪਾਣੀ, ਮੇਰੀ ਅਹਿਲ ਜਵਾਨੀ,
ਸੱਸੂ ਪੁੱਤ ਪਰਦੇਸਾਂ ਨੂੰ ਤੋਰਿਆ ਈ।

ਚੰਬਾ ਰਵੇਲ, ਸੱਸੂ ਵਿਛੜੇ ਮੇਲ
ਸੱਸੂ ਪੁੱਤ ਪਰਦੇਸ ਨੂੰ ਤੋਰਿਆ ਈ।

ਖੂਹ ਵਿਚ ਪਾਣੀ, ਮਾਂ ਮੇਰੀ ਰਾਣੀ
ਕੱਢੇਗੀ ਕਸੀਦੜਾ, ਪਾਏਗੀ ਮਧਾਣੀ।

ਮੈਂ ਕੱਢਣਾ ਦਿੱਲੀ ਦਰਵਾਜਾ
ਪੱਚੀਆਂ ਦੀ ਲਿਆ ਲੋਗੜੀ।

ਫੁਲਕਾਰੀ ਮੇਰੀ ਰੇਸ਼ਮੀ, ਰੰਗ ਨਾ ਆਇਆ ਠੀਕ,
ਛੇਤੀ ਦਰਸ਼ਨ ਦੇਵਣੇ, ਮੈਂ ਰਸਤਾ ਰਹੀ ਉਡੀਕ ।

ਮੈਂਡੇ ਸਿਰ ਫੁਲਕਾਰੀ ਆ,
ਤੁਸੀਂ ਪਰਦੇਸ ਗਏ, ਜੋਬਨ ਕਿਸ ਕਾਰੀ ਆ ?
ਕੋਲ ਫੁੱਲ ਮੈਂ ਕੱਢ ਕੇ ਕਰਦੀ ਹਾਂ ਅਰਦਾਸ,
ਛੇਤੀ ਆ ਮਿਲ ਸੱਜਣਾ, ਭੁੱਲ-ਚੁੱਕ ਕਰਨੀ ਮਾਫ਼ ।

ਫੁਲਕਾਰੀ ਸਾਡੀ ਰੇਸ਼ਮੀ, ਉੱਤੇ ਚਮਕਣ ਮੋਰ ।
ਗੱਲਾਂ ਤੁਹਾਡੀਆਂ ਮਿੱਠੀਆਂ, ਅੰਦਰੋਂ ਦਿਲ ਨੇ ਹੋਰ ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਵਾਰੀ ।
ਡਾਰ ਕੂੰਜਾਂ ਦੀ ਸੁਹਣੀ ਕੱਢੀ, ਮੂੰਹ ਤੋਂ ਚੁੱਕ ਫੁਲਕਾਰੀ ।

ਫੁੱਲ ਕੱਢਿਆ ਜੇ ਫੇਰਵਾਂ, ਫੁੱਲ ਕੱਢਿਆ ਜੇ ਤੋਰੀ ਦਾ,
ਤੋਰੀ ਦਾ ਕੀ ਰੰਗ ਸਲਾਹੀਏ, ਰੰਗ ਸਲਾਹੀਏ ਗੋਰੀ ਦਾ ।

ਹੁਸਨ ਗੋਰੀ ਦਾ ਚੋ ਚੋ ਪੈਂਦਾ, ਜਿਉਂ ਮਾਖਿਉਂ ਮਖਿਆਰੀ ਦਾ,
ਨੈਣ ਗੋਰੀ ਦੇ ਕੱਜਲਾ ਪਾਇਆ, ਡਾਢਾ ਰੰਗ ਫੁਲਕਾਰੀ ਦਾ ।

ਗੋਰੀਏ ਨੀ ਤੂੰ ਖਰੀ ਸਿਆਣੀ, ਤੇਰੀ ਕੋਈ ਰੀਸ ਨਹੀਂ,
ਜਿਸ ਸੂਈ ਰੇਸ਼ਮ ਫੁੱਲ ਕੱਢੜੇ, ਉਸ ਸੂਈ ਦੀ ਰੀਸ ਨਹੀਂ ।

ਰੇਸ਼ਮ ਰੇਸ਼ਮ ਹਰ ਕੋਈ ਕਹਿੰਦਾ, ਰੇਸ਼ਮ ਮੂੰਹੋਂ ਬੋਲਦਾ,
ਫੁਲਕਾਰੀ ਦਾ ਰੰਗ ਗੋਰੀਏ, ਇਸ਼ਕ ਹੁਸਨ ਸੰਗ ਤੋਲਦਾ ।

ਚਿੱਟੇ ਪੱਟ ਦਾ ਮੋਤੀਆ,
ਤੇ ਸਾਵੀਆਂ ਡੰਡੀਆਂ ਪਾ,
ਕਿਸੇ ਨੇ ਸਿਰ ਤੇ ਪੱਲਾ ਕੀਤਾ
ਸੂਹੀ ਫੁਲਕਾਰੀ ਦਾ ।

ਸਿਰ ਫੁਲਕਾਰੀ, ਹੱਥ ਛਣ-ਕੰਙਣ
ਪੈਰ ਪੰਜੇਬਾਂ ਪਾ,
ਏਧਰ ਸਖੀਆਂ ਓਧਰ ਸਖੀਆਂ
ਬੈਠੀ ਪੀੜ੍ਹਾ ਡਾਹ ।

ਧੀ ਹੋਵੇ ਤਾਂ ਧਨ ਹੋਵੇ, ਕਿਆ ਜੀ ਨਿਰਧਨ ਧੀ ਨਾ ਹੋ,
ਦਿਆਂ ਲੱਖ ਫੁਲਕਾਰੀਆਂ ਜਿੱਥੇ ਧੀ ਦਾ ਆਦਰ ਹੋ ।

www.PunjabiLibrary.com

੬.

# ਫੁਲਕਾਰੀ ਦਾ ਪੇਂਡੂ ਪਿਛੋਕੜ

ਫੁਲਕਾਰੀ ਪੰਜਾਬ ਦੇ ਪਿੰਡਾਂ ਦੇ ਹਰ ਇਕ ਘਰ ਦੀ ਬੜੀ ਵਡਮੁੱਲੀ ਚੀਜ਼ ਹੈ। ਇਸ ਨੂੰ ਪੁਰਾਣੇ ਸੰਦੂਕਾਂ ਅਤੇ ਪੇਟੀਆਂ ਵਿਚ ਸੰਭਾਲ ਕੇ ਰੱਖਿਆ ਜਾਂਦਾ ਹੈ ਅਤੇ ਬਰਸਾਤ ਪਿੱਛੋਂ ਕਿਸੇ ਧੁਪੀਲੇ ਦਿਨ ਸਿੱਲ੍ਹ ਅਤੇ ਮਿੱਟੀ ਘੱਟੇ ਤੋਂ ਬਚਾਉਣ ਲਈ ਸੁੱਕਣੇ ਪਾਇਆ ਜਾਂਦਾ ਹੈ, ਘਰਾਂ ਦੀਆਂ ਛੱਤਾਂ ਅਤੇ ਚੌਂਤਰਿਆਂ ਉੱਤੇ ਪਈਆਂ ਰੰਗ ਬਰੰਗੀਆਂ ਅਤੇ ਚਮਕੀਲੀਆਂ ਫੁਲਕਾਰੀਆਂ ਬੜਾ ਸੁੰਦਰ ਦ੍ਰਿਸ਼ ਬਣਾਉਂਦੀਆਂ ਹਨ।

ਲੜਕੀ ਨੂੰ ਦਾਜ ਵਿਚ ਦੇਣ ਲਈ ਫੁਲਕਾਰੀਆਂ ਕਈ ਕਈ ਵਰ੍ਹੇ ਪਹਿਲਾਂ ਤਿਆਰ ਕਰ ਕੇ ਰੱਖੀਆਂ ਜਾਂਦੀਆਂ ਹਨ। ਅੱਜ ਕਲ ਫੁਲਕਾਰੀਆਂ ਦਾ ਰਿਵਾਜ ਨਹੀਂ ਰਿਹਾ, ਪਰ ਕੁਝ ਕੁ ਘਰਾਂ ਵਿਚ ਅਜੇ ਵੀ ਚੋਪ ਤੇ ਫੁਲਕਾਰੀਆਂ ਪਈਆਂ ਹਨ, ਜਿਹੜੀਆਂ ਵਿਆਹ ਵੇਲੇ ਧੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਇੰਜ ਇਹ ਇਕ ਮਹਿੰਗਾ ਵਿਰਸਾ ਬਣ ਗਈਆਂ ਹਨ।

ਸਮੇਂ ਦੇ ਚੱਕਰ ਨੇ ਹਰ ਥਾਂ ਹੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਹਨ, ਪਰ ਜਿੰਨੀ ਤਬਦੀਲੀ ਪੰਜਾਬ ਦੇ ਪਿੰਡਾਂ ਵਿਚ ਆਈ ਹੈ ਹੋਰ ਕਿਸੇ ਥਾਂ ਨਹੀਂ ਆਈ। ਪੰਜਾਹ ਵਰ੍ਹੇ ਪਹਿਲਾਂ ਪੰਜਾਬ ਦੇ ਪਿੰਡਾਂ ਦਾ ਜੀਵਨ ਬੜਾ ਗੰਭੀਰ ਅਤੇ ਸ਼ਾਂਤ ਸੀ, ਅੱਜ ਕਲ ਦੇ ਰੌਲੇ-ਰੱਪੇ ਅਤੇ ਸਮਾਜਕ ਉੱਥਲ ਪੁੱਥਲ ਦਾ ਉਦੋਂ ਨਾਂ-ਨਿਸ਼ਾਨ ਨਹੀਂ ਸੀ। ਮਨੁੱਖੀ ਆਤਮਾ ਨੂੰ ਮੋਹਿਤ ਕਰਨ ਵਾਲਾ ਇਹ ਜੀਵਨ ਰਵਾਇਤੀ ਲੀਹਾਂ ਤੇ ਤੁਰ ਰਿਹਾ ਸੀ। ਇਸਤਰੀ ਲਈ ਪਤੀ ਉਸ ਦਾ ਪੂਜ ਸੀ, ਘਰ ਉਸ ਦਾ ਮੰਦਰ ਅਤੇ ਫੁਲਕਾਰੀ ਉਸ ਦੀ ਮਾਲਾ।

ਘਰ ਦੇ ਕੰਮ ਧੰਦੇ ਵਿੱਚੋਂ ਉਸ ਦਾ ਨਿਕਲਣ ਹੁੰਦਾ ਤਾਂ ਸਿਰਫ਼ ਕਿਸੇ ਮੇਲੇ ਜਾਂ ਤਿਉਹਾਰ ਤੇ, ਕਿਸੇ ਵਿਆਹ ਸ਼ਾਦੀ ਜਾਂ ਕਿਸੇ ਤੀਰਥ-ਯਾਤਰਾ ਤੇ। ਫੁਲਕਾਰੀ ਵਿਚ ਉਹ ਆਪਣੇ ਸੁਫ਼ਨੇ ਅਤੇ ਵਿਚਾਰ ਚਿੱਤਰਦੀ ਰਹਿੰਦੀ ਆਪਣੀ ਲਾਡਲੀ ਲਈ, ਜਿਸ ਨੂੰ ਅੰਤ ਇਹ ਫੁਲਕਾਰੀ ਮਿਲਣੀ ਹੁੰਦੀ, ਤੇ ਆਪਣਾ ਸਾਰਾ ਪਿਆਰ ਤੇ ਸ਼ੁਭ-ਇੱਛਾਵਾਂ ਇਸ ਦੇ ਰੰਗਾਂ ਵਿਚ ਭਰ ਦੇਂਦੀ।

ਕਿੰਨਾ ਪਿਆਰਾ ਸੀ ਉਹ ਦ੍ਰਿਸ਼ ਜਦੋਂ ਸਾਡੇ ਪਿੰਡਾਂ ਦੀ ਇਸਤਰੀ ਗੂੜ੍ਹਾ ਨੀਲਾ ਜਾਂ ਪੀਲਾ ਘਗਰਾ ਪਹਿਨੀ, ਸਿਰ ਤੋਂ ਪੈਰਾਂ ਤਕ ਲਾਲ ਫੁਲਕਾਰੀ ਜਾਂ ਬਾਗ਼ ਵਿਚ ਵਲ੍ਹੇਟੀ ਹੋਈ ਖੇਤਾਂ ਤੋਂ ਮੁੜ ਰਹੀ ਹੁੰਦੀ। ਉਸ ਦੀ ਚਾਲ ਸਹਿਜ-ਭਰੀ, ਪਰ ਮਟਕੀਲੀ, ਬਾਹਾਂ ਵਿਚ ਚੂੜੀਆਂ ਤੇ ਪੈਰੀਂ ਝਾਂਜਰਾਂ, ਸਿਰ ਤੇ ਕੋਈ ਮਟਕਾ ਜਾਂ ਟੋਕਰੀ ਹੁੰਦੀ ਤੇ ਕਈ ਵਾਰ ਕੁੱਛੜ ਬਾਲ ਵੀ ਚੁੱਕਿਆ ਹੁੰਦਾ। ਭੂਰੀਆਂ, ਕੱਚੀਆਂ ਕੰਧਾਂ ਵਿੱਚੋਂ ਬਾਹਰ ਨਿਕਲਦੀ, ਜਾਂ ਕਣਕ ਅਤੇ ਜਵਾਂ ਦੇ ਰਸੀਲੇ ਖੇਤਾਂ ਵਿੱਚੋਂ ਲੰਘਦੀ, ਸੁਰਾਂਗਲਾ ਲਿਬਾਸ ਪਹਿਨੀ ਇਹ ਧਰਤੀ ਦੀ ਧੀ ਉਸ ਦੀ ਹਿੱਕੜੀ ਵਿੱਚੋਂ ਉੱਭਰਦੀ ਇਕ ਜੀਵਨ-ਅਪਸਰਾਂ ਜਾਪਦੀ।

ਆਓ! ਹੁਣ ਅਸੀਂ ਇਕ ਦਰਮਿਆਨੇ ਪੰਜਾਬੀ ਘਰ ਦੀ ਇਸਤਰੀ ਦੇ ਰੋਜ਼ਾਨਾ ਜੀਵਨ ਉੱਤੇ ਇਕ ਝਾਤ ਮਾਰੀਏ। ਉਸ ਦਾ ਜੀਵਨ ਬੜੀ ਕਰੜੀ ਘਾਲਣਾ ਦਾ ਜੀਵਨ ਹੈ। ਉਹ ਪਹਿਰ ਰਾਤ ਰਹੇ ਉੱਠਦੀ ਅਤੇ ਡੂੰਘੀ ਰਾਤ ਪੈਣ ਤਕ ਕੰਮ ਵਿਚ ਜੁੱਟੀ ਰਹਿੰਦੀ ਹੈ। ਇਸ਼ਨਾਨ ਧਿਆਨ ਪਿੱਛੋਂ ਉਹ ਚੱਕੀ ਚਲਾਉਂਦੀ ਅਤੇ ਦਿਨ ਭਰ ਜੋਗਾ ਆਟਾ ਪੀਂਹਦੀ ਹੈ। ਦਿਨ ਚੜ੍ਹਦਾ ਹੈ, ਉਹ ਧਾਰ ਕੱਢ ਕੇ ਲਿਆਉਂਦੀ ਹੈ, ਦੁੱਧ ਰਿੜਕਦੀ ਅਤੇ ਮੱਖਣ ਕਢਦੀ ਹੈ। ਹੁਣ ਖਾਣ ਪਕਾਉਣ, ਲੀੜੇ ਧੋਣ ਅਤੇ ਰੰਗਣ ਦਾ ਕੰਮ ਸ਼ੁਰੂ ਹੁੰਦਾ ਹੈ। ਬੱਚੇ, ਜਦੋਂ ਘਰ ਹੋਣ, ਨਿੱਕੇ ਬਾਲ ਨੂੰ ਖਿਡਾਉਂਦੇ ਹਨ ਅਤੇ ਫੇਰ ਬਾਪੂ ਲਈ ਖੇਤਾਂ ਵਿਚ ਰੋਟੀ ਲੈ ਜਾਂਦੇ ਹਨ। ਰੋਟੀ-ਟੁੱਕ ਤੋਂ ਵਿਹਲੀ ਹੋ ਉਹ ਚਰਖਾ ਡਾਹੁੰਦੀ ਹੈ। ਚਰਖਾ ਚਲਾਉਂਦੀ ਉਹ ਗੋਦੀ ਪਏ ਬਾਲ ਨੂੰ ਥਾਪੜਦੀ ਹੈ, ਤੇ ਲੋਰੀਆਂ ਸੁਣਾਉਂਦੀ ਹੈ

www.PunjabiLibrary.com

ਅਤੇ ਬਾਲ ਛੇਤੀ ਹੀ ਸੌਂ ਜਾਂਦਾ ਹੈ।

ਚਰਖਾ ਸਾਡੇ ਪੇਂਡੂ ਜੀਵਨ ਦਾ ਇਕ ਅਨਿੱਖੜਵਾਂ ਅੰਗ ਹੈ। ਪਹਿਨਣ ਵਿਛਾਉਣ ਦੇ ਹਰ ਪਰਕਾਰ ਦੇ ਕਪੜੇ ਲਈ ਇਸਤਰੀਆਂ ਹਰ ਰੋਜ਼ ਕਤਦੀਆਂ ਹਨ। ਇਹੋ ਵੇਲਾ ਸਖੀਆਂ ਸਹੇਲੀਆਂ ਦੇ ਮਿਲ-ਬਹਿਣ ਦਾ ਹੁੰਦਾ ਹੈ। ਤੀਜੇ ਪਹਿਰ ਗਲੀ ਵਿਚ ਜਾਂ ਕਿਸੇ ਦੇ ਘਰ ਦੇ ਵਿਹੜੇ ਵਿਚ ਉਹ ਜੁੜ ਬਹਿੰਦੀਆਂ ਹਨ। ਕਿਸੇ ਦਿਨ ਚਰਖਾ ਕੱਤਦੀਆਂ ਹਨ, ਕਿਸੇ ਦਿਨ ਫੁਲਕਾਰੀ ਕੱਢਦੀਆਂ ਹਨ। ਕੰਮ ਉਨ੍ਹਾਂ ਲਈ ਕੰਮ ਵੀ ਹੈ ਅਤੇ ਦਿਲਪਰਚਾਵਾ ਵੀ। ਪੰਜਾਬਣ ਸਿਰਫ਼ ਓਦੋਂ ਹੀ ਵਿਹਲੀ ਹੁੰਦੀ ਹੈ ਜਦੋਂ ਉਹ ਬੀਮਾਰ ਹੋਵੇ, ਪਰ ਬੀਮਾਰ ਉਹ ਬਹੁਤ ਘਟ ਹੁੰਦੀ ਹੈ। ਇਹ ਰੋਜ਼ਾਨਾ ਮਿਲ-ਬਹਿਣੀ ਹੀ ਉਨ੍ਹਾਂ ਦੀ ਕਲੱਬ ਹੈ, ਜਿਸ ਲਈ ਉਨ੍ਹਾਂ ਨੂੰ ਕੋਈ ਚੰਦਾ ਨਹੀਂ ਦੇਣਾ ਪੈਂਦਾ। ਚਰਖੇ ਦੀ ਘੂਕਰ ਨਾਲ ਉਨ੍ਹਾਂ ਦੇ ਹਾਸੇ ਛਣਕਦੇ ਹਨ, ਇਕ ਅਜੀਬ ਸਮਾਂ ਬੱਝਦਾ ਹੈ, ਮਿੱਠੇ ਰਸੀਲੇ ਗੀਤਾਂ ਵਿਚ ਉਹ ਆਪਣਾ ਦਿਲ ਗਾਉਂਦੀਆਂ ਹਨ। ਕਿਸੇ ਕਿਸੇ ਦਿਨ ਇਕੱਠੀਆਂ ਹੋ ਸਰ੍ਹੋਂ ਦੇ ਖੇਤਾਂ ਵਿਚ ਉਹ ਸਾਗ ਤੋੜਨ ਵੀ ਜਾਂਦੀਆਂ ਹਨ।

ਕਿਸੇ ਗਲੀ ਜਾਂ ਕਿਸੇ ਰੁੱਖ ਦੀ ਛਾਂ ਹੇਠ ਬੈਠੀਆਂ ਕਿਸਾਨ ਇਸਤਰੀਆਂ ਬੜਾ ਹੀ ਪਿਆਰਾ ਦ੍ਰਿੱਸ਼ ਬਣਾਉਂਦੀਆਂ ਹਨ। ਦੋ ਤਿੰਨ ਕੱਤ ਰਹੀਆਂ, ਇਕ ਦੋ ਫੁਲਕਾਰੀ ਕੱਢ ਰਹੀਆਂ, ਕੋਈ ਨਾਲਾ ਬੁਣ ਰਹੀ ਅਤੇ ਕੋਈ ਦਰੀ ਲਈ ਸੂਤਰ ਦੇ ਲੱਛੇ ਸੁਕਾ ਰਹੀ। ਕਈ ਵਾਰ ਇਸ ਮੰਡਲੀ ਦੇ ਇਕ ਪਾਸੇ ਕੋਈ ਬੁੱਢੀ ਮਾਂ ਕਿਸੇ ਮੁਟਿਆਰ ਦੀਆਂ ਮੀਢੀਆਂ ਗੁੰਦ ਰਹੀ ਹੁੰਦੀ ਹੈ। ਕੰਮ ਮੁਕਦਾ ਹੈ, ਕੋਈ ਪਿਆਰਾ ਗੀਤ ਛਿੜਦਾ ਹੈ; ਰੁੱਤ ਅਨੁਸਾਰ ਭੁੱਜੇ ਹੋਏ ਮੱਕੀ ਜਾਂ ਛੋਲਿਆਂ ਦੇ ਦਾਣੇ, ਕਣਕ ਦੇ ਮਰੂੰਡੇ, ਗੁੜ, ਬੇਰ ਜਾਂ ਲੂਣ-ਲੱਗੀਆਂ ਜਾਮਣਾਂ ਉਹ ਵੰਡ ਖਾਂਦੀਆਂ, ਗੱਪ-ਸ਼ਪ ਮਾਰਦੀਆਂ, ਮਜ਼ਾਕ ਕਰਦੀਆਂ ਅਤੇ ਦਿਲ-ਭਰਪੂਰ ਹਾਸੇ ਡੋਲ੍ਹਦੀਆਂ ਹਨ। ਅੰਤ, ਇਕ ਦੂਜੇ ਤੋਂ ਨਿੱਖੜ ਕੇ ਆਪੋ ਆਪਣੇ ਘਰੀਂ ਚਲੀਆਂ ਜਾਂਦੀਆਂ ਹਨ। ਇਹ ਹੈ ਉਹ ਵਾਤਾਵਰਨ ਜਿਸ ਵਿਚ ਫੁਲਕਾਰੀ ਦਾ ਜਨਮ ਹੋਇਆ ਤੇ 'ਸੁਰਾਂਗਲੇ ਜਾਦੂ-ਜਾਲੇ' ਦੇ ਰੂਪ ਵਿਚ ਪਰਵਾਨ ਚੜ੍ਹੀ।

## ੧.

# ਚਰਖੇ ਅਤੇ ਫੁਲਕਾਰੀ ਦਾ ਨਾਤਾ

ਚਰਖਾ ਉਹ ਧੁਰਾ ਹੈ ਜਿਸ ਦੁਆਲੇ ਪੰਜਾਬੀ ਇਸਤਰੀ ਦੀ ਹਰ ਪਰਕਾਰ ਦੀ ਸ਼ਿਲਪ-ਕਲਾ ਨੇ ਉੱਨਤੀ ਕੀਤੀ ਹੈ। ਪੇਂਡੂ ਇਲਾਕਿਆਂ ਵਿਚ ਅਜੇ ਵੀ ਚਰਖੇ ਨੂੰ ਇਹ ਮਹੱਤਵ-ਪੂਰਨ ਸਥਾਨ ਪਰਾਪਤ ਹੈ। ਇਕ ਸਮਾਂ ਸੀ ਜਦੋਂ ਨਗਰਾਂ ਵਿਚ ਵੀ ਚਰਖੇ ਨੂੰ ਇਹ ਮਹਾਨਤਾ ਪਰਾਪਤ ਸੀ।

ਚਰਖਾ, ਪੰਜਾਬ ਵਿਚ ਹਰ ਇਕ ਪਿੰਡ ਦੇ ਹਰ ਇਕ ਘਰ ਦਾ ਇਕ ਅਨਿੱਖੜਵਾਂ ਅੰਗ ਹੈ। ਚਹੁੰ ਚਹੁੰ ਵਰ੍ਹਿਆਂ ਦੀਆਂ ਕੁੜੀਆਂ ਵੀ ਚਰਖਾ ਚਲਾਉਣਾ ਜਾਣਦੀਆਂ ਹਨ ਅਤੇ ਇਹ ਕੰਮ ਹੈ ਵੀ ਬੜਾ ਸੌਖਾ। ਘਰ ਦੀ ਵਰਤੋਂ ਲਈ ਲੋੜੀਂਦਾ ਕਪੜਾ ਤਿਆਰ ਕਰਨ ਲਈ ਚਰਖਾ ਬੜਾ ਹੀ ਲਾਭਦਾਇਕ ਹੈ।

ਨਿਵਾਰ, ਦਰੀਆਂ, ਖੇਸ, ਚਾਦਰਾਂ, ਚੁਤਹੀਆਂ, ਨਾਲੇ, ਕਢਾਈ ਅਤੇ ਪਹਿਨਣ ਲਈ ਮੋਟਾ ਅਤੇ ਵਧੀਆ, ਦੋਹਾਂ ਤਰਾਂ ਦਾ ਖੱਦਰ ਉਣਨਾ, ਇਸ ਤਰ੍ਹਾਂ ਦੀਆਂ ਸਭ ਦਸਤਕਾਰੀਆਂ ਨਾਲ ਚਰਖੇ ਦਾ ਸੰਘਣਾ ਨਾਤਾ ਹੈ। ਭੇਡਾਂ ਦੀ ਕੱਚੀ ਉੱਨ ਅਤੇ ਅੱਕ ਦੇ ਕੂਲੇ ਰੇਸ਼ਮੀ ਰੇਸ਼ੇ ਵੀ ਚਰਖੇ ਉੱਤੇ ਕੱਤੇ ਜਾਂਦੇ ਹਨ।

ਫੁਲਕਾਰੀ ਖੱਦਰ ਉੱਤੇ ਕੱਢੀ ਜਾਂਦੀ ਹੈ ਅਤੇ ਖੱਦਰ ਲਈ ਇਸ ਦਾ ਨਿਰਭਰ ਚਰਖੇ ਉੱਤੇ ਹੈ। ਖੱਦਰ ਬੁਣਤੀ ਵਿਚ ਛੇਕਦਾਰ ਹੁੰਦਾ ਹੈ, ਇਸ ਲਈ ਕਢਾਈ ਵੇਲੇ ਇਸ ਉੱਤੇ ਨਿਗਾਹ ਚੰਗੀ ਟਿਕਦੀ ਹੈ, ਅੱਖਾਂ ਉੱਤੇ ਭਾਰ ਨਹੀਂ ਪੈਂਦਾ, ਨਾਲੇ ਸੁੰਗੜਨ ਜਾਂ ਖਿੱਚ ਤੋਂ ਬਚਾਉਣ ਲਈ ਕਿਸੇ ਅੱਡੇ (ਫ਼ਰੇਮ) ਦੀ ਲੋੜ ਨਹੀਂ ਪੈਂਦੀ। ਬਾਗ ਅਤੇ

ਫੁਲਕਾਰੀਆਂ ਲਈ ਖੱਦਰ ਇਕ ਆਦਰਸ਼ ਕਪੜਾ ਹੈ।

ਵਧੀਆ ਪਰਕਾਰ ਦਾ ਹੌਲਾ ਲਾਲ ਖੱਦਰ, ਹਲਵਾਨ ਪੂਰਬੀ ਪੰਜਾਬ ਵਿਚ ਲੁਧਿਆਣੇ ਅਤੇ ਪੱਛਮੀ ਪਜਾਬ ਵਿਚ ਬਹਾਵਲਪੁਰ ਵਿਚ ਤਿਆਰ ਹੁੰਦਾ ਸੀ। ਕਈ ਇਸਤਰੀਆਂ ਕਸੀਦੇ ਲਈ ਸਾਧਾਰਨ ਖੱਦਰ ਨਾਲੋਂ ਹਲਵਾਨ ਨੂੰ ਪਸੰਦ ਕਰਦੀਆਂ ਹਨ। ਨਫ਼ੀਸ ਹੋਣ ਕਰਕੇ ਕਢਾਈ ਤਾਂ ਇਸ ਉੱਤੇ ਵਧੇਰੇ ਸੁਹਣੀ ਅਤੇ ਸਾਫ਼ ਹੁੰਦੀ ਸੀ, ਪਰ ਅੱਖਾਂ ਉੱਤੇ ਬੋਝ ਵੀ ਬਹੁਤਾ ਪੈਂਦਾ ਸੀ। ਅੱਜ ਕਲ ਰੀਫ਼ੀਊਜੀ ਇਸਤਰੀਆਂ ਦੇ ਕੰਮ-ਕੇਂਦਰਾਂ ਵਿਚ ਆਮ ਤੌਰ ਤੇ ਲਿਨਨ, ਲੱਠਾ, ਪਾਪਲੀਨ ਆਦਿ ਮਸ਼ੀਨੀ ਕਪੜੇ ਹੀ ਵਰਤੇ ਜਾਂਦੇ ਹਨ।

ਅੱਜ ਕਲ ਦਾ ਨਵੀਨ ਢੰਗ ਦਾ ਚਰਖਾ ਛੋਟਾ, ਹੌਲਾ ਅਤੇ ਚੁੱਕਣ ਨੂੰ ਸੌਖਾ ਹੈ ਅਤੇ ਇਹ ਇਕ ਨਿਕੀ ਜਿਹੀ ਸੰਦੂਕੜੀ ਵਿਚ ਬੰਦ ਹੋ ਜਾਂਦਾ ਹੈ।

ਪੁਰਾਣੇ ਢੰਗ ਦਾ ਚਰਖਾ ਅਜੇ ਵੀ ਪਿੰਡਾਂ ਵਿਚ ਵਰਤਿਆ ਜਾਂਦਾ ਹੈ; ਇਹ ਆਕਾਰ ਵਿਚ ਵੱਡਾ ਹੁੰਦਾ ਹੈ, ਬਹੁਤੀ ਥਾਂ ਘੇਰਦਾ ਹੈ ਅਤੇ ਆਪਣੇ ਵਧੇ ਹੋਏ ਤੱਕਲੇ ਕਰਕੇ ਨਿੱਕੇ ਬਾਲਾਂ ਲਈ ਇਕ ਖ਼ਤਰਾ ਬਣਿਆ ਰਹਿੰਦਾ ਹੈ। ਸ਼ਹਿਰਾਂ ਵਿਚ ਮਕਾਨਾਂ ਦੀ ਘਾਟ ਤੇ ਥਾਂ ਦੀ ਥੁੜ੍ਹ ਹੋਣ ਕਰਕੇ ਚਰਖਾ ਘੱਟ ਵਧ ਹੀ ਵਿਖਾਈ ਦੇਂਦਾ ਹੈ ਅਤੇ ਅਨੇਕਾਂ ਬਿਰਧ ਮਾਤਾਵਾਂ ਇਸ ਦੀ ਅਣਹੋਂਦ ਬੁਰੀ ਤਰ੍ਹਾਂ ਮਹਿਸੂਸ ਕਰਦੀਆਂ ਹਨ। ਚਰਖਾ ਚਲਾਉਣ ਵਿਚ ਵੀ ਇਕ ਅਜੀਬ ਖ਼ੁਸ਼ੀ ਸੀ ਜਿਹੜੀ ਅੱਜ ਉਨ੍ਹਾਂ ਨੂੰ ਹਾਸਲ ਨਹੀਂ। ਪੁਰਾਣੀ ਕਿਸਮ ਦਾ ਚਰਖਾ ਇਕ ਵੇਖਣ-ਯੋਗ ਵਸਤੂ ਹੈ। ਉਸ ਦਾ ਪਿੰਡਾ ਕਿਤੋਂ ਲਾਲ ਤੇ ਕਿਤੋਂ ਪੀਲਾ ਰੰਗਿਆ ਹੋਇਆ ਕੌਡੀਆਂ, ਮਣਕਿਆਂ ਅਤੇ ਖੰਭਾਂ ਨਾਲ ਸ਼ਿੰਗਾਰਿਆ ਹੋਇਆ ਹੁੰਦਾ ਹੈ। ਉਨ੍ਹਾਂ ਦਿਨਾਂ ਵਿਚ ਸਰਦੇ ਪੁੱਜਦੇ ਲੋਕ ਆਪਣੀਆਂ ਧੀਆਂ ਨੂੰ ਵਿਆਹ ਵਿਚ ਇਹ ਚਰਖਾ ਸੁਗਾਤ ਵਜੋਂ ਦੇਂਦੇ ਸਨ। ਅੱਜ ਕਲ ਸਿਲਾਈ ਦੀ ਮਸ਼ੀਨ ਹੀ ਦਿੱਤੀ ਜਾਂਦੀ ਹੈ।

ਚਰਖਾ ਕਿਸੇ ਵੇਲੇ ਪੂਰੇ ਦੇ ਪੂਰੇ ਪੰਜਾਬ, ਰਾਜਸਥਾਨ ਅਤੇ ਪੱਛਮੀ ਯੂ. ਪੀ. ਵਿਚ ਆਮ ਵਰਤਿਆ ਜਾਂਦਾ ਸੀ, ਪਰ ਹੁਣ ਇਹ ਸਿਰਫ਼ ਪੰਜਾਬ ਦੇ ਪਿੰਡਾਂ ਵਿਚ ਹੀ ਵਿਖਾਈ ਦੇਂਦਾ ਹੈ। ਅਸੀਂ ਜੇ ਫੁਲਕਾਰੀ ਨੂੰ ਮੁੜ ਜਿਵਾਉਣਾ ਚਾਹੁੰਦੇ ਹਾਂ ਤਾਂ ਚਰਖੇ ਨੂੰ ਵੀ ਸੁਰਜੀਤ ਕਰਨਾ ਪਏਗਾ। ਦੋਹਾਂ ਦੀ ਜੀਵਨ-ਤੰਦ ਸਾਂਝੀ ਹੈ।

ਸ਼ਹਿਰਾਂ ਵਿਚ ਅਤੇ ਹਿੰਦੁਸਤਾਨ ਭਰ ਵਿਚ ਚਰਖੇ ਦਾ ਨਵੇਂ ਰੂਪ ਵਿਚ ਪੁਨਰ-ਜੀਵਨ ਬਹੁਤਾ ਮਹਾਤਮਾ ਗਾਂਧੀ ਦੇ ਜਤਨਾਂ ਦਾ ਸਿੱਟਾ ਹੈ। ਉਨ੍ਹਾਂ ਨੇ ਇਸ ਨੂੰ ਇਕ ਜੀਉਂਦੀ ਸ਼ਕਤੀ ਤੇ ਭਾਰਤੀ ਪੁਨਰ-ਜੀਵਨ ਦਾ ਚਿਨ੍ਹ ਬਣਾ ਦਿੱਤਾ। ਇਸ ਨੂੰ ਪਿਆਰਿਆ ਤੇ ਸਤਕਾਰਿਆ ਜਾਂਦਾ ਹੈ। ਚਰਖਾ ਕੱਤਣਾ ਸਭ ਕਾਂਗਰਸੀ ਮਰਦਾਂ ਇਸਤਰੀਆਂ ਦਾ ਮੁੱਖ ਕਰਤੱਵ ਹੈ, ਉਨ੍ਹਾਂ ਦੇ ਧਰਮ ਦਾ ਮੁੱਖ ਅੰਗ ਹੈ। ਇਹ ਇਕ ਤਾਕਤਵਰ ਰਾਜਸੀ ਹਥਿਆਰ ਹੈ ਅਤੇ ਹਲੀਮੀ ਅਤੇ ਕਰੜੀ ਮਿਹਨਤ ਦੇ ਕੌਮੀ ਚਿੰਨ੍ਹ ਦੇ ਰੂਪ ਵਿਚ ਇਸਦੀ ਮਹਾਨਤਾ ਸਰਬ-ਵਿਆਪੀ ਹੈ।

ਪਿੰਡਾਂ ਵਿਚ ਅਜੇ ਵੀ ਤ੍ਰਿੰਞਣ ਜੁੜਦੇ ਹਨ ਅਤੇ ਮੁਟਿਆਰਾਂ ਸਿਆਲਾਂ ਦੀਆਂ ਰਾਤਾਂ ਨੂੰ ਸਰਘੀ ਵੇਲੇ ਤਕ ਕੱਤਦੀਆਂ ਹਨ। ਤ੍ਰਿੰਞਣ ਦੀ ਅਗਵਾਈ ਤੇ ਦੇਖ ਭਾਲ ਕੋਈ ਬਿਰਧ ਇਸਤਰੀ ਜਾਂ ਵਿਧਵਾ ਕਰਦੀ ਹੈ।

ਲੇਖਕ ਨੇ ਬਰਮਾ ਵਿਚ ਟੌਂਗੂ ਪਿੰਡ ਦੇ ਇਕ ਕਰਨ ਗੁਆਂਢੀ ਦੇ ਘਰ, ਸਾਰੇ ਦਾ ਸਾਰਾ, ਬਾਂਸਾਂ ਦਾ ਬਣਿਆ ਇਕ ਭਾਰਤੀ ਢੰਗ ਦਾ ਚਰਖਾ ਵੇਖਿਆ ਸੀ। ਪਿਛਲੀ ਸਦੀ ਵਿਚ ਚਰਖੇ ਯੂਰਪੀ ਦੇਸਾਂ ਵਿਚ ਵੀ ਆਮ ਵਰਤੀਂਦੇ ਰਹੇ ਹਨ; ਘਰ ਦੀ ਅੰਗੀਠੀ ਲਾਗੇ ਇਸ ਨੂੰ ਸਤਿਕਾਰ-ਭਰੀ ਥਾਂ ਮਿਲਦੀ ਰਹੀ ਹੈ। ਇਸ ਦੇ ਉੱਤੇ ਉੱਨ ਕੱਤੀ ਜਾਂਦੀ ਸੀ। "ਫ਼ਲਾਈਂਗ ਡੱਚਮੈਨ" ਗੀਤ-ਨਾਟ ਵਿਚ ਇਕ ਥਾਂ ਆਉਂਦਾ ਹੈ, "ਘੁੰਮ ਓ ਪਹੀਏ ਘੁੰਮ, ਉੱਨ ਲਿਪਟੀਂਦੀ ਏ, ਉੱਨ ਲਿਪਟੀਂਦੀ ਏ ... ... !"

ਬਹੁਤ ਸਾਰੇ ਲੋਕ ਚਰਖੇ ਨੂੰ ਨਵੀਨ ਜੀਵਨ ਦੇ ਅਨੁਕੂਲ ਨਹੀਂ ਸਮਝਦੇ ਤੇ ਚਰਖਾ ਕੱਤਣ ਨੂੰ ਸਮਾਂ ਗਵਾਉਣ ਦੇ ਤੁਲ ਸਮਝਦੇ ਹਨ। ਪਰ ਮੇਰਾ ਖ਼ਿਆਲ ਇਹ ਹੈ ਕਿ ਇਸ ਦੀ ਘੁਮਕਾਰ ਦਾ ਮਧੁਰ ਸੰਗੀਤ ਮਨ ਨੂੰ ਸਹਿਜ ਅਵਸਥਾ ਵਿਚ ਲਿਜਾਂਦਾ ਅਤੇ ਸੁੱਖ ਦੇਂਦਾ ਹੈ; ਕੁਝ ਘੜੀਆਂ ਲਈ ਚਰਖਾ ਕੱਤਣਾ ਇਕ ਚੰਗਾ ਦਿਲ-ਪਰਚਾਵਾ ਹੈ।

੮.

# ਫੁਲਕਾਰੀ ਦਾ ਕਪੜਾ, ਤ੍ਰੋਪਾ ਤੇ ਰੰਗ

ਖੱਦਰ ਦਾ ਕਪੜਾ ਫੁਲਕਾਰੀਆਂ ਅਤੇ ਬਾਗ਼ ਕੱਢਣ ਲਈ ਹਮੇਸ਼ਾਂ ਵਰਤਿਆ ਜਾਂਦਾ ਰਿਹਾ ਹੈ। ਇਹ ਘਰ-ਕੱਤੇ ਸੂਤ ਤੋਂ ਤਿਆਰ ਹੁੰਦਾ ਹੈ ਅਤੇ ਇਸ ਦੀਆਂ ਕਈ ਬਨਾਵਟਾਂ ਤੇ ਕਿਸਮਾਂ ਹਨ। ਮੋਟਾ ਖੱਦਰ ਫੁਲਕਾਰੀਆਂ ਲਈ ਆਮ ਵਰਤਿਆ ਜਾਂਦਾ ਹੈ, ਪਰ ਕਈ ਇਸਤਰੀਆਂ ਵਧੀਆ ਖੱਦਰ, ਖ਼ਾਸ ਕਰਕੇ ਹਲਵਾਨ ਉੱਤੇ ਕਸੀਦਾ ਕੱਢਦੀਆਂ ਹਨ। ਹਲਵਾਨ ਬੜੇ ਸਾਫ਼, ਨਰਮ ਲਾਲ ਖੱਦਰ ਦਾ ਨਾਂ ਹੈ। ਕਸੀਦੇ ਲਈ ਕਈ ਪਰਕਾਰ ਦੇ ਲਾਲ, ਚਿੱਟੇ, ਗੂੜ੍ਹੇ ਨੀਲੇ ਰੰਗਾਂ ਦੇ ਖੱਦਰ ਵਰਤੋਂ ਵਿਚ ਆਉਂਦੇ ਹਨ।

ਸੂਤ ਕੱਤਣ ਦਾ ਕੰਮ ਆਮ ਤੌਰ ਉੱਤੇ ਇਸਤਰੀਆਂ ਕਰਦੀਆਂ ਸਨ, ਪਰ ਕਪੜਾ ਬੁਣਨ ਦਾ ਕੰਮ ਜੁਲਾਹੇ ਨੂੰ ਸੌਂਪਿਆ ਜਾਂਦਾ ਸੀ। ਪੰਜਾਬ ਦੇ ਹਰ ਇਕ ਪਿੰਡ ਦੇ ਬਾਹਰਵਾਰ ਜੁਲਾਹਿਆਂ ਦੇ ਘਰ ਹੁੰਦੇ ਹਨ। ਇਹ ਬੜੇ ਮਿਹਨਤੀ ਲੋਕ ਹੁੰਦੇ ਹਨ ਤੇ ਮਰਦ, ਇਸਤਰੀਆਂ ਅਤੇ ਬੱਚੇ ਸੂਤਰ ਸੁਲਝਾਉਂਦੇ ਅਤੇ ਤਾਣੀ ਤਣਦੇ ਹਨ, ਅਤੇ ਬੁੱਢੇ ਆਦਮੀ ਨੇੜੇ ਹੀ ਖੱਡੀ ਉੱਤੇ ਕਪੜਾ ਬੁਣਦੇ ਦਿੱਸਦੇ ਹਨ। ਅੱਜ ਕੱਲ ਤਾਂ ਕਈ ਜੁਲਾਹੇ ਰੇਸ਼ਮ ਦਾ ਕਪੜਾ ਵੀ ਬੁਣਨ ਲਗ ਪਏ ਹਨ, ਇਹਦਾ ਮੁੱਲ ਬਹੁਤ ਪੈਂਦਾ ਹੈ।

ਖੱਦਰ ਦਾ ਮੁੱਲ ਰੂੰ ਦੀ ਕਿਸਮ ਅਤੇ ਇਸ ਦੀ ਬੁਣਾਈ ਉੱਤੇ ਨਿਰਭਰ ਹੈ। ਪਹਿਲਾਂ ਤਾਂ ਇਸ ਦਾ ਬਰ ਅਠਾਰਾਂ ਇੰਚ ਤੋਂ ਸਤਾਈ ਇੰਚ ਤਕ ਹੁੰਦਾ ਸੀ, ਪਰ ਹੁਣ ਗਜ਼ ਪਨ੍ਹੇ ਦਾ ਖੱਦਰ ਵੀ ਬੁਣੀਣ ਲੱਗ ਪਿਆ ਹੈ। ਖੱਡੀ ਉੱਤੇ ਬੁਣੇ ਜਾਣ ਦੇ ਕਾਰਨ ਖੱਦਰ ਅਤੇ ਦੂਜੇ ਕੁਝ ਕਪੜਿਆਂ ਨੂੰ ਖੱਡੀ ਦਾ ਕਪੜਾ ਆਖਦੇ ਹਨ।

ਅੱਜ ਕਲ ਖੱਡੀ ਦੇ ਕਪੜੇ ਦੀ ਬੜੀ ਮੰਗ ਹੈ। ਕੁਝ ਚਿਰ ਹੋਇਆ ਸਰਕਾਰ ਨੇ ਵੱਡੇ ਤੋਂ ਵੱਡੇ ਅਫ਼ਸਰ ਤੋਂ ਲੈ ਕੇ ਦਫ਼ਤਰ ਦੇ ਚਪੜਾਸੀ ਤਕ ਸਭ ਸਰਕਾਰੀ ਕਰਮਚਾਰੀਆਂ ਨੂੰ ਹੁਕਮਨਾਮਾ ਘੱਲਿਆ ਸੀ ਕਿ ਉਹ ਖੱਦਰ ਪਹਿਨਣ। ਕਈ ਮਹੱਤਵ-ਪੂਰਨ ਮਿਲਣੀਆਂ ਜਾਂ ਉਤਸ਼ਵਾਂ ਉੱਤੇ ਅਨੇਕਾਂ ਅਧਿਕਾਰੀ ਲੰਮੇ ਚਿੱਟੇ ਕੋਟ ਜਾਂ ਜਾਕਟਾਂ ਪਹਿਨੀਂ ਆਉਂਦੇ ਹਨ। ਜੇ ਫੁਲਕਾਰੀ ਦਾ ਮੁੜ-ਜਨਮ ਹੋ ਜਾਵੇ ਤਾਂ ਇਸ ਦੇ ਚੰਗੇ ਭਾਗਾਂ ਨੂੰ ਇਸ ਦਾ ਸਭ ਤੋਂ ਅਹਿਮ ਹਿੱਸਾ ਖੱਦਰ, ਹਰ ਥਾਂ ਮਿਲ ਸਕਦਾ ਹੈ। ਪਹਿਲਾਂ ਖੱਦਰ ਦਾ ਬਰ ਛੋਟਾ ਹੋਣ ਕਰਕੇ ਫੁਲਕਾਰੀ ਤੇ ਬਾਗ਼ ਕੱਢਣ ਲਈ ਇਸ ਦੇ ਦੋ ਤਿੰਨ ਟੁਕੜਿਆਂ ਨੂੰ ਆਪੋ ਵਿਚ ਜੋੜਨਾ ਪੈਂਦਾ ਸੀ ਤੇ ਇਹ ਪੁੱਠੇ ਪਾਸਿਉਂ ਬਰੀਕ ਤ੍ਰੋਪੇ ਨਾਲ ਸੀਉਂ ਦਿੱਤੇ ਜਾਂਦੇ ਸਨ, ਪਰ ਸੁਚੱਜੀ ਕਢਾਈ ਸਦਕਾ ਸਿੱਧੇ ਪਾਸੇ ਇਹ ਸੀਊਣ ਨਜ਼ਰ ਨਹੀਂ ਸੀ ਆਉਂਦੀ।

ਫੁਲਕਾਰੀ ਦੀ ਤ੍ਰੋਪਾ-ਕਾਰੀ ਬੜੀ ਸਾਧਾਰਨ ਹੈ। ਇਸ ਨੂੰ ਕਸ਼ਮੀਰੀ ਕਢਾਈ ਆਖਦੇ ਹਨ – ਇਸ ਦੇ ਤ੍ਰੋਪੇ ਛੋਟੇ ਤੇ ਲੰਮੇ ਹੁੰਦੇ ਹਨ। ਇਸ ਦਾ ਕਮਾਲ ਇਸ ਗੱਲ ਵਿਚ ਹੈ ਕਿ ਇਹ ਕਢਾਈ ਕਪੜੇ ਦੇ ਪੁੱਠੇ ਪਾਸਿਉਂ ਕੀਤੀ ਜਾਂਦੀ ਹੈ ਅਤੇ ਕਿਸੇ ਕਿਸਮ ਦੇ ਨਮੂਨੇ ਜਾਂ ਖਾਕੇ ਤੋਂ ਮਦਦ ਨਹੀਂ ਲਈ ਜਾਂਦੀ। ਕਢਾਈ ਲਈ ਧਾਗਾ ਹਮੇਸ਼ਾਂ ਪੱਟ ਦਾ, ਪਰ ਕਪੜਾ ਖੱਦਰ ਦਾ ਵਰਤਿਆ ਜਾਂਦਾ ਹੈ। ਹੋਰਨਾਂ ਕਢਾਈਆਂ ਵਾਂਙ ਇਸ ਕਢਾਈ ਨੂੰ ਵੀ ਲੰਮੇ ਅਭਿਆਸ ਤੇ ਤੇਜ਼ ਨਜ਼ਰ ਦੀ ਲੋੜ ਹੈ। ਵੇਖਣ ਨੂੰ ਤਾਂ ਇਹ ਕੰਮ ਸੌਖਾ ਹੀ ਜਾਪਦਾ ਹੈ, ਪਰ ਇਸ ਵਿਚ ਮਹਾਰਤ ਕਈ ਕਈ ਵਰ੍ਹੇ ਦੀ ਸਿਖਲਾਈ ਨਾਲ ਹਾਸਲ ਹੁੰਦੀ ਹੈ। ਇਸ ਦਾ ਢੰਗ ਪੇਚੀਦਾ ਹੈ; ਇਹ ਇਕ ਕਠਨ ਕਲਾ ਹੈ। ਇਕ ਤ੍ਰੋਪਾ ਰਹਿ ਜਾਏ ਜਾਂ ਗ਼ਲਤ ਭਰਿਆ ਜਾਏ ਤਾਂ ਸਾਰੇ ਨਮੂਨੇ ਦੀ ਬਣਾਵਟ ਅਤੇ ਇਕਸਾਰਤਾ ਵਿਚ ਹੀ ਫ਼ਰਕ ਪੈ ਜਾਂਦਾ ਹੈ।

ਫੁਲਕਾਰੀ ਦੀ ਕਢਾਈ ਵਿਚ ਦੁਸੂਤੀ ਤ੍ਰੋਪਾ, ਹੈਰਿੰਗ-ਬੋਨ ਤੇ ਸਾਟਨ-ਤ੍ਰੋਪਾ ਸਭ ਦੀ ਵਰਤੋਂ ਹੁੰਦੀ ਹੈ; ਕੰਨੀਆਂ ਕਿਨਾਰਿਆਂ ਨੂੰ ਪੱਕਾ ਕਰਨ ਲਈ ਫੁਲਕਾਰੀ ਦੇ ਮੁੱਖ ਭਾਗ ਨਾਲ ਪੱਲੇ ਜੋੜਨ ਲੱਗਿਆਂ ਅਤੇ ਵਿਚਕਾਰਲੇ ਸੌੜੇ ਹਿੱਸੇ ਦੀ ਕਢਾਈ ਵੇਲੇ ਖ਼ਾਸ ਕਰਕੇ ਇਨ੍ਹਾਂ ਤੋਂ ਕੰਮ ਲਿਆ ਜਾਂਦਾ ਹੈ।

ਫੁਲਕਾਰੀਆਂ ਤੇ ਬਾਗ਼ਾਂ ਲਈ ਹਮੇਸ਼ਾਂ ਚਿੱਟਾ, ਕਈ ਪਰਕਾਰ ਦਾ ਲਾਲ ਅਤੇ ਗੂੜ੍ਹਾ ਨੀਲਾ ਕਪੜਾ, ਅਤੇ ਸਾਵਾ, ਗੂੜ੍ਹਾ ਲਾਲ, ਸੁਨਹਿਰੀ ਪੀਲਾ ਅਤੇ ਚਿੱਟਾ ਪੱਟ ਵਰਤਿਆ ਜਾਂਦਾ ਰਿਹਾ ਹੈ। ਕਈ ਫੁਲਕਾਰੀਆਂ ਸਾਨੂੰ ਅਜਿਹੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਦਾ ਵਿਚਲਾ ਭਾਗ ਬਾਕੀ ਜ਼ਮੀਨ ਵਿਚ ਵਰਤੇ ਪੱਟ ਨਾਲੋਂ ਕਿਸੇ ਹੋਰ ਰੰਗ ਵਿਚ ਕਢਿਆ ਹੁੰਦਾ ਹੈ। ਵਧੀਆ ਬਾਗ਼ ਮੁੱਖ ਰੂਪ ਵਿਚ ਇੱਕੋ ਰੰਗ ਵਿਚ ਕੱਢੇ ਜਾਂਦੇ ਹਨ। ਹਾਂ, ਕਿਤੇ ਕਿਤੇ ਦੂਜੇ ਰੰਗ ਵਿਚ ਤ੍ਰੋਪੇ ਭਰੇ ਹੋਏ ਵੀ ਦਿੱਸਦੇ ਹਨ, ਪਰ ਇਹ ਢੰਗ ਕਿਸੇ ਰੰਗ-ਭੇਦ ਲਈ ਨਹੀਂ ਸਗੋਂ ਬੂਟੀਆਂ ਦੇ ਇਕ ਦੂਜੇ ਨਾਲ ਮੇਲ ਲਈ ਵਰਤਿਆ ਜਾਂਦਾ ਹੈ। ਵਧ ਤੋਂ ਵਧ, ਦੋ ਜਾਂ ਤਿੰਨ ਰੰਗ ਪਰਧਾਨਤਾ ਰਖਦੇ ਹਨ। ਪੱਛਮੀ ਪੰਜਾਬ ਦੇ ਬਾਗ਼ਾਂ ਵਿਚ ਇੱਕੋ ਰੰਗ ਦੇ ਇਕ ਜਾਂ ਦੋ ਰੂਪ ਮਿਲਦੇ ਹਨ, ਪਰ ਆਮ ਤੌਰ ਉੱਤੇ ਚਿੱਟੇ ਅਤੇ ਸੁਨਹਿਰੀ, ਸੰਤਰੀ ਤੇ ਪੀਲੇ, ਸਾਵੇ ਅਤੇ ਗੂੜ੍ਹੇ ਲਾਲ ਰੰਗ ਵਿਚ ਕੱਢੇ ਬਾਗ਼ ਬੜੇ ਹੀ ਸੁੰਦਰ ਅਤੇ ਪਿਆਰੇ ਹੁੰਦੇ ਹਨ। ਰੰਗਾਂ ਦੇ ਇਹ ਮੇਲ ਆਦਰਸ਼ ਸਮਝੇ ਜਾਂਦੇ ਰਹੇ ਹਨ।

ਕਈ ਵਾਰ ਜਾਨਵਰਾਂ ਦੀਆਂ ਤਸਵੀਰਾਂ ਕੱਢਣ ਵੇਲੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਕੁਦਰਤੀ ਰੰਗ ਦਾ ਖ਼ਿਆਲ ਰਖਿਆ ਜਾਏ। ਤੋਤੇ ਦੇ ਪਰ ਹਮੇਸ਼ ਹਰੇ ਪੱਟ ਨਾਲ ਕੱਢੇ ਜਾਂਦੇ ਹਨ।

ਪੁਰਾਣੇ ਸਮਿਆਂ ਵਿਚ ਲੋਕਾਂ ਪਾਸ ਬਹੁਤੇ ਪੈਸੇ ਨਹੀਂ ਸਨ ਹੁੰਦੇ। ਇਸ ਲਈ ਜਦੋਂ ਪੱਟ ਵੇਚਣ ਵਾਲੇ ਵਣਜਾਰੇ ਆਉਂਦੇ ਸਨ ਤਾਂ ਸੁਆਣੀਆਂ ਇਕੋ ਵੇਲੇ ਕੁਝ ਕੁ ਆਨਿਆਂ ਦਾ ਪੱਟ ਹੀ ਖ਼ਰੀਦ ਸਕਦੀਆਂ ਸਨ;। ਜਦੋਂ ਮਹੀਨੇ ਦੋ ਮਹੀਨੇ ਪਿੱਛੋਂ ਵਣਜਾਰਾ ਮੁੜ ਫੇਰਾ ਪਾਉਂਦਾ ਤਾਂ ਉਸ ਕੋਲ ਬਿਲਕੁਲ ਉਹੋ ਪੱਟ ਨਾ ਹੁੰਦਾ, ਤੇ ਸੁਆਣੀ ਨੂੰ ਪਹਿਲੇ ਰੰਗ ਨਾਲ ਮਿਲਦਾ ਜੁਲਦਾ ਕੋਈ ਦੂਜਾ ਰੰਗ ਲੈਣਾ ਪੈਂਦਾ। ਇਹੋ ਕਾਰਨ ਹੈ ਕਿ ਸਾਨੂੰ ਇੱਕੋ ਬਾਗ਼ ਵਿਚ ਇਕ ਰੰਗ ਦੇ ਕਈ ਭੇਦ ਵਿਖਾਈ ਦੇਂਦੇ ਹਨ।

ਬਾਗ਼ ਵਿਚ ਇਕ ਹੋਰ ਗੱਲ ਸਾਡਾ ਧਿਆਨ ਖਿੱਚਦੀ ਹੈ। ਕਈ ਬਾਗ਼ਾਂ ਵਿਚ ਕਈ ਬੂਟੀਆਂ ਬਿਲਕੁਲ ਹੀ ਵੱਖਰੇ ਰੰਗਾਂ ਦੀਆਂ ਕੱਢੀਆਂ ਮਿਲਦੀਆਂ ਹਨ। ਇਸ ਦਾ ਇਹ ਕਾਰਨ ਹੈ ਕਿ ਸਹੇਲੀਆਂ ਬਾਗ਼ ਦੀ ਕਢਾਈ ਵਿਚ ਹੱਥ ਵਟਾਉਂਦੀਆਂ ਸਨ। ਉਹ ਬਾਗ਼ ਦੇ ਉਸ ਉਸ ਭਾਗ ਨੂੰ ਆਪਣੇ ਮਨ-ਪਸੰਦ ਰੰਗ ਵਿਚ ਕੱਢਦੀਆਂ ਹਨ। ਮੈਂ ਇਸ ਕਿਸਮ ਦੇ ਕਈ ਬਾਗ਼ ਦੇਖੇ ਹਨ। ਹੋ ਸਕਦਾ ਹੈ, ਸਹੇਲੀਆਂ ਜਾਣ ਬੁੱਝ ਕੇ ਵੱਖਰੇ ਰੰਗਾਂ ਵਿਚ ਕਸੀਦਾ ਕੱਢਦੀਆਂ ਹੋਣ ਤਾਂ ਜੁ ਬਾਗ਼ ਦੀ ਮਾਲਕ ਸਹੇਲੀ ਨੂੰ ਉਨ੍ਹਾਂ ਦੀ ਯਾਦ ਸੱਜਰੀ ਹੁੰਦੀ ਰਹੇ।

ਇਕ ਹੋਰ ਗੱਲ, ਬਾਗ਼ ਦਾ ਥੋੜ੍ਹਾ ਜਿਹਾ ਹਿੱਸਾ ਹਮੇਸ਼ਾਂ ਅਣ-ਕੱਢਿਆ ਰਹਿਣ ਦਿੱਤਾ ਜਾਂਦਾ ਸੀ ਜਾਂ ਇਕ ਦੋ ਬੂਟੀਆਂ ਕਾਲੇ ਰੇਸ਼ਮ ਵਿਚ ਕੱਢੀਆਂ ਜਾਂਦੀਆਂ ਸਨ, ਤਾਂ ਜੁ ਬਾਗ਼ ਨੂੰ ਕਿਸੇ ਚੰਦਰੀ ਆਤਮਾ ਦੀ ਨਜ਼ਰ ਨਾ ਲੱਗ ਜਾਵੇ। ਨਜ਼ਰ ਲੱਗ ਜਾਣ ਅਤੇ ਉਸ ਨਜ਼ਰ ਨਾਲ ਕੰਮ ਵਿਚ ਵਿਘਨ ਪੈ ਜਾਣ ਨੂੰ ਅਸੀਂ ਭੈੜਾ ਮੰਨਦੇ ਹਾਂ ਅਤੇ ਸਾਡੀ ਕੋਸ਼ਿਸ਼ ਸਦਾ ਹੀ ਇਹ ਹੁੰਦੀ ਹੈ ਕਿ ਕੋਈ ਭੈੜਾ ਆਦਮੀ ਸਾਡੀ ਚੰਗੀ ਸ਼ੈ ਨਾ ਤੱਕ ਲਵੇ।

ਉਨ੍ਹੀਵੀਂ ਸਦੀ ਵਿਚ ਪਰਸਿੱਧ ਅੰਗਰੇਜ਼ ਲੇਖਕਾਂ ਕਿਪਲਿੰਗ ਤੇ ਫ਼ਲੋਰਾ ਐਨ. ਸਟੀਲ ਨੇ ਫੁਲਕਾਰੀ ਦੀ ਬੜੀ ਹੀ ਸ਼ਲਾਘਾ ਕੀਤੀ ਸੀ। ਸਟੀਲ ਨੇ ੧੮੮੮ ਵਿਚ ਇਕ ਪੱਤਰ ਵਿਚ ਲਿਖਿਆ ਸੀ "ਖ਼ਰੀਦਾਰਾਂ ਨੂੰ ਇਹ ਗੱਲ ਚੇਤੇ ਰਹੇ ਕਿ ਫੁਲਕਾਰੀ ਦੀ ਕਢਾਈ ਇਕ ਸੱਚੀ ਕਲਾ ਹੈ, ਇਹ ਵਿਹਲ ਤੇ ਪਿਆਰ ਦੀ ਰਚਨਾ ਹੈ, ਕਾਹਲੀ ਅਤੇ ਲਾਲਚ ਦੀ ਨਹੀਂ, ਇਸ ਲਈ ਫੁਲਕਾਰੀ ਦਾ ਮੁੱਲ ਤਾਰਨ ਲਈ ਉਨ੍ਹਾਂ ਨੂੰ ਤਿਆਰ ਰਹਿਣਾ ਚਾਹੀਦਾ ਹੈ। ਜੇ ਨਹੀਂ, ਤਾਂ ਖੱਡੀ ਦੀਆਂ ਬਣੀਆਂ ਅਨੇਕਾਂ ਚੀਜ਼ਾਂ ਉਹ ਲੈ ਸਕਦੇ ਹਨ।"

ਚੰਗੀ ਫੁਲਕਾਰੀ ਦੀ ਪਰਖ ਲਈ ਇਹਦੇ ਪੁੱਠੇ ਪਾਸੇ ਇਸ ਦੀ ਸਫ਼ਾਈ ਅਤੇ ਤ੍ਰੋਪਿਆਂ ਦੀ ਇਕਸਾਰਤਾ ਨੂੰ ਵੇਖੋ। ਸ਼ੁਰੂ ਸ਼ੁਰੂ ਵਿਚ ਫੁਲਕਾਰੀਆਂ ਉੱਤੇ ਜਾਮਿਤੀ ਆਕਾਰ, ਖ਼ਾਸ ਕਰਕੇ ਕਾਮਦਾਨੀ ਢੰਗ ਦੇ ਬੂਟੇ ਕੱਢੇ ਜਾਂਦੇ ਸਨ। ਫੁਲਕਾਰੀ ਦੀ ਬਨਾਵਟ ਅਤੇ ਨਮੂਨੇ ਦੀ ਇਕਸਾਰਤਾ ਲਈ ਧਾਗਿਆਂ ਦੀ ਗਿਣਤੀ ਕੀਤੀ ਜਾਂਦੀ ਸੀ। ਜੇ ਇਕ ਵੀ ਤ੍ਰੋਪਾ ਖੁੰਝ ਗਿਆ ਜਾਂ ਟਾਂਕਾ ਲੰਮਾ ਛੋਟਾ ਹੋ ਗਿਆ ਤਾਂ ਸਾਰੀ ਦੀ ਸਾਰੀ ਬਨਾਵਟ ਵਿਗੜ ਜਾਂਦੀ ਸੀ। ਪੱਟ ਬਹੁਤਾ ਅਫ਼ਗਾਨਿ-

ਸਤਾਨ, ਰੂਸੀ ਤੁਰਕਿਸਤਾਨ, ਚੀਨ, ਕਸ਼ਮੀਰ ਤੇ ਬੰਗਾਲ ਤੋਂ ਆਉਂਦਾ ਸੀ। ਧਾਗੇ ਦੀ ਰੰਗਾਈ, ਰੇਸ਼ਮ ਅਤੇ ਉੱਨ ਦੇ ਉਦਯੋਗ-ਕੇਂਦਰ ਅੰਮ੍ਰਿਤਸਰ ਅਤੇ ਜੰਮੂ ਵਿਚ ਕੀਤੀ ਜਾਂਦੀ ਸੀ।

ਫੁਲਕਾਰੀ ਦੀ ਸੁੰਦਰਤਾ ਦਾ ਨਿਰਭਰ ਬੜੀ ਹੱਦ ਤਕ ਕਪੜੇ ਦੀ ਰੰਗਾਈ ਉੱਤੇ ਸੀ। ਇਸ ਲਈ, ਇਸਤਰੀਆਂ ਲਈ ਚੰਗੀਆਂ ਰੰਗ-ਸਾਜ਼ ਹੋਣਾ ਜ਼ਰੂਰੀ ਸੀ।

ਉਹਨੀਂ ਦਿਨੀਂ ਰਸਾਇਣਕ ਰੰਗ ਨਹੀਂ ਸਨ ਮਿਲਦੇ। ਇਸ ਲਈ ਇਸਤ੍ਰੀਆਂ ਅਤੇ ਲਲਾਰੀ ਕੁਝ ਖ਼ਾਸ ਬਿਰਛ ਬੂਟਿਆਂ ਦੇ ਪੱਤਿਆਂ, ਫੁੱਲਾਂ, ਜੜਾਂ ਅਤੇ ਛਿੱਲਕੇ ਤੋਂ ਦੇਸੀ ਰੰਗ ਤਿਆਰ ਕਰਦੇ ਸਨ। ਇਹ ਰੰਗ ਸਸਤੇ ਵੀ ਸਨ ਅਤੇ ਤੇਜ਼ ਵੀ। ਇਹ ਘਰ ਵਿਚ ਹੀ ਤਿਆਰ ਕੀਤੇ ਜਾਂਦੇ ਸਨ। ਕੋਈ ਵਿਰਲਾ ਹੀ ਇਨ੍ਹਾਂ ਨੂੰ ਖ਼ਰੀਦਦਾ ਸੀ। ਸਾਧਾਰਨ ਰੰਗ ਪਲਾਸ਼ ਦੇ ਫੁੱਲਾਂ, ਕਿੱਕਰ ਦੇ ਛਿੱਲਕੇ ਅਤੇ ਮਜੀਠ ਦੀਆਂ ਜੜਾਂ ਤੋਂ ਤਿਆਰ ਕੀਤੇ ਜਾਂਦੇ ਸਨ। ਫੁਲਕਾਰੀ ਦਾ ਕਪੜਾ ਰੰਗਣ ਲਈ ਮਜੀਠੀ ਰੰਗ ਦੀ ਆਮ ਵਰਤੋਂ ਹੁੰਦੀ ਸੀ। ਲਾਲ ਅਤੇ ਗੂੜ੍ਹੇ ਲਾਲ ਮਲਾਗੀਰੀ ਜਾਂ ਪੀਲੇ ਰੰਗ ਦੇ ਸਭ ਭੇਦ ਇਸ ਤੋਂ ਪਰਾਪਤ ਹੋ ਜਾਂਦੇ ਸਨ।

ਮਜੀਠ ਦਾ ਬੂਟਾ ਉੱਤਰ-ਪੱਛਮੀ ਪਹਾੜੀ ਪ੍ਰਦੇਸ਼ ਤੋਂ ਉੱਤਰ-ਪੂਰਬੀ ਸੀਮਾ ਤੀਕ ਤੇ ਲੰਕਾ ਅਤੇ ਇੰਡੋਨੇਸ਼ੀਆ ਵਿਚ ਮਿਲਦਾ ਹੈ। ਇਹ ਹਿਦੁਸਤਾਨ ਦਾ ਪਰਸਿੱਧ ਰੰਗ-ਪਦਾਰਥ ਰਿਹਾ ਹੈ ਅਤੇ ਦੇਸ਼ ਭਰ ਦੇ ਕਪੜਾ ਛਾਪਣ ਤੇ ਰੰਗਣ ਵਾਲਿਆਂ ਵਿਚ ਇਹਦੀ ਬੜੀ ਮੰਗ ਰਹੀ ਹੈ।

ਮਜੀਠ ਦੀਆਂ ਜੜਾਂ ਲੈ ਕੇ ਬਰੀਕ ਪੀਹ ਲਈਆਂ ਜਾਂਦੀਆਂ ਹਨ, ਫੇਰ ਦੋ ਤਿੰਨ ਘੰਟੇ ਲਈ ਪਾਣੀ ਵਿਚ ਉਬਾਲ ਕੇ ਇਹਦਾ ਸਤ ਹਾਸਲ ਕੀਤਾ ਜਾਂਦਾ ਹੈ। ਵੱਖ ਵੱਖ ਸੂਬਿਆਂ ਵਿਚ ਕਪੜਾ ਰੰਗਣ ਦੇ ਵੱਖ ਵੱਖ ਢੰਗ ਹਨ, ਪਰ ਪੰਜਾਬ ਵਿਚ ਆਮ ਢੰਗ ਇਹ ਵਰਤਿਆ ਜਾਂਦਾ ਰਿਹਾ ਹੈ ਕਿ ਰੰਗਿਆ ਜਾਣ ਵਾਲਾ ਕਪੜਾ ਪਹਿਲਾਂ ਝਾਉ ਦੇ ਕਾੜ੍ਹੇ ਵਿਚ ਡੁਬੋਇਆ ਜਾਂਦਾ ਹੈ। ਇਹ ਸਹਿਜੇ ਹੀ ਪੱਕੀ ਤਰ੍ਹਾਂ ਰੰਗ ਫੜਨ ਦੇ ਯੋਗ ਹੋ ਜਾਂਦਾ ਹੈ। ਇਸ ਪਿੱਛੋਂ ਇਸ ਨੂੰ ਮਜੀਠ ਦੇ ਗਰਮ ਘੋਲ ਵਿਚ ਡੁਬੋਂਦੇ ਹਨ ਅਤੇ ਨਾਲ ਹੀ ਥੋੜ੍ਹੀ ਜਿਹੀ ਫਟਕੜੀ ਵੀ ਪਾਉਂਦੇ ਹਨ। ਜਦੋਂ ਕਪੜਾ ਰੰਗ ਦੇ ਘੋਲ ਵਿਚ ਉਬਲ ਰਿਹਾ ਹੁੰਦਾ ਹੈ ਤਾਂ ਕਈ ਇਸਤਰੀਆਂ ਮੁੱਠੀ ਭਰ ਕਣਕ ਉਸ ਵਿਚ ਸੁੱਟ ਦੇਂਦੀਆਂ ਹਨ। ਦਾਣੇ ਗਲਣ ਉੱਤੇ ਕਪੜਾ ਬਾਹਰ ਕੱਢ ਕੇ ਕੁਝ ਘੰਟਿਆਂ ਲਈ ਸੁੱਕਣੇ ਪਾ ਦਿੱਤਾ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਠੀਕ ਰੰਗ-ਪਕੜ ਲਈ ਅਲਮੋਨੀਅਮ, ਕਰੋਮੀਅਮ, ਤਾਂਬੇ ਆਦਿ ਦੀ ਥਾਂ ਰੰਗਾਈ ਵਿਚ ਭੇਡਾਂ ਦੀਆਂ ਮੇਂਗਣਾਂ ਤੇ ਗਊ ਦਾ ਗੋਹਾ ਵਰਤਿਆ ਜਾਂਦਾ ਸੀ। ਤਾਂਬੇ ਤੇ ਮਿੱਟੀ ਦੇ ਭਾਂਡਿਆਂ ਵਿਚ ਪਾਣੀ ਉਬਾਲ ਕੇ ਰੰਗ ਤਿਆਰ ਕੀਤਾ ਜਾਂਦਾ ਸੀ।

## ੬

# ਪੰਜਾਬੀ ਕਢਾਈ ਦੇ ਹੋਰ ਰੂਪ

ਪੰਜਾਬੀ ਕਢਾਈ ਸਿਰਫ਼ ਫੁਲਕਾਰੀ ਤਕ ਹੀ ਸੀਮਿਤ ਨਹੀਂ ਹੈ। ਪੰਜਾਬ ਸਰਕਾਰ ਦੇ ਸੰਗ੍ਰਹਿਆਲਿਆਂ ਵਿਚ ਹੋਰ ਬੜੀਆਂ ਚੰਗੀਆਂ, ਬੜੀਆਂ ਸੁਹਣੀਆਂ ਅਤੇ ਕਲਾ-ਪੂਰਤ ਕਢਾਈਆਂ ਵੇਖੀਆਂ ਜਾ ਸਕਦੀਆਂ ਹਨ, ਜਿਹੜੀਆਂ ਪਹਿਲੇ ਸਮਿਆਂ ਵਿਚ ਫੁਲਕਾਰੀਆਂ ਵਾਂਗ ਬੜੀਆਂ ਪਰਚਲਿਤ ਸਨ।

**ਕਾਂਗੜਾ ਰੁਮਾਲ** — ਰੇਸ਼ਮ ਜਾਂ ਟਸਰ ਦੇ ਕਪੜੇ ਉੱਤੇ ਰੇਸ਼ਮੀ ਧਾਗੇ ਨਾਲ ਮਿਥਿਹਾਸ ਦੀਆਂ ਕਥਾਵਾਂ ਦੇ, ਖ਼ਾਸ ਕਰਕੇ ਰਾਮਾਇਣ ਅਤੇ ਮਹਾਭਾਰਤ ਦੇ ਪਰਸਿੱਧ ਦ੍ਰਿਸ਼ ਕੱਢੇ ਹੁੰਦੇ ਹਨ। ਕਲਾ-ਪੱਖ ਤੋਂ ਇਹ ਕਢਾਈ ਬੜੀ

ਪਿਆਰੀ ਅਤੇ ਉੱਚੇ ਦਰਜੇ ਦੀ ਹੈ। ਰੁਮਾਲਾਂ ਦਾ ਕਪੜਾ ਚਿੱਟਾ ਜਾਂ ਮਲਾਈ-ਰੰਗਾ ਹੁੰਦਾ ਹੈ, ਪਰ ਕਢਾਈ ਦੇ ਧਾਗਿਆਂ ਦੇ ਰੰਗ ਏਨੇ ਜੀਊਂਦੇ ਅਤੇ ਭੜਕੀਲੇ ਹੁੰਦੇ ਹਨ ਕਿ ਉਹ ਆਪਣੀ ਆਯੂ ਤੋਂ ਬੜੇ ਛੋਟੇ ਜਾਪਦੇ ਹਨ। ਦੋਵੇਂ ਪਾਸੇ ਬਿਲਕੁਲ ਇੱਕੋ ਜਿਹੇ, ਸਾਫ਼ ਅਤੇ ਸੁੰਦਰ ਹੁੰਦੇ ਹਨ।

ਕਾਂਗੜੇ ਦੇ ਰੁਮਾਲ ਦਾ, ਕਾਂਗੜੇ ਦੇ ਲੋਕਾਂ ਦੇ ਇਕ ਪੁਰਾਣੇ ਸਮਾਜਕ ਰਿਵਾਜ ਨਾਲ ਬੜਾ ਗੂੜ੍ਹਾ ਸੰਬੰਧ ਹੈ। ਵਿਆਹ ਸ਼ਾਦੀ ਦੇ ਮੌਕੇ ਉੱਤੇ ਅਜਿਹੇ ਇਕ ਜਾਂ ਬਹੁਤੇ ਰੁਮਾਲ ਸੁਗਾਤ ਵਜੋਂ ਦੇਣੇ ਬੜੇ ਹੀ ਜ਼ਰੂਰੀ ਹੁੰਦੇ ਸਨ। ਇਨ੍ਹਾਂ ਨੂੰ ਕੇਵਲ ਪਰਵਾਰ ਦੀਆਂ ਇਸਤਰੀਆਂ ਹੀ ਕੱਢਦੀਆਂ ਹਨ ਅਤੇ ਵਿਆਹ ਦੀ ਰਸਮ ਵੇਲੇ ਕੁੜੀ ਦੇ ਰਿਸ਼ਤੇਦਾਰ ਮੁੰਡੇ ਨੂੰ ਅਤੇ ਮੁੰਡੇ ਦੇ ਰਿਸ਼ਤੇਦਾਰ ਕੁੜੀ ਨੂੰ, ਇਹ ਰੁਮਾਲ ਭੇਟ ਕਰਦੇ ਸਨ। ਇਸ ਨਿੱਕੀ ਜਿਹੀ ਰਸਮ ਨੇ ਇਸ ਸੁੰਦਰ ਕਲਾ ਨੂੰ ਜੀਵਤ ਰਖਿਆ। ਇਸ ਪਰਕਾਰ ਇਨ੍ਹਾਂ ਰੁਮਾਲਾਂ ਦੀ ਕਢਾਈ ਦਾ ਪਿਆਰ ਅਤੇ ਰੋਮਾਂਸ ਨਾਲ ਸੰਘਣਾ ਨਾਤਾ ਰਿਹਾ ਹੈ ਜਿਸ ਕਰਕੇ ਇਹ ਚੋਪ ਨਾਲ ਮਿਲਦਾ ਹੈ। ਫੁਲਕਾਰੀ ਵਾਂਗ ਰੁਮਾਲ ਦੀ ਕਢਾਈ ਵੀ ਹਰ ਇਕ ਸਰਦੇ ਪੁੱਜਦੇ ਪਰਵਾਰ ਦਾ ਵਰ੍ਹਿਆਂ-ਬੱਧੀ ਇਕ ਮੁੱਖ ਧੰਦਾ ਹੁੰਦਾ ਸੀ। ਸਿਰਫ਼ ਗ਼ਰੀਬ ਲੋਕ ਹੀ ਵਿਹਲ ਨਾ ਹੋਣ ਕਰਕੇ, ਇਸ ਦੇ ਵਿਕਾਸ ਵਿਚ ਆਪਣਾ ਹਿੱਸਾ ਨਹੀਂ ਪਾ ਸਕੇ।

ਕਈ ਵਾਰ ਪਰਵਾਰ ਦੇ ਦਿਉਤੇ ਜਾਂ ਦੇਵੀ ਨੂੰ ਆਸਣ ਉੱਤੇ ਬਿਠਾਉਣ ਵੇਲੇ ਇਸ ਰੁਮਾਲ ਤੋਂ ਇਕ ਛੋਟੇ ਪਰਦੇ ਦਾ ਕੰਮ ਵੀ ਲਿਆ ਜਾਂਦਾ ਸੀ। ਪਿੰਡ ਵਿਚ ਕਿਸੇ ਮੰਤਰੀ ਜਾਂ ਰਾਜ ਦੇ ਕਿਸੇ ਮੁੱਖ ਅਧਿਕਾਰੀ ਦੇ ਪਧਾਰਨ ਵੇਲੇ ਰੁਪਿਆਂ ਦੇ ਨਾਲ ਇਹ ਰੁਮਾਲ ਵੀ ਨਜ਼ਰਾਨੇ ਵਜੋਂ ਭੇਟ ਕੀਤੇ ਜਾਂਦੇ ਸਨ। ਪਰ ਇਹ ਸਦਾ ਤੋਂ ਹੀ ਲੜਕੀ ਦੇ ਦਾਜ ਦਾ ਵਡ-ਮੁੱਲਾ ਅੰਗ ਰਹੇ ਹਨ ਅਤੇ ਅਜ ਵੀ ਹਨ।

ਮਰਦ ਤੇ ਇਸਤਰੀਆਂ ਦੋਵੇਂ ਹੀ ਖ਼ਾਸ ਉਤਸ਼ੱਵਾਂ ਤੇ ਤਿਉਹਾਰਾਂ ਉੱਤੇ ਇਹ ਰੁਮਾਲ ਵਰਤਦੇ ਹਨ ਅਤੇ ਇਸ ਨੂੰ ਮੋਢਿਆਂ ਉਤੇ ਸੁੱਟ ਲੈਂਦੇ ਹਨ। ਅੱਜ ਕਲ ਸੂਤੀ ਕਪੜੇ ਦੇ ਛਪੇ ਹੋਏ ਅਤੇ ਦੂਜੇ ਸਸਤੇ ਰੁਮਾਲ ਬੜੀ ਤੇਜ਼ੀ ਨਾਲ ਇਨ੍ਹਾਂ ਖ਼ੂਬਸੂਰਤ ਰੁਮਾਲਾਂ ਦੀ ਥਾਂ ਲੈ ਰਹੇ ਹਨ।

ਕਾਂਗੜਾ, ਉੱਤਰ-ਪੂਰਬੀ ਪੰਜਾਬ ਦੇ ਹਿਮਾਲਾ ਪਰਬਤ ਵਿਚ ਸੀਮਤ ਇਕ ਸੁੰਦਰ ਵਾਦੀ ਹੈ। ਬਾਹਰਲੀ ਦੁਨੀਆਂ ਨਾਲ ਇਹ ਸਿਰਫ਼ ਇੱਕੋ ਇਕ ਪਹਾੜੀ ਸੜਕ ਨਾਲ ਜੁੜੀ ਹੋਈ ਹੈ। ਕਾਂਗੜੇ ਨੇ ਰੇਸ਼ਮੀ ਕਢਾਈ ਵਾਲੀ ਇਸ ਕਲਾ ਨੂੰ ਹੀ ਜਨਮ ਨਹੀਂ ਦਿੱਤਾ ਸਗੋਂ ਏਥੇ ਇਕ ਸੂਖਮ ਚਿੱਤਰ-ਕਲਾ ਦਾ ਵਿਕਾਸ ਵੀ ਹੋਇਆ ਹੈ। ਕਾਂਗੜੇ ਨੇ ਸਾਡੇ ਕੌਮੀ ਕਲਾ-ਭੰਡਾਰ ਨੂੰ ਸੁਸ਼ੋਭਿਤ ਕੀਤਾ ਹੈ।

## ਲੁਧਿਆਣੇ ਅਤੇ ਅੰਮ੍ਰਿਤਸਰ ਦੀ ਕਢਾਈ

ਰਾਜ-ਦਰਬਾਰਾਂ ਅਤੇ ਸਰਕਾਰੀ ਉਤਸਵਾਂ ਉੱਤੇ ਪਹਿਨੇ ਜਾਣ ਵਾਲੇ ਖ਼ੂਬਸੂਰਤ ਚੋਗੇ ਅਤੇ ਉੱਚੇ ਕਾਲਰ ਵਾਲੀਆ ਬਾਜ਼ੂ ਰਹਿਤ ਵਾਸਕਟਾਂ, ਜੋ ਸ਼ਾਇਦ ਨਵੀਨ ਨਹਿਰੂ ਜਾਕਟ ਦਾ ਅੱਗਰਵਰਤੀ ਰੂਪ ਸਨ, ਹੱਥਾਂ ਨਾਲ ਕੱਢੀਆਂ ਜਾਂਦੀਆਂ ਸਨ। ਮਰਦ, ਇਸਤਰੀਆਂ ਦੋਵੇਂ ਇਸ ਕਲਾ ਵਿਚ ਨਿਪੁੰਨ ਸਨ। ਚਾਂਦੀ-ਚਿੱਟਾ ਅਤੇ ਸੁਨਹਿਰੀ ਸਿਲਮਾਂ ਏਨੀ ਖ਼ੂਬੀ ਅਤੇ ਕਮਾਲ ਨਾਲ ਕੱਢਿਆ ਜਾਂਦਾ ਸੀ ਕਿ ਯਕੀਨ ਨਹੀਂ ਆਉਂਦਾ ਕਿ ਅਜਿਹਾ ਸ਼ਾਨਦਾਰ ਅਤੇ ਦਿਲਚਸਪ ਹੁਨਰ ਅਣ-ਗਾਇਆ ਤੇ ਬੇ-ਸਤਕਾਰਿਆ ਹੀ ਮਰ ਜਾਣ ਦਿੱਤਾ ਗਿਆ ਹੈ। ਮੁਗ਼ਲ-ਕਾਲ ਅਤੇ ਸਿੱਖ-ਰਾਜ ਦੇ ਸਮੇਂ ਵਿਚ ਵੀ ਪੰਜਾਬ ਵਿੱਚ ਇਨ੍ਹਾਂ ਚੋਗਿਆਂ ਅਤੇ ਵਾਸਕਟਾਂ ਦਾ ਰਿਵਾਜ ਸੀ। ਉਸ ਸਮੇਂ ਇਨ੍ਹਾਂ ਨੂੰ ਰਸਮੀ ਦਰਬਾਰੀ ਲਿਬਾਸ ਦਾ ਦਰਜਾ ਪਰਾਪਤ ਸੀ। ਰਾਜਿਆਂ ਅਤੇ ਰਾਣਿਆਂ ਦੇ ਦਰਬਾਰ ਹਰ ਪਰਕਾਰ ਦੇ ਕਲਾਕਾਰਾਂ ਲਈ ਸਦਾ ਖੁੱਲ੍ਹੇ ਰਹਿੰਦੇ ਸਨ। ਭਾਵੇਂ ਉਨ੍ਹਾਂ ਵਿੱਚੋਂ ਕਈਆਂ ਹਾਕਮਾਂ ਦਾ ਨਿੱਜੀ ਜੀਵਨ ਕਿਨਾ ਹੀ ਗਿਆ-ਗੁਜ਼ਰਿਆ ਸੀ, ਫੇਰ ਵੀ ਉਨ੍ਹਾਂ ਦੇ ਹੱਕ ਵਿਚ ਇਹ ਗੱਲ ਜ਼ਰੂਰ ਆਖੀ ਜਾ ਸਕਦੀ ਹੈ ਕਿ ਉਹ ਬੜੇ ਕਲਾ-ਪ੍ਰੇਮੀ ਸਨ ਅਤੇ ਅਨੇਕਾਂ ਕਲਾਕਾਰਾਂ ਨੂੰ ਸਹਾਰਾ

ਅਤੇ ਕੰਮ ਦੇਂਦੇ ਸਨ ।

ਕੋਇਟੇ ਅਤੇ ਲਾਸ-ਬੇਲਾ ਦੇ ਵਿਚਕਾਰਲੇ ਪਹਾੜੀ ਪ੍ਰਦੇਸ਼ ਵਿੱਚ ਬਰਾਹੂਈ ਨਾਂ ਦੇ ਖ਼ਾਨਾਬਦੋਸ਼ ਲੋਕ ਰਹਿੰਦੇ ਹਨ । ਇਹ ਉਨ੍ਹਾਂ ਆਰੀਆ ਲੋਕਾਂ ਦੇ ਵਾਰਸ ਦੱਸੇ ਜਾਂਦੇ ਹਨ ਜਿਹੜੇ ਭਾਰਤ ਉੱਤੇ ਆਰੀਅਨ ਹੱਲੇ ਵੇਲੇ ਏਥੇ ਬਲੋਚਿਸਤਾਨ ਵਿਚ ਪਿੱਛੇ ਰਹਿ ਗਏ । ਕਈਆਂ ਦੇ ਖ਼ਿਆਲ ਵਿਚ ਇਹ ਲੋਕ ਤੁਰਕੀ-ਈਰਾਨੀ ਨਸਲ 'ਚੋਂ ਹਨ ।

ਬਰਾਹੂਈ ਇਸਤਰੀਆਂ ਨੇ ਇਕ ਵਿਸ਼ੇਸ਼ ਢੰਗ ਦੀ ਕਢਾਈ ਨੂੰ ਉੱਨਤ ਕੀਤਾ ਹੈ । ਇਹ ਫੁਲਕਾਰੀ ਦੀ ਕਢਾਈ ਨਾਲੋਂ ਸੁਹਣੀ ਅਤੇ ਸੰਘਣੀ ਹੈ ਅਤੇ ਇਸ ਦੇ ਰੰਗ-ਮੇਲ ਫੁਲਕਾਰੀ ਵਾਂਙ ਹੀ ਸਜੀਵ ਅਤੇ ਭੜਕੀਲੇ ਹਨ ਤੇ ਇਨ੍ਹਾਂ ਚਿੱਤਰਾਂ ਵਿਚ ਵੀ ਸਮਾਨਤਾ ਹੈ – ਦੋਹਾਂ ਵਿਚ ਜਾਮਿਤੀ-ਆਕਾਰ ਤੇ ਕਾਮਦਾਨੀ ਰੂਪ ਕੱਢੇ ਹੁੰਦੇ ਹਨ ।

ਇਸਤਰੀਆਂ ਆਪਣੀਆਂ ਵਿਹਲੀਆਂ ਘੜੀਆਂ ਵਿਚ ਹੀ ਕਢਾਈ ਦਾ ਕੰਮ ਕਰਦੀਆਂ ਹਨ । ਉਹ ਬਹੁਤਾ ਮਰਦਾਂ ਦੇ ਕਪੜਿਆਂ, ਕਫ਼ਾਂ, ਕੁੜਤਿਆਂ ਦੇ ਸਾਹਮਣੇ ਪਾਸਿਆਂ ਅਤੇ ਬਾਹਾਂ ਉੱਤੇ ਇਕ ਐਪਰਨ-ਸਮਾਨ ਕਪੜੇ ਉਤੇ ਕਢਾਈ ਕਰਦੀਆਂ ਹਨ । ਸਭ ਤੋਂ ਵਧੀਆ ਕਢਾਈ ਨੂੰ 'ਮੌਸਮ' ਕਹਿੰਦੇ ਹਨ । ਦੂਜੀਆਂ 'ਪਰਵਾਜ਼' ਤੇ 'ਪਰੀਵਾਰ' ਹਨ, ਪਰ ਇਹ ਓਨੀਆਂ ਸੋਹਣੀਆਂ ਨਹੀਂ ਹਨ । ਬਰਾਹੂਈ ਕਢਾਈ ਬੜੀ ਹੀ ਕਲਾ-ਪੂਰਤ ਹੈ ਅਤੇ ਕਈ ਪਰਕਾਰ ਦੀ ਹੈ ।

ਸਿੰਧ ਦੀ ਕਢਾਈ ਵੀ ਸੁਹਣੀ ਅਤੇ ਕਲਾ-ਮਈ ਹੈ । ਇਸ ਦੇ ਚਿੱਤਰ ਪੰਜਾਬੀ ਅਤੇ ਬਰਾਹੂਈ ਕਢਾਈ ਨਾਲ ਮਿਲਦੇ-ਜੁਲਦੇ ਹਨ । ਸਿੰਧੀ ਕਢਾਈ ਦੀ ਇਕ ਖ਼ਾਸ ਖ਼ੂਬੀ ਇਹ ਹੈ ਕਿ ਇਸ ਵਿਚ ਨਿੱਕੇ ਨਿੱਕੇ ਸ਼ੀਸ਼ੇ ਜੜੇ ਜਾਂਦੇ ਹਨ, ਜਿਨ੍ਹਾਂ ਸਦਕਾ ਇਹ ਬੜੀ ਪਿਆਰੀ ਅਤੇ ਦਿਲ-ਖਿੱਚਵੀਂ ਬਣ ਜਾਂਦੀ ਹੈ ।

ਸਿੰਧ ਵਿਚ ਕੱਢੇ ਗਏ ਕਪੜਿਆਂ ਨੂੰ ਉੱਥੋਂ ਦੇ ਮਨੁੱਖ ਬੜੀ ਖ਼ੁਸ਼ੀ ਨਾਲ ਪਾਉਂਦੇ ਹਨ । ਉਨ੍ਹਾਂ ਦੇ ਸਿਰ ਦਾ ਪਟਕਾ ਅਤੇ ਤੇੜ ਦੀ ਚਾਦਰ ਪ੍ਰਾਚੀਨ ਕਲਾਕਾਰੀ ਨਾਲ ਸੁਸ਼ੋਭਤ ਹੁੰਦੀ ਹੈ । ਪਟਕਿਆਂ ਅਤੇ ਧੋਤੀਆਂ ਦੀ ਕਢਾਈ, ਫੁਲਕਾਰੀ ਦੀ ਕਢਾਈ ਨਾਲ ਇੰਨ-ਬਿੰਨ ਮਿਲਦੀ ਹੈ । ਜਿਵੇਂ ਸਿੰਧ ਦੀ ਸੱਭਿਅਤਾ ਪੰਜਾਬ ਦੀ ਸੱਭਿਅਤਾ ਨਾਲ ਮਿਲ ਜਾਂਦੀ ਹੈ ਤਿਵੇਂ ਹੀ ਉੱਥੇ ਦੀ ਇਹ ਲੋਕ-ਕਲਾ ਅਤੇ ਦਸਤਕਾਰੀ ਪੰਜਾਬੀ ਕਲਾ ਦੇ ਰੂਪ ਨਾਲ ਢੁੱਕਦੀ ਹੈ ।

## ੧੦

# ਫੁਲਕਾਰੀ ਦਾ ਅੰਤ

ਉੱਨ੍ਹੀਵੀਂ ਸਦੀ ਦੇ ਅੰਤਮ ਅੱਧ ਨੂੰ ਬੜੀਆਂ ਤੇਜ਼ ਤਬਦੀਲੀਆਂ ਦਾ ਮੂੰਹ ਵੇਖਣਾ ਪਿਆ । ਦੇਸ ਦੇ ਹੋਰ ਕਿਸੇ ਵੀ ਹਿੱਸੇ ਉੱਤੇ ਇਨ੍ਹਾਂ ਦਾ ਏਨਾਂ ਅਸਰ ਨਹੀਂ ਪਿਆ, ਜਿੰਨਾਂ ਪੰਜਾਬ ਉੱਤੇ ਪਿਆ ਹੈ । ਪੰਜਾਬ ਦੀ ਤਾਂ ਰੂਪ-ਰੇਖਾ ਹੀ ਬਦਲ ਗਈ ਹੈ । ਇਸ ਦੇ ਉਦਯੋਗ ਅਤੇ ਸਮਾਜਕ ਜੀਵਨ ਵਿਚ ਇਕ ਭਾਰੀ ਇਨਕਲਾਬ ਆ ਗਿਆ ਹੈ । ਸਮੇਂ ਨੇ ਪੁਰਾਣੇ ਰਸਮਾਂ ਰਿਵਾਜਾਂ ਅਤੇ ਰਵਾਇਤਾਂ ਨੂੰ ਜਿਵੇਂ ਹੂੰਝ ਸੁਟਿਆ ਹੋਵੇ ।

ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ ਪੰਜਾਬ ਦੇ ਸ਼ਹਿਰਾਂ ਵਿਚ ਫੁਲਕਾਰੀ ਦਾ ਅਤੇ ਇਹਦੇ ਨਾਲ ਹੀ ਪਰਦੇ ਦੇ ਰਿਵਾਜ ਦਾ ਅੰਤ ਹੋਣਾ ਸ਼ੁਰੂ ਹੋ ਗਿਆ । ਪਿੰਡਾਂ ਵਿਚ ਪੁਰਾਤਨ ਜੀਵਨ ਦਾ ਇਹ ਦੀਵਾ ਹੋਰ ਪੰਝੀ ਕੁ ਵਰ੍ਹੇ ਬਲਦਾ ਰਿਹਾ । ਹੁਣ ਇਹ ਪਿੰਡਾਂ ਵਿਚ ਵੀ ਬੁਝ ਰਿਹਾ ਹੈ । ਫੁਲਕਾਰੀ ਦਾ ਅੰਤ ਹੋ ਚੁਕਾ ਹੈ । ਹਾਂ, ਨਵੀਨ ਸ਼ਹਿਰੀ ਜੀਵਨ ਤੋਂ ਦੂਰ ਕਿਸੇ ਦੂਰ ਦੁਰਾਡੇ ਪਿੰਡ ਵਿਚ ਜਿੱਥੇ ਅਜੇ ਵੀ ਪ੍ਰਾਚੀਨ ਪੱਟ ਦੇ ਲੱਛੇ ਮਿਲਦੇ ਹਨ ਅਤੇ ਪਰੰਪਰਾ ਦੀਆਂ ਜੜ੍ਹਾਂ ਡੂੰਘੀਆਂ ਹਨ ਉੱਥੇ ਕੋਈ ਵਿਰਲੀ ਇਸਤਰੀ ਆਪਣੀ ਧੀ ਲਈ ਫੁਲਕਾਰੀ ਕੱਢਦੀ ਦਿੱਸ ਪਏਗੀ । ਸਿਆਲ ਵਿਚ ਕੁਝ ਬਿਰਧ ਇਸਤਰੀਆਂ ਅਜੇ ਵੀ ਫੁਲਕਾਰੀ ਪਹਿਨਦੀਆਂ ਹਨ । ਕਈ ਪਰਵਾਰਾਂ ਦੇ ਪੁਰਾਣੇ ਸੰਦੂਕਾਂ ਅਤੇ ਪੇਟੀਆਂ

ਵਿਚ ਬੜੀਆਂ ਵਧੀਆ ਚੋਣਵੀਆਂ ਫੁਲਕਾਰੀਆਂ ਅਤੇ ਬਾਗ ਸੰਭਾਲੇ ਪਏ ਹਨ । ਇਹ ਕੇਵਲ ਵਰ੍ਹੇ ਦੇ ਵਰ੍ਹੇ ਧੁੱਪ ਲੁਆਉਣ ਲਈ ਜਾਂ ਵਿਆਹ ਸ਼ਾਦੀ ਵੇਲੇ ਦੋਹਤੀ ਜਾਂ ਪੋਤੀ ਨੂੰ ਭੇਟ ਕਰਨ ਲਈਂ ਕੱਢੇ ਜਾਂਦੇ ਹਨ ।

ਸਭ ਤੋਂ ਵਧੀਆ ਫੁਲਕਾਰੀਆਂ ਅਤੇ ਬਾਗ ਤਾਂ ਬੀਤੇ ਸਮੇਂ ਵਿਚ ਪਰਦੇਸੀਆਂ ਨੂੰ ਵੇਚ ਦਿਤੇ ਗਏ ਜਾਂ ਸੁਗ਼ਾਤ ਵਜੋਂ ਦੇ ਦਿਤੇ ਗਏ ਹਨ । ਉਹ ਅੱਜ ਬਰਤਾਨਵੀ ਅਤੇ ਅਮਰੀਕਨ ਘਰਾਂ ਵਿਚ ਪਲੰਘ-ਪੋਸ਼ ਤੇ ਪਿਆਨੋ-ਪੋਸ਼ ਦੇ ਰੂਪ ਵਿਚ ਜਾਂ ਕੰਧਾਂ ਦੀ ਸਜਾਵਟ ਲਈ ਵਰਤੇ ਜਾਂਦੇ ਹਨ । ਮੈਂ ੧੯੩੦ ਵਿਚ ਅਨਾਰਕਲੀ ਦੀ ਇਕ ਦੁਕਾਨ ਉੱਤੇ ਗਈ ਜਿੱਥੇ ਸਿਰਫ਼ ਫੁਲਕਾਰੀਆਂ ਹੀ ਵਿਕਦੀਆਂ ਸਨ । ਦੁਕਾਨ ਦਾ ਮਾਲਕ ਬੜਾ ਹੁਸ਼ਿਆਰ ਆਦਮੀ ਸੀ । ਉਹ ਗ਼ਰੀਬ ਪੇਂਡੂ ਲੋਕਾਂ ਤੋਂ ਸਸਤੇ ਭਾ ਫੁਲਕਾਰੀਆਂ ਖ਼ਰੀਦ ਕੇ ਬੜੇ ਮਹਿੰਗੇ ਮੁੱਲ ਵੇਚਦਾ ਹੁੰਦਾ ਸੀ ।

ਜੈਨੀ ਭਾਈਚਾਰੇ ਦੀ ਭਾਬੜਾ ਜਾਤ ਦੀਆਂ ਇਸਤਰੀਆਂ ਫੁਲਕਾਰੀ-ਕਲਾ ਵਿਚ ਨਿਪੁੰਨ ਹਨ । ਉਹ ਪਹਿਲਾਂ ਉਜਰਤ ਉੱਤੇ ਕਢਾਈ ਕਰ ਦੇਂਦੀਆਂ ਸਨ, ਪਰ ਉਹ ਉਜਰਤ ਵਜੋਂ ਨਕਦੀ ਨਹੀਂ ਸਨ ਲੈਂਦੀਆਂ ਸਗੋਂ ਫੁਲਕਾਰੀ ਉੱਤੇ ਲੱਗੇ ਰੇਸ਼ਮ ਜਿੰਨਾ ਰੇਸ਼ਮ ਲੈਂਦੀਆਂ ਸਨ । ਇਹ ਬੜੀ ਹੈਰਾਨੀ ਦੀ ਗੱਲ ਹੈ, ਕਿਉਂ ਜੁ ਭਾਬੜੇ ਬੜੇ ਹੁਸ਼ਿਆਰ ਵਪਾਰੀ, ਪੇਸ਼ਾਵਰ ਸ਼ਾਹੂਕਾਰ ਅਤੇ ਵਣਜਾਰੇ ਹਨ । ਫੇਰ ਵੀ, ਉਨ੍ਹਾਂ ਦਾ ਕੰਮ ਸੁੰਦਰਤਾ ਅਤੇ ਦਿੱਖ ਵਿਚ ਇਕ ਮਾਂ ਦੀ ਕਢਾਈ ਨਾਲ ਟਾਕਰਾ ਨਹੀਂ ਸੀ ਖਾਂਦਾ । ਮਾਂ ਦੀਆਂ ਉਂਗਲਾਂ ਰੰਗਾਂ ਵਿਚ ਜਿਹੜੇ ਸੁਫ਼ਨੇ ਅਤੇ ਅਸੀਸਾਂ ਭਰ ਦੇਂਦੀਆਂ ਹਨ ਉਹ ਭਲਾ ਹੋਰ ਕੌਣ ਭਰ ਸਕਦਾ ਹੈ ? ਭਾੜੇ ਅਤੇ ਕਾਹਲ ਵਿਚ ਕੱਢੀ ਫੁਲਕਾਰੀ ਸਹਿਜ ਤੇ ਪਿਆਰ ਦੀ ਉਪਜ ਦਾ ਟਾਕਰਾ ਕਿਵੇਂ ਕਰ ਸਕਦੀ ਹੈ ? ਭਾੜੇ ਦੀ ਕਢਾਈ ਨੇ ਇਕ ਨੁਕਸ ਲੈ ਆਂਦਾ ਹੈ । ਪਰਦੇਸੀ ਪ੍ਰਭਾਵ ਹੇਠ ਕਸੀਦਾਕਾਰੀ ਵਿਚ ਮੋਰੀਆਂ ਅਤੇ ਡੰਡੀ-ਤ੍ਰੋਪੇ (ਸਟੈੱਮ-ਸਵਿੱਚ) ਦਾ ਰਵਾਜ ਪੈ ਗਿਆ ਹੈ ।

ਸਸਤੇ ਸੂਤੀ, ਊਨੀ ਅਤੇ ਰੇਸ਼ਮੀ ਮਸ਼ੀਨੀ ਕਪੜੇ ਨੇ ਅਤੇ ਪਹਿਰਾਵੇ ਵਿਚ ਹੋਈਆਂ ਤੇਜ਼ ਤਬਦੀਲੀਆਂ ਨੇ ਫੁਲਕਾਰੀ ਨੂੰ ਜ਼ਿੰਦਗੀ ਵਿੱਚੋਂ ਅਲੋਪ ਕਰ ਦਿੱਤਾ ਹੈ । ਅੱਜ ਦੀ ਯੁਵਤੀ ਫੁਲਕਾਰੀ ਦੀ ਸੁਗ਼ਾਤ ਉੱਤੇ ਨੱਕ ਚਾੜ੍ਹਦੀ ਹੈ । ਉੱਨ, ਲਿਨਨ, ਚਿਕਨ, ਜਾਰਜਟ ਅਤੇ ਸੂਤੀ ਅਤੇ ਰੇਸ਼ਮੀ ਜਾਲੀ ਵਰਗੇ ਸਸਤੇ ਕਪੜੇ, ਜਿਹੜੇ ਭਾਰ ਵਿਚ ਵੀ ਹੌਲੇ ਹਨ, ਪਹਿਨਣਾ ਵਧੇਰੇ ਪਸੰਦ ਕਰਦੀ ਹੈ । ਕੁੱਲੂ ਅਤੇ ਕਸ਼ਮੀਰ ਦੀਆਂ ਸ਼ਾਲਾਂ ਲਈ ਅੱਜ ਕਲ ਬੜੀ ਲਾਲਸਾ ਹੈ । ਇਹ ਦਸ ਰੁਪਏ ਤੋਂ ਲੈ ਕੇ ਸੱਤਰ ਜਾਂ ਏਦੂੰ ਬਹੁਤੇ ਮੁੱਲੋਂ ਮਿਲਦੀਆਂ ਹਨ ਜਦ ਕਿ ਇਕ ਚੰਗੀ ਫੁਲਕਾਰੀ ਦਾ ਪੰਜਾਹ ਤੋਂ ਲੈ ਕੇ ਢਾਈ ਸੌ ਤੱਕ ਅਤੇ ਕਈਆਂ ਦਾ ਏਦੂੰ ਵੀ ਵਧ ਮੁੱਲ ਪੈਂਦਾ ਹੈ ।

ਵਿਆਹ ਵਿਚ ਮਿਲੀਆਂ ਫੁਲਕਾਰੀਆਂ ਦੀ ਅੱਜ ਕੱਲ ਇਹ ਕਦਰ ਪੈਂਦੀ ਹੈ ਕਿ ਇਨ੍ਹਾਂ 'ਚੋਂ ਸਾਧਾਰਨ ਫੁਲਕਾਰੀਆਂ ਤਾਂ ਨੌਕਰਾਣੀਆਂ ਅਤੇ ਗ਼ਰੀਬ ਇਸਤਰੀਆਂ ਨੂੰ ਦੇ ਦਿਤੀਆਂ ਜਾਂਦੀਆਂ ਹਨ, ਵਧੀਆ ਫੁਲਕਾਰੀਆਂ ਅਤੇ ਬਾਗ਼ਾਂ ਦੇ ਪਲੰਘ-ਪੋਸ਼ ਤੇ ਪਰਦੇ, ਅਤੇ ਕਈਆਂ ਦੇ ਰਜਾਈਆਂ ਦੇ ਉਛਾੜ ਬਣਾ ਲਏ ਜਾਂਦੇ ਹਨ ਜਿਹੜੇ ਵਰ੍ਹੇ ਵਿਚ ਹੀ ਸਿਰ ਦਾ ਤੇਲ ਲਗ ਲਗ ਮੈਲੇ ਹੋ ਜਾਂਦੇ ਅਤੇ ਵਰਤੋਂ ਦੇ ਯੋਗ ਨਾ ਰਹਿਣ ਕਰਕੇ ਸੁੱਟ ਦਿੱਤੇ ਜਾਂਦੇ ਹਨ ।

ਇਹ ਬੜੀ ਦੁਖਦਾਈ ਅਤੇ ਸ਼ਰਮਨਾਕ ਗੱਲ ਹੈ, ਪਰ ਇਹ ਹਕੀਕਤ ਹੈ ਕਿ ਸਾਡੇ ਲੋਕਾਂ ਦੇ ਸੁਆਦ ਵਿਗੜ ਚੁੱਕੇ ਹਨ । ਉਨ੍ਹਾਂ ਅੰਦਰ ਕੋਮਲ ਕਲਾ ਲਈ ਨਾ ਕਦਰ ਰਹੀ ਹੈ ਨਾ ਇਸ ਨੂੰ ਮਾਣਨ ਦੀ ਸੂਝ । ਸਾਡੇ ਵਿਚਕਾਰ ਵਿਚਰਦੇ ਪਰਦੇਸੀ ਹੀ ਹਨ ਜਿਹੜੇ ਸਾਡੇ ਇਸ ਹੁਨਰੀ ਕਮਾਲ ਨੂੰ ਵੇਖ ਵੇਖ ਖ਼ੁਸ਼ ਅਤੇ ਹੈਰਾਨ ਹੁੰਦੇ ਅਤੇ ਇਸ ਦਾ ਮੁੱਲ ਪਾਉਂਦੇ ਹਨ । ਹੁਣੇ ਹੁਣੇ ਇਕ ਜਰਮਨ ਨੇ ਇਕ ਬਾਗ਼ ਹਜ਼ਾਰ ਰੁਪਏ ਵਿਚ ਖ਼ਰੀਦਿਆ ਹੈ ਅਤੇ ਬਹੁਤਾ ਚਿਰ ਨਹੀਂ ਹੋਇਆ ਇਕ ਅਮਰੀਕਨ ਨੇ ਇਕ ਵਰੀ ਦੇ ਬਾਗ਼ ਲਈ ਪੰਜ ਹਜ਼ਾਰ ਰੁਪਏ ਪੇਸ਼ ਕੀਤੇ ਸਨ ।

ਸਾਡੀਆਂ ਬਹੁਤੀਆਂ ਇਸਤਰੀਆਂ ਧਾਰਮਕ ਵੀਚਾਰਾਂ ਦੀਆਂ ਹਨ । ਜਦੋਂ ਕਦੇ ਕੋਈ ਪਰਸਿੱਧ ਧਾਰਮਕ ਆਗੂ, ਸੰਤ ਜਾਂ ਪਰਚਾਰਕ ਪਿੰਡ ਜਾਂ ਨਗਰ ਵਿਚ ਆਉਂਦਾ ਹੈ ਤਾਂ ਸਾਰਾ ਪਿੰਡ ਹੁੰਮ-ਹੁਮਾ ਕੇ ਉਸ ਦੇ ਦਰਸ਼ਨਾਂ ਨੂੰ ਜਾਂਦਾ ਹੈ । ਇਸਤਰੀਆਂ ਆਪਣੀਆਂ ਫੁਲਕਾਰੀਆਂ ਅਤੇ ਬਾਗ਼ ਲਿਆ ਕੇ ਧਰਮ-ਪਰਚਾਰ ਦੇ ਸਥਾਨ ਦੀਆਂ ਕੱਚੀਆਂ, ਮੈਲੀਆਂ ਕੰਧਾਂ ਨੂੰ ਪੂਰੀ ਤਰ੍ਹਾਂ ਢਕ ਕੇ ਸ਼ਿਗਾਰ ਦੇਂਦੀਆਂ ਹਨ । ਰੱਬ ਦੇ

ਪਿਆਰੇ ਨੂੰ ਸੂਣਨ ਦੇ ਸੁਭਾਗ ਲਈ ਉਹ ਆਪਣੀਆਂ ਪੁਸ਼ਤੀਂ-ਸੰਭਾਲੀਆਂ ਵਡਮੁੱਲੀਆਂ ਫੁਲਕਾਰੀਆਂ ਖ਼ੁਸ਼ੀ ਖ਼ੁਸ਼ੀ ਦੇ ਦੇਂਦੀਆਂ ਹਨ । ਕਈ ਵਾਰ ਇਹ ਵਿਆਹ ਦੀ ਵੇਦੀ ਦੁਆਲੇ ਪਰਦੇ ਵਜੋਂ ਵੀ ਲਟਕਾਈਆਂ ਜਾਂਦੀਆਂ ਹਨ । ਪਰ ਇਹ ਸਜਾਵਟ ਦਾ ਨਵੀਨ ਢੰਗ ਹੈ, ਅਤੇ ਫੁਲਕਾਰੀਆਂ ਮੇਖਾਂ ਅਤੇ ਬੇਪਰਵਾਹ ਵਰਤੋਂ ਨਾਲ ਅਕਸਰ ਪਾਟ ਜਾਂਦੀਆਂ ਹਨ ।

ਬਹੁਤੇ ਗ਼ਰੀਬ ਕਿਸਾਨ, ਚਾਰੇ ਜਾਂ ਦਾਣਿਆਂ ਦੀ ਪੰਡ ਬੰਨ੍ਹਣ ਲਈ ਕਪੜਾ ਨਾ ਹੋਣ ਕਰਕੇ ਅਕਸਰ ਪੁਰਾਣੇ ਸਾਲੂ ਜਾਂ ਪਾਟੀ ਪੁਰਾਣੀ ਫੁਲਕਾਰੀ ਨਾਲ ਕੰਮ ਸਾਰ ਲੈਂਦੇ ਹਨ । ਕਈ ਭਾਰੀਆਂ ਫੁਲਕਾਰੀਆਂ ਖੱਦਰ ਜਾਂ ਸਣ ਦੀ ਕੌਰ ਲਾ ਕੇ ਬਲਦਾਂ ਦੇ ਝੁੱਲ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ । ਸਿਆਲਾਂ ਵਿਚ ਖ਼ਾਸ ਦਿਨੀਂ, ਮਾਲ ਮੰਡੀ ਜਾਂ ਕਦੇ ਕਦਾਈਂ ਕਿਸੇ ਮੇਲੇ ਤੇ ਲਿਜਾਣ ਵੇਲੇ ਬਲਦਾਂ ਨੂੰ ਇਨ੍ਹਾਂ ਝੁੱਲਾਂ ਨਾਲ ਸ਼ਿੰਗਾਰਿਆ ਜਾਂਦਾ ਹੈ ।

ਹਿੰਦੁਸਤਾਨ ਦੀਆਂ ਮੰਡੀਆਂ ਵਿਚ ਮਾਨਚੈਸਟਰ ਅਤੇ ਜਾਪਾਨ ਦੇ ਕਪੜੇ ਦੀ ਭਰਮਾਰ ਨੇ ਘਰ-ਕੱਤੇ ਅਤੇ ਘਰ-ਛਾਪੇ ਖੱਡੀ ਦੇ ਕਪੜੇ ਅਤੇ ਕਢਾਈ-ਕਲਾ ਦਾ ਅੰਤ ਕਰ ਦਿੱਤਾ ਹੈ । ਜਦੋਂ ਮਸ਼ੀਨੀ ਕਪੜਾ ਸਿਰਫ਼ ਸਸਤਾ ਹੀ ਨਹੀਂ ਸਗੋਂ ਹਲਕਾ ਅਤੇ ਸੁਰੰਗਾ ਵੀ ਹੈ ਤਾਂ ਫੁਲਕਾਰੀ ਅਤੇ ਹੱਥ-ਕੱਤਿਆ ਖੱਦਰ ਕਿਵੇਂ ਜੀਊਂਦੇ ਰਹਿ ਸਕਦੇ ਹਨ ? ਏਨਾਂ ਸਮਾਂ ਅਤੇ ਮਿਹਨਤ ਮੰਗਦੀ ਫੁਲਕਾਰੀ ਸਸਤੇ ਮਸ਼ੀਨੀ ਕਪੜੇ ਦਾ ਮੁਕਾਬਲਾ ਕਿਵੇਂ ਕਰ ਸਕਦੀ ਹੈ ?

## ਦੇਸ-ਵੰਡ ਦਾ ਫੁਲਕਾਰੀ ਉੱਤੇ ਅਸਰ

ਦੇਸ ਦੀ ਵੰਡ ਨੇ ਬੜੀਆਂ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ, ਪਰ ਇਸ ਗੱਲ ਦਾ ਕਦੇ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਸਮਿਆਂ ਦੀ ਧੁੰਦ ਵਿਚ ਗੁਆਚੀ ਫੁਲਕਾਰੀ-ਕਲਾ ਨਵੇਂ ਰੂਪ ਵਿਚ ਮੁੜ ਸੁਰਜੀਤ ਹੋਵੇਗੀ ਅਤੇ ਦੇਸ਼-ਵੰਡ ਦੇ ਸੱਤ ਵਰ੍ਹੇ ਪਿੱਛੋਂ ਕੁੱਲ-ਹਿੰਦ ਸ਼ਿਲਪ-ਬੋਰਡ ਦੀ ਕਮੇਟੀ ਭਾਰਤ ਦੀ ਰਾਜਧਾਨੀ, ਦਿੱਲੀ ਵਿਚ ਫੁਲਕਾਰੀ-ਪ੍ਰਦਰਸ਼ਨੀ ਦਾ ਪਰਬੰਧ ਕਰੇਗੀ ।

ਹਜ਼ਾਰਾਂ ਹੀ ਜਵਾਨ ਅਤੇ ਬਿਰਧ ਵਿਧਵਾਵਾਂ ਅਤੇ ਅਨਾਥ ਇਸਤਰੀਆਂ ਦੀ ਮੁੜ-ਬਹਾਲੀ ਦਾ ਸਵਾਲ ਸੀ । ਉਨ੍ਹਾਂ ਦੇ ਦਿਲਾਂ ਉੱਤੇ ਲੱਗੇ ਪਿਤਾ, ਭਰਾ ਜਾਂ ਪਤੀ ਦੇ ਸਦੀਵੀ ਵਿਛੋੜੇ ਅਤੇ ਘਰੋਗੀ ਜੀਵਨ ਦੀ ਖ਼ੁਸ਼ੀ ਖੁੱਸ ਜਾਣ ਦੇ ਡੂੰਘੇ ਜ਼ਖ਼ਮਾਂ ਨੂੰ ਛੇਤੀ ਭਰਨ ਦਾ ਸਵਾਲ ਸੀ । ਇਸ ਦਾ ਇੱਕੋ ਇਕ ਹੱਲ ਇਹ ਸੀ ਕਿ ਉਨ੍ਹਾਂ ਨੂੰ ਰੁਝੇਵਾਂ ਦਿੱਤਾ ਜਾਵੇ, ਉਨ੍ਹਾਂ ਨੂੰ ਕੰਮਾਂ ਤੇ ਦਸਤਕਾਰੀਆਂ ਵਿਚ ਲਾਇਆ ਜਾਵੇ ਜਿਨ੍ਹਾਂ ਤੋਂ ਉਹ ਵਾਕਫ਼ ਹੋਣ ਅਤੇ ਗੁਜ਼ਾਰੇ ਦੇ ਨਾਲ ਨਾਲ ਉਨ੍ਹਾਂ ਦੇ ਅੰਦਰ ਕੰਮ ਲਈ ਦਿਲਚਸਪੀ ਵੀ ਜਗਾਈ ਜਾਵੇ ।

ਸੁਭਾਗ ਨਾਲ ਕੁੱਝ ਉੱਚੇ ਸਰਕਾਰੀ ਅਫ਼ਸਰਾਂ ਦੀਆਂ ਪਤਨੀਆਂ ਅਤੇ ਦੂਜੀਆਂ ਲੋਕ-ਸੇਵਕ ਇਸਤਰੀਆਂ ਨੇ ਇਨ੍ਹਾਂ ਅਨਾਥ ਰੀਫ਼ੀਊਜੀ ਇਸਤਰੀਆਂ ਦੀ ਭਲਾਈ ਦਾ ਕੰਮ ਆਪਣੇ ਹੱਥ ਲਿਆ ਅਤੇ ਕਈ ਸਥਾਨਾਂ ਉੱਤੇ ਕੈਂਪ ਅਤੇ ਕੰਮ-ਕੇਂਦਰ ਖੋਲ੍ਹੇ ਤੇ ਬੜੀ ਯੋਗਤਾ ਅਤੇ ਸੁਚੱਜਤਾ ਨਾਲ ਚਲਾਏ ।ਇਨ੍ਹਾਂ ਕੈਂਪਾਂ ਅਤੇ ਕੇਂਦਰਾਂ ਵਿਚ ਪਹਿਲੀ ਵਾਰ ਨਵੀਨ ਘਰਾਂ ਦੇ ਸ਼ਿੰਗਾਰ ਲਈ ਫੁਲਕਾਰੀਆਂ ਕੱਢੀਆਂ ਜਾਣ ਲੱਗੀਆਂ । ਲੇਡੀ ਐਡਵਿਨਾ ਮਾਊਂਟਬੇਟਨ, ਉਸ ਵੇਲੇ ਦੇ ਵਾਇਸਰਾਏ ਦੀ ਪਤਨੀ, ਨੇ ਇਸ ਕੰਮ ਵਿਚ ਖ਼ਾਸ ਦਿਲਚਸਪੀ ਵਿਖਾਈ ਅਤੇ ਸੈਂਟਰਾਂ ਨੂੰ ਚਲਾਉਣ ਵਾਲੀਆਂ ਪਰਬੰਧਕ ਇਸਤਰੀਆਂ ਦੀ ਅਗਵਾਈ ਕੀਤੀ ।

ਇਨ੍ਹਾਂ ਸੈਂਟਰਾਂ ਨੂੰ ਕੰਮ ਦੇਣ ਅਤੇ ਇੱਥੇ ਬਣੇ ਹੋਏ ਮਾਲ ਲਈ ਮੰਗ ਪੈਦਾ ਕਰਨ ਦਾ ਸਵਾਲ ਕੋਈ ਬਾਲ-ਖੇਡ ਨਹੀਂ ਸੀ । ਇਸ ਕੰਮ ਲਈ ਡੂੰਘੇ ਵਿਚਾਰ, ਮੌਲਿਕ ਸੂਝ ਅਤੇ ਦੂਰ-ਅੰਦੇਸ਼ੀ ਦੀ ਲੋੜ ਸੀ । ਸੋ ਰੀਫ਼ੀਊਜੀ ਦਸਤਕਾਰੀਆਂ ਦਾ ਵਿਕਰੀ-ਘਰ ਖੋਲ੍ਹਿਆ ਗਿਆ ਜਿੱਥੇ ਵਾਲੰਟੀਅਰ ਇਸਤਰੀਆਂ ਸੇਵਾ ਕਰਦੀਆਂ ਸਨ । ਹੁਣ ਇਹ ਸੈਂਟਰਲ ਕਾਟੇਜ ਇੰਡਸਟਰੀਜ਼ ਐਮਪੋਰੀਅਮ ਦੇ ਅਧੀਨ ਦੇਸੀ ਅਤੇ ਖ਼ਾਸ ਕਰਕੇ ਪਰਦੇਸੀ ਲੋਕਾਂ ਅਤੇ

ਯਾਤ੍ਰੀਆਂ ਲਈ ਪਰਸਿੱਧ ਵਿਕਰੀ-ਕੇਂਦਰ ਦੇ ਰੂਪ ਵਿਚ ਚਲ ਰਿਹਾ ਹੈ। ਸੈਂਟਰਲ ਕਾਟੇਜ ਇੰਡਸਟਰੀਜ਼ ਐਮਪੋਰੀਅਮ ਨੂੰ ਦੇਸ ਭਰ ਵਿੱਚੋਂ ਹੀ ਨਹੀਂ ਸਗੋਂ ਪਰਦੇਸਾਂ ਵਿੱਚੋਂ ਵੀ ਕਢਾਈ ਦੀਆਂ ਸੁੰਦਰ ਅਤੇ ਕਲਾ-ਪੂਰਿਤ ਚੀਜ਼ਾਂ ਅਤੇ ਦੂਜੀਆਂ ਹੱਥ-ਬਣੀਆਂ ਚੀਜ਼ਾਂ ਦੀ ਮੰਗ ਆਉਂਦੀ ਹੈ । ਇਸ ਤਰ੍ਹਾਂ ਇਹ ਡਾਲਰ-ਖੱਟੀ ਦਾ ਵੀ ਇਕ ਵਸੀਲਾ ਬਣ ਗਿਆ ਹੈ ।

ਬੱਚਿਆਂ ਦੇ ਵੇਲ-ਬੂਟਿਆਂ ਦੀ ਕਢਾਈ ਵਾਲੇ ਕਪੜਿਆਂ ਦੀ ਮੰਗ ਵੀ ਵਧ ਰਹੀ ਹੈ । ਇਹ ਗੱਲ ਸਾਨੂੰ ਮੱਧ-ਯੂਰਪੀ ਦੇਸਾਂ ਦੇ ਲਿਬਾਸ ਦਾ ਚੇਤਾ ਕਰਾਉਂਦੀ ਹੈ । ਮਿਸਿਜ਼ ਕਿੱਟੀ ਸ਼ਿਵਾ ਰਾਉ ਦੀ ਪ੍ਰਤਿਭਾ ਸਦਕਾ ਹੁਣ ਫੂਲਕਾਰੀ ਦਾ ਕਢਾਈ-ਢੰਗ ਅਨੇਕਾਂ ਸ਼ਕਲਾਂ ਅਤੇ ਰੰਗਾਂ ਵਿਚ ਵਰਤਿਆ ਜਾਣ ਲਗ ਪਿਆ ਹੈ।

ਕਢਾਈ ਦਾ ਇਹ ਕੰਮ ਅੱਜ ਕਲ ਕੋ-ਔਪ੍ਰੇਟਿਵ ਆਧਾਰ ਉੱਤੇ ਹੋ ਰਿਹਾ ਹੈ ਅਤੇ ਅਨੇਕਾਂ ਇਸਤਰੀਆਂ ਇਸ ਰਾਹੀਂ ਆਪਣੀ ਰੋਜ਼ੀ ਕਮਾ ਰਹੀਆਂ ਹਨ ।

# (੧) ਕਾਂਗੜੇ ਦੀ ਚਿੱਤਰਕਲਾ

ਮਹਾਨ ਕਲਾ ਨੂੰ ਮਾਣਨ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਸ ਨੂੰ ਇਕ ਜੀਉਂਦੀ ਵਸਤੂ ਮੰਨਿਆ ਜਾਏ — ਇਕ ਅਜੇਹੀ ਵਸਤੂ ਜਿਸ ਦੀ ਆਤਮਾ ਹੁੰਦੀ ਹੈ, ਜਿਸ ਦੀ ਆਪਣੀ ਪਰੰਪਰਾ ਹੁੰਦੀ ਹੈ। ਹਰ ਦੇਸ ਦੀ ਕਲਾ ਉਸ ਦੇ ਸਭਿਆਚਾਰ ਦਾ ਸੰਕੇਤ ਹੋ ਨਿੱਬੜਿਆ ਕਰਦੀ ਹੈ ਤੇ ਇਸ ਦੀ ਰੂਪ-ਰੇਖਾ ਬਹੁਤ ਹੱਦ ਤੀਕ ਉਸ ਉੱਤੇ ਨਿਰਭਰ ਹੁੰਦੀ ਹੈ। ਹਰ ਸਭਿਆਚਾਰ ਦੀ ਕਲਾ ਦਾ ਆਪਣਾ ਨਿਵੇਕਲਾ ਰੰਗ ਹੁੰਦਾ ਹੈ ਤੇ ਇਸੇ ਲਈ ਕਿਸੇ ਕਲਾ ਦੀ ਪ੍ਰਗਤੀ ਨੂੰ ਜਾਣਨ ਲਈ ਉਸ ਦੇਸ ਦੇ ਸਭਿਆਚਾਰ ਦੀ ਵਾਕਫ਼ੀ ਬੜੀ ਜ਼ਰੂਰੀ ਹੈ। ਇਹੀ ਗੱਲ ਕਾਂਗੜੇ ਦੀ ਕਲਾ ਬਾਰੇ ਵੀ ਕਹੀ ਜਾ ਸਕਦੀ ਹੈ।

ਅੱਠਵੀਂ ਸਦੀ ਈਸਵੀ ਤੀਕ ਬੁੱਧ ਮਤ ਭਾਰਤ ਵਿੱਚੋਂ ਅਲੋਪ ਹੋ ਗਿਆ ਸੀ ਤੇ ਇੱਥੋਂ ਦੇ ਕਲਾਕਾਰਾਂ ਲਈ ਇਸ ਦਾ ਪ੍ਰਭਾਵ ਮੁੱਕ ਚੁੱਕਾ ਸੀ। ਭਾਰਤੀ ਕਲਾ ਦੀ ਪੁਰਾਣੀ ਪਰੰਪਰਾ, ਜੋ ਗੁਪਤ ਰਾਜਿਆਂ ਦੇ ਸਮੇਂ ਆਪਣੇ ਸਿੱਖਰ ਉੱਤੇ ਪੁੱਜ ਚੁੱਕੀ ਸੀ, ਨੌਵੀਂ ਸਦੀ ਈਸਵੀ ਤੋਂ ਪਿੱਛੋਂ ਤੇਜ਼ੀ ਨਾਲ ਖ਼ਤਮ ਹੋਣੀ ਸ਼ੁਰੂ ਹੋ ਗਈ। ਹਿੰਦੂ ਮਤ ਦਾ ਪੁਨਰ-ਪ੍ਰਸਾਰ ਉੱਚ-ਕੋਟੀ ਦੀ ਚਿੱਤਰਕਲਾ ਨਾ ਉਪਜਾ ਸਕਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਕੁਝ ਚਿਰ ਲਈਂ ਭਾਰਤੀ ਕਲਾ ਉੱਤੇ ਅਨ੍ਹੇਰਾ ਪੱਖ ਆਇਆ, ਤੇ ਕੋਈ ਮਹਾਨ ਚਿੱਤਰਕਲਾ ਪਨਪ ਨਾ ਸਕੀ। ਇਸ ਸਾਰੇ ਦੌਰ ਵਿਚ ਲੋਕਾਂ ਦੀਆਂ ਕਲਾਮਈ ਰੁਚੀਆਂ ਕੇਵਲ ਧਾਰਮਕ ਜਲੂਸਾਂ, ਮੌਸਮੀ ਤਿਉਹਾਰਾਂ ਜਾਂ ਮੰਦਰਾਂ ਦੀਆਂ ਰੰਗੀਨ ਰਸਮਾਂ ਵਿਚ ਆਪਣੇ ਆਪ ਨੂੰ ਵਿਅਕਤ ਕਰਦੀਆਂ ਰਹੀਆਂ।

ਇਹ ਅਨ੍ਹੇਰਾ ਪੱਖ ਯਾਰ੍ਹਵੀਂ ਬਾਰ੍ਹਵੀਂ ਸਦੀ ਵਿਚ ਵੈਸ਼ਨਵਾਂ ਦੇ ਪੁਨਰ-ਉੱਥਾਨ ਤਕ ਵਿਆਪਕ ਰਿਹਾ। ਕਲਾ ਦੀ ਨਵੀਂ ਸਵੇਰ ਦੇ ਆਗਮਨ ਨਾਲ ਰਾਮਾਨੁਜ ਤੇ ਜੈਦੇਵ, ਦੋ ਨਾਂ ਬੜੇ ਮਸ਼ਹੂਰ ਹੋਏ। ਰਾਮਾਨੁਜ (੧੦੧੭–੧੧੩੭ ਈਸਵੀ.) ਦਾ ਜਨਮ ਮਦਰਾਸ ਵਿਚ ਕਾਂਚੀਪੁਰਮ ਦੇ ਦੱਖਣ-ਪੂਰਬ ਵਿਚ ਸ੍ਰੀ ਪਰਮਬਦੂਰ ਨਾਂ ਦੇ ਪਿੰਡ ਵਿਚ ਹੋਇਆ। ਉਨ੍ਹਾਂ ਨੇ ਵੇਦ ਆਦਿ ਦਾ ਅਭਿਆਸ ਕੀਤਾ ਅਤੇ ਵੇਦਾਂਤ ਤੇ ਭਗਵਤ ਗੀਤਾ ਆਦਿ ਦੇ ਟੀਕੇ ਲਿਖੇ। ਯਾਤਰੂ ਦੀ ਹੈਸੀਅਤ ਵਿਚ ਉਹ ਭਾਰਤ ਭਰ ਦੇ ਤੀਰਥਾਂ ਵਿਚ ਫਿਰੇ ਜਿਨ੍ਹਾਂ ਵਿਚ ਜਗਨਨਾਥ, ਕਾਸ਼ੀ, ਬਦਰੀਨਾਥ ਆਦਿ ਸ਼ਾਮਲ ਸਨ। ੧੧੩੭ ਈ. ਵਿਚ ਸ੍ਰੀ ਰੰਗਨਾਥ ਨਾਂ ਦੇ ਸ਼ਹਿਰ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਸ੍ਰੀ ਰਾਮਾਨੁਜ ਵਿਸ਼ਨੂੰ ਦੇ ਉਪਾਸ਼ਕ ਸਨ। ਵੈਸ਼ਨਵਾਂ ਦੇ ਅਕੀਦੇ ਅਨੁਸਾਰ ਸਾਰੀ ਦੀ ਸਾਰੀ ਪ੍ਰਕਿਰਤੀ ਵਿਚ ਵਿਸ਼ਨੂੰ ਭਗਵਾਨ ਵਿਆਪਕ ਹਨ ਤੇ ਲਕਸ਼ਮੀ ਉਨ੍ਹਾਂ ਨੂੰ ਤ੍ਰਾਣ ਪ੍ਰਦਾਨ ਕਰਦੀ ਹੈ। ਜਦੋਂ ਸੰਸਾਰ ਵਿਚ ਪਾਪਾਂ ਦੀ ਅੱਤ ਹੋ ਜਾਂਦੀ ਹੈ ਓਦੋਂ ਵਿਸ਼ਨੂੰ ਭਗਵਾਨ ਅਵਤਾਰ ਲੈ ਕੇ ਦੁਨੀਆਂ ਦੀ ਬੰਦ-ਖ਼ਲਾਸੀ ਕਰਦੇ ਹਨ। ਰਾਮਾਨੁਜ ਦੇ ਅਨੁਆਈ ਸ਼ਾਲਗਰਾਮ ਤੇ ਤੁਲਸੀ ਨੂੰ ਪੂਜਦੇ ਹਨ — ਸ਼ਾਲਗਰਾਮ, ਵਿਸ਼ਨੂੰ ਦਾ ਤੇ ਤੁਲਸੀ ਲਕਸ਼ਮੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ।

ਜੈਦੇਵ ਦਾ ਜਨਮ ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲੇ ਵਿਚ ਕੇਦੂਲੀ ਨਾਂ ਦੇ ਪਿੰਡ ਵਿਚ ਹੋਇਆ। ਜੈਦੇਵ ਆਪਣੇ ਸਮੇਂ ਦੇ ਰਾਜਾ ਲਕਸ਼ਮਣ-ਸੈਨ ਦੇ ਪੰਜਾਂ ਰਤਨਾਂ ਵਿੱਚੋਂ ਇਕ ਸੀ। ਲਕਸ਼ਮਣ-ਸੈਨ ਦਾ ਰਾਜ ਬੰਗਾਲ ਵਿਚ ੧੧੭੦ ਈ. ਦੇ ਲਗ ਪਗ ਸੀ। ਜੈਦੇਵ ਮੁੱਢ ਵਿਚ ਰਮਤਾ ਸਾਧੂ ਸੀ। ਫਿਰਦਿਆਂ ਫਿਰਾਉਂਦਿਆਂ ਉਹ ਜਗਨ-ਨਾਥ ਪੁਰੀ ਜਾ ਪਹੁੰਚਿਆ ਜਿੱਥੇ ਇਕ ਅਜੀਬ ਘਟਨਾ ਨੇ ਉਸ ਦੀ ਜ਼ਿੰਦਗੀ ਨੂੰ ਬਦਲ ਦਿੱਤਾ। ਇਕ ਬ੍ਰਾਹਮਣ ਆਪਣੀ ਅਤਿਅੰਤ ਸੁੰਦਰ ਲੜਕੀ ਪਦਮਾਵਤੀ ਨੂੰ ਮੰਦਰ ਦੀ ਭੇਟ ਕਰਨ ਆਇਆ ਸੀ, ਪਰ ਮੂਰਤੀ ਦਾ ਫ਼ੁਰਮਾਨ ਇਹ ਹੋਇਆ ਕਿ ਜਗਨ ਨਾਥ ਜੀ ਦੇ ਭਗਤ ਕੰਨਿਆ ਜੈਦੇਵ ਨੂੰ ਦੇ ਦਿੱਤੀ ਜਾਏ। ਭਾਵੇਂ ਉਸ ਦੀ ਮਰਜ਼ੀ ਬਿਲਕੁਲ ਨਹੀਂ ਸੀ ਤਾਂ

ਵੀ ਜੈਦੇਵ ਨੂੰ ਮੰਨਣਾ ਪਿਆ। ਪਦਮਾਵਤੀ ਆਪਣੇ ਪਤੀ ਨਾਲ ਇਕ ਪਰਛਾਵੇਂ ਦੀ ਤਰ੍ਹਾਂ ਰਹਿਣ ਲੱਗੀ। ਉਸ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਜੈਦੇਵ ਨੇ 'ਗੀਤ-ਗੋਵਿੰਦ' ਲਿਖਿਆ ਜਿਸ ਵਿਚ ਰਾਧਾ ਤੇ ਕ੍ਰਿਸ਼ਨ ਦਾ ਪ੍ਰੇਮ ਬਖਾਨਿਆ ਗਿਆ ਹੈ। ਇਸ ਕਾਵਿ ਦਾ ਬੜਾ ਚਰਚਾ ਹੋਇਆ ਬਲਕਿ ਹੁਣ ਤੀਕ ਬੰਗਾਲ, ਉੜੀਸਾ, ਕੇਰਲ ਤੇ ਕਰਨਾਟਕ ਵਿਚ ਇਸ ਦੇ ਰਸ ਨੂੰ ਮਾਣਿਆ ਜਾਂਦਾ ਹੈ।

ਗੀਤ-ਗੋਵਿੰਦ ਇਕ ਪ੍ਰਤੀਕਾਤਮਕ ਪਿਆਰ-ਗੀਤ ਹੈ ਜਿਸ ਵਿਚ ਕਵੀ ਨੇ ਆਪਣੇ ਆਤਮਕ ਅਨੁਭਵਾਂ ਦਾ ਵਰਣਨ ਕੀਤਾ ਹੈ। ਅਨੁਭਵੀ ਆਤਮਾ ਕ੍ਰਿਸ਼ਨ ਹੈ ਤੇ ਰਾਧਾ ਪਰਮਾਤਮਾ ਦੀ ਅੰਸ਼ ਹੈ, ਸਖੀਆਂ ਪੰਜ ਇੰਦ੍ਰੀਆਂ ਹਨ ਜੋ ਕ੍ਰਿਸ਼ਨ ਨੂੰ ਰਾਧਾ ਤੋਂ ਨਿਖੇੜਦੀਆਂ ਹਨ। ਕ੍ਰਿਸ਼ਨ ਦਾ ਰਾਧਾ ਪ੍ਰਤੀ ਫੇਰ ਮੁੜ ਕੇ ਆਉਣਾ ਇਉਂ ਹੈ ਜਿਵੇਂ ਕੋਈ ਪਾਪੀ ਪਛਤਾ ਕੇ ਫੇਰ ਭਗਵਾਨ ਦੀ ਸ਼ਰਨ ਮੁੜ ਆਇਆ ਹੋਵੇ।

ਗੁਸਾਈਂ ਰਾਮਾਨੰਦ, ਜਿਨ੍ਹਾਂ ਦਾ ਜਨਮ ੧੩੯੮ ਈ. ਵਿਚ ਮੈਲਕੋਟ ਵਿਖੇ ਹੋਇਆ, ਮਸ਼ਹੂਰ ਸੰਤ-ਕਵੀ ਹੋਏ ਹਨ। ਉਨ੍ਹਾਂ ਨੇ ਬਨਾਰਸ ਰਹਿਣਾ ਸ਼ੁਰੂ ਕੀਤਾ ਤੇ ਉੱਥੇ ਉਨ੍ਹਾਂ ਦੇ ਕਈ ਚੇਲੇ ਬਣ ਗਏ। ਰਾਮਾਨੰਦ ਜੀ ਨੇ ਸੀਤਾ ਤ ਰਾਮ ਦੀ ਉਪਾਸ਼ਨਾ ਦਾ ਪਰਚਾਰ ਕੀਤਾ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਰਾਮ, ਵਿਸ਼ਨੂੰ ਦਾ ਤੇ ਸੀਤਾ, ਲਕਸ਼ਮੀ ਦਾ ਅਵਤਾਰ ਹੈ।

ਕਬੀਰ (੧੩੯੮-੧੫੧੬ ਈ.) ਰਾਮਾਨੰਦ ਦਾ ਚੇਲਾ ਸੀ। ਇਸ ਉੱਘੇ ਭਗਤ ਨੇ ਬ੍ਰਾਹਮਣ ਪੁਜਾਰੀਆਂ ਤੇ ਮੁਸਲਮਾਨ ਮੁਲਾਣਿਆਂ ਦੇ ਭੁਲੇਖਿਆਂ ਦਾ ਖੰਡਨ ਕੀਤਾ। ਇਸ ਦੇ ਉਪਾਸ਼ਕ ਹਿੰਦੂ ਵੀ ਸਨ ਤੇ ਮੁਸਲਮਾਨ ਵੀ। ਇਸ ਦੀ ਬਾਣੀ, ਜਿਸ ਨੂੰ ਹਿੰਦੀ ਕਵਿਤਾ ਵਿਚ ਪ੍ਰਮੁੱਖ ਸਥਾਨ ਪ੍ਰਾਪਤ ਹੈ, ਧਰਮਦਾਸ ਨਾਂ ਦੇ ਇਕ ਪ੍ਰੇਮੀ ਨੇ ਸੰਕਲਿਤ ਕੀਤੀ (ਕਾਂਗੜੇ ਦੇ ਚਿੱਤਰਾਂ ਵਿਚ ਧਰਮਦਾਸ ਅਕਸਰ ਤੇ ਉਸਦਾ ਪੁੱਤਰ ਕਮਾਲ,ਕਬੀਰ ਜੀ ਦੇ ਨਾਲ ਦਰਸਾਇਆ ਗਿਆ ਹੈ)।

ਧਰਮ ਦੇ ਇਸ ਪੁਨਰ-ਉੱਥਾਨ ਕਰਕੇ ਸਾਹਿੱਤ ਦੀ ਉਤਪਤੀ ਵਿਚ ਵੀ ਵਾਧਾ ਹੋਇਆ। ਰਾਮ ਤੇ ਸੀਤਾ ਜਾਂ ਰਾਧਾ ਤੇ ਕ੍ਰਿਸ਼ਨ ਦੀਆਂ ਕਥਾਵਾਂ ਨੇ ਕਈ ਸੰਸਕ੍ਰਿਤ ਤੇ ਹਿੰਦੀ ਦੇ ਕਵੀਆਂ ਨੂੰ ਲਿਖਣ ਲਈ ਉਭਾਰਿਆ। ਮਲਕ ਮੁਹੰਮਦ ਜਾਇਸੀ ਨੇ 'ਪਦਮਾਵਤ' ਨਾਂ ਦਾ ਕਿੱਸਾ ੧੫੪੦ ਈ. ਵਿਚ ਸੰਪੂਰਨ ਕੀਤਾ। ਇਸੇ ਤਰ੍ਹਾਂ ਬੁੰਦੇਲਖੰਡ ਦੇ ਰਾਜੇ ਮਧੁਕਰਸ਼ਾਹ ਦੇ ਰਾਜ-ਕਵੀ ਕੇਸ਼ਵਦਾਸ ਨੇ 'ਰਸਿਕ ਪ੍ਰਿਯਾ' ੧੫੯੧ ਈ. ਵਿਚ ਰਚੀ।

ਕਵੀ ਸ਼੍ਰੋਮਣੀ ਤੁਲਸੀਦਾਸ ਦਾ ਜਨਮ ੧੫੫੨ ਈ. ਵਿਚ ਹੋਇਆ। ਅਵਧ ਦੇ ਪਿੰਡਾਂ ਵਿਚ ਆਪ ਦੀ ਰਾਮਾਇਣ ਬੜੀ ਲੋਕ-ਪ੍ਰਿਯ ਹੈ ਤੇ ਲੱਖਾਂ ਹੀ ਲੋਕਾਂ ਦੀ ਅਖ਼ਲਾਕੀ ਤੇ ਆਤਮਕ ਖ਼ੁਰਾਕ ਬਣੀ ਹੈ।

ਬ੍ਰਿਜ-ਭਾਸ਼ਾ ਦੇ ਇਲਾਕੇ ਵਿਚ ਮਥਰਾ ਦੇ ਵਸਨੀਕ ਬਿਹਾਰੀ ਲਾਲ ਨੇ ਕ੍ਰਿਸ਼ਨ ਜੀ ਦੀ ਕਥਾ ਨੂੰ ੧੬੬੨ ਈ. ਵਿਚ ਲਿਖਿਆ। ਇਸ ਵਿਚ ਸਤ ਸੌ ਬੰਦ ਹਨ। ਇਹ ਨਿੱਕੀਆਂ ਨਿੱਕੀਆਂ ਹਿੰਦੀ ਕਵਿਤਾਵਾਂ ਸੁੱਚੇ ਮੋਤੀਆਂ ਵਰਗੀਆਂ ਹਨ ਤੇ ਇਨ੍ਹਾਂ ਕਰਕੇ ਇਸ ਕਵੀ ਨੂੰ ਬੜੀ ਇੱਜ਼ਤ ਮਿਲੀ ਹੈ।

ਇਸ ਤਰ੍ਹਾਂ ਸੋਲ੍ਹਵੀ ਤੇ ਸਤਾਰ੍ਹਵੀਂ ਸਦੀ ਵਿਚ ਇਕ ਨਵੀਂ ਤਰ੍ਹਾਂ ਦੀ ਕਲਾ ਲਈ ਰਸਤਾ ਸਾਫ਼ ਕੀਤਾ ਜਾ ਰਿਹਾ ਸੀ ਜਿਸ ਨੂੰ ਵੈਸ਼ਨਵ ਪਰੰਪਰਾ ਤੋਂ ਬੜਾ ਉਤਸ਼ਾਹ ਪ੍ਰਾਪਤ ਹੋਇਆ। ਇਸ ਵਿਚ ਆਤਮਕ ਤਜਰਬਿਆਂ ਨੂੰ ਪ੍ਰੇਮੀ ਤੇ ਪ੍ਰੇਮਿਕਾ ਦੇ ਚਿੰਨ੍ਹਾਂ ਰਾਹੀਂ ਦਰਸਾਇਆ ਜਾਂਦਾ ਸੀ। ਇਸ ਕਲਾ ਵਿਚ ਆਤਮ-ਸਵੱਛਤਾ ਤੇ ਭੌਤਿਕ ਸੁਆਦ ਰਲੇ ਮਿਲੇ ਹੁੰਦੇ ਹਨ; ਧਰਮ ਤੇ ਕਲਾ ਦੀ ਇਕ ਸਾਂਝ ਹੁੰਦੀ ਹੈ ਤੇ ਦੋਵੇਂ ਰਲ ਕੇ ਸਚਾਈ ਦੀ ਭਾਲ ਕਰਦੇ ਹਨ।

ਗੀਤ-ਗੋਵਿੰਦ ਤੇ ਤੁਲਸੀਦਾਸ ਦੀ ਰਾਮਾਇਣ—ਇਹ ਦੋਵੇਂ ਲਿਖਤਾਂ ਬਸੋਹਲੀ ਤੇ ਕਾਂਗੜੇ ਦੀ ਕਲਾ ਵਿੱਚ ਦਰਸਾਈਆਂ ਗਈਆਂ ਹਨ। ਜਾਇਸੀ ਦੀ ਲਿਖੀ 'ਪਦਮਾਵਤ' ਦੀ ਕਹਾਣੀ ਕਈ ਚਿੱਤਰਾਂ ਦਾ ਵਿਸ਼ਾ ਬਣੀ। ਅੱਠ-ਨਾਇਕਾ ਤੇ ਬਾਰਾਂ-ਮਾਸਾ, ਆਦਿ ਵਿਸ਼ੇ ਓਦੋਂ ਦੇ ਚਿੱਤਰਕਾਰਾਂ ਵਿੱਚ ਵੀ ਪ੍ਰਿਯ ਸਨ ਤੇ ਕਵੀਆਂ ਵਿੱਚ ਵੀ। ਕੇਸ਼ਵਦਾਸ, ਮਤੀਰਾਮ, ਬੰਸੀਧਰ, ਰਾਮਗੁਣੀ ਤੇ ਗੰਗ, ਸਭ ਨੇ ਇਨ੍ਹਾਂ ਮਜ਼ਮੂਨਾਂ ਉੱਤੇ ਕਾਫ਼ੀ ਲਿਖਿਆ ਹੈ।

ਕਾਂਗੜੇ ਦੀ ਕਲਾ ਨੂੰ ਉਭਾਰਨ ਵਾਲੀ ਇਕ ਹੋਰ ਚੀਜ਼ ਪੰਜਾਬ ਦੀ ਤਹਿਜ਼ੀਬ ਹੈ। ਕਲਾ ਦੀ ਪਰਖ ਕਰਨ

ਵਾਲਿਆਂ ਦੀ ਇਸ ਵਿਸ਼ੇਸ਼ ਨੁਕਤੇ ਵਲ ਬੇਧਿਆਨੀ ਪੰਜਾਬੀ ਰਹਿਣੀ ਬਹਿਣੀ ਬਾਰੇ ਉਨ੍ਹਾਂ ਦੇ ਅਗਿਆਨ ਦੀ ਸੂਚਕ ਹੈ। ਕਾਂਗੜੇ ਦੇ ਚਿੱਤਰਾਂ ਵਿੱਚ, ਖ਼ਾਸ ਕਰਕੇ ਨੂਰਪੁਰ ਤੇ ਗੁਲੇਰ ਦੀਆਂ ਤਸਵੀਰਾਂ ਵਿੱਚ, ਇਸਤਰੀਆਂ ਦੀ ਪਸ਼ਾਕ ਬਿਲਕੁਲ ਪੰਜਾਬੀ ਹੈ; ਅਕਸਰ ਉਹ ਸੁੱਥਣ, ਕਮੀਜ਼ ਤੇ ਦੁਪੱਟੇ ਵਿੱਚ ਵਿਖਾਈਆਂ ਗਈਆਂ ਹਨ। ਪੰਜਾਬ ਦੇ ਲੋਕ-ਪ੍ਰਿਯ ਕਿੱਸੇ ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ ਤੇ ਸੋਹਣੀ-ਮਹੀਂਵਾਲ ਵੀ ਇਨ੍ਹਾਂ ਚਿੱਤਰਾਂ ਵਿਚ ਅਕਸਰ ਦਰਸਾਏ ਗਏ ਹਨ।

ਏਥੇ ਪੰਜਾਬ ਵਿਚ ਸਿੱਖ ਮਤ ਦੇ ਪਰਚਾਰ ਦਾ ਜ਼ਿਕਰ ਸ਼ਾਇਦ ਕੁਥਾਂ ਨਾ ਹੋਵੇ। ਗੁਰੂ ਨਾਨਕ (੧੪੬੯–੧੫੩੮ ਈ.) ਸਿੱਖਾਂ ਦੇ ਪਹਿਲੇ ਗੁਰੂ ਸਨ ਤੇ ਉਨ੍ਹਾਂ ਨੇ ਪੰਜਾਬੀਆਂ ਨੂੰ ਛੂਤ-ਛਾਤ, ਵਹਿਮਾਂ, ਭਰਮਾਂ ਦੇ ਬੰਧਨਾਂ ਤੋਂ ਛੁਡਾਇਆ। ਗੁਰੂ ਨਾਨਕ ਨੇ ਆਮ ਲੋਕਾਂ ਦੀ ਭਾਸ਼ਾ ਵਿੱਚ ਬਾਣੀ ਰਚੀ ਤੇ ਗੁਰੂ ਅੰਗਦ ਨੇ ਗੁਰਮੁਖੀ ਲਿਪੀ ਦਾ ਪਰਚਾਰ ਕੀਤਾ। ਗੁਰੂ ਅਰਜਨ (੧੫੬੩–੧੬੦੬ ਈ.) ਸਿੱਖਾਂ ਦੇ ਪੰਜਵੇਂ ਗੁਰੂ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਿਤ ਕੀਤਾ। ਇਸ ਵਿੱਚ ਗੁਰੂ ਨਾਨਕ ਤੇ ਹੋਰ ਗੁਰੂਆਂ ਤੋਂ ਲੈ ਕੇ ਜੈਦੇਵ, ਨਾਮਦੇਵ, ਕਬੀਰ ਤੇ ਪੀਪੇ ਆਦਿ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ ਗਿਆ।

ਗੁਰੂ ਗੋਬਿੰਦ ਸਿੰਘ (੧੬੬੬–੧੭੦੮ ਈ.) ਸਿੱਖਾਂ ਦੇ ਦਸਵੇਂ ਗੁਰੂ ਸਨ। ਉਨ੍ਹਾਂ ਨੇ ਸ਼ਿਵਾਲਕ ਦੀ ਗੋਦੀ ਵਿੱਚ ਅਨੰਦਪੁਰ ਨਾਂ ਦੇ ਇਕ ਪਿੰਡ ਨੂੰ ਆਪਣਾ ਨਿਵਾਸ-ਅਸਥਾਨ ਬਣਾਇਆ। ਉਹ ਹਮੇਸ਼ ਗ਼ਰੀਬਾਂ ਤੇ ਅਨਾਥਾਂ ਲਈ ਲੜੇ ਤੇ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਸਦਾ ਉਨ੍ਹਾਂ ਦਾ ਟਾਕਰਾ ਹੁੰਦਾ ਰਿਹਾ।

ਗੁਰੂ ਗੋਬਿੰਦ ਸਿੰਘ ਇੱਕ ਜਰਨੈਲ ਹੀ ਨਹੀਂ ਸਨ ਉਹ ਇਕ ਵਧੀਆ ਕਵੀ ਵੀ ਸਨ। ਫ਼ਾਰਸੀ, ਹਿੰਦੀ ਤੇ ਪੰਜਾਬੀ ਵਿੱਚ ਉਨ੍ਹਾਂ ਦੀ ਬਹੁਤ ਸਾਰੀ ਬਾਣੀ ਮਿਲਦੀ ਹੈ। ਉਨ੍ਹਾਂ ਨੇ ਬਹੁਤ ਸਾਰਾ ਅਨੁਵਾਦ ਦਾ ਕੰਮ ਵੀ ਕੀਤਾ ਤੇ ਕਰਵਾਇਆ। ਉਨ੍ਹਾਂ ਦੀ ਲਿਖੀ 'ਚੰਡੀ ਦੀ ਵਾਰ' ਦੁਰਗਾ ਦੇ ਕਾਰਨਾਮਿਆਂ ਦੀ ਇਕ ਬੜੀ ਜ਼ੋਰਦਾਰ ਕਵਿਤਾ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਦਰਬਾਰ ਵਿਚ ਬਵੰਜਾ ਕਵੀ ਰਹਿੰਦੇ ਸਨ। ਉਨ੍ਹਾਂ ਦੀਆਂ ਬਹੁਤ ਸਾਰੀਆਂ ਲਿਖਤਾਂ ਮੁਗ਼ਲਾਂ ਤੇ ਪਹਾੜੀ ਰਾਜਿਆਂ ਨਾਲ ਹੋਈਆਂ ਜੰਗਾਂ ਵਿੱਚ ਜ਼ਾਇਆ ਹੋ ਗਈਆਂ ਜਾਪਦੀਆਂ ਹਨ।

ਸਿੱਖਾਂ ਦੇ ਦਸਾਂ ਗੁਰੂਆਂ ਨੂੰ ਸੰਸਾਰਚੰਦ ਦੇ ਦਰਬਾਰੀ ਚਿੱਤਰਕਾਰਾਂ ਨੇ ਚਿੱਤਰਿਆ ਹੈ। ਨੂਰਪੁਰ ਦੇ ਇਕ ਚਿੱਤਰਕਾਰ ਦੀ ਬਣਾਈ ਗੁਰੂ ਨਾਨਕ ਦੀ ਇਕ ਅਤਿਅੰਤ ਉੱਤਮ ਤਸਵੀਰ ਮਿਲਦੀ ਹੈ।

ਕਾਂਗੜੇ ਦੀ ਵਾਦੀ ੧੮੧੦ ਈ. ਤੋਂ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਹੇਠ ਆਈ ਤੇ ਇਸੇ ਸਮੇਂ ਤੋਂ ਕਾਂਗੜੇ ਦੇ ਚਿੱਤਰਾਂ ਵਿੱਚ ਸਿੱਖ ਮਤ ਦਾ ਪ੍ਰਭਾਵ ਦਿਖਾਈ ਦੇਣਾ ਸ਼ੁਰੂ ਹੁੰਦਾ ਹੈ। ੧੮੩੦ ਈ. ਤੋਂ ਬਾਦ ਦੇ ਚਿੱਤਰਾਂ ਵਿੱਚ ਲੰਮੀਆਂ ਦਾੜ੍ਹੀਆਂ ਤੇ ਸੋਹਣੇ ਸਾਫ਼ੇ ਵੀ ਵੇਖਣ ਵਿਚ ਆਉਂਦੇ ਹਨ।

ਪਠਾਣ ਬਾਦਸ਼ਾਹ, ਜਿਨ੍ਹਾਂ ਨੇ ਹਿੰਦੁਸਤਾਨ ਉੱਤੇ ਬਾਰ੍ਹਵੀਂ ਸਦੀ ਤੋਂ ਪੰਦਰ੍ਹਵੀਂ ਸਦੀ ਤੱਕ ਰਾਜ ਕੀਤਾ, ਕੱਟੜ ਮੁਸਲਮਾਨ ਸਨ। ਉਨ੍ਹਾਂ ਨੇ ਚਿੱਤਰਕਲਾ ਦੀ ਕੋਈ ਸਰਪਰਸਤੀ ਨਾ ਕੀਤੀ। ਉਸ ਜ਼ਮਾਨੇ ਵਿੱਚ ਇਹ ਕਲਾ ਪਿੱਛੇ ਪੈ ਗਈ। ਕਿਤੇ ਕਿਤੇ ਬਚੇ-ਖੁਚੇ ਹਿੰਦੂ ਰਜਵਾੜੇ ਹੀ ਚਿੱਤਰਕਾਰਾਂ ਦਾ ਖ਼ਿਆਲ ਰੱਖਦੇ ਸਨ। ਪਰ ਜਿਉਂ ਜਿਉਂ ਸਮਾਂ ਗੁਜ਼ਰਦਾ ਗਿਆ, ਲੋਕਾਂ ਦਾ ਇਸ ਕਲਾ ਵਲ ਧਿਆਨ ਵਧੇਰੇ ਹੁੰਦਾ ਗਿਆ। ਕਾਂਗੜੇ ਦੀ ਕਲਾ, ਰਾਜਪੂਤ ਕਲਾ ਦੀ ਸ਼ਾਖ਼ ਹੈ। ਇਸ ਕਲਾ ਨੂੰ ਜ਼ਿਆਦਾ ਸਰਪਰਸਤੀ ਰਾਜਪੂਤ ਰਾਜਿਆਂ ਪਾਸੋਂ ਹੀ ਮਿਲੀ, ਭਾਵੇਂ ਕਲਾਕਾਰ ਕੋਈ ਵੀ ਸਨ।

ਸੋਲ੍ਹਵੀਂ ਸਦੀ ਵਿੱਚ ਮੁਗ਼ਲਾਂ ਨੇ ਕਲਾ ਦਾ ਫੇਰ ਨਿਰਮਾਣ ਕੀਤਾ। ਬਾਬਰ, ਅਕਬਰ, ਜਹਾਂਗੀਰ, ਸ਼ਾਹਜਹਾਨ ਚਿੱਤਰਕਲਾ ਦੇ ਬੜੇ ਪ੍ਰੇਮੀ ਸਨ। ਸ਼ਾਹਜਹਾਨ ਦੀ ਰੁਚੀ ਭਵਨ-ਉਸਾਰੀ ਦੀ ਕਲਾ ਵਲ ਵਧੇਰੇ ਸੀ, ਪਰ ਔਰੰਗਜ਼ੇਬ ਦੇ ਜ਼ਮਾਨੇ ਵਿਚ ਹਰ ਕਿਸਮ ਦੀ ਕਲਾ ਦੀ ਜੋਤ ਮੱਧਮ ਪੈ ਗਈ। ਉਹ ਬੜਾ ਕੱਟੜ ਸੀ ਤੇ ਉਸ ਨੇ ਆਪਣੇ ਦਰਬਾਰ ਵਿਚੋਂ ਸਭ ਕਲਾਕਾਰਾਂ ਨੂੰ ਜਵਾਬ ਦੇ ਦਿੱਤਾ, ਭਾਵੇਂ ਕੋਈ ਚਿਤਰਕਾਰ ਸੀ, ਭਾਵੇਂ ਕੋਈ ਸੰਗੀਤਕਾਰ ਸੀ। ਹਿਦੂ

ਦਰਬਾਰੀ ਕਲਾਕਾਰ ਰਾਜਪੂਤਾਨੇ ਤੇ ਪਹਾੜ ਦੇ ਰਾਜਿਆਂ ਵਲ ਚਲੇ ਗਏ ਜਿੱਥੇ ਉਨ੍ਹਾਂ ਨੇ ਆਪਣੇ ਅੱਡੇ ਜਮਾ ਲਏ।

ਕਾਂਗੜੇ ਦੀ ਕਲਾ ਇਕ ਬੜੇ ਭਾਰੀ ਆਤਮਕ ਉੱਥਾਨ ਦਾ ਸਿੱਟਾ ਹੈ। ਕਾਂਗੜੇ ਦੀ ਕਲਾ ਦਾ ਉੱਤਰ-ਭਾਰਤ ਦੇ ਜੀਵਨ ਨਾਲ ਬੜਾ ਗਹਿਰਾ ਸੰਬੰਧ ਹੈ। ਇਹ ਹਿੰਦੂ ਮਤ ਦੇ ਆਤਮਕ ਤੇ ਸਾਹਿੱਤਕ ਪੁਨਰ-ਜਨਮ ਦੀ ਪ੍ਰਤੀਕ ਹੈ। ਕਾਂਗੜੇ ਦੇ ਚਿੱਤਰ ਹਿੰਦੂ ਜੀਵਨ ਨੂੰ ਚਿੱਤਰਦੇ ਹਨ। ਇਸ ਕਲਮ ਵਿਚ ਸਫ਼ਾਈ, ਤੀਬਰਤਾ ਤੇ ਬਲ ਹੈ — ਜਿਨ੍ਹਾਂ ਗੁਣਾਂ ਨੂੰ ਮਿਸਟਰ ਬਲੇਕ ਉੱਚੇ ਜੀਵਨ ਤੇ ਕਲਾ ਦੀਆਂ ਜ਼ਰੂਰੀ ਸ਼ਰਤਾਂ ਸਮਝਦਾ ਹੈ। ਇਸ ਕਲਮ ਵਰਗੀ ਸੂਝ, ਇਸ ਵਰਗਾ ਭਰੋਸਾ, ਸੰਸਾਰ ਭਰ ਦੀਆਂ — ਖ਼ਾਸ ਕਰਕੇ ਔਰਤ ਦੀਆਂ ਖ਼ੂਬਸੂਰਤੀਆਂ ਵਿਚ ਵਿਸਮਾਦ-ਲੀਨਤਾ ਦੇ ਬਾਵਜੂਦ ਇਕ ਪਰਕਾਰ ਦੀ ਕਰੜਾਈ ਇਕ ਦਿਨ ਵਿੱਚ ਪ੍ਰਾਪਤ ਨਹੀਂ ਹੋ ਸਕਦੀ, ਨਾ ਹੀ ਇਹ ਕਿਸੇ ਇੱਕੇ-ਦੁੱਕੇ ਕਲਾਕਾਰ ਦੀ ਮਿਹਨਤ ਦਾ ਫਲ ਹੋ ਸਕਦਾ ਹੈ। ਇਹ ਸਭ ਇਕ ਤਹਿਜ਼ੀਬ ਦੀ ਉਪਜ ਹੈ।

## *ਕਾਂਗੜੇ ਦੀ ਕਲਾ ਦਾ ਵਿਕਾਸ*

ਰਾਜਪੂਤ ਚਿੱਤਰਕਲਾ ਪੰਜਾਬ ਦੇ ਪਹਾੜੀ ਇਲਾਕੇ, ਟੀਹਰੀ-ਗੜ੍ਹਵਾਲ, ਤੇ ਜੰਮੂ ਵਿਚ ਪਰਫੁਲੱਤ ਹੋਈ। ਇਨ੍ਹਾਂ ਵਿਚ ਸਭ ਤੋਂ ਮਸ਼ਹੂਰ ਕੇਂਦਰ ਕਾਂਗੜੇ ਦੀ ਵਾਦੀ ਸੀ ਜਿਥੇ ਗੁਲੇਰ, ਟੀਰਾ-ਸੁਜਾਨਪੁਰ ਤੇ ਨੂਰਪੁਰ ਦੇ ਪਹਾੜੀ ਰਾਜਿਆਂ ਨੇ ਇਸ ਦੀ ਸਰਪਰਸਤੀ ਕੀਤੀ। ਏਥੋਂ ਫੇਰ ਇਹ ਮੰਡੀ ਸੁਕੇਤ, ਕੁੱਲੂ, ਟੀਹਰੀ-ਗੜ੍ਹਵਾਲ ਤੇ ਚੰਬੇ ਵਿਚ ਫੈਲ ਗਈ। ਸੋ ਇਨ੍ਹਾਂ ਕੇਂਦਰਾਂ ਵਿਚ ਪਰਚਲਿਤ ਕਲਾ ਨੂੰ ਕਾਂਗੜੇ ਦੀ ਕਲਾ ਦਾ ਵਿਸਤਾਰ ਹੀ ਮਨਣਾ ਚਾਹੀਦਾ ਹੈ।

ਪੁਰਾਤਨ ਬਸੋਹਲੀ-ਕਲਾ ਦੇ ਨਮੂਨੇ ਪੰਜਾਬ ਦੇ ਪਹਾੜੀ ਇਲਾਕੇ ਵਿਚ ਅਕਸਰ ਮਿਲਦੇ ਹਨ। ਇਨ੍ਹਾਂ ਵਿਚ ਸਾਦਗੀ ਹੈ, ਨਾਲੇ ਬਲ ਤੇ ਜਾਂਗਲੀ ਸੱਤਾ। ਚਿੱਤਰਾਂ ਦੀ ਬਣਤਰ ਸਿੱਧੀ ਸਾਦੀ, ਪਰ ਪ੍ਰਭਾਵਸ਼ਾਲੀ ਹੁੰਦੀ ਹੈ। ਲਕੀਰਾਂ ਤੇ ਰੰਗ ਸ਼ੋਖ ਤੇ ਪੱਕੇ ਹਨ। ਪਹਾੜੀ ਕਲਾਕਾਰ ਓਹੀ ਵਿਸ਼ੇ ਚੁਣਦੇ ਸਨ ਜਿਨ੍ਹਾਂ ਨੂੰ ਉਹ ਆਪਣੀ ਮਰਦਾਂ ਵਾਲੀ ਖੁਲ੍ਹ ਨਾਲ ਬਿਆਨ ਕਰ ਸਕਦੇ ਸਨ। ਉਨ੍ਹਾਂ ਵਿੱਚ ਕੋਈ ਝਿਜਕ ਤੇ ਸੰਗ ਨਹੀਂ। ਇਨ੍ਹਾਂ ਲੋਕਾਂ ਦੀ ਕਲਾ ਵਿੱਚ ਇਕ ਖੁਲ੍ਹ ਹੈ ਜਿਹੜੀ ਬਾਦ ਦੀ ਕਲਾ ਵਿਚ ਨਹੀਂ ਮਿਲਦੀ। ਕਈ ਵਾਰ ਇਹ ਸਾਦਗੀ ਨਿਰੀ ਸਿੱਧੀ-ਪੱਧਰੀ ਚੀਜ਼ ਹੋ ਕੇ ਰਹਿ ਜਾਂਦੀ ਹੈ ਤੇ ਇਸ ਵਿੱਚੋਂ ਗੌਂਦ ਦਾ ਉਹ ਪ੍ਰਭਾਵ ਨਹੀਂ ਦਿਸਦਾ ਜਿਸ ਦਾ ਕਿਸੇ ਉੱਚੀ ਕਲਾ ਵਿਚ ਹੋਣਾ ਬੜਾ ਜ਼ਰੂਰੀ ਸਮਝਿਆ ਜਾਂਦਾ ਹੈ।

ਕਾਂਗੜੇ ਦੀ ਕਲਾ ਦੇ ਤਿੰਨ ਵੱਡੇ ਕੇਂਦਰ ਹਨ, ਗੁਲੇਰ, ਨੂਰਪੁਰ ਤੇ ਟੀਰਾ-ਸੁਜਾਨਪੁਰ। ਗੁਲੇਰ ਤੇ ਨੂਰਪੁਰ ਮੈਦਾਨਾਂ ਦੇ ਨੇੜੇ ਹਨ, ਸੋ ਉਨ੍ਹਾਂ ਦੇ ਰਾਜੇ ਮੁਗ਼ਲਾਂ ਦੇ ਪ੍ਰਭਾਵ ਹੇਠ ਪਹਿਲਾਂ ਆਏ। ਪਹਾੜੀ ਰਿਆਸਤਾਂ ਵਿੱਚੋਂ, ਚਿੱਤਰਕਾਰੀ ਦੀ ਪਰੰਪਰਾ ਗੁਲੇਰ ਵਿਚ ਸਭ ਤੋਂ ਪੁਰਾਣੀ ਸੀ। ਇੱਥੇ ਅੱਜ ਕਲ ਸਾਨੂੰ ਰਾਜਾ ਰੂਪਚੰਦ, ਮਾਨ ਸਿੰਘ, ਬਿਕਰਮ ਸਿੰਘ, ਰਾਜ ਸਿੰਘ ਤੇ ਦਲੀਪ ਸਿੰਘ ਦੇ ਚਿੱਤਰ ਮਿਲਦੇ ਹਨ, ਪਰ ਸਭ ਤੋਂ ਵਧ ਰਾਜਾ ਗੋਵਰਧਨਚੰਦ (੧੭੪੪–੧੭੭੩ ਈ.) ਦੇ ਸਮੇਂ ਦੇ ਹਨ। ਇਸੇ ਜ਼ਮਾਨੇ ਵਿਚ ਕਾਂਗੜੇ ਦੀ ਕਲਾ ਉਤਪੰਨ ਹੋਈ, ਤੇ ਪ੍ਰਕਾਸ਼ਚੰਦ ਤੇ ਭੂਪ ਸਿੰਘ ਦੇ ਰਾਜ ਵਿਚ ਇਹ ਆਪਣੇ ਸਿਖਰ ਤੇ ਪੁੱਜ ਗਈ ਤੇ ੧੮੭੮ ਈ. ਤਕ ਇੰਵ ਹੀ ਪਰਫੁੱਲਤ ਰਹੀ।

ਕਾਂਗੜੇ ਦੀ ਕਲਾ ਦੇ ਇਕ ਮਹੱਤਵ-ਪੂਰਨ ਕੇਂਦਰ ਨੂਰਪੁਰ ਬਾਬਤ ਬਹੁਤ ਘਟ ਲਿਖਿਆ ਗਿਆ ਹੈ। ਰਾਜਾ ਵਾਸੁਦੇਵ (੧੫੮੦–੧੬੧੩ ਈ.) ਦੀ ਜੰਗ ਮੁਗ਼ਲ ਬਾਦਸ਼ਾਹ ਅਕਬਰ ਨਾਲ ਹੋਈ। ਜਗਤ ਸਿੰਘ (੧੬੧੯–੧੬੪੬ ਈ.) ਨੇ ਜਹਾਂਗੀਰ ਦੀ ਨੌਕਰੀ ਕਰ ਲਈ। ਇਸ ਤਰ੍ਹਾਂ ਉਸ ਨੂੰ ਮੁਗ਼ਲ-ਰਾਜ ਦੀ ਚਿੱਤਰਕਲਾ ਦਾ ਗਿਆਨ ਪ੍ਰਾਪਤ ਹੋਇਆ ਹੋਣਾ ਹੈ। ਰਾਜਾ ਰੂਪ ਸਿੰਘ (੧੬੪੬–੧੬੬੧ ਈ.) ਵੀ ਮੁਗ਼ਲਾਂ ਦੀ ਨੌਕਰੀ ਵਿਚ ਸੀ। ਕੁਝ ਚਿੱਤਰ ਪ੍ਰਿਥਵੀ ਸਿੰਘ (੧੭੩੫–੧੭੮੯ ਈ.) ਦੇ ਸਮੇਂ ਦੇ ਅਜੇ ਵੀ ਮਿਲਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਬੀਰ ਸਿੰਘ (੧੭੮੯–੧੮੪੬ ਈ.) ਦੇ ਜ਼ਮਾਨੇ ਦੇ ਹਨ। ਬੀਰ ਸਿੰਘ, ਪ੍ਰਕਾਸ਼ਚੰਦ ਤੇ ਸੰਸਾਰਚੰਦ ਦਾ ਸਮਕਾਲੀ ਸੀ।

ਚਿੱਤਰਕਲਾ ਦਾ ਸਭ ਤੋਂ ਵਿਗਸਿਤ ਕੇਂਦਰ ਸੰਸਾਰਚੰਦ (੧੭੭੫–੧੮੨੩ ਈ.) ਦੀ ਸਰਪਰਸਤੀ ਹੇਠ ਟੀਰਾ-ਸੁਜਾਨਪੁਰ ਵਿਚ ਸੀ। ਕਾਂਗੜੇ ਦੀ ਕਲਾ ਦੇ ਆਰੰਭਕ ਜ਼ਮਾਨੇ ਦੇ ਸਭ ਚਿੱਤਰ ਏਥੇ ਤੇ ਆਲਮਪੁਰ ਵਿਖੇ ਬਣਾਏ ਗਏ, ਇਸ ਤੋਂ ਬਾਦ ਦੇ ਨਦੌਣ ਵਿਚ ਬਣੇ। ਇਹ ਸਭ ਥਾਵਾਂ ਬਿਆਸ ਦੇ ਕੰਢੇ ਉੱਤੇ ਸਨ । ਅਨੀਰੁਧਚੰਦ (੧੮੨੧–੧੮੩੧ ਈ.) ਦੀਆਂ ਸਿੱਖਾਂ ਨਾਲ ਕਈ ਲੜਾਈਆਂ ਹੋਈਆਂ । ਉਸ ਦੇ ਜ਼ਮਾਨੇ ਵਿਚ ਵੀ ਚਿੱਤਰਕਲਾ ਵਲ ਖ਼ਾਸਾ ਧਿਆਨ ਦਿੱਤਾ ਗਿਆ। ਖ਼ਾਸ ਕਾਂਗੜੇ ਸ਼ਹਿਰ ਵਿਚ ਕਲਾ ਦਾ ਬਹੁਤ ਘਟ ਕੰਮ ਹੋਇਆ । ਇਹ ਸ਼ਹਿਰ ੧੭੮੬ ਈ. ਤੀਕ ਮੁਗਲਾਂ ਦੇ ਕਬਜ਼ੇ ਵਿਚ ਸੀ ਤੇ ੧੮੧੦ ਈ. ਤੋਂ ੧੮੪੬ ਈ. ਤਕ ਸਿੱਖਾਂ ਦੇ ਰਾਜ ਵਿੱਚ ਸੀ।

"ਇਹਸਾਸ-ਭਰੀ, ਗੰਭੀਰ ਤੇ ਨਾਜ਼ੁਕ-ਇਹ ਕਲਾ ਭਾਰਤੀ ਜੀਵਨ ਦੇ ਜ਼ਬਤ ਤੇ ਸ਼ਾਂਤੀ, ਉਸ ਦੀ ਨਿਸਚਿਤ ਧਾਰਮਕਤਾ ਤੇ ਉੱਚ-ਸ਼੍ਰੇਣਿਕ ਪਰਬੰਧ ਦੀ ਪੂਰੀ ਪੂਰੀ ਲਖਾਇਕ ਹੈ । ਇਹ ਕਲਾ ਟਿਕੇ ਹੋਏ ਜਜ਼ਬਿਆਂ ਤੇ ਸੁੱਚੇ ਇਹਸਾਸ ਨੂੰ ਮੂਰਤੀਮਾਨ ਕਰਦੀ ਹੈ।" ਕੁਮਾਰ ਸਵਾਮੀ ਦੇ ਰਾਜਪੂਤ-ਕਲਾ ਬਾਰੇ ਕਹੇ ਇਹ ਸ਼ਬਦ ਕਾਂਗੜੇ ਦੀ ਕਲਮ ਬਾਰੇ ਇੰਨ-ਬਿੰਨ ਢੁਕਦੇ ਹਨ। ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਦੇ ਜੀਵਨ ਦੀਆਂ ਝਾਕੀਆਂ ਨੂੰ ਇਸ ਕਲਾ ਵਿਚ ਨਵੇਂ ਢੰਗ ਨਾਲ ਚਿੱਤਰਿਆ ਗਿਆ। ਕ੍ਰਿਸ਼ਨ ਲੀਲ੍ਹਾ ਨੂੰ ਇਸ ਦੇ ਸਮੂਹ ਸ਼ਿੰਗਾਰ-ਰਸੀ ਪ੍ਰਭਾਵਾਂ ਨਾਲ ਦਰਸਾਇਆ ਗਿਆ; ਸ਼ਿਵ-ਪਾਰਬਤੀ ਵਾਲੇ ਲੋਕ-ਸਾਹਿੱਤ ਨੂੰ ਇਕ ਨਵਾਂ ਰੰਗ ਦਿੱਤਾ ਗਿਆ ਤੇ ਕੇਸ਼ਵਦਾਸ ਦੀ ਕਵਿਤਾ ਨੂੰ ਤਾਂ ਜਿਵੇਂ ਮੁੜ ਜੀਵਿਤ ਕਰ ਦਿੱਤਾ ਗਿਆ।

ਸਭਿਆਚਾਰਕ ਦ੍ਰਿਸ਼ਟੀਕੋਣ ਤੋਂ ਕਾਂਗੜੇ ਦੀ ਕਲਾ ਵਿਸ਼ੇਸ਼ ਮਹੱਤਤਾ ਵਾਲੀ ਹੈ। ਇਸ ਦੇ ਸੰਕੇਤ ਅਸਲੀਅਤ ਨੂੰ ਦਰਸਾਉਂਦੇ ਹਨ ਤੇ ਜਿੱਥੇ ਕਿਤੇ ਕਿਸੇ ਵੀ ਕਲਾਕਾਰ ਨੇ ਆਪਣੇ ਕਿਆਸ ਤੋਂ ਕੰਮ ਲਿਆ ਹੈ, ਓਥੇ ਅਣਹੋਣੀ ਦਾ ਇਹਸਾਸ ਨਹੀਂ ਹੁੰਦਾ। ਇਸ ਕਲਮ ਦੀ ਸ਼ੈਲੀ ਆਜ਼ਾਦ ਹੈ ਤੇ ਇਸ ਵਿੱਚ ਇੱਥੋਂ ਦੀ ਧਰਤੀ ਦਾ ਰੰਗ ਹੈ। ਕਿਤੇ ਵੀ ਜ਼ੋਰ ਲਾ ਕੇ ਕੋਈ ਰੰਗ ਪੈਦਾ ਨਹੀਂ ਕੀਤਾ ਹੁੰਦਾ। ਸਭ ਚਿੱਤਰ ਇਉਂ ਰਵਾਂ ਹਨ ਜਿਵੇਂ ਸੰਗੀਤ ਦਾ ਪਰਵਾਹ ਹੁੰਦਾ ਹੈ। ਜੋ ਕੁਝ ਇਹ ਚਿੱਤਰਕਾਰ ਕਹਿਣਾ ਚਾਹੁੰਦੇ ਸਨ, ਉਹ ਅਤਿਅੰਤ ਸਚਾਈ ਨਾਲ ਕਹਿ ਸਕੇ ਹਨ । ਬੁਣਤ ਸੀਮਿਤ ਹੈ ਤੇ ਅੰਗਾਂ ਤੇ ਨਜ਼ਾਰਿਆਂ ਨੂੰ ਚਿੱਤਰਨ ਵਿਚ ਕਲਾਕਾਰ ਸਿੱਕੇਬੰਦ ਗੁਣਾਂ ਦੀ ਹੀ ਵਰਤੋਂ ਕਰਦੇ ਹਨ, ਤਾਂ ਵੀ ਸਮੂਹਕ ਪ੍ਰਭਾਵ ਬਹੁਤ ਸੁੰਦਰ ਹੁੰਦਾ ਹੈ ਕਿਉਂਕਿ ਪੂਰੇ ਹੋਏ ਚਿੱਤਰ ਬੰਦਸ਼ਾਂ ਤੋਂ ਉੱਤੇ ਉੱਠ ਕੇ ਅਤਿਅੰਤ ਆਕਰਸ਼ਕ ਹੋ ਜਾਂਦੇ ਹਨ। ਇਸੇ ਵਿਚ ਹੀ ਕਾਂਗੜੇ ਦੀ ਕਲਮ ਦੀ ਵਡਿਆਈ ਹੈ।

ਕਾਂਗੜੇ ਦੀ ਕਲਾ ਦੀਆਂ ਧਾਰੀਆਂ ਕੁਝ ਇਹੋ ਜਹੀਆਂ ਹਨ ਜਿਵੇਂ ਕਵਿਤਾ ਦਾ ਬਹਿਰ ਜਾਂ ਗੀਤਾਂ ਦਾ ਸੰਗੀਤ ਹੋਵੇ। ਨਜ਼ਰ ਅੱਤ ਸਰਲਤਾ ਨਾਲ ਚਿੱਤਰਾਂ ਉੱਤੇ ਫਿਰਦੀ ਜਾਂਦੀ ਹੈ – ਇਕ ਰਵਾਨੀ ਨਾਲ, ਜਿਹੋ ਜਹੀ ਰਵਾਨੀ ਕਿਸੇ ਨਦੀ ਦੀ ਹੁੰਦੀ ਹੈ । ਧਾਰੀਆਂ ਦੇ ਮੋੜ ਤੋੜ ਅਤਿਅੰਤ ਸੁੰਦਰ ਤੇ ਦ੍ਰਿਸ਼ਟੀ ਨੂੰ ਸੁਖਾਵੇਂ ਪਰਤੀਤ ਹੁੰਦੇ ਹਨ।

ਸਰਪਰਸਤਾਂ ਦੇ ਸੁਆਦਾਂ ਵਿਚ ਪਰੀਵਰਤਨ ਤੇ ਸੂਫ਼ੀ ਮਤ ਦੇ ਪਰਚਾਰ ਨਾਲ ਕਾਂਗੜੇ ਦੀ ਕਲਾ ਵਿਚ ਵੀ ਤਬਦੀਲੀ ਆਈ। ਮੂਰਤਾਂ ਵਧੇਰੇ ਜਾਨਦਾਰ ਤੇ ਧਾਰੀਆਂ ਸੁਚੱਜੀਆਂ ਹੁੰਦੀਆਂ ਗਈਆਂ । ਮਰਦਾਂ, ਔਰਤਾਂ ਦੀ ਸਰੀਰਕ ਸੁੰਦਰਤਾ ਵਲ ਵਧੇਰੇ ਧਿਆਨ ਦਿੱਤਾ ਜਾਣ ਲੱਗਾ। ਇਸਤਰੀਆਂ ਬਾਂਕੀਆਂ ਤੇ ਉੱਚੀਆਂ ਲੰਮੀਆਂ ਹਨ, ਉਨ੍ਹਾਂ ਦੀਆਂ ਅੱਖਾਂ ਮੋਟੀਆਂ ਮੋਟੀਆਂ ਤੇ ਗੋਲ ਗੋਲ ਹਨ ਤੇ ਉਨ੍ਹਾਂ ਦੇ ਕੱਦ ਬੁੱਤ ਅਤਿਅੰਤ ਸੁਚੱਜਤਾ ਨਾਲ ਚਿੱਤਰੇ ਗਏ ਹਨ। ਕਾਂਗੜੇ ਦੀ ਕਲਾ ਵਿਚ ਇਕ ਸੂਖਮ ਹੁਸਨ ਆ ਗਿਆ ਤੇ ਚਿੱਤਰਾਂ ਵਿਚ ਉਹ ਨਾਜ਼ਕ ਭਾਹ ਦਰਸਾਈ ਗਈ ਜਿਸ ਦਾ ਬਾਦ ਵਿਚ ਇਤਨਾ ਚਰਚਾ ਹੋਇਆ।

ਪਰ ਇਸ ਕਲਾ ਦੀ ਅੰਤਰੀਵ ਸੱਤਾ ਤੇ ਇਸ ਦੀ ਸੁਭਾਵਕ ਸੁੰਦਰਤਾ ਜ਼ਿਆਦਾ ਦੇਰ ਕਾਇਮ ਨਾ ਰਹਿ ਸਕੀ। ਛੇਤੀ ਹੀ ਸਜਾਵਟ ਵਲ ਵਧੇਰੇ ਧਿਆਨ ਦਿੱਤਾ ਜਾਣ ਲੱਗ ਪਿਆ, ਕਲਾਕਾਰ ਵਾਧੂ ਵਿਸਤਾਰ ਤੇ ਬੇਲੋੜੀਆਂ ਬਾਰੀਕੀਆਂ ਵਿਚ ਪੈ ਗਏ ਤੇ ਕਲਾ ਦੇ ਅਸਲੀ ਗੁਣ ਨੂੰ ਗਵਾ ਬੈਠੇ। ਅਕਸਰ ਪੁਰਾਣੇ ਚਿੱਤਰਾਂ ਤੋਂ ਪ੍ਰੇਰਨਾ ਲਈ ਜਾਂਦੀ

ਤੇ ਅਸਲੀ ਮਘਦੇ ਜੀਵਨ ਵਲ ਧਿਆਨ ਨਾ ਕੀਤਾ ਜਾਂਦਾ। ਰਾਜ-ਦਰਬਾਰ ਦੀ ਸਰਪਰਸਤੀ ਵੀ ਜਾਂਦੀ ਰਹੀ ਤੇ ਇਸ ਜ਼ਮਾਨੇ ਦਾ ਕਲਾਕਾਰ ਭਾਵੇਂ ਕੰਮ ਕਰਦਾ ਸੀ, ਪਰ ਉਸ ਦੀ ਕਲਮ ਵਿੱਚੋਂ ਉਹ ਤਾਕਤ ਜਾਂਦੀ ਰਹੀ। ਪੁਰਾਣੇ ਗੁਰਾਂ ਨੂੰ ਮੁੜ ਮੁੜ ਕੇ ਦੁਹਰਾਇਆ ਜਾਣ ਲਗ ਪਿਆ ਤੇ ਇਉਂ ਕਾਂਗੜੇ ਦੀ ਕਲਮ ਬਿਲਕੁਲ ਕਮਜ਼ੋਰ ਤੇ ਬੇਜਾਨ ਹੋ ਗਈ।

ਅਠਾਰ੍ਹਵੀਂ ਸਦੀ ਦੇ ਮੱਧ ਵਿਚ ਕਾਂਗੜੇ ਦੀ ਕਲਾ ਦਾ ਇਸ ਵਾਦੀ ਵਿਚ ਜਨਮ ਤੇ ਉਨ੍ਹੀਵੀਂ ਸਦੀ ਵਿਚ ਇਸ ਦਾ ਪ੍ਰਸਾਰ ਭਾਰਤੀ ਕਲਾ ਦੇ ਇਤਿਹਾਸ ਵਿਚ ਇਕ ਅਜੂਬਾ ਹੈ, ਤੇ ਇਸ ਦਾ ਇਕਦਮ ਮਿਟ ਜਾਣਾ ਵੀ ਸਮਝ ਵਿਚ ਨਹੀਂ ਆਉਂਦਾ। ਵਾਦੀ ਉਹੀ ਹੈ, ਇਸ ਦੇ ਵਗਦੇ ਦਰਿਆ ਤੇ ਉਮ੍ਹਲਦੇ ਚਸ਼ਮੇ ਵੀ ਉਹੀ ਹਨ, ਪਰ ਉਹ ਕਲਾਕਾਰ ਕਿਤੇ ਅਲੋਪ ਹੋ ਗਏ ਹਨ। ਹਰੀਪੁਰ, ਸੁਜਾਨਪੁਰ ਤੇ ਨਦੌਣ ਦੇ ਖੰਡਰਾਂ ਵਿਚ ਫਿਰਦਿਆਂ ਉਨ੍ਹਾਂ ਮਹਿਲਾਂ ਦੀ ਸ਼ਾਨ ਦਾ ਅੰਦਾਜ਼ਾ ਹੁੰਦਾ ਹੈ, ਪਰ ਉਨ੍ਹਾਂ ਦੀ ਸੰਸਕ੍ਰਿਤੀ ਹੁਣ ਬਾਕੀ ਨਹੀਂ ਰਹੀ।

ਕਾਂਗੜੇ ਦੀ ਕਲਾ ਦੇ ਵਿਸ਼ੇਸ਼ ਗੁਣ ਇਹ ਹਨ : ਰੇਖਾਵਾਂ ਦੀ ਕੋਮਲਤਾ, ਰੰਗਾਂ ਦੀ ਸ਼ੋਖੀ ਤੇ ਸਜਾਵਟ ਦੇ ਵਿਸਤਾਰਾਂ ਦੀ ਬਰੀਕੀ। ਅਜੰਤਾ ਦੀ ਕਲਾ ਵਾਂਗਰ ਕਾਂਗੜੇ ਦੀ ਕਲਾ ਵੀ ਧਾਰੀਆਂ ਦੀ ਕਲਾ ਹੈ। ਜਿਵੇਂ ਕੁਮਾਰ-ਸਵਾਮੀ ਨੇ ਕਿਹਾ ਹੈ ਕਿ ਬਲਵਾਨ ਪ੍ਰਾਚੀਨ ਰੂਪ-ਰੇਖਾ ਇਸ ਦੀ ਬੋਲੀ ਦੀ ਬੁਨਿਆਦ ਹੈ। ਰੇਖਾਵਾਂ ਦੀ ਇਹ ਕੋਮਲਤਾ ਗਲਹਿਰੀ ਦੇ ਬਰੀਕ ਵਾਲਾਂ ਦੇ ਬਣਾਏ ਬੁਰਸ਼ਾਂ ਦੁਆਰਾ ਪ੍ਰਾਪਤ ਕੀਤੀ ਗਈ।

ਪਹਿਲਾਂ ਨਕਸ਼ਾ ਬਦਾਮੀ ਰੰਗ ਦੇ ਹੱਥ ਦੇ ਬਣਾਏ ਸਿਆਲਕੋਟੀ ਕਾਗਜ਼ ਤੇ ਵਾਹਿਆ ਜਾਂਦਾ ਸੀ। ਫੇਰ ਇਸ ਤੇ ਸਫ਼ੈਦੀ ਫੇਰ ਕੇ ਕਾਗਜ਼ ਨੂੰ ਕੂਲਾ ਕਰ ਲਿਆ ਜਾਂਦਾ ਸੀ। ਫੇਰ ਇਸ ਉੱਤੇ ਗੇਰੂਏ ਰੰਗ ਨਾਲ ਰੂਪ-ਰੇਖਾ ਵਾਹੀ ਜਾਂਦੀ ਸੀ। ਫੇਰ ਇਸ ਵਿਚ ਰੰਗ ਭਰੇ ਜਾਂਦੇ ਸਨ, ਪਹਿਲਾਂ ਪਿਛਵਾੜੇ ਵਿਚ ਤੇ ਫੇਰ ਮੂਰਤਾਂ ਵਿਚ। ਇਸ ਤੋਂ ਪਿੱਛੋਂ ਰੂਪ-ਰੇਖਾ ਨੂੰ ਫੇਰ ਵਾਹਿਆ ਜਾਂਦਾ ਤੇ ਚਿੱਤਰ ਇਸ ਤਰ੍ਹਾਂ ਸੰਪੂਰਨ ਹੁੰਦਾ। ਅਕਸਰ ਰੰਗ ਭਰਨ ਦਾ ਕੰਮ ਸ਼ਾਗਿਰਦਾਂ ਤੇ ਛਡ ਦਿਤਾ ਜਾਂਦਾ ਸੀ।

ਕਾਂਗੜੇ ਦੇ ਕਲਾਕਾਰ ਪੀਲਾ, ਲਾਲ, ਨੀਲਾ ਆਦਿ ਸੁੱਚੇ ਰੰਗ ਹੀ ਵਰਤਦੇ ਸਨ। ਇਸੇ ਕਰਕੇ ਇਨ੍ਹਾਂ ਦੇ ਚਿੱਤਰਾਂ ਦੀ ਸ਼ੋਖੀ ਅਜੇ ਤੀਕ ਕਾਇਮ ਹੈ, ਭਾਵੇਂ ਦੋ ਸੌ ਸਾਲ ਗੁਜ਼ਰ ਚੁੱਕੇ ਹਨ। ਕਈ ਅਪੂਰਨ ਚਿੱਤਰ ਵੀ ਮਿਲੇ ਹਨ ਜਿਨ੍ਹਾਂ ਵਿਚ ਵਰਤੇ ਜਾਣ ਵਾਲੇ ਰੰਗ ਦੱਸੇ ਹੋਏ ਹਨ। ਇਨ੍ਹਾਂ ਖ਼ਾਕਿਆਂ ਨੂੰ ਲੋਕੀ ਸਾਂਭ ਸਾਂਭ ਰਖਦੇ ਸਨ ਤੇ ਉਨ੍ਹਾਂ ਨੂੰ ਥੋੜ੍ਹੀ ਬਹੁਤ ਤਬਦੀਲੀ ਨਾਲ ਨਵੇਂ ਚਿੱਤਰ ਬਣਾਉਣ ਲਈ ਵਰਤਦੇ ਰਹੇ।

ਕਾਂਗੜੇ ਦੀ ਕਲਾ ਵਿਚ ਦ੍ਰਿਸ਼ਟੀਕੋਣ ਦਾ ਕੋਈ ਖ਼ਿਆਲ ਨਹੀਂ ਰਖਿਆ ਗਿਆ, ਪਰ ਅਤਿਅੰਤ ਸ਼ੋਖ ਰੰਗ ਤੇ ਸੁੰਦਰ ਰੇਖਾਵਾਂ ਇਸ ਤ੍ਰੁੱਟੀ ਨੂੰ ਪੂਰਾ ਕਰ ਦਿੰਦੀਆਂ ਹਨ। ਮਰਦਾਂ ਔਰਤਾਂ ਦੇ ਚਿੱਤਰ – ਵਿਸ਼ੇਸ਼ ਕਰਕੇ ਔਰਤਾਂ ਦੇ – ਸਿਮਰਤੀ ਦੇ ਆਧਾਰ 'ਤੇ ਬਣਾਏ ਜਾਂਦੇ ਸਨ। ਇਹੀ ਕਾਰਨ ਹੈ ਕਿ ਇਸਤਰੀਆਂ ਦੇ ਚਿੱਤਰ ਇੱਕੋ ਜਹੇ ਜਾਪਦੇ ਹਨ – ਹਿਰਨਾਂ ਵਰਗੀਆਂ ਅੱਖਾਂ, ਤਿੱਖੇ ਨੱਕ ਤੇ ਗੋਲ ਗੁਦਲੀਆਂ ਠੋਡੀਆਂ। ਹਰ ਕਲਾਕਾਰ ਨੇ ਚਿਹਰਿਆਂ ਦੇ ਚਿੱਤਰਨ ਦਾ ਆਪਣਾ ਹੀ ਗੁਰ ਘੜਿਆ ਹੋਇਆ ਸੀ। ਭਾਵੇਂ ਕਾਂਗੜੇ ਦੀ ਕਲਾ ਜ਼ਿਆਦਾਤਰ ਬੇਨਾਮ ਹੈ, ਪਰ ਕਿਤੇ ਕਿਤੇ ਇਕੋ ਹੀ ਕਲਾਕਾਰ ਦੇ ਚਿੱਤਰ ਚੁਣੇ ਜਾ ਸਕਦੇ ਹਨ। ਤਕਰੀਬਨ ਸਾਰੇ ਹੀ ਚਿਹਰੇ ਇੱਕੋ ਪਾਸਿਉਂ ਵਾਹੇ ਹੋਏ ਹੁੰਦੇ ਹਨ। ਸ਼ਾਇਦ ਇਉਂ ਕਰਨਾ ਸੌਖਾ ਹੁੰਦਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਕਾਂਗੜੇ ਦੀਆਂ ਇਸਤਰੀਆਂ ਦੀ ਸੁੰਦਰਤਾ ਇਉਂ ਵਾਹੁਣ ਨਾਲ ਜ਼ਿਆਦਾ ਫਬਦੀ ਹੋਵੇ।

ਕੋਈ ਕੋਈ ਚਿੱਤਰ ਛੱਡ ਕੇ ਕਾਂਗੜੇ ਦੇ ਚਿੱਤਰਕਾਰਾਂ ਦੇ ਨਾਂਵਾਂ ਦਾ ਕੁਝ ਪਤਾ ਨਹੀਂ। ਗੁਲੇਰ ਦੇ ਕੁਝਕੁ ਚਿੱਤਰ ਗੁਰਸਹਾਏ ਦੀ ਸਹੀ ਨਾਲ ਮਿਲਦੇ ਹਨ, ਪਰ ਕਲਾਕਾਰ ਬਾਬਤ ਕੋਈ ਜਾਣਕਾਰੀ ਉਪਲਭਧ ਨਹੀਂ। ਸੰਸਾਰਚੰਦ ਦੇ ਦਰਬਾਰ ਵਿਚ ਕ੍ਰਿਸ਼ਨਲਾਲ, ਹਸਤੂ ਤੇ ਪੁਰਖੂ ਨਾਂ ਦੇ ਕਲਾਕਾਰਾਂ ਦਾ ਜ਼ਿਕਰ ਆਉਂਦਾ ਹੈ। ਪੁਰਖੂ ਕੋਮਲ ਅੰਗਾਂ ਤੇ ਧੀਮੇ ਰੰਗਾਂ ਦਾ ਮਾਹਿਰ ਸੀ। ਉਸ ਦੇ ਪੁੱਤਰ ਰਾਮਦਿਆਲ ਦਾ ਜਿਸ ਵਿਚ ਆਪਣੇ ਪਿਤਾ ਦੇ ਬਹੁਤ ਸਾਰੇ ਗੁਣ

ਸਨ, ਵਰਣਨ ਵੀ ਮਿਲਦਾ ਹੈ।

ਇਕ ਗੱਲੋਂ ਕਾਂਗੜੇ ਦੀ ਕਲਾ ਦਾ ਬੇਨਾਮ ਹੋਣਾ ਚੰਗਾ ਹੀ ਹੈ। ਅਸੀਂ ਕਲਾ ਵਲ ਜ਼ਿਆਦਾ ਧਿਆਨ ਦਿਦੇ ਹਾਂ ਤੇ ਕਲਾਕਾਰਾਂ ਦੇ ਜੀਵਨ-ਵਿਸਤਾਰ ਵਿਚ ਉਲਝ ਕੇ ਨਹੀਂ ਰਹਿ ਜਾਂਦੇ।

ਕਾਂਗੜੇ ਦੀ ਕਲਾ ਦਾ ਸ਼੍ਰੋਮਣੀ ਮਜ਼ਮੂਨ ਪ੍ਰੇਮ ਦੇ ਜਜ਼ਬੇ ਦਾ ਚਿੱਤਰਨ ਹੈ ਤੇ ਇਸ ਜਜ਼ਬੇ ਨੂੰ ਕਲਾਕਾਰ ਇਕ ਮਿਠਾਸ ਨਾਲ, ਇਕ ਵਹਾਉ ਨਾਲ, ਇਕ ਸੁਰੂੱਪ ਨਾਲ, ਇਕ ਸੁਚੱਜਤਾ ਨਾਲ ਪੇਸ਼ ਕਰਦੇ ਹਨ, ਜਿਵੇਂ ਕੁਮਾਰ ਸਵਾਮੀ ਨੇ ਕਿਹਾ ਹੈ "ਜੋ ਕੁਝ ਚੀਨੀ ਕਲਾ ਨੇ ਪ੍ਰਕਿਰਤੀ-ਚਿੱਤਰਨ ਲਈ ਕੀਤਾ ਹੈ ਉਹੀ ਕੁਝ ਕਾਂਗੜੇ ਦੀ ਕਲਾ ਨੇ ਪ੍ਰੇਮ ਦੇ ਭਾਵਾਂ ਨੂੰ ਦਰਸਾਉਣ ਲਈ ਕੀਤਾ ਹੈ"। ਮੁੜ ਮੁੜ ਕਾਂਗੜੇ ਦੀ ਕਲਾ ਵਿਚ ਇਹੀ ਮਜ਼ਮੂਨ ਵੇਖਣ ਵਿਚ ਆਉਂਦਾ ਹੈ। ਭਾਵੇਂ ਰਾਗ ਰਾਗਣੀਆਂ ਨੂੰ ਦਰਸਾਇਆ ਜਾ ਰਿਹਾ ਹੋਵੇ, ਭਾਵੇਂ ਰਾਧਾ ਕ੍ਰਿਸ਼ਨ ਨੂੰ ਤੇ ਭਾਵੇਂ ਸ਼ਿਵ ਪਾਰਬਤੀ ਨੂੰ, ਹਰ ਰੂਪ ਵਿਚ ਪੁਰਸ਼ ਤੇ ਇਸਤਰੀ ਦੇ ਪ੍ਰੇਮ ਦਾ ਜ਼ਿਕਰ ਜ਼ਰੂਰ ਹੋਵੇਗਾ। ਕਾਂਗੜੇ ਦੇ ਕਲਾਕਾਰਾਂ ਲਈ ਔਰਤ ਦੇ ਅੰਗਾਂ ਦੀ ਸੁੰਦਰਤਾ ਦਾ ਚਿੱਤਰਨ ਸਭ ਤੋਂ ਜ਼ਿਆਦਾ ਮਹੱਤਵ-ਪੂਰਨ ਸੀ। ਔਰਤ ਦੀ ਹੀ ਸੁੰਦਰਤਾ ਪ੍ਰਕਿਰਤੀ ਵਿਚ ਦਰਸਾਈ ਗਈ; ਲੰਮੇ ਲੰਮੇ ਬਾਂਸਾਂ ਦੇ ਸੰਘਣੇ ਝੁੰਡਾਂ ਤੇ ਬੱਦਲਾਂ ਦੇ ਪਰਛਾਵਿਆਂ ਵਿਚ ਉਹ ਔਰਤ ਦੀਆਂ ਕਾਲੀਆਂ ਜ਼ੁਲਫ਼ਾਂ ਨੂੰ ਨਿਹਾਰਦੇ ਰਹੇ।

ਮਿਸਟਰ ਡਬਲਯੂ. ਜੀ. ਆਰਚਰ ਨੇ ਕਾਂਗੜੇ ਦੀ ਕਲਾ ਵਿਚ ਲਿੰਗ-ਵਾਸ਼ਨਾ ਦੇ ਚਿੰਨ੍ਹਾਂ ਦਾ ਉਲੇਖ ਕਰ ਕੇ ਚਿੱਤਰ-ਕਲਾ ਦੀ ਪੜਚੋਲ ਵਿਚ ਬੜਾ ਵਾਧਾ ਕੀਤਾ ਹੈ। ਇਸ ਗੱਲ ਦਾ ਨਿਰਣਾ ਕਠਨ ਹੈ ਕਿ ਇਹ ਚਿੰਨ੍ਹ ਜਾਣ ਬੁੱਝ ਕੇ ਵਰਤੇ ਗਏ ਸਨ ਜਾਂ ਕਲਾਕਾਰਾਂ ਦੇ ਅਚੇਤ ਮਨ ਵਿਚ ਪਏ ਸੰਸਕਾਰਾਂ ਦਾ ਸਿੱਟਾ ਸਨ। ਅਠਾਰ੍ਹਵੀਂ ਤੇ ਉਨ੍ਹੀਂਵੀ ਸਦੀ ਦੇ ਸ਼ੁਰੂ ਦਾ ਰਾਜਪੂਤ ਸਮਾਜ ਬੜਾ ਕਟੜ ਸੀ ਜਿਸ ਕਰਕੇ ਇਸ਼ਕਬਾਜ਼ੀ ਨੂੰ ਬਹੁਤ ਘਿਰਣਾ ਨਾਲ ਵੇਖਿਆ ਜਾਂਦਾ ਸੀ। ਆਮ ਲੋਕਾਂ ਦੇ ਜਜ਼ਬਿਆਂ ਨੂੰ ਧਰਮ ਦੇ ਨਾਂ ਹੇਠ ਦਬਾ ਕੇ ਰਖਿਆ ਜਾਂਦਾ ਸੀ, ਤੇ ਹੋ ਸਕਦਾ ਹੈ ਅਮੀਰ ਲੋਕ ਆਪਣੀਆਂ ਕੁਦਰਤੀ ਰੁਚੀਆਂ ਨੂੰ ਇਸ ਤਰ੍ਹਾਂ ਦੇ ਚਿੱਤਰਾਂ ਦੁਆਰਾ ਪਰਗਟਾ ਲੈਂਦੇ ਹੋਣ।

ਪ੍ਰੇਮ ਦੇ ਇਹ ਚਿੱਤਰ ਜਜ਼ਬਿਆਂ ਨਾਲ ਭਰਪੂਰ ਹਨ ਤੇ ਅਤਿਅੰਤ ਸੁੰਦਰ ਮੰਨੇ ਜਾਂਦੇ ਹਨ। ਹਿਮਾਲਾ ਪਹਾੜ ਦੀ ਗੋਦੀ ਵਿਚ ਜੀਵਨ ਖ਼ਤਰਿਆਂ ਨਾਲ ਪਰੁੱਚਿਆ ਹੁੰਦਾ ਸੀ ਤੇ ਮੌਤ ਦਾ ਖ਼ਤਰਾ ਕੇਵਲ ਲੜਾਈ ਦੇ ਮੈਦਾਨ ਵਿਚ ਹੀ ਨਹੀਂ ਸੀ ਹੁੰਦਾ, ਇਹਦਾ ਡਰ ਸੰਘਣੇ ਜੰਗਲਾਂ ਵਿਚ ਵੀ, ਜਿਨ੍ਹਾਂ ਨਾਲ ਇਹ ਪ੍ਰਦੇਸ਼ ਅੱਟਿਆ ਪਿਆ ਸੀ, ਉਤਨਾ ਹੀ ਹੁੰਦਾ ਸੀ। ਜਦੋਂ ਮਰਦ ਘਰ ਮੁੜਦੇ ਸਨ ਤਾਂ ਇਸਤਰੀਆਂ ਦੀ ਜਾਨ ਵਿਚ ਜਾਨ ਆਉਂਦੀ ਸੀ ਤੇ ਇਹ ਮਿਲਾਪ ਇਸ ਲਈ ਹੋਰ ਭੀ ਸੁਆਦਲਾ ਹੋ ਜਾਂਦਾ ਸੀ।

ਕਾਂਗੜੇ ਦੀ ਕਲਮ ਵਿਚ ਪ੍ਰਕਿਰਤੀ ਦਾ ਪਿਆਰ ਵੀ ਬਹੁਤ ਗਹਿਰਾ ਦਿਖਾਈ ਦਿੰਦਾ ਹੈ। ਇੱਥੋਂ ਦਾ ਲਾਂਭ ਚਾਂਭ ਬਿਆਸ ਦੀ ਹੇਠਲੀ ਵਾਦੀ ਵਰਗਾ ਹੈ; ਵਿੰਗੀਆਂ ਟੇਢੀਆਂ ਮਧਰੀਆਂ ਮਧਰੀਆਂ ਪਹਾੜੀਆਂ, ਛਤਰੀਆਂ ਵਾਂਗ ਪਿੱਪਲ, ਬੋਹੜ ਤੇ ਅੰਬਾਂ ਦੇ ਰੁੱਖਾਂ ਦੇ ਝੁੰਡਾਂ ਦੇ ਝੁੰਡ, ਬਾਂਸ ਦੇ ਝਾੜਾਂ ਵਿਚ ਲੁਕੀਆਂ ਕਿਸਾਨਾਂ ਦੀਆਂ ਝੁੱਗੀਆਂ, ਧੌਲਾ-ਧਾਰ ਦੇ ਬਰਫ਼ਾਨੀ ਪਾਣੀ ਨਾਲ ਉਮ੍ਹਲਦੇ ਚਸ਼ਮੇ ਜਿਨ੍ਹਾਂ ਵਿਚ ਪ੍ਰੇਮ ਵਿਚ ਮਸਤ ਸਾਰਸਾਂ ਦੇ ਜੋੜੇ ਮੰਡਲਾਉਂਦੇ ਰਹਿੰਦੇ ਹਨ। ਇਹ ਸਭ ਕੁਝ ਇਸ ਇਲਾਕੇ ਵਿਚ ਹਮੇਸ਼ ਹਮੇਸ਼ ਤੋਂ ਹੈ। ਇਸ ਲਾਂਭੇ-ਚਾਂਭੇ ਵਿਚ ਪਿਆਰ ਦਾ ਜਜ਼ਬਾ ਉਲੀਕਿਆ ਹੋਵੇ ਤਾਂ ਕਲਾਕਾਰ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਜਿਵੇਂ ਓਕਾਕੂਰਾ ਨੇ ਇਕ ਥਾਂ ਕਿਹਾ ਹੈ, "ਕੁਦਰਤ ਦੇ ਸੁਹਜ ਦੇ ਵਿੱਕੋਲਿੱਤਰੇ ਟੁਕੜੇ, ਕਾਲੇ ਕਾਲੇ, ਸੁੱਤੇ ਸੁੱਤੇ ਬੱਦਲ, ਚੀਲ੍ਹ ਦੇ ਦਰੱਖ਼ਤਾਂ ਦੀ ਗੰਭੀਰ ਚੁੱਪ, ਬਰਫ਼ ਦੀ ਅਹਿਲ ਸ਼ਾਂਤੀ, ਗਹਿਰੇ ਪਾਣੀਆਂ ਦੇ ਉੱਤੇ ਕਮਲ ਦੀ ਸੂੱਛਤਾ, ਅਲੂਚੇ ਦੇ ਫੁੱਲਾਂ ਦੀ ਸੁਗੰਧੀ, ਕੁਆਰੀ ਜਵਾਨੀ ਦੇ ਪਹਿਰਾਵੇ ਉੱਤੇ ਸ਼ਹੀਦ ਦਾ ਲਹੂ, ਕਿਸੇ ਬੀਰ ਸਿਪਾਹੀ ਦੇ ਬੁਢਾਪੇ ਵਿਚ ਕਿਰੇ ਅੱਥਰੂ, ਲੜਾਈ ਦੀ ਹੈਬਤ ਤੇ ਕਿਸੇ ਸ਼ਾਨਦਾਰ ਜੀਵਨ ਦੀ ਸ਼ਾਨ, ਇਹ ਕੁਝ ਦ੍ਰਿਸ਼ ਹਨ ਜਿਨ੍ਹਾਂ ਵਿਚ ਇਕ ਕਲਾਕਾਰ, ਆਪਣੀ ਕਲਾ ਨੂੰ ਜਨਮ ਦੇਣ ਤੋਂ ਪਹਿਲਾਂ ਗੜੂੰਦ ਕਰ ਲੈਂਦਾ ਹੈ। ਇਸ ਤਰ੍ਹਾਂ ਕਲਾ ਮਜ਼੍ਹਬ ਜਿੱਡੀ ਮਹੱਤਤਾ ਰਖਦੀ



ਵਿਪ੍ਰਲਬਧਾ ਨਾਇਕਾ

ਹੈ, ਜਿਵੇਂ ਪਿਆਰ ਆਪ ਕਿਸੇ ਕਦੀਮੀ ਪਿਆਰ ਦੀ ਭਾਲ ਵਿਚ ਸਾਰੇ ਭੂਤ ਕਾਲ ਦੀ ਯਾਦ ਸਾਂਭ, ਸਾਰੇ ਭਵਿੱਸ਼ ਤੇ ਇਕ ਦ੍ਰਿਸ਼ਟੀ ਰੱਖ ਕੇ ਯਾਤਰਾ ਲਈ ਤੁਰ ਪਵੇ।

## ਰੁੱਤਾਂ

ਹਿੰਦੂਆਂ ਨੇ ਸਾਲ ਨੂੰ ਛੇ ਰੁੱਤਾਂ ਵਿਚ ਵੰਡਿਆ ਹੈ। ਹਰ ਰੁੱਤ ਦੇ ਦੋ ਮਹੀਨੇ ਹੁੰਦੇ ਹਨ। ਜੇਠ ਹਾੜ ਵਿਚ ਗਰਮੀ ਧਰਤੀ ਨੂੰ ਲੂਹ ਕੇ ਰੱਖ ਦਿੰਦੀ ਹੈ। ਫੇਰ ਸਾਵਣ ਭਾਦਰੋਂ ਵਿਚ ਬਾਰਸ਼ਾਂ ਹੁੰਦੀਆਂ ਹਨ। ਅੱਸੂ ਵਿਚ, ਜਦੋਂ ਆਕਾਸ਼ ਸਾਫ਼ ਸ਼ਫ਼ਾਫ਼ ਹੁੰਦਾ ਹੈ ਤੇ ਪਤਝੜ ਸ਼ੁਰੂ ਹੋ ਜਾਂਦੀ ਹੈ, ਸੂਰਜ ਦੇ ਡੁੱਬਣ ਦੇ ਸੁਨਹਿਰੀ ਦ੍ਰਿਸ਼ ਦਿਲ ਨੂੰ ਖਿੱਚਦੇ ਹਨ। ਕੱਤਕ ਦੇ ਮਹੀਨੇ ਵਿਚ ਰਾਤਾਂ ਚੰਨ-ਚਾਨਣੀ ਨਾਲ ਚਮਕ ਉਠਦੀਆਂ ਹਨ। ਮੱਘਰ ਤੇ ਪੋਹ ਦੇ ਅੱਧ ਤੋਂ ਸਿਆਲਾ ਸ਼ੁਰੂ ਹੋ ਜਾਂਦਾ ਹੈ, ਤੇ ਪੋਹ ਤੋਂ ਅਖ਼ੀਰ ਮਾਘ ਤੀਕ ਖ਼ੂਬ ਠੰਢ ਪੈਂਦੀ ਹੈ। ਬਾਹਰ ਕੱਕਰ ਜੰਮਦਾ ਤੇ ਪਹਾੜਾਂ ਤੇ ਬਰਫ਼ਾਂ ਪੈਂਦੀਆਂ ਹਨ।

ਸੀਤ ਭਈ ਰੁਤ ਕਾਤਕ ਕੀ ਮੁਨਦੇਵ ਚੜਯੋ ਜਲ ਹ੍ਵੈਗਯੋ ਥੋਰੋ॥
ਕਾਨ੍ਹ ਕਨੀਰੇ ਕੇ ਫੂਲ ਧਰੇ ਅਰੁ ਗਾਵਤ ਬੇਨ ਬਜਾਵਤ ਭੋਰੋ॥

ਗ਼ਰਮੀ ਸਰਦੀ ਦਾ ਲਿਹਾਜ਼ ਰਖਦੇ ਹੋਏ ਸਾਲ ਨੂੰ ਚਾਰ ਰੁੱਤਾਂ ਵਿਚ ਵੀ ਵੰਡਿਆ ਜਾ ਸਕਦਾ ਹੈ; ਬਹਾਰ, ਗ਼ਰਮੀ, ਪਤਝੜ ਤੇ ਸਰਦੀ; ਜਿਵੇਂ ਦਿਨ ਦੇ ਚਾਰ ਹਿੱਸੇ ਹੁੰਦੇ ਹਨ, ਸਵੇਰਾ, ਦੁਪਹਿਰ, ਆਥਣ ਤੇ ਰਾਤ; ਜਾਂ ਜ਼ਿੰਦਗੀ ਦੇ ਚਾਰ ਹਿੱਸੇ, ਬਾਲ ਅਵਸਥਾ, ਜਵਾਨੀ, ਉਧੇੜ ਅਵਸਥਾ ਤੇ ਬੁਢਾਪਾ।

ਸਾਲ ਦੇ ਬਾਰਾਂ ਮਹੀਨੇ ਕਵੀਆਂ ਲਈ ਕਈ ਵਾਰ ਕਵਿਤਾ ਦਾ ਵਿਸ਼ਾ ਬਣਦੇ ਰਹੇ ਹਨ। ਇਸ ਨੂੰ ਬਾਰਾਂਮਾਹਾ ਕਹਿੰਦੇ ਹਨ। ਕੇਸ਼ਵਦਾਸ ਨੇ ਆਪਣੇ ਬਾਰਾਂਮਾਹੇ ਵਿਚ ਰੁੱਤਾਂ ਦਾ ਵਾਰ ਵਾਰ ਵਰਣਨ ਕੀਤਾ ਹੈ ਤੇ ਹਰ ਮਹੀਨੇ ਵਿਚ ਲੋਕਾਂ ਦੇ ਜੀਵਨ ਤੇ ਰਹਿਣੀ ਬਹਿਣੀ ਬਾਰੇ ਸੁਆਦਲੀ ਰੋਸ਼ਨੀ ਪਾਈ ਹੈ। ਇਨ੍ਹਾਂ ਨੂੰ ਸੰਸਾਰਚੰਦ ਦੇ ਜ਼ਮਾਨੇ ਵਿਚ ਚਿੱਤਰਿਆ ਵੀ ਗਿਆ, ਤੇ ਅੱਜ ਕਲ ਇਹ ਬਾਰਾਂ ਚਿੱਤਰ ਲੰਬਾਗਰਾਉਂ ਦੇ ਰਾਜਾ ਧਰੂਦੇਵਚੰਦ ਦੇ ਕਬਜ਼ੇ ਵਿਚ ਹਨ। ਹਰ ਚਿੱਤਰ ਵਿਚ ਸਾਹਮਣੇ ਰਾਧਾ ਕ੍ਰਿਸ਼ਨ ਵਿਖਾਏ ਹਨ, ਹਰ ਮਹੀਨੇ ਵਿਚ ਉਨ੍ਹਾਂ ਦੇ ਬਸਤਰ ਬਦਲੇ ਹੋਏ ਹੁੰਦੇ ਹਨ। ਪਿਛਵਾੜੇ ਵਿਚ ਰੁੱਤ ਨੂੰ ਪ੍ਰਕਿਰਤੀ ਰਾਹੀਂ ਤੇ ਮਨੁੱਖਾਂ ਤੇ ਜਾਨਵਰਾਂ ਦੇ ਕਰਮਾਂ ਦੁਆਰਾ ਉਭਾਰਿਆ ਹੁੰਦਾ ਹੈ।

ਬਸੰਤ ਨੂੰ ਕੂੰਦੀਆਂ ਘੁੱਗੀਆਂ ਤੇ ਪੀਲੇ ਫੁੱਲਾਂ ਨਾਲ ਦਰਸਾਇਆ ਜਾਂਦਾ ਹੈ। ਫ਼ਰਵਰੀ ਦੇ ਪਹਿਲੇ ਹਫ਼ਤੇ ਵਿਚ ਸਰ੍ਹੋਂ ਦੇ ਫੁੱਲ ਸੁਨਹਿਰੀ ਸਾਗਰ ਵਾਂਗ ਹੁੰਦੇ ਹਨ। ਟਾਹਲੀਆਂ ਰੇਸ਼ਮ-ਵੰਨੇ ਹਲਕੇ ਸਬਜ਼ ਪੱਤਰਾਂ ਨਾਲ ਲੱਦੀਆਂ ਹੁੰਦੀਆਂ ਹਨ। ਔਰਤਾਂ ਮਰਦ ਬਸੰਤੀ ਕਪੜੇ ਪਾਉਂਦੇ ਹਨ ਜਿਹੜੇ ਪ੍ਰਕਿਰਤੀ ਨਾਲ ਮੇਲ ਖਾਂਦੇ ਹਨ। ਸਾਰੀ ਦੀ ਸਾਰੀ ਧਰਤੀ ਅਸ਼ੋਕ ਤੇ ਢੱਕ ਆਦਿ ਦੇ ਫੁੱਲਾਂ ਨਾਲ ਭਰ ਜਾਂਦੀ ਹੈ। ਕਚਨਾਰ ਦੇ ਗੁਲਾਬੀ, ਸਫ਼ੈਦ ਤੇ ਲਾਲ ਰੰਗ, ਅੰਬਾਂ ਦਾ ਕੱਚਾ ਪੀਲਾ ਬੂਰ, ਕੈਂਥ ਦਾ ਦੁੱਧ ਚਿੱਟਾ ਰੰਗ, ਤੇ ਹੋਰ ਅਨੇਕ ਫੁੱਲ ਇਨ੍ਹਾਂ ਦਿਨਾਂ ਵਿਚ ਧਰਤੀ ਨੂੰ ਢੱਕ ਲੈਂਦੇ ਹਨ। ਹਵਾ ਵਿਚ ਇਕ ਗ਼ਰਮੀ ਜਹੀ ਹੁੰਦੀ ਹੈ ਤੇ ਪ੍ਰੇਮੀ ਅਲਸਾਏ ਅਲਸਾਏ ਰਹਿੰਦੇ ਹਨ। ਫੱਗਣ ਵਿਚ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਮਹੀਨੇ ਨੂੰ 'ਪ੍ਰੇਮੀਆਂ ਦਾ ਮਹੀਨਾ' ਕਿਹਾ ਜਾਂਦਾ ਹੈ, ਤੀਵੀਆਂ ਤੇ ਮਰਦ ਬਸੰਤ ਦੇ ਗੀਤ ਗਾਉਂਦੇ ਹਨ ਤੇ ਇਕ ਦੂਜੇ ਉੱਤੇ ਰੰਗ ਸੁੱਟਦੇ ਹਨ। ਚਹੁੰਈਂ ਪਾਸੀਂ ਗਹਿਮਾ-ਗਹਿਮੀ ਤੇ ਖ਼ੁਸ਼ੀ ਖਿਲਰੀ ਹੋਈ ਹੁੰਦੀ ਹੈ ਤੇ ਪ੍ਰੇਮੀ ਇਕ ਦੂਜੇ ਨੂੰ ਗੁਲਾਲ ਨਾਲ ਲੱਥ-ਪੱਥ ਕਰ ਦਿੰਦੇ ਹਨ।

ਬਹਾਰ ਦਾ ਸੁਨੇਹਾ ਲੈ ਕੇ ਆਈ ਹੋਲੀ ਇਕ ਬੜਾ ਖੁੱਲ੍ਹਾ-ਡੁੱਲ੍ਹਾ ਤਿਉਹਾਰ ਹੈ। ਇਸ ਵਿਚ ਭੌਤਿਕ ਤੇ ਆਤਮਿਕ ਦੋਵੇਂ ਰਸ ਰਲਗੱਡ ਹੁੰਦੇ ਹਨ। ਆਪਣੀ ਪ੍ਰੇਮਿਕਾ ਦੇ ਗਲ ਵਿਚ ਬਾਹਾਂ ਪਾਈ ਪ੍ਰੇਮੀ ਉਸ ਵਲ ਪਿਆਰ-ਭਰੀਆਂ ਨਜ਼ਰਾਂ ਨਾਲ ਵੇਖਦਾ ਹੈ। ਪ੍ਰੇਮਿਕਾ ਮਹੀਨ ਤੇ ਪਤਲੇ ਲੀੜਿਆਂ ਵਿਚ ਵਲ੍ਹੇਟੀ ਹੁੰਦੀ ਹੈ। ਉਸ ਦੇ ਹੱਥ ਮਹਿੰਦੀ

ਨਾਲ ਰੰਗੇ ਹੋਏ ਹਨ, ਛੱਜੇ ਦੇ ਕੋਲ ਇਕ ਰੁੱਖ ਫੁੱਲਾਂ ਨਾਲ ਲੱਦਿਆ ਹੋਇਆ ਹੈ, ਭੇ ਪਿਛਵਾੜੇ ਵਿਚ ਇਕ ਹਜੂਮ ਰੰਗ ਸੁੱਟ ਰਿਹਾ, ਹੋਲੀ ਖੇਡ ਰਿਹਾ ਹੈ। ਇਕ ਆਦਮੀ ਢੋਲ ਲਈ ਅੱਗੇ ਅੱਗੇ ਜਾ ਰਿਹਾ ਹੈ, ਮਰਦ ਇਕ ਦੂਜੇ ਤੇ ਗੁਲਾਲ ਸੁੱਟ ਰਹੇ ਹਨ ਤੇ ਔਰਤਾਂ ਉੱਤੋਂ ਝਰੋਖਿਆਂ ਵਿੱਚੋਂ ਰੰਗਾਂ ਦੀਆਂ ਪਿਚਕਾਰੀਆਂ ਛਡ ਰਹੀਆਂ ਹਨ। ਬਾਰਾਂਮਾਹੇ ਦੇ ਚਿੱਤਰਾਂ ਵਿਚ ਫੱਗਣ ਦਾ ਮਹੀਨਾ ਕੁਝ ਇਸ ਤਰ੍ਹਾਂ ਦਰਸਾਇਆ ਹੁੰਦਾ ਹੈ।

ਬਹਾਰ ਆਹਿਸਤਾ ਆਹਿਸਤਾ ਗਰਮੀ ਵਿਚ ਵਟ ਜਾਂਦੀ ਹੈ। ਬਿਰਛਾਂ ਵਿਚ ਨਵਾਂ ਪੁਗਾਰਾ ਪੈ ਜਾਂਦਾ ਹੈ ਤੇ ਗੁਲਮੋਹਰ ਕਿਰਮਚੀ ਬਾਣਾ ਪਹਿਨ ਲੈਂਦਾ ਹੈ। ਸੂਰਜ ਦੀਆਂ ਜ਼ਾਲਮ ਕਿਰਨਾਂ ਧਰਤੀ ਨੂੰ ਲੂਹ ਸੁਟਦੀਆਂ ਹਨ ਤੇ ਗਰਮ ਹਵਾਵਾਂ ਨਾਲ ਦਮ ਘੁਟੀਣ ਲਗ ਪੈਂਦਾ ਹੈ। ਜੀਵ ਜੰਤੂ ਰੁੱਖਾਂ ਦੀ ਛਾਂ ਟੋਲਦੇ ਹਨ। ਬਾਘ ਥੱਕ ਕੇ ਆਪਣੇ ਘੁਰਨਿਆਂ ਵਿਚ ਆਰਾਮ ਲਈ ਵੜ ਜਾਂਦੇ ਹਨ। ਚਾਰੇ ਪਾਸੇ ਦੁਪਹਿਰਾਂ ਕੜਕਦੀਆਂ ਹਨ। ਹਾਥੀ, ਗਰਮੀ ਦੇ ਸਤਾਏ ਜ਼ੋਰ ਜ਼ੋਰ ਨਾਲ ਗਰਜਦੇ ਹਨ, ਸੱਪ ਖੁੱਡਾਂ ਵਿੱਚੋਂ ਨਿਕਲ ਆਉਂਦੇ ਹਨ, ਤੇ ਮੁਸਾਫ਼ਰ ਅੰਬਾਂ ਦੀਆਂ ਸੁਖਾਵੀਆਂ ਛਾਂਵਾਂ ਹੇਠ ਸਾਹ ਲੈਂਦੇ ਹਨ ਤੇ ਛਬੀਲਾਂ ਉੱਤੇ ਆਪਣੀ ਤ੍ਰੇਹ ਮਿਟਾਉਂਦੇ ਹਨ। ਇਕ ਸੁੰਦਰੀ ਨੀਲੇ ਬਸਤਰ ਪਾਈ ਛੱਜੇ ਤੇ ਖੜੀ ਹੈ, ਉਸ ਦੀਆਂ ਤਲੀਆਂ ਮਹਿੰਦੀ ਨਾਲ ਰੰਗੀਆਂ ਹੋਈਆਂ ਹਨ, ਉਹ ਆਪਣੇ ਪ੍ਰੇਮੀ ਨਾਲ, ਜਿਸ ਨੇ ਮਲਮਲ ਦਾ ਕੁੜਤਾ ਪਾਇਆ ਹੋਇਆ ਹੈ, ਗੱਲਾਂ ਕਰ ਰਹੀ ਹੈ। ਅੰਮਲਤਾਸ ਦੇ ਸੁਨਹਿਰੀ ਪੀਲੇ ਰੰਗ ਇਸ ਸੁੰਦਰੀ ਦੇ ਨੀਲੇ ਪਹਿਰਾਵੇ ਨੂੰ ਖ਼ੂਬ ਉਭਾਰਦੇ ਹਨ।

ਜੇਠ-ਹਾੜ ਦੀ ਮਾਰੂ ਗਰਮੀ ਤੋਂ ਬਾਦ ਅਸਮਾਨ ਉੱਤੇ ਕਾਲੇ ਬੱਦਲ ਛਾ ਜਾਂਦੇ ਹਨ। ਹਰ ਕਿਸੇ ਨੂੰ ਮੀਂਹ ਦੀ ਉਡੀਕ ਹੁੰਦੀ ਹੈ। ਧਰਤੀ ਹਰੇ ਹਰੇ ਘਾਹ ਨਾਲ ਸਜ ਜਾਂਦੀ ਹੈ। ਪ੍ਰੇਮੀਆਂ ਦੇ ਮਨ ਖ਼ੁਸ਼ੀ ਵਿਚ ਸਮਾਉਂਦੇ ਨਹੀਂ ਦਿਸਦੇ। ਹਾਥੀ ਮੀਂਹ ਵਿਚ ਮੌਜਾਂ ਲੈਂਦੇ ਹਨ, ਬਾਘ ਆਪਣੇ ਘੁਰਨਿਆਂ ਵਿਚ ਜਾ ਲੁਕਦਾ ਹੈ। ਤੇਜ਼ ਹਵਾ ਵਗ ਵਗ ਕੇ ਝੱਲੀ ਹੋਈ ਫਿਰਦੀ ਤੇ ਬੱਦਲ ਵੱਸ ਵੱਸ ਕੇ ਫੇਰ ਵੱਸਦੇ ਹਨ। ਅਕਾਸ਼ ਤੇ ਮੁੜ ਮੁੜ ਬਿਜਲੀ ਲਿਸ਼ਕਦੀ ਹੈ। ਪ੍ਰੇਮੀਆਂ ਦਾ ਇਕ ਜੋੜਾ ਛੱਜੇ ਵਿਚ ਖਲੋਤਾ ਇਸ ਮੌਸਮ ਨੂੰ ਮਾਣ ਰਿਹਾ ਹੈ। ਸੁੰਦਰੀ ਇਕ ਹਿਰਨ ਵਲ ਇਸ਼ਾਰਾ ਕਰ ਰਹੀ ਹੈ ਜਿਸ ਦੇ ਪਿੱਛੇ ਇਕ ਚੀਤਾ ਪਿਆ ਹੋਇਆ ਹੈ।

ਸਾਵਣ ਪ੍ਰੇਮੀਆਂ ਦਾ ਮਹੀਨਾ ਹੈ — ਜਜ਼ਬਿਆਂ ਤੇ ਇਹਸਾਸਾਂ-ਭਰਪੂਰ। ਠੰਢੇ ਮਿੱਠੇ ਵਾਤਾਵਰਨ ਵਿਚ, ਵਿਛੜੇ ਹੋਏ ਦਿਲਾਂ ਵਿਚ ਯਾਦਾਂ ਪਲਸੇਟੇ ਲੈਣ ਲਗ ਪੈਂਦੀਆਂ ਹਨ। ਜਿਨ੍ਹਾਂ ਦੇ ਪ੍ਰੇਮੀ ਉਨ੍ਹਾਂ ਦੇ ਕੋਲ ਹੁੰਦੇ ਹਨ ਉਹ ਘਣੇ ਕਾਲੇ ਬੱਦਲਾਂ ਨੂੰ ਵੇਖਦੇ ਹਨ, ਜਿਨ੍ਹਾਂ ਵਿਚ ਬਿਜਲੀ ਕੁੱਦ ਕੁੱਦ ਪੈਂਦੀ ਹੈ। ਕਾਲੇ ਬੱਦਲਾਂ ਵਿਚ ਉੱਡ ਰਹੇ ਚਿੱਟੇ ਸਾਰਸ ਪ੍ਰੇਮੀਆਂ ਨੂੰ ਬੜੇ ਪਿਆਰੇ ਲਗਦੇ ਹਨ।

## ਅਸ਼ਟ ਨਾਇਕਾ

ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਦੇ ਹਿਦੂ ਕਵੀ ਮਨੁੱਖ ਦੀ ਤਬੀਅਤ ਦੇ ਖ਼ੂਬ ਵਾਕਿਫ਼ ਸਨ। ਉਨ੍ਹਾਂ ਨੇ ਇਸਤਰੀ ਦੇ, ਉਸ ਦੀ ਆਯੂ, ਤਜਰਬੇ, ਸਰੀਰਕ ਤੇ ਮਾਨਸਿਕ ਵਿਸ਼ੇਸ਼ਤਾਈਆਂ, ਹਾਲਤਾਂ, ਜਜ਼ਬਿਆਂ ਤੇ ਇਹਸਾਸਾਂ ਦੇ ਆਧਾਰ ਉੱਤੇ ਵੱਖ ਵੱਖ ਨਾਂ ਰੱਖੇ ਹੋਏ ਸਨ। ਇਨ੍ਹਾਂ ਕਵੀਆਂ ਵਿਚ ਸਭ ਤੋਂ ਉੱਘਾ ਬੁੰਦੇਲਖੰਡ ਵਿਚ ਓਰਛਾ ਦਾ ਇਕ ਬ੍ਰਾਹਮਣ ਕੇਸ਼ਵਦਾਸ ਸੀ। ਉਹ ਓਰਛਾ ਦੇ ਰਾਜੇ ਇੰਦਰਜੀਤ ਸ਼ਾਹ ਦਾ ਦਰਬਾਰੀ ਕਵੀ ਸੀ। ਉਸ ਨੇ ਆਪਣੀ ਮਸ਼ਹੂਰ ਕਵਿਤਾ 'ਰਸਿਕ ਪ੍ਰਿਯਾ' ੧੫੯੧ ਈ. ਵਿਚ ਲਿਖੀ। ਕਾਂਗੜੇ ਦੇ ਕੁਝ ਕੁ ਨਾਇਕਾ-ਚਿੱਤਰ, 'ਰਸਿਕ ਪ੍ਰਿਯਾ' ਦੀ ਕਵਿਤਾ ਦੇ ਟੁਕੜਿਆਂ ਦੇ ਆਧਾਰ ਤੇ ਬਣਾਏ ਗਏ।

'ਰਸਿਕ ਪ੍ਰਿਯਾ' ਬਹੁਤ ਉੱਤਮ ਢੰਗ ਨਾਲ ਲਿਖੀ ਕਵਿਤਾ ਹੈ। ਇਸ ਦੀ ਬੋਲੀ ਸੰਗੀਤਮਈ ਤੇ ਖ਼ਿਆਲ ਖੁਲ੍ਹਾ ਡੁਲ੍ਹਾ ਹੈ, ਪਿਆਰ ਦਾ ਜਜ਼ਬਾ ਧਰਮ ਦੇ ਜਜ਼ਬੇ ਨੂੰ ਦਰਸਾਉਂਦਾ ਹੈ। ਇਸ ਵਿਚ ਰਾਧਾ ਦੀ ਕ੍ਰਿਸ਼ਨ ਲਈ ਬਿਹਬਲਤਾ,

ਆਤਮਾ ਦੀ ਪਰਮਾਤਮਾ ਲਈ ਤੜਪ, ਦਰਸਾਈ ਗਈ ਹੈ ਤੇ ਜਜ਼ਬੇ ਨੂੰ ਇਸ ਵੇਗ ਨਾਲ ਬਿਆਨ ਕੀਤਾ ਹੈ ਜਿਵੇਂ ਕੋਈ ਪੂਰਬੀ ਕਲਾਕਾਰ ਹੀ ਕਰ ਸਕਦਾ ਹੈ। ਆਤਮਾ ਦੀ ਪਰਮਾਤਮਾ ਲਈ ਖੋਜ ਤੇ ਫਿਰ ਪਰਮਾਤਮਾ ਦਾ ਬਾਹਾਂ ਪਸਾਰੀ ਆਪਣੇ ਭਗਤ ਨੂੰ ਛਾਤੀ ਨਾਲ ਲਾਉਣ ਅਤੇ ਉਸ ਨੂੰ ਇਕ ਸਦੀਵੀ ਸ਼ਾਂਤ ਟਿਕਾਣੇ ਉੱਤੇ ਪਹੁੰਚਾ ਦੇਣ ਦਾ ਕਮਾਲ ਦਾ ਵਰਣਨ ਹੈ।

ਹਿੰਦੀ ਦੀ ਪ੍ਰੇਮ-ਕਵਿਤਾ ਵਿਚ ਬਿਆਨ ਦਾ ਸੰਜਮ ਹੁੰਦਾ ਹੈ ਤੇ ਰੰਗ ਦੀ ਸ਼ੋਖ਼ੀ ਹੁੰਦੀ ਹੈ। ਦੋਹਿਆਂ ਵਿਚ ਪਿਆਰ ਦੇ ਜਜ਼ਬਿਆਂ ਨੂੰ ਅਤਿ ਸੁੰਦਰ ਢੰਗ ਨਾਲ ਬਿਆਨ ਕੀਤਾ ਹੁੰਦਾ ਹੈ। ਇਹੋ ਜਿਹੇ ਦੋਹੇ, ਚਿੱਤਰਾਂ ਵਿਚ ਖ਼ਾਸ ਤੌਰ ਤੇ ਦਰਸਾਏ ਜਾ ਸਕਦੇ ਹਨ ਤੇ ਕਾਂਗੜੇ ਦੇ ਛੋਟੇ ਚਿੱਤਰ ਇੰਜ ਜਾਪਦੇ ਹਨ ਜਿਵੇਂ ਨਿੱਕੀਆਂ ਨਿੱਕੀਆਂ ਕਵਿਤਾਵਾਂ ਨੂੰ ਰੰਗਾਂ ਦਾ ਰੂਪ ਦੇ ਦਿੱਤਾ ਗਿਆ ਹੋਵੇ।

ਨਾਇਕਾ ਤਿੰਨ ਤਰ੍ਹਾਂ ਦੀ ਹੁੰਦੀ ਹੈ। ਆਪਣੀ ਨਾਇਕਾ ਜਾਂ ਸ੍ਵੈਕੀਆ, ਦੂਜੇ ਦੀ ਨਾਇਕਾ ਜਾਂ ਪਰਕੀਆ, ਤੇ ਹਰ ਕਿਸੇ ਦੀ ਨਾਇਕਾ ਜਾਂ ਸਾਮਾਨਿਆ।

ਸ੍ਵੈਕੀਆ ਨਾਇਕਾ ਦੀਆਂ ਅੱਠ ਵੰਨਗੀਆਂ ਮੰਨੀਆਂ ਜਾਂਦੀਆਂ ਹਨ :—

ਸ੍ਵਾਧੀਨ ਪਤਿਕਾ, ਉਤਕੰਠਿਤਾ, ਵਾਸਕ ਸੱਜਾ, ਅਭਿਸੰਧਿਤਾ ਜਾਂ ਕਲਹਾਂਤਰਿਤਾ, ਖੰਡਿਤਾ, ਪਰੋਸ਼ਿਤ-ਪਤਿਕਾ ਜਾਂ ਪਰੋਸ਼ਿਤ-ਪ੍ਰੇਯਸੀ, ਵਿਪ੍ਰਲਭਧਾ, ਅਭਿਸਾਰਿਕਾ।

ਸ੍ਵੈਧੀਨ ਪਤਿਕਾ ਉਹ ਨਾਇਕਾ ਹੁੰਦੀ ਹੈ ਜਿਸ ਦੀ ਸੀਰਤ ਤੇ ਉਸ ਦਾ ਪਤੀ ਮੁਗਧ ਹੋਵੇ ਤੇ ਜਿਸ ਦੇ ਪ੍ਰੇਮ ਵਿਚ ਉਹ ਹਮੇਸ਼ ਹਮੇਸ਼ ਲਈ ਬੱਝ ਗਿਆ ਹੋਵੇ।

ਕਾਂਗੜੇ ਦੀ ਕਲਾ ਵਿਚ ਇਹ ਨਾਇਕਾ ਰਾਧਾ ਦੇ ਰੂਪ ਵਿਚ ਦਰਸਾਈ ਗਈ ਹੈ। ਰਾਧਾ ਚੌਂਕੀ ਉੱਤੇ ਬੈਠੀ ਹੈ ਤੇ ਕ੍ਰਿਸ਼ਨ ਉਸ ਦੇ ਚਰਨ ਧੋ ਰਿਹਾ ਹੈ ਤੇ ਉਸ ਦੇ ਪੈਰਾਂ ਤੇ ਲੱਤਾਂ ਨੂੰ ਦਬਾ ਰਿਹਾ ਹੈ। ਉਹ ਉਸ ਦੇ ਪੈਰਾਂ ਨੂੰ ਮਹਾਵਰ ਰੰਗ ਵੀ ਲਾਉਂਦਾ ਵਿਖਾਇਆ ਗਿਆ ਹੈ। ਰਾਧਾ, ਕ੍ਰਿਸ਼ਨ ਵਲ, ਜੋ ਪੂਰੀ ਤਰ੍ਹਾਂ ਉਸ ਦੇ ਵੱਸ ਵਿਚ ਹੁੰਦਾ ਹੈ, ਸ੍ਵੈ-ਭਰੋਸੇ ਤੇ ਸ੍ਵੈ-ਮਾਣ ਨਾਲ ਵੇਖ ਰਹੀ ਹੁੰਦੀ ਹੈ।

ਸਾਹਿੱਤ ਵਿਚ ਇਸ ਨਾਇਕਾ ਦਾ ਵਰਣਨ ਇਉਂ ਆਉਂਦਾ ਹੈ : — "ਓ ਰਾਧਾ ! ਕ੍ਰਿਸ਼ਨ ਬ੍ਰਿਜ ਦਾ ਪਾਲਕ ਹੈ ਤੇ ਬ੍ਰਹਮਾ ਦਾ ਦੁਲਾਰਾ ਹੈ। ਦੇਵੀਆਂ ਤੇ ਜੋਗਣੀਆਂ, ਲਕਸ਼ਮੀ ਤੇ ਸੂਰਜਾ ਉਹਦੇ ਗੁਣ ਗਾਉਂਦੀਆਂ ਨਹੀਂ ਥੱਕਦੀਆਂ ਤੇ ਤੂੰ, ਇਕ ਗ਼ਰੀਬ ਗਵਾਲਣ, ਉਸ ਕੋਲੋਂ ਆਪਣੇ ਪੈਰ ਧੁਆਉਂਦੀ ਏਂ ਤੇ ਉਹ ਸੰਸਾਰ ਦਾ ਮਾਲਕ ਤੇਰੇ ਪਿੱਛੇ ਪਿੱਛੇ ਇਕ ਪਰਛਾਵੇਂ ਵਾਂਗ ਫਿਰਦਾ ਹੈ ? ਤੇਰੀਆਂ ਨਿੱਕੀਆਂ ਚਾਹਬਤਾਂ ਉਹ ਪੂਰੀਆਂ ਕਰਦਾ ਹੈ ਤੇ ਹਰਦਮ ਤੇਰੇ ਅੰਗ ਸੰਗ ਰਹਿੰਦਾ ਹੈ। ਜਿਵੇਂ ਗੰਗਾ ਦਾ ਪਾਣੀ ਕਦੀ ਭਗੀਰਥ ਦੇ ਰਥ ਦੇ ਪਿੱਛੇ ਦੌੜਦਾ ਫਿਰਦਾ ਸੀ ਓਵੇਂ ਹੀ ਉਹ ਤੇਰੀਆਂ ਕਾਮਨਾਵਾਂ ਦੇ ਪਿੱਛੇ ਦੌੜਿਆ ਫਿਰਦਾ ਹੈ। ਤੇਰੇ ਸ਼ਬਦ ਉਸ ਲਈ ਅਕਾਸ਼-ਬਾਣੀ ਦਾ ਦਰਜਾ ਰਖਦੇ ਹਨ। ਭਾਵੇਂ ਲੋਕੀ ਉਸ ਉੱਤੇ ਪਏ ਹੱਸਣ, ਉਸ ਨੂੰ ਇਸ ਸਭ ਕੁਝ ਤੋਂ ਹੋੜਨ ਦਾ ਕੀ ਲਾਭ ?"

ਉਤਕੰਠਿਤਾ ਉਹ ਨਾਇਕਾ ਹੁੰਦੀ ਹੈ ਜਿਸ ਦਾ ਪ੍ਰੇਮੀ ਨਿਯਤ ਸਮੇਂ ਉੱਤੇ ਪੁੱਜਦਾ ਨਹੀਂ।

ਇਸ ਨੂੰ ਨਦੀ ਦੇ ਕੰਢੇ ਇਕ ਰੁੱਖ ਹੇਠ ਪੱਤਿਆਂ ਦੀ ਸੇਜ ਤੇ ਖੜੋਤੀ ਵਿਖਾਇਆ ਗਿਆ ਹੈ ਤੇ ਪੱਤਿਆਂ ਉੱਤੇ ਚੰਬੇਲੀ ਦੇ ਫੁੱਲ ਖਿਲਰੇ ਹੋਏ ਹਨ। ਰੁੱਖ ਦੇ ਮੁੱਢ ਨੂੰ ਚੰਬੇਲੀ ਦੇ ਹਾਰਾਂ ਨਾਲ ਸਜਾਇਆ ਹੋਇਆ ਹੈ। ਰੁੱਖ ਉੱਤੇ ਚੁਹਲ ਕਰ ਰਹੇ ਪੰਛੀਆਂ ਦਾ ਜੋੜਾ ਹੈ। ਆਕਾਸ਼ ਉੱਤੇ ਕਾਲੇ ਬੱਦਲ, ਚਮਕ ਰਹੀ ਬਿਜਲੀ ਵਿਚ ਹੋਰ ਕਾਲੇ ਲਗਦੇ ਹਨ। ਨਾਇਕਾ, ਜੋ ਕਿਸੇ ਜੰਗਲ ਦੀ ਕੋਈ ਮੰਤਰ-ਮੁਗਧ ਪਰੀ ਜਾਪਦੀ ਹੈ, ਆਪਣੇ ਪ੍ਰੇਮੀ ਦੀ ਉਡੀਕ ਕਰ ਰਹੀ ਹੈ। ਕਿਤੇ ਕਿਤੇ ਇਸ ਥਾਂ ਹਿਰਨ ਵੀ ਵਿਖਾਏ ਹੁੰਦੇ ਹਨ — ਹਵਾ ਨੂੰ ਸੁੰਘ ਰਹੇ ਜਾਂ ਕਿਸੇ ਕਮਲਾਂ-ਭਰੀ ਝੀਲ ਤੋਂ ਪਾਣੀ ਪੀ ਰਹੇ। ਉਤਕੰਠਿਤਾ ਕੁਝ ਇਸ ਤਰ੍ਹਾਂ ਆਪਣੇ ਆਪ ਨਾਲ ਗੱਲਾਂ ਕਰਦੀ ਹੈ :

"ਉਹ ਨਹੀਂ ਆਇਆ, ਕਿਤੇ ਉਸ ਨੂੰ ਘਰ ਹੀ ਨਾ ਦੇਰ ਹੋ ਗਈ ਹੋਵੇ ? ਕਿਤੇ ਕਿਸੇ ਦੇ ਸੰਗ ਵਿਚ ਨਾ ਉਲਝ ਗਿਆ ਹੋਵੇ ? ਕਿਤੇ ਅੱਜ ਉਸ ਦਾ ਵਰਤ ਨਾ ਹੋਵੇ ? ਕਿਤੇ ਉਹ ਗੁੱਸੇ ਨਾ ਹੋ ਗਿਆ ਹੋਵੇ ? ਕਿਤੇ ਉਸ ਨੂੰ ਰੱਬ ਦਾ ਡਰ ਤੇ ਨਹੀਂ ਮੈਥੋਂ ਦੂਰ ਰਖ ਰਿਹਾ ? ਕਿਤੇ ਉਸ ਨੂੰ ਕੋਈ ਦੁੱਖ ਨਾ ਹੋਵੇ ? ਕਿਤੇ ਇਹ ਧੋਖਾ ਤਾਂ ਨਹੀਂ ? ਕਿਤੇ ਕੋਈ ਪਾਣੀ ਨਾ ਚੜ੍ਹ ਆਇਆ ਹੋਵੇ ? ਕਿਤੇ ਰਾਹ ਵਿਚ ਰਾਤ ਨਾ ਪੈ ਗਈ ਹੋਵੇ ? ਕਿਤੇ ਉਹ ਮੇਰੇ ਪ੍ਰੇਮ ਦਾ ਇਮਤਿਹਾਨ ਨਾ ਲੈ ਰਿਹਾ ਹੋਵੇ ? ਹਾਏ ਮੇਰੇ ਮਨਾ ! ਤੈਨੂੰ ਕਦੀ ਵੀ ਨਹੀਂ ਪਤਾ ਲੱਗੇਗਾ ਉਹ ਕਿਉਂ ਦੇਰ ਕਰ ਰਿਹਾ ਹੈ ?"

ਵਾਸਕ ਸੱਜਾ ਆਪਣੇ ਪਿਆਰੇ ਨਾਲ ਸੰਜੋਗ ਦੀ ਯਾਚਨਾ ਵਿਚ ਦਰਵਾਜ਼ੇ ਵਿਚ ਖੜੀ ਹੈ । ਉਸ ਦਾ ਗੋਰਾ ਸਰੀਰ ਦੀਵੇ ਦੀ ਲਾਟ ਵਾਂਗ ਚਮਕਦਾ ਹੈ ਤੇ ਉਸ ਦੇ ਨੀਲੇ ਬਸਤਰ ਉਸ ਦੇ ਅੰਗਾਂ ਉੱਤੇ ਉਲਰਦੇ ਫਿਰਦੇ ਹਨ । ਪੰਛੀ ਜਾਂ ਜਨੌਰ ਦੀ ਮਾਮੂਲੀ ਆਵਾਜ਼ ਉੱਤੇ ਉਸ ਦਾ ਤ੍ਰਾਹ ਨਿਕਲ ਜਾਂਦਾ ਹੈ । ਉਹ ਬਹੁਤ ਆਹਿਸਤਾ ਆਹਿਸਤਾ ਗੱਲਾਂ ਕਰਦੀ ਹੈ ਤੇ ਆਪਣੇ ਪ੍ਰੇਮੀ ਦਾ ਇੰਤਜ਼ਾਰ ਕਰਦੀ ਹੈ ।

ਇਹ ਨਾਇਕਾ ਕਾਂਗੜੇ ਦੇ ਚਿੱਤਰਾਂ ਵਿਚ ਆਪਣੇ ਸੌਣ ਦੇ ਕਮਰੇ ਦੇ ਦਰਵਾਜ਼ੇ ਵਿਚ ਖੜੀ ਆਪਣੇ ਪ੍ਰੀਤਮ ਦੀ ਉਡੀਕ ਵਿਚ ਜੁੜੀ ਵਿਖਾਈ ਹੁੰਦੀ ਹੈ । ਘਰ ਵਿਚ ਉਸ ਦੇ ਆਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ । ਕੋਈ ਝਾੜੂ ਦੇ ਰਹੀ ਹੈ, ਕੋਈ ਸੁਰਾਹੀ ਦਾ ਪਾਣੀ ਬਦਲ ਰਹੀ ਹੈ ਤੇ ਸੌਣ ਦੇ ਕਮਰੇ ਨੂੰ ਸਵਾਰਿਆ-ਸ਼ਿੰਗਾਰਿਆ ਜਾ ਰਿਹਾ ਹੈ । ਪ੍ਰੇਮੀ ਨਦੀ ਦੇ ਦੂਜੇ ਕੰਢੇ ਬੇੜੀ ਵਿਚ ਬੈਠਾ ਹੈ, ਉਸ ਦੇ ਕੋਲ ਸਾਰਸਾਂ ਦਾ ਇਕ ਜੋੜਾ ਖੜਾ ਹੈ ।

ਅਭਿਸੰਧਿਤਾ ਓਹ ਨਾਇਕਾ ਹੈ ਜੋ ਆਪਣੇ ਪ੍ਰੇਮੀ ਦੇ ਪਿਆਰ ਦੀ ਪਰਵਾਹ ਨਹੀਂ ਕਰਦੀ, ਪਰ ਉਸ ਦੇ ਵਿਛੋੜੇ ਵਿਚ ਬੜੀ ਉਦਾਸ ਹੈ ਤੇ ਪਛਤਾਉਂਦੀ ਹੈ । ਇਸ ਤਰ੍ਹਾਂ ਦੇ ਇਕ ਚਿੱਤਰ ਵਿਚ ਪ੍ਰੇਮੀਆਂ ਨੂੰ ਇਉਂ ਦਰਸਾਇਆ ਹੈ ਜਿਵੇਂ ਉਹ ਲੜ ਚੁਕੇ ਹੋਣ । ਪੀਲੇ ਚੋਲੇ ਵਿਚ ਵਲ੍ਹੇਟਿਆ ਕ੍ਰਿਸ਼ਨ ਸਿਰ ਉੱਤੇ ਮੋਰ ਦੇ ਖੰਭ ਲਾਈ ਜਾ ਰਿਹਾ ਹੈ । ਰਾਧਾ ਦਾ ਚਿਹਰਾ ਉਦਾਸ ਤੇ ਸੋਗੀ ਹੈ । ਕ੍ਰਿਸ਼ਨ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਨਹੀਂ ਮੰਨਦੀ ਤੇ ਉਸ ਨੂੰ ਧਿੱਤਕਾਰ ਦਿੰਦੀ ਹੈ । ਪਰ ਜਿਉਂ ਹੀ ਕ੍ਰਿਸ਼ਨ ਉਸ ਵਲ ਕੰਡ ਕਰਦਾ ਹੈ, ਉਸ ਨੂੰ ਆਪਣੇ ਕੌੜੇ ਬਚਨਾਂ ਉੱਤੇ ਅਫ਼ਸੋਸ ਹੋਣ ਲੱਗ ਪੈਂਦਾ ਹੈ ।

ਉਹ ਸੋਚਦੀ ਹੈ : "ਮੈਂ ਕਿਤਨੀ ਪਗਲੀ ਹਾਂ । ਮੈਨੂੰ ਉਹ ਮੁੜ ਮੁੜ ਮਨਾਉਂਦਾ ਰਿਹਾ ਤੇ ਮੈਂ ਮੰਨੀ ਨਾ । ਉਹ ਮੇਰੇ ਕਦਮਾਂ ਵਿਚ ਡਿੱਗਿਆ, ਪਰ ਮੈਂ ਫੇਰ ਵੀ ਆਪਣੇ ਹਠ ਉੱਤੇ ਕਾਇਮ ਰਹੀ ਤੇ ਹੁਣ ਮੇਰਾ ਅੰਗ ਅੰਗ ਉਸ ਲਈ ਤੜਫ ਰਿਹਾ ਹੈ । ਫਿੱਟੇ ਮੂੰਹ ਮੇਰੇ ! ਹੁਣ ਕੀ ਹੋ ਸਕਦਾ ਹੈ ? ਮੇਰੀ ਕੋਈ ਸਹਾਇਤਾ ਨਹੀਂ ਕਰ ਸਕਦਾ । ਜਦੋਂ ਮੈਨੂੰ ਮੇਰਾ ਪ੍ਰੀਤਮ ਰੀਝਾਉਂਦਾ ਸੀ ਮੈਂ ਅੜੀ ਕਰਦੀ ਰਹੀ । ਹੁਣ ਪਛਤਾਉਣ ਨਾਲ ਕੀ ਬਣੇਗਾ ?"

ਰਾਧਾ ਦੀਆਂ ਉਂਗਲੀਆਂ ਅੱਤ ਨਾਜ਼ਕ ਦਰਸਾਈਆਂ ਹਨ ਤੇ ਉਸ ਦੇ ਕਾਲੇ ਕਾਲੇ ਕੇਸ ਮਹੀਨ ਦੁਪੱਟੇ ਵਿੱਚੋਂ ਨਜ਼ਰ ਆ ਰਹੇ ਹਨ । ਉਸਦੇ ਸਰੀਰ ਦਾ ਜੋੜ ਜੋੜ ਤੇ ਉਸ ਦਾ ਕ੍ਰੋਧ ਤੇ ਪਛਤਾਵੇ-ਭਰਿਆ ਚਿਹਰਾ ਬਹੁਤ ਸੁਚੱਜਤਾ ਨਾਲ ਦਰਸਾਇਆ ਗਿਆ ਹੈ ।

ਖੰਡਿਤਾ ਉਹ ਨਾਇਕਾ ਹੈ ਜਿਸ ਦਾ ਨਾਇਕ ਰਾਤ ਨੂੰ ਘਰ ਨਹੀਂ ਆਉਂਦਾ । ਉਹ ਅਗਲੀ ਸਵੇਰ ਅੱਪੜਦਾ ਹੈ, ਸਾਰੀ ਰਾਤ ਕਿਸੇ ਹੋਰ ਦੇ ਬਿਤਾ ਕੇ । ਨਾਇਕਾ ਆਪਣੇ ਨਾਇਕ ਦੀ ਇਉਂ ਖ਼ਬਰ ਲੈਂਦੀ ਹੈ :

"ਜੋ ਕੁਝ ਕਦੀ ਕੰਨਾਂ ਨੇ ਨਹੀਂ ਸੀ ਸੁਣਿਆ ਅੱਜ ਅੱਖੀਆਂ ਨੇ ਵੇਖ ਲਿਆ ਹੈ । ਹਰ ਥਾਂ ਇਹੋ ਤੇਰੀ ਸ਼ੋਭਾ ਹੁੰਦੀ ਹੈ । ਆਪਣੇ ਖ਼ਾਨਦਾਨ ਦੀ ਇੱਜ਼ਤ ਭੁੱਲ ਕੇ ਤੂੰ ਕਾਂ ਵਾਂਗ ਪਰਾਏ ਕੂੜੇ ਉੱਤੇ ਮੂੰਹ ਮਾਰਦਾ ਰਿਹਾ ਏਂ । ਤੇਰੀ ਇਹ ਤ੍ਰਿਸ਼ਨਾ ਮਿਟਦੀ ਨਹੀਂ । ਚੰਗੇ ਬੁਰੇ ਦੀ ਪਛਾਣ ਗਵਾ ਕੇ ਤੂੰ ਉਨ੍ਹਾਂ ਦੇ ਕਦਮਾਂ ਵਿਚ ਢਹਿੰਦਾ ਹੈਂ, ਜੋ ਤੈਨੂੰ ਬਦਨਾਮ ਕਰਦੇ ਹਨ । ਓ ਘਨਸ਼ਾਮ ! ਤੂੰ ਮੈਨੂੰ ਦੱਸ, ਕਿਸ ਦੀ ਇੱਜ਼ਤ ਰੋਲ ਕੇ ਤੂੰ ਅੱਜ ਮੇਰੇ ਕੋਲ ਆਇਆ ਏਂ, ਤਾਂ ਜੋ ਏਥੇ ਤੂੰ ਆਪਣਾ ਉੱਲੂਆਂ ਵਰਗਾ ਮੂੰਹ ਲਕਾ ਸਕੇਂ ?"

ਪ੍ਰੋਸ਼ਿਤ-ਪਤਿਕਾ ਉਹ ਨਾਇਕਾ ਹੈ ਜਿਸ ਦਾ ਪਤੀ ਕੁਝ ਚਿਰ ਲਈ ਕਿਸੇ ਕਾਰਨ ਉਸ ਤੋਂ ਦੂਰ ਹੁੰਦਾ ਹੈ।

ਗੁਲੇਰ ਦੇ ਇਕ ਚਿੱਤਰ ਵਿਚ ਇਸ ਤਰ੍ਹਾਂ ਦੀ ਨਾਇਕਾ ਬੱਦਲਾਂ ਦੀ ਆਵਾਜ਼ ਸੁਣ ਕੇ ਛੱਜੇ ਉੱਤੇ ਜਾਂਦੀ ਹੈ। ਉਸ ਦੇ ਸਿਰ ਉੱਤੇ ਬੂੰਦੀ ਵਾਲਾ ਦੁਪੱਟਾ ਹੈ। ਅਸਮਾਨ ਵਿਚ ਉੱਡ ਰਹੇ ਸਾਰਸਾਂ ਵਲ ਉਹ ਉਤਸੁਕਤਾ ਨਾਲ ਵੇਖਦੀ ਹੈ, ਤੇ ਸਾਹਮਣੇ ਇਕ ਮੋਰ, ਜੋ ਪਰਦੇਸ ਗਏ ਪ੍ਰੀਤਮ ਦਾ ਚਿੰਨ੍ਹ ਹੈ, ਆਪਣੇ ਸਿਰ ਨੂੰ ਚੁਕੀ ਖੜਾ ਹੈ। ਮੀਂਹ ਪੈਣ ਵਾਲਾ ਹੈ ਤੇ ਨਾਇਕਾ ਬੱਦਲਾਂ ਦੀਆਂ ਮਿੰਨਤਾਂ ਕਰ ਰਹੀ ਹੈ, ਕਿ ਮੇਰੇ ਮਹਿਬੂਬ ਨੂੰ ਰਾਜ਼ੀ ਖ਼ੁਸ਼ੀ ਘਰ ਪਹੁੰਚਾ ਦੇਣਾ। ਇਸ ਚਿੱਤਰ ਵਿਚ ਇਕ ਕਵਿਤਾ ਦੇ ਇਹ ਭਾਵ ਅੰਕਿਤ ਹੋਏ ਹੋਏ ਹਨ :

"ਜਦੋਂ ਉਹ ਬਰਸਾਤ ਦੇ ਬੱਦਲਾਂ ਦੀ ਗਰਜ ਸੁਣਦੀ ਹੈ ਤਾਂ ਗੋਰੀ ਆਪਣੀਆਂ ਸਹੇਲੀਆਂ ਨੂੰ ਕਹਿੰਦੀ ਹੈ, ਛੱਤ ਉੱਤੇ ਕੋਈ ਨਾ ਜਾਏ। ਜਦੋਂ ਉਹ ਛੱਤ ਉੱਤੇ ਕਿਣ ਮਿਣ ਕਣੀਆਂ ਵੇਖਦੀ ਹੈ, ਉਸ ਨੂੰ ਮੋਰ ਨੱਚਦੇ ਤੇ ਪਪੀਹੇ ਗਾਉਂਦੇ ਸੁਣਾਈ ਦਿੰਦੇ ਹਨ। ਹਿਰਨ ਵਰਗੇ ਨੈਣਾਂ ਵਾਲੀ ਸੁੰਦਰੀ ਬੰਦੀ ਵਾਲੀ ਚੁੰਨੀ ਸਿਰ ਉੱਤੇ ਲਈ, ਆਪਣੇ ਕੇਸਾਂ ਵਿਚ ਫੁੱਲ ਗੁੰਦੀ, ਆਪਣਾ ਸਾਰਾ ਸ੍ਵੈਮਾਨ ਛੱਡ ਕੇ ਬਿਜਲੀ ਤੇ ਬੱਦਲਾਂ ਦੇ ਤਰਲੇ ਪਈ ਲੈਂਦੀ ਹੈ, ਮੇਰੇ ਸਲੋਨੇ ਦਾ ਕੋਈ ਸੁਨੇਹਾ ਲਿਆਵੇ।"

ਵਿਪ੍ਰਲਭਧਾ ਇਕ ਨਿਰਾਸ ਹੋਈ ਨਾਇਕਾ ਹੈ ਜਿਹੜੀ ਅਕਾਰਥ ਆਪਣੇ ਪ੍ਰੇਮੀ ਦੀ ਉਡੀਕ ਵਿਚ ਸਾਰੀ ਰਾਤ ਲੰਘਾ ਦਿੰਦੀ ਹੈ। ਉਹ ਇਕ ਰੁੱਖ ਹੇਠ ਪੱਤਿਆਂ ਦੇ ਉੱਤੇ ਖਲੋਤੀ ਆਪਣੇ ਗਹਿਣਿਆਂ ਨੂੰ ਲਾਹ ਲਾਹ ਕੇ ਸੁੱਟ ਰਹੀ ਹੈ। ਲਾਂਭੇ ਦੀ ਖ਼ਾਲੀ ਥਾਂ ਉਸ ਦੇ ਦਿਲ ਦੀ ਵੀਰਾਨਗੀ ਦੀ ਪ੍ਰਤੀਕ ਹੈ। ਇਸ ਨਾਇਕਾ ਦੇ ਜਜ਼ਬਿਆਂ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ :

"ਫੁੱਲ ਤੀਰਾਂ ਵਾਂਗ ਨੇ, ਸੁਗੰਧੀਆਂ ਜ਼ਹਿਰ ਹਨ ਤੇ ਰੁੱਖਾਂ ਦੀਆਂ ਛਾਵਾਂ ਜਿਵੇਂ ਬਲਦੀਆਂ ਪਈਆਂ ਹੋਣ। ਬਗ਼ੀਚੇ ਜੰਗਲਾਂ ਵਾਂਗ ਹਨ, ਚੰਨ ਦੀਆਂ ਰਿਸ਼ਮਾਂ ਉਸ ਨੂੰ ਤਪ ਵਾਂਗ ਸਾੜ ਰਹੀਆਂ ਹਨ। ਪਿਆਰ ਨੇ ਉਸ ਦੇ ਦਿਲ ਨੂੰ ਇਕ ਚਿੱਤੇ ਵਾਂਗ ਫੜਿਆ ਹੋਇਆ ਹੈ, ਸਾਰੀ ਸਾਰੀ ਰਾਤ ਜਾਗ ਕੇ ਉਸ ਨੂੰ ਕੋਈ ਸ਼ਾਂਤੀ ਨਹੀਂ ਮਿਲਦੀ। ਗੀਤ, ਗਾਲੀਆਂ ਵਾਂਗ ਲਗਦੇ ਹਨ, ਪਾਨ ਦਾ ਸੁਆਦ ਵਿਸ਼ ਵਰਗਾ ਹੈ ਤੇ ਹਰ ਮੋਤੀ ਉਸ ਨੂੰ ਅੰਗਾਰਿਆਂ ਵਾਂਗ ਝੁਲਸ ਰਿਹਾ ਹੈ।"

ਅਭਿਸਾਰਿਕਾ ਉਹ ਨਾਇਕਾ ਹੈ, ਜੋ ਆਪਣੇ ਪ੍ਰੇਮੀ ਨੂੰ ਮਿਲਣ ਘਰੋਂ ਨਿਕਲ ਪੈਂਦੀ ਹੈ। ਵੱਖ ਵੱਖ ਕਵੀਆਂ ਨੇ ਉਸ ਨੂੰ ਵੱਖ ਵੱਖ ਤਰ੍ਹਾਂ ਚਿੱਤਰਿਆ ਹੈ। ਕਾਂਗੜੇ ਦੇ ਕਲਾਕਾਰ ਨੂੰ ਅਭਿਸਾਰਿਕਾ ਦਾ ਚਿੱਤਰਨ ਬਹੁਤ ਪ੍ਰਿਯ ਸੀ। ਕ੍ਰਿਸ਼ਨਾ-ਅਭਿਸਾਰਿਕਾ ਉਹ ਹੈ ਜੋ ਹਨੇਰੀ ਰਾਤ ਵਿਚ ਆਪਣੇ ਪ੍ਰੀਤਮ ਨੂੰ ਮਿਲਣ ਜਾਂਦੀ ਹੈ, ਤੇ ਸ਼ੁਕਲ-ਅਭਿਸਾਰਿਕਾ ਉਹ ਹੈ ਜੋ ਚਾਨਣੀ ਰਾਤ ਵਿਚ ਆਪਣੇ ਮਹਿਬੂਬ ਦੀ ਢੂੰਡ ਵਿਚ ਨਿਕਲ ਪੈਂਦੀ ਹੈ।

ਇਕ ਅੱਤ ਸੁੰਦਰ ਚਿੱਤਰ ਵਿਚ ਕ੍ਰਿਸ਼ਨਾ-ਅਭਿਸਾਰਿਕਾ ਨੀਲਾ ਦੁਪੱਟਾ ਲਈ ਆਪਣੇ ਮਾਹੀ ਦੀ ਭਾਲ ਵਿਚ ਜਾਂਦੀ ਹੈ। ਰਾਤ ਹਨੇਰੀ ਤੇ ਬੱਦਲ ਕਾਲੇ ਹਨ; ਵਿਚ ਵਿਚ ਬਿਜਲੀ ਲਿਸ਼ਕਦੀ ਹੈ। ਜੰਗਲ ਵਿਚ ਸੱਪ ਤੇ ਚੁੜੇਲਾਂ ਹਨ, ਪਰ ਨਾਇਕਾ ਨੂੰ ਨਾ ਸੱਪ ਡਰਾਉਂਦੇ ਹਨ ਨਾ ਭੂਤ, ਤੇ ਨਾ ਉਹ ਹਨੇਰੇ ਤੋਂ ਭੈ ਖਾਂਦੀ ਹੈ। ਉਹ ਆਪਣੇ ਪਿਆਰੇ ਦੀ ਤਲਾਸ਼ ਵਿਚ ਤੁਰੀ ਹੀ ਜਾਂਦੀ ਹੈ।

'ਕਾਮਸੂਤਰ' ਵਿਚ ਲਿਖਿਆ ਹੈ ਕਿ ਔਰਤ ਦੇ ਵਿਚ ਵਾਸ਼ਨਾ ਦਾ ਵਹਾ ਚੰਨ ਦੇ ਵਧਣ ਘਟਣ ਨਾਲ ਮਨ ਵਧਦਾ ਘਟਦਾ ਰਹਿੰਦਾ ਹੈ। ਜਦੋਂ ਚੰਨ ਪੂਰਾ ਹੁੰਦਾ ਹੈ ਔਰਤ ਦੇ ਜਜ਼ਬੇ ਜ਼ੋਰਾਂ ਉੱਤੇ ਹੁੰਦੇ ਹਨ। ਇਕ ਚਿੱਤਰ ਵਿਚ ਆਕਾਸ਼ ਉੱਤੇ ਪੁੰਨਿਆਂ ਦੇ ਚੰਨ ਨੇ ਆਪਣੀ ਚਾਂਦੀ ਖਿਲਾਰੀ ਹੋਈ ਹੈ। ਚੰਨ ਦੀ ਮੱਧਮ ਰੋਸ਼ਨੀ ਨੂੰ ਬੜੀ ਸੁਚੱਜਤਾ ਨਾਲ ਚਿੱਤਰਿਆ ਗਿਆ ਹੈ। ਨਾਇਕਾ ਦੇ ਵਸਤਰ ਤੇ ਉਸ ਦੇ ਨਾਜ਼ਕ ਅੰਗ ਚੰਨ ਦੀ ਚਾਨਣੀ ਵਿਚ ਅਤਿ ਪਿਆਰੇ ਲਗਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ ਰਾਧਾ ਨੂੰ ਸ਼ੁਕਲਾ-ਅਭਿਸਾਰਿਕਾ ਦੇ ਰੂਪ ਵਿਚ ਇਉਂ ਦਰਸਾਇਆ

ਹੈ : "ਰਾਧਿਕਾ ਚਿੱਟੇ ਚੰਨ ਦੀ ਚਾਨਣੀ ਵਿਚ ਚਿੱਟੀ ਚਾਦਰ ਲੈ ਕੇ ਆਪਣੇ ਪ੍ਰੀਤਮ ਨੂੰ ਮਿਲਣ ਗਈ"। ਚਾਰੇ ਪਾਸੇ ਚਾਨਣੀ ਫੈਲੀ ਹੋਈ ਸੀ ਤੇ ਇਸ ਚਾਨਣੀ ਵਿਚ ਗੋਰੀ ਰਾਧਾ ਇਉਂ ਲਗਦੀ ਸੀ ਜਿਵੇਂ ਚਾਨਣ, ਮਹਾਂ-ਚਾਨਣ (ਈਸ਼ਵਰ) ਨੂੰ ਢੂੰਡ ਰਿਹਾ ਹੋਵੇ।"

ਸੇਤ ਧਰੇ ਸਾਰੀ ਬ੍ਰਿਖਭਾਨ ਕੀ ਕੁਮਾਰੀ ਜਸ ਹੀ ਕੀ ਮਨੋ ਬਾਰੀ ਐਸੀ ਰਚੀ ਹੈ ਨ ਕੋ ਦੂਈ ॥
ਸੇਤੈ ਸਾਜ ਸਾਜ ਚਲੀ ਸਾਵਰੇ ਕੀ ਪ੍ਰੀਤ ਕਾਜ ਚਾਂਦਨੀ ਮੈ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ ॥

## ਬਿਰਹੋਂ

ਪ੍ਰੇਮੀਆਂ ਦੀ ਦਸ਼ਾ ਦੇ ਦ੍ਰਿਸ਼ਟੀਕੋਣ ਤੋਂ ਪ੍ਰੇਮ ਦੋ ਤਰ੍ਹਾਂ ਦਾ ਹੁੰਦਾ ਹੈ; ਇਕ ਬਿਰਹੋਂ, ਦੂਜਾ ਸੰਜੋਗ। ਬਿਰਹੋਂ ਅੱਗੋਂ ਤਿੰਨ ਕਿਸਮਾਂ ਦਾ ਹੈ : 'ਪੂਰਵ ਰਾਗ' ਜਾਂ ਪ੍ਰੇਮ ਦਾ ਅਰੰਭ; 'ਮਾਣ', ਪ੍ਰੇਮੀਆਂ ਦਾ ਝੂਠੇ ਗਰੂਰ ਤੇ ਜ਼ਿਦ ਕਰ ਕੇ ਵਿਛੜ ਜਾਣਾ; ਤੇ 'ਪਰਵਾਸ' ਜਾਂ ਪ੍ਰੇਮੀਆਂ ਦਾ, ਪ੍ਰੀਤਮ ਦੇ ਪਰਦੇਸ ਜਾਣ ਕਰਕੇ ਵਿਛੋੜਾ।

ਕਾਂਗੜੇ ਦੇ ਚਿੱਤਰਾਂ ਵਿਚ ਪ੍ਰੇਮ ਪਹਿਲੀ ਨਜ਼ਰ ਵਿਚ ਪੈਂਦਾ ਦਰਸਾਇਆ ਹੈ। ਮਿਰਜ਼ਾ ਸਾਹਿਬਾਂ ਵਾਲੇ ਚਿੱਤਰ ਵਿਚ ਪ੍ਰੇਮੀ ਪਹਿਲੀ ਦ੍ਰਿਸ਼ਟੀ ਵਿਚ ਇਕ ਦੂਜੇ ਦੇ ਪਿਆਰ-ਬੰਧਨ ਵਿਚ ਫਸ ਜਾਂਦੇ ਹਨ । ਪਿੰਡ ਦੇ ਖੂਹ ਤੇ ਪਿਆਰ ਪੈ ਜਾਣ ਦੇ ਮੌਕੇ ਹੁੰਦੇ ਹਨ। ਥੱਕਿਆ ਟੁੱਟਿਆ, ਤ੍ਰਿਹਾਇਆ ਰਾਜ ਕੁਮਾਰ ਪਿੰਡ ਦੇ ਖੂਹ ਉੱਤੇ ਆ ਕੇ ਸੁੰਦਰੀ ਤੋਂ ਪਾਣੀ ਦੇ ਇਕ ਘੁਟ ਲਈ ਸਵਾਲੀ ਹੁੰਦਾ ਹੈ। ਬੁੱਕ ਵਿਚ ਪਾਣੀ ਪੀ ਰਿਹਾ ਉਹ ਨਜ਼ਰਾਂ ਚੁਕ ਕੇ ਗੋਰੀ ਵਲ ਵੇਖਦਾ ਹੈ। ਅੱਖਾਂ ਮਿਲਦੀਆਂ ਹਨ ਤੇ ਪਿਆਰ ਪੈ ਜਾਂਦਾ ਹੈ।

ਇਸ ਨਾਲ ਮਿਲਦਾ-ਜੁਲਦਾ ਇਕ ਹੋਰ ਮਜ਼ਮੂਨ ਇਹ ਹੈ ਕਿ ਪ੍ਰੇਮੀ ਪ੍ਰੇਮਿਕਾ ਨੂੰ ਵੇਖਦਾ ਹੈ, ਪਰ ਪ੍ਰੇਮਿਕਾ ਨੂੰ ਇਸ ਦਾ ਪਤਾ ਨਹੀਂ ਹੁੰਦਾ। ਇਸ ਤਰ੍ਹਾਂ ਕ੍ਰਿਸ਼ਨ ਰਾਧਾ ਨੂੰ ਚੋਰੀਂ ਵੇਖਦਾ ਵਿਖਾਇਆ ਗਿਆ ਹੈ । ਰਾਧਾ ਚੌਂਕੇ ਵਿਚ ਕੰਮ ਕਰ ਰਹੀ ਹੈ ਜਾਂ ਆਪਣੀ ਗੁੱਤ ਕਰਵਾ ਰਹੀ ਹੈ। ਗੁਲੇਰ ਦੇ ਇਕ ਸੁਆਦਲੇ ਚਿੱਤਰ ਵਿਚ ਰਾਧਾ ਨ੍ਹਾ ਰਹੀ ਹੈ ਕ੍ਰਿਸ਼ਨ ਉੱਪਰੋਂ ਝਰੋਖੇ ਵਿੱਚੋਂ ਉਸ ਨੂੰ ਝਾਕ ਰਿਹਾ ਹੈ। ਰਾਧਾ ਚੌਂਕੀ ਉੱਤੇ ਬੈਠੀ ਹੈ ਤੇ ਉਸ ਦੀ ਇਕ ਦਾਸੀ ਹਰੇ ਦੁਪੱਟੇ ਨਾਲ ਉਸ ਦੇ ਸਾਹਮਣੇ ਪਰਦਾ ਕਰ ਦਿੰਦੀ ਹੈ ਤੇ ਦੂਜੀ ਆਪਣੀ ਚਾਦਰ ਨੂੰ ਫੈਲਾ ਦਿੰਦੀ ਹੈ। ਰਾਧਾ ਦੇ ਸ਼ਾਹ ਕਾਲੇ ਵਾਲ ਉਹਦੇ ਸਰੀਰ ਦੇ ਗੋਰੇ ਰੰਗ ਨਾਲ ਵਾਹਵਾ ਫਬ ਰਹੇ ਹਨ । ਵਿਦਿਆਪਤੀ ਨੇ ਰਾਧਾ ਦੇ ਸੁਰੂਪ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

'ਓ ਮਾਧੋ ! ਮੈਂ ਅਜ ਸੁੰਦਰੀ ਨੂੰ ਰੱਜ ਰੱਜ ਵੇਖਿਆ। ਜਦੋਂ ਉਹ ਨ੍ਹਾ ਰਹੀ ਸੀ। ਮੈਂ ਉਸ ਨੂੰ ਤੱਕ ਲਿਆ, ਉਸ ਦੇ ਕਾਲੇ ਕੇਸ ਉਸ ਦੀ ਛਾਤੀ ਉੱਤੇ ਪੈ ਰਹੇ ਸਨ ।'

ਮਾਣ ਤੋਂ ਭਾਵ ਹੈ ਹੰਕਾਰ, ਜਿਸ ਤੋਂ 'ਹਠ' ਦਾ ਭਾਵ ਲਿਆ ਜਾਂਦਾ ਹੈ। 'ਮਾਨਿਨੀ' ਨਾਇਕਾ ਉਹ ਹੁੰਦੀ ਹੈ ਜੋ ਆਪਣੇ ਪ੍ਰੇਮੀ ਦੀ ਪਰਵਾਹ ਨਹੀਂ ਕਰਦੀ, ਭਾਵੇਂ ਉਹ ਲੱਖ ਤਰਲੇ ਪਿਆ ਲਵੇ, ਮਿੰਨਤਾਂ ਪਿਆ ਕਰੇ, ਸੁਨੇਹੇ ਪਿਆ ਭੇਜੇ।

ਕਾਂਗੜੇ ਦੀ ਕਲਾ ਵਿਚ ਅਜੇਹੀ ਨਾਇਕਾ ਨੂੰ ਉਸ ਇਸਤਰੀ ਦੇ ਰੂਪ ਵਿਚ ਚਿੱਤਰਿਆ ਗਿਆ ਹੈ ਜੋ ਆਪਣੇ ਪ੍ਰੀਤਮ ਦੀਆਂ ਬਾਹਾਂ ਵਿੱਚੋਂ ਨਿਕਲ ਕੇ ਤੁਰ ਆਉਂਦੀ ਹੈ ਤੇ ਉਹ ਕੱਲਮਕੱਲਾ ਰਹਿ ਜਾਂਦਾ ਹੈ । ਨਿਰਾਸ ਹੋ ਕੇ ਉਹ ਉਸ ਨੂੰ ਇਕ ਛੱਜੇ ਵਿੱਚੋਂ ਵੇਖਦਾ ਹੈ। ਆਕਾਸ਼ ਵਿਚ ਕਾਲੇ ਬੱਦਲ ਛਾ ਰਹੇ ਹੁੰਦੇ ਹਨ । ਸਾਰਸਾਂ ਦਾ ਜੋੜਾ ਡੂੰਘੇ ਅਸਮਾਨਾਂ ਵਿਚ ਉੱਡਦਾ ਵਿਖਾਈ ਦਿੰਦਾ ਹੈ। ਫੇਰ ਪਤੀ ਇਕ ਵਿਚੋਲੀ ਨੂੰ ਭੇਜਦਾ ਹੈ। ਉਹ ਉਸ ਨੂੰ ਲੱਖ ਇਕਰਾਰਾਂ ਨਾਲ ਮਨਾਉਣ ਦੀ ਕੋਸ਼ਸ਼ ਕਰਦੀ ਹੈ, ਪਰ ਮਾਨਿਨੀ ਇਕ ਨਹੀਂ ਸੁਣਦੀ।

ਬਿਰਹਾ ਦੀ ਤੀਜੀ ਵੰਨਗੀ ਦੀਆਂ, ਜਿਸ ਨੂੰ 'ਪਰਵਾਸ' ਕਹਿੰਦੇ ਹਨ, ਕਈ ਕਿਸਮਾਂ ਹੁੰਦੀਆਂ ਹਨ। ਇਹ

ਪ੍ਰੇਮਿਕਾ ਦੇ ਜਜ਼ਬੇ ਦੀ ਤੀਖਣਤਾ ਉੱਤੇ ਨਿਰਭਰ ਹੁੰਦੀਆਂ ਹਨ। ਅਭਿਲਾਸ਼ਾ, ਜਾਂ ਮਿਲਾਪ ਲਈ ਉਤਸੁਕਤਾ; ਚਿੰਤਾ, ਜੋ ਸਰੀਰ ਨੂੰ ਓਦੋਂ ਤੀਕ ਖਾਂਦੀ ਰਹਿੰਦੀ ਹੈ ਜਦੋਂ ਤੀਕ ਮੇਲ ਨਹੀਂ ਹੁੰਦਾ; ਵਿਆਧੀ, ਜਦੋਂ ਪ੍ਰੇਮ ਦਾ ਬੁਖ਼ਾਰ ਵਧਦਾ ਹੈ ਤੇ ਸਰੀਰ ਘਟਣਾ ਸ਼ੁਰੂ ਹੋ ਜਾਂਦਾ ਹੈ।

ਖਲੋਤੀਆਂ ਤੀਵੀਆਂ ਬੱਦਲਾਂ ਵਲ ਵੇਖ ਰਹੀਆਂ, ਜਾਂ ਚਕੋਰਾਂ, ਕਾਗਾਂ ਨੂੰ ਨਿਹਾਰ ਰਹੀਆਂ, ਆਪਣੇ ਆਪ ਨੂੰ ਪੱਖੀ ਝੱਲ ਰਹੀਆਂ — ਇਹ ਅਕਸਰ ਆਪਣੇ ਪ੍ਰੀਤਮ ਤੋਂ ਵਿਛੜੀਆਂ ਹੋਈਆਂ ਨਾਇਕਾਵਾਂ ਦੇ ਚਿੱਤਰ ਹੁੰਦੇ ਹਨ ਇਹੋ ਜਹੇ ਚਿਤਰ ਪਰਦੇਸ ਵਿਚ ਗਏ ਮਰਦਾਂ ਨੂੰ ਵਿਸ਼ੇਸ਼ ਤੋਰ ਤੇ ਚੰਗੇ ਲਗਦੇ ਹਨ, ਕਿਉਂਕਿ ਉਨ੍ਹਾਂ ਨੂੰ ਵੇਖ ਕੇ ਆਪਣੀਆਂ ਵਿਛੜੀਆਂ ਹੋਈਆਂ ਪ੍ਰੇਮਿਕਾਵਾਂ ਯਾਦ ਆ ਜਾਂਦੀਆਂ ਹਨ।

ਇਕ ਚਿੱਤਰ ਵਿਚ ਨਾਇਕਾ ਇਕ ਕਾਂ ਨੂੰ ਵੇਖ ਰਹੀ ਹੈ ਜੋ ਬਨੇਰੇ ਤੇ ਬੈਠਾ ਬੋਲ ਰਿਹਾ ਹੈ। ਉਹ ਉਸ ਨੂੰ ਉੱਡ ਕੇ ਜਾਣ ਲਈ ਕਹਿੰਦੀ ਹੈ ਤਾਂ ਜੋ ਉਹ ਉਸ ਦੇ ਪ੍ਰੇਮੀ ਦਾ ਸੁਨੇਹਾ ਲਿਆ ਸਕੇ। ਜੇ ਉਸ ਦਾ ਪਿਆਰਾ ਯਾਰ ਰਾਜ਼ੀ ਖ਼ੁਸ਼ੀ ਪਹੁੰਚ ਗਿਆ ਤਾਂ ਉਹ ਉਸ ਦੀ ਚੁੰਝ ਨੂੰ ਸੋਨੇ ਨਾਲ ਮੜ੍ਹਵਾ ਦੇਣ ਦਾ ਇਕਰਾਰ ਕਰਦੀ ਹੈ :

ਉੜ ਉੜ ਕਾਵਾਂ ਤੇਰੀ ਸੋਨੇ ਚੁੰਜ ਮੜ੍ਹਾਵਾਂ।

'ਜੇ ਮੇਰੀ ਮਨ ਦੀ ਕਾਮਨਾ, ਉਹ ਖ਼ਬਰ ਸੁਣ ਕੇ ਜਿਹੜੀ ਤੂੰ ਲਿਆਂਦੀ ਏ ਪੂਰੀ ਹੋਈ, ਤਾਂ ਮੈਂ ਤੇਰੀ ਚੁੰਝ ਨੂੰ ਚਾਂਦੀ ਮੜ੍ਹਾ ਦਿਆਂਗੀ। ਮੈਂ ਤੈਨੂੰ ਖੰਡ ਤੇ ਘਿਉ ਦੀ ਚੂਰੀ ਖੁਆਵਾਂਗੀ, ਮੈਨੂੰ ਜੀਊਂਦੇ-ਜੀ ਇਕ ਨਜ਼ਰ ਤੁਲਾਰਾਮ ਨੂੰ ਵੇਖਣ ਦੇ, ਪਰ ਉਸ ਨੂੰ ਕੇਵਲ ਇਕ ਘੜੀ ਲਈ ਹੀ ਨਾ ਲਿਆਈਂ। ਜੇ ਤੂੰ ਮੇਰੇ ਮਾਲਕ ਨੂੰ ਘਰ ਮੁੜਦੇ ਵੇਖਿਆ ਹੈ ਤਾਂ ਬਨੇਰੇ ਤੇ ਆਏ ਕਾਂਵਾਂ ਤੂੰ ਉੱਡ ਜਾ।'

ਕਾਲਾ ਹਿਰਨ, ਮੋਰ, ਹੰਸ, ਚਕੋਰ ਤੇ ਸੱਪ ਪ੍ਰੇਮੀ ਦੇ ਚਿੰਨ੍ਹ ਮੰਨੇ ਜਾਂਦੇ ਹਨ, ਤੇ ਇਨ੍ਹਾਂ ਦੁਆਰਾ ਹੀ ਉਹ ਕਾਂਗੜੇ ਦੇ ਚਿੱਤਰਾਂ ਵਿਚ ਦਰਸਾਇਆ ਜਾਂਦਾ ਹੈ। ਬਿਰਹਣੀ ਨਾਇਕਾ ਦਾ ਇਕ ਅਤਿਅੰਤ ਸੁੰਦਰ ਚਿੱਤਰ ਹੈ, ਜਿਸ ਵਿਚ ਇਕ ਸਵਾਣੀ ਤੰਬੂਰਾ ਫੜੀ ਇਕ ਰੁੱਖ ਹੇਠ ਖੜੀ ਹੈ। ਉਸ ਦੇ ਸਾਹਮਣੇ ਇਕ ਕਾਲੀ ਹਿਰਨੀ ਹੈ। ਸਵਾਣੀ ਦੇ ਪਹਿਰਾਵੇ ਤੇ ਉਸ ਦੇ ਅੰਗਾਂ ਦੇ ਹਰ ਫੇਰ ਵਿੱਚੋਂ ਕਰੁਣਾ-ਭਰਿਆ ਸੰਗੀਤ ਜਿਵੇਂ ਫੁੱਟ ਰਿਹਾ ਹੋਵੇ। ਇਹ ਚਿੱਤਰ ਗੁਲੇਰ (ਕਾਂਗੜੇ) ਦੀ ਕਲਮ ਦਾ ਵਧੀਆ ਨਮੂਨਾ ਹੈ ਤੇ ਅਭਿਲਾਸ਼ਾ ਦੇ ਜਜ਼ਬੇ ਦੀ ਉੱਚੀ ਪੱਧਰ ਦਾ ਬਹੁਤ ਚੰਗਾ ਉਦਾਹਰਣ ਹੈ। ਡਮਟਾਲ ਦੇ ਆਸ਼ਰਮ ਦੀਆਂ ਦੀਵਾਰਾਂ ਤੇ ਵਾਹੇ ਚਿੱਤਰਾਂ ਵਿਚ ਵੀ ਇਸ ਤਰ੍ਹਾਂ ਦੇ ਮਜ਼ਮੂਨਾਂ ਨੂੰ ਨਿਬਾਹਿਆ ਗਿਆ ਹੈ।

ਇਕ ਹੋਰ ਇਸ ਤਰ੍ਹਾਂ ਦਾ ਚਿੱਤਰ ਹੈ,ਜੋ ਗੁਲੇਰ ਵਿਚ ਮਿਲਿਆ ਹੈ; ਉਸ ਦੇ ਪਿੱਛੇ ਇਹ ਲਿਖਿਆ ਹੈ ਕਿ ਗਲ ਵਿਚ ਹਾਰ ਪਾਈ ਸੁੰਦਰੀ, ਇਕਤਾਰਾ ਵਜਾ ਰਹੀ ਆਪਣੇ ਪ੍ਰੀਤਮ ਨੂੰ ਉਡੀਕਦੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਚਿੱਤਰ ਬਿਰਹਣੀ ਨਾਇਕਾ ਦਾ ਹੈ। ਚਿੱਤਰ ਦੇ ਪਿਛੇ ਲਿਖਿਆ ਹੈ :

"ਪਿਯਾ ਮਿਲਣ ਕੀ ਚਾਹ ਚਿਤ ਖੜੀ ਬਜਾਵਤ ਤਾਰ।"

ਗੁਲੇਰ ਦੇ ਇਕ ਹੋਰ ਚਿੱਤਰ ਵਿਚ ਨਾਇਕਾ ਦੇ ਚਿਹਰੇ ਉੱਤੇ ਚਿੰਤਾ ਦੇ ਭਾਵ ਦੱਸੇ ਹਨ। ਇਕ ਸੁੰਦਰੀ ਬਿਹਬਲ ਹੋਈ ਇਕ ਕਮਲਾਂ-ਭਰੀ ਝੀਲ ਦੇ ਕੰਢੇ ਤੁਰ ਫਿਰ ਰਹੀ ਹੈ। ਅੰਬਾਂ ਦੇ ਰੁੱਖ ਰਸਦਾਰ ਫਲਾਂ ਨਾਲ ਲੱਦੇ ਹੋਏ ਹਨ। ਗ਼ਰਮੀਆਂ ਦੇ ਦਿਨ ਹਨ ਤੇ ਉਹ ਅਪਣੇ ਆਪ ਨੂੰ ਪੱਖੀ ਝਲ ਰਹੀ ਹੈ। ਕਮਲ ਦੇ ਕਟੋਰਿਆਂ ਵਰਗੇ ਪੱਤਿਆਂ ਵਿਚ ਗੁਲਾਬੀ ਕਮਲ ਅਦੁੱਤੀ ਛਬੀ ਵਰ੍ਹਾ ਰਹੇ ਹਨ। ਨਾਇਕਾ ਦੇ ਹਿਰਦੇ ਦੀ ਘਬਰਾਹਟ ਕਮਲ ਦੇ ਪੱਤਿਆਂ ਦੀ ਬੇ-ਤਰਤੀਬੀ ਵਿਚ ਪਰਗਟ ਹੋ ਰਹੀ ਹੈ।

ਪ੍ਰੇਮ ਵਿਚ ਨਿਢਾਲ ਔਰਤਾਂ ਅਕਸਰ ਮਰਦਾਂ ਦੇ ਪਹਿਰਾਵੇ ਵਿਚ ਵਿਖਾਈਆਂ ਜਾਂਦੀਆਂ ਹਨ। ਇਉਂ ਕਰਨਾ ਉਨ੍ਹਾਂ ਨੂੰ ਅਪਣੇ ਪ੍ਰੀਤਮ ਨਾਲ ਕਿਆਸੀ ਤੌਰ ਤੇ ਅਭੇਦ ਹੋ ਜਾਣ ਵਿਚ ਮਦਦ ਕਰਦਾ ਹੈ। ਗੁਲੇਰ ਦੇ ਇਕ ਚਿੱਤਰ ਵਿਚ ਰਾਜਾ ਬਾਹਰ ਸਫ਼ਰ ਉੱਤੇ ਗਿਆ ਹੈ। ਰਾਣੀ ਪਿਛੇ ਆਪਣੇ ਪਤੀ ਦੇ ਬਸਤਰ ਪਹਿਨ ਕੇ ਆਪਣੇ ਮਨ ਨੂੰ

ਪਰਚਾਉਂਦੀ ਹੈ। ਇਕ ਇਸਤਰੀ ਉਸ ਨੂੰ ਸ਼ੀਸ਼ਾ ਵਿਖਾ ਰਹੀ ਹੈ ਤੇ ਇਕ ਹੋਰ ਥਾਲੀ ਵਿਚ ਸੰਧੂਰ ਲਈ ਖਲੋਤੀ ਹੈ। ਰਾਣੀ ਟਿੱਕੇ ਦਾ ਨਿਸ਼ਾਨ ਵੇਖ ਰਹੀ ਹੈ ਜੋ ਉਸ ਦੀ ਸਖੀ ਨੇ ਉਸ ਦੇ ਮੱਥੇ ਉੱਤੇ ਲਾਇਆ ਹੈ। ਮਹਿਲ ਵਿਚ ਖ਼ਾਲੀ ਪਲੰਘ ਪਰਦੇਸੀ ਪ੍ਰੀਤਮ ਦੀ ਯਾਦ ਦਿਵਾਉਂਦਾ ਹੈ। ਗਰਮੀਆਂ ਦੀ ਰਾਤ ਹੈ ਤੇ ਚੰਨ ਚਾਨਣੀ ਬੜੀ ਸੁੰਦਰ ਲਗ ਰਹੀ ਹੈ। ਦੋ ਨੌਕਰਾਣੀਆਂ ਪੱਖੇ ਦੀ ਹਵਾ ਨੂੰ ਮਾਣ ਰਹੀਆਂ ਹਨ। ਮਹਿਲ, ਮੁਨਾਰੇ, ਸਰੂ ਦੇ ਥੰਮਾਂ ਵਰਗੇ ਦਰੱਖ਼ਤ, ਜਾਂ ਅੰਬਾਂ ਦੇ ਗੋਲ ਗੋਲ ਝੁੰਡ, ਫੁਹਾਰੇ, ਤੇ ਔਰਤਾਂ ਦੇ ਨੱਕਾਂ ਵਿਚ ਦੋ ਮੋਤੀਆਂ ਵਾਲੀਆਂ ਨੱਥਾਂ, ਇਸ ਤਰ੍ਹਾਂ ਦੇ ਕੁਝ ਵਿਸ਼ੇਸ਼ ਗੁਣ ਗੁਲੇਰ ਦੇ ਇਕ ਕਲਾਕਾਰ ਗੁਰਸਹਾਏ ਦੇ ਚਿੱਤਰਾਂ ਦੇ ਹਨ।

ਪ੍ਰੇਮ ਵਿਚ ਕੁੱਠੀਆਂ ਔਰਤਾਂ ਆਪਣੇ ਦੁੱਖਾਂ ਨੂੰ ਖੇਡਾਂ ਖੇਡ ਕੇ ਵੀ ਭੁਲਾਉਂਦੀਆਂ ਹਨ। ਇਕ ਹੋਰ ਅਤਿਅੰਤ ਕੋਮਲ ਚਿੱਤਰ ਵਿਚ ਦੋ ਤੀਵੀਂਆਂ ਚੋਸਰ ਖੇਡਦੀਆਂ ਵਿਖਾਈਆਂ ਗਈਆਂ ਹਨ। ਖੇਡਣ ਵਾਲੀਆਂ ਦੇ ਚਿਹਰਿਆਂ ਉੱਤੇ ਡੂੰਘੇ ਗ਼ਮ ਦਾ ਪ੍ਰਭਾਵ ਹੈ। ਇਕ ਅੰਗ-ਰੱਖਿਅਕ ਤੇ ਕੁੱਝ ਦਾਸੀਆਂ ਤਮਾਸ਼ਾ ਵੇਖ ਰਹੀਆਂ ਹਨ ਤੇ ਪਿੱਛੇ ਹਰੇ ਰੁੱਖਾਂ ਦਾ ਇਕ ਝੁੰਡ ਹੈ। ਬਸਤਰਾਂ ਦੀ ਬਰੀਕੀ, ਰੰਗਾਂ ਦਾ ਹਲਕਾਪਨ ਤੇ ਰੇਖਾਵਾਂ ਦੀ ਸੁਚੱਜਤਾ ਤੇ ਸੁੰਦਰਤਾ ਦੇ ਕਾਰਨ ਇਹ ਚਿੱਤਰ ਇਕ ਸ਼ਾਹਕਾਰ ਬਣ ਗਿਆ ਹੈ।

ਰਾਜਪੂਤ ਰਾਜਿਆਂ ਦੇ ਮਹਿਲਾਂ ਵਿਚ ਦੋ ਤਰ੍ਹਾਂ ਦੇ ਬਗ਼ੀਚੇ ਹੁੰਦੇ ਸਨ। ਇਕ ਦਿਨ ਵਿਚ ਸੈਰ ਕਰਨ ਦੇ ਬਗ਼ੀਚੇ, ਤੇ ਇਕ ਚੰਨ-ਚਾਨਣੀ ਵਿਚ ਸੈਰ ਕਰਨ ਦੇ ਬਗ਼ੀਚੇ। ਦਿਨ ਦੀ ਸੈਰ ਕਰਨ ਦੇ ਬਗ਼ੀਚੇ ਦੇ ਵਿਚਕਾਰ ਇਕ ਤਲਾਉ ਹੁੰਦਾ ਸੀ। ਤਲਾਉ ਦੇ ਵਿਚਕਾਰ ਫੁਹਾਰਾ ਹੁੰਦਾ ਸੀ ਜਿਸ ਦੇ ਚਾਰੇ ਪਾਸੇ ਸੰਗਮਰਮਰ ਲੱਗਿਆ ਹੁੰਦਾ ਸੀ। ਗਰਮੀਆਂ ਵਿਚ ਇਸ ਤਰ੍ਹਾਂ ਦੇ ਬਗ਼ੀਚਿਆਂ ਵਿਚ ਰਾਣੀਆਂ ਅਕਸਰ ਅਪਣੇ ਦਿਨ ਕਟਦੀਆਂ ਸਨ ਤੇ ਤਲਾਉ ਦੇ ਠੰਢੇ ਪਾਣੀ ਨਾਲ ਖੇਡ ਕੇ ਖ਼ੁਸ਼ ਰਹਿੰਦੀਆਂ ਸਨ। ਗੁਲੇਰ ਦੇ ਇਕ ਚਿੱਤਰ ਵਿਚ ਇਸ ਤਰ੍ਹਾਂ ਦੇ ਇਕ ਬਾਗ਼ ਨੂੰ ਦਰਸਾਇਆ ਗਿਆ ਹੈ। ਸਵਾਣੀ ਤਲਾਉ ਦੇ ਕੰਢੇ ਬੈਠੀ ਹੈ ਤੇ ਗੋਲੀ ਉਸ ਦੇ ਇਕ ਪੈਰ ਨੂੰ ਧੋ ਰਹੀ ਹੈ। ਉਸ ਦੇ ਸ਼ਾਹ-ਕਾਲੇ ਕੇਸ ਉਸ ਦੇ ਮੋਢਿਆਂ ਉੱਤੇ ਪਏ ਹੋਏ ਹਨ ਤੇ ਉਨ੍ਹਾਂ ਦੇ ਘੇਰਿਆਂ ਨੂੰ ਹੋਰ ਸੁੰਦਰ ਬਣਾ ਰਹੇ ਹਨ। ਇਸ ਚਿੱਤਰ ਵਿਚ ਪਿਆਰ ਦੀ ਅਭਿਲਾਸ਼ਾ ਦਾ ਅਥਾਹ ਜਜ਼ਬਾ ਹੈ।

ਬਿਰਹਣੀ ਦਾ ਇਕ ਹੋਰ ਚਿਤਰ ਹੈ। ਸਾਵਣ ਦੇ ਮਹੀਨੇ ਵਿਚ ਵਿਆਹੀ ਹੋਈ ਔਰਤ ਆਪਣੇ ਪਤੀ ਦੇ ਮੁੜ ਘਰ ਆਉਣ ਦੀ ਉਡੀਕ ਕਰਦੀ ਹੈ। ਆਕਾਸ਼ ਉੱਤੇ ਕਾਲੇ ਬੱਦਲ ਹਨ ਜਿਨ੍ਹਾਂ ਵਿਚ ਬਿਜਲੀ ਲਿਸ਼ਕ ਰਹੀ ਹੈ। ਚਿੱਟੇ ਸਾਰਸਾਂ ਦੇ ਜੋੜੇ ਇਨ੍ਹਾਂ ਕਾਲੇ ਬੱਦਲਾਂ ਨੂੰ ਹੋਰ ਕਾਲਾ ਬਣਾ ਰਹੇ ਹਨ। ਬਾਰਾਂਦਰੀ ਵਿਚ ਬੈਠੀ ਨਾਇਕਾ ਇਨ੍ਹਾਂ ਪੰਛੀਆਂ ਨੂੰ ਵੇਖਦੀ ਹੈ। ਸਾਹਮਣੇ ਇਕ ਝੀਲ ਹੈ ਜਿਸ ਦੇ ਕੰਢਿਆਂ ਉੱਤੇ ਹਰਿਆਵਲ ਹੈ। ਉਸ ਵਿਚ ਸਾਰਸਾਂ ਦਾ ਇਕ ਜੋੜਾ ਬੈਠਾ ਹੈ—ਸਾਰਸ, ਜਿਨ੍ਹਾਂ ਦਾ ਦੰਪਤੀ-ਪ੍ਰੇਮ ਮਸ਼ਹੂਰ ਹੈ, ਘਾਹ ਦੇ ਉੱਪਰ ਡੰਗਰ ਖ਼ੁਸ਼ ਖ਼ੁਸ਼ ਚਰ ਰਹੇ ਹਨ। ਬਾਂਦੀਆਂ ਤਾਨਪੂਰਾ ਤੇ ਢੋਲਕ ਵਜਾ ਰਹੀਆਂ ਹਨ। ਬਾਰਸ਼ ਤੋਂ ਪਹਿਲੋਂ ਦੀ ਤੇਜ਼ ਗਰਮੀ ਦਾ ਅੰਦਾਜ਼ਾ ਵਾਰ ਵਾਰ ਕਰਵਾਇਆ ਗਿਆ ਹੈ। ਇਕ ਗੋਲੀ ਠੰਢਾ ਸ਼ਰਬਤ ਬਣਾ ਰਹੀ ਹੈ, ਦੂਜੀ ਸੰਦਲ ਦਾ ਲੇਪ ਤਿਆਰ ਕਰ ਰਹੀ ਹੈ। ਇਕ ਹੋਰ, ਨਾਇਕਾ ਨੂੰ ਪੱਖੀ ਝਲ ਰਹੀ ਹੈ, ਪਰ ਉਸ ਦੇ ਸਰੀਰ ਨੂੰ, ਜੋ ਪ੍ਰੇਮ ਦੀ ਅੱਗ ਵਿਚ ਝੁਲਸ ਰਿਹਾ ਹੈ, ਕੋਈ ਠੰਢ ਨਹੀਂ ਪਹੁੰਚਦੀ। ਇਸ ਚਿੱਤਰ ਵਿਚ ਭਾਰਤੀ ਇਸਤਰੀ ਦੇ ਤ੍ਰੀਮਤੀ-ਪ੍ਰੇਮ ਨੂੰ ਖ਼ੂਬ ਦਰਸਾਇਆ ਗਿਆ ਹੈ।

ਟੀਰਾ-ਸੁਜਾਨਪੁਰ ਦੇ ਇਕ ਚਿੱਤਰ ਵਿਚ ਵਿਆਧੀ ਨੂੰ ਵਿਖਾਇਆ ਗਿਆ ਹੈ। ਵਿਛੋੜੇ ਦੇ ਦੁਖੜੇ ਨੂੰ ਬਰਦਾਸ਼ਤ ਨਾ ਕਰਦੀ ਹੋਈ ਸੁਆਣੀ ਗ਼ਸ਼ ਖਾ ਗਈ ਹੈ। ਇਕ ਨੌਕਰਾਣੀ ਉਸ ਦੀਆਂ ਛਾਤੀਆਂ ਉੱਤੇ ਚੰਦਨ ਦਾ ਲੇਪ ਕਰ ਰਹੀ ਹੈ ਤੇ ਇਕ ਹੋਰ ਉਸ ਨੂੰ ਪੱਖਾ ਝੱਲ ਰਹੀ ਹੈ। ਨਾਲ ਦੇ ਛੱਜਿਆਂ ਉੱਤੇ ਔਰਤਾਂ ਘਬਰਾਈਆਂ ਹੋਈਆਂ ਇਸ ਵਲ ਵੇਖ ਰਹੀਆਂ ਹਨ। ਪਿਛਵਾੜੇ ਵਿਚ ਇਕ ਦਿਹਾਤੀ ਦ੍ਰਿਸ਼ ਹੈ, ਪੇਂਡੂ ਲੱਕੜਾਂ ਬਾਲ ਕੇ ਸੇਕ ਰਹੇ ਹਨ ਤੇ ਸਰਦੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਬਾਹਰ ਦੀ ਸਰਦੀ ਅੰਦਰਲੇ ਪ੍ਰੇਮ ਦੇ ਬੁਖ਼ਾਰ ਨੂੰ ਹੋਰ ਤੀਖਣ ਕਰ ਰਹੀ ਹੈ।



ਨਾਇਕਾ ਵਾਸਕਸੱਜਾ

## ਸੰਜੋਗ

ਪ੍ਰੇਮ ਦੇ ਜਜ਼ਬੇ ਕਰਕੇ ਕਿਸੇ ਨਾਇਕ ਜਾਂ ਨਾਇਕਾ ਵਿਚ ਉਤਪੰਨ ਹੋਏ ਬਾਹਰਮੁਖੀ ਚਿੰਨ੍ਹਾਂ ਨੂੰ 'ਹਾਵ' ਕਿਹਾ ਜਾਂਦਾ ਹੈ। ਇਹ ਬਾਰਾਂ ਕਿਸਮ ਦੇ ਹਨ। 'ਲੀਲ੍ਹਾ ਹਾਵ' ਮੁਹੱਬਤ ਨੂੰ ਮਾਣਨਾ ਹੈ। 'ਵਿਲਾਸ ਹਾਵ' ਵਿਚ ਨਾਇਕਾ ਦੇ ਨੈਣ ਖ਼ੁਸ਼ੀ ਵਿਚ ਚਮਕਦੇ ਹਨ। ਜਦੋਂ ਨਾਇਕ ਦੇ ਸੋਹਣੇ ਪਹਿਰਾਵੇ ਜਾਂ ਸਜਾਵਟ ਤੋਂ ਉਸ ਦਾ ਸਰੂਪ ਨਿੱਖਰਦਾ ਹੈ ਤਾਂ ਇਸ ਨੂੰ 'ਲਲਿਤ-ਹਾਵ' ਕਿਹਾ ਜਾਂਦਾ ਹੈ। ਜਦੋਂ ਕੋਈ ਇਸਤਰੀ ਆਪਣੀ ਸੁੰਦਰਤਾ ਦੇ ਮਾਣ ਵਿਚ ਬਹੁਤ ਘਟ ਗਹਿਣੇ ਪਾਉਂਦੀ ਹੈ ਤੇ ਸਾਦੇ ਬਸਤਰਾਂ ਵਿਚ ਰਹਿੰਦੀ ਹੈ ਤਾਂ ਇਸ ਨੂੰ 'ਵਿਛਿਤੀ ਹਾਵ' ਕਹਿੰਦੇ ਹਨ। ਮਾਹੀ ਦੇ ਆਉਣ ਤੇ ਘਬਰਾਈ ਹੋਈ ਔਰਤ ਜਦੋਂ ਆਪਣੇ ਗਹਿਣੇ ਗ਼ਲਤ ਥਾਂ ਪਾ ਲੈਂਦੀ ਹੈ ਤਾਂ ਇਹ 'ਵਿਭਰਨ ਹਾਵ' ਗਿਣਿਆ ਜਾਂਦਾ ਹੈ। ਕਈ ਵਾਰ ਰੁਸੇਵੇਂ, ਖ਼ੁਸ਼ੀ ਤੇ ਖ਼ਾਹਿਸ਼ ਦੇ ਜਜ਼ਬੇ ਇਕ ਅਜੀਬ ਤਰ੍ਹਾਂ ਰਲੇ ਮਿਲੇ ਹੁੰਦੇ ਹਨ; ਇਸ ਇਹਸਾਸ ਨੂੰ 'ਕਿਲ ਕਿੰਚਿਤ ਹਾਵ' ਕਿਹਾ ਜਾਂਦਾ ਹੈ। ਆਪਣੇ ਪ੍ਰੀਤਮ ਦੀ ਉਪਮਾ ਸੁਣ ਕੇ ਕਈ ਵਾਰ ਨਾਇਕਾ ਅੰਗੜਾਈ ਲੈਂਦੀ ਹੈ, ਮੁਹੱਬਤ ਦੇ ਇਸ ਸੁਭਾਵਕ ਬਿਆਨ ਨੂੰ 'ਮੋਟਾਇਤ ਹਾਵ' ਆਖਦੇ ਹਨ। 'ਬਿਬੋਕ ਹਾਵ' ਓਦੋਂ ਹੁੰਦਾ ਹੈ ਜਦੋਂ ਕੋਈ ਸੁੰਦਰੀ ਆਪਣੇ ਪ੍ਰੇਮੀ ਦੇ ਆਉਣ ਉੱਤੇ ਉੱਪਰੋਂ ਉਪਰੋਂ ਨਰਾਜ਼ਗੀ ਦੱਸਦੀ ਹੈ, ਪਰ ਅੰਦਰੋਂ ਉਸ ਦਾ ਮਨ ਪ੍ਰੇਮ ਨਾਲ ਭਰਪੂਰ ਹੁੰਦਾ ਹੈ। ਜਦੋਂ ਮੁਹੱਬਤ ਦੇ ਆਵੇਸ਼ ਵਿਚ ਕੋਈ ਨਾਇਕਾ ਅਪਣੀ ਫ਼ਰਜ਼ੀ ਸ਼ਰਮ ਲਾਹ ਸੁੱਟਦੀ ਹੈ ਤਾਂ ਇਸ ਨੂੰ 'ਹੇਲਾ ਹਾਵ' ਕਿਹਾ ਜਾਂਦਾ ਹੈ। ਜਦੋਂ ਕੋਈ ਨਾਇਕ ਬਤਾਵਿਆਂ ਨਾਲ ਪ੍ਰੇਮ ਦਾ ਬਿਆਨ ਕਰਦਾ ਹੈ ਤਾਂ ਇਸ ਨੂੰ 'ਬੋਧ ਹਾਵ' ਦੱਸਦੇ ਹਨ। ਉਹ ਆਪਣੀ ਪ੍ਰੇਮਿਕਾ ਨੂੰ ਆਪਣੇ ਦਿਲ ਦੀ ਦਸ਼ਾ ਦਰਸਾਉਣ ਲਈ ਮੁਰਝਾਇਆ ਹੋਇਆ ਕਮਲ ਪੇਸ਼ ਕਰਦਾ ਹੈ।

ਕੋਈ ਗੱਲ ਜੋ ਚੰਚਲ ਭਾਵ ਉਤਪੰਨ ਕਰਦੀ ਹੈ ਉਸ ਨੂੰ 'ਵਿਭਾਵ' ਕਹਿੰਦੇ ਹਨ ਜੋ ਦੋ ਤਰ੍ਹਾਂ ਦਾ ਹੁੰਦਾ ਹੈ — ਆਲੰਬਨ ਤੇ ਉੱਦੀਪਨ। ਇਹ ਨਿਰੋਲ ਬਾਹਰਮੁਖੀ ਕਾਰਨਾਂ ਉੱਤੇ ਨਿਰਭਰ ਹੁੰਦਾ ਹੈ। ਇਸ ਲਈ ਉਨ੍ਹਾਂ ਦਾ ਹੋਣਾ ਅਤਿਅੰਤ ਅਵੱਸ਼ਕ ਹੈ, ਜਿਵੇਂ ਚੰਨ-ਚਾਨਣੀ, ਬੱਦਲ, ਲਾਲ ਤੇ ਪੀਲੇ ਫੁੱਲ, ਸੁਗੰਧੀ, ਸੰਗੀਤ,, ਕੋਇਲ ਦੀ ਕੂ ਕੂ, ਮਧੂ-ਮੱਖੀਆਂ ਦੀ ਮਧੁਰ ਆਵਾਜ਼। ਅੰਗਾਂ ਦੁਆਰਾ ਰਸ ਨੂੰ ਉਭਾਰਨ ਦਾ ਨਾਂ ਹੈ 'ਅਨੁਭਾਵ', ਜਿਵੇਂ ਸਰੀਰ ਦਾ ਝੂਲਣਾ, ਪਲਕਾਂ ਦਾ ਥਰਕਣਾ, ਜਾਂ ਅੱਖਾਂ ਦਾ ਝਮਕਣਾ।

ਚੰਨ-ਚਾਨਣੀ ਵਿਚ ਜਜ਼ਬੇ ਜ਼ਰੂਰ ਉੱਭਰ ਆਉਂਦੇ ਹਨ। ਇਸ ਗੱਲ ਤੋਂ ਹਿੰਦੀ ਕਵੀ ਤੇ ਕਾਂਗੜੇ ਦੇ ਕਲਾਕਾਰ ਚੰਗੀ ਤਰ੍ਹਾਂ ਵਾਕਫ਼ ਸਨ। ਜਾਪਾਨ ਵਾਂਗ ਚੰਨ-ਚਾਨਣੀ ਭਾਰਤੀਆਂ ਦੀ ਜ਼ਿੰਦਗੀ ਵਿਚ ਵਿਸ਼ੇਸ਼ ਸਥਾਨ ਰਖਦੀ ਹੈ।

ਇਨ੍ਹਾਂ ਦੋਹਾਂ ਦੇਸਾਂ ਵਿਚ ਚੰਨ-ਚਾਨਣੀ ਦੇ ਸੁਆਗਤ ਵਿਚ ਮੇਲੇ ਲਗਦੇ ਹਨ ਤੇ ਇਸ ਦੀ ਸੁੰਦਰਤਾ ਬਗੀਚੇ ਦੇ ਨਕਸ਼ੇ ਦਾ ਇਕ ਜ਼ਰੂਰੀ ਅੰਗ ਮੰਨੀ ਜਾਂਦੀ ਹੈ। ਕੋਬੇਰੀ ਐਨੀਉ, ਜਾਪਾਨ ਦੇ ਬਾਗ਼ਾਂ ਦੇ ਨਕਸ਼ੇ ਬਣਾਉਣ ਵਾਲਾ ਮਸ਼ਹੂਰ ਮਾਹਰ ਕਹਿੰਦਾ ਹੈ, "ਸਭ ਤੋਂ ਚੰਗਾ ਬਗ਼ੀਚਾ ਉਹ ਹੈ ਜਿਸ ਵਿਚ ਇਉਂ ਲੱਗੇ ਕਿ ਕੋਈ ਚੰਨ-ਚਾਨਣੀ ਵਿਚ ਇਕੱਲ ਮਾਣ ਰਿਹਾ ਹੈ ਤੇ ਰੁੱਖਾਂ ਦੀ ਹੋਂਦ ਉਹਨੂੰ ਕੁਝ ਕੁਝ ਉਦਾਸ ਕਰ ਰਹੀ ਹੈ।"

ਭਾਰਤ ਵਿਚ ਚੰਨ-ਚਾਨਣੀ ਵਾਲੇ ਬਾਗ਼ਾਂ ਵਿਚ ਸੁਗੰਧਤ ਪੌਦੇ ਹੁੰਦੇ ਹਨ ਜਿਨ੍ਹਾਂ ਵਿਚ ਸਫ਼ੈਦ ਫੁੱਲ ਖਿੜਦੇ ਹਨ। ਗਰਮੀਆਂ ਵਿਚ ਇਨ੍ਹਾਂ ਦੀ ਖ਼ੁਸ਼ਬੂ ਨਾਲ ਹਵਾ ਲੱਦੀ ਰਹਿੰਦੀ ਹੈ ਤੇ ਚਿੱਟੇ ਚਿੱਟੇ ਫੁੱਲਾਂ ਉੱਤੇ ਵਿਛ ਰਹੀ ਚਾਨਣੀ ਦੀ ਚਾਂਦੀ ਬਗ਼ੀਚੇ ਨੂੰ ਚਾਰ ਚੰਨ ਲਾ ਦਿੰਦੀ ਹੈ; ਉਹਨੂੰ ਵੇਖ ਵੇਖ ਕੇ ਨਜ਼ਰ ਨਹੀਂ ਭਰਦੀ:

> ਸੇਜ ਬਨੀ ਸੰਗ ਫੂਲਨ ਸੁੰਦਰ ਚਾਂਦਨੀ ਰਾਤ ਭਲੀ ਛਬਿ ਪਾਈ॥
> ਸੇਤ ਬਹੇ ਜਮੁਨਾ ਪਟ ਹੈ ਸਿਤ ਮੋਤਨਹਾਰ ਗਰੇ ਛਬਿ ਛਾਈ॥

ਗੁਲੇਰ ਦੇ ਇਕ ਚਿੱਤਰ ਵਿਚ ਇਸੇ ਤਰ੍ਹਾਂ ਦਾ ਇਕ ਬਗ਼ੀਚਾ ਵਿਖਾਇਆ ਗਿਆ ਹੈ। ਕਚਨਾਰ ਦੇ ਚਿੱਟੇ

ਤੇ ਲਾਲ ਫੁੱਲਾਂ ਦੇ ਦਰੱਖ਼ਤ ਅੱਧੇ ਚੰਨ ਦੀ ਚਾਨਣੀ ਵਿਚ ਚਮਕ ਰਹੇ ਹਨ। ਇਨ੍ਹਾਂ ਦੇ ਪਿੱਛੇ ਕੇਲਿਆਂ ਦੇ ਝਾੜ ਹਨ ਤੇ ਉੱਤੇ ਸਰੂ ਹਨ ਜਿਹੜੇ ਮਹਿਲ ਦੇ ਤਲਾਉ ਦੇ ਚੁਪਾਸੀਂ ਲੱਗੇ ਹੋਏ ਹਨ। ਬਗ਼ੀਚੇ ਦੀ ਕੰਧ ਉੱਤੇ ਬੈਠ ਕੇ ਰਾਜਾ ਰਾਣੀ ਨੂੰ ਉੱਪਰ ਖਿੱਚ ਰਿਹਾ ਹੈ। ਰਾਣੀ ਇਕ ਨੌਕਰਾਣੀ ਦੇ ਸਿਰ ਉੱਤੇ ਪੈਰ ਰਖ ਕੇ ਕੰਧ ਤੇ ਚੜ੍ਹਨ ਦਾ ਜਤਨ ਕਰ ਰਹੀ ਹੈ। ਝਰੋਖੇ ਵਿਚ ਇਕ ਹੋਰ ਅਧਨੰਗੀ ਜਿਹੀ ਰਾਣੀ ਪਲੰਘ ਉੱਤੇ ਪਈ ਹੈ, ਤੇ ਉਤਲੀ ਮੰਜ਼ਲ ਉੱਤੇ ਬਾਂਦੀਆਂ ਸੇਜ ਤਿਆਰ ਕਰ ਰਹੀਆਂ ਹਨ।

ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਗੁਰਸਹਾਏ ਦੇ ਬਣਾਏ ਇਕ ਚਿੱਤਰ ਵਿਚ ਪਿਆਰ ਦੇ ਸੰਜੋਗ ਦਾ ਇਕ ਅਤਿਅੰਤ ਸੁੰਦਰ ਦ੍ਰਿਸ਼ ਹੈ। ਇਕ ਬਾਗ਼ ਦੀ ਬਾਰਾਂਦਰੀ ਵਿਚ ਰਾਜਾ ਤੇ ਰਾਣੀ ਇਕ ਤਕੀਏ ਦੇ ਸਹਾਰੇ ਆਰਾਮ ਕਰ ਰਹੇ ਹਨ। ਇਕ ਦੂਜੇ ਵਲ ਉਹ ਪਿਆਰ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ। ਸਾਹਮਣੇ ਇਕ ਫੁਹਾਰਾ ਚਲ ਰਿਹਾ ਹੈ। ਕਈ ਬਾਂਦੀਆਂ ਸੇਵਾ ਵਿਚ ਹਾਜ਼ਰ ਹਨ। ਇਕ ਗੰਗਾ-ਸਾਗਰ ਵਿੱਚੋਂ ਪਾਣੀ ਪਿਲਾ ਰਹੀ ਹੈ, ਇਕ ਕੋਲ ਚੌਰੀ ਹੈ ਤੇ ਇਕ ਕੋਲ ਪੀਕਦਾਨ ; ਇਕ ਕੁੜੀ ਸਿਤਾਰ ਵਜਾ ਰਹੀ ਹੈ। ਬਾਰਾਂਦਰੀ ਦੇ ਪਿੱਛੇ ਮਨ ਨੂੰ ਮੋਹ ਲੈਣ ਵਾਲਾ ਇਕ ਬਗ਼ੀਚਾ ਹੈ ਤੇ ਇਸ ਬਗ਼ੀਚੇ ਵਿਚ ਦੋ ਕੇਲਿਆਂ ਦੇ ਝਾੜ ਇਸ ਪਿਆਰ-ਦ੍ਰਿਸ਼ ਨੂੰ ਹੋਰ ਵੀ ਆਕਰਸ਼ਕ ਬਣਾ ਰਹੇ ਹਨ।

ਨੂਰਪੁਰ ਦੇ ਕੁਝ ਬਹੁਤ ਵਧੀਆ ਚਿੱਤਰ, ਜਿਹੜੇ ਸ਼ਾਇਦ ਰਾਜਾ ਬੀਰ ਸਿੰਘ ਦੇ ਜ਼ਮਾਨੇ ਵਿਚ ਬਣਾਏ ਗਏ, ਸੰਜੋਗ ਦੇ ਦ੍ਰਿਸ਼ਾਂ ਨੂੰ ਦਰਸਾਉਂਦੇ ਹਨ। ਕਲਾਕਾਰ ਨੇ ਮੁੱਢਲੇ ਰੰਗਾਂ ਦੀ ਵਧ ਤੋਂ ਵਧ ਵਰਤੋਂ ਕੀਤੀ ਹੈ ਜਿਵੇਂ ਲਾਲ, ਪੀਲਾ ਤੇ ਨੀਲਾ। ਉਸ ਦੇ ਚਿਤਰਾਂ ਵਿਚ ਜੀਵਨ ਧੜਕਦਾ ਵਿਖਾਈ ਦਿੰਦਾ ਹੈ। ਇਨ੍ਹਾਂ ਚਿੱਤਰਾਂ ਦੇ ਮਰਦ ਬੜੇ ਜ਼ੋਰਦਾਰ ਤੇ ਤਕੜੇ ਹਨ ਤੇ ਅਰਤਾਂ ਨਿਰੀਆਂ ਵਾਸ਼ਨਾਂ ਦੀਆਂ ਦੀਵਾਨੀਆਂ ਜਾਪਦੀਆਂ ਹਨ। ਇਹ ਔਰਤਾਂ ਮਰਦਾਂ ਨਾਲ ਹੱਸ ਖੇਡ ਕੇ ਖ਼ੁਸ਼ ਹਨ। ਔਰਤਾਂ ਦੇ ਚਿਹਰੇ ਗੁਲਾਬੀ ਰੰਗ ਦੇ ਹਨ, ਸੁਨਹਿਰੀ ਰੰਗ ਦੇ ਹਨ ਤੇ ਉਨ੍ਹਾਂ ਦੇ ਦੰਬੇ ਵਰਗੇ ਗੋਰੇ ਅਗ ਲਾਲ ਤਕੀਆਂ ਦੇ ਮੁਕਾਬਲੇ ਵਿਚ ਅਤਿਅੰਤ ਪਿਆਰੇ ਹਨ।

ਨੂਰਪੁਰ ਦੇ ਇਕ ਹੋਰ ਚਿੱਤਰ ਵਿਚ ਇਕ ਨੌਜਵਾਨ ਰਾਜਕੁਮਾਰ ਆਪਣੀ ਰਾਣੀ ਨਾਲ ਵਿਖਾਇਆ ਗਿਆ ਹੈ। ਸਭ ਔਰਤਾਂ ਮਲਮਲ ਦੇ ਮਹੀਨ ਪਤਲੇ ਬਸਤਰ ਪਹਿਨੀਂ ਅੱਧ-ਨੰਗੀਆਂ, ਅੱਧ-ਕੱਜੀਆਂ ਵਿਖਾਈ ਦਿੰਦੀਆਂ ਹਨ। ਰਾਜਕੁਮਾਰ ਆਪਣੀ ਮਹਿਬੂਬਾ ਨੂੰ ਇਕ ਸ਼ਰਾਬ ਦਾ ਪਿਆਲਾ ਦੇ ਰਿਹਾ ਹੈ। ਇਕ ਬਾਂਦੀ ਸੁਰਾਹੀ ਫੜੀ ਖੜੋਤੀ ਹੈ। ਇਕ ਕੋਨੇ ਵਿਚ ਹੁੱਕੇ ਦੀ ਵਲ ਖਾਂਦੀ ਨੜੀ ਰੱਖੀ ਹੈ। ਦੂਜੇ ਕੋਨੇ ਵਿਚ ਇਕ ਤਲਵਾਰ ਤੇ ਢਾਲ ਪਈ ਹੈ। ਗੂੜ੍ਹੇ ਲਾਲ ਤੇ ਪੀਲੇ ਪਹਿਰਾਵੇ, ਰਾਜਕੁਮਾਰੀ ਦਾ ਗੋਰਾ ਰੰਗ ਤੇ ਸੰਗਮਰਮਰ ਦਾ ਜਾਲੀਦਾਰ ਪਰਦਾ, ਇਹ ਸਭ ਰਲ ਕੇ ਪ੍ਰੇਮ ਦੇ ਹਾਵ-ਭਾਵ ਦਾ ਇਕ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ।

ਟੀਰਾ-ਸੁਜਾਨਪੁਰ ਦੇ ਕਈ ਚਿੱਤਰਾਂ ਵਿਚ ਪ੍ਰੇਮੀ ਕਮਲ ਦੀਆਂ ਝੀਲਾਂ ਵਿਚ ਸਾਰਸਾਂ ਦੇ ਜੋੜਿਆਂ ਵਲ ਲਾਲਸਾ-ਭਰੀਆਂ ਨਜ਼ਰਾਂ ਨਾਲ ਵੇਖਦੇ ਦਰਸਾਏ ਹਨ। ਇਕ ਚਿੱਤਰ ਵਿਚ ਸੀਤਾ ਤੇ ਰਾਮ ਸੋਨੇ ਦੇ ਤਖ਼ਤ ਉੱਤੇ ਬੈਠੇ ਦੁੱਧ ਚਿੱਟੇ ਸਾਰਸਾਂ ਨੂੰ ਕਾਲੇ ਬੱਦਲਾਂ ਨਾਲ ਭਰੇ ਆਕਾਸ਼ ਵਿਚ ਵੇਖ ਰਹੇ ਹਨ। ਵਿਚ ਵਿਚ ਬਿਜਲੀ ਚਮਕ ਰਹੀ ਹੈ। ਇਸ ਰੱਬੀ ਜੋੜੇ ਦੇ ਸਾਹਮਣੇ ਹਨੂਮਾਨ ਹੱਥ-ਜੋੜੀ ਖੜਾ ਹੈ ਤੇ ਉਸ ਦੇ ਸਾਥੀ ਲਾਲ ਤੇ ਕਾਲੇ ਮੂੰਹਾਂ ਵਾਲੇ ਜੰਬਾਵਤ, ਉਹਦੇ ਨਾਲ ਖੜੇ ਹਨ। ਰਾਮ ਦੇ ਭਰਾ ਲਛਮਨ, ਸ਼ਤਰੂਘਨ ਤੇ ਭਰਤ ਪਿੱਛੇ ਖੜੋਤੇ ਚੌਰ ਕਰ ਰਹੇ ਹਨ। ਰਾਮ ਖ਼ੁਸ਼ ਹੋ ਕੇ ਸਾਰਸਾਂ ਵਲ ਇਸ਼ਾਰਾ ਕਰਦਾ ਹੈ ਤੇ ਸੀਤਾ ਵੀ ਉਸ ਦੀ ਇਸ ਖ਼ੁਸ਼ੀ ਵਿਚ ਸ਼ਾਮਲ ਹੁੰਦੀ ਹੈ। ਘਰੇਲੂ ਖ਼ੁਸ਼ੀ ਤੇ ਪਿਆਰ ਦੀ ਇਹ ਇਕ ਮੁਕੰਮਲ ਤਸਵੀਰ ਹੈ। ਸਾਹਮਣੇ ਇਕ ਝੀਲ ਹੈ ਜਿਸ ਵਿਚ ਗੁਲਾਬੀ ਰੰਗ ਦੇ ਕੰਵਲ ਹਨ। ਇਕ ਨੁੱਕਰ ਵਿਚ ਸਾਰਸਾਂ ਦਾ ਇਕ ਜੋੜਾ ਚੁਹਲ ਕਰ ਰਿਹਾ ਵਿਖਾਈ ਦਿੰਦਾ ਹੈ।

ਕਾਂਗੜੇ ਦੇ ਕਲਾਕਾਰਾਂ ਨੇ ਸੰਜੋਗ ਦੇ ਬੇਸ਼ੁਮਾਰ ਦ੍ਰਿਸ਼ ਕ੍ਰਿਸ਼ਨ-ਲੀਲ੍ਹਾ ਵਿਚੋਂ ਲੈ ਕੇ ਚਿੱਤਰੇ ਹਨ। ਗੁਲੇਰ ਦੇ ਇਕ ਸੁੰਦਰ ਚਿੱਤਰ ਵਿਚ ਕ੍ਰਿਸ਼ਨ ਇਕ ਕਮਲ ਦੇ ਫੁੱਲ ਤੇ ਖੜਾ ਬੰਸਰੀ ਵਜਾ ਰਿਹਾ ਵਿਖਾਇਆ ਹੈ। ਉਸ ਦੇ ਆਲੇ

ਦੁਆਲੇ ਉਸ ਦੇ ਪਿਆਰ ਵਿਚ ਮਸਤ ਗੋਪੀਆਂ ਹਨ ਜੋ ਉਸ ਵਲ ਵੇਖੀ ਜਾ ਰਹੀਆਂ ਹਨ । ਉਨ੍ਹਾਂ ਵਿੱਚੋਂ ਇਕ ਉਸ ਨੂੰ ਪਾਨ ਦਾ ਪੱਤਾ ਪੇਸ਼ ਕਰ ਰਹੀ ਹੈ । ਇਕ ਹੋਰ ਚੋਰ ਕਰ ਰਹੀ ਹੈ । ਇਕ ਗੋਪੀ ਪੱਖੀ ਝੱਲ ਰਹੀ ਹੈ ਤੇ ਇਕ ਹੋਰ ਕ੍ਰਿਸ਼ਨ ਦੇ ਮੋਢਿਆਂ ਉੱਤੇ ਪਏ ਪੀਤਾਂਬਰ ਨੂੰ ਖਿੱਚ ਰਹੀ ਹੈ । ਦੋਹੀਂ ਪਾਸੀਂ ਆਜੜੀ ਇਸ ਲੀਲ੍ਹਾ ਨੂੰ ਲੁਕ ਲੁਕ ਕੇ ਵੇਖ ਰਹੇ ਹਨ :

ਜਲ ਮੈ ਸਫਰੀ ਜਿਮ ਕੇਲ ਕਰੈ ਤਿਮ ਗ੍ਵਾਰਨੀਯਾ ਹਰਿ ਕੇ ਸੰਗਿ ਡੋਲੈ ॥
ਜਿਓ ਜਨ ਫਾਗ ਕੋ ਖੇਲਤ ਹੈ ਤਿਹ ਭਾਂਤ ਹੀ ਕਾਨ੍ਹ ਕੇ ਸਾਥ ਕਲੋਲੈ ॥
ਕੋਕਿਲਕਾ ਜਿਮ ਬੋਲਤ ਹੈ ਤਿਮ ਗਾਵਤ ਤਾਕੀ ਬਰਾਬਰ ਬੋਲੈ ॥
ਸਯਾਮ ਕਹੈ ਸਭ ਗ੍ਵਾਰਨੀਯਾ ਇਹ ਭਾਂਤਨ ਸੋ ਰਸ ਕਾਨ੍ਹ ਨਿਚੋਲੈ ॥

ਕ੍ਰਿਸ਼ਨ ਦੀ ਮਧੁਰ ਮੁਰਲੀ ਦਾ ਜਾਦੂ ਸਾਰੀ ਪ੍ਰਕਿਰਤੀ ਉੱਤੇ ਪੈ ਰਿਹਾ ਹੈ ਤੇ ਸਾਰੇ ਗਵਾਲੇ ਤੇ ਆਜੜੀ ਮੰਤਰ-ਮੁਗਧ ਹੋਏ ਪਏ ਹਨ । ਜਮਨਾ ਦਰਿਆ ਦੀਆਂ ਮੱਛੀਆਂ ਵੀ ਨਸ਼ੇ ਵਿਚ ਉੱਛਲ ਰਹੀਆਂ ਹਨ । ਕਦੰਬ ਦੇ ਬਿਰਛ ਵਿਚ, ਜਿਹੜਾ ਕ੍ਰਿਸ਼ਨ ਤੇ ਗੋਪੀਆਂ ਉੱਤੇ ਛਾਂ ਕਰ ਰਿਹਾ ਹੈ, ਪ੍ਰੇਮ-ਪੰਛੀਆਂ ਦੇ ਜੋੜੇ ਕਲੋਲ ਕਰ ਰਹੇ ਹਨ । ਬੱਦਲਾਂ ਵਿਚ ਗੰਧਰਵ ਤੇ ਅਪੱਸਰਾਂ ਗਾ ਰਹੀਆਂ ਹਨ । ਪ੍ਰੇਮ ਦੇ ਦ੍ਰਿਸ਼ ਦਾ ਇਹ ਇਕ ਹੋਰ ਸੁੰਦਰ ਚਿਤਰ ਹੈ ।

ਪ੍ਰੇਮ ਦੇ ਜਜ਼ਬੇ ਦੀ ਤੀਖਣਤਾ ਟੀਰਾ-ਸੁਜਾਨਪੁਰ ਦੇ ਇਕ ਹੋਰ ਚਿੱਤਰ ਵਿਚ ਵੀ ਦਰਸਾਈ ਗਈ ਹੈ। ਗਵਾਲਿਆਂ ਦੇ ਘਰ ਵਿਚ ਅੱਗ ਲਗ ਗਈ ਹੈ । ਉਨ੍ਹਾਂ ਵਿੱਚੋਂ ਇਕ ਡੰਗਰਾਂ ਦੇ ਵਾੜੇ ਵਿਚ ਜਾ ਕੇ ਉਨ੍ਹਾਂ ਦੀਆਂ ਰੱਸੀਆਂ ਖੋਲ੍ਹ ਦਿੰਦਾ ਹੈ ਤੇ ਡੰਗਰ ਘਬਰਾਏ ਹੋਏ ਪੂਛਾਂ ਚੁੱਕੀ ਨੱਠ ਰਹੇ ਹਨ । ਗਵਾਲੇ ਆਪਣਾ ਆਪਣਾ ਸਮਾਨ ਚੁੱਕੀ ਭੱਜੇ ਜਾ ਰਹੇ ਹਨ । ਕਿਸੇ ਨੇ ਗੰਢ ਚੁੱਕੀ ਹੋਈ ਹੈ, ਕਿਸੇ ਨੇ ਮੰਜੀ । ਇਕ ਔਰਤ ਨੇ ਚਰਖਾ ਚੁਕਿਆ ਹੋਇਆ ਹੈ ਤੇ ਕੁਝ ਹੋਰਾਂ ਨੇ ਕੀਮਤੀ ਸਾਮਾਨ ਨਾਲ ਭਰੀਆਂ ਟੋਕਰੀਆਂ ਚੁੱਕੀਆਂ ਹੋਈਆਂ ਹਨ । ਕ੍ਰਿਸ਼ਨ ਦੀ ਨਜ਼ਰ ਅੱਗ ਦੇ ਲੰਬੂਆਂ ਵੱਲ ਪੈਂਦੀ ਹੈ । ਉਹ ਜਾਣ ਲਈ ਉਤਾਵਲਾ ਹੈ, ਪਰ ਰਾਧਾ, ਪ੍ਰੇਮ ਵਿਚ ਮੱਤੀ ਹੋਈ, ਉਸ ਨੂੰ ਜਾਣ ਨਹੀਂ ਦੇ ਰਹੀ ।

ਮੀਂਹ-ਕਣੀ ਦੇ ਦਿਨ ਪ੍ਰੇਮੀਆਂ ਨੂੰ ਹਮੇਸ਼ਾਂ ਚੰਗੇ ਲਗਦੇ ਹਨ । ਬੱਦਲ ਆ ਗਏ ਹਨ, ਅੰਬ ਪੱਕ ਗਏ ਹਨ ਤੇ ਮੋਰ ਘਰ ਦੀ ਡਿਉਢੀ ਉੱਤੇ ਬੈਠਾ ਕੂਕ ਰਿਹਾ ਹੈ । ਪ੍ਰੇਮੀ ਇਕ ਛੱਜੇ ਵਿਚ ਖੜ੍ਹੋ ਕੇ ਕਾਲੇ ਕਾਲੇ ਬੱਦਲਾਂ ਨੂੰ ਵੇਖਦੇ ਹਨ । ਕ੍ਰਿਸ਼ਨ ਤੇ ਰਾਧਾ ਨੇ ਇਕ ਦੂਜੇ ਦੇ ਦੁਆਲੇ ਬਾਹਾਂ ਵਲ੍ਹੇਟੀਆਂ ਹੋਈਆਂ ਹਨ ਤੇ ਉਨ੍ਹਾਂ ਦੇ ਨੈਣ ਖ਼ੁਸ਼ੀ ਵਿਚ ਚਮਕ ਰਹੇ ਹਨ । ਰਾਧਾ ਬੱਦਲਾਂ ਵਲ ਇਸ਼ਾਰਾ ਕਰ ਰਹੀ ਹੈ ।

ਕਾਂਗੜੇ ਦੇ ਇਕ ਹੋਰ ਅਤਿਅੰਤ ਸੁੰਦਰ ਚਿੱਤਰ ਵਿਚ ਕ੍ਰਿਸ਼ਨ ਤੇ ਰਾਧਾ ਇਕ ਪਹਾੜ ਦੀ ਚੋਟੀ ਉੱਤੇ ਬੈਠੇ ਹਨ, ਮੀਂਹ ਪੈ ਰਿਹਾ ਹੈ, ਪਰ ਉਨ੍ਹਾਂ ਉੱਤੇ ਇੱਕੋ ਹੀ ਛਤਰੀ ਹੈ । ਤੂਫ਼ਾਨ ਕਰਕੇ ਬਿਰਛਾਂ ਦੀਆਂ ਟਾਹਣੀਆਂ ਮੁੜ ਗਈਆਂ ਹਨ । ਕਾਲੇ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੈ, ਝੱਖੜ ਚਲ ਰਿਹਾ ਹੈ ਤੇ ਬਰਖਾ ਹੋ ਰਹੀ ਹੈ। ਮੋਰ ਖ਼ੁਸ਼ੀ ਵਿਚ ਅਲਾਪ ਰਿਹਾ ਹੈ ਤੇ ਗੱਜਦੇ ਬੱਦਲਾਂ ਤੋਂ ਡਰਦੀ ਰਾਧਾ ਕ੍ਰਿਸ਼ਨ ਦੇ ਨਾਲ ਜੁੜ ਜਾਂਦੀ ਹੈ ।

ਮਾਘ ਮਹੀਨੇ ਦਾ ਤੂਫ਼ਾਨ ਡਾਢਾ ਆਇਆ, ਜਿਸ ਨਾਲ ਰੁੱਖ ਟੁੱਟ ਗਏ, ਲਿਫ਼ ਗਏ, ਮੁੜ ਗਏ । ਝੁੰਡਾਂ ਵਿਚ ਸ਼ਾਂਤੀ ਨਹੀਂ, ਠੰਢ ਵਸ ਗਈ ਤੇ ਇੱਕੋ ਇਕ ਕਪੜੇ ਵਿਚ ਉਹ ਸ਼ਿਆਮ ਦੇ ਗਲ ਲਗ ਗਈ ;

ਹਰੀ ਤੇ ਰਾਧਾ ਦੀ ਛਤਰੀ ਇਕ ਪਾਸੇ ਹੋ ਗਈ ਤੇ ਅੰਤਾਂ ਦੇ ਬੱਦਲ ਵਰ੍ਹਨ ਲਗ ਪਏ । ਜਦੋਂ ਦਿਨ ਮੁੜ ਨਿਕਲਿਆ ਇਉਂ ਜਾਪਿਆ ਜਿਵੇਂ ਇੱਕੋ ਚਿੱਤਰ ਵਿਚ ਤਿੰਨਾਂ ਲੋਕਾਂ ਦੀ ਸੁੰਦਰਤਾ ਭਰ ਦਿੱਤੀ ਗਈ ਹੋਵੇ ।

## ਸ੍ਰੀ ਕ੍ਰਿਸ਼ਨ

ਸ੍ਰੀ ਕ੍ਰਿਸ਼ਨ ਵਿਸ਼ਨੂੰ ਦੇ ਅੱਠਵੇਂ ਅਵਤਾਰ ਸਨ। ਉਹ ਯਾਦਵਾਂ ਵਿੱਚੋਂ ਸਨ ਜੋ ਜਮਨਾ ਦੇ ਦੋਹੀਂ ਪਾਸੀਂ ਬਿੰਦਰਾਬਨ ਤੇ ਗੋਕਲ ਵਿਚ ਰਹਿੰਦੇ ਸਨ। ਉਨ੍ਹਾਂ ਦੇ ਮਾਤਾ-ਪਿਤਾ, ਦੇਵਕੀ ਤੇ ਵਾਸਦੇਵ ਨੂੰ, ਕੰਸ ਨੇ ਕੈਦ ਕਰ ਦਿੱਤਾ ਸੀ। ਕੰਸ ਮਥਰਾ ਦਾ ਰਾਜਾ ਸੀ। ਕਿਸੇ ਨੇ ਇਹ ਭਵਿੱਸ਼-ਬਾਣੀ ਕੀਤੀ ਹੋਈ ਸੀ ਕਿ ਵਾਸਦੇਵ ਦੇ ਪੁੱਤਰ ਦੇ ਹੱਥੋਂ ਕੰਸ ਦਾ ਅਤ ਹੋਵੇਗਾ। ਇਸ ਨਿਰਦਈ ਰਾਜੇ ਨੇ ਉਨ੍ਹਾਂ ਦੇ ਛੇ ਬੱਚੇ ਮਰਵਾ ਛੱਡੇ ਸਨ ਤੇ ਸੱਤਵਾਂ ਬੱਚਾ ਬਲਰਾਮ, ਭਗਵਾਨ ਦੀ ਲੀਲ੍ਹਾ ਨਾਲ ਵਾਸਦੇਵ ਦੀ ਦੂਜੀ ਪਤਨੀ ਰੋਹਿਣੀ ਦੇ ਗਰਭ ਵਿਚ ਚਲਾ ਗਿਆ। ਦੇਵਕੀ ਦਾ ਅੱਠਵਾਂ ਬਚਾ ਸ੍ਰੀ ਕ੍ਰਿਸ਼ਨ ਸੀ। ਇਸ ਨੂੰ ਵੀ ਉਸ ਦੇ ਪਿਤਾ ਨੇ ਨੰਦ ਦੀ ਪਤਨੀ ਯਸ਼ੋਧਾ ਦੇ ਬੱਚੇ ਨਾਲ ਵਟਾ ਕੇ ਬਚਾ ਲਿਆ। ਨੰਦ ਜਮਨਾ ਦੇ ਪਾਰ ਗੋਕਲ ਵਿਚ ਰਹਿੰਦਾ ਸੀ। ਰੋਹਿਣੀ ਤੇ ਬਲਰਾਮ ਅੱਗੇ ਹੀ ਨੰਦ ਕੋਲ ਰਹਿ ਰਹੇ ਸਨ।

ਸ੍ਰੀ ਕ੍ਰਿਸ਼ਨ ਦੇ ਜਨਮ ਨਾਲ ਬ੍ਰਿਜ ਵਿਚ ਲੋਕਾਂ ਦੇ ਭਾਗ ਜਾਗ ਪਏ, ਪਰ ਕੰਸ ਦਾ ਮਨ ਸ਼ਾਂਤ ਨਹੀਂ ਸੀ। ਇਸ ਰੱਬੀ ਜੋਤ ਨੂੰ ਬੁਝਾਉਣ ਲਈ ਉਸ ਨੇ ਕਈ ਦੁਸ਼ਟ ਭੇਜੇ, ਪਰ ਉਨ੍ਹਾਂ ਦੀ ਕੋਈ ਵਾਹ ਨਾ ਚੱਲੀ।

ਸ੍ਰੀ ਕ੍ਰਿਸ਼ਨ ਬੜਾ ਨਟ ਖਟ ਬਾਲਕ ਸੀ ਤੇ ਉਹਦੀਆਂ ਸ਼ਰਾਰਤਾਂ ਤੋਂ ਉਹਦੀ ਮਾਂ ਖ਼ੁਸ਼ ਵੀ ਹੁੰਦੀ ਸੀ ਤੇ ਕਾਹਲੀ ਵੀ ਪੈ ਜਾਂਦੀ ਸੀ। ਕ੍ਰਿਸ਼ਨ ਮੱਖਣ ਚੁਰਾ ਕੇ ਖਾ ਜਾਂਦਾ ਸੀ, ਮਧਾਣੀਆਂ ਤੋੜ ਛੱਡਦਾ ਸੀ ਤੇ ਮਾਂ ਤੋਂ ਸੰਭਾਲਿਆਂ ਨਹੀਂ ਸੰਭਲਦਾ। ਇਕ ਦਿਨ ਬਾਕੀ ਬੱਚਿਆਂ ਵਾਂਗ ਕ੍ਰਿਸ਼ਨ ਨੇ ਵੀ ਮਿੱਟੀ ਖਾਧੀ। ਜਦੋਂ ਉਸ ਦੀ ਮਾਂ ਨੇ ਪੁਛਿਆ, ਉਹ ਮੁੱਕਰ ਗਿਆ। ਇਸ ਉੱਤੇ ਮਾਂ ਨੇ ਬੱਚੇ ਨੂੰ ਮੂੰਹ ਖੋਲ੍ਹਣ ਲਈ ਕਿਹਾ, ਤੇ ਜਦੋਂ ਉਸ ਮੂੰਹ ਖੋਲ੍ਹਿਆ ਤਾਂ ਮਾਂ ਨੂੰ ਉਸ ਵਿਚ ਬੇਅੰਤ ਸੂਰਜ, ਚੰਨ, ਤਾਰੇ, ਸਾਗਰ, ਪਹਾੜ ਤੇ ਦਰਿਆ ਨਜ਼ਰ ਆਏ। ਇਸ ਕ੍ਰਿਸ਼ਮੇ ਨੂੰ ਵੇਖ ਕੇ ਯਸ਼ੋਧਾ ਨੇ ਕ੍ਰਿਸ਼ਨ ਦੇ ਚਰਨਾਂ ਤੇ ਸੀਸ ਨਿਵਾ ਦਿੱਤਾ। ਉਸ ਨੂੰ ਨਿਸਚਾ ਹੋ ਗਿਆ ਉਸ ਦਾ ਬੱਚਾ ਵਿਸ਼ਨੂੰ ਦਾ ਅਵਤਾਰ ਹੈ, ਪਰ ਝਟ ਮਗਰੋਂ ਦੇਵਤਿਆਂ ਨੇ ਫੇਰ ਉਸ ਦੀਆਂ ਅੱਖਾਂ ਤੇ ਪਰਦਾ ਪਾ ਦਿੱਤਾ ਤੇ ਉਸ ਨੂੰ ਫੇਰ ਜਾਪਣ ਲਗਾ ਜਿਵੇਂ ਉਹ ਬੱਚਾ ਉਸ ਦਾ ਬੇਟਾ ਹੀ ਹੁੰਦਾ ਹੈ।

ਕੰਸ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਨੰਦ ਤੇ ਉਸ ਦੇ ਨਾਲ ਦੇ ਗਵਾਲਿਆਂ ਨੇ ਫ਼ੈਸਲਾ ਕੀਤਾ ਕਿ ਉਹ ਗੋਕਲ ਛੱਡ ਕੇ ਬਿੰਦਰਾਬਨ ਚਲੇ ਜਾਣਗੇ। ਬਿੰਦਰਾਬਨ ਵਿਚ ਉਨ੍ਹਾਂ ਦੇ ਬੱਚੇ ਦਰਿਆ ਵਿਚ ਨ੍ਹਾਉਂਦੇ ਤੇ ਉਨ੍ਹਾਂ ਦੀਆਂ ਗਊਆਂ ਖ਼ੁਸ਼ੀ ਖ਼ੁਸ਼ੀ ਬੈਠੀਆਂ ਜੁਗਾਲੀ ਕਰਦੀਆਂ ਰਹਿੰਦੀਆਂ। ਸ੍ਰੀ ਕ੍ਰਿਸ਼ਨ, ਉਸ ਦਾ ਭਰਾ ਬਲਰਾਮ, ਹੋਰ ਗਵਾਲੇ ਤੇ ਗੋਪੀਆਂ ਬਿੰਦਰਾਬਨ ਦੇ ਜੰਗਲ ਵਿਚ ਘੁੰਮਦੇ ਫਿਰਦੇ। ਇਸ ਜੰਗਲ ਦੇ ਬਿਰਛ ਤੇ ਬਿਰਛਾਂ ਦੇ ਫੁੱਲ ਬੜੇ ਸੁੰਦਰ ਸਨ। ਇਸ ਜੰਗਲ ਵਿਚ ਕ੍ਰਿਸ਼ਨ ਤੇ ਉਸ ਦੇ ਸਾਥੀ ਲੁੱਕਣ-ਮੀਚੀ ਖੇਡਦੇ, ਗਾਉਂਦੇ ਤੇ ਨੱਚਦੇ ਰਹਿੰਦੇ।

ਸਵੇਰੇ ਸਵੇਰੇ ਕ੍ਰਿਸ਼ਨ, ਬਲਰਾਮ ਤੇ ਉਨ੍ਹਾਂ ਦੇ ਸਾਥੀ ਡੰਗਰਾਂ ਦੀਆਂ ਰੱਸੀਆਂ ਖੋਲ੍ਹਦੇ ਹਨ। ਕ੍ਰਿਸ਼ਨ ਯਸ਼ੋਧਾ ਤੋਂ ਇਕ ਛੜੀ ਮੰਗਦਾ ਹੈ ਤੇ ਬਲਰਾਮ ਇਕ ਮੁਟਿਆਰ ਤੋਂ ਲੱਡੂ ਲੈ ਕੇ ਉਨ੍ਹਾਂ ਨੂੰ ਪਰਨੇ ਵਿਚ ਵਲ੍ਹੇਟ ਲੈਂਦਾ ਹੈ। ਕ੍ਰਿਸ਼ਨ ਨਾਲ ਗਊਆਂ ਦਾ ਅੰਤਾਂ ਦਾ ਪ੍ਰੇਮ ਹੈ; ਉਸ ਨੂੰ ਵੇਖ ਕੇ ਉਹ ਦੁੱਧ ਦੀਆਂ ਧਾਰਾਂ ਵਗਾਉਂਦੀਆਂ ਹਨ ਤੇ ਬਹੁਤ ਖ਼ੁਸ਼ ਹੁੰਦੀਆਂ ਹਨ।

ਸ਼ਾਮ ਨੂੰ ਕ੍ਰਿਸ਼ਨ ਤੇ ਉਸ ਦੇ ਸਾਥੀ ਗਊਆਂ ਨੂੰ ਘਰ ਲਿਆਉਂਦੇ ਹਨ, ਤੇ ਜਿਹੜੀ ਧੂੜ ਉਨ੍ਹਾਂ ਦੇ ਖੁਰ ਉਠਾਉਂਦੇ ਹਨ ਉਹ ਸੋਨੇ ਦੀ ਤਰ੍ਹਾਂ ਚਮਕਦੀ ਹੈ। ਗਊ-ਧੂਲੀ ਦਾ ਇਹ ਵੇਲਾ ਕਾਂਗੜੇ ਦੇ ਕਲਾਕਾਰਾਂ ਨੂੰ ਬਹੁਤ ਪਿਆਰਾ ਲਗਦਾ ਸੀ। ਇਸ ਗਊ-ਧੂਲੀ ਵਿੱਚੋਂ ਲੰਘਣਾ ਗੰਗਾ-ਇਸ਼ਨਾਨ ਦੇ ਬਰਾਬਰ ਮੰਨਿਆ ਗਿਆ ਹੈ।

ਇਕ ਹੋਰ ਵਿਸ਼ਾ, ਜੋ ਕਾਂਗੜੇ ਦੇ ਚਿੱਤਰਕਾਰਾਂ ਨੂੰ ਬਹੁਤ ਪਸੰਦ ਸੀ, ਉਹ ਕ੍ਰਿਸ਼ਨ ਦੀ ਮੁਰਲੀ ਦਾ ਜਾਦੂ ਸੀ। ਗਊਆਂ ਦਾ ਰਖਵਾਲਾ ਕ੍ਰਿਸ਼ਨ ਮੋਢੇ ਉੱਤੇ ਕਾਲੀ ਕੰਬਲੀ ਲੈ ਕੇ ਜਮਨਾ ਦੇ ਕੰਢੇ ਬੰਸਰੀ ਵਜਾਉਂਦਾ ਹੈ। ਸਾਰਸਾਂ ਦਾ ਇਕ ਜੋ ੍ਹ ਦਰਿਆ ਦੇ ਕੰਢੇ ਬੈਠਾ ਹੈ। ਜੰਗਲ ਦੇ ਬਿਰਛਾਂ ਨਾਲ ਵੇਲਾਂ ਲਿਪਟੀਆਂ ਹੋਈਆਂ

ਹਨ, ਫੁੱਲਾਂ ਨਾਲ ਡਾਲੀਆਂ ਝੂ-ਜੂ-ਝੂ ਕਰਦੀਆਂ ਹਨ ਤੇ ਪੰਛੀ ਚਹਿਚਹਾ ਰਹੇ ਹਨ। ਪੰਛੀਆਂ ਦੇ ਖੰਭ ਸ਼ੋਖ਼ ਰੰਗਾਂ ਦੇ ਹਨ, ਬੰਸਰੀ ਦੀ ਆਵਾਜ਼ ਸੁਣ ਕੇ ਚਿੱਟੀਆਂ, ਭੂਰੀਆਂ, ਕਾਲੀਆਂ ਤੇ ਬਦਾਮੀ ਰੰਗੀਆਂ ਗਊਆਂ ਪੂਛਲਾਂ ਚੁੱਕ ਕੇ ਕ੍ਰਿਸ਼ਨ ਜੀ ਵਲ ਨੱਠ ਪੈਂਦੀਆਂ ਹਨ। ਗਊਆਂ ਦੇ ਗਲ ਘੁੰਗਰੂ ਪਏ ਹਨ ਤੇ ਕਵੀ ਨੂੰ ਉਹ ਇਉਂ ਜਾਪਦੀਆਂ ਹਨ ਜਿਵੇਂ ਕਈ ਰੰਗਾਂ ਦੇ ਬੱਦਲ ਇਕ ਥਾਂ ਇਕੱਠੇ ਹੋ ਗਏ ਹੋਣ। ਗਊਆਂ ਮੂੰਹ ਚੁੱਕੀ ਅੱਖੀਆਂ ਵਿਚ ਲੱਖ ਲੱਖ ਖ਼ੁਸ਼ੀਆਂ ਭਰੀ ਮੰਤਰ-ਮੁਗਧ ਹੋਈਆਂ, ਕ੍ਰਿਸ਼ਨ ਵਲ ਵੇਖਦੀਆਂ ਹਨ। ਕ੍ਰਿਸ਼ਨ ਦੀ ਬੰਸਰੀ ਦੀ ਆਵਾਜ਼ ਅਗੰਮ ਦੀ ਆਵਾਜ਼ ਸੀ ਜਿਸ ਨੂੰ ਸੁਣ ਕੇ ਖ਼ੁਸ਼ੀਆਂ ਦੀ ਬਰਖਾ ਹੋਣ ਲਗ ਪੈਂਦੀ। ਮਧੁਰ ਮੁਰਲੀ ਨੂੰ ਸੁਣ ਕੇ ਸਮਸਤ ਜੀਵ-ਜੰਤੂਆਂ ਉੱਤੇ ਇਕ ਜਾਦੂ ਦਾ ਅਸਰ ਹੋ ਜਾਂਦਾ, ਤੇ ਉਹ ਮੂਰਤਾਂ ਬਣੀਂ ਖੜੇ ਰਹਿੰਦੇ। ਦਰਿਆ ਵੀ ਆਪਣਾ ਵਹਿਣ ਛੱਡ ਕੇ ਕ੍ਰਿਸ਼ਨ ਦੀ ਬੰਸਰੀ ਨੂੰ ਸੁਣਨ ਲਈ ਫੇਰ ਪਾ ਲੈਂਦਾ ਹੈ:

> ਕਾਨ੍ਹ ਤਰੈ ਤਰੁ ਕੇ ਮੁਰਲੀ ਸੁ ਬਜਾਇ ਉਠਯੋ ਤਨ ਕੌ ਕਰ ਐਂਡਾ ॥
> ਮੋਹ ਰਹੀ ਜਮਨਾ ਖਗ ਅਉ ਹਰਿ ਜੱਛ ਸਭੈ ਅਰਨਾ ਅਰੁ ਗੈਂਡਾ ॥

ਇਕ ਹੋਰ ਚਿੱਤਰ ਜੰਗਲ ਦੀ ਇਕ ਦਾਵਤ ਦਾ ਹੈ। ਕ੍ਰਿਸ਼ਨ ਤੇ ਉਸ ਦੇ ਸਾਥੀ ਇਕ ਬਹੁਤ ਵੱਡੇ ਬਿਰਛ ਦੇ ਹੇਠ ਲੱਡੂ, ਪੇੜੇ, ਬਰਫ਼ੀਆਂ ਖਾ ਰਹੇ ਹਨ।

ਕ੍ਰਿਸ਼ਨ ਦੇ ਜੀਵਨ ਦੇ ਹੋਰ ਕਈ ਦ੍ਰਿਸ਼ ਵੀ ਦਰਸਾਏ ਗਏ ਹਨ। ਗੋਵਰਧਨ ਪਹਾੜ ਨੂੰ ਚੁੱਕਣਾ, ਚੀਰ-ਹਰਨ ਲੀਲ੍ਹਾ, ਦਾਨ ਲੀਲ੍ਹਾ, ਆਦਿ। ਕਈ ਫਣਾਂ ਵਾਲੇ ਕਾਲੇ ਨਾਗ ਨੇ ਜਮਨਾਂ ਦੇ ਕੰਢੇ ਇਕ ਤਲਾ ਵਿਚ ਵਿਹੁ ਘੋਲ ਦਿੱਤਾ ਸੀ, ਪਰ ਕ੍ਰਿਸ਼ਨ ਜੀ ਨੇ ਉਸ ਦਾ ਬਧ ਕੀਤਾ ਤੇ ਉਸ ਦੇ ਫਣਾਂ ਉੱਤੇ ਨਾਚ ਨੱਚਿਆ। ਇੰਦਰ ਨੂੰ ਇਕ ਵਾਰ ਆਪਣੇ ਘਟਦੇ ਹੋਏ ਅਸਰ ਉੱਤੇ ਕ੍ਰੋਧ ਆਇਆ ਤੇ ਅੱਤਾਂ ਦਾ ਮੀਂਹ ਵਰ੍ਹਾਇਆ, ਪਰ ਲੋਕਾਂ ਨੇ ਗੋਵਰਧਨ ਪਹਾੜ ਦੀ ਓਟ ਲਈ ਗੋਵਰਧਨ ਪਹਾੜ ਨੂੰ ਸ੍ਰੀ ਕ੍ਰਿਸ਼ਨ ਨੇ ਇਕ ਚੀਚੀ ਨਾਲ ਚੁੱਕਿਆ ਸੀ। ਬ੍ਰਿਜ ਦੀਆਂ ਮੁਟਿਆਰਾਂ ਜਮਨਾਂ ਵਿਚ ਜਦੋਂ ਨ੍ਹਾ ਰਹੀਆਂ ਹੁੰਦੀਆਂ ਕ੍ਰਿਸ਼ਨ ਉਨ੍ਹਾਂ ਦੇ ਕਪੜੇ ਲੁਕਾ ਦਿੰਦਾ ਤੇ ਲੱਖਾਂ ਮਿੰਨਤਾ ਕਰਵਾ ਕੇ ਮੋੜਦਾ। ਕਈ ਵਾਰ ਜਦੋਂ ਉਹ ਬੇੜੀ ਵਿਚ ਦਰਿਆ ਪਾਰ ਕਰ ਕੇ ਆਉਂਦੀਆਂ ਤਾਂ ਉਹ ਉਨ੍ਹਾਂ ਨੂੰ ਠਹਿਰਾ ਕੇ ਉਨ੍ਹਾਂ ਦਾ ਮੱਖਣ ਤੇ ਦਹੀਂ ਖੋਹ ਲੈਂਦਾ, ਤੇ ਕਹਿੰਦਾ "ਇਹ ਮੇਰਾ ਮਸੂਲ ਹੈ।"

ਜਮਨਾ ਦੇ ਕੰਢੇ ਇਕ ਸੁਗੰਧੀਆਂ-ਭਰੀ ਕੱਤਕ ਦੀ ਚਾਨਣੀ ਰਾਤ ਵਿਚ ਕ੍ਰਿਸ਼ਨ ਬੰਸਰੀ ਵਜਾਉਂਦਾ ਹੈ। ਉਸਦੀ ਆਵਾਜ਼ ਸੁਣ ਸਾਰੇ ਬ੍ਰਿਜ ਦੀਆਂ ਮੁਟਿਆਰਾਂ, ਆਪਣੀ ਲੱਜ ਸ਼ਰਮ ਲਾਹ, ਦਰਿਆ ਵਲ ਤੁਰ ਪੈਂਦੀਆਂ ਹਨ:

> ਦੇਖਤ ਮੂਰਤ ਕਾਨ੍ਹ ਕੀ ਗੋਪਨ ਭੂਲਿ ਗਈ ਗ੍ਰਿਹ ਕੀ ਸੁਧ ਸਾਤੋ ॥
> ਚੀਰ ਗਏ ਉਡ ਕੈ ਤਨ ਕੇ ਅਰੁ ਟੂਟ ਗਯੋ ਨੈਨ ਤੇ ਲਾਜ ਕੋ ਨਾਤੋ ॥

ਪਰ ਜਦੋਂ ਉਹ ਉਸਦੇ ਕੋਲ ਪੁਜਦੀਆਂ ਹਨ, ਕ੍ਰਿਸ਼ਨ ਉਨ੍ਹਾਂ ਨੂੰ ਆਪੋ ਆਪਣੇ ਘਰਾਂ ਨੂੰ ਮੁੜ ਜਾਣ ਲਈ ਕਹਿੰਦਾ ਹੈ। 'ਮੇਰਾ ਪ੍ਰੇਮ ਗਾ ਕੇ, ਸੁਣ ਕੇ, ਸੋਚ ਕੇ, ਉਤਪੰਨ ਹੁੰਦਾ ਹੈ। ਮੇਰੇ ਪ੍ਰੇਮ ਲਈ ਸਰੀਰਾਂ ਦਾ ਮੇਲ ਜ਼ਰੂਰੀ ਨਹੀਂ।' ਮੁਟਿਆਰਾਂ ਸ਼ਿਕਾਇਤ ਕਰਦੀਆਂ ਹਨ ਕਿ ਅਸੀਂ ਤੇਰੇ ਲਈ ਘਰ ਬਾਰ ਸਭ ਕੁਝ ਛੱਡ ਆਈਆਂ ਹਾਂ। ਕ੍ਰਿਸ਼ਨ ਇਹ ਸੁਣ ਕੇ ਮੁਸਕਰਾਉਂਦਾ ਹੈ ਤੇ ਪਿਆਰ ਵਿਚ ਉਨ੍ਹਾਂ ਨਾਲ ਨੱਚਣਾ ਸ਼ੁਰੂ ਕਰ ਦਿੰਦਾ ਹੈ। ਇਹ ਵੇਖ ਕੇ ਗੋਪੀਆਂ ਮਾਣ ਵਿਚ ਫੁੱਲੀਆਂ ਨਹੀਂ ਸਮਾਉਂਦੀਆਂ ਤੇ ਸੋਚਦੀਆਂ ਹਨ ਕਿ ਉਹ ਬਾਕੀ ਔਰਤਾਂ ਤੋਂ ਉੱਚੀਆਂ ਹਨ। ਉਨ੍ਹਾਂ ਦਾ ਹੰਕਾਰ ਭੰਨ ਕੇ ਕ੍ਰਿਸ਼ਨ ਅਚਾਨਕ ਅਲੋਪ ਹੋ ਜਾਂਦਾ ਹੈ।

ਰਾਧਾ ਦੇ ਨਾਲ ਕ੍ਰਿਸ਼ਨ ਜੰਗਲਾਂ ਵਿਚ ਘੁੰਮਦਾ ਫਿਰਦਾ ਹੈ। ਉਹ ਪੰਛੀਆਂ ਦੇ ਗੀਤ ਸੁਣਦੇ ਹਨ। ਮਖਿਆਰੀਆਂ ਦੀ ਮਧੁਰ ਆਵਾਜ਼ ਉਨ੍ਹਾਂ ਦੇ ਕੰਨੀਂ ਪੈਂਦੀ ਹੈ, ਬਣ ਵਿੱਚੋਂ ਵਗਦੀ ਹਵਾ ਦੀ ਮਧੁਰ ਸੁਰ ਉਨ੍ਹਾਂ ਨੂੰ ਖ਼ੁਸ਼ ਕਰਦੀ ਹੈ। ਜਦੋਂ ਥੱਕ ਜਾਂਦੇ ਹਨ ਤਾਂ ਇਕ ਬਿਰਛ ਦੀ ਸੰਘਣੀ ਛਾਂ ਹੇਠ ਆ ਬੈਠਦੇ ਹਨ — ਇਉਂ ਜਾਪਦਾ ਹੈ ਜਿਵੇਂ ਦੋ ਪੰਛੀਆਂ ਦਾ ਜੋੜਾ ਹੋਵੇ।

ਰਾਧਾ ਬਹੁਤ ਖ਼ੁਸ਼ ਹੈ, ਇਹ ਸੋਚ ਕੇ ਕਿ ਕ੍ਰਿਸ਼ਨ ਹੁਣ ਪੂਰੀ ਤਰ੍ਹਾਂ ਉਸ ਦੇ ਕਬਜ਼ੇ ਵਿਚ ਹੈ, ਹੰਕਾਰ ਵਿਚ ਮੱਤੀ ਉਹ ਕ੍ਰਿਸ਼ਨ ਨੂੰ ਕਹਿੰਦੀ ਹੈ ਕਿ ਉਸ ਨੂੰ ਮੋਢੇ ਉੱਤੇ ਚੁੱਕ ਲਵੇ, ਪਰ ਜਦੋਂ ਉਹ ਉਸ ਦੇ ਮੋਢੇ ਉੱਤੇ ਚੜ੍ਹਨ ਲਗਦੀ ਹੈ, ਕ੍ਰਿਸ਼ਨ ਅਲੋਪ ਹੋ ਜਾਂਦਾ ਹੈ। ਬਿੰਦਰਾਬਨ ਦੇ ਸੁੰਦਰ ਬਣ ਵਿਚ ਰਾਧਾ ਘੁੰਮਦੀ ਫਿਰਦੀ ਹੈ। ਰੋ ਰੋ ਕੇ ਉਹ ਬਿਰਛਾਂ ਤੋਂ ਉਸ ਦਾ ਪਤਾ ਪੁੱਛਦੀ ਫਿਰਦੀ ਹੈ, ਪਰ ਕੋਈ ਉਸਦੀ ਸਹਾਇਤਾ ਨਹੀਂ ਕਰਦਾ।

'ਗੀਤ ਗੋਵਿੰਦ' ਵਿਚ ਜੈਦੇਵ ਨੇ ਰਾਧਾ-ਕ੍ਰਿਸ਼ਨ ਦੇ ਵਿਛੋੜੇ ਤੇ ਮਿਲਾਪ ਦੀ ਕਹਾਣੀ ਨੂੰ ਇਕ ਨਾਟਕ ਦੇ ਰੂਪ ਵਿਚ ਬਿਆਨ ਕੀਤਾ ਹੈ। ਨਾਟਕ ਦੇ ਪਾਤਰ ਕ੍ਰਿਸ਼ਨ,ਰਾਧਾ ਤੇ ਗੋਪੀਆਂ,ਤੋਂ ਬਿਨਾਂ ਇਕ ਦੂਤਿਕਾ ਹੈ ਜੋ ਪ੍ਰੇਮੀਆਂ ਦੇ ਸੁਨੇਹੇ ਲਿਜਾਣ ਵਾਲੀ ਹੈ। ਦ੍ਰਿਸ਼ ਬਿੰਦਰਾਬਨ ਦੇ ਜੰਗਲ ਦਾ ਹੈ – ਰਾਧਾ ਇੱਕ ਬਿਰਛ ਦੇ ਹੇਠਾਂ ਬੈਠੀ ਹੈ ਤੇ ਕ੍ਰਿਸ਼ਨ, ਗੋਪੀਆਂ ਨਾਲ ਜਮਨਾ ਦੇ ਕੰਢੇ ਉੱਤੇ ਨੱਚ ਰਿਹਾ ਹੈ। ਚਾਰੇ ਪਾਸੇ ਸੁਗੰਧੀਆਂ ਹੀ ਸੁਗੰਧੀਆਂ ਹਨ। ਸੁੰਦਰ ਰਾਧਾ, ਜਿਸ ਦੇ ਅੰਗ ਮਾਧਵੀ ਵੇਲ ਵਾਂਗ ਨਾਜ਼ਕ ਹਨ, ਜੰਗਲਾਂ ਵਿੱਚ ਕ੍ਰਿਸ਼ਨ ਦੀ ਭਾਲ ਕਰਦੀ ਹੈ। ਇਕ ਕੁੜੀ ਕ੍ਰਿਸ਼ਨ ਦਾ ਸੁਨੇਹਾ ਲੈ ਕੇ ਆਉਂਦੀ ਹੈ। ਬਸੰਤ ਖਿੜੀ ਹੋਈ ਹੈ।

"ਓ ਰਾਧਾ! ਅੱਜ ਕਲ ਬਸੰਤ ਦੀ ਰੁੱਤ ਹੈ; ਇਹ ਰੁੱਤ ਤੇ ਉਨ੍ਹਾਂ ਨੂੰ ਵੀ ਮਸਤਾ ਦਿੰਦੀ ਹੈ ਜਿਨ੍ਹਾਂ ਨੇ ਆਪਣੇ ਮਨ ਨੂੰ ਵਸ ਕੀਤਾ ਹੁੰਦਾ ਹੈ।"

"ਬਸੰਤ ਰੁੱਤ ਫੁੱਲਾਂ ਨਾਲ ਲੱਦੀ ਹੋਈ ਆਈ ਹੈ, ਚੁੱਪ ਚੁਪਾਤੀ ਹੀ ਆ ਗਈ ਹੈ, ਜਿਵੇਂ ਜਵਾਨੀ ਦੀ ਖ਼ੁਸ਼ੀ ਆਪਣੇ ਆਪ ਆਈ ਹੋਵੇ।"

"ਓਧਰ ਵੇਖ, ਸੁੱਤੇ ਸੁੱਤੇ ਅੰਬਾਂ ਦੇ ਬੂਟੇ ਨੂੰ ਵੇਲਾਂ ਨੇ ਗਲਵੱਕੜੀ ਪਾ ਲਈ ਹੈ, ਪ੍ਰੇਮ ਵਿਚ ਉਹ ਜਾਗ ਪਿਆ ਹੈ ਤੇ ਖ਼ੁਸ਼ੀਆਂ ਵਿੱਚ ਝੂਮ ਰਿਹਾ ਹੈ ਤੇ ਉਹਦੀਆਂ ਨਾਜ਼ਕ ਕਰੂੰਬਲਾਂ ਨਿਕਲ ਆਈਆਂ ਹਨ।"

"ਬਸੰਤ ਦੀ ਰੁੱਤ ਜੀਵਨ ਨੂੰ ਜਗਾ ਦਿੰਦੀ ਹੈ। ਓ ਰਾਧਾ! ਓਧਰ ਜਮਨਾ ਦੇ ਕੰਢੇ ਬਾਂਸਾਂ ਦੇ ਝੁੰਡਾਂ ਹੇਠ ਕ੍ਰਿਸ਼ਨ ਬਿੰਦਰਾਬਨ ਦੀਆਂ ਗੋਪੀਆਂ ਨਾਲ ਨੱਚ ਰਿਹਾ ਹੈ।"

"ਔਹ ਵੇਖ! ਉਹ ਹੈ ਅਸਮਾਨੀ ਰੰਗ, ਸੰਦਲ ਦੇ ਲੇਪ ਵਿੱਚ ਸੋਨੇ ਨਾਲ ਮੜ੍ਹਿਆ, ਜੰਗਲੀ ਫੁੱਲਾਂ ਤੇ ਪੱਤਿਆਂ ਦਾ ਹਾਰ ਪਾਈ, ਤੇ ਵੇਖ ਉਹਦੇ ਵਾਲ ਕਿਵੇਂ ਉਹਦੀਆਂ ਕਨਪਟੀਆਂ ਉੱਤੇ ਪੈਂਦੇ ਹਨ, ਗੋਪੀਆਂ ਨਾਲ ਹੱਥ ਵਿੱਚ ਹੱਥ ਪਾਈ ਉਹ ਖੇਡ ਰਿਹਾ ਹੈ।" ਗੋਪੀਆਂ ਦੁਨਿਆਵੀਂ ਖ਼ੁਸ਼ੀਆਂ ਦਾ ਚਿੰਨ੍ਹ ਹਨ, ਤੇ ਕ੍ਰਿਸ਼ਨ ਰਾਧਾ ਨੂੰ ਭੁੱਲ ਕੇ ਉਨ੍ਹਾਂ ਨਾਲ ਖੇਡ ਰਿਹਾ ਹੈ। ਰਾਧਾ ਆਤਮਾ ਦਾ ਚਿੰਨ੍ਹ ਹੈ, ਜਿਸ ਨੂੰ ਪਰਮਾਤਮਾ ਦੀ ਭਾਲ ਹੈ। ਅੰਤ ਵਿਚ ਉਸ ਦਾ ਪਿਆਰ ਤੇ ਉਹਦਾ ਸਿਦਕ ਕ੍ਰਿਸ਼ਨ ਨੂੰ ਮੋਹ ਲੈਂਦਾ ਹੈ ਤੇ ਉਹ ਗੋਪੀਆਂ ਨੂੰ ਛੱਡ ਕੇ ਉਸ ਦੀ ਤਲਾਸ਼ ਵਿੱਚ ਤੁਰ ਪੈਂਦਾ ਹੈ। ਇਕ ਦੂਤਿਕਾ ਆ ਕੇ ਉਸ ਕੋਲ ਰਾਧਾ ਦੇ ਦੁੱਖਾਂ ਦਾ ਵਰਣਨ ਕਰਦੀ ਹੈ, ਤੇ ਫੇਰ ਉਹ ਰਾਧਾ ਕੋਲ ਜਾ ਕੇ ਉਸ ਨੂੰ ਦਸਦੀ ਹੈ ਕਿ ਕ੍ਰਿਸ਼ਨ ਬਿਰਛਾਂ ਦੇ ਇਕ ਝੁੰਡ ਹੇਠ ਉਸ ਦੀ ਉਡੀਕ ਕਰ ਰਿਹਾ ਹੈ।

ਰਾਧਾ ਕ੍ਰਿਸ਼ਨ ਨੂੰ ਮਿਲਣ ਦੀ ਤਿਆਰੀ ਕਰਦੀ ਹੈ। ਮੋਤੀਆਂ ਦੇ ਹਾਰ ਪਹਿਨਦੀ ਹੈ, ਸੋਨੇ ਦੇ ਗੋਖੜੂ ਪਾਉਂਦੀ ਹੈ ਤੇ ਨੱਕ ਵਿਚ ਹੀਰੇ-ਜੜੀ ਨੱਥ ਪਾ ਕੇ ਕ੍ਰਿਸ਼ਨ ਨੂੰ ਰੁੱਖਾਂ ਦੇ ਇਕ ਝੁੰਡ ਹੇਠ ਜਾ ਮਿਲਦੀ ਹੈ, ਜਿਸ ਨੂੰ ਚਹੁੰਆਂ ਪਾਸਿਆਂ ਤੋਂ ਵੇਲਾਂ ਨੇ ਘੇਰਿਆ ਹੋਇਆ ਹੈ। ਕ੍ਰਿਸ਼ਨ ਨੇ ਆਪਣੀ ਕਾਲੀ ਕੰਬਲ਼ੀ ਹੇਠ ਵਿਛਾ ਦਿੱਤੀ ਹੈ ਤੇ ਦੋਵੇਂ ਇਸ ਉੱਤੇ ਆਰਾਮ ਕਰਦੇ ਹਨ। ਸਾਹਮਣੇ ਕਮਲਾਂ ਨਾਲ ਭਰੀ ਝੀਲ ਵਿਚ ਚਕੋਰਾਂ ਦਾ ਇਕ ਜੋੜਾ ਵਿਖਾਈ ਦਿੰਦਾ ਹੈ, ਦਰਖ਼ਤਾਂ ਉੱਤੇ ਮੋਰ ਤੇ ਪਪੀਹੇ ਬੈਠੇ ਹਨ ਤੇ ਅਸਮਾਨ ਉੱਤੇ ਕਾਲੇ ਬੱਦਲ ਛਾਏ ਹੋਏ ਹਨ। ਕ੍ਰਿਸ਼ਨ ਨੇ ਚਿੱਟੇ ਫੁੱਲਾਂ ਦਾ ਹਾਰ ਪਾਇਆ ਹੋਇਆ ਹੈ ਤੇ ਮੋਰ ਦੇ ਖੰਭਾਂ ਦਾ ਮੁਕਟ ਪਹਿਨਿਆ ਹੋਇਆ ਹੈ। ਕ੍ਰਿਸ਼ਨ ਰਾਧਾ ਦੀ ਗੁੱਤ ਕਰ ਰਿਹਾ ਦਰਸਾਇਆ ਹੈ ਤੇ ਉਹ ਉਸ ਵੱਲ ਇਉਂ ਵੇਖ ਰਹੀ ਹੈ ਜਿਵੇਂ ਕੋਈ ਤ੍ਰਿਹਾਇਆ ਪਪੀਹਾ ਬਰਖਾ ਵਾਲੇ ਬੱਦਲਾਂ ਨੂੰ ਵੇਖਦਾ ਹੈ।

---

# (੨) ਸਿੱਖ ਰਾਜ ਸਮੇਂ ਦੀ ਚਿੱਤਰਕਾਰੀ

ਪਿਛਲੀਆਂ ਇਕ ਦੋ ਪੁਸ਼ਤਾਂ ਵਿਚ ਜੇ ਆਮ ਜਨਤਾ ਨੂੰ ਨਹੀਂ, ਤਾਂ ਰੁਚੀ ਰੱਖਣ ਵਾਲੇ ਵਿਅਕਤੀਆਂ ਨੂੰ ਅਵੱਸ਼ ਹੀ ਭਾਰਤੀ ਕਲਾ ਦੀ ਮੁੱਖ ਪਰੰਪਰਾ ਦੀ ਕਾਫ਼ੀ ਜਾਣਕਾਰੀ ਹੋਈ ਹੈ । ਪਰ ਜਾਪਦਾ ਹੈ ਕਿ ਜਿੱਥੇ ਪ੍ਰਾਚੀਨ ਕਲਾ ਦੇ ਰੂਪਕ ਪੱਖਾਂ ਉੱਤੇ, ਜਿਨ੍ਹਾਂ ਵਲ ਪੁਰਾਣੇ ਇਤਿਹਾਸਕਾਰਾਂ ਨੇ ਆਪਣੇ ਅਧਿਆਤਮਕ ਅਤੇ ਮੂਰਤੀ ਸੰਬੰਧੀ ਝੁਕਾਵਾਂ ਦੇ ਕਾਰਨ ਕੋਈ ਧਿਆਨ ਨਹੀਂ ਸੀ ਦਿੱਤਾ, ਜ਼ੋਰ ਦੇ ਕੇ ਆਪਣੇ ਵਿਰਸੇ ਨੂੰ ਨਵੇਂ ਸਿਰਿਓਂ ਲਿਖਣ ਤੇ ਉਸ ਦੀ ਪੁਨਰ-ਵਿਆਖਿਆ ਕਰਨ ਦੀ ਬੜੀ ਅਵੱਸ਼ਕਤਾ ਹੈ, ਉੱਥੇ ਆਪਣੀ ਕਲਾਤਮਕ ਪਰੰਪਰਾ ਦੇ ਅਣਗੌਲੇ ਪੱਖਾਂ ਨੂੰ ਮੌਲਣ ਤੇ ਚਿੱਤਰਕਾਰੀ, ਬੁੱਤਕਾਰੀ, ਇਮਾਰਤਸਾਜ਼ੀ ਅਤੇ ਦਸਤਕਾਰੀ ਉੱਤੇ ਭੁੱਲੀਆਂ-ਵਿੱਸਰੀਆਂ ਲਹਿਰਾਂ ਦੇ ਪ੍ਰਭਾਵ ਨੂੰ ਜਾਣਨ ਦੀ ਲੋੜ ਵੀ ਘਟ ਨਹੀਂ ।

ਇਥੇ ਮੈਂ ਭਾਰਤੀ ਚਿੱਤਰਕਾਰੀ ਦੇ ਇਕ ਲਗਭਗ ਅਗਿਆਤ ਕਾਲ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ, ਜਿਸ ਦੀ ਸਾਧਨਾ ਪੰਜਾਬ ਵਿਚ ਸਿੱਖਾਂ ਦੇ ਰਾਜ ਦੇ ਛੋਟੇ ਜਿਹੇ ਸਮੇਂ ਵਿਚ ਹੋਈ। ਇਸ ਛੋਟੇ ਜਿਹੇ ਸਮੇਂ ਵਿਚ ਕਿਸੇ ਮਹੱਤਵ-ਪੂਰਨ ਸੁਹਜ-ਸੁਆਦ ਦੀ ਪ੍ਰਾਪਤੀ ਦੀ ਕੋਈ ਸੰਭਾਵਨਾ ਨਹੀਂ ਸੀ, ਪਰ ਚਿੱਤਰਕਾਰੀ ਦੇ ਇਸ ਦੌਰ ਦੀ ਮਹੱਤਤਾ ਇਸ ਕਰ ਕੇ ਹੈ ਕਿ ਇਸ ਤੋਂ ਪਤਾ ਲਗਦਾ ਹੈ ਕਿ ਕਈ ਵਾਰੀ ਰਾਜਨੀਤਕ ਤੇ ਸਮਾਜਕ ਪਤਨ ਸਮੇਂ ਕਲਾ ਦੀ ਬਲਵਾਨ ਅਤੇ ਜੀਵਨਦਾਤੀ ਪਰੰਪਰਾ ਕਿਵੇਂ ਨਸ਼ਟ ਹੋ ਜਾਂਦੀ ਹੈ । ਸਿੱਖਾਂ ਦੇ ਸਮੇਂ ਦੀ ਚਿੱਤਰਕਾਰੀ ਦੀ ਮਹੱਤਤਾ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਤੋਂ ਬਦੇਸੀ ਪ੍ਰਭਾਵਾਂ ਹੇਠ ਆਉਣ ਵਾਲੀ ਪਰੰਪਰਾ ਦੇ ਸੰਕਟ ਦਾ ਸਪਸ਼ਟ ਪਤਾ ਲਗਦਾ ਹੈ। ਇਹ ਬਦੇਸ਼ੀ ਰੂਪਾਂ ਨੂੰ ਆਪਣੇ ਵਿਚ ਨਾ ਸਮੋ ਸਕੀ ਅਤੇ ਸਰਪਰਸਤਾਂ ਤੇ ਕਲਾਕਾਰਾਂ ਵਿਚਲੇ ਨਿਖੇੜ ਦੀ ਅਣਹੋਂਦ ਦੇ ਕਾਰਨ ਪਿੱਛੇ ਰਹਿ ਗਈ। ਸਿੱਖ ਚਿੱਤਰਕਾਰੀ ਦੀ ਬਜਾਏ "ਸਿੱਖਾਂ ਦੇ ਸਮੇਂ ਦੀ ਚਿੱਤਰਕਾਰੀ' ਦਾ ਨਾਂ ਮੈਂ ਜਾਣ ਬੁਝ ਕੇ ਇਸ ਲੇਖ ਨੂੰ ਦੇ ਰਿਹਾ ਹਾਂ । ਪੰਜਾਬ ਵਿਚ ਸਿੱਖਾਂ ਦੇ ਰਾਜ ਸਮੇਂ ਕੀਤੀ ਗਈ ਚਿੱਤਰਕਾਰੀ ਮੁਖ ਰੂਪ ਵਿਚ ਕਾਂਗੜੇ ਤੇ ਸੰਬੰਧਤ ਪਰਪਾਟੀਆਂ ਦੀ ਪਹਾੜੀ ਚਿੱਤਰਕਾਰੀ ਹੀ ਸੀ ਜਿਸ ਦੇ ਕਰਤਾ ਹਿੰਦੂ, ਮੁਸਲਮਾਨ ਤੇ ਸਿੱਖ ਕਲਾਕਾਰ ਸਨ। ਇਹ ਕਿਸੇ ਨਿੱਖੜਵੀਂ ਸਿੱਖ ਕਲਮ ਦੀ ਉਪਜ ਨਹੀਂ ਸੀ। ਇਕ ਚਿੱਤਰ ਦਾ ਦੂਜੇ ਚਿੱਤਰ ਨਾਲ ਟਾਕਰਾ ਭਾਵੇਂ ਉਸ ਦੇ ਸਮਾਜਕ ਪੱਖ ਦੀ ਥਾਂ ਉਸ ਦੇ ਰੂਪਕ ਪੱਖ ਅਨੁਸਾਰ ਹੀ ਕੀਤਾ ਜਾਣਾ ਹੁੰਦਾ ਹੈ ਤਾਂ ਵੀ ਇਸ ਲੇਖ ਵਿਚ ਇਕ ਦੌਰ ਨੂੰ ਉਲੀਕਿਆ ਜਾਣਾ ਹੈ ਤੇ ਇਸੇ ਲਈ ਇਸ ਵਿਚ ਸੁਹਜ-ਸੁਆਦ ਦੇ ਮੁੱਲ ਪਾਉਣ ਦੀ ਥਾਂ ਇਤਿਹਾਸਕ ਅਤੇ ਸਮਾਜਕ ਵਿਸ਼ਲੇਸ਼ਣ ਵਲ ਵਧੇਰੇ ਧਿਆਨ ਦਿੱਤਾ ਗਿਆ ਹੈ ।

## ( ੨ )

ਸਭ ਤੋਂ ਪਹਿਲਾਂ ਇਹ ਵੇਖਣਾ ਲਾਹੇਵੰਦਾ ਹੋਵੇਗਾ ਕਿ ਪੰਜਾਬ ਵਿਚ ਸਿੱਖਾਂ ਨੇ ਜ਼ੋਰ ਕਿਵੇਂ ਫੜਿਆ। ਜਿਵੇਂ ਕਿ ਸਭ ਜਾਣਦੇ ਹਨ, ਹਿੰਦੂ ਧਰਮ ਤੇ ਇਸਲਾਮ, ਦੋ ਪਰਸਪਰ ਵਿਰੋਧੀ ਧਰਮਾਂ ਦੇ ਸਰਬੋਤਮ ਤੱਤਾਂ ਨੂੰ ਯੁਕਤੀ-ਪੂਰਬਕ ਬਣਾਉਣ ਤੇ ਇਕ ਦੂਸਰੇ ਦੇ ਅਨੁਕੂਲ ਬਣਾਉਣ ਦੇ ਮਨੋਰਥ ਨਾਲ, ਗੁਰੂ ਨਾਨਕ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਸੀ। ਗੁਰੂ ਨਾਨਕ ਛੋਟੇ ਹੁੰਦੇ ਹੀ ਇਨ੍ਹਾਂ ਧਰਮਾਂ ਦੇ ਵਾਦ-ਵਿਵਾਦ ਨੂੰ ਵੇਖਦੇ ਅਤੇ ਸੁਕਰਾਤ ਵਾਂਗ ਸਵਾਲ ਪੁੱਛਦੇ, ਦੇਸ਼ਾਟਨ ਵਿਚ ਲਗ ਪਏ, ਪਰ ਉਨ੍ਹਾਂ ਨੂੰ ਕੋਈ ਉੱਤਰ ਨਾ ਦੇ ਸਕਿਆ। ਇਨ੍ਹਾਂ ਦੋਹਾਂ ਪਰਚੱਲਤ ਲੋਕ-ਪ੍ਰਿਯ

ਧਰਮਾਂ ਨੂੰ ਪ੍ਰੇਰਤ ਕਰਨ ਵਾਲੇ ਆਦਰਸ਼ਾਂ ਦੇ ਵਿਰੁਧ ਧਾਰਮਕ ਰਿਵਾਜਾਂ ਅਤੇ ਰੀਤਾਂ ਦੀਆਂ ਸ੍ਵੈ-ਵਿਰੋਧੀ ਗੱਲਾਂ ਤੋਂ ਗੁਰੂ ਨਾਨਕ ਦੇ ਮਨ ਨੂੰ ਚੋਟ ਲੱਗੀ। ਇਨ੍ਹਾਂ ਨੇ ਪਰਮਾਤਮਾ ਦੀ ਏਕਤਾ ਦਾ ਸਰੋਦੀ ਗੀਤ ਪੰਜਾਬੀ ਬੋਲੀ ਵਿਚ ਅਲਾਪਿਆ ਜਿਸ ਵਿਚ ਵੇਦਾਂਤ ਤੇ ਕੁਰਾਨ ਦੇ ਫ਼ਲਸਫ਼ਿਆਂ ਨੂੰ ਇਕ-ਮਿੱਕ ਕੀਤਾ ਹੋਇਆ ਸੀ। ਅਸ਼ਾਂਤੀ-ਭਰੀ ਪੰਦਰ੍ਹਵੀਂ ਸਦੀ ਵਿਚ ਗੁਰੂ ਨਾਨਕ ਦਾ ਸਚਾਈ ਤੇ ਸਮਾਜ-ਸੁਮੇਲ ਦਾ ਸੁਨੇਹਾ ਇਕ ਨਿਆਮਤ ਸਾਬਤ ਹੋਇਆ ਅਤੇ ਹਿੰਦੂਆਂ ਤੇ ਮੁਸਲਮਾਨਾਂ ਵਿੱਚੋਂ ਬਹੁਤ ਸਾਰੇ ਲੋਕ ਉਨ੍ਹਾਂ ਦੇ ਮੁਰੀਦ ਬਣ ਗਏ। ਗੁਰੂ ਨਾਨਕ ਜਾਤੀ-ਭੇਦ ਨੂੰ ਨਹੀਂ ਸਨ ਮੰਨਦੇ ਇਸ ਲਈ ਉਨ੍ਹਾਂ ਦੇ ਮੁਰੀਦ ਬਹੁਤ ਕਰਕੇ ਨੀਵੀਆਂ ਸ਼੍ਰੇਣੀਆਂ ਵਿੱਚੋਂ ਹੀ ਸਨ। ਉਸ ਤੋਂ ਬਾਦ ਕਈ ਮੰਨੇ ਪਰਮੰਨੇ ਵਿਅਕਤੀਆਂ ਨੇ ਉਨ੍ਹਾਂ ਦੀ ਗੁਰਿਆਈ ਦੀ ਗੱਦੀ ਵਾਰੋ ਵਾਰੀ ਸੰਭਾਲੀ। ਇਹ ਗੁਰੂ ਹਮੇਸ਼ਾਂ ਨਾਮਜ਼ਦ ਕੀਤੇ ਜਾਂਦੇ ਸਨ। ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਸਿੱਖ ਮਤ ਇਕ ਚੁੱਪਵਰਤੀ (ਸ਼ਾਂਤਮਈ) ਮਤ ਰਿਹਾ ਜਿਸ ਦਾ ਆਧਾਰ ਸਚਾਈ ਤੇ ਸ਼ਾਂਤੀ ਦੀ ਢੂੰਡ ਦੇ ਨਾਲ ਪਰਮਾਤਮਾ ਦੀ ਰਹੱਸਮਈ ਪ੍ਰਾਪਤੀ ਅਤੇ ਹਿੰਦੂ ਧਰਮ ਤੇ ਇਸਲਾਮ ਦੀਆਂ ਸਮਾਜਕ ਕੁਰੀਤੀਆਂ ਨੂੰ ਦੂਰ ਕਰਨਾ ਸੀ। ਗੁਰੂ ਅਰਜਨ ਦੇਵ ਤੋਂ ਬਾਦ ਗੁਰਿਆਈ ਜੱਦੀ ਬਣ ਗਈ ਅਤੇ ਅਧਿਆਤਮਕ ਗੁਰੂ ਸਾਧੂਆਂ ਦੀ ਥਾਂ ਇਕ ਧਨਵਾਨ ਧਾਰਮਕ ਮੰਡਲੀ ਦੇ ਮੁਖੀਏ ਬਣ ਗਏ ਤੇ ਇਨ੍ਹਾਂ ਦੀ ਸਿੱਖੀ-ਸੇਵਕੀ ਬਹੁਤ ਫੈਲ ਗਈ। ਇਹ ਮੰਡਲੀ ਨਿੱਕੇ ਰਾਜ ਵਾਂਗ ਜਥੇਬੰਦ ਸੀ ਅਤੇ ਸ਼ਕਤੀ ਤੇ ਧਨ-ਦੌਲਤ ਨਾਲ ਸੰਬੰਧਤ ਸਾਰੀਆਂ ਉਚੇਰੀਆਂ ਰਵਾਇਤਾਂ ਇਸ ਵਿਚ ਆ ਪ੍ਰਚਲਤ ਹੋਈਆਂ। ਹਥਿਆਰਬੰਦ ਫ਼ੌਜ ਇਸ ਨਵੀਂ ਧਾਰਮਕ ਸੰਪਰਦਾਇ ਦਾ ਇਕ ਅਨਿੱਖੜਵਾਂ ਅੰਗ ਬਣ ਗਈ। ਇਸ ਚੁੱਪਵਰਤੀ (ਸ਼ਾਂਤਮਈ) ਜੱਥੇਬੰਦੀ ਦੇ ਫ਼ੌਜੀ ਕਿਸਮ ਦੀ ਜੱਥੇਬੰਦੀ ਬਣ ਜਾਣ ਦਾ ਕਾਰਨ ਮੁਗ਼ਲ ਬਾਦਸ਼ਾਹਾਂ ਦਾ ਗ਼ੈਰ-ਮੁਸਲਿਮ ਜਨਤਾ ਦੇ ਹੱਕਾਂ ਅਤੇ ਵਿਸ਼ੇਸ਼ ਅਧਿਕਾਰਾਂ ਉੱਤੇ ਵਧੀਕੀਆਂ ਕਰੀ ਜਾਣਾ ਸੀ। ਗੁਰੂ ਅਰਜਨ ਨੂੰ ਸਰਕਾਰ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਸ ਸ਼ਹਾਦਤ ਨਾਲ ਸਿੱਖ ਧਰਮ ਨਵੇਂ ਦੌਰ ਵਿਚ ਦਾਖ਼ਲ ਹੋਇਆ। ਸਿੱਖਾਂ ਨੇ ਖੁੱਲ੍ਹਮਖੁੱਲ੍ਹਾ ਬਗ਼ਾਵਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੁਗ਼ਲਾਂ ਨੂੰ ਪਰੇਸ਼ਾਨ ਕਰਨ ਲੱਗ ਪਏ। ਗੁਰੂ ਹਰਗੋਬਿੰਦ, ਜੋ ਗੁਰੂ ਅਰਜਨ ਤੋਂ ਬਾਦ ਗੱਦੀ ਉੱਤੇ ਬੈਠੇ, ਮੁੱਖ ਰੂਪ ਵਿਚ ਇਕ ਫ਼ੌਜੀ ਆਗੂ ਸਨ। ਇਨ੍ਹਾਂ ਨੇ ਜੰਗ ਦਾ ਇਕ ਨਵਾਂ ਢੰਗ ਕੱਢਿਆ ਜਿਸ ਨੂੰ ਬਾਦ ਵਿਚ ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਪਣਾਇਆ। ਸਿੱਖਾਂ ਨੂੰ ਆਪਣੀ ਬਗ਼ਾਵਤ ਕਾਰਨ ਕਾਫ਼ੀ ਔਖ ਝੱਲਣੀ ਪਈ, ਜਿਵੇਂ ਗੁਰੂ ਤੇਗ਼ ਬਹਾਦਰ, ਜੋ ਗੁਰੂ ਹਰਗੋਬਿੰਦ ਦੇ ਮਗਰੋਂ ਗੱਦੀ ਉੱਤੇ ਬੈਠੇ, ਸ਼ਹੀਦ ਕਰ ਦਿੱਤੇ ਗਏ। ਆਖ਼ਰੀ ਗੁਰੂ, ਗੋਬਿੰਦ ਸਿੰਘ ਅਧਿਆਤ-ਮਿਕ ਗਿਆਨ ਤੇ ਫ਼ੌਜੀ ਸੂਝ, ਦੋਹਾਂ ਪੱਖਾਂ ਵਿਚ ਨਿਪੁੰਨ ਸਨ। ਇਨ੍ਹਾਂ ਵੇਲੇ ਸਿੱਖਾਂ ਨੇ ਇਕ ਜੰਗਜੂ ਜੱਥੇਬੰਦੀ ਦਾ ਰੂਪ ਧਾਰ ਲਿਆ। ਇਨ੍ਹਾਂ ਵਿਚ ਧਰਮ ਹੇਤ ਲੜਨ ਲਈ ਜੋਸ਼ ਸੀ ਜਿਸ ਨੇ ਬਾਦ ਵਿਚ ਉੱਤਰੀ ਭਾਰਤ ਦਾ ਰਾਜਨੀਤਕ ਨਕਸ਼ਾ ਹੀ ਬਦਲ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਕਈਆਂ ਲੜਾਈਆਂ ਵਿਚ ਔਰੰਗਜ਼ੇਬ ਬਾਦਸ਼ਾਹ ਦੀਆਂ ਫ਼ੌਜਾਂ ਨੂੰ ਹਾਰ ਦਿੱਤੀ। ਉਨ੍ਹਾਂ ਨੇ ਸਿੱਖ ਧਰਮ ਦਾ ਦਬਦਬਾ ਦੂਰ ਦੂਰ ਤਕ ਬਿਠਾ ਦਿੱਤਾ ਤੇ ਮੁਗ਼ਲ ਰਾਜ ਵਿਰੁੱਧ ਹੋਈਆਂ ਬਗ਼ਾਵਤਾਂ ਤੋਂ ਉਤਪੰਨ ਗੜਬੜੀ ਤੇ ਬਦਅਮਨੀ ਤੋਂ ਫ਼ਾਇਦਾ ਉਠਾ ਕੇ ਸਿੱਖ ਪੰਥ ਨੂੰ ਦੇਸ ਦੀ ਇਕ ਮਹੱਤਵ-ਪੂਰਨ ਧਾਰਮਕ ਅਕਲੀਅਤ ਬਣਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੀ ਮ੍ਰਿਤੂ ਤੋਂ ਬਾਦ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਗਈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਤੋਂ ਬਾਦ ਦੇ ਪੰਜਾਂ ਗੁਰੂਆਂ ਦੀ ਬਾਣੀ ਦਰਜ ਸੀ। ਖ਼ਾਲਸੇ ਦੀ ਅਗਵਾਈ ਲਈ ਪੰਜਾਂ ਪਿਆਰਿਆਂ ਦੀ ਥਾਪਨਾ ਕਰ ਦਿੱਤੀ ਗਈ। ਇਸ ਫ਼ੌਜੀ ਤਾਕਤ ਤੋਂ ਕਈ ਮਿਸਲਾਂ ਹੋਂਦ ਵਿਚ ਆ ਗਈਆਂ ਜਿਨ੍ਹਾਂ ਨੇ ਆਪਣੇ ਆਪਣੇ ਵਾਸਤੇ ਛੋਟੇ ਛੋਟੇ ਇਲਾਕੇ ਜਿੱਤ ਲਏ ਤੇ ਖ਼ੁਦਮੁਖ਼ਤਾਰ ਰਿਆਸਤਾਂ ਬਣ ਗਈਆਂ। ਇਹ ਮਿਸਲਾਂ ਮੁਗ਼ਲ ਰਾਜ ਨਾਲ ਝੜਪਾਂ ਲੈਂਦੀਆਂ ਰਹਿੰਦੀਆਂ ਸਨ। ਕੁਝ ਸਮਾਂ ਇਹ ਮਿਸਲਾਂ ਹੀ ਸਿੱਖ ਸੱਤਾ ਦਾ ਧੁਰਾ ਰਹੀਆਂ। ਇਹ ਇਕ ਦੂਸਰੇ ਨਾਲ ਹਸਦ ਕਰਦੀਆਂ ਸਨ, ਪਰ ਆਪਣੇ ਸਾਂਝੇ ਧਰਮ ਕਾਰਨ ਅਪ੍ਰਤੱਖ ਰੂਪ ਵਿਚ ਇਕ-ਮੁੱਠ ਵੀ ਸਨ। ਫਿਰ ਰਣਜੀਤ ਸਿੰਘ ਮੈਦਾਨ ਵਿਚ ਆਇਆ। ਇਸ ਨੇ ਛੋਟੀਆਂ ਛੋਟੀਆਂ ਮਿਸਲਾਂ ਨੂੰ ਇਕੱਠਾ ਕਰ ਕੇ ਸਾਰਾ ਪੰਜਾਬ ਫ਼ਤਿਹ ਕੀਤਾ। ਇਸ ਨੇ ਆਪਣਾ ਰਾਜ ਉੱਤਰ

ਵਲ ਅਫ਼ਗਾਨਿਸਤਾਨ ਤਕ ਅਤੇ ਦੱਖਣ ਵਲ ਸਤਲੁਜੋਂ ਪਾਰ ਤਕ ਕਾਇਮ ਕਰ ਲਿਆ ਅਤੇ ਇਕ ਅਜੇਹੇ ਰਾਜ-ਘਰਾਣੇ ਦੀ ਬੁਨਿਆਦ ਰੱਖੀ ਜਿਸ ਦਾ ਦੋ ਪੀੜ੍ਹੀਆਂ ਤਕ ਉੱਤਰੀ ਭਾਰਤ ਵਿਚ ਰਾਜਨੀਤਕ ਦਬਦਬਾ ਕਾਇਮ ਰਿਹਾ! ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਹਕੂਮਤ ਦੇ ਸ਼ੁਰੂ ਵਿਚ ਹਿਮਾਲੀਆ ਦੀ ਤਲਹਟੀ ਦੇ ਰਾਜਪੂਤ ਰਾਜਿਆਂ ਨੂੰ ਆਪਣੇ ਅਧੀਨ ਕਰ ਲਿਆ ਹੋਇਆ ਸੀ ਅਤੇ, ਜਿਵੇਂ ਕਿ ਕਿਸੇ ਫ਼ੌਜੀ ਜੇਤੂ ਦੀ ਸੂਰਤ ਵਿਚ ਹੋਇਆ ਕਰਦਾ ਹੈ, ਉਸ ਉੱਤੇ ਅਤੇ ਉਸ ਦੇ ਅਮੀਰਾਂ ਵਜ਼ੀਰਾਂ ਉੱਤੇ ਰਾਜਪੂਤ ਦਰਬਾਰਾਂ ਦਾ ਬਹੁਤ ਪ੍ਰਭਾਵ ਪਿਆ। ਇਨ੍ਹਾਂ ਦਰਬਾਰਾਂ ਵਿਚ ਪਰਫੁੱਲਤ, ਵੈਸ਼ਣਵ ਮਤ ਉੱਤੇ ਆਧਾਰਿਤ ਹਿੰਦੂ ਸਭਿਆਚਾਰਕ ਪਰੰਪਰਾ ਨੇ, ਜਿਸ ਵਿਚ ਰਾਮ ਅਤੇ ਕ੍ਰਿਸ਼ਨ ਵਿਸ਼ੇਸ਼ ਰੂਪ ਵਿਚ ਸਰਬੋਤਮ ਹਨ, ਲਾਹੌਰ ਦੀ ਸਿੱਖ ਰਾਜਧਾਨੀ ਵਿਚ ਆ ਪਰਵੇਸ਼ ਕੀਤਾ। ਇਸ ਦੇ ਨਾਲ ਹੀ ਇਨ੍ਹਾਂ ਪਹਾੜੀ ਰਿਆਸਤਾਂ ਦੀ ਵੈਸ਼ਣਵ ਹਿੰਦੂ ਕਲਾ ਅਤੇ ਸਾਹਿੱਤ ਵੀ ਪੰਜਾਬ ਤਕ ਆ ਪਹੁੰਚੇ। ਇਸ ਤਰ੍ਹਾਂ ਚਿੱਤਰਕਾਰੀ ਦੀ ਕਲਾ ਨੂੰ ਸਿੱਖ ਦਰਬਾਰ ਵਿਚ ਵਧਣ ਫੁੱਲਣ ਦਾ ਕੁਝ ਮੌਕਾ ਮਿਲਿਆ।

## ( ੩ )

ਹਿਮਾਲੀਆ ਦੀ ਤਲਹਟੀ ਦੇ ਇਲਾਕਿਆਂ ਵਿਚ ਲਗਭਗ ਇਕ ਸੌ ਜਾਂ ਇਸ ਤੋਂ ਵੀ ਵਧੀਕ ਸਾਲਾਂ ਤੋਂ ਸਭਿਆਚਾਰਕ ਪ੍ਰਗਟਾਉ ਦਾ ਸਭ ਤੋਂ ਵਧ ਮਹੱਤਤਾ ਵਾਲਾ ਪਰਚੱਲਤ ਢੰਗ ਭਿੰਨ ਭਿੰਨ ਵੈਸ਼ਣਵ ਮੰਦਰਾਂ ਵਿਚ ਗਿੱਲੇ ਪਲੱਸਤਰ ਦੀ ਚਿੱਤਰਕਾਰੀ (Frescoes) ਸੀ। ਇਹ ਗਿੱਲੇ ਪਲੱਸਤਰ ਦੀ ਅਤੇ ਕੰਧਾਂ ਦੀ ਚਿੱਤਰਕਾਰੀ ਦੇਸ ਦੇ ਇਸ ਹਿੱਸੇ ਵਿਚ ਵੱਡੇ ਛੋਟੇ ਮਕਾਨਾਂ ਦੇ ਸਜਾਉਣ ਲਈ ਵੀ ਵਰਤੀ ਜਾਂਦੀ ਸੀ। ਇਸੇ ਤਰ੍ਹਾਂ ਹੀ ਪੰਜਾਬ ਦੇ ਕਿਸਾਨਾਂ ਦੇ ਰਿਹਾਇਸ਼ੀ ਕਮਰੇ ਵੀ ਸਜਾਏ ਜਾਂਦੇ ਸਨ। ਗਿੱਲੇ ਪਲੱਸਤਰ ਦੇ ਇਨ੍ਹਾਂ ਚਿੱਤਰਾਂ ਦਾ ਵਿਸ਼ਾ ਆਮ ਤੌਰ ਤੇ ਰਾਮਾਇਣ ਅਤੇ ਮਹਾਭਾਰਤ ਦੀਆਂ ਕਥਾਵਾਂ ਅਤੇ ਰਾਧਾ ਅਤੇ ਕ੍ਰਿਸ਼ਨ ਦਾ ਪ੍ਰੇਮ ਹੁੰਦਾ ਸੀ। ਇਨ੍ਹਾਂ ਦੇ ਕੇਂਦਰੀ ਭਾਵ ਪ੍ਰਾਚੀਨ ਅਤੇ ਮੱਧ ਕਾਲੀ ਪਰੰਪਰਾ ਦੇ ਖਿੰਡ-ਪੁੰਡ ਜਾਣ ਤੋਂ ਬਾਦ, ਕਈ ਸੌ ਸਾਲ ਤੋਂ ਉੱਤਰੀ ਭਾਰਤ ਦੇ ਪਿੰਡਾਂ ਵਿਚ ਪਰਚੱਲਤ ਲੋਕ-ਰੂਪਾਂ ਤੋਂ ਲਏ ਗਏ ਸਨ। ਇਨ੍ਹਾਂ ਰੂਪਾਂ ਉੱਤੇ ਇਕ ਪਾਸੇ ਤਾਂ ਰਾਜਸਥਾਨ ਅਤੇ ਪੱਛਮੀ ਭਾਰਤ ਦਾ ਪ੍ਰਭਾਵ ਸੀ ਅਤੇ ਦੂਜੇ ਪਾਸੇ ਗੰਗਾ ਦੇ ਮੈਦਾਨ ਦਾ। ਪਹਾੜੀ ਰਿਆਸਤਾਂ ਦੇ ਰਾਜਿਆਂ ਦੀ ਸਰਪਰਸਤੀ ਹੇਠ ਮੰਦਰਾਂ ਤੇ ਘਰਾਂ ਦੀਆਂ ਦੀਵਾਰਾਂ ਦੀ ਚਿੱਤਰਕਾਰੀ ਵਿਚ ਅੜਕ ਮੜਕ ਆ ਗਈ ਅਤੇ ਸਾਰੇ ਦੇ ਸਾਰੇ ਰਾਜ-ਮੰਦਰ ਬੜੇ ਛਬੀਲੇ ਤੇ ਭੜਕਾਊ ਚਿੱਤਰਾਂ ਨਾਲ ਸਜਾਏ ਜਾਣ ਲਗ ਪਏ। ਧੁਰ ਦੱਖਣ-ਪੱਛਮ ਵਿਚ, ਕੋਚੀਨ ਟ੍ਰਾਵਨਕੋਰ ਅੰਦਰ, ਗਿੱਲੇ ਪਲੱਸਤਰ ਦੀ ਚਿੱਤਰਕਾਰੀ ਵਿਚ ਜੀਵਤ ਲੋਕ-ਅੰਸ਼ ਆ ਮਿਲੇ ਸਨ ਜਿਸ ਕਰ ਕੇ ਉਹ ਇਕ ਮਟਕੀਲੀ ਅਤੇ ਉਪਜਾਊ ਕਲਾ ਬਣ ਗਈ। ਰਾਜਪੂਤ ਰਾਜਿਆਂ ਦੇ ਦਰਬਾਰਾਂ ਵਿਚ ਵੀ ਛੋਟੇ ਛੋਟੇ ਚਿੱਤਰ, ਜੋ ਪਲੱਸਤਰੀ ਚਿੱਤਰਕਾਰੀ ਦਾ ਹੀ ਛੋਟਾ ਰੂਪ ਹੁੰਦੇ ਹਨ, ਕਿਤਾਬੀ ਚਿੱਤਰ ਅਤੇ ਕਪੜੇ ਉਤੇ ਸਜਾਵਟੀ ਚਿਤਰ ਵਾਹੁਣ ਦਾ ਰਿਵਾਜ ਪੈ ਗਿਆ। ਪੰਜਾਬ ਵਿਚ ਹਿਮਾਲੀਆ ਦੀ ਤਲਹਟੀ ਵਿਚ ਪਰਫੁੱਲਤ ਹੋਏ ਭਿੰਨ ਭਿੰਨ ਸਕੂਲਾਂ ਦੀ ਇਸ ਚਿੱਤਰਕਾਰੀ ਨੂੰ, ਰਾਜਪੂਤ ਚਿੱਤਰਕਾਰੀ ਆਖਦੇ ਹਨ। ਭਾਰਤੀ ਚਿੱਤਰਕਾਰੀ ਦੇ ਇਸ ਦੌਰ ਬਾਰੇ ਸਭ ਤੋਂ ਪਹਿਲਾਂ ਆਨੰਦ ਕੁਮਾਰ ਸਵਾਮੀ ਨੇ ਲਿੱਖਿਆ, ਤੇ ਉਸ ਨੇ ਹੀ ਇਸ ਨੂੰ ਰਾਜਪੂਤ ਚਿੱਤਰਕਾਰੀ ਦਾ ਨਾਂ ਦਿੱਤਾ।

ਮੈਂ ਆਪਣੇ ਇਸ ਵਿਸ਼ਵਾਸ ਉੱਤੇ ਜ਼ੋਰ ਦਿੱਤਾ ਹੈ ਕਿ ਰਾਜਪੂਤ ਚਿੱਤਰਕਾਰੀ ਦਾ ਨਿਕਾਸ ਸਾਡੇ ਪ੍ਰਾਚੀਨ ਸਭਿਆਚਾਰ ਦੇ ਖੰਡਰਾਂ ਵਿਚ ਚਲੀ ਆ ਰਹੀ ਲੋਕ-ਪਰੰਪਰਾ ਤੋਂ ਗਿੱਲੇ ਪਲੱਸਤਰ ਦੀ ਚਿੱਤਰਕਾਰੀ ਵਿਚਲੇ ਲੋਕ-ਭਾਵਾਂ ਦੇ ਸੁਮੇਲ ਰਾਹੀਂ ਹੋਇਆ ਹੈ। ਕਿਉਂਕਿ ਮੇਰੇ ਵਿਚਾਰ ਅਨੁਸਾਰ ਕਾਗ਼ਜ਼ ਉੱਤੇ ਕੀਤੀ ਚਿੱਤਰਕਾਰੀ ਜਾਂ ਤਾਂ ਗਿੱਲੇ-ਪਲੱਸਤਰ ਦੀ ਚਿੱਤਰਕਾਰੀ ਦਾ ਹੀ ਛੋਟਾ ਰੂਪ ਸੀ ਜਾਂ ਦੀਵਾਰਾਂ ਦੀ ਚਿੱਤਰਕਾਰੀ ਦਾ ਨਮੂਨਾ ਸੀ ਤੇ ਮੁਗ਼ਲਾਂ ਦੇ ਸਮੇਂ ਦੀ ਚਿੱਤਰਕਾਰੀ ਵਰਗੀ ਚੇਤੰਨ ਹੋ ਕੇ ਕੀਤੀ ਸੂਖਮ-ਰੂਪ ਦੀ ਚਿੱਤਰਕਾਰੀ ਪਿੱਛੋਂ ਜਾ ਕੇ ਬਣੀ। ਇਸ ਦਾ ਇਹ ਭਾਵ

ਨਹੀਂ ਕਿ ਜਿੱਥੇ ਰਾਜਪੂਤ ਚਿੱਤਰਕਾਰੀ ਭਾਰਤ ਦੀ ਆਪਣੀ ਸਰਜ਼ਮੀਨ ਉੱਤੇ ਉਪਜੀ, ਉੱਥੇ ਮੁਗ਼ਲ ਚਿੱਤਰਕਾਰੀ ਕੋਈ ਬਦੇਸ਼ੀ ਚੀਜ਼ ਸੀ। ਜਿਵੇਂ ਕਿ ਹੁਣ ਆਮ ਮੰਨਿਆ ਜਾਂਦਾ ਹੈ, ਕਿਤਾਬੀ ਤਸਵੀਰਾਂ ਵਾਲੀ ਈਰਾਨੀ ਸੂਖਮ-ਰੂਪ ਚਿੱਤਰਕਾਰੀ ਅਤੇ ਭਾਰਤੀ ਚਿੱਤਰਕਾਰਾਂ ਦੀਆਂ ਸ਼ੈਲੀਆਂ ਦੇ ਮੇਲ ਤੋਂ ਪੈਦਾ ਹੋਣ ਵਾਲੀ ਮੁਗ਼ਲ ਚਿੱਤਰਕਾਰੀ ਨੇ ਈਰਾਨੀ ਤੇ ਭਾਰਤੀ ਪਰੰਪਰਾਵਾਂ ਨੂੰ ਆਪਸ ਵਿਚ ਲਿਆ ਮੇਲਿਆ। ਇਸਦੇ ਫਲ-ਸਰੂਪ ਇਕ ਨਵੀਂ ਭਾਰਤੀ ਪਰੰਪਰਾ ਨੇ ਆਪਣੇ ਪੈਰ ਜਮਾ ਲਏ ਅਤੇ ਵਧਣ ਫੁੱਲਣ ਲਗ ਪਈ। ਇਹ ਪਰੰਪਰਾ ਸਾਡੀ ਕੌਮੀ ਕਲਾ ਦੇ ਇਤਿਹਾਸ ਵਿਚ ਬਹੁਤ ਮਹੱਤਵ-ਪੂਰਨ ਤੇ ਨਿੱਖੜਵੀਂ ਸੀ। ਪਰ ਮੈਂ ਇਹ ਜ਼ਰੂਰ ਹੀ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਰਾਜਪੂਤ ਚਿੱਤਰਕਾਰੀ ਵਿਗਸਿਤ ਮੁਗ਼ਲ ਸ਼ੈਲੀਆਂ ਤੋਂ ਬਹੁਤ ਹੀ ਪ੍ਰਭਾਵਤ ਤੇ ਉਤਸ਼ਾਹਿਤ ਹੋਈ ਤਾਂ ਵੀ ਇਹ ਅਜੇਹੇ ਜਜ਼ਬਿਆਂ, ਬਿਰਤੀਆਂ ਅਤੇ ਵਿਚਾਰਾਂ ਦਾ ਪ੍ਰਗਟਾਉ ਹੈ ਜਿਨ੍ਹਾਂ ਦੀ ਜੜ ਸਾਡੇ ਪਿੰਡਾਂ ਦੇ ਸਥਾਨਕ ਕੇਂਦਰਾਂ ਵਿਚ ਬਹੁਤ ਡੂੰਘੀ ਜੰਮ ਚੁੱਕੀ ਸੀ ਅਤੇ ਇਸ ਤਰ੍ਹਾਂ ਇਹ ਪਰੰਪਰਾ ਪੂਰਵ-ਮੁਗ਼ਲ ਕਾਲ ਤੋਂ ਚਲਦੀਆਂ ਆ ਰਹੀਆਂ ਪਰੰਪਰਾਵਾਂ ਦੀ ਹੀ ਟੁੱਟ ਟੁੱਟ ਕੇ ਮੁੜ ਚਾਲੂ ਹੋਈ ਇਕ ਲੜੀ ਸੀ। ਮੁਗ਼ਲ ਸ਼ੈਲੀ ਦੇ ਖ਼ਤਮ ਹੋਣ ਤੋਂ ਇਕ ਸੌ ਸਾਲ ਬਾਦ ਸਿੱਖ ਦਰਬਾਰ ਵਿਚ ਯੂਰਪੀ ਪ੍ਰਭਾਵ ਨਾਲ ਟੱਕਰ ਲੈਣ ਤਕ ਇਸ ਪਰੰਪਰਾ ਦੇ ਚਾਲੂ ਰਹਿਣ ਤੋਂ ਪਤਾ ਲਗਦਾ ਹੈ ਕਿ ਇਸ ਨੇ ਆਪਣੇ ਆਪ ਜ਼ੋਰ ਫੜ ਲਿਆ ਹੋਇਆ ਸੀ ਅਤੇ ਇਸ ਆਪਣੇ ਪ੍ਰਭਾਵ, ਸਪੱਸ਼ਟ ਆਕਾਰ ਅਤੇ ਰੰਗਾਂ ਦੇ ਗੂੜ੍ਹੇਪਣ ਦੀ ਸੁੰਦਰਤਾ ਦੀ ਧਾਂਕ, ਬਿਨਾਂ ਕਿਸੇ ਖ਼ਾਸ ਬਾਹਰਲੇ ਅਸਰ ਦੇ ਹੀ ਜਮਾ ਲਈ ਹੋਈ ਸੀ। ਬਦਕਿਸਮਤੀ ਨਾਲ ਇਸ ਪਰੰਪਰਾ ਦੇ ਲਾਹੌਰ ਵਿਚ ਪਹੁੰਚਾਉਣ ਤੋਂ ਛੇਤੀ ਹੀ ਬਾਦ ਇਸ ਵਿਚ ਮਿਲਾਵਟ ਆ ਗਈ ਅਤੇ ਇਹ ਮੱਧਮ ਪੈ ਗਈ। ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਦੇ ਕੁਝ ਸਾਲਾਂ ਬਾਦ ਜਿਸ ਰਾਜਨੀਤਕ ਅਤੇ ਸਮਾਜਕ ਗੜਬੜ ਨੇ ਸਿੱਖ ਰਾਜ ਨੂੰ ਖ਼ਤਮ ਕੀਤਾ, ਉਸੇ ਦੀ ਚਿੰਗਾੜੀ ਨੇ ਹੌਲੀ ਹੌਲੀ ਇਸ ਪਰੰਪਰਾ ਨੂੰ ਵੀ ਸਮੇਟ ਲਿਆ।

ਪਹਾੜੀ ਸਕੂਲਾਂ ਦੀ ਰਾਜਪੂਤ ਚਿੱਤਰਕਾਰੀ ਦੇ ਸਿੱਖ-ਸਰਪਰਸਤੀ ਵਿਚ ਆਉਣ ਤੋਂ ਬਾਦ ਏਨੀ ਛੇਤੀ ਮੁੱਕ ਜਾਣ ਦਾ ਕਾਰਨ ਇਕ ਹੋਰ ਵੀ ਸੀ। ਮੁਗ਼ਲ ਖ਼ਾਨਦਾਨ ਨਾਲ ਆਪਣੀਆਂ ਲੜਾਈਆਂ ਦੇ ਭਿਆਨਕ ਸਾਲਾਂ ਵਿਚ ਸਿਖ ਗੁਰੂ ਕਲਾਤਮਕ ਕੰਮ ਨੂੰ ਜੋ ਵੀ ਥੋੜ੍ਹਾ ਬਹੁਤ ਉਤਸ਼ਾਹ ਦੇ ਸਕੇ ਉਹ ਮੂਰਤਕਾਰੀ ਹੀ ਸੀ। ਇਨ੍ਹਾਂ ਗੁਰੂਆਂ ਦੇ ਸਿੱਖਾਂ ਲਈ ਕੇਵਲ ਗੁਰੂ ਵਰਗੀ ਚੀਜ਼ ਦੀ ਹੀ ਕੋਈ ਮਹੱਤਤਾ ਸੀ। ਭਿੰਨ ਭਿੰਨ ਸੰਗ੍ਰਹਿਆਂ ਵਿਚ ਮੁਗ਼ਲ ਢੰਗ ਅਨੁਸਾਰ ਬਣਾਈਆਂ ਅਜੇਹੀਆਂ ਮੂਰਤਾਂ ਬਹੁਤ ਹੀ ਘਟ ਮਿਲਦੀਆਂ ਹਨ ਅਤੇ ਇਹ ਸ਼ਾਇਦ ਮੁਗ਼ਲ ਦਰਬਾਰ ਦੇ ਉਨ੍ਹਾਂ ਕਲਾਕਾਰਾਂ ਦੀਆਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਨੂੰ ਸਮੇਂ ਸਮੇਂ ਸਿਰ ਗੁਰੂਆਂ ਨੇ ਆਪਣੇ ਕੋਲ ਨੌਕਰ ਰੱਖਿਆ ਹੋਵੇਗਾ। ਇਨ੍ਹਾਂ ਮੂਰਤਾਂ ਦਾ ਤੇ ਕੇਂਦਰੀ ਸਰਕਾਰ ਦੇ ਦਰਬਾਰੀਆਂ ਦੀਆਂ ਪ੍ਰਮਾਣਿਤ ਮੂਰਤੀ ਦਾ ਪ੍ਰਭਾਵ ਜਦੋਂ ਰਾਜਪੂਤ ਮੂਰਤੀ ਕਲਾ ਉੱਤੇ ਪਿਆ ਤਾਂ ਇਸ ਦੇ ਨਾਲ ਹੀ ਇਸ ਦੀ ਤਬਾਹੀ ਸ਼ੁਰੂ ਹੋ ਗਈ। ਇਸ ਦਾ ਕਾਰਨ ਇਹ ਸੀ ਕਿ ਮੁਗ਼ਲ ਦਰਬਾਰ ਦੇ ਚਿੱਤਰਕਾਰਾਂ ਦੇ ਹੱਥਾਂ ਵਿਚ ਮੂਰਤਕਾਰੀ ਵਿਚ ਭਾਵੇਂ ਸੂਖਮ ਹਾਵ ਭਾਵ ਦੇ ਪ੍ਰਗਟਾਉਣ ਦੀ ਸ਼ਕਤੀ ਤਾਂ ਸੀ ਪਰ ਰਾਜਪੂਤ ਪਰਪਾਟੀ ਦੀ ਅਵਿਅਕਤ ਕਲਾ ਦੀ ਕਾਲਪਨਿਕ ਰਚਨਾ ਲਈ ਲੋੜੀਂਦੀ ਅਧਿਆਤਮਕ ਸ਼ਕਤੀ ਨਹੀਂ ਸੀ। ਸਿੱਖ ਦਰਬਾਰ ਦਾ ਪਰਤਾਪ ਵਧਣ ਨਾਲ ਸ਼ਖ਼ਸੀਅਤ ਉੱਤੇ ਲੋੜੋਂ ਵਧ ਜ਼ੋਰ ਦਿੱਤਾ ਜਾਣ ਲੱਗ ਪਿਆ ਅਤੇ ਕਾਂਗੜੇ ਦੀ ਕਲਾ ਵਿਚਲੇ ਵਿਆਪਕ ਡੂੰਘੇਰੇ ਸਰੋਦੀ ਜਜ਼ਬੇ ਅਲੋਪ ਹੋ ਗਏ।

ਮੁਗ਼ਲ ਮੂਰਤਕਾਰੀ ਦੇ ਪ੍ਰਭਾਵ ਤੋਂ ਬਿਨਾਂ, ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ ਤੇ ਫ਼ਰਾਂਸੀਸੀ ਮੁਲਾਜ਼ਮਾਂ ਰਾਹੀਂ ਯੂਰਪੀ ਸੂਖਮ-ਰੂਪ ਮੂਰਤਾਂ ਦਾ ਵੀ ਹੜ੍ਹ ਆ ਗਿਆ। ਇਹ ਬਦੇਸ਼ੀ ਮੂਰਤਾਂ, ਮੁਗ਼ਲ ਦਰਬਾਰ ਦੇ ਕਾਰੀਗਰਾਂ ਦੁਆਰਾ ਚਿੱਤਰੀਆਂ ਇਕ-ਪਾਸੀਆਂ ਮੂਰਤਾਂ ਨਾਲੋਂ ਵੀ ਘੱਟ ਲੈ-ਬਧ ਸਨ। ਜਦੋਂ ਮੁਗ਼ਲ ਮੂਰਤਕਾਰੀ ਅਤੇ ਸੂਖਮ-ਰੂਪ ਮੂਰਤ ਵਿਚ ਪੱਧਰ ਉੱਤੇ ਤੇ ਤਿੰਨ-ਪੱਖੀ ਕਲਾ ਦੀ ਚਿੱਤਰਕਾਰੀ ਦੇ ਤੱਤ ਆਪਸ ਵਿਚ ਰਲੇ ਮਿਲੇ ਤਾਂ ਇਸ ਨਾਲ ਮੁਗ਼ਲ ਮੂਰਤਕਾਰੀ ਦੀ ਅਦੁਤੀ ਪਵਿੱਤਰਤਾ ਖ਼ਤਮ ਹੋ ਗਈ ਤੇ ਇਸ ਵਿਚ ਬਾਜ਼ਾਰੀ ਸ਼ੈਲੀ ਆ ਗਈ ਜੋ ਲਾਹੌਰ ਤੇ ਅੰਮ੍ਰਿਤਸਰ ਵਿਚ ਪਰਚੱਲਤ ਹੋ ਗਈ।

## ( ੪ )

ਪਰ ਸਿੱਖਾਂ ਦੇ ਸਮੇਂ ਕਿਹੋ ਜਹੇ ਚਿੱਤਰ ਚਿਤਰੇ ਗਏ ? ਇਨ੍ਹਾਂ ਵਿਚ ਕੀ ਕੀ ਕੁਝ ਹੈ ਇਸ ਬਾਰੇ ਚਰਚਾ ਕਰਨੀ ਜ਼ਰੂਰੀ ਹੈ। ਸਭ ਤੋਂ ਪਹਿਲਾਂ ਤਾਂ ਇਨ੍ਹਾਂ ਵਿਚ ਅਸਲ ਕਾਂਗੜਾ ਕਲਾ ਤੇ ਬਸੌਲੀ, ਚੰਬਾ, ਨੂਰਪੁਰ ਤੇ ਕੁੱਲੂ ਵਾਦੀ ਦੀਆਂ ਪਹਾੜੀ ਪਰਪਾਟੀਆਂ ਦੀ ਚਿੱਤਰਕਲਾ ਦੇ ਬਚੇ-ਖੁਚੇ ਅੰਸ਼ ਹਨ। ਇਨ੍ਹਾਂ ਸਭ ਕੇਂਦਰਾਂ ਦੀਆਂ ਸ਼ੈਲੀਆਂ ਭਿੰਨ ਭਿੰਨ ਸਨ ਤੇ ਸਭ ਨੂੰ ਮਿਲਾ ਕੇ ਇਸ ਨੂੰ ਹਿਮਾਲੀਆ ਦੀ ਕਲਾ ਆਖਿਆ ਜਾਂਦਾ ਸੀ। ਇਸ ਹਿਮਾਲੀਆ ਦੀ ਕਲਾ ਦੀ ਆਮ ਵਿਸ਼ੇਸ਼ਤਾ ਇਕ ਚੇਤੰਨ ਸੰਗੀਤਕਤਾ ਹੈ। ਇਉਂ ਜਾਪਦਾ ਹੈ ਕਿ ਮੰਦਰਾਂ ਦੇ ਮਹਾਂ ਕਾਵਿ ਪਲੱਸਤਰ-ਚਿੱਤਰਕਾਰੀ ਦੇ ਕਾਗਜ਼ ਉੱਤੇ ਆਉਣ ਤੱਕ, ਦਰਬਾਰੀ ਚਿੱਤਰਕਾਰੀ ਵਾਲੇ ਉਘੜਵੀਂ ਲੈ-ਬੱਧ ਰੇਖਾ ਦੇ ਚਿੱਤਰਕਾਰਾਂ ਨੇ ਦਰਬਾਰੀ ਵਾਤਾਵਰਨ ਦੀ ਕੋਮਲਤਾ ਤੇ ਸੁੱਘੜਤਾ ਨੂੰ ਆਪਣੀ ਕਲਾ ਵਿਚ ਰਚਾ ਕੇ ਇਕ ਨਵਾਂ ਮਿਸ਼ਰਨ ਜਿਹਾ ਬਣਾ ਲਿਆ ਹੋਇਆ ਸੀ। ਦੀਵਾਰਾਂ ਉੱਤੇ ਕੀਤੀ ਜਾਣ ਵਾਲੀ ਚਿੱਤਰਕਾਰੀ ਦੇ ਗੂੜ੍ਹੇ ਰੰਗ ਕਾਗ਼ਜ਼ ਉੱਤੇ ਆ ਕੇ ਹਲਕੇ ਹੋ ਗਏ। ਲੋਕ-ਕਲਾ ਦੇ ਮਾੜਕੂਏ ਜਹੇ ਬੀਰ-ਰਸੀ ਆਕਾਰਾਂ ਵਿਚ ਜਾਨ ਤੇ ਸ਼ਾਨ ਆ ਗਈ। ਸਭ ਤੋਂ ਵੱਡੀ ਚੀਜ਼ ਇਹ ਕਿ ਆਰਾਮ-ਪਰਸਤੀ ਦਾ ਇਕ ਅਜਿਹਾ ਵਾਤਾਵਰਨ ਛਾ ਗਿਆ ਜਿਸ ਵਿਚ ਪ੍ਰੇਮੀ ਚੰਨ ਦੀ ਚਾਂਨਣੀ ਵਿਚ ਚਬੂਤਰਿਆਂ ਉੱਤੇ ਗਲੇ ਮਿਲਦੇ ਹਨ ਜਾਂ ਇਕ ਦੂਜੇ ਵਾਸਤੇ ਜਾਮ ਪੀਂਦੇ ਹਨ ਤੇ ਨਾਟਕ ਨੂੰ ਸੰਗਦਿਆਂ ਸੰਗਦਿਆਂ ਵਾਚਣ ਵਾਲੀਆਂ ਮੁਟਿਆਰਾਂ ਆਲੇ ਦੁਆਲੇ ਖਲੋਤੀਆਂ ਹਨ ਜਿਸ ਦਾ ਕਾਰਨ ਕਿਸੇ ਵੀ ਵਿਜੋਗ ਜਾਂ ਸੰਜੋਗ ਦੇ ਸਮੇਂ ਇਕੱਠਾ ਹੋਣਾ ਹੁੰਦਾ ਹੈ; ਜਾਂ ਰਾਜਾ ਆਪਣੇ ਦਰਬਾਰ ਵਿੱਚ ਬੈਠਾ ਹੁੱਕਾ ਪੀ ਰਿਹਾ ਹੈ ਤੇ ਗਵੱਈਆਂ ਦਾ ਗਾਣਾ ਸੁਣ ਰਿਹਾ ਹੈ, ਜਾਂ ਇਨਸਾਫ਼ ਕਰ ਰਿਹਾ ਹੈ ਜਾਂ ਕੋਈ ਤਿੱਖੇ ਨੱਕ ਅਤੇ ਬਦਾਮੀ ਅੱਖਾਂ ਵਾਲੀ ਇਸਤਰੀ, ਬਹੁਤ ਸੁੰਦਰ ਬਸਤਰ ਪਹਿਨੀ, ਬੈਂਤ ਦੇ ਰੁੱਖ ਹੇਠ ਪੰਖੇਰੂਆਂ ਜਾਂ ਜਨੌਰਾਂ ਨਾਲ ਚੋਜ ਕਰ ਰਹੀ ਹੁੰਦੀ ਹੈ। ਰੇਖਾ, ਰੰਗ ਤੇ ਰੂਪ ਦਾ ਸੰਬੰਧ ਮੇਚਵਾਂ ਨਹੀਂ, ਪਰ ਸ਼ੈਲੀ ਸਿੱਧੇ ਸਾਦੇ ਲੋਕ-ਰੂਪ ਤੋਂ ਵਿਗਸਿਤ ਹੋ ਕੇ ਬਹੁਤ ਸੁਹਜ-ਭਰਪੂਰ ਬਣ ਚੁੱਕੀ ਹੈ। ਵਿਕਾਸ ਦੇ ਸਿਖਰ ਉੱਤੇ ਰੇਖਾ ਵਿਚ ਇਕ ਅਧਿਆਤਮਕ ਵਿਸ਼ੇਸ਼ਤਾ ਆ ਜਾਂਦੀ ਹੈ ਜਿਸ ਦੀ ਉਤਪੱਤੀ ਸਭ ਤੋਂ ਤੀਬਰ ਪ੍ਰਭਾਉ ਤੇ ਪਾਤਰ ਦੀ ਲੈ-ਬਧ ਲਿਵ ਤੋਂ ਹੁੰਦੀ ਹੈ। ਰੂਪ ਆਪਣੇ ਆਪ ਵਿਚ ਤਾਂ ਆਮ ਤੌਰ ਤੇ ਰਵਾਇਤੀ ਹੀ ਸੀ, ਪਰ ਮੌਲਿਕ ਜਜ਼ਬਿਆਂ ਨਾਲ ਭਰਪੂਰ ਸੀ ਅਤੇ ਇਹ ਜਜ਼ਬੇ ਚਿੱਤਰਕਾਰਾਂ ਦੀ ਵਿਅਕਤੀਗਤ ਪ੍ਰਤਿਭਾ ਦੀਆਂ ਉਪਜਾਂ ਸਨ। ਅਸਲ ਕਾਂਗੜੇ ਦੀ ਕਲਾ ਦੇ ਹਲਕੇ ਕੋਮਲ-ਭਾਵੀ ਰੰਗਾਂ ਤੋਂ ਲੈ ਕੇ ਬਸੌਲੀ ਦੇ ਗੂੜ੍ਹੇ ਅਤੇ ਭੜਕੀਲੇ ਰੰਗਾਂ ਤਕ ਦੀ ਵਰਤੋਂ ਕੀਤੀ ਜਾਂਦੀ ਸੀ। ਜੋ ਪਹਾੜੀ ਚਿੱਤਰ ਨਵੇਂ ਸਰਪਰਸਤ ਢੂੰਡਣ ਵਾਲੇ ਕਲਾਕਾਰਾਂ ਨੇ ਸਮੇਂ ਸਮੇਂ ਸਿਰ ਆਪਣੇ ਨਾਲ ਸਿੱਖ ਦਰਬਾਰ ਵਿਚ ਲਿਆਂਦੇ ਜਾਂ ਪਰਾਜਿਤ ਸਰਦਾਰਾਂ ਨੇ ਸ਼ੇਰਿ-ਪੰਜਾਬ ਨੂੰ ਸੁਗਾਤ ਦੇ ਰੂਪ ਵਿਚ ਦਿੱਤੇ ਜਾਂ ਲੁੱਟ ਵਿਚ ਮਿਲੇ, ਉਨ੍ਹਾਂ ਸਭਨਾਂ ਵਿਚ ਪਹਾੜੀ ਕਲਾ ਦੀ ਮਸ਼ਹੂਰੀ ਦੇ ਸਭ ਗੁਣ ਅਜੇ ਮੌਜੂਦ ਸਨ। ਜਿਹੜੇ ਚਿੱਤਰ ਸਭ ਤੋਂ ਪਹਿਲਾਂ ਡਾਕਟਰ ਕੁਮਾਰਸਵਾਮੀ ਨੇ ਲੱਭੇ ਅਤੇ ਜਿਨ੍ਹਾਂ ਨੂੰ ਉਸ ਨੇ ਰਾਜਪੂਤ ਚਿੱਤਰਕਾਰੀ ਦੇ ਨਮੂਨੇ ਮੰਨਿਆ, ਦਰ ਅਸਲ ਉਨ੍ਹਾਂ ਵਿੱਚੋਂ ਬਹੁਤੇ ਚਿੱਤਰ ਮੈਦਾਨੀ ਇਲਾਕੇ ਵਿਚ ਮਿਲਦੇ ਬਚੇ-ਖੁਚੇ ਚਿੱਤਰਾਂ ਵਿਚੋਂ ਸਨ।

ਪੰਜਾਬ ਦੀ ਰਾਜਧਾਨੀ ਵਿਚ ਵੱਸਣ ਆਏ ਕਲਾਕਾਰ ਆਪਣੀਆਂ ਅਦੁਤੀ ਸ਼ੈਲੀਆਂ ਵਰਤਦੇ ਰਹੇ ਤੇ ਉੱਘੇ ਉੱਘੇ ਚਿੱਤਰ ਬਣਾਉਂਦੇ ਰਹੇ। ਭਾਰਤ ਦੇ ਦਰਬਾਰੀ ਕਲਾਕਾਰਾਂ ਵਿਚ ਆਪਣਾ ਨਾਂ-ਪਤਾ ਦੇਣ ਦਾ ਰਿਵਾਜ ਨਹੀਂ ਸੀ ਇਸ ਲਈ ਇਨ੍ਹਾਂ ਚਿੱਤਰਾਂ ਦੇ ਬਣਾਉਣ ਵਾਲੇ ਵਿਸ਼ੇਸ਼ ਚਿੱਤਰਕਾਰਾਂ ਦੇ ਨਾਂ ਜਾਣਨਾ ਸੰਭਵ ਨਹੀਂ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਾੜੀ ਕਲਾ ਦੇ ਸਰਬੋਤਮ ਮਹੱਤਤਾ ਵਾਲੇ ਸ਼ਾਹਕਾਰਾਂ ਵਿੱਚੋਂ ਕੁਝ ਕੁ ਸਿਖ ਦਰਬਾਰ ਦੀ ਸਰਪਰਸਤੀ ਦੇ ਅਧੀਨ ਲਾਹੌਰ ਵਿਚ ਹੀ ਚਿੱਤਰੇ ਗਏ ਸਨ।

ਅਜੇਹੇ ਚਿੱਤਰ ਵੀ ਸਨ ਜਿਨ੍ਹਾਂ ਨੂੰ ਮਾਹਰ ਪਹਾੜੀ ਕਲਾਕਾਰਾਂ ਦੇ ਸ਼ਾਗਿਰਦਾਂ ਨੇ ਚਿੱਤਰਿਆ। ਇਹ ਆਮ

ਤੌਰ ਉੱਤੇ ਹਿੰਦੂ ਜਾਂ ਮੁਸਲਮਾਨ ਹੁੰਦੇ ਸਨ, ਪਰ ਕਈ ਸਿੱਖ ਵੀ ਸਨ ਤੇ ਲਾਹੌਰ ਦਾ ਕਿਸ਼ਨ ਸਿੰਘ ਇਨ੍ਹਾਂ ਵਿੱਚੋਂ ਬਹੁਤ ਮਸ਼ਹੂਰ ਹੈ। ਇਨ੍ਹਾਂ ਚਿੱਤਰਕਾਰਾਂ ਦੇ ਚਿੱਤਰਾਂ ਵਿਚ ਪਹਾੜੀ ਚਿੱਤਰਕਾਰੀ ਦੇ ਮੌਲਿਕ ਅੰਤਰ-ਵੇਗ ਵਿਚ ਅਚਾਨਕ ਹੀ ਇਕ ਤਬਦੀਲੀ ਆ ਗਈ। ਸਿੱਖਾਂ ਦੇ ਰਾਜ ਦੇ ਵਿਚਕਾਰਲੇ ਸਮੇਂ ਦੀਆਂ ਮੂਰਤਾਂ ਵਿੱਚੋਂ ਬਹੁਤ ਹੀ ਘਟ ਅਜੇਹੀਆਂ ਹਨ, ਜਿਨ੍ਹਾਂ ਵਿਚ ਅਸਲ ਕਾਂਗੜੇ ਦੀ ਕਲਮ ਦੀ ਜਾਂ ਲਾਹੌਰ ਦੀਆਂ ਸ਼ੁਰੂ ਦੀਆਂ ਮੂਰਤਾਂ ਦੀ ਤੀਬਰਤਾ ਹੋਵੇ। ਮਾਹਰ ਕਲਾਕਾਰਾਂ ਦੇ ਹੱਥਾਂ ਤੋਂ ਉਨ੍ਹਾਂ ਦੇ ਸ਼ਾਗਿਰਦਾਂ ਦੇ ਹੱਥਾਂ ਵਿਚ ਆਉਣ ਸਮੇਂ ਭਿੰਨ-ਭਿੰਨ ਸ਼ੈਲੀਆਂ ਵਿਚ ਕਿਵੇਂ ਤਬਦੀਲੀ ਆਈ, ਇਸ ਦਾ ਠੀਕ ਠੀਕ ਇਲਮ ਨਹੀਂ। ਮਹੱਲਾਂ ਤੇ ਪਹਾੜੀ ਮਕਾਨਾਂ ਦੀ ਗਿੱਲੇ ਪਲੱਸਤਰ ਦੀ ਚਿੱਤਰਕਾਰੀ ਅਤੇ ਉਸ ਦੀਵਾਰੀ ਚਿੱਤਰਕਾਰੀ ਵਿਚ ਆਈ ਭਿੰਨਤਾ ਸੰਬੰਧੀ ਹੀ ਕੁਝ ਕਿਹਾ ਜਾ ਸਕਦਾ ਹੈ ਜੋ ਲਾਹੌਰ ਦੇ ਕਿਲ੍ਹੇ ਵਿਚ ਅਤੇ ਰਾਜਧਾਨੀ ਦੇ ਵੱਡੇ ਵੱਡੇ ਘਰਾਂ ਵਿਚ ਸਜਾਵਟ ਲਈ ਕੀਤੀ ਜਾਂਦੀ ਸੀ ਅਤੇ ਜੋ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੀਆਂ ਦੀਵਾਰਾਂ ਉੱਤੇ ਆਪਣੇ ਕਮਾਲ ਤੇ ਪੁੱਜੀ ਸੀ। ਗੂੜ੍ਹੇ ਰੰਗਾਂ ਵਾਲੇ ਅਤੇ ਕਾਂਗੜੇ ਤੇ ਇਸ ਦੇ ਆਲੇ ਦੁਆਲੇ ਦੀਆਂ ਪਹਾੜੀਆਂ ਦੇ ਮੰਦਰਾਂ ਅਤੇ ਮਕਾਨਾਂ ਦੀਆਂ ਦੀਵਾਰਾਂ ਤੇ ਮਹਾਂਕਾਵਾਂ, ਮਿਥਿਹਾਸਕ ਕਹਾਣੀਆਂ ਤੇ ਪੁਰਾਣਕ ਕਥਾਵਾਂ ਦੇ ਦਰਸਾਉਣ ਵਿਚ ਇਕ ਦੂਜੇ ਨਾਲ ਗੂੜ੍ਹੇ ਰੂਪ ਵਿਚ ਸੰਬੰਧਤ, ਲੋਕ ਰੂਪਾਂ ਦੀ ਸ਼ਾਨ ਦੀ ਥਾਂ ਇਕ ਅਜੇਹੇ ਰਿਵਾਜੀ ਢੰਗ ਨੇ ਲੈ ਲਈ, ਜਿਸ ਵਿਚ ਆਕਾਰਾਂ, ਰੁੱਖਾਂ ਅਤੇ ਵਾਤਾਵਰਨ ਦਾ, ਵਿਉਂਤ ਅਨੁਸਾਰ ਚਿੱਤਰਨਾ ਅਤੇ ਰਵਾਇਤੀ ਢੰਗ ਅਨੁਸਾਰ ਰੰਗ ਭਰਨਾ, ਤਾਂ ਜਾਰੀ ਰਹੇ, ਪਰ ਇਨ੍ਹਾਂ ਵਿਚ ਅੰਦਰੂਨੀ ਚਮਕ ਨਾ ਆ ਸਕੀ, ਤੇ ਇਹ ਚਮਕ ਹੀ ਪਹਾੜੀ ਕਲਾਕਾਰਾਂ ਦੇ ਡੂੰਘੇ ਵਿਚਾਰਾਂ ਦਾ ਸਾਰ ਸੀ। ਲਾਹੌਰ ਦੀ ਕਲਮ ਆਪਣੇ ਅਸਲੀ ਪਹਾੜੀ ਘਰ ਤੋਂ ਸਥਾਨਕ ਰੂਪ ਵਿਚ ਹੀ ਦੂਰ ਨਹੀਂ ਸੀ ਸਗੋਂ ਅਧਿਆਤਮਕ ਰੂਪ ਵਿਚ ਵੀ ਹਿੰਦੂ ਦਰਬਾਰ ਦੇ ਵਾਤਾਵਰਨ ਦੀ ਥਾਂ ਸਿੱਖ ਦਰਬਾਰ ਦੀ ਖੁਲ੍ਹੀ ਤੇ ਤਿਆਰ-ਬਰ-ਤਿਆਰ ਜ਼ਿੰਦਗੀ ਨੇ ਮਲ ਲਈ ਸੀ। ਸਿੱਖ ਦਰਬਾਰ ਰਣਜੀਤ ਸਿੰਘ ਦੇ ਆਪਣੇ ਦਬਦਬੇ ਤੋਂ ਉਤਪੰਨ ਹੋ ਚੁਕੀ ਮਹਾਨ ਸੱਤਾ ਦੇ ਬਾਵਜੂਦ ਵੀ ਆਪਣੇ ਪੈਰ ਜਮਾਉਣ ਵਿਚ ਰੁੱਝਿਆ ਹੋਇਆ ਸੀ ਤੇ ਅਸ਼ਾਂਤ ਸੀ। ਕਾਂਗੜੇ ਦੀ ਕਲਾ ਦੀ ਨਜ਼ਾਕਤ ਤਾਂ ਬਾਕੀ ਸੀ ਪਰ ਅੰਦਰੂਨੀ ਸੰਬੰਧ ਚਿੱਤਰਾਂ ਵਿੱਚੋਂ ਅਲੋਪ ਹੁੰਦਾ ਜਾ ਰਿਹਾ ਸੀ।

ਸਿੱਖਾਂ ਦੇ ਰਾਜ ਦੇ ਛੋਟੇ ਜਹੇ ਸਮੇਂ ਵਿਚ ਬਣਾਏ ਚਿੱਤਰਾਂ ਵਿਚ ਵੰਨ-ਸਵੰਨਤਾ ਜ਼ਰੂਰ ਸੀ। ਇਸ ਦਾ ਕਾਰਨ ਇਹ ਸੀ ਕਿ ਸਰਪਰਸਤੀ ਕੇਵਲ ਕੇਂਦਰੀ ਦਰਬਾਰ ਤਕ ਹੀ ਸੀਮਤ ਨਹੀਂ ਸੀ ਸਗੋਂ ਵੱਖੋ ਵੱਖ ਸੂਬੇਦਾਰਾਂ ਨੇ ਵੀ ਕਾਂਗੜੇ ਤੇ ਲਾਹੌਰ ਦੇ ਕੁਝ ਕੁ ਕਲਾਕਾਰਾਂ ਨੂੰ ਆਪਣੇ ਕੋਲ ਰੱਖਿਆ ਹੋਇਆ ਸੀ। ਜਿਵੇਂ ਕਿ ਨਵੇਂ ਰਾਜ ਦੇ ਸਥਾਪਨ ਹੋਣ ਨਾਲ ਸੁਭਾਵਕ ਹੀ ਹੁੰਦਾ ਹੈ, ਲਾਹੌਰ ਤੇ ਇਸ ਦੇ ਜਾਗੀਰਦਾਰੀ ਸੂਬਿਆਂ ਵਿਚ ਮੂਰਤਾਂ ਦੀ ਮੰਗ ਬਹੁਤ ਵਧ ਗਈ। ਥੋੜੀ ਬਹੁਤ ਮਹਾਨਤਾ ਵਾਲੇ ਸਰਦਾਰਾਂ ਨੇ ਵੀ ਚਿੱਤਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਉਹ ਆਪਣੇ ਅਤੇ ਆਪਣੇ ਖ਼ਾਨਦਾਨ ਨਾਲ ਸੰਬੰਧਤ ਚਿੱਤਰ ਵੀ ਇਕੱਠੇ ਕਰਦੇ, ਪਰ ਇਹ ਚਿੱਤਰ ਮੁਗ਼ਲੀਆ ਦਰਬਾਰ ਦੇ ਚਿੱਤਰਾਂ ਵਰਗੇ ਕੋਮਲ ਨਹੀਂ ਸਨ। ਮੁਗ਼ਲਈ ਕਿਸਮ ਦੇ ਚਿੱਤਰ ਬਣਾਉਣ ਦੀ ਪ੍ਰੇਰਨਾ ਨੇ ਤਾਂ ਪਹਾੜਾਂ ਵਿਚ ਵੀ ਪੈਰ ਨਹੀਂ ਸਨ ਜਮਾਏ ਜਿੱਥੇ ਕਿ ਪਹਾੜੀ ਚਿੱਤਰਕਾਰੀ ਨੇ ਜਨਮ ਲਿਆ ਸੀ। ਇਸ ਲਈ ਜਦੋਂ ਕਾਂਗੜੇ ਦੇ ਪ੍ਰਭਾਵ ਅਧੀਨ ਲਾਹੌਰ ਵਿਚ ਅਜੇਹੇ ਚਿੱਤਰ ਬਣਾਏ ਜਾਣ ਲੱਗੇ ਤਾਂ ਮੁਗ਼ਲ ਕਲਾ ਦਾ ਪ੍ਰਭਾਵ ਹੋਰ ਵੀ ਦੁਰੇਡੇ ਦਾ ਹੋ ਗਿਆ। ਕੁਝ ਸਿਰ-ਕੱਢ ਚਿਤਰ ਵੀ ਹਨ, ਜਿਵੇਂ ਕਿ ਸ੍ਰੀਮਤੀ ਰੋਥਨਸਟਾਈਨ ਦੇ ਸੰਗ੍ਰਹਿ ਵਿਚ ਖੜਕ ਸਿੰਘ ਦਾ ਚਿੱਤਰ। ਇਸ ਦਾ ਰੇਖਾ ਉਲੀਕਣ ਬਹੁਤ ਉੱਚੀ ਪੱਧਰ ਦਾ ਹੈ ਅਤੇ ਦਿੱਲੀ, ਆਗਰੇ, ਦੱਖਣੀ ਰਾਜਸਥਾਨ ਅਤੇ ਹਿਮਾਲੀਆ ਦੀ ਤਲਹਟੀ ਵਿਚ ਅਠਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਬਣਾਏ ਇਸ ਕਿਸਮ ਦੇ ਚੰਗੇ ਚਿੱਤਰਾਂ ਦਾ ਮੁਕਾਬਲਾ ਕਰ ਸਕਦਾ ਹੈ। ਸਿੱਖ ਸਰਦਾਰਾਂ ਦੇ ਹੋਰ ਚਿੱਤਰਾਂ ਵਿੱਚੋਂ ਕੁਝ ਕੁ, ਜਿਵੇਂ ਕਿ ਧਿਆਨ ਸਿੰਘ ਅਤੇ ਉਸ ਦੇ ਲੜਕਿਆਂ ਦਾ ਚਿੱਤਰ ਤਕਨੀਕ ਦੇ ਦ੍ਰਿਸ਼ਟੀਕੋਣ ਤੋਂ ਨਿਪੁੰਨ ਹਨ। ਪਰ ਸਿੱਖ ਦਰਬਾਰ ਵਿਚ ਬਣਾਏ ਚਿੱਤਰਾਂ ਵਿੱਚੋਂ ਬਹੁਤਿਆਂ ਵਿਚ ਨਿਪੁੰਨਤਾ ਹੌਲੀ ਹੌਲੀ ਘਟਦੀ ਹੀ ਨਜ਼ਰ ਆਉਂਦੀ ਹੈ। ਕਾਗ਼ਜ਼ ਅਤੇ ਹਾਥੀ ਦੰਦ ਉੱਤੇ ਬਣਾਈਆਂ ਯੂਰਪੀ ਸੂਖਮ-ਰੂਪ ਮੂਰਤਾਂ ਆ

ਪਹੁੰਚੀਆਂ ਅਤੇ ਲਾਹੌਰ ਦੇ ਸੂਖਮ-ਰੂਪ ਮੂਰਤੀ ਦੇ ਚਾਹਵਾਨਾਂ ਨੂੰ ਸਸਤੀਆਂ ਮਿਲਨ ਲਗ ਪਈਆਂ। ਇਹ ਸ਼ੈਲੀ ਇਕ ਬਾਜ਼ਾਰੀ ਸ਼ੈਲੀ ਦਾ ਰੂਪ ਧਾਰ ਗਈ। ਇਹ ਮੂਰਤਾਂ ਇਉਂ ਜਾਪਦੀਆਂ ਸਨ ਜਿਵੇਂ ਪੈਰਾਂ ਨਾਲ ਉਲੀਕੀਆਂ ਹੋਣ। ਇਨ੍ਹਾਂ ਦੇ ਰੰਗ ਭੱਦੇ ਹੁੰਦੇ ਸਨ ਅਤੇ ਇਹ ਖ਼ਾਲਸਾ ਸਿਪਾਹੀਆਂ ਕੋਲ ਮੁਫ਼ਤ ਦੇ ਭਾ ਵੇਚੀਆਂ ਜਾਂਦੀਆਂ ਸਨ।

ਜਿੱਥੋਂ ਤਕ ਸਿੱਖ ਗੁਰੂਆਂ ਦੀਆਂ ਮੂਰਤਾਂ ਦਾ ਸੰਬੰਧ ਹੈ ਇਨ੍ਹਾਂ ਵਿਚ ਇਹ ਵਿਗਾੜ ਬਹੁਤ ਤੇਜ਼ੀ ਨਾਲ ਫੈਲਿਆ। ਜਨਤਾ ਵਿਚ ਇਨ੍ਹਾਂ ਦੀ ਬਹੁਤ ਜ਼ਿਆਦਾ ਮੰਗ ਸੀ ਤੇ ਬਾਜ਼ਾਰੀ ਕਲਾਕਾਰਾਂ ਨੇ, ਵਿਸ਼ੇਸ਼ ਕਰਕੇ ਅੰਮ੍ਰਿਤਸਰ ਵਿਚ, ਮੁਗ਼ਲ ਸਮੇਂ ਵਿਚ ਬਣਾਈਆਂ ਗੁਰੂਆਂ ਦੀਆਂ ਉੱਤਮ ਮੂਰਤਾਂ ਦੀਆਂ ਨਕਲਾਂ ਉਤਾਰ ਉਤਾਰ ਕੇ ਅਤੇ ਯੂਰਪੀ ਕਿਸਮ ਦੀਆਂ ਸੈਂਕੜੇ ਸੂਖਮ-ਰੂਪ ਮੂਰਤਾਂ ਬਣਾ ਬਣਾ ਕੇ ਬਹੁਤ ਧਨ ਕਮਾਇਆ।

ਦਰਬਾਰੀ ਨਜ਼ਾਰਿਆਂ, ਘਰੋਗੀ ਜ਼ਿੰਦਗੀ ਅਤੇ ਪੁਰਾਣਿਕ ਵਿਸ਼ਿਆਂ ਦੀਆਂ ਮੂਰਤਾਂ ਵਿਚ ਕੁਝ ਜਾਨ ਬਾਕੀ ਸੀ, ਜਿਵੇਂ ਕਿ ਪਹਿਲੀ ਸਿੱਖ ਲੜਾਈ ਦੇ ਖ਼ਤਮ ਹੋਣ ਤੇ, ੯ ਮਾਰਚ, ੧੮੪੬ ਨੂੰ ਲਾਹੌਰ ਵਿਚ ਹੋਈ ਸੰਧੀ ਤੇ ਹਸਤਾਖਰ ਹੋਣ ਸਮੇਂ ਦੇ ਚਿੱਤਰ ਵਿਚ ਅਨੋਖੀ ਕਾਰੀਗਰੀ ਦਾ ਅੰਦਾਜ਼ ਹੈ ਅਤੇ ਮੁੱਖ ਨਜ਼ਾਰੇ ਦੇ ਇਰਦ-ਗਿਰਦ ਦੇ ਕਾਮਯਾਬ ਚਿੱਤਰਨ ਤੋਂ ਬਿਨਾਂ ਚਾਰ ਅੰਗਰੇਜ਼ਾਂ ਦੇ ਚਿੱਤਰ ਵੀ ਕਾਫ਼ੀ ਕਾਮਯਾਬੀ ਨਾਲ ਚਿੱਤਰੇ ਹਨ, ਪਰ ਇਸ ਸਮੇਂ ਭਾਰਤੀ ਚਿੱਤਰਕਾਰ ਆਪਣੇ ਵਡੇਰਿਆਂ ਦੀ ਡੂੰਘਾਈ ਅਤੇ ਤੀਬਰਤਾ ਨੂੰ ਛੱਡ ਕੇ ਬੇਲੋੜੀ ਕਾਰੀਗਰੀ ਦੀ ਸਫ਼ਾਈ ਨਾਲ ਪੁਰਾਣੀਆਂ ਚੀਜ਼ਾਂ ਨੂੰ ਦੋਹਰਾਉਂਦਾ ਹੀ ਨਜ਼ਰ ਆਉਂਦਾ ਹੈ ਅਤੇ ਇਸ ਮਤਲਬ ਲਈ ਉਪਰੋਕਤ ਚਿੱਤਰ ਨੂੰ ਮੁਗ਼ਲ ਦਰਬਾਰ ਦੇ ਸੋਲ੍ਹਵੀਂ ਸਦੀ ਦੇ ਆਭਾ-ਭਰਪੂਰ ਸੰਗ੍ਰਹਿਆਂ ਨਾਲ ਤਾਂ ਕੀ, ਕਾਂਗੜੇ ਦੇ ਸੰਸਾਰ ਚੰਦ ਦੇ ਸਮੇਂ ਚਿੱਤਰੇ ਦਰਬਾਰੀ ਨਜ਼ਾਰਿਆਂ ਨਾਲ ਮਿਲਾ ਲੈਣਾ ਹੀ ਕਾਫ਼ੀ ਹੋਵੇਗਾ।

ਇਹੋ ਚੀਜ਼ ਕਿਲਿਆਂ, ਮੰਦਰਾਂ ਤੇ ਸਿੱਖ ਹਾਕਮਾਂ ਤੇ ਸਰਦਾਰਾਂ ਦੀਆਂ ਸਮਾਧੀਆਂ ਦੀਆਂ ਕੰਧਾਂ ਉੱਤੇ ਬਣਾਏ ਗਿੱਲੇ ਪਲੱਸਤਰ ਉਤਲੇ ਚਿੱਤਰਾਂ ਤੇ ਵੀ ਲਾਗੂ ਹੁੰਦੀ ਹੈ। ਇਹ ਚਿੱਤਰਕਾਰੀ ਪਹਾੜਾਂ ਦੀ ਦੀਵਾਰੀ ਚਿੱਤਰਕਾਰੀ ਦੇ ਆਧਾਰ ਤੇ ਕੀਤੀ ਗਈ ਸੀ। ਆਪਣੇ ਮੌਲਿਕ ਵਾਤਾਵਰਨ ਵਿਚ ਇਸ ਪ੍ਰਣਾਲੀ ਵਿਚ ਉਹ ਜਾਤੀ-ਭਾਵਨਾ ਵਿਆਪਕ ਦਿੱਸਦੀ ਹੈ ਜੋ ਹਿੰਦੂ ਪਹਾੜੀ ਸਮਾਜ ਨੂੰ, ਵੈਸ਼ਨਵ ਮਤ ਦਾ ਸ਼ਰਧਾਲੂ ਹੋਣ ਕਾਰਨ, ਆਪਸ ਵਿਚ ਇਕੱਠਿਆਂ ਰੱਖਦੀ ਹੈ। ਜਦੋਂ ਇਸ ਤਕਨੀਕ ਨੂੰ ਉੱਥੋਂ ਲਿਆ ਕੇ ਪੰਜਾਬ ਦੇ ਮੈਦਾਨਾਂ ਵਿਚ ਇਕ ਹੋਰ ਧਰਮ ਲਈ ਵਰਤਿਆ ਗਿਆ ਤਾਂ ਕਾਂਗੜੇ ਦੇ ਹਿੰਦੂ ਕਲਾਕਾਰ ਉਹ ਜਜ਼ਬਾ ਪੈਦਾ ਨਾ ਕਰ ਸਕੇ ਜਿਸ ਦੀ ਉਨ੍ਹਾਂ ਨੂੰ ਘਰ ਵਿਚ ਪ੍ਰੇਰਨਾ ਮਿਲੀ ਸੀ ਅਤੇ ਨਾ ਹੀ ਏਨਾਂ ਸਮਾਂ ਸੀ ਕਿ ਸਿੱਖ ਧਰਮ ਦੇ ਅਨੁਕੂਲ ਸਭਿਆਚਾਰਕ ਵੰਨਗੀਆਂ ਵਾਸਤੇ ਸਿੱਖ ਕਲਾਕਾਰਾਂ ਨੂੰ ਸਿਖਲਾਈ ਦਿੱਤੀ ਜਾ ਸਕਦੀ।

## (੫)

ਇਸ ਗੱਲ ਤੋਂ ਪਰੰਪਰਾ ਸਬੰਧੀ ਰਵੱਈਏ ਬਾਰੇ ਯਥਾਰਥਕ ਸਿੱਖਿਆ ਮਿਲਦੀ ਹੈ ਜਿਸ ਨੂੰ ਨਵੇਂ ਯੁਗ ਵਿਚ ਪੁਰਾਣੇ ਮਨੋਵੇਗਾਂ ਦੇ ਅਪਣਾਉਣ ਲਈ ਵਰਤਣਾ ਜ਼ਰੂਰੀ ਹੈ। ਮਾਂਗਵੀਂ ਤਕਨੀਕ ਜਾਂ ਪੁਰਾਣੇ ਧਾਰਮਕ, ਸਮਾਜਕ ਤੇ ਸਭਿਆਚਾਰਕ ਵਿਚਾਰਾਂ ਨੂੰ ਮਸ਼ੀਨ ਵਾਂਗ ਨਕਲ ਕਰ ਲੈਣਾ ਕਦੀ ਵੀ ਕਾਫ਼ੀ ਨਹੀਂ ਹੁੰਦਾ। ਪਰੰਪਰਾ ਦੀ ਚਾਲ ਤਦੇ ਹੀ ਕਾਇਮ ਰਹਿ ਸਕਦੀ ਹੈ ਜੇ ਲੋੜੀਂਦੇ ਨਵੇਂ ਵਿਚਾਰਾਂ ਦੀ ਉਪਜ ਦੇ ਨਾਲ ਨਾਲ, ਵਰਤਮਾਨ ਵਿਚ ਕੰਮ ਆ ਸਕਣ ਵਾਲੇ ਪੁਰਾਣੇ ਤੱਤ ਵੀ ਅਪਣਾ ਲਏ ਜਾਣ।

ਉੱਤਰੀ ਭਾਰਤ ਦੇ ਪੁਰਾਣੇ ਸਭਿਆਚਾਰ ਸੰਬੰਧੀ ਸਿੱਖ ਦਰਬਾਰ ਦਾ ਰਵੱਈਆ ਬੇਪਰਵਾਹੀ ਵਾਲਾ ਸੀ। ਇਹ ਸੱਚ ਹੈ ਕਿ ਸਿੱਖ ਕਈ ਪੀੜ੍ਹੀਆਂ ਤਕ ਲੜਨ ਭਿੜਨ ਵਿਚ ਹੀ ਲੱਗੇ ਰਹੇ; ਅਮਨ ਚੈਨ ਦੇ ਸਮੇਂ ਵਿਚ ਪੈਦਾ ਹੋਣ ਵਾਲੇ ਹੁਨਰਾਂ ਲਈ ਲੋੜੀਂਦਾ ਮਾਹੌਲ ਉਨ੍ਹਾਂ ਦੇ ਭਾਗਾਂ ਵਿਚ ਨਹੀਂ ਸੀ; ਅਤੇ ਇਸ ਤੋਂ ਪਹਿਲਾਂ ਕਿ ਉਹ ਕੁਝ

ਕਰ ਸਕਦੇ, ਮਹਾਨ ਰਾਜਨੀਤਕ ਸ਼ਕਤੀਆਂ ਭਾਰਤ ਦੀ ਕਿਸਮਤ ਬਦਲਣ ਲਗ ਪਈਆਂ। ਪਰ ਅਸਲ ਗੱਲ ਇਹ ਹੈ ਕਿ ਸਿੱਖ ਮਤ ਇਕ ਧਰਮ ਦੇ ਰੂਪ ਵਿਚ ਵੀ ਹਿੰਦੂ ਮਤ ਤੇ ਇਸਲਾਮ ਦੇ ਸਰਬੋਤਮ ਤੱਤਾਂ ਦੇ ਮੇਲ ਤੋਂ ਹੀ ਬਣਿਆ ਸੀ ਤੇ ਅਜੇ ਤਕ ਇਸ ਨੇ ਇਕ ਗੁੰਦਵੀਂ ਅਧਿਆਤਮਕ ਪ੍ਰਣਾਲੀ ਦਾ ਰੂਪ ਨਹੀਂ ਸੀ ਧਾਰਿਆ। ਸਿੱਖ ਮਤ ਦੇ ਫ਼ਲਸਫ਼ੇ ਦਾ ਆਧਾਰ ਮੁੱਖ ਰੂਪ ਵਿਚ ਭਾਰੀਆਂ ਔਕੜਾਂ ਦੇ ਹੁੰਦਿਆਂ ਬਚ ਨਿਕਲਣ ਦੀ ਪ੍ਰੇਰਨਾ ਸੀ। ਇਤਿਹਾਸ ਨੇ ਉਨ੍ਹਾਂ ਨੂੰ ਆਪਣੀਆਂ ਜਿੱਤਾਂ ਦੇ ਫਲ ਚੱਖਣ ਤੇ ਪੰਜਾਬ ਵਿਚ ਆਪਣੇ ਰਾਜ ਨੂੰ ਪੱਕਿਆਂ ਕਰਨ ਦਾ ਮੌਕਾ ਹੀ ਨਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਦੇ ਬਾਦ ਸਰਦਾਰਾਂ, ਜਰਨੈਲਾਂ ਤੇ ਦਰਬਾਰੀਆਂ ਵਿਚ ਫੁੱਟ ਪੈ ਗਈ ਤੇ ਬਾਹਰੋਂ ਹੋਏ ਹਮਲੇ ਇਸ ਫੁੱਟ ਨੂੰ ਵਧਾਉਣ ਵਿਚ ਹੋਰ ਵੀ ਸਹਾਈ ਹੋਵੇ। ਵਾਤਾਵਰਨ ਕੋਮਲ ਕਲਾਵਾਂ ਦੇ ਪਰਫੁੱਲਤ ਹੋਣ ਦੇ ਅਨੁਕੂਲ ਨਹੀਂ ਸੀ। ਸਿੱਖਾਂ ਨੂੰ ਤਾਂ ਆਪਣੀ ਜਾਨ ਦੀ ਪਈ ਹੋਈ ਸੀ। ਜਿਸ ਸੰਸਾਰਕ ਸ਼ਕਤੀ ਦੇ ਆਧਾਰ ਤੇ ਸਿੱਖਾਂ ਨੇ ਆਪਣੇ ਸਭਿਆਚਾਰ ਨੂੰ ਇਸ ਉੱਚ ਸੀਮਾ ਤਕ ਵਿਗਸਿਤ ਕੀਤਾ ਸੀ, ਲੜਾਈਆਂ ਕਾਰਨ ਉਸ ਦੇ ਨਾਸ ਹੋ ਚੁੱਕਣ ਦੇ ਬਾਵਜੂਦ ਵੀ ਸਿੱਖ ਇਕ ਫ਼ਿਰਕੇ ਦੇ ਰੂਪ ਵਿਚ ਕਾਇਮ ਸਨ ਤੇ ਇਸ ਤੋਂ ਵਧ ਕੁਝ ਕਰ ਲੈਣਾ ਕਿਸੇ ਕੌਮ ਲਈ ਵੀ ਸੰਭਵ ਨਹੀਂ ਸੀ।

ਕੁਝ ਸਮਾਲੋਚਕਾਂ ਅਨੁਸਾਰ ਕਲਾ ਹਮੇਸ਼ਾ ਹੀ ਉੱਨਤੀ ਕਰਦੀ ਰਹਿੰਦੀ ਹੈ। ਮੇਰਾ ਵਿਚਾਰ ਹੈ ਕਿ ਇਹ ਵਿਚਾਰ ਉਨ੍ਹਾਂ ਅਮਲਾਂ ਨੂੰ ਸਰਲ ਬਣਾਉਣ ਦਾ ਯਤਨ ਹੈ ਜਿਨ੍ਹਾਂ ਉੱਤੇ ਉਸਾਰੂ ਵਿਕਾਸ ਦਾ ਦਾਰੋਮਦਾਰ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਅਮਲਾਂ ਵਿਚ ਬਹੁਤ ਕੁਝ ਅਜਿਹਾ ਵੀ ਸ਼ਾਮਲ ਹੁੰਦਾ ਹੈ ਜੋ ਮਨੁੱਖੀ ਜੀਵਨ ਦੀ ਸੱਤ੍ਹਾ ਉੱਤੇ ਤਾਂ ਨਜ਼ਰ ਨਹੀਂ ਆਉਂਦਾ, ਪਰ ਉਨ੍ਹਾਂ ਮਨੋਵੇਗਾਂ ਤੇ ਕਦਰਾਂ ਤੋਂ ਉਤਪੰਨ ਹੁੰਦਾ ਹੈ ਜੋ ਇਤਿਹਾਸ ਦੇ ਭਿੰਨ ਭਿੰਨ ਪੜਾਵਾਂ ਉੱਤੇ ਮਨੁਖੀ ਕਲਪਣਾ ਵਿਚ ਪੈਦਾ ਹੁੰਦੀਆਂ ਰਹਿੰਦੀਆਂ ਹਨ। ਸਮਾਜਕ ਢਾਂਚੇ ਵਿਚ ਜ਼ਿੰਦਗੀ ਦੀ ਸਰਬ-ਪੱਖੀ ਵਿਚਾਰਧਾਰਾ ਜਾਂ ਸਰਬੰਗੀ ਫ਼ਲਸਫ਼ੇ ਵਾਲੇ ਕਿਸੇ ਵੀ ਫ਼ਿਰਕੇ ਦੀ ਉਤਪੱਤੀ ਤੋਂ ਬਾਦ ਹਮੇਸ਼ਾਂ ਹੀ ਕਲਾ ਦੀ ਵੀ ਇਕ ਨਵੀਂ ਤੇ ਇਨਕਲਾਬੀ ਲਹਿਰ ਚਲ ਪੈਂਦੀ ਹੈ। ਪਰ ਕਲਾ ਦੀ ਲਹਿਰ ਨੂੰ ਉਤਪੰਨ ਕਰਨ ਵਾਲੀ ਸੂਝ ਤੇ ਸੋਝੀ ਦੀਆਂ ਕੁਝ ਪਿੱਛੇ ਤੋਂ ਆ ਰਹੀਆਂ ਅੰਦਰੂਨੀ ਮਜਬੂਰੀਆਂ ਹੁੰਦੀਆਂ ਹਨ ਤੇ ਸਮਾਜਕ ਪ੍ਰਣਾਲੀ ਵਿਚ ਇਨਕਲਾਬ ਆ ਜਾਣ ਨਾਲ ਉਪਜ ਦੀ ਤਕਨੀਕ ਵਿਚ ਇਨਕਲਾਬ ਆਉਣਾ ਕੋਈ ਅਵੱਸ਼ਕ ਨਹੀਂ ਹੁੰਦਾ। ਹਾਂ, ਮਨੁੱਖੀ ਜੀਵਨ ਨੂੰ ਕਾਇਮ ਰੱਖਣ ਵਿਚ ਤੇ ਇਸ ਨੂੰ ਡੂੰਘੇਰਾ ਕਰਨ ਵਿਚ ਸਹਾਇਤਾ ਦੇਣ ਵਾਲੇ ਹੁਨਰਾਂ ਦੀ ਅਵੱਸ਼ ਹੀ ਉੱਨਤੀ ਹੁੰਦੀ ਹੈ।

ਸਿੱਖਾਂ ਦੇ ਸਮੇਂ ਦੀ ਚਿੱਤਰਕਾਰੀ ਦੇ ਅਧਿਐਨ ਦਾ ਇਹ ਲਾਭ ਹੈ ਕਿ ਕੁਝ ਬੁਨਿਆਦੀ ਸਵਾਲ ਸਾਡੇ ਸਾਹਮਣੇ ਆ ਜਾਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਪੁਰਾਣੇ ਵਿਚਾਰਾਂ ਉੱਤੇ ਬਦੇਸੀ ਰੂਪਾਂ ਦੇ ਪ੍ਰਭਾਵ ਪੈਣ ਨਾਲ ਅਠਾਰ੍ਹਵੀਂ ਸਦੀ ਦੇ ਅਖ਼ੀਰ ਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਦੀ ਮਹਾਨ ਰਾਜਪੂਤ-ਕਲਾ ਨੂੰ ਨਾਸ ਕਰਨ ਵਾਲੀ ਤਬਾਹੀ ਅਜੇ ਵੀ ਕੰਮ ਕਰ ਰਹੀ ਹੈ। ਕੀ ਕਾਂਗੜੇ ਦੇ ਕਲਾਕਾਰਾਂ ਜਿੰਨਾਂ ਉਮਾਹ ਤੇ ਉਨ੍ਹਾਂ ਵਾਲੀ ਪਰਬੀਨਤਾ ਮੁੜ ਕੇ ਸਾਡੇ ਵਿਚ ਆ ਸਕਦੀ ਹੈ ? ਇਸ ਸਵਾਲ ਦਾ ਜਵਾਬ ਇਕ ਹੋਰ ਸਵਾਲ ਦੇ ਰੂਪ ਵਿਚ ਹੀ ਦਿੱਤਾ ਜਾ ਸਕਦਾ ਹੈ। ਆਰਾਮ-ਪਰਸਤੀ ਦੇ ਜਿਸ ਜਾਗੀਰਦਾਰੀ ਨਿਜ਼ਾਮ ਵਿਚ ਸਾਡੇ ਪੁਰਾਣੇ ਜਾਦੂ-ਭਰੇ ਚਿੱਤਰ ਤੇ ਬੁੱਤ ਬਣਾਏ ਗਏ ਕੀ ਉਸ ਤੋਂ ਵਧੇਰਾ ਸ਼ਕਤੀਵਰ ਤੇ ਗਤੀਸ਼ੀਲ ਨਿਜ਼ਾਮ ਉਤਪੰਨ ਕਰਨਾ ਸੰਭਵ ਹੈ ? ਜ਼ਿੰਦਗੀ ਬਾਰੇ ਨਵੇਂ ਵਿਚਾਰ ਹੀ ਸਾਡੀ ਜਨਤਾ ਦੀ ਅਪਰਗਟ ਪ੍ਰਤਿਭਾ ਦੇ ਚਸ਼ਮਿਆਂ ਦਾ ਕੜ ਤੋੜ ਸਕਦੇ ਹਨ।

# ਆਧੁਨਿਕ ਕਲਾਕਾਰ

## ਅੰਮ੍ਰਿਤਾ ਸ਼ੇਰਗਿੱਲ

ਅੰਮ੍ਰਿਤਾ ਸ਼ੇਰਗਿੱਲ ਭਾਵੇਂ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਈ, ਪਰ ਆਪਣੇ ਪਿੱਛੇ ਆਪਣਾ ਸਦਾ ਚਮਕਦਾ ਨਾਂ ਛੱਡ ਗਈ ਹੈ। ਉਸ ਤੋਂ ਪਿੱਛੋਂ ਹੋਣ ਵਾਲੇ ਕਈ ਚਿੱਤਰਕਾਰਾਂ ਨੂੰ ਉਸਦੀ ਕਲਾ ਤੋਂ ਪ੍ਰੇਰਨਾ ਮਿਲੀ। ਯੂਰਪ ਵਿਚ ਸਿਖਿਆ ਲੈਣ ਕਰਕੇ ਉਸ ਨੂੰ ਰੰਗਾਂ ਦੀ ਵਰਤੋਂ ਦੀ ਚੰਗੀ ਸੂਝ ਸੀ। ਉਸ ਦੀ ਸ਼ੈਲੀ ਯੂਰਪ ਦੇ ਕੁਝ ਅਜੇਹੇ ਸਮਕਾਲੀ ਚਿੱਤਰਕਾਰਾਂ ਨਾਲ ਮਿਲਦੀ ਸੀ ਜਿਨ੍ਹਾਂ ਉੱਤੇ ਭਾਵ-ਚਿਤੇਰਿਆਂ, ਵਿਸ਼ੇਸ਼ ਕਰਕੇ ਗਾਊਗੁਇਨ ਦੇ ਚਿੱਤਰਾਂ ਦਾ ਪ੍ਰਭਾਵ ਸੀ। ਇਹ ਸ਼ੈਲੀ ਸ਼ੇਰਗਿੱਲ ਦੇ ਪੂਰਬੀ ਵਾਤਾਵਰਨ ਦੇ ਠੀਕ ਅਨੁਕੂਲ ਸੀ ਤੇ ਭਾਰਤ ਵਾਪਸ ਪਹੁੰਚਣ ਉੱਤੇ ਉਹ ਇਕ ਉੱਘੇ ਚਿੱਤਰਕਾਰ ਦੇ ਰੂਪ ਵਿਚ ਮੌਲੀ। ਉਸ ਵਿਚ ਘਾੜਤ ਦੀ ਸੂਝ, ਪ੍ਰਭਾਵਸ਼ਾਲੀ ਰੰਗ – ਗਿਆਨ ਤੇ ਦੇਸੀ ਚਿੱਤਰਕਾਰੀ ਦੀ ਭਾਵੁਕਤਾ ਮੌਜੂਦ ਸੀ।

ਸ਼ੇਰਗਿੱਲ ਦੀ ਸਭ ਤੋਂ ਵਡੀ ਦੇਣ ਉਸ ਦਾ ਰੰਗ ਭਰਨ ਦਾ ਹੁਨਰ ਹੈ। ਸਮਕਾਲੀ ਚਿੱਤਰਕਾਰਾਂ ਵਿੱਚੋਂ ਬਹੁਤ ਘੱਟ ਉਸ ਦੀ ਅਭੁੱਲ ਤੇ ਆਨੰਦਦਾਇਕ ਰੰਗ-ਸੋਝੀ ਦਾ ਮੁਕਾਬਲਾ ਕਰ ਸਕਦੇ ਹਨ। ਉਸ ਦੇ ਚਿੱਤਰ ਠਰ੍ਹੰਮੇ ਨਾਲ ਬਣਾਏ ਹੁੰਦੇ ਹਨ ਤੇ ਇਨ੍ਹਾਂ ਵਿਚ ਅਵੱਸ਼ ਹੀ ਇਕ ਅਜੇਹੀ ਵਿਉਂਤ ਹੁੰਦੀ ਹੈ ਜਿਸ ਨੂੰ ਵੇਖਦੇ ਸਾਰ ਸਮਝ ਲੈਣਾ ਸੰਭਵ ਨਹੀਂ ਹੁੰਦਾ। ਕਾਰਨ ਇਹ ਕਿ ਵੇਖਣ ਵਾਲੇ ਦੀ ਦ੍ਰਿਸ਼ਟੀ ਤੇ ਵਿਚਾਰਾਂ ਉੱਤੇ ਸਭ ਤੋਂ ਪਹਿਲਾਂ ਸ਼ੇਰਗਿੱਲ ਦੇ ਚਿੱਤਰਾਂ ਦੇ ਜਜ਼ਬਾਤੀ ਪੱਖ ਦਾ ਹੀ ਪ੍ਰਭਾਵ ਪੈਂਦਾ ਹੈ। ਉਸ ਦੇ ਚਿੱਤਰਾਂ ਦੇ ਵਿਸ਼ੇ ਪੇਂਡੂ ਜੀਵਨ ਨਾਲ ਸੰਬੰਧਤ ਤੇ ਕਾਵਿਮਈ ਹੁੰਦੇ ਹਨ। ਉਸ ਦੇ ਉਦਾਸੀਨ, ਟੱਡੀਆਂ ਨਜ਼ਰਾਂ ਵਾਲੇ, ਸੁਹਲ, ਦਰਦ-ਰੰਞਾਣੇ ਤੇ ਕੋਮਲ ਚਿੱਤਰਾਂ ਵਿਚ ਮੰਦਭਾਗੀ, ਸੰਤੁਸ਼ਟ, ਮਾਸੂਮ ਅਤੇ ਅਸਚਰਜ ਭਰਪੂਰ ਭਾਰਤੀ ਨਾਰੀ ਦੀ ਧੜਕਦੀ ਆਤਮਾ ਦਿਸਦੀ ਹੈ। ਕੋਈ ਵੀ ਹੋਰ ਇਸ ਤਰ੍ਹਾਂ ਦੇ ਸੋਜ਼ ਨੂੰ ਅਜੇਹੇ ਕਾਵਿਮਈ ਰੂਪ ਵਿਚ ਨਹੀਂ ਚਿੱਤਰ ਸਕਿਆ ਅਤੇ ਇਸੇ ਗੁਣ ਕਾਰਨ ਬਹੁਤ ਸਾਰੇ ਕਲਾ ਤੋਂ ਅੰਞਾਣ ਬੰਦੇ ਵੀ ਸ਼ੇਰਗਿੱਲ ਦੇ ਹੁਨਰ ਦੀ ਸ਼ਲਾਘਾ ਕਰਦੇ ਹਨ।

ਅੰਮ੍ਰਿਤਾ ਸ਼ੇਰਗਿੱਲ ਦੀ ਮਹੱਤਤਾ ਦਾ ਕਾਰਨ ਇਹ ਹੈ ਕਿ ਇਸ ਨਾਲ ਆਧੁਨਿਕ ਭਾਰਤੀ ਚਿੱਤਰਕਾਰੀ ਵਿਚ ਇਕ ਨਵਾਂ ਯੁਗ ਸ਼ੁਰੂ ਹੁੰਦਾ ਹੈ। ਸ਼ੇਰਗਿੱਲ ਦੇ ਚਿੱਤਰਾਂ ਨੂੰ ਵੇਖ ਕੇ ਚਿੱਤਰਕਾਰ ਘੋਲਵੇਂ ਤੇ ਪਾਣੀ ਵਾਲੇ ਰੰਗਾਂ ਦੀ ਥਾਂ ਤੇਲ ਵਾਲੇ ਰੰਗਾਂ ਦੀ ਵਰਤੋਂ ਕਰਨ ਲਗ ਪਏ। ਬਾਦ ਦੇ ਕਈ ਚਿੱਤਰਕਾਰਾਂ ਦੀ ਸ਼ੈਲੀ ਸ਼ੇਰਗਿੱਲ ਦੀ ਸ਼ੈਲੀ ਨਾਲ ਮਿਲਦੀ-ਜੁਲਦੀ ਹੈ। ਉਸ ਦੇ ਚਿੱਤਰਾਂ ਦੀ ਸ਼ੈਲੀ ਭਾਵੇਂ ਮਿਲੀ-ਜੁਲੀ ਸ਼ੈਲੀ ਸੀ, ਪਰ ਇਨ੍ਹਾਂ ਨਾਲ ਭਾਰਤ ਦੀ ਆਧੁਨਿਕ ਕਲਾ ਵਿਚ ਚੋਖਾ ਵਾਧਾ ਹੋਇਆ ਤੇ ਵਧੇਰੇ ਤਜਰਬੇ ਕਰਨ ਲਈ ਪ੍ਰੇਰਨਾ ਮਿਲੀ।

## ਕੇ. ਸੀ. ਆਰੀਅਨ

ਸ੍ਰੀ ਆਰੀਅਨ ਦੀ ਸ਼ੈਲੀ ਦਾ ਆਰੰਭ ਲੋਕ-ਕਲਾ ਤੋਂ ਹੁੰਦਾ ਹੈ ਅਤੇ ਦਿਹਾਤੀ ਜਨਤਾ ਦੇ ਬਲਵਾਨ ਤੇ ਪ੍ਰਾਚੀਨ ਪ੍ਰਗਟਾਉ ਨੂੰ ਸਜੀਵ ਬਣਾਉਣ ਵਾਲੀਆਂ ਸਭ ਖ਼ੂਬੀਆਂ ਉਸ ਦੀ ਕਿਰਤ ਵਿਚ ਮੌਜੂਦ ਹਨ। ਇਸ ਦੇ ਚਿੱਤਰਾਂ ਦੀ ਸਜਾਵਟ ਦਾ ਆਧਾਰ ਬਹੁਤ ਕਰਕੇ ਗੂੜ੍ਹੀਆਂ ਗੂੜ੍ਹੀਆਂ ਰੇਖਾਵਾਂ ਤੇ ਹੈ। ਇਹ ਕਲਾਕਾਰ ਧਾਤੀ ਮੂਰਤੀਆਂ ਦੇ ਨਮੂਨਿਆਂ ਤੇ ਢੰਗਾਂ ਤੋਂ ਜਾਣੂ ਹੈ ਤੇ ਜਾਪਦਾ ਹੈ ਇਸ ਨੇ ਇਸ ਕਲਾ ਤੋਂ ਵੀ ਕ਼ਾਫ਼ੀ ਕੁਝ ਅਪਣਾ-ਇਆ ਹੈ। ਇਨ੍ਹਾਂ ਤੱਤਾਂ ਨੂੰ ਇਕ ਆਧੁਨਿਕ ਸ਼ੈਲੀ ਦਾ ਰੂਪ ਦੇ ਦਿੱਤਾ ਗਿਆ ਹੈ। ਪੁਲਾੜ (ਸਪੇਸ) ਤੇ ਗੂੜ੍ਹੇ

ਪਰ ਮਨ-ਭਾਉਂਦੇ ਰੰਗਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਇਨ੍ਹਾਂ ਦੀ ਸਜਾਵਟ ਦਾ ਸੋਮਾਂ ਇਨ੍ਹਾਂ ਵਿਚਲੀ ਤਰਤੀਬ ਹੈ। ਚਿੱਤਰ ਦੋ-ਪੱਖੀ ਮੰਨੇ ਗਏ ਹਨ ਅਤੇ ਇਨ੍ਹਾਂ ਦੇ ਚਿੱਤਰਨ ਦਾ ਇਕ ਵਿਸ਼ੇਸ਼ ਢੰਗ ਹੈ। ਸ੍ਰੀ ਆਰੀਅਨ ਦੀ ਸ਼ੈਲੀ ਨਿਖੜਵੀਂ ਤੇ ਵਿਅਕਤੀਗਤ ਹੈ। ਉਸ ਨੂੰ ਵਿਸ਼ੇ ਦੀ ਪ੍ਰੇਰਨਾ ਆਮ ਤੌਰ ਤੇ ਸਮਾਜਕ ਪੜਚੋਲ ਜਾਂ ਬੁਤਸਾਜ਼ੀ ਤੋਂ ਮਿਲਦੀ ਹੈ। ਇਹ ਕਲਾਕਾਰ ਦੇਸ਼ ਦੀ ਵੰਡ ਦੇ ਸਮੇਂ ਤੋਂ ਦਿਲੀ ਵਿਚ ਕੰਮ ਕਰ ਰਿਹਾ ਹੈ ਅਤੇ ਦਿੱਲੀ ਸ਼ਿਲਪੀ-ਚੱਕ੍ਰ ਦਾ ਇਕ ਮੈਂਬਰ ਹੈ। ਉਸ ਨੇ ਆਪਣਾ ਇਕ ਵਪਾਰਕ ਸਟੂਡੀਓ ਵੀ ਖੋਲ੍ਹਿਆ ਹੋਇਆ ਹੈ ਤੇ ਵਪਾਰਕ ਕਲਾ ਤੇ 'ਰੇਖਾ' ਨਾਂ ਦੀ ਇਕ ਪੁਸਤਕ ਵੀ ਪ੍ਰਕਾਸ਼ਿਤ ਕੀਤੀ ਹੈ।

### ਧਨਰਾਜ ਭਗਤ

ਧਨਰਾਜ ਭਗਤ ਅਜ ਦੇ ਭਾਰਤ ਦਾ ਬਹੁਤ ਮਸ਼ਹੂਰ ਬੁੱਤਕਾਰ ਹੈ। ਆਪਣੀ ਨਿਰੰਤਰ ਕਿਰਤ-ਵਿਕਾਸ ਅਤੇ ਆਪਣੇ ਮਨੋਰਥ ਦੀ ਲਗਨ ਅਤੇ ਸਿਦਕ ਸਦਕਾ ਉਸ ਵਿਚ ਇਕ ਗੰਭੀਰ, ਹਿੰਮਤੀ, ਅਮਲੀ ਅਤੇ ਆਦਰਸ਼ਕ ਕਲਾਕਾਰ ਦੇ ਸਭ ਗੁਣ ਮੌਜੂਦ ਹਨ।

ਸ੍ਰੀ ਭਗਤ ਕਈ ਸਾਲਾਂ ਤੋਂ ਲੱਕੜੀ, ਪਲਾਸਟਰ, ਧਾਤ ਜਾਂ ਪੱਥਰ ਵਰਗੀਆਂ ਭਿੰਨ ਸਮਿਗਰੀਆਂ ਤੋਂ ਬੁੱਤ ਬਣਾਉਂਦਾ ਆ ਰਿਹਾ ਹੈ ਅਤੇ ਉਸ ਨੇ ਹਮੇਸ਼ਾ ਹੀ ਇਨ੍ਹਾਂ ਸਮਿਗਰੀਆਂ ਦੀਆਂ ਵਿਸ਼ੇਸ਼ਤਾਈਆਂ ਨੂੰ ਸਮਝ ਕੇ ਵਰਤੋਂ ਵਿਚ ਲਿਆਉਣ ਦੀ ਚੇਸ਼ਟਾ ਕੀਤੀ ਹੈ। ਉਹ ਆਪਣੀ ਸਮਿਗਰੀ ਦੇ ਗੁਣਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਅਤੇ ਇਸੇ ਲਈ ਉਹ ਆਪਣੀ ਇਕ ਨਿੱਜੀ ਸ਼ੈਲੀ ਦਾ ਜਨਮ-ਦਾਤਾ ਵੀ ਹੈ। ਸ੍ਰੀ ਭਗਤ ਦਾ ਅਸੂਲ ਇਹ ਹੈ ਕਿ ਸਰਲ ਰੂਪਾਂ ਨੂੰ ਜਿਉਂ ਦੇ ਤਿਉਂ ਵਧਣ ਅਤੇ ਆਪਣੇ ਗੁਣ ਪ੍ਰਗਟਾਉਣ ਦਾ ਮੌਕਾ ਦਿੱਤਾ ਜਾਵੇ। ਉਸ ਦੀ ਕਿਰਤ ਦਾ ਆਧਾਰ ਮਨੁੱਖੀ ਸਰੀਰ ਹੈ, ਪਰ ਇਸ ਵਿੱਚੋਂ ਬਨਸਪਤੀ ਦਾ, ਚਾਲ ਦਾਂ ਤੇ ਮੌਲਣ ਵਾਧੇ ਦਾ ਝੌਲਾ ਪੈਂਦਾ ਹੈ। ਉਹ ਇੱਕੋ ਵਿਸ਼ੇ ਦੇ ਭਿੰਨ ਭਿੰਨ ਬੁੱਤ ਬਣਾਉਣ ਵਿਚ ਪ੍ਰਸੰਨਤਾ ਅਨੁਭਵ ਕਰਦਾ ਹੈ, ਹਰੇਕ ਭਾਵ ਨੂੰ ਕਈ ਢੰਗਾਂ ਨਾਲ ਪ੍ਰਗਟਾਉਂਦਾ ਹੈ ਤੇ ਇਨ੍ਹਾਂ ਸਭਨਾਂ ਵਿਚ ਨਿੱਜੀ ਗੁਣਾਂ ਦੀ ਤੇ ਕਲਾਕਾਰ ਦੀ ਕਲਾ ਦੀ ਝਲਕ ਹੁੰਦੀ ਹੈ।


ਇਸ ਬੁੱਤਕਾਰ ਦੀ ਪਿਛਲੇ ਕੁਝ ਸਾਲਾਂ ਦੀ ਕਿਰਤ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਉਹ ਦੋ ਕਿਸਮਾਂ ਵਿਚ ਵੰਡੀ ਜਾ ਸਕਦੀ ਹੈ, – ਇਕ ਰੂਪਕ ਤੇ ਸੰਗੀਤਕ, ਦੂਜੀ ਸਾਹਿਤਕ ਤੇ ਪਰਾਸਰੀਰਕ। ਦਰ ਅਸਲ ਕਲਾਕਾਰ ਰੂਪ ਅਤੇ ਵਿਸ਼ੇ ਦੇ ਚੰਗੇਰੇ ਮੇਲਜੋਲ ਦੇ ਸਾਧਨਾਂ ਦੀ ਖੋਜ ਵਿਚ ਹੈ।

ਸ੍ਰੀ ਭਗਤ ਦੇ ਬੁੱਤਾਂ ਵਿਚ ਮਨ ਦੀ ਪਕੇਰੀ ਅਵਸਥਾ ਸਾਫ਼ ਦਿੱਸਦੀ ਹੈ। ਉਹ ਸਮਕਾਲੀ ਕਲਾ ਦੀਆਂ ਸਮੱਸਿਆਵਾਂ ਤੋਂ ਜਾਣੂ ਹੈ ਅਤੇ ਭੂਤਕਾਲ ਦੀ ਬੁੱਤਕਾਰੀ ਨਾਲ ਵੀ ਆਪਣਾ ਸੰਬੰਧ ਜੋੜਨ ਦਾ ਚਾਹਵਾਨ ਹੈ।


### ਸਤੀਸ਼ ਗੁਜਰਾਲ

ਸਤੀਸ਼ ਗੁਜਰਾਲ ਦੀ ਸ਼ੈਲੀ ਵਿਚ ਨਾਟਕੀ ਤੀਬਰਤਾ ਹੈ। ਉਸ ਨੂੰ ਬਹੁਤ ਗ਼ਮਾਂ ਅਤੇ ਮੁਸੀਬਤਾਂ ਦਾ ਤਜਰਬਾ ਹੈ ਅਤੇ ਇਸੇ ਕਾਰਨ ਉਹ ਬਦੀ ਦੇ ਭੈ ਤੇ ਸ਼ਕਤੀ ਨੂੰ ਚੰਗੀ ਤਰ੍ਹਾਂ ਦਰਸਾ ਸਕਦਾ ਹੈ। ਉਸ ਦਾ ਪੈਮਾਨਾ, ਵਿਸ਼ਾ ਤੇ ਵਿਚਾਰ ਦਲੇਰੀ-ਭਰੇ ਹਨ ਅਤੇ ਉਸ ਦੇ ਗੂੜ੍ਹ ਭਾਵੀ ਚਿੱਤਰਾਂ ਵਿਚ ਦੀਵਾਰੀ ਚਿੱਤਰਾਂ ਦੀ ਲੈ ਹੈ। ਭਾਰਤ ਦੀ ਵੰਡ ਤੋਂ ਉਪਜੀ ਗੁੱਸੇ ਦੀ ਲਹਿਰ ਨੇ ਸ੍ਰੀ ਗੁਜਰਾਲ ਨੂੰ ਆਪਣੇ ਰਾਹ ਤੋਂ ਹਟਾ ਦਿੱਤਾ। ਉਸ ਦੀ ਕਿਰਤ ਬ੍ਰਿਤਾਂਤਕ ਕਹਾਣੀਆਂ ਸੁਣਨ ਵਾਲਿਆਂ ਨੂੰ ਇਕ ਝਟਕਾ ਦੇਂਦੀ ਹੈ ਅਤੇ 'ਮਾਯੂਸੀ', 'ਜ਼ੁਲਮ' ਤੇ 'ਨਿਰਾਸਤਾ' ਵਰਗੇ ਭੈ ਤੋਂ ਉਤਪੰਨ ਵਿਸ਼ਿਆਂ ਦੇ ਵਿਚਾਰਨ ਲਈ ਮਜਬੂਰ ਕਰ ਦਿੰਦੀ ਹੈ। ਸ੍ਰੀ ਗੁਜਰਾਲ ਨੇ ਆਧੁਨਿਕ ਮੈਕਸੀਕੋਈ ਹੁਨਰ

ਧੰਨਰਾਜ ਭਗਤ ਦੀ
ਲਕੜੀ ਦੀ ਮੂਰਤੀ ਕਲਾ



ਸਾਨ੍ਹ



ਲੋਰੀ

ਸਤੀਸ਼ ਗੁਜਰਾਲ



ਦੁਖੀਏ



ਗ਼ਮ


ਦੀ ਚਿਤਰਕਲਾ



ਢਾਹ




ਹੁਲੇ ਹੋਏ



ਜ਼ੁਲਮ

ਅਮਰ ਨਾਥ ਸਹਿਰ



ਸ਼ੋਕ



ਚੁੰਮਣ

ਦੀ ਚਿਤਰਕਲਾ



ਲੱਕ



ਗ਼ਰੀਬੀ

ਠਾਕਰ ਸਿੰਘ



ਪੰਜਾਬਣ ਲਾੜੀ



ਸੋਹਣੀ ਮਹੀਂਵਾਲ

ਸੋਭਾ



ਗੁਰੂ ਨਾਨਕ ਦੇਵ ਤੇ ਅੰਗਦ ਦੇਵ ਜੀ

ਦੇ ਚਿਤਰ



ਸਮਾਧੀ

ਪਰਾਸ਼ਰ ਦੀ ਮੂਰਤੀ ਕਲਾ



ਦਾ ਅਧਿਐਨ ਕੀਤਾ ਹੈ ਤੇ ਇਸ ਨਾਲ ਉਸ ਦੀ ਸ਼ੈਲੀ ਹੋਰ ਵੀ ਤੀਬਰ ਹੋ ਗਈ ਹੈ । ਨਾਟਕੀ ਵਿੱਥ ਸੂਝ, ਗੰਭੀਰ ਤੇ ਸਾਦੇ ਰੰਗ, ਜ਼ੁਲਮਾਂ ਦੇ ਚਿੰਨ੍ਹ ਤੇ ਕਿਸਮਤ ਦੀਆਂ ਜ਼ੰਜੀਰਾਂ ਵਿਚ ਘਿਰੀਆਂ ਅਤੇ ਜਕੜੀਆਂ ਸੂਰਤਾਂ ਉਸ ਦੀ ਸ਼ੈਲੀ ਦੇ ਅੰਗ ਹਨ ਅਤੇ ਇਨ੍ਹਾਂ ਦੀ ਵਰਤੋਂ ਨਾਲ ਉਹ ਕਈ ਪਰਕਾਰ ਦੇ ਜਜ਼ਬੇ ਪੈਦਾ ਕਰਨ ਵਾਲੇ ਚਿੱਤਰ ਚਿੱਤਰਦਾ ਹੈ। ਸਭ ਤੋਂ ਉੱਤਮ ਚਿੱਤਰ ਚਿੱਤਰਨ ਵਿਚ ਉਸ ਨੂੰ ਦੁੱਖ-ਭਰਪੂਰ ਵਹਿਣ ਤੋਂ ਪ੍ਰੇਰਨਾ ਮਿਲੀ ਹੈ; ਉਨ੍ਹਾਂ ਵਿੱਚੋਂ ਤਬਾਹੀ ਦੀ ਮਾਯੂਸ ਝਲਕ ਪੈਂਦੀ ਹੈ ਅਤੇ ਉਹ ਦਰਸ਼ਕ ਦੇ ਮਨ ਵਿਚ ਰਹਿਮ ਤੇ ਡਰ ਦੋਵੇਂ ਪੈਦਾ ਕਰਦੇ ਹਨ। ਸ੍ਰੀ ਗੁਜਰਾਲ ਇਸ ਮਹਾਨ ਢੰਗ ਦੀ ਵਰਤੋਂ ਦਾ ਉਸਤਾਦ ਹੈ । ਉਹ ਇਸ ਨੂੰ ਆਪਣਾ ਪੇਸ਼ਾ ਸਮਝਦਾ ਹੈ ਅਤੇ ਮਨੁੱਖ ਤੇ ਉਸ ਦੀ ਜ਼ਿੰਦਗੀ ਸੰਬੰਧੀ ਬੜੇ ਭਰੋਸੇ ਨਾਲ ਬਣਾਏ ਚਿੱਤਰ ਸਾਡੇ ਸਾਹਮਣੇ ਪੇਸ਼ ਕਰਦਾ ਹੈ।

ਸ੍ਰੀ ਗੁਜਰਾਲ ਨੂੰ ੧੯੫੬ ਤੇ ੧੯੫੭ ਵਿਚ ਅਕਾਡਮੀ ਦਾ ਇਨਾਮ ਮਿਲ ਚੁੱਕਾ ਹੈ । ਉਸ ਨੇ ਕੁਝ ਕੁ ਬਹੁਤ ਵਧੀਆ ਚਿਤਰ ਖਿੱਚੇ ਹਨ।

## ਹਰਕਿਸ਼ਨ ਲਾਲ

ਇਸ ਜ਼ਮਾਨੇ ਦੀਆਂ ਬਦਲਦੀਆਂ ਪਰਿਸਥਿਤੀਆਂ ਨੂੰ ਸਮਝਣ ਵਾਲਾ ਤੇ ਦਿਲ ਦਾ ਸੁੱਚਾ ਹਰਕਿਸ਼ਨ ਲਾਲ ਪਜਾਬ ਅਤੇ ਇਸ ਦੇ ਵਸਨੀਕਾਂ ਦੇ ਨਿੱਘੇ ਅਤੇ ਕੋਮਲ-ਭਾਵੀ ਪ੍ਰਤੀਨਿਧ ਦੇ ਰੂਪ ਵਿਚ ਸਾਡੇ ਸਾਹਮਣੇ ਆਇਆ ਹੈ। ਬੰਬਈ ਦੇ ਕਲਾ-ਕੇਂਦਰ ਤੋਂ ਉਸ ਨੇ ਰਵਾਇਤੀ ਤਕਨੀਕ ਸਿੱਖੀ ਅਤੇ ਦਿੱਲੀ ਵਿਚ ਤੇ ਉਸ ਤੋਂ ਬਾਦ ਬੰਬਈ ਵਿਚ ਚਿਤਰਕਾਰਾਂ ਦੇ ਸਰਗਰਮ ਧੜੇ ਦੇ ਸੰਪਰਕ ਵਿਚ ਆਉਣ ਨਾਲ ਉਸ ਵਿਚ ਨਵੀਆਂ ਲੀਹਾਂ ਪਾਉਣ ਦਾ ਜਜ਼ਬਾ ਪੈਦਾ ਹੋਇਆ। ਉਹ ਸਹੀ ਅਰਥਾਂ ਵਿਚ ਮਿਹਨਤੀ, ਵਿਸ਼ਲੇਸ਼ਨੀ ਅਤੇ ਭਰੋਸੇ-ਭਰਪੂਰ ਕਲਾਕਾਰ ਹੈ।

ਹਰਕਿਸ਼ਨ ਲਾਲ ਦੇ ਚਿੱਤਰਾਂ ਵਿੱਚੋਂ ਪੰਜਾਬ ਦੀ ਧਰਤੀ ਦਾ ਝਲਕਾਰਾ ਪੈਂਦਾ ਹੈ। ਉਸਦੇ ਚਿੱਤਰ ਮੋਟੇ ਠੁਲ੍ਹੇ, ਸਾਦ-ਮੁਰਾਦੇ ਤੇ ਹਾਸਰਸ-ਭਰਪੂਰ ਹੁੰਦੇ ਹਨ। ਉਸ ਦੀ ਦ੍ਰਿਸ਼ਕਾਰੀ ਵਿਚ ਰੁੱਖ ਤੇ ਸੜਕ ਕਿਨਾਰੇ ਮਕਾਨ ਦਿਖਾਉਣ ਨਾਲ ਅਜੇਹੀ ਨਿੱਗਰਤਾ ਤੇ ਪਕਿਆਈ ਆ ਜਾਂਦੀ ਹੈ ਜਿਹੜੀ ਪੇਂਡੂ ਜੀਵਨ ਦਾ ਖ਼ਾਸ ਗੁਣ ਹੈ । ਯੂਰਪ ਵਿਚ ਸਫ਼ਰ ਕਰਨ ਨਾਲ ਹਰਕਿਸ਼ਨ ਲਾਲ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ ਹੈ ਅਤੇ ਉਸ ਵਿਚ ਵਧਣ ਅਤੇ ਸਮੇਂ ਅਨੁਸਾਰ ਬਦਲਣ ਦੀ ਸ਼ਕਤੀ ਪੈਦਾ ਹੋ ਗਈ ਹੈ। ਉਸ ਦੇ ਨਵੀਨਤਮ ਚਿੱਤਰਾਂ ਵਿਚ ਉਸ ਦੀ ਪੁਰਾਣੀ ਸ਼ੈਲੀ ਦੇ ਸਰਬੋਤਮ ਅੰਸ਼ਾਂ ਦਾ ਵਿਕਾਸ ਹੈ ਅਤੇ ਰੰਗਾਂ ਵਿਚ ਹੋਰ ਆਧੁਨਿਕ ਛੋਹ। ਇਨ੍ਹਾਂ ਵਿਚ ਗੂੜ੍ਹੇ ਗੂੜ੍ਹੇ ਰੰਗਾਂ ਦੀ ਥਾਂ ਫਿੱਕੇ ਰੰਗਾਂ ਦੀ ਵਰਤੋਂ ਕੀਤੀ ਗਈ ਹੈ ਅਤੇ ਪ੍ਰਗਟਾਉ ਲਈ ਹੋਰ ਬਾਰੀਕੀ ਤੋਂ ਕੰਮ ਲਿਆ ਗਿਆ ਹੈ । ਇਹ ਕਲਾਕਾਰ ਭਾਵੇਂ ਉਮਰ ਦਾ ਛੋਟਾ ਹੀ ਹੈ, ਪਰ ਕਈ ਇਨਾਮ ਜਿੱਤ ਚੁੱਕਾ ਹੈ ਅਤੇ ਸਰਕਾਰੀ ਸਭਿਆਚਾਰਕ ਵਜ਼ੀਫ਼ੇ ਲਈ ਵੀ ਚੁਣਿਆ ਗਿਆ ਹੈ।

## ਕੰਵਲ ਕ੍ਰਿਸ਼ਨ

ਕੰਵਲ ਕ੍ਰਿਸ਼ਨ ਜਮਾਂਦਰੂ ਯਾਤਰੀ ਹੈ। ਉਸ ਨੂੰ ਪਹਾੜਾਂ ਦੀ ਸ਼ਾਨ ਸ਼ੌਕਤ ਤੋਂ ਤੇ ਪਹਾੜਾਂ ਦੇ ਵਸਨੀਕਾਂ ਤੋਂ ਪ੍ਰੇਰਨਾ ਮਿਲੀ ਹੈ। ਪਾਣੀ-ਰੰਗਾਂ ਦੀ ਵਰਤੋਂ ਕਰਨ ਵਾਲਾ ਚਿੱਤਰਕਾਰ ਹੋਣ ਸਦਕਾ ਉਸ ਦੇ ਮੌਕੇ ਉੱਤੇ ਬਣਾਏ ਚਿੱਤਰਾਂ ਵਿਚ ਕਮਾਲ ਦੀ ਤਾਜ਼ਗੀ, ਪਕਿਆਈ ਅਤੇ ਤਨਜ਼ ਹੈ ਅਤੇ ਇਨ੍ਹਾਂ ਗੁਣਾਂ ਕਰਕੇ ਹੀ ਉਸ ਦੇ ਇਨ੍ਹਾਂ ਚਿੱਤਰਾਂ ਦੀ ਮਹੱਤਤਾ ਹੈ। ਹੋਰ ਕੋਈ ਕਲਾਕਾਰ ਪੁਰਾਣੇ ਮੱਠਾਂ ਦੀ ਇਕੱਲ ਤੋਂ ਜਾਂ ਹਿਮਾਲੀਆ ਦੀਆਂ ਬਰਫ਼ ਨਾਲ ਢੱਕੀਆਂ ਧਾਰਾਂ ਦੀ ਗੂੜ੍ਹੀ ਚੁੱਪ-ਚਾਂ ਤੋਂ ਕੰਵਲ ਕ੍ਰਿਸ਼ਨ ਜਿੰਨਾ ਪ੍ਰਭਾਵਿਤ ਨਹੀਂ ਹੋਇਆ । ਕੰਵਲ ਕ੍ਰਿਸ਼ਨ ਨੇ ਸਫ਼ਰ ਬਹੁਤ ਕੀਤਾ

www.PunjabiLibrary.com

ਹੈ। ਉਹ ਤਿਬਤ ਤੇ ਉਸ ਤੋਂ ਬਾਦ ਸਕੈਂਡੇਨੇਵੀਆ ਤੇ ਮੰਗੋਲੀਆ ਵੀ ਗਿਆ। ਦੂਜੇ ਲੋਕਾਂ ਦੀ ਕਲਾ ਨਾਲ ਉਸ ਦਾ ਦਿਲੀ ਪਿਆਰ ਹੈ ਤੇ ਉਸ ਨੇ ਕਈ ਜਾਤੀਆਂ ਦੇ ਹੁਨਰ, ਵਿਸ਼ੇਸ਼ ਕਰਕੇ, ਲੋਕ-ਹੁਨਰ ਇਕੱਤਰ ਕੀਤੇ ਹਨ। ਉਸ ਦੇ ਤੇਲ-ਰੰਗਾਂ ਵਾਲੇ ਚਿੱਤਰਾਂ ਦੀ ਸ਼ੈਲੀ ਬੋਝਲ ਅਤੇ ਭਾਰੀ ਹੈ ਅਤੇ ਉਨ੍ਹਾਂ ਦੇ ਰੰਗਾਂ ਦੀ ਤਰਤੀਬ ਅਵੱਸ਼ ਹੀ ਉੱਤਰੀ ਕਿਸਮ ਦੀ ਹੈ। ਕੰਵਲ ਕ੍ਰਿਸ਼ਨ ਇਸ ਸਮੇਂ ਮਾਡਰਨ ਸਕੂਲ, ਨਵੀਂ ਦਿੱਲੀ ਦੇ ਕਲਾ-ਵਿਭਾਗ ਦਾ ਡਾਇਰੈਕਟਰ ਹੈ। ਉਸ ਤੇ ਉਸ ਦੀ ਪਤਨੀ ਨੇ, ਜੋ ਆਪ ਵੀ ਇਕ ਕਲਾਕਾਰ ਹੈ, ਕੁਝ ਸਾਲਾਂ ਵਿਚ ਹੀ ਇਸ ਵਿਭਾਗ ਨੂੰ ਐਸੇ ਪਾਏ ਤੇ ਲੇ ਆਂਦਾ ਹੈ ਕਿ ਇਸ ਵਿਚ ਕਈ ਤਜਰਬੇ ਕੀਤੇ ਜਾ ਰਹੇ ਹਨ ਅਤੇ ਇਕ ਨਵੀਂ ਰੂਹ ਫੂਕੀ ਗਈ ਹੈ। ਉਹ ਇਸ ਵੇਲੇ ਦਿਲੀ ਸ਼ਿਲਪ-ਚੱਕ੍ਰ ਦਾ ਪਰਧਾਨ ਹੈ। ਇਹ ਸ਼ਿਲਪ-ਚੱਕ੍ਰ, ਦਿੱਲੀ ਅਤੇ ਹੋਰ ਚਿੱਤਰਕਾਰਾਂ ਤੇ ਬੁੱਤ-ਸਾਜ਼ਾਂ ਦੇ ਭਾਈਚਾਰੇ ਦੀ ਇਕ ਸੰਸਥਾ ਹੈ।

## ਕ੍ਰਿਸ਼ਨ ਖੰਨਾ

ਕ੍ਰਿਸ਼ਨ ਖੰਨਾ ਸਾਡੇ ਅਜੇਹੇ ਨੌਜਵਾਨ ਆਧੁਨਿਕ ਚਿਤਰਕਾਰਾਂ ਵਿੱਚੋਂ ਇਕ ਹੈ ਜਿਨ੍ਹਾਂ ਦੀ ਸ਼ਲਾਘਾ ਉਨ੍ਹਾਂ ਦੀ ਕਿਰਤ ਦੇ ਗੁਣਾਂ ਕਰਕੇ ਕੀਤੀ ਜਾਂਦੀ ਹੈ। ਇਹ ਕਲਾਕਾਰ ਆਪਣੇ ਚਿੱਤਰਾਂ ਵਿਚ ਦ੍ਰਿੜ੍ਹ ਵਿਸ਼ਵਾਸ਼ ਅਤੇ ਉਤਸ਼ਾਹ ਭਰਦਾ ਹੈ। ਉਸ ਦੇ ਚਿੱਤਰ ਕੇਵਲ ਵਿਸ਼ੇ ਨਾਲ ਸੰਬੰਧਤ ਵਿਚਾਰ ਹੀ ਨਹੀਂ ਪੈਦਾ ਕਰਦੇ ਸਗੋਂ ਕਲਾ ਦੀ ਝਲਕ ਅਤੇ ਉਸ ਦੀ ਸਾਧਨਾਂ ਵੀ ਦਰਸਾਉਂਦੇ ਹਨ। ਖੰਨਾ ਆਪਣੇ ਚਿੱਤਰਾਂ ਵਿਚ ਘੱਟ ਤੋਂ ਘੱਟ ਸਾਧਨਾਂ ਦੀ ਵਰਤੋਂ ਕਰਦਾ ਹੈ। ਇਨ੍ਹਾਂ ਵਿਚ ਲਕੀਰਾਂ ਦੀ ਭਰਮਾਰ ਹੁੰਦੀ ਹੈ ਅਤੇ ਫਿੱਕੇ ਤੇ ਪ੍ਰਭਾਵਸ਼ਾਲੀ ਰੰਗਾਂ ਦੀ ਵਰਤੋਂ ਦੇ ਨਾਲ ਕਾਲੇ ਰੰਗ ਦੀ ਉਚੇਚੀ ਵਰਤੋਂ ਹੁੰਦੀ ਹੈ। ਲਕੀਰ, ਵਿੱਥ ਤੇ ਰੂਪ ਨੂੰ ਇਸ ਤਰ੍ਹਾਂ ਵਿਉਂਤਿਆ ਜਾਂਦਾ ਹੈ ਕਿ ਇਨ੍ਹਾਂ ਨਾਲ ਕੁਝ ਪ੍ਰਤੱਖ ਤੇ ਕੁੱਝ ਸੁਝਾਉ ਚਿੱਤਰ ਤਿਆਰ ਹੋ ਜਾਂਦਾ ਹੈ।

ਕ੍ਰਿਸ਼ਨ ਖੰਨਾ ਕਵਿਤਾ ਤੇ ਨਾਟਕ ਵਰਗੇ ਦੂਸਰੇ ਹੁਨਰਾਂ ਵਿਚ ਵੀ ਦਿਲਚਸਪੀ ਰੱਖਦਾ ਹੈ। ਉਹ ਯੂਰਪ ਦਾ ਸਫ਼ਰ ਕਰ ਚੁੱਕਾ ਹੈ। ਉਸ ਦਾ ਦ੍ਰਿਸ਼ਟੀਕੋਣ ਆਧੁਨਿਕ ਹੈ ਅਤੇ ਉਸ ਵਿਚ ਬਿਜਲੀ ਵਰਗੀ ਸੱਤਾ ਹੈ।

## ਰਾਮ ਕੁਮਾਰ

ਰਾਮ ਕੁਮਾਰ ਚਿੱਤਰਕਾਰੀ ਦੀ ਸਮਕਾਲੀ ਸ਼ੈਲੀ ਅਤੇ ਚਿੱਤਰਕਾਰਾਂ ਦੀ ਨਵੀਂ ਪੀੜ੍ਹੀ ਵਿੱਚੋਂ ਹੈ। ਉਸ ਦੇ ਚਿਤਰਾਂ ਵਿੱਚੋਂ ਇਕਸਾਰਤਾ ਅਤੇ ਸਤਵਾਦਤਾ ਨਜ਼ਰ ਆਉਂਦੀ ਹੈ। ਉਸ ਨੇ ਆਪਣੇ ਚਿੱਤਰਾਂ ਵਿਚ ਇਕ ਸਪਸ਼ਟਤਾ ਲਿਆਂਦੀ ਹੈ ਜੋ ਵਿਉਂਤ, ਤਰਤੀਬ ਤੇ ਸਾਦਗੀ ਦੀ ਸਿਖਰ ਨੂੰ ਛੂੰਹਦੀ ਹੈ। ਉਸ ਦੇ ਵਿਸ਼ੇ ਕੁਝ ਕੁਝ ਸਾਹਿਤਕ ਹਨ, ਪਰ ਇਉਂ ਹੋਣਾ ਅਵੱਸ਼ਕ ਸੀ ਕਿਉਂਕਿ ਉਹ ਆਪ ਹਿੰਦੀ ਵਿਚ ਨਾਵਲ ਤੇ ਛੋਟੀ ਕਹਾਣੀ ਲਿਖਦਾ ਹੈ।

ਰਾਮ ਕੁਮਾਰ ਦਾ ਵਿਸ਼ਾ ਸ਼ਹਿਰੀ ਸੁਸਾਇਟੀ ਦੇ ਮਨੁੱਖ ਦੀ ਦੁਰਦਸ਼ਾ ਹੈ। ਉਸ ਦੇ ੧੯੫੪ ਦੇ ਉੱਘੇ ਚਿੱਤਰਾਂ ਦੇ ਸਿਰਲੇਖਾਂ ਨੂੰ ਪੜ੍ਹਨ ਤੋਂ ਹੀ ਉਨ੍ਹਾਂ ਦੀ ਵਸਤੂ ਦਾ ਪਤਾ ਲਗ ਜਾਂਦਾ ਹੈ ਜਿਵੇਂ 'ਮੰਗਤੇ', 'ਹਨੇਰਾ' 'ਭਵਿੱਖ', 'ਗਲੀਆਂ ਵਿਚ', 'ਫ਼ਾਕੇ ਕੱਟਣਾ, 'ਬੇਰੁਜ਼ਗਾਰ ਗ੍ਰੈਜੂਏਟ' ਅਤੇ 'ਨੀਵੀਆਂ ਡੂੰਘਾਣਾਂ'। ਯੂਰਪ ਤੋਂ ਵਾਪਸ ਆਉਣ ਤੇ ੧੯੫੬ ਵਿਚ ਚਿੱਤਰੇ ਚਿੱਤਰਾਂ ਦੀ ਲੜੀ ਤੋਂ ਵੀ ਇਹੋ ਕੁਝ ਦਿੱਸਦਾ ਹੈ। ਸਿਰਫ਼ ਸਥਾਨ ਹੀ ਬਦਲਿਆ ਗਿਆ ਹੈ; ਕਰੋਲ ਬਾਗ਼ ਜਾਂ ਭਾਰਤੀ ਸ਼ਹਿਰਾਂ ਦੀਆਂ ਬੇਰੌਣਕ ਗਲੀਆਂ ਦੀ ਥਾਂ ਸਾਈਨ ਦੇ ਕਿਨਾਰੇ ਜਾਂ ਬੁਡਾਪੈਸਟ ਦੇ ਨਜ਼ਾਰੇ ਜਾਂ ਹੰਗਰੀ ਦੀ ਕਿਸੇ ਗਲੀ ਨੇ ਲੈ ਲਈ ਹੈ। ਇਹ ਚਿੱਤਰ ਵੀ ਇਕੱਲੇ, ਆਪਣੇ ਆਪ ਤੋਂ ਜਾਂ ਇਕ ਦੂਜੇ ਤੋਂ ਤੰਗ

ਆਏ ਲੋਕਾਂ ਦੇ ਹਨ। ੧੯੫੭ ਦੇ 'ਉਦਾਸ ਸ਼ਹਿਰ, (ਜਿਸ ਉੱਤੇ ਉਸ ਨੂੰ ਲਲਿਤ ਕਲਾ ਦਾ ਇਨਾਮ ਮਿਲਿਆ) 'ਪਰਛਾਵੇਂ' ਤੇ 'ਆਵਾਰਾ' ਉਸੇ ਲੜੀ ਦੇ ਚਿੱਤਰ ਹਨ।

ਇਹ ਸੁਝਾਊ ਸਿਰਲੇਖ ਕੁਝ ਹਦ ਤਕ ਰਾਮ ਕੁਮਾਰ ਦੀ ਜੀਵਨ-ਆਲੋਚਨਾ ਦਰਸਾਉਂਦੇ ਹਨ। ਇਨ੍ਹਾਂ ਤੋਂ ਉਸ ਦੇ ਬੁਨਿਆਦੀ ਵਿਚਾਰਾਂ ਦਾ ਵੀ ਪਤਾ ਲਗਦਾ ਹੈ – ਪਹਿਲੇ ਮਨੁੱਖਤਾ ਤੇ ਫੇਰ ਮਨੁੱਖ। ਸਿਰਲੇਖ ਤਾਂ ਭਿਆਨਕ ਹਨ, ਪਰ ਚਿੱਤਰ ਨਹੀਂ। ਸ਼ਹਿਰਾਂ ਦੇ ਮਹੱਤਤਾਹੀਨ ਵਾਤਾਵਰਨ ਵਿਚ ਚਲਦੇ ਫਿਰਦੇ-ਇਨ੍ਹਾਂ ਪੀੜਤ ਪਾਤਰਾਂ ਦੇ ਨਾਜ਼ਕ ਤੇ ਮਹੱਤਤਾ-ਭਰੇ ਗੁਣਾਂ ਨੂੰ ਕਮਾਲ ਨਾਲ ਚਿੱਤਰਿਆ ਹੈ। ਰੁੱਖੇ ਰੁੱਖ, ਬਿਜਲੀ ਦੇ ਆਕੜੇ ਖੰਭੇ ਅਤੇ ਨੀਲੇ ਆਕਾਸ਼ ਹੇਠ ਇਕਲਵਾਂਝਾ ਮਕਾਨ ਤੇ ਵਲ-ਖਾਂਦੀਆਂ ਗਲੀਆਂ-ਸ਼ਹਿਰ ਦੀਆਂ ਆਂਦਰਾਂ – ਸਭ ਵਾਤਾਵਰਨ ਬਣਾਉਣ ਵਿਚ ਸਹਾਈ ਹਨ।

ਹੈਰਾਨੀ ਇਹ ਹੈ ਕਿ ਇਨ੍ਹਾਂ ਪਾਤਰਾਂ ਦੇ ਕਪੜੇ ਬਹੁਤ ਚੰਗੇ ਹੁੰਦੇ ਹਨ ਅਤੇ ਕਈ ਕੋਟ ਟਾਈ ਵਾਲੇ ਵੀ ਹੁੰਦੇ ਹਨ। ਚਿਤਰਾਂ ਦੀਆਂ ਕੁਝ ਇਸਤਰੀਆਂ ਨੰਗੀਆਂ ਹਨ, ਪਰ ਇਸ ਨੰਗੇਜ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ ਹੈ। ਇਹ ਨੰਗੇਜ ਅਜੇਹਾ ਨਹੀਂ ਕਿ ਉਸ ਵਿਚ ਇਨ੍ਹਾਂ ਦੀ ਕੋਮਲ ਆਤਮਾ ਅਲੋਪ ਹੋ ਜਾਏ। ਰਾਮ ਕੁਮਾਰ ਲਈ ਯੂਰਪੀ ਬਸਤਰ ਅਜ ਕਲ ਦੇ ਸਭਿਆਚਾਰ ਦਾ ਅੰਗ ਹਨ ਅਤੇ ਮੱਧ ਸ਼੍ਰੇਣੀ ਦੀ ਇੱਜ਼ਤ ਲਈ ਜ਼ਰੂਰੀ ਹਨ, ਪਰ ਨਾਟਕੀ ਵਿਅਕਤੀ ਕੇਵਲ ਬਾਹਰੋਂ ਬਾਹਰੋਂ ਹੀ ਇਸ ਪਰਪਾਟੀ ਦੀ ਪਾਲਣਾ ਕਰਦੇ ਹਨ ਅਤੇ ਆਪਣੇ ਉਬਾਲਾਂ ਕਾਰਨ ਅੰਦਰੋਂ ਫ਼ੀਤਾ ਫ਼ੀਤਾ ਹੋਏ ਪਏ ਹਨ। ਉਨ੍ਹਾਂ ਦੇ ਸਾਧਵਰਤੀ ਚਿਹਰਿਆਂ ਤੋਂ ਉਨ੍ਹਾਂ ਦੇ ਅੰਦਰੂਨੀ ਘੋਲ ਦਾ ਪਤਾ ਲਗਦਾ ਹੈ, ਤੇ ਉਨ੍ਹਾਂ ਦੀਆਂ ਇਸ਼ਾਰਾ ਕਰਦੀਆਂ, ਤਣੀਆਂ ਹੋਈਆਂ ਜਾਂ ਸਰੀਰ ਨਾਲ ਘੁੱਟੀਆਂ ਹੋਈਆਂ ਬਾਹਾਂ ਅਪੀਲ ਜਾਂ ਡਰ ਦਾ ਭਾਵ ਪ੍ਰਗਟਾਉਂਦੀਆਂ ਹਨ।

ਤਕਨੀਕ ਵਜੋਂ ਰਾਮ ਕੁਮਾਰ ਦੇ ਚਿੱਤਰਾਂ ਵਿਚ ਨਿੱਗਰਤਾ ਹੈ। ਉਸ ਦਾ ਚਿੱਤਰਨ ਦ੍ਰਿੜ੍ਹ ਤੇ ਘੱਟ ਖ਼ਰਚ ਵਾਲਾ ਹੈ। ਉਹ ਬਹੁਤੇ ਰੰਗਾਂ ਦੀ ਵਰਤੋਂ ਨਹੀਂ ਕਰਦਾ ਤੇ ਉਸ ਦੀਆਂ ਹਲਕੇ ਹਲਕੇ ਰੰਗਾਂ ਦੀਆਂ ਛੋਹਾਂ ਪ੍ਰਭਾਵ ਪੈਦਾ ਕਰਦੀਆਂ ਹਨ।

ਕੁਝ ਅਜੇਹੀਆਂ ਨਿਸ਼ਾਨੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਕਿਹਾ ਜਾ ਸਕਦਾ ਹੈ ਕਿ ਉਹ ਇਕ ਨਵੇਂ ਦੌਰ ਵਿਚ ਦਾਖ਼ਲ ਹੋ ਰਿਹਾ ਹੈ।

## ਪ੍ਰਾਣ ਨਾਥ ਮਾਗੋ

ਜੇ ਕਿਸੇ ਚਿੱਤਰਕਾਰੀ ਦੀ ਸ਼ਖ਼ਸੀਅਤ ਦਾ ਉਸ ਦੀ ਕਿਰਤ ਤੋਂ ਪਤਾ ਲਗ ਸਕਦਾ ਹੈ ਤਾਂ ਮਾਗੋ ਦੇ ਚਿੱਤਰਾਂ ਤੋਂ ਚੋਕਸ ਛੋਹਾਂ ਤੇ ਲਕੀਰਾਂ ਦੀ ਇਕਸਾਰਤਾ ਨਾਲ ਪ੍ਰਭਾਵ ਉਤਪੰਨ ਕਰਨ, ਚਾਹੁਣ ਅਤੇ ਸਮਝਣ ਵਾਲੇ ਮਨ ਦਾ ਪਤਾ ਲਗਦਾ ਹੈ। ਸ਼ੁਰੂ ਸ਼ੁਰੂ ਵਿਚ ਉਹ ਪਹਾੜੀ ਰੰਗਦਾਨੀ ਅਤੇ ਭਾਵ-ਚਿਤੇਰਿਆਂ ਤੋਂ ਬਾਦ ਦੀ ਚਿੱਤਰਕਾਰੀ ਚਿੱਤਰਨ ਵਿਚ ਲੱਗਾ ਰਿਹਾ। ਉਹ ਰੰਗ ਇੰਨਾ ਮੋਟਾ ਕਰਦਾ ਹੈ ਕਿ ਕਈ ਵਾਰੀ ਇਸ ਦਾ ਪਰਛਾਵਾਂ ਹੀ ਲਕੀਰ ਦਾ ਕੰਮ ਵੀ ਕਰ ਜਾਂਦਾ ਹੈ। ਉਸ ਦੀਆਂ ਵੰਨਗੀਆਂ ਵਧੀਆ ਤੇ ਸਜੀਲੀਆਂ ਹੁੰਦੀਆਂ ਹਨ, ਪਰ ਇੰਨੀਆਂ ਨਹੀਂ ਕਿ ਉਨ੍ਹਾਂ ਨਾਲ ਰੂਪ ਹੀ ਬਦਲ ਜਾਵੇ। ਉਸ ਦੀ ਦ੍ਰਿਸ਼ਕਾਰੀ ਅਤੇ ਵਿਸ਼ੇਸ਼ ਕਰਕੇ ਦ੍ਰਿਸ਼ਕਾਰੀ ਵਿਚ ਬਣਾਏ ਚਿੱਤਰ ਉਸ ਦੀ ਉੱਚਤਮ ਕਿਰਤ ਹਨ। ਗੂੜ੍ਹੇ ਰੰਗ, ਜੋ ਯੂਰਪੀ ਭਾਵ-ਚਿਤੇਰਿਆਂ ਲਈ ਅਵੱਸ਼ਕਤਾ ਤੇ ਕਾਹਲ ਦਰਸਾਉਂਦੇ ਹਨ, ਇਸ ਚਿੱਤਰਕਾਰ ਦੀ ਗਹੁ ਨਾਲ ਗ੍ਰਹਿਣ ਕੀਤੀ ਸ਼ੈਲੀ ਹੈ। ਉਸ ਦੇ ਰੰਗ ਨਿੱਘੇ ਅਤੇ ਸੋਹਣੇ ਹਨ ਅਤੇ ਇਨ੍ਹਾਂ ਵਿਚ ਪੀਲੇ, ਬਦਾਮੀ, ਸੰਤਰੀ ਤੇ ਹਰੇ ਰੰਗ ਜ਼ਿਆਦਾ ਪ੍ਰਭਾਵਸ਼ਾਲੀ ਹਨ। ਉਸ ਦਾ ਢੰਗ ਜਜ਼ਬਾਤੀ ਦੀ ਥਾਂ ਰੂਪਕ ਜ਼ਿਆਦਾ ਹੈ ਤੇ ਉਹ ਸੁਤੇ-ਸਿੱਧ ਨਹੀਂ ਸਗੋਂ ਬੜੀ ਘਾਲ ਨਾਲ ਚਿਤਰਦਾ ਹੈ।

ਮਾਗੋ ਕਈ ਸਾਲ ਚਿੱਤਰਕਾਰੀ ਸਿਖਾਉਂਦਾ ਰਿਹਾ ਹੈ, ਪਹਿਲਾਂ ਦਿੱਲੀ ਪੌਲੀਟੈਕਨਿਕ ਦੇ ਹੁਨਰ ਵਿਭਾਗ ਅਤੇ ਫੇਰ ਸ਼ਿਮਲੇ ਦੇ ਆਰਟ-ਸਕੂਲ ਵਿਚ। ਹੁਣ ਉਹ ਸਰਬ-ਭਾਰਤੀ ਘਰੇਲੂ ਉਦਯੋਗ ਸੰਸਥਾ ਵਿਚ ਡੀਜ਼ਾਈਨ ਦੇ ਸਹਾਇਕ ਡਾਇਰੈਕਟਰ ਦੇ ਰੂਪ ਵਿਚ ਕੰਮ ਕਰ ਰਿਹਾ ਹੈ ਅਤੇ ਆਪਣੀ ਪ੍ਰਤਿਭਾ ਨੂੰ ਸਥਾਨਕ ਦਸਤਕਾਰੀ ਦੇ ਸੁਧਾਰਨ ਤੇ ਨਵੀਨਕਰਣ ਵਿਚ ਵਰਤ ਰਿਹਾ ਹੈ।

## ਭਬੇਸ਼ ਸਾਨਿਆਲ

ਸ੍ਰੀ ਸਾਨਿਆਲ ਦੀ ਪਿਛਲੇ ਵੀਹਾਂ ਸਾਲਾਂ ਤੋਂ ਹੁਨਰ ਦੀ ਦੁਨੀਆਂ ਵਿਚ ਬੜੀ ਇੱਜ਼ਤ ਤੇ ਸਨੇਹ ਵਾਲੀ ਪਦਵੀ ਰਹੀ ਹੈ। ਜਨਤਾ ਦੁਆਰਾ ਚੰਗੇ ਹੁਨਰ ਦੀ ਕਦਰਦਾਨੀ, ਕਲਾਕਾਰਾਂ ਵਿਚ ਏਕਤਾ ਅਤੇ ਇਕ ਦੂਜੇ ਨੂੰ ਸਮਝਣ ਅਤੇ ਹੁਨਰ ਸਿੱਖਣ ਵਾਲਿਆਂ ਦੇ ਦ੍ਰਿਸ਼ਟੀਕੋਣ ਨੂੰ ਚੌੜੇਰਾ ਅਤੇ ਡੂੰਘੇਰਾ ਕਰਨ ਲਈ ਉਸ ਨੇ ਲਾਹੌਰ ਅਤੇ ਦਿੱਲੀ ਵਿਚ ਬਹੁਤ ਕੰਮ ਕੀਤਾ ਹੈ। ਉਸ ਨੇ ਪਾਣੀ-ਰੰਗਾਂ ਤੇ ਤੇਲ-ਰੰਗਾਂ ਨਾਲ ਉੱਚ ਕਾਵਿਮਈ ਸੁੰਦਰਤਾ ਦੇ ਚਿੱਤਰ ਵੀ ਖਿੱਚੇ ਹਨ ਅਤੇ ਪੱਥਰ-ਘਾੜੇ ਦੇ ਛੋਟੇ ਛੋਟੇ ਕੰਮਾਂ ਤੋਂ ਲੈ ਕੇ ਬਹੁਤ ਉੱਘੇ ਉੱਘੇ ਬੁੱਤ ਵੀ ਬਣਾਏ ਹਨ। ਉਸ ਦੀ ਕਿਰਤ ਵਿਚ ਸਾਲ-ਬ-ਸਾਲ ਨਵੇਂ ਗੁਣ ਗ੍ਰਹਿਣ ਕਰਨ ਤੇ ਨਵੇਂ ਨਵੇਂ ਤਜਰਬੇ ਕਰਨ ਦੀ ਸਿਫ਼ਤ ਹੈ। ਉਸ ਦੇ ਵਰਤਮਾਨ ਚਿਤਰ ਉਸ ਦੀ ਪਕਿਆਈ ਦਾ ਸਿੱਟਾ ਹਨ। ਇਨ੍ਹਾਂ ਵਿਚ ਸਾਦਗੀ ਹੈ ਜੋ ਉਸ ਦੇ ਤਜਰਬੇ ਅਤੇ ਕਵਿਤਾ ਦੀ ਆਤਮਾ ਹੈ।

ਸ੍ਰੀ ਸਾਨਿਆਲ ਦੇ ਸਭ ਤੋਂ ਉੱਚ ਵਿਸ਼ੇ ਜਾਂ ਤਾਂ ਗ੍ਰਾਮੀਣ ਜ਼ਿੰਦਗੀ ਉੱਤੇ ਆਧਾਰਤ ਹੁੰਦੇ ਹਨ ਜਾਂ ਸਿੱਧੇ ਇਸ ਵਿੱਚੋਂ ਲਏ ਹੁੰਦੇ ਹਨ। ਉਸ ਦੇ ਚਿੱਤਰਾਂ ਵਿਚ ਪੇਂਡੂ ਜੀਵਨ ਦੀ ਸ਼ਾਂਤੀ ਹੈ, ਅਤੇ ਉਸ ਦੇ ਸਮਾਜਕ ਵਿਸ਼ੇ ਵਾਲੇ ਚਿੱਤਰਾਂ ਵਿੱਚੋਂ ਵੀ ਬਗ਼ਾਵਤ ਝਲਕਦੀ ਹੈ। ਚਿਤੇਰੇ ਦਾ ਚਿੱਤਰਨਾ ਭਾਵੇਂ ਗ਼ਮੀ ਦਾ ਹੈ ਭਾਵੇਂ ਖ਼ੁਸ਼ੀ ਦਾ, ਭਾਵੇਂ ਹਕਾਇਤੀ ਤੇ ਭਾਵੇਂ ਸਦਾਚਾਰੀ, ਹੈ ਪ੍ਰਮੁੱਖ ਰੂਪ ਵਿਚ ਕਾਵਿਮਈ ਹੀ। ਇੱਥੇ ਇਸਤਰੀ ਆਪਣੇ ਅਸਲ ਇਸਤਰੀ ਵਾਲੇ ਰੂਪ ਵਿਚ ਪੇਸ਼ ਕੀਤੀ ਗਈ ਹੈ ਅਤੇ ਇੱਥੇ ਜ਼ਿੰਦਗੀ ਇਕ ਹਲਕੇ ਰੰਗਾਂ ਵਾਲੀ, ਪੰਛੀਆਂ ਅਤੇ ਸੰਗੀਤਾਂ ਦੀ ਵਸਤੂ ਹੈ।

ਇਹ ਕਲਾਕਾਰ ਇਕ ਮਸ਼ਹੂਰ ਬੁੱਤਕਾਰ ਤੇ ਮੂਰਤੀ-ਚਿਤੇਰਾ ਵੀ ਹੈ। ਦਿੱਲੀ ਪੌਲੀਟੈਕਨਿਕ ਦੇ ਕੋਮਲ ਹੁਨਰਾਂ ਦੇ ਵਿਭਾਗ ਦਾ ਮੁਖੀਆ ਹੋਣ ਦੇ ਨਾਤੇ ਉਹ ਉਦਾਰ-ਚਿੱਤ ਵਿਚਾਰ, ਹੌਸਲੇ ਤੇ ਹਮਦਰਦੀ ਦੀ ਸਿੱਖਿਆ ਦਿੰਦਾ ਹੈ। ਉਹ ਕਿਸੇ ਮਾਂਗਵੀਂ ਸ਼ੈਲੀ ਦੇ ਚਿੱਤਰ ਨਹੀਂ ਚਿਤਰਦਾ ਤੇ ਨਾਲ ਹੀ ਉਸ ਦੀ ਕਲਾ ਪਦਾਰਥਕ ਵਿਉਂਤ ਦੇ ਜ਼ਾਬਤੇ ਦੇ ਵੀ ਅਨੁਕੂਲ ਹੈ।

## ਪਰਾਸ਼ਰ

ਸ੍ਰੀ ਪਰਾਸ਼ਰ ਕੁਦਰਤ ਦਾ ਕਲਾਕਾਰ ਹੈ। ਉਸ ਨੇ ਪੰਜਾਬ ਵਿਚ ਬੰਗਾਲ-ਸਕੂਲ ਦੇ ਗ਼ੈਰ-ਵਾਸਤਵਿਕ ਪ੍ਰਭਾਵ ਅਤੇ ਆਧੁਨਿਕ ਯੂਰਪੀ ਤਕਨੀਕਾਂ ਵਿੱਚਲੀ ਖਾੜੀ ਨੂੰ ਪੂਰਿਆ ਹੈ। ਉਸ ਵਿਚ ਸੁਹਿਰਦਤਾ, ਬੁਨਿਆਦੀ ਸੂਝ ਅਤੇ ਤਜਰਬੇ ਕਰਨ ਦੀ ਹਿੰਮਤ ਹੈ, ਇਸ ਲਈ ਉਸ ਨੇ ਅਜੇਹੇ ਰੂਪਾਂ ਨੂੰ ਅਪਣਾਇਆ ਹੈ ਜੋ ਉਸ ਦੇ ਦੁੱਖ ਮਹਿਸੂਸਦੇ ਕੋਮਲ ਵਿਚਾਰਾਂ ਦੇ ਅਨੁਸਾਰ ਹਨ। ਈਸਾ ਦੀ ਮੂਰਤੀ ਅਤੇ ਟੈਰਾਕੋਟਾ ਸਿਰ ਦੋਵੇਂ ਹੀ ਇਕ ਵਾਸਤਵਿਕ ਸੰਬੰਧ ਦਰਸਾਉਂਦੇ ਹਨ ਅਤੇ ਨਾਲ ਹੀ ਇਸ ਜ਼ਮਾਨੇ ਦੀਆਂ ਪੀੜਾਂ ਦੇ ਰੂਪਕ ਵੀ ਹਨ।

ਸ੍ਰੀ ਪਰਾਸ਼ਰ ਇਕ ਸਿਆਣਾ ਅਧਿਆਪਕ ਵੀ ਹੈ। ਉਸ ਨੂੰ ਚਿੱਤਰਕਾਰੀ ਅਤੇ ਬੁੱਤਕਾਰੀ ਦੀਆਂ ਭਿੰਨ ਭਿਨ ਤਕਨੀਕਾਂ ਦਾ ਅਮਲੀ ਗਿਆਨ ਬਹੁਤ ਹੈ।

## ਅਮਰ ਨਾਥ ਸਹਿਗਲ

ਸ੍ਰੀ ਸਹਿਗਲ ਉਨ੍ਹਾਂ ਕੁਝ ਕੁ ਕਲਾਕਾਰਾਂ ਵਿੱਚੋਂ ਹੈ ਜਿਨ੍ਹਾਂ ਨੇ ਹੁਨਰ ਵਿਚ ਕਲਪਨਾ ਦੇ ਖ਼ਤਰੇ ਨੂੰ ਮਹਿਸੂਸ ਕੀਤਾ ਹੈ। ਉਸ ਦੀ ਕਲਾ ਦੀ ਪਹਿਲੀ ਨੁਮਾਇਸ਼ ਦਿੱਲੀ ਵਿਚ ਖੁੱਲ੍ਹੀ ਥਾਂ ਉੱਤੇ ਲੱਗੀ ਸੀ ਅਤੇ ਉਸ ਵਿਚ ਤਰਾਸ਼ੇ ਬੁੱਤ ਅਤੇ ਕੁਝ ਕੁ ਪੁਰਾਣੇ ਧਾਤ ਦੇ ਟੁਕੜੇ ਇਸ ਤਰ੍ਹਾਂ ਜੋੜੇ ਹੋਏ ਦਿਖਾਏ ਗਏ ਸਨ ਕਿ ਉਨ੍ਹਾਂ ਤੋਂ ਨਵੇਂ ਰੂਪ ਹੋਂਦ ਵਿਚ ਆ ਗਏ ਸਨ। ਇਨ੍ਹਾਂ ਵਿੱਚੋਂ ਕੁਝ ਪੰਛੀਆਂ ਦੇ ਨਮੂਨੇ ਸਨ, ਕੁਝ ਜਾਨਵਰਾਂ ਦੀਆਂ ਸ਼ਕਲਾਂ ਨਾਲ ਮਿਲਦੇ-ਜੁਲਦੇ ਸਨ ਤੇ ਕੁਝ ਅਜੇਹੇ ਵੀ ਸਨ ਜਿਨ੍ਹਾਂ ਤੋਂ ਕੋਈ ਚੀਜ਼ ਨਵੀਂ ਨਹੀਂ ਸੀ ਬਣਦੀ ਤੇ ਉਹ ਬੱਸ ਤਿੰਨ-ਪੱਖੀ ਢਾਂਚੇ ਹੀ ਸਨ। ਆਪਣੀ ਨਵੀਂ ਕਿਰਤ ਵਿਚ ਸ੍ਰੀ ਸਹਿਗਲ ਪੁਰਾਣੇ, ਅਜ਼ਮਾਏ ਹੋਏ ਰੂਪਾਂ ਵੱਲ ਹੀ ਆ ਜਾਂਦਾ ਹੈ ਤੇ ਵਿੱਥ ਦੀ ਵਰਤੋਂ ਵਲ ਵੀ ਧਿਆਨ ਦਿੰਦਾ ਹੈ। ਪਰ ਇੱਥੇ ਵੀ ਰੂਪਾਂ ਦਾ ਸਾਧਾਰਨੀਕਰਣ ਕਰ ਦਿੱਤਾ ਹੈ। ਉਨ੍ਹਾਂ ਦਾ ਮੂਲ ਪ੍ਰਤੀਨਿਧ ਨਹੀਂ, ਸੰਕੇਤਕ ਹੈ ਅਤੇ ਉਹ ਇਧਰ ਉਧਰ ਪੁਲਾੜ ਵਿਚ ਹਰਕਤ ਕਰਦੇ ਹਨ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਕਿਸੇ ਇਕ ਸੰਪੂਰਨ ਇਕਾਈ ਦਾ ਅੰਗ ਦਰਸਾਉਂਦੇ ਹਨ।

ਸ੍ਰੀ ਸਹਿਗਲ ਦੀਆਂ ਕਿਰਤਾਂ ਦਾ ਆਧਾਰ ਪ੍ਰਤੱਖ ਅਤੇ ਸਾਦੇ ਵਿਚਾਰ ਹਨ। ਉਹ ਵੇਰਵੇ ਜਾਂ ਸਜਾਵਟ ਲਈ ਕੋਈ ਮਸਾਲਾ ਨਹੀਂ ਵਰਤਦਾ ਅਤੇ ਨਾ ਹੀ ਉਹ ਭਾਵ-ਚਿੱਤੇਰਿਆਂ ਦੀ ਜੋਸ਼ੀਲੀ ਸ਼ੈਲੀ ਦੀ ਵਰਤੋਂ ਕਰਦਾ ਹੈ।

ਰੂਪਕ ਬੁੱਤ ਤਰਾਸ਼ੀ ਨੇ ਭਾਰਤ ਵਿਚ ਅਜੇ ਉੱਨਤੀ ਕਰਨੀ ਹੈ। ਪੱਛਮ ਵਿਚ, ਜਿੱਥੇ ਇਸ ਤਰ੍ਹਾਂ ਦੀ ਬੁੱਤ-ਤਰਾਸ਼ੀ ਲਈ, ਜੋ ਕੇਵਲ ਮੰਨੀ ਹੀ ਨਹੀਂ ਜਾਂਦੀ ਸਗੋਂ ਉਹ ਹਰਮਨ-ਪਿਆਰੀ ਵੀ ਹੈ, ਵਰਤੀ ਜਾਣ ਵਾਲੀ ਸੰਕੇਤਾਵਲੀ ਆਮ ਸਮਝੀ ਜਾਂਦੀ ਹੈ। ਇਸ ਤਰ੍ਹਾਂ ਦੀ ਬੁੱਤ-ਤਰਾਸ਼ੀ ਢਾਂਚਈ ਸੰਤੁਲਨ ਅਤੇ ਚਾਲਾਂ ਉੱਤੇ ਅਧਾਰਤ ਹੁੰਦੀ ਹੈ। ਭੌਂਦੇ ਸਮਾਇਰਲ ਅਤੇ ਗੋਲ ਵੋਲੀਯੂਟ ਤੱਤਵੀ ਤੇ ਰੂਪਕ ਜਜ਼ਬੇ ਪੈਦਾ ਕਰਦੇ ਹਨ। ਸ੍ਰੀ ਸਹਿਗਲ ਦੀ ਕਿਰਤ ਭਾਵੇਂ ਪਰਤਾਵੀਂ ਤੇ ਆਰੰਭਕ ਹੈ, ਪਰ ਉਹ ਰੂਪ ਉਪਜਾਊ ਵੀ ਹੈ। ਇਹ ਨਵੀਂ ਬੁੱਤ-ਤਰਾਸ਼ੀ ਭਾਵੇਂ ਸੂਖਮ ਹੋਵੇ ਅਤੇ ਭਾਵੇਂ ਪ੍ਰਤੀਨਿਧ, ਇਹ ਅਜੇ ਆਪਣੇ ਰੂਪ ਦੀ ਭਾਲ ਵਿਚ ਹੈ — ਅਜੇਹੇ ਰੂਪ ਦੀ ਭਾਲ ਵਿਚ ਜੋ ਕਲਾਕਾਰ ਦੀ ਉਪਜਾਊ ਕਲਪਨਾ ਅਤੇ ਵਿਅਕਤੀਗਤ ਪ੍ਰਤਿਭਾ ਉੱਤੇ ਆਧਾਰਤ ਹੋਵੇ।

## ਠਾਕਰ ਸਿੰਘ

ਉੱਨ੍ਹੀਂਵੀ ਸਦੀ ਦੇ ਅਖ਼ੀਰ ਵਿਚ ਪੰਜਾਬ ਦੇ ਹੁਨਰ-ਸੰਸਾਰ ਦੀ ਸਭ ਤੋਂ ਪ੍ਰਭਾਵਸ਼ਾਲੀ ਸ਼ਖ਼ਸੀਅਤ, ਮੇਓ ਸਕੂਲ ਔਫ਼ ਆਰਟ, ਲਾਹੌਰ ਦਾ ਪ੍ਰਿੰਸੀਪਲ ਅਤੇ ਅਜਾਇਬ-ਘਰ ਦਾ ਕਿਉਰੇਟਰ ਜੇ. ਲੌਕਵੁੱਡ ਕਿਪਲਿੰਗ ਸੀ। ਇਹ ਇਕ ਸਿਆਣਾ ਅੰਗਰੇਜ਼ ਸੀ ਜਿਸ ਉੱਤੇ ਪੂਰਬ ਰਫ਼ੇਲ ਸਕੂਲ ਦੇ ਰੋਜ਼ੇਟੀ, ਹਰੋਮਨ ਹੰਟ ਅਤੇ ਬਰਨ ਜੋਨਜ਼ ਦਾ ਪ੍ਰਭਾਵ ਸੀ, ਪਰ ਉਸ ਨੇ ਆਪਣੇ ਭਾਰਤੀ ਵਿਦਿਆਰਥੀਆਂ ਨੂੰ ਯੂਨਾਨੀ ਤੇ ਰੋਮਨ ਮਾਡਲਾਂ ਦੀ ਨਕਲ ਕਰਨੀ ਸਿਖਾਈ। ਇਸ ਤਰ੍ਹਾਂ ਜਦੋਂ ਹਾਵੇਲ ਤੇ ਅਬਨਿੰਦਰ ਨਾਥ ਟੈਗੋਰ ਦਾ ਰਫ਼ੇਲ ਤੋਂ ਪਹਿਲਾਂ ਦਾ ਸਥਾਨਕ ਹੁਨਰ ਉੱਤਰ ਵਲ ਆਇਆ ਤਾਂ ਉਸ ਸਮੇਂ ਦਾ ਚਾਲੂ ਹੁਨਰ ਅਜੰਤਾਂ ਦੇ ਹੁਨਰ ਨੂੰ ਪੁਨਰ-ਜੀਵਤ ਕਰਨ ਵਾਲਾ ਨਹੀਂ ਸਗੋਂ ਉੱਨ੍ਹੀਂਵੀ ਸਦੀ ਦਾ ਪ੍ਰਕਿਰਤੀਵਾਦੀ ਯੂਰਪੀ ਹੁਨਰ ਸੀ।

ਜਾਪਦਾ ਹੈ ਠਾਕੁਰ ਸਿੰਘ ਨੇ ਆਪਣੇ ਇਸ ਯੂਰਪੀ ਮਿੱਤਰ ਦੀ ਸ਼ੁੱਧਤਾਈ ਸਿੱਖ ਲਈ ਹੈ ਅਤੇ ਤ੍ਰਿਪੱਖੀ ਚਿੱਤਰਾਂ ਅਤੇ ਮਾਡਲ ਵਿਚਲੀ ਦਿੱਸਦੀ ਤਰਤੀਬ ਲਈ ਇਨ੍ਹਾਂ ਦੇ ਦਿਲ ਵਿਚ ਸ਼ਲਾਘਾ ਹੈ। ਕਲਾਕਾਰ ਨੇ ਕੁਝ ਹੁਨਰਮੰਦੀ ਵੀ ਇਸ ਵਿਚ ਸ਼ਾਮਲ ਕੀਤੀ ਹੈ। ਇਸ ਹੁਨਰਮੰਦੀ ਦਾ ਆਧਾਰ ਸਿੱਖ ਸਮੇਂ ਦੀ ਗਿੱਲੇ ਪਲੱਸਤਰ ਦੀ ਚਿਤਰਕਾਰੀ ਦੇ ਅਲੋਪ ਹੋਣ ਉਪਰੰਤ ਪੁਰਾਣੇ ਦੀਵਾਰੀ ਚਿੱਤਰਾਂ ਦੀ ਸਹੀ ਸਹੀ ਨਕਲ ਉਤਾਰਨ ਵਿਚ ਹੈ।

ਇਸ ਦੇ ਫਲ-ਸਰੂਪ ਇਕ ਕੱਟੜ ਸ਼ੈਲੀ ਚਲ ਪਈ ਜਿਸ ਦਾ ਕਿਰਤੀ ਰਵੱਈਏ ਅਨੁਸਾਰ ਪਦਾਰਥਾਂ ਵਲ ਬਹੁਤ ਭਾਵਕ ਰਵੱਈਆ ਸੀ। ਇਸੇ ਕਾਰਨ ਪਿੱਛੋਂ ਦੇ ਬਹੁਤ ਸਾਰੇ ਸਿਖਾਂਦਰੂਆਂ ਨੇ ਇਸ ਸ਼ੈਲੀ ਨੂੰ ਨਾ ਅਪਣਾਇਆ।

ਠਾਕੁਰ ਸਿੰਘ ਦੀਆਂ ਚੱਤਰੀਆਂ ਮੂਰਤਾਂ ਸ਼ਖ਼ਸੀ ਮੁੱਲ ਦੀ ਪੜਚੋਲ ਹਨ, ਪਰ ਉਸ ਦੇ ਤਸੱਵਰ ਨੂੰ ਪ੍ਰਕ੍ਰਿਤੀਵਾਦ ਨਾਲ ਮਿਲਾਇਆ ਜਾਂਦਾ ਹੈ।

## ਸੋਭਾ ਸਿੰਘ

ਸੋਭਾ ਸਿੰਘ ਸੁਭਾ ਅਨੁਸਾਰ ਹੀ ਕਦੀ ਤਾਂ ਰੋਮਾਂਚਕ ਚਿੱਤਰਕਾਰ ਹੈ ਅਤੇ ਕਦੀ ਵਾਸਤਵੀ। ਜਦੋਂ ਕੋਈ ਕੁਝ ਚਾਹ ਰਿਹਾ ਹੋਵੇ ਤਾਂ ਉਸ ਦਾ ਚਿੱਤਰ ਉਸ ਦੇ ਤਸੱਵਰ ਵਿਚ ਚੰਗੀ ਤਰ੍ਹਾਂ ਜਮ ਜਾਂਦਾ ਹੈ। ਉਹ ਅਬਨਿੰਦਰ ਨਾਥ ਟੈਗੋਰ ਦੇ ਸ਼ੁਰੂ ਸ਼ੁਰੂ ਦੇ ਮੁਗ਼ਲਈ ਝੁਕਾਉ ਵਾਂਗਰ ਪੰਜਾਬ ਦੀ ਇਸ਼ਕੀਆ ਕਵਿਤਾ ਉੱਤੇ ਆਧਾਰਤ ਚਿੱਤਰ ਚਿੱਤਰਦਾ ਹੈ। ਫੇਰ ਉਹ ਯੱਕ-ਦਮ ਧਰਤੀ ਉੱਤੇ ਉੱਤਰ ਆਉਂਦਾ ਹੈ ਤੇ ਪੱਥਰ ਲਿਜਾਂਦੇ ਕਾਮਿਆਂ, ਪੰਜਾਬ ਦੇ ਪਿੰਡਾਂ ਤੇ ਖੇਤਾਂ ਵਿਚ ਇਸਤਰੀਆਂ ਨੂੰ ਕੰਮ ਕਰਦੇ ਦੇਖਣ ਲਗ ਪੈਂਦਾ ਹੈ।

ਉਸ ਦੀ ਤਕਨੀਕ ਦੋਹਾਂ ਹਾਲਤਾਂ ਵਿਚ ਸਹੀ ਸਹੀ ਹੁੰਦੀ ਹੈ ਤੇ ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਕਾਰੀਗਰਾਂ ਦੀ ਕਾਰੀਗਰੀ ਦੀ ਝਲਕ ਹੁੰਦੀ ਹੈ। ਕਿਹਾ ਜਾ ਸਕਦਾ ਹੈ ਕਿ ਉਸ ਨੇ ਅਬਦੁਲ ਰਹਿਮਾਨ ਚੁਗ਼ਤਾਈ ਵਾਂਗਰ ਨਗੇਬ ਕਿਸ਼ੋਰੀ ਸਿੰਘ ਲਾਹੌਰੀ ਦੇ ਗੁਰਾਂ ਨੂੰ ਸਿਖਰ ਤੇ ਪਹੁੰਚਾਇਆ। ਫੇਰ ਵੀ ਮੂਰਤੀਕਾਰੀ ਦੇ ਖੇਤਰ ਵਿਚ ਉਹ ਆਧੁਨਿਕ ਜੁਗ ਨਾਲ ਆ ਰਲਦਾ ਹੈ।

## ਗੁਰਚਰਨ ਸਿੰਘ

ਗੁਰਚਰਨ ਸਿੰਘ ਚਾਲ੍ਹੀ ਸਾਲ ਤੋਂ ਵਧ ਸਮੇਂ ਤੋਂ ਮਿੱਟੀ ਦੇ ਭਾਂਡੇ ਬਣਾਉਣ ਦੇ ਹੁਨਰ ਦੀ ਸਾਧਨਾ ਕਰ ਰਿਹਾ ਹੈ। ਇਸੇ ਲਈ ਉਹ ੧੯੧੯ ਵਿਚ ਮਿੱਟੀ ਦੇ ਭਾਂਡੇ ਬਣਾਉਣ ਦੀ ਕਲਾ ਦੇ ਅਧਿਐਨ ਲਈ ਜਾਪਾਨ, ਚੀਨ ਤੇ ਕੋਰੀਆ ਗਿਆ। ਉਸ ਨੇ ਜਾਪਾਨ ਵਿਚ ਆਪਣੀ ਕਿਰਤ ਦੀ ਇਕ ਨੁਮਾਇਸ਼ ਵੀ ਕੀਤੀ ਸੀ।

੧੯੨੨ ਵਿਚ ਭਾਰਤ ਵਾਪਸ ਆਉਣ ਤੋਂ ਬਾਦ ਉਹ ੧੫ ਸਾਲ ਤਕ ਦਿੱਲੀ ਵਿਚ ਇਕ ਟਾਈਲ ਫ਼ੈਕਟਰੀ ਵਿਚ ਕੰਮ ਕਰਦਾ ਰਿਹਾ। ਇਸ ਤੋਂ ਪਿੱਛੋਂ ਲਾਹੌਰ ਦੇ ਗੌਰਮੈਂਟ ਪੌਟਰੀ ਇਨਸਟੀਚੀਯੂਟ ਦਾ ਮੁੱਖ ਅਫ਼ਸਰ ਬਣ ਗਿਆ। ੧੯੫੨ ਵਿਚ ਉਸ ਨੇ ਦਿੱਲੀ ਵਿਚ ਆਪਣਾ ਸਟੂਡੀਓ ਖੋਲ੍ਹ ਲਿਆ ਜਿਸ ਦਾ ਨਾਉਂ "ਦਿੱਲੀ ਬਲੂ ਆਰਟ ਪੌਟਰੀ" ਹੈ। ਇਸ ਸਟੂਡੀਓ ਵਿਚ ਉਹ ਦਿੱਲੀ ਦੀ ਪੁਰਾਣੀ ਬਲੂ ਪੌਟਰੀ ਨੂੰ ਪੁਨਰ-ਜੀਵਤ ਕਰਨ ਲਈ Glaze ਨਾਲ ਤਜਰਬੇ ਕਰ ਰਿਹਾ ਹੈ। ਇਸ ਦਾ ਮੁਗ਼ਲਾਂ ਦੇ ਜ਼ਮਾਨੇ ਵਿਚ ਬਹੁਤ ਰਿਵਾਜ ਸੀ। ਉਹ ਇਸ ਸਟੂਡੀਓ ਵਿਚ ਇਕ ਘੁਮਿਆਰ ਤੇ ਕੁੱਝ ਅਣਸਿੱਖੇ ਵਿਅਕਤੀਆਂ ਦੀ ਸਹਾਇਤਾ ਨਾਲ, ਆਪਣੇ ਪੇਸ਼ੇ ਦੇ ਗੁਰਾਂ ਅਨੁਸਾਰ ਮਿੱਟੀ ਦੇ ਭਾਂਡੇ, ਪਾਲਸ਼ ਤੇ ਗਲੇਜ਼ ਬਣਾਉਂਦਾ ਹੈ ਤੇ ਭਿੰਨ ਭਿੰਨ ਰੰਗਾਂ ਨੂੰ ਆਪਸ ਵਿਚ ਮਿਲਾਉਂਦਾ ਹੈ। ਇਸ ਦੇ ਕੰਮ ਦਾ ਖੇਤਰ ਬਹੁਤ ਵਿਸ਼ਾਲ ਹੈ ਅਤੇ ਇਸ ਵਿਚ ਪਰੰਪਰਾਗਤ ਮੁੱਢਲੇ ਰੂਪਾਂ ਤੋਂ ਲੈ ਕੇ ਆਧੁਨਿਕ ਪਰਤਾਵੀ ਰੂਪਾਂ ਤਕ ਦੀਆਂ ਬਣਤਰਾਂ ਅਤੇ ਗਲੇਜ਼ ਸ਼ਾਮਲ ਹਨ। ਹੁਣੇ ਜਹੇ ਸਰਬ-ਭਾਰਤੀ ਦਸਤਕਾਰੀ ਬੋਰਡ ਨੇ ਉਸ ਦੀ ਅਗਵਾਈ ਹੇਠ ਭਾਰਤ ਦੇ ਸਭ ਭਾਗਾਂ ਦੇ ਕਾਰੀਗਰਾਂ ਨੂੰ ਮਿੱਟੀ ਦੇ ਭਾਂਡੇ ਬਣਾਉਣ ਦੇ ਹੁਨਰ ਦੀ ਸਿੱਖਿਆ ਦੇਣ ਲਈ ਇਕ ਸਕੀਮ ਚਾਲੂ ਕੀਤੀ ਹੈ।

੧੯੫੫ ਤੇ ੧੯੫੬ ਦੀ ਬਸੰਤ ਰੁੱਤ ਵਿਚ ਉਸ ਨੇ ਦਿੱਲੀ ਵਿਚ ਮਿੱਟੀ ਦੇ ਭਾਂਡਿਆਂ ਦੀਆਂ ਦੋ ਨੁਮਾਇਸ਼ਾਂ ਲਾਈਆਂ। ਅਕਤੂਬਰ ੧੯੫੫ ਵਿਚ ਉਸ ਨੇ ਇਕ ਨੁਮਾਇਸ਼ ਆਰਟ ਗੈਲਰੀ, ਬੰਬਈ ਵਿਚ ਲਾਈ ਸੀ।

# ਹਾਰਸ਼ਿੰਗਾਰ ਤੇ ਪਹਿਰਾਵਾ

# ਹਾਰਸ਼ਿੰਗਾਰ ਤੇ ਪਹਿਰਾਵਾ

## ਹਾਰਸ਼ਿੰਗਾਰ

ਰੱਬ ਤੇ ਮਨੁੱਖ ਦੋਹਾਂ ਨੂੰ ਸ਼ਿੰਗਾਰ ਨਾਲ ਪਿਆਰ ਹੈ । ਰੱਬ ਆਪਣੀ ਕਾਇਨਾਤ ਨੂੰ ਸ਼ਿੰਗਾਰਦਾ ਹੈ ਅਤੇ ਮਨੁੱਖ ਆਪਣੇ ਪਰਵਾਰ ਤੇ ਆਪਣੇ ਆਪ ਨੂੰ। ਅਸਲ ਵਿਚ ਹਿਸਾਬ ਸਿਰ ਤੇ ਰੀਝ ਨਾਲ ਲਾਇਆ ਸ਼ਿੰਗਾਰ ਬੰਦੇ ਦੀ ਸ਼ਖ਼ਸੀਅਤ ਦਾ ਪ੍ਰਭਾਵ ਬਣਾਉਂਦਾ ਹੈ । ਪੁਸ਼ਾਕ ਤੇ ਗਹਿਣੇ ਸ਼ਿੰਗਾਰ ਦੇ ਵੱਡੇ ਸਾਧਨ ਹਨ । ਇਕ ਕਹਾਵਤ ਅਨੁਸਾਰ ਰੱਬ ਮਨੁੱਖ ਦੀ ਸਿਰਜਣਾ ਕਰਦਾ ਹੈ ਤੇ ਪਹਿਰਾਵਾ ਉਸ ਨੂੰ ਰੂਪ ਦਿੰਦਾ ਹੈ। ਇਕ ਉਰਦੂ ਦਾ ਮਕੂਲਾ ਹੈ :–

ਏਕ ਹੁਸਨ ਆਦਮੀ, ਹਜ਼ਾਰ ਹੁਸਨ ਕਪੜਾ
ਲਾਖ ਹੁਸਨ ਜ਼ੇਵਰ, ਕਰੋੜ ਹੁਸਨ ਨਖ਼ਰਾ ।

ਇਸ ਅਖਾਉਤ ਤੋਂ ਸ਼ਖ਼ਸੀਅਤ ਦੀ ਉਸਾਰੀ ਵਿਚ ਗਹਿਣਿਆਂ ਦੇ ਭਾਗ ਦਾ ਪਤਾ ਚਲ ਜਾਂਦਾ ਹੈ। ਅਸਲ ਵਿਚ ਬਹੁਤ ਥੋੜੇ ਬੰਦੇ ਮਿਲਣਗੇ ਜਿਹੜੇ ਆਪਣੀ ਸ਼ਖ਼ਸੀਅਤ ਚਮਕਾਉਣ ਵਾਸਤੇ ਹਾਰਸ਼ਿੰਗਾਰ ਦੇ ਮੁਥਾਜ ਨਾ ਹੁੰਦੇ ਹੋਣ।

ਮਨੁੱਖ ਦਾ ਆਪਣੇ ਆਪ ਨੂੰ ਸ਼ਿੰਗਾਰਨ ਦਾ ਸ਼ੌਕ ਬਹੁਤ ਪੁਰਾਣਾ ਹੈ । ਪੁਰਾਤਨ ਚਿਤਰ ਅਤੇ ਮੂਰਤੀਆਂ ਇਸ ਕਥਨ ਦੀ ਸਾਖੀ ਭਰਦੀਆਂ ਹਨ । ਉਦੋਂ ਸਜਾਵਟ ਵਾਸਤੇ ਘਾਹ, ਵੇਲਾਂ, ਬੀਜ, ਹੱਡੀਆਂ, ਸ਼ੀਸ਼ਾ, ਤਾਂਬਾ, ਲੋਹਾ, ਹਾਥੀ ਦੰਦ ਅਤੇ ਮੋਤੀ ਵਰਤੇ ਜਾਂਦੇ ਸਨ। ਹੌਲੀ ਹੌਲੀ ਸੋਨੇ ਚਾਂਦੀ ਦੀ ਵਰਤੋਂ ਸ਼ੁਰੂ ਹੋ ਗਈ । ਜਿਹੜੇ ਸੋਨਾ ਨਹੀਂ ਸੀ ਖ਼ਰੀਦ ਸਕਦੇ ਉਨ੍ਹਾਂ ਨੇ ਝਾਲ ਅਤੇ ਮੁਲੰਮੇ ਤੋਂ ਕੰਮ ਲੈਣਾ ਸ਼ੁਰੂ ਕਰ ਦਿੱਤਾ। ਝਾਲ ਵਾਲੇ ਗਹਿਣਿਆਂ ਦੇ ਨਮੂਨੇ ਟੈਕਸਲਾ ਦੀ ਖ਼ੁਦਾਈ ਵਿੱਚੋਂ ਵੀ ਮਿਲੇ ਹਨ । ਮੁਸਲਮਾਨਾਂ ਨੇ ਭਾਰਤ ਦੀ ਪੁਸ਼ਾਕ ਤੇ ਗਹਿਣਿਆਂ ਨੂੰ ਆਪਣੀ ਕਲਾਮਈ ਰੁਚੀ ਦੁਆਰਾ ਹੋਰ ਵੀ ਸੁੰਦਰ ਤੇ ਫਬਵਾਂ ਬਣਾ ਦਿਤਾ ਹੈ । 'ਆਈਨਿ-ਅਕਬਰੀ' ਵਿਚ ਜ਼ਿਕਰ ਹੈ ਕਿ ਅਕਬਰ ਬਾਦਸ਼ਾਹ ਕਾਰੀਗਰਾਂ ਦੀ ਦੇਖ-ਭਾਲ ਅਤੇ ਹੌਂਸਲਾ-ਅਫ਼ਜ਼ਾਈ ਆਪ ਕਰਦਾ ਹੁੰਦਾ ਸੀ।

ਹਾਰ-ਸ਼ਿੰਗਾਰ ਦੇ ਅਸਥਾਨ ਤਾਂ ਪਹਿਲਾਂ ਵਾਲੇ ਗਹਿਣਿਆਂ ਲਈ ਸਿਰ, ਕੰਨ, ਨੱਕ, ਗਲ, ਹੱਥ, ਬਾਹਾਂ ਤੇ ਪੈਰ ਜਾਂ ਗਿੱਟੇ ਅਤੇ ਪੁਸ਼ਾਕ ਲਈ ਸਿਰ, ਗਲ ਜਾਂ ਤੇੜ ਹੀ ਹਨ, ਪਰ ਇਨ੍ਹਾਂ ਦੇ ਰੂਪ ਤੇ ਬਣਤਰ ਵਿਚ ਬੜਾ ਫ਼ਰਕ ਪੈਂਦਾ ਗਿਆ ਹੈ। ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ ਗਹਿਣਿਆਂ ਜਾਂ ਪੁਸ਼ਾਕਾਂ ਉੱਤੇ ਚੰਦਰਮਾਂ ਜਾਂ ਸੂਰਜ ਉੱਕਰੇ ਹੋਏ ਹੁੰਦੇ ਸਨ ਜਾਂ ਇਨ੍ਹਾਂ ਦੀਆਂ ਮੂਰਤੀਆਂ ਜੜੀਆਂ ਹੁੰਦੀਆਂ ਸਨ। ਇਹ ਆਰੀਆ ਲੋਕਾਂ ਦੀ ਦੈਵੀ ਸ਼ਕਤੀਆਂ ਦੀ ਪੂਜਾ ਦੇ ਚਿੰਨ੍ਹ ਸਨ। ਪਰ ਮੁਸਲਮਾਨ ਕਿਸੇ ਕਿਸਮ ਦੀ ਮਨੁੱਖੀ ਜਾਂ ਦੇਵ-ਪੂਜਾ ਨੂੰ ਨਹੀਂ ਸਨ ਮੰਨਦੇ, ਇਸ ਲਈ ਇਨ੍ਹਾਂ ਚਿੰਨ੍ਹਾਂ ਦੀ ਥਾਂ ਬੇਲਾਂ ਬੂਟਿਆਂ ਤੇ ਜੀਵਾਂ ਜੰਤੂਆਂ ਨੇ ਲੈ ਲਈ । ਚੰਪਾ-ਕਲੀ ਹਾਰ, ਸ਼ੇਰਾਂ, ਹਾਥੀਆਂ ਵਾਲੇ ਕੜੇ, ਮੋਰ-ਨੁਮਾ ਝੁਮਕੇ, ਮਛਲੀ ਵਾਲੇ ਟਿੱਕੇ ਇਸੇ ਸਮੇਂ ਦੀ ਕਾਢ ਹਨ। ਇਸਲਾਮੀ ਸਿਤਾਰੇ ਨੇ ਹਿੰਦੂ ਕੰਵਲ ਨੂੰ ਸ਼ਿੰਗਾਰ ਦੇ ਪਿੜ ਵਿੱਚੋਂ ਕੱਢ ਦਿੱਤਾ। ਥੋੜ੍ਹੇ ਜਿਹੇ ਹਿੰਦੂ ਚੰਨ, ਸੂਰਜ ਦੇ ਚਿੰਨ੍ਹ ਵਾਲੇ ਗਹਿਣੇ ਪਹਿਨਦੇ ਰਹੇ।

ਪੰਜਾਬ ਦੀਆਂ ਲਗਭਗ ਸਾਰੀਆਂ ਜਾਤੀਆਂ ਆਪਣੀ ਧਾਰਮਕ ਮਰਿਯਾਦਾ ਤੇ ਆਰਥਕ ਪਹੁੰਚ ਅਨੁਸਾਰ ਗਹਿਣੇ ਪਹਿਨਦੀਆਂ ਹਨ। ਇਹ ਗਹਿਣੇ ਪਤਨੀ ਦੇ ਪਤੀ ਦੀ ਆਰਥਕ ਹਾਲਤ ਦਾ ਸ਼ੀਸ਼ਾ ਮੰਨੇ ਜਾਂਦੇ ਹਨ।

ਜੇ ਕਿਸੇ ਨੇ ਥੋੜ੍ਹੇ ਗਹਿਣੇ ਪਹਿਨੇ ਹੋਣ ਤਾਂ ਉਸ ਦੇ ਪਤੀ ਨੂੰ ਗ਼ਰੀਬ ਸਮਝਿਆ ਜਾਂਦਾ ਹੈ। ਇਸ ਲਈ ਉਸ ਦਾ ਜਤਨ ਹੁੰਦਾ ਹੈ ਕਿ ਆਪਣੇ ਪਤੀ ਨਾਲ ਲੜ ਝਗੜ ਕੇ ਵੀ ਗਹਿਣਿਆਂ ਦਾ ਕੋਟਾ ਪੂਰਾ ਰੱਖੇ । ਗ਼ਰੀਬ ਤੋਂ ਗ਼ਰੀਬ ਜਾਤੀਆਂ ਵੀ ਲੱਤਾਂ ਬਾਹਾਂ ਤੇ ਗਰਦਨ ਉੱਤੇ ਤਾਂਬੇ ਆਦਿ ਦੇ ਗਹਿਣੇ ਪਹਿਨ ਲੈਂਦੀਆਂ ਹਨ। ਹਰਿਆਣੇ ਦੀ ਜਾਟਣੀ ਅਤੇ ਬਾਗੜ ਦੀ ਜੱਟੀ ਦੇ ਗਹਿਣਿਆਂ ਦਾ ਭਾਰ ਤਾਂ ਪੰਜ ਪੰਜ ਸੇਰ ਤਕ ਜਾ ਪਹੁੰਚਦਾ ਹੈ। ਹਰਿਆਣੇ ਵਿਚ ਸਿਰ ਤੋਂ ਪੈਰਾਂ ਦੀਆਂ ਉਂਗਲੀਆਂ ਤਕ ਕੋਈ ਹਿੱਸਾ ਗਹਿਣਿਆਂ ਤੋਂ ਖ਼ਾਲੀ ਨਹੀਂ ਛੱਡਿਆ ਜਾਂਦਾ। ਜਿਸਮ ਦੇ ਜਿਸ ਹਿੱਸੇ ਉੱਤੇ ਗਹਿਣੇ ਪਹਿਨੇ ਜਾਂਦੇ ਹਨ ਉਸ ਨੂੰ ਕਪੜਿਆਂ ਨਾਲ ਨਹੀਂ ਕੱਜਿਆ ਜਾਂਦਾ। ਸਿਰ, ਨੱਕ, ਕੰਨ, ਧੌਣ, ਲੱਕ ਅਤੇ ਹੱਥਾਂ ਪੈਰਾਂ ਦੇ ਗਹਿਣੇ ਵਿਖਾਉਣ ਵਾਸਤੇ ਉੱਚੀ ਘੱਗਰੀ, ਨਿੱਕੀ ਅੰਗੀ ਅਤੇ ਮਲਮਲ ਦੀ ਓਢਨੀ ਪਹਿਨਣ ਦਾ ਰਿਵਾਜ ਹੈ। ਇਉਂ ਸਮਝ ਲਵੋ ਕਿ ਕੱਪੜਾ ਤਾਂ ਸਰੀਰ ਦੇ ਉਸੇ ਭਾਗ ਲਈ ਰਾਖਵਾਂ ਹੁੰਦਾ ਹੈ ਜਿਸ ਉੱਤੇ ਗਹਿਣੇ ਪਹਿਨਣ ਦੀ ਗੁੰਜਾਇਸ਼ ਨਹੀਂ ਹੁੰਦੀ। ਹਿਸਾਰ ਵਰਗੇ ਗ਼ਰੀਬ ਜ਼ਿਲੇ ਦਾ ਅੱਧੀ ਕੁ ਸਦੀ ਪਹਿਲਾਂ ਪ੍ਰਕਾਸ਼ਿਤ ਹੋਇਆ ਗ਼ੈਜ਼ਟੀਅਰ, ਜਿਸਮ ਉੱਤੇ ਪਹਿਨੇ ਜਾਣ ਵਾਲੇ ਪੂਰੇ ਇਕਾਸੀ ਗਹਿਣਿਆਂ ਦੀ ਸੂਚੀ ਦੇਂਦਾ ਹੈ, ਜਿਨ੍ਹਾਂ ਵਿਚੋਂ ਪੰਜ ਇਕੱਲੇ ਨੱਕ ਲਈ ਹੀ ਹਨ। ਇੱਥੇ ਇਹ ਦੱਸਣਾ ਅਨੁਚਿਤ ਨਹੀਂ ਹੋਵੇਗਾ ਕਿ ਨੱਕ ਦਾ ਗਹਿਣਾ, ਜਿਹੜਾ ਬੰਗਾਲ ਵਿਚ, ਲੋਹੇ ਦੇ ਕੜੇ ਵਾਂਙ, ਸੁਹਾਗ ਦਾ ਚਿੰਨ੍ਹ ਮੰਨਿਆ ਜਾਂਦਾ ਹੈ, ਕਿਸੇ ਯੂਰਪੀਨ ਦੇਸ਼ ਵਿਚ ਨਹੀਂ ਪਹਿਨਿਆ ਜਾਂਦਾ। ਪੁਰਾਤਨ ਮੂਰਤੀਆਂ ਵੇਖਣ ਤੋਂ ਵੀ ਇਹੋ ਪਤਾ ਚਲਦਾ ਹੈ ਕਿ ਭਾਰਤ ਵਿਚ ਵੀ ਨੱਕ ਵਾਸਤੇ ਕੋਈ ਗਹਿਣਾ ਨਹੀਂ ਸੀ ਹੁੰਦਾ। ਇਸ ਦਾ ਰਿਵਾਜ ਜ਼ਰੂਰ ਬਾਅਦ ਵਿਚ ਹੀ ਪ੍ਰਚਲਿਤ ਹੋਇਆ । ਸਾਡੇ ਸਮਾਜ ਵਿਚ ਇਸ ਦੀ ਮਹੱਤਤਾ ਏਨੀ ਵਧ ਗਈ ਸੀ ਕਿ ਸੁਹਾਗਣਾਂ ਨੂੰ 'ਤੇਰੇ ਨੱਥ ਚੂੜਾ ਬਰਕਰਾਰ' ਰਹਿਣ ਦੀ ਅਸੀਸ ਦਿੱਤੀ ਜਾਂਦੀ ਸੀ, ਬਲਕਿ ਪਿੰਡਾਂ ਵਿਚ ਹੁਣ ਵੀ ਦਿਤੀ ਜਾਂਦੀ ਹੈ। ਕਈ ਇਲਾਕਿਆਂ ਵਿਚ ਚੂੜੇ ਅਤੇ ਨੱਥ ਦੀ ਅਣਹੋਂਦ ਤਰਤੀਬਵਾਰ ਇਸਤਰੀ ਦੇ ਕੁਆਰੀ ਜਾਂ ਵਿਧਵਾ ਹੋਣ ਦੀ ਸੂਚਕ ਮੰਨੀ ਜਾਂਦੀ ਹੈ । ਭਾਰਤੀ ਇਸਤਰੀ ਦੀ ਨੱਥ ਅਤੇ ਮਛਲੀ (ਜਿਹੜੀ ਕਿ ਬੁੱਲ੍ਹਾਂ ਉੱਤੇ ਲਟਕਦੀ ਰਹਿੰਦੀ ਹੈ) ਵੇਖ ਕੇ ਯੂਰਪੀਨ ਲੋਕ ਬੜੇ ਹੱਸਿਆ ਕਰਦੇ ਸਨ । ਦੂਬੇ ਦੇ ਕਥਨ ਅਨੁਸਾਰ ਪਹਿਲਾਂ ਪਹਿਲ ਇਹ ਗਹਿਣਾ ਉਨ੍ਹਾਂ ਨੂੰ ਬਹੁਤ ਹੀ ਭੱਦਾ ਲਗਦਾ ਸੀ, ਪਰ ਹੌਲੀ ਹੌਲੀ ਉਹ ਵੀ ਇਸੇ ਨਤੀਜੇ ਉੱਤੇ ਪਹੁੰਚੇ ਕਿ ਇਹ ਤਾਂ ਸੱਚੀਮੁੱਚੀਂ ਦਾ ਸ਼ਿੰਗਾਰ ਹੈ।

ਅੱਧੀ ਕੁ ਸਦੀ ਪਹਿਲਾਂ ਗਹਿਣਿਆਂ ਤੋਂ ਪੂੰਜੀ ਦਾ ਕੰਮ ਵੀ ਲਿਆ ਜਾਂਦਾ ਸੀ, ਇੱਥੋਂ ਤਕ ਕਿ ਇਨ੍ਹਾਂ ਦੀ ਸਜਾਵਟ ਨਾਲੋਂ ਇਨ੍ਹਾਂ ਦੀ ਕੀਮਤ ਉੱਤੇ ਵਧੇਰੇ ਜ਼ੋਰ ਦਿੱਤਾ ਜਾਣ ਲਗ ਪਿਆ। ਕੰਢਿਆਂ ਤੋਂ ਮੁੜਵੇਂ ਸੋਨੇ ਦੇ ਭਾਰੇ ਕੜਿਆਂ ਅਤੇ ਗਲ ਵਾਸਤੇ ਸੋਨੇ ਦੀਆਂ ਠੋਸ ਕੈਂਠੀਆਂ ਤੇ ਕੈਂਠਿਆਂ ਦਾ ਰਿਵਾਜ ਪੈ ਗਿਆ । ਲੋੜ ਸਮੇਂ ਇਨ੍ਹਾਂ ਨੂੰ ਵੇਚ ਲਿਆ ਜਾਂਦਾ ਸੀ। ਕਿਸੇ ਪ੍ਰੇਮਣ ਦਾ ਆਪਣੇ ਪ੍ਰੇਮੀ ਨੂੰ ਇਹ ਕਹਿਣਾ 'ਮੇਰੇ ਵੇਚ ਕੇ ਕੰਨਾਂ ਦੇ ਵਾਲੇ, ਗੰਗਾ ਫੁੱਲ ਪਾ ਦਈਂ ਮਿੱਤਰਾ' ਇਸ ਅਮਲ ਦੀ ਪ੍ਰੋੜ੍ਹਤਾ ਕਰਦਾ ਹੈ। ਪ੍ਰੋਫ਼ੈਸਰ ਕੌਲ ਨੇ ਵਿਅੰਗ ਨਾਲ ਕਿਹਾ ਸੀ, 'ਭਾਰਤ ਵਿਚ ਗਹਿਣੇ ਆਮ ਆਦਮੀ ਲਈ ਬੈਂਕ ਦੇ ਤੁੱਲ ਹਨ, ਜਿਹੜਾ ਸੂਦ ਨਹੀਂ ਦਿੰਦਾ।' ਮਿਸਟਰ ਡਾਰਲਿੰਗ ਦੀ 'ਪੰਜਾਬ ਵਿਚ ਕਰਜ਼ੇ ਦੀ ਰਪੋਟ' ਦੱਸਦੀ ਹੈ ਕਿ ਇਸ ਰਿਵਾਜ ਕਾਰਨ ਹਰ ਵਰ੍ਹੇ ਭਾਰਤ ਵਿਚ ਹਜ਼ਾਰਾਂ ਰੁਪੈ ਦਾ ਚਾਂਦੀ, ਸੋਨਾ ਬਾਹਰਲੇ ਦੇਸਾਂ ਤੋਂ ਆਉਣ ਲਗ ਪਿਆ। ਇੱਥੋਂ ਤਕ ਕਿ ਵੀਹਵੀਂ ਸਦੀ ਦੀ ਪਹਿਲੀ ਚੁਥਾਈ ਵਿਚ ੧੧੦੮ ਕਰੋੜ ਰੁਪਏ ਦਾ ਚਾਂਦੀ, ਸੋਨਾ ਬਾਹਰੋਂ ਭਾਰਤ ਵਿਚ ਆਇਆ ਅਤੇ ਇਸੇ ਲੇਖਕ ਦੇ ਅਨੁਮਾਨ ਅਨੁਸਾਰ ਇਹ ਰਕਮ ਸਾਰੇ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਨਾਲੋਂ ਵੀ ਵਧ ਸੀ। ਉਦੋਂ ਬੈਂਕਾਂ ਵਿਚ ਕਿਸੇ ਨੂੰ ਵਿਸ਼ਵਾਸ਼ ਨਹੀਂ ਸੀ । ਜਿਉਂ ਜਿਉਂ ਪੂੰਜੀ ਨੂੰ ਬੈਂਕ ਵਿਚ ਰੱਖਣ ਦਾ ਰਿਵਾਜ ਵਧਿਆ, ਗਹਿਣਿਆਂ ਦਾ ਭਾਰ ਹਲਕਾ ਹੁੰਦਾ ਗਿਆ । 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ', ਲੋਕਾਂ ਨੇ ਸੋਚਣਾ ਸ਼ੁਰੂ ਕਰ ਦਿੱਤਾ। ਭਾਰ ਨਾਲੋਂ ਸ਼ਿੰਗਾਰ ਵਲ ਵਧੇਰੇ ਧਿਆਨ ਦਿਤਾ ਜਾਣ ਲਗ ਪਿਆ।

ਪੰਜਾਬ ਦੇ ਗਹਿਣਿਆਂ ਦਾ ਪੂਰਨ ਵੇਰਵਾ ਦੇਣ ਵਾਸਤੇ ਵਰਤਮਾਨ ਪੰਜਾਬ ਨੂੰ ਤਿੰਨ ਹਿੱਸਿਆਂ – ਕੇਂਦਰੀ

ਪੰਜਾਬ, ਹਰਿਆਣਾ ਤੇ ਕਾਂਗੜਾ ਵਿਚ ਵੰਡ ਲੈਣਾ ਯੋਗ ਹੋਵੇਗਾ। ਕੇਂਦਰੀ ਪੰਜਾਬ ਅੰਮ੍ਰਿਤਸਰ, ਗੁਰਦਾਸਪੁਰ, ਪਠਾਨ ਕੋਟ, ਫ਼ੀਰੋਜ਼ਪੁਰ, ਹੁਸ਼ਿਆਰਪੁਰ, ਜਾਲੰਧਰ, ਲੁਧਿਆਣਾ, ਪਟਿਆਲਾ ਤੇ ਅੰਬਾਲੇ ਦਾ ਇਲਾਕਾ ਲਿਆ ਜਾ ਸਕਦਾ ਹੈ ਅਤੇ ਹਰਿਆਣੇ ਵਿਚ ਕਰਨਾਲ, ਹਿਸਾਰ, ਰੋਹਤਕ ਤੇ ਗੁੜਗਾਉਂ ਦਾ, ਕਾਂਗੜੇ ਵਿਚ ਸਾਰਾ ਪਹਾੜੀ ਇਲਾਕਾ ਜਿੱਥੋਂ ਦੀ ਬਹੁਤ ਸਾਰੀ ਸਭਿਅਤਾ ਹਿਮਾਚਲ ਪ੍ਰਦੇਸ਼ ਵਾਲੀ ਹੀ ਹੈ। ਕੇਂਦਰੀ ਪੰਜਾਬ ਵਿਚ ਸੱਗੀ ਫੁੱਲ, ਚੌਂਕ ਚੰਦ, ਬੋਰਲਾ, ਬਘਿਆੜੀ, ਸ਼ਿੰਗਾਰ-ਪੱਟੀ, ਟਿਕਾ, ਕਲਿੱਪ, ਝੁੰਮਰਸੂਈ ਤੇ ਝੁੰਮਰ, ਸਿਰ ਉੱਤੇ ਪਹਿਨੇ ਜਾਂਦੇ ਹਨ। ਸੱਗੀ ਐਨ ਸਿਖ਼ਰ ਉੱਤੇ ਪਹਿਨੀ ਜਾਂਦੀ ਹੈ। ਇਹ ਮੂਧਾ ਕੱਪ-ਨੁਮਾ ਗਹਿਣਾ ਹੈ ਜਿਸਦੀ ਉਪਰਲੀ ਤਿੱਖੀ ਨੋਕ ਵਿਚ ਕੋਈ ਕੀਮਤੀ ਮੋਤੀ ਜਾਂ ਨਗ ਜੜਿਆ ਹੁੰਦਾ ਹੈ। ਇਹ ਵਧੇਰੇ ਕਰ ਕੇ ਰੰਗਦਾਰ ਹੁੰਦਾ ਹੈ ਅਤੇ ਪਤਲੇ ਡੋਰੀਏ ਦੇ ਦੁਪੱਟੇ ਵਿੱਚੋਂ ਲਿਸ਼ਕਾਂ ਮਾਰਦਾ ਦਿਸਦਾ ਹੈ। ਇਸ ਦੇ ਉੱਪਰਲੇ ਸੋਨੇ ਦੇ ਖੋਲ ਦੇ ਬਾਹਰਵਾਰ ਕਈ ਪਰਕਾਰ ਦੀ ਮੀਨਾਕਾਰੀ ਕੀਤੀ ਹੁੰਦੀ ਹੈ। ਇਸ ਦਾ ਅੰਦਰਲਾ ਪਰਤ ਚਾਂਦੀ ਦਾ ਹੁੰਦਾ ਹੈ। ਫੁੱਲ, ਜ਼ਰਾ ਛੋਟੇ, ਪਰ ਰੂਪ ਵਿਚ ਸੱਗੀ ਵਰਗੇ ਹੀ ਹੁੰਦੇ ਹਨ। ਉਹ ਸਗੀ ਦੇ ਪਿੱਛੇ ਸਿਰ ਦੇ ਦੋਵੇਂ ਪਾਸੇ ਗਿੱਚੀ ਦੇ ਉੱਪਰ ਪਹਿਨੇ ਜਾਂਦੇ ਹਨ। ਇਨ੍ਹਾਂ ਦਾ ਸੱਗੀ ਨਾਲ ਮੇਲ ਹੁੰਦਾ ਹੈ, 'ਸਗੀ ਘੜਾ ਕੇ ਦੇ ਗਿਆ ਨੀ, ਫੁੱਲ ਹੈ ਨਹੀਂ ਪੱਲੇ' ਕੇਂਦਰੀ ਪੰਜਾਬ ਦਾ ਇੱਕ ਟੱਪਾ ਹੈ। ਚੌਂਕ ਵੀ ਸੱਗੀ ਵਰਗਾ ਹੀ ਹੁੰਦਾ ਹੈ, ਪਰ ਇਹ ਉੱਪਰੋਂ ਤਿੱਖਾ ਹੋਣ ਦੀ ਥਾਂ ਬੈਠਵਾਂ ਜਿਹਾ ਹੁੰਦਾ ਹੈ। ਇਸ ਦੇ ਨਾਲ ਚੰਦ ਪਹਿਨੇ ਜਾਂਦੇ ਹਨ ਜਿਹੜੇ ਗੁਲਾਈਦਾਰ ਅਤੇ ਚੌੜੇ ਹੁੰਦੇ ਹਨ। ਇਹ ਜ਼ੰਜੀਰਾਂ ਦੁਆਰਾ ਚੌਂਕ ਨਾਲ ਜੁੜੇ ਹੁੰਦੇ ਹਨ ਅਤੇ ਸਿਰ ਦੇ ਦੋਵੇਂ ਪਾਸੇ ਲਟਕਾਏ ਜਾਂਦੇ ਹਨ। ਚੌਂਕ-ਚੰਦ, ਵਧੇਰੇ ਕਰਕੇ, ਵਿਆਹ ਤੋਂ ਪਿੱਛੋਂ ਹੀ ਪਹਿਨੇ ਜਾਂਦੇ ਹਨ। ਬਾਗੜੀ, ਬਿਸ਼ਨੋਈ ਤੇ ਕੁਮ੍ਹਾਰ ਇਸ ਦੀ ਥਾਂ ਛੋਟੀ ਟੱਲੀ ਵਰਗਾ ਕੌਡਾ, ਬੋਰ, ਬੋਰਲਾ ਜਾਂ ਬੋਰੀਆ ਪਹਿਨਦੇ ਹਨ ਜਿਹੜਾ ਚੀਰਵੀਂ ਵਿਚ ਕਿਸੇ ਜੰਜ਼ੀਰ ਨਾਲ ਜੋੜਿਆ ਹੁੰਦਾ ਹੈ। ਜੱਟੀਆਂ, ਰੇਸ਼ਮ ਤੇ ਵਾਲਾਂ ਦੀ ਫੱਟੀ ਜਿਹੀ ਗੁੰਦ ਕੇ ਉਸ ਦੇ ਉੱਪਰ 'ਬਘਿਆੜੀ' ਪਹਿਨਦੀਆਂ ਹਨ। ਬਘਿਆੜੀ ਵਾਸਤੇ ਚਾਰ ਫੱਟੀਆਂ ਇਕ ਦੂਜੀ ਦੇ ਜ਼ੰਜੀਰਾਂ ਨਾਲ ਜੋੜੀਆਂ ਜਾਂਦੀਆਂ ਹਨ ਤੇ ਹੇਠਲੀ ਫੱਟੀ ਨਾਲ ਚਾਰ ਪੰਜ ਨਲਕੀਆਂ ਲਟਕਦੀਆਂ ਹਨ। ਨਲਕੀਆਂ ਦੇ ਸਿਰਿਆਂ ਉੱਤੇ ਹੀਰੇ ਮੋਤੀ ਲਟਕਦੇ ਰਹਿੰਦੇ ਹਨ। ਇਸ ਨੂੰ ਪਹਿਨਣ ਵਾਲੇ ਗੁੱਤ ਨਹੀਂ ਕਰਦੇ। ਉਸ ਦੇ ਉੱਪਰ ਵਾਲ ਗੁੰਦ ਕੇ ਬੰਗਲਾ ਜਿਹਾ ਬਣਾ ਦਿੰਦੇ ਹਨ, "ਸਿਰ ਗੁੰਦ ਦੇ ਕੁਪੱਤੀਏ ਨੈਣੇ, ਉੱਤੇ ਪਾ ਦੇ ਡਾਕ ਬੰਗਲਾ!" ਬਘਿਆੜੀ ਪਹਿਨੀ ਹੋਵੇ ਤਾਂ ਫੁੱਲ ਵੀ ਸੱਗੀ ਦੇ ਆਲੇ ਦੁਆਲੇ ਸਿਰ ਦੇ ਸਿਖ਼ਰ ਉੱਤੇ ਹੀ ਪਹਿਨੇ ਜਾਂਦੇ ਹਨ, ਗਿੱਚੀ ਉੱਤੇ ਨਹੀਂ। ਖੱਤਰੀ ਤੇ ਬਾਣੀਏ, ਇਸ ਦੀ ਥਾਂ, ਚਿੜਾ ਪਹਿਨਦੇ ਹਨ। ਸ਼ਿੰਗਾਰ-ਪੱਟੀ, ਸੱਗੀ ਵਾਲੇ ਸਥਾਨ ਤੋਂ, ਸਿਰ ਦੇ ਦੋਵੇਂ ਪਾਸੇ ਬਾਹਰੋ-ਬਾਹਰ ਗੁੱਤ ਨਾਲ ਬੰਨ੍ਹੀ ਹੋਈ ਮਖ਼ਮਲ ਦੀ ਇਕ ਪੱਟੀ ਹੁੰਦੀ ਹੈ ਜਿਸ ਦੇ ਉੱਪਰ ਸੋਨਾ ਮੜ੍ਹਿਆ ਹੁੰਦਾ ਹੈ। ਇਸ ਦੇ ਅੱਗੇ, ਚੀਰਵੀਂ ਕੋਲੋਂ, ਮੱਥੇ ਉੱਤੇ ਚੰਦ-ਨੁਮਾ ਸੋਨੇ ਦਾ ਟਿੱਕਾ ਲਟਕਦਾ ਰਹਿੰਦਾ ਹੈ ਜਿਸ ਦੇ ਆਲੇ-ਦੁਆਲੇ ਇਕ ਜ਼ੰਜੀਰ ਹੁੰਦੀ ਹੈ ਜਿਸ ਨਾਲ ਮੱਛੀਆਂ ਲੱਗੀਆਂ ਹੁੰਦੀਆਂ ਹਨ। ਜੇ ਟਿੱਕਾ ਭਾਰਾ ਤੇ ਜੜਾਊ ਹੋਵੇ ਤਾਂ ਇਸ ਨੂੰ ਛੰਗਲੀ, ਦਾਉਣੀ ਜਾਂ ਖਿੰਗਾਰੂ ਕਹਿੰਦੇ ਹਨ। ਸ਼ਿੰਗਾਰ-ਪੱਟੀ ਦੀ ਬਜਾਏ ਇਸ ਦੇ ਜ਼ਰਾ ਕੁ ਅਗਲੇ ਪਾਸੇ, ਟਿਕੜੀਆਂ ਤੇ ਜ਼ੁਲਜਲਾਂ ਜੋੜ ਕੇ ਬਣਾਈ ਸੋਨੇ ਦੀ ਬਿੰਦੀ ਪਹਿਨਣ ਦਾ ਵੀ ਰਿਵਾਜ ਹੈ। ਖੱਬੇ ਕੰਨ ਦੇ ਪਿੱਛੇ ਝੁੰਮਰ ਸੂਈ, ਝੁੰਮਰ ਤੇ ਕਲਿੱਪ ਲਾਉਂਦੇ ਹਨ। ਇਹ ਸਾਰੇ ਖੱਬੇ ਪਾਸੇ ਦੇ ਵਾਲਾਂ ਨੂੰ ਸੰਭਾਲਣ ਦਾ ਕੰਮ ਦਿੰਦੇ ਹਨ। ਕਲਿੱਪ ਅੰਡਾਕਾਰ ਜਿਹਾ ਸੋਨੇ ਦਾ ਜੜਾਊ ਗਹਿਣਾ ਹੈ, ਝੁੰਮਰ-ਸੂਈ ਉੱਤੇ ਮਛਲੀ ਜਿਹੀ ਬਣੀ ਹੋਈ ਹੁੰਦੀ ਹੈ ਅਤੇ ਝੁੰਮਰ ਤਿਕੋਨਾ ਗਹਿਣਾ ਹੁੰਦਾ ਹੈ, ਜਿਸ ਦੀ ਹੇਠਲੀ ਫੱਟੀ ਨਾਲ ਬੋਰ ਤੇ ਮੋਤੀ ਲਟਕਦੇ ਰਹਿੰਦੇ ਹਨ।

ਗੁੱਤ ਦਾ ਆਪਣਾ ਵੱਖਰਾ ਸ਼ਿੰਗਾਰ ਹੈ। ਪੁਰਾਣੇ ਪੰਜਾਬ ਵਿਚ ਚਾਰ ਚਾਰ ਗੁੱਤਾਂ ਕੀਤੀਆਂ ਜਾਂਦੀਆਂ ਸਨ ਅਤੇ ਅੱਜ ਦੇ ਪੰਜਾਬ ਵਿਚ ਵੀ ਦੋ ਦੋ ਗੁੱਤਾਂ ਤੇ ਭਾਂਤ ਭਾਂਤ ਦੇ ਜੂੜਿਆਂ ਦਾ ਰਿਵਾਜ ਪੈ ਰਿਹਾ ਹੈ। ਉਂਵ ਗੁੱਤ ਨੂੰ ਸੱਪਣੀ ਨਾਲ ਉਪਮਾ ਦਿੱਤੀ ਜਾਂਦੀ ਹੈ 'ਮਾਏ! ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸੱਪਣੀ ਤੋਂ ਆਵੇ' ਹੈ ਵੀ ਠੀਕ, 'ਵਾਲ ਗੋਰੀ ਦੇ ਬਿਸੀਅਰ ਕਾਲੇ ਡਰਦੀ ਮਾਂ ਵੀ ਨਾ ਗੁੰਦੇ'। ਗੁੱਤ ਨਾਲ ਛੱਬਾ ਬੰਨ੍ਹਣ ਦਾ ਰਿਵਾਜ ਹੈ, ਜੋ ਜ਼ੰਜੀਰਾਂ ਤੇ

ਮਾਣਕ ਮੋਤੀਆਂ ਵਾਲਾ ਭਾਰਾ ਜਿਹਾ ਗਹਿਣਾ ਹੁੰਦਾ ਹੈ। ਇਸ ਨੂੰ ਪਹਿਨ ਕੇ ਚੇਤੰਨ ਰਹਿਣਾ ਪੈਂਦਾ ਹੈ ਕਿ ਕੋਈ ਪਿੱਛੋਂ ਹੀ ਕੱਟ ਕੇ ਨਾ ਲੈ ਜਾਵੇ। ਇਹ ਵਧੇਰੇ ਕਰਕੇ ਕੁਆਰੀਆਂ ਕੁੜੀਆਂ ਹੀ ਪਾਉਂਦੀਆਂ ਹਨ । ਨਿੱਕੇ ਮੁੰਡੇ ਸਿਰ ਉੱਤੇ ਬੋਰਲੇ ਦੀ ਥਾਂ ਇਕ ਕੈਂਡਾ ਰੱਖਦੇ ਹਨ।

ਸਿਰ ਤੋਂ ਪਿੱਛੋਂ ਗਹਿਣਿਆਂ ਦਾ ਖ਼ਾਸ ਸਥਾਨ ਕੰਨ ਹਨ । ਕਾਂਟੇ, ਬੂੰਦੇ, ਲੋਟਣ, ਪਿੱਪਲ ਪੱਤੀਆਂ, ਤੁੰਗਲ, ਸੋਨ-ਚਿੜੀਆਂ, ਬੁਜਲੀਆਂ, ਟੌਕਸ ਆਦਿ ਅਨੇਕ ਗਹਿਣੇ ਕੰਨ ਦੀ ਹੇਠਲੀ ਪੇਪੜੀ ਦਾ ਸ਼ਿੰਗਾਰ ਹਨ । ਇਨ੍ਹਾਂ ਤੋਂ ਵੱਖਰੇ ਬਾਕੀ ਗਹਿਣੇ ਪਹਿਨਣ ਵਾਸਤੇ ਕਿਸੇ ਬਿਰਧ ਮਾਤਾ ਦੇ ਕੰਨਾਂ ਵਿਚ ਤੇਰਾਂ ਤੇਰਾਂ ਛੇਕ ਵੀ ਕੀਤੇ ਹੋਏ ਮਿਲਣਗੇ, ਜਿਨ੍ਹਾਂ ਵਿਚ ਵਾਲੇ ਵਾਲੀਆਂ, ਕੋਕਰੂ, ਝੁਮਕੇ, ਡੰਡਲੀਆਂ, ਰੇਲਾਂ, ਬਹਾਦਰਨੀਆਂ ਤੇ ਮਾਮੇ ਮੁਰਕੀਆਂ ਪਹਿਨੀਆਂ ਜਾਂਦੀਆਂ ਸਨ। ਇਹ ਛੇਕ ਕੰਨ ਦੀ ਹੇਠਲੀ ਪੇਪੜੀ ਤੋਂ ਸ਼ੁਰੂ ਕਰਕੇ ਆਲੇ-ਦੁਆਲੇ ਦੇ ਸਾਰੇ ਭਾਗ ਵਿਚ ਕੀਤੇ ਜਾਂਦੇ ਸਨ। ਉੱਪਰਲੇ ਪਾਸੇ ਦੇ ਆਖ਼ਰੀ ਛੇਕ ਵਿਚ ਜਿਹੜਾ ਕੰਨ ਦੇ ਅੰਦਰਲੇ ਪਾਸੇ ਨੂੰ ਮੁੜੇ ਹੋਏ ਭਾਗ ਵਿਚ ਹੁੰਦਾ ਹੈ, ਨਿੱਕਾ ਜਿਹਾ ਕੋਕਰੂ ਪਾਉਂਦੇ ਸਨ ਉਸ ਤੋਂ ਅਗਲੇ ਵੱਡੇ ਛੇਕ ਵਿਚ ਸਭ ਤੋਂ ਵੱਡੀ ਡੰਡੀ, ਉਸ ਤੋਂ ਅਗਲੇ ਵਿਚ ਉਸ ਤੋਂ ਛੋਟੀ ਤੇ ਇਸ ਪਰਕਾਰ ਇਕ ਇਕ ਕੰਨ ਵਿਚ ਦਸ-ਦਸ, ਗਿਆਰਾਂ-ਗਿਆਰਾਂ ਡੰਡੀਆਂ ਵੀ ਪਹਿਨੀਆਂ ਜਾਂਦੀਆਂ ਸਨ। ਹੇਠਾਂ ਪੇਪੜੀ ਵੱਲ ਇਨ੍ਹਾਂ ਦਾ ਆਕਾਰ ਛੋਟਾ ਹੁੰਦਾ ਜਾਂਦਾ ਸੀ। ਇਹ ਡੰਡੀਆਂ ਕੰਨਾਂ ਨੂੰ ਬਹੁਤ ਕੁਰੂਪ ਕਰ ਦਿੰਦੀਆਂ ਸਨ। ਡੰਡੀਆਂ ਦੇ ਭਾਰ ਨਾਲ ਛੇਕ ਵੱਡੇ ਹੋ ਜਾਂਦੇ ਸਨ। ਪਹਿਨਣ ਵਾਲੀਆਂ ਸੁਆਣੀਆਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ। ਬੋਤੇ ਦੀ ਸਵਾਰੀ ਇਸੇ ਲਈ ਪਸੰਦ ਨਹੀਂ ਸੀ ਕੀਤੀ ਜਾਂਦੀ ਕਿ ਬੋਤਾ ਢੀਚਕ-ਚਾਲੇ ਪੈ ਕੇ ਛੇਕ ਵੱਡੇ ਕਰ ਦਿੰਦਾ ਹੈ । 'ਬੋਤਾ ਲਿਆਵੀਂ ਉਹ ਮਿੱਤਰਾ, ਜਿਹੜਾ ਡੰਡੀਆਂ ਹਿੱਲਣ ਨਾ ਦੇਵੇ' ਵੱਡੀਆਂ ਡੰਡੀਆਂ ਨੂੰ ਰੇਲਾਂ ਕਹਿੰਦੇ ਹਨ। ਡੰਡੀਆਂ ਦੇ ਥੱਲੇ ਮੁਰਕੀਆਂ ਤੇ ਮੁਰਕੀਆਂ ਦੇ ਥੱਲੇ ਪੇਪੜੀ ਦਾ ਛੇਕ ਹੁੰਦਾ ਹੈ, ਜਿਸ ਵਿਚ ਸੋਨੇ ਦੀ ਇਕ ਨਿੱਕੀ ਜਿਹੀ ਟੱਲੀ ਦੀ ਲੌਣ ਨੂੰ ਪੱਤੀਆਂ ਲਾ ਕੇ ਬਣਾਏ ਮੁਸਲਮਾਨੀ ਕਰਨਫੂਲ ਜਾਂ ਝੁਮਕੇ, ਕਾਂਟਿਆਂ ਵਰਗੇ ਜੜਾਊ ਬੂੰਦੇ "ਲੈ ਦੇ ਜੜਾਊ ਸਾਨੂੰ ਬੂੰਦੇ ਵੇ, ਅਸੀਂ ਤੇਰੇ ਤਦ ਵੱਸਣਾ", ਮੁਰਕੀ ਨਾਲ ਲਟਕਾਈਆਂ ਪਿੱਪਲ ਪੱਤੀਆਂ, ਮੁਰਕੀ ਨਾਲ ਜੋੜੇ ਵੱਡੇ ਗੁੱਛੇ ਜਿਹੇ ਵਾਲੇ ਲੋਟਣ ਤੇ ਸੋਨ-ਚਿੜੀਆਂ ਜਾਂ ਖ਼ਾਲੀ ਤਾਰ ਜਿਹੀ ਮੋੜ ਕੇ ਬਣਾਏ ਤੁੰਗਲ ਪਹਿਨਦੇ ਹਨ, 'ਤੇਰਾ ਰੂਪ ਝੱਲਿਆ ਨਾ ਜਾਵੇ, ਕੰਨੋਂ ਲਾਹ ਦੇ ਸੋਨ-ਚਿੜੀਆਂ' । ਇਹ ਸਾਰੇ ਗਹਿਣੇ ਥੱਲੇ ਵਲ ਲਟਕਦੇ ਹਨ ਤੇ ਹਿਲ ਹਿਲ ਕੇ ਗੱਲ੍ਹਾਂ ਨਾਲ ਘਸਰਦੇ ਰਹਿੰਦੇ ਹਨ । ਪੰਜਾਬੀ ਦਾ ਟੱਪਾ 'ਲੋਟਣ ਬਣ ਮਿੱਤਰਾ ! ਜੇ ਤੈਂ ਗੋਰੀਆਂ ਗੱਲ੍ਹਾਂ ਦਾ ਰਸ ਲੈਣਾ' ਤੇ ਕਿਸੇ ਪੇਂਡੂ ਕਵੀਸ਼ਰ ਦਾ ਇਹ ਕਹਿਣਾ, 'ਕਾਂਟਿਆਂ ਦੇ ਵਿਚ ਤੂੰ ਜੜਾ ਦੇ ਬੈਟਰੀ, ਮੂੰਹ ਉੱਤੇ ਰਹੇ ਰੌਸ਼ਨੀ' ਇਸੇ ਦੀ ਗਵਾਹੀ ਦਿੰਦੇ ਹਨ। ਇਸੇ ਛੇਕ ਵਿਚ, ਡੰਡੀ ਦੁਆਲੇ ਤਵੇ ਜਿਹੇ ਜੋੜ ਕੇ ਬਣਾਇਆ 'ਟੌਕਸ' ਵੀ ਪਹਿਨਦੇ ਹਨ। ਪੁਰਾਣੇ ਜ਼ਮਾਨੇ ਦੇ ਭਾਰੀ ਝੁਮਕੇ ਤੇ ਬੂੰਦੇ, ਬੁਜਲੀ ਦੇ ਵਿਚਕਾਰਲੇ ਛੇਕ ਵਿੱਚੋਂ ਲੰਘਾ ਕੇ ਪਹਿਨੇ ਜਾਂਦੇ ਸਨ ਤਾਂ ਕਿ ਕੰਨਾਂ ਨੂੰ ਸੌਖ ਰਹੇ। ਡੰਡੀਆਂ ਵਾਲੇ ਛੇਕਾਂ ਦੇ ਅੰਦਰਲੇ ਪਾਸੇ ਕੰਨ ਵਿਚ ਦੋ ਹੋਰ ਛੇਕ ਹੁੰਦੇ ਹਨ ਜਿਨ੍ਹਾਂ ਵਿੱਚੋਂ ਉੱਪਰਲੇ ਛੇਕ ਵਿਚ ਗੋਲ ਚੌੜੇ ਪਹੀਏ ਵਰਗੇ ਜੜਾਊ ਵਾਲੇ ਅਤੇ ਹੇਠਲੇ ਛੇਕ ਵਿਚ ਵਾਲਿਆਂ ਨਾਲੋਂ ਛੋਟੀਆਂ ਤੇ ਸਾਦਾ ਮਾਮੇ-ਮੁਰਕੀਆਂ ਪਹਿਨਦੇ ਹਨ।

ਬਾਣੀਏ ਤੇ ਖੱਤਰੀ ਮਰਦ ਵੀ ਪੇਪੜੀ ਵਿਚ ਇਕ ਛੇਕ ਕਰਾਉਂਦੇ ਹਨ । ਉਸ ਵਿਚ ਨੱਤੀਆਂ ਬਹੁਤ ਹਲਕੀਆਂ ਹੁੰਦੀਆਂ ਹਨ ਤੇ ਤਾਰ ਮੋੜ ਕੇ ਬਣਾਈਆਂ ਜਾਂਦੀਆਂ ਹਨ । ਇਨ੍ਹਾਂ ਨੂੰ ਪਿੱਪਲ-ਪੱਤੀਆਂ ਜਿੰਨਾ ਹੀ ਸੋਨਾ ਲਗਦਾ ਹੈ, 'ਆਹ ਲੈ ਨੱਤੀਆਂ, ਕਰਾ ਲੈ ਪਿੱਪਲ-ਪੱਤੀਆਂ, ਕਿਸੇ ਅੱਗੇ ਗੱਲ ਨਾ ਕਰੀਂ', ਕੋਈ ਪ੍ਰੇਮੀ ਆਪਣੀ ਪ੍ਰੇਮਿਕਾ ਨੂੰ ਕਹਿ ਸਕਦਾ ਹੈ। ਪਰ ਅੱਜ ਕਲ ਦੇ ਮਰਦਾਂ ਨੇ ਇਹ ਛੇਕ ਵੀ ਕਰਾਉਣੇ ਬੰਦ ਕਰ ਦਿੱਤੇ ਹਨ ਅਤੇ ਇਸਤਰੀਆਂ ਵੀ ਕੇਵਲ ਪੇਪੜੀ ਦੇ ਛੇਕ ਵਿਚ ਹੀ ਟੌਕਸ, ਕਾਂਟੇ, ਝੁਮਕੇ, ਤੁੰਗਲ ਤੇ ਵਾਲੀਆਂ ਪਹਿਨ ਕੇ ਗੁਜ਼ਾਰਾ ਕਰ ਲੈਂਦੀਆਂ ਹਨ।

ਨੱਕ ਦੇ ਸ਼ਿੰਗਾਰ ਵਾਸਤੇ, ਬਾਹਰਲਿਆਂ ਪਾਸਿਆਂ ਵਿਚ ਤੇ ਵਿਚਕਾਰ, ਤਿੰਨ ਛੇਕ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਤੀਲੀ, ਲੌਂਗ, ਕੋਕਾ, ਰੇਖ, ਨੱਥ, ਮਛਲੀ (ਬੁਲਾਕ ਜਾਂ ਬੋਹਰ) ਤੇ ਨੁਕਰਾ ਪਹਿਨਦੇ ਹਨ । ਵੱਡਾ ਸਾਰਾ ਟੌਕਸ ਵਰਗਾ ਲੌਂਗ ਖੱਬੇ ਪਾਸੇ ਹੁੰਦਾ ਹੈ ਅਤੇ ਬਹੁਤ ਛੋਟੀ ਤੀਲੀ ਸੱਜੇ ਪਾਸੇ । ਸਜਾਵਟ ਵਿਚ ਇਨ੍ਹਾਂ ਦਾ ਮੁਕਾਬਲਾ ਪਰਸਿੱਧ ਹੈ । 'ਤੀਲੀ ਲੌਂਗ ਦਾ ਮੁਕੱਦਮਾ ਭਾਰੀ, ਥਾਣੇਦਾਰਾ ਸੋਚ ਕੇ ਕਰੀਂ' । ਪਰ ਲੌਂਗ ਦੇ ਕੀ ਕਹਿਣੇ 'ਤੇਰੇ ਲੌਂਗ ਦਾ ਪਿਆ ਲਿਸ਼ਕਾਰਾ, ਹਾਲੀਆਂ ਨੇ ਹਲ ਡੱਕ ਲਏ' । ਇਹ ਲੌਂਗ ਫੀਨੇ ਨੱਕ ਵਾਲੀ ਜ਼ਨਾਨੀ ਨੂੰ ਸ਼ਾਇਦ ਓਪਰਾ ਲਗਦਾ ਹੈ, 'ਲੌਂਗ ਚਾਂਭੜਾਂ ਪਾਵੇ, ਮਿੱਡੀਆਂ ਨਾਸਾਂ ਤੇ' । ਨੱਥ ਵਿਆਹ ਤੋਂ ਪਿੱਛੋਂ ਸੁਹਾਗ ਦੇ ਚਿੰਨ੍ਹ ਵਜੋਂ ਪਾਈ ਜਾਂਦੀ ਹੈ । ਇਹ ਬਹੁਤ ਵੱਡਾ ਛੱਲਾ ਹੁੰਦਾ ਹੈ ਜਿਸ ਨਾਲ ਕਈ ਨਗ ਲਟਕਦੇ ਰਹਿੰਦੇ ਹਨ ਤੇ ਰੇਸ਼ਮੀ ਧਾਗੇ ਦੁਆਰਾ ਖੱਬੇ ਕੰਨ ਨਾਲ ਬੰਨ੍ਹਿਆ ਜਾਂਦਾ ਹੈ । ਨੱਥ ਨਾਲ ਮਛਲੀ (ਬੁਲਾਕ) ਪਹਿਨਣ ਦਾ ਰਿਵਾਜ ਹੈ । ਇਹ ਵਿਚਕਾਰਲੀ ਨਾਸ ਦੇ ਛੇਕ ਵਿਚ ਪਹਿਨੀ ਜਾਂਦੀ ਹੈ । ਇਸ ਦੇ ਪੱਤ, ਹੇਠਲੇ ਬੁੱਲ੍ਹ ਤਕ ਲਟਕਦੇ ਰਹਿੰਦੇ ਹਨ । 'ਪੱਤਾਂ ਬਾਝ ਨਾ ਸੁੰਹਦੀ ਮਛਲੀ' ਤੇ ਪੱਤ, ਹੇਠਲੇ ਬੁੱਲ੍ਹ ਤਕ ਲਟਕਦੇ ਹਨ ।

'ਤੇਰੀ ਚੂਸ ਲਾਂ ਬੁੱਲ੍ਹਾਂ ਦੀ ਲਾਲੀ, ਮੱਛਲੀ ਦਾ ਪੱਤ ਬਣ ਕੇ ।'

ਰੇਖ ਜਾਂ ਕੋਕਾ, ਨੱਥ ਆਦਿ ਦੇ ਛੇਕ ਨੂੰ ਖੁਲ੍ਹਾ ਰੱਖਣ ਲਈ ਪਹਿਨਿਆ ਜਾਂਦਾ ਹੈ ਅਤੇ ਮਛਲੀ ਦੀ ਥਾਂ ਗ਼ਰੀਬ ਜਾਤੀਆਂ ਵਿਚ ਛੋਟਾ ਚਾਂਦੀ ਦਾ ਛੱਲਾ ਪਹਿਨਣ ਦਾ ਵੀ ਰਿਵਾਜ ਹੈ, ਜਿਸ ਨੂੰ ਨੁਕਰਾ ਕਹਿੰਦੇ ਹਨ । ਕੁਆਰੀਆਂ ਕੁੜੀਆਂ ਆਮ ਤੌਰ ਉੱਤੇ ਨੁਕਰਾ, ਕੋਕਾ ਜਾਂ ਰੇਖ ਹੀ ਪਹਿਨਦੀਆਂ ਹਨ ।

ਪੰਜਾਬਣ ਦੀ ਮੋਰਨੀ ਵਰਗੀ ਲੰਮੀ ਧੌਣ ਆਪਣੇ ਆਪ ਵਿਚ ਘਟ ਸੋਹਣੀ ਨਹੀਂ । ਪਰ ਉਸ ਨੂੰ ਇਸ ਸੁਹੱਪ ਨਾਲ ਰੱਜ ਨਹੀਂ ਆਉਂਦਾ । ਉਹ ਇਸ ਨੂੰ ਵੀ ਤੰਦੀਰੇ (ਹੱਸ), ਕੰਢੀ (ਕੰਠੀ) ਗੁਲੂਬੰਦ, ਮਾਲਾ, ਗੱਾਨੀ ਤੇ ਹਾਰਾਂ ਨਾਲ ਸ਼ਿੰਗਾਰ ਲੈਂਦੀ ਹੈ । ਹੱਸ ਸੋਨੇ ਜਾਂ ਚਾਂਦੀ ਦਾ ਠੋਸ ਗਹਿਣਾ ਹੈ ਜਿਹੜਾ ਗਰਦਨ ਦੇ ਨਾਲ ਲੱਗਿਆ ਰਹਿੰਦਾ ਹੈ; ਇਸ ਨੂੰ ਤੰਦੀਰਾ ਵੀ ਕਹਿੰਦੇ ਹਨ । ਗੁਲੂਬੰਦ ਮਖ਼ਮਲ ਦੀ ਛੱਟੀ ਉੱਤੇ ਮੜ੍ਹੇ ਹੋਏ ਸੋਨੇ ਨੂੰ ਕਹਿੰਦੇ ਹਨ । ਇਹ ਵੀ ਧੌਣ ਦੇ ਨੇੜੇ ਨੇੜੇ ਹੀ ਰਹਿੰਦਾ ਹੈ । ਮਟਰਮਾਲਾ ਜਾਂ ਕੰਠੀ ਸੋਨੇ ਦੇ ਨਿੱਗਰ ਰੀਠਿਆਂ ਜੇਹਿਆਂ ਨੂੰ ਕੁੰਡਿਆਂ ਨਾਲ ਜੋੜ ਕੇ ਬਣਾਈ ਹੁੰਦੀ ਹੈ । ਵਿਚਕਾਰਲੇ ਰੀਠੇ ਵੱਡੇ ਵੱਡੇ ਹੁੰਦੇ ਹਨ ਜੋ ਸਿਰਿਆਂ ਵੱਲ ਨੂੰ ਛੋਟੇ ਹੁੰਦੇ ਚਲੇ ਜਾਂਦੇ ਹਨ । ਇਹ ਇਕ ਤਰ੍ਹਾਂ ਦੀ ਮਾਲਾ ਹੁੰਦੀ ਹੈ ਜਿਸ ਦੇ ਸਿਰੇ ਜ਼ੰਜੀਰੀ ਨਾਲ ਜੁੜੇ ਹੋਏ ਹੁੰਦੇ ਹਨ । ਮੂੰਗਿਆਂ ਵਾਲੀ ਮਾਲਾ ਵੀ ਗਰਦਨ ਨਾਲ ਲੱਗੀ ਰਹਿੰਦੀ ਹੈ, 'ਢਿੱਲੇ ਹੋ ਗਏ ਗਰਦਨ ਦੇ ਮੰਗੇ, ਲਿੱਸੀ ਹੋ ਗਈ ਤੂੰ ਬੰਤੋ !' ਗੱਾਨੀ ਵੀ ਗਲ ਨਾਲ ਚਿਮਟੀ ਰਹਿੰਦੀ ਹੈ । ਗਰਦਨ ਦੇ ਬਾਕੀ ਗਹਿਣੇ ਧੌਣ ਨਾਲ ਲਟਕਦੇ ਹੋਏ ਥੱਲੇ ਹਿੱਕ ਤਕ ਆ ਜਾਂਦੇ ਹਨ । ਇਹ ਵਧੇਰੇ ਕਰਕੇ, ਰੇਸ਼ਮੀ ਡੋਰੀ ਜਾਂ ਸੋਨੇ ਚਾਂਦੀ ਦੀ ਜ਼ੰਜੀਰੀ ਵਿਚ ਤਵੀਤ, ਟਿੱਕੇ ਮਣਕੇ ਆਦਿ ਨੂੰ ਪਰੋ ਕੇ ਬਣਾਏ ਜਾਂਦੇ ਹਨ । ਜ਼ੰਜੀਰੀ ਜਾਂ ਡੋਰੀ ਦੇ ਐਨ ਵਿਚਕਾਰ ਵੱਡਾ ਸਾਰਾ, ਚੌਰਸ, ਗੋਲ ਕਿੰਗਰੇਦਾਰ ਜਾਂ ਤਿਕੋਨਾ ਟਿੱਕਾ ਹੁੰਦਾ ਹੈ ਜਿਹੜਾ ਗਲ ਵਿਚ ਪਾਉਣ ਨਾਲ ਹਿੱਕ-ਉਭਾਰਾਂ ਦੇ ਐਨ ਵਿਚਕਾਰ ਆ ਟਿਕਦਾ ਹੈ । ਤੱਗਾ, ਹਮੇਲ, ਇਨਾਮ ਨਾਮੀਆਂ, ਤਵੀਤ, ਚੁੱਪਾਕਲੀ, ਚੌਂਕੀ, ਹੌਲ-ਦਿਲੀ, ਚਟਾਲਾ, ਲੌਕਟ, ਪੈਂਡਲ ਢੋਲਣੇ ਤਵੀਤ, ਛਿੰਗ ਤਵੀਤ, ਨੌਰਤਨਾ ਸੈੱਟ, ਬੁਘਤੀਆਂ, ਰਾਣੀਹਾਰ, ਚੰਦਰਸੈਨੀ ਹਾਰ, ਟਿਉਂਟਾ, ਜ਼ੰਜੀਰੀ ਆਦਿ ਇਨ੍ਹਾਂ ਦੇ ਅਨੇਕ ਡਿਜ਼ਾਈਨ ਹਨ ।

'ਸੁੱਤੀ ਪਈ ਦੀ ਜ਼ੰਜੀਰੀ ਛਣਕੇ, ਗੱਭਰੂ ਦਾ ਮੱਚੇ ਕਾਲਜਾ' ਜਾਂ 'ਘੁੰਡ ਕੱਢਣਾ, ਤਵੀਤ ਨੰਗਾ ਰੱਖਣਾ, ਛੜਿਆਂ ਦੀ ਹਿੱਕ ਲੂਹਣ ਨੂੰ' ਤੇ ਜਾਂ 'ਤੇਰੇ ਦਿਲ ਦੀ ਸਮਝ ਲਾਂ ਸਾਰੀ, ਗਲ ਦਾ ਤਵੀਤ ਬਣ ਕੇ' ਆਦਿ ਟੱਪੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ । ਡੋਰੀ ਵਿਚ ਪੌਂਡ ਪਰੋਤੇ ਹੋਣ ਤਾਂ ਉਸ ਨੂੰ ਤੱਗਾ, ਰੁਪਈਏ ਪਰੋਤੇ ਹੋਣ ਤਾਂ ਹਮੇਲ, ਸੋਨੇ ਦੇ ਪੈਸੇ ਜਿਹੇ ਪਰੋਤੇ ਹੋਣ ਤਾਂ ਬੁਘਤੀਆਂ, ਤਿਕੋਨੇ ਤਵੀਤ ਪਰੋਤੇ ਹੋਣ ਤਾਂ ਇਨਾਮ 'ਨਾਮ ਬਣ ਕੇ ਬੜਾ ਪਟਵਾਰੀ, ਹਿੱਕ ਵਾਲੀ ਮਿਣਤੀ ਕਰੇ', ਚੰਪਾਕਲੀ ਜਿਹੀ ਪਰੋਤੀ ਹੋਵੇ ਤਾਂ ਚੰਪਾਕਲੀ, ਪੱਤੇ ਵਾਲੀ ਗੋਲ ਟਿਕੜੀ

ਹੋਵੇ ਤਾਂ ਚੌਂਕੀ, ਨਿੱਕੀਆਂ ਨਿੱਕੀਆਂ, ਤਿੰਨ-ਤਿੰਨ ਪੱਤਿਆਂ ਦੇ ਤਿੰਨ-ਤਿੰਨ ਗੁੱਛਿਆਂ ਵਾਲੀਆਂ ਤਿੰਨ ਚੌਂਕੀਆਂ ਹੋਣ ਤਾਂ ਚਟਾਲਾ, ਉੱਪਰੋਂ ਥੱਲੇ ਵਲ ਵੱਡੇ ਹੁੰਦੇ ਜਾਂਦੇ ਤਵੀਤ ਆਦਿ ਪਰੋਤੇ ਹੋਣ, ਤਾਂ ਨੌਂ ਰਤਨਾ ਸੈੱਟ, ਰਾਣੀਹਾਰ ਜਾਂ ਚੰਨਣਹਾਰ; ਖ਼ਾਸ ਕਿਸਮ ਦੇ ਪੱਥਰ ਉੱਤੇ ਸੋਨਾ ਮੜ੍ਹਾਇਆ ਹੋਵੇ ਤਾਂ 'ਹੌਲਦਿੱਲੀ' ਕਹਿੰਦੇ ਹਨ। ਇਸੇ ਦੀ ਥਾਂ ਜਦ ਕੰਢੀ ਦਾ ਫ਼ੈਸ਼ਨ ਵਧਣ ਲੱਗਿਆ ਤਾਂ ਲੋਕਾਂ ਨੇ ਇਕ ਬੜਾ ਦਿਲਚਸਪ ਗੀਤ ਬਣਾਇਆ ਜਿਹੜਾ ਧੌਣ, ਸਿਰ ਤੇ ਗਹਿਣਿਆਂ ਦੇ ਨਾਤੇ ਸਪਸ਼ਟ ਕਰਦਾ ਹੈ :—

ਤੇਰੀ ਗੁੱਤ ਤੇ ਕਚਹਿਰੀ ਲਗਦੀ, ਦੂਰੋਂ ਦੂਰੋਂ ਆਉਣ ਝਗੜੇ।  
ਸੱਗੀ ਫੁੱਲ ਨੀਂ ਸ਼ਿਸ਼ਨ ਜੱਜ ਤੇਰੇ, ਕੈਂਠਾ ਤੇਰਾ ਮੁਹਤਮ ਹੈ।  
ਵਾਲੇ ਡੰਡੀਆਂ ਕਮਿਸ਼ਨਰ ਡਿਪਟੀ, ਨੱਤੀਆਂ ਇਹ ਨੈਬ ਬਣੀਆਂ।  
ਕੰਢੀ ਹੱਸ ਦਾ ਪੈ ਗਿਆ ਝਗੜਾ, ਤਵੀਤ ਉਗਾਹੀ ਭਰਨਗੇ।  
ਬੁੰਦੇ ਬਣਨਗੇ ਵਕੀਲ ਵਲੈਤੀ, ਚੌਂਕ ਚੰਦ ਨਿਆਂ ਕਰਦੇ।  
ਦਫ਼ਾ ਤਿੰਨ ਸੌ ਆਖਦੇ ਤੇਤੀ, ਕੰਢੀ ਨੂੰ ਸਜ਼ਾ ਬੋਲ ਗਈ।  
ਹਾਰ ਦੇ ਗਿਆ ਜ਼ਮਾਨਤ ਪੂਰੀ, ਕੰਢੀ ਨੂੰ ਛੁਡਾ ਕੇ ਲੈ ਗਿਆ।

ਬਾਗੜੀ, ਬਿਸ਼ਨੋਈ ਤੇ ਕੁਮ੍ਹਾਰ ਇਸਤਰੀਆਂ ਲੱਕ ਦੁਆਲੇ ਵੀ ਚਾਂਦੀ ਦੀ ਤਾਗੜੀ (ਤੜਾਗੀ) ਪਹਿਨਦੀਆਂ ਹਨ।

ਦੋ ਕੁ ਦਰਜਨ ਗਹਿਣਿਆਂ ਨੂੰ ਪੰਜਾਬਣ ਇਸਤਰੀ ਦੇ ਡੌਲੇ, ਬਾਹਾਂ ਤੇ ਹੱਥਾਂ ਦਾ ਸ਼ਿੰਗਾਰ ਬਣਨ ਦਾ ਸ਼ਰਫ਼ ਹਾਸਲ ਹੈ। ਬਾਗੜੀ ਇਸਤਰੀਆਂ, ਸ਼ੇਰ ਦੇ ਮੂਹ ਵਾਲੀਆਂ ਚਾਂਦੀ ਦੀਆਂ ਨਿੱਗਰ ਟਾਡਾਂ ਜਾਂ ਅਨੰਤ ਕੂਹਣੀ ਦੇ ਉੱਪਰਲੇ ਪਾਸੇ ਪਹਿਨਦੀਆਂ ਹਨ। ਬਾਕੀ ਜਾਤੀਆਂ ਦੀਆਂ ਇਸਤਰੀਆਂ ਇਸ ਦੀ ਥਾਂ ਮਖ਼ਮਲ ਦੀ ਪੱਟੀ ਉੱਤੇ ਸੋਨੇ ਦੀ ਜੜਤ ਵਾਲਾ ਬਾਜ਼ੂਬੰਦ ਪਹਿਨਦੀਆਂ ਹਨ। ਕੂਹਣੀ ਤੋਂ ਬਾਂਹ ਵਲ ਨੂੰ ਪਹਿਲਾ ਗਹਿਣਾ, ਫਿਰ ਕੰਗਣ, ਫੇਰ ਦੋ ਤਿੰਨ ਚੂੜੀਆਂ, ਉਨ੍ਹਾਂ ਦੇ ਅੱਗੇ ਘੁੰਗਰੂਆ ਵਾਲਾ ਛਣਕਦਾ ਹੋਇਆ ਪਰੀਬੰਦ, ਅਤੇ ਫੇਰ ਲਗਾਤਾਰ ਕਈ ਸਾਰੀਆਂ ਚੂੜੀਆਂ ਦਾ ਚੂੜਾ, ਗਜਰੇ ਤੇ ਬੰਦ ਪਹਿਨੇ ਜਾਂਦੇ ਹਨ। ਗੋਖੜੂ, ਸਿੰਘਾੜੇ, ਲੱਛੇ, ਘੜੀ ਚੂੜੀ, ਬਾਂਕਾਂ, ਕੰਙਣ ਤੇ ਪਹੁੰਚੀ, ਗੁਟ ਉੱਤੇ ਪਹਿਨਦੇ ਹਨ। 'ਮੇਲੇ ਜਾਵੇਂਗਾ ਲਿਆ ਦਈਂ ਪਹੁੰਚੀ, ਲੈ ਜਾ ਮੇਰੀ ਗੁੱਟ ਮਿਣ ਕੇ'। ਲਾਲ ਚੂੜਾ, ਸੁਹਾਗ ਅਤੇ ਅਮੀਰੀ ਦੀ ਨਿਸ਼ਾਨੀ ਹੈ। ਇਸ ਨੂੰ ਪਹਿਨ ਕੇ ਘਰ ਦਾ ਕੰਮ ਕਰਨਾ ਔਖਾ ਹੁੰਦਾ ਹੈ।

'ਮੇਰੀ ਚੰਦਰੀ ਦੀ ਜਾਤ ਤਰਖਾਣੀ, ਚੂੜਾ ਪਾ ਕੇ ਸੱਕ ਹੂੰਝਦੀ'। ਇਹ ਬੰਦਾਂ ਨਾਲ ਪਹਿਨਿਆਂ ਜਾਂਦਾ ਹੈ ਅਤੇ ਪਤੀ ਆਪਣੀ ਪਤਨੀ ਨੂੰ ਵਿਆਹ ਤੋਂ ਪਿੱਛੋਂ ਦਿੰਦਾ ਹੈ, 'ਚੂੜਾ ਘੜਾ ਕੇ ਦੇ ਗਿਆ ਨੀ ਪੁੱਤ ਸਹੁਰੇ ਦਾ, ਬੰਦਾਂ ਦੀ ਦੇ ਗਿਆ ਸਾਈ'। ਪਰ ਬੰਦ ਕਿਹੜਾ ਸੋਖੇ ਬਣ ਜਾਂਦੇ ਹਨ, ਤਿੰਨ ਚਾਰ ਤੋਲੇ ਸੋਨਾ ਲੱਗਦਾ ਹੈ: 'ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ'। ਇਨ੍ਹਾਂ ਉੱਤੇ ਮਾਮਲੇ ਨਾਲੋਂ ਵੀ ਵਧੇਰੇ ਪੈਸੇ ਲਗ ਜਾਂਦੇ ਹਨ। 'ਪਹਿਲਾਂ ਮਾਮਲੇ ਤੋਂ ਜਾਨ ਛੁਡਾਈਏ ਬੰਦ ਫੇਰ ਬਣ ਜਾਣਗੇ।' ਜੇ ਬੰਦ ਕੀਮਤ ਲਈ ਬਦਨਾਮ ਸਨ ਤਾਂ ਪਰੀਬੰਦ ਆਪਣੀ ਛਣਛਣ ਲਈ, 'ਪਰੀਬੰਦ ਬਿਸ਼ਰਮੀ ਗਹਿਣਾ, ਜੱਫੀ ਪਾਇਆਂ ਛਣਕ ਪਵੇ।' ਇਨ੍ਹਾਂ ਤੋਂ ਇਲਾਵਾ ਬਾਹਾਂ ਉੱਤੇ ਕੱਚ ਦੀਆਂ ਚੂੜੀਆਂ ਪਹਿਨਣ ਦਾ ਰਿਵਾਜ ਆਮ ਹੈ। ਇਨ੍ਹਾਂ ਦੇ ਟੁੱਟਣ ਦਾ ਡਰ ਰਹਿੰਦਾ ਹੈ, 'ਫੁੱਟ ਗਈਆਂ ਵੇ ਬਲੌਰੀ ਵੰਗਾਂ ਮੇਰੀਆਂ, ਛੱਡ ਮੇਰੀ ਬਾਂਹ ਅੜਿਆ!'

ਗੁੱਟ ਦੇ ਅੱਗੇ ਹੱਥ ਦੇ ਉੱਪਰਲੇ ਪਾਸੇ ਪੰਜ-ਅੰਗਲਾ, ਰਤਨਚੌਂਕ ਜਾਂ ਹੱਥ-ਫੁੱਲ ਪਹਿਨਦੇ ਹਨ। ਇਸ ਗਹਿਣੇ ਨਾਲ ਜ਼ੰਜੀਰਾਂ ਦੁਆਰਾ ਹੱਥਾਂ ਦੀਆਂ ਉਂਗਲਾਂ ਵਿਚ ਪੈਣ ਵਾਲੀਆਂ ਛਾਪਾਂ ਜੁੜੀਆਂ ਰਹਿੰਦੀਆਂ ਹਨ। ਇਹ ਗਹਿਣਾ ਹੱਥ ਦਾ ਸਾਰਾ ਬਾਹਰਲਾ ਪਾਸਾ ਢਕ ਲੈਂਦਾ ਹੈ। ਅੰਗੂਠੇ ਵਿਚ ਵਿਆਹ ਤੋਂ ਪਿੱਛੋਂ ਸ਼ੀਸ਼ੇ ਵਾਲੀ ਆਰਸੀ ਪਹਿਨੀ ਜਾਂਦੀ ਹੈ। ਉਂਗਲਾਂ ਵਿਚ ਨਗਾਂ ਵਾਲੀਆਂ ਛਾਪਾਂ, ਕਲੀਚੜੀਆਂ, ਮੁੰਦਰੀਆਂ ਜਾਂ ਛੱਲੇ ਪਹਿਨੇ ਜਾਂਦੇ ਹਨ।

'ਛਲਾ ਮੇਰਾ ਕਿਸ ਘੜਿਆ, ਉਂਗਲ ਕਰੇਂਦੀ ਪੀੜ ਵੇ !'

ਪੈਰਾਂ ਲਈ ਜ਼ੰਜੀਰਾਂ ਨਾਲ ਫੱਟੀਆਂ ਜਿਹੀਆਂ ਜੋੜ ਕੇ ਪਟੜੀਆਂ, ਜ਼ੰਜੀਰੀਆਂ ਵਾਲੇ ਲੱਛੇ, ਕੀਮਤੀ ਗੁਸਲਪਟੀ, ਸ਼ਕੁੰਤਲਾ-ਚੈਨ ਤੇ ਪੰਜੇਬਾਂ, ਕੁੰਡਲੀਦਾਰ-ਤੋੜੇ (ਤੇਰੇ ਤੋੜੇ ਦੇਣ ਮਰੋੜੇ, ਆਸ਼ਕ ਲੋਕਾਂ ਨੂੰ) ਵਿੰਗੇ ਜਿਹੇ ਠੋਸ ਕੜੇ ਤੇ ਬਾਂਕਾਂ, ਬੋਰਾਂ ਵਾਲੀਆਂ ਖੋਖਲੀਆਂ ਤੇ ਛਣਛਣ ਕਰਦੀਆਂ ਕੜੀਆਂ ਜਾਂ ਝਾਂਜਰਾਂ ਬਣਵਾਈਆਂ ਜਾਂਦੀਆਂ ਹਨ। ਝਾਂਜਰਾਂ ਛਣਕਦੀਆਂ ਹਨ।

"ਇਹ ਜੋ ਝਾਂਜਰਾਂ, ਤਾਰ ਅੰਗਰੇਜ਼ੀ, ਮਿੰਟਾਂ 'ਚ ਦੇਣ ਖ਼ਬਰਾਂ।"

ਪਰ ਪ੍ਰੇਮਕਾ ਪੈਰ ਦਬਾ ਕੇ ਵੀ ਤਾਂ ਲੰਘ ਸਕਦੀ ਹੈ :

'ਤੇਰੇ ਝਾਂਜਰਾਂ ਵੱਜਣ ਨੂੰ ਪਾਈਆਂ, ਲੰਘ ਗਈ ਪੈਰ ਦੱਬ ਕੇ' — ਬਣਵਾਉਣ ਵਾਲੇ ਦੀ ਲੁੱਛਦੀ ਰੂਹ ਕਹਿੰਦੀ ਹੈ। ਪੈਰ ਦੀਆਂ ਉਂਗਲੀਆਂ ਵਿਚ ਗੁਠੜੇ, ਬਿਛੂਏ ਤੇ ਛੱਲੇ ਛੱਲੀਆਂ ਪਹਿਨਣ ਦਾ ਰਿਵਾਜ ਸੀ। ਬੱਚਿਆਂ ਦੇ ਗਿੱਟਿਆਂ ਵਿਚ ਪੌਂਟੇ ਪਹਿਨਾਏ ਜਾਂਦੇ ਸਨ। ਉਂਜ ਜਿੱਥੋਂ ਤਕ ਮੁੰਡੇ ਕੜੀਆਂ ਦੇ ਗਹਿਣਿਆਂ ਦਾ ਸੰਬੰਧ ਹੈ, ਸਾਰੇ ਹੀ ਚਾਂਦੀ ਦੇ ਛੋਟੇ ਮੋਟੇ ਪੌਂਟੇ, ਕੜੇ, ਕੰਙਣ, ਗੋਖੜੂ, ਚੂੜੀਆਂ, ਛੱਲੇ, ਹੱਸੀ, ਵਾਲੀਆਂ ਤੇ ਫੁੱਲ ਪਹਿਨਾ ਛੱਡਦੇ ਹਨ।

ਮਰਦਾਂ ਦੇ ਗਹਿਣੇ ਬਹੁਤ ਥੋੜੇ ਹਨ। ਮੁਸਲਮਾਨ ਮਰਦ ਕੜਿਆਂ ਤੋਂ ਬਿਨਾਂ ਕੋਈ ਗਹਿਣਾ ਨਹੀਂ ਪਹਿਨਦੇ। ਬਾਕੀ ਵੀ ਕੰਠਾ, ਮਾਲਾ, ਤਵੀਤੜੀਆਂ, ਕੰਙਣ, ਵਾਲੇ, ਨੱਤੀਆਂ, ਮੁੰਦਰਾਂ ਤੇ ਛਾਪਾਂ ਹੀ ਪਹਿਨਦੇ ਹਨ। ਇਸਤਰੀਆਂ ਦੇ ਸ਼ਿੰਗਾਰ ਅੱਗੇ ਇਨ੍ਹਾਂ ਦੀ ਅੰਦਰੂਨੀ ਕੀਮਤ ਵੀ ਕੀ ਹੈ ? 'ਮੁੰਡਾ ਮੋਹ ਲਿਆ ਤਵੀਤਾਂ ਵਾਲਾ, ਦਮੜੀ ਦਾ ਸੱਕ ਮਲ ਕੇ' ਸ਼ਾਇਦ ਇਸੇ ਵਾਸਤੇ ਮਰਦ ਕੰਠੇ ਤੋਂ ਸਿਵਾ ਬਾਕੀ ਸਾਰੇ ਗਹਿਣਿਆਂ ਨੂੰ ਵਿਦਾਇਗੀ ਦਿੰਦੇ ਜਾ ਰਹੇ ਹਨ। ਬਾਗੜੀ ਜੱਟੀਆਂ ਨੂੰ ਛੱਡ ਕੇ, ਇਸਤਰੀਆਂ ਵੀ, ਪੁਰਾਣੇ ਤਿੰਨ-ਚੁਥਾਈ ਗਹਿਣੇ ਤਿਆਗ ਗਈਆਂ ਹਨ। ਸਿਰ ਦਾ ਸ਼ਿੰਗਾਰ ਝੁੰਮਰ, ਸੂਈ ਕਲਿੱਪ ਤੇ ਸ਼ਿੰਗਾਰ-ਪੱਟੀ, ਕੰਨਾਂ ਦੇ ਕਾਂਟੇ, ਵਾਲੀਆਂ, ਟੌਪਸ, ਨੱਕ ਦਾ ਰੇਖ ਜਾਂ ਨੁੱਕਰਾ, ਗਲ ਦਾ ਸ਼ਿੰਗਾਰ, ਕੰਠੀ, ਚੈਨੀ, ਨੌਂ-ਰਤਨਾ ਸੈੱਟ, ਰਾਣੀਹਾਰ, ਜ਼ੰਜੀਰੀ, ਪੈਂਡਲ, ਲੌਕਟ ਤੇ ਗਾਨੀ, ਹੱਥਾਂ ਵਿਚ ਚੂੜੀਆਂ, ਪੋਲੇ ਕੜੇ, ਵੰਗਾਂ, ਜਾਂ ਘੜੀ ਚੂੜੀ, ਉਂਗਲਾਂ ਵਿਚ ਛਾਪਾਂ ਤੇ ਛੱਲੇ, ਅਤੇ ਪੈਰਾਂ ਵਿਚ ਜੇ ਕੋਈ ਪਾਵੇ ਤਾਂ ਬਸ ਸ਼ਕੁੰਤਲਾ-ਚੈਨ ਜਾਂ ਪਟੜੀਆਂ ਹੀ ਪਾਉਂਦਾ ਹੈ। ਅਜ ਕਲ ਲੱਕ ਦੀ ਤੜਾਗੀ ਦਾ ਤਾਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ।

ਪੱਛਮੀ ਪੰਜਾਬ ਦੇ ਗਹਿਣੇ ਵੀ ਕੇਂਦਰੀ ਪੰਜਾਬ ਨਾਲ ਹੀ ਮਿਲਦੇ-ਜੁਲਦੇ ਹਨ। ਜੇ ਕੋਈ ਥੋੜਾ ਬਹੁਤ ਫ਼ਰਕ ਹੈ ਵੀ ਤਾਂ ਉਹ ਵੰਡ ਤੋਂ ਪਿੱਛੋਂ ਮਿਟ ਗਿਆ ਹੈ। ਪਰ ਹਰਿਆਣੇ ਦਾ ਵਿਅਕਤਿਤਵ ਹਾਲੀ ਵੀ ਵੱਖਰਾ ਹੈ। ਇੱਥੇ ਮਰਦ ਮੇਲੇ ਜਾਂ ਤਿਉਹਾਰ ਸਮੇਂ ਕੰਨਾਂ ਵਿਚ ਗੋਖੜੂ, ਬਾਹਾਂ ਵਿਚ ਕੰਙਣ ਜਾਂ ਤੋਦਰ, ਗਲ ਵਿਚ ਮਾਲਾ, ਕੈਂਠਾ ਜਾਂ ਕੰਢੀ ਤੇ ਉਂਗਲਾਂ ਵਿਚ ਅੰਗੂਠੀ ਪਹਿਨਦੇ ਹਨ। ਮੁੰਡੇ ਚਾਂਦੀ ਦੀ ਤਾਗੜੀ (ਤੜਾਗੀ) ਦੇ ਸ਼ੌਕੀਨ ਹਨ। ਕੰਨਾਂ ਵਿਚ ਮੁਰਕੀਆਂ, ਗਲ ਵਿਚ ਕੰਠੀ ਅਤੇ ਸੱਜੇ ਗਿੱਟੇ ਉੱਤੇ ਚਾਂਦੀ ਦਾ ਕੜਾ ਤਾਂ ਆਮ ਹੀ ਪਹਿਨ ਰੱਖਦੇ ਹਨ। ਪਿੰਡ ਦਾ ਨੰਬਰਦਾਰ ਕੰਨਾਂ ਵਿਚ ਆਪਣੀ ਨੰਬਰਦਾਰੀ ਦੀ ਨਿਸ਼ਾਨੀ, ਮੋਹਰ ਵਾਲੀ ਮੁਰਕੀ, ਪਾਉਂਦਾ ਹੈ।

ਜਿਵੇਂ ਕਿ ਅਸੀਂ ਪਹਿਲਾਂ ਦੱਸ ਆਏ ਹਾਂ ਹਰਿਆਣੇ ਦੀਆਂ ਸੁਹਾਗਣਾਂ ਨੂੰ ਚਾਂਦੀ ਦੇ ਭਾਰੇ ਗਹਿਣੇ ਪਹਿਨਣ ਦਾ ਸ਼ੌਕ ਹੈ, ਭਾਵੇਂ ਇਹ ਵੰਡ ਤੋਂ ਪਿੱਛੋਂ ਆਏ ਪੱਛਮੀ ਪੰਜਾਬ ਦੇ ਵਸਨੀਕਾਂ ਕਾਰਨ, ਕੁਝ ਘਟ ਰਿਹਾ ਹੈ। ਇੱਥੇ ਸੱਗੀ ਦੀ ਥਾਂ ਚਾਂਦੀ ਦੀਆਂ ਕੌਡੀਆਂ ਦੀ ਪਟੜੀ, ਮੱਥੇ ਉੱਤੇ ਬਿੰਦੀ, ਕੰਨ ਦੀ ਪੇਪੜੀ ਵਿਚ ਸਾਦਾ ਬੁਜਨੀ (ਸਟੱਡ) ਤੇ ਡਾਂਡਾ (ਗੋਲ ਤੇ ਵੱਡਾ ਸਾਰਾ ਜੜਾਊ ਛੱਲਾ), ਨੱਕ ਵਿਚ ਸੁਹਾਗ ਪਿੱਛੋਂ ਨੱਥ (ਪਹਿਲਾਂ ਡੰਡੀ), ਗਲ ਵਿਚ ਚੌਦਾਂ ਰੁਪਏ ਪਰੋ ਕੇ ਬਣਾਇਆ ਝਾਲਰਾ ਜਾਂ ਹੰਸਲਾ ਤੇ ਮੋਹਰਾਂ ਵਾਲਾ 'ਮੋਹਰ' ਜਾਂ 'ਟਕਵਾਲਾ', ਬਾਹਾਂ ਵਿਚ ਕੂਹਣੀ ਵਲ ਦੇ ਪਾਸਿਓਂ, ਪਹਿਲਾਂ ਸੁਹਾਗ ਦੀ ਪਛੇਲੀ, ਫੇਰ ਛੰਨ ਕੰਙਣੀ, ਚੂੜਾ, ਬਾਜੂਬੰਦ, ਬਾਜੂ-ਚੌਂਕ, ਬਾਜੂ-ਫੁੱਲ ਤੇ ਟਾਡ (ਜਿਹੜਾ ਮੁਕਲਾਵੇ ਤੋਂ ਪਿੱਛੋਂ ਹੀ ਪਹਿਨਿਆ ਜਾਂਦਾ ਹੈ) ਅਤੇ ਛਾਤੀ ਉੱਤੇ ਚਾਂਦੀ ਦੀ ਜੰਜ਼ੀਰੀ ਵਾਲਾ ਧਾਰੂ

ਅਤੇ ਕੁੜੀ ਜਾਂ ਬਾਂਕੜੀ ਗਿੱਟਿਆਂ ਦਾ ਸ਼ਿੰਗਾਰ ਬਣਦੇ ਹਨ। ਉੱਗਲਾਂ ਵਿਚ ਕਈ ਤਰ੍ਹਾਂ ਦੀਆਂ ਜੜਾਊ ਮੁੰਦਰੀਆਂ ਪਹਿਨਣ ਦਾ ਰਿਵਾਜ ਹੈ।

ਇਸੇ ਤਰ੍ਹਾਂ ਕਾਂਗੜੇ ਦੀ ਇਸਤਰੀ ਆਪਣੀ ਨੱਥ ਉੱਤੇ ਬੜਾ ਮਾਣ ਕਰਦੀ ਹੈ "ਨੱਕੇ ਮੰਝੇ ਲਿਸ਼ਕੇ ਨੱਥ ਲੋਕੋ" ਉਹ ਕਹੇਗੀ। ਬਾਲੇ (ਬਾਲੀਆਂ) ਝੁਮਕੇ ਤੇ ਫ਼ਰਾਲੂ ਇਸਤਰੀ ਦੇ ਕੰਨਾਂ ਦਾ ਸ਼ਿੰਗਾਰ ਹਨ। ਸਿਰ ਉੱਤੇ ਚੌਂਕ ਤੇ ਮੱਥੇ ਉੱਤੇ ਬਿੰਦੀ ਆਮ ਲਾਈ ਜਾਂਦੀ ਹੈ। ਨੱਕ ਵਿਚ ਚੁਟਕੀ, ਬੁਲਾਕ, ਲਟਕਣ ਜਾਂ ਬਾਲੂ ਪਹਿਨਦੇ ਹਨ। ਗੱਲ ਵਿਚ ਮਾਲਾ ਤੇ ਚੰਪਾਕਲੀ ਅਤੇ ਛਾਤੀ ਉੱਤੇ ਸੰਬੀਹ। ਬੰਦ, ਕੰਙਣ, ਗੋਖੜੂ, ਪਹੁੰਚੀ ਤੇ ਚੂੜਾ ਇਸ ਇਲਾਕੇ ਦੀ ਇਸਤਰੀ ਦੀ ਗੋਲ ਭਰਵੀਂ ਵੀਣੀ ਦਾ ਸ਼ਿੰਗਾਰ ਬਣਦੇ ਹਨ। ਅੰਗੂਠੇ ਵਿਚ ਆਰਸੀ ਤੇ ਉਂਗਲੀਆਂ ਵਿਚ ਛੱਲੇ ਵੀ ਪਹਿਨੇ ਜਾਂਦੇ ਹਨ। ਕੰਙਣ ਤੇ ਚੂੜਾ ਦੋਵੇਂ ਤਾਂ ਕਦੇ ਲਾਹੇ ਹੀ ਨਹੀਂ ਜਾਂਦੇ। ਇਹ ਦੋਵੇਂ ਕਾਂਗੜੇ ਦੀ ਇਸਤਰੀ ਦੇ ਜ਼ਰੂਰੀ ਗਹਿਣੇ ਹਨ। ਪੈਰ ਵਿਚ ਪੰਜੇਬ, ਗਿੱਟੇ ਉੱਤੇ ਕੜੀ ਅਤੇ ਪੈਰ ਦੇ ਅੰਗੂਠੇ ਉੱਤੇ ਫੁੱਲੂ ਵੀ ਪਹਿਨਿਆ ਜਾਂਦਾ ਹੈ। ਘਿਰਥ ਇਸਤਰੀ ਰੰਗਦਾਰ ਸ਼ੀਸ਼ਿਆਂ ਵਾਲਾ ਹਾਰ ਪਹਿਨਦੀ ਹੈ। ਇੱਥੇ ਮਰਦ ਕੰਠੇ, ਕੰਙਣ, ਬਾਲਾ (ਮੁਰਕੀ), ਛੱਲਾ ਤੇ ਮਾਲਾ ਪਹਿਨਦੇ ਹਨ। ਇਹ ਗਹਿਣੇ ਜੇ ਆਪਣੇ ਕੋਲ ਨਾ ਹੋਣ ਤਾਂ ਮੇਲੇ ਤਿਉਹਾਰ ਜਾਂ ਵਿਆਹ ਸ਼ਾਦੀ ਸਮੇਂ ਮੰਗ ਕੇ ਪਹਿਨ ਲਏ ਜਾਂਦੇ ਹਨ। ਇੱਥੋਂ ਦੇ ਲੋਕ-ਗੀਤਾਂ ਵਿਚ ਕੰਨਾਂ ਦੇ ਕੋਕਲਿਆਂ, ਗਲ ਦੀ ਚੰਬੇਲ, ਨੱਕ ਦੇ ਲੌਂਗ ਦਾ ਜ਼ਿਕਰ ਵੀ ਮਿਲਦਾ ਹੈ।

ਦੰਦਾਂ ਉਤੇ ਸੋਨੇ ਦਾ ਖੋਲ ਜਾਂ ਕਿਸੇ ਦੰਦ ਵਿਚ ਸੋਨੇ ਦੀ ਮੇਖ ਜੜਾਉਣਾ ਵੀ ਸ਼ਿੰਗਾਰ ਵਿਚ ਸ਼ਾਮਲ ਹੈ ਤੇ ਸ਼ਹਿਰੀ ਸ਼ੁਕੀਨਾਂ ਵਿਚ ਆਮ ਵੇਖਿਆ ਜਾਂਦਾ ਹੈ।

ਪੰਜਾਬ ਦੇ ਸਾਰੇ ਗਹਿਣੇ ਚਾਂਦੀ ਜਾਂ ਸੋਨੇ ਦੇ ਹੁੰਦੇ ਹਨ। ਇਨ੍ਹਾਂ ਵਿਚ ਹੀਰੇ ਮੋਤੀਆਂ ਦੇ ਨਗ ਜੜੇ ਹੋਏ ਹੁੰਦੇ ਹਨ। ਕਈ ਇਲਾਕਿਆਂ ਵਿਚ ਸ਼ੀਸ਼ੇ ਤੇ ਲਾਖ ਦੇ ਕੜੇ ਵੀ ਪਰਚਲਿਤ ਹਨ। ਮਹਿੰਜੋਦੜੋ ਤੇ ਹੜੱਪਾ ਦੀ ਖੁਦਾਈ ਤੋਂ ਲੱਭੇ ਗਹਿਣੇ ਸਿੱਧ ਕਰਦੇ ਹਨ ਕਿ ਸ਼ੀਸ਼ੇ ਤੇ ਲਾਖ ਦੇ ਗਹਿਣੇ ਸਿੰਧ ਵਾਦੀ ਦੀ ਪੁਰਾਤਨ ਸਭਿਅਤਾ ਵਿਚ ਵੀ ਪਰਚਲਤ ਹਨ। ਉੱਤਰੀ ਵਿਚ ਇਹ ਧੰਦਾ ਇਸਤਰੀਆਂ ਦੇ ਹੱਥ ਹੈ। ਲਾਖ ਤੇ ਸ਼ੀਸ਼ੇ ਦੇ ਗਹਿਣਿਆਂ ਵਾਂਙ ਹੀ ਹਾਥੀ-ਦੰਦ ਤੇ ਘੋਗੇ ਵੀ ਬਹੁਤ ਪੁਰਾਣੇ ਸਮਿਆਂ ਤੋਂ ਚਲੇ ਆ ਰਹੇ ਹਨ। ਹੁਣ ਤਾਂ ਬਾਹਰਲੇ ਦੇਸਾਂ ਤੋਂ ਆਏ ਲਾਲ, ਨੀਲੇ, ਸੁਨਹਿਰੀ ਤੇ ਹਰੇ ਰੰਗ ਦੇ ਮਣਕਿਆਂ ਦੀ ਵਰਤੋਂ ਆਮ ਕੀਤੀ ਜਾਣ ਲਗ ਪਈ ਹੈ। ਉਂਜ ਉੱਤਰ ਵਿਚ ਪਰਚਲਤ ਪੱਥਰ, ਸ਼ੀਸ਼ੇ, ਧਾਤ ਤੇ ਲੱਕੜੀ ਦੇ ਬਹੁਤ ਸਾਰੇ ਮਣਕੇ ਸਾਨੂੰ ਬਾਬਲ ਮਿਸਰ, ਈਰਾਨ ਤੇ ਮੁਗ਼ਲ ਕਾਲ ਦੀ ਭਾਰਤੀ ਸਭਿਅਤਾ ਨਾਲ ਜੋੜਦੇ ਹਨ। ਜਮੀਲਾ ਬ੍ਰਿਜ ਭੂਸ਼ਨ ਦੇ ਕਥਨ ਅਨੁਸਾਰ 'ਮਣਕਿਆਂ ਦੀ ਉਮਰ ਇਸਤਰੀ ਦੀ ਸਵੈ-ਪ੍ਰਸੰਸਾ ਦੀ ਭਾਵਨਾ ਜਿੰਨੀ ਲੰਮੀ ਹੈ ਅਤੇ ਇਨ੍ਹਾਂ ਦੀ ਵਰਤੋਂ ਇਸ ਭਾਵਨਾ ਦੇ ਖ਼ਤਮ ਹੋਣ ਨਾਲ ਹੀ ਮਿਟ ਸਕਦੀ ਹੈ, ਪਰ ਇਉਂ ਕਦੀ ਹੋ ਨਹੀਂ ਸਕਦਾ।' ਟੈਕਸਲਾ ਦੀ ਖੁਦਾਈ ਤੋਂ ਵੀ ਗਲ ਦੇ ਹਾਰ, ਸੋਨੇ ਦੇ ਫੁੱਲਦਾਰ ਟਿੱਕੇ, ਕਾਂਟੇ, ਚੂੜੇ, ਵਾਲਾਂ ਦੇ ਕਲਿੱਪ ਤੇ ਲਾਖ ਆਦਿ ਦੇ ਮਣਕੇ ਮਿਲੇ ਹਨ। ਇਸ ਤੋਂ ਸਾਫ਼ ਹੈ ਕਿ ਇਨ੍ਹਾਂ ਦੀ ਵਰਤੋਂ ਬਹੁਤ ਪੁਰਾਣੇ ਸਮਿਆਂ ਤੋਂ ਹੁੰਦੀ ਆ ਰਹੀ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿਚ, ਪੱਛਮੀ ਸਭਿਅਤਾ ਦੇ ਪ੍ਰਭਾਵ ਥੱਲੇ, ਬਹੁਤ ਸਾਰੇ ਗਹਿਣਿਆਂ ਦੀ ਵਰਤੋਂ ਹਟ ਗਈ। ਪੁਰਾਣੇ ਮੋਟੇ ਭਾਰੇ ਗਹਿਣੇ ਵੇਖਣ ਲਈ ਤਾਂ ਕਈ ਘਰ ਢੂੰਡਣੇ ਪੈਂਦੇ ਹਨ। ਸੋਨੇ ਚਾਂਦੀ ਦੀਆਂ ਕੀਮਤਾਂ ਵਧਣ ਕਰ ਕੇ ਵੀ ਗਹਿਣਿਆਂ ਦੀ ਗਿਣਤੀ ਘਟ ਗਈ ਹੈ। ਪੁਰਾਣੇ ਭਾਰੇ ਗਹਿਣੇ ਤੁੜਵਾ ਕੇ ਉਨ੍ਹਾਂ ਤੋਂ ਕਈ ਛੋਟੇ ਛੋਟੇ ਗਹਿਣੇ ਤਿਆਰ ਕਰਵਾਏ ਜਾ ਰਹੇ ਹਨ। ਅੱਜ ਦੀ ਮੁਟਿਆਰ ਆਪਣੀ ਬੁੱਢੀ ਸੱਸ ਦੀ ਮੌਤ ਪਿੱਛੋਂ ਉਸ ਦੀਆਂ ਜ਼ੰਜੀਰਾਂ, ਪੱਟੀਆਂ, ਮੋਤੀਆਂ ਤੇ ਛਿਆਂ ਮਛਲੀਆਂ ਨੂੰ ਤਾਰਾ ਲੁਆ ਕੇ ਕਾਂਟਿਆਂ ਦੇ ਤਿੰਨ ਜੋੜੇ, ਹੇਠਲੀ ਪੱਟੀ ਤੋਂ ਹਾਰ ਅਤੇ ਬਾਕੀ ਸੋਨੇ ਤੋਂ ਗਲ ਦੀ ਜ਼ੰਜੀਰੀ ਬਣਵਾ ਲੈਂਦੀ ਹੈ। ਖ਼ਾਲਸ ਸੋਨਾ ਪਿੜ ਵਿੱਚੋਂ ਨਿਕਲ ਰਿਹਾ ਹੈ ਅਤੇ ਉਸ ਦੀ ਥਾਂ ਖੋਟਾ ਸੋਨਾ ਜਾਂ ਰੋਲਡ ਗੋਲਡ ਪ੍ਰਚਲਿਤ ਹੋ ਰਿਹਾ ਹੈ। ਹੱਥ ਨਾਲੋਂ ਮਸ਼ੀਨੀ ਕਾਰੀਗਰੀ

ਵਧੇਰੇ ਹਰਮਨ-ਪਿਆਰੀ ਹੋ ਰਹੀ ਹੈ ਜਿਸ ਦੇ ਸਦਕੇ ਸੁਨਿਆਰ ਦਾ ਧੰਦਾ ਬੰਦ ਹੋ ਰਿਹਾ ਹੈ । ਕੋਈ ਸਮਾਂ ਸੀ ਕਿ ਖਟ ਦੀ ਖੱਟੀ ਦੇ ਸਦਕੇ ਸੁਨਿਆਰ ਦਾ ਘਰ ਸਾਰੇ ਪਿੰਡ ਤੋਂ ਚੰਗਾ ਹੁੰਦਾ ਸੀ । ਅੱਜ ਸੁਨਿਆਰ ਮਜ਼ਦੂਰੀ ਕਰਦੇ ਵੀ ਮਿਲਦੇ ਹਨ ।

## ਪਹਿਰਾਵਾ

ਪਹਿਰਾਵਾ ਜਾਂ ਪੁਸ਼ਾਕ ਜਿਸਮ ਨੂੰ ਢਕਣ ਵਾਸਤੇ ਜ਼ਰੂਰੀ ਹੈ । ਨਿੱਕਾ ਜਿਹਾ ਬੱਚਾ ਵੀ ਉਦੋਂ ਤਕ ਹੀ ਨੰਗ-ਧੜੰਗ ਫਿਰਨ ਦੀ ਬਾਦਸ਼ਾਹੀ ਕਰਦਾ ਹੈ ਜਦੋਂ ਤਕ ਉਹ ਸੁਰਤ ਨਹੀਂ ਸੰਭਾਲਦਾ । ਸੁਰਤ ਸੰਭਾਲਦਿਆਂ ਸਾਰ ਹੀ ਬੱਚੇ ਆਪਣੇ ਮਾਪਿਆਂ ਕੋਲੋਂ ਕਪੜੇ ਮੰਗਣ ਲਗ ਜਾਂਦੇ ਹਨ । ਬੱਚੇ ਦੀ ਸਭ ਤੋਂ ਪਹਿਲੀ ਪੁਸ਼ਾਕ ਝੱਗੀ ਤੇ ਕੱਛੀ (ਹਰਿਆਣੇ ਵਿਚ ਘਾਗਰੀ) ਹੈ । ਪੁਸ਼ਾਕ ਦਾ ਲਿੰਗ-ਚੇਤਨਤਾ ਨਾਲ ਬੜਾ ਗੂੜ੍ਹਾ ਸੰਬੰਧ ਹੈ । ਇਹ ਚੇਤਨਤਾ ਜਿਸਮ ਨੂੰ ਪੁਸ਼ਾਕ ਨਾਲ ਢਕ ਕੇ ਰੱਖਣ ਲਈ ਪਰੇਰਦੀ ਹੈ ।

ਪੁਸ਼ਾਕ ਦੀ ਬਣਤਰ ਦਾ ਇਤਿਹਾਸ ਬੜਾ ਦਿਲਚਸਪ ਹੈ । ਵੇਦਕ ਸਮੇਂ ਵਿਚ ਪੁਸ਼ਾਕ ਕੇਲੇਂ, ਫਰਵਾਂਹ, ਕੁਸ਼ਾ, ਘਾਹ, ਚਮੜਾ, ਰੇਸ਼ਮ ਤੇ ਉੱਨ ਦੀ ਬਣਾਈ ਜਾਂਦੀ ਸੀ । ਮੁਹੰਮਦ ਲਤੀਫ਼ ਪੁਰਾਣੇ ਪੰਜਾਬ ਦੇ ਸ਼ਿੰਗਾਰ ਬਾਰੇ ਆਪਣੇ 'ਪੰਜਾਬ ਦੇ ਇਤਿਹਾਸ' ਵਿਚ ਲਿਖਦਾ ਹੈ, 'ਪੁਰਾਣੇ ਹਿੰਦੂ ਸੂਤੀ, ਕਪੜਾ ਪਾਉਂਦੇ ਸਨ । ਸੂਤੀ ਕਮੀਜ਼ਾਂ ਗੋਡਿਆਂ ਤਕ ਲੰਮੀਆਂ ਹੁੰਦੀਆਂ ਸਨ । ਕਮੀਜ਼ ਦੇ ਉੱਪਰ ਇਕ ਪਟਕਾ ਹੁੰਦਾ ਸੀ ਜਿਹੜਾ ਖੱਬੇ ਮੋਢੇ ਦੇ ਉਪਰ ਤੇ ਸੱਜੇ ਮੋਢੇ ਦੇ ਹੇਠ ਕਰ ਕੇ ਬੰਨ੍ਹਿਆ ਜਾਂਦਾ ਸੀ । ਸਰੀਰ ਦਾ ਇਕ ਪਾਸਾ ਮੋਢੇ ਉੱਤੇ ਚਾਦਰ ਸੁੱਟ ਕੇ ਢਕਿਆ ਜਾਂਦਾ ਸੀ । ਇਹ ਚਾਦਰ ਗੋਡਿਆਂ ਤਕ ਲਮਕਦੀ ਰਹਿੰਦੀ ਸੀ । ਸਾਰੇ ਜਣੇ ਧੋਤੀ ਪਹਿਨਦੇ ਸਨ । ਮਰਦਾਂ ਦੀਆਂ ਲੰਮੀਆਂ ਲੰਮੀਆਂ ਦਾੜ੍ਹੀਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਉਹ ਲਾਲ, ਸਬਜ਼, ਪੀਲੀਆਂ ਜਾਂ ਨੀਲੀਆਂ ਰੰਗ ਲੈਂਦੇ ਸਨ । ਤੀਵੀਆਂ ਕਪੜਿਆਂ ਨਾਲ ਸਜੀਆਂ ਹੁੰਦੀਆਂ । ਉਹ ਤੰਗ ਪੁਸ਼ਾਕ ਨਹੀਂ ਸਨ ਪਾਉਂਦੀਆਂ । ਉਹ ਆਪਣੇ ਹੱਥਾਂ ਤੇ ਪੈਰਾਂ ਨੂੰ ਮਹਿੰਦੀ, ਚੰਦਨ ਤੇ ਲਾਖ ਨਾਲ ਰੰਗਦੀਆਂ ਸਨ । ਉਨ੍ਹਾਂ ਦੇ ਭਰਵੱਟੇ ਤੇ ਮੱਥੇ ਕਸਤੂਰੀ ਨਾਲ ਰੰਗੇ ਹੁੰਦੇ ਅਤੇ ਕੇਸ ਫੁੱਲਾਂ ਨਾਲ ਸ਼ਿੰਗਾਰੇ ਜਾਂਦੇ ਸਨ । ਹੈਸੀਅਤ ਅਨੁਸਾਰ ਵਖੋ ਵੱਖਰੇ ਜ਼ੇਵਰ ਤੇ ਗਹਿਣੇ ਪਹਿਨਣ ਦਾ ਵੀ ਰਿਵਾਜ ਸੀ ।

ਅੱਜ ਦੇ ਪੰਜਾਬ ਦੀ ਪੁਸ਼ਾਕ ਵੀ ਕੋਈ ਘਟ ਸਜੀਲੀ ਨਹੀਂ । ਕਿਸੇ ਵੱਡੇ ਰੇਲਵੇ ਸਟੇਸ਼ਨ ਦੇ ਪਲੇਟਫ਼ਾਰਮ ਉੱਤੇ ਜਾ ਕੇ ਵੇਖੋ, ਵੱਖੋ ਵੱਖਰੇ ਜ਼ਿਲਿਆਂ ਦੇ ਵੱਖੋ ਵੱਖਰੇ ਪਹਿਰਾਵੇ ਵਾਲੇ ਬੰਦੇ ਵਿਖਾਈ ਦੇਣਗੇ । ਸਾਧੂ ਤੋਂ ਲੈ ਕੇ, ਯੂਰਪੀ ਪਹਿਰਾਵੇ ਵਾਲੇ ਫ਼ੈਸ਼ਨਦਾਰ ਜੈਂਟਲਮੈਨ, ਇੱਥੇ ਵੇਖੇ ਜਾ ਸਕਦੇ ਹਨ । ਹਰਿਆਣੇ ਦੀ ਭਾਰੀ ਘਗਰੀ ਤੇ ਕੁੜਤੀ ਜਾਂ ਅੰਗੀ, ਪੁਰਾਣੀਆਂ ਬੁੱਢੀਆਂ ਦੇ ਲੰਮੇ ਕੁੜਤੇ ਤੇ ਰੇਬਦਾਰ ਪਜਾਮੇ ਜਾਂ ਸੂਸੀ ਦੀਆਂ ਸੁੱਥਣਾਂ, ਪੰਜਾਬਣ ਮੁਟਿਆਰ ਦੀ ਸਲਵਾਰ ਤੇ ਕਮੀਜ਼ ਮਰਦਾਂ ਦੀ ਪਿੱਛੇ ਮਰੋੜੀ ਦੇ ਕੇ ਟੰਗੀ ਹੋਈ ਧੋਤੀ ਜਾਂ ਖੁੱਲ੍ਹਾ ਚਾਦਰਾ (ਤਹਿਮਤ), ਵੱਡੇ ਪਹੁੰਚਿਆਂ ਵਾਲੀ ਸਲਵਾਰ ਤੇ ਚੂੜੀਦਾਰ ਪਜਾਮੇ ਸਭ ਮਿਲਣਗੇ । ਮੇਲਿਆਂ, ਤਿਉਹਾਰਾਂ ਅਤੇ ਵਿਆਹ-ਸ਼ਾਦੀਆਂ ਉੱਤੇ ਗੂੜ੍ਹੇ ਲਾਲ, ਪੀਲੇ, ਨੀਲੇ ਰੰਗਦਾਰ ਪਹਿਰਾਵੇ ਵੇਖਣ ਵਿਚ ਆਉਂਦੇ ਹਨ ।

ਕੇਂਦਰੀ ਪੰਜਾਬ ਦਾ ਉੱਚੇ, ਲੰਮੇ, ਸਡੌਲ ਜਿਸਮ ਤੇ ਚੌੜੇ ਮੋਢਿਆਂ ਵਾਲਾ ਪੁਰਸ਼ ਸਿਰ ਉੱਤੇ ਪੂਰੇ ਬਰ ਦਾ ਸਾਫ਼ਾ ਜਾਂ ਅੱਧੇ ਬਰ ਦੀ ਪੱਗ ਬੰਨ੍ਹਦਾ ਹੈ । ਛੋਟੀ ਪੱਗ, ਸਾਫ਼ੇ ਦੇ ਥੱਲੇ, ਕੇਵਲ ਸਿੱਖ ਹੀ ਬੰਨ੍ਹਦੇ ਸਨ, ਪਰ ਹੁਣ ਇਸ ਦਾ ਰਿਵਾਜ ਹਟਦਾ ਜਾ ਰਿਹਾ ਹੈ । ਗੱਭਰੂ ਸਾਫ਼ੇ ਦਾ ਲੜ ਕੰਨ ਕੋਲ ਛੱਡ ਕੇ ਪਿੱਛਿਓਂ ਗਿੱਚੀ ਦੇ ਕਾਲੇ ਵਾਲ ਨੰਗੇ ਰਖਦੇ ਹਨ ਅਤੇ ਜੂੜੇ ਜਾਂ ਬੋਦੀ ਦੇ ਖੱਬੇ ਪਾਸਿਓਂ ਥੋੜ੍ਹਾ ਜਿਹਾ ਸੱਜੇ ਹੱਥ ਨੂੰ ਝੁਕਿਆ ਹੋਇਆ ਟੋਰਾ ਛਡਦੇ ਹਨ, "ਟੋਰੇ ਬਾਝ ਨਾ ਸੁੰਹਦਾ ਗੱਭਰੂ" । ਬਹਾਵਲਪੁਰ ਦੇ ਵਸਨੀਕ ਰੱਸੇ ਵਾਂਙ ਵੱਟ ਚਾੜ੍ਹ ਕੇ ਚਾਲ੍ਹੀ ਚਾਲ੍ਹੀ ਗਜ਼ ਲੰਮੀਆਂ ਪੱਗਾਂ ਵੀ ਬੰਨ੍ਹਦੇ ਸਨ । ਕੇਂਦਰੀ ਪੰਜਾਬ ਵਿਚ ਪੱਗ ਦਾ ਲੜ ਜ਼ਰਾ ਛੋਟਾ ਰੱਖਿਆ ਜਾਂਦਾ ਹੈ ਤੇ

ਸ਼ਮਲਾ (ਟੌਰਾ) ਵੱਡਾ। ਜਾਂਗਲੀ, ਪੱਗ ਬੰਨ੍ਹ ਕੇ ਸਿਰ ਨੂੰ ਵਿਚਕਾਰੋਂ ਨੰਗਾ ਰੱਖਦੇ ਹਨ। ਉਂਜ ਪੱਗ ਬੰਨ੍ਹਣੀ ਤੇ ਲੜ ਛੱਡਣ ਦਾ ਵਲ ਵੀ ਕਿਸੇ ਕਿਸੇ ਨੂੰ ਹੀ ਆਉਂਦਾ ਹੈ —

'ਤੈਨੂੰ ਪੱਗ ਬੰਨ੍ਹਣੀ,
ਤੈਨੂੰ ਲੜ ਛਡਣਾ,
ਤੈਨੂੰ ਹਲ ਵਾਹੁਣਾ ਨਾ ਆਵੇ, ਵੇ ਤੇਰੇ ਘਰ ਕੀ ਵਸਣਾ।'

ਪੰਜਾਬਣ ਮੁਟਿਆਰ ਆਪਣੇ ਸਾਥੀ ਨੂੰ ਵਿਅੰਗ ਨਾਲ ਕਹਿੰਦੀ ਹੈ। ਪੱਗ ਵਧੇਰੇ ਕਰਕੇ ਮੋਟੀ ਮਲਮਲ ਜਾਂ ਖੱਦਰ ਦੀ ਹੀ ਹੁੰਦੀ ਹੈ। ੩੭੯ ਦੀ ਬਰੀਕ ਮਲਮਲ, ਸੰਧੂਰੀ ਰੰਗ ਕੇ, ਖ਼ਾਸ ਮੌਕਿਆਂ ਉੱਤੇ ਹੀ ਬੰਨ੍ਹੀ ਜਾਂਦੀ ਹੈ:

'ਮੈਨੂੰ ਮੱਸਿਆ 'ਚ ਪੈਣ ਭੁਲੇਖੇ, ਤੇਰੀ ਵੇ ਸੰਧੂਰੀ ਪੱਗ ਦੇ।'

ਪੜ੍ਹੇ-ਲਿਖੇ ਮੁੰਡੇ ਲੜ ਅਤੇ ਸ਼ਮਲਾ ਨਹੀਂ ਛੱਡਦੇ ਅਤੇ ਗੋਲ, ਪਟਿਆਲੇ-ਸ਼ਾਹੀ ਪੱਗਾਂ ਬੰਨ੍ਹਦੇ ਹਨ। ਬੁੱਢਿਆਂ ਦੀ ਪੱਗ ਫਿੱਕੇ ਰੰਗ ਦੀ ਸਾਦੀ ਹੁੰਦੀ ਹੈ, ਅਤੇ ਗਭਰੂਆਂ ਦੀ ਰੰਗਦਾਰ। ਹਿੰਦੂ ਸਾਦਾ ਗੋਲ ਜਾਂ ਗਾਂਧੀ ਟੋਪੀ ਪਹਿਨਦੇ ਹਨ, ਜਾਂ ਨੰਗਾ ਸਿਰ ਰਖ ਕੇ ਪਟੇ ਵਾਹ ਲੈਂਦੇ ਹਨ।

ਬਾਕੀ ਕਪੜੇ ਵੀ ਘਰ ਦੇ ਕੱਤੇ, ਪਿੰਡ ਦੇ ਜੁਲਾਹੇ ਦੇ ਬੁਣੇ ਹੋਏ, ਪਿੰਡ ਦੇ ਦਰਜ਼ੀ ਜਾਂ ਘਰ ਦੇ ਸੀਤੇ, ਸਾਦਾ ਹੀ ਹੁੰਦੇ ਹਨ। ਗਲ ਵਿਚ ਕੁੜਤਾ ਜਾਂ ਕਮੀਜ਼ ਪਹਿਨਦੇ ਹਨ। ਕਮੀਜ਼ ਦਾ ਫ਼ੈਸ਼ਨ ਨਵਾਂ ਹੈ। ਪੰਜਾਬੀ ਇਸ ਨੂੰ ਝੱਗਾ ਕਹਿੰਦੇ ਹਨ। ਇਸ ਦੇ ਕਾਲਰ ਵੀ ਕੋਟ ਦੇ ਕਾਲਰਾਂ ਵਰਗੇ ਗੋਲ ਹੀ ਹੁੰਦੇ ਹਨ। ਤਿੱਖੇ ਕਾਲਰਾਂ ਵਾਲੀ ਕਮੀਜ਼ ਤਾਂ ਥੋੜੇ ਜਿਹੇ ਸ਼ੁਕੀਨ ਹੀ ਪਹਿਨਦੇ ਹਨ। ਆਮ ਕਿਰਸਾਣ ਕਮੀਜ਼ ਦੇ ਥੱਲੇ ਕੁਝ ਨਹੀਂ ਪਾਉਂਦੇ। ਜੇ ਪਾਉਣ ਤਾਂ ਘਰ ਦੀ ਸੀਤੀ ਇਕ ਝੱਗੀ ਹੀ ਪਹਿਨਦੇ ਹਨ। ਸਰਦੀਆਂ ਵਿਚ ਰੂੰ ਵਾਲੀ ਫਤੂਹੀ, ਜੈਕਟ ਤੇ ਸਵੈਟਰ ਪਹਿਨਣ ਦਾ ਰਿਵਾਜ ਹੈ। ਕੋਟ ਤਾਂ ਕੋਈ ਸ਼ੁਕੀਨ ਜਾਂ ਪੜ੍ਹਾਕੂ ਹੀ ਪਹਿਨਦਾ ਹੈ। ਪਿੰਡਾਂ ਵਿਚ ਖੱਦਰ ਦੇ ਦੋ ਕੁੜਤੇ ਉਪਰ-ਥੱਲੇ ਪਾਉਣ ਦਾ ਰਿਵਾਜ ਵੀ ਆਮ ਹੈ। ਬਹੁਤ ਸਰਦੀ ਹੋਵੇ ਤਾਂ ਖੇਸੀ, ਖੇਸ, ਦੋਹਰ (ਦੂਹਰੀ ਚਾਦਰ), ਚੌਹਰ ਜਾਂ ਲੋਈ ਦੀ (ਵਾਂਢੇ ਆਦਿ ਜਾਣ ਸਮੇਂ) ਬੁੱਕਲ ਮਾਰ ਲਈ ਜਾਂਦੀ ਹੈ। ਬਾਣੀਏ ਹਾਲੀ ਤਕ ਵੀ ਅੰਗਰਖਾ ਪਹਿਨਦੇ ਹਨ ਅਤੇ ਇਸ ਦੇ ਥੱਲੇ ਪੈਸੇ ਪਾਉਣ ਲਈ ਜੇਬਾਂ ਵਾਲੀ ਝੱਗੀ ਰਖਦੇ ਹਨ।

ਕੰਮ ਵੇਲੇ, ਤੇੜ ਦੀ ਪੁਸ਼ਾਕ ਸਾਫ਼ਾ, ਪਟਕਾ, ਲੰਗੋਟੀ, ਜਾਂਘੀਆ, ਜਾਂ ਕੱਛਾ ਹੈ ਅਤੇ ਪੂਰੇ ਬਰ ਦਾ ਚਾਦਰਾ (ਤਹਿਮਤ), ਖੁੱਲ੍ਹਾ ਪਜਾਮਾ, ਪੋਠੋਹਾਰੀ ਸਲਵਾਰ ਤੇ ਚੜੀਦਾਰ ਪਜਾਮਾ ਬਾਕੀ ਮੌਕਿਆਂ ਦੀ। ਪੈਂਟ ਦਾ ਰਿਵਾਜ ਵੀ ਵਧ ਰਿਹਾ ਹੈ। ਬ੍ਰਾਹਮਣ ਖੱਤਰੀ ਧੋਤੀ ਬੰਨ੍ਹਦੇ ਹਨ, ਜਿਸ ਦੀ ਮਰੋੜੀ ਧੁੰਨੀ ਉੱਤੇ ਦਿੱਤੀ ਜਾਂਦੀ ਹੈ। ਇਸ ਦੀ ਖੱਬੀ ਲਾਂਗ ਲੱਤਾਂ ਵਿੱਚੋਂ ਮੋੜ ਕੇ ਪਿੱਛੇ ਟੰਗ ਲਈ ਜਾਂਦੀ ਹੈ ਤੇ ਸੱਜੀ ਸੱਜੇ ਗੋਡੇ ਉੱਪਰੋਂ ਖੁਲ੍ਹੀ ਲਟਕਦੀ ਰਹਿੰਦੀ ਹੈ। ਪਹਿਲੀ ਕਿਸਮ ਦੀ ਧੋਤੀ ਨੂੰ ਨਾਗਬਲੀ ਅਤੇ ਦੂਸਰੀ ਕਿਸਮ ਦੀ ਨੂੰ ਮਰੋੜੀਦਾਰ ਕਹਿੰਦੇ ਹਨ। ਆਮ ਤੌਰ ਤੇ, ਹਿੰਦੂ ਸਿੱਖ ਕਿਰਸਾਨ, ਗੋਡਿਆਂ ਤੋਂ ਨੀਵਾਂ ਪਰਨਾ ਅਤੇ ਮੁਸਲਮਾਨ ਗਿੱਟਿਆਂ ਤੋਂ ਉੱਚੀ ਲੁੰਗੀ ਪਹਿਨਦੇ ਸਨ। ਕਛਹਿਰਾ ਸਿੱਖਾਂ ਦੀ ਧਾਰਮਕ ਪੁਸ਼ਾਕ ਹੈ, ਪਰ ਹੋਰ ਲੋਕ ਵੀ ਪਹਿਨਦੇ ਹਨ, ਅਤੇ ਪਜਾਮਾ ਕੋਈ ਪਿਨਸ਼ਨੀਆਂ ਫ਼ੌਜੀ ਜਾਂ ਪੜ੍ਹਨ ਵਾਲਾ ਸਕੂਲੀਆ ਹੀ ਪਹਿਨਦਾ ਹੈ। ਚਾਦਰਾ ਲੱਠੇ ਦਾ ਡੇਢ ਪੱਟ ਜੋੜ ਕੇ ਬਣਾਇਆ ਜਾਂਦਾ ਹੈ, ਇਸ ਨੂੰ ਆਮ ਪੇਂਡੂ ਨੌਜੁਆਨ ਪਹਿਨ ਕੇ ਖ਼ੁਸ਼ ਹੁੰਦੇ ਹਨ। ਇਸ ਦੇ ਦੋਵੇਂ ਲੜ ਬਗਲਾਂ ਉੱਤੇ ਛੱਡੇ ਜਾਂਦੇ ਹਨ ਅਤੇ ਇਹ ਇਸ ਤਰ੍ਹਾਂ ਸੂਤ ਕੇ ਬੰਨ੍ਹਿਆਂ ਜਾਂਦਾ ਹੈ ਕਿ ਪਿੰਞਣੀ ਨਾਲ ਘਸਰਦਾ ਰਹੇ, 'ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ, ਪਿੰਞਣੀ ਨਾਲ ਸੁਹਾਵੇ'। ਪਟਿਆਲੇ ਦੀ ਦਰਬਾਰੀ ਪੁਸ਼ਾਕ ਗੋਲ ਪਗੜੀ, ਲੰਮਾ ਚੋਗਾ, ਘੁੱਟਵਾਂ ਪਜਾਮਾਂ, ਜਰਾਬਾਂ ਤੇ ਗੁਰਗਾਬੀ ਸੀ। ਇਸ ਨਾਲ ਕਮਰਬੰਦ ਵੀ ਬੰਨ੍ਹਦੇ ਸਨ।

ਪੈਰਾਂ ਵਿਚ ਪਿੰਡ ਦੇ ਮੋਚੀ ਦੀ ਬਣਾਈ ਜੁੱਤੀ ਜਾਂ ਖ਼ਾਸ ਮੌਕਿਆਂ ਲਈ ਸ਼ਹਿਰ ਤੋਂ ਖ਼ਰੀਦੀ ਗੁਰਗਾਬੀ ਜਾਂ ਪਿਸ਼ੌਰੀ ਚੱਪਲ ਪਹਿਨਦੇ ਹਨ। ਜੁੱਤੀ ਵਧੇਰੇ ਕਰ ਕੇ ਧੌੜੀ ਦੀ ਅਤੇ ਬਿਨਾਂ ਨੋਕ ਤੋਂ ਹੁੰਦੀ ਹੈ। 'ਜੁੱਤੀ ਖੱਲ ਦੀ,

ਮਰੋੜਾ ਨਹੀਂ ਝੱਲਦੀ, ਜ਼ੋਰ ਜਵਾਨੀ ਦਾ।' ਖ਼ਾਸ ਮੌਕਿਆਂ ਲਈ ਜ਼ਰੀ ਦੀ, ਤਿੱਲੇਦਾਰ ਤੇ ਨੋਕ ਵਾਲੀ ਜੁੱਤੀ ਬਣਾਉਣ ਦਾ ਵੀ ਰਿਵਾਜ ਹੈ। ਬਹਾਵਲਪੁਰ ਵਿਚ ਇਸਤਰੀ-ਪੁਰਸ਼ ਸਾਰੇ ਫੁੱਲ ਬੂਟੇ ਕਢਾ ਕੇ, ਗੁਲ ਵਾਲੀ, ਸਰੂਵਾਲੀ, ਸੱਤ-ਗੁਲੀ ਤੇ ਡੇਢ-ਵੇਲੀ ਜੁੱਤੀ ਬੜੇ ਚਾਉ ਨਾਲ ਪਹਿਨਦੇ ਹਨ।

ਜ਼ਨਾਨੀਆਂ ਦੀ ਪੁਰਾਣੀ ਪੁਸ਼ਾਕ ਕੁੜਤੀ ਤੇ ਸੁੱਥਣ (ਜਿਹੜੀ ਕਿ ਸੂਸੀ ਦੀ ਬਣੀ ਹੋਈ ਹੁੰਦੀ ਸੀ) ਜਾਂ ਰੇਬ ਪਜਾਮਾ ਸੀ: 'ਨੰਦ ਕੁਰ ਸੱਪ ਬਣ ਗਈ, ਰੇਬ ਪਜਾਮਾ ਪਾ ਕੇ।' ਮੁਟਿਆਰ ਦੀ ਪੁਸ਼ਾਕ ਗੋਡਿਆਂ ਤਕ ਨੀਵੀਂ ਕਮੀਜ਼ ਤੇ ਸਲਵਾਰ ਕਹੀ ਜਾ ਸਕਦੀ ਹੈ। ਕਮੀਜ਼ ਦੀ ਥਾਂ ਜੰਪਰ ਦਾ ਰਿਵਾਜ ਆਮ ਹੋ ਗਿਆ ਹੈ। ਕਮੀਜ਼ ਵਧੇਰੇ ਮਰਦਾਵੀਂ ਕਿਸਮ ਦੀ ਹੀ ਹੁੰਦੀ ਸੀ। ਸਲਵਾਰ ਖੁੱਲ੍ਹੇ ਪਹੁੰਚਿਆਂ ਵਾਲੀ ਹੁੰਦੀ ਹੈ, ਅਤੇ ਸੁੱਥਣ ਤੰਗ ਵਾਲੀ। ਵਿਆਹ ਤੋਂ ਪਿੱਛੋਂ ਸਲਵਾਰ ਦੇ ਉੱਪਰੋਂ ਕਾਲੀ ਸੂਫ਼ ਦਾ ਘੱਗਰਾ ਪਹਿਨਣ ਦਾ ਰਿਵਾਜ ਹੈ। ਇਸ ਦੇ ਨਾਲ ਹੀ ਟਸਰ ਦੀ ਚਾਦਰ ਦੀ ਬੁੱਕਲ ਵੀ ਮਾਰੀ ਜਾਂਦੀ ਹੈ। ਘੱਗਰੇ ਦਾ ਘੇਰਾ ਕਈ ਵਾਰੀ ਵੀਹ ਵੀਹ ਗਜ਼ ਲੰਮਾ ਹੁੰਦਾ ਸੀ ਅਤੇ ਇਹ ਗਿੱਟਿਆਂ ਦੇ ਥੱਲੇ ਤਕ ਏਨਾਂ ਨੀਵਾਂ ਲਟਕਦਾ ਹੈ ਕਿ ਪੈਰ ਦੀ ਜੁੱਤੀ ਵਿਖਾਈ ਨਹੀਂ ਦਿੰਦੀ। ਇਹ ਤੁਰਨ ਵੇਲੇ ਧਰਤੀ ਤੇ ਘਸਰਦਾ ਰਹਿੰਦਾ ਹੈ। ਉਂਞ, ਘੱਗਰਾ, ਘਰੋਂ ਬਾਹਰ ਨਿਕਲਣ ਸਮੇਂ ਹੀ ਪਹਿਨਿਆ ਜਾਂਦਾ ਹੈ। ਸਿਰ ਉੱਤੇ ਕੇਵਲ ਦੁਪੱਟਾ, ਲੀੜਾ ਜਾਂ ਚੁੰਨੀ ਲਈ ਜਾਂਦੀ ਹੈ। ਇਸ ਦੀ ਬੁੱਕਲ ਕੁਝ ਏਸ ਤਰ੍ਹਾਂ ਮਾਰੀ ਜਾਂਦੀ ਹੈ ਕਿ ਛਾਤੀ ਦਾ ਸ਼ਿੰਗਾਰ ਪੂਰੀ ਤਰ੍ਹਾਂ ਲੁਕ ਨਾ ਜਾਵੇ। ਚੁੰਨੀ ਲਈ ਦੁੱਧਾ ਕਾਸਣੀ ਤੇ ਅਲਸੀ ਦੇ ਫੁੱਲ ਵਰਗਾ ਰੰਗ ਪਸੰਦ ਕੀਤਾ ਜਾਂਦਾ ਹੈ: 'ਚੁੰਨੀ ਰੰਗ ਦੇ ਲਲਾਰੀਆ ਮੇਰੀ, ਅਲਸੀ ਦੇ ਫੁੱਲ ਵਰਗੀ''। ਪੰਦਰਾਂ ਕੁ ਵਰ੍ਹੇ ਪਹਿਲਾਂ ਘਰ ਦੇ ਰੰਗੇ ਚੀਰੇ ਪਹਿਨਣ ਦਾ ਵੀ ਬਹੁਤ ਰਿਵਾਜ ਸੀ। ਝੰਗ ਦੀਆਂ ਸ਼ਰਨਾਰਥੀ ਇਸਤਰੀਆਂ ਹਾਲੀ ਤਕ ਵੀ ਤੇੜ ਲੁੰਙੀ ਹੀ ਪਹਿਨਦੀਆਂ ਹਨ।

ਘੱਗਰੇ ਦਾ ਸ਼ਿੰਗਾਰ ਪਹਿਲਾਂ ਪਹਿਲਾਂ ਕਾਫ਼ੀ ਰਿਹਾ ਹੈ। ਪਰ ਇਹ ਕੋਈ ਸੌਖਾ ਪਹਿਰਾਵਾ ਨਹੀਂ ਹੈ, 'ਤੇਰਾ ਘੱਗਰਾ ਰਾਸ ਨਾ ਆਵੇ ਸਹੁਰਿਆਂ ਦਾ ਪਿੰਡ ਆ ਗਿਆ' ਜਾਂ 'ਲੱਕ ਪਤਲਾ ਨਾੜ ਦਾ ਤੀਲਾ, ਘੱਗਰੇ ਦਾ ਭਾਰ ਨਾ ਝੱਲੇ।' ਇਹ ਪੰਜਾਬੀ ਟੱਪੇ ਇਸ ਦੀ ਸਾਖੀ ਭਰਦੇ ਹਨ। ਫੇਰ ਵੀ ਸੁਹਾਗਣ ਇਸਤਰੀ ਆਪਣਾ ਘੱਗਰਾ ਆਪਣੇ ਪੁੱਤਰ ਦੇ ਵਿਆਹ ਤਕ ਤਾਂ ਜ਼ਰੂਰ ਹੀ ਪਹਿਨਦੀ ਹੈ। ਸਰਦੀਆਂ ਵਿਚ ਸਵੈਟਰ ਅਤੇ ਪੱਛਮੀ ਕਿਸਮ ਦੇ ਸ਼ਾਲ ਓੜ੍ਹਨ ਦਾ ਵੀ ਰਿਵਾਜ ਪੈ ਗਿਆ ਹੈ, ਪਰ ਪਹਿਲਾਂ ਕੇਵਲ ਸਲਾਰੀ, ਫੁਲਕਾਰੀ ਜਾਂ ਡੱਬੀਦਾਰ ਖੇਸੀ ਦੀ ਹੀ ਬੁੱਕਲ ਮਾਰ ਛੱਡਦੀਆਂ ਸਨ। ਆਮ ਤੌਰ ਤੇ ਇਹ ਕਪੜੇ ਖੱਦਰ ਦੇ ਹੋਣ ਕਾਰਨ ਕਿੱਕਰ ਦਾ ਸੱਕ ਉਬਾਲ ਕੇ ਉਸ ਨਾਲ ਘਸਮੈਲੇ ਜਿਹੇ ਰੰਗ ਲਏ ਜਾਂਦੇ ਹਨ। ਮੇਲੇ, ਤਿਉਹਾਰ, ਜਨਮ, ਵਿਆਹ ਆਦਿ ਦੇ ਮੌਕਿਆਂ ਲਈ ਕਪੜਿਆਂ ਦੀ ਕਾਟ ਤਾਂ ਉਹੀਓ ਰਖੀ ਜਾਂਦੀ ਹੈ, ਪਰ ਇਨ੍ਹਾਂ ਲਈ ਕਪੜਾ ਜ਼ਰਾ ਚੰਗਾ ਤੇ ਢੁਕਵਾਂ ਫਬਵਾਂ ਚੁਣਿਆ ਜਾਂਦਾ ਹੈ। ਹੁਣ ਖੱਦਰ ਕਰੇਬ, ਛੀਂਟ, ਲਿਲਣ, ਲੱਠਾ, ਮਲਮਲ, ਪਾਪਲੀਨ, ਗਬਰੂਨ ਆਦਿ ਦੀ ਵਰਤੋਂ ਆਮ ਹੋ ਗਈ ਹੈ। ਛੀਂਟ ਤਾਂ ਜੱਟੀ ਦੇ ਮਨਭਾਉਂਦਾ ਕਪੜਾ ਹੈ:

'ਜੱਟੀ ਹੱਟੀ ਤੇ ਸ਼ਰਾਬਣ ਹੋਈ, ਸੱਪ-ਰੰਗੀ ਛੀਂਟ ਵੇਖ ਕੇ।

ਵੀਹ ਵਰ੍ਹੇ ਪਹਿਲਾਂ ਬੋਸਕੀ ਤੇ ਸੂਫ਼ ਦਾ ਰਿਵਾਜ ਆਮ ਸੀ,

'ਤੈਨੂੰ ਬਾਬੇ ਮਰੇ ਤੋਂ ਪਾਵਾਂ, ਸੁੱਥਣੇ ਸੂਫ਼ ਦੀਏ!

ਕੁੜਤੇ ਉੱਤੇ ਜ਼ਨਾਨੀਆਂ ਫੁੱਲ-ਬੂਟੇ ਕੱਢ ਲੈਂਦੀਆਂ ਸਨ, ਸੂਫ਼ ਦੀ ਘਗਰੀ ਵੀ ਆਮ ਪਹਿਨੀ ਜਾਂਦੀ ਸੀ। ਕੁੜੀਆਂ ਪੈਰਾਂ ਵਿਚ ਚਮੜੇ ਦੇ ਕਾਲੇ ਸਲੀਪਰ ਪਾ ਕੇ ਮੁਕਲਾਵੇ ਜਾਂਦੀਆਂ ਸਨ,

'ਗੋਰਾ ਰੰਗ ਤੇ ਸਲੀਪਰ ਕਾਲੇ, ਗੱਡੀ ਵਿੱਚੋਂ ਲੱਤ ਲਮਕੇ।

ਜਾਂ

'ਮੈਨੂੰ ਲੈ ਦੇ ਸਲੀਪਰ ਕਾਲੇ, ਜੇ ਤੂੰ ਮੇਰੀ ਚਾਲ ਵੇਖਣੀ।'

ਦੋਵੇਂ ਟੱਪੇ ਇਸ ਕਥਨ ਦੀ ਪੁਸ਼ਟੀ ਕਰਦੇ ਹਨ ਤੇ ਪ੍ਰੇਮੀ ਉੱਤਰ ਦਿੰਦਾ ਸੀ :

'ਤੈਨੂੰ ਲੈ ਦਊਂ ਸਲੀਪਰ ਕਾਲੇ, ਭਾਵੇਂ ਮੇਰੀ ਮਹਿੰ ਵਿਕ ਜੇ ।'

ਜ਼ਰੀ ਦੀ ਕੱਢੀ ਹੋਈ ਜੁੱਤੀ ਅਤੇ ਗੁਰਗਾਬੀ ਦਾ ਵੀ ਰਿਵਾਜ ਹੈ । ਖ਼ਾਸ ਮੌਕਿਆਂ ਉੱਤੇ ਕਪੜਿਆਂ ਤੇ ਅਤਰ ਫੁਲੇਲ ਛਿੜਕਿਆ ਜਾਂਦਾ ਹੈ । ਬੁੱਲ੍ਹਾਂ ਤੇ ਸੱਕ ਮਲਣ, ਹੱਥਾਂ ਪੈਰਾਂ ਨੂੰ ਮਹਿੰਦੀ ਲਾਉਣ ਅਤੇ ਅੱਖਾਂ ਵਿਚ ਸੁਰਮਾ ਪਾਉਣ ਦਾ ਫ਼ੈਸ਼ਨ ਵੀ ਆਮ ਹੈ ।

ਹਰਿਆਣੇ ਦੇ ਮਰਦ ਸਿਰ ਉੱਤੇ ਪਗੜੀ ਜਾਂ ਦੁਪੱਟਾ ਬੰਨ੍ਹਦੇ ਹਨ । ਗੱਭਰੂਆਂ ਦੀ ਪਗੜੀ ਸਾਫ਼ ਤੇ ਬਜ਼ੁਰਗਾਂ ਦੀ ਵੱਟ-ਚਾੜ੍ਹਵੀਂ ਹੁੰਦੀ ਹੈ, ਜਿਸ ਨੂੰ ਖੰਡਵਾ ਕਹਿੰਦੇ ਹਨ । ਗੱਭਰੂ ਗੂੜ੍ਹੇ ਰੰਗ ਦਾ ਚੀਰਾ ਵੀ ਬੰਨ੍ਹਦੇ ਹਨ । ਗਲ ਵਿਚ ਸਾਹਮਣੇ ਵਲ ਦੇ ਬਟਣਾਂ ਵਾਲਾ ਕੁੜਤਾ ਅਤੇ ਉਸ ਦੇ ਉੱਪਰ ਸਰਦੀਆਂ ਵਿਚ ਅੰਗਰਖਾ ਪਹਿਨਦੇ ਹਨ । ਇਹ ਵੱਧਰੀ ਨਾਲ ਇਕ ਪਾਸੇ ਬੰਨ੍ਹਿਆ ਜਾਂਦਾ ਹੈ । ਮੁਸਲਮਾਨ ਇਸ ਨੂੰ ਖੱਬੇ ਪਾਸੇ ਤੇ ਹਿੰਦੂ ਸੱਜੇ ਪਾਸੇ ਬੰਨ੍ਹਦੇ ਹਨ । ਤੇੜ ਪੂਰੇ ਪੱਟ ਦੀ ਧੋਤੀ, ਅੱਧੇ ਪੱਟ ਦੀ ਤਹਿਮਤ, ਜਾਂ ਨਿਰੀ ਲੰਗਾਰ ਪਹਿਨਣ ਦਾ ਰਿਵਾਜ ਹੈ । ਧੋਤੀ ਦੇ ਦੋਵੇਂ ਲੜ, ਟੰਗਾਂ ਦੇ ਵਿਚਾਲਿਉਂ ਲੰਘਾ ਕੇ, ਪਿੱਛੇ ਟੰਗ ਲਏ ਜਾਂਦੇ ਹਨ । ਗਰਮੀਆਂ ਵਿਚ ਕੁੜਤੇ ਉੱਪਰੋਂ ਚੱਦਰ ਅਤੇ ਸਰਦੀਆਂ ਵਿਚ ਦੋਹਰ ਜਾਂ ਰਜਾਈ ਦਾ ਉਛਾੜ ਓੜ੍ਹਨ ਦਾ ਰਿਵਾਜ ਹੈ । ਅਮੀਰ ਲੋਕ ਆਪਣਾ ਵਡੱਪਣ ਵਿਖਾਉਣ ਲਈ ਮੋਢਿਆਂ ਉੱਤੇ ਦੁਪੱਟਾ ਸੁਟ ਛੱਡਦੇ ਹਨ । ਇਹ ਮਾਣ ਤੇ ਸਤਿਕਾਰ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਗੁੜਗਾਉਂ ਦੇ ਪੂਰਬੀ ਇਲਾਕੇ ਵਿਚ ਸਰਦੀਆਂ ਨੂੰ ਰੂੰ ਵਾਲੇ ਪਜਾਮੇ ਵੀ ਪਹਿਨੇ ਜਾਂਦੇ ਹਨ ।

ਇਸਤਰੀਆਂ ਸਿਰ ਉੱਤੇ ਓੜ੍ਹਨਾ ਲੈਂਦੀਆਂ ਹਨ, ਜਿਸ ਦੀ ਸੱਜੀ ਕੰਨੀ, ਛਾਤੀ ਦੇ ਉੱਪਰੋਂ ਲੰਘਾ ਕੇ ਕਮੀਜ਼ ਦੇ ਖੱਬੇ ਖੀਸੇ ਕੋਲ ਘੱਗਰੀ ਦੇ ਨੇਫੇ ਵਿਚ ਟੰਗ ਲਈ ਜਾਂਦੀ ਹੈ । ਕੁਆਰੀਆਂ ਕੁੜੀਆਂ ਗਲ ਵਿਚ ਕੁੜਤੀ ਅਤੇ ਵਿਆਹੀਆਂ ਹੋਈਆਂ ਅੰਗੀ ਪਹਿਨਦੀਆਂ ਹਨ । ਅੰਗੀ ਦੀਆਂ ਬਾਰਾਂ, ਬਾਰਡਰ ਅਤੇ ਗਲ ਦੇ ਸਿਰੇ ਚਾਂਦੀ ਦੀਆਂ ਤਾਰਾਂ ਨਾਲ ਕੱਢੇ ਹੋਏ ਹੁੰਦੇ ਹਨ । ਤੇੜ, ਫੁੱਲ-ਬੂਟਿਆਂ ਦੀ ਗੂੜ੍ਹੇ ਰੰਗ ਦੀ ਕਢਾਈ ਕਰਵਾ ਕੇ, ਘੱਗਰੀ ਜਾਂ ਲਹਿੰਗਾ ਪਹਿਨਿਆ ਜਾਂਦਾ ਹੈ ਜਿਸ ਦੀ ਲੋਣ ਸਿਲਮੇ-ਸਿਤਾਰੇ ਨਾਲ ਸ਼ਿੰਗਾਰੀ ਹੁੰਦੀ ਹੈ । ਲੋਕ-ਗੀਤਾਂ ਵਿਚ ਲਹਿੰਗੇ ਨੂੰ ੫੨ ਗਜ਼ ਕਪੜਾ ਲਗਣ ਦਾ ਜ਼ਿਕਰ ਹੈ,

'ਬਾਵਨ ਗਜ਼ ਕੀ ਲਹਿਰ ਸੀਮਾਈ, ਚਾਵਲ ਚੀਣ ਬੰਧਾਈ ਹੋ ।'

ਅਹੀਰ ਇਸਤਰੀ ਨੀਲੀ ਘੱਗਰੀ ਤੇ ਲਾਲ ਓੜ੍ਹਨ ਪਹਿਨਦੀ ਹੈ, ਜਿਸ ਉੱਤੇ ਚਿੱਟੀ ਗੁਲਕਾਰੀ ਕੀਤੀ ਹੁੰਦੀ ਹੈ । ਓੜ੍ਹਨੀ ਦੀ ਸੱਜੇ ਪਾਸੇ ਦੀ ਕੰਨੀ ਨਾਲ ਜ਼ੰਜੀਰਾਂ ਵਿਚ ਘੁੰਗਰੂ ਪਰੋ ਲਏ ਜਾਂਦੇ ਹਨ । ਇਸੇ ਤਰ੍ਹਾਂ, ਇਸ ਦਾ ਉਹ ਹਿੱਸਾ ਜਿਹੜਾ ਘੁੰਡ ਬਣ ਕੇ ਮੂੰਹ ਉੱਤੇ ਪੈਂਦਾ ਹੈ, ਸ਼ਿੰਗਾਰ ਲਿਆ ਜਾਂਦਾ ਹੈ । ਘੱਗਰੀ ਦਾ ਨਾਲਾ ਸੱਜੇ ਪਾਸੇ ਬੰਨ੍ਹਿਆ ਜਾਂਦਾ ਹੈ ਤੇ ਇਸ ਨਾਲ ਇਕ ਚਾਂਦੀ ਦਾ ਛੱਬਾ ਲਟਕਦਾ ਰਹਿੰਦਾ ਹੈ । ਬਿਸ਼ਨੋਈ ਇਸਤਰੀਆਂ ਸਿਰ ਉੱਤੇ ਕਈ ਰੰਗਾਂ ਵਾਲਾ ਚੀਰਾ ਜਾਂ ਲਹਿਰੀਆ ਲੈਂਦੀਆਂ ਹਨ ।

ਉਂਞ ਬਟਵਾਰੇ ਤੋਂ ਉਪਰੰਤ, ਇਨ੍ਹਾਂ ਦੀ ਪੁਸ਼ਾਕ ਵਿਚ ਪਰਿਵਰਤਨ ਆ ਰਿਹਾ ਹੈ । ਜਿਹੜੀਆਂ ਮੁਟਿਆਰਾਂ ਸਕੂਲਾਂ ਵਿਚ ਪੜ੍ਹ ਰਹੀਆਂ ਹਨ ਉਨ੍ਹਾਂ ਵਿਚ ਝੱਗਾ ਤੇ ਸੁੱਥਣ ਪਹਿਨਣ ਦਾ ਰਿਵਾਜ ਪੈ ਰਿਹਾ ਹੈ । ਵਡੇਰੀ ਉਮਰ ਦੀਆਂ ਕਈ ਸਿਆਣੀਆਂ ਨੇ ਵੀ ਆਪਣੀ ਘੱਗਰੀ ਤਿਆਗ ਦਿੱਤੀ ਹੈ ਤੇ ਉਸ ਦੀ ਥਾਂ ਸਲਵਾਰ ਨੂੰ ਅਪਣਾ ਲਿਆ ਹੈ । ਲਿਸ਼ ਲਿਸ਼ ਕਰਦੀਆਂ ਨੀਲੀਆਂ ਤੇ ਲਾਲ ਰੰਗ ਦੀਆਂ ਘੱਗਰੀਆਂ ਦਾ ਅਲੋਪ ਹੋ ਜਾਣਾ ਸੱਚਮੁੱਚ ਹੀ ਇਕ ਦੁਖਦਾਇਕ ਗੱਲ ਹੈ । ਨਿਰਸੰਦੇਹ ਸਲਵਾਰ ਬਹੁਤ ਹੀ ਲਾਭਦਾਇਕ ਤੇ ਸਸਤੀ ਪੁਸ਼ਾਕ ਹੈ, ਪਰ ਉੱਚੀਆਂ ਲੰਮੀਆਂ ਸਡੋਲ ਜਾਟਣੀਆਂ ਘਗਰੀਆਂ ਵਿਚ ਬਹੁਤ ਹੀ ਸੁੰਦਰ ਪਰਤੀਤ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਗੂੜ੍ਹੇ ਰੰਗ ਦੇ ਬਸਤਰ ਹਰਿਆਣੇ ਦੇ ਰੁੱਖੇ ਫਿੱਕੇ ਵਾਤਾਵਰਣ ਨੂੰ ਅਜੀਬ ਸਜੀਲਾ ਤੇ ਰੰਗੀਲਾ ਬਣਾ ਦਿੰਦੇ ਹਨ । (ਮਹਿੰਦਰ ਸਿੰਘ ਰੰਧਾਵਾ, ਸੰਪਾਦਿਤ 'ਹਰਿਆਣੇ ਦੇ ਲੋਕ ਗੀਤ') ਕਿਧਰੇ ਕਿਧਰੇ ਅੰਗੀ ਤੇ ਘਗਰੀ ਦੀ ਥਾਂ ਸਾੜ੍ਹੀ, ਬਲਾਊਜ਼ ਪਹਿਨ ਕੇ ਸਿਰ ਦੇ

ਵਾਲਾਂ ਦਾ ਜਲੇਬੀ-ਜੂੜਾ ਬਣਾਉਣ ਦਾ ਰਿਵਾਜ ਵਧ ਰਿਹਾ ਹੈ ਅਤੇ ਇਹ ਰਿਵਾਜ ਲਗਭਗ ਸਾਰੇ ਹੀ ਪੰਜਾਬ ਦਾ ਫ਼ੈਸ਼ਨ ਬਣਦਾ ਜਾ ਰਿਹਾ ਹੈ।

ਕਾਂਗੜੇ ਵਿਚ ਮਰਦ ਸਿਰ ਤੇ ਟੋਪੀ, ਗਲੇ ਵਿਚ ਲੱਕ ਤਕ ਨੀਵੀਂ ਕੁੜਤੀ ਜਾਂ ਲੰਮਾ ਚੋਲੂ, ਅਤੇ ਤੇੜ ਕੱਛ ਜਾਂ ਸਰਦੀਆਂ ਵਿਚ ਤੰਗ ਪਜਾਮਾ ਪਹਿਨਦੇ ਹਨ। ਕਿਰਸਾਣ, ਗਰਮ ਪੱਟੂ (ਕੰਬਲ) ਵੀ ਮੋਢਿਆਂ ਤੇ ਰੱਖਦੇ ਹਨ, ਜਿਸ ਨੂੰ ਗਰਮੀਆਂ ਵਿਚ ਮੋੜ ਕੇ ਸਿਰ ਉੱਤੇ ਰੱਖ ਲੈਂਦੇ ਹਨ ਤਾਂ ਜੋ ਧੁੱਪ ਤੋਂ ਬਚੇ ਰਹਿਣ। ਇਹ ਪੱਟੂ ਘਰ ਦੀਆਂ ਭੇਡਾਂ ਦੀ ਉੱਨ ਕੱਤ ਕੇ ਪਿੰਡ ਦੇ ਜੁਲਾਹੇ ਤੋਂ ਬਣਵਾ ਲਿਆ ਜਾਂਦਾ ਹੈ। ਇਹ ਲੋਕੀ ਪੈਰ ਵਿਚ ਜੁੱਤੀ ਪਹਿਨਦੇ ਹਨ। ਬਰਸਾਤ ਵਿਚ ਤਾਂ ਨੰਗੇ ਪੈਰੀਂ ਹੀ ਫਿਰਦੇ ਰਹਿੰਦੇ ਹਨ। ਅਮੀਰ ਆਦਮੀ ਸਿਰ ਦੇ ਉੱਤੇ ਦੋ ਤਿੰਨ ਰੰਗ-ਬਰੰਗੀਆਂ ਪੱਗਾਂ ਜੋੜ ਕੇ ਬੰਨ੍ਹਦੇ ਹਨ। ਇਨ੍ਹਾਂ ਦੀ ਪੱਗ ਦਾ ਸੱਜਾ ਪਾਸਾ ਭਾਰਾ ਹੁੰਦਾ ਹੈ। ਉਂਞ ਹੇਠਾਂ ਲਾਲ ਤੇ ਉੱਪਰ ਚਿਟੀ ਪਗੜੀ ਦਾ ਰਿਵਾਜ ਹੈ। ਗੱਦੀਆਂ ਦਾ ਪਹਿਰਾਵਾ ਬਿਲਕੁਲ ਵੱਖਰਾ ਹੁੰਦਾ ਹੈ।* ਇਹ ਲੋਕ ਢਿੱਲਾ ਜਿਹਾ ਇਕ ਊਨੀ ਚੋਲਾ ਪਾਉਂਦੇ ਹਨ, ਜਿਸ ਨੂੰ ਲੱਕ ਉੱਤੇ ਉੱਨ ਦੀਆਂ ਡੋਰਾਂ ਨਾਲ ਬੰਨ੍ਹ ਲੈਂਦੇ ਹਨ।† ਇਨ੍ਹਾਂ ਦੇ ਚੋਲਿਆਂ ਉੱਤੇ ਅਕਸਰ ਲਾਲ ਫੁੱਲ ਕੱਢੇ ਹੋਏ ਹੁੰਦੇ ਹਨ। ਬਹਿਰੂਨੀ ਸਰਾਜ ਵਿਚ ਪਗੜੀ ਵੀ ਬੰਨ੍ਹੀ ਜਾਂਦੀ ਹੈ। ਆਜੜੀ ਇਕ ਤਿੱਖੀ ਤੇ ਨੋਕਦਾਰ ਟੋਪੀ ਪਹਿਨਦੇ ਹਨ ਜਿਹੜੀ ਕੰਨਾਂ ਕੋਲੋਂ ਹੇਠਾਂ ਨੂੰ ਲਟਕਦੀ ਰਹਿੰਦੀ ਹੈ। ਤਿਉਹਾਰਾਂ ਉੱਤੇ ਮਰਦ ਆਪਣੇ ਗਲਾਂ ਵਿਚ ਨਰਗਸ ਤੇ ਗੇਂਦੇ ਦੇ ਹਾਰ ਪਰੋ ਕੇ ਪਾ ਲੈਂਦੇ ਹਨ ਅਤੇ ਆਪਣੀਆਂ ਟੋਪੀਆਂ ਤੇ ਵਾਲਾਂ ਵਿਚ ਵੀ ਨਰਗਸ ਦੇ ਫੁੱਲਾਂ ਦੇ ਗੁੱਛੇ ਰੱਖਦੇ ਹਨ। ਨੱਚਣ ਵੇਲੇ ਮਰਦ ਆਪਣੇ ਸਿਰ ਉੱਤੇ ਖੰਭਾਂ ਦੀਆਂ ਕਲਗ਼ੀਆਂ ਸਜਾ ਲੈਂਦੇ ਹਨ।

ਔਰਤਾਂ ਦੀ ਪੁਸ਼ਾਕ ਸੱਥਣ, ਘੱਗਰਾ, ਨਿੱਕੀ ਜਿਹੀ ਚੋਲੀ ਤੇ ਦੁਪੱਟਾ ਹੈ। ਸਰਦੀਆਂ ਵਿਚ ਖੁਰਦਰੀ ਜਿਹੀ ਛੀਂਟ ਦਾ ਡੋਰੂ (ਵਡਾ ਚੋਲਾ) ਪਹਿਨਦੀਆਂ ਹਨ ਜਿਸ ਦਾ ਗਲਾ ਬੰਦ ਹੁੰਦਾ ਹੈ ਅਤੇ ਜਿਹੜਾ ਏਨਾ ਲੰਮਾ ਹੁੰਦਾ ਹੈ ਕਿ ਸਾਰੇ ਜਿਸਮ ਨੂੰ ਕੱਜ ਲੈਂਦਾ ਹੈ। ਘੱਗਰੇ ਦੀ ਲੌਣ ਉੱਤੇ ਹਰਿਆਣੇ ਵਾਂਗ ਹੀ ਗੋਟੇ ਕਿਨਾਰੀ ਤੇ ਸਿਲਮੇ ਸਿਤਾਰੇ ਦੀ ਕਢਾਈ ਕਰਾਈ ਜਾਂਦੀ ਹੈ। ਖ਼ਾਸ ਮੌਕਿਆਂ ਲਈ, ਘੱਗਰੀ ਤੇ ਚੋਲੀ ਮਿਲ ਦੇ ਕਪੜੇ ਦੀ ਬਣੀ ਹੋਈ ਪਹਿਨੀ ਜਾਂਦੀ ਹੈ ਅਤੇ ਸਿਰ ਉੱਤੇ ਪੀਲਾ-ਸੋਸਨੀ ਦੁਪੱਟਾ ਲਿਆ ਜਾਂਦਾ ਹੈ। ਮੁਸਲਮਾਨ ਇਸਤਰੀਆਂ ਘੱਗਰੇ ਦੀ ਥਾਂ ਖੁਲ੍ਹੀ ਮੂਹਰੀ ਵਾਲੀ ਸਲਵਾਰ ਅਤੇ ਡੋਰੂ ਦੀ ਥਾਂ ਪੇਸ਼ਵਾਜ਼ ਪਹਿਨਦੀਆਂ ਸਨ। 'ਗੱਦਣਾਂ‡ ਰੰਗ-ਬਰੰਗੇ ਰੁਮਾਲਾਂ ਦੀਆਂ ਬਹੁਤ ਸ਼ੁਕੀਨ ਹੁੰਦੀਆਂ ਹਨ। ਇਨ੍ਹਾਂ ਨੂੰ ਉਹ ਬੜੇ ਚਾਉ ਨਾਲ ਵਿਖਾਉਂਦੀਆਂ ਫਿਰਦੀਆਂ ਹਨ। ਉਹ ਆਪਣੇ ਮਰਦਾਂ ਨੂੰ ਵੀ ਚੋਲਿਆਂ ਤੇ ਟੋਪੀਆਂ ਵਿਚ ਹੀ ਵੇਖ ਕੇ ਖ਼ੁਸ਼ ਹੁੰਦੀਆਂ ਹਨ, ਜਿਵੇਂ ਕਿ ਇਕ ਲੋਕ-ਗੀਤ ਦੀਆਂ ਇਨ੍ਹਾਂ ਸਤਰਾਂ ਤੋਂ ਪਰਗਟ ਹੈ :—

ਉਨ੍ਹਾਂ ਦਾ ਚੋਲਾ ਗੱਦਣੀ ਛੋੜੀ ਦੇਣਾ ਛੋੜੀ ਦੇਣਾ,
ਰੇਸ਼ਮੀ ਪੁਸ਼ਾਕਾਂ ਜੋ ਆ, ਮੇਰੀਏ ਬਾਂਕੀਏ ਗੱਦਣੇ !
ਰੇਸ਼ਮੀ ਪੁਸ਼ਾਕਾਂ ਰਾਜਾ ਜੀ ਰਾਣੀਆਂ ਜੋ ਬਣੀਆਂ,
ਊਨੀ ਦਾ ਚੋਲਾ ਪਿਆਰਾ, ਮੇਰਿਆਂ ਬਾਂਕਿਆ ਗੱਦੀਆ !

'ਕੁਲੂ੦ ਦੀ ਇਸਤਰੀ ਬੜੀ ਸਿਆਣਪ ਤੇ ਸਫ਼ਾਈ ਨਾਲ ਇਕ ਕੰਬਲ ਆਪਣੇ ਦੁਆਲੇ ਵਲ੍ਹੇਟ ਛਡਦੀ ਹੈ। ਛਾਤੀ ਉੱਤੇ, ਇਸ ਨੂੰ, ਇਕ ਪਿੰਨ ਲਗਾਉਂਦੀ ਤੇ ਲੱਕ ਉੱਤੇ ਇਸ ਨੂੰ ਇਕੱਠਾ ਕਰ ਕੇ ਕਪੜੇ ਦੀ ਇਕ ਪੇਟੀ

* 'ਕਾਂਗੜਾ' (ਕ੍ਰਿਤ ਮਹਿੰਦਰ ਸਿੰਘ ਰੰਧਾਵਾ,) ਪੰਨਾ ੭੮।

† ਇਨ੍ਹਾਂ ਦੇ ਸਿਰ ਉੱਤੇ ਇਕ ਉੱਚੀ ਟੋਪੀ ਹੁੰਦੀ ਹੈ ਜਿਸ ਨੂੰ ਸਰਦੀ ਦੇ ਦਿਨਾਂ ਵਿਚ ਇਹ ਕੰਨਾਂ ਤਕ ਖਿੱਚ ਲੈਂਦੇ ਹਨ।

‡ 'ਕਾਂਗੜਾ' ਪੰਨਾ ੭੯. ੦ 'ਕੁੱਲੂ ਦੇ ਲੋਕ-ਗੀਤ' (ਮਹਿੰਦਰ ਸਿੰਘ ਰੰਧਾਵਾ) ਪੰਨਾ ੬੩.

ਨਾਲ ਬੰਨ੍ਹ ਲੈਂਦੀ ਹੈ। ਕੰਬਲ ਸਾਰੇ ਜਿਸਮ ਨੂੰ ਪੂਰੀ ਤਰ੍ਹਾਂ ਢਕ ਵੀ ਲੈਂਦਾ ਹੈ ਤੇ ਹਿੱਕ-ਉਭਾਰਾਂ ਨੂੰ ਵੀ ਦਰਸਾਉਂਦਾ ਰਹਿੰਦਾ ਹੈ। ਊਨੀ ਕਪੜੇ ਦਾ ਇਕ ਟੋਟਾ ਲੈ ਕੇ ਗਿੱਟਿਆਂ ਉੱਪਰ ਜੁੱਤੀ ਦੇ ਅੰਦਰ ਤਕ ਵਲ੍ਹੇਟ ਲਿਆ ਜਾਂਦਾ ਹੈ। ਕੁੱਲੂ ਦੀ ਸਵਾਣੀ ਸਿਰ ਦੇ ਪਹਿਰਾਵੇ ਨੂੰ ਬਹੁਤ ਸ਼ਿੰਗਾਰਦੀ ਹੈ। ਪੁੜਪੁੜੀਆਂ ਤੋਂ ਜ਼ਰਾ ਉੱਤੇ ਇਕ ਛੋਟਾ ਜਿਹਾ ਨਖ਼ਰੀਲਾ ਰੁਮਾਲ ਬੰਨ੍ਹਿਆ ਜਾਂਦਾ ਹੈ। ਸਿਰ ਦਾ ਸਭ ਤੋਂ ਮਨ-ਭਾਉਂਦਾ ਓਢਣ, ਕਾਲਾ ਜਾਂ ਗੂੜ੍ਹਾ ਲਾਲ ਠਿੱਪੂ (ਰੁਮਾਲ) ਹੁੰਦਾ ਹੈ, ਜਿਹੜਾ ਸਾਰੇ ਦੇ ਸਾਰੇ ਵਾਲਾਂ ਨੂੰ ਢਕ ਲੈਂਦਾ ਹੈ। ਗਰਦਨ ਦੇ ਪਿੱਛੇ ਰੁਮਾਲ ਦੀ ਗੱਠ ਬੰਨ੍ਹ ਲਈ ਜਾਂਦੀ ਹੈ। ਤਿਉਹਾਰਾਂ ਸਮੇਂ ਇਸਤਰੀਆਂ ਲਾਲ ਤੇ ਕਾਲਾ ਲਿਬਾਸ ਪਹਿਨਦੀਆਂ ਹਨ ਤੇ ਹੱਥ ਵਿਚ ਰੁਮਾਲ ਫੜਦੀਆਂ ਹਨ :

'ਤੇਰੇ ਹਥੜੂਏ ਰੁਮਾਲ ਸੋਹੇ।'

ਨਿਹੰਗ ਸਿੰਘ ਸਿਰ ਤੇ ਨੀਲਾ ਦੁਮਾਲਾ, ਗਲ, ਨੀਲਾ ਚੋਗਾ ਅਤੇ ਤੇੜ ਕਛਹਿਰਾ ਪਹਿਨਦੇ ਹਨ। ਨਾਮਧਾਰੀ ਸਿੱਖ ਇਹੀਓ ਬਸਤਰ ਚਿੱਟੇ ਰੰਗ ਦੇ ਪਹਿਨਦੇ ਹਨ, ਪਰ ਉਹ ਪਗੜੀ ਮੁਗਲਈ ਢੰਗ ਦੀ ਤਿਰਛੀ ਜਿਹੀ ਬੰਨ੍ਹ ਕੇ ਇਸ ਨੂੰ ਘੁਮਾ ਕੇ ਅੱਗੇ ਪਿੱਛੇ ਦਾ ਹਿੱਸਾ ਕੰਨਾਂ ਤੇ ਕਰ ਲੈਂਦੇ ਹਨ।

ਮੋਟੇ ਰੂਪ ਵਿਚ, ਸਿਰ ਦੇ ਵਾਲ ਬਣਾਉਣੇ ਵੀ ਇਸਤਰੀਆਂ ਦਾ ਖ਼ਾਸ ਸ਼ਿੰਗਾਰ ਹੈ। ਬਹੁਤ ਨਿੱਕੀ ਕੁੜੀ ਦੇ ਵਾਲ ਵਿਚਕਾਰ ਚੀਰਵੀਂ ਰੱਖ ਕੇ, ਆਲੇ-ਦੁਆਲੇ ਨੂੰ ਵਾਹੇ ਜਾਂਦੇ ਹਨ ਤੇ ਗੁੱਤ ਕੀਤੀ ਜਾਂਦੀ ਹੈ। ਥੋੜੀ ਵੱਡੀ ਹੋਣ ਉੱਤੇ ਉਸ ਦੇ ਆਲੇ-ਦੁਆਲੇ ਦੇ ਵਾਲ ਮੀਂਢੀਆਂ ਨਾਲ ਗੁੰਦੇ ਜਾਂਦੇ ਹਨ। ਵਿਆਹ ਸਮੇਂ ਇਹ ਮੀਂਢੀਆਂ ਖੋਲ੍ਹ ਦਿੱਤੀਆਂ ਜਾਂਦੀਆਂ ਹਨ, ਇਸ ਤੋਂ ਪਿੱਛੋਂ ਗੁੱਤ ਜਾਂ ਜੂੜਾ ਕਰ ਲਿਆ ਜਾਂਦਾ ਹੈ।

ਕਿਧਰੇ ਕਿਧਰੇ, ਮੱਥੇ, ਗੱਲ੍ਹਾਂ, ਬੁੱਲ੍ਹ, ਡੌਲੇ, ਬਾਹਾਂ, ਵੀਣੀ, ਮੁੱਠ, ਪਿੰਞਣੀਆਂ, ਛਾਤੀ ਤੇ ਲੱਕ ਉੱਤੇ ਕਾਲੇ ਮੋਰ ਤੇ ਬੂਟੇ ਉਕਰਵਾਉਣਾ ਵੀ ਸ਼ਿੰਗਾਰ ਵਿਚ ਸ਼ਾਮਲ ਹੈ। ਇਹ ਰਿਵਾਜ, ਬਹੁਤ ਪੁਰਾਣੇ ਵਸਨੀਕਾਂ ਨੂੰ ਛੱਡ ਕੇ ਕੇਵਲ ਭਾਰਤ ਵਿਚ ਹੀ ਮਿਲਦਾ ਹੈ। ਇਨ੍ਹਾਂ ਵੇਲ ਬੂਟਿਆਂ ਨੂੰ ਵਿਖਾਉਣ ਵਾਸਤੇ ਜਿਸਮ ਦਾ ਬਹੁਤ ਸਾਰਾ ਹਿੱਸਾ ਨੰਗਾ ਰਖਿਆ ਜਾਂਦਾ ਹੈ। ਕਪੜੇ ਛੋਟੇ ਪਹਿਨੇ ਜਾਂਦੇ ਹਨ। ਜੇ ਗਹਿਣਿਆਂ ਵਾਸਤੇ ਪੰਜਾਬਣ ਕਹਿੰਦੀ ਹੈ :

'ਮੈਨੂੰ ਸੋਨੇ ਦਾ ਤਵੀਤ ਘੜਾ ਦੇ, ਚਾਂਦੀ ਦਾ ਕੀ ਭਾਰ ਚੁੱਕਣਾ।'

ਤਾਂ ਪੁਸ਼ਾਕ ਬਾਰੇ ਇਹ ਵੀ ਕਹਿ ਲੈਂਦੀ ਹੈ :

'ਲੋਕ ਪਹਿਨਦੇ ਵਲੈਤੀ ਟੋਟੇ, ਫੂਕਾਂ ਫੁਲਕਾਰੀ ਨੂੰ।'

ਮਿਲ ਦਾ ਕਪੜਾ ਪਹਿਨਣ ਦਾ ਸ਼ੌਕ ਤੇਜ਼ ਹੋ ਰਿਹਾ ਹੈ। ਪਰ ਗਾਂਧੀ ਜੀ ਦੀ ਚਰਖਾ-ਤਹਿਰੀਕ ਨੇ ਇਸਤਰੀਆਂ ਪੁਰਸ਼ਾਂ ਵਿਚ ਖੱਦਰ ਦਾ ਰਿਵਾਜ ਵਧਾ ਦਿੱਤਾ ਹੈ। ਮਰਦ ਸਿਰ ਉੱਤੇ ਗਾਂਧੀ ਟੋਪੀ ਬੜੇ ਚਾਉ ਨਾਲ ਲੈਂਦੇ ਹਨ, ਤੇ ਨਹਿਰੂ ਵਾਸਕਟ ਦਾ ਕਾਫ਼ੀ ਰਿਵਾਜ ਹੋ ਚਲਿਆ ਹੈ।

ਪੱਛਮੀ ਪੰਜਾਬ ਤੋਂ ਆਏ ਸ਼ਰਨਾਰਥੀਆਂ ਨੇ ਇਧਰ ਦੇ ਵਸਨੀਕਾਂ ਦੇ ਪਹਿਰਾਵੇ ਤੇ ਹਾਰਸ਼ਿੰਗਾਰ ਉੱਤੇ ਬਹੁਤ ਜ਼ਿਆਦਾ ਅਸਰ ਪਾਇਆ ਹੈ। ਉਨ੍ਹਾਂ ਨੂੰ ਗਹਿਣਿਆਂ ਦਾਂ ਸ਼ੌਕ ਘਟ ਹੈ ਤੇ ਪਹਿਰਾਵੇ ਦਾ ਬਹੁਤਾ। ਇਹੋ ਦ੍ਰਿਸ਼ਟੀ-ਕੋਣ ਅਜ ਦੀ ਮੁਟਿਆਰ ਦਾ ਬਣ ਰਿਹਾ ਹੈ। ਸ਼ਹਿਰਾਂ ਵਿਚ ਪੜ੍ਹਨ ਵਾਲੀਆਂ ਕੁੜੀਆਂ ਵੇਖੋ ਤਾਂ ਚਿੱਟੀ ਸਲਵਾਰ, ਚਿੱਟੇ ਜੰਪਰ ਤੇ ਚਿੱਟੇ ਹੀ ਦੁਪੱਟੇ ਨਾਲ ਬਗਲੇ ਵਰਗੀਆਂ ਹੁਸੀਨ ਲਗਦੀਆਂ ਹਨ। ਇੱਥੋਂ ਤਕ ਕਿ ਉਹ ਕਾਲੇ ਵਾਲ ਵੀ ਚਿੱਟੇ ਦੁਪੱਟੇ ਨਾਲ ਢਕ ਕੇ ਰਖਦੀਆਂ ਹਨ। ਮਰਦ ਵੀ ਸਾਦਗੀ-ਪਸੰਦ ਹੋ ਰਹੇ ਹਨ ਤੇ ਕੰਠੇ ਆਦਿ ਗਹਿਣਿਆਂ ਦਾ ਭਾਰ ਚੁੱਕਣ ਲਈ ਤਿਆਰ ਨਹੀਂ। ਉਂਞ ਹਰ ਇਲਾਕੇ ਵਿਚ ਆਪਣੀ ਹੀ ਕਿਸਮ ਦੀ ਸ਼ੁਕੀਨੀ ਵਧ ਰਹੀ ਹੈ। ਦੁਆਬੇ ਦੇ ਸ਼ੁਕੀਨ ਗਭਰੂ ਪੈਰੀਂ ਗੁਰਗਾਬੀ, ਤੇੜ ਗਿੱਟਿਆਂ ਤੋਂ ਉੱਚੀ ਤੇ ਖੁੱਲ੍ਹੀ ਪੈਂਟ, ਗਲ ਕਮੀਜ਼ ਜਿਸ ਨੂੰ ਉਹ ਪੈਂਟ ਦੇ ਵਿਚ ਨਹੀਂ ਦਬਾਂਦੇ, ਅਤੇ ਸਿਰ ਤੇ ਗੋਲ ਪਗੜੀ ਬੰਨ੍ਹਦੇ ਹਨ ਜਿਸ ਦਾ ਗਿੱਠ ਕੁ ਭਰ ਲੰਮਾ ਲੜ ਆਪਣੀ ਪਿੱਠ ਤੇ ਮੋਢਿਆਂ ਉੱਤੇ ਖਿਲਾਰ ਛੱਡਦੇ ਹਨ। ਹਿੰਦੂ ਮੁੰਡੇ ਪਟੇ ਵਾਹ ਕੇ ਜ਼ਰਾ ਸੁਰਮਾ ਵੀ ਪਾ ਲੈਂਦੇ

ਹਨ । ਪੰਜਵੀਂ ਪਾਸ ਕੁੜੀ ਵੀ ਵਹੁਟੀ ਬਣ ਕੇ, ਰੇਸ਼ਮੀ ਚਾਦਰ ਦੀ ਬੁੱਕਲ ਤਾਂ ਭਾਵੇਂ ਮਾਰ ਲਵੇ, ਪਰ ਨੱਥ, ਚੂੜਾ ਤੇ ਘੱਗਰੀ ਨਹੀਂ ਪਹਿਨਦੀ । ਵਲਾਇਤੋਂ ਖੱਟੀ ਖਟ ਕੇ ਲਿਆਏ ਅੱਧ-ਖੜ ਬੁੱਢੇ ਵੀ ਆਪਣੇ ਹਾਣੀ ਪੰਜਾਬੀਆਂ ਉੱਤੇ ਭਾਰਤੀ-ਅੰਗਰੇਜ਼ੀ ਮਿਲਵੇਂ ਜਿਹੇ ਪਹਿਰਾਵੇ ਦਾ ਅਸਰ ਪਾ ਰਹੇ ਹਨ । ਪੰਜਾਬਣ ਦੀ ਸਲਵਾਰ ਕਮੀਜ਼ ਤਾਂ ਸਾਰੇ ਹੀ ਭਾਰਤ ਵਿਚ ਹਰਮਨ-ਪਿਆਰੀ ਹੋ ਰਹੀ ਹੈ, ਇੱਥੋਂ ਤਕ ਕਿ ਟੈਰੀਟੋਰੀਅਲ ਆਰਮੀ ਵਿਚ ਕੰਮ ਕਰਨ ਵਾਲੀਆਂ ਇਸਤਰੀਆਂ ਲਈ ਤਾਂ ਇਹ ਵਰਦੀ ਨੀਅਤ ਹੀ ਹੋ ਗਈ ਹੈ । ਵਿਆਂਹਦੜ ਨਾਰ ਦੇ ਉਹ ਚੋਪ ਵੀ ਨਹੀਂ ਮਿਲਦੇ ਜਿਨ੍ਹਾਂ ਦੀ ਤਹਿ ਚਾਰ ਆਦਮੀ ਮਿਲ ਕੇ ਲਾਉਂਦੇ ਸਨ ਅਤੇ ਪੁਰਾਣੇ ਤਿਉਰ (ਘਗਰਾ ਕੁੜਤੀ) ਦਿਨ-ਬ-ਦਿਨ ਲੋਪ ਹੁੰਦੇ ਜਾਂਦੇ ਹਨ ।

# ਲੋਕ-ਨਾਚ

www.PunjabiLibrary.com

# ਲੋਕ-ਨਾਚ

## ਅਰੰਭ

'ਲੋਕ-ਨਾਚ' ਉਹ ਨਾਚ ਹੈ ਜਿਸ ਨੂੰ ਆਮ ਲੋਕੀ ਨੱਚਦੇ ਹੋਣ, ਜਿਸ ਵਿਚ ਇਲਾਕੇ ਦੇ ਆਮ ਲੋਕੀ ਆਪਣੀਆਂ ਖ਼ੁਸ਼ੀਆਂ, ਸੱਧਰਾਂ, ਮਨ ਦੀਆਂ ਭਾਵਨਾਵਾਂ ਅਤੇ ਵਲਵਲੇ ਦਰਸਾਉਂਦੇ ਹੋਣ। ਲੋਕ-ਨਾਚ, ਆਪਣੇ ਇਲਾਕੇ ਦੀ ਸੱਭਿਅਤਾ ਦਾ ਸਹੀ ਦਰਪਣ ਹੁੰਦਾ ਹੈ, ਕਿਉਂਕਿ ਜਦੋਂ ਲੋਕ ਖ਼ੁਸ਼ੀ ਦੀ ਤਰੰਗ ਵਿਚ ਹੁੰਦੇ ਹਨ ਤਾਂ ਉਹ ਆਪਣੇ ਅਸਲੇ ਨੂੰ ਪਰਗਟ ਕਰਦੇ ਹਨ।

ਖ਼ੁਸ਼ੀ ਦਾ ਕੁਦਰਤੀ ਉਛਾਲ ਲੋਕਾਂ ਨੂੰ ਨਚਾ ਦਿੰਦਾ ਹੈ। ਖ਼ੁਸ਼ੀ ਦੀ ਤਰੰਗ ਦਾ ਅਸਰ ਅਜੇ ਵੀ ਮਨੁੱਖਾਂ ਉੱਤੇ ਉਵੇਂ ਹੀ ਹੈ ਜਿਵੇਂ ਕਿ ਆਦਿ ਕਾਲ ਵਿਚ ਕਿਸੇ ਮੁੱਢਲੇ ਮਨੁੱਖ ਉੱਤੇ ਹੁੰਦਾ ਹੋਵੇਗਾ। ਪਰ ਇਸ ਦਾ ਅਸਰ ਵੱਖੋ ਵੱਖ ਲੋਕਾਂ ਉੱਤੇ ਵੱਖਰਾ ਵੱਖਰਾ ਪੈਂਦਾ ਹੈ; ਜਿਵੇਂ ਆਮ ਤੌਰ ਤੇ ਪੜ੍ਹੇ ਲਿਖੇ ਦੀ ਵਿਦਿਆ ਤੇ ਗੰਭੀਰਤਾ ਦਾ ਬੋਝ ਉਸ ਦੇ ਮਨ ਉੱਤੇ ਇੰਨਾ ਹੁੰਦਾ ਹੈ ਕਿ ਖ਼ੁਸ਼ੀ ਦਾ ਉਛਾਲਾ ਉਸ ਦੇ ਸਰੀਰ ਨੂੰ ਉਛਾਲਾ ਨਹੀਂ ਦੇ ਸਕਦਾ। ਆਮ ਲੋਕਾਂ ਲਈ ਜੀਵਨ ਵਿਚ ਖ਼ੁਸ਼ੀ ਦਾ ਵਾਧਾ ਕਰਨਾ ਹੀ ਜੇ ਆਦਰਸ਼ ਸਮਝ ਲਿਆ ਜਾਵੇ ਤਾਂ ਇਹ ਕੋਈ ਗ਼ਲਤ ਗੱਲ ਨਹੀਂ ਹੋਵੇਗੀ। ਮਨੁੱਖ ਖ਼ੁਸ਼ੀ ਵਿਚ ਆ ਕੇ ਨੱਚ ਪੈਂਦੇ ਹਨ ਅਤੇ ਜੇਕਰ ਖ਼ੁਸ਼ੀ ਨੂੰ ਲਿਆਉਣ ਲਈ ਮਨੁੱਖ ਨੱਚਣ ਲਗ ਜਾਣ ਤਾਂ ਇਹ ਕੋਈ ਅਨੋਖੀ ਗੱਲ ਨਹੀਂ ਹੋਵੇਗੀ। ਅਸਲ ਵਿਚ ਇਹੋ ਲੋਕ-ਨਾਚ ਦੀ ਅਸਲੀਅਤ ਹੈ।

ਮੁੱਢਲਾ ਮਨੁੱਖ ਖ਼ੁਸ਼ੀ ਵਿਚ ਆ ਕੇ ਨੱਚਣ ਲੱਗਾ ਤਾਂ ਉਸ ਦੇ ਸਾਥੀ ਉਸ ਨੂੰ ਖ਼ੁਸ਼ ਵੇਖ ਕੇ ਨਾਲ ਹੀ ਨੱਚਣ ਲੱਗ ਪਏ। ਇਕ ਦੀ ਖ਼ੁਸ਼ੀ ਵਧ ਕੇ ਕਈ ਗੁਣਾਂ ਹੋ ਗਈ ਜਦ ਉਸ ਦੂਜਿਆਂ ਨੂੰ ਵੀ ਖ਼ੁਸ਼ੀ ਵਿਚ ਮਸਤ ਹੋ ਕੇ ਆਪਣੇ ਨਾਲ ਨੱਚਦੇ ਵੇਖਿਆ। ਖ਼ੁਸ਼ੀਆਂ ਦੀਆਂ ਘੜੀਆਂ ਲਈ ਲੋਕ-ਨਾਚ ਲੋਕਾਂ ਦਾ ਇਕ ਸਹਿਜ ਵਸੀਲਾ ਬਣ ਗਿਆ। ਹਰ ਖ਼ੁਸ਼ੀ ਦੇ ਸਮੇਂ ਨੱਚਣਾ ਇਕ ਰਵਾਇਤ ਬਣ ਗਿਆ। ਪੁੱਤਰ ਜੰਮਣ ਤੇ, ਵਿਆਹ ਸ਼ਾਦੀ ਉਤੇ, ਤਿਥਾਂ ਤਿਉਹਾਰਾਂ ਉਤੇ, ਮੇਲਿਆਂ ਮੁਸਾਹਬਿਆਂ ਅਤੇ ਹੋਰ ਖ਼ੁਸ਼ੀ-ਭਰੇ ਇਕੱਠਾਂ ਤੇ ਨੱਚਣਾ ਇਕ ਜ਼ਰੂਰੀ ਅੰਗ ਸਮਝਿਆ ਜਾਣ ਲੱਗਾ। ਇਸ ਦੇ ਬਿਨਾਂ ਖ਼ੁਸ਼ੀ ਪੂਰੀ ਖ਼ੁਸ਼ੀ ਨਹੀਂ ਸੀ ਸਮਝੀ ਜਾਂਦੀ ਜਾਂ ਖ਼ੁਸ਼ੀ ਦਾ ਪੂਰੀ ਭਾਂਤ ਪਰਗਟਾਵਾ ਨਹੀਂ ਸੀ ਹੁੰਦਾ।

## ਲੋਕ-ਨਾਚ ਦੇ ਲੱਛਣ

ਲੋਕ-ਨਾਚ ਮਨ ਦੀ ਖ਼ੁਸ਼ੀ ਦਾ ਇਕ ਸਰੀਰਕ ਦ੍ਰਿਸ਼ ਹੈ। ਜਿਵੇਂ ਸੋਮੇਂ ਦਾ ਪਾਣੀ ਫੁੱਟ ਕੇ ਆਪ-ਮੁਹਾਰਾ ਆਪਣੇ ਰਸਤੇ ਤੇ ਚਲ ਪੈਂਦਾ ਹੈ, ਇਵੇਂ ਹੀ ਖ਼ੁਸ਼ੀ ਦੀ ਤਰੰਗ ਆਪ-ਮੁਹਾਰੇ ਲੋਕਾਂ ਨੂੰ ਨਚਾ ਦਿੰਦੀ ਹੈ। ਜਿਵੇਂ ਕਿਸੇ ਦੀ ਖ਼ੁਸ਼ੀ ਨੇ ਕਿਸੇ ਨੂੰ ਹਲੂਣਾ ਦਿੱਤਾ ਉਸ ਨੇ ਓਵੇਂ ਹੀ ਆਪਣੇ ਸਰੀਰ ਨੂੰ ਨਚਾਇਆ। ਲੋਕ-ਨਾਚ ਵਿਚ ਕੋਈ ਵੀ ਹਰਕਤ ਗ਼ਲਤ ਨਹੀਂ ਹੁੰਦੀ। ਇਹ ਕਿਸੇ ਇਕ ਉਸਤਾਦ ਦੀਆਂ ਘੜੀਆਂ ਹੋਈਆਂ ਬੰਦਸ਼ਾਂ ਜਾਂ ਨਿਯਮਾਂ ਤੋਂ ਰਹਿਤ ਹੈ। ਲੋਕ-ਨਾਚ ਸਿਖਾਇਆ ਨਹੀਂ ਜਾਂਦਾ, ਇਹ ਆਪ-ਮੁਹਾਰਾ ਨੱਚਿਆ ਜਾਂਦਾ ਹੈ। ਪਰ ਫਿਰ ਵੀ ਅਸੀਂ ਵੇਖਦੇ ਹਾਂ ਕਿ ਲੋਕ-ਨਾਚ ਵਿਚ ਇਕਸਾਰਤਾ ਹੈ। ਇਹ ਇਸ ਲਈ ਹੈ ਕਿ ਹਰ ਇਕ ਨੇ ਉਸ ਨੱਚਣ ਵਾਲੇ ਦੀ ਨਕਲ



ਕਾਂਗੜੇ ਦੀ ਮੁਟਿਆਰ



ਕੁਲੂ ਦੀ ਯੁਵਤੀ

# ਪੰਜਾਬ ਦੇ ਲੋਕ











# ਮਨ ਪਰਚਾਵਾ




ਢੋਲਕ




ਭੰਗੜਾ



ਢਾਡੀ



ਚਿਮਟੇ ਵਾਲਾ



ਹੇਕ



ਢੱਡ



ਤੂੰਬਾ

ਕਰਨ ਦੀ ਕੋਸ਼ਿਸ਼ ਕੀਤੀ ਜਿਹੜਾ ਦੂਜਿਆਂ ਨੂੰ ਚੰਗਾ ਲੱਗਾ। ਨਾਚ ਕਰਦਿਆਂ ਕਰਦਿਆਂ ਹੀ ਲੋਕਾਂ ਨੇ ਲੋਕ-ਨਾਚ ਸਿਖਿਆ; ਕਿਸੇ ਨੂੰ ਉਸਤਾਦ ਧਾਰ ਕੇ ਨਹੀਂ ਤੇ ਨਾ ਹੀ ਕਿਸੇ ਸਕੂਲ ਵਿਚ ਜਾ ਕੇ। ਇਹੀ ਕਾਰਨ ਹੈ ਕਿ ਲੋਕ-ਨਾਚ ਦੀਆਂ ਸਭ ਹਰਕਤਾਂ ਲੋਕਾਂ ਦੀ ਜ਼ਿੰਦਗੀ ਵਾਂਙ ਹੀ ਸਿੱਧੀਆਂ ਸਾਦੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਰੋਜ਼ ਦੇ ਕਿੱਤੇ ਵਿਚੋਂ ਉਪਜਦੀਆਂ ਹਨ। 'ਸ਼ਿਕਾਰੀ ਨਾਚ', ਜਿਸ ਵਿਚ ਜਾਂਗਲੀ ਲੋਕ ਸਾਹਮਣੇ ਆਏ ਕਿਸੇ ਸ਼ਿਕਾਰ ਨੂੰ ਮਾਰਨ ਦੀਆਂ ਸਭ ਹਰਕਤਾਂ ਕਰਦੇ ਹਨ, ਇਸੇ ਗੱਲ ਦਾ ਪਰਮਾਣ ਹੈ।

ਲੋਕ-ਨਾਚ ਨੱਚਿਆ ਜਾਂਦਾ ਹੈ – ਮਨ ਦੀ ਮੌਜ ਮਾਣਨ ਲਈ, ਲੋਕਾਂ ਨੂੰ ਵਿਖਾਉਣ ਲਈ ਨਹੀਂ। ਇਸ ਲਈ ਕਿਸੇ ਸਟੇਜ ਜਾਂ ਸਜਾਵਟ ਦੀ ਜ਼ਰੂਰਤ ਨਹੀਂ। ਪਿੰਡ ਦੀ ਕੋਈ ਥਾਂ, ਭਾਵੇਂ ਉਹ ਪਿੰਡ ਦੇ ਅੰਦਰ ਹੈ ਜਾਂ ਪਿੰਡ ਦੇ ਬਾਹਰ ਜਿੱਥੇ ਨੱਚਣ ਵਾਲੇ ਇਕੱਠੇ ਹੋ ਸਕਣ, ਠੀਕ ਹੈ। ਪੈਲੀ ਦਾ ਗੱਭਾ ਹੈ ਜਾਂ ਟੋਭੇ ਦਾ ਕੰਢਾ, ਬਰੋਟੇ ਦੀ ਛਾਂ ਹੈ ਜਾਂ ਨਹੀਂ, ਹਰ ਥਾਂ ਲੋਕਾਂ ਦੇ ਨੱਚਣ ਲਈ ਸੋਹਣੀ ਸਟੇਜ ਹੈ। ਸੂਰਜ ਦੀ ਰੋਸ਼ਨੀ ਨਾ ਹੋਵੇ ਤਾਂ ਚੰਨ ਦੀ ਚਾਨਣੀ ਅਤੇ ਜੇ ਦੋਵੇਂ ਨਾ ਹੋਣ ਤਾਂ ਦੀਵੇ ਦੀ ਲੋ ਵਿਚ ਹੀ ਲੋਕ ਆਪਣਾ ਕੰਮ ਸਾਰ ਲੈਂਦੇ ਹਨ।

ਲੋਕ-ਨਾਚ ਲਈ ਹਰ ਪੁਸ਼ਾਕ ਢੁੱਕਵੀਂ ਹੈ। ਉਹ ਗੋਟਿਆਂ-ਜੜੇ ਰੰਗ-ਬਰੰਗੇ ਰੇਸ਼ਮੀ ਕਪੜਿਆਂ ਦਾ ਮੁਥਾਜ ਨਹੀਂ। ਲੋਕ-ਨਾਚ ਨੂੰ ਰੰਗੀਲਾ ਬਣਾਉਣ ਵਾਲੀ ਇੱਕੋ ਚੀਜ਼ ਲੋਕਾਂ ਦੀ ਡੁਲ੍ਹ ਡੁਲ੍ਹ ਪੈਂਦੀ ਖ਼ੁਸ਼ੀ ਹੁੰਦੀ ਹੈ। ਜਿੰਨੀ ਖ਼ੁਸ਼ੀ ਅਤੇ ਜਿੰਨੇ ਸਰੂਰ ਵਿਚ ਕੋਈ ਨੱਚੇਗਾ, ਉੱਨਾ ਹੀ ਸੁਹਜ ਅਤੇ ਰੰਗ ਉਸ ਦੇ ਨਾਚ ਵਿੱਚੋਂ ਝਲਕੇਗਾ। ਇਹ ਵਿਸ਼ੇਸ਼ਤਾ ਕੇਵਲ ਲੋਕ-ਨਾਚ ਵਿਚ ਹੀ ਹੈ।

ਅਰੰਭ ਵਿਚ ਨਾਚ, ਗੀਤ ਤੇ ਸੰਗੀਤ ਤਿੰਨੋ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ। ਪਰ ਜਿਉਂ ਜਿਉਂ ਸੱਭਿਅਤਾ ਵਧਦੀ ਗਈ, ਇਹ ਤਿੰਨੇ ਹੁਨਰ ਨਿਯਮਾਂ ਦੇ ਬੰਧੇਜ ਵਿਚ ਆ ਕੇ ਇਕ ਦੂਜੇ ਕੋਲੋਂ ਦੂਰ ਹੁੰਦੇ ਗਏ। ਹੌਲੀ ਹੌਲੀ ਹਰ ਕਲਾ ਇੰਨੀ ਵਧੀ ਅਤੇ ਇੰਨੀ ਗੁੰਝਲਦਾਰ ਹੋ ਗਈ ਕਿ ਕਿਸੇ ਲਈ ਆਪਣੇ ਸਾਰੇ ਜੀਵਨ ਵਿਚ ਕੇਵਲ ਇਕ ਕਲਾ ਵਿਚ ਨਿਪੁੰਨ ਹੋਣਾ ਔਖਾ ਹੋ ਗਿਆ। ਨਾਚ ਵਧ ਕੇ ਨਾਟ-ਸ਼ਾਸਤਰ ਦੇ ਨਿਯਮਾਂ ਵਿਚ ਬਝ ਗਿਆ; ਗੀਤ ਪਿੰਗਲ ਦੇ ਬੰਧਨਾਂ ਵਿਚ ਜਕੜਿਆ ਗਿਆ ਤੇ ਰਾਗ ਦਸ ਠਾਠਾਂ ਤੋਂ ਵਧ ਕੇ ਅਣਗਿਣਤ ਰਾਗਾਂ ਤੇ ਰਾਗਣੀਆਂ ਦੇ ਰੂਪ ਵਿਚ ਪਰਗਟ ਹੋਇਆ। ਸਾਜ਼-ਸੰਗੀਤ ਇਕ ਢੋਲਕ ਦੀ ਤਾਲ ਤੋਂ ਵਧਦਾ ਵਧਦਾ ਇੰਨੇ ਸਾਜ਼ਾਂ ਵਿਚ ਫੈਲ ਗਿਆ ਕਿ ਆਮ ਮਨੁੱਖ ਲਈ ਉਨ੍ਹਾਂ ਦੇ ਨਾਂ ਯਾਦ ਰੱਖਣੇ ਵੀ ਔਖੇ ਹੋ ਗਏ। ਜਿਉਂ ਜਿਉਂ ਨਾਚ, ਗੀਤ ਅਤੇ ਸੰਗੀਤ ਵਧਦੇ ਗਏ, ਉਵੇਂ ਹੀ ਉਹ ਲੋਕਾਂ ਤੋਂ ਦੂਰ ਹੁੰਦੇ ਗਏ ਅਤੇ ਹਰ ਕਲਾਕਾਰ ਦੀ ਨਿੱਜੀ ਮਲਕੀਅਤ ਬਣਦੇ ਗਏ। ਇੱਥੇ ਹੀ ਬਸ ਨਹੀਂ ਸਗੋਂ ਆਮ ਲੋਕਾਂ ਲਈ ਇਨ੍ਹਾਂ ਕਲਾਕਾਰਾਂ ਦੀ ਕਲਾ ਤੋਂ ਖ਼ੁਸ਼ੀ ਲੈਣੀ ਤਾਂ ਇਕ ਪਾਸੇ ਇਨ੍ਹਾਂ ਨੂੰ ਸਮਝਣਾ ਵੀ ਇਕ ਸਿਰਦਰਦੀ ਬਣ ਗਈ। ਭਾਰਤ ਨਾਟਿਅਮ ਨੂੰ ਸਮਝਣਾ, ਆਮ ਜਨਤਾ ਤੇ ਕੀ, ਕਿਸੇ ਚੰਗੇ ਵਿਦਵਾਨ ਲਈ ਵੀ ਸੌਖਾ ਨਹੀਂ। ਹੱਥਾਂ ਦੀਆਂ ਮੁਦਰਾਵਾਂ (ਇਸ਼ਾਰੇ) ਕਿਸੇ ਦੇ ਪੱਲੇ ਕੁਝ ਨਹੀਂ ਪਾਉਂਦੀਆਂ ਜਿੰਨਾਂ ਚਿਰ ਕਿਸੇ ਨੇ ਇਸ ਨਾਚ ਦੇ ਨਿਯਮਾਂ ਨੂੰ ਪਹਿਲਾਂ ਸਮਝਾਇਆ ਨਾ ਹੋਵੇ। ਕਲਾਕਾਰ ਦੀਆਂ ਅੱਖਾਂ ਅਤੇ ਮੁੱਖ ਰਾਹੀਂ ਪਰਗਟਾਏ ਜਾ ਰਹੇ ਸੂਖਮ ਪ੍ਰਭਾਵ, ਪਿੰਡਾਂ ਦੇ ਟਿਮਟਿਮਾਉਂਦੇ ਦੀਵੇ ਜਾਂ ਮਸ਼ਾਲ ਦੀ ਲੋ ਵਿਚ ਤੇ ਕੀ ਵਿਖਾਈ ਦੇਣਗੇ ਜਦੋਂ ਸ਼ਹਿਰਾਂ ਵਿਚ ਸਾਧਾਰਨ ਬਿਜਲੀ ਦੀ ਰੋਸ਼ਨੀ ਨੂੰ ਨਾਕਾਫ਼ੀ ਸਮਝ ਕੇ ਸੈਂਕੜੇ ਬੱਤੀਆਂ ਦੀ ਤਾਕਤ ਵਾਲੇ ਬਲਬਾਂ ਦੀ ਇਕੱਠੀ ਰੋਸ਼ਨੀ ਨੂੰ ਕਲਾਕਾਰ ਉੱਤੇ ਕੇਂਦਰਿਤ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਜੇ ਕਲਾਸੀਕਲ ਨਾਚ ਨੱਚਣ ਵਾਲੇ ਨੇ ਢੁੱਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਅਤੇ ਨਾ ਹੀ ਦਰਸ਼ਕਾਂ ਨੂੰ ਉਸ ਦਾ ਨਾਚ ਪਸੰਦ ਆ ਸਕਦਾ ਹੈ। ਇਸ ਨੂੰ ਸੰਪੂਰਨ ਤੇ ਲੁਭਾਇਮਾਨ ਬਣਾਉਣ ਲਈ ਇਕ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਕਲਾਸੀਕਲ ਨਾਚ ਨੱਚਣ ਵਾਲਾ ਆਪਣੇ ਲਈ ਨਹੀਂ ਸਗੋਂ ਪ੍ਰਦਰਸ਼ਨੀ ਲਈ ਨੱਚਦਾ ਹੈ। ਉਹ ਖ਼ੁਸ਼ ਤਦੋਂ ਹੀ ਹੁੰਦਾ ਹੈ ਜਦੋਂ ਦਰਸ਼ਕ ਤਾੜੀ ਮਾਰ ਕੇ ਪਰਸੰਸਾ ਕਰਦੇ ਹਨ। ਜਿੰਨੇ ਬਹੁਤੇ ਦਰਸ਼ਕ ਹੋਣਗੇ ਅਤੇ ਜਿੰਨੀ ਬਹੁਤੀ ਪਰਸੰਸਾ ਹੋਵੇਗੀ, ਉੱਨਾ ਹੀ ਉਸ ਦਾ ਉਤਸ਼ਾਹ ਵਧੇਗਾ

## ਲੋਕ-ਨਾਚ ਦੀ ਵਿਸ਼ੇਸ਼ਤਾ

ਇਹ ਗੱਲ ਠੀਕ ਹੈ ਕਿ ਸਾਰੇ ਕਲਾਸੀਕਲ ਨਾਚ, ਭਾਵੇਂ ਉਹ ਭਾਰਤ ਨਾਟਿਅਮ ਹੈ ਜਾਂ ਪੂਰਬੀ ਭਾਰਤ ਦਾ ਮਨੀਪੁਰੀ, ਉੱਤਰੀ ਭਾਰਤ ਦਾ ਕਥਕ ਹੈ ਜਾਂ ਦੱਖਣੀ ਭਾਰਤ ਦਾ ਕਥਾਕਲੀ, ਲੋਕ-ਨਾਚਾਂ ਤੋਂ ਹੀ ਨਿਕਲੇ ਹਨ। ਪਰ ਬਣਾਉਟੀ ਬੰਧੇਜਾਂ ਤੇ ਔਖੇ ਨਿਯਮਾਂ ਨੇ ਇਨ੍ਹਾਂ ਨੂੰ ਆਪਣੇ ਅਸਲੇ ਤੋਂ ਇੰਨਾ ਨਿਖੇੜਿਆ ਹੈ ਕਿ ਦੋਹਾਂ ਵਿਚ ਕੋਈ ਸਾਂਝ ਲੱਭਣੀ ਮੁਸ਼ਕਲ ਹੋ ਗਈ ਹੈ। ਲੋਕਾਂ ਦਾ ਰਲਵਾਂ ਨਾਚ ਇਕੱਲੇ ਕਲਾਕਾਰ ਦਾ ਨਿੱਜੀ ਨਾਚ ਤਾਂ ਬਣ ਹੀ ਗਿਆ ਸੀ, ਪਰ ਉਹ ਆਮ ਲੋਕਾਂ ਦੇ ਵੇਖਣ ਵਾਲਾ ਨਾਚ ਵੀ ਨਾ ਰਿਹਾ ਤੇ ਗਿਣਤੀ ਦੇ ਬੰਦਿਆਂ ਦੇ ਮਨ-ਪਰਚਾਵੇ ਦਾ ਸਾਮਾਨ ਬਣ ਕੇ ਰਹਿ ਗਿਆ।

ਅਸੀਂ ਵੇਖਦੇ ਹਾਂ ਕਿ ਸ਼ਹਿਰੀ ਜੀਵਨ ਤੋਂ ਲੋਕ-ਨਾਚ ਬਿਲਕੁਲ ਨਿੱਖੜ ਗਿਆ ਹੈ ਕਿਉਂਕਿ ਸ਼ਹਿਰੀ ਜੀਵਨ ਬਿਲਕੁਲ ਬਦਲ ਚੁੱਕਿਆ ਹੈ। ਪਹਿਲਾਂ ਇਕ ਵੱਖਰਾ ਮਹੱਲਾ ਇਕ ਕਿੱਤਾ ਕਰਨ ਵਾਲਿਆਂ ਦਾ ਜਾਂ ਇਕ ਜਾਤ ਦੇ ਲੋਕਾਂ ਦਾ ਹੁੰਦਾ ਸੀ, ਪਰ ਹੁਣ ਇਹ ਗਲ ਨਹੀਂ ਰਹੀ। ਵੱਡੇ ਸ਼ਹਿਰਾਂ ਵਿਚ ਸਾਲਾਂ-ਪ੍ਰਤੀ ਇੱਕੋ ਆਬਾਦੀ ਵਿਚ ਰਹਿੰਦੇ ਹੋਏ ਲੋਕ ਇਕ ਦੂਜੇ ਨੂੰ ਨਹੀਂ ਜਾਣਦੇ ਹੁੰਦੇ। ਰਲਵੀਂ ਖ਼ੁਸ਼ੀ ਤੇ ਰਲਵਾਂ ਦਿਲ-ਪਰਚਾਵਾ ਤਦੇ ਹੀ ਹੋ ਸਕਦਾ ਹੈ ਜੇ ਸਭ ਲੋਕਾਂ ਦਾ ਮੇਲ-ਮਿਲਾਪ ਗੂੜ੍ਹਾ ਤੇ ਪਿਆਰ ਵਾਲਾ ਹੋਵੇ। ਦੂਜੀ ਗੱਲ ਇਹ ਹੈ ਕਿ ਸ਼ਹਿਰੀ ਲੋਕਾਂ ਦਾ ਕਿਤਾ ਬੜਾ ਆਸਾਨ ਅਤੇ ਹੌਲਾ ਹੁੰਦਾ ਹੈ; ਉਹ ਸਾਰਾ ਦਿਨ ਜਾਂ ਦਫ਼ਤਰ ਵਿਚ ਕੁਰਸੀ ਤੇ ਬਹਿ ਕੇ ਕੰਮ ਕਰਦੇ ਹਨ ਜਾਂ ਹੱਟੀ ਤੇ ਬਹਿ ਕੇ ਸੌਦਾ ਵੇਚਦੇ ਹਨ। ਇਸ ਕਾਰਨ ਉਨ੍ਹਾਂ ਦਾ ਸਰੀਰ ਸੁਹਲ ਹੋ ਜਾਂਦਾ ਹੈ ਤੇ ਉਹ ਦਿਲ-ਪਰਚਾਵਾ ਵੀ ਉਹੋ ਜਿਹਾ ਸੁਹਲ ਹੀ ਚਾਹੁੰਦੇ ਹਨ। ਇਹੋ ਜਿਹਾ ਦਿਲ-ਪਰਚਾਵਾ ਉਨ੍ਹਾਂ ਨੂੰ ਸਿਨਮੇਂ ਦੀਆਂ ਫ਼ਿਲਮਾਂ ਵੇਖ ਕੇ ਮਿਲ ਜਾਂਦਾ ਹੈ। ਰੇਡੀਓ ਦੇ ਗਾਣੇ ਉਨ੍ਹਾਂ ਦਾ ਦਿਲ ਪਰਚਾ ਸਕਦੇ ਹਨ, ਚੰਗੇ ਤੋਂ ਚੰਗੇ ਕਲਾਕਾਰ ਆ ਕੇ ਸ਼ਹਿਰ ਵਿਚ ਆਪਣੀ ਕਲਾ ਵਿਖਾਉਂਦੇ ਹਨ, ਜਾਂ ਇਹ ਲੋਕ ਕਿਤਾਬਾਂ ਪੜ੍ਹ ਕੇ ਖ਼ੁਸ਼ੀ ਲੈ ਲੈਂਦੇ ਹਨ। ਗੱਲ ਕੀ, ਸ਼ਹਿਰੀ ਲੋਕਾਂ ਲਈ ਖ਼ੁਸ਼ੀ ਦੇ ਸਾਧਨ ਅਣਗਿਣਤ ਹਨ ਅਤੇ ਉਨ੍ਹਾਂ ਦੇ ਸ਼ਹਿਰੀ ਮਨ ਲਈ ਲੋਕ-ਨਾਚ ਦੀ ਸਿਧੀ ਸਾਦੀ ਕਲਾ ਸ਼ਾਇਦ ਕੋਈ ਚੰਗਾ ਮਨ-ਪਰਚਾਵਾ ਨਹੀਂ ਹੁੰਦੀ। ਉਨ੍ਹਾਂ ਦੀ ਸਿਹਤ ਵੀ ਅਜੇਹੀ ਨਹੀਂ ਹੁੰਦੀ ਕਿ ਲੋਕ-ਨਾਚ ਜਹੀ ਕਰੜੀ ਕਸਰਤ ਕਰ ਸਕਣ। ਉਨ੍ਹਾਂ ਨੂੰ ਤਾਂ ਹਰ ਕਰੜਾ ਕੰਮ ਇਕ ਗਵਾਰੂ ਕੰਮ ਹੀ ਲਗਦਾ ਹੈ।

ਪਿੰਡ ਦੇ ਲੋਕਾਂ ਦਾ ਰਹਿਣ ਸਹਿਣ ਸ਼ਹਿਰੀ ਜੀਵਨ ਤੋਂ ਬਿਲਕੁਲ ਉਲਟ ਹੈ। ਉਨ੍ਹਾਂ ਲਈ ਖ਼ੁਸ਼ੀ ਦੇ ਸਾਧਨ ਉੱਨੇ ਨਹੀਂ ਜਿੰਨੇ ਸ਼ਹਿਰ ਵਿਚ ਹਨ। ਉਨ੍ਹਾਂ ਦਾ ਜੀਵਨ ਸਿੱਧਾ-ਸਾਦਾ ਹੈ। ਉਨ੍ਹਾਂ ਦੀ ਕਿਰਤ ਇਕ ਕਰੜੀ ਕਿਰਤ ਹੈ। ਇਨ੍ਹਾਂ ਗੱਲਾਂ ਕਾਰਨ ਉਨ੍ਹਾਂ ਦਾ ਦਿਲ-ਪਰਚਾਵਾ ਵੀ ਸਿੱਧਾ ਸਾਦਾ ਤੇ ਕਰੜਾ ਹੈ, ਉਨ੍ਹਾਂ ਨੂੰ ਫ਼ਿਲਮੀ ਗਾਣੇ ਉੱਨਾ ਸੁਆਦ ਨਹੀਂ ਦਿੰਦੇ ਜਿੰਨਾਂ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸੱਸੀ-ਪੁੰਨੂੰ, ਮਿਰਜ਼ਾ-ਸਾਹਿਬਾਂ ਅਤੇ ਰੂਪ-ਬਸੰਤ, ਆਦਿ ਲੋਕ-ਕਿੱਸੇ। ਇਨ੍ਹਾਂ ਕਿੱਸਿਆਂ ਵਿਚ ਉਹ ਆਪਣੇ ਜੀਵਨ ਦੀ ਝਲਕ ਵੇਖਦੇ ਹਨ। ਹਾਰਮੋਨੀਅਮ, ਸਿਤਾਰ, ਵਾਇਲਿਨ ਜਹੇ ਸਾਜ਼ਾਂ ਨਾਲੋਂ ਉਹ ਅਜੇ ਵੀ ਢੱਡ ਸਾਰੰਗੀ ਦੀ ਆਵਾਜ਼ ਨੂੰ ਪਸੰਦ ਕਰਦੇ ਹਨ; ਇਵੇਂ ਹੀ ਸਿੱਧੇ ਸਾਦੇ ਅਤੇ ਰਲ ਕੇ ਨੱਚੇ ਹੋਏ ਨਾਚਾਂ ਨੂੰ ਸੋਹਣਾ ਅਤੇ ਚੰਗਾ ਸਮਝਦੇ ਹਨ। ਲੋਕ-ਨਾਚ ਆਮ ਲੋਕਾਂ ਦਾ ਨਾਚ ਹੈ ਤੇ ਇਸ ਨੂੰ ਅਪਣਾਉਣ ਵਾਲੇ ਵੀ ਉਹੀ ਲੋਕ ਹਨ ਜਿਨ੍ਹਾਂ ਦੇ ਜੀਵਨ ਅਜੇ ਤੱਕ ਬਣਾਉਟੀ ਢੰਗਾਂ ਤੋਂ ਅਛੋਹ ਹਨ। ਇਹ ਉਨ੍ਹਾਂ ਦੇ ਜੀਵਨ ਦਾ ਇਕ ਜ਼ਰੂਰੀ ਅੰਗ ਹੀ ਨਹੀਂ ਸਗੋਂ ਉਨ੍ਹਾਂ ਦੀ ਜਿੰਦ-ਜਾਨ ਹੈ। ਇਹ ਉਨ੍ਹਾਂ ਦਾ ਮਨ-ਪਰਚਾਵਾ ਵੀ ਹੈ ਤੇ ਕਸਰਤ ਵੀ। ਇਹ ਲੋਕ-ਨਾਚ ਗੂੜ੍ਹੇ ਪ੍ਰੇਮ-ਪਿਆਰ ਦੀ ਨਿਸ਼ਾਨੀ ਵੀ ਹਨ ਅਤੇ ਇਹੀ ਉਨ੍ਹਾਂ ਨੂੰ ਦੁਨੀਆਂ ਦੇ ਫ਼ਿਕਰਾਂ ਤੋਂ ਉੱਚਾ ਚੁੱਕ ਕੇ ਸਰੂਰ ਵਿਚ ਲੈ ਜਾਣ ਦਾ ਸਾਧਨ ਵੀ ਹਨ।

# ਪੰਜਾਬ ਅਤੇ ਲੋਕ-ਨਾਚ

ਪੰਜਾਬ ਦੀ ਧਰਤੀ ਉਪਜਾਊ ਅਤੇ ਦਰਿਆਵਾਂ ਨਾਲ ਸ਼ਿੰਗਾਰੀ ਹੋਈ ਹੈ। ਇਸ ਦੇ ਮੌਸਮ ਰੰਗੀਲੇ ਤੇ ਸੁਹਾਉਣੇ ਹਨ। ਇਸ ਦੀ ਅਤ ਦੀ ਗਰਮੀ ਅਤੇ ਅੱਤ ਦੀ ਸਰਦੀ ਇਸ ਦੀ ਵੱਸੋਂ ਦੀ ਸਹਿਣ-ਸ਼ਕਤੀ ਨੂੰ ਵਧਾਉਂਦੀ ਹੈ। ਇਸ ਦੇ ਲਹਿਲਹਾਉਂਦੇ ਖੇਤਾਂ, ਅਤੇ ਇਸ ਦੀਆਂ ਕੁੰਢੀਆਂ ਬੂਰੀਆਂ ਨੇ ਪੰਜਾਬੀਆਂ ਨੂੰ ਚੌੜੀਆਂ ਛਾਤੀਆਂ, ਤਕੜੇ ਡੌਲੇ ਅਤੇ ਗੁੰਦਵੇ ਸਰੀਰ ਦਿੱਤੇ ਹਨ। ਇਸ ਦੀ ਪੱਧਰੀ ਤੇ ਸਾਫ਼ ਧਰਤੀ ਨੇ ਪੰਜਾਬੀ ਮਨ ਨੂੰ ਸਿੱਧਾ ਅਤੇ ਸਾਫ਼ ਬਣਾਇਆ ਹੈ। ਪੰਜਾਬੀਆਂ ਦੇ ਸੁਭਾ ਦੇ ਇਹ ਲੱਛਣ ਪੰਜਾਬ ਦੇ ਸਿੱਧੇ ਸਾਦੇ ਲੋਕ ਨਾਚਾਂ ਵਿਚ ਵੀ ਪਰਗਟ ਹੋਏ ਹਨ।

ਪੰਜਾਬ ਸਦਾ ਮੁਹਿੰਮਾਂ ਦਾ ਅੱਡਾ ਬਣਿਆ ਰਿਹਾ ਹੈ। ਅਜੇਹੀ ਭੂਗੋਲਕ ਸਥਿਤੀ ਵਿਚ ਸਾਡਾ ਸਮਾਜ ਕਬਾਇਲੀ ਅਤੇ ਸਾਡੀ ਨਾਚ-ਕਲਾ ਲੋਕ-ਪੱਧਰ ਉੱਤੇ ਰਹਿਣੀ ਸੁਭਾਵਕ ਸੀ। ਇਸ ਗੱਲ ਤੋਂ ਇਹ ਬੜੀ ਪੱਕੀ ਤਰ੍ਹਾਂ ਸਿੱਧ ਹੁੰਦਾ ਹੈ ਕਿ ਲੋਕ-ਨਾਚ ਦਾ ਲੋਕਾਂ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਅਮਨ ਦੀ ਜ਼ਿੰਦਗੀ ਤੋਂ ਦੂਰ ਸਦਾ ਲੜਾਈਆਂ ਲੜਦੇ ਹੋਏ ਪੰਜਾਬੀਆਂ ਵਿਚ ਵੀ ਲੋਕ-ਨਾਚ ਜੀਉਂਦੇ ਰਹੇ ਹਨ। ਸਲਤਨਤਾਂ ਬਦਲੀਆਂ, ਬਾਦਸ਼ਾਹੀਆਂ ਪਲਟੀਆਂ, ਪਰ ਪੰਜਾਬ ਦੇ ਲੋਕ ਆਪਣੀ ਸੱਭਿਅਤਾ ਅਤੇ ਉਸ ਦੇ ਵਿਸ਼ੇਸ਼ ਅੰਗ ਲੋਕ-ਨਾਚ ਨੂੰ ਸੁਰਜੀਤ ਰੱਖਦੇ ਆਏ ਹਨ।

# ਪੰਜਾਬ ਦੇ ਲੋਕ-ਨਾਚ

ਭਾਰਤ ਇਕ ਅਜੇਹਾ ਦੇਸ਼ ਹੈ ਜਿੱਥੇ ਲੋਕਾਂ ਦੇ ਮਨਾਂ ਉੱਤੇ ਸਦਾ ਹੀ ਧਰਮ ਦਾ ਗ਼ਲਬਾ ਰਿਹਾ ਹੈ। ਧਰਮ ਦਾ ਗ਼ਲਬਾ ਰੋਜ਼ ਦਿਹਾੜੀ ਦੇ ਜੀਵਨ ਉੱਤੇ ਜ਼ਿਆਦਾ ਹੋਣ ਕਾਰਨ ਨਾਚਾਂ ਉੱਤੇ ਵੀ ਹੈ। ਦੱਖਣ ਵਿਚ ਲੋਕ ਆਪਣੀਆਂ ਧੀਆਂ ਨੂੰ ਮੰਦਰਾਂ ਦੇ ਦੇਵਤਿਆਂ ਦੀ ਭੇਟ ਕਰ ਦਿੰਦੇ ਸਨ। ਜਿਨ੍ਹਾਂ ਦਾ ਜੀਵਨ, ਨਾਚ ਗਾਣੇ ਅਤੇ ਸੰਗੀਤ ਦੇ ਵਿਕਾਸ ਲਈ ਅਰਪਨ ਹੁੰਦਾ ਸੀ। ਅੱਜ ਵੀ ਬਹੁਤ ਸਾਰੇ ਇਲਾਕਿਆਂ ਦੇ ਲੋਕ-ਨਾਚਾਂ ਦਾ ਸੰਬੰਧ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਚਰਿਤਰ ਨਾਲ ਹੈ। ਉੱਤਰ-ਪ੍ਰਦੇਸ਼ ਵਿਚ ਤਾਂ ਕ੍ਰਿਸ਼ਨ ਲੀਲ੍ਹਾ ਸੰਬੰਧੀ ਨਾਚਾਂ ਦਾ ਹੋਣਾ ਜ਼ਰੂਰੀ ਸੀ, ਹੋਰ ਸੂਬਿਆਂ ਵਿਚ ਵੀ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਤ ਕਈ ਲੋਕ-ਨਾਚ ਮਿਲਦੇ ਹਨ। ਆਸਾਮ ਦੇ 'ਕੇਲੀ ਗੋਪਾਲ', ਮਨੀਪੁਰ ਦੇ 'ਮਹਾ ਰਾਸ' ਤੇ 'ਕੁੰਜ ਰਾਸ', ਮਹਾਰਾਸ਼ਟਰ ਦੇ 'ਦਹੀ ਕਲਾ' ਜਾਂ 'ਦਹੀ ਹਾਂਡੀ' ਅਤੇ ਗੁਜਰਾਤ ਦੇ 'ਗਰਬਾ' ਵਿਚ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਨੂੰ ਹੀ ਦਰਸਾਇਆ ਜਾਂਦਾ ਹੈ। ਇਸ ਤੋਂ ਉਪਰੰਤ ਬਹੁਤ ਸਾਰੇ ਨਾਚ ਅਜੇਹੇ ਵੀ ਹਨ ਜਿਨ੍ਹਾਂ ਦਾ ਸੰਬੰਧ ਸ਼ਿਵਜੀ ਦੇ ਜੀਵਨ ਨਾਲ ਹੈ। ਆਸਾਮ ਦਾ 'ਨਟ ਪੂਜਾ' ਤੇ ਮਨੀਪੁਰ ਦਾ 'ਲਾਈ ਹਰੋਬਾ' ਨਾਚ ਇਸ ਦੀਆਂ ਮਿਸ਼ਾਲਾਂ ਹਨ। ਮੱਧ-ਪ੍ਰਦੇਸ਼ ਵਿਚ ਇਕ ਨਾਚ 'ਲਕਸ਼ਮੀ ਜਾਗਰ' ਹੈ ਜਿਸ ਵਿਚ ਲੱਛਮੀ ਦੀ ਪੂਜਾ ਕੀਤੀ ਜਾਂਦੀ ਹੈ। ਲੱਛਮੀ ਦੀ ਮੂਰਤੀ ਨੂੰ ਇਕ ਬਿਰਛ ਦੇ ਹੇਠਾਂ ਸਜਾ ਕੇ ਰੱਖ ਲੈਂਦੇ ਹਨ ਅਤੇ ਸਾਰੀ ਰਾਤ ਮੁੰਡੇ ਅਤੇ ਕੁੜੀਆਂ ਰਲ ਕੇ ਇਸ ਮੂਰਤੀ ਅੱਗੇ ਨੱਚਦੇ ਹਨ। ਇਸੇ ਤਰ੍ਹਾਂ ਉੜੀਸਾ ਦਾ 'ਗਰੁੜ ਬਾਹਨ' ਅਤੇ ਕੇਰਲ ਦਾ 'ਮੋਹਿਨੀ ਆਤਮ' ਵਿਸ਼ਨੂੰ ਦੀ ਪੂਜਾ ਨਾਲ ਸੰਬੰਧਤ ਹਨ। ਬੰਗਾਲ ਦਾ 'ਕ੍ਰੀਰਤਨ' ਵੀ ਇਕ ਧਾਰਮਕ ਨਾਚ ਹੈ। ਇਨ੍ਹਾਂ ਨਾਚਾਂ ਵਿਚ ਕੇਵਲ ਇੱਕੋ ਧਰਮ ਦੇ ਲੋਕ ਹੀ ਹਿੱਸਾ ਲੈ ਸਕਦੇ ਹਨ, ਸਗੋਂ ਕਈ ਨਾਚਾਂ ਵਿਚ ਉਸ ਧਰਮ ਦੀਆਂ ਜਾਤਾਂ ਦਾ ਭੇਦ ਵੀ ਹੈ। ਬਿਹਾਰ ਵਿਚ ਇਕ 'ਕਰਮ ਨਾਚ' ਨੱਚਿਆ ਜਾਂਦਾ ਹੈ, ਜਿਸ ਰਾਹੀਂ ਧਰਤੀ ਨੂੰ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਉਹ ਬਹੁਤਾ ਅਨਾਜ ਦੇਵੇ। ਭਾਵੇਂ ਇਸ ਦਾ ਕਿਸੇ ਧਰਮ ਨਾਲ ਸੰਬੰਧ ਨਹੀਂ ਪਰ ਇਸ ਵਿਚ ਵੀ ਧਾਰਮਕ ਰੰਗ ਜ਼ਰੂਰ ਹੈ।

ਪੰਜਾਬ ਦੇ ਲੋਕ-ਨਾਚਾਂ ਵਿਚ ਧਾਰਮਕ ਅਸਰ ਬਹੁਤ ਘੱਟ ਹੈ, ਜਾਂ, ਅਸੀਂ ਕਹਿ ਸਕਦੇ ਹਾਂ, ਇਹ ਪਰਤੱਖ ਨਹੀਂ ਰਿਹਾ। ਮੁਸਲਮਾਨਾਂ ਵਿਚ ਨਾਚ ਗਾਣਾ ਮਜ਼ਹਬੀ ਤੌਰ ਤੇ ਮਨ੍ਹਾ ਹੈ । ਸਿੱਖ ਧਰਮ ਨੇ ਦੁਨਿਆਵੀ ਖ਼ੁਸ਼ੀ ਨੂੰ ਧਾਰਮਕ ਖ਼ੁਸ਼ੀ ਤੋਂ ਅੱਡ ਰੱਖਿਆ। ਇਨ੍ਹਾਂ ਦੋਹਾਂ ਦਾ ਅਸਰ ਪੰਜਾਬ ਦੇ ਹਿਦੂਆਂ ਉੱਤੇ ਵੀ ਪਿਆ। ਇਸ ਲਈ ਪੰਜਾਬ ਦੇ ਲੋਕ-ਨਾਚ ਧਾਰਮਕ ਨਾਚ ਨਹੀਂ ਹਨ। ਕੇਵਲ ਕੁੱਲੂ ਪਹਾੜ ਦਾ 'ਦੁਸਹਿਰਾ' ਨਾਚ ਹੀ ਇਕ ਅਜੇਹਾ ਨਾਚ ਹੈ ਜਿਸ ਦਾ ਸੰਬੰਧ ਧਰਮ ਨਾਲ ਹੈ। ਇਸ ਦਾ ਕਾਰਨ ਇਹ ਹੈ ਕਿ ਕੁੱਲੂ ਮੈਦਾਨੀ ਇਲਾਕੇ ਤੋਂ ਬਹੁਤ ਦੂਰ ਹੈ ਅਤੇ ਇਸ ਇਲਾਕੇ ਤੇ ਪੰਜਾਬ ਉੱਤੇ ਹੁੰਦੇ ਨਿੱਤ ਦੇ ਹਮਲਿਆਂ ਦਾ ਅਸਰ ਘੱਟ ਪਿਆ । ਪਰ ਪੰਜਾਬ ਦੇ ਮੈਦਾਨੀ ਇਲਾਕੇ ਵਿਚ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਬਹੁਤ ਸਾਰੀਆਂ ਸੱਭਿਅਤਾਵਾਂ ਦਾ ਅਸਰ ਪੈਣ ਕਾਰਨ ਇਥੇ ਦੇ ਲੋਕਾਂ ਦਾ ਜੇਰਾ ਵੱਡਾ ਹੋ ਗਿਆ ਅਤੇ ਇੱਥੇ ਦੇ ਲੋਕੀ ਆਪਸ ਵਿਚ ਵੱਖੋ ਵੱਖ ਧਾਰਮਕ ਅਕੀਦੇ ਰੱਖਦੇ ਹੋਏ ਵੀ ਘੁਲ ਮਿਲ ਕੇ ਰਹਿਣ ਲੱਗੇ। ਇੱਥੇ ਨਾ ਤਾਂ ਹੋਰ ਸੂਬਿਆਂ ਵਾਂਗਰ ਇੰਨੀ ਛੂਤਛਾਤ ਹੈ ਅਤੇ ਨਾ ਹੀ ਧਾਰਮਕ ਵਖੇਵਿਆਂ ਨੇ ਲੋਕਾਂ ਨੂੰ ਬਹੁਤਾ ਨਿਖੇੜਿਆ ਹੋਇਆ ਹੈ। ਇਸ ਲਈ ਪੰਜਾਬ ਦੇ ਲੋਕ-ਨਾਚ ਸਮੁੱਚੇ ਪੰਜਾਬੀਆਂ ਦੇ ਨਾਚ ਹਨ। ਹਰ ਇਕ ਪੰਜਾਬੀ, ਭਾਵੇਂ ਉਹ ਕਿਸੇ ਧਰਮ ਦੀ ਪਾਲਨਾ ਕਰਦਾ ਹੋਵੇ, ਇਨ੍ਹਾਂ ਨਾਚਾਂ ਵਿਚ ਰਲ ਮਿਲ ਕੇ ਹਿਸਾ ਲੈ ਸਕਦਾ ਹੈ। ਪੰਜਾਬ ਦੇ ਲੋਕ-ਨਾਚ ਸਹੀ ਅਰਥਾਂ ਵਿਚ ਸੰਸਾਰਕ ਨਾਚ ਹਨ ਅਤੇ ਇਹ ਨਾਚ ਕੇਵਲ ਖ਼ੁਸ਼ੀ ਲੈਣ ਲਈ ਤੇ ਖ਼ੁਸ਼ੀ ਦੇਣ ਲਈ ਨੱਚੇ ਜਾਂਦੇ ਹਨ।

ਇਹ ਲੋਕ-ਨਾਚ ਪੰਜਾਬੀਆਂ ਵਾਂਗ ਜੋਸ਼ੀਲੇ, ਤਕੜੇ ਅਤੇ ਕਰੜੇ ਨਾਚ ਹਨ । ਉਂਞ ਤਾਂ ਕਿਸੇ ਥਾਂ ਦੇ ਲੋਕ-ਨਾਚ ਵਿਚ ਕਲਾਸੀਕਲ ਨਾਚਾਂ ਵਰਗੀ ਲਚਕ ਅਤੇ ਸੁਹਲਤਾ ਨਹੀਂ ਹੁੰਦੀ, ਪਰ ਪੰਜਾਬ ਦੇ ਲੋਕ-ਨਾਚਾਂ ਵਰਗੀ ਤਕੜਾਈ ਵੀ ਕਿਤੇ ਨਹੀਂ ਮਿਲਦੀ। ਭੰਗੜੇ ਦੇ ਨਾਚ ਨੂੰ ਵੇਖ ਕੇ ਤਾਂ ਦੂਜੇ ਸੂਬਿਆਂ ਦੇ ਲੋਕ ਹੈਰਾਨ ਹੁੰਦੇ ਹਨ। ਅਸਲ ਵਿਚ ਪਿੰਡਾਂ ਵਿਚ ਤਾਂ ਕਿਸੇ ਦੀ ਵਡਿਆਈ ਉਸ ਦੇ ਤਕੜੇ ਹੋਣ ਅਤੇ ਬਹੁਤਾ ਦਮ ਰੱਖਣ ਵਿਚ ਹੀ ਗਿਣੀ ਜਾਂਦੀ ਹੈ। ਨਾਚ ਕਰਦੇ ਸਮੇਂ ਉਹੋ ਹੀ ਦੂਜਿਆਂ ਦੀ ਉਪਮਾ ਤੇ ਪਰਸੰਸਾ ਲੈ ਸਕਦਾ ਹੈ ਜਿਹੜਾ ਆਪਣੀ ਤਕੜਾਈ ਅਤੇ ਬਹੁਤੇ ਸਾਹਸ ਦਾ ਸਬੂਤ ਦੇਵੇ।

ਪੰਜਾਬੀਆਂ ਦਾ ਜੋਸ਼ ਨਾਚ ਕਰਦੇ ਸਮੇਂ, ਕੇਵਲ ਢੋਲ ਦੀ ਉੱਚੀ ਆਵਾਜ਼ ਉੱਤੇ ਤੇਜ਼ ਨੱਚਣ ਤੀਕ ਹੀ ਨਹੀਂ ਰਹਿੰਦਾ, ਉਹ ਮਸਤੀ ਵਿਚ ਆ ਕੇ 'ਓਏ, ਓਏ' 'ਬੱਲੇ, ਬੱਲੇ' ਦੇ ਉੱਚੀ ਉੱਚੀ ਨਾਹਰੇ ਮਾਰਦੇ ਹਨ। ਕਦੀ ਕਦੀ ਕਿਲਕਾਰੀਆਂ ਮਾਰ ਕੇ ਅਤੇ ਕਦੀ ਉੱਚਾ ਕੁੱਦ ਕੁੱਦ ਕੇ ਵੀ ਆਪਣੇ ਮਨ ਦੀ ਅੰਦਰਲੀ ਖ਼ੁਸ਼ੀ ਨੂੰ ਪਰਗਟ ਕਰਦੇ ਹਨ। ਜਿੱਥੇ ਕਿਤੇ ਭੰਗੜਾ ਪੈਂਦਾ ਹੋਵੇ ਉੱਥੇ ਢੋਲ ਦੀ ਉੱਚੀ ਆਵਾਜ਼, ਘੁੰਗਰੂਆਂ ਦੀ ਛਣਕ, ਪੈਰਾਂ ਦੀ ਧਮਕ ਅਤੇ ਖ਼ੁਸ਼ੀ-ਭਰੀਆਂ ਉੱਚੀਆਂ ਆਵਾਜ਼ਾਂ ਦਰਸ਼ਕਾਂ ਨੂੰ ਹੀ ਨਹੀਂ, ਸਾਰੇ ਚੁਗਿਰਦੇ ਨੂੰ ਸਰੂਰ ਵਿਚ ਲਿਆ ਦਿੰਦੀਆਂ ਹਨ। ਗਿਧਾ ਪਾਉਂਦੇ ਮੁੰਡੇ ਭਲਾ ਉੱਚੀ ਉੱਚੀ ਬੋਲੀਆਂ ਤਾਂ ਪਾਉਂਦੇ ਹਨ, ਪਰ ਇਨ੍ਹਾਂ ਬੋਲੀਆਂ ਦੇ ਵਿਚ ਬੱਕਰਾ ਬੁਲਾਉਣਾ, 'ਬੱਲੇ ਬੱਲੇ' ਆਖ ਕੇ ਬੋਲੀ ਪਾਉਣ ਵਾਲੇ ਨੂੰ ਹੱਲਾਸ਼ੇਰੀ ਦੇਣਾ ਪੰਜਾਬੀਆਂ ਦੇ ਨਾਚ ਦਾ ਇਕ ਹੋਰ ਜ਼ਰੂਰੀ ਅਗ ਹੈ। ਪਜਾਬੀਆਂ ਦੇ ਨਾਚ ਕੋਈ ਚੁੱਪ-ਚੁਪੀਤੇ ਨਾਚ ਨਹੀਂ, ਸਗੋਂ ਬਲਕਾਰ ਲੋਕਾਂ ਦੇ ਜੁਸ਼ੀਲੇ ਅਤੇ ਹਲੂਣਾ ਦੇਣ ਵਾਲੇ ਨਾਚ ਹਨ। ਇਨਾ ਜੋਸ਼, ਇੰਨਾ ਖੇੜਾ ਤੇ ਇੰਨਾ ਉੱਚਾ ਬੋਲ ਕਿਸੇ ਹੋਰ ਪ੍ਰਦੇਸ਼ ਦੇ ਲੋਕ-ਨਾਚਾਂ ਵਿਚ ਨਹੀਂ ਮਿਲਦਾ।

ਸਾਡੇ ਇਨ੍ਹਾਂ ਲੋਕ-ਨਾਚਾਂ ਵਿਚ ਕਿਸੇ ਬਣਾਉਟੀ ਹਾਰ ਸ਼ਿੰਗਾਰ ਲਈ ਕੋਈ ਥਾਂ ਨਹੀਂ । ਲੋਕੀ ਨੱਚਣ ਸਮੇਂ ਵੀ ਉਹੋ ਪਗ, ਲੰਮਾ ਕੁੜਤਾ ਤੇ ਲਾਂਗੜ ਬੰਨ੍ਹਦੇ ਹਨ । ਇਹ ਠੀਕ ਹੈ ਕਿ ਹਰ ਖ਼ੁਸ਼ੀ ਦੇ ਸਮੇਂ ਪੰਜਾਬੀ ਆਪਣੀ ਵਧੀਆ ਪੁਸ਼ਾਕ ਪਾਉਂਦਾ ਹੈ। ਨੱਚਣ ਸਮੇਂ ਵੀ ਲੋਕ ਸੋਹਣੇ ਤੋਂ ਸੋਹਣਾ ਕਪੜਾ ਪਹਿਨਦੇ ਹਨ, ਪਰ ਕੋਈ ਬਣਾਉਟੀ ਭੇਸ ਧਾਰਨ ਨਹੀਂ ਕੀਤਾ ਜਾਂਦਾ । ਇਸ ਦਾ ਇਕ ਕਾਰਨ ਇਹ ਵੀ ਹੈ ਕਿ ਪੰਜਾਬ ਦੇ ਲੋਕ-ਨਾਚਾਂ ਵਿਚ ਕਿਸੇ ਕਹਾਣੀ ਜਾਂ ਕਿਸੇ ਖ਼ਾਸ ਕਿੱਤੇ ਨੂੰ ਨਹੀਂ ਦਰਸਾਇਆ ਜਾਂਦਾ ਜੁ ਉਨ੍ਹਾਂ ਨੂੰ ਕਿਸੇ ਪਾਤਰ ਦਾ ਭੇਸ ਬਦਲਣਾ ਪਵੇ। ਦੱਖਣ ਦੇ ਕਥਾਕਲੀ ਨਾਚ ਕਿਸੇ ਕਹਾਣੀ ਨੂੰ ਦਰਸਾਉਂਦੇ ਹਨ। ਇਸ ਲਈ ਹਰ ਕਲਾਕਾਰ ਨੂੰ ਨਾਇਕ ਦੀ ਢੁੱਕਵੀਂ

ਪੁਸ਼ਾਕ ਪਾਉਣੀ ਪੈਂਦੀ ਹੈ। ਸਗੋਂ ਕਥਾਕਲੀ ਨਾਚ ਦੇ ਨਾਇਕਾਂ ਦੀਆਂ ਪੁਸ਼ਾਕਾਂ ਅਜ ਕੱਲ੍ਹ ਦੇ ਸਮੇਂ ਵਿਚ ਅਜੀਬ ਜਿਹੀਆਂ ਲਗਦੀਆਂ ਹਨ । ਕਿਸੇ ਪਰਦੇਸੀ ਆਦਮੀ ਲਈ ਤਾਂ ਉਨ੍ਹਾਂ ਪੁਸ਼ਾਕਾਂ ਨੂੰ ਵੇਖ ਕੇ ਇਹ ਪਛਾਣਨਾ ਵੀ ਔਖਾ ਹੁੰਦਾ ਹੈ ਕਿ ਨਾਇਕ ਕਿਹੜਾ ਹੈ। ਇਨ੍ਹਾਂ ਨਾਚਾਂ ਵਿਚ ਭੇਸ ਹੀ ਨਹੀਂ ਸਗੋਂ ਮੂੰਹ ਨੂੰ ਭੀ ਬਣਾਉਟੀ ਚਿਹਰਿਆਂ ਨਾਲ ਢੱਕ ਲਿਆ ਜਾਂਦਾ ਹੈ । ਉੜੀਸਾ ਵਿਚ ਇਕ 'ਛਉ ਨਾਚ' ਹੈ ਜਿਸ ਵਿਚ ਨੱਚਣ ਵਾਲੇ ਆਪਣੇ ਮੂੰਹ ਢੱਕ ਲੈਂਦੇ ਹਨ। ਆਸਾਮ ਦੇ ਪਹਾੜੀ ਨਾਗਾ-ਲੋਕ ਵੀ ਜਦੋਂ ਨਾਚ ਨੱਚਦੇ ਹਨ ਤਾਂ ਆਪਣੇ ਮੂੰਹ ਵੱਖੋ ਵੱਖ ਰੰਗਾਂ ਨਾਲ ਰੰਗ ਲੈਂਦੇ ਹਨ।

ਪਜਾਬ ਵਿਚ ਭਾਵੇਂ ਤੀਵੀਆਂ ਲਈ ਪਰਦਾ ਜ਼ਰੂਰੀ ਨਹੀਂ, ਪਰ ਫੇਰ ਵੀ ਇੱਥੇ ਮਰਦ ਅਤੇ ਤੀਵੀਂਆਂ ਰਲ ਮਿਲ ਕੇ ਨਹੀਂ ਨੱਚਦੇ। ਮਰਦਾਂ ਦੇ ਨਾਚਾਂ ਨੂੰ ਤੀਵੀਂਆਂ ਵੇਖ ਸਕਦੀਆਂ ਹਨ, ਪਰ ਮਰਦਾਂ ਨੂੰ ਤੀਵੀਂਆਂ ਦੇ ਨਾਚ ਵੇਖਣ ਦੀ ਆਗਿਆ ਨਹੀਂ ਹੁੰਦੀ । ਕੇਵਲ ਤੀਆਂ ਦੇ ਦਿਨਾਂ ਵਿਚ, ਜਦੋਂ ਕੁੜੀਆਂ ਗਿੱਧਾ ਪਾਉਂਦੀਆਂ ਹਨ, ਪਿੰਡ ਦੇ ਜਵਾਈ ਨੂੰ ਕਦੇ ਕਦੇ ਇਹ ਖੁੱਲ੍ਹ ਦਿੱਤੀ ਜਾਂਦੀ ਹੈ ਕਿ ਉਹ ਤੀਆਂ ਦੇ ਗਿੱਧੇ ਨੂੰ ਵੇਖ ਸਕੇ । ਦੂਜੇ ਸੂਬਿਆਂ ਵਿਚ ਕਈ ਲੋਕ-ਨਾਚ ਅਜੇਹੇ ਹਨ ਜਿਨ੍ਹਾਂ ਵਿਚ ਤੀਵੀਂਆਂ ਤੇ ਮਰਦ ਰਲ ਮਿਲ ਕੇ ਨੱਚਦੇ ਹਨ । ਆਸਾਮ ਦਾ 'ਖੰਡਾ ਲਿਮ' ਜਿਹੜਾ ਵਾਢੀ ਦੇ ਸਮੇਂ ਨੱਚਿਆ ਜਾਂਦਾ ਹੈ, ਮਰਦਾਂ ਅਤੇ ਤੀਵੀਂਆਂ ਦਾ ਇਕੱਠਾ ਨਾਚ ਹੈ। ਮਨੀਪੁਰ ਵਿਚ ਮਰਦ ਅਤੇ ਤੀਵੀਂਆਂ ਬੜੀ ਖੁੱਲ੍ਹ ਨਾਲ ਰਲ ਮਿਲ ਕੇ ਨੱਚਦੇ ਹਨ । ਬਿਹਾਰ ਦੇ ਸੰਥਾਲੀ ਮੁੰਡੇ ਤੇ ਕੁੜੀਆਂ ਵੀ ਰਲ ਮਿਲ ਕੇ ਨੱਚਦੇ ਹਨ। ਇਸੇ ਤਰ੍ਹਾਂ ਮੱਧ-ਪ੍ਰਦੇਸ਼ ਦਾ 'ਲਕਸ਼ਮੀ ਜਾਗਰ' ਮਰਦਾਂ ਅਤੇ ਤੀਵੀਂਆਂ ਦਾ ਰਲਵਾਂ ਨਾਚ ਹੈ।

## *ਪੰਜਾਬ ਦੇ ਤਿੰਨ ਭਾਗ*

ਭਾਰਤੀ ਪੰਜਾਬ ਨੂੰ ਸੱਭਿਅਤਾ ਅਤੇ ਲੋਕ-ਨਾਚਾਂ ਦੇ ਆਧਾਰ ਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:-

੧—ਮੈਦਾਨੀ ਇਲਾਕਾ,

੨—ਪਹਾੜੀ ਇਲਾਕਾ, ਅਤੇ

੩—ਹਰਿਆਣੇ ਦਾ ਇਲਾਕਾ ।

ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਵਿਚ ਦਰਿਆ ਰਾਵੀ ਤੋਂ ਲੈ ਕੇ ਘੱਗਰ ਤਕ ਦਾ ਮੈਦਾਨੀ ਇਲਾਕਾ ਆਉਂਦਾ ਹੈ। ਅਸਲ ਵਿਚ ਇਹ ਓਹੀ ਇਲਾਕਾ ਹੈ ਜਿਸ ਨੂੰ ਭਾਰਤੀ ਪੰਜਾਬ ਦਾ ਖ਼ਾਲਸ ਪੰਜਾਬੀ ਬੋਲਦਾ ਇਲਾਕਾ ਕਿਹਾ ਜਾ ਸਕਦਾ ਹੈ। ਇਸ ਧਰਤੀ ਦੇ ਲੋਕ ਭਾਰਤ ਦੇ ਦੂਜੇ ਇਲਾਕੇ ਦੇ ਲੋਕਾਂ ਤੋਂ ਵੱਖ ਪਛਾਣੇ ਜਾਂਦੇ ਹਨ। ਇਨ੍ਹਾਂ ਦੇ ਲੋਕ-ਨਾਚ ਵੀ ਭਾਰਤ ਦੇ ਦੂਜੇ ਇਲਾਕਿਆਂ ਦੇ ਲੋਕ-ਨਾਚਾਂ ਕੋਲੋਂ ਅੱਡਰੇ ਹਨ।

ਪਹਾੜੀ ਇਲਾਕੇ ਵਿਚ ਕੁੱਲੂ ਅਤੇ ਕਾਂਗੜੇ ਦਾ ਅਤੇ ਕੁੱਝ ਸ਼ਿਮਲੇ ਦੀਆਂ ਪਹਾੜੀਆਂ ਦਾ ਇਲਾਕਾ ਆਉਂਦਾ ਹੈ। ਇਸ ਇਲਾਕੇ ਤੇ ਪਹਾੜੀ ਹੋਣ ਕਾਰਨ ਬਾਹਰਲੇ ਹਮਲਾਵਰਾਂ ਦੀ ਸੱਭਿਅਤਾ ਦਾ ਅਸਰ ਬੜਾ ਘਟ ਪਿਆ। ਇਸ ਦੀ ਸਭਿਅਤਾ ਪੁਰਾਤਨ ਰੰਗ ਢੰਗ ਵਿਚ ਹੀ ਚਲੀ ਆਉਂਦੀ ਹੈ। ਇਹ ਹੀ ਕਾਰਨ ਹੈ ਕਿ ਇਸ ਦਾ ਮਸ਼ਹੂਰ 'ਕੁੱਲੂ ਨਾਚ' ਬਾਕੀ ਭਾਰਤ ਦੇ ਪ੍ਰਦੇਸ਼ਾਂ ਵਾਂਗਰ ਇਕ ਧਾਰਮਕ ਨਾਚ ਹੈ।

ਹਰਿਆਣੇ ਦੇ ਇਲਾਕੇ ਵਿਚ ਘੱਗਰ ਦੇ ਪੂਰਬ ਦਾ ਇਲਾਕਾ ਆਉਂਦਾ ਹੈ। ਇਸ ਇਲਾਕੇ ਦੇ ਲੋਕ-ਨਾਚ ਵੀ ਬਾਕੀ ਪੰਜਾਬ ਦੇ ਲੋਕ-ਨਾਚਾਂ ਕੋਲੋਂ ਵੱਖਰੇ ਹਨ। ਭਾਰਤ ਦੇ ਲੋਕ-ਨਾਚਾਂ ਵਾਂਗ ਇਸ ਇਲਾਕੇ ਦੇ ਲੋਕ-ਨਾਚਾਂ ਵਿਚ ਧਾਰਮਕ ਰੰਗ ਨਹੀਂ ਹੁੰਦਾ।

# ਮੈਦਾਨੀ ਇਲਾਕੇ ਦੇ ਲੋਕ-ਨਾਚ

## (ੳ) ਗਿੱਧਾ

ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ-ਨਾਚਾਂ ਵਿਚ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ । ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਹ ਲੋਕ-ਨਾਚ ਇਸ ਇਲਾਕੇ ਦਾ ਆਪਣਾ ਅਤੇ ਸਭ ਤੋਂ ਬਹੁਤਾ ਪਰਚਲਤ ਨਾਚ ਹੈ, ਜਦ ਕਿ ਦੂਜੇ ਹੋਰ ਨਾਚਾਂ ਦਾ ਸੰਬੰਧ ਵਧੇਰੇ ਪੱਛਮੀ ਪੰਜਾਬ ਨਾਲ ਹੈ । ਗਿੱਧਾ ਹੈ ਤਾਂ ਸਮੁੱਚੇ ਪੰਜਾਬ ਦਾ ਹੀ ਨਾਚ, ਪਰ ਮਾਲਵੇ ਦੇ ਇਲਾਕੇ ਦਾ ਇਹ ਪਰਧਾਨ ਨਾਚ ਹੈ । ਗਿੱਧੇ ਦੇ ਨੱਚਣ ਨੂੰ 'ਗਿੱਧਾ ਪਾਉਣਾ' ਆਖਦੇ ਹਨ । ਗਿੱਧਾ ਭਾਵੇਂ ਹਰ ਸਮੇਂ ਪਾਇਆ ਜਾ ਸਕਦਾ ਹੈ, ਪਰ ਹਰ ਖ਼ੁਸ਼ੀ ਦੇ ਮੌਕੇ ਉੱਤੇ ਇਸ ਦਾ ਪੈਣਾ ਜ਼ਰੂਰੀ ਹੈ । ਵਿਆਹ ਸ਼ਾਦੀ ਦੇ ਸਮੇਂ ਤਾਂ ਇਸ ਦਾ ਇੰਨਾ ਰਿਵਾਜ ਹੈ ਕਿ ਇਸ ਨੂੰ ਆਮ ਗਿੱਧੇ ਕੋਲੋਂ ਨਿਖੇੜਨ ਲਈ 'ਵਿਆਹੁਲਾ ਗਿੱਧਾ' ਆਖਿਆ ਜਾਂਦਾ ਹੈ । ਸਾਵਣ ਦੇ ਮਹੀਨੇ ਵਿਚ ਤੀਵੀਂਆਂ ਗਿੱਧੇ ਨੂੰ ਇਕ ਤਿਉਹਾਰ ਦੇ ਤੌਰ ਤੇ ਮਨਾਉਂਦੀਆਂ ਹਨ । ਇਸ ਤਿਉਹਾਰ ਨੂੰ ਤੀਆਂ ਜਾਂ ਸਾਵੇਂ ਕਿਹਾ ਜਾਂਦਾ ਹੈ । ਸਾਵੇਂ ਇਸ ਦਾ ਨਾਂ ਇਸ ਲਈ ਪਿਆ ਹੈ ਕਿ ਇਹ ਤਿਉਹਾਰ ਸਾਵਣ ਦੇ ਮਹੀਨੇ ਵਿਚ ਮਨਾਇਆ ਜਾਂਦਾ ਹੈ ਅਤੇ ਤੀਆਂ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਤਿਉਹਾਰ ਸਾਵਣ ਦੇ ਮਹੀਨੇ ਦੀ ਸੁਦੀ ਤਿੱਥ ਦੀ ਤੀਜੀ ਤਾਰੀਖ਼ ਤੋਂ ਸ਼ੁਰੂ ਹੁੰਦਾ ਹੈ ਅਤੇ ਪੂਰਨਮਾਸ਼ੀ ਤਕ ਰਹਿੰਦਾ ਹੈ । ਇਨ੍ਹਾਂ ਬਾਰਾਂ ਦਿਨਾਂ ਵਿਚ ਤੀਵੀਂਆਂ ਆਪਣੇ ਘਰ ਦੇ ਕੰਮਾਂ ਕਾਜਾਂ ਨੂੰ ਛੇਤੀ ਛੇਤੀ ਸਮੇਟ ਕੇ ਸਾਲਾਨਾ ਛੁੱਟੀ ਮਨਾਉਂਦੀਆਂ ਹਨ । ਇਸ ਤਿਉਹਾਰ ਦੀ ਇੰਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿਚ ਪੇਕੇ ਘਰ ਜ਼ਰੂਰ ਆਉਂਦੀ ਹੈ ਅਤੇ ਇਸ ਤਰ੍ਹਾਂ ਇਸ ਮੌਕੇ ਉੱਤੇ ਦੂਰ ਦੁਰਾਡੀਆਂ ਥਾਵਾਂ ਤੇ ਵਿਆਹੀਆਂ ਕੁੜੀਆਂ ਮੁੜ ਮਿਲ ਪੈਂਦੀਆਂ ਹਨ ਤੇ ਮੁੜ ਉਹੋ ਬਚਪਨ ਦੀਆਂ ਗੱਲਾਂ ਅਤੇ ਉਹੋ ਅੱਲ੍ਹੜ ਹਾਸੇ ਤਾਜ਼ਾ ਹੋ ਜਾਂਦੇ ਹਨ ।

ਗਿਧਾ ਪਾਉਂਦਿਆਂ ਕੇਵਲ ਨੱਚਿਆ ਹੀ ਨਹੀਂ ਜਾਂਦਾ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪਰਗਟ ਕਰਨ ਲਈ ਇਸ ਦੇ ਨਾਲ ਗਾਣਾ ਵੀ ਗਾਇਆ ਜਾਂਦਾ ਹੈ । ਇਨ੍ਹਾਂ ਗਾਣਿਆਂ ਨੂੰ 'ਬੋਲੀਆਂ' ਕਹਿੰਦੇ ਹਨ । ਕੁੜੀਆਂ ਆਪਣੇ ਮਨ ਦੇ ਪਿਆਰ-ਉਛਾਲ ਨੂੰ ਜਾਂ ਸਮਾਜੀ ਦਬਾਉ ਹੇਠ ਦੱਬੇ ਹੋਏ ਵਿਚਾਰਾਂ ਨੂੰ ਨਿੱਡਰ ਹੋ ਕੇ ਗਿੱਧੇ ਦੀਆਂ ਬੋਲੀਆਂ ਵਿਚ ਪਰਗਟ ਕਰਦੀਆਂ ਹਨ । ਇਸ ਸਮੇਂ ਆਪਣੇ ਦਿਲ ਦੇ ਉਬਾਲ ਕੱਢ ਕੇ ਕੁੜੀਆਂ ਆਪਣਾ ਮਨ ਬਿਲਕੁਲ ਹੌਲਾ ਕਰ ਲੈਂਦੀਆਂ ਹਨ ।

ਇਹ "ਬੋਲੀਆਂ" ਸਿੱਧੇ ਸਾਦੇ ਸ਼ਬਦਾਂ ਵਿਚ ਮਨ ਦੇ ਡੂੰਘੇ ਵਲਵਲੇ ਦੱਸਦੀਆਂ ਹਨ । ਇਨ੍ਹਾਂ ਦਾ ਸੰਬੰਧ ਲੋਕਾਂ ਦੇ ਦਿਲਾਂ ਨਾਲ ਇੰਨਾ ਨੇੜੇ ਦਾ ਹੁੰਦਾ ਹੈ ਕਿ ਲੋਕਾਂ ਨੂੰ ਬੋਲੀਆਂ ਤਾਂ ਯਾਦ ਹੁੰਦੀਆਂ ਹਨ, ਪਰ ਇਨ੍ਹਾਂ ਦੇ ਰਚਣ ਵਾਲਿਆਂ ਦਾ ਪਤਾ ਨਹੀਂ ਹੁੰਦਾ । ਲੋਕ-ਨਾਚਾਂ ਵਾਂਗ ਇਹ ਬੋਲੀਆਂ ਵੀ ਮਨ ਦੀ ਤਰੰਗ ਜਾਂ ਵਹਿਣ ਹਨ । ਬਹੁਤੀਆਂ ਬੋਲੀਆਂ ਇਕ-ਤੁਕੀਆਂ ਹਨ ਤੇ ਇਸ ਲਈ ਤੁਕਾਂਤ ਦੀਆਂ ਬੰਦਸ਼ਾਂ ਤੋਂ ਆਜ਼ਾਦ ਹਨ । ਇਸੇ ਕਾਰਨ ਪਿੰਡ ਦੇ ਅਨਪੜ੍ਹ ਲੋਕੀ ਵੀ ਹੁਲਾਰੇ ਦੇ ਜ਼ੋਰ ਵਿਚ ਆ ਕੇ ਆਪ-ਮੁਹਾਰੇ ਬੋਲੀ ਰਚ ਲੈਂਦੇ ਹਨ । ਕਦੇ ਕਦੇ ਤੋਲ ਅਤੇ ਤੁਕਾਂਤ ਦੇ ਸੁਹਣੱਪ ਦਾ ਸੁਆਦ ਲੈਣ ਲਈ ਬੋਲੀ ਦੇ ਪਹਿਲਾਂ ਇਕ ਫ਼ਾਲਤੂ ਜਿਹਾ ਬੋਲ ਰਲਾ ਲੈਂਦੇ ਹਨ, ਪਰ ਅਸਲ ਭਾਵ ਇਕ-ਤੁਕੀ ਵਿਚ ਹੀ ਹੁੰਦਾ ਹੈ । ਆਮ ਤੌਰ ਉੱਤੇ ਇਕ-ਤੁਕੀ ਬੋਲੀ ਪਾਉਣ ਸਮੇਂ ਇਸ ਦੇ ਸੁਆਦ ਨੂੰ ਲਮਕਾਉਣ ਲਈ ਪਹਿਲਾਂ 'ਬੱਲੇ, ਬੱਲੇ' ਜੋੜ ਲਿਆ ਜਾਂਦਾ ਹੈ । ਜਿਵੇਂ ਹੇਠ ਲਿੱਖੀ ਇਕ-ਤੁਕੀ ਬੋਲੀ, ਜਿਸ ਵਿਚ ਅਥਾਹ ਪਿਆਰ ਨੂੰ ਪਰਗਟ ਕੀਤਾ ਹੈ, ਇਉਂ ਹੈ :—

ਤੈਨੂੰ ਦੇਖ ਕੇ ਸਬਰ ਨਾ ਆਵੇ,

ਯਾਰਾ ! ਤੇਰਾ ਘੁੱਟ ਭਰ ਲਾਂ

ਇਸ ਬੋਲੀ ਨੂੰ ਪਾਉਣ ਵੇਲੇ ਇਉਂ ਭੀ ਬੋਲਿਆ ਜਾਂਦਾ ਹੈ :

ਬੱਲੇ ਬੱਲੇ, ਭਈ ਯਾਰਾ ! ਤੇਰਾ ਘੁੱਟ ਭਰ ਲਾਂ
ਤੈਨੂੰ ਦੇਖ ਕੇ ਸਬਰ ਨਾ ਆਵੇ
ਓਇ, ਯਾਰਾ ! ਤੇਰਾ ਘੁੱਟ ਭਰ ਲਾਂ

ਤੇ ਇਸੇ ਬੋਲੀ ਵਿਚ ਰੰਗ ਭਰਨ ਲਈ ਇਸ ਨੂੰ ਕਦੇ ਕਦੇ ਇਉਂ ਭੀ ਗਾਇਆ ਜਾਂਦਾ ਹੈ :

ਬਾਰ੍ਹੀਂ ਬਰਸੀਂ ਖਟਣ ਗਿਆ ਸੀ,
ਖਟ ਕੇ ਲਿਆਇਆ ਪਾਵੇ,
ਯਾਰਾ ! ਤੇਰਾ ਘੁੱਟ ਭਰ ਲਾਂ,
ਤੈਨੂੰ ਦੇਖ ਕੇ ਸਬਰ ਨਾ ਆਵੇ
ਯਾਰਾ ! ਤੇਰਾ ਘੁੱਟ ਭਰ ਲਾਂ

ਇਕ-ਤੁਕੀਆਂ ਬੋਲੀਆਂ ਤੋਂ ਇਲਾਵਾ ਲੰਮੀਆਂ ਬੋਲੀਆਂ ਵੀ ਹੁੰਦੀਆਂ ਹਨ। ਵੰਨਗੀ ਵਜੋਂ ਸਿਰਫ਼ ਇਕ ਬੋਲੀ ਦਿੱਤੀ ਜਾਂਦੀ ਹੈ ਜਿਸ ਵਿਚ ਗਿੱਧੇ ਦੇ ਪਿੜ ਦਾ ਨਜ਼ਾਰਾ ਵਰਣਨ ਕੀਤਾ ਹੋਇਆ ਹੈ।

ਕੱਠੀਆਂ ਹੋ ਕੇ ਆਈਆਂ ਗਿੱਧੇ ਵਿਚ
ਇੱਕੋ ਜਹੀਆਂ ਮੁਟਿਆਰਾਂ,
ਚੰਦ ਦੇ ਚਾਨਣੇ ਇਉਂ ਚਮਕਦੀਆਂ
ਜਿਉਂ ਸੋਨੇ ਦੀਆਂ ਤਾਰਾਂ,
ਗਲੀਂ ਉਨ੍ਹਾਂ ਦੇ ਰੇਸ਼ਮੀ ਕੁੜਤੀਆਂ
ਤੇੜ ਨਮੀਆਂ ਸਲਵਾਰਾਂ,
ਕੁੜੀਆਂ ਇਉਂ ਨੱਚਣ
ਜਿਉਂ ਹਿਰਨਾਂ ਦੀਆਂ ਡਾਰਾਂ।

ਤੀਆਂ ਵਿਚ ਜਿਹੜਾ ਗਿੱਧਾ ਪੈਂਦਾ ਹੈ ਉਹ ਆਮ ਤੌਰ ਤੇ ਪਿੰਡ ਦੇ ਬਾਹਰ ਕਿਸੇ ਵੱਡੇ ਪਿੱਪਲ ਜਾਂ ਬੋਹੜ ਦੇ ਬਿਰਛ ਹੇਠਾਂ ਕੁੜੀਆਂ ਇਕੱਠੀਆਂ ਹੋ ਕੇ ਪਾਉਂਦੀਆਂ ਹਨ । ਨੇੜੇ ਨੇੜੇ ਦੇ ਛੋਟੇ ਪਿੰਡਾਂ ਦੀਆਂ ਕੁੜੀਆਂ ਵੀ ਉੱਥੇ ਆ ਰਲਦੀਆਂ ਹਨ। ਪਰ ਸੁਭਾਵਕ ਗਿੱਧਾ ਪਾਉਣ ਲਈ ਕੁੜੀਆਂ ਚੰਨ ਦੀ ਚਾਨਣੀ ਰਾਤ ਵਿਚ ਪਿੰਡ ਦੇ ਅੰਦਰ ਹੀ ਕਿਸੇ ਖੁੱਲ੍ਹੀ ਥਾਵੇਂ ਇਕਠੀਆਂ ਹੁੰਦੀਆਂ ਹਨ। ਗਿੱਧੇ ਲਈ ਕਿਸੇ ਸਾਜ਼ ਦੀ ਲੋੜ ਨਹੀਂ । ਕੁੜੀਆਂ ਤਾੜੀ ਮਾਰ ਕੇ ਹੀ ਤਾਲ ਦਿੰਦੀਆਂ ਹਨ ਅਤੇ ਨੱਚਣ ਵਾਲੀਆਂ ਉਸੇ ਤਾਲ ਉੱਤੇ ਨੱਚਦੀਆਂ ਹਨ, ਪਰ ਗਿੱਧੇ ਵਿਚ ਢੋਲਕੀ ਜਾਂ ਘੜੇ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ।

ਗਿੱਧਾ ਪਾਉਣ ਵੇਲੇ ਕੁੜੀਆਂ ਘੇਰਾ ਘੱਤ ਕੇ ਖਲੋ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਇਕ ਕੁੜੀ ਘੇਰੇ ਅੰਦਰ ਢੋਲਕੀ ਜਾਂ ਘੜਾ ਲੈ ਕੇ ਬਹਿ ਜਾਂਦੀ ਹੈ। ਢੋਲਕੀ ਵੱਜਦੀ ਹੈ ਤਾਂ ਇਕ ਕੁੜੀ ਘੇਰੇ ਵਿਚ ਆ ਕੇ ਬੋਲੀ ਪਾਉਂਦੀ ਹੈ। ਬੋਲੀ ਪਾਉਂਦੇ ਸਮੇਂ ਉਹ ਚਾਰੇ ਪਾਸੇ ਘੁੰਮਦੀ ਹੈ ਤਾਂ ਜੋ ਪਿੜ ਵਿਚ ਖਲੋਤੀਆਂ ਸਭ ਕੁੜੀਆਂ ਉਸ ਨੂੰ ਵੇਖ ਸੱਕਣ। ਜਦ ਉਹ ਬੋਲੀ ਦਾ ਅਖ਼ੀਰਲਾ ਟੱਪਾ ਬੋਲਦੀ ਹੈ ਤਾਂ ਸਭ ਪਿੜ ਦੀਆਂ ਕੁੜੀਆਂ ਉਸ ਟੱਪੇ ਨੂੰ ਚੁੱਕ ਲੈਂਦੀਆਂ ਹਨ; ਭਾਵ ਇਹ ਕਿ ਸਭ ਕੁੜੀਆਂ ਉਸ ਟੱਪੇ ਨੂੰ ਉੱਚੀ ਉੱਚੀ ਗਾਉਣ ਲਗ ਜਾਂਦੀਆਂ ਹਨ ਅਤੇ ਆਪਣੇ ਹੱਥਾਂ ਨਾਲ ਤਾੜੀ ਮਾਰ ਕੇ ਤਾਲ ਦਿੰਦੀਆਂ ਹਨ। ਇਸ ਬੋਲੀ ਦੇ ਚੁੱਕਣ ਉੱਤੇ ਦੋ ਕੁੜੀਆਂ ਘੇਰੇ ਚੋਂ ਅੱਗੇ ਵਧ ਕੇ ਨੱਚਣ ਲਗ ਜਾਂਦੀਆਂ ਹਨ। ਕਦੇ ਕਦਾਈਂ ਨੱਚਣ ਵਾਲੀਆਂ ਕੁੜੀਆਂ ਬੋਲੀ ਪੈਂਦੇ ਸਮੇਂ ਪਹਿਲਾਂ ਹੀ ਘੇਰੇ ਵਿਚ ਅੱਗੇ

ਆ ਜਾਂਦੀਆਂ ਹਨ, ਪਰ ਨਾਚ ਉਦੋਂ ਹੀ ਸ਼ੁਰੂ ਹੁੰਦਾ ਹੈ ਜਦੋਂ ਬੋਲੀ ਦਾ ਅਖ਼ੀਰਲਾ ਟੱਪਾ ਸਭ ਕੁੜੀਆਂ ਚੁੱਕਦੀਆਂ ਹਨ। ਇਨ੍ਹਾਂ ਨੱਚਣ ਵਾਲੀਆਂ ਕੁੜੀਆਂ ਦੇ ਪੈਰਾਂ ਵਿਚ ਆਮ ਤੌਰ ਉੱਤੇ ਝਾਂਜਰਾਂ ਪਾਈਆਂ ਹੁੰਦੀਆਂ ਹਨ। ਝਾਂਜਰਾਂ ਦੀ ਮਿੱਠੀ ਛੁਣਕਾਰ ਅਤੇ ਪੈਰਾਂ ਦੀ ਧਮਕ, ਢੋਲਕੀ ਜਾਂ ਘੜੇ ਦੀ ਤਾਲ ਉੱਤੇ ਰਲਵੀਂ ਤਾਲ ਅਤੇ ਰਲਵੀਂ ਤਾਲ ਵਿਚ ਵੱਜਦੀ ਤਾੜੀ ਇਕ ਸਮਾਂ ਬੰਨ੍ਹ ਦਿੰਦੀ ਹੈ। ਜਦ ਤਕ ਪਿੜ ਬੋਲੀ ਚੁੱਕੀ ਰਖਦਾ ਹੈ ਤਦ ਤਕ ਦੋਵੇਂ ਕੁੜੀਆਂ ਨੱਚਦੀਆਂ ਰਹਿੰਦੀਆਂ ਹਨ। ਜਦੋਂ ਪਿੜ ਬੋਲੀ ਛੱਡਦਾ ਹੈ, ਉਦੋਂ ਨੱਚਣਾ ਬੰਦ ਹੋ ਜਾਂਦਾ ਹੈ। ਫਿਰ ਨੱਚਣ ਵਾਲੀਆਂ ਕੁੜੀਆਂ ਘੇਰੇ ਵਿਚ ਆ ਕੇ ਰਲ ਜਾਂਦੀਆਂ ਹਨ। ਫਿਰ ਕੋਈ ਹੋਰ ਕੁੜੀ ਘੇਰੇ ਵਿਚ ਆ ਕੇ ਨਵੀਂ ਬੋਲੀ ਪਾਉਂਦੀ ਹੈ ਅਤੇ ਉਸ ਤੋਂ ਪਿੱਛੋਂ ਕੋਈ ਹੋਰ ਦੋ ਕੁੜੀਆਂ ਘੇਰੇ ਵਿਚ ਆ ਕੇ ਨੱਚਣ ਲਗ ਜਾਂਦੀਆਂ ਹਨ। ਇਉਂ ਇਹ ਸਿਲਸਿਲਾ ਘੰਟਿਆਂ-ਬੱਧੀ ਚਲਦਾ ਰਹਿੰਦਾ ਹੈ।

ਘੇਰੇ ਅੰਦਰ ਨਾਚ ਕਿਸੇ ਬੱਝੇ ਨਿਯਮ ਅਨੁਸਾਰ ਨਹੀਂ ਹੁੰਦਾ। ਹਰ ਕੁੜੀ ਆਪਣੀ ਮਨ-ਮਰਜ਼ੀ ਦੇ ਢੰਗ ਨਾਲ ਨੱਚਦੀ ਹੈ। ਬੱਸ ਲੋੜ ਹੈ ਤਾਂ ਕੇਵਲ ਇਸ ਗੱਲ ਦੀ ਕਿ ਪੈਰ ਤਾਲ ਤੋਂ ਨਾ ਖੁੰਝੇ। ਤਾਲ ਵੀ ਸਿੱਧੀ ਅੱਧੇ ਕਹਿਰਵੇ ਵਿਚ, ਯਾਨੀ ਚਾਰ ਮਾਤਰਾ ਦੀ ਹੁੰਦੀ ਹੈ। ਹਰ ਨੱਚਣ ਵਾਲੀ ਕੁੜੀ ਇਸ ਨਾਚ ਵਿਚ ਆਪਣੇ ਸਰੀਰ ਦੀ ਲਚਕ ਦੱਸਦੀ ਹੈ। ਨੱਚਦੇ ਨੱਚਦੇ ਸਰੀਰ ਨੂੰ ਵਲ ਦੇਣਾ, ਬਾਹਾਂ ਨੂੰ ਉਲਾਰ ਕੇ ਹਿਲਾਉਣਾ, ਤਾੜੀ ਮਾਰਦੇ ਹੋਏ ਕੋੜੇ ਹੋ ਕੇ ਨੱਚਣਾ ਅਤੇ ਕਦੇ ਘੁੰਡ ਕੱਢ ਕੇ ਨੱਚਣਾ; ਗੱਲ ਕੀ, ਜਿਸ ਤਰੰਗ ਵਿਚ ਵੀ ਕੋਈ ਕੁੜੀ ਤਾਲ ਉੱਤੇ ਪੈਰ ਮਾਰੇ ਅਤੇ ਸਰੀਰ ਨੂੰ ਹਲੂਣਾ ਦੇਵੇ ਸਭ ਠੀਕ ਹੈ। ਕਦੇ ਕਦੇ ਨੱਚਦੀਆਂ ਕੁੜੀਆਂ ਤਾਲ ਉੱਤੇ 'ਉਈ, ਉਈ' ਆਖ ਕੇ ਪੀਪੂ ਬੁਲਾਉਂਦੀਆਂ ਹਨ ਅਤੇ ਕਦੇ ਕਦੇ ਦੋਵੇਂ ਬੁੱਲ੍ਹਾਂ ਨੂੰ ਬੰਦ ਕਰ ਕੇ ਫੂਕ ਮਾਰ ਕੇ ਅਵਾਜ਼ ਕੱਢਦੀਆਂ ਹਨ ਜਿਸ ਨੂੰ 'ਖਰੂੰਡਾ ਬੁਲਾਉਣਾ' ਕਹਿੰਦੇ ਹਨ। ਇਹ ਆਵਾਜ਼ਾਂ ਉਸ ਸਮੇਂ ਆਪਣਾ ਹੀ ਰੰਗ ਬੰਨ੍ਹਦੀਆਂ ਹਨ। ਇਹ ਨਾਚ ਇੰਨਾ ਸਰੂਰ-ਭਰਿਆ ਹੁੰਦਾ ਹੈ ਕਿ ਨੱਚਣ ਵਾਲੀਆਂ ਹੀ ਨਹੀਂ ਸਗੋਂ ਪਿੜ ਵਿਚ ਖਲੋਤੀਆਂ ਸਾਰੀਆਂ ਬੁੱਢੀਆਂ ਨੱਢੀਆਂ ਮਸਤ ਹੋ ਜਾਂਦੀਆਂ ਹਨ ਅਤੇ ਜਦੋਂ ਬੋਲੀ ਛੱਡਦੀਆਂ ਹਨ ਉਦੋਂ ਹੀ ਪਤਾ ਲਗਦਾ ਹੈ ਕਿ ਉਹ ਧਰਤੀ ਉੱਤੇ ਖਲੋਤੀਆਂ ਹਨ।

ਇਹ ਹੈ ਪੰਜਾਬ ਦੀਆਂ ਮੁਟਿਆਰਾਂ ਦਾ ਸਭ ਤੋਂ ਪਿਆਰਾ ਲੋਕ-ਨਾਚ। ਇਸ ਵਿਚ ਉੱਨਾ ਹੀ ਜੋਸ਼, ਵਲਵਲਾ, ਤੇਜ਼ੀ ਅਤੇ ਸਾਹਸ ਹੈ ਜਿੰਨਾ ਕਿ ਪੰਜਾਬ ਦੀਆਂ ਤਕੜੀਆਂ ਅਤੇ ਸਿਹਤ ਵਾਲੀਆਂ ਮੁਟਿਆਰਾਂ ਲਈ ਜ਼ਰੂਰੀ ਹੈ। ਗਿੱਧੇ ਵਿਚ ਇਕ ਪਾਲ ਅਦਰ ਖਲੋ ਕੇ ਅਤੇ ਇਕ ਸਾਂਝਾ ਪਿੜ ਬਣਾ ਕੇ ਸਭ ਵਿੱਥਾਂ ਦੂਰ ਕਰ ਦਿੱਤੀਆਂ ਜਾਂਦੀਆਂ ਹਨ। ਦੇਵਿੰਦਰ ਸਤਿਆਰਥੀ ਦੇ ਸ਼ਬਦਾਂ ਅਨੁਸਾਰ, 'ਜੋ ਥਾਂ ਗੁਜਰਾਤ ਵਿਚ ਗਰਬੇ ਦੀ ਹੈ, ਉਹੀ ਸਾਡੇ ਪੰਜਾਬ ਦੇ ਪਿੰਡਾਂ ਵਿਚ ਗਿੱਧੇ ਦੀ ਹੈ।' ਅਸਲ ਵਿਚ ਵੇਖਿਆ ਅਤੇ ਪਰਖਿਆ ਜਾਵੇ ਤਾਂ ਗਿੱਧਾ ਸਮੁੱਚੇ ਪੰਜਾਬ ਦਾ ਰਲਵਾਂ ਨਾਚ ਹੈ। ਇਹ ਸਭ ਵਖੇਵੇਂ ਦੂਰ ਕਰ ਕੇ ਮਨੁੱਖਤਾ ਨੂੰ ਏਕਤਾ ਦਾ ਸਬਕ ਦਿੰਦਾ ਹੈ।

ਗਿੱਧਾ ਕੇਵਲ ਤੀਵੀਆਂ ਦਾ ਨਾਚ ਹੀ ਨਹੀਂ। ਪੰਜਾਬ ਦੇ ਮਰਦ ਵੀ ਗਿੱਧਾ ਪਾਉਂਦੇ ਹਨ। ਮਰਦਾਂ ਦੇ ਗਿੱਧੇ ਦੀ ਤਕਨੀਕ ਉਹੀ ਹੈ ਜੋ ਤੀਵੀਆਂ ਦੇ ਗਿੱਧੇ ਦੀ ਹੈ। ਪਰ ਮਰਦਾਂ ਦੇ ਗਿੱਧੇ ਵਿਚ ਨਾਚ ਦਾ ਅੰਗ ਇੰਨਾ ਨਹੀਂ ਹੁੰਦਾ ਜਿੰਨਾ ਕਿ ਤੀਵੀਆਂ ਦੇ ਗਿੱਧੇ ਵਿਚ ਹੈ। ਮਰਦ ਵੀ ਗਿੱਧਾ ਪਾਉਣ ਸਮੇਂ ਓਵੇਂ ਹੀ ਘੇਰੇ ਵਿਚ ਬੋਲੀਆਂ ਪਾਉਂਦੇ ਅਤੇ ਤਾੜੀ ਮਾਰ ਕੇ ਨੱਚਦੇ ਹਨ। ਪਰ ਇਨ੍ਹਾਂ ਦਾ ਬਹੁਤਾ ਜ਼ੋਰ ਬੋਲੀ ਉੱਤੇ ਹੁੰਦਾ ਹੈ। ਤੀਵੀਆਂ ਦੇ ਗਿੱਧੇ ਵਿਚ ਤਾਂ ਕੇਵਲ ਢੋਲਕੀ ਵੱਜਦੀ ਹੈ, ਪਰ ਮਰਦ ਗਿੱਧੇ ਵਿਚ ਹਰ ਕਿਸਮ ਦੇ ਸਾਜ਼ ਵਰਤੋਂ ਵਿਚ ਲਿਆਉਂਦੇ ਹਨ। ਤੂੰਬਾ, ਕਾਟੋ, ਸੱਪ, ਚਿਮਟਾ, ਇਕਤਾਰਾ, ਨਗੋਜ਼ੇ, ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ, ਮਰਦਾਂ ਦੇ ਗਿੱਧੇ ਲਈ ਢੁੱਕ ਜਾਂਦਾ ਹੈ। ਪਰ ਇਨ੍ਹਾਂ ਸਾਜ਼ਾਂ ਦੇ ਹੁੰਦਿਆਂ ਵੀ ਢੋਲ ਦਾ ਦਰਜਾ ਸਭ ਤੋਂ ਉੱਚਾ ਹੈ। ਅਸਲ ਤਾਲ ਢੋਲਕੀ ਦੀ ਹੁੰਦੀ ਹੈ ਅਤੇ ਬਾਕੀ ਸਾਰੇ ਸਾਜ਼ ਉਸ ਦੀ ਤਾਲ ਨੂੰ ਰੰਗ ਦਿੰਦੇ ਹਨ।

## (ਅ) ਭੰਗੜਾ

ਭੰਗੜਾ ਪੰਜਾਬ ਦੇ ਨੌਜਵਾਨਾਂ ਦਾ ਬੜਾ ਹਰਮਨ-ਪਿਆਰਾ ਅਤੇ ਪਰਸਿੱਧ ਨਾਚ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾ, ਉਨ੍ਹਾਂ ਦੀ ਕਰੜਾਈ ਅਤੇ ਗਠੀਲੇਪਣ ਦੀ ਇਕ ਪਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿਚ ਹੈ ਤੇ ਪੱਛਮੀ ਪੰਜਾਬ ਦੇ ਜ਼ਿਲ੍ਹੇ ਸ਼ੇਖ਼ੂਪੁਰੇ, ਗੁਜਰਾਤ ਅਤੇ ਸਿਆਲਕੋਟ ਦਾ, ਪਰ ਜੋਸ਼-ਭਰਿਆ ਹੋਣ ਕਾਰਨ ਸਾਰੇ ਪੰਜਾਬੀਆਂ ਦਾ ਮਨ ਖਿੱਚ ਚੁੱਕਾ ਹੈ। ਇਹ ਨਾਚ ਇੰਨਾ ਕਠਨ ਅਤੇ ਜ਼ੋਰ ਵਾਲਾ ਹੈ ਕਿ ਇਸ ਨੂੰ ਨੱਚਣਾ ਪੰਜਾਬੀਆਂ ਦੀ ਹੀ ਹਿੰਮਤ ਹੈ। ਭਾਰਤ ਦੇ ਹੋਰ ਕਿਸੇ ਇਲਾਕੇ ਦਾ ਲੋਕ-ਨਾਚ ਇਸ ਦੇ ਜੋਸ਼ ਅਤੇ ਜ਼ੋਰ ਦਾ ਮੁਕਾਬਲਾ ਨਹੀਂ ਕਰ ਸਕਦਾ, ਸਗੋਂ ਇਹ ਲੋਕ-ਨਾਚ ਜਦ ਪਹਿਲੀ ਵਾਰ ੧੯੫੩ ਵਿਚ 'ਗਣਰਾਜ ਦਿਵਸ' ਉੱਤੇ ਨੱਚਿਆ ਗਿਆ ਤਾਂ ਲੋਕੀ ਦੰਗ ਰਹਿ ਗਏ। ਪੰਜਾਬੀਆਂ ਦੇ ਤਕੜੇ ਅਤੇ ਗਠੀਲੇ ਹੋਣ ਦਾ ਜੋ ਚਰਚਾ ਲੋਕਾਂ ਸੁਣਿਆ ਹੋਇਆ ਸੀ ਉਸ ਦਾ ਪਰਮਾਣ ਉਨ੍ਹਾਂ ਨੂੰ ਪੰਜਾਬੀਆਂ ਦੇ ਇਸ ਲੋਕ-ਨਾਚ ਵਿਚੋਂ ਪਰਤੱਖ ਮਿਲ ਗਿਆ। ਪੰਜਾਬੀ ਸਦਾ ਹੀ ਇਸ ਨਾਚ ਨੂੰ ਨੱਚ ਕੇ ਆਪਣੇ ਜੋਸ਼, ਤਾਕਤ ਅਤੇ ਸਾਹਸ ਨੂੰ ਦਰਸਾਉਣਾ ਆਪਣਾ ਮਾਣ ਸਮਝਦੇ ਰਹੇ ਹਨ।

ਇਸ ਨਾਚ ਦਾ ਸੰਬੰਧ ਕਣਕ ਦੀ ਫ਼ਸਲ ਨਾਲ ਹੈ। ਜਦੋਂ ਅਪਰੈਲ ਦੇ ਮਹੀਨੇ ਵਿਚ ਕਿਰਸਾਣ ਕਹਿਰ ਦੀ ਸਰਦੀ ਵਿਚ ਘਾਲੀ ਹੋਈ ਘਾਲ ਦੇ ਸਿੱਟੇ ਵਜੋਂ ਸੁਨਹਿਰੀ ਕਣਕ ਆਪਣੇ ਖੇਤਾਂ ਵਿਚ ਲਹਿਲਹਾਉਂਦੀ ਵੇਖਦਾ ਹੈ ਤਾਂ ਉਸ ਦਾ ਮਨ ਹੁਲਾਰੇ ਵਿਚ ਆ ਜਾਂਦਾ ਹੈ। ਉਸ ਦਾ ਇਹ ਜੋਸ਼, ਖ਼ੁਸ਼ੀ ਅਤੇ ਵਲਵਲਾ ਉਸ ਦੇ ਭੰਗੜੇ ਨਾਚ ਵਿਚ ਪਰਗਟ ਹੁੰਦਾ ਹੈ। ਇਹ ਨਾਚ ਭਾਵੇਂ ਹਰ ਖ਼ੁਸ਼ੀ ਦੇ ਸਮੇਂ ਨੱਚਿਆ ਜਾਂਦਾ ਹੈ, ਪਰ ਇਸ ਦਾ ਅਤੁੱਟ ਸੰਬੰਧ ਵਿਸਾਖੀ ਦੇ ਤਿਉਹਾਰ ਨਾਲ ਹੀ ਹੈ। ਪੱਛਮੀ ਪੰਜਾਬ ਵਿਚ ਵਿਸਾਖੀ ਵਾਲੇ ਦਿਨ ਬੜੀ ਸ਼ਾਨ ਨਾਲ ਪਿੰਡਾਂ ਵਾਲਿਆਂ ਦੇ ਮੇਲੇ ਹੁੰਦੇ ਸਨ। ਅਣਗਿਣਤ ਲੋਕ, ਬੱਚੇ, ਬੁੱਢੇ ਅਤੇ ਜਵਾਨ ਆਪਣੀ ਚੰਗੀ ਤੋਂ ਚੰਗੀ ਪੁਸ਼ਾਕ ਪਾ ਕੇ ਆਉਂਦੇ ਅਤੇ ਭੰਗੜਾ ਪਾਉਂਦੇ ਸਨ। ਪੰਜਾਬ ਦੀ ਵੰਡ ਤੋਂ ਪਹਿਲਾਂ ਹਿੰਦੂ, ਸਿੱਖ, ਮੁਸਲਮਾਨ ਸਭ ਰਲ ਕੇ ਇਨ੍ਹਾਂ ਮੇਲਿਆਂ ਵਿਚ ਹਿੱਸਾ ਲੈਂਦੇ ਸਨ। ਉਸ ਇਲਾਕੇ ਤੋਂ ਆਏ ਹੋਏ ਹਿੰਦੂ ਅਤੇ ਸਿੱਖਾਂ ਨੇ ਇਸ ਨਾਚ ਨੂੰ ਮਾਲਵੇ ਵਿਚ ਵੀ ਪਰਚਲਤ ਕਰ ਦਿੱਤਾ। ਅੱਜ ਕਲ ਮਰਦਾਂ ਦੇ ਨਾਚ ਵਿਚ ਭੰਗੜਾ ਪਰਧਾਨ ਹੈ।

ਇਸ ਨਾਚ ਵਿਚ ਓਹੀ ਪੇਂਡੂ ਸਾਜ਼ ਵਰਤੋਂ ਵਿਚ ਲਿਆਏ ਜਾਂਦੇ ਹਨ ਜਿਨ੍ਹਾਂ ਦਾ ਵਰਣਨ ਮਰਦਾਂ ਦੇ ਗਿੱਧੇ ਵਿਚ ਆ ਚੁੱਕਿਆ ਹੈ। ਪਰ ਗਿੱਧੇ ਵਾਂਗ ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਅਤੇ ਬਾਕੀ ਸਾਰੇ ਸਾਜ਼ ਉਸ ਦੀ ਤਾਲ ਦਾ ਸਾਥ ਦੇਣ ਲਈ ਹੀ ਹੁੰਦੇ ਹਨ। ਸਭ ਤੋਂ ਪਹਿਲਾਂ ਢੋਲੀ ਅਖਾੜੇ ਵਿਚ ਢੋਲ ਵਜਾਉਣਾ ਸ਼ੁਰੂ ਕਰ ਦਿੰਦਾ ਹੈ। ਢੋਲ ਉੱਤੇ ਜਦੋਂ ਡੱਗਾ ਵੱਜਦਾ ਹੈ ਤਾਂ ਲੋਕੀ ਇਕ ਗੋਲ ਦਾਇਰਾ ਬਣਾ ਕੇ ਇਕੱਠੇ ਹੋ ਜਾਂਦੇ ਹਨ ਅਤੇ ਝੱਟ ਹੀ ਨੱਚਣ ਵਾਲੇ ਢੋਲੀ ਦੇ ਆਲੇ ਦੁਆਲੇ ਘੇਰਾ ਘੱਤ ਲੈਂਦੇ ਹਨ। ਢੋਲੀ ਦੇ ਇਸ਼ਾਰੇ ਉੱਤੇ ਨਾਚ ਸ਼ੁਰੂ ਹੁੰਦਾ ਹੈ। ਲੋਕ ਮਸਤੀ ਵਿਚ ਆ ਕੇ ਘੇਰੇ ਵਿਚ ਨੱਚਣ ਲਗ ਪੈਂਦੇ ਹਨ। ਢੋਲੀ ਦੀ ਤਾਲ ਬਿਲਕੁਲ ਸਿੱਧੀ ਹੁੰਦੀ ਹੈ।

| ੧ | ੨—੩ | ੪ | ੫ | ੬—੭ | ੮ |
|---|---|---|---|---|---|
| ਧਿਨ | ਧ ਨਾ | ਧਿਨ, | ਧਿਨ | ਤ ਨਾ | ਕਤ |

ਪਹਿਲਾਂ ਤਾਂ ਇਹ ਤਾਲ ਮੱਠੀ ਮੱਠੀ ਵਜਦੀ ਹੈ ਤੇ ਲੋਕੀ ਤਾਲ ਉੱਤੇ ਪੈਰ ਹਿਲਾਉਂਦੇ, ਸਰੀਰ ਨੂੰ ਹਲੂਣਾ ਦਿੰਦੇ ਅਤੇ ਮੋਢੇ ਮਾਰਦੇ ਹੋਏ ਨੱਚਦੇ ਹਨ। ਕਦੇ ਗੋਡੇ ਅੱਗੇ ਵਧਾ ਸਰੀਰ ਨੂੰ ਨੀਵਾਂ ਕਰ ਕੇ ਤਾਲ ਉੱਤੇ ਨੱਚਦੇ ਹਨ। ਕਦੇ ਮੁੱਠੀ ਜਹੀ ਮੀਚ, ਪਹਿਲੀ ਉਂਗਲੀ ਖੜੀ ਕਰ, ਬਾਹਾਂ ਖਿਲਾਰ ਕੇ ਝਟਕਾ ਦਿੰਦੇ ਹਨ। ਮਸਤੀ ਵਿਚ ਝੂਮਦੇ ਨਚਾਰਾਂ ਦੇ ਸਰੀਰ ਦਾ ਅੰਗ ਅੰਗ ਢੋਲ ਦੀ ਤਾਲ ਉੱਤੇ ਹਲੋਰੇ ਲੈਣ ਲੱਗ ਪੈਂਦਾ ਹੈ। ਹੌਲੀ ਹੌਲੀ ਢੋਲੀ ਆਪਣੀ ਤਾਲ ਨੂੰ ਤੇਜ਼ ਕਰਦਾ ਹੈ। ਉਸ ਦੇ ਨਾਲ ਹੀ ਨੱਚਣ ਵਾਲੇ ਆਪਣੀਆਂ ਹਰਕਤਾਂ ਵੀ ਤੇਜ਼ ਕਰੀ ਜਾਂਦੇ ਹਨ। ਕੁਝ ਚਿਰ ਪਿਛੋਂ ਨੱਚਣ ਵਾਲੇ ਖਲੋ ਜਾਂਦੇ ਹਨ। ਕੋਈ ਮਨਚਲਾ ਜਵਾਨ ਘੇਰੇ ਦੇ ਅੰਦਰ

ਆ ਕੇ ਇਕ ਹੱਥ ਕੰਨ ਉੱਤੇ ਰੱਖ ਕੇ ਤੇ ਦੂਜਾ ਹੱਥ ਉੱਚਾ ਚੁੱਕ ਕੇ ਅਨੋਖੇ ਢੰਗ ਨਾਲ ਕੋਈ ਬੋਲੀ ਪਾਉਂਦਾ ਹੈ :–

ਇਹ ਗਭਰੂ ਦੇਸ਼ ਪੰਜਾਬ ਦੇ
ਉੱਡਦੇ ਵਿਚ ਹਵਾ,
ਇਹ ਨੱਚ ਨੱਚ ਭੰਗੜਾ ਪਾਉਂਦੇ
ਤੇ ਦੇਂਦੇ ਧੂੜ ਧੁਮਾ,
ਹੋ ਢੋਲ ਵਾਲਿਆ ਜਵਾਨਾ !

ਬੋਲੀ ਨੂੰ ਸਹਾਰਾ ਦੇਣ ਲਈ ਢੋਲੀ ਢੋਲ ਤੇ ਗਿੜਗਿੜਾ ਮਾਰਦਾ ਹੈ ।

ਧਧਾ ਧਧਾ ਧਧਾ ਧਿਨ ਧਿਨ

ਜਦੋਂ ਬੋਲੀ ਮੁਕਦੀ ਹੈ ਤਾਂ ਢੋਲੀ ਫੇਰ ਢੋਲ ਉੱਤੇ ਗਿੜਗਿੜਾ ਮਾਰ ਕੇ ਖ਼ਬਰਦਾਰ ਕਰਦਾ ਹੈ ।

ਇਸ ਤੋਂ ਪਿੱਛੋਂ ਫੇਰ ਉਹੋ ਨਾਚ ਵਾਲਾ ਤਾਲ ਵੱਜਦਾ ਹੈ ਅਤੇ ਲੋਕ ਨੱਚਣ ਲੱਗ ਪੈਂਦੇ ਹਨ । ਇਸ ਵਾਰ ਤਾਲ ਪਹਿਲਾਂ ਤੋਂ ਰਤਾ ਤੇਜ਼ ਸ਼ੁਰੂ ਹੁੰਦਾ ਹੈ ਅਤੇ ਹੌਲੀ ਹੌਲੀ ਹੋਰ ਤੇਜ਼ ਹੁੰਦਾ ਜਾਂਦਾ ਹੈ । ਇਹ ਸਿਲਸਲਾ ਚਲਦਾ ਰਹਿੰਦਾ ਹੈ । ਜਿਹੜੇ ਲੋਕ ਥੱਕ ਜਾਂਦੇ ਹਨ ਉਹ ਘੇਰੇ ਤੋਂ ਬਾਹਰ ਹੋ ਜਾਂਦੇ ਹਨ ਅਤੇ ਨਵੇਂ ਲੋਕ ਜੋਸ਼ ਵਿਚ ਆ ਕੇ ਘੇਰੇ ਵਿਚ ਰਲਦੇ ਜਾਂਦੇ ਹਨ । ਨੱਚਣ ਵਾਲਿਆਂ ਦੀ ਗਿਣਤੀ ਦੀ ਕੋਈ ਬੰਦਸ਼ ਨਹੀਂ । ਜਿੰਨੇ ਲੋਕੀਂ ਹੋਰ ਰਲਦੇ ਜਾਂਦੇ ਹਨ ਉੱਨਾ ਹੀ ਘੇਰਾ ਵੱਡਾ ਹੁੰਦਾ ਜਾਂਦਾ ਹੈ ਅਤੇ ਜੇ ਲੋਕੀ ਘਟ ਜਾਣ ਤਾਂ ਘੇਰਾ ਛੋਟਾ ਹੋ ਜਾਂਦਾ ਹੈ । ਇਵੇਂ ਹੀ ਬੋਲੀਆਂ ਪੈਂਦੀਆਂ ਰਹਿੰਦੀਆਂ ਅਤੇ ਨਾਚ ਹੁੰਦਾ ਰਹਿੰਦਾ ਹੈ ।

ਇਸ ਨਾਚ ਵਿਚ ਨੱਚਣ ਵਾਲੇ ਲਈ ਕੇਵਲ ਇੱਕੋ ਗੱਲ ਜ਼ਰੂਰੀ ਹੈ ਕਿ ਉਹ ਤਾਲ ਨਾ ਤੋੜੇ ਅਤੇ ਢੋਲ ਦੀ ਤਾਲ ਉੱਤੇ ਨੱਚਦਾ ਰਹੇ । ਬਾਕੀ ਸਰੀਰ ਦੀਆਂ ਹਰਕਤਾਂ ਜਿਵੇਂ ਮਰਜ਼ੀ ਚਾਹੇ ਕਰੇ । ਕਈ ਵਾਰੀ ਕਈ ਮਨਚਲੇ ਜਵਾਨ ਪਾਲ ਛੱਡ ਕੇ ਘੇਰੇ ਦੇ ਅੰਦਰ ਆ ਜਾਂਦੇ ਹਨ ਅਤੇ ਆਪਣੇ ਸਰੀਰ ਦੀਆਂ ਅਨੋਖੀਆਂ ਹਰਕਤਾਂ ਦਿਖਾ ਕੇ ਵੇਖਣ ਵਾਲਿਆਂ ਅਤੇ ਦੂਜੇ ਨੱਚਣ ਵਾਲਿਆਂ ਦੀ ਪਰਸੰਸਾ ਲੈਂਦੇ ਹਨ । ਨੱਚਦੇ ਨੱਚਦੇ ਬਹਿ ਕੇ ਇਹ ਟੰਗ ਨੂੰ ਤਾਲ ਸਿਰ ਝਟਕਾ ਦੇ ਕੇ ਖਿਲਾਰਨਾ ਇਸ ਨਾਚ ਦੀ ਸਭ ਤੋਂ ਔਖੀ ਹਰਕਤ ਹੈ ਜਿਹੜੀ ਥੋੜ੍ਹੇ ਜਵਾਨ ਹੀ ਕਰ ਸਕਦੇ ਹਨ । ਕਈ ਵਾਰ ਦੋ ਜਵਾਨ ਘੇਰੇ ਦੇ ਅੰਦਰ ਆਹਮੋ-ਸਾਹਮਣੇ ਇਵੇਂ ਨੱਚਦੇ ਹਨ ਜਿਵੇਂ ਦੋਵੇਂ ਇਕ ਦੂਜੇ ਦਾ ਮੁਕਾਬਲਾ ਕਰ ਰਹੇ ਹੋਣ । ਇਕ ਟੰਗ ਦੇ ਭਾਰ ਨੀਵੇਂ ਹੋ ਕੇ ਆਪਣੇ ਹੱਥਾਂ ਦੀ ਸਾਹਮਣੇ ਵੱਲ ਕੰਘੀ ਪਾ ਕੇ ਹੁਲਾਰੇ ਦਿੰਦੇ ਨੱਚਣਾ ਇਸ ਨਾਚ ਦੀ ਇਕ ਉੱਘੀ ਹਰਕਤ ਹੈ । ਕਈ ਵਾਰੀ ਦੋ ਨੱਚਣ ਵਾਲੇ ਇਕ ਦੂਜੇ ਦੇ ਪੈਰ ਵਿਚ ਪੈਰ ਅਟਕਾ, ਇਕ ਇਕ ਪੈਰ ਉੱਤੇ ਚੱਕਰ ਕੱਟਦੇ ਹਨ । ਇਹ ਹੈ ਮਨਚਲੇ ਪੰਜਾਬੀਆਂ ਦਾ ਮਨਚਲਾ ਨਾਚ-ਭੰਗੜਾ ।

ਭੰਗੜਾ ਕੇਵਲ ਨਾਚ ਹੀ ਨਹੀਂ, ਸਰੀਰ ਦੀ ਕਸਰਤ ਦਾ ਸਾਧਨ ਵੀ ਹੈ । ਆਮ ਕਸਰਤ ਕਰਦੇ ਸਮੇਂ ਆਦਮੀ ਨੂੰ ਕੇਵਲ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਅਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ । ਮਨ ਖ਼ੁਸ਼ੀ ਨਾਲ ਖਿੜਦਾ ਹੈ ਅਤੇ ਸਰੀਰ ਨਾਲ ਤਕੜਾ ਹੁੰਦਾ ਹੈ । ਇਹੀ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼-ਰਹਿਣੇ ਅਤੇ ਬਲਵਾਨ ਯੋਧੇ ਬਣੇ ਰਹਿਣ ਵਿਚ ਸਹਾਈ ਹੁੰਦਾ ਹੈ ।

## (ੲ) ਝੂੰਮਰ

ਝੂੰਮਰ ਪੱਛਮੀ ਪੰਜਾਬ ਦੇ ਸਾਂਦਲ-ਬਾਰ ਦੇ ਵਸਨੀਕਾਂ ਦਾ, ਜਿਨ੍ਹਾਂ ਨੂੰ ਜਾਂਗਲੀ ਕਿਹਾ ਜਾਂਦਾ ਹੈ, ਮਰਦਾਵਾਂ ਨਾਚ ਹੈ । ਇਹ ਇਲਾਕਾ ਰਾਵੀ ਅਤੇ ਝਨਾਂ ਦੇ ਵਿਚਾਲੇ ਹੈ । ਇਸ ਵਿਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਦੇ ਜ਼ਿਲਿਆਂ ਦਾ ਕੁਝ ਇਲਾਕਾ ਆਉਂਦਾ ਹੈ । ਪਹਿਲਾਂ ਇਹ ਇਲਾਕਾ ਬਿਲਕੁਲ ਜੰਗਲ ਸੀ, ਪਰ ਜਦੋਂ

ਨਹਿਰ ਲੋਅਰ ਚਨਾਬ ਇਸ ਇਲਾਕੇ ਵਿਚ ਆਈ ਤਾਂ ਜੰਗਲ ਕੱਟ ਕੇ ਇੱਥੇ ਨਵੇਂ ਸ਼ਹਿਰ ਆਬਾਦ ਕੀਤੇ ਗਏ ਅਤੇ ਇੱਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੋ ਗਿਆ। ਪਹਿਲਾਂ ਇੱਥੇ ਦੇ ਆਦਿ ਵਾਸੀਆਂ ਦਾ ਕਿੱਤਾ ਮੱਝਾਂ, ਗਾਈਆਂ ਅਤੇ ਊਠਾਂ ਦੇ ਵੱਗ ਅਤੇ ਭੇਡਾਂ, ਬੱਕਰੀਆਂ ਦੇ ਇੱਜੜ ਪਾਲਣਾ ਸੀ। ਵਹੀਰਾਂ ਵਿਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈ ਮਈ ਬਣਾ ਦਿੰਦੀ ਸੀ। ਉਹ ਆਪਣੀਆਂ ਬਾਹਾਂ ਉਲਾਰ ਕੇ ਇਸ ਖ਼ੁਸ਼ੀ ਭਰੇ ਦ੍ਰਿਸ਼ ਨੂੰ ਆਪਣੇ ਨਾਚ ਵਿਚ ਬੰਨ੍ਹਣ ਦਾ ਜਤਨ ਕਰਦੇ ਹਨ।

ਇਹ ਲੋਕ ਆਪ ਤਾਂ ਨੱਚਦੇ ਹੀ ਹਨ ਆਪਣੇ ਊਠਾਂ ਅਤੇ ਘੋੜਿਆਂ ਉੱਤੇ ਬਹਿ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿਚ ਨਚਾਉਂਦੇ ਹਨ। ਸਾਵਣ ਅਤੇ ਭਾਦੋਂ ਵਿਚ, ਜਦੋਂ ਸਾਰੇ ਜੰਗਲ ਵਿਚ ਹਰਿਆਵਲ ਹੁੰਦੀ ਸੀ ਅਤੇ ਇਨ੍ਹਾਂ ਦੇ ਵੱਗਾਂ ਅਤੇ ਇੱਜੜਾਂ ਲਈ ਘਾਹ ਬੜਾ ਹੁੰਦਾ ਸੀ ਤਾਂ ਇਹ ਲੋਕ ਮੇਲਿਆਂ ਵਿਚ ਇਕੱਠੇ ਹੋ ਕੇ ਆਪਣੇ ਗੁਣਾਂ ਅਤੇ ਆਪਣੇ ਜਨੌਰਾਂ ਦੇ ਗੁਣਾਂ ਦੀ ਨੁਮਾਇਸ਼ ਕਰਦੇ ਸਨ। ਹੁਣ ਜੰਗਲ ਤਾਂ ਨਹੀਂ ਰਹੇ, ਪਰ ਮੇਲੇ ਅਜੇ ਵੀ ਲੱਗਦੇ ਹਨ। ਇਨ੍ਹਾਂ ਨੂੰ ਜਾਂਗਲੀ ਕੇਵਲ ਜੰਗਲ ਦੇ ਇਲਾਕੇ ਵਿਚ ਰਹਿਣ ਕਾਰਨ ਆਖਿਆ ਜਾਂਦਾ ਹੈ, ਉਂਵ ਇਹ ਲੋਕ ਬੜੇ ਸੁਸ਼ੀਲ ਹਨ।

ਝੂੰਮਰ ਨੂੰ ਕਈ ਲੋਕ "ਬਲੋਚਾਂ ਦਾ ਨਾਚ" ਵੀ ਆਖਦੇ ਹਨ। ਕਾਰਨ ਇਹ ਹੈ ਕਿ ਕਾਫ਼ਲਿਆਂ ਵਿਚ ਤੁਰਨ ਵਾਲੇ ਬਲੋਚ ਵੀ ਇਵੇਂ ਹੀ ਝੂੰਮਰ ਪਾਉਂਦੇ ਸਨ। ਝੂੰਮਰ ਅਸਲ ਵਿਚ ਇਕ ਅਜਿਹਾ ਨਾਂ ਹੈ ਜਿਹੜਾ ਭਾਰਤ ਦੇ ਹੋਰ ਇਲਾਕਿਆਂ ਦੇ ਨਾਚਾਂ ਵਿਚ ਭੀ ਮਿਲਦਾ ਹੈ। ਬਿਹਾਰ, ਰਾਜਸਥਾਨ ਅਤੇ ਮੱਧ-ਪ੍ਰਦੇਸ਼ ਵਿਚ ਵੀ 'ਝੂੰਮਰ' ਦੇ ਨਾਂ ਦੇ ਲੋਕ-ਨਾਚ ਮਿਲਦੇ ਹਨ ਪਰ ਉਨ੍ਹਾਂ ਦੀ ਤਕਨੀਕ ਪੰਜਾਬ ਦੇ ਝੂੰਮਰ ਕੋਲੋਂ ਵੱਖਰੀ ਹੈ। ਕਈ ਵਾਰੀ ਝੂੰਮਰ ਨੂੰ 'ਘੂੰਮਰ' ਵੀ ਆਖ ਦਿੱਤਾ ਜਾਂਦਾ ਹੈ। ਪੰਜਾਬ ਵਿਚ ਝੂੰਮਰ ਨਾਚ ਦਾ ਸੰਬੰਧ ਸਾਂਦਲ-ਬਾਰ ਦੇ ਇਲਾਕੇ ਨਾਲ ਹੀ ਹੈ। ਉਸ ਇਲਾਕੇ ਤੋਂ ਆ ਕੇ ਭਾਰਤੀ ਪੰਜਾਬ ਵਿਚ ਵੱਸੇ ਲੋਕ ਅਜੇ ਵੀ ਝੂੰਮਰ ਪਾਉਂਦੇ ਹਨ। ਇਹ ਨਾਚ ਵੀ ਪੰਜਾਬ ਦੇ ਦਿਲ ਖਿੱਚਵੇਂ ਨਾਚਾਂ ਵਿੱਚੋਂ ਹੈ।

ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ, ਅਤੇ ਢੋਲ ਵੀ ਅਜੇਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਵਿਚ ਮੀਲਾਂ ਤੀਕ ਸੁਣਾਈ ਦੇਵੇ। ਝੂੰਮਰ ਲਈ ਢੋਲ ਦੀਆਂ ਤਿੰਨ ਤਾਲਾਂ ਹਨ। ਪਹਿਲੀ ਮੱਠੀ, ਦੂਜੀ ਤੇਜ਼ ਅਤੇ ਤੀਜੀ ਬਹੁਤ ਤੇਜ਼। ਮੱਠੀ ਤਾਲ ਨੂੰ 'ਝੂੰਮਰ ਦੀ ਤਾਲ', ਦੂਜੀ ਨੂੰ 'ਚੀਣਾ ਛੜਨਾ' ਅਤੇ ਤੀਜੀ ਨੂੰ 'ਧਮਾਲ' ਆਖਦੇ ਹਨ। ਝੂੰਮਰ ਦੀ ਤਾਲ ਇਉਂ ਸ਼ੁਰੂ ਹੁੰਦੀ ਹੈ।

ਧਿਨ ਧਿਨ-ਤਿਨਾਕੇ ਤਾ ਤਾ ਕਿ ਤਨਾਕੇ

ਜਦੋਂ ਕਿਸੇ ਪਿੰਡ ਵਿਚ ਢੋਲ ਵੱਜਦਾ ਹੈ ਤਾਂ ਇਹ ਝੂੰਮਰ ਨਾਚ ਦੀ ਤਿਆਰੀ ਦੀ ਨਿਸ਼ਾਨੀ ਹੈ। ਪਿੰਡ ਦੇ ਮਰਦ, ਤੀਵੀਆਂ ਅਤੇ ਬੱਚੇ ਢੋਲੀ ਕੋਲ ਆ, ਘੇਰਾ ਘੱਤ ਕੇ ਖਲੋ ਜਾਂਦੇ ਹਨ। ਘੇਰੇ ਦੇ ਅੱਧੇ ਪਾਸੇ ਮਰਦ ਹੁੰਦੇ ਹਨ ਅਤੇ ਅੱਧੇ ਪਾਸੇ ਤੀਵੀਆਂ ਅਤੇ ਬੱਚੇ। ਜਦੋਂ ਪਿੜ ਬੱਝ ਜਾਂਦਾ ਹੈ ਤਾਂ ਢੋਲ ਵਾਲਾ ਲੋਕਾਂ ਨੂੰ ਇਸ਼ਾਰਾ ਕਰਦਾ ਹੈ ਅਤੇ ਝੂੰਮਰ ਦੀ ਤਾਲ ਵਜਾਉਂਦਾ ਹੈ। ਝੂੰਮਰ ਪਾਉਣ ਵਾਲੇ ਜਵਾਨ ਜਿਨ੍ਹਾਂ ਨੂੰ 'ਝੂੰਮਰੀ' ਆਖਦੇ ਹਨ, ਪਿੜ ਦੇ ਘੇਰੇ ਅੰਦਰ ਢੋਲੀ ਦੇ ਗਿਰਦੇ ਆ ਖਲੋਂਦੇ ਹਨ ਅਤੇ ਨਾਚ ਸ਼ੁਰੂ ਕਰਦੇ ਹਨ। ਪਹਿਲਾਂ ਝੂੰਮਰੀ ਬਾਹਾਂ ਉੱਪਰ ਕਰ ਕੇ ਖਲੋ ਜਾਂਦੇ ਹਨ। ਫਿਰ ਤਾਲ ਸਿਰ ਖੱਬਾ ਪੈਰ ਅੱਗੇ ਰੱਖ ਬਾਹਾਂ ਨੂੰ ਹੁਲਾਰਾ ਦੇ ਕੇ ਹੱਥਾਂ ਨੂੰ ਹਿਲਾਉਂਦੇ ਹਨ। ਫਿਰ ਸੱਜਾ ਪੈਰ ਅੱਗੇ ਰੱਖ ਕੇ ਉਵੇਂ ਹੀ ਬਾਹਾਂ ਨੂੰ ਅਤੇ ਹੱਥਾਂ ਨੂੰ ਹਿਲਾਉਂਦੇ ਹਨ। ਤੀਜੀ ਵਾਰ ਮੁੱਠੀ ਮੀਚ ਕੇ ਛਾਤੀ ਕੋਲ ਲੈ ਆਉਂਦੇ ਹਨ ਜਾਂ ਇਕ ਹੱਥ ਨੂੰ ਛਾਤੀ ਦੇ ਕੋਲ ਰੱਖ ਅਤੇ ਦੂਜੇ ਨੂੰ ਲੱਕ ਦੇ ਪਿਛਲੇ ਪਾਸੇ ਰੱਖ ਕੇ ਝੁਕਦੇ ਹਨ। ਚੌਥੀ ਵਾਰ ਬਾਹਾਂ ਨੂੰ ਹੇਠਾਂ ਲਟਕਾ ਕੇ ਹੁਲਾਰ ਮਾਰਦੇ ਹੋਏ ਛਾਤੀ ਕੋਲ ਤਾੜੀ ਮਾਰ ਕੇ ਦੋਹਾਂ ਪੈਰਾਂ ਨਾਲ ਤਾਲ ਸਿਰ ਉੱਛਲਦੇ ਹਨ ਅਤੇ ਢੋਲੀ ਦੇ ਸ਼ੁਰੂ ਕਰਨ ਉੱਤੇ ਗੀਤ ਗਾਉਂਦੇ ਹਨ :—

ਮੈਂ ਜੋ ਤੈਨੂੰ ਵੇ ਆਖਿਆ
ਥਲ ਵਿਚ ਬੰਗਲਾ ਪਵਾ ਭਲਾ,
ਨਿੱਕੀਆਂ ਨਿੱਕੀਆਂ ਬਾਰੀਆਂ
ਤੇ ਲੱਗੇ ਪੁਰੇ ਦੀ ਵਾ ਭਲਾ,
ਮੈਂ ਜੋ ਤੈਨੂੰ ਵੇ ਆਖਿਆ
ਥਲ ਵਿਚ ਖੂਹ ਪੁਟਾ ਭਲਾ,
ਡਾਚੀਆਂ ਪਾਣੀ ਪੀ ਗਈਆਂ
ਤੇ ਤੋਤੇ ਕਰਨ ਦੁਆ ਭਲਾ,
ਮੈਂ ਜੋ ਤੈਨੂੰ ਵੇ ਆਖਿਆ
ਥਲ ਵਿਚ ਝੁੱਗੀ ਪਵਾ ਭਲਾ,
ਬਹੂੰ ਤੇ ਬਹੂੰ ਮੋਕਲੀ
ਦੋ ਬੰਦਿਆਂ ਦੀ ਜਾ ਭਲਾ।

ਕਈ ਵਾਰੀ ਝੁੰਮਰ ਨਾਚ ਨੂੰ ਇਉਂ ਵੀ ਨੱਚਿਆ ਜਾਂਦਾ ਹੈ। ਜਿਵੇਂ ਕਿ ਸਰਦਾਰ ਹਰਜੀਤ ਸਿਘ ਆਪਣੀ ਕਿਤਾਬ 'ਨੈਂ ਝਨਾਂ' ਵਿਚ ਵਰਣਨ ਕਰਦੇ ਹਨ, "ਪਹਿਲਾਂ ਝੁੰਮਰੀ ਹੱਥ ਹੇਠਾਂ ਤੋਂ ਚੁਕ ਕੇ ਦੋ ਵਾਰ ਛਾਤੀ ਅਗੇ ਮੁੱਠੀਆਂ ਜਹੀਆਂ ਮੀਟ ਕੇ ਮਟਕਾਉਂਦੇ ਹਨ। ਫੇਰ ਦੋਵੇਂ ਬਾਹਾਂ ਸਿਰ ਤੋਂ ਉਤਾਂਹ ਕੱਢ ਕੇ ਇਕ ਵੇਰ ਲਹਿਰਾਉਣ ਪਿੱਛੋਂ ਮੁੜ ਹੱਥ ਛਾਤੀ ਉੱਤੇ ਵਾਪਸ ਲਿਆ ਕੇ ਪਹਿਲਾਂ ਦੀ ਤਰ੍ਹਾਂ ਕੇਵਲ ਇਕ ਵੇਰ ਮਟਕਾਉਂਦੇ ਹਨ। ਹੱਥ ਮਟਕਾਉਣ ਪਿੱਛੋਂ ਬਾਹਾਂ ਫੇਰ ਆਪਣੇ ਅਸਲੀ ਟਿਕਾਣੇ ਉੱਤੇ ਹੀ ਸੁੱਟ ਦਿੱਤੀਆਂ ਜਾਂਦੀਆਂ ਹਨ ਅਤੇ ਬਾਰ ਬਾਰ ਇਸੇ ਤਰ੍ਹਾਂ ਕਰਦੇ ਹੋਏ ਨੱਚਦੇ ਰਹਿੰਦੇ ਹਨ।"

ਮਠੀ ਤਾਲ ਦੇ ਥੋੜ੍ਹੇ ਚਿਰ ਪਿੱਛੋਂ ਜਦੋਂ ਝੁੰਮਰੀ ਮਸਤੀ ਵਿਚ ਆ ਜਾਂਦੇ ਹਨ ਤਾਂ ਢੋਲੀ ਤਾਲ ਤੇਜ਼ ਕਰਦਾ ਹੈ। ਝੁੰਮਰੀ ਵੀ ਆਪਣੇ ਨਾਚ ਵਿਚ ਤੇਜ਼ੀ ਲਿਆਉਂਦੇ ਹਨ। ਥੋੜ੍ਹੇ ਚਿਰ ਪਿੱਛੋਂ ਤਾਲ ਬਦਲਦੀ ਹੈ ਅਤੇ ਚੀਣਾ ਛੜੀਣਾ ਸ਼ੁਰੂ ਹੁੰਦਾ ਹੈ :—

ਤਾ ਕਿ ਤਾ ਧਿਨ ਤਾ ਕਿਤਾ —

ਇਸ ਤਾਲ ਤੇ ਝੁੰਮਰੀ ਦੋਵੇਂ ਮੁੱਠੀਆਂ ਮੀਚ ਛਾਤੀ ਅੱਗੇ ਰੱਖ ਕੇ ਵਾਰੋ ਵਾਰੀ ਹੇਠਾਂ ਵੱਲ ਝਟਕਾ ਮਾਰਦੇ ਹਨ, ਜਿਵੇਂ ਸੋਟੇ ਨੂੰ ਉੱਖਲੀ ਵਿਚ ਮਾਰਦੇ ਹੋਣ ਅਤੇ ਫੇਰ ਇਕ ਲੱਤ ਨੂੰ ਹੁਲਾਰਾ ਦੇ ਕੇ, ਘੁੰਮ ਕੇ, ਪਿਛਲੇ ਪਾਸੇ ਵੱਲ ਮੂੰਹ ਕਰ ਕੇ ਉਵੇਂ ਹੀ ਮੁੱਠੀਆਂ ਮੀਚ ਝਟਕਾ ਮਾਰਦੇ ਹਨ ਅਤੇ ਇਹ ਗਾਣਾ ਗਾਉਂਦੇ ਹਨ :—

ਚੀਣਾ ਅਈਂ ਛਣੀਂਦਾ ਹੋ
ਚੀਣਾ ਅਈਂ ਛੜੀਂਦਾ ਯਾਰ,
ਮੋਹਲਾ ਅਈਂ ਮਰੀਂਦਾ ਹੋ
ਮੋਹਲਾ ਅਈਂ ਮਰੀਂਦਾ ਯਾਰ।

ਇਹ ਤੇਜ਼ੀ ਦੀ ਤਾਲ ਬੜੀ ਕਠਨ ਅਤੇ ਕਰੜੀ ਹੈ। ਗੱਭਰੂ ਵੀ ਛੇਤੀ ਹੀ ਥੱਕ ਜਾਂਦੇ ਹਨ। ਹਰ ਜਵਾਨ ਦਾ ਮਾਣ ਇਸ ਨਾਚ ਨੂੰ ਬਹੁਤੀ ਦੇਰ ਤਕ ਨੱਚਣ ਵਿਚ ਹੁੰਦਾ ਹੈ। ਪਰ ਤੀਜੀ ਤਾਲ ਸਭ ਤੋਂ ਤੇਜ਼ ਤਾਲ ਹੈ ਤੇ ਇਸ ਨੂੰ ਭੰਗੜੇ ਦਾ ਹੀ ਦੂਜਾ ਰੂਪ ਕਿਹਾ ਜਾ ਸਕਦਾ ਹੈ। ਇਸ ਵੇਲੇ ਵਿਰਲੇ ਜਵਾਨ ਹੀ ਪਿੜ ਵਿਚ ਰਹਿ ਜਾਂਦੇ ਹਨ ਤੇ ਉਹ ਪੂਰੀ ਤੇਜ਼ੀ ਨਾਲ ਢੋਲੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਨੱਚਦੇ ਹਨ। ਇਸ ਤਾਲ ਦੀਆਂ ਹਰਕਤਾਂ ਹਨ ਤੇ ਸਿੱਧੀਆਂ-ਸਾਦੀਆਂ, ਪਰ ਇਹ ਬੜੀ ਤੇਜ਼ੀ ਨਾਲ ਕੀਤੀਆਂ ਜਾਂਦੀਆਂ ਹਨ। ਨੱਚਣ ਵਾਲੇ ਇਕ ਕਦਮ ਅੱਗੇ ਰੱਖਦੇ,

ਇਕ ਨਿੱਕਾ ਕਦਮ ਪਿੱਛੇ ਹਟਾ ਕੇ ਫਿਰ ਕਦਮ ਅੱਗੇ ਵਧਾਉਂਦੇ ਅਤੇ ਤਾਲ ਸਿਰ ਤੇਜ਼ੀ ਨਾਲ ਪੈਰ ਮਿਲਾਉਂਦੇ ਚਲਦੇ ਹਨ।

ਇਸ ਤਾਲ ਵਿਚ ਕਈ ਵਾਰੀ ਝੂੰਮਰੀ ਗਾਣੇ ਦੀ ਥਾਂ "ਛੂਹ, ਛੂਹ" ਦੀ ਆਵਾਜ਼ ਤਾਲ ਉੱਤੇ ਕੱਢਦੇ ਹਨ ਜਿਸ ਨੂੰ 'ਫੁਮਣੀਆਂ ਕੱਢਣਾ' ਆਖਦੇ ਹਨ ਤੇ ਕਦੇ ਕੂੰਜਾਂ ਵਾਂਗੂ 'ਕੁਰਰ, ਕੁਰਰ' ਦੀ ਆਵਾਜ਼ ਵੀ ਕਢਦੇ ਹਨ। ਇਹ ਆਵਾਜ਼ਾਂ ਨਾਚ ਵਿਚ ਨਵਾਂ ਰੰਗ ਪੈਦਾ ਕਰਦੀਆਂ ਹਨ।

ਭੰਗੜੇ ਵਾਂਗ ਇਸ ਨਾਚ ਵਿਚ ਜਿੰਨੇ ਲੋਕ ਚਾਹੁਣ ਮਿਲ ਕੇ ਨੱਚ ਸਕਦੇ ਹਨ ਅਤੇ ਜਿਹੜਾ ਝੂੰਮਰੀ ਥੱਕ ਜਾਂਦਾ ਹੈ ਉਹ ਪਿੜ ਵਿਚ ਬੈਠੇ ਲੋਕਾਂ ਵਿਚ ਜਾ ਰਲਦਾ ਹੈ ਅਤੇ ਜਿਸ ਕਿਸੇ ਦਾ ਜੀ ਕਰੇ ਉੱਠ ਕੇ ਝੂੰਮਰੀਆਂ ਵਿਚ ਰਲ ਜਾਂਦਾ ਹੈ।

ਇਸੇ ਝੂੰਮਰ ਨਾਚ ਦਾ ਦੂਜਾ ਨਾਂ ਧਰੀਸ ਵੀ ਹੈ।

## (ਸ) ਸੰਮੀ

ਸੰਮੀ ਤੀਵੀਆਂ ਦਾ ਨਾਚ ਹੈ ਤੇ ਇਸ ਦਾ ਸੰਬੰਧ ਵੀ ਸਾਂਦਲ-ਬਾਰ ਦੇ ਇਲਾਕੇ ਨਾਲ ਹੈ। ਝਨਾਂ ਤੋਂ ਪਾਰਲੇ ਇਲਾਕੇ ਦੀਆਂ ਤੀਵੀਂਆਂ ਵੀ ਇਸ ਨਾਚ ਨੂੰ ਨੱਚਦੀਆਂ ਹਨ। ਚਾਨਣੀਆਂ ਰਾਤਾਂ ਵਿਚ ਜਦੋਂ ਕੁੜੀਆਂ ਇਕੱਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਤੇ ਚੂੜੀਆਂ ਦੀ ਛਣਕਾਰ ਅਤੇ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਝੁਣਕਾਰ ਨਾਲ ਇਕ ਸਮਾਂ ਬੱਝ ਜਾਂਦਾ ਹੈ। ਇਸ ਨਾਚ ਦੀ ਤਾਲ ਵਿਚ ਗਾਇਆ ਜਾ ਰਿਹਾ ਗਾਣਾ ਇਕ ਮਸਤੀ ਜਿਹੀ ਲਿਆ ਦਿੰਦਾ ਹੈ।

ਇਸ ਨਾਚ ਦਾ ਨਾਂ ਇਕ ਕੁੜੀ ਦੇ ਨਾਂ ਉੱਤੇ ਪਿਆ ਹੈ ਜਿਸ ਨੂੰ ਉਸ ਦਾ ਮਾਹੀ ਛੱਡ ਗਿਆ ਸੀ। ਉਹ ਆਪਣੇ ਮਾਹੀ ਦੀ ਯਾਦ ਵਿਚ ਮਸਤ ਹੋ ਕੇ ਨੱਚਿਆ ਤੇ ਗਾਇਆ ਕਰਦੀ ਸੀ। ਇਹ ਨਿਸਚੇ ਨਹੀਂ ਹੋ ਸਕਿਆ ਕਿ ਇਸ ਦਾ ਮਾਹੀ, ਜਿਸ ਨੂੰ 'ਢੋਲ' ਕਿਹਾ ਜਾਂਦਾ ਹੈ ਅਤੇ ਜਿਸ ਦੇ ਨਾਂ ਉੱਤੇ ਢੋਲੇ ਦੇ ਗੀਤ ਸ਼ੁਰੂ ਹੋਏ, ਕਿੱਥੋਂ ਦਾ ਰਹਿਣ ਵਾਲਾ ਸੀ। ਕਈਆਂ ਦਾ ਵਿਚਾਰ ਹੈ ਕਿ ਢੋਲ ਦਾ ਅਸਲੀ ਨਾਂ 'ਸਨੇਹ ਕੁਮਾਰ' ਸੀ ਅਤੇ ਉਹ ਰਾਜਸਥਾਨ ਦੇ ਰਾਜੇ ਨਲ ਦਾ ਪੁੱਤਰ ਸੀ। ਉਸ ਦਾ ਪਿਆਰ ਮਾਰਵਾੜ ਦੀ ਰਾਜਕੁਮਾਰੀ ਮਾਰੂ ਜਾਂ ਮਾਰੂਵਾਣੀ ਨਾਲ ਹੋ ਗਿਆ। ਇਹੀ ਕਹਾਣੀ ਪੰਜਾਬ ਵਿਚ ਆ ਕੇ ਢੋਲ ਅਤੇ ਸੰਮੀ ਦਾ ਕਿੱਸਾ ਬਣ ਗਈ। ਕਈ ਲੋਕ ਢੋਲ ਅਤੇ ਸੰਮੀ ਦੋਹਾਂ ਨੂੰ ਪੰਜਾਬ ਦੇ ਰਹਿਣ ਵਾਲੇ ਹੀ ਆਖਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੱਛਮੀ ਪੰਜਾਬ ਦੀ ਲੋਕ-ਕਹਾਣੀ 'ਢੋਲ ਸ਼ੰਮਸ' ਵਿਗੜ ਕੇ ਢੋਲ ਅਤੇ ਸੰਮੀ ਬਣ ਗਈ ਹੈ। ਸੰਮੀ ਗੜ੍ਹ ਮੰਡਿਆਲੇ ਦੇ ਰਈਸ ਦੀ ਧੀ ਸੀ ਅਤੇ ਢੋਲ ਨੇੜੇ ਦੇ ਕਿਸੇ ਰਈਸ ਦਾ ਪੁੱਤਰ। ਢੋਲ ਸ਼ਿਕਾਰ ਖੇਡਦਾ ਸੰਮੀ ਦੇ ਬਾਗ਼ ਵਿਚ ਆ ਗਿਆ ਅਤੇ ਪਿਆਰ ਦਾ ਸ਼ਿਕਾਰ ਹੋ ਉੱਥੇ ਹੀ ਰਹਿਣ ਲੱਗ ਪਿਆ। ਜਦੋਂ ਉਸ ਦੇ ਇਲਾਕੇ ਵਿਚ ਬਗ਼ਾਵਤ ਹੋ ਗਈ ਤਾਂ ਉਹ ਸੰਮੀ ਨੂੰ ਛੱਡ ਕੇ ਟੁਰ ਗਿਆ ਅਤੇ ਸੰਮੀ ਉਸਦੀ ਯਾਦ ਵਿਚ ਮਸਤਾਨੀ ਹੋ ਨੱਚਦੀ ਤੇ ਗਾਉਂਦੀ ਰਹੀ।

ਸੰਮੀ ਨੱਚਣ ਵੇਲੇ ਹੋਰ ਲੋਕ-ਨਾਚਾਂ ਵਾਂਗ ਕੁੜੀਆਂ ਘੇਰੇ ਵਿਚ ਖਲੋ ਜਾਂਦੀਆਂ ਹਨ ਅਤੇ ਬਾਹਾਂ ਵਿਚ ਬਾਹਾਂ ਪਾ ਕੇ ਇਕ ਪੈਰ ਦੀ ਧਮਕ ਨਾਲ ਤਾਲ ਦਿੰਦੀਆਂ ਅਤੇ ਗਾਣਾ ਗਾਉਂਦੀਆਂ ਚੱਕਰ ਵਿਚ ਚੱਲਣ ਲੱਗ ਪੈਂਦੀਆਂ ਹਨ। ਕੁਝ ਚਿਰ ਪਿੱਛੋਂ ਸਭ ਕੁੜੀਆਂ ਬਾਹਾਂ ਛੱਡ ਕੇ ਇਨ੍ਹਾਂ ਨੂੰ ਉੱਪਰ ਵੱਲ ਉਲਾਰ ਕੇ ਚੁਟਕੀਆਂ ਮਾਰਦੀਆਂ ਹਨ ਅਤੇ ਫਿਰ ਛਾਤੀ ਕੋਲ ਲਿਆ ਕੇ ਤਾੜੀ ਮਾਰਦੀਆਂ ਹਨ। ਥੋੜ੍ਹੇ ਚਿਰ ਪਿੱਛੋਂ ਇਹ ਹਰਕਤ ਬਦਲਦੀ ਹੈ ਅਤੇ ਘੇਰੇ ਦੇ ਅਦਰਲੇ ਪਾਸੇ ਹੱਥ ਕਰ ਕੇ, ਝੁਕ ਕੇ, ਤਾੜੀ ਮਾਰਦੀਆਂ ਹਨ। ਫਿਰ ਇਕ ਬਾਂਹ ਉੱਪਰ ਉਲਾਰ ਕੇ ਤੇ ਦੂਜੀ ਹੇਠਾਂ ਵਲ ਲਮਕਾ ਕੇ ਉਹ ਚੁਟਕੀਆਂ ਮਾਰਦੀਆਂ ਹਨ ਅਤੇ ਫੇਰ ਹੇਠਲੀ ਬਾਂਹ ਉੱਪਰ ਵੱਲ ਉਲਾਰ ਕੇ ਅਤੇ ਉੱਪਰ ਵਾਲੀ ਬਾਂਹ

ਹੇਠਾਂ ਵੱਲ ਲਮਕਾ ਕੇ ਚੁਟਕੀਆਂ ਮਾਰਦੀਆਂ ਹਨ। ਇਸ ਤੋਂ ਪਿੱਛੋਂ ਘੇਰੇ ਵੱਲ ਝੁਕ ਕੇ ਤਾੜੀਆਂ ਮਾਰਦੀਆਂ ਅਤੇ ਮੁੜ ਮੁੜ ਇਵੇਂ ਕਰਦੀਆਂ ਨੱਚਦੀਆਂ ਰਹਿੰਦੀਆਂ ਹਨ। ਕਈ ਵਾਰ ਚੁਟਕੀਆਂ ਦੋ ਦੀ ਥਾਂ ਤਿੰਨ ਵਾਰ ਵਜਾਉਂਦੀਆਂ ਹਨ। ਤੀਜੀ ਚੁਟਕੀ ਦੋਵੇਂ ਹੱਥ ਪਿੱਛੇ ਕਰ ਕੇ ਅਤੇ ਰਤਾ ਪਿੱਛੇ ਹਟ ਕੇ ਮਾਰਦੀਆਂ ਹਨ। ਚੌਥੀ ਵਾਰੀ ਅੱਗੇ ਵਧ ਕੇ ਮੁੜ ਓਵੇਂ ਹੀ ਚੱਕਰ ਵੱਲ ਝੁਕ ਕੇ ਤਾੜੀ ਮਾਰਦੀਆਂ ਹਨ। ਹੌਲੀ ਹੌਲੀ ਇਸ ਤਾਲ ਵਿਚ ਤੇਜ਼ੀ ਆਉਂਦੀ ਹੈ। ਨੱਚਣ ਵਾਲੀਆਂ ਇਕ ਪੈਰ ਦੀ ਧਮਕ ਦੀ ਥਾਂ ਦੋਹਾਂ ਪੈਰਾਂ ਨਾਲ ਉੱਛਲ ਕੇ ਧਮਕ ਦਿੰਦੀਆਂ ਹਨ । ਇਸ ਵੇਲੇ ਇਵੇਂ ਵਿਖਾਈ ਦਿੰਦਾ ਹੈ ਜਿਵੇਂ ਕੋਈ ਪਿਆਰ ਦੀ ਉਮੰਗ ਨੱਚਣ ਵਾਲੀਆਂ ਨੂੰ ਆਪ-ਮੁਹਾਰੇ ਉਛਾਲਾ ਦੇ ਰਹੀ ਹੈ। ਅੰਤ ਵਿਚ ਬਹੁਤੀ ਤੇਜ਼ੀ ਹੋਣ ਕਾਰਨ ਅਤੇ ਨੱਚਣ ਵਾਲੀਆਂ ਦੇ ਥੱਕ ਜਾਣ ਕਾਰਨ ਤਾਲ ਟੁੱਟ ਜਾਂਦੀ ਹੈ ਅਤੇ ਨਾਚ ਬੰਦ ਹੋ ਜਾਂਦਾ ਹੈ। ਹਿੰਮਤ ਵਾਲੀਆਂ ਥੋੜ੍ਹੇ ਚਿਰ ਪਿੱਛੋਂ ਮੁੜ ਉੱਠ ਕੇ ਨੱਚਣ ਲਈ ਤਿਆਰ ਹੋ ਜਾਂਦੀਆਂ ਹਨ ਅਤੇ ਜਿਨ੍ਹਾਂ ਵਿਚ ਸਾਹਸ ਨਹੀਂ ਰਹਿੰਦਾ ਉਨ੍ਹਾਂ ਦੀ ਥਾਂ ਹੋਰ ਮੱਲ ਲੈਂਦੀਆਂ ਹਨ।

ਇਸੇ ਸੰਮੀ ਨਾਚ ਦਾ ਦੂਜਾ ਰੂਪ 'ਸਲਾਮ ਸੰਮੀ' ਹੈ। ਇਸ ਨਾਚ ਵਿਚ ਨਾਚੀਆਂ ਦੋ ਚੁਟਕੀਆਂ ਮਾਰਨ ਦੀ ਥਾਂ ਦੋਹਾਂ ਹੱਥਾਂ ਨੂੰ ਮੱਥੇ ਦੇ ਦੋਹਾਂ ਪਾਸਿਆਂ ਤੇ ਟਿਕਾ ਕੇ ਲੱਕ ਨੂੰ ਘੇਰੇ ਵੱਲ ਤੇ ਫਿਰ ਬਾਹਰ ਵੱਲ ਲਚਕਾ ਕੇ ਮੁੜ ਤੀਜੀ ਤਾਲ ਤੇ ਤਾੜੀ ਮਾਰਦੀਆਂ ਹਨ। ਇਹ ਨਾਚ ਘੱਟ ਕੁੜੀਆਂ ਹੀ ਕਰ ਸਕਦੀਆਂ ਹਨ, ਕਿਉਂਕਿ ਚੁਟਕੀ ਦੀ ਤਾਲ ਦਾ ਸਹਾਰਾ ਨਾ ਹੋਣ ਕਾਰਨ ਤਾਲ ਦੇ ਅੰਦਰ ਰਹਿਣਾ ਔਖਾ ਹੋ ਜਾਂਦਾ ਹੈ । ਕੁੜੀਆਂ ਇਸ ਨਾਚ ਵਿਚ ਠੀਕ ਨੱਚਣ ਨੂੰ ਵੱਡਾ ਮਾਣ ਸਮਝਦੀਆਂ ਹਨ। ਕਦੇ ਕਦੇ ਸਲਾਮ ਕਰਦੇ ਸਮੇਂ ਇਕ ਹੱਥ ਲੱਕ ਉੱਤੇ ਅਤੇ ਦੂਜਾ ਮੱਥੇ ਕੋਲ ਲਿਆਉਂਦੀਆਂ ਹਨ ਅਤੇ ਫੇਰ ਹੱਥ ਬਦਲ ਕੇ ਇਕ ਲੱਕ ਉੱਤੇ ਇਕ ਮੱਥੇ ਕੋਲ ਲਿਆਉਂਦੀਆਂ ਹਨ। ਤੀਜੀ ਵਾਰ ਮੁੜ ਓਵੇਂ ਹੀ ਤਾੜੀ ਮਾਰਦੀਆਂ ਹਨ।

ਇਸ ਨਾਚ ਲਈ ਕਿਸੇ ਸਾਜ਼ ਦੀ ਵੀ ਲੋੜ ਨਹੀਂ। ਢੋਲਕੀ ਵੀ, ਜਿਹੜੀ ਕਿ ਪਿੰਡਾਂ ਦਾ ਆਮ ਸਾਜ਼ ਹੈ, ਕਈ ਵਾਰੀ ਨਹੀਂ ਵਜਾਈ ਜਾਂਦੀ। ਤਾਲ ਦਾ ਹਿਸਾਬ ਕੇਵਲ ਤਾੜੀ ਅਤੇ ਚੁਟਕੀ ਨਾਲ ਹੀ ਰੱਖਿਆ ਜਾਂਦਾ ਹੈ।

ਸੰਮੀ ਦੇ ਲੋਕ-ਗੀਤ ਵਿਚ ਵੀ ਅਰਥ ਇੱਕੋ ਤੁਕ ਵਿਚ ਹੀ ਹੁੰਦਾ ਹੈ ਜਿਸ ਨੂੰ ਅੰਤਰਾ (ਉੱਚੀ ਸੁਰ) ਆਖ ਸਕਦੇ ਹਾਂ ਅਤੇ ਅਸਥਾਈ (ਨੀਵੀਂ ਸੁਰ) ਆਮ ਤੌਰ ਉੱਤੇ 'ਸੰਮੀ ਮੇਰੀ ਵਣ' ਹੁੰਦੀ ਹੈ । 'ਵਣ' ਜਾਂਗਲੀ ਬੋਲੀ ਵਿਚ ਕੁੜੀ ਨੂੰ ਆਖਦੇ ਹਨ। ਸੰਮੀ ਨੱਚਣ ਵੇਲੇ ਗਾਏ ਜਾਣ ਵਾਲੇ ਗੀਤ ਦੇ ਕੁਝ ਬੋਲ ਇਹ ਹਨ :—

ਸੰਮੀ ਮੇਰੀ ਵਣ, ਉਠ ਲੱਦੇ ਕਚੂਰ ਦੇ, ਸੰਮੀਆਂ।  
ਸੰਮੀ ਮੇਰੀ ਵਣ, ਭਾੜੀ ਭਾੜੇ ਕਰਨ ਦੂਰ ਦੇ, ਸੰਮੀਆਂ।  
ਸੰਮੀ ਮੇਰੀ ਵਣ, ਲੱਦੀ ਤਾਂ ਜਾਂਦੇ ਝੰਗ, ਵਣ ਸੰਮੀਆਂ।  
ਸੰਮੀ ਮੇਰੀ ਵਣ, ਝੰਗ ਨੂੰ ਲਗੜਾ ਰੰਗ, ਵਣ ਸੰਮੀਆਂ।

## (ਹ) ਕਿੱਕਲੀ

ਕਿੱਕਲੀ ਅਸਲ ਵਿਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਨਿੱਕੇ ਮੁੰਡੇ ਤੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ! ਨਿੱਕੀਆਂ ਨਿੱਕੀਆਂ ਬੱਚੀਆਂ ਖੁੱਦੋ ਖੇਡਦੀਆਂ, ਥਾਲ ਪਾਉਂਦੀਆਂ ਜਾਂ ਬਹਿ ਕੇ ਗੱਲਾਂ ਕਰਦੀਆਂ, ਖੁਸ਼ੀ ਦੀ ਮੌਜ ਵਿਚ ਆ ਕੇ ਕਿੱਕਲੀ ਪਾਉਣ ਲਗ ਜਾਂਦੀਆਂ ਹਨ। ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਤੇ ਖੱਬੇ ਹੱਥ ਨੂੰ ਖੱਬੇ ਨਾਲ ਇਵੇਂ ਫੜ ਲੈਂਦੀਆਂ ਹਨ ਜਿਵੇਂ ਕਿ ਲੋਕੀ ਹੱਥ ਮਿਲਾਉਂਦੇ ਹਨ। ਫੇਰ ਦੋਵੇਂ ਆਪਣੇ ਪੈਰਾਂ ਨੂੰ ਮਿਲਾ ਕੇ ਦੂਜੇ ਦੇ ਪੈਰਾਂ ਦੀਆਂ ਉਂਗਲੀਆਂ ਕੋਲ ਕਰ ਕੇ ਸਾਰਾ ਭਾਰ ਪਿੱਛੇ ਸੁੱਟ ਲੈਂਦੀਆਂ ਹਨ। ਇਸ ਤਰ੍ਹਾਂ ਬਾਹਾਂ ਪੂਰੀ ਤਰ੍ਹਾਂ ਤਣ ਜਾਂਦੀਆਂ ਹਨ । ਫੇਰ ਦੋਵੇਂ ਜ਼ੋਰ ਜ਼ੋਰ ਨਾਲ

ਘੁੰਮਦੀਆਂ ਹਨ। ਘੁੰਮਣ ਵੇਲੇ ਬਾਹਾਂ ਦੇ ਤਣਾਉ ਦਾ ਸਹਾਰਾ ਲੈ ਕੇ, ਦੋਵੇਂ ਪੈਰ ਇਕੱਠੇ ਚੁੱਕ ਕੇ, ਸੱਜੇ ਪਾਸੇ ਸਰੀਰ ਨੂੰ ਇਕ ਤਾਲ ਉੱਤੇ ਐਸਾ ਹੁਲਾਰਾ ਦਿੰਦੀਆਂ ਹਨ ਕਿ ਜੀਉਂਦੇ ਜਾਗਦੇ ਦੋ ਸਰੀਰ ਇਕ ਲਾਟੂ ਬਣ ਜਾਂਦੇ ਹਨ। ਜਦੋਂ ਕੋਈ ਕੁੜੀ ਥੱਕ ਜਾਂਦੀ ਹੈ ਤਾਂ ਉਸ ਦੀ ਤਾਲ ਵਿਚ ਫ਼ਰਕ ਪੈ ਜਾਂਦਾ ਹੈ। ਇਹ ਗੱਲ ਦੂਜੀ ਕੁੜੀ ਨੂੰ ਕਿੱਕਲੀ ਬੰਦ ਕਰਨ ਦਾ ਇਸ਼ਾਰਾ ਹੁੰਦੀ ਹੈ। ਬੱਸ ਦੋਵੇਂ ਥੱਕ ਕੇ ਬਹਿ ਜਾਂਦੀਆਂ ਹਨ। ਫੇਰ ਉਹ ਆਪ ਨਹੀਂ ਘੁੰਮਦੀਆਂ, ਪਰ ਉਨ੍ਹਾਂ ਨੂੰ ਚੌਗਿਰਦੇ ਦੀਆਂ ਸਭ ਚੀਜ਼ਾਂ ਘੁਮਾਟੀਆਂ ਖਾਂਦੀਆਂ ਪਰਤੀਤ ਹੁੰਦੀਆਂ ਹਨ। ਕਈ ਕਈ ਬੱਚੀਆਂ ਹੱਥਾਂ ਨੂੰ ਫੜਨ ਦੀ ਥਾਂ ਕੰਘੀ ਪਾ ਕੇ ਕਿੱਕਲੀ ਪਾਉਂਦੀਆਂ ਹਨ। ਇਕ ਬੱਚੀ ਅੱਧੀ ਮੁੱਠੀ ਮੀਚਦੀ ਹੈ ਤੇ ਦੂਜੀ ਉਸ ਦੀਆਂ ਉਂਗਲਾਂ ਵਿਚ ਉੱਪਰਲੇ ਪਾਸੋਂ ਉਂਗਲਾਂ ਪਾ ਕੇ ਜਿਵੇਂ ਮੁੱਠੀ ਮੀਚੀਦੀ ਹੈ, ਘੁੱਟ ਲੈਂਦੀ ਹੈ ਅਤੇ ਫੇਰ ਦੋਵੇਂ ਉੱਪਰ ਦੱਸੇ ਵਾਂਗੂ ਕਿੱਕਲੀ ਪਾਉਂਦੀਆਂ ਹਨ।

ਚੱਕਰ ਵਿਚ ਘੁੰਮਣਾ ਬੱਚਿਆਂ ਲਈ ਇਕ ਖ਼ਾਸ ਮਹੱਤਤਾ ਰਖਦਾ ਹੈ। ਛੋਟੇ ਬੱਚੇ ਲਾਟੂ ਨੂੰ ਘੁੰਮਦਾ ਵੇਖ ਕੇ ਜਾਂ ਭੰਬੀਰੀ ਨੂੰ ਹੱਥਾਂ ਨਾਲ ਘੁਮਾ ਕੇ ਬੜੇ ਖ਼ੁਸ਼ ਹੁੰਦੇ ਹਨ। ਚੱਕਰ-ਚੂੰਢੇ ਉੱਤੇ ਹੂਟੇ ਲੈਣਾ ਅਤੇ ਮੈਰੀ-ਗੋ-ਰਾਊਂਡ (Merry-Go-Round) ਉੱਤੇ ਚੜ੍ਹਨਾ ਇਸੇ ਦਾ ਨਮੂਨਾ ਹੈ। ਕਿੱਕਲੀ ਦਾ ਨਾਚ ਭੀ ਬੱਚਿਆਂ ਦੀ ਖ਼ੁਸ਼ੀ ਨੂੰ ਪੂਰਾ ਕਰਦਾ ਹੈ।

ਬੱਚਿਆਂ ਦੇ ਪਿਆਰ ਦੀ ਦੁਨੀਆਂ ਮਾਂ, ਪਿਉ, ਭੈਣ ਅਤੇ ਭਰਾ ਦੀ ਹੈ। ਮਾਂ ਅਤੇ ਪਿਉ ਦੇ ਪਿਆਰ ਵਿਚ ਕੁਝ ਬਜ਼ੁਰਗੀ ਅਤੇ ਸਤਿਕਾਰ ਦਾ ਅੰਸ਼ ਹੁੰਦਾ ਹੈ ਅਤੇ ਭੈਣ ਤੇ ਭਰਾ ਵਿਚ ਹਾਣ ਦਾ ਪਿਆਰ ਹੁੰਦਾ ਹੈ। ਇਹੀ ਕਾਰਨ ਹੈ ਕਿ ਕਿੱਕਲੀ ਦੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ। ਕਿੱਕਲੀ ਦਾ ਸਭ ਤੋਂ ਬਹੁਤਾ ਪਰਚਲਤ ਗੀਤ, ਜਿਹੜਾ ਹਰ ਇਕ ਪੰਜਾਬੀ ਬੱਚੀ ਦੀ ਜ਼ਬਾਨ ਤੇ ਅਣਭੋਲ ਹੀ ਚੜ੍ਹ ਜਾਂਦਾ ਹੈ, ਇਉਂ ਹੈ :–

> ਕਿਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ
> ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ।

ਇਹ ਗੀਤ ਕਿਵੇਂ ਚੱਲਿਆ ਅਤੇ ਕਦੋਂ ਚੱਲਿਆ ਇਹ ਪਤਾ ਕਰਨਾ ਅਸੰਭਵ ਹੈ। ਬੱਚੀਆਂ ਇਵੇਂ ਹੀ ਬੋਲਦੀਆਂ ਰਹਿਣਗੀਆਂ। ਹੇਠ ਲਿਖਿਆ ਗਾਣਾ ਅਸੀਂ ਕਿੱਕਲੀ ਪਾਉਂਦੀਆਂ ਬੱਚੀਆਂ ਕੋਲੋਂ ਸੁਣਿਆ ਹੈ। ਇਹ ਗਾਣਾ ਸਾਡੇ ਬਚਪਨ ਵੇਲੇ ਨਹੀਂ ਸੀ। ਇਸ ਵਿਚ ਭੈਣ ਦਾ ਵੀਰ ਦੇ ਨਾਲ ਅਤੁੱਟ ਪਿਆਰ ਪਰਗਟ ਹੁੰਦਾ ਹੈ। ਇਸ ਗਾਣੇ ਦੇ ਪਹਿਲੇ ਟੱਪਿਆਂ ਨੂੰ ਕੁੜੀਆਂ ਬਾਹਾਂ ਤਣ ਕੇ ਖਲੋਤੀਆਂ ਬੋਲਦੀਆਂ ਹਨ ਅਤੇ ਅਖੀਰਲੇ ਟੱਪੇ ਨੂੰ ਕਿੱਕਲੀ ਪਾਉਂਦੀਆਂ ਦੁਹਰਾਉਂਦੀਆਂ ਹਨ :

> ਹੇਠ ਵਗੇ ਦਰਿਆ ਉੱਪਰ ਮੈਂ ਖਲੀ,
> ਵੀਰ ਲਵਾਇਆ ਬਾਗ ਕਿ ਖਿੜ ਪਈ ਚੰਬਾਕਲੀ,
> ਚੰਬਾਕਲੀ ਨਾ ਤੋੜ ਵੀਰਾ ਮਾਰੂਗਾ,
> ਵੀਰ ਮੇਰਾ ਸਰਦਾਰ ਬਹਿੰਦਾ ਕੁਰਸੀ ਤੇ,
> ਭਾਬੋ ਮੇਰੀ ਪਰਧਾਨ ਬਹਿੰਦੀ ਪੀੜ੍ਹੇ ਤੇ,
> ਰੱਤਾ ਪੀੜ੍ਹਾ ਲਾਹੌਰ ਦਾ,
> ਦਿੱਲੀ ਤੇ ਪਿਸ਼ੌਰ ਦਾ।

ਜਦੋਂ ਕਿਤੇ ਖੇਡਦੀਆਂ ਬੱਚੀਆਂ ਵਿੱਚੋਂ ਇਕ ਜੋਟੀ ਕਿੱਕਲੀ ਪਾਉਣ ਲੱਗ ਜਾਂਦੀ ਹੈ ਤਾਂ ਥੋੜ੍ਹੇ ਚਿਰ ਵਿਚ ਹੀ ਉਹ ਥਾਂ ਕਈ ਜੋਟੀਆਂ ਦੀ ਕਿੱਕਲੀ ਦਾ ਅਖਾੜਾ ਬਣ ਜਾਂਦਾ ਹੈ। ਇਵੇਂ ਲੱਗਦਾ ਹੈ ਕਿ ਭੋਲੀਆਂ ਪਰੀਆਂ ਆਕਾਸ਼ ਤੋਂ ਉਤਰ ਧਰਤੀ ... ਫ਼ਿਕਰਾਂ ਤੋਂ ਬੇਪਰਵਾਹ ਹੋ ਵਾਯੂ-ਮੰਡਲ ਨੂੰ ਆਪਣੇ ਰੰਗ ਵਿਚ ਰੰਗ ਰਹੀਆਂ ਹਨ।

ਕਿੰਨਾਂ ਭੋਲਾ-ਭਾਲਾ ਤੇ ਸਿੱਧਾ ਸਾਦਾ ਹੈ ਇਹ ਨਾਚ ਮਾਸੂਮ ਬੱਚੀਆਂ ਦਾ!

## (ਕ) ਲੁੱਡੀ ਅਤੇ ਹੋਰ ਨਾਚ

ਲੁੱਡੀ ਪੰਜਾਬ ਦਾ ਇਕ ਖ਼ੁਸ਼ੀ-ਭਰਿਆ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿਚ ਲੁੱਡੀ ਪਾਉਂਦੇ ਹਨ। ਜਦੋਂ ਕੋਈ ਪਾਰਟੀ ਕਿਸੇ ਮੁਕੱਦਮੇ ਵਿਚ ਜਾਂ ਕਿਸੇ ਖੇਡ ਦੇ ਮੁਕਾਬਲੇ ਵਿਚ ਜਿੱਤ ਜਾਏ ਤਾਂ ਉਹਦੇ ਲੋਕ ਆਪਣੀ ਜਿੱਤ ਦੀ ਖ਼ੁਸ਼ੀ ਨੂੰ ਮਨਾਉਣ ਲਈ ਲੁੱਡੀ ਦਾ ਨਾਚ ਨੱਚਦੇ ਹਨ। ਢੋਲੀ ਨੂੰ ਸੱਦਿਆ ਜਾਂਦਾ ਹੈ ਅਤੇ ਉਹ ਲੁੱਡੀ ਦੀ ਤਾਲ ਇਉਂ ਵਜਾਉਂਦਾ ਹੈ :–

ਤਣ ਧਿੰਗਣ ਤਣਣ

ਬੱਸ ਫਿਰ ਜਿੱਤ ਦੀ ਖ਼ੁਸ਼ੀ ਵਿਚ ਮਸਤ ਹੋਏ ਲੋਕੀ ਉਠ ਕੇ ਢੋਲੀ ਦੇ ਆਲੇ-ਦੁਆਲੇ ਨੱਚਣ ਲਗ ਪੈਂਦੇ ਹਨ। ਪਹਿਲਾਂ ਤਾਂ ਛਾਤੀ ਅੱਗੇ ਤਾੜੀ ਮਾਰਦੇ, ਅੱਖਾਂ ਮਟਕਾਉਂਦੇ, ਮੋਢੇ ਹਿਲਾਉਂਦੇ, ਅਤੇ ਲੱਕ ਲਚਕਾਉਂਦੇ ਹੋਏ ਚੱਕਰ ਅੰਦਰ ਤਾਲ ਵਿਚ ਤੁਰਦੇ ਹਨ। ਫੇਰ ਢੋਲੀ ਦੇ ਇਸ਼ਾਰੇ ਉੱਤੇ ਨਾਚ ਬਦਲਦਾ ਹੈ ਅਤੇ ਤਿੰਨ ਤਾੜੀਆਂ ਵੱਜਣੀਆਂ ਸ਼ੁਰੂ ਹੁੰਦੀਆਂ ਹਨ। ਪਹਿਲਾਂ ਝੁਕ ਕੇ ਘੇਰੇ ਦੇ ਅੰਦਰਲੇ ਪਾਸੇ, ਫੇਰ ਛਾਤੀ ਦੇ ਅੱਗੇ ਅਤੇ ਫੇਰ ਘੇਰੇ ਦੇ ਬਾਹਰਲੇ ਪਾਸੇ ਝੁਕ ਕੇ। ਇਸ ਤੋਂ ਬਾਦ, ਢੋਲੀ ਦੇ ਇਸ਼ਾਰੇ ਤੇ ਪਹਿਲਾਂ ਸੱਜੀ ਬਾਂਹ ਤੇ ਸੱਜੀ ਲੱਤ ਚੁੱਕ ਕੇ ਖੱਬੇ ਪੈਰ ਨਾਲ ਕੁੱਦਦੇ ਹਨ ਤੇ ਫੇਰ ਖੱਬੀ ਬਾਂਹ ਤੇ ਖੱਬੀ ਲੱਤ ਚੁੱਕ ਕੇ ਸੱਜੇ ਪੈਰ ਨਾਲ ਕੁੱਦਦੇ ਹਨ ਅਤੇ ਨਾਲ ਹੀ 'ਓਇ, ਓਇ' 'ਏਲੀ ਏਲੀ' ਖ਼ੁਸ਼ੀ ਵਿਚ ਉੱਚੀ ਉੱਚੀ ਬੋਲਦੇ ਹਨ। ਕਦੇ ਕਦੇ 'ਓ ਘੁੱਗੀ ਦੰਦ ! ਓ ਸ਼ੇਰਾ !' ਮੁੜ ਮੁੜ ਕੇ ਆਖਦੇ ਹਨ। ਕਦੇ ਕਦੇ ਨੱਚਦੇ ਨੱਚਦੇ ਇਕ ਪੈਰ ਦੇ ਭਾਰ ਬਹਿ ਕੇ ਅੱਧਾ ਅੱਧਾ ਚੱਕਰ ਕੱਟਦੇ ਹਨ। ਇਸ ਨਾਚ ਵਿਚ ਵੀ ਕਈ ਵਾਰ ਝੂੰਮਰ ਵਾਂਗਰ ਫੁਮਣੀਆਂ ਕੱਢਦੇ ਹਨ।

ਇਹ ਨਾਚ ਹੈ ਤਾਂ ਜਿੱਤ ਦੀ ਖ਼ੁਸ਼ੀ ਦਾ, ਪਰ ਕਈ ਵਾਰੀ ਜਦੋਂ ਕਿਰਸਾਣ ਕਟਾਈ ਅਤੇ ਬਿਜਾਈ ਦਾ ਕੰਮ ਮੁਕਾ ਚੁੱਕਦੇ ਹਨ ਤਾਂ ਵੀ ਲੁੱਡੀ ਪਾਉਂਦੇ ਹਨ। ਇਸ ਨਾਚ ਵਿਚ ਗੀਤ ਨਹੀਂ ਗਾਇਆ ਜਾਂਦਾ।

ਲੁੱਡੀ ਤੀਵੀਆਂ ਦਾ ਵੀ ਇਕ ਨਾਚ ਹੈ, ਪਰ ਉਸ ਦਾ ਸੰਬੰਧ ਮਰਦਾਂ ਦੀ ਲੁੱਡੀ ਨਾਲ ਕੋਈ ਨਹੀਂ। ਤੀਵੀਆਂ ਦੀ ਲੁੱਡੀ ਅਸਲ ਵਿਚ ਕਿੱਕਲੀ ਦਾ ਹੀ ਦੂਜਾ ਨਾਂ ਹੈ। ਕਈ ਵਾਰੀ ਕੁੜੀਆਂ ਇਹ ਲੁੱਡੀ ਗਿੱਧੇ ਦੇ ਨਾਚ ਵਿਚ ਵੀ ਪਾਉਂਦੀਆਂ ਹਨ।

ਇਹ ਹਨ ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਮਸ਼ਹੂਰ ਲੋਕ-ਨਾਚ।

ਇਨ੍ਹਾਂ ਤੋਂ ਉਪਰੰਤ ਕਈ ਹੋਰ ਨਾਚ ਵੀ ਹਨ, ਪਰ ਉਹ ਨਾਚ ਕਿਸੇ ਇਕ ਥਾਂ ਨਾਲ ਹੀ ਸੰਬੰਧ ਰੱਖਣ ਕਾਰਨ ਮਸ਼ਹੂਰ ਨਹੀਂ ਹੋ ਸਕੇ। ਪਟਿਆਲੇ ਸ਼ਹਿਰ ਵਿਚ ਇਕ 'ਟਿਪਰੀ' ਨਾਚ ਹੈ ਜਿਹੜਾ ਇਸ ਸ਼ਹਿਰ ਵਿਚ ਵੀ ਕੇਵਲ ਬਾਵਨ ਦੁਆਦਸ਼ੀ ਦੇ ਮੇਲੇ ਵਿਚ, ਜਿਹੜਾ ਭਾਦੋਂ ਦੇ ਮਹੀਨੇ ਵਿਚ ਆਉਂਦਾ ਹੈ, ਨੱਚਿਆ ਜਾਂਦਾ ਹੈ। ਜਵਾਨ ਮੁੰਡੇ ਹੱਥਾਂ ਵਿਚ ਡੰਡੇ ਫੜ, ਇਕ ਦੂਜੇ ਦੇ ਡੰਡੇ ਨਾਲ ਡੰਡਾ ਮਾਰਦੇ ਹੋਏ ਚੱਕਰ ਵਿਚ ਨੱਚਦੇ ਹਨ। ਇਸ ਨਾਚ ਵਿਚ ਕਈ ਮੁੰਡੇ ਆਪਣੇ ਕਰਤੱਬ ਸੋਹਣੀ ਤਰ੍ਹਾਂ ਦਿਖਾਉਂਦੇ ਹਨ। ਕਦੇ ਕਦੇ ਨੱਚਣ ਵਾਲੇ ਦੋ ਬਾਂਸਾਂ ਉੱਤੇ ਬੰਨ੍ਹੇ ਹੋਏ ਲੰਮੇ ਬਾਂਸ ਦੇ ਵਿਚਾਲੇ ਬੱਧੀਆਂ ਹੋਈਆਂ ਰੰਗ ਬਰੰਗੀਆਂ ਰੱਸੀਆਂ ਨੂੰ ਫੜ ਕੇ ਇਕ ਦੂਜੇ ਕੋਲੋਂ ਡੰਡੇ ਮਾਰਦੇ ਲੰਘਦੇ ਹਨ ਅਤੇ ਉੱਪਰ ਸਿਰ ਤੇ ਰੱਸੀਆਂ ਗੁੰਦੀਆਂ ਜਾਂਦੀਆਂ ਹਨ। ਫਿਰ ਉਸ ਗੁੰਦੀ ਰੱਸੀ ਨੂੰ ਓਵੇਂ ਹੀ ਨੱਚ ਕੇ ਖੋਲ੍ਹਦੇ ਹਨ। ਇਹ ਨਾਚ ਬੰਬਈ ਦੇ 'ਡੰਡਿਆ ਰਾਸ' ਜਾਂ ਰਾਜਸਥਾਨ ਦੇ 'ਟਿਪਨੀ' ਨਾਚ ਨਾਲ ਮਿਲਦਾ ਹੈ ! 'ਖਲਾ' ਨਾਂ ਦਾ ਵੀ ਇਕ ਨਾਚ ਹੈ ਜਿਸ ਨੂੰ ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਪੈਰਾਂ ਨੂੰ ਬਦਲ ਬਦਲ ਕੇ ਅੱਗੇ ਪਿੱਛੇ ਕਰਦੀਆਂ ਹੋਈਆਂ ਦੋਹਾਂ ਹੱਥਾਂ ਨਾਲ ਦੂਜੀ ਦੇ ਦੋਹਾਂ ਹੱਥਾਂ ਉੱਤੇ ਤਾੜੀ ਮਾਰ ਕੇ ਨੱਚਦੀਆਂ ਹਨ। 'ਧਮਾਲ' ਜਿਸ ਦਾ ਵਰਣਨ ਝੂੰਮਰ ਵਿਚ ਆ ਚੁੱਕਿਆ ਹੈ, ਪੰਜਾਬ ਦੇ ਮਸਤਾਨੇ ਫ਼ਕੀਰ ਵੀ ਪਾਉਂਦੇ ਹਨ। 'ਫੜੂਹਾ' ਨਾਚ ਵੀ ਮਾਲਵੇ ਵਿਚ ਗਿੱਧੇ ਦਾ ਹੀ ਤਿੱਖਾ ਰੂਪ ਹੈ।

ਪੰਜਾਬ ਵਿਚ 'ਜਲਸਾ' ਇਕ ਬੜਾ ਦਿਲ-ਖਿੱਚਵਾਂ ਮਨ-ਪਰਚਾਵਾ ਹੈ, ਪਰ ਹੁਣ ਇਸ ਦਾ ਰਿਵਾਜ ਘਟਦਾ ਜਾ ਰਿਹਾ ਹੈ। ਇਸ ਨੂੰ ਲੋਕ-ਨਾਚ ਤਾਂ ਨਹੀਂ ਕਿਹਾ ਜਾ ਸਕਦਾ, ਪਰ ਲੋਕਾਂ ਦਾ ਹਰਮਨ-ਪਿਆਰਾ ਨਾਚ ਜ਼ਰੂਰ ਹੈ। ਇਸ ਵਿਚ ਨੱਚਣ ਵਾਲੇ ਨੂੰ 'ਨਚਾਰ' ਆਖਦੇ ਹਨ। ਨਚਾਰ, ਤੀਵੀਆਂ ਵਾਲੇ ਕਪੜੇ ਪਾ ਕੇ ਤੇ ਤੀਵੀਆਂ ਦੇ ਸਭ ਹਾਰ ਸ਼ਿੰਗਾਰ ਕਰ ਕੇ ਪੈਰੀਂ ਘੁੰਗਰੂ ਬੰਨ੍ਹ ਕੇ ਨੱਚਦਾ ਹੈ। ਇਸ ਦੇ ਨਾਲ ਤਿੰਨ ਗਾਉਣ ਵਾਲੇ ਸਾਜ਼ਿੰਦੇ ਹੁੰਦੇ ਹਨ ; ਇਕ ਸਾਰੰਗੀ ਵਾਲਾ ਅਤੇ ਉਸਦੇ ਦੋਵੇਂ ਪਾਸੇ ਨਿੱਕੀਆਂ ਢੱਡਾਂ ਵਾਲੇ। ਨਚਾਰ ਗਾਉਂਦਾ ਅਤੇ ਨੱਚਦਾ ਅੱਗੇ ਟੁਰਦਾ ਹੈ ਅਤੇ ਇਹ ਸਾਜ਼ਿੰਦੇ ਉਸ ਦੇ ਪਿੱਛੇ ਨਾਲ ਨਾਲ ਤੁਰਦੇ ਹਨ। ਰਾਤ ਵੇਲੇ ਇਕ ਜਾਂ ਦੋ ਮਸ਼ਾਲਚੀ ਹੁੰਦੇ ਹਨ ਜਿਹੜੇ ਨਚਾਰ ਦੇ ਮੁੱਖ ਉੱਤੇ ਰੋਸ਼ਨੀ ਪਾਉਂਦੇ, ਨਾਲ ਨਾਲ ਟੁਰਦੇ ਹਨ। ਨਚਾਰ ਦੇ ਕਪੜੇ ਭਾਵੇਂ ਤੀਵੀਆਂ ਵਾਲੇ ਹੁੰਦੇ ਹਨ, ਪਰ ਨਾਚ ਵਿਚ ਮਰਦਊਪੁਣੇ ਦੀ ਝਲਕ ਸਾਫ਼ ਦਿੱਸਦੀ ਹੁੰਦੀ ਹੈ। ਉਹ ਕਈ ਵਾਰੀ ਨੱਚਦਾ ਨੱਚਦਾ ਦੌੜ ਕੇ ਇੰਨੀ ਉੱਚੀ ਉੱਛਲਦਾ ਹੈ ਕਿ ਅਜੇਹਾ ਕਰਨਾ ਮਰਦ ਦਾ ਹੀ ਕੰਮ ਹੈ। ਜਿੱਥੇ ਕਿਤੇ ਜਲਸਾ ਹੁੰਦਾ ਹੈ ਲੋਕੀ ਲਾਂਭੇ-ਚਾਂਭੇ ਦੇ ਪਿੰਡਾਂ ਤੋਂ ਆਉਂਦੇ ਹਨ ਅਤੇ ਇਕ ਬੜਾ ਇਕੱਠ ਹੋ ਜਾਂਦਾ ਹੈ ਤੇ ਗਈ ਰਾਤ ਤਕ ਗਾਣਾ ਤੇ ਨਾਚ ਹੁੰਦਾ ਰਹਿੰਦਾ ਹੈ।

## *ਪਹਾੜੀ ਇਲਾਕੇ ਦੇ ਲੋਕ-ਨਾਚ*

### (ੳ) ਕੁੱਲੂ ਦੇ ਧਾਰਮਕ ਨਾਚ

ਕੁੱਲੂ ਪੰਜਾਬ ਦੇ ਉੱਤਰ ਵਿਚ ਹੈ ਅਤੇ ਇਸ ਦੀਆਂ ਹੱਦਾਂ ਤਿੱਬਤ ਅਤੇ ਲੱਦਾਖ਼ ਨਾਲ ਮਿਲਦੀਆਂ ਹਨ। ਇਹ ਪਹਾੜੀ ਇਲਾਕਾ ਆਪਣੇ ਅਤੇ ਆਪਣੇ ਵਸਨੀਕਾਂ ਦੇ ਸੁਹਣੱਪ ਲਈ ਮਸ਼ਹੂਰ ਹੈ। ਇਸ ਇਲਾਕੇ ਨੂੰ 'ਦੇਵਤਿਆਂ ਦੀ ਖ਼ੁਸ਼-ਰਹਿਣੀ ਵਾਦੀ' ਕਿਹਾ ਜਾਂਦਾ ਹੈ। ਇਹ ਹੈ ਵੀ ਠੀਕ। ਇਸ ਇਲਾਕੇ ਦੀ ਆਬਾਦੀ ਕੋਈ ਸਵਾ ਲਖ ਦੇ ਲਗਭਗ ਹੈ, ਪਰ ਉਨ੍ਹਾਂ ਦੇ ਦੇਵਤਿਆਂ ਦੀ ਗਿਣਤੀ ਕੋਈ ਇਕ ਹਜ਼ਾਰ ਦੇ ਨੇੜੇ ਤੇੜੇ ਹੋਵੇਗੀ। ਹਰ ਇਕ ਪਿੰਡ ਵਿਚ ਇਕ ਦੇਵਤਾ ਜ਼ਰੂਰ ਹੁੰਦਾ ਹੈ। ਇਸ ਇਲਾਕੇ ਦੇ ਲੋਕ ਖ਼ੁਸ਼-ਰਹਿਣੇ, ਭੋਲੇ ਭਾਲੇ ਅਤੇ ਇੰਨੇ ਸਿੱਧੇ-ਸਾਦੇ ਹਨ ਕਿ ਇਨ੍ਹਾਂ ਦਾ ਦੇਵਤਾ, ਜਿਸ ਨੂੰ ਇਹ 'ਦੇਊ' ਆਖਦੇ ਹਨ, ਇਨ੍ਹਾਂ ਲਈ ਇਨ੍ਹਾਂ ਦਾ ਮਿੱਤਰ, ਪਰੋਹਤ, ਵੈਦ, ਜੋਤਸ਼ੀ, ਈਸ਼ਵਰ ਸਭ ਕੁਝ ਹੈ। ਇਸ ਵਾਦੀ ਦਾ ਸਭ ਤੋਂ ਵੱਡਾ ਦੇਵਤਾ ਰਘੁਨਾਥ ਹੈ ਜਿਸ ਨੂੰ ਵਿਸ਼ਨੂੰ ਦਾ ਹੀ ਅਵਤਾਰ ਮੰਨਿਆਂ ਜਾਂਦਾ ਹੈ।

ਮਈ ਮਹੀਨੇ ਦੇ ਅੱਧ ਵਿਚ, ਜਦੋਂ ਕਿ ਫ਼ਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ, ਕੁੱਲੂ ਦੇ ਵਸਨੀਕ ਆਪਣੇ ਦੇਵਤਿਆਂ ਨੂੰ ਰੀਝਾਉਣ ਲਈ ਨਾਚਾਂ, ਗਾਣਿਆਂ ਦੇ ਮੇਲਿਆਂ ਦਾ ਆਰੰਭ ਕਰ ਦਿੰਦੇ ਹਨ। ਇਹ ਮੇਲੇ ਅਕਤੂਬਰ ਦੇ ਮਹੀਨੇ ਵਿਚ ਦੁਸਹਿਰੇ ਦੇ ਦਿਨਾਂ ਤਕ ਚਲਦੇ ਰਹਿੰਦੇ ਹਨ। ਇਨ੍ਹਾਂ ਮੇਲਿਆਂ ਦੀਆਂ ਤਾਰੀਖ਼ਾਂ ਇਵੇਂ ਨੀਅਤ ਕੀਤੀਆਂ ਹੁੰਦੀਆਂ ਹਨ ਕਿ ਕਿਸੇ ਪਿੰਡ ਦੇ ਦੂਰ ਦੂਰ ਤਕ ਵੀ ਕੋਈ ਹੋਰ ਮੇਲਾ ਨਹੀਂ ਹੁੰਦਾ ਤਾਂ ਜੋ ਮੇਲੇ ਦੀ ਰੌਣਕ ਵੰਡੀ ਨਾ ਜਾਵੇ। ਲਾਂਭੇ ਚਾਂਭੇ ਦੇ ਲੋਕ ਵਹੀਰਾਂ ਪਾ ਮੇਲੇ ਵਿਚ ਆ ਕੇ ਹਿੱਸਾ ਲੈਂਦੇ ਹਨ। ਇਨ੍ਹਾਂ ਮੇਲਿਆਂ ਦੇ ਕਾਰਨ ਇਹ ਵਾਦੀ ਅੱਧੇ ਸਾਲ ਦੇ ਲਗਭਗ ਆਪਣੇ ਦੇਵਤਿਆਂ ਦੇ ਅੱਗੇ ਕੀਤੇ ਜਾ ਰਹੇ ਨਾਚ ਤੇ ਗਾਣਿਆਂ ਨਾਲ ਗੂੰਜਦੀ ਰਹਿੰਦੀ ਹੈ।

ਇਨ੍ਹਾਂ ਮੇਲਿਆਂ ਵਿਚ ਪਿੰਡ ਦੇ ਦੇਵਤੇ ਨੂੰ ਪਾਲਕੀ ਵਿਚ ਬੜੀ ਸੋਹਣੀ ਤਰ੍ਹਾਂ ਸਜਾ ਕੇ ਆਦਰ ਤੇ ਸਤਕਾਰ ਨਾਲ ਮੰਦਰ ਤੋਂ ਬਾਹਰ ਪਿੰਡ ਦੀ ਖੁਲ੍ਹੀ ਥਾਂ ਤੇ ਲਿਆਇਆ ਜਾਂਦਾ ਹੈ। ਇਸ ਦੀ ਪਾਲਕੀ ਨੂੰ ਪੁਜਾਰੀਆਂ ਨੇ ਚੁੱਕਿਆ ਹੁੰਦਾ ਹੈ। ਇਸ ਦੇ ਅੱਗੇ ਲੋਕੀ ਝੰਡੇ ਚੁਕੀਂ, ਢੋਲ, ਨਗਾਰੇ, ਮਜੀਰੇ, ਡੱਫ, ਨਰਸਿੰਘੇ, ਭੋਂਪੂ ਤੇ ਸ਼ਹਿਨਾਈਆਂ ਵਜਾਉਂਦੇ; ਨੱਚਦੇ ਤੇ ਗਾਉਂਦੇ ਤੁਰਦੇ ਜਾਂਦੇ ਹਨ। ਨੱਚਣ ਵਾਲਿਆਂ ਨੇ ਆਪਣੇ ਆਪ ਨੂੰ ਸੋਹਣੀ ਤਰ੍ਹਾਂ ਸਜਾਇਆ

ਹੁੰਦਾ ਹੈ। ਆਮ ਤੌਰ ਤੇ ਇਨ੍ਹਾਂ ਲੰਮਾ ਚੋਗਾ ਤੇ ਘੁੱਟਵਾਂ ਪਜਾਮਾ ਪਾਇਆ ਹੁੰਦਾ ਹੈ ਅਤੇ ਪੱਗਾਂ ਬੰਨ੍ਹੀਆਂ ਹੁੰਦੀਆਂ ਹਨ। ਗਲ ਵਿਚ ਫੁੱਲਾਂ ਦੇ ਹਾਰ ਅਤੇ ਹੱਥਾਂ ਵਿਚ ਫੁੱਲਾਂ ਦੇ ਗਜਰੇ ਪਾਏ ਹੁੰਦੇ ਹਨ। ਪੱਗ ਦੇ ਦੋਵੇਂ ਪਾਸੇ ਫੁੱਲਾਂ ਦੀਆਂ ਲੜੀਆਂ ਲਟਕਾਈਆਂ ਹੁੰਦੀਆਂ ਹਨ। ਸੱਜੇ ਹੱਥ ਵਿਚ ਰੁਮਾਲ ਫੜਿਆ ਹੁੰਦਾ ਹੈ। ਤਾਲ ਨਾਲ ਕਦਮ ਚੁੱਕਦੇ ਤੇ ਸਰੀਰ ਨੂੰ ਹਰ ਕਦਮ ਤੇ ਹਲੂਣਾ ਦਿੰਦੇ ਹੋਏ, ਬਾਹਾਂ ਨੂੰ ਹਲੋਰਦੇ, ਸੱਜੇ ਹੱਥਾਂ ਨਾਲ ਰੁਮਾਲ ਲਹਿਰਾਉਂਦੇ ਤੁਰਦੇ ਜਾਂਦੇ ਹਨ। ਹੋਲੀ ਹੋਲੀ ਇਹ ਜਲੂਸ ਪਿੰਡ ਦੀ ਨੀਅਤ ਥਾਂ ਉੱਤੇ ਪੁੱਜਦਾ ਹੈ ਜਿੱਥੇ ਦੇਵਤੇ ਦੀ ਪਾਲਕੀ ਆਦਰ ਅਤੇ ਸਤਕਾਰ ਨਾਲ ਉਤਾਰੀ ਜਾਂਦੀ ਹੈ।

ਦੇਵਤੇ ਨੂੰ ਉਤਾਰਨ ਪਿੱਛੋਂ ਜਦੋਂ ਨਾਚ ਦੀ ਸੁਰ ਵੱਜਦੀ ਹੈ ਤਾਂ ਲੋਕੀ ਉਸ ਦੇ ਆਲੇ ਦੁਆਲੇ ਚੱਕਰ ਬੰਨ੍ਹ ਕੇ ਖਲੋ ਜਾਂਦੇ ਹਨ ਅਤੇ ਇਕ ਦੂਜੇ ਦੇ ਹੱਥਾਂ ਨੂੰ ਫੜ ਕੇ ਪੈਰ ਮਾਰਦੇ ਚੱਕਰ ਵਿਚ ਨੱਚਣ ਲਗ ਪੈਂਦੇ ਹਨ। ਹੋਲੀ ਹੋਲੀ ਤਾਲ ਵਿਚ ਤੇਜ਼ੀ ਆਉਂਦੀ ਹੈ। ਜਦੋਂ ਲੋਕੀ ਮਸਤੀ ਵਿਚ ਆ ਜਾਂਦੇ ਹਨ ਤਾਂ ਇਨ੍ਹਾਂ ਦਾ ਦੇਵਤਾ ਵੀ ਖ਼ੁਸ਼ੀ ਵਿਚ ਆ ਕੇ ਇਨ੍ਹਾਂ ਨਾਲ ਨਾਚ ਵਿਚ ਰਲ ਜਾਂਦਾ ਹੈ। ਪੁਜਾਰੀ ਦੇਵਤੇ ਦੀ ਪਾਲਕੀ ਨੂੰ ਚੁੱਕ ਲੈਂਦੇ ਹਨ ਅਤੇ ਉਸ ਨੂੰ ਸੱਜੇ ਖੱਬੇ, ਉੱਪਰ ਹੇਠਾਂ, ਅੱਗੇ ਪਿੱਛੇ ਹਿਲਾਉਂਦੇ ਹਨ। ਇਸ ਦ੍ਰਿਸ਼ ਨੂੰ ਵੇਖ ਕੇ ਸ਼ਰਧਾ ਵਿਚ ਨੱਚਣ ਵਾਲਿਆਂ ਦੀ ਮਸਤੀ ਦੀ ਕੋਈ ਹੱਦ ਨਹੀਂ ਰਹਿੰਦੀ। ਉਹ ਸਰੂਰ ਵਿਚ ਆ ਕੇ ਤੇਜ਼ ਤੋਂ ਤੇਜ਼ ਨੱਚਦੇ ਹਨ ਅਤੇ ਇੰਜ ਲਗਦਾ ਹੈ ਕਿ ਕੇਵਲ ਉਹ ਲੋਕ ਹੀ ਨਹੀਂ ਸਗੋਂ ਸਾਰਾ ਸੰਸਾਰ ਹੀ ਨੱਚ ਰਿਹਾ ਹੈ। ਕਦੇ ਕਦੇ ਸਾਰੇ ਨੱਚਣ ਵਾਲੇ ਸਿਰ ਝੁਕਾ ਕੇ ਬਾਹਾਂ ਪਿੱਛੇ ਕਰ ਕੇ ਦੇਵਤੇ ਵੱਲ ਵਧਦੇ ਹਨ ਅਤੇ ਚੱਕਰ ਛੋਟਾ ਕਰ ਲੈਂਦੇ ਹਨ। ਫਿਰ ਪਿੱਛੇ ਵਲ ਹਟ ਕੇ ਚੱਕਰ ਵੱਡਾ ਕਰ ਲੈਂਦੇ ਹਨ। ਕੁਝ ਚਿਰ ਇਵੇਂ ਕਰਨ ਤੋਂ ਪਿੱਛੋਂ ਫੇਰ ਹੱਥਾਂ ਨੂੰ ਫੜ ਕੇ ਚੱਕਰ ਵਿਚ ਨੱਚਣ ਲਗ ਪੈਂਦੇ ਹਨ। ਕਦੇ ਕਦੇ ਤਾਂ ਇੰਨਾਂ ਤੇਜ਼ ਨੱਚਦੇ ਹਨ ਜਿਵੇਂ ਤੇਜ਼ੀ ਵਿਚ ਨੱਸ ਰਹੇ ਹੋਣ। ਇਹ ਨਾਚ ਸਾਰਾ ਦਿਨ ਹੁੰਦਾ ਰਹਿੰਦਾ ਹੈ ਅਤੇ ਥੱਕ ਕੇ ਡਿੱਗਣ ਵਾਲਿਆਂ ਦੀ ਥਾਂ ਨਵੇਂ ਸ਼ਰਧਾਲੂ ਮੱਲ ਲੈਂਦੇ ਹਨ। ਸੰਝ ਪੈਣ ਤੇ ਦੇਵਤੇ ਦੀ ਮੂਰਤੀ ਮੁੜ ਮੰਦਰ ਵਿਚ ਵਾਪਸ ਲੈ ਜਾਂਦੇ ਹਨ ਅਤੇ ਨਾਚ ਬੰਦ ਹੋ ਜਾਂਦਾ ਹੈ।

ਕੁੱਲੂ ਦੀ ਵਾਦੀ ਵਿਚ ਥਾਂ ਥਾਂ ਇਹ ਮੇਲੇ ਮਨਾਏ ਜਾਣ ਤੋਂ ਪਿੱਛੋਂ ਅਖ਼ੀਰਲਾ ਮੇਲਾ ਦੁਸਹਿਰੇ ਦੇ ਦਿਨਾਂ ਵਿਚ ਕੁਲੂ ਸ਼ਹਿਰ ਵਿਚ ਹੁੰਦਾ ਹੈ। ਮੇਲੇ ਦੇ ਆਰੰਭ ਵਿਚ ਦੂਜੇ ਪਿੰਡ ਦੇ ਦੇਵਤੇ ਆਪਣੇ ਪੁਜਾਰੀਆਂ ਅਤੇ ਸ਼ਰਧਾਲੂਆਂ ਨਾਲ ਸ੍ਰੀ ਰਘੁਨਾਥ ਜੀ ਨੂੰ ਮਿਲਣ ਆਉਂਦੇ ਹਨ। ਸ੍ਰੀ ਰਘੁਨਾਥ ਜੀ ਦੀ ਮੂਰਤੀ ਬੜੀ ਸੋਹਣੀ ਤਰ੍ਹਾਂ ਸਜਾ ਕੇ ਰਥ ਵਿਚ ਰੱਖੀ ਜਾਂਦੀ ਹੈ। ਰਥ ਦੇ ਨਾਲ ਲੰਮੇ ਰੱਸੇ ਬੰਨ੍ਹ ਦਿੱਤੇ ਹਨ ਤਾਂ ਜੋ ਬਹੁਤੇ ਸ਼ਰਧਾਲੂ ਰਥ ਨੂੰ ਖਿੱਚਣ ਦਾ ਮਾਣ ਪਰਾਪਤ ਕਰ ਸਕਣ। ਇਹ ਮੂਰਤੀ ਮੰਦਰ ਤੋਂ ਬੜੀ ਸ਼ਾਨ ਨਾਲ ਉੱਪਰ ਵਰਣਨ ਕੀਤੇ ਢੰਗ ਨਾਲ ਇਕ ਬੜੇ ਵੱਡੇ ਜਲੂਸ ਦੀ ਸ਼ਕਲ ਵਿਚ ਵਾਜਿਆਂ ਗਾਜਿਆਂ ਅਤੇ ਗਾਉਂਦੇ ਨੱਚਦੇ ਲੋਕਾਂ ਨਾਲ ਢਲਪੁਰ ਦੇ ਮੈਦਾਨ ਵਿਚ ਲਿਆਈ ਜਾਂਦੀ ਹੈ। ਇਹ ਮੈਦਾਨ ਇੰਨਾਂ ਵੱਡਾ ਹੈ ਕਿ ਇਸ ਵਿਚ ਹਜ਼ਾਰਾਂ ਆਦਮੀ ਸਮਾ ਸਕਦੇ ਹਨ। ਇਸ ਦੇ ਚੋਗਿਰਦੇ ਵੱਡੇ ਵੱਡੇ ਦਿਉਦਾਰ ਦੇ ਬਿਰਛ ਇਸ ਦੀ ਸ਼ਾਨ ਨੂੰ ਦੂਣਾ ਕਰ ਰਹੇ ਹਨ। ਇਹ ਮੇਲਾ ਸੱਤਾਂ ਦਿਨਾਂ ਤਕ ਰਹਿੰਦਾ ਹੈ ਅਤੇ ਲੋਕੀ ਰਘੁਨਾਥ ਜੀ ਦੀ ਮੂਰਤੀ ਤੇ ਹੋਰ ਥਾਵਾਂ ਤੋਂ ਆਈਆਂ ਮੂਰਤੀਆਂ ਦੇ ਆਲੇ-ਦੁਆਲੇ ਉੱਪਰ ਦੱਸੇ ਢੰਗ ਨਾਲ ਰਹਿੰਦੇ ਹਨ। ਕੁੱਲੂ ਦਾ ਇਹ ਮੇਲਾ ਅਤੇ ਇਸ ਦਾ ਲੋਕ-ਨਾਚ ਇੰਨਾ ਮਸ਼ਹੂਰ ਹੈ ਕਿ ਭਾਰਤ ਦੇ ਦੂਰ ਦੂਰ ਦੇ ਇਲਾਕਿਆਂ ਤੋਂ ਲੋਕ ਇਸ ਮੇਲੇ ਨੂੰ ਵੇਖਣ ਲਈ ਆਉਂਦੇ ਹਨ।

ਇਸ ਦੁਸਹਿਰੇ ਦੇ ਤਿਉਹਾਰ ਤੋਂ ਛੁੱਟ ਕੁੱਲੂ ਦੀ ਵਾਦੀ ਵਿਚ ਹੋਰ ਧਾਰਮਕ ਤਿਉਹਾਰ ਵੀ ਹਨ ਜਿਨ੍ਹਾਂ ਵਿਚ ਨਾਚ ਇਕ ਜ਼ਰੂਰੀ ਅੰਗ ਹੈ, ਜਿਵੇਂ 'ਪਿੱਪਲ ਯਾਤਰਾ'। ਇਸ ਤਿਉਹਾਰ ਦਾ ਸੰਬੰਧ ਵੀ ਸ੍ਰੀ ਰਘੁਨਾਥ ਨਾਲ ਹੀ ਹੈ ਅਤੇ ਇਹ ਵੀ ਨਾਚਾਂ ਨਾਲ ਮਨਾਇਆ ਜਾਂਦਾ ਹੈ। ਇਕ ਤਿਉਹਾਰ 'ਦੀਵਾਲੀ' ਵੀ ਹੈ ਜਿਹੜਾ ਬੜੀ ਧੂਮ ਧਾਮ ਨਾਲ ਸਿਰਾਜ ਦੇ ਇਲਾਕੇ ਵਿਚ ਨਾਰਮੰਡ ਵਿਖੇ ਮਨਾਇਆ ਜਾਂਦਾ ਹੈ। ਸਿਰਾਜ ਦੇ ਲੋਕੀ ਅਣਥੱਕ ਨਾਚ ਨੱਚਣ ਵਾਲੇ ਸਮਝੇ ਜਾਂਦੇ ਹਨ। ਇਹ ਤਿਉਹਾਰ ਮੈਦਾਨੀ ਇਲਾਕੇ ਦੀ ਦੀਵਾਲੀ ਤੋਂ ਵੱਖਰਾ ਹੈ ਅਤੇ ਦਸੰਬਰ ਦੇ ਮਹੀਨੇ

ਵਿਚ ਆਉਂਦਾ ਹੈ । ਇਸ ਮੇਲੇ ਵਿਚ ਦੇਵਤੇ ਦੀ ਮੂਰਤੀ ਮੰਦਰੋਂ ਬਾਹਰ ਨਹੀਂ ਲਿਆਈ ਜਾਂਦੀ ।

ਤੀਵੀਆਂ ਇਨ੍ਹਾਂ ਨਾਚਾਂ ਵਿਚ ਹਿੱਸਾ ਬਿਲਕੁਲ ਨਹੀਂ ਲੈਂਦੀਆਂ, ਪਰ ਉਹ ਸਜ ਸਜਾ ਕੇ ਇਨ੍ਹਾਂ ਨਾਚਾਂ ਨੂੰ ਵੇਖਣ ਲਈ ਜ਼ਰੂਰ ਆਉਂਦੀਆਂ ਹਨ । ਨੱਚਣ ਵਾਲੀ ਟੋਲੀ ਦੇ ਆਲੇ-ਦੁਆਲੇ ਦਰਸ਼ਕਾਂ ਦੇ ਇਕ ਪਾਸੇ ਤੀਵੀਂਆਂ ਦਾ ਇਕੱਠ ਹੁੰਦਾ ਹੈ ਅਤੇ ਉਹ ਨੱਚਣ ਵਾਲੇ ਅਤੇ ਉਸ ਦੀ ਹਿੰਮਤ ਤੇ ਸਾਹਸ ਨੂੰ ਪਰਸੰਸਾ ਦੀ ਨਿਗਾਹ ਨਾਲ ਵੇਖਦੀਆਂ ਹਨ ।

## (ਅ) ਨਾਟੀ

ਧਾਰਮਕ ਮੇਲਿਆਂ ਸਮੇਂ ਨੱਚਣ ਨੂੰ ਕੁੱਲੂ ਦੇ ਲੋਕ ਆਪਣਾ ਧਰਮ ਸਮਝਦੇ ਹਨ, ਪਰ ਇਨ੍ਹਾਂ ਮੇਲਿਆਂ ਤੋਂ ਇਲਾਵਾ ਵੀ ਕੁੱਲੂ ਦੇ ਲੋਕਾਂ ਪਾਸ ਨਾਚ ਮੌਜੂਦ ਹਨ । ਵਿਆਹ ਸ਼ਾਹੀ ਦੇ ਸਮੇਂ, ਪੁੱਤਰ ਜੰਮਣ ਸਮੇਂ ਜਾਂ ਕਿਸੇ ਹੋਰ ਖ਼ੁਸ਼ੀ ਦੇ ਸਮੇਂ ਵੀ ਨਾਚ ਜ਼ਰੂਰੀ ਹੈ । ਧਾਰਮਕ ਨਾਚ ਦੀ ਤਰ੍ਹਾਂ ਇਸ ਫੁੱਲਾਂ ਦੀ ਵਾਦੀ ਵਿਚ ਰਹਿਣ ਵਾਲੇ ਲੋਕ ਆਪਣੇ ਆਪ ਨੂੰ ਫੁੱਲਾਂ ਨਾਲ ਸ਼ਿੰਗਾਰ ਲੈਂਦੇ ਹਨ, ਬਲਕਿ ਕਈ ਤਾਂ ਗਹਿਣੇ ਵੀ ਪਾ ਲੈਂਦੇ ਹਨ ।

ਨਾਚ ਸ਼ੁਰੂ ਹੋਣ ਤੋਂ ਪਹਿਲਾਂ ਢੋਲ ਅਤੇ ਹੋਰ ਸਾਜ਼ਾਂ ਵਾਲੇ ਕਿਸੇ ਖੁਲ੍ਹੀ ਥਾਂ ਤੇ ਬਹਿ ਜਾਂਦੇ ਹਨ ਅਤੇ ਨੱਚਣ ਵਾਲੇ ਉਨ੍ਹਾਂ ਦੇ ਆਲੇ ਦੁਆਲੇ ਘੇਰਾ ਪਾ ਲੈਂਦੇ ਹਨ । ਸਾਜ਼ਾਂ ਅਤੇ ਢੋਲ ਦੀ ਸੁਰ ਤਾਲ ਤੇ ਨੱਚਣ ਵਾਲੇ ਪਹਿਲਾਂ ਖੱਬਾ ਪੈਰ ਅੱਗੇ ਰਖਦੇ ਅਤੇ ਮੋਢਿਆਂ ਨੂੰ ਝੁਕਾ ਕੇ ਸਰੀਰ ਨੂੰ ਲਚਕ ਦਿੰਦੇ ਹਨ । ਫੇਰ ਸੱਜਾ ਪੈਰ ਅੱਗੇ ਵਧਾ ਕੇ ਓਵੇਂ ਹੀ ਸਰੀਰ ਨੂੰ ਲਚਕ ਦਿੰਦੇ ਨੱਚਦੇ ਹਨ । ਕੁਝ ਚਿਰ ਪਿੱਛੋਂ ਨੱਚਣ ਵਾਲੇ ਇਕ ਹੱਥਾਂ ਨਾਲ ਦੂਜੇ ਦੇ ਹੱਥ ਫੜ ਕੇ ਘੇਰੇ ਵਿਚ ਨੱਚਣ ਲਗ ਜਾਂਦੇ ਹਨ । ਇਹ ਨਾਚ ਕਰਦੇ ਸਮੇਂ ਸਰੀਰ ਨੂੰ ਬੜੇ ਸੁਚੱਜੇ ਢੰਗ ਨਾਲ ਹਿਲੋਰੇ ਦਿੰਦੇ ਹਨ ਕਿ ਸਰੀਰ ਦਾ ਹਰ ਇਕ ਅੰਗ ਨਾਚ ਦੀ ਮਸਤੀ ਵਿਚ ਹਿੱਲਦਾ ਵਿਖਾਈ ਦਿੰਦਾ ਹੈ । ਹੌਲੀ ਹੌਲੀ ਸਾਜ਼ਿੰਦੇ ਆਪਣੀ ਤਾਲ ਨੂੰ ਤੇਜ਼ ਕਰਦੇ ਹਨ ਅਤੇ ਨੱਚਣ ਵਾਲਿਆਂ ਦੇ ਨਾਚ ਵਿਚ ਵੀ ਤੀਬਰਤਾ ਆ ਜਾਂਦੀ ਹੈ । ਜੋਸ਼ ਵਿਚ ਆ ਕੇ ਸਾਜ਼ਿੰਦੇ ਵੀ ਉਠ ਖਲੋਂਦੇ ਹਨ ਅਤੇ ਮਸਤੀ ਵਿਚ ਝੂਮਣ ਲੱਗ ਜਾਂਦੇ ਹਨ । ਢੋਲੀ ਕਈ ਵਾਰ ਢੋਲ ਵਜਾਉਂਦੇ ਹੋਏ ਸਿਰ ਤੇ ਰਖ ਲੈਂਦੇ ਹਨ, ਪਰ ਤਾਲ ਨਹੀਂ ਖੁੰਝਦੀ । ਇਵੇਂ ਹੀ ਉਹ ਢੋਲ ਨੂੰ ਉੱਪਰ ਉਛਾਲਦੇ ਠੀਕ ਤਾਲ ਦਿੰਦੇ ਰਹਿੰਦੇ ਹਨ । ਨਾਚ ਦੇ ਸਰੂਰ ਵਿਚ ਆ ਕੇ ਨੱਚਣ ਵਾਲੇ ਤੇ ਸਾਜ਼ਿੰਦੇ ਦੋਵੇਂ ਇਕ ਸਮਾਂ ਬੰਨ੍ਹ ਦਿੰਦੇ ਹਨ । ਇਸ ਨਾਚ ਦੇ ਨਾਲ ਨਾਲ ਗਾਣਾ ਵੀ ਹੁੰਦਾ ਰਹਿੰਦਾ ਹੈ ।

## (ੲ) ਤਲਵਾਰ ਨਾਟੀ

ਕੁੱਲੂ ਦੇ ਵਸਨੀਕਾਂ ਦਾ ਇਕ ਹੋਰ ਬੜਾ ਪਿਆਰਾ ਨਾਚ 'ਤਲਵਾਰ ਨਾਟੀ' ਹੈ । ਇਹ ਨਾਚ ਪੁਰਾਤਨ ਸਭਿਅਤਾ ਦਾ ਨਮੂਨਾ ਹੈ, ਜਦੋਂ ਕਿ ਹਰ ਇਕ ਮਨੁੱਖ ਵਾਸਤੇ ਆਪਣੀ ਰੱਖਿਆ ਲਈ ਤਲਵਾਰ ਚਲਾਉਣ ਦੀ ਸਿੱਖਿਆ ਜ਼ਰੂਰੀ ਸੀ । ਤਲਵਾਰ ਦੇ ਧਨੀ ਕੇਵਲ ਆਪਣੀ ਰੱਖਿਆ ਲਈ ਹੀ ਮਸ਼ਹੂਰ ਨਹੀਂ ਸਨ ਹੁੰਦੇ ਸਗੋਂ ਉਹ ਦੂਜਿਆਂ ਦੇ ਮਾਣ ਅਤੇ ਸਤਿਕਾਰ ਦੇ ਪਾਤਰ ਵੀ ਹੁੰਦੇ ਸਨ । ਅੱਜ ਕਲ ਦੇ ਜ਼ਮਾਨੇ ਵਿਚ ਤਲਵਾਰ ਸ੍ਵੈਰੱਖਿਆ ਲਈ ਜਾਂ ਲੜਾਈ ਲਈ ਇੰਨਾ ਚੰਗਾ ਹਥਿਆਰ ਨਹੀਂ, ਪਰ ਕੁੱਲੂ ਦੇ ਲੋਕਾਂ ਨੇ 'ਤਲਵਾਰ ਨਾਟੀ' ਦੀ ਸ਼ਕਲ ਵਿਚ ਇਸ ਪੁਰਾਤਨ ਹਥਿਆਰ ਦਾ ਮਾਣ ਸੰਭਾਲ ਕੇ ਰੱਖਿਆ ਹੋਇਆ ਹੈ । ਇਸ ਨਾਚ ਨੂੰ ਦੂਜੇ ਸ਼ਬਦਾਂ ਵਿਚ 'ਜੰਗੀ ਨਾਚ' ਵੀ ਕਿਹਾ ਜਾ ਸਕਦਾ ਹੈ ।

ਢੋਲ, ਨਰਸਿੰਘਿਆਂ ਅਤੇ ਨਗਾਰਿਆਂ ਆਦਿ ਵਾਲੇ ਸਾਜ਼ਿੰਦੇ ਲੜਾਈ ਦੀ ਸੁਰ ਵਜਾਉਂਦੇ ਹਨ ਤਾਂ ਨੱਚਣ ਵਾਲੇ

ਜੋਸ਼ ਵਿਚ ਮਸਤ ਹੋਏ ਸੱਜੇ ਹੱਥ ਵਿਚ ਨੰਗੀ ਤਲਵਾਰ ਫੜੀ ਅਤੇ ਖੱਬੇ ਹੱਥ ਵਿਚ ਮਿਆਨ ਫੜੀ ਮੈਦਾਨ ਵਿਚ ਨਿਕਲ ਆਉਂਦੇ ਹਨ। ਹਰ ਇਕ ਨੱਚਣ ਵਾਲਾ ਤਲਵਾਰ ਘੁਮਾਉਂਦਾ ਹੋਇਆ ਤਾਲ ਸਿਰ ਪੈਂਤੜੇ ਬਦਲਦਾ ਹੈ। ਹਰ ਆਦਮੀ ਕੁਝ ਚਿਰ ਆਪਣੇ ਕਰਤਬ ਵਿਖਾਉਣ ਪਿੱਛੋਂ ਦੋ ਦੋ ਆਦਮੀਆਂ ਦੀਆਂ ਜੋਟੀਆਂ ਬਣਾ ਕੇ ਲੜਾਈ ਦਾ ਇਕ ਸੋਹਣਾ ਦ੍ਰਿਸ਼ ਪੇਸ਼ ਕਰਦਾ ਹੈ। ਇਨ੍ਹਾਂ ਦੇ ਨਾਚ ਨੂੰ ਵੇਖ ਕੇ ਮਹਾਂਭਾਰਤ ਦੀ ਲੜਾਈ ਚੇਤੇ ਆ ਜਾਂਦੀ ਹੈ। ਇੰਨੇ ਵਿਚ ਢੋਲ ਦੀ ਤਾਲ ਫੇਰ ਤੇਜ਼ ਹੁੰਦੀ ਹੈ ਅਤੇ ਨੱਚਣ ਵਾਲੇ ਫਿਰ ਵੱਖਰੇ ਵੱਖਰੇ ਹੋ ਕੇ ਤਲਵਾਰ ਨੂੰ ਘੁਮਾਉਣਾ ਸ਼ੁਰੂ ਕਰ ਦਿੰਦੇ ਹਨ। ਤਲਵਾਰ ਚਲਾਉਣ ਵਾਲੇ ਦੀ ਤੇਜ਼ੀ ਅਤੇ ਸਾਹਸ ਨੂੰ ਵੇਖ ਕੇ ਦੇਖਣ ਵਾਲੇ ਪਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਦੇ। ਥੱਕਣ ਵਾਲੇ ਅਖਾੜੇ ਤੋਂ ਹਟ ਕੇ ਖਲੋਤੇ ਦਰਸ਼ਕਾਂ ਵਿਚ ਜਾ ਮਿਲਦੇ ਹਨ। ਆਖ਼ਰ ਢੋਲ ਬੰਦ ਹੋ ਜਾਂਦਾ ਹੈ ਅਤੇ ਇਹ ਨਾਚ ਵੀ ਮੁੱਕ ਜਾਂਦਾ ਹੈ। ਕਈ ਜਵਾਨ ਇਸ ਨਾਚ ਵਿਚ ਦੂਹਾਂ ਹੱਥਾਂ ਵਿਚ ਦੋ ਤਲਵਾਰਾਂ ਫੜ ਕੇ ਵੀ ਨਾਚ ਕਰਦੇ ਹਨ ਅਤੇ ਕਈ ਜਵਾਨ ਤਿੰਨ ਤਲਵਾਰਾਂ ਨਾਲ ਮੈਦਾਨ ਵਿਚ ਆਉਂਦੇ ਹਨ; ਦੋ ਤਲਵਾਰਾਂ ਉਨ੍ਹਾਂ ਦੇ ਦੂਹਾਂ ਹੱਥਾਂ ਵਿਚ ਹੁੰਦੀਆਂ ਹਨ ਤੇ ਤੀਜੀ ਨੂੰ ਦੰਦਾਂ ਵਿਚ ਫੜਿਆ ਹੁੰਦਾ ਹੈ।

## (ਸ) ਕਾਂਗੜੇ ਦੇ ਗੱਦੀਆਂ ਦਾ ਨਾਚ

ਕਾਂਗੜੇ ਜ਼ਿਲੇ ਵਿਚ ਇਕ ਇਲਾਕਾ ਧੌਲਾਧਾਰ ਦੀਆਂ ਪਹਾੜੀਆਂ ਦਾ ਹੈ। ਇਸ ਇਲਾਕੇ ਦੇ ਰਹਿਣ ਵਾਲਿਆਂ ਨੂੰ 'ਗੱਦੀ' ਆਖਦੇ ਹਨ ਅਤੇ ਇਨ੍ਹਾਂ ਦੇ ਨਾਂ ਤੇ ਹੀ ਇਸ ਇਲਾਕੇ ਨੂੰ 'ਗਦੇਰਨ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਮੁੱਖ ਕਿੱਤਾ ਭੇਡਾਂ ਅਤੇ ਬੱਕਰੀਆਂ ਪਾਲਣਾ ਹੈ। ਡਾਕਟਰ ਮਹਿੰਦਰ ਸਿੰਘ ਰੰਧਾਵਾ ਨੇ ਆਪਣੀ ਪੁਸਤਕ 'ਕਾਂਗੜਾ' ਵਿਚ ਲਿਖਿਆ ਹੈ ਕਿ ਇਨ੍ਹਾਂ ਲੋਕਾਂ ਦਾ ਪਿੱਛਾ ਪੰਜਾਬ ਹੀ ਹੈ ਅਤੇ ਇਹ ਲੋਕੀ ਔਰੰਗਜ਼ੇਬ ਦੇ ਰਾਜ ਸਮੇਂ ਜ਼ਬਰਦਸਤੀ ਮੁਸਲਮਾਨ ਬਣਾਏ ਜਾਣ ਦੀ ਮੁਹਿੰਮ ਤੋਂ ਡਰ ਕੇ ਲਾਹੌਰ ਨੂੰ ਛੱਡ ਪਹਾੜ ਵੱਲ ਚਲੇ ਗਏ। ਇਨ੍ਹਾਂ ਦਾ ਪਹਿਰਾਵਾ ਵੀ ਵੱਖਰੀ ਕਿਸਮ ਦਾ ਹੈ। ਮਰਦ ਅਤੇ ਤੀਵੀਆਂ ਦੋਵੇਂ ਉੱਨ ਦਾ ਢਿੱਲਾ ਜਿਹਾ ਚੋਲਾ ਪਾਉਂਦੇ ਹਨ। ਮਰਦਾਂ ਦਾ ਚੋਲਾ ਗੋਡਿਆਂ ਤੀਕ ਅਤੇ ਤੀਵੀਂਆਂ ਦਾ ਚੋਲਾ ਗਿੱਟਿਆਂ ਤੀਕ ਲੰਮਾ ਹੁਦਾ ਹੈ। ਮਰਦ ਸਿਰ ਉੱਤੇ ਉੱਚੀ ਜਹੀ ਟੋਪੀ ਪਹਿਨਦੇ ਹਨ ਜਾਂ ਪੱਗ ਬੰਨ੍ਹ ਲੈਂਦੇ ਹਨ। ਤੀਵੀਆਂ ਸਿਰ ਉੱਤੇ ਰੁਮਾਲ ਬੰਨ੍ਹਦੀਆਂ ਹਨ। ਮਰਦਾਂ ਦੀਆਂ ਟੰਗਾਂ ਆਮ ਤੌਰ ਤੇ ਨੰਗੀਆਂ ਹੁੰਦੀਆਂ ਹਨ ਜਾਂ ਉਹ ਘੁੱਟਵਾਂ ਪਜਾਮਾ ਪਾ ਲੈਂਦੇ ਹਨ। ਤੀਵੀਂਆਂ ਘੁੱਟਵਾਂ ਪਜਾਮਾ ਜ਼ਰੂਰ ਪਾਉਂਦੀਆਂ ਹਨ। ਤੀਵੀਂਆਂ ਅਤੇ ਮਰਦ ਲੱਕ ਦੇ ਆਲੇ ਦੁਆਲੇ ਇਕ ਬੜੀ ਲੰਮੀ ਉੱਨ ਦੀ ਰੱਸੀ ਲਪੇਟ ਲੈਂਦੇ ਹਨ। ਇਹ ਲੋਕੀ ਬੜੇ ਖ਼ੁਸ਼-ਰਹਿਣੇ ਹਨ ਅਤੇ ਰਲ ਕੇ ਨੱਚਣਾ ਇਨ੍ਹਾਂ ਦਾ ਆਮ ਦਿਲ-ਪਰਚਾਵਾ ਹੈ। ਮੇਲੇ ਅਤੇ ਤਿਉਹਾਰ ਵਿਚ ਤਾਂ ਇਹ ਲੋਕੀ ਨੱਚਦੇ ਹੀ ਹਨ, ਪਰ ਕਿਸੇ ਵੀ ਖ਼ੁਸ਼ੀ ਦੇ ਸਮੇਂ ਇਨ੍ਹਾਂ ਨੂੰ ਸੱਦਾ ਭੇਜ ਦਿਉ ਇਹ ਆ ਜਾਣਗੇ। ਇਨ੍ਹਾਂ ਨੂੰ ਚੰਗਾ ਖਾਣਾ ਦਿਉ ਅਤੇ ਪੀਣ ਨੂੰ ਲੁਗੜੀ ਦਿਉ, ਅਤੇ ਇਨ੍ਹਾਂ ਦਾ ਮਸਤੀ-ਭਰਿਆ ਨਾਚ ਵੇਖ ਲਓ। ਲੁਗੜੀ ਚਾਵਲਾਂ ਨੂੰ ਖ਼ਮੀਰ ਕਰ ਕੇ ਬਣਦੀ ਹੈ। ਇਸ ਵਿਚ ਥੋੜ੍ਹਾ ਜਿਹਾ ਨਸ਼ਾ ਵੀ ਹੁੰਦਾ ਹੈ। ਲੁਗੜੀ ਇਨ੍ਹਾਂ ਦੀ ਮਨ-ਭਾਉਂਦੀ ਚੀਜ਼ ਹੈ ਅਤੇ ਨਾਚ ਕਰਦੇ ਸਮੇਂ ਮੁੜ ਮੁੜ ਪੀਂਦੇ ਰਹਿੰਦੇ ਹਨ। ਇਸ ਦੀ ਲੋਰ ਵਿਚ ਇਹ ਸਾਰੀ ਸਾਰੀ ਰਾਤ ਨੱਚਦੇ ਰਹਿੰਦੇ ਹਨ।

ਧੌਲਾਧਾਰ ਦੀਆਂ ਪਹਾੜੀਆਂ ਵਿਚ ਇਕ ਖ਼ੂਬਸੂਰਤ ਪਿੰਡ 'ਬੀੜ' ਨਾਂ ਦਾ ਹੈ। ਇੱਥੇ ਹੋਲੀਆਂ ਦੇ ਦਿਨਾਂ ਵਿਚ ਇਕ ਮੇਲਾ ਲਗਦਾ ਹੈ ਜਿਸ ਵਿਚ ਗੱਦੀ ਅਤੇ ਕਨੈਤ ਜਾਤੀ ਦੇ ਲੋਕ ਬਹੁਤ ਆਉਂਦੇ ਹਨ ਅਤੇ ਖ਼ੂਬ ਨੱਚਦੇ ਹਨ। ਇੱਥੇ ਵੀ ਕੁੱਲੂ ਦੇ ਲੋਕੀ ਆਪਣੇ ਦੇਵਤਿਆਂ ਨੂੰ ਪਾਲਕੀ ਵਿਚ ਲੈ ਆਉਂਦੇ ਹਨ ਅਤੇ ਇਹ ਮੇਲਾ ਕੁੱਲੂ ਦੇ ਦੁਸਹਿਰੇ ਦੇ ਮੇਲੇ ਦਾ ਇਕ ਛੋਟਾ ਜਿਹਾ ਨਮੂਨਾ ਬਣ ਜਾਂਦਾ ਹੈ।

ਗੱਦੀ ਵੀ ਨੱਚਣ ਵੇਲੇ ਇਕ ਘੇਰੇ ਵਿਚ ਖਲੋ ਜਾਂਦੇ ਹਨ। ਬਾਹਾਂ ਨੂੰ ਹਲੋਰਾ ਦਿੰਦੇ ਹੋਏ ਹੱਥਾਂ ਨੂੰ ਹਿਲਾਉਂਦੇ

ਤੇ ਨਿੱਕੇ ਨਿੱਕੇ ਕਦਮ ਪੁੱਟਦੇ ਹਨ। ਕਦੇ ਕਦੇ ਆਪਣੀ ਚਾਲ ਬਦਲ ਲੈਂਦੇ ਹਨ ਅਤੇ ਖੱਬੇ ਪੈਰ ਨਾਲ ਦੋ ਵਾਰੀ ਧਮਕ ਦੇ ਕੇ ਤੀਜੀ ਵਾਰ ਸੱਜੇ ਪੈਰ ਨੂੰ ਅੱਗੇ ਵਧਾਉਂਦੇ ਹਨ। ਇਨ੍ਹਾਂ ਦਾ ਇਹ ਮਟਕ ਮਟਕ ਕੇ ਚਲਣਾ ਬੜਾ ਸੋਹਣਾ ਲਗਦਾ ਹੈ। ਕਦੇ ਕਦੇ ਇਹ ਨੱਚਦੇ ਹੋਏ ਇਕ ਲੱਤ ਨੂੰ ਉੱਚੀ ਚੁੱਕ, ਸਰੀਰ ਨੂੰ ਕੋਡਾ ਕਰ, ਹੱਥਾਂ ਨੂੰ ਹਲੋਰਾ ਦੇ ਕੇ ਲੱਤ ਹੇਠਾਂ ਤਾੜੀ ਮਾਰਦੇ ਹਨ ਅਤੇ ਇਵੇਂ ਬਦਲ ਬਦਲ ਕੇ ਤਾੜੀ ਮਾਰਦੇ ਨੱਚਦੇ ਰਹਿੰਦੇ ਹਨ। ਨੱਚਣ ਸਮੇਂ ਇਹ ਲੋਕੀ ਗਾਣਾ ਜ਼ਰੂਰ ਗਾਉਂਦੇ ਹਨ ਅਤੇ ਕਈ ਵਾਰ ਤਾੜੀ ਨਾਲ ਤਾਲ ਦਿੰਦੇ ਹਨ। ਜਦੋਂ ਨੱਚਣ ਵਾਲੇ ਬਹੁਤੀ ਲੋਰ ਵਿਚ ਆ ਜਾਂਦੇ ਹਨ ਤਾਂ ਘੇਰਾ ਛੱਡ ਕੇ ਤੇਜ਼ ਨੱਚਦੇ ਹਨ। ਬਾਹਾਂ ਨੂੰ ਹਲੋਰੇ ਦਿੰਦੇ ਹੋਏ, ਨੀਵੇਂ ਜਹੇ ਹੋ ਕੇ ਅੱਧਾ ਚੱਕਰ ਜਾਂ ਪੂਰਾ ਚੱਕਰ ਕੱਟਦੇ ਹਨ। ਚੱਕਰ ਕੱਟਣ ਦਾ ਢੰਗ ਕੁਝ ਅਨੋਖਾ ਜਿਹਾ ਹੈ, ਪਰ ਬੜੇ ਸੋਹਣੇ ਲਗਦੇ ਹਨ। ਜਦੋਂ ਬਾਹਾਂ ਖਿਲਾਰ ਕੇ ਚੱਕਰ ਕੱਟਦੇ ਹਨ ਅਤੇ ਇਨ੍ਹਾਂ ਦਾ ਚੋਲਾ ਇਸ ਹੁਲਾਰੇ ਵਿਚ ਖਿਲਰਦਾ ਹੈ ਤਾਂ ਇੰਜ ਜਾਪਦਾ ਹੈ ਕਿ ਤੇਜ਼ ਹਵਾ ਵਿਚ ਪਹਾੜਾਂ ਦੇ ਬਿਰਛ ਝੂਮ ਰਹੇ ਹੋਣ। ਇਵੇਂ ਚੱਕਰ ਕੱਟਦੇ ਹੋਏ ਕਈ ਵਾਰੀ ਬਹਿ ਜਾਂਦੇ ਹਨ। ਫੇਰ ਜੋਸ਼ ਵਿਚ ਉੱਠ ਕੇ "ਹਾਰੀ ਨਾਟਾ, ਭਾਲਾ ਹਾਏ" ਬੋਲਦੇ ਹਨ। ਇਨ੍ਹਾਂ ਸ਼ਬਦਾਂ ਦੇ ਅਰਥ ਹਨ: "ਆਉ ਨੱਚੀਏ, ਅਸੀਂ ਬੜੇ ਖ਼ੁਸ਼ ਹਾਂ।" ਇਹ ਲੋਕ ਵੀ ਨਾਚ ਕਰਦੇ ਹੋਏ ਕਈ ਵਾਰੀ 'ਸ਼ੂ, ਸ਼ੂ' ਦੀ ਆਵਾਜ਼ ਕੱਢਦੇ ਹਨ।

ਗੱਦੀਆਂ ਦੇ ਨਚਣ ਸਮੇਂ ਗਾਏ ਜਾਣ ਵਾਲੇ ਗੀਤਾਂ ਵਿੱਚੋਂ ਇਕ ਆਮ ਪਰਚਲਤ ਗੀਤ ਇਓਂ ਹੈ :-

ਅੱਜ ਦੀ ਰਾਤੀਂ ਰਓ ਮੇਰੇ ਗੱਦੀਆ,
ਅੱਜ ਦੀ ਰਾਤੀਂ ਰਓ, ਹੋ।
ਅੱਜ ਦੀ ਰਾਤੀਂ ਰਓ ਮੇਰੇ ਮਿੱਤਰਾ,
ਅੱਜ ਦੀ ਰਾਤੀਂ ਰਓ, ਹੋ।
ਸਹੁਰਾ ਬੀ ਘਰ ਨਹੀਂ, ਸੱਸ ਵੀ ਘਰ ਨਹੀਂ,
ਕੱਲੀਏ ਜੋ ਲਗਦਾ ਹੈ ਭੌ, ਹੋ।
ਤੇਲ ਬੀ ਦਿੰਨੀਆਂ, ਸਾਬਣ ਵੀ ਦਿੰਨੀਆਂ,
ਠੰਢੀਆ ਬੌੜੀਆ ਨ੍ਹਾਓ, ਹੋ।
ਚੌਲ ਬੀ ਦਿੰਨੀਆਂ, ਦਾਲ ਬੀ ਦਿੰਨੀਆਂ,
ਤੜਕੇ ਜੋ ਦਿੰਨੀਆਂ ਘਿਓ, ਹੋ।
ਮੰਜਾ ਬੀ ਦਿੰਨੀਆਂ, ਖਿੰਧ ਬੀ ਦਿੰਨੀਆਂ,
ਤੂੰ ਠੰਢਿਆਂ ਬਾਗਾਂ ਬਿਚ ਸੌਂ, ਹੋ।

ਕਈ ਵਾਰੀ ਇਹ ਲੋਕੀ ਗੱਦੀ ਪ੍ਰੇਮੀਆਂ ਦੀ ਇਕ ਜੋੜੀ 'ਕੁੰਜੂਆਂ' ਅਤੇ 'ਚੰਚਲੋ' ਦੇ ਗੀਤਾਂ ਨੂੰ ਵੀ ਬੜੇ ਚਾ ਨਾਲ ਗਾਉਂਦੇ ਹਨ। ਕਈ ਵਾਰੀ ਨੱਚਣ ਵਾਲੇ ਦੋ ਟੋਲੀਆਂ ਵਿਚ ਹੋ ਕੇ ਆਪਸ ਵਿਚ ਗਾਣੇ ਰਾਹੀਂ ਸਵਾਲ ਜਵਾਬ ਵੀ ਕਰਦੇ ਹਨ।

ਗੱਦੀਆਂ ਦੇ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ, ਪਰ ਇਸ ਦੇ ਨਾਲ ਸ਼ਹਿਨਾਈ, ਬੀਨ, ਢੋਲ, ਦੋਤਾਰਾ, ਬੰਸਰੀ ਆਦਿ ਵੀ ਵਜਾਏ ਜਾਂਦੇ ਹਨ। ਇਨ੍ਹਾਂ ਸਾਜ਼ਾਂ ਵਾਲੇ ਨੱਚਣ ਵਾਲਿਆਂ ਦੇ ਵਿਚਕਾਰ ਨਹੀਂ ਹੁੰਦੇ। ਇਕ ਪਾਸੇ ਖਲੋ ਕੇ ਜਾਂ ਬਹਿ ਕੇ ਸਾਜ਼ ਵਜਾਉਂਦੇ ਹਨ।

ਗੱਦੀਆਂ ਦਾ ਨਾਚ ਲੋਕ-ਨਾਚ ਦਾ ਇਕ ਸੋਹਣਾ ਨਮੂਨਾ ਹੈ। ਇਸ ਦੇ ਵਿਚ ਖ਼ੁਸ਼ੀ ਤੇ ਮਸਤੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਇਸ ਨਾਚ ਵਿਚ ਜਿੰਨੇ ਲੋਕ ਚਾਹੁਣ ਨੱਚ ਸਕਦੇ ਹਨ ਅਤੇ ਹਰ ਇਕ ਨੱਚਣ ਵਾਲਾ ਬਿਨਾਂ ਕਿਸੇ ਬੰਦਸ਼ ਦੇ ਆਪਣੇ ਸਰੂਰ ਵਿਚ ਨਚਦਾ ਹੈ। ਇਹ ਨਾਚ ਕਿਨਾ ਸੋਹਣਾ ਅਤੇ ਮਨ-ਖਿੱਚਵਾਂ ਹੁੰਦਾ ਹੈ, ਇਸ ਦਾ ਅੰਦਾਜ਼ਾ ਇਸ

ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ੧੯੫੪ ਵਿਚ 'ਗਣਤੰਤਰ ਦਿਵਸ' ਉੱਤੇ ਮਨਾਏ ਗਏ ਸਰਬ-ਭਾਰਤੀ ਲੋਕ-ਨਾਚ ਮੇਲੇ ਵਿਚ ਗੱਦੀਆਂ ਨੇ ਪਹਿਲਾ ਇਨਾਮ ਜਿੱਤਿਆ ਸੀ।

## (ਹ) ਗੱਦਣਾਂ ਦਾ ਨਾਚ

ਗੱਦੀ ਲੋਕਾਂ ਦਾ ਜੀਵਨ ਭਾਵੇਂ ਬੜਾ ਖੁੱਲ੍ਹਾ-ਡੁੱਲ੍ਹਾ ਹੁੰਦਾ ਹੈ, ਪਰ ਫਿਰ ਭੀ ਤੀਵੀਂਆਂ ਅਤੇ ਮਰਦ ਇਕੱਠੇ ਨਹੀਂ ਨੱਚਦੇ। ਜੇ ਇੱਕੋ ਦਿਨ ਇੱਕੋ ਥਾਂ ਉੱਤੇ ਮਰਦਾਂ ਅਤੇ ਤੀਵੀਂਆਂ ਦੋਹਾਂ ਦਾ ਨਾਚ ਹੋਵੇ ਤਾਂ ਵੀ ਦੋਵੇਂ ਵੱਖੋ ਵੱਖ ਅਖਾੜੇ ਬਣਾ ਕੇ ਨੱਚਦੇ ਹਨ। ਮਰਦਾਂ ਦੇ ਨਾਚ ਨੂੰ ਵੇਖਣ ਲਈ ਤੀਵੀਂਆਂ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਘੇਰਾ ਬੰਨ੍ਹ ਕੇ ਬਹਿ ਜਾਂਦੀਆਂ ਹਨ। ਪਰ ਮਰਦ ਘਟ ਹੀ ਤੀਵੀਂਆਂ ਦੇ ਨਾਚ ਨੂੰ ਵੇਖਦੇ ਹਨ ਭਾਵੇਂ ਤੀਵੀਂਆਂ ਆਮ ਖੁੱਲ੍ਹੀ ਥਾਂ ਉੱਤੇ ਹੀ ਨੱਚਦੀਆਂ ਹੋਣ।

ਤੀਵੀਂਆਂ ਦੇ ਨਾਚ ਦੀ ਤਕਨੀਕ ਮਰਦਾਂ ਦੇ ਨਾਚ ਨਾਲ ਮਿਲਦੀ ਹੈ। ਪਰ ਮਰਦਾਂ ਦਾ ਨਾਚ ਕੁਝ ਜੋਸ਼ੀਲਾ ਅਤੇ ਅੱਖੜ ਹੁੰਦਾ ਹੈ। ਤੀਵੀਂਆਂ ਦੇ ਨਾਚ ਵਿਚ ਨਜ਼ਾਕਤ ਅਤੇ ਸਰਲਤਾ ਅਧਿਕ ਹੁੰਦੀ ਹੈ। ਉਨ੍ਹਾਂ ਦੀ ਅਵਾਜ਼ ਵੀ ਵਧੇਰੇ ਮਿੱਠੀ ਅਤੇ ਸੁਰੀਲੀ ਹੁੰਦੀ ਹੈ। ਤੀਵੀਂਆਂ ਵੀ ਨੱਚਣ ਸਮੇਂ ਲੁਗੜੀ ਪੀਂਦੀਆਂ ਹਨ। ਇਹ ਤਾੜੀ ਮਾਰ ਕੇ ਅਤੇ ਚੁਟਕੀ ਵਜਾ ਕੇ, ਬਾਹਾਂ ਉਲਾਰ ਕੇ, ਹੱਥ ਹਿਲਾ ਕੇ, ਗਾਉਂਦੀਆਂ ਹੋਈਆਂ ਨੱਚਦੀਆਂ ਹਨ। ਪਰ ਇਹ ਨੱਚਦੇ ਸਮੇਂ ਕਈ ਵਾਰੀ ਇੰਨਾ ਝੁਕਦੀਆਂ ਹਨ ਕਿ ਪੈਰਾਂ ਤੀਕ ਹੱਥ ਲਗਦੇ ਹਨ। ਨੱਚਣ ਸਮੇਂ ਜਦੋਂ ਚੱਕਰ ਕੱਟਦੀਆਂ ਹਨ ਤਾਂ ਇਕ ਪੈਰ ਤੇ ਹੁਲਾਰਾ ਲੈ ਕੇ ਅੱਧਾ ਚੱਕਰ ਕੱਟਦੀਆਂ ਹਨ ਅਤੇ ਦੂਜੇ ਹੁਲਾਰੇ ਨਾਲ ਮੁੜ ਓਵੇਂ ਹੀ ਹੋ ਜਾਂਦੀਆਂ ਹਨ। ਕਦੇ ਕਦੇ ਖਲੋ ਕੇ ਪੈਰ ਨੂੰ ਪੱਬਾਂ ਭਾਰ ਪਿੱਛੇ ਮਾਰਦੀਆਂ ਹਨ ਅਤੇ ਫੇਰ ਪੈਰ ਟਿਕਾ ਦੂਜੇ ਪੈਰ ਨੂੰ ਓਵੇਂ ਹੀ ਪੱਬਾਂ ਭਾਰ ਮਾਰਦੀਆਂ ਹਨ।

## (ਕ) ਕਰਥੀ

ਪਹਾੜਾਂ ਦੇ ਦੂਰ ਅੰਦਰੂਨੀ ਇਲਾਕੇ ਵਿਚ, ਜਿੱਥੇ ਅਜੇ ਤਕ ਨਵੀਂ ਸਭਿਅਤਾ ਦਾ ਅਸਰ ਨਹੀਂ ਹੋਇਆ, ਤੀਵੀਂਆਂ ਅਤੇ ਮਰਦ ਰਲ ਕੇ ਨੱਚਦੇ ਹਨ। ਇਨ੍ਹਾਂ ਦੇ ਇਸ ਨਾਚ ਨੂੰ 'ਕਰਥੀ' ਆਖਦੇ ਹਨ। ਫ਼ਸਲਾਂ ਦੀ ਕਟਾਈ ਪਿੱਛੋਂ ਮਰਦ ਅਤੇ ਤੀਵੀਂਆਂ ਸੋਹਣੇ ਸੋਹਣੇ ਕਪੜੇ ਪਾ ਕੇ ਅਤੇ ਸਜ ਸਜਾ ਕੇ ਚਾਨਣੀ ਰਾਤ ਵਿਚ ਪਿੰਡ ਦੀ ਕਿਸੇ ਖੁੱਲ੍ਹੀ ਥਾਂ ਵਿਚ ਇਕੱਠੇ ਹੋ ਜਾਂਦੇ ਹਨ। ਨੱਚਣ ਵਾਲੇ ਮਰਦ ਅਤੇ ਤੀਵੀਂਆਂ ਇਕੱਠੇ, ਇਕ ਮਰਦ ਦੇ ਬਰਾਬਰ ਇਕ ਤੀਵੀਂ, ਖਲੋ ਕੇ ਘੇਰਾ ਬਣਾ ਲੈਂਦੇ ਹਨ। ਮਰਦ, ਨਾਲ ਦੇ ਦੂਜੇ ਮਰਦਾਂ ਦੇ ਹੱਥਾਂ ਨੂੰ ਅਤੇ ਤੀਵੀਂਆਂ ਨਾਲ ਦੀਆਂ ਦੂਜੀਆਂ ਤੀਵੀਂਆਂ ਦੇ ਹੱਥਾਂ ਨੂੰ ਪਿਛਲੇ ਪਾਸਿਉਂ ਫੜ ਕੇ ਇਕ ਰਲਵੀਂ ਲੜੀ ਬਣਾ ਲੈਂਦੇ ਹਨ। ਢੋਲ ਅਤੇ ਹੋਰ ਸਾਜ਼ਾਂ ਦੀ ਤਾਲ ਅਤੇ ਸੁਰ ਵਿਚ ਪਹਿਲਾਂ ਹੌਲੀ ਹੌਲੀ ਘੇਰੇ ਵਿਚ ਚੱਲਦੇ ਨੱਚਦੇ ਹਨ। ਹੌਲੀ ਹੌਲੀ ਇਹ ਤਾਲ ਤੇਜ਼ ਹੁੰਦੀ ਹੈ ਅਤੇ ਨਾਲ ਹੀ ਨੱਚਣ ਵਾਲੇ ਤੇਜ਼ੀ ਵਿਚ ਆ ਜਾਂਦੇ ਹਨ। ਇਸ ਨਾਚ ਨਾਲ ਵੀ ਗਾਣਾ ਹੁੰਦਾ ਰਹਿੰਦਾ ਹੈ।

# ਹਰਿਆਣੇ ਦੇ ਲੋਕ ਨਾਚ

## (ੳ) ਫਾਗ.

ਹਰਿਆਣੇ ਦੇ ਇਲਾਕੇ ਵਿਚ 'ਫਾਗ' ਇਕ ਮਸ਼ਹੂਰ ਤਿਉਹਾਰ ਹੈ ਜਿਸ ਨੂੰ ਲਗਭਗ ਇਕ ਮਹੀਨਾ ਭਰ ਨਾਚ ਗਾਣੇ ਨਾਲ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਪੰਜਾਬੀ ਵਿਚ ਹੋਲੀ ਆਖਦੇ ਹਨ, ਪਰ ਹਰਿਆਣਵੀ ਭਾਸ਼ਾ ਵਿਚ ਇਹ 'ਧੁਲਹੰਡੀ' ਦੇ ਨਾਂ ਤੇ ਵੀ ਮਸ਼ਹੂਰ ਹੈ ਕਿਉਂਕਿ ਇਸ ਮੌਸਮ ਵਿਚ ਬੜੀ ਹਵਾ ਚਲਦੀ ਹੈ ਅਤੇ ਬੜੀ ਧੂੜ ਉੱਡਦੀ ਹੈ। ਇਸ ਮੌਸਮ ਵਿਚ ਬਿਰਛਾਂ ਦੇ ਪੱਤੇ ਝੜ ਜਾਣ ਪਿੱਛੋਂ ਕੋਂਪਲਾਂ ਮੁੜ ਫੁੱਟ ਪੈਂਦੀਆਂ ਹਨ ਅਤੇ ਇਕ ਨਵਾਂ ਜੀਵਨ ਆਰੰਭ ਹੁੰਦਾ ਹੈ। ਇਸ ਨਵੇਂ ਜੀਵਨ ਨੂੰ ਹਰਿਆਣੇ ਦੇ ਲੋਕ-ਨਾਚ ਗਾਣੇ ਨਾਲ ਸ਼ੁਰੂ ਕਰਦੇ ਹਨ। ਹਰ ਇਕ ਪਿੰਡ ਵਿਚ ਤੀਵੀਂਆਂ ਰਾਤ ਨੂੰ ਆਪਣਾ ਸਾਰਾ ਕੰਮ ਕਾਜ ਮੁਕਾਣ ਪਿੱਛੋਂ ਪਿੰਡ ਦੀ ਖੁੱਲ੍ਹੀ ਥਾਂ ਉੱਤੇ ਇਕੱਠੀਆਂ ਹੋ ਜਾਂਦੀਆਂ ਹਨ ਅਤੇ ਗਈ ਰਾਤ ਤਕ ਨਾਚ ਗਾਣੇ ਵਿਚ ਮਸਤ ਰਹਿੰਦੀਆਂ ਹਨ। ਪਿੰਡ ਦੀਆਂ ਸਭ ਤੀਵੀਂਆਂ ਦਾ ਰਲ ਕੇ ਇਕ ਸੁਰ ਵਿਚ ਗਾਇਆ ਜਾ ਰਿਹਾ ਗਾਣਾ ਪਿੰਡ ਵਿਚ ਦੂਰ ਦੂਰ ਤਕ ਸੁਣਾਈ ਦਿੰਦਾ ਹੈ ਅਤੇ ਇਵੇਂ ਲਗਦਾ ਹੈ ਜਿਵੇਂ ਸਾਰੀ ਕੁਦਰਤ ਇਕ ਸੁਰ ਵਿਚ ਨਵੇਂ ਜੀਵਨ ਨੂੰ ਜੀ-ਆਇਆਂ ਆਖ ਰਹੀ ਹੈ।

ਨੱਚਣ ਸਮੇਂ ਤੀਵੀਂਆਂ ਇਕ ਘੇਰੇ ਵਿਚ ਬਹਿ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਕੋਈ ਇਕ ਢੋਲਕੀ ਜਾਂ ਘੜਾ ਵਜਾਉਂਦੀ ਹੈ। ਘੜੇ ਦੇ ਮੂੰਹ ਉੱਤੇ ਰਬੜ ਦੇ ਟੁਕੜੇ ਨੂੰ ਖਿੱਚ ਕੇ ਬੰਨ੍ਹ ਲਿਆ ਜਾਂਦਾ ਹੈ । ਇਕ ਹੱਥ ਘੜੇ ਦੇ ਮੂੰਹ ਉੱਤੇ ਬੰਨ੍ਹੇ ਰਬੜ ਉੱਤੇ ਮਾਰ ਕੇ ਆਵਾਜ਼ ਕੱਢੀ ਜਾਂਦੀ ਹੈ ਅਤੇ ਦੂਜੀ ਆਵਾਜ਼ ਘੜੇ ਦੇ ਪਾਸੇ ਉੱਤੇ ਛਾਪਾਂ ਵਾਲੀਆਂ ਉਂਗਲੀਆਂ ਮਾਰ ਕੇ ਕੱਢੀ ਜਾਂਦੀ ਹੈ। ਇਸੇ ਤਾਲ ਤੇ ਗਾਣਾ ਹੁੰਦਾ ਹੈ ਅਤੇ ਮਨਚਲੀਆਂ ਤੀਵੀਂਆਂ ਉੱਠ ਕੇ ਦੋ ਦੋ ਦੀਆਂ ਜੋੜੀਆਂ ਵਿਚ ਨੱਚਦੀਆਂ ਰਹਿੰਦੀਆਂ ਹਨ। ਕਦੇ ਕਦੇ ਚਾਰ ਚਾਰ ਵੀ ਨੱਚਣ ਲਗ ਜਾਂਦੀਆਂ ਹਨ। ਨੱਚਣ ਸਮੇਂ ਪੈਰਾਂ ਦੀ ਧਮਕ ਅਤੇ ਬਾਹਾਂ ਦਾ ਉਲਾਰ ਹੀ ਹੁੰਦਾ ਹੈ। ਭਾਵੇਂ ਵੇਖਣ ਵਾਲੀਆਂ ਕੇਵਲ ਤੀਵੀਂਆਂ ਹੀ ਹੁੰਦੀਆਂ ਹਨ, ਪਰ ਫਿਰ ਵੀ ਘੁੰਡ ਕੱਢ ਕੇ ਨੱਚਣ ਦਾ ਰਿਵਾਜ ਆਮ ਹੈ।

ਇਨ੍ਹਾਂ ਦਾ ਪਹਿਰਾਵਾ ਬੜੀ ਮੋਟੀ ਕਿਸਮ ਦਾ ਹੈ। ਸਿਰ ਉੱਤੇ ਮੋਟੇ ਕਪੜੇ ਦਾ ਲੁਗੜਾ ਜਿਹੜਾ ਲਾਲ, ਨੀਲੇ, ਪੀਲੇ ਅਤੇ ਹੋਰ ਰੰਗਾਂ ਨਾਲ ਛਾਪਿਆ ਹੋਇਆ ਹੁੰਦਾ ਹੈ, ਗਲ ਵਿਚ ਲੰਮੀ ਕਮੀਜ਼ ਜਾਂ ਅੰਗੀਆ ਅਤੇ ਤੇੜ ਭਾਰੀ ਘੱਗਰਾ ਹੁੰਦਾ ਹੈ। ਗਹਿਣੇ ਵੀ ਬੜੇ ਮੋਟੇ ਅਤੇ ਆਮ ਤੌਰ ਤੇ ਚਾਂਦੀ ਦੇ ਹੁੰਦੇ ਹਨ । ਇਉਂ ਲਗਦਾ ਹੈ ਕਿ ਇਨ੍ਹਾਂ ਸਿਹਤ ਵਾਲੀਆਂ ਅਤੇ ਤਕੜੀਆਂ ਤੀਵੀਂਆਂ ਨੂੰ ਕਿਸੇ ਨਾਜ਼ਕ ਚੀਜ਼ ਨਾਲ ਕੋਈ ਲਗਾਉ ਹੀ ਨਹੀਂ ਹੁੰਦਾ। ਇਨ੍ਹਾਂ ਦਾ ਇਹੀ ਸੁਭਾ ਇਨ੍ਹਾਂ ਦੇ ਲੋਕ-ਨਾਚਾਂ ਵਿਚ ਵੀ ਸਾਫ਼ ਪਰਗਟ ਹੁੰਦਾ ਹੈ। ਇਹ ਨੱਚਦੇ ਸਮੇਂ ਸਿੱਧੀਆਂ ਸਾਦੀਆਂ ਤੇ ਸਪਸ਼ਟ ਹਰਕਤਾਂ ਕਰਦੀਆਂ ਹਨ। ਕਦੇ ਕਦੇ ਤਾੜੀ ਮਾਰ ਕੇ ਵੀ ਨੱਚਦੀਆਂ ਹਨ। ਇਸ ਨਾਚ ਸਮੇਂ ਗਾਉਣ ਵਾਲਾ ਇਕ ਆਮ ਗੀਤ ਇਉਂ ਹੈ :—

ਹੋਲੀ ਖੇਲਨ ਆਇਆ ਰੀ ਨਵਾਬ,
ਕਹੀਉ ਰੀ ਮੁਲਰੇਟਣ ਨੈ।
ਕਾਲੀ ਰੀ ਮੁਲਰੇਟਣ ਡਾਂਡਯਾਰੀ ਆਲੀ,
ਮੁਰਕੀ ਆਲਾ ਰੀ ਨਵਾਬ, ਕਹੀਉ ਰੀ ਮੁਲਰੇਟਣ ਨੈ।
ਹੋਲੀ ਭੀ ਖੇਲੇ ਡਫ ਭੀ ਬਜਾਵੇ,

ਭਰ ਭਰ ਮਾਰੈ ਰੀ ਗੁਲੇਲ, ਕਹੀਉ ਰੀ ਮੁਲਰੇਟਣ ਨੈ
ਹੋਲੀ ਖੇਲਨ ਆਇਆ ਰੀ ਨਵਾਬ
ਕਹੀਉ ਰੀ ਮੁਲਰੇਟਣ ਨੈ ।

ਮਰਦ ਵੀ ਇਨ੍ਹਾਂ ਦਿਨਾਂ ਵਿਚ ਨੱਚਦੇ ਤੇ ਗਾਉਂਦੇ ਹਨ । ਇਨ੍ਹਾਂ ਦਾ ਅਖਾੜਾ ਤੀਵੀਂਆਂ ਦੇ ਅਖਾੜੇ ਤੋਂ ਦੂਰ ਵੱਖਰਾ ਲਗਦਾ ਹੈ । ਇਨ੍ਹਾਂ ਦਾ ਸਭ ਤੋਂ ਮਸ਼ਹੂਰ ਅਤੇ ਪਰਚਲਿਤ ਸਾਜ਼ 'ਚੁੰਗ' ਹੈ । ਜਿਸ ਨੂੰ 'ਡੱਫ' ਜਾਂ 'ਡੱਫਲਾ' ਵੀ ਆਖਦੇ ਹਨ । ਇਕ ਤਿੰਨ ਜਾਂ ਚਾਰ ਇੰਚ ਚੌੜੀ ਫੱਟੀ ਨੂੰ ਡੇਢ ਜਾਂ ਦੋ ਫ਼ੁੱਟ ਦੇ ਕੁਤਰ ਉੱਤੇ ਗੋਲ ਕਰ ਕੇ ਚਮੜਾ ਮੜ੍ਹਿਆ ਹੁੰਦਾ ਹੈ । ਇਸ ਦੀ ਆਵਾਜ਼ ਕੁਝ ਆਪਣੇ ਢੰਗ ਦੀ ਹੀ ਹੁੰਦੀ ਹੈ । ਇਕ ਹੱਥ ਚਮੜੇ ਤੇ ਮਾਰ ਕੇ ਆਵਾਜ਼ ਕੱਢਦੇ ਹਨ ਅਤੇ ਦੂਜੇ ਹੱਥ ਦੀ ਉਂਗਲ ਨਾਲ, ਜਿਸ ਵਿਚ ਇਹ ਫੜਿਆ ਹੁੰਦਾ ਹੈ, ਟਕ ਟਕ ਦੀ ਆਵਾਜ਼ ਕੱਢਦੇ ਹਨ । ਇਸ ਸਾਜ਼ ਦੇ ਨਾਲ ਢੋਲਕ, ਸਾਰੰਗੀ, ਮਜੀਰੇ, ਖੜਤਾਲ, ਦੋਤਾਰਾ ਅਤੇ ਚਿਮਟਾ ਆਦਿ ਵੀ ਵਜਾਏ ਜਾਂਦੇ ਹਨ । ਮਰਦਾਂ ਦਾ ਨਾਚ ਵੀ ਬਿਲਕੁਲ ਸਿੱਧਾ ਸਾਦਾ ਹੁੰਦਾ ਹੈ । ਉਹ ਆਪਣੇ ਪੈਰਾਂ ਨਾਲ ਵਾਰੋ ਵਾਰੀ ਧਮਕ ਦੇ ਕੇ ਨਾਚ ਕਰਦੇ ਹਨ । ਕਦੇ ਕਦੇ ਇਹ ਦੋਵੇਂ ਪੈਰ ਅੱਗੇ ਕਰ ਕੇ ਸਰੀਰ ਨੂੰ ਰਤਾ ਪਿੱਛੇ ਵਲ ਝੁਕਾ ਲੈਂਦੇ ਹਨ । ਸੱਜਾ ਪੈਰ ਜ਼ਮੀਨ ਉੱਤੇ ਟਿਕਿਆ ਹੁੰਦਾ ਹੈ ਅਤੇ ਖੱਬਾ ਪੈਰ ਇਸ ਤੋਂ ਰਤਾ ਅੱਗੇ ਅੱਡੀ ਦੇ ਭਾਰ ਜ਼ਮੀਨ ਉੱਤੇ ਹੁੰਦਾ ਹੈ । ਫੇਰ ਤਾਲ ਸਿਰ ਸੱਜੇ ਪੈਰ ਦੇ ਹੁਲਾਰੇ ਨਾਲ ਸਰੀਰ ਨੂੰ ਹੁਲਾਰਾ ਦੇ ਕੇ ਖੱਬੇ ਪੈਰ ਦੀ ਅੱਡੀ ਟਿਕਾ ਕੇ ਨੱਚਦੇ ਹੋਏ ਅੱਗੇ ਵਧਦੇ ਹਨ । ਇਵੇਂ ਨਾਚ ਕਰਦੇ ਹੋਏ ਆਮ ਤੌਰ ਤੇ ਹੱਥ ਢਾਕ ਉੱਤੇ ਰੱਖੇ ਹੁੰਦੇ ਹਨ । ਨੱਚਣ ਦਾ ਇਹ ਢੰਗ ਪੰਜਾਬ ਵਿਚ ਕੇਵਲ ਹਰਿਆਣੇ ਦੇ ਲੋਕਾਂ ਵਿਚ ਹੀ ਹੈ ।

ਫਾਗ ਦੇ ਆਖ਼ਰੀ ਦਿਨ ਇਹ ਲੋਕ ਮਸਤ ਹੋਏ ਆਮ ਬਜ਼ਾਰਾਂ ਅਤੇ ਗਲੀਆਂ ਵਿਚ ਦਿਨ ਨੂੰ ਨੱਚਦੇ ਫਿਰਦੇ ਹਨ । ਕਈ ਵਾਰੀ ਇਕ ਮਰਦ ਤੀਵੀਂ ਦਾ ਸੁਆਂਗ ਧਾਰ ਕੇ ਨੱਚਦੇ ਹੋਏ ਲੋਕਾਂ ਵਿਚ ਸ਼ਾਮਲ ਹੋ ਜਾਂਦਾ ਹੈ । ਇਸ ਨਾਚ ਵਿਚ ਬੱਚੇ, ਜਵਾਨ ਅਤੇ ਬੁੱਢੇ ਸਾਰੇ ਰਲ ਕੇ ਨੱਚਦੇ ਹਨ, ਜਿਵੇਂ ਕਿ ਉਹ ਆਪਣੀ ਉਮਰ ਦੇ ਵਖੇਵੇਂ ਨੂੰ ਭੁੱਲ ਗਏ ਹੋਣ ।

### (ਅ) ਤੀਜ

ਤੀਆਂ ਜਾਂ ਸਾਂਵਿਆਂ ਵਾਲੇ ਦਿਨਾਂ ਵਿਚ ਹਰਿਆਣੇ ਦੇ ਇਲਾਕੇ ਵਿਚ 'ਤੀਜ' ਮਨਾਈ ਜਾਂਦੀ ਹੈ, ਪਰ ਤੀਜ ਵਿਚ ਨਾਚ ਦਾ ਅੰਗ ਥੋੜ੍ਹਾ ਹੁੰਦਾ ਹੈ ਅਤੇ ਗਾਣ ਅਤੇ ਪੀਂਘ ਝੂਟਣ ਦਾ ਬਹੁਤਾ ਹੁੰਦਾ ਹੈ । ਨਾਚ ਦੀ ਤਕਨੀਕ ਗਿੱਧੇ ਨਾਲ ਮਿਲਦੀ ਹੈ ।

## ਲੋਕ-ਨਾਚਾਂ ਦੀ ਸੁਰਜੀਤੀ

ਅਸੀਂ ਪੱਛਮੀ ਸਭਿਅਤਾ ਦੇ ਅਸਰ ਹੇਠਾਂ ਆਪਣੀ ਅਸਲੀ ਸਭਿਅਤਾ ਵਲੋਂ ਅਣਗਹਿਲੀ ਕਰ ਰਹੇ ਸਾਂ । ਇਸੇ ਕਾਰਨ ਸਾਡੇ ਲੋਕ-ਨਾਚ ਸਾਡੇ ਲੋਕਾਂ ਕੋਲੋਂ ਵਿੱਛੜਦੇ ਜਾ ਰਹੇ ਸਨ । ਸ਼ਹਿਰੀ ਜੀਵਨ ਵਿੱਚੋਂ ਤਾਂ ਇਨ੍ਹਾਂ ਦਾ ਨਾਂ ਤਕ ਉਡ ਚੁੱਕਾ ਸੀ । ਪਰ ੧੯੪੭ ਵਿਚ ਭਾਰਤ ਆਜ਼ਾਦ ਹੋਇਆ ਤਾਂ ਲੋਕਾਂ ਨੇ ਵੀ ਆਪਣੀ ਸਭਿਅਤਾ ਵਲ ਧਿਆਨ ਦੇਣਾ ਸ਼ੁਰੂ ਕੀਤਾ । ੧੯੫੦ ਵਿਚ ਜਦੋਂ ਭਾਰਤ ਨੇ ਆਪਣਾ ਸੰਵਿਧਾਨ ਬਣਾ ਕੇ ੨੬ ਜਨਵਰੀ ਨੂੰ ਲਾਗੂ ਕੀਤਾ ਤਾਂ ਇਹ ਭਾਰਤ ਦੇ ਇਤਿਹਾਸ ਵਿਚ ਇਕ ਮਹੱਤਵ-ਪੂਰਨ ਦਿਨ ਸੀ । ਦੋ ਸਾਲ ਤਕ ਇਹ ਦਿਨ ਮਨਾਉਣ ਤੇ ਲੋਕਾਂ ਦੇ ਪਰਤੀਨਿਧਾਂ ਨੇ ਮਹਿਸੂਸ ਕੀਤਾ ਕਿ ਗਣਤੰਤਰ-ਦਿਵਸ ਸਹੀ ਅਰਥਾਂ ਵਿਚ ਉਦੋਂ ਹੀ

ਮਨਾਇਆ ਜਾ ਸਕਦਾ ਹੈ ਜਦੋਂ ਕਿ ਇਹ ਆਮ ਜਨਤਾ ਦੀ ਖ਼ੁਸ਼ੀ ਦਾ ਕਾਰਨ ਬਣੇ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਇਹ ਦਿਨ ਕਲਾਸੀਕਲ ਨਾਚ ਤੇ ਗਾਣਿਆਂ ਦੀ ਥਾਂ ਲੋਕ-ਨਾਚਾਂ ਅਤੇ ਲੋਕ-ਗੀਤਾਂ ਨਾਲ ਮਨਾਇਆ ਜਾਏ । ਇਸ ਫ਼ੈਸਲੇ ਅਨੁਸਾਰ ਪਹਿਲਾ 'ਲੋਕ-ਨਾਚ ਮੇਲਾ' ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿਚ ੨੭ ਅਤੇ ੨੮ ਜਨਵਰੀ ੧੯੫੩ ਨੂੰ ਹੋਇਆ।

ਇਸ ਇਕ ਮੇਲੇ ਨੇ ਲੋਕਾਂ ਦਾ ਦ੍ਰਿਸ਼ਟੀਕੋਣ ਬਦਲ ਦਿੱਤਾ। ਲੋਕਾਂ ਨੂੰ ਆਪਣੇ ਲੋਕ-ਨਾਚ ਪਿਆਰੇ ਅਤੇ ਦਿਲ-ਖਿੱਚਵੇਂ ਲੱਗਣ ਲੱਗ ਪਏ ਹਨ। ਲੋਕਾਂ ਨੂੰ ਇਨ੍ਹਾਂ ਲੋਕ-ਨਾਚਾਂ ਦੀਆਂ ਖ਼ੂਬੀਆਂ ਦਾ ਪਤਾ ਲਗ ਗਿਆ ਹੈ ਅਤੇ ਇਹ ਲੋਕ-ਨਾਚ ਵਿਸਰੀ ਹੋਈ ਦੁਨੀਆਂ 'ਚੋਂ ਨਿਕਲ ਮੁੜ ਉਜਾਗਰ ਹੋ ਗਏ ਹਨ; ਉਜਾਗਰ ਵੀ ਇੰਨੇ ਹੋਏ ਕਿ ਫ਼ਿਲਮਾਂ ਵਾਲੇ ਵੀ ਇਨ੍ਹਾਂ ਲੋਕ-ਨਾਚਾਂ ਨੂੰ ਦਰਸਾਉਣ ਲਈ ਵੱਖੋ ਵੱਖ ਇਲਾਕਿਆਂ ਦੀ ਜਨਤਾ ਦੇ ਕਲਾਕਾਰਾਂ ਕੋਲ ਪਹੁੰਚ ਰਹੇ ਹਨ। ਭੰਗੜੇ ਨੂੰ ਪਹਿਲੀ ਵਾਰ ਫ਼ਿਲਮ 'ਨਯਾ ਦੌਰ' ਵਿਚ ਫ਼ਿਲਮਾਇਆ ਗਿਆ ਅਤੇ ਫਿਰ ਇਹ ਭੰਗੜਾ 'ਮਿਰਜ਼ਾ ਸਾਹਿਬਾਂ', 'ਹਾਵੜਾ ਬ੍ਰਿੱਜ' ਅਤੇ 'ਤਕਦੀਰ' ਆਦਿ ਫ਼ਿਲਮਾਂ ਵਿਚ ਆਇਆ। ਕਾਲਜਾਂ ਅਤੇ ਸਕੂਲਾਂ ਦੀ ਸਟੇਜ ਉੱਤੇ ਵੀ ਇਸ ਨੂੰ ਬੜਾ ਮਾਣ ਮਿਲਿਆ।

ਕਿਸੇ ਦੇਸ ਦੀ ਖ਼ੁਸ਼ਹਾਲੀ ਅਸਲ ਵਿਚ ਉਸ ਦੀ ਲੋਕ-ਕਲਾ ਤੋਂ ਹੀ ਪਰਖੀ ਜਾਂਦੀ ਹੈ । ਲੋਕ ਕਲਾ ਦਾ ਪਰਫੁੱਲਤ ਹੋਣਾ ਲੋਕਾਂ ਦੇ ਖ਼ੁਸ਼ ਹੋਣ ਦੀ ਨਿਸ਼ਾਨੀ ਹੈ। ਲੋਕ-ਰਾਜ ਵੀ ਸਹੀ ਅਰਥਾਂ ਵਿਚ ਲੋਕ-ਰਾਜ ਤਦੇ ਹੀ ਹੋ ਸਕਦਾ ਹੈ ਜੇ ਆਮ ਲੋਕਾਂ ਦੀ ਖ਼ੁਸ਼ੀ ਦੇ ਸਾਧਨਾਂ ਵਿਚ ਵਾਧਾ ਹੋਵੇ। ਸਾਡਾ ਦੇਸ਼ ਹੁਣ ਆਜ਼ਾਦ ਹੈ। ਇਸ ਦੀ ਰਾਜ ਬਣਤਰ ਲੋਕ-ਰਾਜ ਦੇ ਨਿਯਮਾਂ ਉੱਤੇ ਬਣਾਈ ਗਈ ਹੈ। ਹੁਣ ਅਸਾਂ ਲੋਕਾਂ ਨੇ ਹੀ ਇਸ ਨੂੰ ਇਕ ਨਚਦਾ ਅਤੇ ਗਾਉਂਦਾ ਖ਼ੁਸ਼ਹਾਲ ਦੇਸ਼ ਬਣਾਉਣਾ ਹੈ।



# ਖੇਡਾਂ

# ਖੇਡਾਂ

ਖੇਡ ਮਨੁਖੀ ਜੀਵਨ ਦਾ ਇਕ ਲਾਜ਼ਮੀ ਭਾਗ ਹੈ ਤੇ ਦੁਨੀਆ ਦੇ ਹਰ ਦੇਸ ਵਿਚ ਖੇਡਾਂ ਦੀ ਵੰਨ-ਸੁਵੰਨਤਾ ਪਾਈ ਜਾਂਦੀ ਹੈ। ਪੰਜਾਬ ਦੀਆਂ ਕੁਝ ਖੇਡਾਂ ਬਿਲਕੁਲ ਉਸ ਦੀਆਂ ਆਪਣੀਆਂ ਤੇ ਕੁਝ ਹੋਰਨਾਂ ਦੇਸਾਂ ਨਾਲ ਸਾਂਝੀਆਂ ਜੇਹੀਆਂ ਹਨ। ਦੇਸੀ ਖੇਡਾਂ ਦਾ ਸੁਭਾ, ਪੰਜਾਬ ਦੇ ਸਮੁੱਚੇ ਸੁਭਾ ਦਾ ਨਮੂਨਾ ਹੈ। ਇਨ੍ਹਾਂ ਖੇਡਾਂ ਵਿਚ ਸਾਮਾਨ ਥੋੜ੍ਹਾ, ਨਿਯਮ ਸਾਦਾ ਤੇ ਖਿਡਾਰੀਆਂ ਦੀ ਗਿਣਤੀ ਲੋੜ ਅਨੁਸਾਰ ਘੱਟ ਜਾਂ ਵੱਧ ਹੋ ਸਕਣ ਵਾਲੀ ਹੁੰਦੀ ਹੈ।

ਇਨ੍ਹਾਂ ਖੇਡਾਂ ਰਾਹੀਂ ਪੰਜਾਬ ਨਿਵਾਸੀਆਂ ਨੇ ਨਾ ਕੇਵਲ ਸਰੀਰ ਹੀ ਸਡੌਲ ਅਤੇ ਬਲਵਾਨ ਬਣਾਏ ਹਨ ਸਗੋਂ ਆਪਣਾ ਵਿਹਲਾ ਸਮਾਂ ਵੀ ਭਰਪੂਰ, ਸੁਆਦਲਾ ਅਤੇ ਮਨੋਰੰਜਕ ਬਣਾਇਆ ਹੈ। ਇਨ੍ਹਾਂ ਦੀ ਸਹਾਇਤਾ ਨਾਲ ਹੀ ਇੱਥੋਂ ਦਿਆਂ ਖਿਡਾਰੀਆਂ ਨੇ ਸਾਰੀ ਦੁਨੀਆਂ ਵਿਚ ਆਪਣੇ ਬਲ ਅਤੇ ਹੁਨਰ ਦੀ ਧਾਂਕ ਬਿਠਾਈ ਹੈ। ਦੁਨੀਆ ਦੇ ਖੇਡ-ਮੁਕਾਬਲੇ ਇਸ ਕਥਨ ਦੀ ਗਵਾਹੀ ਦਿੰਦੇ ਹਨ। ਉਹ ਕਿਹੜਾ ਦੇਸ ਹੈ ਜੋ ਗਾਮੇ, ਗੂੰਗੇ, ਕਿੱਕਰ ਸਿੰਘ, ਕੇਸਰ ਸਿੰਘ, ਦਾਰਾ ਸਿੰਘ (ਕੁਸ਼ਤੀ) ਬਲਬੀਰ ਸਿੰਘ (ਹਾਕੀ), ਮਿਲਖਾ ਸਿੰਘ (ਦੌੜ) ਆਦਿ ਦੇ ਨਾਂ ਨਹੀਂ ਜਾਣਦਾ।

ਪੰਜਾਬੀ ਖੇਡਾਂ ਦਾ ਭੰਡਾਰਾ ਭਰਪੂਰ ਹੈ। ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਦੇਸ ਵਿਚ ਹਰ ਅਵਸਥਾ ਦੇ ਪ੍ਰਾਣੀਆਂ ਲਈ ਉਨ੍ਹਾਂ ਦੇ ਬਲ ਅਤੇ ਸੋਚ-ਪੱਧਰ ਅਨੁਸਾਰ ਢੇਰ ਖੇਡਾਂ ਮੌਜੂਦ ਹਨ। ਜਿੱਥੇ ਛੋਟੇ ਬੱਚੇ ਕੋਟਲਾ ਛਪਾਕੀ, ਪਿੱਠੂ, ਗੁੱਲੀ ਡੰਡਾ, ਆਦਿ ਖੇਡਾਂ ਨਾਲ ਆਪਣਾ ਮਨ ਪਰਸੰਨ ਕਰਦੇ ਹਨ, ਉਥੇ ਜਵਾਨ ਗੱਭਰੂ, ਕੌਡ-ਕਬੱਡੀ, ਕੁਸ਼ਤੀ, ਮੁਗਦਰ ਆਦਿ ਨਾਲ ਆਪਣਾ ਸਰੀਰ ਬਲਵਾਨ ਅਤੇ ਚੁਸਤ ਰਖਦੇ ਹਨ। ਕੁੜੀਆਂ ਵੀ ਆਪਣੇ ਮਨੋਰੰਜਨ ਲਈ, ਟਾਹਣਾਂ, ਖਿੱਦੂ ਆਦਿ ਦੀ ਵਰਤੋਂ ਕਰਦੀਆਂ ਹਨ। ਹੋਰ ਤਾਂ ਹੋਰ, ਵਡੇਰੀ ਉਮਰ ਵਾਲੇ ਵੀ ਬਾਰਾਂ ਟਾਹਣ ਤੇ ਪਾਸੇ ਆਦਿ ਨਾਲ ਜੀ ਪਰਚਾ ਕੇ ਆਪਣਾ ਵਿਹਲਾ ਸਮਾਂ ਵਾਹਵਾ ਸੁਆਦਲਾ ਬਣਾ ਲੈਂਦੇ ਹਨ।

ਪੰਜਾਬ ਦੀਆਂ ਮੁਖੀ ਤੇ ਪਰਸਿੱਧ ਖੇਡਾਂ ਇਹ ਹਨ :—

(੧) ਕਬੱਡੀ, (੨) ਗੁੱਲੀ ਡੰਡਾ, (੩) ਖਿੱਦੋ ਖੂੰਡੀ, (੪) ਕੁਸ਼ਤੀ, (੫) ਸੌਂਚੀ, (੬) ਬਿਲ ਬੱਚਿਆਂ ਦੀ ਮਾਂ, (੭) ਆਨ ਚਨੇ ਮਨ ਮਾਨ ਚਨੇ, (੮) ਰੱਬ ਦੀ ਖੁੱਤੀ, (੯) ਕੀੜ ਕੜਾਂਗਾ ਜਾਂ ਜੰਡ ਖੜੰਗ (੧੦) ਛਟਾਪੂ, (੧੧) ਕੋਟਲਾ ਛਪਾਕੀ, (੧੨) ਪਿੱਠੂ, (੧੩) ਟਾਹਣਾ, (੧੪) ਖਿੱਦੋ, (੧੫) ਬਾਰਾਂ ਟਾਹਣ, (੧੬) ਪਾਸਾ ਜਾਂ ਚੌਪੜ।

ਹੁਣ ਅਸੀਂ ਇਨ੍ਹਾਂ ਖੇਡਾਂ ਬਾਰੇ ਇਕ ਇਕ ਕਰ ਕੇ ਵਿਸਥਾਰ ਨਾਲ ਲਿਖਣ ਦਾ ਜਤਨ ਕਰਾਂਗੇ।

## ੧. ਕਬੱਡੀ

ਪੰਜਾਬੀ ਕਬੱਡੀ ਨੂੰ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਇਹ ਖੇਡ ਬਹੁਤ ਹੱਦ ਤੱਕ ਉਨ੍ਹਾਂ ਦੇ ਸਰੀਰਕ-ਬਲ ਅਤੇ ਸੁਭਾ ਦੇ ਅਨੁਕੂਲ ਹੈ। ਇਸ ਖੇਡ ਰਾਹੀਂ ਖਿਡਾਰੀ ਨੂੰ ਆਪਣੀ ਤਾਕਤ, ਫੁਰਤੀ, ਚਲਾਕੀ, ਦੌੜ ਅਤੇ ਸਾਹ ਦਾ ਬਲ ਦੱਸਣ ਦਾ ਅਵਸਰ ਮਿਲਦਾ ਹੈ। ਹਰ ਮਨ-ਪਸੰਦ ਹੋਣ ਕਰਕੇ, ਇਹ ਖੇਡ ਛੋਟੇ ਬੱਚਿਆਂ ਤੋਂ ਲੈ ਕੇ ਜਵਾਨ ਗੱਭਰੂਆਂ ਤਕ ਟੋਲੀਆਂ ਵਿਚ ਖੇਡੀ ਜਾਂਦੀ ਹੈ। ਸਭ ਤੋਂ ਵੱਡੀ ਗੱਲ ਜਿਸ ਵਿਚ ਪੰਜਾਬ ਦੀ ਕਬੱਡੀ ਭਾਰਤ ਦੇ ਹੋਰਨਾਂ ਪ੍ਰਾਂਤਾਂ ਦੀਆਂ ਕਬੱਡੀਆਂ ਨਾਲ ਨਹੀਂ ਮਿਲਦੀ, ਉਹ ਇਸ ਖੇਡ ਦੀ 'ਪਕੜ' ਹੈ। ਪੰਜਾਬ ਦੀ ਕਬੱਡੀ ਅਨੁਸਾਰ ਕੇਵਲ ਇਕ ਖਿਡਾਰੀ ਹੀ ਕਬੱਡੀ ਪਾਉਣ ਆਏ ਖਿਡਾਰੀ ਨੂੰ ਆਪਣੀ ਤਾਕਤ ਅਤੇ ਫੁਰਤੀ ਨਾਲ ਜੱਫਾ

ਮਾਰ ਕੇ ਆਪਣੇ ਪਾਲੇ ਵਿਚ ਰਖ ਸਕਦਾ ਹੈ। ਪਰ ਇਸ ਦੇ ਉਲਟ ਹੋਰਨਾਂ ਪ੍ਰਾਂਤਾਂ ਦੀਆਂ ਕਬੱਡੀਆਂ ਅਨੁਸਾਰ ਕਬੱਡੀ ਪਾਉਣ ਆਏ ਖਿਡਾਰੀ ਨੂੰ ਇਕ ਤੋਂ ਵਧੀਕ ਖਿਡਾਰੀ ਫੜ ਸਕਦੇ ਹਨ। ਇਸ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਕਬੱਡੀ ਵਿਚ, ਹਰ ਖਿਡਾਰੀ ਨੂੰ ਬਹੁਤ ਬਲ, ਹਿੰਮਤ, ਫੁਰਤੀ ਤੇ ਚੁਸਤੀ ਦਾ ਮਾਲਕ ਹੋਣਾ ਪੈਂਦਾ ਹੈ। ਇਕ ਹੋਰ ਪੱਖ ਜਿਸ ਵਿਚ ਇਹ ਦੂਜੀਆਂ ਕਬੱਡੀਆਂ ਤੋਂ ਵੱਖਰੀ ਹੈ, ਉਹ ਇਸ ਦੇ ਖੇਡਣ ਦਾ ਘੇਰਾ ਹੈ। ਪੰਜਾਬੀ ਕਬੱਡੀ ਦਾ ਘੇਰਾ ਵਡੇਰਾ ਹੁੰਦਾ ਹੈ ਤੇ ਹੋਰਨਾਂ ਪ੍ਰਾਂਤਾਂ ਦੀਆਂ ਕਬੱਡੀਆਂ ਦਾ ਛੋਟਾ। ਇਸ ਤਰ੍ਹਾਂ ਇਸ ਪ੍ਰਾਂਤ ਦੀ ਕਬੱਡੀ ਵਿਚ ਜੱਫਾ ਮਾਰਨ ਅਤੇ ਜੱਫਾ ਛੁਡਾਉਣ ਲਈ ਖਿਡਾਰੀਆਂ ਨੂੰ ਕਾਫ਼ੀ ਥਾਂ ਮਿਲ ਜਾਂਦੀ ਹੈ।

ਪੰਜਾਬ ਵਿਚ ਕਬੱਡੀਆਂ ਵੀ ਕਈ ਕਿਸਮ ਦੀਆਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਮਸ਼ਹੂਰ ਵੰਨਗੀਆਂ ਇਹ ਹਨ:–ਸਿਆਲਕੋਟੀ, ਲਾਹੌਰੀ, ਮੀਆਂ ਵਾਲੀ ਦੀ, ਹੁਸ਼ਿਆਰਪੁਰੀ, ਹਰਿਆਨਵੀ, ਜਾਲੰਧਰੀ, ਅੰਬਾਲਵੀ ਆਦਿ। ਇਨ੍ਹਾਂ ਸਾਰੀਆਂ ਨੂੰ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਕਿਸਮ 'ਜੱਫਲ' ਕਹਾਉਂਦੀ ਹੈ ਤੇ ਦੂਜੀ 'ਲੰਮੀ ਕਬੱਡੀ'। ਨਮੂਨੇ ਦੇ ਤੌਰ ਤੇ ਇੱਥੇ ਸਿਰਫ਼ 'ਜੱਫਲ ਕਬੱਡੀ' ਤੇ 'ਲੰਮੀ ਕਬੱਡੀ' ਦਾ ਵਰਣਨ ਕੀਤਾ ਜਾਂਦਾ ਹੈ –

## (ੳ) ਅੰਬਾਲਵੀ ਜੱਫਲ ਕਬੱਡੀ

ਖੇਡਣ ਦਾ ਮੈਦਾਨ – ਇਕ ਗੋਲ ਚੱਕਰ ੧੦ ਤੋਂ ੩੦ ਫ਼ੁੱਟ ਅੱਧ-ਵਿਆਸ ਦਾ ਲਾ ਲਿਆ ਜਾਂਦਾ ਹੈ। ਇਹ ਗੋਲ ਚੱਕਰ ਖੇਡ ਦੇ ਮੈਦਾਨ ਦੀ ਹਦ ਸਥਾਪਤ ਕਰਦਾ ਹੈ, ਇਸ ਚੱਕਰ ਦੇ ਵਿਚਕਾਰ ਇਕ ਲੀਕ ਖਿੱਚ ਲਈ ਜਾਂਦੀ ਹੈ ਅਤੇ ਇਸ ਤਰ੍ਹਾਂ ਮੈਦਾਨ ਦੇ ਦੋ ਇਕੋ-ਜਿਹੇ ਹਿੱਸੇ ਬਣ ਜਾਂਦੇ ਹਨ। ਇਸ ਵਿਚਕਾਰਲੀ ਲਕੀਰ ਦੇ ਵਿਚਕਾਰੋਂ ਦੋਵੇਂ ਪਾਸੇ ਦਸ ਦਸ ਫ਼ੁੱਟ ਦੀ ਵਿੱਥ ਤੇ ਦੋ ਪਾਲੇ (ਮਿੱਟੀ ਦੀਆਂ ਦੋ ਉੱਚੀਆਂ ਉੱਚੀਆਂ ਢੇਰੀਆਂ) ਬਣਾ ਲਏ ਜਾਂਦੇ ਹਨ। ਖਿਡਾਰੀਆਂ ਨੂੰ ਇਕ ਪਾਸੇ ਤੋਂ ਦੂਜੇ ਪਾਸੇ ਆਉਣ ਜਾਣ ਲੱਗਿਆਂ ਇਨ੍ਹਾਂ ਪਾਲਿਆਂ ਦੇ ਵਿਚ ਵਿਚ ਹੀ ਰਹਿਣਾ ਪੈਂਦਾ ਹੈ!

ਇਸ ਖੇਡ ਲਈ ਕਿਸੇ ਕਿਸਮ ਦੇ ਸਮਾਨ ਦੀ ਲੋੜ ਨਹੀਂ ਪੈਂਦੀ। ਪਹਿਲਾਂ ਇਸ ਖੇਡ ਦਾ ਸਮਾਂ ਕੋਈ ਖ਼ਾਸ ਨੀਅਤ ਨਹੀਂ ਸੀ, ਪਰ ਅਜ ਕੱਲ ਇਸ ਦਾ ਸਮਾਂ ਨੀਅਤ ਕਰ ਦਿੱਤਾ ਗਿਆ ਹੈ। ਇਹ ਸਮਾਂ ਕੁੱਲ ਚਾਲ੍ਹੀ ਮਿੰਟਾਂ ਦਾ ਹੁੰਦਾ ਹੈ। ਵੀਹਾਂ ਮਿੰਟਾਂ ਪਿੱਛੋਂ ਟੀਮਾਂ ਨੂੰ ਪਾਸੇ ਬਦਲਨੇ ਪੈਂਦੇ ਹਨ। ਕੁਝ ਸਾਲ ਪਹਿਲਾਂ, ਇਹ ਸਮਾਂ ਦੋਵੇਂ ਖੇਡਣ ਵਾਲੀਆਂ ਟੋਲੀਆਂ ਦੇ ਸਮਝੌਤੇ ਅਨੁਸਾਰ ਨਿਸਚਿਤ ਕੀਤਾ ਜਾਂਦਾ ਸੀ।

ਦੋਹਾਂ ਟੋਲੀਆਂ ਦੇ ਆਗੂ ਆਪਸ ਵਿਚ ਟਾਸ ਕਰਦੇ ਹਨ ਤੇ ਜਿਹੜਾ ਆਗੂ ਟਾਸ ਜਿੱਤ ਜਾਂਦਾ ਹੈ, ਉਹ ਜਾਂ ਕਬੱਡੀ ਜਾਣਾ ਮੱਲਦਾ ਹੈ ਜਾਂ ਪਾਸਾ ਮੱਲਦਾ ਹੈ। ਇਸ ਤਰ੍ਹਾਂ ਕਬੱਡੀ ਮੱਲਣ ਵਾਲੇ ਪਾਸੇ ਵਲੋਂ ਇਕ ਖਿਡਾਰੀ ਵਿਰੋਧੀ ਪਾਸੇ ਵਲ ਪਾਲਿਆਂ ਦੇ ਵਿਚੋਂ ਲੰਘ ਕੇ 'ਕਬੱਡੀ, ਕਬੱਡੀ' ਕਹਿੰਦਾ ਹੋਇਆ ਵਿਰੋਧੀ ਖਿਡਾਰੀਆਂ ਦੀ ਟੋਲੀ ਵਲ ਵਧਦਾ ਹੈ ਤੇ ਆਪ ਬਚਦਾ-ਬਚਾਂਦਾ ਕਿਸੇ ਇਕ ਖਿਡਾਰੀ ਨੂੰ ਹੱਥ ਲਾਉਣ ਦਾ ਜਤਨ ਕਰਦਾ ਹੈ। ਜਿਸ ਕਿਸੇ ਖਿਡਾਰੀ ਨੂੰ ਹੱਥ ਲਗਦਾ ਹੈ, ਉਹ ਕਬੱਡੀ ਪਾਉਣ ਵਾਲੇ ਨੂੰ ਜੱਫਾ ਮਾਰ ਕੇ ਆਪਣੇ ਪਾਸੇ ਰਖਣ ਦਾ ਜਤਨ ਕਰਦਾ ਹੈ ਤੇ ਦੂਜਾ ਸਾਹ ਮੁੱਕਣ ਤੋਂ ਪਹਿਲਾਂ ਪਾਲੇ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ। ਜਿਹੜਾ ਆਪਣੇ ਮਨੋਰਥ ਵਿਚ ਸਫ਼ਲ ਹੋ ਜਾਂਦਾ ਹੈ ਉਹ ਆਪਣੀ ਟੋਲੀ ਲਈ ਇਕ ਨੰਬਰ ਜਿੱਤ ਲਾਂਦਾ ਹੈ। ਇਸੇ ਤਰ੍ਹਾਂ ਵਾਰੋ ਵਾਰੀ ਦੋਹਾਂ ਟੋਲੀਆਂ ਦੇ ਖਿਡਾਰੀ ਇਕ ਇਕ ਕਰ ਕ ਵਿਰੋਧੀ ਪਾਸੇ ਵਲ ਕਬੱਡੀ ਪਾਉਣ ਜਾਂਦੇ ਹਨ ਅਤੇ ਆਪਣੀ ਆਪਣੀ ਟੋਲੀ ਲਈ ਨੰਬਰ ਬਣਾਉਂਦੇ ਹਨ। ਨੀਅਤ ਕੀਤੇ ਸਮੇਂ ਵਿਚ ਦੋਵੇਂ ਟੋਲੀਆਂ ਇਕ ਦੂਜੇ ਨਾਲੋਂ ਵਧ ਨੰਬਰ ਬਣਾਉਣ ਦਾ ਜਤਨ ਕਰਦੀਆਂ ਹਨ। ਜਿਹੜੀ ਟੋਲੀ ਨੀਅਤ ਸਮੇਂ ਵਿਚ ਜ਼ਿਆਦਾ ਨੰਬਰ ਬਣਾ ਲਵੇ, ਉਹ ਟੋਲੀ ਜਿੱਤ ਜਾਂਦੀ ਹੈ।

ਇਸ ਖੇਡ ਨੂੰ ਚਲਾਉਣ ਲਈ ਇਕ ਰੈਫ਼ਰੀ ਤੇ ਇਕ ਨੰਬਰ ਗਿਣਨ ਵਾਲਾ ਨੀਅਤ ਕਰ ਲਏ ਜਾਂਦੇ ਹਨ।

ਰੈਫਰੀ ਨਿਯਮਾਂ ਅਨੁਸਾਰ ਖੇਡ ਖਿਡਾਂਦਾ ਹੈ ਅਤੇ ਨੰਬਰ ਗਿਣਨ ਵਾਲਾ ਨੰਬਰਾਂ ਦਾ ਹਿਸਾਬ ਰਖਦਾ ਹੈ। ਖੇਡ ਸ਼ੁਰੂ ਕਰਨੀ ਜਾਂ ਬੰਦ ਕਰਨੀ, ਨੰਬਰ ਦੇਣਾ ਜਾਂ ਨਾ ਦੇਣਾ ਇਹ ਸਭ ਕੁਝ ਰੈਫ਼ਰੀ ਦੇ ਹੱਥ ਵਿਚ ਹੁੰਦਾ ਹੈ।

ਇਸ ਖੇਡ ਨੂੰ ਖਿਡਾਉਣ ਵੇਲੇ ਹੇਠ-ਲਿਖੇ ਨਿਯਮਾਂ ਦਾ ਧਿਆਨ ਰੱਖਿਆ ਜਾਂਦਾ ਹੈ :–

(੧) ਕਬੱਡੀ ਪਾਉਣ ਵੇਲੇ ਉੱਚੀ ਉੱਚੀ 'ਕਬੱਡੀ, ਕਬੱਡੀ' ਜਾਂ 'ਕੌਡੀ ਕੌਡੀ' ਕਹਿਣਾ ਜ਼ਰੂਰੀ ਹੈ।

(੨) ਜੇ ਕਬੱਡੀ ਪਾਉਣ ਵਾਲਾ ਵਿਰੋਧੀ ਖਿਡਾਰੀ ਨੂੰ ਹੱਥ ਲਾ ਕੇ ਜਾਂ ਜੱਫਾ ਛੁਡਾ ਕੇ ਪਾਲੇ ਵਾਲੀ ਲੀਕ ਉਤੇ 'ਕਬੱਡੀ, ਕਬੱਡੀ' ਕਰਦਾ ਪਹੁੰਚ ਜਾਂਦਾ ਹੈ ਤਾਂ ਉਹ ਆਪਣੀ ਟੋਲੀ ਲਈ ਇਕ ਨੰਬਰ ਜਿੱਤ ਲੈਂਦਾ ਹੈ। ਜੇ ਵਿਰੋਧੀ ਖਿਡਾਰੀ ਇਸ ਕਬੱਡੀ ਪਾਉਣ ਵਾਲੇ ਨੂੰ ਉਸ ਦਾ ਸਾਹ ਮੁੱਕਣ ਤਕ ਆਪਣੇ ਪਾਸੇ ਹੀ ਰਖ ਲਵੇ ਤਾਂ ਵਿਰੋਧੀ ਖਿਡਾਰੀ ਆਪਣੀ ਟੋਲੀ ਲਈ ਇਕ ਨੰਬਰ ਬਣਾ ਲੈਂਦਾ ਹੈ।

(੩) ਕਿਸੇ ਖਿਡਾਰੀ ਨੂੰ ਖੇਡ ਸਮੇਂ ਮੁੱਕਾ, ਠੁੱਡਾ, ਚਪੇੜ, ਆਦਿ ਮਾਰਨਾ ਮਨ੍ਹਾ ਹੈ, ਇਸ ਤਰ੍ਹਾਂ ਮਾਰਨ ਵਾਲੇ ਦੇ ਉਲਟ ਨੰਬਰ ਦਿੱਤਾ ਜਾਂਦਾ ਹੈ।

(੪) ਚੱਕਰ ਵਾਲੀ ਲੀਕ ਤੋਂ ਬਾਹਰ ਨਿਕਲ ਜਾਣ ਵਾਲਾ ਖਿਡਾਰੀ ਆਪਣੀ ਵਿਰੋਧੀ ਟੀਮ ਨੂੰ ਇਕ ਨੰਬਰ ਦੁਆ ਦੇਂਦਾ ਹੈ।

(੫) ਪਾਲਿਆਂ ਤੋਂ ਬਾਹਰ ਆਉਣ ਵਾਲਾ ਖਿਡਾਰੀ ਵੀ ਇਕ ਨੰਬਰ ਵਿਰੋਧੀ ਟੋਲੀ ਨੂੰ ਦੁਆ ਦੇਂਦਾ ਹੈ।

(੬) ਦੋਹਾਂ ਟੋਲੀਆਂ ਦੇ ਖਿਡਾਰੀ, ਵਾਰੋ ਵਾਰੀ, ਕਬਡੀ ਪਾਉਣ ਲਈ ਇਕ ਦੂਜੇ ਦੇ ਪਾਸੇ ਵਲ ਜਾਂਦੇ ਹਨ।

## (ਅ) ਲੰਮੀ ਕਬੱਡੀ

ਲੰਮੀ ਕਬਡੀ ਤੇ ਜੱਫਲ ਕਬੱਡੀ ਵਿਚ ਵੱਡਾ ਫ਼ਰਕ ਇਹ ਹੈ ਕਿ ਜਿਥੇ ਜੱਫਲ ਕਬੱਡੀ ਵਿਚ ਕਬੱਡੀ ਪਾਉਣ ਵਾਲੇ ਨੂੰ ਜਫਾ ਮਾਰ ਕੇ ਆਪਣੇ ਪਾਸੇ ਵਲ ਰੱਖਣ ਦਾ ਜਤਨ ਕੀਤਾ ਜਾਂਦਾ ਹੈ, ਉੱਥੇ ਇਸ ਕਬੱਡੀ ਵਿਚ ਕਬੱਡੀ ਪਾਉਣ ਵਾਲੇ ਦੇ ਹੱਥ ਲੱਗਣ ਤੋਂ ਬਚਣ ਤੇ ਉਸ ਦੇ ਸਾਹ ਮੁੱਕਣ ਉੱਤੇ ਉਸ ਨੂੰ ਹੱਥ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸਤਰ੍ਹਾਂ ਜੇ ਇਸ ਲੰਮੀ ਕਬੱਡੀ ਨੂੰ 'ਛੁਹਣ ਛੁਹਾਣ' ਵਰਗੀ ਖੇਡ ਕਿਹਾ ਜਾਵੇ ਤਾਂ ਕੋਈ ਭੁੱਲ ਨਹੀਂ ਹੋਵੇਗੀ। ਇਉਂ ਸਮਝੋ ਕਿ 'ਛੁਹਣ ਛੁਹਾਣ' ਦੀ ਖੇਡ ਵਿਚ ਕੇਵਲ 'ਕਬੱਡੀ, ਕਬੱਡੀ', ਕਹਿਣ ਦਾ ਹੀ ਵਾਧਾ ਕੀਤਾ ਗਿਆ ਹੈ। ਇਹ ਕਬੱਡੀ ਵੀ ਜੱਫਲ ਕਬੱਡੀ ਵਾਂਙ ਦੋ ਟੋਲੀਆਂ ਖੇਡਦੀਆਂ ਹਨ। ਇਕ ਟੋਲੀ ਦੇ ਖਿਡਾਰੀਆਂ ਦੀ ਗਿਣਤੀ ਦਸ ਤੋਂ ਲੈ ਕੇ ਪੰਦਰਾਂ ਤਕ ਹੁੰਦੀ ਹੈ। ਚੰਗੀ ਖੁਲ੍ਹੀ ਥਾਂ ਉੱਤੇ, ਦੋ ਮਿੱਟੀ ਜਾਂ ਕਪੜਿਆਂ ਦੇ ਪਾਲੇ, ਜਿਨ੍ਹਾਂ ਦੀ ਆਪਸ ਵਿਚ ਦੀ ਦਸ ਤੋਂ ਵੀਹ ਫ਼ੁਟ ਤਕ ਦੀ ਵਿੱਥ ਹੁੰਦੀ ਹੈ, ਬਣਾ ਲਏ ਜਾਂਦੇ ਹਨ। ਇਨ੍ਹਾਂ ਢੇਰੀਆਂ ਜਾਂ ਪਾਲਿਆਂ ਤੋਂ ਇਕ ਪਾਸੇ ਦੀ ਥਾਂ ਇਕ ਟੋਲੀ ਦੀ, ਦੂਜੇ ਪਾਸੇ ਦੀ ਥਾਂ, ਦੂਜੀ ਟੋਲੀ ਦੀ ਹੋ ਜਾਂਦੀ ਹੈ। ਅਖ਼ੀਰੀ ਹੱਦ ਦੋਹਾਂ ਪਾਸਿਆਂ ਵਲ ਕੋਈ ਨਹੀਂ ਹੁੰਦੀ ਤੇ ਖਿਡਾਰੀ ਜਿੰਨੀ ਦੂਰ ਦੌੜਨਾ ਚਾਹੁਣ ਦੌੜ ਸਕਦੇ ਹਨ।

ਸਾਰੀ ਖੇਡ ਦਾ ਸਮਾਂ ਜੱਫਲ ਕੌਡੀ ਵਾਂਙ, ਚਾਲ੍ਹੀ ਮਿੰਟਾਂ ਦਾ ਹੁੰਦਾ ਹੈ ਅਤੇ ਇਸ ਸਮੇਂ ਨੂੰ ਦੋ ਭਾਗਾਂ ਵਿਚ ਵੰਡ ਲਿਆ ਜਾਂਦਾ ਹੈ। ਜਿੱਥੇ ਘੜੀ ਨਾ ਮਿਲ ਸਕੇ ਜਾਂ ਨਾ ਵਰਤਣੀ ਹੋਵੇ ਉੱਥੇ ਇਕ ਪਾਸੇ ਦੇ ਸਾਰੇ ਖਿਡਾਰੀ ਬੈਠ (ਮਰ) ਜਾਂਦੇ ਹਨ, ਤਾਂ ਇਕ ਭਾਗ ਖ਼ਤਮ ਹੋਇਆ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਉਸ ਟੋਲੀ ਦੇ ਸਾਰੇ ਖਿਡਾਰੀ ਦੂਜੀ ਵਾਰੀ ਵੀ ਬੈਠ ਜਾਣ ਤਾਂ ਖੇਡ ਖ਼ਤਮ ਹੋ ਜਾਂਦੀ ਹੈ। ਜੇ ਦੋਵੇਂ ਟੋਲੀਆਂ ਇਕ ਇਕ ਵਾਰੀ 'ਬੈਠ' ਜਾਣ ਤਾਂ ਇਕ ਵਾਰ ਫਿਰ ਪਹਿਲੇ ਵਾਂਙ ਖੇਡ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਵਾਰੀ ਦੇ ਨਤੀਜੇ ਉੱਤੇ ਖੇਡ ਦਾ ਫ਼ੈਸਲਾ ਹੁੰਦਾ ਹੈ। ਜੱਫਲ ਕਬੱਡੀ ਵਾਂਙ ਇਸ ਦੇ ਪਾਸਿਆਂ ਤੇ ਪਹਿਲੀ ਕਬੱਡੀ ਦਾ ਨਿਰਣਾ ਟਾਸ ਨਾਲ ਕੀਤਾ ਜਾਂਦਾ ਹੈ। ਟਾਸ ਜਿੱਤਣ ਵਾਲੀ ਟੋਲੀ ਕਬਡੀ ਜਾਣਾ ਜਾਂ ਕੋਈ ਪਾਸਾ ਮੱਲਦੀ ਹੈ। ਕਬੱਡੀ ਜਾਣ ਵਾਲਾ ਪਾਲਿਆਂ ਵਿੱਚੋਂ ਦੀ ਲੰਘਦਾ

ਹੋਇਆ 'ਕਬੱਡੀ ਕਬੱਡੀ' ਕਹਿੰਦਾ ਵਿਰੋਧੀ ਟੋਲੀ ਦੇ ਖਿਡਾਰੀਆਂ ਵਲ ਵਧਦਾ ਹੈ ਤੇ ਉਨ੍ਹਾਂ ਵਿਚੋਂ ਕਿਸ ਇਕ ਨੂੰ ਹੱਥ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਵਿਰੋਧੀ ਟੋਲੀ ਵਾਲੇ ਉਸ ਤੋਂ ਬਚਣ ਲਈ ਅੱਗੇ ਅੱਗੇ ਦੌੜਦੇ ਹਨ ਤੇ ਉਸ ਨੂੰ ਝਾਕਾ ਦਿੰਦੇ ਹਨ। ਕਬੱਡੀ ਪਾਉਣ ਵਾਲੇ ਨੂੰ ਆਪਣੇ ਸਾਹ ਦੇ ਅੰਦਰ ਅੰਦਰ ਹੀ ਵਿਰੋਧੀ ਟੋਲੀ ਦੇ ਪਾਸੇ ਵਲ ਰਹਿਣਾ ਪੈਂਦਾ ਹੈ। ਸਾਹ ਮੁੱਕ ਜਾਣ ਉੱਤੇ ਉਸ ਨੂੰ ਆਪਣੇ ਪਾਸੇ ਆਉਣਾ ਪੈਂਦਾ ਹੈ। ਸਾਹ ਦੇ ਹੁੰਦਿਆਂ ਜੇ ਖਿਡਾਰੀ ਵਿਰੋਧੀ ਟੋਲੀ ਦੇ ਕਿਸੇ ਖਿਡਾਰੀ ਨੂੰ ਹੱਥ ਲਾ ਕੇ, ਅਤੇ ਸਾਹ ਸਮੇਤ ਪਾਲੇ ਵਿਚਲੀ ਲੀਕ ਨੂੰ ਪਾਰ ਕਰ ਕੇ ਆਪਣੇ ਪਾਸੇ ਵਿਚ ਆ ਜਾਵੇ ਤਾਂ ਉਹ ਆਪਣੀ ਟੋਲੀ ਲਈ ਇਕ ਨੰਬਰ ਜਿੱਤ ਲੈਂਦਾ ਹੈ। ਇਸ ਦੇ ਉਲਟ ਜੇ ਕਬੱਡੀ ਪਾਉਣ ਵਾਲੇ ਦਾ ਸਾਹ ਵਿਰੋਧੀ ਟੋਲੀ ਵਾਲੇ ਪਾਸੇ ਵਿਚ ਹੀ ਮੁੱਕ ਜਾਵੇ ਅਤੇ ਵਿਰੋਧੀ ਟੋਲੀ ਦਾ ਕੋਈ ਖਿਡਾਰੀ ਉਸ ਨੂੰ ਹੱਥ ਲਾ ਦੇਵੇ ਤਾਂ ਵਿਰੋਧੀ ਟੋਲੀ ਇਕ ਨੰਬਰ ਜਿੱਤ ਲੈਂਦੀ ਹੈ। ਬਿਨਾਂ ਹੱਥ ਲਾਏ ਜਾਂ ਲੱਗੇ ਕੋਈ ਨੰਬਰ ਨਹੀਂ ਗਿਣਿਆ ਜਾਂਦਾ। ਇਸ ਤਰ੍ਹਾਂ ਦੋਨਾਂ ਟੋਲੀਆਂ ਦੇ ਖਿਡਾਰੀ ਵਾਰੀ ਵਾਰੀ ਇਕ ਦੂਜੇ ਵੱਲ ਜਾ ਕੇ 'ਕਬੱਡੀ, ਕਬੱਡੀ' ਕਰਦੇ ਛੂੰਹਦੇ ਅਤੇ ਹੱਥ ਲਾਉਂਦੇ ਹਨ ਅਤੇ ਇਸ ਦੌੜ ਅਨੁਸਾਰ ਨੰਬਰ ਜਿੱਤਦੇ ਤੇ ਹਾਰਦੇ ਹਨ। ਸਮੇਂ ਦੇ ਪਿੱਛੋਂ ਸਾਰਿਆਂ ਨੰਬਰਾਂ ਦਾ ਹਿਸਾਬ ਕੀਤਾ ਜਾਂਦਾ ਹੈ। ਜਿਸ ਟੋਲੀ ਦੇ ਨੰਬਰ ਜ਼ਿਆਦਾ ਹੋਣ ਉਹ ਜਿੱਤੀ ਸਮਝੀ ਜਾਂਦੀ ਹੈ ਅਤੇ ਦੂਸਰੀ ਹਾਰੀ। ਜੇ ਖਿਡਾਰੀਆਂ ਦੇ ਬੈਠਣ ਉੱਤੇ ਸਿੱਟਾ ਕੱਢਣਾ ਹੋਵੇ ਤਾਂ ਤਿੰਨ ਖੇਡਾਂ ਵਿੱਚੋਂ ਜਿਸ ਟੋਲੀ ਦੇ ਸਾਰੇ ਖਿਡਾਰੀ ਦੋ ਖੇਡਾਂ ਵਿਚ ਬੈਠ (ਮਰ) ਜਾਣ, ਉਹ ਟੋਲੀ ਹਾਰੀ ਹੋਈ ਸਮਝੀ ਜਾਂਦੀ ਹੈ।

## ੨. ਗੁੱਲੀ ਡੰਡਾ

ਪੱਛਮੀ ਦੇਸਾਂ ਦੀਆਂ ਮਸ਼ਹੂਰ ਖੇਡਾਂ ਕ੍ਰਿਕਟ ਅਤੇ ਬੇਸ-ਬਾਲ ਨਾਲ ਮਿਲਦੀ-ਜੁਲਦੀ ਪੰਜਾਬ ਦੀ ਖੇਡ ਗੁੱਲੀ ਡੰਡਾ ਹੈ। ਜਿੱਥੇ ਕ੍ਰਿਕਟ ਅਤੇ ਬੇਸ-ਬਾਲ ਵਿਚ ਚੌੜੇ ਤੇ ਗੋਲ ਬੱਲਿਆਂ ਨਾਲ ਗੇਂਦ ਨੂੰ ਸੱਟ ਮਾਰ ਕੇ ਦੂਰ ਸੁੱਟਿਆ ਜਾਂਦਾ ਹੈ, ਉੱਥੇ ਗੁੱਲੀ ਡੰਡੇ ਵਿਚ, ਕਿਸੇ ਡੰਡੇ ਨਾਲ, ਗੁੱਲੀ ਨੂੰ ਉਭਾਰ ਕੇ ਦੂਰ ਸੁੱਟਿਆ ਜਾਂਦਾ ਹੈ। ਇਸ ਦੇ ਕਈ ਹੋਰ ਪੱਖ, ਜਿਵੇਂ ਗੁੱਲੀ ਨੂੰ ਹਵਾ ਵਿਚ ਬੋਚਣਾ, ਡੰਡੇ ਦਾ ਨਿਸ਼ਾਨਾ ਲਾਉਣਾ, ਆਦਿ ਵੀ ਉਪਰੋਕਤ ਪੱਛਮੀ ਖੇਡਾਂ ਨਾਲ ਬਹੁਤ ਹੱਦ ਤਕ ਮਿਲਦੇ ਜੁਲਦੇ ਹਨ।

ਇਸ ਖੇਡ ਦੇ ਉੱਘੇ ਉੱਘੇ ਪੱਖ — ਗੁੱਲੀ ਦੀ ਘੜ ਕੇ ਪਤਲੀ ਕੀਤੀ ਹੋਈ ਨੁੱਕਰ ਉੱਤੇ, ਡੰਡੇ ਨਾਲ ਇਸ ਤਰ੍ਹਾਂ ਮਾਰਨਾ ਕਿ ਗੁੱਲੀ ਹਵਾ ਵਿਚ ਉੱਭਰ ਸਕੇ, ਗੁੱਲੀ ਨੂੰ ਹਵਾ ਵਿਚ ਡੰਡੇ ਨਾਲ ਜ਼ੋਰ ਦੀ ਸੱਟ ਮਾਰ ਕੇ ਦੂਰ ਭੇਜਣਾ, ਗੁੱਲੀ ਨਾਲ ਡੰਡੇ ਦਾ ਨਿਸ਼ਾਨਾ ਲਾਉਣਾ ਤੇ ਗੁੱਲੀ ਨੂੰ ਹਵਾ ਵਿੱਚੋਂ ਬੋਚਣਾ ਆਦਿ ਹਨ। ਇਹ ਖੇਡ ਹਰ ਉਮਰ ਦੇ ਪ੍ਰਾਣੀਆਂ ਵਿਚ ਬੜੀ ਦਿਲਚਸਪੀ ਨਾਲ ਖੇਡੀ ਜਾਂਦੀ ਹੈ। ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਸਿਆਣੀ ਉਮਰ ਦੇ ਲੋਕਾਂ ਤਕ ਇਹ ਖੇਡ ਖੇਡ ਕੇ ਆਪਣਾ ਦਿਲ ਪਰਚਾਉਂਦੇ ਹਨ।

ਇਹ ਖੇਡ ਦੋ ਖਿਡਾਰੀ ਜਾਂ ਦੋ ਟੋਲੀਆਂ ਖੇਡ ਸਕਦੀਆਂ ਹਨ। ਦੋਹਾਂ ਟੋਲੀਆਂ ਵਿਚ ਬਰਾਬਰ ਬਰਾਬਰ ਖਿਡਾਰੀ ਹੁੰਦੇ ਹਨ। ਖਿਡਾਰੀਆਂ ਦੀ ਗਿਣਤੀ ਕੋਈ ਖ਼ਾਸ ਨੀਅਤ ਨਹੀਂ ਹੁੰਦੀ। ਜਿੰਨੇ ਵੀ ਖਿਡਾਰੀ ਹੋਣ, ਦੋ ਟੋਲੀਆਂ ਵਿਚ ਬਰਾਬਰ ਬਰਾਬਰ ਵੰਡ ਲਏ ਜਾਂਦੇ ਹਨ। ਆਮ ਤੌਰ ਤੇ ਇਕ ਟੋਲੀ ਵਿਚ ਖਿਡਾਰੀ ਦੋ ਤੋਂ ਪੰਜ ਤਕ ਹੁੰਦੇ ਹਨ।

ਗੱਭਰੂ ਤਾਂ ਖੁਲ੍ਹੇ ਮੈਦਾਨ ਦੀ ਵਰਤੋਂ ਕਰਦੇ ਹਨ, ਪਰ ਛੋਟੇ ਮੁੰਡੇ ਥੋੜ੍ਹੀ ਜਿਹੀ ਥਾਂ ਅਥਵਾ ਘਰ ਦੇ ਵਿਹੜੇ ਜਾਂ ਘਰਾਂ ਦੇ ਸਾਹਮਣੇ ਖ਼ਾਲੀ ਪਈ ਥਾਂ ਵਿਚ ਹੀ ਕੰਮ ਸਾਰ ਲੈਂਦੇ ਹਨ। ਇਸ ਦਾ ਕਾਰਨ ਅਵਸਥਾ ਦੇ ਬਲ ਅਨੁਸਾਰ ਗੁੱਲੀ ਦਾ ਨੇੜੇ ਜਾਂ ਦੂਰ ਜਾਣਾ ਹੈ। ਖੇਡਣ ਵਾਲੀ ਥਾਂ ਦੇ ਵਿਚਕਾਰ ਇਕ ਰਾਬ ਖੁੱਤੀ ਹੁੰਦੀ ਹੈ ਜਿਹੜੀ ਤਕਰੀਬਨ ਛੇ ਇੰਚ ਤੋਂ ਲੈ ਕੇ ਨੌਂ ਇੰਚ ਤਕ ਲੰਮੀ ਅਤੇ ਦੋ ਤੋਂ ਚਾਰ ਇੰਚ ਤਕ ਡੂੰਘੀ ਅਤੇ ਤਕਰੀਬਨ ਏਨੀ ਹੀ ਚੌੜੀ ਹੁੰਦੀ ਹੈ।

ਇਕ ਲੱਕੜੀ ਦਾ ਡੰਡਾ ਗੋਲ ਜਾਂ ਚਪਟਾ, ਇਕ ਫੁੱਟ ਤੋਂ ਤਿੰਨ ਫ਼ੁੱਟ ਲੰਮਾ ਤੇ ਇਕ ਲਕੜੀ ਦੀ ਗੁੱਲੀ, ਜਿਸ ਦੇ ਦੋਵੇਂ ਪਾਸੇ ਘੜੇ ਹੋਏ ਅਤੇ ਜਿਸ ਦੀ ਲੰਬਾਈ ਪਜ ਇੰਚ ਤੋਂ ਨੌਂ ਇੰਚ ਅਤੇ ਘੇਰਾ ਦੋ ਤੋਂ ਪੰਜ ਤਕ ਹੁੰਦਾ ਹੈ, ਵਰਤੇ ਜਾਂਦੇ ਹਨ। ਚਪਟੇ ਜਾਂ ਗੋਲ ਡੰਡੇ ਦਾ ਇਕ ਸਿਰਾ ਏਨਾ ਗੋਲ ਜਾਂ ਚਪਟਾ ਹੁੰਦਾ ਹੈ ਕਿ ਉਹ ਆਸਾਨੀ ਨਾਲ ਹੱਥ ਦੀ ਮੁੱਠੀ ਵਿਚ ਆ ਜਾਂਦਾ ਹੈ।

ਖੇਡ ਦਾ ਸਮਾਂ ਖੁੱਲ੍ਹਾ ਹੁੰਦਾ ਹੈ ਅਤੇ ਇਹ ਮਿਥੀਆਂ ਹੋਈਆਂ ਵਾਰੀਆਂ ਦੇ ਖ਼ਤਮ ਹੋ ਜਾਣ ਤੇ ਹੀ ਮੁੱਕ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਜੇ ਦੋ ਦੋ ਵਾਰੀਆਂ ਦਾ ਫ਼ੈਸਲਾ ਕੀਤਾ ਗਿਆ ਹੋਵੇ ਤਾਂ ਜਦੋਂ ਤਕ ਦੋਵੇਂ ਟੋਲੀਆਂ ਦੋ ਦੋ ਵਾਰੀਆਂ ਲੈ ਨਹੀਂ ਲੈਂਦੀਆਂ,ਖੇਡ ਜਾਰੀ ਰਹੇਗੀ। ਆਮ ਤੌਰ ਤੇ ਇਹ ਖੇਡ ਅਣਮਿੱਥੇ ਸਮੇਂ ਤਕ ਖੇਡੀ ਜਾਂਦੀ ਹੈ ਅਤੇ ਖਿਡਾਰੀ ਓਦੋਂ ਹੀ ਬੱਸ ਕਰਦੇ ਹਨ ਜਦੋਂ ਉਹ ਅੱਕ ਥੱਕ ਜਾਣ।

ਸ਼ੁਰੂ ਕਰਨ ਤੋਂ ਪਹਿਲਾਂ, ਜਿਸ ਟੋਲੀ ਦਾ ਆਗੂ ਆਪਣੇ ਡੰਡੇ ਉੱਤੇ ਗੁੱਲੀ ਨੂੰ ਬਹੁਤੀ ਵਾਰੀ ਭੁੜਕਾ ਲੈਂਦਾ ਹੈ, ਉਸ ਦੀ ਟੋਲੀ ਦੀ ਪਹਿਲੀ ਵਾਰੀ ਹੋ ਜਾਂਦੀ ਹੈ। ਵਾਰੀ ਲੈਣ ਵਾਲੀ ਟੋਲੀ ਦੇ ਸਾਰੇ ਖਿਡਾਰੀ ਖੁੱਤੀ ਜਾਂ ਰਾਬ ਦੇ ਪਿੱਛੇ ਖੜੇ ਹੋ ਜਾਂਦੇ ਹਨ ਅਤੇ ਦੂਜੀ ਟੋਲੀ ਦੇ ਖਿਡਾਰੀ ਸਾਹਮਣੇ। ਵਾਰੀ ਲੈਣ ਵਾਲਿਆਂ ਵਿਚੋਂ ਖਿਡਾਰੀ ਗੁੱਲੀ ਅਤੇ ਡੰਡੇ ਨੂੰ ਹੱਥ ਵਿਚ ਫੜ ਕੇ ਰਾਬ ਜਾਂ ਖੁੱਤੀ ਦੇ ਕੋਲ ਜਾਂਦਾ ਹੈ ਅਤੇ ਗੁੱਲੀ ਨੂੰ ਖੁੱਤੀ ਉੱਤੇ ਰੱਖ ਕੇ, ਡੰਡੇ ਦੇ ਇਕ ਸਿਰੇ ਨੂੰ ਰਾਬ ਵਿਚ ਗੁੱਲੀ ਦੇ ਹੇਠਾਂ ਰੱਖ, ਡੰਡੇ ਨੂੰ ਦੋਹਾਂ ਹੱਥਾਂ ਨਾਲ ਫੜ ਕੇ ਗੁੱਲੀ ਨੂੰ ਅੱਗੇ ਖੜੇ ਖਿਡਾਰੀਆਂ ਵੱਲ ਜ਼ੋਰ ਦੀ ਸੁੱਟਦਾ ਹੈ। ਸਾਹਮਣੇ ਖੜੇ ਖਿਡਾਰੀ ਇਸ ਤਰ੍ਹਾਂ ਸੁੱਟੀ ਹੋਈ ਗੁੱਲੀ ਨੂੰ ਬੋਚਣ ਦਾ ਜਤਨ ਕਰਦੇ ਹਨ। ਜੇ ਕੋਈ ਵਿਰੋਧੀ ਖਿਡਾਰੀ ਇਸ ਗੁਲੀ ਨੂੰ ਬੋਚ ਲੈਂਦਾ ਹੈ ਤਾਂ ਵਾਰੀ ਲੈ ਰਹੇ ਖਿਡਾਰੀ ਦੀ ਵਾਰੀ ਚਲੀ ਜਾਂਦੀ ਹੈ। ਗੁੱਲੀ ਨਾ ਬੋਚੀ ਜਾਣ ਤੇ ਵਾਰੀ ਲੈਣ ਵਾਲਾ ਖਿਡਾਰੀ ਡੰਡਾ ਰਾਬ ਦੇ ਆਰ-ਪਾਰ ਰਖਦਾ ਹੈ ਤੇ ਵਿਰੋਧੀ ਖਿਡਾਰੀਆਂ ਵਿੱਚੋਂ ਜਿੱਥੇ ਗੁੱਲੀ ਜਾ ਕੇ ਡਿਗੀ ਹੋਵੇ, ਉਸ ਥਾਂ ਤੋਂ ਡੰਡੇ ਦਾ ਗੁੱਲੀ ਨਾਲ ਨਿਸ਼ਾਨਾ ਬਣਾਉਂਦਾ ਹੈ। ਜਦੋਂ ਗੁੱਲੀ ਡੰਡੇ ਨੂੰ ਨਹੀਂ ਲਗਦੀ ਤਾਂ ਵਾਰੀ ਲੈਣ ਵਾਲਾ ਖਿਡਾਰੀ ਰਾਬ ਤੋਂ ਡੰਡੇ ਨੂੰ ਚੁੱਕ ਕੇ ਗੁੱਲੀ ਦੇ ਇਕ ਸਿਰੇ ਉੱਤੇ ਡੰਡਾ ਮਾਰ, ਗੁੱਲੀ ਨੂੰ ਉਭਾਰਦਾ ਹੈ ਤੇ ਇਸ ਤਰ੍ਹਾਂ ਉੱਛਲੀ ਹੋਈ ਗੁੱਲੀ ਨੂੰ ਜ਼ਮੀਨ ਉੱਤੇ ਡਿੱਗਣ ਤੋਂ ਪਹਿਲਾਂ ਜ਼ੋਰ ਦੀ ਸੱਟ ਮਾਰਦਾ ਹੈ (ਇਸ ਨੂੰ ਗੁੱਲੀ ਮਾਰਨਾ ਵੀ ਕਹਿੰਦੇ ਹਨ)। ਇਸ ਤਰ੍ਹਾਂ ਵਾਰੀ ਲੈਣ ਵਾਲਾ ਖਿਡਾਰੀ ਇਕ ਇਕ ਕਰ ਕੇ ਦੋ ਹੋਰ ਗੁੱਲ ਮਾਰਦਾ ਹੈ। ਇਨ੍ਹਾਂ ਗੁੱਲਾਂ ਤੋਂ ਪਿੱਛੋਂ ਵਾਰੀ ਲੈਣ ਵਾਲਾ ਖਿਡਾਰੀ ਡੰਡਾ ਫੇਰ ਰਾਬ ਉੱਤੇ ਰੱਖ ਦੇਂਦਾ ਹੈ ਤੇ ਵਿਰੋਧੀ ਟੋਲੀ ਦਾ ਇਕ ਖਿਡਾਰੀ ਗੁੱਲੀ ਡੰਡੇ ਦਾ ਪਹਿਲੇ ਵਾਂਙ ਨਿਸ਼ਾਨਾ ਲਾਉਂਦਾ ਹੈ। ਇਸ ਤਰ੍ਹਾਂ ਵਾਰੀ ਲੈਣ ਵਾਲਾ ਖਿਡਾਰੀ ਉਦੋਂ ਤੱਕ ਖੇਡਦਾ ਰਹਿੰਦਾ ਹੈ, ਜਦੋਂ ਤਕ ਉਸ ਦੀ ਵਾਰੀ ਗੁੱਲੀ ਦੇ ਬੋਚਣ ਨਾਲ ਜਾਂ ਡੰਡੇ ਦਾ ਨਿਸ਼ਾਨਾ ਲਗ ਜਾਣ ਨਾਲ ਜਾਂਦੀ ਨਹੀਂ ਰਹਿੰਦੀ। ਇਕ ਖਿਡਾਰੀ ਦੀ ਵਾਰੀ ਜਾਣ ਪਿੱਛੋਂ ਦੂਜੇ ਖਿਡਾਰੀ ਦੀ ਵਾਰੀ ਆਉਂਦੀ ਹੈ ਅਤੇ ਦੂਜੇ ਤੋਂ ਪਿੱਛੋਂ ਤੀਜੇ ਦੀ। ਇਸ ਤਰ੍ਹਾਂ ਵਾਰੀ ਲੈਣ ਵਾਲੀ ਟੋਲੀ ਦੇ ਸਾਰੇ ਖਿਡਾਰੀ ਇਕ ਦੂਜੇ ਦੇ ਪਿੱਛੋਂ ਵਾਰੀ ਲੈਂਦੇ ਜਾਂਦੇ ਹਨ। ਇਕ ਟੋਲੀ ਦੇ ਸਾਰੇ ਖਿਡਾਰੀਆਂ ਦੀ ਵਾਰੀ ਚਲੀ ਜਾਣ ਉੱਤੇ ਦੂਜੀ ਟੋਲੀ ਦੇ ਖਿਡਾਰੀਆਂ ਦੀ ਵਾਰੀ ਆਉਂਦੀ ਹੈ ਅਤੇ ਉਹ ਪਹਿਲੀ ਟੋਲੀ ਵਾਂਙ ਇਕ ਇਕ ਕਰ ਕੇ ਵਾਰੀ ਲੈਂਦੇ ਹਨ। ਜਦ ਦੋਹਾਂ ਟੋਲੀਆਂ ਦੀਆਂ ਮਿਥੀਆਂ ਹੋਈਆਂ ਵਾਰੀਆਂ ਖ਼ਤਮ ਹੋ ਜਾਂਦੀਆਂ ਹਨ ਤਾਂ ਖੇਡ ਵੀ ਮੁੱਕ ਜਾਂਦੀ ਹੈ। ਜੇ ਵਾਰੀਆਂ ਮਿਥੀਆਂ ਜਾਂ ਨੀਅਤ ਨਾ ਕੀਤੀਆਂ ਗਈਆਂ ਹੋਣ ਤਾਂ ਖੇਡ ਟੋਲੀਆਂ ਦੀ ਮਰਜ਼ੀ ਅਨੁਸਾਰ ਚੱਲਦੀ ਰਹਿੰਦੀ ਹੈ।

ਇਸ ਖੇਡ ਦੀ ਜਿੱਤ ਹਾਰ ਦਾ ਵੱਖਰਾ ਹੀ ਤਰੀਕਾ ਹੈ। ਇਸ ਵਿਚ ਜਿਹੜੀ ਟੋਲੀ ਜ਼ਿਆਦਾ ਦੇਰ ਤਕ ਖੇਡਦੀ ਰਹਿੰਦੀ ਹੈ, ਉਹ ਜਿੱਤੀ ਅਤੇ ਦੂਜੀ ਟੋਲੀ ਹਾਰੀ ਸਮਝੀ ਜਾਂਦੀ ਹੈ।

ਇਸ ਖੇਡ ਲਈ ਕਿਸੇ ਰੈਫ਼ਰੀ ਦੀ ਲੋੜ ਨਹੀਂ ਪੈਂਦੀ ਕਿਉਂ ਜੋ ਦੋਹਾਂ ਪੱਖਾਂ ਦੇ ਖਿਡਾਰੀ ਇਕ ਦੂਜੇ ਦੀ ਵਾਰੀ ਵੇਲੇ ਪੂਰਾ ਧਿਆਨ ਰੱਖਦੇ ਹਨ, ਪਰ ਫੇਰ ਵੀ ਰੈਫ਼ਰੀ ਦੀ ਮੌਜੂਦਗੀ ਨਾ ਹੋਣ ਕਰ ਕੇ ਕਈ ਵਾਰੀ ਬਹੁਤ

ਝਗੜੇ ਹੋਣ ਦਾ ਡਰ ਹੁੰਦਾ ਹੈ ।

ਇਸ ਖੇਡ ਵਿਚ ਹੇਠ–ਲਿਖੇ ਹੋਰ ਨਿਯਮਾਂ ਦਾ ਖ਼ਿਆਲ ਰੱਖਿਆ ਜਾਂਦਾ ਹੈ :–

(੧) ਵਾਰੀ ਲੈਣ ਵਾਲੇ ਖਿਡਾਰੀ ਦੀ ਵਾਰੀ ਉਸੇ ਸਮੇਂ ਚਲੀ ਜਾਂਦੀ ਹੈ ਜਦੋਂ ਤਿੰਨਾਂ ਗੁੱਲਾਂ ਵਿੱਚੋਂ ਕੋਈ ਵੀ ਨਾ ਲੱਗੇ ।

(੨) ਵਾਰੀ ਸ਼ੁਰੂ ਕਰਨ ਵੇਲੇ ਗੁੱਲੀ ਰਾਬ ਉੱਤੇ ਰੱਖ ਕੇ ਉੱਚੀ ਹਵਾ ਵਿੱਚ ਜਾਂ ਜ਼ਮੀਨ ਦੇ ਨਾਲ ਨਾਲ ਸੁੱਟੀ ਜਾ ਸਕਦੀ ਹੈ ।

(੩) ਗੁੱਲ ਹਰ ਪਾਸੇ ਵੱਲ ਮਾਰਿਆ ਜਾ ਸਕਦਾ ਹੈ ।

(੪) ਕਿਸੇ ਕਿਸੇ ਥਾਂ ਉੱਤੇ ਉੱਪਰ ਲਿਖੇ ਨਿਯਮਾਂ ਵਿਚ ਹੇਠਲੇ ਨਿਯਮ ਦਾ ਵਾਧਾ ਵੀ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਖੇਡ ਹੋਰ ਵੀ ਮਨੋਰੰਜਕ ਬਣਾ ਲਈ ਜਾਂਦੀ ਹੈ । ਖਿਡਾਰੀ ਆਪਣੀ ਵਾਰੀ ਸਮੇਂ ਗੁੱਲੀ ਨੂੰ ਟੁੱਲ ਮਾਰਨਾਂ ਉਦੋਂ ਬੰਦ ਕਰੇਗਾ ਜਦੋਂ ਉਸ ਕੋਲੋਂ ਕੋਈ ਟੁੱਲ ਖੁੰਝ ਜਾਵੇਗਾ । ਇਸ ਤਰ੍ਹਾਂ ਖਿਡਾਰੀ ਤਿੰਨਾਂ ਗੁੱਲਾਂ ਜਾਂ ਟੁੱਲਾਂ ਤੋਂ ਜ਼ਿਆਦਾ ਵੀ ਮਾਰ ਸਕਦਾ ਹੈ । ਜੇ ਕੋਈ ਖਿਡਾਰੀ ਛੇ ਤੋਂ ਦਸ ਟੁੱਲ ਮਾਰਨ ਵਿਚ ਸਫਲ ਹੋ ਜਾਂਦਾ ਹੈ ਤਾਂ ਉਹ ਆਪਣੇ ਇਕ ਹਾਣੀ ਦੀ ਗਈ ਹੋਈ ਵਾਰੀ ਫੇਰ ਬਣਾ ਲੈਂਦਾ ਹੈ । ਦਸ ਟੁੱਲ ਲੱਗਣ ਪਿੱਛੋਂ ਖੇਡ ਰਹੇ ਖਿਡਾਰੀ ਦੀ ਸਾਰੀ ਟੋਲੀ, ਗੁੱਲੀ ਵਾਲੀ ਥਾਂ ਤੋਂ ਲੈ ਕੇ ਰਾਬ ਤਕ ਵਿਰੋਧੀ ਖਿਡਾਰੀਆਂ ਉੱਤੇ ਸਵਾਰੀ ਕਰਨ ਦੀ ਅਧਿਕਾਰੀ ਹੋ ਜਾਂਦੀ ਹੈ ।

## ੩. ਖਿੱਦੋ-ਖੂੰਡੀ

ਯੂਰਪ ਦੇ ਦੇਸਾਂ ਨੇ ਹਾਕੀ ਦੀ ਖੇਡ ਪੱਛਮੀ ਦੇਸਾਂ ਦੀ ਇਕ ਆਮ ਪਰਚਲਤ ਖੇਡ ਤੋਂ ਲਈ ਹੈ, ਜਿਸ ਨੂੰ 'ਖਿੱਦੋ-ਖੂੰਡੀ' ਕਿਹਾ ਜਾਂਦਾ ਹੈ । ਇਸ ਲਈ ਖਿੱਦੋ–ਖੂੰਡੀ ਨੂੰ ਹਾਕੀ ਦਾ ਮੁੱਢਲਾ ਰੂਪ ਕਿਹਾ ਜਾ ਸਕਦਾ ਹੈ । ਇਸ ਦੇ ਬਹੁਤ ਸਾਰੇ ਪੱਖ ਜਿਵੇਂ ਖੂੰਡੀਆਂ ਦਾ ਹਾਕੀਆਂ ਵਾਂਙ ਮੁੜਿਆ ਹੋਣਾ, ਖਿੱਦੋ ਦੀ ਵਰਤੋਂ, ਖੇਡ ਸ਼ੁਰੂ ਕਰਨ ਲਈ ਬੁਲੀ ਕਰਨੀ, ਦੋ ਮਿੱਥੇ ਹੋਏ ਗੋਲਾਂ ਵਿੱਚੋਂ ਗੇਂਦ ਪਾਰ ਕਰਨਾ ਆਦਿ ਹਾਕੀ ਨਾਲ ਮਿਲਦੇ ਹਨ । ਇਸ ਖੇਡ ਵਿਚ ਸਰੀਰ ਦੇ ਸਾਰਿਆਂ ਅੰਗਾਂ ਦੀ ਕਾਫ਼ੀ ਕਸਰਤ ਹੁੰਦੀ ਹੈ । ਇਸ ਖੇਡ ਵਿਚ ਖਿੱਦੋ ਨੂੰ ਖੂੰਡੀ ਨਾਲ ਮਾਰ ਕੇ ਗੋਲਾਂ ਵਿੱਚੋਂ ਲੰਘਾਉਣਾ ਪੈਂਦਾ ਹੈ, ਇਸ ਤਰ੍ਹਾਂ ਇਕ ਗੋਲ ਹੋਇਆ ਸਮਝਿਆ ਜਾਂਦਾ ਹੈ ।

ਇਹ ਖੇਡ ਦੋ ਟੋਲੀਆਂ ਵਿਚ ਖੇਡੀ ਜਾਂਦੀ ਹੈ । ਇਕ ਟੋਲੀ ਵਿਚ ਖਿਡਾਰੀਆਂ ਦੀ ਗਿਣਤੀ ਚਾਰ ਤੋਂ ਬਾਰਾਂ ਤਕ ਹੁੰਦੀ ਹੈ । ਖੇਡਣ ਲਈ ਥਾਂ ਕਿਸੇ ਖ਼ਾਸ ਮਿਣਤੀ ਦੀ ਨਹੀਂ ਹੁੰਦੀ, ਜਿੰਨੀ ਥਾਂ ਮਿਲ ਜਾਵੇ ਉਸ ਦੇ ਵਿਚ ਵਿਚ ਹੀ ਖੇਡ ਲਿਆ ਜਾਂਦਾ ਹੈ । ਪਰ ਆਮ ਕਰਕੇ, ਇਹ ਮੈਦਾਨ ਪੰਜਾਹ ਗਜ਼ ਤੋਂ ਸੌ ਗਜ਼ ਲੰਮਾ ਤੇ ਤੀਹ ਗਜ਼ ਤੋਂ ਪੰਜਾਹ ਗਜ਼ ਚੌੜਾ ਹੁੰਦਾ ਹੈ ।

ਗੋਲ, ਦੋ ਇੱਟਾਂ ਰੱਖ ਕੇ ਜਾਂ ਇਕ ਕਤਾਰ ਵਿਚ ਖੜੇ ਬਿਰਛਾਂ ਦਾ ਮਿਥ ਲਿਆ ਜਾਂਦਾ ਹੈ । ਇਸੇ ਕਾਰਨ ਗੋਲਾਂ ਵਿਚਲਾ ਫ਼ਾਸਲਾ ਵਧ ਘੱਟ ਹੋ ਜਾਂਦਾ ਹੈ । ਇਹ ਵਿੱਥ ਛੇ ਫ਼ੁੱਟ ਤੋਂ ਲੈ ਕੇ ਵੀਹ ਫ਼ੁੱਟ ਤਕ ਵੇਖੀ ਗਈ ਹੈ । ਹਰ ਇਕ ਖਿਡਾਰੀ ਪਾਸ ਇਕ ਲੱਕੜੀ ਦੀ ਖੂੰਡੀ ਹੋਣੀ ਜ਼ਰੂਰੀ ਹੈ । ਵਿਹਲ ਅਨੁਸਾਰ ਸਮਾਂ ਵਧ ਘੱਟ ਰੱਖਿਆ ਜਾਂਦਾ ਹੈ । ਸੋ ਇਸ ਖੇਡ ਦਾ ਸਮਾਂ ਅੱਧੇ ਘੰਟੇ ਤੋਂ ਲੈ ਕੇ ਦੋ ਘੰਟੇ ਤਕ ਹੋ ਸਕਦਾ ਹੈ । ਦੋਵੇਂ ਟੋਲੀਆਂ, ਟਾਸ ਕਰ ਕੇ, ਆਪਣੇ ਆਪਣੇ ਪਾਸੇ ਮੱਲ ਲੈਂਦੀਆਂ ਹਨ । ਖਿੱਦੋ ਗਰਾਊਂਡ ਦੇ ਵਿਚਕਾਰ ਰੱਖ ਦਿੱਤਾ ਜਾਂਦਾ ਹੈ ਅਤੇ ਵਿਰੋਧੀ ਟੋਲੀਆਂ ਦੇ ਦੋ ਖਿਡਾਰੀ ਹਾਕੀ ਵਾਂਙ ਬੁਲੀ ਕਰਦੇ ਹਨ । ਇਨ੍ਹਾਂ ਵਿੱਚੋਂ ਇਕ ਖਿਡਾਰੀ, ਬੁਲੀ ਪੂਰੀ ਕਰਨ ਪਿੱਛੋਂ, ਖਿੱਦੋ ਨੂੰ ਖੂੰਡੀ ਮਾਰ ਕੇ ਅੱਗੇ ਪਿੱਛੇ ਸੁੱਟਦਾ ਹੈ । ਜਿਸ ਪਾਸੇ ਖਿੱਦੋ ਜਾਂਦਾ ਹੈ, ਉਸ ਪਾਸੇ ਬਹੁਤ ਸਾਰੇ ਖਿਡਾਰੀ

ਦੌੜਦੇ ਹਨ, ਤੇ ਹਰ ਕੋਈ ਆਪਣੇ ਵਿਰੋਧੀ ਦੇ ਗੋਲ ਵਲ ਖਿੱਦੋ ਨੂੰ ਖੂੰਡੀ ਨਾਲ ਸੱਟ ਮਾਰ ਕੇ, ਜਾਂ ਰੇੜ੍ਹ ਕੇ ਲੈ ਜਾਣ ਦਾ ਜਤਨ ਕਰਦਾ ਹੈ। ਇਸ ਤਰ੍ਹਾਂ ਖਿਡਾਰੀ ਗੇਂਦ ਨੂੰ ਟੱਲੇ ਮਾਰਦੇ ਰਹਿੰਦੇ ਹਨ। ਜਦੋਂ ਖਿੱਦੋ ਵਿਰੋਧੀਆਂ ਦੇ ਗੋਲ ਵਿੱਚੋਂ ਜਾਂ ਗੋਲ ਦੇ ਬਾਹਰੋਂ ਜਾਂ ਪਾਸੇ ਦੀ ਚਲੀ ਜਾਂਦੀ ਹੈ, ਖੇਡ ਕੁਝ ਪਲ ਲਈ ਰੁਕ ਜਾਂਦੀ ਹੈ । ਖੇਡ ਨੂੰ ਮੁੜ ਕੇ ਸ਼ੁਰੂ ਕਰਨ ਲਈ ਇਹ ਵਿਧੀਆਂ ਵਰਤੀਆਂ ਜਾਂਦੀਆਂ ਹਨ :–

(ੳ) ਗੋਲ ਵਿੱਚਦੀ ਖਿੱਦੋ ਲੰਘ ਜਾਵੇ ਤਾਂ ਗੋਲ ਹੋ ਜਾਂਦਾ ਹੈ, ਅਤੇ ਫੇਰ ਸ਼ੁਰੂ ਵਾਂਙ ਗਰਾਊਂਡ ਦੇ ਵਿਚਕਾਰ ਬੁਲੀ ਕਰ ਕੇ ਖੇਡ ਸ਼ੁਰੂ ਕੀਤੀ ਜਾਂਦੀ ਹੈ।

(ਅ) ਜੇ ਖਿੱਦੋ ਗੋਲਾਂ ਦੇ ਬਾਹਰੋਂ ਦੀ ਨਿਕਲ ਜਾਵੇ ਤਾਂ ਉਸੇ ਪਾਸੇ ਵਾਲਾ ਕੋਈ ਖਿਡਾਰੀ ਆਪਣੇ ਗੋਲਾਂ ਦੇ ਅਗੇ ਖਿਦੋ ਰੱਖ ਕੇ ਇਕ ਟੱਲੇ ਨਾਲ ਖੇਡ ਸ਼ੁਰੂ ਕਰਦਾ ਹੈ।

(ੲ) ਜੇ ਖਿੱਦੋ ਕਿਸੇ ਪਾਸੋਂ ਪਾਸੇ ਦੀਆਂ ਲੀਕਾਂ ਤੋਂ ਬਾਹਰ ਚਲੀ ਜਾਵੇ ਤਾਂ ਵਿਰੋਧੀ ਟੋਲੀ ਦਾ ਕੋਈ ਖਿਡਾਰੀ ਲੀਕ ਦੇ ਬਾਹਰੋਂ ਗਰਾਉਂਡ ਵਿਚ ਖਿੱਦੋ ਨੂੰ ਉੱਚੀ ਸਾਰੀ ਸੁੱਟਦਾ ਹੈ ਤੇ ਖੇਡ ਸ਼ੁਰੂ ਹੋ ਜਾਂਦੀ ਹੈ। ਜਿਹੜੀ ਟੋਲੀ ਬਹੁਤੇ ਗੋਲ ਕਰ ਲਵੇ ਉਹ ਜਿੱਤੀ ਸਮਝੀ ਜਾਂਦੀ ਹੈ। ਖੇਡ ਦੇ ਨਿਯਮ ਇਹ ਹਨ :–

(੧) ਗਰਾਊਂਡ ਦੇ ਕਿਸੇ ਹਿੱਸੇ ਤੋਂ ਖਿੱਦੋ, ਟੱਲੇ ਨਾਲ ਗੋਲ ਵਿਚਦੀ ਲੰਘ ਜਾਵੇ, ਤਾਂ ਗੋਲ ਹੋਇਆ ਸਮਝਿਆ ਜਾਂਦਾ ਹੈ।

(੨) ਕਿਸੇ ਦੇ ਸਰੀਰ ਉੱਤੇ ਖੂੰਡੀ ਮਾਰਨੀ ਮਨ੍ਹਾ ਹੈ । ਮਾਰਨ ਵਾਲੇ ਦੇ ਵਿਰੋਧੀਆਂ ਦੇ ਇਕ ਖਿਡਾਰੀ ਨੂੰ ਇਕ ਟੱਲਾ ਮਿਲ ਜਾਂਦਾ ਹੈ।

(੩) ਕਿਸੇ ਨੂੰ ਠੁੱਡਾ ਮਾਰਨ ਜਾਂ ਧੱਕਾ ਦੇਣ ਦੀ ਆਗਿਆ ਨਹੀਂ । ਇਸ ਤਰ੍ਹਾਂ ਕਰਨ ਵਾਲੇ ਦੇ ਉਲਟ ਟੱਲਾ ਦਿੱਤਾ ਜਾਂਦਾ ਹੈ

(੪) ਖਿੱਦੋ ਨੂੰ ਹੱਥ ਨਾਲ ਜਾਂ ਪੈਰ ਨਾਲ ਅੱਗੇ ਰੇੜ੍ਹਨਾ ਮਨ੍ਹਾ ਹੈ।

(੫) ਗਰਾਊਂਡ ਦੇ ਵਿਚਕਾਰ ਖਿੱਦੋ ਨੂੰ ਉੱਪਰ ਹਵਾ ਵਿਚ ਸੁੱਟ ਕੇ ਜਾਂ ਹਾਕੀ ਵਾਂਙ ਬੁਲੀ ਕਰ ਕੇ ਖੇਡ ਸ਼ੁਰੂ ਕੀਤੀ ਜਾਂਦੀ ਹੈ।

(੬) ਖਿਡਾਰੀ ਗਰਾਊਂਡ ਵਿਚ ਕਿਤੇ ਵੀ ਖੜਾ ਹੋ ਸਕਦਾ ਹੈ।

(੭) ਜੇ ਖਿਦੋ ਦੁਆਲੇ ਦੀਆਂ ਲੀਕਾਂ ਤੋਂ ਬਾਹਰ ਚਲੀ ਜਾਵੇ ਤਾਂ ਮੁੜ ਪਾਰ ਗਈ ਥਾਂ ਤੋਂ ਹੱਥ ਨਾਲ ਗਰਾਊਂਡ ਵਿਚ ਸੁੱਟਿਆ ਜਾਂਦਾ ਹੈ।

(੮) ਜੇ ਖਿੱਦੋ ਗੋਲਾਂ ਦੇ ਉੱਤੋਂ ਬਾਹਰ ਨਿਕਲ ਜਾਵੇ ਤਾਂ ਖਿੱਦੋ ਸੁੱਟਣ ਵਾਲੇ ਖਿਡਾਰੀ ਦਾ ਕੋਈ ਵਿਰੋਧੀ ਖਿਡਾਰੀ ਮੁੜ ਕੇ ਖਿੱਦੋ ਨੂੰ ਗੋਲਾਂ ਵਿਚ ਰੱਖ, ਟੱਲਾ ਮਾਰ ਕੇ ਖੇਡ ਸ਼ੁਰੂ ਕਰਦਾ ਹੈ।

(੯) ਗੋਲ ਵਿਚ ਖੜਾ ਖਿਡਾਰੀ ਖਿੱਦੋ ਨੂੰ ਆਪਣੇ ਸ਼ਰੀਰ ਨਾਲ ਰੋਕ ਸਕਦਾ ਹੈ, ਦੂਜੇ ਖਿਡਾਰੀਆਂ ਨੂੰ ਇਹ ਅਧਿਕਾਰ ਨਹੀਂ ਹੈ।

## ੪. ਕੁਸ਼ਤੀ

ਸਰੀਰਕ ਬਲ ਨੂੰ ਵਧਾਉਣ ਤੇ ਸਡੋਲ ਬਣਾਉਣ ਲਈ ਉੱਤਮ ਖੇਡ ਕੁਸ਼ਤੀ ਹੈ। ਇਸ ਖੇਡ ਦੀ ਲਗਨ ਪਜਾਬੀਆਂ ਨੂੰ ਚਿਰਾਂ ਤੋਂ ਹੈ। ਇਹੋ ਕਾਰਨ ਹੈ ਕਿ ਇਸ ਧਰਤੀ ਦੇ ਪਹਿਲਵਾਨ ਗਾਮਾ, ਗੁੰਗਾ, ਦਾਰਾ ਸਿੰਘ, ਕਿੱਕਰ ਸਿਘ, ਕੇਸਰ ਸਿੰਘ ਆਦਿ ਨੇ ਦੁਨੀਆਂ ਵਿੱਚ ਉੱਚੀਆਂ ਇਜ਼ਤਾਂ ਪਰਾਪਤ ਕੀਤੀਆਂ ਹਨ। ਛਿੰਝਾਂ ਤੇ ਮੇਲਿਆਂ ਦੀ ਵਡੀ ਖਿੱਚ ਵਿੱਚ ਇਹ ਕੁਸ਼ਤੀਆਂ ਹੀ ਹੁੰਦੀਆਂ ਹਨ। ਅਨੇਕਾਂ ਬੰਦੇ ਆਪਣੇ ਜ਼ਰਰੀ ਕੰਮ ਛੱਡ ਕੇ ਤੇ ਕੋਹਾਂ ਦਾ

ਪੈਂਡਾ ਮਾਰ ਕੇ ਕੁਸ਼ਤੀਆਂ ਦੇਖਣ ਜਾਂਦੇ ਹਨ। ਸਾਰੀ ਕੁਸ਼ਤੀ ਦਾ ਨਿਸ਼ਾਨਾ ਦੂਜੇ ਖਿਡਾਰੀ ਨੂੰ ਆਪਣੇ ਬਲ ਤੇ ਹੁਨਰ ਨਾਲ ਧਰਤੀ ਉੱਤੇ ਡੇਗਣਾ ਹੁੰਦਾ ਹੈ। ਹੋਰਨਾਂ ਦੇਸਾਂ ਦੀਆਂ ਕੁਸ਼ਤੀਆਂ ਨਾਲ ਜੋ ਥੋੜ੍ਹਾ ਬਹੁਤ ਫ਼ਰਕ ਹੈ, ਉਹ ਇਸ ਦੇ 'ਢਾਹੁਣ' ਵਾਲੇ ਨੇਮ ਵਿੱਚ ਹੈ। ਪੰਜਾਬੀ ਨੇਮ ਅਨੁਸਾਰ ਘੁਲਣ ਵਾਲਾ ਉਸ਼ ਸਮੇਂ ਢੱਠਾ ਸਮਝਿਆ ਜਾਂਦਾ ਹੈ, ਜਦੋਂ ਉਸ ਦੇ ਦੋਵੇਂ ਮੌਢੇ ਧਰਤੀ ਨਾਲ ਇੱਕੋ ਵਾਰ ਲਗ ਜਾਣ।

ਗੁੱਡੀ ਹੋਈ ਪੋਲੀ ਧਰਤੀ ਕੁਸ਼ਤੀ ਕਰਨ ਲਈ ਵਰਤੀ ਜਾਂਦੀ ਹੈ। ਇਸ ਨੂੰ 'ਅਖਾੜਾ' ਕਹਿੰਦੇ ਹਨ। ਖਿਡਾਰੀ ਇਸ ਦੇ ਅੰਦਰ ਕੁਸ਼ਤੀ ਕਰਦੇ ਹਨ। ਜ਼ਰੂਰੀ ਨੇਮ ਇਹ ਹਨ :–

੧. ਮੁੱਕਾ, ਚਪੇੜ, ਠੁੱਡਾ ਤੇ ਧੌਲ–ਧੱਪਾ ਮਨ੍ਹਾ ਹੈ।

੨. ਲੰਗੋਟ ਜਾਂ ਕੱਛੇ ਨੂੰ ਹੱਥ ਪਾਉਣ ਦੀ ਆਗਿਆ ਨਹੀਂ।

੩. ਜਦ ਤਕ ਕੋਈ ਖਿਡਾਰੀ ਢੱਠ ਨਹੀਂ ਜਾਂਦਾ, ਉਦੋਂ ਤਕ ਕੁਸ਼ਤੀ ਜਾਰੀ ਰਹਿੰਦੀ ਹੈ।

੪. ਫ਼ੈਸਲਾ ਰੈਫ਼ਰੀ ਕਰਦਾ ਹੈ।

## ੫. ਸੌਂਚੀ

ਸੌਂਚੀ ਦੀ ਖੇਡ ਕੁਝ ਹੱਦ ਤਕ ਅੰਗਰੇਜ਼ੀ ਖੇਡ ਬੌਕਸਿੰਗ ਨਾਲ ਮਿਲਦੀ–ਜੁਲਦੀ ਹੈ। ਖਿਡਾਰੀਆਂ ਨੇ ਸਰੀਰ ਨੂੰ ਤੇਲ ਮਲ ਮਲ ਕੇ ਲਿਸ਼ਕਾਇਆ ਹੁੰਦਾ ਹੈ ਤੇ ਦੋ ਖੇਲਣ ਵਾਲੇ ਆਪਣਾ ਆਪਣਾ ਪਾਸਾ ਮੱਲ ਕੇ ਖੇਡ ਸ਼ੁਰੂ ਕਰਦੇ ਹਨ। ਇਕ ਪਾਸੇ ਦਾ ਖਿਡਾਰੀ ਦੂਜੇ ਪਾਸੇ ਜਾਂਦਾ ਤੇ ਦੂਜੇ ਖਿਡਾਰੀ ਦੀ ਛਾਤੀ ਤੇ ਜ਼ੋਰ ਨਾਲ ਧੱਫਾ ਮਾਰਦਾ ਵਾਪਸ ਭੱਜ ਆਉਂਦਾ ਹੈ ਤੇ ਅੱਗੋਂ ਉਹ ਉਸ ਦੀ ਬਾਂਹ ਪਕੜਦਾ ਹੈ ਤੇ ਜਾਣ ਵਾਲਾ ਛੁਡਾਣ ਦਾ ਜਤਨ ਕਰਦਾ ਹੈ ਤੇ ਇਉਂ ਸਾਰੀ ਜ਼ੋਰ–ਅਜ਼ਮਾਈ ਬਾਂਹ ਛੁਡਾਉਣ ਤੇ ਹੁੰਦੀ ਹੈ। ਇਸ਼ ਵਿਚ ਜ਼ਰੂਰੀ ਸ਼ਰਤ ਇਹ ਹੈ ਕਿ ਧੱਫਾ ਛਾਤੀ ਉੱਤੇ ਹੀ ਮਾਰਿਆ ਜਾਵੇ ਤੇ ਜੇ ਵਿਰੋਧੀ ਨੇ ਉਸ ਨੂੰ ਫੜਨਾ ਹੋਵੇ ਤਾਂ ਕੇਵਲ ਬਾਂਹ ਤੋਂ ਹੀ ਫੜੇ। ਜੇਕਰ ਉਹ ਕਿਸੇ ਹੋਰ ਥਾਂ ਤੋਂ ਪਕੜਦਾ ਹੈ ਤਾਂ ਫਾਊਲ ਸਮਝਿਆ ਜਾਂਦਾ ਹੈ। ਪੱਕੀ ਸੌਂਚੀ ਵਿਚ ਇਉਂ ਕਰਨਾ ਜ਼ਰੂਰੀ ਹੈ ਤੇ ਕੱਚੀ ਸੌਂਚੀ ਵਿਚ ਅਜੇਹੀ ਪਾਬੰਦੀ ਨਹੀਂ ਵੀ ਹੁੰਦੀ। ਇਸੇ ਤਰ੍ਹਾਂ ਖੇਲਣ ਵਾਲਾ ਆਪਣੀਆਂ ਲੱਤਾਂ ਨਾਲ ਵਿਰੋਧੀ ਦੀਆਂ ਲੱਤਾਂ ਨੂੰ ਕਾਬੂ ਕਰਦਾ ਹੈ ਤੇ ਇਸ ਨੂੰ 'ਕੈਂਚੀ ਮਾਰਨਾ' ਕਹਿੰਦੇ ਹਨ।

ਇਸ ਖੇਡ ਵਿਚ ਕੁਸ਼ਤੀ ਵਾਂਙ ਇਕ ਦੂਜੇ ਖਿਡਾਰੀ ਦੇ ਬਲ ਦੀ ਪਰੀਖਿਆ ਹੁੰਦੀ ਹੈ, ਜੋ ਖਿਡਾਰੀ ਬਾਂਹ ਛੁਡਾ ਛੁਡਾ ਦੂਜਿਆਂ ਨੂੰ ਜਿੱਤ ਜਾਂਦਾ ਹੈ, ਉਸ ਨੂੰ ਸੌਂਚੀ ਦੀ ਮਾਲੀ ਮਿਲਦੀ ਹੈ। ਇਹ ਖੇਡ ਤਕੜੇ ਆਦਮੀ ਹੀ ਖੇਡਦੇ ਹਨ, ਮਾੜੇ–ਧੀੜੇ ਦੇ ਖੇਡਣ ਦੀ ਚੀਜ਼ ਨਹੀਂ। ਜ਼ਿਆਦਾਤਰ ਇਹ ਖੇਡ ਮਾਲਵੇ ਵਿਚ ਜ਼ਿਲ੍ਹਾ ਫ਼ੀਰੋਜ਼ਪੁਰ ਤੇ ਜ਼ਿਲ੍ਹਾ ਬਠਿੰਡਾ ਵਿਚ ਖੇਡੀ ਜਾਂਦੀ ਹੈ।

## ੬. ਬਿਲ-ਬੱਚਿਆਂ ਦੀ ਮਾਂ

ਇਹ ਇਕ ਦਿਲਚਸਪ ਅਤੇ ਮਨੋਰੰਜਕ ਖੇਡ ਹੈ। ਇਸ ਖੇਡ ਵਿਚ ਕੋਈ ਬੱਚਾ ਚੱਕਰ ਦੇ ਚੌਰਸਤੇ ਵਿਚੇ, ਮਿੱਟੀ ਦੀ ਛੋਟੀ ਜੇਹੀ ਬੁੱਤੀ ਜਾਂ ਢੇਰੀ ਦੀ ਰਾਖੀ ਕਰਦਾ ਹੋਇਆ ਦੂਜੇ ਖਿਡਾਰੀਆਂ ਨੂੰ ਜਿਹੜੇ ਚੱਕਰ ਦੇ ਰਸਤਿਆਂ ਉੱਤੇ ਖਲੋਤੇ ਹੁੰਦੇ ਹਨ ਜਾਂ ਦੌੜਦੇ ਹਨ, ਹੱਥ ਲਾਉਣ ਜਾਂ ਛੂਹਣ ਦਾ ਜਤਨ ਕਰਦਾ ਹੈ। ਇਸ ਖੇਡ ਰਾਹੀਂ ਬੱਚੇ ਵਿਚ ਦੌੜਨ, ਛਪੱੜਾ ਮਾਰਨ ਤੇ ਝਾਕਾ ਦੇਣ ਦਾ ਅਭਿਆਸ ਵਧਦਾ ਹੈ।

ਆਪਸ ਵਿਚ ਪੁੱਗ ਕੇ, ਬੁੱਤੀ ਦੀ ਰਾਖੀ ਕਰਨ ਵਾਲੇ ਜਾਂ ਮੀਟੀ ਦੇਣ ਵਾਲੇ ਦਾ ਨਿਰਣਾ ਕਰ ਲਿਆ ਜਾਂਦਾ

ਹੈ। ਮੀਟੀ ਦੇਣ ਵਾਲੇ ਨੂੰ ਚੱਕਰ ਦੇ ਚੌਰਸਤੇ ਵਿਚ ਮਿੱਟੀ ਦੀ ਬੁੱਤੀ ਦੀ ਰਾਖੀ ਕਰਨੀ ਪੈਂਦੀ ਹੈ। ਬਾਕੀ ਦੇ ਖਿਡਾਰੀ ਚਕਰ ਦੇ ਰਸਤਿਆਂ ਵਿਚ ਖੜੇ ਹੋ ਜਾਂਦੇ ਹਨ। ਪਿਤੀ ਦੇਣ ਵਾਲਾ ਖਿਡਾਰੀ ਆਪਣੀ ਬੁਤੀ ਦਾ ਧਿਆਨ ਰੱਖਦਾ ਹੋਇਆ ਦੂਜੇ ਖਿਡਾਰੀਆਂ ਨੂੰ ਛੂਹਣ ਲਈ ਦੌੜਦਾ ਹੈ, ਅਤੇ ਉਸ ਕੋਲੋਂ ਬਚਣ ਲਈ ਖਿਡਾਰੀ ਅੱਗੇ ਵਲ ਦੌੜਦੇ ਹਨ, ਪਰ ਉਸ ਦੀ ਪਿੱਠ ਪਿਛਲੇ ਖਿਡਾਰੀ ਬੁੱਤੀ ਵਲ ਭੱਜਦੇ ਹਨ। ਕੋਈ ਖਿਡਾਰੀ ਬਣੇ ਹੋਏ ਰਸਤਿਆਂ ਤੋਂ ਬਿਨਾਂ, ਕਿਸੇ ਹੋਰ ਥਾਂ ਤੋਂ ਨਹੀਂ ਦੌੜ ਸਕਦਾ। ਇਸ ਤਰ੍ਹਾਂ, ਵਾਰੀ ਦੇਣ ਵਾਲਾ ਖਿਡਾਰੀ ਚੱਕਰ ਵਿਚ ਖੜੇ ਖਿਡਾਰੀਆਂ ਨੂੰ ਛੂਹਣ ਦਾ ਜਤਨ ਕਰਦਾ ਹੈ ਤੇ ਉਹ ਉਸ ਕੋਲੋਂ ਬਚ ਕੇ ਚੌਰਸਤੇ ਦੀ ਬੁੱਤੀ ਤੋਂ ਮਿੱਟੀ ਲੈ ਸੰਦੂਕ ਵਾਲੇ ਪਾਸੇ ਤੇਜ਼ ਦੋੜਦੇ ਹੋਏ ਸੰਦੂਕ ਨੂੰ ਛੜੱਪੇ ਨਾਲ ਪਾਰ ਕਰ, ਪੁੱਗਣ ਦੀ ਕਰਦੇ ਹਨ। ਜਿਹੜੇ ਇਸ ਤਰ੍ਹਾਂ ਪੁੱਗ ਜਾਂਦੇ ਹਨ, ਉਹ ਨਰ ਅਖਵਾਉਂਦੇ ਹਨ, ਤੇ ਜਿਹੜੇ ਛੂਹ ਲਏ ਜਾਂਦੇ ਹਨ ਉਹ ਮਦੀਨ। ਜੇ ਛੂਹਣ ਵਾਲਾ ਖਿਡਾਰੀ ਤਿੰਨ ਜਾਂ ਤਿੰਨ ਤੋਂ ਵਧੀਕ ਮਦੀਨ ਬਣਾ ਲਵੇ, ਤਾਂ ਉਹ ਆਪ ਵੀ ਨਰ ਬਣ ਜਾਵੇਗਾ, ਨਹੀਂ ਤਾਂ ਉਹ ਮਦੀਨ ਹੀ ਰਹੇਗਾ। ਇਸ ਤਰ੍ਹਾਂ ਨਰ ਬਣੇ ਖਿਡਾਰੀ ਇਕ ਪਾਸੇ ਗਰਾਊਂਡ ਦੇ ਸੰਦੂਕ ਪਾਸ ਖੜੇ ਹੋ ਜਾਂਦੇ ਹਨ ਤੇ ਮਦੀਨ ਉਨ੍ਹਾਂ ਦੇ ਸਾਹਮਣੇ ਕੋਈ ਵੀਹ ਜਾਂ ਪੰਝੀ ਗਜ਼ ਦੀ ਵਿੱਥ ਉੱਤੇ ਖੜੇ ਹੋ ਜਾਂਦੇ ਹਨ।

ਨਰ ਬਣੇ ਖਿਡਾਰੀ, ਉੱਚੀ ਸਾਰੀ, ਮਦੀਨ-ਖਿਡਾਰੀਆਂ ਕੋਲੋਂ ਇਹ ਸਵਾਲ ਪੁੱਛਦੇ ਹਨ 'ਬਿਲ ਬੱਚਿਆਂ ਦੀ ਮਾਂ, ਰੋਟੀ ਪੱਕੀ ਏ ਕਿ ਨਾ ?' ਜਦੋਂ ਮਦੀਨ-ਖਿਡਾਰੀ 'ਨਾ' ਕਹਿੰਦੇ ਹਨ, ਤਾਂ ਨਰ-ਖਿਡਾਰੀ ਫੇਰ ਉਹੋ ਸਵਾਲ ਦੁਹਰਾਉਂਦੇ ਹਨ। ਇਸੇ ਤਰ੍ਹਾਂ ਸਵਾਲ-ਜਵਾਬ ਚਲਦੇ ਰਹਿੰਦੇ ਹਨ ਜਦ ਜਵਾਬ 'ਹਾਂ' ਵਿਚ ਆਉਂਦਾ ਹੈ ਤਾਂ ਮਦੀਨ-ਖਿਡਾਰੀ ਨਰ-ਖਿਡਾਰੀਆਂ ਤੋਂ ਬਚ ਕੇ ਗਰਾਊਂਡ ਵਿਚ ਪਹੁੰਚ ਜਾਂਦੇ ਹਨ, ਉਹ ਸਵਾਰੀ ਦੇਣ ਤੋਂ ਬਚ ਜਾਂਦੇ ਹਨ ਅਤੇ ਜਿਹੜੇ ਛੂਹੇ ਜਾਂਦੇ ਹਨ, ਉਹ ਛੂਹੀ ਹੋਈ ਥਾਂ ਤੋਂ ਲੈ ਕੇ ਗਰਾਊਂਡ ਤਕ ਛੂਹਣ ਵਾਲੇ ਖਿਡਾਰੀਆਂ ਨੂੰ ਸਵਾਰੀ ਦਿੰਦੇ ਹਨ। ਇਨ੍ਹਾਂ ਸਵਾਰੀਆਂ ਤੋਂ ਪਿੱਛੋਂ ਖੇਡ ਫੇਰ, ਪਹਿਲੇ ਵਾਂਙ, ਸ਼ੁਰੂ ਕੀਤੀ ਜਾਂਦੀ ਹੈ। ਇਸ ਵਾਰ ਜਿਹੜਾ ਖਿਡਾਰੀ ਪਹਿਲਾਂ ਮਦੀਨ ਬਣਿਆ ਸੀ ਉਹ ਪਿੱਤੀ ਦੇਂਦਾ ਹੈ, ਅਤੇ ਬਾਕੀ ਦੇ ਚੱਕਰ ਉੱਤੇ ਖੜੋ, ਝਾਕਾ ਦੇ, ਚੌਰਸਤੇ ਵਿੱਚੋਂ ਮਿੱਟੀ ਚੁੱਕ, ਬਿਨਾਂ ਛੂਹੇ, ਸੰਦੂਕ ਪਾਰ ਕਰ, ਨਰ ਬਣਨ ਦਾ ਜਤਨ ਕਰਦੇ ਹਨ। ਨਰ ਜਾਂ ਮਦੀਨ ਬਣਨ ਪਿੱਛੋਂ ਫੇਰ ਉਨ੍ਹਾਂ ਵਿਚ ਸਵਾਲ ਜਵਾਬ ਉੱਪਰ ਲਿਖੇ ਵਾਂਙ ਹੁੰਦੇ ਤੇ ਛੂਹ-ਛੁਹਾਈ ਸਵਾਰੀ ਦਾ ਦੌਰ ਮੁੜ ਕੇ ਚਲ ਪੈਂਦਾ ਹੈ।

ਇਸ ਖੇਡ ਵਿਚ ਚਾਰ ਤੋਂ ਲੈ ਕੇ ਦਸਾਂ ਖਿਡਾਰੀਆਂ ਤਕ ਖੇਡ ਸਕਦੇ ਹਨ। ਦਸ ਤੋਂ ਵੀਹ ਫ਼ੁੱਟ ਦੇ ਅੱਧ-ਵਿਆਸ ਦਾ ਇਕ ਚੱਕਰ ਲਾਇਆ ਜਾਂਦਾ ਹੈ। ਇਸੇ ਚੱਕਰ ਦੇ ਅੰਦਰ ਇਕ ਹੋਰ ਚੱਕਰ ਤਿੰਨ ਜਾਂ ਚਾਰ ਫ਼ੁਟ ਘੱਟ ਅੱਧ-ਵਿਆਸ ਦਾ ਹੁੰਦਾ ਹੈ। ਵਿਚਕਾਰਲੇ ਨੁਕਤੇ ਤੋਂ ਲੰਘਦੀਆਂ ਦੋ ਜਾਂ ਤਿੰਨ ਫ਼ੁੱਟ ਚੌੜੀਆਂ ਚੌਪੜ ਦੀਆਂ ਦੋ ਸੜਕਾਂ ਵਾਂਗ ਲੀਕਾਂ ਲਾਈਆਂ ਜਾਂਦੀਆਂ ਹਨ। ਇਕ ਸੜਕ ਦੇ ਸਿਰੇ ਉੱਤੇ ਤਿੰਨ ਜਾਂ ਚਾਰ ਫ਼ੁੱਟ ਮੁਰੱਬਾ ਸੰਦੂਕ ਵਾਹ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸਾਰੀ ਗਰਾਊਂਡ ਦਾ ਨਕਸ਼ਾ ਤਿਆਰ ਕੀਤਾ ਜਾਂਦਾ ਹੈ।

ਇਕ ਛੋਟੀ ਜਿਹੀ ਮਿੱਟੀ ਦੀ ਬੁੱਤੀ ਚੌਰਸ ਤੇ ਵਿਚ ਰੱਖੀ ਜਾਂਦੀ ਹੈ। ਇਸ ਖੇਡ ਦੇ ਨੇਮ ਇਹ ਹਨ :-

(੧) ਉਲੀਕੀਆਂ ਹੋਈਆਂ ਸੜਕਾਂ, ਅਤੇ ਚੱਕਰਾਂ ਦੇ ਵਿਚਕਾਰ ਬਣੇ ਹੋਏ ਰਸਤਿਆਂ ਤੋਂ ਬਿਨਾਂ, ਕੋਈ ਖਿਡਾਰੀ ਕਿਸੇ ਹੋਰ ਥਾਂ ਤੋਂ ਨਹੀਂ ਲੰਘੇਗਾ। ਛੂਹੇ ਜਾਣ ਤੋਂ ਬਚਣ ਵਾਲੇ ਖਿਡਾਰੀ ਜੇ ਕਿਸੇ ਨੇਮ ਨੂੰ ਉਲੰਘਣਗੇ ਤਾਂ ਉਹ ਮਦੀਨ ਬਣ ਜਾਣਗੇ, ਅਤੇ ਛੂਹਣ ਵਾਲਾ ਖਿਡਾਰੀ ਜੇ ਇਸ ਦਾ ਭੰਗ ਕਰੇਗਾ ਤਾਂ ਉਸ ਦਾ ਛੂਹਣਾ ਮੰਨਿਆ ਨਹੀਂ ਜਾਵੇਗਾ।

(੨) ਸੜਕ ਦੇ ਸਿਰੇ ਤੋਂ ਬਣੇ ਹੋਏ ਸੰਦੂਕ ਨੂੰ ਇੱਕੋ ਛੜੱਪੇ ਨਾਲ ਪਾਰ ਕਰਨਾ ਜ਼ਰੂਰੀ ਹੈ। ਸੰਦੂਕ ਵਿਚ ਪੈਰ ਪਾਉਣ ਵਾਲਾ ਖਿਡਾਰੀ ਮਦੀਨ ਬਣ ਜਾਵੇਗਾ।

(੩) ਛੂਹੇ ਜਾਣ ਵਾਲਾ ਖਿਡਾਰੀ ਮਦੀਨ, ਅਤੇ ਬਿਨਾਂ ਛੂਹੇ ਮਿੱਟੀ ਚੁੱਕ ਕੇ ਸੰਦੂਕ ਪਾਰ ਹੋ ਜਾਣ ਵਾਲਾ

ਖਿਡਾਰੀ ਨਰ ਸਮਝਿਆ ਜਾਵੇਗਾ ।

(੪) ਤਿੰਨ ਜਾਂ ਤਿੰਨ ਤੋਂ ਵਧੀਕ ਮਦੀਨ-ਖਿਡਾਰੀ ਬਣਾ ਲੈਣ ਤੋਂ ਪਿੱਛੋਂ ਛੂਹਣ ਵਾਲਾ ਖਿਡਾਰੀ ਨਰ ਬਣ ਜਾਵੇਗਾ ।

## ੭. ਕੋਟਲਾ-ਛਪਾਕੀ

ਛੂਹਣ-ਛੁਹਾਣ ਦੀ ਦੂਜੀ ਵੰਨਗੀ ਹੈ ਕੋਟਲਾ-ਛਪਾਕੀ । ਪੰਜਾਬ ਦੇ ਕਈ ਹਿੱਸਿਆਂ ਵਿਚ ਇਸ ਨੂੰ 'ਕਾਜ਼ੀ ਕੋਟਲੇ ਦੀ ਮਾਰ' ਵੀ ਕਹਿੰਦੇ ਹਨ । ਇਹ ਛੇ ਤੋਂ ਦਸ ਸਾਲ ਦੇ ਛੋਟਿਆਂ ਬੱਚਿਆਂ ਦੀ ਬੜੀ ਪਿਆਰੀ ਖੇਡ ਹੈ । ਗਰਮੀਆਂ ਵਿਚ ਚੰਦ ਦੀ ਚਾਨਣੀ ਵਿਚ ਇਹ ਖੇਡ ਬੜੇ ਮਜ਼ੇ ਨਾਲ ਖੇਡੀ ਜਾਂਦੀ ਹੈ । ਸਾਰੇ ਬੱਚੇ, ਸਿਵਾਇ ਇਕ ਬੱਚੇ ਦੇ, ਗੋਲ ਚੱਕਰ ਵਿਚ ਬੈਠ ਜਾਂਦੇ ਹਨ । ਦੋ ਬੱਚੇ ਇਕ ਕਪੜੇ ਨੂੰ ਲੈ ਕੇ ਵੱਟ ਚਾੜ੍ਹ ਲੈਂਦੇ ਹਨ । ਇਸ ਵੱਟ ਦਿੱਤੇ ਕਪੜੇ ਨੂੰ 'ਕੋਟਲਾ' (ਕੋਟੜਾ) ਆਖਦੇ ਹਨ । ਖੜਾ ਬੱਚਾ, ਕੋਟਲਾ ਲੈ ਕੇ ਬੱਚਿਆਂ ਦੇ ਪਿੱਛੇ ਪਿੱਛੇ ਦੌੜਦਾ ਹੈ, ਅਤੇ 'ਕੋਟਲਾ ਛਪਾਕੀ ਜੁਮੇ ਰਾਤ ਆਈ ਏ' ਕਹਿੰਦਾ ਹੈ । ਬੈਠੇ ਬੱਚੇ ਉਸ ਦਾ ਉੱਤਰ ਦਿੰਦੇ ਹਨ, 'ਜਿਹੜਾ ਅੱਗੇ ਪਿੱਛੇ ਵੇਖੇ, ਉਹਦੀ ਸ਼ਾਮਤ ਆਈ ਏ' । ਇਸ ਤਰ੍ਹਾਂ ਕੁਝ ਚਿਰ ਆਪਸ ਵਿਚ ਕਹਿੰਦੇ ਰਹਿੰਦੇ ਹਨ । ਦੌੜਦਿਆਂ ਦੌੜਦਿਆਂ ਉਹ ਬੱਚਾ ਚੁਪ-ਚੁਪੀਤੇ ਕਿਸੇ ਇਕ ਬੱਚੇ ਪਿੱਛੇ ਕੋਟਲਾ ਸੁੱਟ ਕੇ ਅੱਗੇ ਵਾਂਗ ਦੌੜਦਾ ਜਾਂਦਾ ਹੈ । ਬੈਠੇ ਹੋਏ ਬੱਚੇ ਨੂੰ ਜੇ ਕੋਟਲੇ ਦਾ ਪਤਾ ਨਾ ਲੱਗੇ, ਤੇ ਦੌੜਨ ਵਾਲਾ ਬੱਚਾ ਮੁੜ ਚੱਕਰ ਕੱਟ ਕੇ ਕੋਟਲੇ ਪਾਸ ਆ ਜਾਵੇ, ਤਾਂ ਉਹ (ਦੌੜਨ ਵਾਲਾ) ਕੋਟਲਾ ਚੁੱਕ, ਬੈਠੇ ਬੱਚੇ ਨੂੰ ਉਸ ਨਾਲ ਮਾਰਨਾ ਸ਼ੁਰੂ ਕਰ ਦੇਂਦਾ ਹੈ । ਬੈਠਾ ਬੱਚਾ, ਆਪਣੀ ਥਾਂ ਤੋਂ ਉੱਠ ਕੇ ਚੱਕਰ ਦੁਆਲੇ ਦੌੜਨਾ ਸ਼ੁਰੂ ਕਰਦਾ ਹੈ । ਕੋਟਲੇ ਦੀ ਮਾਰ ਤੋਂ ਬਚਣ ਲਈ ਉਹ ਆਪਣੀ ਦੌੜ ਤੇਜ਼ ਕਰ ਲੈਂਦਾ ਹੈ । ਮਾਰਨ ਵਾਲਾ ਵੀ ਅੱਗੇ ਨਾਲੋਂ ਤੇਜ਼ ਹੋ ਜਾਂਦਾ ਹੈ । ਜਿਹੜਾ ਬਹੁਤ ਤੇਜ਼ ਦੌੜ ਸਕਦਾ ਹੈ, ਉਹ ਆਪਣੇ ਮਨੋਰਥ ਵਿਚ ਸਫਲ ਹੋ ਜਾਂਦਾ ਹੈ । ਜੇਕਰ ਕੋਟਲਾ ਰੱਖਣ ਵੇਲੇ ਬੈਠੇ ਹੋਏ ਬੱਚੇ ਨੂੰ ਪਤਾ ਲਗ ਜਾਵੇ, ਤਾਂ ਉਹ ਕੋਟਲਾ ਚੁਕ ਕੇ ਸੁਟਣ ਵਾਲੇ ਦੇ ਪਿੱਛੇ ਦੌੜਦਾ ਹੈ ਤੇ ਉਸ ਨੂੰ ਕੋਟਲੇ ਮਾਰਦਾ ਹੈ । ਖ਼ਾਲੀ ਹੋਈ ਥਾਂ ਉੱਤੇ ਅੱਗੇ ਦੌੜਨ ਵਾਲਾ ਬੱਚਾ ਚੱਕਰ ਕੱਟ ਕੇ ਬੈਠਣ ਦੀ ਕਰਦਾ ਹੈ । ਉਸ ਦੇ ਬੈਠ ਜਾਣ ਉੱਤੇ ਕੋਟਲੇ ਮਾਰਨੇ ਬੰਦ ਕਰ ਦਿੱਤੇ ਜਾਂਦੇ ਹਨ ਤੇ ਮੁੜ ਅੱਗੇ ਵਾਂਗ, ਖੇਡ ਅਰੰਭ ਹੋ ਜਾਂਦੀ ਹੈ । ਇਸੇ ਤਰ੍ਹਾਂ, ਕਈ ਵਾਰ ਕੋਟਲਾ ਸੁਟਿਆ ਤੇ ਚੁਕਿਆ ਜਾਂਦਾ ਹੈ ਤੇ ਕੋਟਲੇ-ਚੱਕਰ ਦੁਆਲੇ ਖ਼ੂਬ ਦੌੜ ਹੁੰਦੀ ਰਹਿੰਦੀ ਹੈ ।

ਦਸ ਤੋਂ ਪੰਜਾਹ ਬੱਚਿਆਂ ਤਕ ਇਸ ਖੇਡ ਨੂੰ ਖੇਡ ਸਕਦੇ ਹਨ ਤੇ ਦਸ ਤੋਂ ਪੰਜੀ ਫ਼ੁੱਟ ਅਧ-ਵਿਆਸ ਦਾ ਇਕ ਗੋਲ ਚੱਕਰ ਇਸ ਖੇਡ ਲਈ ਕਾਫ਼ੀ ਹੈ । ਇਕ ਕਪੜਾ ਕੋਟਲਾ ਬਣਾਉਣ ਵਾਸਤੇ ਲੋੜੀਂਦਾ ਹੈ । ਬੱਚੇ ਆਮ ਕਰਕੇ ਆਪਣੀਆਂ ਪੱਗਾਂ ਜਾਂ ਦੁਪੱਟਿਆਂ ਦੇ ਹੀ ਕੋਟਲੇ ਬਣਾ ਲੈਂਦੇ ਹਨ । ਇਸ ਖੇਡ ਦੇ ਨੇਮ ਇਹ ਹਨ :—

(੧) ਕਿਸੇ ਖਿਡਾਰੀ ਨੂੰ ਪਿੱਛੇ ਪਏ ਹੋਏ ਕੋਟਲੇ ਬਾਰੇ ਦਸਣਾ ਮਨ੍ਹਾ ਹੈ ।

(੨) ਕੋਈ ਬੱਚਾ ਪਿੱਛੇ ਝਾਕ ਕੇ ਨਹੀਂ ਵੇਖ ਸਕਦਾ ।

(੩) ਅੱਗੇ ਦੌੜਨ ਵਾਲੇ ਬੱਚੇ ਲਈ ਖ਼ਾਲੀ ਥਾਂ ਉੱਤੇ ਬੈਠਣ ਲਈ ਪੂਰਾ ਚੱਕਰ ਲਾ ਕੇ ਆਉਣਾ ਜ਼ਰੂਰੀ ਹੈ ।

(੪) ਜਿਸ ਬੱਚੇ ਦੇ ਪਿੱਛੇ ਕੋਟਲਾ ਪਿਆ ਹੋਵੇ, ਉਹੋ ਹੀ ਕੋਟਲਾ ਚੁੱਕ ਕੇ ਰੱਖਣ ਵਾਲੇ ਦੇ ਪਿੱਛੇ ਦੌੜ ਸਕਦਾ ਹੈ ।

(੫) ਖ਼ਾਲੀ ਥਾਂ ਉੱਤੇ ਬੈਠ ਜਾਣ ਪਿੱਛੋਂ ਕਿਸੇ ਨੂੰ ਕੋਟਲੇ ਨਹੀਂ ਮਾਰੇ ਜਾ ਸਕਦੇ ।

## ੮. ਘੋੜੀਆਂ ਤੇ ਸਵਾਰ (ਆਨ ਚਨੇ ਮਨ ਮਾਨ ਚਨੇ)

ਦਸ ਤੋਂ ਪੰਦਰਾਂ ਸਾਲ ਦੇ ਬੱਚੇ ਇਸ ਖੇਡ ਨੂੰ ਬੜੇ ਸੁਆਦ ਨਾਲ ਖੇਡਦੇ ਹਨ। ਸਾਰੇ ਬੱਚੇ ਦੋ ਟੋਲੀਆਂ ਵਿਚ ਵੰਡੇ ਜਾਂਦੇ ਹਨ, ਇਕ ਟੋਲੀ ਸਵਾਰ ਅਤੇ ਦੂਜੀ ਟੋਲੀ ਘੋੜੀਆਂ ਬਣ ਜਾਂਦੀ ਹੈ। ਘੋੜੀਆਂ ਬਣਨ ਵਾਲੀ ਟੋਲੀ ਦੇ ਖਿਡਾਰੀ ਇਨ੍ਹਾਂ ਤੇ ਸਵਾਰੀ ਕਰਦੇ ਹਨ। ਸਵਾਰਾਂ ਵਿੱਚੋਂ ਇਕ ਸਵਾਰ ਆਪਣੇ ਹੇਠਲੇ ਖਿਡਾਰੀ (ਘੋੜੀ) ਦੀਆਂ ਇਕ ਹੱਥ ਨਾਲ ਅੱਖਾਂ ਬੰਦ ਕਰਦਾ ਹੈ, ਅਤੇ ਦੂਸਰੇ ਹੱਥ ਦੀਆਂ ਕੁਝ ਉਂਗਲਾਂ ਉੱਚੀ ਬਾਂਹ ਕਰਕੇ ਖੜੀਆਂ ਕਰਦਾ ਹੈ ਅਤੇ ਨਾਲ ਇਹ ਵਾਕ ਵੀ ਕਹਿੰਦਾ ਹੈ, "ਆਨ ਚਨੇ ਮਨ ਮਾਨ ਚਨੇ ਮਹਿਮੂਦ ਦਾ ਟੱਟੂ ਕਿਆ ਯਾਰੋ", ਇਸ ਕਥਨ ਤੇ ਉਸ ਦੀ ਘੋੜੀ ਖੜੀ ਕੀਤੀਆਂ ਉਂਗਲਾਂ ਬੁੱਝਣ ਦਾ ਜਤਨ ਕਰਦੀ ਹੈ। ਜੇ ਉਹ ਉਂਗਲਾਂ ਦੀ ਗਿਣਤੀ ਬੁੱਝ ਲਵੇ ਤਾਂ ਸਵਾਰ ਘੋੜੀਆਂ ਅਤੇ ਸਾਰੀਆਂ ਘੋੜੀਆਂ ਸਵਾਰ ਬਣ ਜਾਂਦੇ ਹਨ, ਪਰ ਜੇ ਨਾ ਬੁਝ ਸਕੇ ਤਾਂ ਸਵਾਰ ਆਪਣੀ ਆਪਣੀ ਘੋੜੀ ਤੋਂ ਉੱਤਰ ਕੇ, ਅਗਲੀ ਨਾਲ ਦੀ ਘੋੜੀ ਉੱਤੇ ਸਵਾਰ ਹੋ ਜਾਂਦੇ ਹਨ। ਸਵਾਰ ਹੋਣ ਪਿੱਛੋਂ ਫੇਰ ਸਵਾਰਾਂ ਵਿਚੋਂ ਇਕ ਸਵਾਰ ਉਸੇ ਤਰ੍ਹਾਂ ਆਪਣੀਆਂ ਉਂਗਲਾਂ ਬੁਝਾਉਂਦਾ ਹੈ। ਨਾ ਬੁੱਝੇ ਜਾਣ ਉਤੇ ਸਵਾਰ ਘੋੜੀਆਂ ਬਦਲ ਬਦਲ ਕੇ ਸਵਾਰੀ ਕਰਦੇ ਜਾਂਦੇ ਹਨ, ਘੋੜੀਆਂ, ਘੋੜੀਆਂ ਹੀ ਬਣੀਆਂ ਰਹਿੰਦੀਆਂ ਹਨ। ਖੜੀਆਂ ਕੀਤੀਆਂ ਉਂਗਲਾਂ ਬੁੱਝੇ ਜਾਣ ਉੱਤੇ ਹੇਠਲੇ ਉੱਤੇ ਚਲੇ ਜਾਂਦੇ ਹਨ। ਜਦੋਂ ਦੂਜੀ ਟੋਲੀ ਦੇ ਖਿਡਾਰੀ ਸਵਾਰ ਬਣਦੇ ਹਨ ਤਾਂ ਉਹ ਵੀ ਉਸੇ ਤਰ੍ਹਾਂ ਆਪਣੀਆਂ ਖੜੀਆਂ ਉਂਗਲਾਂ ਬੁਝਾਉਂਦੇ ਹਨ ਨਾ ਬੁੱਝੇ ਜਾਣ ਦੇ ਸਮੇਂ ਤਕ ਸਵਾਰੀ ਲਈ ਜਾਂਦੇ ਹਨ। ਇਸ ਤਰ੍ਹਾਂ ਦੋਵੇਂ ਟੋਲੀਆਂ ਕਈ ਵਾਰ ਸਵਾਰ ਤੇ ਕਈ ਵਾਰ ਘੋੜੀਆਂ ਬਣਦੀਆਂ ਹਨ।

ਇਸ ਖੇਡ ਲਈ ਇਕ ਟੋਲੀ ਵਿਚ ਛੇ ਤੋਂ ਵੀਹ ਤਕ ਦੀ ਗਿਣਤੀ ਦੇ ਖਿਡਾਰੀ ਹੁੰਦੇ ਹਨ। ਇਕ ਟੋਲੀ ਦੇ ਹੱਥ ਫੜ ਕੇ ਚੱਕਰ ਬਣਾਉਣ ਜੋਗੀ ਥਾਂ, ਇਸ ਖੇਡ ਲਈ ਕਾਫ਼ੀ ਹੈ। ਇਸ ਦੇ ਨੇਮ ਇਸ ਪਰਕਾਰ ਹਨ :–

(੧) ਘੋੜੀਆਂ ਬਣੇ ਖਿਡਾਰੀ ਸਵਾਰ-ਖਿਡਾਰੀਆਂ ਨੂੰ ਡੇਗਣ ਦਾ ਜਤਨ ਨਹੀਂ ਕਰਨਗੇ।

(੨) ਇਕ ਵਾਰ ਖੜੀਆਂ ਕੀਤੀਆਂ ਉਂਗਲਾਂ ਦੀ ਗਿਣਤੀ ਵਿਚ ਵਾਧਾ ਘਾਟਾ ਨਹੀਂ ਕੀਤਾ ਜਾਵੇਗਾ।

(੩) ਜਿਸ ਘੋੜੀ ਦਾ ਸਵਾਰ ਉਂਗਲਾਂ ਉੱਪਰ ਖੜੀਆਂ ਕਰਦਾ ਹੈ, ਉਸੇ ਦੀ ਖਿਡਾਰੀ-ਘੋੜੀ ਨੂੰ ਉਂਗਲਾਂ ਬੁੱਝਣੀਆਂ ਪੈਣਗੀਆਂ।

(੪) ਕੋਈ ਘੋੜੀ ਬਣਿਆ ਖਿਡਾਰੀ ਉਂਗਲਾਂ ਬੁੱਝਣ ਵਿਚ ਆਪਣੇ ਸਾਥੀ ਦੀ ਸਹਾਇਤਾ ਨਹੀਂ ਕਰੇਗਾ।

## ੯. ਰੱਬ ਦੀ ਖੁੱਤੀ

ਖਿੱਦੋ ਜਾਂ ਗੇਂਦ ਨਾਲ ਖੇਡੀਆਂ ਜਾਣ ਵਾਲੀਆਂ ਖੇਡਾਂ ਵਿਚੋਂ, ਇਕ ਉੱਘੀ ਖੇਡ 'ਰੱਬ ਦੀ ਖੁੱਤੀ' ਹੈ। ਇਸ ਵਿਚ ਖਿੱਦੋ ਨੂੰ ਉੱਚੇ ਤੋਂ ਉੱਚਾ ਸੁੱਟਣਾ, ਹੱਥ ਵਿਚ ਬੋਚਣਾ, ਕਿਸੇ ਖ਼ਾਸ ਖੁੱਤੀ ਵਿਚ ਪਾਉਣਾ, ਅਤੇ ਦੌੜਦੇ ਹੋਏ ਖਿਡਾਰੀ ਦਾ ਨਿਸ਼ਾਨਾ ਲਾਉਣਾ ਹੁੰਦਾ ਹੈ। ਇਸ ਖੇਡ ਨੂੰ ਬਾਰਾਂ ਤੋਂ ਪੰਦਰਾਂ ਸਾਲ ਦੇ ਬੱਚੇ ਬਹੁਤ ਚਾਅ ਨਾਲ ਖੇਡਦੇ ਹਨ।

ਸਾਰੇ ਖੇਡਣ ਵਾਲੇ ਬੱਚੇ ਆਪਣੀ ਇਕ ਇਕ ਖੁੱਤੀ (ਤਕਰੀਬਨ ਛੇ ਤੋਂ ਨੌਂ ਇੰਚ ਤਕ ਗੋਲ ਤੇ ਚਾਰ ਤੋਂ ਛੇ ਇੰਚ ਡੂੰਘੀ) ਨੇੜੇ ਨੇੜੇ ਚੱਕਰ ਵਿਚ ਕੱਢ ਲੈਂਦੇ ਹਨ। ਇਕ ਹੋਰ ਜ਼ਰਾ ਵਡੀ ਖੁੱਤੀ ਇਨ੍ਹਾਂ ਸਾਰੀਆਂ ਖੁੱਤੀਆਂ ਦੇ ਵਿਚਕਾਰ ਕੱਢੀ ਜਾਂਦੀ ਹੈ, ਅਤੇ ਇਸ ਖੁੱਤੀ ਨੂੰ 'ਰੱਬ ਦੀ ਖੁੱਤੀ' ਕਹਿੰਦੇ ਹਨ। ਖੁੱਤੀਆਂ ਬਣਾ ਲੈਣ ਪਿੱਛੋਂ ਸਾਰੇ ਖਿਡਾਰੀ ਆਪਸ ਵਿਚ ਪੁੱਗਦੇ ਹਨ, ਨਾ ਪੁੱਗ ਸਕਣ ਵਾਲਾ ਖਿਡਾਰੀ, ਹਵਾ ਵਿਚ ਬਹੁਤ ਉੱਚਾ ਖਿੱਦੋ ਸੁੱਟਦਾ ਹੈ ਅਤੇ ਸਾਰੇ

ਉਸ ਖਿੱਦੋ ਨੂੰ ਬੁੱਚਣ ਦੀ ਕੋਸ਼ਿਸ਼ ਕਰਦੇ ਹਨ। ਜੇ ਬੁੱਚਣ ਵੇਲੇ ਕਿਸੇ ਖਿਡਾਰੀ ਦੇ ਹੱਥੋਂ ਖਿੱਦੋ ਡਿਗ ਪਵੇ, ਤਾਂ ਡੋਗਣ ਵਾਲਾ ਖਿਡਾਰੀ ਉਸੇ ਤਰ੍ਹਾਂ ਮੁੜ ਕੇ ਹਵਾ ਵਿੱਚ ਉੱਚੀ ਗੇਂਦ ਸੁਟਦਾ ਹੈ। ਖਿੱਦੋ ਹਵਾ ਵਿੱਚ ਓਦੋਂ ਤਕ ਸੁਟਿਆ ਜਾਂਦਾ ਹੈ, ਜਦੋਂ ਤਕ ਕਿ ਕੋਈ ਖਿਡਾਰੀ ਇਸ ਨੂੰ ਹੱਥ ਵਿਚ ਬੋਚ ਨਹੀਂ ਲੈਂਦਾ। ਬੋਚਣ ਵਾਲਾ ਖਿਡਾਰੀ, ਖਿੱਦੋ ਸੁੱਟਣ ਵਾਲੇ ਖਿਡਾਰੀ ਦੀ ਸਵਾਰੀ ਖੁੱਤੀਆਂ ਤੋਂ ਪੰਜ ਜਾਂ ਛੇ ਫੁੱਟ ਦੀ ਵਿੱਥ ਉਤੇ ਕਰਦਾ ਹੈ ਅਤੇ ਘੋੜੀ ਬਣਿਆ ਖਿਡਾਰੀ ਖਿੱਦੋ ਨੂੰ ਖੁੱਤੀਆਂ ਵਲ ਰੇੜ੍ਹ ਕੇ, ਆਪਣੀ ਖੁੱਤੀ ਵਿਚ ਖਿੱਦੋ ਨੂੰ ਪਾਉਣ ਦਾ ਜਤਨ ਕਰਦਾ ਹੈ। ਜੇ ਇਸ ਤਰ੍ਹਾਂ ਸਫ਼ਲ ਹੋ ਜਾਵੇ, ਤਾਂ ਉਹ ਆਪ ਸਵਾਰੀ ਤੇ ਉਸ ਦਾ ਸਵਾਰ ਘੋੜੀ ਬਣ ਜਾਂਦਾ ਹੈ। ਕਿਸੇ ਹੋਰ ਦੀ ਖੁੱਤੀ ਵਿਚ ਖਿੱਦੋ ਪੈ ਜਾਣ ਤੇ, ਉਸ ਖੁੱਤੀ ਦਾ ਮਾਲਕ ਉਸ ਉਤੇ ਸਵਾਰੀ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ, ਅਤੇ ਜਿਨ੍ਹਾਂ ਜਿਨ੍ਹਾਂ ਦੀਆਂ ਖੁੱਤੀਆਂ ਵਿਚ ਖਿੱਦੋ ਪੈਂਦਾ ਜਾਂਦਾ ਹੈ, ਉਹ ਆਪਣੀ ਆਪਣੀ ਵਾਰੀ ਅਨੁਸਾਰ ਸਵਾਰੀ ਕਰਦੇ ਜਾਂਦੇ ਹਨ।

ਵਿਚਕਾਰਲੀ ਵੱਡੀ ਰੱਬ ਦੀ ਖੁੱਤੀ ਵਿਚ ਖਿੱਦੋ ਪੈ ਜਾਣ, ਤੇ ਸਾਰੇ ਖਿਡਾਰੀ ਨਿਸ਼ਾਨੇ ਤੋਂ ਬਚਣ ਲਈ ਖੁੱਤੀਆਂ ਛੱਡ ਕੇ ਦੌੜ ਜਾਂਦੇ ਹਨ, ਅਤੇ ਘੋੜੀ ਬਣਿਆ ਖਿਡਾਰੀ ਝੱਟਪੱਟ ਖਿੱਦੋ ਕੱਢ ਕੇ ਕਿਸੇ ਖਿਡਾਰੀ ਨੂੰ ਖਿੱਦੋ ਨਾਲ ਨਿਸ਼ਾਨਾ ਬਣਾਉਣ ਦਾ ਜਤਨ ਕਰਦਾ ਹੈ। ਜੇ ਕਿਸੇ ਖਿਡਾਰੀ ਨੂੰ ਖਿੱਦੋ ਲਗ ਜਾਵੇ ਤਾਂ ਉਸ ਦੀ ਮੀਟੀ ਆ ਜਾਂਦੀ ਹੈ, ਅਤੇ ਉਹ ਪਹਿਲੇ ਵਾਂਙ ਫੇਰ ਹਵਾ ਵਿਚ ਖਿੱਦੋ ਨੂੰ ਸੁੱਟ ਕੇ ਖੇਡ ਸ਼ੁਰੂ ਕਰਦਾ ਹੈ। ਨਿਸ਼ਾਨਾ ਖੁੰਝ ਜਾਣ ਦੀ ਹਾਲਤ ਵਿਚ, ਉਹੀ ਖਿਡਾਰੀ ਹੀ ਖਿੱਦੋ ਨੂੰ ਹਵਾ ਵਿਚ ਸੁੱਟੇਗਾ ਤੇ ਖੇਡ ਨੂੰ ਫੇਰ ਪਹਿਲੇ ਵਾਂਙ ਹੀ ਸ਼ੁਰੂ ਕਰੇਗਾ।

ਆਮ ਤੌਰ ਤੇ ਇਸ ਖੇਡ ਵਿਚ ਚਾਰ ਤੋਂ ਅੱਠ ਤਕ ਖਿਡਾਰੀ ਭਾਗ ਲੈਂਦੇ ਹਨ।

## ੧੦. ਪਿੱਠੂ

ਬਾਰਾਂ ਸਾਲ ਤੋਂ ਛੋਟੇ ਬੱਚਿਆਂ ਵਿਚ ਖਿੱਦੋ ਨਾਲ ਖੇਡੀ ਜਾਣ ਵਾਲੀ ਸੁਆਦਲੀ ਖੇਡ ਪਿੱਠੂ ਹੈ। ਇਸ ਵਿਚ ਵੀ ਖਿੱਦੋ ਨਾਲ ਨਿਸ਼ਾਨਾ ਲਾਉਣ, ਨਿਸ਼ਾਨੇ ਤੋਂ ਬਚਣ ਤੇ ਖਿੱਦੋ ਨੂੰ ਬੋਚਣ ਦੇ ਢੰਗਾਂ ਦਾ ਅਭਿਆਸ ਹੁੰਦਾ ਹੈ। ਇਹ ਖੇਡ ਇਕੱਲੇ ਇਕੱਲੇ ਜਾਂ ਟੋਲੀਆਂ ਵਿਚ ਖੇਡੀ ਜਾਂਦੀ ਹੈ।

ਖੇਡ ਦੇ ਮੈਦਾਨ ਵਿਚ ਚਾਰ ਜਾਂ ਪੰਜ ਛੋਟੀਆਂ ਛੋਟੀਆਂ ਇੱਟਾਂ ਜਾਂ ਠੀਕਰੀਆਂ ਦੀ ਇਕ ਪਾਲ ਖੜੀ ਕਰ ਲਈ ਜਾਂਦੀ ਹੈ। ਇਸ ਪਾਲ ਤੋਂ ਚਾਰ ਜਾਂ ਪੰਜ ਫੁੱਟ ਦੀ ਵਿੱਥ ਉਤੇ ਇਕ ਲੀਕ ਖਿੱਚ ਕੇ ਪਾਲ ਨੂੰ ਖਿੱਦੋ ਨਾਲ ਡੇਗਣ ਲਈ ਹੱਦ ਨੀਅਤ ਕਰ ਲਈ ਜਾਂਦੀ ਹੈ। ਵਾਰੀ ਲੈਣ ਵਾਲਾ ਖਿਡਾਰੀ ਇਸ ਲੱਗੀ ਹੋਈ ਲੀਕ ਦੇ ਪਿੱਛੇ ਖੜਾ ਹੋ ਕੇ ਇੱਟਾਂ ਦੀ ਪਾਲ ਨੂੰ ਖਿੱਦੋ ਨਾਲ ਡੇਗਣ ਦਾ ਜਤਨ ਕਰਦਾ ਹੈ, ਅਤੇ ਵਿਰੋਧੀ ਖਿਡਾਰੀ ਨੂੰ ਦੂਰ ਜਾਣ ਤੋਂ ਰੋਕਣ ਲਈ ਪਾਲ ਦੇ ਪਿੱਛੇ ਕੁਝ ਵਿੱਥ ਉਤੇ ਖੜਾ ਹੋ ਜਾਂਦਾ ਹੈ। ਜੇ ਇੱਟਾਂ ਦੀ ਪਾਲ ਨੂੰ ਖਿੱਦੋ ਨਾ ਲੱਗੇ, ਤੇ ਵਿਰੋਧੀ ਖਿਡਾਰੀ ਖਿੱਦੋ ਨੂੰ ਟੱਪਾ ਪੈਣ ਤੋਂ ਪਿੱਛੋਂ ਬੋਚ ਨਾ ਸਕੇ ਤਾਂ ਵਾਰੀ ਲੈਣ ਵਾਲਾ ਖਿਡਾਰੀ ਮੁੜ ਖਿੱਦੋ ਨਾਲ ਪਾਲ ਦਾ ਨਿਸ਼ਾਨਾ ਲਾਉਂਦਾ ਹੈ। ਪਾਲ ਦੇ ਡਿਗ ਜਾਣ ਤੇ, ਖਿੱਦੋ ਮਾਰਨ ਵਾਲਾ ਖਿਡਾਰੀ ਪਾਲ ਬਣਨ ਤੋਂ ਪਹਿਲਾਂ ਪਹਿਲਾਂ ਖਿੱਦੋ ਨਾਲ ਉਸ ਦਾ ਨਿਸ਼ਾਨਾ ਬਣਾਉਂਦਾ ਹੈ। ਜੇ ਪਾਲ ਬਣਾਉਣ ਵਾਲਾ ਖਿੱਦੋ ਲੱਗਣ ਤੋਂ ਪਹਿਲਾਂ ਪਾਲ ਖੜੀ ਕਰ ਲਵੇ, ਤਾਂ ਉਸ ਦੀ ਇਕ ਵਾਰੀ ਹੋਰ ਵਧ ਜਾਂਦੀ ਹੈ। ਜੇ ਵਿਰੋਧੀ ਖਿਡਾਰੀ ਪਾਲ ਬਣਾਂਦਿਆਂ ਖਿਡਾਰੀ ਦਾ ਨਿਸ਼ਾਨਾ ਬਣਾ ਲੈਂਦਾ ਹੈ, ਤਾਂ ਉਹ ਵਾਰੀ ਲੈਣ ਦਾ ਹੱਕਦਾਰ ਹੋ ਜਾਂਦਾ ਹੈ। ਟੱਪਾ ਪੈਣ ਪਿੱਛੋਂ ਗੇਂਦ ਬੁੱਚੇ ਜਾਣ ਉਤੇ ਵੀ ਗੇਂਦ ਮਾਰਨ ਵਾਲੇ ਦੀ ਵਾਰੀ ਜਾਂਦੀ ਰਹਿੰਦੀ ਹੈ। ਇਸ ਤਰ੍ਹਾਂ ਖਿਡਾਰੀਆਂ ਦੀਆਂ ਵਾਰੀਆਂ ਬਦਲਦੀਆਂ ਰਹਿੰਦੀਆਂ ਹਨ।

ਇਹ ਖੇਡ ਦੋ ਟੋਲੀਆਂ ਵਿਚ ਖੇਡੀ ਜਾਂਦੀ ਹੈ। ਇਕ ਟੋਲੀ ਵਿਚ ਦੋ ਤੋਂ ਚਾਰ ਤਕ ਖਿਡਾਰੀਆਂ ਦੀ ਗਿਣਤੀ

ਹੁੰਦੀ ਹੈ, ਅਤੇ ਇਕੱਲਿਆਂ ਖੇਡਣਾ ਹੋਵੇ ਤਾਂ ਦੋ ਤਿੰਨ ਖਿਡਾਰੀ ਖੇਡ ਸਕਦੇ ਹਨ। ਇਕ ਖਿੱਦੋ, ਚਾਰ ਪੰਜ ਛੋਟੀਆਂ ਇੱਟਾਂ ਜਾਂ ਠੀਕਰੀਆਂ ਤੋਂ ਬਿਨਾਂ ਇਸ ਖੇਡ ਵਿਚ ਹੋਰ ਸਾਮਾਨ ਦੀ ਲੋੜ ਨਹੀਂ।

## ੧੧. 'ਕੀੜ-ਕੜਾਂਗਾ', ਜਾਂ 'ਜੰਡ-ਖੜੰਗ'

ਇਸ ਖੇਡ ਦੇ ਕਈ ਨਾਂ ਹਨ ਜਿਵੇਂ ਜੰਡ-ਪਲੰਗ, ਜੰਡ ਪਰਾਗਾ, ਡੰਡਾ-ਡੁੱਕ, ਪੀਲ-ਪਲਾਂਗਣ, ਆਦਿ। ਛੂਹਣ ਛੁਹਾਣ ਦੀਆਂ ਖੇਡਾਂ ਦੀ ਇਕ ਹੋਰ ਵੰਨਗੀ, ਜਿਸ ਵਿਚ ਇਕ ਦੋ ਬਿਰਛਾਂ ਦੀ ਲੋੜ ਹੁੰਦੀ ਹੈ, 'ਕੀੜ-ਕੜਾਂਗਾ' ਜਾਂ 'ਜੰਡ ਖੜੰਗ' ਹੈ। ਇਸ ਖੇਡ ਵਿਚ ਬਿਰਛ ਉਤੇ ਚੜ੍ਹਨ ਤੇ ਉਸ ਤੋਂ ਉਤਰਨ ਦਾ ਖ਼ੂਬ ਅਭਿਆਸ ਹੁੰਦਾ ਹੈ। ਇਸ ਨੂੰ ਖੇਡਣ ਵਾਲੇ ਮੁੰਡੇ ਬਾਰਾਂ ਸਾਲ ਤੋਂ ਸੋਲਾਂ ਸਾਲ ਤਕ ਦੇ ਹੁੰਦੇ ਹਨ।

ਇਕ ਸੰਘਣੇ ਬਿਰਛ ਹੇਠਾਂ ਸਾਰੇ ਖਿਡਾਰੀ ਇਕੱਠੇ ਹੋ ਜਾਂਦੇ ਹਨ। ਸਾਰੇ ਆਪਸ ਵਿਚ ਪੁੱਗ ਕੇ, ਵਾਰੀ ਦੇਣ ਵਾਲੇ ਦਾ ਨਿਰਣਾ ਕਰ ਲੈਂਦੇ ਹਨ। ਨਾ ਪੁੱਗ ਸਕਣ ਵਾਲਾ ਖਿਡਾਰੀ ਵਾਰੀ ਦੇਂਦਾ ਹੈ। ਪੁੱਗਣ ਵਾਲੇ ਖਿਡਾਰੀਆਂ ਵਿਚੋਂ ਇਕ ਖਿਡਾਰੀ ਤਿੰਨ ਫ਼ੁੱਟ ਅੱਧ-ਵਿਆਸ ਦੇ ਬਣੇ ਚੱਕਰ ਤੋਂ, ਆਪਣੀ ਇਕ ਲੱਤ ਹੇਠੋਂ ਦੋ ਜਾਂ ਤਿੰਨ ਫ਼ੁੱਟ ਲੰਮੀ ਸੋਟੀ (ਡੰਡਾ) ਦੂਰ ਸੁੱਟਦਾ ਹੈ, ਅਤੇ ਸੋਟੀ ਵਾਪਸ ਲਿਆਉਣ ਸਮੇਂ ਤਕ ਸਾਰੇ ਖਿਡਾਰੀ, ਸਣੇ ਸੁੱਟਣ ਵਾਲੇ ਦੇ, ਬਿਰਛ ਉਤੇ ਚੜ੍ਹ ਜਾਂਦੇ ਹਨ। ਵਾਰੀ ਦੇਣ ਵਾਲਾ ਖਿਡਾਰੀ ਦੂਰ ਸੁੱਟੀ ਗਈ ਸੋਟੀ ਨੂੰ ਬਣੇ ਹੋਏ ਚੱਕਰ ਵਿਚ ਲਿਆ ਕੇ ਰੱਖਦਾ ਹੈ ਅਤੇ ਬਿਰਛ ਉਤੇ ਚੜ੍ਹ ਕੇ ਜਾਂ ਹੋਰ ਕਿਸੇ ਤਰ੍ਹਾਂ ਖਿਡਾਰੀਆਂ ਨੂੰ ਛੂੰਹਦਾ ਹੈ। ਸਾਰੇ ਖਿਡਾਰੀ ਉਸ ਕੋਲੋਂ ਬਚਣ ਦਾ ਜਤਨ ਕਰਦੇ ਹਨ, ਨਾਲੇ ਚੱਕਰ ਵਿਚ ਪਈ ਸੋਟੀ ਨੂੰ ਫੜਨ ਦਾ ਜਤਨ ਕਰਦੇ ਹਨ। ਜੇ ਸੋਟੀ ਦੇ ਚੁੱਕੇ ਜਾਣ ਤੋਂ ਪਹਿਲਾਂ, ਵਾਰੀ ਦੇਣ ਵਾਲਾ ਖਿਡਾਰੀ ਕਿਸੇ ਨੂੰ ਛੂਹ ਲੈਂਦਾ ਹੈ, ਤਾਂ ਉਸ ਦੀ ਵਾਰੀ ਮੁੱਕ ਜਾਂਦੀ ਹੈ ਤੇ ਵਾਰੀ ਛੂਹੇ ਜਾਣ ਵਾਲੇ ਸਿਰ ਉਤੇ ਆ ਜਾਂਦੀ ਹੈ। ਕਿਸੇ ਦੇ ਛੂਹੇ ਜਾਣ ਤੋਂ ਪਹਿਲਾਂ ਜੇ ਉਹ ਸੋਟੀ ਨੂੰ ਫੜ ਕੇ ਚੁੰਮ ਲੈਂਦਾ ਹੈ, ਤਾਂ ਵਾਰੀ ਦੇਣ ਵਾਲਾ ਛੂਹਣਾ ਬੰਦ ਕਰ ਦਿੰਦਾ ਹੈ ਤੇ ਨਵੇਂ ਸਿਰਿਉਂ ਵਾਰੀ ਦੇਣ ਲਈ ਤਿਆਰ ਹੋ ਜਾਂਦਾ ਹੈ। ਸੋਟੀ ਚੁੰਮਣ ਵਾਲਾ ਖਿਡਾਰੀ, ਪਹਿਲੇ ਵਾਂਗ ਫੇਰ, ਲੱਤ ਹੇਠੋਂ ਸੋਟੀ ਦੂਰ ਸੁੱਟਦਾ ਹੈ, ਅਤੇ ਵਾਰੀ ਦੇਣ ਵਾਲਾ ਸੋਟੀ ਲਿਆ ਕੇ, ਚੱਕਰ ਵਿਚ ਰੱਖ ਮੁੜ ਬਿਰਛ ਉਤੇ ਚੜ੍ਹੇ ਖਿਡਾਰੀਆਂ ਨੂੰ ਛੂੰਹਦਾ ਹੈ। ਇਸ ਤਰ੍ਹਾਂ ਚੜ੍ਹਨ, ਉਤਰਨ, ਛੂਹਣ ਆਦਿ ਦੀ ਖੇਡ ਜਾਰੀ ਰਹਿੰਦੀ ਹੈ।

ਦੋ ਤੋਂ ਬਾਰਾਂ ਤਕ ਖਿਡਾਰੀ ਇਸ ਖੇਡ ਨੂੰ ਖੇਡ ਸਕਦੇ ਹਨ। ਮੋਟੇ ਨੇਮ ਇਹ ਹਨ :—

(੧) ਸੋਟੀ ਇਕ ਲੱਤ ਦੇ ਹੇਠੋਂ ਸੁੱਟੀ ਜਾ ਸਕਦੀ ਹੈ।

(੨) ਸੋਟੀ ਨੂੰ ਚੱਕਰ ਵਿਚ ਰੱਖ ਕੇ ਹੀ, ਵਾਰੀ ਦੇਣ ਵਾਲਾ, ਖਿਡਾਰੀਆਂ ਨੂੰ ਛੂਹ ਸਕਦਾ ਹੈ।

(੩) ਬਿਰਛ ਦੇ ਟਾਹਣਾਂ ਨੂੰ ਹਿਲਾ ਹਿਲਾ ਕੇ, ਕਿਸੇ ਖਿਡਾਰੀ ਨੂੰ ਹੇਠਾਂ ਡੇਗਣਾ ਮਨ੍ਹਾ ਹੈ।

## ੧੨. ਛਟਾਪੂ

ਛਟਾਪੂ ਦੇ ਹੋਰ ਨਾਂ, ਪੀਚੋ, ਅੱਡੀਟੱਪਾ ਜਾਂ ਸਮੁੰਦਰ ਪਟੜਾ ਆਦਿ ਵੀ ਹਨ। ਇਸ ਖੇਡ ਵਿਚ ਧਰਤੀ ਉੱਤੇ ਅੱਠ ਖ਼ਾਨੇ ਬਣਾ ਲਏ ਜਾਂਦੇ ਹਨ। ਸਾਰੇ ਬੱਚੇ ਆਪਸ ਵਿਚ ਪੁੱਗਦੇ ਹਨ ਅਤੇ ਆਪਣੀਆਂ ਆਪਣੀਆਂ ਵਾਰੀਆਂ ਨੀਅਤ ਕਰ ਲੈਂਦੇ ਹਨ। ਖੇਡਣ ਵਾਲਾ ਬਣਾਏ ਨਕਸ਼ੇ ਦੇ ਬਾਹਰ ਖੜਾ ਹੋ ਕੇ ਸਭ ਤੋਂ ਪਹਿਲਾਂ ਖ਼ਾਨਾ ਨੰਬਰ ਇਕ ਵਿਚ ਲਤੂੜੀ ਜਾਂ ਠੀਕਰੀ ਸੁੱਟਦਾ ਹੈ। ਸੁੱਟਣ ਪਿੱਛੋਂ ਇਕ ਲੱਤ ਦੇ ਭਾਰ, ਲੰਙਾ-ਡੋਡੀ ਕਰਦਾ ਹੋਇਆ, ਠੀਕਰੀ ਵਾਲੇ ਖ਼ਾਨੇ ਵੱਲ ਆਉਂਦਾ ਹੈ ਤੇ ਠੀਕਰੀ ਨੂੰ ਠੁੱਡੇ ਨਾਲ ਖ਼ਾਨੇ ਤੋਂ ਬਾਹਰ ਕੱਢਦਾ ਹੈ। ਜੇ ਠੀਕਰੀ ਠੁੱਡੇ



ਚਰਖੇ ਦੀ ਘੂਕਰ



ਪਈਆਂ ਦੁਧ ਦੇ ਵਿਚ ਮਧਾਣੀਆਂ ਨੇ



ਕਪਾਹ ਦੀ ਵਲਾਈ



ਰਸੋਈ ਵਿਚ



ਅੰਮ੍ਰਿਤ ਵੇਲੇ
ਚਕੀ ਦੀ ਆਵਾਜ਼



ਚੌਲਾਂ ਦੀ ਛੜਾਈ



ਨਾਲੇ ਦੀ ਉਣਾਈ



ਸਾਡੇ ਖੂਹ ਤੇ ਵਸਦਾ ਰਬ ਨੀ




ਹਾਲੀ



ਢਾਹ ਕਬੱਡੀ



ਕਾਨਾ ਘੜੀ



ਸਿਕਾਰੀ



ਬੋਤੇ ਵਾਲਾ

ਨਾਲ ਬਾਹਰ ਨਿਕਲ ਜਾਵੇ ਤਾਂ ਪਹਿਲੇ ਵਾਂਙ ਫਿਰ ਨਕਸ਼ੇ ਤੋਂ ਬਾਹਰ ਖੜਾ ਹੋ, ਠੀਕਰੀ ਨੂੰ ਖ਼ਾਨਾ ਨੰਬਰ ਦੋ ਵਿਚ ਸੁੱਟੇਗਾ, ਅਤੇ ਖ਼ਾਨਾ ਨੰਬਰ ਇਕ ਵਿੱਚੋਂ ਲੰਙਾ-ਡੋਡੀ ਕਰਦਾ ਹੋਇਆ ਖ਼ਾਨਾ ਨੰਬਰ ਦੋ ਵਿਚ ਠੀਕਰੀ ਪਾਸ ਪਹੁੰਚੇਗਾ। ਇਸੇ ਤਰ੍ਹਾਂ ਖ਼ਾਨਾ ਨੰਬਰ ਦੋ ਵਿੱਚੋਂ ਵੀ ਠੁੱਡਾ ਮਾਰ ਕੇ, ਇੱਕੋ ਵਾਰੀ ਵਿਚ ਜਾਂ ਪਹਿਲਾਂ ਪਹਿਲੇ ਖ਼ਾਨੇ ਵਿਚ ਪਾ ਕੇ ਫੇਰ ਬਾਹਰ ਕੱਢੇਗਾ। ਸਫ਼ਲ ਹੋਣ ਤੇ ਖਿਡਾਰੀ ਅਗਲੇ ਖ਼ਾਨਿਆਂ ਵਿੱਚੋਂ ਵਾਰੀ ਵਾਰੀ ਠੀਕਰੀ ਸੁੱਟ ਕੇ ਦੱਸੇ ਗਏ ਤਰੀਕੇ ਅਨੁਸਾਰ ਕੱਢਦਾ ਜਾਵੇਗਾ। ਇਸ ਤਰ੍ਹਾਂ ਖ਼ਾਨਾ ਨੰਬਰ ਦੋ ਦੇ ਪਿੱਛੋਂ ਖ਼ਾਨਾ ਨੰਬਰ ਤਿੰਨ ਅਤੇ ਤਿੰਨ ਪਿੱਛੋਂ ਚਾਰ, ਚਾਰ ਤੋਂ ਪੰਜ, ਪੰਜ ਤੋਂ ਛੇ, ਛੇ ਤੋਂ ਸੱਤ, ਸੱਤ ਤੋਂ ਅੱਠ ਖ਼ਾਨੇ ਵਿਚ ਠੀਕਰੀ ਵਾਰੀ ਵਾਰੀ ਸੁੱਟੀ ਜਾਵੇਗੀ, ਅਤੇ ਤਰਤੀਬਵਾਰ ਖ਼ਾਨਿਆਂ ਵਿਚ ਦੀ ਲੰਙਾ-ਡੋਡੀ ਕਰਦਿਆਂ ਹੋਇਆਂ ਠੀਕਰੀ ਵਾਲੇ ਖ਼ਾਨੇ ਵਿਚ ਜਾਇਆ ਜਾਵੇਗਾ, ਅਤੇ ਵਾਪਸ ਠੀਕਰੀ ਨੂੰ ਤਰਤੀਬਵਾਰ ਖ਼ਾਨਿਆਂ ਵਿਚ ਦੀ ਠੁੱਡਿਆਂ ਨਾਲ ਬਾਹਰ ਲਿਆਂਦਾ ਜਾਵੇਗਾ। ਵਾਪਸ ਲਿਆਉਣ ਲਈ, ਠੀਕਰੀ, ਇਸ ਪਰਕਾਰ ਖ਼ਾਨਿਆਂ ਵਿੱਚੋਂ ਦੀ ਹੁੰਦੀ ਹੋਈ ਬਾਹਰ ਲਿਆਂਦੀ ਜਾਵੇਗੀ। ਜੇ ਖ਼ਾਨਾ ਨੰਬਰ ਛੇ ਵਿਚ ਠੀਕਰੀ ਸੁੱਟੀ ਗਈ ਹੈ, ਤਾਂ ਖ਼ਾਨਾ ਨੰਬਰ ਛੇ ਵਿੱਚੋਂ ਠੁੱਡੇ ਨਾਲ ਇਕ ਪੈਰ-ਭਾਰ ਲੰਙਾ-ਡੋਡੀ ਕਰਦੇ ਹੋਏ, ਖ਼ਾਨਾ ਨੰਬਰ ਪੰਜ ਵਿਚ ਪਾਈ ਜਾਵੇਗੀ, ਇਸੇ ਤਰ੍ਹਾਂ ਪੰਜ ਤੋਂ ਚਾਰ, ਚਾਰ ਤੋਂ ਤਿੰਨ, ਤਿੰਨ ਤੋਂ ਦੋ ਤਕ, ਦੋ ਤੋਂ ਇਕ ਅਤੇ ਇਕ ਤੋਂ ਬਾਹਰ ਕੱਢੀ ਜਾਵੇਗੀ। ਖ਼ਾਨਾ ਨੰਬਰ ਪੰਜ ਵਿਚ ਕਾਟਾ ਲੱਗਾ ਹੋਇਆ ਹੈ। ਇਸ ਦਾ ਮਤਲਬ ਇਹ ਹੈ ਕਿ ਇਸ ਖ਼ਾਨੇ ਵਿਚ ਆਉਂਦਿਆਂ ਜਾਂਦਿਆਂ ਦੋਵੇਂ ਪੈਰ ਰੱਖਣੇ ਜ਼ਰੂਰੀ ਹਨ। ਇਸ ਖ਼ਾਨੇ ਨੂੰ ਸਾਹ ਲੈਣ ਵਾਲਾ ਖ਼ਾਨਾ ਵੀ ਕਿਹਾ ਜਾਂਦਾ ਹੈ।

ਖੇਡਣ ਵਾਲੇ ਬੱਚੇ ਦੀ ਵਾਰੀ ਉਸ ਸਮੇਂ ਖ਼ਤਮ ਹੋ ਜਾਵੇਗੀ, ਜਦੋਂ ਉਹ ਹੇਠ-ਲਿਖੇ ਉਲੰਘਣਾਂ ਵਿੱਚੋਂ ਕੋਈ ਇਕ ਕਰ ਬੈਠੇ :—

(੧) ਠੀਕਰੀ ਗ਼ਲਤ ਖ਼ਾਨੇ ਵਿਚ ਸੁੱਟਣੀ।
(੨) ਹੱਥਾਂ ਜਾਂ ਦੋਹਾਂ ਪੈਰਾਂ ਦਾ ਧਰਤੀ ਨਾਲ ਛੂਹ ਜਾਣਾ।
(੩) ਠੀਕਰੀ ਦਾ ਕਿਸੇ ਖ਼ਾਨੇ ਦੀ ਲੀਕ ਉੱਤੇ ਟਿਕ ਜਾਣਾ।
(੪) ਲੰਙਾ-ਡੋਡੀ ਕਰਨ ਵਾਲੇ ਪੈਰ ਦਾ ਲੀਕ ਉੱਤੇ ਆ ਜਾਣਾ।
(੫) ਖ਼ਾਨਾ ਨੰਬਰ ਪੰਜ ਵਿਚ ਦੋਵੇਂ ਪੈਰ ਨਾ ਰੱਖਣੇ।

ਇਹ ਖੇਡ ਦੋਹਾਂ ਵਿਚ ਜਾਂ ਟੋਲੀਆਂ ਵਿਚ ਖੇਡੀ ਜਾ ਸਕਦੀ ਹੈ। ਟੋਲੀਆਂ ਬਰਾਬਰ ਬਰਾਬਰ ਗਿਣਤੀ ਦੇ ਖਿਡਾਰੀਆਂ ਦੀਆਂ ਹੁੰਦੀਆਂ ਹਨ। ਆਮ ਤੌਰ ਤੇ ਇਕ ਟੋਲੀ ਵਿਚ ਤਿੰਨ ਜਾਂ ਚਾਰ ਖਿਡਾਰੀ ਹੁੰਦੇ ਹਨ। ਖਿਡਾਰੀਆਂ ਦੀ ਗਿਣਤੀ ਕੋਈ ਨੀਅਤ ਨਹੀਂ ਹੁੰਦੀ।

ਇਸ ਖੇਡ ਦੇ ਇਕ ਖ਼ਾਨੇ ਦੀ ਲੰਬਾਈ ਇਕ ਤੋਂ ਤਿੰਨ ਫ਼ੁਟ ਤਕ ਹੁੰਦੀ ਹੈ। ਅੱਠ ਖ਼ਾਨੇ ਪੂਰੇ ਕਰ ਲੈਣ ਨਾਲ ਇਕ ਬਾਜ਼ੀ ਹੋ ਜਾਂਦੀ ਹੈ। ਜਿਹੜਾ ਖਿਡਾਰੀ ਜਾਂ ਟੋਲੀ ਜ਼ਿਆਦਾ ਕਰ ਲਵੇ, ਉਹ ਜਿੱਤੀ ਸਮਝੀ ਜਾਵੇਗੀ।

## ੧੩. ਟਾਹਣਾਂ ਜਾਂ ਗੀਟੇ

ਮੁੰਡਿਆਂ ਵਾਂਙ ਕੁੜੀਆਂ ਦੀਆਂ ਵੀ ਕਈ ਖੇਡਾਂ ਹਨ। ਇਨ੍ਹਾਂ ਵਿੱਚੋਂ ਬਹੁਤੀ ਪਰਚਲਿਤ ਖੇਡ ਗੀਟੇ ਜਾਂ ਟਾਹਣਾਂ ਹੈ। ਇਸ ਖੇਡ ਰਾਹੀਂ ਧਰਤੀ ਉੱਤੇ ਸੁੱਟੀਆਂ ਗੀਟੀਆਂ ਨੂੰ ਇਕ ਹੱਥ ਵਿਚ ਇਕੱਠਾ ਕਰਨਾ ਹੈ। ਇਕੱਠੇ ਕਰਨ ਸਮੇਂ ਇਕ ਗੀਟਾ ਹਵਾ ਵਿਚ ਸੁੱਟ ਕੇ ਉਸੇ ਹੱਥ ਵਿਚ ਮੁੜ ਬੋਚਣਾ ਹੁੰਦਾ ਹੈ। ਇਸ ਖੇਡ ਨੂੰ ਕੁੜੀਆਂ ਘਰਾਂ ਦੇ ਅੰਦਰ ਹੀ ਖੇਡ ਲੈਂਦੀਆਂ ਹਨ।

ਖੇਡਣ ਲਈ ਕੁੜੀਆਂ ਦੋ ਤੋਂ ਚਾਰ ਤਕ ਇਕੱਠੀਆਂ ਹੋ ਜਾਂਦੀਆਂ ਹਨ। ਇਕ ਗੋਲ ਚੱਕਰ ਇਕ ਤੋਂ ਦੋ

ਫ਼ੁੱਟ ਅੱਧ-ਵਿਆਸ ਵਾਲਾ ਧਰਤੀ ਤੇ ਉਲੀਕ ਲਿਆ ਜਾਂਦਾ ਹੈ, ਅਤੇ ਸਾਰੀਆਂ ਕੁੜੀਆਂ ਇਸ ਗੋਲ ਚੱਕਰ ਦੁਆਲੇ ਬੈਠ ਜਾਂਦੀਆਂ ਹਨ। ਪੰਜ ਗੋਲ ਗੋਲ ਨਿੱਕੇ ਨਿੱਕੇ ਪੱਥਰ ਜਾਂ ਇੱਟਾਂ ਦੇ ਛੋਟੇ ਛੋਟੇ ਗੀਟੇ ਜਿਹੜੇ ਹੱਥਾਂ ਵਿਚ ਆਸਾਨੀ ਨਾਲ ਆ ਸਕਣ, ਖੇਡ ਲਈ ਵਰਤੇ ਜਾਂਦੇ ਹਨ।

ਵਾਰੀ ਲੈਣ ਵਾਲੀ ਕੁੜੀ, ਸਾਰੀਆਂ ਗੀਟੀਆਂ ਨੂੰ ਧਰਤੀ ਉੱਤੇ ਉਲੀਕੇ ਗੋਲ ਚੱਕਰ ਵਿਚ ਹੌਲੀ ਜਿਹੀ ਸੁੱਟਦੀ ਹੈ, ਤਾਂ ਜੋ ਕੋਈ ਗੀਟਾ ਚੱਕਰ ਦੀ ਲੀਕ ਤੋਂ ਬਾਹਰ ਨਾ ਨਿਕਲ ਜਾਵੇ। ਸੁੱਟਣ ਪਿੱਛੋਂ ਉਹ ਇਕ ਗੀਟਾ ਉਂਗਲਾਂ ਨਾਲ ਚੁੱਕ ਹਵਾ ਵਿਚ ਸੁੱਟਦੀ ਹੈ, ਅਤੇ ਉਸ ਨੂੰ ਮੁੜ ਹੱਥ ਵਿਚ ਬੋਚਣ ਤੋਂ ਪਹਿਲਾਂ ਇਕ ਹੋਰ ਗੀਟਾ ਚੱਕਰ ਵਿੱਚੋਂ ਉਂਗਲਾਂ ਨਾਲ ਫੜ ਹੱਥ ਵਿਚ ਰੱਖ ਲੈਂਦੀ ਹੈ। ਜੇ ਇਸ ਤਰ੍ਹਾਂ ਸਫਲ ਹੋ ਜਾਵੇ, ਤਾਂ ਫੇਰ ਪਹਿਲੇ ਵਾਂਙ ਇਕ ਹੋਰ ਗੀਟਾ ਹਵਾ ਵਿਚ ਸੁੱਟਦੀ ਹੈ, ਅਤੇ ਇਕ ਚੁੱਕ ਲੈਂਦੀ ਹੈ। ਇਸ ਤਰ੍ਹਾਂ ਚਾਰੇ ਗੀਟੇ ਵਾਰੀ ਵਾਰੀ ਖੇਡਣ ਵਾਲੇ ਹੱਥ ਵਿਚ ਰੱਖ ਲਏ ਜਾਂਦੇ ਹਨ। ਸਾਰੇ ਗੀਟੇ ਚੁੱਕਣ ਪਿੱਛੋਂ, ਗੀਟੇ ਫਿਰ ਚੱਕਰ ਵਿਚ ਸੁੱਟੇ ਜਾਂਦੇ ਹਨ। ਇਸ ਵਾਰੀ ਇਕ ਇਕ ਗੀਟਾ ਫੜਨ ਦੇ ਬਜਾਏ ਇਕ ਵਾਰੀ ਵਿਚ ਦੋ ਦੋ ਗੀਟੇ ਫੜੇ ਜਾਂਦੇ ਹਨ। ਇਸ ਤਰ੍ਹਾਂ ਸਫ਼ਲ ਹੋਣ ਪਿੱਛੋਂ, ਪਹਿਲਾਂ ਇਕ ਗੀਟਾ ਤੇ ਫੇਰ ਤਿੰਨ ਗੀਟੇ ਫੜੇ ਜਾਂਦੇ ਹਨ। ਚੌਥੀ ਵਾਰ ਚਾਰੇ ਗੀਟੀਆਂ ਨੂੰ ਇੱਕੋ ਵਾਰੀ ਵਿਚ ਚੁੱਕ ਲਿਆ ਜਾਂਦਾ ਹੈ। ਜੇ ਏਸ ਤਰ੍ਹਾਂ ਚਾਰ ਵਾਰਾਂ ਸਫਲ ਹੋ ਜਾਣ ਤਾਂ ਇਕ ਬਾਜ਼ੀ ਪੁੱਗ ਜਾਂਦੀ ਹੈ ਅਤੇ ਖੇਡ ਫੇਰ ਮੁੱਢ ਤੋਂ ਸ਼ੁਰੂ ਕੀਤੀ ਜਾਂਦੀ ਹੈ। ਖਿਡੰਦੜ ਕੁੜੀ ਉਸ ਸਮੇਂ ਤਕ ਆਪਣੀ ਵਾਰੀ ਲਈ ਜਾਵੇਗੀ ਜਦ ਤਕ ਕਿ ਉਹ ਹੇਠ ਲਿਖੇ ਉਲੰਘਣਾਂ ਵਿੱਚੋਂ ਕੋਈ ਇਕ ਨਾ ਕਰ ਬੈਠੇ :—

(੧) ਉਲੀਕੇ ਹੋਏ ਚੱਕਰ ਵਿੱਚੋਂ ਕਿਸੇ ਗੀਟੇ ਦਾ ਬਾਹਰ ਜਾ ਪੈਣਾ।
(੨) ਗੀਟੇ ਚੁੱਕਣ ਵੇਲੇ ਦੋਹਾਂ ਹੱਥਾਂ ਦਾ ਵਰਤਣਾ।
(੩) ਗੀਟੇ ਚੁੱਕਣ ਵੇਲੇ ਕਿਸੇ ਦੂਜੇ ਗੀਟੇ ਨੂੰ ਹਿਲਾ ਬੈਠਣਾ।
(੪) ਹਵਾ ਵਿਚ ਸੁੱਟਣ ਪਿੱਛੋਂ ਗੀਟੇ ਦਾ ਬੋਚਿਆ ਨਾ ਜਾਣਾ।

ਜਿਹੜੀ ਕੁੜੀ ਬਹੁਤੀਆਂ ਬਾਜੀਆਂ ਬਣਾ ਲਵੇ, ਉਹ ਜਿੱਤੀ ਸਮਝੀ ਜਾਂਦੀ ਹੈ।

## ੧੪. ਥਾਲ ਜਾਂ ਖਿੱਦੋ

ਗੀਟੀਆਂ ਤੋਂ ਛੁੱਟ ਕੁੜੀਆਂ ਦੀ ਹੋਰ ਮਸ਼ਹੂਰ ਖੇਡ ਖਿੱਦੋ ਹੈ। ਇਹ ਖੇਡ ਵੀ ਕੁੜੀਆਂ ਘਰਾਂ ਦੇ ਅੰਦਰ ਹੀ ਖੇਡਦੀਆਂ ਹਨ। ਇਸ ਖੇਡ ਵਿਚ ਖਿੱਦੋ ਨੂੰ ਇਕ ਹੱਥ ਨਾਲ ਧਰਤੀ ਉੱਤੇ ਬਹੁਤੇ ਤੋਂ ਬਹੁਤੇ ਸਮੇਂ ਤਕ ਬੁੜ੍ਹਕਾਉਣਾ ਪੈਂਦਾ ਹੈ। ਜੋੜੀਆਂ ਵਿਚ ਜਾਂ ਟੋਲੀ ਵਾਰ ਇਹ ਖੇਡ ਖੇਡੀ ਜਾਂਦੀ ਹੈ।

ਜਦ ਇਹ ਖੇਡ ਆੜੀਆਂ ਤੋਂ ਬਿਨਾਂ ਖੇਡਣੀ ਹੋਵੇ, ਤਾਂ ਇਕ ਤੋਂ ਲੈ ਕੇ ਪੰਜ ਤਕ ਖਿਡਾਰੀ ਭਾਗ ਲੈ ਲੈਂਦੇ ਹਨ। ਜੇ ਟੋਲੀ ਬਣਾ ਕੇ ਖੇਡਣੀ ਹੋਵੇ, ਤਾਂ, ਦੋ ਤੋਂ ਲੈ ਕੇ ਪੰਜ ਟੋਲੀਆਂ ਖੇਡ ਸਕਦੀਆਂ ਹਨ। ਖੇਡਣ ਲਈ ਬਹੁਤੀ ਥੋੜ੍ਹੀ ਥਾਂ ਚਾਹੀਦੀ ਹੈ। ਕੇਵਲ ਇਕ ਤੋਂ ਦੋ ਫ਼ੁੱਟ ਅੱਧ-ਵਿਆਸ ਦਾ ਘੇਰਾ ਜਿਸ ਦੇ ਦੁਆਲੇ ਸਾਰੀਆਂ ਖੇਡਣ ਵਾਲੀਆਂ ਕੁੜੀਆਂ ਬੈਠ ਜਾਣ, ਕਾਫ਼ੀ ਹੁੰਦਾ ਹੈ। ਇਸ ਖੇਡ ਵਾਸਤੇ ਕੇਵਲ ਇਕ ਰਬੜ ਦੀ ਗੇਂਦ ਹੀ ਲੋੜੀਂਦੀ ਹੈ।

ਸਾਰੀਆਂ ਕੁੜੀਆਂ ਆਪਸ ਵਿਚ ਪੁੱਗਦੀਆਂ ਹਨ, ਅਤੇ ਆਪਣੇ ਆਪਣੇ ਪੁੱਗਣ ਅਨੁਸਾਰ ਵਾਰੀਆਂ ਥਾਪ ਕੇ, ਇਕ ਗੋਲ ਚੱਕਰ ਵਿਚ ਬੈਠ ਜਾਂਦੀਆਂ ਹਨ। ਵਾਰੀ ਲੈਣ ਵਾਲੀ ਕੁੜੀ, ਖਿੱਦੋ ਨੂੰ ਧਰਤੀ ਤੇ ਉਭਾਰਦੀ ਹੈ, ਅਤੇ ਫੇਰ ਇਕ ਹੱਥ ਨਾਲ ਧਰਤੀ ਤੇ ਉਭਾਰ ਉਭਾਰ ਕੇ ਗਿਣਤੀ ਕਰੀ ਜਾਂਦੀ ਹੈ। ਲਗਾਤਾਰ ਵੀਹ ਤਕ ਗਿਣਤੀ ਪਹੁੰਚ ਜਾਣ ਉਤੇ, ਇਕ ਬਾਜ਼ੀ ਜਾਂ ਇਕ ਥਾਲ ਹੋ ਜਾਂਦਾ ਹੈ। ਇਸ ਤਰ੍ਹਾਂ ਇਕੋ ਵਾਰੀ ਵਿਚ ਕਈ ਥਾਲ ਬਣਾ ਲਏ ਜਾਂਦੇ ਹਨ। ਜਦੋਂ

ਖਿੱਦੋ ਰਿੜ੍ਹ ਜਾਵੇ ਜਾਂ ਉਭਰ ਨਾ ਸਕੇ, ਤਾਂ ਖੇਡਣ ਵਾਲੇ ਦੀ ਵਾਰੀ ਜਾਂਦੀ ਰਹਿੰਦੀ ਹੈ। ਇਕ ਦੀ ਵਾਰੀ ਖ਼ਤਮ ਹੋਣ ਉਤੇ ਤੀਸਰੇ ਦੀ, ਅੰਤ ਚੌਥੇ ਦੀ ਇਸੇ ਤਰ੍ਹਾਂ ਵਾਰੀਆਂ ਬਦਲਦੀਆਂ ਰਹਿੰਦੀਆਂ ਅਤੇ ਖੇਡ ਜਾਰੀ ਰਹਿੰਦੀ ਹੈ। ਹਰ ਖਿਡਾਰੀ ਆਪਣੇ ਥਾਲਾਂ ਦਾ ਹਿਸਾਬ ਆਪੇ ਰੱਖਦਾ ਹੈ। ਜਿਸ ਕੁੜੀ ਜਾਂ ਜਿਸ ਟੋਲੀ ਦੇ ਬਹੁਤੇ ਥਾਲ ਬਣ ਜਾਣ, ਉਹ ਜਿੱਤੀ ਤੇ ਦੂਜੀ ਹਾਰ ਜਾਂਦੀ ਹੈ।

## ੧੫. ਬਾਰਾਂ ਟਾਹਣ ਜਾਂ ਬਾਰਾਂ ਬੀਟੀ

ਇਹ ਇਕ ਬੈਠਕੀ ਖੇਡ ਹੈ ਜੋ ਵਡੇਰੀ ਉਮਰ ਦੇ ਬੰਦਿਆਂ ਦੇ ਬੜੀ ਯੋਗ ਹੈ। ਬਾਰਾਂ ਟਾਹਣ ਵਿਚ ਵੀ, ਡਰਾਫ਼ਟ ਦੀ ਖੇਡ ਵਾਂਗ, ਸੂਝ ਦਾ ਮੁਕਾਬਲਾ ਹੁੰਦਾ ਹੈ, ਜਿਹੜਾ ਜ਼ਿਆਦਾ ਸਮਝਦਾਰ ਤੇ ਬੁੱਧੀ ਵਾਲਾ ਹੁੰਦਾ ਹੈ, ਉਹ ਜਿੱਤ ਜਾਂਦਾ ਹੈ। ਇਸ ਵਿਚ ਆਪਣੀ ਟਾਹਣ ਜਾਂ ਗੋਟ ਨੂੰ ਇਸ ਹਿਸਾਬ ਨਾਲ ਰੱਖਣਾ ਹੁੰਦਾ ਹੈ ਕਿ ਵਿਰੋਧੀ ਉਸ ਨੂੰ ਨੇਮ ਅਨੁਸਾਰ ਮਾਰ ਨਾ ਸਕੇ, ਸਗੋਂ ਉਲਟਾ ਵਿਰੋਧੀ ਦੀ ਟਾਹਣ ਨੂੰ ਮਾਰਨ ਵਿਚ ਸਫ਼ਲ ਹੋ ਜਾਵੇ। ਇਸ ਤਰ੍ਹਾਂ ਇਕ ਦੂਜਾ ਆਪਣੀ ਸੋਚ ਨਾਲ ਆਪਣੀਆਂ ਟਾਹਣਾਂ ਬਚਾਉਂਦਾ ਹੈ, ਅਤੇ ਵਿਰੋਧੀ ਦੀਆਂ ਟਾਹਣਾਂ ਮਾਰਨ ਦਾ ਜਤਨ ਕਰਦਾ ਹੈ ।

ਪਹਿਲੇ ਲੀਕਾਂ ਲਾ ਲਈਆਂ ਜਾਂਦੀਆਂ ਹਨ। ਖਿਡਾਰੀ ਇਕ ਦੂਜੇ ਦੇ ਸਾਹਮਣੇ ਬੈਠ ਜਾਂਦੇ ਹਨ, ਆਪੋ ਆਪਣੇ ਪਾਸੇ ਵੱਲ ਬਾਰਾਂ ਬਾਰਾਂ ਟਾਹਣਾਂ, ਜਿਹੜੀਆਂ ਇਕ ਦੂਜੇ ਤੋਂ ਭਿੰਨ ਹੁੰਦੀਆਂ ਹਨ, ਬਣੇ ਹੋਏ ਘੁਰਿਆਂ ਉਤੇ ਰੱਖ ਲੈਂਦੇ ਹਨ। ਜੇ ਇਕ ਖਿਡਾਰੀ ਲੱਕੜੀਆਂ ਦੀਆਂ ਬਾਰਾਂ ਟਾਹਣਾਂ, ਵਰਤਦਾ ਹੈ, ਤਾਂ ਦੂਜਾ ਮਿੱਟੀ ਦੀਆਂ ਬਾਰਾਂ ਛੋਟੀਆਂ ਠੀਕਰੀਆਂ ਵਰਤਦਾ ਹੈ। ਇਸ ਤਰ੍ਹਾਂ ਇਕ ਦੂਜੇ ਦੀਆਂ ਟਾਹਣਾਂ ਆਪਸ ਵਿਚ ਨਹੀਂ ਮਿਲਦੀਆਂ। ਟਾਹਣਾਂ ਆਪਣੇ ਆਪਣੇ ਪਾਸਿਆਂ ਦੇ ਘੁਰਿਆਂ ਉਤੇ ਰੱਖਣ ਪਿੱਛੋਂ ਇਕ ਖਿਡਾਰੀ ਖ਼ਾਲੀ ਪਏ ਘੁਰੇ ਵਿਚ ਆਪਣੀ ਟਾਹਣ ਰੱਖ ਕੇ ਚਾਲ ਚਲਦਾ ਹੈ। ਦੂਜਾ ਖਿਡਾਰੀ ਆਪਣੀ ਬਾਰਾਂ ਨੰਬਰ ਵਾਲੀ ਗੋਟ ਚੁੱਕ ਕੇ ਖ਼ਾਲੀ ਹੋਏ ਘੁਰੇ ਉਤੇ ਰੱਖਦਾ ਹੋਇਆ, ਵਿਰੋਧੀ ਦੀ ਰੱਖੀ ਹੋਈ ਗੋਟ ਨੂੰ ਮਾਰ ਜਾਂ ਚੁੱਕ ਲੈਂਦਾ ਹੈ, ਜਾਂ ਆਪਣੀ ਸੱਤ ਨੰਬਰ ਵਾਲੀ ਗੋਟ ਨੂੰ ਖ਼ਾਲੀ ਪਏ ਘੁਰੇ ਉਤੇ ਰੱਖਦਾ ਹੈ। ਇਹ ਖਿਡਾਰੀ ਦੀ ਆਪਣੀ ਮਰਜ਼ੀ ਹੈ ਕਿ ਉਹ ਮਰਦੀ ਹੋਈ ਗੋਟ ਨੂੰ ਮਾਰੇ ਜਾਂ ਨਾ ਮਾਰੇ, ਉਸ ਨੇ ਆਪਣੇ ਹਿਸਾਬ ਨਾਲ ਚਾਲ ਚਲਣੀ ਹੁੰਦੀ ਹੈ। ਕਈ ਵਾਰ ਇਸ ਤਰ੍ਹਾਂ ਕਰਨ ਨਾਲ ਲਾਭ ਹੁੰਦਾ ਹੈ, ਤੇ ਕਈ ਵਾਰੀ ਹਾਨੀ। ਇਸ ਨਿਯਮ ਅਨੁਸਾਰ ਦੋਵੇਂ ਖਿਡਾਰੀ ਖ਼ਾਲੀ ਪਏ ਘੁਰਿਆਂ ਨੂੰ ਵੇਖ ਕੇ ਆਪਣੀਆਂ ਚਾਲਾਂ ਚੱਲਦੇ ਹੋਏ, ਜਾਂ ਆਪਣੀ ਟਾਹਣ ਬਚਾਉਂਦੇ ਹਨ, ਜਾਂ ਅਗਲੇ ਦੀ ਟਾਹਣ ਮਾਰਦੇ ਹਨ। ਚਾਲਾਂ ਵਾਰੀ ਵਾਰੀ ਚਲਣੀਆਂ ਹੁੰਦੀਆਂ ਹਨ। ਇਸ ਤਰ੍ਹਾਂ ਇਹ ਖੇਡ ਸ਼ੁਰੂ ਰਹਿੰਦੀ ਹੈ। ਜਦ ਕਿਸੇ ਖਿਡਾਰੀ ਦੀਆਂ ਸਾਰੀਆਂ ਟਾਹਣਾਂ ਜਾਂ ਗੋਟਾਂ ਮਰ ਜਾਣ, ਤਾਂ ਬਾਜ਼ੀ ਖ਼ਤਮ ਹੋ ਜਾਂਦੀ ਹੈ। ਖਿਡਾਰੀਆਂ ਦੀ ਮਰਜ਼ੀ ਅਨੁਸਾਰ ਹੋਰ ਬਾਜ਼ੀਆਂ ਖੇਡੀਆਂ ਜਾਂਦੀਆਂ ਹਨ। ਇਸ ਖੇਡ ਨੂੰ ਖੇਡਣ ਲਈ ਸਿਰਫ਼ ਦੋ ਖਿਡਾਰੀਆਂ ਦੀ ਲੋੜ ਪੈਂਦੀ ਹੈ।

ਜਦ ਖਿਡਾਰੀ ਦੀ ਗੋਟ ਦੇ ਸਾਮ੍ਹਣੇ, ਖੱਬੇ, ਸੱਜੇ ਜਾਂ ਪਿੱਛੇ ਵਿਰੋਧੀ ਦੀ ਰੱਖੀ ਹੋਈ ਗੋਟ ਦੇ ਪਿੱਛੇ ਘੁਰਾ ਖ਼ਾਲੀ ਹੋਵੇ, ਤਾਂ ਉਹ ਖਿਡਾਰੀ ਇਸ ਤਰ੍ਹਾਂ ਰੱਖੀ ਹੋਈ ਗੋਟ ਨੂੰ ਚੁੱਕ ਜਾਂ ਮਾਰ ਲੈਂਦਾ ਹੈ। ਮਿਸਾਲ ਲਈ ਗੋਲ ਟਾਹਣਾਂ ਇਕ ਖਿਡਾਰੀ ਦੀਆਂ ਹਨ, ਤੇ ਲੰਮੀਆਂ ਦੂਜੇ ਦੀਆਂ। ਗੋਲ ਟਾਹਣ ਵਾਲਾ ਖਿਡਾਰੀ ਆਪਣੀ ਤਿੰਨ ਨੰਬਰ ਦੇ ਘੁਰੇ ਵਾਲੀ ਟਾਹਣ ਨਾਲ, ਵਿਰੋਧੀ ਦੀ ਸਾਹਮਣੀ ਅੱਠ ਨੰਬਰ ਵਾਲੀ ਟਾਹਣ ਨੂੰ ਉਸ ਦੇ (ਵਿਰੋਧੀ) ਪਿੱਛੇ ਖ਼ਾਲੀ ਪਏ ਘੁਰੇ ਨੂੰ ਦੇਖ ਕੇ ਮਾਰ ਜਾਂ ਚੁੱਕ ਸਕਦਾ ਹੈ। ਇਸੇ ਤਰ੍ਹਾਂ ਇਸ ਤੋਂ ਅਗਲੀ ਅੱਠ ਨੰਬਰ ਘੁਰੇ ਵਾਲੀ ਟਾਹਣ ਨੂੰ ਵੀ ਮਾਰ ਜਾਂ ਚੁੱਕ ਸਕਦਾ ਹੈ। ਇਸੇ ਨਿਯਮ ਅਨੁਸਾਰ ਲੰਮੀ ਗੋਟ ਵਾਲਾ ਖਿਡਾਰੀ ਆਪਣੀ ਅੱਠ ਨੰਬਰ ਵਾਲੀ ਗੋਟ ਜਾਂ ਬਾਰਾਂ ਨੰਬਰ ਵਾਲੀ ਗੋਟ ਰੱਖ ਕੇ, ਮਾਰ ਜਾਂ ਚੁੱਕ ਸਕਦਾ ਹੈ। ਗੋਟ ਜਾਂ ਟਾਹਣ ਮਾਰਨ ਦਾ ਇਕੋ ਇਕ ਇਹੋ ਨੇਮ ਹੈ। ਇਕੋ ਵਾਰੀ ਇਕ

ਤੋਂ ਵੱਧ ਗੋਟਾਂ ਵੀ ਉੱਪਰਲੇ ਨਿਯਮ ਅਨੁਸਾਰ ਮਾਰੀਆਂ ਜਾ ਸਕਦੀਆਂ ਹਨ ।

ਖ਼ਾਸ ਨੇਮ ਇਹ ਹਨ —

(੧) ਇਕ ਵਾਰੀ ਵਿਚ ਇਕ ਚਾਲ ਚੱਲੀ ਜਾ ਸਕਦੀ ਹੈ ।

(੨) ਦੋਵੇਂ ਖਿਡਾਰੀ ਵਾਰੀ ਅਨੁਸਾਰ ਚਾਲਾਂ ਚੱਲਦੇ ਹਨ ।

(੩) ਇਕ ਵਾਰ ਚਲੀ ਹੋਈ ਚਾਲ ਵਾਪਸ ਨਹੀਂ ਹੋ ਸਕਦੀ ।

(੪) ਜਿਸ ਟਾਹਣ ਨੂੰ ਹੱਥ ਲਾਇਆ ਜਾਵੇ, ਉਸੇ ਨੂੰ ਚਲਾਉਣਾ ਜ਼ਰੂਰੀ ਹੈ ।

## ੧੬. ਪਾਸਾ ਜਾਂ ਚੌਪੜ

ਵਡੇਰੀ ਉਮਰ ਵਾਲੇ ਆਦਮੀਆਂ ਦੀ ਦੂਜੀ ਮਨ-ਭਾਉਂਦੀ ਖੇਡ ਪਾਸ਼ਾ ਹੈ। ਮਹਾਂ ਭਾਰਤ ਵਿਚ ਆਏ ਹਵਾਲੇ ਤੋਂ ਸਿੱਧ ਹੈ ਕਿ ਇਹ ਖੇਡ ਹਿੰਦ ਵਿਚ ਕਾਫ਼ੀ ਦੇਰ ਤੋਂ ਪਰਚਲਤ ਰਹੀ ਹੈ । ਇਹ ਖੇਡ ਬਹੁਤ ਹੱਦ ਤਕ ਲੁੱਡੋ (Ludo) ਨਾਲ ਮਿਲਦੀ-ਜੁਲਦੀ ਹੈ ਤੇ ਅਮੀਰ ਤਬਕੇ ਵਿਚ ਜ਼ਿਆਦਾ ਖੇਡੀ ਜਾਂਦੀ ਰਹੀ ਹੈ ।

ਇਸ ਖੇਡ ਵਿਚ ਤਾਸ਼ ਵਾਂਙ ਸਿਰਫ਼ ਕਿਸਮਤ ਉਤੇ ਹੀ ਆਸ ਨਹੀਂ ਰੱਖਣੀ ਪੈਂਦੀ, ਸਗੋਂ ਸੋਚ ਤੋਂ ਵੀ ਕਾਫ਼ੀ ਕੰਮ ਲੈਣਾ ਪੈਂਦਾ ਹੈ। ਹਰ ਖਿਡਾਰੀ ਦਾ ਇਹ ਜਤਨ ਹੁੰਦਾ ਹੈ ਕਿ, ਉਸ ਦੀਆਂ ਸਾਰੀਆਂ ਗੋਟਾਂ, ਦੂਜੇ ਖਿਡਾਰੀਆਂ ਨਾਲੋਂ ਪਹਿਲਾਂ ਪੁੱਗ ਜਾਣ । ਇਸ ਮਨੋਰਥ ਨੂੰ ਮੁੱਖ ਰੱਖ ਕੇ, ਉਹ ਆਪਣੀਆਂ ਗੋਟਾਂ ਇਸ ਹਿਸਾਬ ਨਾਲ ਚੌਪੜ ਦੇ ਘੁਰਿਆਂ ਵਿਚ ਰੱਖਦਾ ਹੈ, ਕਿ ਉਹ ਕਿਸੇ ਹਾਲਤ ਵਿਚ ਵੀ ਮਰ ਨਾ ਸਕਣ, ਅਤੇ ਆਪਣੇ ਪੁੱਗਣ ਵਾਲੇ ਘਰ ਵਿਚ ਛੇਤੀ ਪੁਗ ਜਾਣ । ਇਸ ਖੇਡ ਰਾਹੀਂ ਨਾ ਕੇਵਲ ਬੁੱਧੀ ਵਿਚ ਵਾਧਾ ਹੁੰਦਾ ਹੈ, ਸਗੋਂ ਹਰ ਪਾਸੇ ਚੁਕੰਨਾ ਰਹਿਣ ਦਾ ਅਭਿਆਸ ਵੀ ਹੁੰਦਾ ਹੈ । ਗੋਟਾਂ ਅਤੇ ਘੁਰੇ ਬਹੁਤ ਜ਼ਿਆਦਾ ਹੋਣ ਕਰਕੇ, ਇਸ ਖੇਡ ਨੂੰ ਖ਼ਤਮ ਕਰਨ ਲਈ ਕਾਫ਼ੀ ਸਮਾਂ ਲਗਦਾ ਹੈ । ਭਾਵੇਂ ਇਹ ਖੇਡ ਲੰਮੀ ਹੋ ਜਾਂਦੀ ਹੈ, ਪਰ ਫੇਰ ਵੀ ਇਸ ਦੀ ਦਿਲਚਸਪੀ, ਖੇਡ ਮੁੱਕਣ ਤਕ ਕਾਇਮ ਰਹਿੰਦੀ ਹੈ । ਇਸ ਖੇਡ ਵਿਚ ਕਈ ਵਾਰ ਉਤਾਰ, ਚੜ੍ਹਾ ਆਉਂਦੇ ਹਨ, ਅਤੇ ਕੁਝ ਪਤਾ ਨਹੀਂ ਹੁੰਦਾ ਕਿ ਅਖ਼ੀਰ ਕੌਣ ਜਿੱਤੇਗਾ । ਇਸ ਨੂੰ ਵੇਖਣ ਵਾਲੇ ਵੀ ਕਾਫ਼ੀ ਇਕੱਠੇ ਹੋ ਜਾਂਦੇ ਹਨ, ਅਤੇ ਉਹ ਵੀ ਓਨਾ ਹੀ ਰਸ ਮਾਣਦੇ ਹਨ, ਜਿੰਨਾ ਕਿ ਖੇਡਣ ਵਾਲੇ ।

ਇਹ ਖੇਡ ਇਕੱਲੇ ਇਕੱਲੇ ਵਿਅਕਤੀ ਵੀ ਖੇਡ ਸਕਦੇ ਹਨ ਤੇ ਟੋਲੀਆਂ ਬਣਾ ਕੇ ਵੀ ਖੇਡੀ ਜਾਂਦੀ ਹੈ । ਇਕੱਲੇ, ਇਕੱਲੇ ਨੇ ਖੇਡਣਾ ਹੋਵੇ ਤਾਂ, ਖਿਡਾਰੀਆਂ ਦੀ ਗਿਣਤੀ ਚਾਰ ਤੋਂ ਵਧ ਨਹੀਂ ਹੁੰਦੀ । ਜੇ ਟੋਲੀਆਂ ਵਿਚ ਖੇਡਣੀ ਹੋਵੇ ਤਾਂ ਦੋ ਟੋਲੀਆਂ ਦੋ ਦੋ ਖਿਡਾਰੀਆਂ ਵਾਲੀਆਂ, ਹੁੰਦੀਆਂ ਹਨ । ਖੇਡਣ ਲਈ ਸੱਤ ਕੌਡੀਆਂ, ਇਕ ਕਪੜੇ ਦਾ ਚੌਪੜ, ਅਤੇ ਇਕ ਇਕ ਖਿਡਾਰੀ ਲਈ ਚਾਰ ਚਾਰ ਵੱਖੋ ਵੱਖ ਰੰਗ ਦੀਆਂ ਗੋਟਾਂ ਹੁੰਦੀਆਂ ਹਨ । ਚੌਪੜ ਬਣਿਆ ਬਣਾਇਆ ਮਿਲ ਜਾਂਦਾ ਜਾਂ ਉਲੀਕ ਲਿਆ ਜਾਂਦਾ ਹੈ ।

ਖੇਡ ਵਿਚ ਜਦ ਕੌਡਾਂ ਹੇਠ-ਲਿਖੇ ਕਿਸੇ ਇਕ ਹਿਸਾਬ ਨਾਲ ਧਰਤੀ ਉਤੇ ਪੈ ਜਾਂਦੀਆਂ ਹਨ, ਤਾਂ ਕੌਡਾਂ ਸੁੱਟਣ ਵਾਲੇ ਨੂੰ 'ਪਾਉਂ' ਆ ਗਿਆ ਸਮਝਿਆ ਜਾਂਦਾ ਹੈ ।

(੧) ਇਕ ਕੌਡੀ ਸਿੱਧੀ ਤੇ ਛੇ ਪੁੱਠੀਆਂ ।

(੨) ਪੰਜ ਕੌਡੀਆਂ ਸਿੱਧੀਆਂ ਤੇ ਦੋ ਪੁੱਠੀਆਂ ।

(੩) ਛੇ ਕੌਡਾਂ ਸਿੱਧੀਆਂ ਤੇ ਇਕ ਕੌਡੀ ਪੁੱਠੀ ।

(੪) ਜਦ ਇਕ ਕੌਡੀ ਸਿੱਧੀ ਅਤੇ ਛੇ ਕੌਡੀਆਂ ਪੁੱਠੀਆਂ, ਧਰਤੀ ਉਤੇ ਪੈਂਦੀਆਂ ਹਨ, ਤਾਂ ਉਸ ਸਮੇਂ ਚੌਪੜ ਦੇ ਗਿਆਰਾਂ ਖ਼ਾਨੇ ਚਲੇ ਜਾਂਦੇ ਹਨ । ਜਿਸ ਤਰ੍ਹਾਂ ਪਈਆਂ ਕੌਡੀਆਂ ਨੂੰ 'ਗਿਆਰਾਂ ਆਏ' ਵੀ ਕਹਿਦੇ ਹਨ ਅਤੇ

ਇਸ ਨੂੰ 'ਪਾਉਂ' ਵੀ ਗਿਣਦੇ ਹਨ।

(ਅ) ਦੋ ਕੌਡੀਆਂ ਸਿੱਧੀਆਂ ਤੇ 'ਪੰਜ ਪੁੱਠੀਆਂ ਪੈ ਜਾਣ ਤੇ, ਚੌਪੜ ਦੇ ਕੇਵਲ ਦੋ ਖ਼ਾਨੇ ਚਲੇ ਜਾਂਦੇ ਹਨ, ਇਹ 'ਪਾਉਂ' ਨਹੀਂ ਹੈ।

(ੲ) ਤਿਨ ਕੌਡੀਆਂ ਸਿੱਧੀਆਂ ਤੇ ਚਾਰ ਪੁੱਠੀਆਂ ਪੈ ਜਾਣ ਉੱਤੇ, ਚੌਪੜ ਦੇ ਤਿੰਨ ਖ਼ਾਨੇ ਚਲੇ ਜਾਂਦੇ ਹਨ, ਇਹ ਵੀ 'ਪਾਉਂ' ਨਹੀਂ ਹੈ।

(ਸ) ਚਾਰ ਕੌਡੀਆਂ ਸਿੱਧੀਆਂ ਤੇ ਤਿੰਨ ਪੁੱਠੀਆਂ ਪੈ ਜਾਣ ਉੱਤੇ, ਚੌਪੜ ਦੇ ਚਾਰ ਖ਼ਾਨੇ ਚਲੇ ਜਾਂਦੇ ਹਨ, ਇਹ ਵੀ 'ਪਾਉਂ' ਨਹੀਂ ਹੈ।

(ਹ) ਪੰਜ ਕੌਡੀਆਂ ਸਿੱਧੀਆਂ ਤੇ ਦੋ ਪੁੱਠੀਆਂ ਪੈ ਜਾਣ ਉੱਤੇ, ਚੌਪੜ ਦੇ ਪੰਝੀ ਖ਼ਾਨੇ ਚਲੇ ਜਾਂਦੇ ਹਨ। ਇਹ 'ਪਾਉਂ' ਵੀ ਹੈ ਅਤੇ ਇਸ ਨੂੰ 'ਅੱਠ' ਵੀ ਕਹਿੰਦੇ ਹਨ।

(ਕ) ਛੇ ਕੌਡੀਆਂ ਸਿੱਧੀਆਂ ਅਤੇ ਇਕ ਪੁੱਠੀ ਪੈ ਜਾਣ ਉੱਤੇ, ਚੌਪੜ ਦੇ ਪੈਂਤੀ ਖ਼ਾਨੇ ਚਲੇ ਜਾਂਦੇ ਹਨ, ਇਹ 'ਪਾਉਂ' ਵੀ ਹੈ ਅਤੇ ਇਸ ਨੂੰ "ਪੈਂਤਰ" ਵੀ ਕਹਿੰਦੇ ਹਨ।

(ਖ) ਸੱਤੇ ਕੌਡੀਆਂ ਸਿੱਧੀਆਂ ਪੈ ਜਾਣ ਉੱਤੇ, ਚੌਪੜ ਦੇ ਚੌਦਾਂ ਖ਼ਾਨੇ ਚਲੇ ਜਾਂਦੇ ਹਨ । ਇਹ 'ਪਾਉਂ' ਨਹੀਂ। ਇਸ ਨੂੰ "ਚੌਦਾਂ" ਵੀ ਕਹਿਦੇ ਹਨ।

(ਗ) ਸੱਤਾਂ ਕੌਡਾਂ ਦੇ ਪੁੱਠੀਆਂ ਪੈ ਜਾਣ ਉੱਤੇ, ਚੌਪੜ ਦੇ ਸੱਤ ਖਾਨੇ ਚਲੇ ਜਾਂਦੇ ਹਨ। ਇਹ 'ਪਾਉਂ' ਨਹੀਂ, ਅਤੇ ਇਸ ਨੂੰ "ਸੱਤ" ਵੀ ਕਹਿੰਦੇ ਹਨ।

ਇਸ ਪਰਸਿੱਧ ਖੇਡ ਦਾ ਵੇਰਵਾ ਇਉਂ ਹੈ :—

ਚਾਰੇ ਖਿਡਾਰੀ ਚੌਪੜ ਨੂੰ ਆਪਣੇ ਵਿਚਕਾਰ ਰੱਖ, ਆਮ੍ਹੋ-ਸਾਹਮਣੇ ਬੈਠ ਜਾਂਦੇ ਹਨ । ਇਨ੍ਹਾਂ ਵਿਚੋਂ ਇਕ ਖਿਡਾਰੀ ਸੱਤਾਂ ਕੌਡੀਆਂ ਨੂੰ ਇਕ ਹੱਥ ਵਿਚ ਛਣਕਾਉਂਦਾ ਹੋਇਆ, ਹਵਾ ਵਿਚ ਉਛਾਲਦਾ ਹੈ, ਅਤੇ ਉਨ੍ਹਾਂ ਦੇ ਡਿੱਗਣ ਤੋਂ ਪਹਿਲਾਂ ਪੁੱਠੇ ਹੱਥ ਉੱਤੇ ਲੈਂਦਿਆਂ ਹੋਇਆਂ ਧਰਤੀ ਉੱਤੇ ਸੁੱਟਦਾ ਹੈ। ਜੇ ਉਸ ਨੂੰ 'ਪਾਉਂ' ਆ ਜਾਵੇ ਤਾਂ ਉਹ ਇਕ ਵਾਰੀ ਫੇਰ ਉਸੇ ਤਰ੍ਹਾਂ ਕੌਡਾਂ ਨੂੰ ਉਛਾਲਦਾ ਹੈ । ਇਸ ਤਰ੍ਹਾਂ 'ਪਾਉਂ' ਨਾ ਆਉਣ ਤਕ ਸੁੱਟੀ ਜਾਂਦਾ ਹੈ। 'ਪਾਉਂ' ਨਾ ਆਉਣ ਵਾਲੀ ਵਾਰੀ ਤੱਕ ਕੌਡਾਂ ਸੁੱਟਣ ਵਾਲਾ ਖਿਡਾਰੀ ਪਿਛਲੀਆਂ ਸਾਰੀਆਂ ਵਾਰੀਆਂ ਦੀਆਂ ਕੌਡਾਂ ਦੀ ਗਿਣਤੀ ਦੇ ਹਿਸਾਬ ਨਾਲ, ਇਕ ਜਾਂ ਵਧੀਕ ਗੀਟੀਆਂ, 'ਪਾਉਂਆਂ' ਦੀ ਗਿਣਤੀ ਅਨੁਸਾਰ ਚਲਦਾ ਹੈ। ਗੀਟੀਆਂ ਚਲਣ ਦੀ ਗਿਣਤੀ 'ਪਾਉਂਆਂ' ਦੀ ਗਿਣਤੀ ਅਨੁਸਾਰ ਹੁੰਦੀ ਹੈ।

ਜੇ ਇਕ 'ਪਾਉਂ' ਆਵੇ ਤਾਂ ਇਕ ਗੀਟੀ ਅਤੇ ਜੇ ਦੋ ਪਾਉਂ ਆਉਣ ਤਾਂ ਦੋ ਗੀਟੀਆਂ ਚਲੀਆਂ ਜਾਂਦੀਆਂ ਹਨ। ਜੇ ਤਿੰਨ 'ਪਾਉਂ' ਇਕੋ ਜਿਹੇ, ਲਗਾਤਾਰ ਤਿਨ ਵਾਰ ਆ ਜਾਣ ਤਾਂ ਤਿੰਨੇ 'ਪਾਉਂ' ਜਾਂਦੇ ਰਹਿੰਦੇ ਹਨ। ਜੇ ਪਹਿਲੀ ਵਾਰ ਖੇਡ ਸ਼ੁਰੂ ਕਰਨ ਵੇਲੇ 'ਪਾਉਂ' ਨਾ ਆਵੇ ਤਾਂ ਵਾਰੀ ਸੱਜੇ ਪਾਸੇ ਵਾਲੇ ਵਿਰੋਧੀ ਖਿਡਾਰੀ ਦੀ ਆ ਜਾਂਦੀ ਹੈ। ਜੇ ਉਸ ਨੂੰ ਵੀ 'ਪਾਉਂ' ਨਾ ਆਵੇ ਤਾਂ ਉਸ ਦੇ ਅਗਲੇ ਖਿਡਾਰੀ ਦੀ ਵਾਰੀ ਹੋ ਜਾਂਦੀ ਹੈ। ਇਸੇ ਤਰ੍ਹਾਂ ਸਾਰੇ ਖਿਡਾਰੀ ਆਪਣੀ ਆਪਣੀ ਵਾਰੀ ਅਨੁਸਾਰ ਕੌਡਾਂ ਸੁੱਟਦੇ ਜਾਂਦੇ ਹਨ ਅਤੇ 'ਪਾਉਂ' ਆਉਣ ਜਾਂ ਨਾ ਆਉਣ ਅਨੁਸਾਰ ਵਾਰੀਆਂ ਬਦਲਦੇ ਅਤੇ ਗੋਟਾਂ ਚਲਦੇ ਜਾਂਦੇ ਹਨ। ਜੇ ਕਿਸੇ ਖਿਡਾਰੀ ਦੀ ਇਕ ਜਾਂ ਬਹੁਤੀਆਂ ਗੋਟਾਂ ਚਲ ਰਹੀਆਂ ਹੋਣ, ਤਾਂ ਉਹ ਖਿਡਾਰੀ 'ਪਾਉਂ' ਨਾ ਆਉਣ ਉੱਤੇ ਵੀ ਗਿਣਤੀ ਦੇ ਦਾਣੇ ਆਪਣੀਆਂ ਚਲ ਰਹੀਆਂ ਗੋਟਾਂ ਵਿੱਚੋਂ, ਕਿਸੇ ਇਕ ਗੋਟ ਨਾਲ ਚਲ ਸਕਦਾ ਹੈ। ਹਰ ਵਾਰੀ ਸ਼ੁਰੂ ਤੋਂ ਗੋਟ ਚੱਲਣ ਲਈ 'ਪਾਉਂ' ਦਾ ਆਉਣਾ ਜ਼ਰੂਰੀ ਹੈ, ਪਰ ਚੌਪੜ ਉੱਤੇ ਚਲ ਰਹੀ ਗੋਟ ਵਾਸਤੇ ਕਿਸੇ 'ਪਾਉਂ' ਦੇ ਆਉਣ ਦੀ ਲੋੜ ਨਹੀਂ, ਉਹ ਗੋਟ 'ਪਾਉਂ' ਆਉਣ ਜਾਂ ਨਾ ਆਉਣ ਉੱਤੇ ਚਲੀ ਜਾ ਸਕਦੀ ਹੈ। ਇਸ ਪਰਕਾਰ ਖੇਡ ਉਸ ਸਮੇਂ ਤਕ ਚਾਲੂ ਰਹਿੰਦੀ ਹੈ ਜਦ ਤਕ ਕਿ ਕਿਸੇ ਟੋਲੀ ਦੇ ਦੋਹਾਂ ਖਿਡਾਰੀਆਂ ਦੀਆਂ ਗੋਟਾਂ ਪੁੱਗ ਨਾ ਜਾਣ। ਟੋਲੀ ਦਾ ਖਿਡਾਰੀ ਆਪ ਪੁੱਗ ਕੇ ਦੂਜੇ ਸਾਥੀ ਦੀਆਂ

ਗੋਟਾਂ ਪੁਗਾਉਣ ਲਈ ਮੱਦਦ ਕਰ ਸਕਦਾ ਹੈ।

ਖਿਡਾਰੀ ਓਦੋਂ ਹੀ ਆਪਣੇ ਵਿਰੋਧੀ ਖਿਡਾਰੀ ਦੀ ਗੋਟ ਨੂੰ ਮਾਰ ਜਾਂ ਚੁੱਕ ਸਕਦਾ ਹੈ, ਜਦੋਂ ਉਸ ਪਈ ਹੋਈ ਗੋਟ ਤਕ ਉਸ ਖਿਡਾਰੀ ਨੂੰ ਹਿਸਾਬ ਅਨੁਸਾਰ ਦਾਣੇ ਆ ਜਾਣ। ਉਦਾਹਰਣ ਦੇ ਤੌਰ ਤੇ ਜੇ ਵਿਰੋਧੀ ਦੀ ਗੋਟ ਗਿਆਰਾਂ ਜਾਂ ਪੱਚੀ ਜਾਂ ਪੈਂਤੀ, ਖ਼ਾਨੇ ਤੇ ਪਈ ਹੋਵੇ, ਤੇ ਖੇਡਣ ਵਾਲੇ ਖਿਡਾਰੀ ਨੂੰ ਗਿਆਰਾਂ ਜਾਂ ਪੰਝੀ ਜਾਂ ਪੈਂਤੀ ਦਾਣੇ ਆ ਜਾਣ ਤਾਂ ਉਹ ਵਿਰੋਧੀ ਦੀ ਗੋਟ ਨੂੰ ਮਾਰ ਸਕੇਗਾ। ਇਸੇ ਤਰ੍ਹਾਂ ਜੇ ਵਿਰੋਧੀ ਦੀ ਗੋਟ ਤਿੰਨ ਜਾਂ ਚਾਰ ਖ਼ਾਨੇ ਵਿਚ ਪਈ ਹੋਈ ਹੈ ਤਾਂ ਖਿਡਾਰੀ ਉਸ ਨੂੰ ਤਿੰਨ ਜਾਂ ਚਾਰ ਦਾਣੇ ਆਉਣ ਤੇ ਮਾਰ ਸਕੇਗਾ। ਪੁੱਗੀ ਹੋਈ ਗੋਟ ਨਾਲ, 'ਪਾਉਂ' ਆਉਣ ਉੱਤੇ ਵਿਰੋਧੀ ਦੀ ਪੁੱਗ ਰਹੀ ਗੋਟ ਨੂੰ ਮਾਰਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਕੱਢੀ ਹੋਈ ਗੋਟ ਪੁੱਠੇ ਪਾਸੇ ਚੱਲੇਗੀ। ਇਹ ਗੋਟ ਮਾਰੀ ਵੀ ਜਾ ਸਕਦੀ ਹੈ, ਅਤੇ ਮਾਰ ਵੀ ਸਕਦੀ ਹੈ।

ਚਰਖੜੀ ਵਾਲੇ ਖ਼ਾਨੇ ਵਿਚ ਪਈ ਕੋਈ ਗੋਟ ਮਾਰੀ ਨਹੀਂ ਜਾ ਸਕਦੀ। ਇੱਕੋ ਖ਼ਾਨੇ ਵਿਚ ਦੋ ਗੋਟਾਂ ਪਈਆਂ ਹੋਣ ਤਾਂ ਵੀ ਨਹੀਂ ਮਾਰੀਆਂ ਜਾ ਸਕਦੀਆਂ। ਦੋ ਗੋਟਾਂ ਨੂੰ ਮਾਰਨ ਵਾਸਤੇ ਦੋ ਗੋਟਾਂ ਦੀ ਲੋੜ ਪੈਂਦੀ ਹੈ। ਵਿਚਲੇ ਘਰਾਂ ਵਾਲੇ ਖ਼ਾਨਿਆਂ ਵਿਚ ਵੀ ਕਿਸੇ ਦੀ ਗੋਟ ਨਹੀਂ ਮਰ ਸਕਦੀ, ਜਾਂ ਪੁੱਗੀ ਹੋਈ ਗੋਟ ਨਾਲ ਭਾਵੇਂ ਅੰਦਰਲੀ ਗੋਟ ਨੂੰ 'ਪਾਉਂ' ਆਉਣ ਉੱਤੇ ਮਾਰ ਲਿਆ ਜਾਵੇ। ਗੋਟ ਆਪਣੇ ਵਿਚਲੇ ਘਰ ਤੋਂ ਚਲਾਈ ਜਾਂਦੀ ਹੈ ਅਤੇ ਚੌਪੜ ਦੇ ਬਾਹਰਲੇ ਖ਼ਾਨਿਆਂ ਤੋਂ ਹੁੰਦੀ ਹੋਈ, ਮੁੜ ਉਨ੍ਹਾਂ ਵਿਚਲੇ ਘਰਾਂ ਰਾਹੀਂ ਪੁੱਗਦੀ ਹੈ। ਜਿਸ ਟੋਲੀ ਦੇ ਦੋਹਾਂ ਖਿਡਾਰੀਆਂ ਦੀਆਂ ਗੋਟਾਂ ਪਹਿਲੋਂ ਪੁੱਗ ਜਾਣ, ਉਹ ਟੋਲੀ ਜਿੱਤੀ ਸਮਝੀ ਜਾਂਦੀ ਹੈ।

ਇਨ੍ਹਾਂ ਦੇਸੀ ਖੇਡਾਂ ਤੋਂ ਇਲਾਵਾ ਅੰਗਰੇਜ਼ੀ ਰਾਜ ਦੇ ਪ੍ਰਭਾਵ ਨਾਲ ਆਈਆਂ 'ਪੱਛਮੀ ਖੇਡਾਂ' ਜੇਹਾ ਕਿ ਹਾਕੀ, ਫੁਟਬਾਲ, ਵਾਲੀਬਾਲ, ਕ੍ਰਿਕਟ, ਬਾਸਕਟਬਾਲ, ਬੈਡਮਿੰਟਨ, ਟੈਨਿਸ ਤੇ ਬੇਸਬਾਲ ਆਦਿ ਖੇਡਣ ਵਿਚ ਵੀ ਪੰਜਾਬੀਆਂ ਨੇ ਬੜਾ ਚੰਗਾ ਨਾਮਣਾ ਖੱਟਿਆ ਹੈ ਤੇ ਇਹ ਖੇਡਾਂ ਸੂਬੇ ਭਰ ਵਿਚ ਖੇਡੀਆਂ ਜਾਂਦੀਆਂ ਹਨ। ਖ਼ਾਸ ਕਰਕੇ ਹਾਕੀ ਵਿਚ ਪੰਜਾਬੀ ਖਿਡਾਰੀਆਂ ਨੇ ਅੱਛੇ ਕਮਾਲ ਦਿਖਾਏ ਹਨ। ੧੯੨੮ ਤੋਂ ਲੈ ਕੇ ਹੁਣ ਤਕ ਹਿੰਦ ਦੀ ਹਾਕੀ ਟੀਮ ਪਹਿਲੇ ਨਬਰ ਤੇ ਰਹੀ ਹੈ ਤੇ ਇਸ ਟੀਮ ਵਿਚ ਆਮ ਤੌਰ ਤੇ ਬਹੁਗਿਣਤੀ ਪੰਜਾਬੀਆਂ ਦੀ ਹੀ ਰਹਿੰਦੀ ਆਈ ਹੈ।

# ਰਸਮ ਰਿਵਾਜ ਤੇ ਵਹਿਮ ਭਰਮ

# ਰਸਮ ਰਿਵਾਜ ਤੇ ਵਹਿਮ ਭਰਮ

ਰਸਮ ਰਿਵਾਜ, ਰਹੁ ਰੀਤਾਂ, ਜਾਂ ਸੰਸਕਾਰ ਭਾਈਚਾਰਕ ਪ੍ਰਾਣੀਆਂ ਦੇ ਮਨਾਂ ਦੀਆਂ ਸਿੱਕਾਂ, ਸੱਧਰਾਂ, ਅਰਮਾਨਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਹਨ। ਇਹ ਕਿਸੇ ਵੀ ਕੌਮ ਦੇ ਜਨਮ, ਮਰਨ ਤੇ ਵਿਆਹ ਸ਼ਾਦੀ ਦੇ ਮੌਕਿਆਂ ਉੱਤੇ ਵੇਖੇ ਜਾ ਸਕਦੇ ਹਨ। ਜੀਵਨ-ਨਾਟਕ ਦੀਆਂ ਇਨ੍ਹਾਂ ਤਿੰਨਾਂ ਝਾਕੀਆਂ ਦੇ ਰੰਗ ਮੰਚ ਆਮ ਤੌਰ ਝੇ ਸਾਡੇ ਘਰਾਂ ਦੇ ਵਿਹੜੇ ਹੁੰਦੇ ਹਨ। ਇਨ੍ਹਾਂ ਦੇ ਪਾਤਰ ਸਾਡੇ ਪਰਵਾਰ ਤੇ ਹਾਜ਼ਰ ਨਾਜ਼ਰ ਦੇਵਤਾ ਜਲ-ਪਰਮੇਸ਼ਰ ਜਾਂ ਬੈਸੰਤਰ-ਦੇਵਤਾ ਹੁੰਦੇ ਹਨ। ਅਗਵਾਈ ਵਾਸਤੇ ਅਸੀਂ ਕਿਸੇ ਪੰਡਤ, ਪ੍ਰੋਹਤ, ਨਾਈ, ਭਾਈ, ਦਾਈ, ਜਾਂ ਮੁੱਲਾਂ ਮੁਲਾਣੇ ਨੂੰ ਸੱਦ ਲੈਂਦੇ ਹਾਂ। ਉਂਵ ਭਾਈਚਾਰਕ ਜੀਵਨ ਦੀ ਤੋਰ ਕਈ ਸੰਸਕਾਰਾਂ ਨੂੰ ਪਿੱਛੇ ਮੰਦਰਾਂ, ਮਸੀਤਾਂ ਤੇ ਗੁਰਦੁਆਰਿਆਂ ਵਿਚ ਛੱਡ ਆਈ ਹੈ।

ਇਹ ਸੰਸਕਾਰ ਕਿਵੇਂ ਉਪਜੇ ਅਤੇ ਇਨ੍ਹਾਂ ਦੇ ਪਿੱਛੇ ਕੀ ਕੀ ਮਨੋਰਥ ਕੰਮ ਕਰ ਰਹੇ ਸਨ, ਇਹ ਬੜਾ ਦਿਲਚਸਪ ਵਿਸ਼ਾ ਹੈ। ਮੁੱਢਲੇ ਮਨੁੱਖ ਨੂੰ ਦੈਵੀ ਤਾਕਤਾਂ ਦਾ ਭੈ ਸਾਥੋਂ ਜ਼ਿਆਦਾ ਸੀ। ਬਹੁਤ ਸਾਰੇ ਸੰਸਕਾਰਾਂ ਦਾ ਆਰੰਭ ਇਨ੍ਹਾਂ ਦੈਵੀ ਤਾਕਤਾਂ ਨੂੰ ਪਤਿਆਉਣ ਜਾਂ ਰੀਝਾਉਣ ਵਿੱਚੋਂ ਲੱਭਿਆ ਜਾ ਸਕਦਾ ਹੈ। ਇਸੇ ਭੈ ਕਰਕੇ, ਵੱਖ ਵੱਖ ਮੌਕਿਆਂ ਤੇ ਵੱਖ ਵੱਖ ਦੇਵੀ ਦੇਵਤਿਆਂ ਨੂੰ ਪੂਜਿਆ ਜਾਣਾ ਸ਼ੁਰੂ ਹੋਇਆ। ਗਰਭ ਦੇ ਦਿਨਾਂ ਵਿਚ ਅਤੇ ਮੌਤ ਤੋਂ ਪਿੱਛੋਂ ਬੜੀ ਦੇਰ ਤਕ ਭੂਤਾਂ, ਪ੍ਰੇਤਾਂ ਤੇ ਯਮਾਂ ਨੂੰ ਚੜ੍ਹਾਵਿਆਂ ਨਾਲ ਖ਼ੁਸ਼ ਕਰਨ ਦਾ ਹੋਰ ਕੀ ਕਾਰਨ ਹੋ ਸਕਦਾ ਹੈ? ਅਸੀਂ ਅੱਗ, ਪਾਣੀ ਅਤੇ ਧਾਤਾਂ ਦੀ ਵਰਤੋਂ ਨਾਲ ਡਰਾਉਂਦੇ ਹਾਂ ਅਤੇ ਜੇ ਇਨ੍ਹਾਂ ਵਿੱਚੋਂ ਕੋਈ ਅਮਲ ਲਾਭਦਾਇਕ ਸਿੱਧ ਨਹੀਂ ਹੁੰਦਾ ਤਾਂ ਦਾਨ ਕਰ ਕੇ ਆਪਣੇ ਮਨ ਨੂੰ ਤਸੱਲੀ ਦੇ ਲੈਂਦੇ ਹਾਂ। ਬਿਰਖਾਂ ਦੇ ਪੱਤਿਆਂ ਜਾਂ ਹਰੀਆਂ ਟਹਿਣੀਆਂ ਦੀ ਛੁਹ ਵਿਚ ਵੀ ਸੱਤਿਆ ਮੰਨ ਕੇ ਇਨ੍ਹਾਂ ਦੀ ਵਰਤੋਂ ਕਰਦੇ ਹਾਂ।

ਇਸੇ ਤਰ੍ਹਾਂ ਕੁਝ ਸੰਸਕਾਰ, ਖ਼ੁਸ਼ੀਆਂ ਗ਼ਮੀਆਂ ਦੇ ਪਰਗਟਾਵੇ ਤੋਂ ਵੀ ਪੈਦਾ ਹੋਏ ਸਿੱਧ ਹੁੰਦੇ ਹਨ। ਮਨੂੰ ਦੀ ਭਾਈਚਾਰਕ ਵੰਡ ਅਨੁਸਾਰ ਮਨੁੱਖ ਦੇ ਜੀਵਨ ਨੂੰ ਚਾਰ ਭਾਗਾਂ, ਬ੍ਰਹਮਚਰਜ, ਗ੍ਰਿਹਸਥ, ਬਾਨਪ੍ਰਸਥ ਤੇ ਸੰਨਿਆਸ, ਵਿਚ ਵੰਡਿਆ ਗਿਆ ਸੀ ਅਤੇ ਹਰ ਭਾਗ ਦੇ ਵੱਖ ਵੱਖ ਸੰਸਕਾਰ ਬੱਝੇ ਹੋਏ ਸਨ। ਸੰਸਕਾਰ ਸੰਸਥਾ ਦਾ ਰੂਪ ਧਾਰ ਗਏ ਸਨ ਕਿਉਂਕਿ ਉਦੋਂ ਅੱਜ ਵਾਲੀਆਂ ਸਮਾਜਕ ਸਾਇੰਸਾਂ ਹੋਂਦ ਵਿਚ ਨਹੀਂ ਸਨ ਆਈਆਂ। ਜਨਮ ਸਮੇਂ ਦੇ ਸੰਸਕਾਰ ਜਨਮ-ਵਿਗਿਆਨ ਦਾ ਕੰਮ ਦਿੰਦੇ ਸਨ ਅਤੇ ਬ੍ਰਹਮਚਾਰੀ ਜੀਵਨ ਦੇ ਸੰਸਕਾਰ ਆਚਰਣ-ਉਸਾਰੀ, ਸਦਾਚਾਰਕ-ਪਾਬੰਦੀ, ਵਿਦਿਆ ਤੇ ਸਮੁੱਚੀ ਜਾਗਰਤੀ ਦਾ। ਵਿਆਹ-ਸੰਸਕਾਰ, ਵਿਆਹ ਦਾ ਸਰੂਪ ਤੇ ਇਸ ਦੀ ਮਰਿਆਦਾ ਦੱਸ ਕੇ ਪਰਿਵਾਰਕ ਜੀਵਨ ਨੂੰ ਸਥਿਰ ਕਰਦੇ ਸਨ ਤੇ ਸਮਾਜਕ ਵਿਗਿਆਨ ਦਾ ਕੰਮ ਦਿੰਦੇ ਸਨ। ਗੱਲ ਕੀ, ਸਾਰੇ ਸੰਸਕਾਰ, ਸ਼ਖ਼ਸੀਅਤ ਦੇ ਵਿਕਾਸ, ਆਚਰਣ ਦੀ ਸ਼ੁੱਧੀ ਅਤੇ ਸਮੁੱਚੀ ਮਾਨਵ-ਰੁਚੀ ਪਰਫੁੱਲਤ ਕਰਨ ਵਿਚ ਸਹਾਈ ਸਨ। ਇਨ੍ਹਾਂ ਦੀ ਮਰਿਆਦਾ ਵਿਚ ਬੱਝੇ ਸਾਡੇ ਵਡਾਰੂ ਰੋਜ਼ਾਨਾ ਜੀਵਨ ਦੀਆਂ ਅਨੇਕਾਂ ਸਮੱਸਿਆਵਾਂ ਦੀ ਚਿੰਤਾ ਨਹੀਂ ਸਨ ਕਰਦੇ। ਹੁਣ ਇਨ੍ਹਾਂ ਵਿੱਚੋਂ ਬਹੁਤ ਸੰਸਕਾਰ ਸਾਡੇ ਭਾਈਚਾਰੇ ਵਿੱਚੋਂ ਅਲੋਪ ਹੁੰਦੇ ਜਾਂਦੇ ਹਨ, ਇਸ ਲਈ ਇਨ੍ਹਾਂ ਦਾ ਵਰਣਨ ਬੜਾ ਜ਼ਰੂਰੀ ਹੈ।

ਪਰ ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਪੁਸ਼ਤ-ਦਰ-ਪੁਸ਼ਤ ਚਲੀਆਂ ਆ ਰਹੀਆਂ ਰਸਮਾਂ ਦਾ ਜ਼ਿਕਰ ਸ਼ੁਰੂ ਕਰੀਏ, ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਜੇਹੇ ਮੌਕਿਆਂ ਤੇ ਕਿਹੜੇ ਤੱਤ ਕੰਮ ਆਉਂਦੇ ਹਨ ਅਤੇ ਉਨ੍ਹਾਂ ਦੀ ਵਿਸ਼ੇਸ਼ਤਾ ਕੀ ਹੈ? ਸਾਡੇ ਬਹੁਤ ਸਾਰੇ ਸੰਸਕਾਰ ਅਗਨੀ, ਪਾਣੀ, ਲੋਹੇ, ਅਨਾਜ ਅਤੇ ਬਿਰਛਾਂ ਦੀਆਂ ਟਹਿਣੀਆਂ

ਰਾਹੀਂ ਨੇਪਰੇ ਚਾੜ੍ਹੇ ਜਾਂਦੇ ਹਨ। ਅਗਨੀ ਚਾਨਣ ਦਾ ਚਿੰਨ੍ਹ ਹੈ; ਪਾਣੀ ਸ਼ੁੱਧਤਾ ਦਾ, ਲੋਹਾ ਬਚਾਉ ਦਾ, ਅਨਾਜ ਚੜ੍ਹਾਵੇ ਦਾ ਅਤੇ ਬਿਰਛ ਦੀ ਟਹਿਣੀ ਜਾਂ ਹਰਾ ਘਾਹ ਜਿਸ ਨੂੰ 'ਦੁੱਬ' ਵੀ ਕਹਿੰਦੇ ਹਨ, ਚੰਗੇ ਸ਼ਗਨਾਂ ਦਾ ਸੂਚਕ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਟੂਣੇ ਟਾਮਣ, ਦਿਸ਼ਾ ਭਰਮ, ਪਸ਼ੂਆਂ ਦੀਆਂ ਕੁਰਬਾਨੀਆਂ ਅਤੇ ਪੂਜਾ-ਪਾਠ ਵੀ ਸਾਡੇ ਸੰਸਕਾਰਾਂ ਵਿਚ ਚੋਖਾ ਹਿੱਸਾ ਪਾਉਂਦੇ ਹਨ। ਪਰ ਇਨ੍ਹਾਂ ਦੀ ਵਰਤੋਂ ਅਸੀਂ ਮੌਕੇ ਅਨੁਸਾਰ ਹੀ ਕਰਦੇ ਹਾਂ। ਕਿਸੇ ਮੌਕੇ ਤੇ ਇਕ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ ਕਿਸੇ ਦੂਜੇ ਮੌਕੇ ਤੇ ਕਿਸੇ ਦੂਜੀ ਚੀਜ਼ ਦੀ। ਇਸ ਗੱਲ ਨੂੰ ਸਾਡੇ ਸੰਸਕਾਰਾਂ ਦਾ ਪੂਰਨ ਵੇਰਵਾ ਭਲੀ ਪਰਕਾਰ ਸਿੱਧ ਕਰ ਦੇਵੇਗਾ।

ਸਭ ਤੋਂ ਪਹਿਲਾਂ ਅਸੀਂ ਗਰਭ-ਸੰਸਕਾਰ ਲੈਂਦੇ ਹਾਂ। ਪ੍ਰੇਤ-ਰੂਹਾਂ ਤੋਂ ਬਚਣ ਲਈ ਗਰਭ ਦੇ ਤੀਜੇ, ਪੰਜਵੇਂ ਜਾਂ ਸੱਤਵੇਂ ਮਹੀਨੇ ਵਿਚ ਇਸਤਰੀ ਦੇ ਪੱਲੇ ਨਾਲ ਅਨਾਜ ਬੰਨ੍ਹਿਆ ਜਾਂਦਾ ਹੈ ਜਾਂ ਉਸ ਦੇ ਪੱਲੇ ਵਿਚ ਪਾਇਆ ਜਾਂਦਾ ਹੈ। ਜੇ ਕੁੜੀ ਸਹੁਰੀਂ ਹੋਵੇ ਤਾਂ ਇਹ ਅਨਾਜ ਮਾਪੇ ਭੇਜਦੇ ਹਨ। ਉਹ ਇਸ ਨੂੰ ਪੱਲੇ ਵਿਚ ਪਾਉਂਦੀ ਹੈ, ਰਿੰਨ੍ਹ ਕੇ ਖਾਂਦੀ ਤੇ ਭਾਈਚਾਰੇ ਵਿਚ ਵੰਡਦੀ ਹੈ। ਕਈ ਥਾਵਾਂ ਤੇ ਇਹ ਵੀ ਰਿਵਾਜ ਹੈ ਕਿ ਇਹ ਰਸਮ ਕਰਨ ਵੇਲੇ ਦੋਵੇਂ ਪਤੀ ਪਤਨੀ, ਪਤਨੀ ਦੇ ਸਹੁਰਿਆਂ ਵੱਲੋਂ ਘੱਲੇ ਹੋਏ ਕਪੜੇ ਪਹਿਨ ਕੇ ਵਡਾਰੂਆਂ ਜਾਂ ਜਠੇਰਿਆਂ ਦੀ ਪੂਜਾ ਕਰਦੇ ਹਨ। ਫ਼ਾਜ਼ਲਕਾ ਦੇ ਹਿੰਦੂ ਅਰੋੜੇ ਇਸ ਰਸਮ ਨੂੰ 'ਅੱਖ ਸਲਾਈ' ਕਹਿੰਦੇ ਹਨ। ਉੱਥੇ ਇਹ ਰਸਮ ਤੀਜੇ ਮਹੀਨੇ ਮਨਾਈ ਜਾਂਦੀ ਹੈ। ਇਸ ਵੇਲੇ ਗਰਭਵਤੀ ਇਸਤਰੀ ਦੇ ਸੁਰਮਾ ਪਾਇਆ ਜਾਂਦਾ ਹੈ। ਇਸ ਤੋਂ ਪਿੱਛੋਂ ਉਹ ਬੱਚੇ ਦੇ ਜਨਮ ਤਕ ਸੁਰਮਾ ਪਾਉਣਾ ਬੰਦ ਕਰ ਦਿੰਦੀ ਹੈ।

ਜੀਂਦ ਵਿਚ ਇਹ ਰਸਮ ਤੀਜੇ ਮਹੀਨੇ ਦੇ ਅੰਤ ਵਿਚ ਮਨਾਈ ਜਾਂਦੀ ਹੈ। ਇਸ ਨੂੰ 'ਮਿੱਠਾ ਬੋਹੀਆ' ਕਹਿੰਦੇ ਹਨ, ਕਿਉਂਕਿ ਇਸ ਵੇਲੇ ਉਸ ਦੀ ਮਾਂ ਉਸ ਨੂੰ ਮਿੱਠਾ ਬੋਹੀਆ ਅਤੇ ਚਾਉਲ ਘੱਲਦੀ ਹੈ। ਕੁੜੀ ਦੇ ਪਹਿਨਣ ਵਾਸਤੇ ਡੇਢ ਸੂਟ ਤੇ ਉਸ ਦੇ ਨਾਲ ਪੰਜ ਰੁਪਏ ਵੀ ਭੇਜੇ ਜਾਂਦੇ ਹਨ। ਪੰਜਵੇਂ ਮਹੀਨੇ ਇਸ ਰੀਤ ਨੂੰ ਦੁਹਰਾਉਂਦੇ ਹਨ। ਇਸ ਸਮੇਂ ਸੂਟਾਂ ਦੀ ਗਿਣਤੀ ਢਾਈ, ਮਠਿਆਈ ਸਵਾ ਮਣ ਅਤੇ ਰੁਪਏ ਸੱਤ ਹੋ ਜਾਂਦੇ ਹਨ। ਇਸ ਰਸਮ ਨੂੰ 'ਛੋਟੀਆਂ ਰੀਤਾਂ' ਜਾਂ 'ਰੀਤ' ਵੀ ਕਹਿੰਦੇ ਹਨ ਅਤੇ ਅੰਮ੍ਰਿਤਸਰ ਤੇ ਗੁਜਰਾਂਵਾਲੇ ਵਿਚ 'ਅਧ ਗਭ'। ਪਠਾਣਕੋਟ ਵਿਚ ਇਸੇ ਕਿਸਮ ਦੀ ਰਸਮ ਨੂੰ 'ਠਾਕਣੀ' ਕਹਿੰਦੇ ਹਨ।

ਕਈ ਪੰਜਵੇਂ ਮਹੀਨੇ ਦੀਆਂ ਰੀਤਾਂ ਨੂੰ 'ਕੱਚੀਆਂ' ਮੰਨਦੇ ਹਨ ਅਤੇ ਸੱਤਵੇਂ ਮਹੀਨੇ ਭਾਈਚਾਰਾ ਇਕੱਠਾ ਕਰ ਕੇ ਕਈ ਵਾਰੀ ਵਿਆਹ ਵਰਗਾ ਕਾਰਜ ਰਚਾ ਕੇ, ਇਨ੍ਹਾਂ ਨੂੰ 'ਪੱਕੀਆਂ' ਕਰ ਲੈਂਦੇ ਹਨ। ਉਹ ਪਤੀ ਪਤਨੀ ਦੇ ਮਾਈਏਂ ਲਿਆਉਂਦੇ ਹਨ ਅਤੇ ਘੋੜੀਆਂ ਸੁਹਾਗ ਵੀ ਗਾਉਂਦੇ ਹਨ। ਹੁਸ਼ਿਆਰਪੁਰ ਦੇ ਤਰਖਾਣ ਲੁਹਾਰ 'ਕੱਚੀਆਂ ਰੀਤਾਂ' ਕਰਦੇ ਹੀ ਨਹੀਂ ਅਤੇ ਸੱਤਵੇਂ ਮਹੀਨੇ ਦੀਆਂ ਇਨ੍ਹਾਂ 'ਪਕੀਆਂ ਰੀਤਾਂ' ਨਾਲ ਹੀ ਕੰਮ ਚਲਾ ਲੈਂਦੇ ਹਨ। ਪੱਛਮੀ ਪੰਜਾਬ ਵਿਚ ਸੱਤਵੇਂ ਮਹੀਨੇ ਦੀਆਂ ਇਨ੍ਹਾਂ ਰੀਤਾਂ ਨੂੰ 'ਦੇਵਾ ਧੰਮੀ' ਕਹਿਦੇ ਹਨ ਅਤੇ ਹਿਸਾਰ ਦੇ ਜਾਟ 'ਕਾਂਜੀ' ਕਹਿੰਦੇ ਹਨ। ਗੁਰਦਾਸਪੁਰ ਵਿਚ ਇਸ ਸਮੇਂ ਪਤਨੀ ਦੇ ਗਲ ਵਾਸਤੇ ਉਸ ਦੇ ਮਾਪੇ ਇਕ ਜ਼ੰਜੀਰੀ ਵੀ ਭੇਜਦੇ ਹਨ ਜਿਹੜੀ ਬੱਚੇ ਦੇ ਜਨਮ ਤੋਂ ਪਿੱਛੋਂ ਬੱਚੇ ਦੇ ਗਲ ਵਿਚ ਪਾ ਦਿੱਤੀ ਜਾਂਦੀ ਹੈ।

ਇਸ ਦੇ ਨਾਲ ਹੀ ਅਨੇਕਾਂ ਭਰਮ ਅਤੇ ਪਰਹੇਜ਼ ਵੀ ਮੰਨੇ ਜਾਂਦੇ ਹਨ। ਗ੍ਰਹਿਣ ਵਿਚ ਗਰਭਵਤੀ ਦਾ ਹਿਲਣਾ-ਜੁਲਣਾ ਮਨ੍ਹਾ ਹੁੰਦਾ ਹੈ ਵਰਨਾ ਕੁੱਖ ਵਿਚਲੇ ਬੱਚੇ ਉੱਤੇ ਬੁਰਾ ਅਸਰ ਪੈਂਦਾ ਮੰਨਿਆ ਜਾਂਦਾ ਹੈ। ਕੇਂਦਰੀ ਪੰਜਾਬ ਦੇ ਵਸਨੀਕ ਉਸ ਦੇ ਪੈਰਾਂ ਵਿਚ ਅੱਟੀ ਪੁਆ ਕੇ ਉਸ ਨੂੰ ਲਿਟਾ ਦਿੰਦੇ ਹਨ, ਤਾਂਜੋ ਉਹ ਬਹੁਤਾ ਤੁਰਨ ਫਿਰਨ ਦਾ ਕੰਮ ਨਾ ਕਰੇ। ਇਨ੍ਹਾਂ ਦਿਨਾਂ ਵਿਚ ਉਹ ਬਹੁਤਾ ਤੁਰਨ-ਫਿਰਨ ਦਾ ਕੰਮ ਨਾ ਕਰੇ। ਇਨ੍ਹਾਂ ਦਿਨਾਂ ਵਿਚ ਉਹ ਕਿਸੇ ਦੀਆਂ ਜੂਆਂ ਨਹੀਂ ਵੇਖਦੀ; ਮੁਰਦੇ ਜਾਂ ਛਿਲੇ ਵਾਲੀ ਜ਼ਨਾਨੀ ਦੇ ਕੋਲ ਨਹੀਂ ਜਾਂਦੀ; ਚੰਗੀ ਮੰਦੀ ਚੀਜ਼ ਨਹੀਂ ਖਾਂਦੀ; ਉਤਰਾਈ ਨਹੀਂ ਉਤਰਦੀ, ਚੜ੍ਹਾਈ ਨਹੀਂ ਚੜ੍ਹਦੀ, ਨਹੁੰਆਂ ਨਾਲ ਜ਼ਮੀਨ ਨਹੀਂ ਖੁਰਚਦੀ। ਅੱਗੇ, ਗਰਭਵਤੀ ਇਸਤਰੀ ਲਈ ਰੁੱਖਾਂ ਜਾਂ ਪਾਣੀ ਵਾਲੇ ਸਥਾਨਾਂ ਤੇ ਜਾਣਾ ਵਿਵਰਜਿਤ ਸੀ। ਚੰਬੇ ਦੀ ਰਿਆਸਤ ਵਿਚ ਤਾਂ

ਅੱਜ ਤਕ ਵੀ ਵਿਵਰਜਿਤ ਹੈ। ਇਕ ਵਿਸ਼ਵਾਸ਼ ਇਹ ਵੀ ਹੈ ਕਿ ਗਰਭਵਤੀ ਇਸਤਰੀ ਦਾ ਪਰਛਾਵਾਂ ਸੱਪ ਦੀ ਟੋਰ ਮੱਠੀ ਕਰ ਦਿੰਦਾ ਹੈ — ਇਸ ਵਿਚ ਬੜੀ ਸ਼ਕਤੀ ਹੁੰਦੀ ਹੈ।

ਕਈ ਵਾਰੀ ਕੁੜੀਆਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਆਪਣੀਆਂ ਦੁੱਧੀਆਂ ਵਿੱਚੋਂ ਦੁੱਧ ਚੋ ਕੇ ਵੇਖਦੀਆਂ ਹਨ। ਜੇ ਧਾਰ ਪਤਲੀ ਹੋਵੇ ਤਾਂ ਮੁੰਡਾ ਤੇ ਜੇ ਮੋਟੀ ਹੋਵੇ ਤਾਂ ਕੁੜੀ ਮੰਨੀ ਜਾਂਦੀ ਹੈ। ਫੇਰ ਦੁੱਧ ਨੂੰ ਜਲਾ ਕੇ ਵੇਖਦੀਆਂ ਹਨ, ਜੇ ਜਲ ਜਾਵੇ ਤਾਂ ਮੁੰਡਾ ਨਹੀਂ ਤੇ ਕੁੜੀ। ਇਹ ਭਰਮ ਵਧੇਰੇ ਕਰਕੇ ਹਿਸਾਰ ਵਿਚ ਪਰਚਲਤ ਹੈ। ਇਕ ਲੋਕ-ਭਰਮ ਇਹ ਪਰਚਲਤ ਹੈ ਕਿ ਜੇ ਗਰਭਵਤੀ ਸੁੱਚੇ ਮੋਤੀ ਖਾ ਲਵੇ ਤਾਂ ਉਹ ਮੁੰਡੇ ਨੂੰ ਜਨਮ ਦਿੰਦੀ ਹੈ। (ਪਟਿਆਲਾ)।

ਆਮ ਤੌਰ ਤੇ ਪੰਜਾਬ ਵਿਚ ਜੇਠੇ ਹਮਲ ਸਮੇਂ ਕੁੜੀ ਨੂੰ ਉਸ ਦੇ ਪੇਕੀਂ ਭੇਜ ਦਿੰਦੇ ਹਨ। ਪੇਕੀਂ ਭੇਜਣ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਉਸ ਦੀ ਮਾਂ ਉਸ ਦੀਆਂ ਸਰੀਰਕ ਲੋੜਾਂ ਤੋਂ ਸਹੁਰੇ ਘਰ ਨਾਲੋਂ ਵਧੇਰੇ ਜਾਣੂ ਹੁੰਦੀ ਹੈ। ਤੁਰਨ ਵੇਲੇ ਉਸ ਦੀ ਸੱਸ ਉਸ ਨੂੰ ਇਕ ਖੰਮਣੀ, ਲੱਡੂਆਂ ਦਾ ਜੋੜਾ ਤੇ ਖੋਪੇ ਦਾ ਗੁੱਟ ਦਿੰਦੀ ਹੈ ਜਿਸ ਨੂੰ ਵੇਖਦਿਆਂ ਹੀ ਉਸ ਦੀ ਮਾਂ ਨੂੰ ਉਸ ਦੇ ਗਰਭਵਤੀ ਹੋਣ ਦਾ ਪਤਾ ਲੱਗ ਜਾਂਦਾ ਹੈ।

ਪੁਰਾਤਨ ਪੰਜਾਬ ਵਿਚ ਜਣੇਪੇ ਵਾਸਤੇ ਚੰਗੇ ਕਾਰੀਗਰਾਂ ਦੇ ਬਣਾਏ ਹੋਏ ਸਥਾਨ ਨੀਅਤ ਕੀਤੇ ਜਾਂਦੇ ਸਨ ਅਤੇ ਇਸ ਮਨੋਰਥ ਵਾਸਤੇ ਕੇਵਲ ਉਹੀ ਮਕਾਨ ਚੰਗੇ ਸਮਝੇ ਜਾਂਦੇ ਸਨ ਜਿਨ੍ਹਾਂ ਦਾ ਦਰਵਾਜ਼ਾ ਉੱਤਰ ਜਾਂ ਪੂਰਬ ਨੂੰ ਖੁਲ੍ਹਦਾ ਹੋਵੇ। ਅਜ ਦੇ ਪੰਜਾਬ ਵਿਚ, ਹੁਸ਼ਿਆਰਪੁਰ ਤੋਂ ਛੁੱਟ, ਜਿੱਥੋਂ ਤਕ ਹੋ ਸਕੇ ਜਣੇਪਾ ਧਰਤੀ ਉੱਤੇ ਹੀ ਕਰਾਇਆ ਜਾਂਦਾ ਹੈ।

ਜਣੇਪੇ ਵਾਲੇ ਕਮਰੇ ਵਿਚ ਕਿਸੇ ਪਰਛਾਵੇਂ ਵਾਲੀ ਇਸਤਰੀ ਜਾਂ ਬਿੱਲੀ ਕੁੱਤੇ ਨੂੰ ਨਹੀਂ ਆਉਣ ਦਿੰਦੇ, ਇੱਥੋਂ ਤਕ ਕਿ ਬਿੱਲੀ ਦਾ ਨਾਂ ਵੀ ਛਿਲੇ ਵਾਲੀ ਜ਼ਨਾਨੀ ਨੂੰ ਨਹੀਂ ਸੁਣਨ ਦਿੰਦੇ। ਇਨ੍ਹਾਂ ਤੋਂ ਬਚਣ ਲਈ ਹੀ ਕੋਠੇ ਦੀ ਛੱਤ ਉੱਤੇ ਅੱਕ, ਢੱਕ, ਝਿੰਗਾਂ ਰੱਖ ਛੱਡਦੇ ਹਨ, ਜਾਂ ਕਾਲੀ ਹਾਂਡੀ ਮੂਧੀ ਮਾਰ ਦਿੰਦੇ ਹਨ ਤਾਂਜੋ ਕੋਈ ਪਰਛਾਵੇਂ ਵਾਲੀ ਜ਼ਨਾਨੀ ਜਾਂ ਬਿੱਲੀ ਕੁੱਤਾ ਲੰਘ ਨਾ ਸਕੇ ਤੇ ਜੇ ਲੰਘੇ ਵੀ ਤਾਂ ਉਸ ਦਾ ਅਸਰ ਨਾ ਹੋਵੇ। ਦਾਈ ਆਉਂਦੇ ਸਾਰ ਹੀ ਕਮਰੇ ਦੇ ਦਰਵਾਜ਼ੇ ਨਾਲ ਅੰਬ ਜਾਂ ਸਰੀਂਹ ਦੇ ਪੱਤੇ ਬੰਨ੍ਹ ਦਿੰਦੀ ਹੈ। ਇਨ੍ਹਾਂ ਵਿਚ ਲੋਹੇ ਦਾ ਕੜਾ ਵੀ ਪਰੋਇਆ ਹੁੰਦਾ ਹੈ। ਛਿਲੇ ਵਾਲੇ ਕਮਰੇ ਵਿਚ ਦਾਈ ਪਾਣੀ ਦਾ ਕੁੱਜਾ, ਧੁਖਦੀ ਪਾਥੀ ਵਾਲਾ ਠੀਕਰਾ, ਸਰ੍ਹੋਂ, ਚਾਉਲ ਜਾਂ ਹੋਰ ਕੋਈ ਅਨਾਜ ਰਖਵਾ ਦਿੰਦੀ ਹੈ। ਜੇ ਸਰੀਂਹ ਦੇ ਸਿਹਰੇ ਵਿਚ ਲੋਹੇ ਦਾ ਕੜਾ ਨਾ ਹੋਵੇ ਤਾਂ ਕਮਰੇ ਵਿਚ ਪਈ ਮੰਜੀ ਦੀ ਪੈਂਦ ਨੂੰ ਜੰਦਰਾ ਮਰਵਾ ਦਿੰਦੇ ਹਨ। ਕਮਰੇ ਵਿਚ ਝਾੜੂ ਸਾਰਖਾ ਨਹੀਂ ਫੇਰਦੇ, ਕਿਤੇ ਭਾਗ ਨਾ ਹੂੰਝੇ ਜਾਣ।

ਜੇ ਬੱਚਾ ਹੋਣ ਵਿਚ ਦੇਰ ਲਗ ਰਹੀ ਹੋਵੇ ਤਾਂ ਕੋਈ ਰੋਕ ਮੰਨੀ ਜਾਂਦੀ ਹੈ। ਘਰ ਦੇ ਸਾਰੇ ਜੰਦਰੇ ਖੁਲ੍ਹਵਾ ਦਿੰਦੇ ਹਨ, ਛਿਲੇ ਵਾਲੀ ਜ਼ਨਾਨੀ ਦੀ ਪਰਾਂਦੀ ਦੀ ਗੱਠ ਖੋਲ੍ਹ ਦਿੰਦੇ ਹਨ, ਉਸ ਦੇ ਨਾਲੇ ਦੀ ਗੱਠ ਵੀ ਖੁਲ੍ਹਵਾ ਦਿੰਦੇ ਹਨ – ਇਹ ਸਾਰੇ ਅਮਲ ਬੱਚੇ ਨੂੰ ਬੱਚੇਦਾਨੀ ਵਿੱਚੋਂ ਤੋਰਨ ਦੇ ਚਿੰਨ੍ਹ ਮੰਨੇ ਜਾਂਦੇ ਹਨ। ਕਈ ਇਲਾਕਿਆਂ ਵਿਚ ਮਾਂਹ ਤੇ ਲੂਣ ਉਸ ਦੇ ਸਿਰ ਤੋਂ ਵਾਰ ਕੇ ਪੁੰਨ ਦਾਨ ਵਜੋਂ ਦਾਈ ਨੂੰ ਦੇ ਦਿੰਦੇ ਹਨ। ਅੰਬਾਲੇ ਦੇ ਜ਼ਿਲੇ ਵਿਚ ਇਕ ਹੋਰ ਰਿਵਾਜ ਵੀ ਹੈ। ਪਿਪਲੀ ਦੇ ਪਾਸ ਇਕ ਚਿਕਾਬੂ ਦਾ ਕਿਲਾ ਹੈ। ਇਸ ਕਿਲੇ ਦੀਆਂ ਇੱਟਾਂ ਘੋਲ ਕੇ ਜਣਨੀ ਨੂੰ ਪਿਲਾ ਦਿੱਤੀਆਂ ਜਾਂਦੀਆਂ ਹਨ। ਕਹਿੰਦੇ ਹਨ ਇਸ ਪਾਣੀ ਨਾਲ ਜਣੇਪਾ ਸੌਖਾ ਹੋ ਜਾਂਦਾ ਹੈ। ਲੋਕਾਂ ਦੇ ਘਰਾਂ ਦੀਆਂ ਕੰਧਾਂ ਉੱਤੇ ਇਸ ਕਿਲੇ ਦਾ ਨਕਸ਼ਾ ਬਣਿਆ ਹੋਇਆ ਹੁੰਦਾ ਹੈ। ਜੇ ਇੱਟਾਂ ਨਾ ਮਿਲਣ ਤਾਂ ਇਸ ਨਕਸ਼ੇ ਉੱਤੋਂ ਵਾਰ ਕੇ ਪੀਤਾ ਪਾਣੀ ਵੀ ਓਨਾ ਹੀ ਅਸਰਦਾਇਕ ਮੰਨਿਆ ਜਾਂਦਾ ਹੈ।

ਜਣੇਪੇ ਤੋਂ ਪਿੱਛੋਂ ਬੱਚੇ ਤੇ ਜ਼ੱਚਾ ਨੂੰ ਧੂਪ ਦਿੱਤੀ ਜਾਂਦੀ ਹੈ ਜਾਂ ਦੀਵਾ ਬਾਲ ਕੇ ਰੱਖਿਆ ਜਾਂਦਾ ਹੈ ਜਿਹੜਾ ਦਸ ਦਿਨ ਲਗਾਤਾਰ ਜਗਦਾ ਰਹਿੰਦਾ ਹੈ। ਕੇਂਦਰੀ ਪੰਜਾਬ ਵਿਚ ਬੱਚੇ ਦੀ ਮਾਂ ਕੋਲੋਂ ਜੇਠੇ ਬੱਚੇ ਦੇ ਜਨਮ ਤੇ ਕੋਠੇ ਦੀਆਂ ਕੁਝ ਕੜੀਆਂ ਗਿਣਵਾਈਆਂ ਜਾਂਦੀਆਂ ਹਨ। ਕਹਿੰਦੇ ਹਨ ਉਹ ਜਿੰਨੀਆਂ ਕੜੀਆਂ ਗਿਣੇਗੀ ਉੱਨੇ ਹੀ ਉਸ ਦੇ ਹੋਰ ਬੱਚੇ ਹੋਣਗੇ।

ਪੰਜਾਬ ਦੇ ਮੁਸਲਮਾਨ ਜਨਮ ਵਾਲੀ ਸਾਰੀ ਰਾਤ ਰਾਤ-ਜਗਾ ਕੱਟਦੇ ਸਨ ਅਤੇ ਬਰਾਦਰੀ ਦੀਆਂ ਔਰਤਾਂ ਗੀਤ ਗਾਉਂਦੀਆਂ ਸਨ। ਲੁਹਾਰੂ ਵਿਚ ਇਹ ਵੀ ਰਿਵਾਜ ਹੈ ਕਿ ਛਿਲੇ ਵਾਲੇ ਕਮਰੇ ਵਿਚ ਕਲਮ ਦਵਾਤ ਤੇ ਕਾਗ਼ਜ਼ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਵਿਸ਼ਵਾਸ਼ ਅਨੁਸਾਰ ਉਸ ਰਾਤ ਵਿਧਮਾਤਾ ਪੈਰ ਪਾਉਂਦੀ ਹੈ। ਉਸ ਨੂੰ ਸੁਝਾਉ ਦਿੱਤਾ ਜਾਂਦਾ ਹੈ ਕਿ ਉਹ ਬੱਚੇ ਦੀ ਕਿਸਮਤ ਚੰਗੀ ਲਿਖ ਜਾਵੇ।

ਜੇ ਮੁੰਡਾ ਜੰਮੇ ਤਾਂ ਖਾਂਦੇ ਪੀਂਦੇ ਘਰਾਣੇ ਬੰਦੂਕ ਦਾ ਫ਼ਾਇਰ ਕਰਵਾ ਦਿੰਦੇ ਹਨ, ਥਾਲੀ ਵਜਵਾ ਦੇਣ ਦੀ ਰੀਤ ਤਾਂ ਆਮ ਹੀ ਹੈ। ਹਰਿਆਣੇ ਦੇ ਰਾਜਪੂਤ ਇਕ ਹੋਰ ਰਸਮ ਕਰਦੇ ਹਨ। ਨਵ-ਜੰਮੇ ਬੱਚੇ ਦਾ ਚਾਚਾ ਉਸ ਦੀ ਮਾਂ ਦੀ ਪਿੱਠ ਉੱਤੇ ਪੈਰ ਰੱਖ ਕੇ ਲੋਹੇ ਦੀ ਚੁੰਝ ਵਾਲਾ ਇਕ ਤੀਰ ਕੋਠੇ ਦੀ ਛੱਤ ਉੱਤੇ ਮਾਰਦਾ ਹੈ ਜਿਹੜਾ ਉੱਥੇ ਹੀ ਟੰਗਿਆ ਰਹਿੰਦਾ ਹੈ। ਇਹ ਮੁੰਡੇ ਜੰਮਣ ਦਾ ਸੂਚਕ ਹੁੰਦਾ ਹੈ ਅਤੇ ਇਸ ਨੂੰ ਕਦੀ ਨਹੀਂ ਹਿਲਾਉਂਦੇ ਜਦ ਤਕ ਇਹ ਆਪ ਧਰਤੀ ਤੇ ਨਹੀਂ ਡਿਗ ਪੈਂਦਾ। ਕੁੜੀ ਜੰਮੇ ਤਾਂ ਕਿਸੇ ਕਿਸਮ ਦੀ ਖ਼ੁਸ਼ੀ ਨਹੀਂ ਮਨਾਈ ਜਾਂਦੀ। ਹਰਿਆਣੇ ਵਿਚ ਤਾਂ ਕੁੜੀ ਦੇ ਜੰਮਣ ਤੇ ਠੀਕਰਾ ਫੋੜਦੇ ਹਨ:

ਜਬ ਹੋਇਆ ਸ਼ੇਰ ਸਿੰਘ ਤੋ ਬਜੀ ਥਾਲੀ
ਜਬ ਹੂਈ ਧਾਪਾਂ ਤੋ ਫੁੱਟਿਆ ਠੀਕਰਾ।

ਮੁੰਡਾ ਹੋਵੇ ਤਾਂ ਥਾਲੀ ਆਦਿ ਦੀ ਆਵਾਜ਼ ਸੁਣ ਕੇ ਪਿੰਡ ਦੇ ਲਾਗੀ ਅਤੇ ਭਾਈਚਾਰੇ ਦੇ ਬੰਦੇ ਵਧਾਈਆਂ ਲੈ ਕੇ ਆ ਜਾਂਦੇ ਹਨ। ਹਰਾ ਘਾਹ ਜਾਂ ਖੱਬਲ (ਜਿਸ ਨੂੰ ਦੁੱਬ ਕਹਿੰਦੇ ਹਨ) ਹਰ ਖ਼ੁਸ਼ੀ ਦੇ ਮੌਕੇ ਉੱਤੇ ਵਧਾਈ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਸਭ ਤੋਂ ਪਹਿਲਾਂ ਚੂੜ੍ਹੇ ਦੀ ਵਧਾਈ (ਦੁੱਬ ਦੇ ਰੂਪ ਵਿਚ) ਪਰਵਾਨ ਕੀਤੀ ਜਾਂਦੀ ਹੈ, ਉਸ ਤੋਂ ਪਿੱਛੋਂ ਨਾਈ, ਝੀਊਰ ਅਤੇ ਭਾਈਚਾਰੇ ਦੇ ਬਾਕੀ ਮੈਂਬਰਾਂ ਦੀ। ਚੂੜ੍ਹੇ ਨੂੰ ਇਹ ਮਾਣ ਇਸ ਲਈ ਦਿੱਤਾ ਜਾਂਦਾ ਹੈ ਕਿਉਂਕਿ ਜਨਮ ਨਾਲ ਸੰਬੰਧਤ ਵਿਹਾਰਾਂ ਵਿਚ ਉਸ ਦੀ ਚੂੜ੍ਹੀ (ਦਾਈ) ਹੀ ਪਰਧਾਨ ਹੁੰਦੀ ਹੈ। ਵਿਆਹ ਨਾਲ ਸੰਬੰਧਤ ਰਸਮਾਂ ਵਿਚ ਇਹ ਮਾਣ ਨਾਈ ਨੂੰ ਮਿਲਦਾ ਹੈ ਅਤੇ ਮਰਨ ਸਮੇਂ ਭਾਈਆਂ (ਭਾਈਚਾਰੇ) ਨੂੰ। ਦਾਈ, ਨਾਈ ਅਤੇ ਭਾਈ ਦੇ ਤਿੰਨ ਅਸ਼ਨਾਨ ਜ਼ਿੰਦਗੀ ਦੇ ਮਹਾਨ ਇਸ਼ਨਾਨ ਮੰਨੇ ਜਾਂਦੇ ਹਨ। ਦਾਈ ਜਨਮ ਵੇਲੇ ਨੁਹਾਉਂਦੀ ਹੈ, ਨਾਈ ਵਿਆਹ ਸਮੇਂ ਅਤੇ ਭਾਈ ਮਰਨ ਤੋਂ ਪਿੱਛੋਂ।

ਵਧਾਈਆਂ ਲੈ ਕੇ ਲਾਗੀਆਂ ਨੂੰ ਸ਼ਰਧਾ ਅਨੁਸਾਰ ਲਾਗ ਅਤੇ ਭਾਈਚਾਰੇ ਵਿਚ ਗੁੜ, ਮਿਸਰੀ ਜਾਂ ਪਤਾਸੇ ਵੰਡੇ ਜਾਂਦੇ ਹਨ। ਕਾਂਗੜੇ ਦੇ ਰਾਜਪੂਤੀ ਘਰ ਵਿਚ ਮੁੰਡਾ ਜੰਮੇ ਤਾਂ ਕੁਲ ਦੇ ਦਿਉਤੇ ਦੀ ਪੂਜਾ ਕਰ ਕੇ ਬੱਕਰੇ ਦੀ ਛੋਡ ਕਰਦੇ ਹਨ। ਕੇਂਦਰੀ ਪੰਜਾਬ ਦੇ ਜੱਟ ਝਟਕੇ ਤੇ ਸ਼ਰਾਬ ਦੀ ਦਾਵਤ ਕਰਦੇ ਹਨ। ਭਾਈਚਾਰੇ ਦੀਆਂ ਕੁੜੀਆਂ ਚਿੜੀਆਂ ਮੁਟਿਆਰਾਂ ਰਾਤ ਨੂੰ ਗੀਤ ਗਾਉਂਦੀਆਂ ਹਨ ਤੇ ਪਤਾਸੇ ਖਾਂਦੀਆਂ ਹਨ। ਹਰਿਆਣੇ ਵਿਚ ਜਾਟਨੀਆਂ 'ਕੂਆ ਪੁਜਾਈ' ਦੀ ਰਸਮ ਦਾ ਗੀਤ ਗਾਉਂਦੀਆਂ ਰਹਿੰਦੀਆਂ ਹਨ।

ਜਨਮ ਤੋਂ ਪਿੱਛੋਂ ਜਣੇਪੇ ਦੀ ਔਲ ਨੂੰ ਕਮਰੇ ਵਿਚ ਹੀ ਕਿਸੇ ਖਲ-ਖੂੰਜੇ ਜਾਂ ਕੰਧ ਲਾਗੇ ਕੁਝ ਦਾਣੇ, ਲੂਣ ਤੇ ਪੈਸਾ ਸੁੱਟ ਕੇ ਦਬਾ ਦਿੰਦੇ ਹਨ। ਔਲ ਨਾਲ ਬੱਚੇ ਦੇ ਉਛਲਣ ਜਾਂ ਉਕਾਰੀ ਕਰਨ ਦਾ ਬਹੁਤ ਗੂੜ੍ਹਾ ਸੰਬੰਧ ਮੰਨਿਆ ਜਾਂਦਾ ਹੈ। ਜੇ ਕਦੀ ਬੱਚੇ ਨੂੰ ਅਜੇਹੀ ਸ਼ਿਕਾਇਤ ਹੋਵੇ ਤਾਂ ਇਸ ਨੂੰ ਥਾਪੜ ਦਿੰਦੇ ਹਨ ਜਾਂ ਇਸ ਸਥਾਨ ਦੇ ਉੱਪਰ ਥਾਲੀ ਵਜਾ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਇਸ ਨਾਲ ਬੱਚਾ ਠੀਕ ਹੋ ਜਾਂਦਾ ਹੈ।

ਨਵ-ਜੰਮੇ ਗੀਗੇ ਦਾ 'ਨਾੜੂਆ ਸੰਘਰਨਾ' ਵੀ ਇਕ ਰੀਤ ਹੈ। ਤਿੰਨ ਚਾਰ ਇੰਚ ਰੱਖ ਕੇ ਬਾਕੀ ਦਾ ਨਾੜੂ ਕਿਸੇ ਤਿੱਖੇ ਚਾਕੂ ਨਾਲ ਕੱਟ ਦਿੱਤਾ ਜਾਂਦਾ ਹੈ। ਪਿੱਛੇ ਰੱਖੇ ਗਏ ਨਾੜੂ ਨਾਲ ਮੁੰਡਾ ਹੋਵੇ ਤਾਂ ਕਿਸੇ ਸਿਆਣੇ ਜਨੇਊ ਨਾਲੋਂ ਧਾਗਾ ਲਾਹ ਕੇ ਬੰਨ੍ਹ ਦਿੰਦੇ ਹਨ ਅਤੇ ਕੁੜੀ ਹੋਵੇ ਤਾਂ ਕਿਸੇ ਚੰਗੇ ਚਰਖੇ ਦੀ ਮਾਲ੍ਹ। ਜਦ ਨਾੜੂ ਸੁੱਕ ਜਾਂਦਾ ਹੈ ਤਾਂ ਇਸ ਨੂੰ ਨਾਲ ਬੰਨ੍ਹੇ ਧਾਗੇ ਸਮੇਤ ਕਿਸੇ ਪਿੱਪਲ ਜਾਂ ਬੇਰੀ ਦੇ ਰੁੱਖ ਉੱਪਰ ਸੁੱਟ ਦਿੰਦੇ ਹਨ।

ਇਸੇ ਤਰ੍ਹਾਂ ਜਨਮ ਤੋਂ ਪਿੱਛੋਂ ਬੱਚੇ ਨੂੰ ਦਿੱਤੀ 'ਗੁੜ੍ਹਤੀ' ਦਾ ਵੀ ਬੱਚੇ ਦੇ ਸੁਭਾਉ ਉੱਤੇ ਚੋਖਾ ਅਸਰ ਹੁੰਦਾ

ਮੰਨਿਆ ਜਾਂਦਾ ਹੈ। ਕਈ ਵਾਰੀ ਗਰਭਵਤੀਆਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਬੰਦੇ ਨੂੰ ਮਨ ਵਿਚ ਧਾਰ ਲੈਂਦੀਆਂ ਹਨ ਜਿਸ ਤੋਂ ਉਨ੍ਹਾਂ ਗੁੜ੍ਹਤੀ ਦਿਵਾਉਣੀ ਹੁੰਦੀ ਹੈ। ਉਹ ਆਪਣੇ ਬੱਚੇ ਨੂੰ ਉਸੇ ਵਰਗਾ ਬਣਦਾ ਵੇਖਣ ਦੀਆਂ ਚਾਹਵਾਨ ਹੁੰਦੀਆਂ ਹਨ। ਗੁੜ੍ਹਤੀ ਮਿਸਰੀ ਦੀ ਡਲੀ ਜਾਂ ਕਿਸੇ ਭੇਡ ਬੱਕਰੀ ਦੇ ਦੁੱਧ ਦੀ ਦਿੱਤੀ ਜਾਂਦੀ ਹੈ। ਗੁੜ੍ਹਤੀ ਦੇਣ ਦੇ ਸਮੇਂ ਤਕ ਮਾਂ ਆਪਣੇ ਬੱਚੇ ਨੂੰ ਦੁੱਧ ਨਹੀਂ ਚੁੰਘਾਉਂਦੀ। ਇਹ ਸਮਾਂ ਆਮ ਤੌਰ ਤੇ ਜਨਮ ਤੋਂ ਪਿੱਛੋਂ ਛੱਤੀ ਘੰਟੇ ਦਾ ਹੁੰਦਾ ਹੈ। ਪੰਜਾਬ ਦੇ ਮੁਸਲਮਾਨ ਮਿਸਰੀ ਦੀ ਥਾਂ ਫੰਭੇ ਨਾਲ ਭੇਡ ਦਾ ਦੁੱਧ ਦਿੰਦੇ ਸਨ ਤੇ ਜ਼ਿਮੀਂਦਾਰ ਦੀਵੇ ਦੀ ਬੱਤੀ ਨਾਲ ਬੱਕਰੀ ਦਾ ਦੁੱਧ। ਦੁੱਧ ਕਿਸ ਚੀਜ਼ ਨਾਲ ਚੁੰਘਾਇਆ ਜਾਂਦਾ ਹੈ ਇਸ ਦਾ ਵੀ ਬੱਚੇ ਦੇ ਸੁਭਾਉ ਤੇ ਅਸਰ ਮੰਨਿਆ ਜਾਂਦਾ ਹੈ। ਹੁਸ਼ਿਆਰਪੁਰ ਦੇ ਇਕ ਦਲੇਰ ਮੁੰਡੇ ਦੇ ਪਿਉ ਨੇ ਸਾਨੂੰ ਦੱਸਿਆ ਕਿ ਉਸ ਨੇ ਗੁੜ੍ਹਤੀ ਦਾ ਦੁੱਧ ਸ਼ੇਰ ਦੀ ਮੁੱਛ ਦੇ ਵਾਲ ਨਾਲ ਦਿਵਾਇਆ ਸੀ।

ਗੁੜ੍ਹਤੀ ਤੋਂ ਪਿੱਛੋਂ ਬੱਚੇ ਨੂੰ ਦੁੱਧ ਚੁੰਘਾਇਆ ਜਾ ਸਕਦਾ ਹੈ। ਪਰ ਪਹਿਲੀ ਵਾਰ ਦਾ ਦੁੱਧ ਵੀ ਬੱਚੇ ਦੀ ਮਾਂ ਬੜੇ ਸ਼ਗਨਾਂ ਨਾਲ ਚੁੰਘਾਉਂਦੀ ਹੈ। ਬੱਚੇ ਦੀ ਕੁਆਰੀ ਭੂਆ ਕਿਸੇ ਠੂਠੀ ਵਿਚ ਪਾਣੀ, ਹਲਦੀ ਤੇ ਮਿੱਠੇ ਚਾਉਲ ਘੋਲ ਲੈਂਦੀ ਹੈ। ਇਸ ਵਿਚ ਪਾਣੀ ਦੀ ਥਾਂ ਗਊ ਦਾ ਪਿਸ਼ਾਬ ਵੀ ਵਰਤਿਆ ਜਾਂਦਾ ਹੈ। ਭੂਆ ਇਸ ਘੋਲ ਵਿਚ ਹਰੇ ਘਾਹ ਦੀ ਇਕ ਜੂੜੀ ਡੋਬ ਡੋਬ ਕੇ ਮਾਂ ਦੀਆਂ ਛਾਤੀਆਂ ਧੋਂਦੀ ਹੈ। ਗੀਗੇ ਦੀ ਇਸ ਕੁਆਰੀ ਭੂਆ ਨੂੰ ਇਸ ਕਰਮ ਬਦਲੇ, ਗੁੰਜਾਇਸ਼ ਤੇ ਸ਼ਰਧਾ ਅਨੁਸਾਰ, ਚਾਰ ਆਨੇ ਤੋਂ ਲੈ ਕੇ ਪੰਜ਼ੀ ਰੁਪਏ ਤਕ ਨਕਦੀ ਤੇ ਕਈ ਵਾਰੀ ਗਊ ਜਾਂ ਮੱਝ ਦਿੱਤੀ ਜਾਂਦੀ ਹੈ। ਇਸ ਤੋਂ ਪਿੱਛੋਂ ਬੱਚੇ ਨੂੰ ਮਾਂ ਦਾ ਦੁੱਧ ਚੁੰਘਾ ਦਿੱਤਾ ਜਾਂਦਾ ਹੈ।

ਬੱਚੇ ਦੇ ਜਨਮ ਪਿੱਛੋਂ ਉਸ ਦੀ 'ਜਨਮ-ਪੱਤਰੀ' ਬਣਵਾਉਣ ਦਾ ਰਿਵਾਜ ਆਮ ਹੈ। ਇਹ ਪੱਤਰੀ ਕੁੜੀ ਮੁੰਡੇ ਦੀ ਸਗਾਈ ਵੇਲੇ ਵੀ ਮੇਲੀ ਜਾਂਦੀ ਹੈ। ਜੇ ਦੋਹਾਂ ਦੀ ਰਾਸ (ਰਾਸ਼ੀ) ਨਾ ਮਿਲਦੀ ਹੋਵੇ ਤਾਂ ਰਿਸ਼ਤਾ ਨਹੀਂ ਹੋ ਸਕਦਾ। ਹਰਿਆਣੇ ਵਿਚ ਤਾਂ ਮਾਂ ਵਾਸਤੇ 'ਨਹਾਉਣ ਬਾਰ', 'ਸੌੜ (ਅਸ਼ੁੱਧਤਾ) ਨਿਕਾਲਨੇ ਕਾ ਬਾਰ', ਅਤੇ 'ਕੂਆ ਪੁਜਾਈ ਕਾ ਬਾਰ' ਵੀ ਇਸ ਪੱਤਰੀ ਦੁਆਰਾ ਹੀ ਨੀਅਤ ਕੀਤਾ ਜਾਂਦਾ ਹੈ। ਪੱਤਰੀ ਬਣਵਾਉਣ ਵਾਸਤੇ ਘੜੀ ਦਾ ਵਕਤ ਨੋਟ ਕਰ ਲਿਆ ਜਾਂਦਾ ਹੈ ਜ਼ਿੱਥੇ ਘੜੀ ਨਾ ਮਿਲ ਸਕੇ ਉੱਥੇ ਚੰਦ ਜਾਂ ਸੂਰਜ ਦੇ ਪਰਛਾਂਵਿਆਂ ਤੇ ਹੀ ਕੀਲਾ ਗੱਡ ਦਿੰਦੇ ਹਨ ਤਾਂ ਕਿ ਪੰਡਤ ਵਕਤ ਦਾ ਠੀਕ ਅੰਦਾਜ਼ਾ ਲਾ ਸਕਣ। ਇਹ ਵੀ ਨੋਟ ਕੀਤਾ ਜਾਂਦਾ ਹੈ ਕਿ ਉਸ ਸਮੇਂ ਬੱਚੇ ਕੋਲ ਕੌਣ ਕੌਣ ਸਨ ਅਤੇ ਉਨ੍ਹਾਂ ਨੇ ਕਿਹੜੇ ਕਿਹੜੇ ਗਹਿਣੇ ਪਹਿਨੇ ਹੋਏ ਸਨ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਪਡਤ ਕੁੰਡਲੀਆਂ ਆਦਿ ਮੇਲਦਾ ਹੈ। ਜੇ ਉਹ ਦੱਸੇ ਕਿ ਬੱਚੇ ਦਾ ਜਨਮ ਦਾ ਸਮਾਂ ਸ਼ੁਭ ਨਹੀਂ ਸੀ ਤਾਂ ਉਸੇ ਪੰਡਤ ਨੂੰ ਦਾਨ ਵਜੋਂ ਕੁਝ ਦੇ ਕੇ ਇਸ ਸਮੇਂ ਨੂੰ ਸ਼ੁਭ ਕਰ ਲਿਆ ਜਾਂਦਾ ਹੈ। ਪਹਿਲੇ ਵਕਤ ਵਿਚ ਅਸ਼ੁਭ ਗ੍ਰਹਿ ਥੱਲੇ ਪੈਦਾ ਹੋਏ ਬੱਚਿਆਂ ਨੂੰ ਖੂਹ, ਟੋਭੇ, ਜਾਂ ਦਰਿਆ ਵਿਚ ਰੁੜ੍ਹਾ ਦਿੰਦੇ ਸਨ, ਘਰ ਨਹੀਂ ਸਨ ਰੱਖਦੇ। ਇਸ ਦਾ ਜ਼ਿਕਰ ਸਾਡੇ ਕਿੱਸਾ-ਸਾਹਿੱਤ ਵਿਚ ਆਮ ਮਿਲਦਾ ਹੈ।

ਸਾਰੇ ਪੰਜਾਬ ਵਿਚ ਜਣੇਪੇ ਤੋਂ ਪੰਜ ਦਿਨ ਪਿੱਛੋਂ 'ਪੰਜਵਾਂ-ਨਹਾਉਣ' ਦੀ ਰੀਤ ਹੈ। ਪੰਜਵੇਂ ਦਿਨ ਮਾਵਾਂ ਪਾਣੀ ਵਿਚ ਸੇਂਜੀ, ਮੇਥੀ ਜਾਂ ਵਣ ਦੇ ਪੱਤੇ ਉਬਾਲ ਕੇ ਨਹਾਉਂਦੀਆਂ ਹਨ। ਇਹ 'ਪੰਜਵਾਂ ਨੁਹਾਉਣ' ਦਾਈ ਕਰਾਉਂਦੀ ਹੈ ਅਤੇ ਨੁਹਾਉਣ ਤੋਂ ਪਹਿਲਾਂ ਉਹ ਮਾਂ ਦੀਆਂ ਤਲੀਆਂ ਥੱਲੇ ਕੁਝ ਨਕਦੀ ਰਖਾ ਲੈਂਦੀ ਹੈ, ਜਿਹੜੀ ਬਾਦ ਵਿਚ ਉਸੇ ਨੂੰ ਦੇ ਦਿੱਤੀ ਜਾਂਦੀ ਹੈ। ਹਰਿਆਣੇ ਵਿਚ ਇਸ ਰੀਤ ਨੂੰ 'ਨਹਾਉਣ ਬਾਰ' ਕਹਿੰਦੇ ਹਨ।

ਛੇਵਾਂ ਦਿਨ ਬ੍ਰਾਹਮਣੀ ਦਾ ਹੁੰਦਾ ਹੈ। ਉਹ ਚੌਂਕ ਪੂਰ ਕੇ ਮਾਂ ਨੂੰ ਰੋਟੀ ਪਕਾ ਕੇ ਖੁਆਉਂਦੀ ਹੈ। ਸਿੱਖ, ਸਿੰਘਾਂ ਨੂੰ ਰੋਟੀ ਖੁਆ ਦਿੰਦੇ ਹਨ। ਇਸ ਰੀਤ ਨੂੰ ਕੇਂਦਰੀ ਪੰਜਾਬ ਵਿਚ 'ਛਟੀ' ਅਤੇ ਹਰਿਆਣੇ ਵਿਚ 'ਧਮਨ' ਕਹਿੰਦੇ ਹਨ। ਇਸ ਵੇਲੇ ਮਾਂ ਰੱਜ ਕੇ ਖਾਂਦੀ ਹੈ। ਕਹਿੰਦੇ ਹਨ ਕਿ ਉਹ ਜਿੰਨਾ ਨੀਅਤ ਭਰ ਕੇ ਖਾਏਗੀ, ਓਨੀ ਹੀ ਉਸ ਦੇ ਬੱਚੇ ਦੀ ਨੀਅਤ ਭਰੀ ਰਹੇਗੀ। ਜੇ ਕਿਸੇ ਦਾ ਬੱਚਾ ਨੀਅਤ ਦਾ ਚੰਗਾ ਨਾ ਹੋਵੇ ਤਾਂ ਉਸ ਨੂੰ ਆਮ ਤੌਰ ਤੇ 'ਛਟੀ ਦਾ ਭੁੱਖਾ' ਦਸਦੇ ਹਨ।

ਆਮ ਵਿਸ਼ਵਾਸ਼ ਹੈ ਕਿ ਬੱਚੇ ਦੇ ਜਨਮ ਨਾਲ ਘਰ ਅਸ਼ੁੱਧ ਹੋ ਜਾਂਦਾ ਹੈ। ਅਸ਼ੁੱਧਤਾ ਦਾ ਸਮਾਂ ਬ੍ਰਾਹਮਣਾਂ ਵਾਸਤੇ ਦਸ ਦਿਨ, ਖੱਤਰੀਆਂ ਵਾਸਤੇ ਗਿਆਰਾਂ ਦਿਨ ਅਤੇ ਵੈਸ਼ਾਂ ਸ਼ੂਦਰਾਂ ਵਾਸਤੇ ਇਸ ਤੋਂ ਵੀ ਵਧੇਰੇ ਦਿਨ ਮੰਨਿਆ ਜਾਂਦਾ ਹੈ। ਇਸ ਸਮੇਂ ਨੂੰ 'ਸੂਤਕ' ਜਾਂ 'ਛਿਲਾ' ਕਹਿੰਦੇ ਹਨ। ਉਂਞ ਆਮ ਤੌਰ ਤੇ ਇਹ ਸਮਾਂ ਗਿਆਰਾਂ ਜਾਂ ਤੇਰ੍ਹਾਂ ਦਿਨ ਹੀ ਮੰਨਿਆ ਜਾਂਦਾ ਹੈ।

ਸੂਤਕ ਜਾਂ ਛਿਲਾ ਮੁੱਕਣ ਉੱਤੇ ਸਾਰੇ ਘਰ ਦੀ ਸ਼ੁੱਧੀ ਕੀਤੀ ਜਾਂਦੀ ਹੈ। ਹਰਿਆਣੇ ਵਿਚ ਇਹ ਦਸਵੇਂ ਦਿਨ ਹੁੰਦੀ ਹੈ। ਇਸ ਰਸਮ ਨੂੰ 'ਦਸੋਧਨ' ਕਹਿੰਦੇ ਹਨ। ਉਹ ਮਾਂ ਦਾ ਬਿਸਤਰਾ ਤੇ ਕਪੜੇ ਲੁਹਾ ਕੇ ਧਾਣਕੀ (ਦਾਈ) ਨੂੰ ਦੇ ਦਿੰਦੇ ਹਨ। ਸਾਰੇ ਘਰ ਦੀ ਗੋਹੇ ਨਾਲ ਲਿਪਾਈ ਕੀਤੀ ਜਾਂਦੀ ਹੈ। ਪੁਰਾਣੇ ਮਟਕੇ ਸੁੱਟ ਕੇ ਨਵੇਂ ਲਾਉਂਦੇ ਹਨ, ਗਾਗਰਾਂ ਹੋਣ ਤਾਂ ਉਨ੍ਹਾਂ ਦੀ ਮੰਜਾਈ ਕਰਵਾਉਂਦੇ ਹਨ। ਬ੍ਰਾਹਮਣ ਜੰਡ ਜਾਂ ਢੱਕ ਦੀ ਲਕੜੀ ਫੂਕ ਕੇ ਹਵਨ ਕਰਦਾ ਹੈ। ਹਵਨ ਵਿਚ ਪੇਤਾਂ ਨੂੰ ਖ਼ੁਸ਼ ਕਰਨ ਲਈ ਤਿਲ, ਜੌਂ ਤੇ ਚਾਉਲ ਸੁੱਟੇ ਜਾਂਦੇ ਹਨ। ਇਸ ਅਮਲ ਨੂੰ 'ਛਹੁੜ ਕੱਢਣਾ' ਕਹਿੰਦੇ ਹਨ।

ਕੇਂਦਰੀ ਪੰਜਾਬ ਵਿਚ ਸ਼ੁੱਧੀ ਨਾਲੋਂ 'ਬਾਹਰ ਵਧਾਉਣ' ਦੀ ਰਸਮ ਨੂੰ ਵਧੇਰੇ ਮਹੱਤਤਾ ਦਿੱਤੀ ਜਾਂਦੀ ਹੈ। ਇਹ ਰਸਮ ਤੇਰ੍ਹਵੇਂ ਦਿਨ ਕੀਤੀ ਜਾਂਦੀ ਹੈ। ਇਸ ਦਿਹਾੜੇ ਮਾਂ ਨੂੰ ਗਊ-ਪਿਸ਼ਾਬ ਨਾਲ ਸਿਰ ਨੁਹਾ ਕੇ ਤੇ ਪੁਸ਼ਾਕ ਪੁਆ ਕੇ ਤਿਆਰ ਕਰ ਲੈਂਦੇ ਹਨ। ਮੁੰਡਾ ਹੋਵੇ ਤਾਂ ਇਸੇ ਸਮੇਂ ਪਿੰਡ ਦੇ ਲਾਗੀ ਤੇ ਕਮੀਣ ਤੁਹਫ਼ੇ ਲੈ ਕੇ ਵਧਾਈਆਂ ਦੇਣ ਆਉਂਦੇ ਹਨ। ਮਹਿਰਾ ਮੌਲੀ ਵਿਚ ਸਰੀਂਹ ਦੇ ਪੱਤਿਆਂ ਦਾ ਸਿਹਰਾ ਪਰੋ ਕੇ; ਤਰਖਾਣ ਗੁੱਲੀ ਡੰਡਾ, ਚੂੜ੍ਹਾ ਤੀਰਕਮਾਂਨ; ਮੋਚੀ, ਮੌਜੇ (ਹਰਿਆਣੇ ਵਿਚ ਚਮੜੇ ਦੀ ਤ੍ਰਾਗੜੀ ਵੀ); ਘੁਮਿਆਰ ਨਹਾਉਣ ਵਾਲਾ ਦੌਰਾ ਜਾਂ ਝੱਜਰ, ਤੇ ਦਾਈ ਬੱਚੇ ਵਾਸਤੇ, ਤੜਾਗੀ, ਲਿਆਉਂਦੇ ਹਨ। ਇਨ੍ਹਾਂ ਤੁਹਫ਼ਿਆਂ ਤੇ ਵਧਾਈਆਂ ਦੇ ਬਦਲੇ ਉਨ੍ਹਾਂ ਨੂੰ ਬਣਦਾ-ਸਰਦਾ ਲਾਗ ਦਿੱਤਾ ਜਾਂਦਾ ਹੈ। ਨਾਇਣ ਗੋਹੇ ਦੀ ਬਹੂ ਬਣਾ ਕੇ ਲੈ ਆਉਂਦੀ ਹੈ ਜਿਸ ਨੂੰ ਵਿਹੁ-ਮਾਤਾ (ਵਿਧਾਤਾ) ਜਾਂ ਬਿਧ ਕਹਿੰਦੇ ਹਨ। ਦਾਈ ਇਹ ਤੜਾਗੀ, ਜਿਸ ਵਿਚ ਘੁੰਗਰੂ ਤੇ ਮੋਤੀ ਪਰੋਏ ਹੁੰਦੇ ਹਨ, ਬੱਚੇ ਦੇ ਲੱਕ ਨੂੰ ਬੰਨ੍ਹ ਦਿੰਦੀ ਹੈ ਅਤੇ ਨਾਇਣ ਵਿਹੜੇ ਵਿਚ ਦਾਣਿਆਂ ਦੀ ਢੇਰੀ ਲਾ ਕੇ ਬਿਧਮਾਤਾ ਨੂੰ ਰੇਸ਼ਮੀ ਪਟੋਲ੍ਹੇ ਵਿਚ ਵਲ੍ਹੇਟ ਕੇ ਉਸ ਢੇਰੀ ਵਿਚ ਗੱਡ ਦਿੰਦੀ ਹੈ। ਇਸ ਤੋਂ ਪਿੱਛੋਂ ਬੱਚੇ ਮਾਂ ਨੂੰ ਨਾਈ ਦੀ ਜੁੱਤੀ (ਨਾਇਣ ਦੀ ਨਹੀਂ) ਪੁਆ ਕੇ ਬਾਹਰ ਵਧਾਉਂਦੇ ਹਨ। ਉਹ ਆਪਣੇ ਬੱਚੇ ਨੂੰ ਗੋਦ ਲੈ ਕੇ ਬਾਹਰ ਪਈ ਪੀੜ੍ਹੀ ਉੱਤੇ ਵਿਹੁਮਾਤਾ ਦੇ ਸਾਹਮਣੇ ਚੜ੍ਹਦੇ ਵਲ ਨੂੰ ਮੂਹ ਕਰ ਕੇ ਬੈਠ ਜਾਂਦੀ ਹੈ ਅਤੇ ਇਸ ਨੂੰ ਮੱਥਾ ਟੇਕਦੀ ਹੈ। ਇਹ ਕਿਸਮਤ ਦੀ ਦੇਵੀ ਹੈ। ਖ਼ੁਆਜੇ ਦੀ ਪੂਜਾ ਵਾਲੇ ਦਿਨ ਇਸ ਨੂੰ ਖੂਹ ਤੇ ਛੱਡ ਆਉਂਦੇ ਹਨ। ਘਰ ਵਾਲੇ ਲਾਗੀਆਂ ਨੂੰ ਲਾਗ ਦੇ ਕੇ ਭਾਈਚਾਰੇ ਵਿਚ ਪਰੋਸੇ ਵੰਡਦੇ ਹਨ। ਸ਼ਾਮ ਨੂੰ ਗੀਗੇ ਦੀ ਮਾਂ ਜਣੇਪੇ ਤੋਂ ਪਿੱਛੋਂ ਪਹਿਲੀ ਵਾਰੀ ਹੱਥ ਵਿਚ ਪਾਣੀ ਦੀ ਗੜਵੀ ਲੈ ਕੇ ਬਾਹਰ ਜਾਂਦੀ ਹੈ। ਬਾਹਰੋਂ ਚੰਗੇ ਸ਼ਗਨਾਂ ਵਾਸਤੇ ਉਹ ਹਰਾ ਘਾਹ ਪੁੱਟ ਲਿਆਉਂਦੀ ਹੈ ਅਤੇ ਇਸ ਨੂੰ ਲਿਆ ਕੇ ਆਪਣੇ ਸਿਰ੍ਹਾਣੇ ਰਖ ਲੈਂਦੀ ਹੈ। ਇਹ ਘਾਹ ਹਰ ਪਰਕਾਰ ਉਸ ਦੀ ਰਾਖੀ ਕਰਦਾ ਮੰਨਿਆ ਜਾਂਦਾ ਹੈ। ਰਾਤ ਨੂੰ ਬੱਚੇ ਦੀ ਭੈਣ ਉਸ ਨੂੰ ਗੋਦ ਵਿਚ ਲੈ ਕੇ ਬੈਠ ਜਾਂਦੀ ਹੈ ਤੇ ਉਸ ਦੀਆਂ ਸਹੇਲੀਆਂ ਗੀਤ ਗਾਉਂਦੀਆਂ ਹਨ :—

ਧੰਨ ਧੰਨ ਵੇ ਵੀਰਾ ਭੈਣ ਤੇਰੀ, ਜਿਸ ਤੂੰ ਗੋਦ ਖਿਡਾਇਆ।

ਮੁੰਡਾ ਹੋਵੇ ਤਾਂ ਬਹੁਤ ਸਾਰੇ ਇਲਾਕਿਆਂ ਵਿਚ ਇਸੇ ਦਿਹਾੜੇ ਮੁੰਡੇ ਦੇ ਦਾਦਕਿਆਂ ਨੂੰ ਨਾਈ ਦੇ ਹੱਥ ਦੁੱਬ, ਖੰਮਣੀ ਤੇ ਭੇਲੀ ਭੇਜਦੇ ਹਨ। ਥੋੜ੍ਹਾ ਬਹੁਤ ਸ਼ਗਨ ਬਾਕੀ ਅੰਗਾਂ ਸਾਕਾਂ ਨੂੰ ਵੀ ਭੇਜਦੇ ਹਨ। ਉਹ ਅੱਗੋਂ ਭੇਲੀ ਦੇ ਬਦਲੇ ਆਪਣੀ ਨੂੰਹ ਲਈ ਗਹਿਣਾ ਕਪੜੇ ਅਤੇ ਨਾਈ ਤੇ ਦਾਈ ਨੂੰ ਤਿਉਰ ਆਦਿ ਘੱਲਦੇ ਹਨ। ਉਂਞ ਭੇਲੀ ਪਹੁੰਚਣ ਤੇ ਮੁੰਡੇ ਦੇ ਨਾਨਕਿਆਂ ਵੱਲੋਂ 'ਛੂਛਕ' ਭੇਜਣ ਦਾ ਰਿਵਾਜ ਕੇਂਦਰੀ ਪੰਜਾਬ ਅਤੇ ਹਰਿਆਣੇ ਦੇ ਜਾਟਾਂ ਵਿਚ ਆਮ ਹੈ। ਹਰਿਆਣੇ ਦੇ ਜਾਟ ਇਹ ਛੂਛਕ 'ਕੂਆ ਪੂਜਾਈ' ਤੋਂ ਪਹਿਲਾਂ ਘੱਲਦੇ ਹਨ ਤੇ ਕੇਂਦਰੀ ਪੰਜਾਬ ਦੇ ਉਸ ਸਮੇਂ ਜਦ ਮਾਂ ਬੱਚੇ ਨੂੰ ਲੈ ਕੇ ਆਪਣੇ ਸਹੁਰੀਂ ਚਲੀ ਜਾਂਦੀ ਹੈ।

'ਕੂਆ ਪੁਜਾਈ' ਜਾਂ 'ਖ਼ੁਆਜਾ ਪੂਜਣ' ਦੀ ਰਸਮ ਕੇਂਦਰੀ ਪੰਜਾਬ ਵਿਚ ਏਨੀ ਮਹੱਤਵ-ਪੂਰਨ ਨਹੀਂ ਜਿੰਨੀ ਹਰਿਆਣੇ ਵਿਚ ਹੈ। ਇਹ ਰਸਮ ਬੱਚੇ ਦੇ ਜਨਮ ਤੋਂ ਚਾਲ੍ਹੀਵੇਂ ਦਿਨ ਕੀਤੀ ਜਾਂਦੀ ਹੈ। ਜੇ ਕੁੜੀ ਨੇ ਜਨਮ ਲਿਆ ਹੋਵੇ ਤਾਂ ਅਜੇਹੀ ਕੋਈ ਰਸਮ ਨਹੀਂ ਹੁੰਦੀ, ਕੇਵਲ ਦਾਈ ਮਾਂ ਨੂੰ ਇਕ੍ਹੀਵਾਂ ਨੁਹਾ ਕੇ ਲਾਗ ਲੈ ਜਾਂਦੀ ਹੈ। ਪਰ ਮੁੰਡਾ ਹੋਵੇ, ਤੇ ਉਹ ਵੀ ਜੇਠਾ, ਤਾਂ ਇਹ ਰਸਮ ਜਨਮ ਨਾਲ ਸੰਬੰਧਿਤ ਸਭ ਰਸਮਾਂ ਤੋਂ ਵੱਡੀ ਕਹੀ ਜਾ ਸਕਦੀ ਹੈ। ਹਰਿਆਣੇ ਵਿਚ 'ਛੂਛਕ' ਵੀ ਇਸੇ ਦਿਹਾੜੇ ਹੋਣ ਕਾਰਨ ਰੌਣਕ ਹੋਰ ਵੀ ਵਧ ਜਾਂਦੀ ਹੈ। ਮੁੰਡੇ ਦੇ ਨਾਨਕਿਆਂ ਤੋਂ ਮਾਂ ਵਾਸਤੇ ਪੀਲੀਆ ਜਾਂ ਲਾਲ ਓਢਣਾ ਪੋਤੜਾ, ਕੁਡਾਲਾ ਅਤੇ ਕੌਡੀਆਂ, ਮੁੰਡੇ ਵਾਸਤੇ ਤੜਾਗੀ, ਗਹਿਣੇ, ਕੁੜਤਾ ਤੇ ਟੋਪੀ ਆਏ ਹੋਏ ਹੁੰਦੇ ਹਨ। ਇਨ੍ਹਾਂ ਕਪੜਿਆਂ ਨੂੰ ਪਹਿਨ ਕੇ ਅਤੇ ਆਪਣੇ ਬੱਚੇ ਨੂੰ ਪਹਿਨਾ ਕੇ ਉਹ 'ਕੂਆ ਪੁਜਾਈ' ਲਈ ਤਿਆਰ ਹੋ ਜਾਂਦੀ ਹੈ। ਉਸ ਦੇ ਨਾਲ ਉਸ ਦੀਆਂ ਸਹੇਲੀਆਂ ਹੁੰਦੀਆਂ ਹਨ। ਉਸ ਦੇ ਸਿਰ ਉੱਤੇ ਦੋਘੜ (ਮਟਕੇ ਉੱਤੇ ਮਟਕਾ) ਹੁੰਦੀ ਹੈ। ਹਰਿਆਣੇ ਵਿਚ ਇਹ ਦੋਘੜਾਂ ਸਾਰੀਆਂ ਸਹੇਲੀਆਂ ਦੇ ਸਿਰਾਂ ਉੱਤੇ ਹੀ ਹੁੰਦੀਆਂ ਹਨ। ਬ੍ਰਾਹਮਣੀ ਕੋਲ ਚਾਉਲ, ਬੱਕਲੀਆਂ ਜਾਂ ਘੁੰਙਣੀਆਂ ਹੁੰਦੀਆਂ ਹਨ ਅਤੇ ਝੀਊਰੀ ਕੋਲ ਖੰਮਣੀ ਤੇ ਦੁੱਬ। ਉੱਥੇ ਪਹੁੰਚ ਕੇ ਬਿਧਮਾਤਾ ਦੀ ਪੂਜਾ ਕੀਤੀ ਜਾਂਦੀ ਹੈ ਤੇ ਸਾਰੀਆਂ ਸਹੇਲੀਆਂ ਆਪੋ ਆਪਣੀਆਂ ਦੋਘੜਾਂ ਭਰ ਲੈਂਦੀਆਂ ਹਨ। ਹਰਿਆਣੇ ਵਿਚ ਬਿਧਮਾਤਾ ਪੂਜਣ ਦੀ ਥਾਂ ਥੋੜ੍ਹਾ ਜਿਹਾ ਸ਼ਰਬਤ ਖੂਹ ਵਿਚ ਜਾਂ ਖੂਹ ਦੀ ਮੌਣ ਉੱਤੇ ਡੋਲ੍ਹ ਦਿੰਦੇ ਹਨ ਤਾਂ ਕਿ ਖ਼ੁਆਜਾ ਖ਼ੁਸ਼ ਹੋ ਜਾਵੇ। ਇਸੇ ਵੇਲੇ ਇੱਥੇ ਇਕ ਦੀਵਾ ਬਾਲਿਆ ਜਾਂਦਾ ਹੈ। ਅਮ੍ਰਿਤਸਰ ਵਿਚ ਖੂਹ ਦੀ ਘਿਰੜੀ ਨੂੰ ਰੱਖੜੀ ਬੰਨ੍ਹ ਆਉਂਦੀਆਂ ਹਨ। ਦੀਵੇ ਨੂੰ ਬਲਦਾ ਛੱਡ ਕੇ ਅਤੇ ਦੋਘੜਾਂ ਸਿਰ ਉੱਤੇ ਚੁੱਕ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਆ ਜਾਂਦੀਆਂ ਹਨ। ਘਰ ਪਹੁੰਚ ਕੇ ਮਾਂ ਦੀਆਂ ਅੰਗ-ਸਹੇਲੀਆਂ ਬੱਚੇ ਨੂੰ ਤੁਹਫ਼ੇ ਦਿੰਦੀਆਂ ਹਨ ਅਤੇ ਮਾਂ ਇਨ੍ਹਾਂ ਦੇ ਬਦਲੇ ਉਨ੍ਹਾਂ ਨੂੰ ਸੂਟ ਆਦਿ ਦਿੰਦੀ ਹੈ।

ਚਾਲ੍ਹੀਵੇਂ ਦਿਨ ਵਾਲੀ ਖ਼ੁਆਜੇ ਦੀ ਪੂਜਾ ਤੋਂ ਪਿੱਛੋਂ ਬੱਚੇ ਦੇ ਜਨਮ ਨਾਲ ਸੰਬੰਧਿਤ ਹਰ ਪਰਕਾਰ ਦੀ ਅਸ਼ੁਧਤਾ ਖ਼ਤਮ ਜੋ ਜਾਂਦੀ ਹੈ। ਤੇਰ੍ਹਵੇਂ ਤੋਂ ਪਿਛੋਂ ਉਹ ਘਰ ਦੀ ਚਾਰਦੀਵਾਰੀ ਦੇ ਅੰਦਰ ਫਿਰਾਇਆ ਜਾ ਸਕਦਾ ਹੈ ਤੇ ਚਾਲ੍ਹੀਵੇਂ ਤੋਂ ਪਿੱਛੋਂ ਬਾਹਰਵਾਰ ਵੀ। ਪਹਾੜੀ ਇਲਾਕਿਆਂ ਵਿਚ ਚਾਲ੍ਹੀਵੇਂ ਦੀ ਰਸਮ ਨੂੰ ਵਧੇਰੇ ਮਹੱਤਤਾ ਨਹੀਂ ਦਿੱਤੀ ਜਾਂਦੀ, ਕਿਉਂਕਿ ਉੱਥੇ ਪੰਜ ਸੱਤ ਮਹੀਨੇ ਬੱਚੇ ਨੂੰ ਘਰ ਤੋਂ ਬਾਹਰ ਨਹੀਂ ਨਿਕਲਣ ਦਿੰਦੇ। ਉਹ ਟੂਣੇ-ਟਾਮਣ ਦਾ ਵਿਚਾਰ ਵਧੇਰੇ ਕਰਦੇ ਹਨ। ਫ਼ੀਰੋਜ਼ਪੁਰ ਦੇ ਬਾਗੜੀ ਜੱਟਾਂ ਵਿਚ ਇਹ ਰਿਵਾਜ ਹੈ ਕਿ ਜਦ ਬੱਚਾ ਮਹੀਨੇ ਸਵਾ ਮਹੀਨੇ ਦਾ ਹੋ ਜਾਂਦਾ ਹੈ ਤਾਂ ਇਸ ਸਮੇਂ ਉਸ ਦੀ ਭੂਆ ਚਾਂਦੀ ਦਾ ਕੜਾ ਜਾਂ ਟੋਪੀ ਲੈ ਕੇ ਉਸ ਦੀਆਂ 'ਬਲਾਈਆਂ ਲੈਣ' ਆਉਂਦੀ ਹੈ ਭਾਵ, ਬੱਚੇ ਦੇ ਸਿਰ ਤੇ ਢਹਿਣ ਵਾਲੇ ਸਾਰੇ ਸਿਤਮ ਆਪਣੇ ਸਿਰ ਲੈ ਲੈਂਦੀ ਹੈ। ਇਸ ਕਰਮ ਦੇ ਬਦਲੇ ਉਸ ਨੂੰ ਗਊ ਜਾਂ ਮੱਝ ਮਿਲ ਜਾਂਦੀ ਹੈ। ਗੱਲ ਕੀ, ਬੱਚੇ ਨੂੰ ਤੰਦਰੁਸਤ ਰੱਖਣ ਵਾਸਤੇ ਅਨੇਕ ਪਰਕਾਰ ਦੇ ਜਤਨ ਕੀਤੇ ਜਾਂਦੇ ਹਨ।

ਪੰਜਾਬ ਵਿਚ ਮੁੰਡੇ ਦੇ ਜਨਮ ਤੋਂ ਪਿੱਛੋਂ ਆਉਣ ਵਾਲੀ ਲੋਹੜੀ ਉੱਤੇ ਮੁੰਡੇ ਕੁੜੀਆਂ ਭੇਲੀ ਮੰਗ ਕੇ ਖਾਂਦੇ ਹਨ। ਇਹ ਰਿਵਾਜ ਲਗਭਗ ਸਾਰੇ ਪੰਜਾਬ ਵਿਚ ਪਰਚਲਤ ਹੈ।

ਪੰਜਾਬ ਵਿਚ 'ਨਾਂ ਰੱਖਣ' ਵਾਸਤੇ ਕੋਈ ਖ਼ਾਸ 'ਨਾਮ-ਸੰਸਕਾਰ' ਨਹੀਂ ਮਨਾਇਆ ਜਾਂਦਾ। ਕਈ ਵਾਰੀ ਭਰਾਈ ਜਿਹੜਾ ਨਾਂ ਦੱਸ ਦੇਵੇ ਰੱਖ ਲੈਂਦੇ ਹਨ ਤੇ ਕਈ ਵਾਰੀ ਆਪਣੀ ਆਪਣੀ ਧਾਰਮਕ ਪੁਸਤਕ ਦਾ ਕੋਈ ਪੰਨਾ ਪਿੰਡ ਦੇ ਗ੍ਰੰਥੀ, ਮੌਲਵੀ ਜਾਂ ਪੰਡਤ ਤੋਂ ਖੁਲ੍ਹਵਾ ਕੇ ਪੰਨੇ ਦੇ ਪਹਿਲੇ ਅੱਖਰ ਤੋਂ ਕੋਈ ਨਾਂ ਰਖ ਲੈਂਦੇ ਹਨ। ਮਿਸਾਲ ਦੇ ਤੌਰ ਤੇ 'ਗਾਫ਼' ਨਿਕਲੇ ਤਾਂ ਗੁਲਜ਼ਾਰ ਅਲੀ, 'ਗਾ' ਨਿਕਲੇ ਤਾਂ ਗੁਲਜ਼ਾਰੀ ਲਾਲ ਅਤੇ 'ਗੱਗਾ' ਨਿਕਲੇ ਤਾਂ ਗੁਲਜ਼ਾਰਾ ਸਿੰਘ। ਪਹਾੜੀ ਇਲਾਕਿਆਂ ਦੇ ਵਸਨੀਕ ਜਨਮ-ਪੱਤਰੀ ਫਰੋਲ ਕੇ ਕੋਈ ਅਜੇਹਾ ਨਾਂ ਰਖਦੇ ਹਨ ਜਿਹੜਾ ਉਸ ਦੀ ਰਾਸ (ਰਾਸ਼ੀ) ਨਾਲ ਮੇਲ ਖਾਂਦਾ ਹੋਵੇ। ਪੰਜਾਬ ਦੇ ਹਿੰਦੂ ਬਾਕਾਇਦਾ ਹਵਨ ਕਰਵਾ ਕੇ ਪੰਡਿਤ ਤੋਂ ਨਾਂ ਰਖਵਾਉਂਦੇ ਹਨ ਅਤੇ ਇਹ ਨਾਂ ਮੁੰਡੇ ਦਾ ਬਾਪ ਹਨੂਮਾਨ ਦੇ ਤਵੀਤ ਜਾਂ ਪਾਨ ਦੇ ਪੱਤੇ ਰਾਹੀਂ ਮੁੰਡੇ ਦੇ ਕੰਨ

ਵਿਚ ਦੱਸਦਾ ਹੈ। ਕਈ ਵਾਰੀ ਬੱਚਾ ਬੁੱਧ ਨੂੰ ਜੰਮੇ ਤਾਂ ਬੁੱਧੂ ਤੇ ਵੀਰ ਨੂੰ ਜੰਮੇਂ ਤਾਂ ਵੀਰ ਵੀ ਬਣ ਜਾਂਦਾ ਹੈ, ਜੋ ਬਾਦ ਵਿਚ ਬੁੱਧੂ ਰਾਮ ਜਾਂ ਵੀਰ ਸਿੰਘ ਹੋ ਨਿੱਬੜਦਾ ਹੈ।

'ਮੁੰਡਨ ਸੰਸਕਾਰ' ਤੀਜੇ ਤੋਂ ਪੰਜਵੇਂ ਸਾਲ ਵਿਚ ਕੀਤਾ ਜਾਂਦਾ ਹੈ। ਆਮ ਤੌਰ ਤੇ ਇਹ ਸੰਸਕਾਰ ਅਜੇਹੇ ਸਥਾਨ ਉੱਤੇ ਕੀਤਾ ਜਾਂਦਾ ਹੈ ਜਿੱਥੋਂ ਦੀ ਬੱਚੇ ਦੇ ਮਾਪਿਆਂ ਨੇ ਸੁੱਖ ਸੁੱਖੀ ਹੋਵੇ। ਹੁਣ ਤਕ ਆਏ ਸਾਰੇ ਸੰਸਕਾਰ ਘਰ ਦੀ ਚਾਰਦੀਵਾਰੀ ਦੇ ਅੰਦਰ ਜਾਂ ਪਿੰਡ ਦੇ ਕਿਸੇ ਮੰਦਰ ਜਾਂ ਗੁਰਦੁਆਰੇ ਵਿਚ ਕੀਤੇ ਜਾਂਦੇ ਹਨ। 'ਮੁੰਡਨ-ਸੰਸਕਾਰ' ਦੇ ਸਮੇਂ ਬੱਚਾ ਦੂਰ ਲਿਜਾਣ ਦੇ ਯੋਗ ਹੋ ਜਾਂਦਾ ਹੈ ਇਸ ਲਈ ਲਗਭਗ ਅੱਧੇ ਪੰਜਾਬ ਦੇ ਹਿਦੂ ਜਵਾਲਾ-ਮੁਖੀ ਜਾ ਕੇ ਇਹ ਸੰਸਕਾਰ ਕਰਦੇ ਹਨ। ਪਲਵਲ (ਗੁੜਗਾਉਂ) ਦੇ ਜਾਟ ਏਸ ਮਨੋਰਥ ਵਾਸਤੇ ਸ਼ੇਖ਼ ਅਹਿਮਦ ਚਿਸ਼ਤੀ ਦੇ ਮਿਜ਼ਾਰ ਉੱਤੇ ਜਾਂਦੇ ਹਨ। ਇਹ ਮਿਜ਼ਾਰ ਭਾਵੇਂ ਹੈ ਮੁਸਲਮਾਨ ਦਾ, ਪਰ ਹਿੰਦੂ ਇਸ ਨੂੰ ਬਹੁਤ ਜ਼ਿਆਦਾ ਮੰਨਦੇ ਹਨ। ਇਸੇ ਤਰ੍ਹਾਂ ਹਰ ਇਲਾਕੇ ਵਿਚ ਕੋਈ ਨਾ ਕੋਈ ਸਥਾਨ ਏਸ ਮਨੋਰਥ ਲਈ ਮਿਥ ਲਿਆ ਗਿਆ ਹੈ। ਮੁੰਡਨ ਤੋਂ ਪਿੱਛੋਂ ਬੋਦੀ ਰਖ ਲਈ ਜਾਂਦੀ ਹੈ। ਦੋ ਬੱਚਿਆਂ ਦਾ ਮੁੰਡਨ ਇਕੱਠਾ ਕਰਾਉਣ ਦਾ ਰਿਵਾਜ ਹੈ।

ਮੁੰਡਨ ਤੋਂ ਪਿੱਛੋਂ, 'ਜਨੇਊ ਪਹਿਨਣ' ਤਕ ਪੰਜਾਬ ਦੇ ਹਿੰਦੂ ਹੋਰ ਕੋਈ ਸੰਸਕਾਰ ਨਹੀਂ ਕਰਦੇ। ਕਈ ਹਾਲਤਾਂ ਵਿਚ ਇਹ ਜਨੇਊ ਵੀ ਵਿਆਹ ਵਾਲੇ ਦਿਨ ਫੇਰਿਆਂ ਤੋਂ ਪਹਿਲਾਂ ਨੁਹਾਈ-ਧੁਲਾਈ ਵੇਲੇ ਹੀ ਪਹਿਨਦੇ ਹਨ। ਉੱਚ ਜਾਤੀਆਂ ਵਾਲੇ ਬਹੁਤ ਸਾਰੇ ਲੋਕੀ ਜਨੇਊ ਪਹਿਨਾਉਣ ਵਾਲੇ ਪਾਂਧੇ ਨੂੰ ਸਵਾ ਰੁਪਿਆ ਦੱਛਣਾ ਦੇ ਕੇ ਉਸੇ ਵੇਲੇ ਉਤਾਰ ਦਿੰਦੇ ਹਨ। ਚੰਬੇ ਦੇ ਗੱਦੀ ਤੇ ਹਿੰਦੂ ਰਾਜਪੂਤ, ਜਿਹੜੇ ਫੇਰਿਆਂ ਤੋਂ ਪਹਿਲਾਂ ਕਿਸੇ ਵੇਲੇ ਜਨੇਊ ਪਹਿਨਦੇ ਹਨ, ਬਦਰੀ ਨਾਥ, ਤ੍ਰਿਲੋਕ ਨਾਥ ਜਾਂ ਮਨੀਮਹੇਸ਼ ਦੇ ਮੰਦਰ ਉੱਤੇ ਜੋਗੀਆਂ ਵਾਲਾ ਰੂਪ ਧਾਰ ਕੇ ਜਾਂਦੇ ਹਨ। ਮੰਦਰ ਦਾ ਪੁਜਾਰੀ ਕੁਝ ਮੰਤਰ ਦੱਸਦਾ ਹੈ ਜਿਹੜੇ ਬਿਗਲਾਂ ਤੇ ਨਗਾਰਿਆਂ ਦੀ ਅਵਾਜ਼ ਪੈਦਾ ਕਰ ਕੇ ਕਿਸੇ ਹੋਰ ਨੂੰ ਸੁਣਨ ਨਹੀਂ ਦਿੱਤੇ ਜਾਂਦੇ। ਇਹ ਮੰਤਰ ਅਗਾਂਹ ਕਿਸੇ ਹੋਰ ਨੂੰ ਦੱਸਣ ਦਾ ਹੱਕ ਵੀ ਨਹੀਂ ਦਿੱਤਾ ਜਾਂਦਾ। ਇਸ ਤੋਂ ਪਿੱਛੋਂ ਮੰਦਰ ਦਾ ਗੁਰੂ ਜਾਂ ਪੁਜਾਰੀ ਮੁੰਡੇ ਨੂੰ ਪਿੰਡ ਤੋਂ ਖ਼ੈਰ ਮੰਗ ਕੇ ਲਿਆਉਣ ਦਾ ਹੁਕਮ ਦਿੰਦਾ ਹੈ। ਮੁੰਡਾ ਆਪਣੀ ਮਾਂ ਕੋਲੋਂ ਦਾਣੇ ਅਤੇ ਬਾਕੀ ਘਰਾਂ ਤੋਂ ਪੈਸੇ ਮੰਗ ਲਿਜਾਂਦਾ ਹੈ। ਜਦ ਉਹ ਇਹ ਚੀਜ਼ਾਂ ਲਿਜਾ ਕੇ ਗੁਰੂ ਨੂੰ ਦਿਦਾ ਹੈ ਤਾਂ ਇਨ੍ਹਾਂ ਦੇ ਬਦਲੇ ਉਸ ਨੂੰ ਜਨੇਊ ਪਹਿਨਾਇਆ ਜਾਂਦਾ ਹੈ। ਪਹਿਨਾਉਣ ਸਮੇਂ ਪੁਜਾਰੀ ਉਸ ਨੂੰ ਕਿਸੇ ਹਿਰਨ, ਭੇਡ ਜਾਂ ਬਕਰੀ ਦੀ ਖੱਲ ਉੱਤੇ ਬਿਠਾਉਂਦਾ ਹੈ ਅਤੇ ਉਸਦੇ ਹੱਥ ਵਿਚ ਰੁੱਖ ਦੀ ਹਰੀ ਟਹਿਣੀ ਦਿੰਦਾ ਹੈ। ਪਹਿਨਾਉਣ ਤੋਂ ਪਿੱਛੋਂ ਗੁਰੂ ਮੁੰਡੇ ਨੂੰ ਪੁਛਦਾ ਹੈ ਕਿ 'ਤੂੰ ਜਟੇਰਾ (ਜੱਟ) ਬਣੇਂਗਾ ਕਿ ਮਟੇਰਾ (ਮਿੱਟੀ ਮਲਣ ਵਾਲਾ) ?' ਉਸ ਦੇ ਘਰ ਦਿਆਂ ਨੇ ਉਸ ਨੂੰ ਸਿਖਾ ਕੇ ਭੇਜਿਆ ਹੁੰਦਾ ਹੈ ਕਿ ਤੂੰ 'ਜਟੇਰਾ' ਕਹੀਂ। ਉਹ ਜਟੇਰਾ ਬਣਨ ਦੀ ਹੀ ਆਗਿਆ ਮੰਗਦਾ ਹੈ। ਗੁਰੂ ਉਸ ਦੇ ਜੋਗੀਆਂ ਵਾਲੇ ਕਪੜੇ ਤੇ ਕਈ ਵਾਰੀ ਜਨੇਊ ਵੀ ਲੁਹਾ ਲੈਂਦਾ ਹੈ ਤੇ ਮੁੰਡਾ ਵਿਆਹ ਕਰਾ ਕੇ ਖੇਤੀ ਕਰਨ ਲਗ ਜਾਂਦਾ ਹੈ। ਜਨੇਊ ਬਣਾਉਣ ਵਾਸਤੇ ਸੱਜਰੀ ਕਪਾਹ ਚੁਗੀ ਜਾਂਦੀ ਹੈ ਤੇ ਇਸ ਨੂੰ ਅਗਸਤ ਦੇ ਮਹੀਨੇ ਕੋਈ ਸੁਹਾਗਣ ਬ੍ਰਾਹਮਣੀ 'ਤੇਰਸ' ਵਾਲੇ ਦਿਨ ਕੱਤਦੀ ਹੈ। ਜਨੇਊ ਪਹਿਨਣ ਵਾਲੇ ਲਈ ਕਈ ਪਰਹੇਜ਼ ਹਨ। ਟੱਟੀ ਪਿਸ਼ਾਬ ਵੇਲੇ ਉਹ ਇਸ ਨੂੰ ਕੰਨ ਤੇ ਟੰਗ ਕੇ ਬੈਠਦਾ ਹੈ ਅਤੇ ਹਰ ਰੋਜ਼ ਸਵੇਰੇ ਨਜ਼ਦੀਕੀ ਪਿੱਪਲ ਦੀਆਂ ਜੜ੍ਹਾਂ ਵਿਚ ਪਾਣੀ ਪਾਉਂਦਾ ਹੈ। ਇਹ ਪਾਣੀ ਉਸ ਦੇ ਪਿੱਤਰਾਂ ਨੂੰ ਪਹੁੰਚਦਾ ਮੰਨਿਆਂ ਜਾਂਦਾ ਹੈ। ਪਿੱਤਰ-ਤਰਪਨ ਵਾਸਤੇ ਜਨੇਊ ਨੂੰ ਸੱਜੇ ਮੋਢੇ ਤੇ ਖੱਬੀ ਬਗਲ ਵਲ ਪਹਿਨ ਕੇ ਤੇ ਖੱਬੇ ਅੰਗੂਠੇ ਥੱਲੇ ਦਬਾ ਕੇ ਉਸੇ ਹੱਥ ਉੱਤੋਂ ਪਾਣੀ ਪਰਦਾਨ ਕੀਤਾ ਜਾਂਦਾ ਹੈ ਅਤੇ ਦੇਵ-ਤਰਪਨ ਵੇਲੇ ਇਸ ਦੇ ਉਲਟ। ਰਿਸ਼ੀ-ਤਰਪਨ ਸਮੇਂ ਇਸ ਨੂੰ ਹਾਰ ਵਾਂਗ ਗਲ ਵਿਚ ਪਹਿ.ਨ ਕੇ ਜਲ-ਪਰਦਾਨ ਕਰਦੇ ਹਨ।

ਜਿਵੇਂ ਹਿੰਦੂ ਜਨੇਊ ਪਹਿਨਦੇ ਹਨ ਉਸੇ ਤਰ੍ਹਾਂ ਸਿੱਖ ਅੰਮ੍ਰਿਤ ਛਕਦੇ ਹਨ। ਇਹ ਅੰਮ੍ਰਿਤ ਵਿਆਹ ਤੋਂ ਪਹਿਲਾਂ ਕਿਸੇ ਵੇਲੇ ਵੀ ਛਕਿਆ ਜਾ ਸਕਦਾ ਹੈ ਅਤੇ ਕਈ ਵਾਰੀ ਜਨੇਊ ਵਾਂਕ ਲਾਵਾਂ ਪੜ੍ਹਨ ਤੋਂ ਕੁਝ ਅਰਸਾ ਪਹਿਲਾਂ ਹੀ। ਸਾਰੀ ਰਸਮ ਕੁਝ ਇਸ ਤਰ੍ਹਾਂ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਸਿੰਘ (ਜਾਂ ਸਿੰਘਣੀਆਂ)

ਅਸ਼ਨਾਨ ਕਰ ਕੇ ਤਿਆਰ-ਬਰ-ਤਿਆਰ ਹੋ ਜਾਂਦੇ ਹਨ। ਸ਼ਰਤ ਇੱਕੋ ਹੈ ਕਿ ਇਨ੍ਹਾਂ ਵਿੱਚੋਂ ਕੋਈ ਵੀ ਅੰਗਹੀਨ ਨਾ ਹੋਵੇ। ਇਨ੍ਹਾਂ ਵਿੱਚੋਂ ਇਕ ਬੰਦਾ ਸਿੱਖ ਧਰਮ ਦੇ ਅਸੂਲ ਅਤੇ ਨਾਮ, ਦਾਨ, ਅਸ਼ਨਾਨ ਦੀ ਫ਼ਿਲਾਸਫ਼ੀ ਸਮਝਾਉਂਦਾ ਹੈ ਅਤੇ ਦੂਜਾ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਸੋਧਦਾ ਹੈ। ਉਸ ਤੋਂ ਪਿੱਛੋਂ ਛਕਣ ਵਾਲੇ ਤੋਂ ਬੀਰ ਆਸਣ ਲਵਾ ਕੇ ਉਸ ਨੂੰ ਕਲਗੀਧਰ ਦਸ਼ਮੇਸ਼ ਪਿਤਾ ਦੀ ਯਾਦ ਦਿਵਾਉਂਦੇ ਹਨ ਤੇ ਉਸ ਦੇ ਖੱਬੇ ਹੱਥ ਉੱਤੇ ਸੱਜਾ ਹੱਥ ਰਖਵਾ ਕੇ ਅੰਮ੍ਰਿਤ ਦੇ ਪੰਜ ਚੁਲੇ ਛਕਾਉਂਦੇ ਹਨ। ਹਰ ਚੁਲੇ ਨਾਲ ਛਕਾਉਣ ਵਾਲਾ ਸਿੰਘ ਆਪਣੇ ਮੁਖੋਂ 'ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ' ਕਹਿੰਦਾ ਹੈ ਅਤੇ ਛਕਣ ਵਾਲਾ ਇਸ ਨੂੰ ਦੁਹਰਾਉਂਦਾ ਹੈ। ਇਸ ਤੋਂ ਪਿੱਛੋਂ ਅੰਮ੍ਰਿਤ ਦੇ ਪੰਜ ਛੱਟੇ ਉਸ ਦੇ ਨੇਤ੍ਰਾਂ ਵਿਚ ਤੇ ਪੰਜ ਉਸ ਦੇ ਕੇਸਾਂ ਵਿਚ ਮਾਰ ਕੇ ੧ਓ ਤੋਂ ਲੈ ਕੇ 'ਗੁਰ ਪ੍ਰਸਾਦਿ' ਤਕ ਉਸ ਨੂੰ 'ਮੂਲਮੰਤ੍ਰ' ਦੀ ਬਾਣੀ ਕੰਠ ਕਰਾਈ ਜਾਂਦੀ ਹੈ। ਹੁਣ ਤੋਂ ਉਹ ਪੰਜ ਕੱਕਿਆਂ ਦਾ ਧਾਰਨੀ ਅਤੇ ਗੁਰਮਤ ਮਰਯਾਦਾ ਦਾ ਪੈਰੋਕਾਰ ਬਣ ਜਾਂਦਾ ਹੈ।

ਮੋਟੇ ਰੂਪ ਵਿਚ ਬਚਪਨ ਤੋਂ ਜਵਾਨੀ ਤਕ ਦੇ ਇਹੀ ਸੰਸਕਾਰ ਹਨ ਜਿਹੜੇ ਹਿੰਦੂ, ਸਿਖ ਮੁਸਲਮਾਨ ਸਭ ਕਰਦੇ ਹਨ। ਉਂਞ ਹਰ ਫ਼ਿਰਕਾ ਆਪਣੇ ਆਪਣੇ ਧਰਮ ਦੀ ਮਰਯਾਦਾ ਤੇ ਸ਼ਰ੍ਹਾ ਅਨੁਸਾਰ ਇਨ੍ਹਾਂ ਵਿਚ ਤਬਦੀਲੀ ਕਰ ਲੈਂਦਾ ਹੈ। ਜਿਵੇਂ ਮੁਸਲਮਾਨ ਬੱਚੇ ਦੇ ਜਨਮ ਸਮੇਂ ਮੁੱਲਾਂ ਜਾਂ ਮੌਲਵੀ ਤਿੰਨ ਦਿਨ ਲਗਾਤਾਰ ਬੱਚੇ ਦੇ ਕੰਨਾਂ ਵਿਚ ਬਾਂਗ ਦਿੰਦਾ ਹੈ। ਜਗਰਾਉਂ ਦੇ ਮੁਸਲਮਾਨਾਂ ਵਿਚ ਰਿਵਾਜ ਸੀ ਕਿ ਉਹ ਬੱਚੇ ਦੇ ਗਲ ਵਿਚ ਦੋ ਤਿੰਨ ਤੋਲਿਆਂ ਦੀ ਹਸਲੀ ਪਹਿਨਾਉਂਦੇ ਸਨ ਜਿਹੜੀ ਕਿ ਹਰ ਵਰ੍ਹੇ ਬੱਚੇ ਦੇ ਜਨਮ ਤੇ ਲਾਹ ਕੇ ਰੱਖ ਲਈ ਜਾਂਦੀ ਸੀ ਤੇ ਉਸ ਤੋਂ ਵਡੇਰੀ ਪਹਿਨਾ ਦਿੱਤੀ ਜਾਂਦੀ ਸੀ। ਬਾਰ੍ਹਵੇਂ ਵਰ੍ਹੇ ਦੇ ਖ਼ਾਤਮੇ ਤੇ ਇਹ ਸਾਰੀਆਂ ਹਸਲੀਆਂ ਵੇਚ ਕੇ ਦਾਨ ਕਰ ਦਿੱਤੀਆਂ ਜਾਂਦੀਆਂ ਸਨ। ਜਦ ਮੁੰਡਾ ਚਾਰ ਸਾਲ, ਚਾਰ ਮਹੀਨੇ ਤੇ ਚਾਰ ਦਿਨ ਦਾ ਹੋ ਜਾਂਦਾ ਤਾਂ ਉਸ ਦਾ ਪਿਉ ਉਸ ਨੂੰ ਨਵੇਂ ਕਪੜੇ ਪੁਆ ਕੇ ਸੁੰਨਤ ਲਈ ਮੁੱਲਾਂ ਕੋਲ ਲੈ ਜਾਂਦਾ ਹੈ। ਮੁੱਲਾਂ ਉਸ ਨੂੰ 'ਬਿਸਮਿੱਲਾ' 'ਬਿਸਮਿੱਲਾ' ਅਖਵਾਉਂਦਾ ਹੈ। ਝੰਡ ਲਾਹੁਣ ਵੇਲੇ ਨਾਈ ਨੂੰ ਵਾਲਾਂ ਦੇ ਤੋਲ ਦੀ ਚਾਂਦੀ ਦਿੱਤੀ ਜਾਂਦੀ ਤੇ ਇਹੋ ਨਾਈ ਚੌਥੇ ਵਰ੍ਹੇ ਤੋਂ ਪਿੱਛੋਂ ਤੇ ਦਸਵੇਂ ਤੋਂ ਪਹਿਲਾਂ ਕਿਸੇ ਵੇਲੇ ਉਸ ਦੀ ਸੁੰਨਤ ਕਰ ਕੇ ਲਾਗ ਲੈ ਜਾਂਦਾ ਹੈ। ਸੁੰਨਤ ਬਾਰੇ ਇਹ ਸਪਸ਼ਟ ਹੈ ਕਿ ਇਹ ਭਰੀ ਬਰਾਦਰੀ ਵਿਚ ਹੀ ਕੀਤੀ ਜਾਂਦੀ ਹੈ।

ਜਿੱਥੋਂ ਤਕ ਜਨਮ ਨਾਲ ਸੰਬੰਧਤ ਵਹਿਮਾਂ, ਭਰਮਾਂ ਦਾ ਸੰਬੰਧ ਹੈ ਉਹ ਵੀ ਸੰਸਕਾਰਾਂ ਵਾਂਙ ਮਿਲਦੇ ਜੁਲਦੇ ਹੀ ਹਨ। ਜੇਠੇ ਮੁੰਡੇ ਦੀ ਬਹੁਤ ਖ਼ੁਸ਼ੀ ਹੁੰਦੀ ਹੈ। ਜੌੜਿਆਂ ਦੀ ਕਿਧਰੇ ਵਿਚਾਰ ਮੰਨੀ ਜਾਂਦੀ ਹੈ ਤੇ ਕਿਧਰੇ ਨਹੀਂ। ਪਰ ਅਠਮਾਂਹੇ ਜੰਮਣ ਵਾਲੇ ਬੱਚੇ ਬਾਰੇ ਵਹਿਮ ਹੈ ਕਿ ਉਹ ਕਦੀ ਨਹੀਂ ਬਚਦਾ – ਅੱਠ ਦਿਨ, ਅੱਠ ਮਹੀਨੇ ਅੱਠ ਦਿਨ, ਜਾਂ ਅੱਠ ਸਾਲ ਅੱਠ ਮਹੀਨੇ ਅੱਠ ਦਿਨ ਦਾ ਹੋ ਕੇ ਮਰ ਜਾਂਦਾ ਹੈ। ਜੇ ਬਚ ਵੀ ਰਹੇ ਤਾਂ ਮਾਪਿਆਂ ਦੀ ਮੌਤ ਦਾ ਸੂਚਕ ਹੁੰਦਾ ਹੈ। ਅੱਠਵੇਂ ਮਹੀਨੇ ਦਾ ਜਨਮ ਪਰਛਾਵੇਂ ਦੇ ਕਾਰਨ ਮੰਨਿਆਂ ਜਾਂਦਾ ਹੈ ਇਸੇ ਕਰਕੇ ਗਰਭਵਤੀ ਇਸਤਰੀ ਕਦੀ ਅੱਠ ਦੀ ਗਿਣਤੀ ਨਹੀਂ ਗਿਣਦੀ। ਜਣੇਪੇ ਵਿਚ ਅੱਠ ਦਿਹਾੜੇ ਰਹਿੰਦੇ ਹੋਣਗੇ ਤਾਂ 'ਅਣਗਿਣਤ ਦਿਹਾੜੇ' ਦੱਸੇਗੀ। ਕਾਂਗੜੇ ਵਿਚ ਇਸ ਬੱਚੇ ਉੱਤੋਂ ਇਕ ਚਰਖਾ ਤਿੰਨ ਵਾਰੀ ਵਾਰ ਕੇ ਦਾਈ ਨੂੰ ਦੇ ਦਿੰਦੇ ਹਨ ਜਿਸ ਨਾਲ ਇਹ ਭਾਗਵਾਨ ਹੋ ਗਿਆ ਮੰਨਿਆਂ ਜਾਂਦਾ ਹੈ।

ਤਿੰਨ ਮੁੰਡਿਆਂ ਪਿੱਛੋਂ ਕੁੜੀ ਜਾਂ ਤਿੰਨ ਕੁੜੀਆਂ ਦੇ ਪਿੱਛੋਂ ਮੁੰਡਾ ਹੋਵੇ ਤਾਂ ਅਜੇਹੇ ਬੱਚੇ ਨੂੰ ਕੁਝ ਇਲਾਕਿਆਂ ਵਿਚ 'ਤੇਲੜ' ਤੇ ਕੁਝ ਵਿਚ 'ਤ੍ਰਿਖਾਲ' ਕਹਿੰਦੇ ਹਨ। ਇਹ ਬੱਚਾ ਵੀ ਅਭਾਗਾ ਸਮਝਦੇ ਹਨ ਅਤੇ ਵਹਿਮ ਕਰਦੇ ਹਨ ਕਿ ਇਸ ਦੇ ਜਨਮ ਤੋਂ ਪਿੱਛੋਂ ਘਰ ਨੂੰ ਅੱਗ ਲਗੇਗੀ, ਚੋਰੀ ਹੋਵੇਗੀ ਜਾਂ ਕਿਸੇ ਵਡਾਰੂ ਦੀ ਮੌਤ ਹੋਵੇਗੀ। ਇਸ ਲਈ ਜੰਮਦਿਆਂ ਸਾਰ ਹੀ ਇਸ ਨੂੰ ਥਾਲੀ ਫੋੜ ਕੇ ਉਸ ਦੇ ਵਿੱਚੋਂ ਜਾਂ ਦਿਹਲੀ ਪੁੱਟ ਕੇ ਉਸ ਦੇ ਥੱਲਿਉਂ ਲੰਘਾ ਦਿੰਦੇ ਹਨ। ਕਾਂਗੜੇ ਤੇ ਚੰਬੇ ਵਿਚ ਬ੍ਰਾਹਮਣ ਕੋਲੋਂ ਤ੍ਰਿਖਾਲ-ਸ਼ਾਸਤ੍ਰ ਪੜ੍ਹਾਉਂਦੇ ਹਨ ਅਤੇ ਕਈ ਥਾਵਾਂ ਤੇ ਤਵੀਤ ਸੋਨੇ ਵਿਚ ਮੜ੍ਹਾ ਕੇ ਬੱਚੇ ਦੇ ਗਲ ਵਿਚ ਪਾ ਦਿੰਦੇ ਹਨ।

ਮੰਗਲ ਜਾਂ ਕੱਤਕ ਦਾ ਜਾਇਆ ਵੀ ਅਭਾਗਾ ਸਮਝਿਆ ਜਾਂ ਹੈ। ਇਸ ਨੂੰ ਭਾਗਵਾਨ ਬਣਾਉਣ ਵਾਸਤੇ ਗ੍ਰਹਿ ਪੂਜੇ ਜਾਂਦੇ ਹਨ, ਦਾਨ ਕੀਤੇ ਜਾਂਦੇ ਹਨ।

ਜੇ ਪੱਤਰੀ ਬਣਾਉਣ ਵਾਲੇ ਪੰਡਤ ਗੰਢ ਮੂਲ, ਗ੍ਰਹਿਣ, ਪਰਛਾਵੇਂ ਆਦਿ ਦਾ ਭਰਮ ਪਾ ਦੇਣ ਤਾਂ ਮਾਂ ਸਵਾ ਮਹੀਨਾ ਬੱਚੇ ਨੂੰ ਆਪਣੀ ਗੋਦ ਵਿਚ ਨਹੀਂ ਲੈ ਸਕਦੀ ਅਤੇ ਪਿਤਾ ਉਸ ਦਾ ਮੂੰਹ ਵੀ ਨਹੀਂ ਵੇਖ ਸਕਦਾ। ਸਵਾ ਮਹੀਨੇ ਤੋਂ ਪਿੱਛੋਂ ਵੀ ਇਕ ਟੂਣਾ ਜਿਹਾ ਕਰ ਕੇ ਹੀ ਮੂੰਹ ਦਿਖਾਇਆ ਜਾਂਦਾ ਹੈ। ਇਹ ਟੂਣਾ ਦੁਆਬੇ ਵਿਚ ਇਸ ਤਰ੍ਹਾਂ ਹੈ। ਸੱਤਾਂ ਪਿੰਡਾਂ ਦੀਆਂ ਗੀਟੀਆਂ ਤੇ ਸੱਤਾਂ ਬਿਰਖਾਂ ਦੇ ਪੱਤੇ ਲਿਆ ਕੇ ਸੱਤਾਂ ਖੂਹਾਂ ਦਾ ਪਾਣੀ ਲਿਆਇਆ ਜਾਂਦਾ ਹੈ। ਬੱਚੇ ਦੇ ਮਾਤਾ ਪਿਤਾ ਨੂੰ ਚੌਂਕ ਪੂਰ ਕੇ, ਚੜ੍ਹਦੇ ਵੱਲ ਨੂੰ ਮੂੰਹ ਕਰਵਾ ਕੇ, ਬਿਠਾ ਲੈਂਦੇ ਹਨ। ਘੁਮਾਰਾਂ ਦਿਉਂ ਕੋਈ ਕੋਰਾ ਭਾਂਡਾ ਚੁੱਕ ਲਿਆਉਂਦੇ ਹਨ। ਸਾਰੀ ਸਮੱਗਰੀ ਲੋਹੇ ਦੀ ਛਾਣਨੀ ਵਿਚ ਪਾ ਕੇ ਪਾਣੀ ਦੇ ਸੱਤੇ ਘੜੇ, ਕੋਰੇ ਭਾਂਡੇ ਨਾਲ ਉਸ ਛਾਣਨੀ ਰਾਹੀਂ ਉਨ੍ਹਾਂ ਦੇ ਸਿਰ ਉੱਤੋਂ ਡੋਲ੍ਹਦੇ ਹਨ। ਉਸ ਤੋਂ ਪਿੱਛੋਂ ਬੱਚੇ ਦਾ ਪਿਤਾ ਪਿੱਪਲ ਨੂੰ ਗਲੋਟੇ ਦਾ ਕੱਚਾ ਧਾਗਾ ਬੰਨ੍ਹ ਕੇ ਪਰਕਰਮਾ ਲੈਂਦਾ ਹੈ ਤਾਂ ਕਿਧਰੇ ਮੂੰਹ ਵੇਖਦਾ ਹੈ ਅਤੇ ਮਾਂ ਉਸ ਨੂੰ ਗੋਦ ਵਿਚ ਲੈਂਦੀ ਹੈ। ਕਾਂਗੜੇ ਵਿਚ ਇਹ ਟੂਣਾ ਕੱਤਕ ਦੇ ਜੰਮੇ ਵਾਸਤੇ ਵੀ ਕੀਤਾ ਜਾਂਦਾ ਹੈ। ਨੂਰਪੁਰ ਵਿਚ ਮਾੜੇ ਨਛੱਤਰਾਂ ਵਾਲੇ ਬੱਚੇ ਨੂੰ ੧੦੦ ਮੋਰੀਆਂ ਵਾਲੇ ਭਾਂਡੇ ਵਿੱਚੋਂ ੧੦੮ ਬਿਰਖਾਂ ਦੇ ਪੱਤਿਆਂ ਤੇ ੧੦੮ ਪਿੰਡਾਂ ਦੀਆਂ ਗੀਟੀਆਂ ਰਾਹੀਂ ੧੦੮ ਖੂਹਾਂ ਦਾ ਪਾਣੀ ਪਾ ਕੇ ਨੁਹਾਉਂਦੇ ਹਨ। ਕਰਨਾਲ, ਕਾਂਗੜੇ ਤੇ ਰੋਹਤਕ ਵਿਚ ਖੂਹਾਂ, ਬਿਰਛਾਂ ਤੇ ਪਿੰਡਾਂ ਦੀ ਗਿਣਤੀ ੨੭ ਰੱਖੀ ਜਾਂਦੀ ਹੈ। ਜਿੰਨੇ ਇਹ ਅੰਕੜੇ ਹੋਣ ਓਨੇ ਹੀ ਬ੍ਰਾਹਮਣਾਂ ਨੂੰ ਰੋਟੀ ਖੁਆਈ ਜਾਂਦੀ ਹੈ। ਪਹਾੜੀ ਇਲਾਕਿਆਂ ਦੇ ਵਸਨੀਕ ਕਿਸੇ ਨਜ਼ਦੀਕੀ ਮੰਦਰ ਵਿਚ ਜਾ ਕੇ ਇਸੇ ਮਨੋਰਥ ਨਾਲ ਸੋਨੇ ਦੀਆਂ ਮੂਰਤੀਆਂ ਦਾ ਚੜ੍ਹਾਵਾ ਚੜ੍ਹਾਉਂਦੇ ਹਨ। ਮਾੜੇ ਨਛੱਤਰਾਂ ਵਾਲੇ ਲਈ ਮੂਰਤੀਆਂ ਦੀ ਗਿਣਤੀ ਪੰਜ, ਕੱਤਕ ਦੇ ਜੰਮੇ ਲਈ ਚਾਰ ਤੇ ਗ੍ਰਹਿਣੇ ਹੋਏ ਲਈ ਤਿੰਨ ਹੈ।

ਜੇ ਬੱਚਾ ਉੱਪਰਲੀਆਂ ਦੰਦੀਆਂ ਕੱਢੇ ਤਾਂ ਉਹ ਮਾਮੇ ਲਈ ਕਸ਼ਟ ਦਾ ਸੂਚਕ ਹੈ। ਵਹਿਮ ਨੂੰ ਦੂਰ ਕਰਨ ਵਾਸਤੇ ਬੱਚੇ ਦੇ ਮਾਮੇ ਨੂੰ ਸੱਦ ਲੈਂਦੇ ਹਨ। ਉਹ ਆਪਣੇ ਨਾਲ ਇਕ ਠੂਠੀ, ਇਕ ਚਾਂਦੀ ਜਾਂ ਤਾਂਬੇ ਦੀ ਕੌਲੀ, ਇਕ ਗਜ਼ ਕਪੜਾ, ਚਾਰ ਮੇਖਾਂ, ਸਵਾ ਸੇਰ ਚਾਉਲ ਤੇ ਸੱਤ ਪੈਸੇ ਲੈ ਕੇ ਆਉਂਦਾ ਹੈ ਅਤੇ ਪਿੰਡ ਦੇ ਬਸੀਮੇ (ਬੰਨੇ) ਤੇ ਆ ਬੈਠਦਾ ਹੈ। ਮੁੰਡੇ ਦੀ ਮਾਂ ਵੀ ਮੁੰਡੇ ਨੂੰ ਗੋਦ ਵਿਚ ਲੈ ਕੇ ਉੱਥੇ ਹੀ ਪਹੁੰਚ ਜਾਂਦੀ ਹੈ। ਮਾਮਾ ਆਪਣੀ ਭੈਣ ਨਾਲ ਨਹੀਂ ਬੋਲਦਾ ਅਤੇ ਠੂਠੀ ਚਬਾ ਕੇ ਬੱਚੇ ਦੇ ਮੂੰਹ ਵਿਚ ਬੁਰਕ ਦਿੰਦਾ ਹੈ। ਨਾਲ ਲਿਆਂਦੀ ਕੌਲੀ ਅਤੇ ਬਾਕੀ ਚੀਜ਼ਾਂ ਬਸੀਮੇ ਤੇ ਦੱਬ ਕੇ ਭੈਣ ਨਾਲ ਗੱਲ ਕੀਤੇ ਬਿਨਾਂ ਹੀ ਵਾਪਸ ਚਲਾ ਜਾਂਦਾ ਹੈ। ਇਹ ਵਹਿਮ ਦੁਆਬੇ ਵਿਚ ਵਧੇਰੇ ਹੈ।

ਨਜ਼ਰ ਟਪਾਰ ਤੋਂ ਬਚਾਉਣ ਲਈ ਬੱਚੇ ਦੀ ਕਲਾਈ ਨਾਲ ਦਾਣੇ ਜਾਂ ਗਲ ਵਿਚ ਸਾਧੂ ਬਾਵੇ ਦੀ ਸਿੰਗੀ ਤੇ ਕਿਸੇ ਸਿਆਣੇ ਦੇ ਬਿਬਾਨ ਤੋਂ ਸੋਟ ਦਾ ਪੈਸਾ ਚੁੱਕ ਕੇ ਪਾ ਦਿੰਦੇ ਹਨ। ਚੰਬੇ ਦੇ ਗੱਦੀ ਉਸ ਦੇਗਿੱਟੇ ਨੂੰ ਅੱਠਾਂ ਧਾਤਾਂ ਵਾਲਾ ਹਸ਼ਤਧਾਤਾ, ਸੱਤਾਂ ਅਨਾਜਾਂ ਵਾਲਾ ਸਤਿਆਰਾ ਜਾਂ ਸਤਨਾਜਾ ਅਤੇ ਕਲਾਈ ਨੂੰ ਸੂਰਜ ਗ੍ਰਹਿ, ਕੰਗਣ ਤੇ ਰਤਨ (ਰੱਤੀ) ਬੰਨ੍ਹਦੇ ਹਨ। ਜੇ ਨਜ਼ਰ ਲਗ ਹੀ ਜਾਵੇ ਤਾਂ ਤਿੰਨ, ਪੰਜ, ਜਾਂ ਸੱਤ ਮਿਰਚਾਂ ਛੁਹਾ ਕੇ ਬਲਦੀ ਅੱਗ ਵਿਚ ਸੁਟਦੇ ਹਨ, ਜਾਂ ਪਰਾਤ ਦੇ ਪਾਣੀ ਵਿਚ ਚਿਮਟਾ ਭੁਕਨਾ ਧੋ ਕੇ ਉਸ ਪਾਣੀ ਦੀਆਂ ਸੱਤ ਛਿੱਟਾਂ ਬੱਚੇ ਦੀਆਂ ਅੱਖਾਂ ਵਿਚ ਮਾਰਦੇ ਹਨ। ਜਾਂ ਫੇਰ ਜਿਸ ਕਿਸੇ ਦੀ ਨਜ਼ਰ ਲੱਗੀ ਹੋਵੇ ਉਸ ਦੇ ਪੈਰ ਦੀ ਮਿੱਟੀ ਚੁੱਕ ਕੇ ਚੁਲ੍ਹੇ ਵਿਚ ਸੁੱਟ ਦਿੰਦੇ ਹਨ।

ਜੇ ਕਿਸੇ ਇਸਤਰੀ ਦੇ ਔਲਾਦ ਨਾ ਹੁੰਦੀ ਹੋਵੇ ਤਦ ਵੀ ਕਈ ਟੂਣੇ ਕੀਤੇ ਜਾਂਦੇ ਹਨ ਤੇ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਮਾਝੇ ਵਿਚ ਅਜੇਹੀਆਂ ਜ਼ਨਾਨੀਆਂ ਛਿਹਰਟੇ ਜਾ ਕੇ ਅਸ਼ਨਾਨ ਕਰਦੀਆਂ ਹਨ ਅਤੇ ਝਬਾਲ ਦੇ ਲਾਗੇ ਬਾਬੇ ਬੁੱਢੇ ਦੀ ਬੀੜ, ਮਿੱਸੀ ਰੋਟੀ ਉੱਤੇ ਗੰਢਾ ਅਤੇ ਲੱਸੀ ਦਾ ਭਾਂਡਾ ਸਿਰ ਉੱਤੇ ਰੱਖ ਕੇ ਨੰਗੇ ਪੈਰੀਂ ਜਾਂਦੀਆਂ ਹਨ,

(ਐਨ ਉਸੇ ਤਰ੍ਹਾਂ ਜਿਵੇਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਘਰੋਂ ਮਾਤਾ ਗੰਗਾ ਜੀ ਗਏ ਸਨ ।)

ਜਿਸ ਕਿਸੇ ਦੀ ਔਲਾਦ ਬਚਦੀ ਨਾ ਹੋਵੇ ਉਹ ਦੂਖ-ਨਿਵਾਰਨ (ਪਟਿਆਲਾ) ਦੇ ਸਰੋਵਰ ਵਿਚ ਨਹਾਉਂਦੀ ਹੈ । ਚੰਬੇ ਵਿਚ ਇਸੇ ਮਨੋਰਥ ਵਾਸਤੇ ਮਰੇ ਹੋਏ ਬੱਚੇ ਦੀ ਕਬਰ ਉੱਤੇ ਘਾਟ ਨਹਾਉਣ ਜਾਂ 'ਸ਼ਮਸ਼ਾਨ ਵਿਚ ਸ਼ਮਸ਼ਾਨ ਨਹਾਉਣ' ਵੀ ਕਰਦੀਆਂ ਹਨ । ਹਰਿਆਣੇ ਵਿਚ ਪਿੰਡ ਦੇ ਦਿਉਤੇ ਭੂਮੀਏ ਅਤੇ ਚੰਬੇ ਵਿਚ ਕੈਥੂ ਨੂੰ ਚੜ੍ਹਾਵੇ ਚੜ੍ਹਾਏ ਜਾਂਦੇ ਹਨ; ਜੇ ਇਹ ਰੀਝ ਜਾਣ ਤਾਂ ਔਲਾਦ ਬਚ ਰਹਿੰਦੀ ਹੈ । ਚੰਬੇ ਵਿਚ ਪੰਜਾਂ ਪੀਰਾਂ ਤੇ ਪੱਥਰ ਵਾਲੀਆਂ ਦੀ ਸਮਾਧੀ ਵੀ ਇਸੇ ਭਰਮ ਤੋਂ ਪੂਜੀ ਜਾਂਦੀ ਹੈ । ਉੱਥੇ ਸਤੀਆਂ ਦੀਆਂ ਸਮਾਧੀਆਂ ਵੀ ਇਸੇ ਤਰ੍ਹਾਂ ਵਰਤੀਆਂ ਜਾਂਦੀਆਂ ਹਨ । ਰਾਵਲਪਿੰਡੀ ਦੇ ਵਸਨੀਕ ਸ਼ਾਹ-ਚੰਨ-ਚਿਰਾਗ਼ ਨੂੰ, ਸੈਦਪੁਰ ਦੇ ਕੁੰਡਾਂ ਨੂੰ ਅਤੇ ਕੋਹਮਰੀ ਦੇ ਪੰਜਾਂ ਪਾਂਡਵਾਂ ਨੂੰ ਇਸੇ ਤਰ੍ਹਾਂ ਮੰਨਦੇ ਸਨ ।

ਹਰ ਪਿੰਡ ਜਾਂ ਸ਼ਹਿਰ ਵਿਚ ਮਾਤਾ ਦੇ ਡਰ ਤੋਂ ਮਾਤਾਰਾਣੀ ਦੇ ਗੁਲਗੁਲੇ ਚੜ੍ਹਾਏ ਜਾਂਦੇ ਸਨ ਅਤੇ ਸੋਕੇ ਦੀ ਅਵਸਥਾ ਵਿਚ ਲਗਾਤਾਰ ਤਿੰਨ ਸਨਿੱਚਰਵਾਰ ਬੱਚੇ ਦਾ ਤੋਲ ਕਰਾ ਕੇ ਤੋਲ ਬਰਾਬਰ ਦਾਣੇ ਅਚਾਰਜ ਨੂੰ ਦੇ ਦਿੱਤੇ ਜਾਂਦੇ ਹਨ ।

ਚੰਬੇ ਵਿਚ ਬੱਚੇ ਨੂੰ ਪਹਿਲੇ ਨੌਂ ਮਹੀਨੇ ਤਕ ਘਰੋਂ ਬਾਹਰ ਨਹੀਂ ਨਿਕਲਣ ਦਿੰਦੇ ਅਤੇ ਇਸ ਤੋਂ ਪਿੱਛੋਂ ਬੱਚਾ ਆਪਣੇ ਕੋਲ ਅਰਗ (ਗੋਲ ਮੰਨ), ਬਕਰੂ (ਚੌਰਸ ਰੋਟ), ਕੁਝ ਟਕੇ ਅਤੇ ਚਕਲੀਆਂ (ਰਿਆਸਤੀ ਸਿੱਕੇ) ਲੈ ਕੇ ਕਿਸੇ ਧਰਮ-ਸਥਾਨ ਤੇ ਜਾਂਦਾ ਹੈ । ਮੁੰਡਾ ਹੋਵੇ ਤਾਂ ਸੂਰਜ ਵੱਲ ਨੂੰ ਅਖ਼ਰੋਟ ਸੁੱਟਦਾ ਹੈ, ਔਰਤਾਂ ਇਨ੍ਹਾਂ ਨੂੰ ਭੱਜ ਕੇ ਚੁੱਕਦੀਆਂ ਹਨ ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਜਿਹੜੀ ਚੁੱਕੇਗੀ, ਉਸ ਨੂੰ ਮੁੰਡਾ ਹੋਵੇਗਾ । ਮੁੰਡਾ ਹੋਵੇ ਤਾਂ ਵੱਛਾ, ਕੁੜੀ ਹੋਵੇ ਤਾਂ ਵੱਛੀ ਦੀ ਛੋਡ ਵੀ ਕਰਾਉਂਦੇ ਹਨ । ਇਸ ਤੋਂ ਪਿੱਛੋਂ ਪ੍ਰੋਹਤ ਨੂੰ ਰੋਟੀ ਖੁਆਈ ਜਾਂਦੀ ਹੈ । ਫੇਰ ਕਿਧਰੇ ਮੁੰਡੇ ਨੂੰ ਘਰੋਂ ਬਾਹਰ ਆਉਣ ਜਾਣ ਦੀ ਖੁਲ੍ਹ ਹੁੰਦੀ ਹੈ ।

ਓਥੇ ਅੰਨ ਪ੍ਰਸਾਣ ਦੀ ਵੀ ਰੀਤ ਹੈ । ਨੀਅਤ ਦਿਨ ਉੱਤੇ ਬੱਚੇ ਦੇ ਸਾਹਮਣੇ ਦਾਤ, ਕੁਦਾਲ, ਕਾਗ਼ਜ਼ ਤੇ ਖੀਰ ਰੱਖ ਦਿੰਦੇ ਹਨ । ਬੱਚਾ ਉਨ੍ਹਾਂ ਵਿੱਚੋਂ ਕਿਸੇ ਇਕ ਚੀਜ਼ ਨੂੰ ਛੂੰਹਦਾ ਹੈ । ਇਸ ਦੇ ਅਨੁਸਾਰ ਹੀ ਉਸ ਦੇ ਪੇਸ਼ੇ ਦੀ ਸਫ਼ਲਤਾ ਦਾ ਅਨੁਮਾਨ ਲਾਇਆ ਜਾਂਦਾ ਹੈ; ਜੇ ਦਾਤ ਛੋਹੇ ਤਾਂ ਆਜੜੀ, ਕੁਦਾਲ ਛੋਹੇ ਤਾਂ ਜੱਟ, ਕਾਗ਼ਜ਼ ਛੋਹੇ ਤਾਂ ਪੜ੍ਹਾਕੂ ਅਤੇ ਖੀਰ ਛੋਹੇ ਤਾਂ ਪੇਟੂ ਬਣੇਗਾ ।

ਪਰ ਇਹ ਸਾਰੇ ਟੂਣੇ, ਸਾਰੇ ਚਾਉ ਮਲ੍ਹਾਰ ਤੇ ਰਸਮਾਂ ਰੀਤਾਂ ਮੁੰਡਿਆਂ ਲਈ ਹੀ ਕੀਤੀਆਂ ਜਾਂਦੀਆਂ ਹਨ । ਧੀ ਜੰਮਦੀ ਹੈ ਤਾਂ ਮਾਪਿਆਂ ਦੇ ਭਾ ਦਾ ਪਹਾੜ ਡਿਗ ਪੈਂਦਾ ਹੈ । ਨਾ ਕੋਈ ਵਧਾਈ ਦਿੰਦਾ ਹੈ ਤੇ ਨਾ ਹੀ ਕਿਸੇ ਨੂੰ ਲੱਡੂ ਵੰਡੇ ਜਾਂਦੇ ਹਨ । ਬੀਮਾਰ ਹੋਵੇ ਤਾਂ ਉਸ ਨੂੰ ਬਚਾਉਣ ਦੇ ਜਤਨ ਬੜੇ ਘਟ ਕੀਤੇ ਜਾਂਦੇ ਸਨ । ਪੁਰਾਣੇ ਸਮੇਂ ਵਿਚ ਤਾਂ ਜਿੱਥੋਂ ਤਕ ਹੋ ਸਕੇ ਕੁੜੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ । ਮਾਪੇ ਗਲ ਘੁੱਟ ਕੇ ਉਸ ਨੂੰ ਦੱਬਣ ਤੁਰ ਪੈਂਦੇ ਸਨ ਅਤੇ ਆਪਣੇ ਨਾਲ ਗੁੜ ਦੀ ਰੋੜੀ ਤੇ ਪੂਣੀ ਲੈ ਜਾਂਦੇ ਸਨ । ਗੁੜ ਉਸ ਦੇ ਮੂੰਹ ਉੱਤੇ ਰੱਖ ਕੇ ਤੇ ਪੂਣੀ ਉਸ ਦੇ ਹੱਥ ਵਿਚ ਦੇ ਕੇ ਉਸ ਨੂੰ ਕਬਰ ਵਿਚ ਲਿਟਾ ਦਿੰਦੇ ਸਨ ਤੇ ਕਹਿੰਦੇ ਸਨ :

ਗੁੜ ਖਾਵੀਂ, ਪੂਣੀ ਕੱਤੀਂ, ਆਪ ਨਾ ਆਵੀਂ ਵੀਰੇ ਨੂੰ ਘੱਤੀਂ ।

ਧੀਆਂ ਦਾ 'ਨਾਮ-ਕਰਨ ਸੰਸਕਾਰ' ਵੀ ਕੋਈ ਨਹੀਂ ਹੁੰਦਾ, 'ਕੰਨ-ਵਿੱਧ ਸੰਸਕਾਰ' ਵੀ ਨਾਂ ਮਾਤਰ ਹੀ ਹੁੰਦਾ ਹੈ । ਕੋਈ ਵਣਜਾਰਾ ਵੰਗਾਂ ਚੜ੍ਹਾਉਣ ਆਵੇ ਤਾਂ ਕੰਨ ਵਿੰਨ੍ਹ ਜਾਂਦਾ ਹੈ । ਕੁੜੀਆਂ ਉਸ ਨੂੰ ਗੁੜ ਦੀ ਰੋੜੀ ਤੇ ਦੋ ਪੈਸੇ ਆਪਣੀ ਮਾਂ ਤੋਂ ਲੈ ਕੇ ਦਿੰਦੀਆਂ ਹਨ । ਹਾਲੀ ਕੁੜੀ ਹੋਸ਼ ਵੀ ਨਹੀਂ ਸੰਭਾਲਦੀ ਕਿ ਮਾਪੇ ਉਸ ਦੀ ਸ਼ਾਦੀ ਦਾ ਫ਼ਿਕਰ ਕਰਨ ਲਗ ਜਾਂਦੇ ਹਨ । ਕਈ ਵਾਰੀ ਤਾਂ ਕੁੜੀਆਂ ਨੂੰ ਕੁੱਛੜ ਚੁੱਕ ਕੇ ਵੀ ਫੇਰੇ ਦਿੱਤੇ ਜਾਂਦੇ ਸਨ । ਵੰਡ ਤੋਂ ਪਹਿਲਾਂ ਵਿਆਹ ਸਮੇਂ ਕੁੜੀ ਦੀ ਔਸਤ ਉਮਰ ੫–੧੦ ਸਾਲ ਹੀ ਹੁੰਦੀ ਸੀ । ਬਾਰਾਂ ਸਾਲ ਦੀ ਕੁੜੀ ਨੂੰ ਤਾਂ ਪੂਰੀ ਜਵਾਨ ਸਮਝਦੇ ਸਨ । ਪੰਜਾਬ ਦੇ ਲੋਕ-ਗੀਤਾਂ ਵਿਚ ਵੀ ਇਸ ਦਾ ਜ਼ਿਕਰ ਆਉਂਦਾ ਹੈ :–

ਬਾਰਾਂ ਸਾਲ ਦੀ ਹੋ ਗਈ ਜੈਕੁਰ, ਬਰਸ ਤੇਰ੍ਹਵਾਂ ਚੜ੍ਹਿਆ।
ਘੁੰਮ ਘੁੰਮਾ ਕੇ ਚੜ੍ਹੀ ਜਵਾਨੀ, ਨਾਗ ਇਸ਼ਕ ਦਾ ਲੜਿਆ।
ਪਿਉ ਉਹਦੇ ਨੂੰ ਪਤਾ ਲੱਗਿਆ, ਘਰ ਪੰਡਤਾਂ ਦੇ ਵੜਿਆ।
ਪੱਤਰੀ ਖੁਲ੍ਹਾ ਕੇ ਮੁੰਡਾ ਟੋਲਿਆ, ਦਾਨ ਦਿੱਤਾ ਜੋ ਸਰਿਆ।
ਮਿੱਤਰਾਂ ਨੂੰ ਫ਼ਿਕਰ ਪਿਆ, ਵਿਆਹ ਜੈਕੁਰ ਦਾ ਧਰਿਆ।
ਅਗਲੀ ਪੁੰਨਿਆਂ ਦਾ........................

ਜਿੱਥੋਂ ਤਕ ਵਰ ਦੀ ਚੋਣ ਵਿਚ ਕੁੜੀ ਦੀ ਮਰਜ਼ੀ ਦਾ ਸੰਬੰਧ ਹੈ ਕਾਂਗੜੇ ਦੇ ਗੱਦੀਆਂ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਵਿਚ ਉਸ ਨੂੰ ਕੋਈ ਨਹੀਂ ਪੁੱਛਦਾ। ਪੰਜਾਬ ਦੇ ਕੁਝ ਕੁ ਬਾਜ਼ੀਗਰ ਵਰ ਦੀ ਚੋਣ ਲਈ ਖੇਡਾਂ ਦਾ ਮੁਕਾਬਲਾ ਕਰਾਉਂਦੇ ਹਨ ਅਤੇ ਜਿੱਤਣ ਵਾਲੇ ਨੂੰ ਧੀ ਦਿੱਤੀ ਜਾਂਦੀ ਹੈ। ਚਾਰ ਦਹਾਕੇ ਪਹਿਲਾਂ ਤਾਂ ਮੁੰਡਿਆਂ ਨੂੰ ਨਾਈ, ਬ੍ਰਾਹਮਣ ਹੀ ਲੱਭਣ ਜਾਂਦੇ ਸਨ; ਜਿਹਾ ਵਰ ਉਹ ਲੱਭ ਲਿਆਉਣ, ਸਿਰ ਮੱਥੇ ਤੇ। ਕੁਝ ਚਿਰ ਤੋਂ ਮਾਪੇ ਅਤੇ ਅੰਗ ਸਾਕ ਨਾਤੇ ਵਿਚ ਹਿੱਸਾ ਲੈਣ ਲਗ ਗਏ ਹਨ। ਪੜ੍ਹੇ ਲਿਖੇ ਘਰਾਣਿਆਂ ਵਿਚ ਮੁੰਡੇ ਕੁੜੀ ਨੂੰ ਇਕ ਦੂਜੇ ਨਾਲ ਬੈਠ ਕੇ ਗੱਲ ਕਰਨ ਦੀ ਖੁਲ੍ਹ ਵੀ ਹੋ ਗਈ ਹੈ, ਇੱਥੋਂ ਤਕ ਕਿ ਸ਼ਹਿਰਾਂ ਵਿਚ ਤਾਂ ਪ੍ਰੇਮ-ਵਿਆਹ ਵੀ ਪਰਵਾਨ ਹੋਣ ਲਗ ਗਏ ਹਨ। ਪਹਾੜਾਂ ਦੇ ਗੱਦੀ, ਰਾਜਪੂਤ, ਭੱਟੀ, ਠਾਕੁਰ ਤੇ ਬ੍ਰਾਹਮਣ ਕੁੜੀ ਦੇ ਘਰ ਜਾ ਕੇ ਹੀ ਸ਼ਗਨ ਪੁਆਉਂਦੇ ਹਨ। ਜਦ ਘਰ ਦੀਆਂ ਇਸਤਰੀਆਂ ਵੇਖ ਪਰਖ ਕੇ ਕੁੜੀ ਪਸੰਦ ਕਰ ਲੈਂਦੀਆਂ ਹਨ ਤਾਂ ਮੁੰਡੇ ਵਾਲਾ ਆਪਣਾ ਨਾਈ ਕੁੜੀ ਦੇ ਪਿਤਾ ਕੋਲ ਭੇਜ ਦਿੰਦਾ ਹੈ। ਜੇ ਕੁੜੀ ਵਾਲੇ ਨੂੰ ਮਨਜ਼ੂਰ ਹੋਵੇ ਤਾਂ ਉਹ ਨਾਤਾ ਪਰਵਾਨ ਕਰ ਲੈਂਦਾ ਹੈ। ਕਈ ਥਾਂਈਂ ਏਸ ਅਮਲ ਨੂੰ 'ਰੋਕਣਾ' ਜਾਂ 'ਠਾਕਣਾ' ਕਹਿੰਦੇ ਹਨ। ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇਕ ਰੁਪਈਆ ਭੇਜ ਦਿੰਦੇ ਹਨ ਜਿਸ ਦਾ ਭਾਵ ਇਹ ਹੁੰਦਾ ਹੈ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ। ਪਰ ਹੁਣ ਇਸ ਦਾ ਰਿਵਾਜ ਹਟ ਰਿਹਾ ਹੈ।

ਨਾਤਾ ਤੈ ਕਰਨਾ ਏਨਾ ਸੌਖਾ ਵੀ ਨਹੀਂ, ਇਸ ਵਿਚ ਕਈ ਗੱਲਾਂ ਵੇਖਣ ਵਾਲੀਆਂ ਹੁੰਦੀਆਂ ਹਨ। ਮੁੰਡੇ ਕੁੜੀ ਦੀ ਜਾਤ ਇਕ ਹੋਣੀ ਚਾਹੀਦੀ ਹੈ। ਬ੍ਰਾਹਮਣ ਦਾ ਵਿਆਹ ਬ੍ਰਾਹਮਣੀ ਨਾਲ ਹੀ ਹੋ ਸਕਦਾ ਹੈ ਤੇ ਖੱਤਰੀ ਦਾ ਖਤਰਾਣੀ ਨਾਲ, ਆਦਿ। ਜਿਹੜਾ ਰਿਵਾਜ ਵਰ ਦੀ ਚੋਣ ਨੂੰ ਹੋਰ ਵੀ ਸੀਮਿਤ ਕਰਦਾ ਹੈ, ਉਹ ਸਗੋਤ੍ਰੇ ਵਿਆਹ ਦੀ ਮਨਾਹੀ ਹੈ। ਗੋਤਾਂ ਦੀ ਛੋਟ ਕਿਧਰੇ ਘਟ ਹੈ ਤੇ ਕਿਧਰੇ ਵਧੀਕ, ਪਰ ਹੈ ਸਾਰੇ ਪੰਜਾਬ ਵਿਚ। ਪਹਿਲਾਂ ਤਾਂ ਦੋਹਾਂ ਧਿਰਾਂ ਦੇ ਚਾਰ ਚਾਰ ਗੋਤ ਛੱਡਦੇ ਹੁੰਦੇ ਸਨ। ਮੁੰਡਾ ਲੱਭਣਾ ਹੋਵੇ ਤਾਂ ਉਸ ਦਾ ਗੋਤ ਕੁੜੀ ਦੀ ਮਾਂ, ਪਿਉ, ਨਾਨੀ ਤੇ ਦਾਦੀ ਵਾਲਾ ਨਹੀਂ ਹੋ ਸਕਦਾ। ਕਾਂਗੜੇ ਦੇ ਰਾਜਪੂਤਾਂ ਵਿਚ ਰੀਤ ਹੈ ਕਿ ਗੋਤ ਆਦਿ ਸਭ ਕੁਝ ਮਿਲ ਜਾਣ ਤੇ ਵੀ ਆਪਣੀ ਧੀ ਆਪਣੇ ਤੋਂ ਨੀਵੀਂ ਸਮਾਜਕ ਸ਼੍ਰੇਣੀ ਵਿਚ ਨਹੀਂ ਦਿੰਦੇ।

ਵਰ ਲੱਭ ਕੇ ਨਾਤਾ ਤੈ ਹੋ ਜਾਣ ਤੋਂ ਪਿੱਛੋਂ ਕੇਂਦਰੀ ਪੰਜਾਬ ਤੇ ਹਰਿਆਣੇ ਵਿਚ 'ਕੁੜਮਾਈ' ਜਾਂ 'ਸਗਾਈ' ਦੀ ਰਸਮ ਕੁਝ ਏਸ ਤਰ੍ਹਾਂ ਹੈ। ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਈਆ, ਪੰਜ ਮਿਸਰੀ ਦੇ ਕੂਜ਼ੇ, ਪੰਜ ਛੁਹਾਰੇ, ਕੇਸਰ, ਆਦਿ ਦੇ ਕੇ ਮੁੰਡੇ ਦੇ ਘਰ ਨੂੰ ਘੱਲ ਦਿੰਦੇ ਹਨ। ਮੁੰਡੇ ਵਾਲਿਆਂ ਨੇ ਰਿਸ਼ਤੇਦਾਰਾਂ ਤੇ ਸ਼ਰੀਕੇ ਵਿਚ ਸੱਦਾ ਭੇਜਿਆ ਹੁੰਦਾ ਹੈ। ਮੁੰਡੇ ਦੇ ਮਾਮੇ, ਪਿਤਾ ਅਤੇ ਪੰਚਾਇਤ ਦੀ ਹਜ਼ੂਰੀ ਵਿਚ ਮੁੰਡੇ ਨੂੰ ਚੌਂਕੀ ਤੇ ਬਿਠਾ ਲੈਂਦੇ ਹਨ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜ਼ਾਂ ਉਸ ਦੀ ਝੋਲੀ ਵਿਚ ਪਾ ਕੇ ਕੇਸਰ ਦਾ ਟਿੱਕਾ ਉਸ ਦੇ ਮੱਥੇ ਉੱਤੇ ਲਾ ਦਿੰਦਾ ਹੈ। ਕੁੜੀ ਦਾ ਬਾਪ ਜਾਂ ਵਿਚੋਲਾ ਪੱਲੇ ਵਾਲੀਆਂ ਚੀਜ਼ਾਂ ਵਿੱਚੋਂ ਇਕ ਛੁਹਾਰਾ ਤੇ ਮਿਸਰੀ ਮੁੰਡੇ ਦੇ ਮੂੰਹ ਵਿਚ ਪਾ ਦਿੰਦਾ ਹੈ। ਬਾਕੀ ਛੁਹਾਰੇ ਮੁੰਡੇ ਦੇ ਅਜੇਹੇ ਹਾਣੀਆਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਛੇਤੀ ਹੀ ਮੰਗਣੀ ਹੋਣ ਦੀ ਆਸ ਹੋਵੇ। ਭਾਈਚਾਰੇ ਦੀਆਂ ਇਸਤਰੀਆਂ ਇਕ ਇਕ ਰੁਪਈਆ ਤੇ ਠੂਠੀ ਵਾਰ ਕੇ ਮੁੰਡੇ ਦੀ ਝੋਲੀ ਵਿਚ ਪਾਉਂਦੀਆਂ ਹਨ। ਮੁੰਡੇ ਦਾ ਮਾਮਾ ਉਸ ਨੂੰ ਚੁੱਕ ਕੇ ਚੌਂਕੀ ਤੋਂ ਉਤਾਰ ਲੈਂਦਾ ਹੈ। ਨਾਈ ਨੂੰ ਲਾਗ ਤੇ ਖ਼ਰਚਾ ਦੇ ਕੇ ਵਿਦਾ ਕਰ

ਦਿੰਦੇ ਹਨ ।

ਮੁੰਡੇ ਵਾਲੇ ਨਾਈ ਦੇ ਹੱਥ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮਹਿੰਦੀ, ਮੌਲੀ, ਖੰਡ, ਚਾਉਲ, ਛੁਹਾਰੇ ਤੇ ਰੁਪਈਏ ਆਦਿ ਘੱਲਦੇ ਹਨ । ਕੁੜੀ ਆਪਣੇ ਘਰ ਨਹਾ ਧੋ, ਜੁੱਤੀ, ਕਪੜੇ ਤੇ ਲਾਲ ਪਰਾਂਦੀ ਪਹਿਨ ਕੇ ਚੜ੍ਹਦੇ ਵਲ ਮੂੰਹ ਕਰ ਕੇ ਪੀੜ੍ਹੇ ਤੇ ਬੈਠ ਜਾਂਦੀ ਹੈ । ਪਿੰਡ ਦੀ ਨਾਇਣ ਸਹੁਰਿਆਂ ਦੇ ਭੇਜੇ ਰੁਪਈਏ ਉਸ ਦੀ ਝੋਲੀ ਵਿਚ ਪਾ ਕੇ ਖੰਡ ਛੁਹਾਰਾ ਉਸ ਦੇ ਮੂੰਹ ਵਿਚ ਪਾ ਦਿੰਦੀ ਹੈ । ਇਸ ਤਰ੍ਹਾਂ ਉਸ ਦੀ ਵੀ ਸਗਾਈ ਹੋ ਜਾਂਦੀ ਹੈ । ਲਾਲ ਪਰਾਂਦੀ ਉਸ ਦੀ ਸਗਾਈ ਦੀ ਨਿਸ਼ਾਨੀ ਹੁੰਦੀ ਹੈ, ਇਸ ਨੂੰ ਕੁੜੀ ਓਨਾ ਚਿਰ ਨਹੀਂ ਲਾਹੁੰਦੀ ਜਿੰਨਾ ਚਿਰ ਕਿ ਇਹ ਟੁੱਟ ਨਹੀਂ ਜਾਂਦੀ । ਸਹੁਰਿਆਂ ਵੱਲੋਂ ਆਏ ਚਾਉਲ ਉਸ ਨੂੰ ਤੇ ਉਸ ਦੀਆਂ ਕੁਆਰੀਆਂ ਸਹੇਲੀਆਂ ਨੂੰ ਖੁਆਉਂਦੇ ਹਨ । ਥੋੜ੍ਹੇ ਥੋੜ੍ਹੇ ਸ਼ਗਨਾਂ ਦੇ ਚਾਉਲ ਭਾਈਚਾਰੇ ਵਿਚ ਵੀ ਵੰਡੇ ਜਾਂਦੇ ਹਨ । ਪਹਾੜਾਂ ਦੇ ਗੱਦੀਆਂ, ਰਾਜਪੂਤਾਂ ਤੇ ਬ੍ਰਾਹਮਣਾਂ ਦੀ ਕੁੜਮਾਈ ਦਾ ਸਭ ਤੋਂ ਵੱਡਾ ਲੱਛਣ ਇਹ ਹੈ ਕਿ ਉੱਥੇ ਕੁੜਮਾਈ ਕੁੜੀ ਦੇ ਘਰ ਹੁੰਦੀ ਹੈ । ਮੁੰਡੇ ਦਾ ਪਿਤਾ, ਮੁੰਡਾ, ਨਾਈ, ਵਿਚੋਲਾ, ਪ੍ਰੋਹਤ ਅਤੇ ਭਾਈਚਾਰੇ ਦੇ ਪਤਵੰਤੇ ਸੱਜਣ ਚੱਲ ਕੇ ਕੁੜੀ ਵਾਲੇ ਦੇ ਘਰ ਪਹੁੰਚ ਜਾਂਦੇ ਹਨ । ਉੱਥੇ ਉਹ ਖਾਣਾ ਖਾਂਦੇ ਤੇ ਰਾਤ ਰਹਿੰਦੇ ਹਨ । ਕੁੜੀ ਦਾ ਪਿਉ ਮੁੰਡੇ ਨੂੰ ਸ਼ਗਨ ਤੇ ਜਨੇਊ ਪਾਉਂਦਾ ਹੈ । ਕੁੱਲੂ ਵਿਚ ਕੁੜੀ ਤੋਂ ਗਣੇਸ਼ ਦੀ ਪੂਜਾ ਵੀ ਕਰਾਈ ਜਾਂਦੀ ਹੈ ।

ਮੰਗਣੀ ਨਾਲ ਨਾਤਾ ਪੱਕਾ ਹੋ ਜਾਂਦਾ ਹੈ, ਖ਼ਾਸ ਕਰਕੇ ਮੁੰਡੇ ਵਾਲਿਆਂ ਲਈ, ਕਿਉਂਕਿ ਕੁੜੀ ਉਨ੍ਹਾਂ ਦੀ ਹੋ ਜਾਂਦੀ ਹੈ । ਜੇ ਮੁੰਡਾ ਮਰ ਵੀ ਜਾਵੇ ਤਾਂ ਮਾਪੇ ਉਸ ਨੂੰ ਮੁੰਡੇ ਦੇ ਛੋਟੇ ਭਰਾ ਨਾਲ ਵਿਆਹ ਲਿਆਉਂਦੇ ਹਨ । ਜੇ ਕੁੜੀ ਮਰ ਜਾਵੇ ਤਾਂ ਮੁੰਡਾ ਉਸ ਦੀ ਛੋਟੀ ਭੈਣ ਨੂੰ ਵਿਆਹ ਲਿਆਉਂਦਾ ਹੈ । ਦੋਹਾਂ ਹਾਲਤਾਂ ਵਿਚ ਉਹੀ ਹੁੰਦਾ ਹੈ ਜੋ ਕੁਝ ਮੁੰਡੇ ਵਾਲੇ ਚਾਹੁਣ । ਕੁੜੀ ਵਾਲਿਆਂ ਦੀ ਕੋਈ ਮਰਜ਼ੀ ਨਹੀਂ ਹੁੰਦੀ ।

ਕੁੜਮਾਈ ਤੋਂ ਵਿਆਹ ਤਕ ਕੋਈ ਖ਼ਾਸ ਰਸਮ ਨਹੀਂ ਹੁੰਦੀ । ਮੁੰਡੇ ਦਾ ਸਹੁਰਾ ਉਸ ਨੂੰ ਕਿਧਰੇ ਗਲੀ ਬਜ਼ਾਰ ਜਾਂ ਸ਼ਹਿਰ ਵਿਚ ਮਿਲ ਜਾਵੇ ਤਾਂ ਕੁਝ ਨਾ ਕੁਝ ਪੈਸੇ ਜਾਂ ਤੁਹਫ਼ਾ ਦੇ ਜਾਂਦਾ ਹੈ । ਹਾਂ, ਮੁਲਤਾਨ ਵਿਚ ਇਕ ਬੜਾ ਦਿਲਚਸਪ ਰਿਵਾਜ ਸੀ ਕਿ ਕੁੜਮਾਈ ਤੋਂ ਪਿੱਛੋਂ ਦੋਵੇਂ ਕੁੜਮ ਮਿਲਣ ਤਾਂ ਇਕ ਦੂਜੇ ਨੂੰ ਸਲਾਮ ਤਕ ਨਹੀਂ ਸਨ ਕਹਿੰਦੇ ਅਤੇ ਨਾ ਹੀ ਇਕ ਦੂਜੇ ਨਾਲ ਬੋਲਦੇ ਸਨ । ਅਜੇਹਾ ਰਿਸ਼ਤਾ ਪੈਦਾ ਕਰਨ ਵਾਸਤੇ ਇਕ ਖ਼ਾਸ ਰੀਤ ਸੀ ਕਿ ਕੁੜੀ ਦਾ ਪਿਤਾ ਮੁੰਡੇ ਦੇ ਘਰ ਜਾ ਕੇ ਉਸ ਦੇ ਪਿਉ ਦੀ ਥਾਲੀ ਵਿਚ ਇਕ ਤੋਂ ਪੰਜ ਤਕ ਰੁਪਏ ਰੱਖ ਕੇ ਰਸਮੀ 'ਰਾਮਸੱਤ' ਕਹਿ ਕੇ ਆਉਂਦਾ ਸੀ । ਇਸ ਤੋਂ ਪਿੱਛੋਂ ਉਹ ਇਕ ਦੂਜੇ ਨਾਲ ਬੋਲ ਤੇ ਮਿਲ ਸਕਦੇ ਸਨ ।

ਸਾਡੇ ਵਿਆਹ-ਸੰਸਕਾਰ ਸਾਡੇ ਗ੍ਰਿਹਸਥ ਅਤੇ ਸਮਾਜੀ ਜੀਵਨ ਦਾ ਸ਼ੀਸ਼ਾ ਹਨ । ਪੁੰਨ, ਵੱਟਾ, ਟਕਾ, ਕਰੇਵਾ, ਝੀਂਡ, ਢੂਕ, ਆਦਿ ਅਨੇਕ ਕਿਸਮ ਦੇ ਵਿਆਹ ਹਨ । ਪੁੰਨ ਦਾ ਵਿਆਹ ਅਸਲੀ ਵਿਆਹ ਹੈ ਜਿਸ ਨੂੰ 'ਸ਼ਾਦੀ' ਕਹਿੰਦੇ ਹਨ । ਇੱਜ਼ਤਦਾਰ ਘਰਾਣੇ ਪੁੰਨ ਦਾ (ਬ੍ਰਹਮ) ਵਿਆਹ ਹੀ ਰਚਾਉਂਦੇ ਹਨ । ਮੰਗਣੀ ਜਾਂ ਸਗਾਈ ਕੇਵਲ ਕਿਸੇ ਕਿਸਮ ਦੇ ਵਿਆਹ ਦੀ ਨੀਂਹ ਰੱਖਦੀ ਹੈ । ਬਾਕੀ ਵਿਆਹ ਇਸ ਤੋਂ ਬਿਨਾਂ ਵੀ ਹੋ ਸਕਦੇ ਹਨ ।

ਮੰਗਣੀ ਤੋਂ ਪਿੱਛੋਂ ਪੰਡਤ ਕੋਲੋਂ ਪੱਤਰੀ ਖੁਲ੍ਹਾ ਕੇ ਕਿਸੇ ਸ਼ੁਭ ਮਹੀਨੇ ਦੀ ਤਿੱਥ ਤੇ ਘੜੀ ਨੀਅਤ ਕਰ ਲਈ ਜਾਂਦੀ ਹੈ । ਇਸ ਨੂੰ 'ਸਾਹਾ ਕਢਾਉਣਾ' ਕਹਿੰਦੇ ਹਨ । ਪਰ ਅੰਤਮ ਰੂਪ ਵਿਚ ਇਹ ਸਾਹਾ ਮੁੰਡੇ ਵਾਲੇ ਹੀ ਮਨਜ਼ੂਰ ਕਰਦੇ ਹਨ । ਭਾਦੋਂ, ਕੱਤਕ, ਪੋਹ ਤੇ ਚੇਤ ਦੇ ਮਹੀਨੇ ਲਗਨਾਂ ਲਈ ਚੰਗੇ ਨਹੀਂ ਸਮਝੇ ਜਾਂਦੇ । ਪਹਾੜ ਵਿਚ ਇਸ ਰੀਤ ਨੂੰ 'ਪੀਲੀ ਚਿੱਠੀ' ਕਹਿੰਦੇ ਹਨ ।

ਇਸ ਤੋਂ ਪਿੱਛੋਂ ਜਦ ਵਿਆਹ ਵਿਚ ਥੋੜ੍ਹੇ ਦਿਨ ਰਹਿ ਜਾਣ ਤਾਂ ਕੁੜੀ ਵਾਲੇ 'ਸਾਹੇ ਚਿੱਠੀ' ਜਾਂ 'ਲਗਨ' ਲਿਖਾਉਂਦੇ ਹਨ । ਹਰਿਆਣੇ ਵਿਚ ਇਸ ਰਸਮ ਤੇ ਸਾਰਾ ਭਾਈਚਾਰਾ ਸੱਦ ਲਿਆ ਜਾਂਦਾ ਹੈ ਅਤੇ ਕੁੜੀ ਨੂੰ ਵੀ ਕੋਲ ਬਿਠਾ ਲੈਂਦੇ ਹਨ । ਪੰਡਤ ਚਿੱਠੀ ਲਿਖਦਾ ਹੈ । ਦਾਜ, ਜਨੇਤ ਦੇ ਆਦਮੀਆਂ ਦੀ ਗਿਣਤੀ ਅਤੇ ਨਾਈ ਦਾ ਲਾਗ ਤਕ ਵੀ ਇਸ ਵਿਚ ਲਿਖਵਾ ਦਿੰਦੇ ਹਨ । ਚਿੱਠੀ ਨੂੰ ਦੂੱਬ, ਚਾਉਲ, ਹਲਦੀ, ਖੰਮ੍ਹਣੀ ਆਦਿ ਵਿਚ ਵਲ੍ਹੇਟ ਕੇ ਨਾਈ,

ਪੰਡਤ, ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲਿਆਂ ਨੂੰ ਭੇਜ ਦਿੰਦੇ ਹਨ। ਉਹ ਪੰਚਾਇਤ ਅਤੇ ਮੁੰਡੇ ਨੂੰ ਬਿਠਾ ਕੇ ਉਸ ਦੀ ਹਾਜ਼ਰੀ ਵਿਚ ਚਿੱਠੀ ਖੋਲ੍ਹਦੇ ਤੇ ਪੜ੍ਹਦੇ ਹਨ। ਨਾਈ ਜਾਂ ਪ੍ਰੋਹਤ ਨੂੰ ਲਾਗ ਦੇ ਕੇ ਵਾਪਸ ਭੇਜ ਦਿੰਦੇ ਹਨ। ਪਹਾੜੀ ਇਲਾਕਿਆਂ ਦੇ ਵਸਨੀਕ ਨਾਈ ਦੇ ਨਾਲ ਆਪਣੇ ਪਿੰਡ ਦਾ ਨਾਈ ਜਾਂ ਛੀਂਬਾ ਵੀ ਕੁੜੀ ਦੇ ਪਿੰਡ ਨੂੰ ਭੇਜ ਦਿੰਦੇ ਹਨ ਜਿਹੜਾ ਕੁੜੀ ਦੀ ਜੁੱਤੀ ਤੇ ਕਪੜਿਆਂ ਦਾ ਮੇਚਾ ਲੈ ਕੇ ਆਉਂਦਾ ਹੈ। ਮੁੰਡੇ ਵਾਲੇ ਕੁੜੀ ਦੇ ਕਪੜੇ ਤੇ ਵਰੀ ਇਸੇ ਮੇਚੇ ਅਨੁਸਾਰ ਤਿਆਰ ਕਰਦੇ ਹਨ। ਹਰਿਆਣੇ ਅਤੇ ਕੇਂਦਰੀ ਪੰਜਾਬ ਵਿਚ ਮੇਚੇ ਦਾ ਰਿਵਾਜ ਨਹੀਂ। ਵਿਚੋਲਾ ਹੀ ਮੁੰਡੇ ਵਾਲਿਆਂ ਨੂੰ ਉਨ੍ਹਾਂ ਦੇ ਪਿੰਡ ਦੀ ਕੋਈ ਕੁੜੀ ਵਿਖਾ ਦਿੰਦਾ ਹੈ।

ਇਸੇ ਦਿਹਾੜੇ ਤੋਂ ਦੋਹਾਂ ਘਰਾਂ ਵਿਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਕੁੜੀ ਵਾਲੇ ਭਾਈਚਾਰੇ ਵਿਚ ਮੌਲੀ ਜਾਂ ਰੂੰ ਕੱਤਣ ਲਈ ਤੇ ਪੀਹਣ ਲਈ ਦਾਣੇ ਵੰਡ ਦਿੰਦੇ ਹਨ। ਅੱਜ ਕਲ ਅਜੇਹੇ ਕੰਮ ਮਸ਼ੀਨਾਂ ਤੇ ਕਰਾ ਲਏ ਜਾਂਦੇ ਹਨ। ਫੇਰ ਵੀ ਕੁੜੀ ਦਾ ਵਿਆਹ ਭਾਈਚਾਰੇ ਦਾ ਕੰਮ ਸਮਝਿਆ ਜਾਂਦਾ ਹੈ, ਜਿਸ ਵਿਚ ਵਿੱਤ ਅਨੁਸਾਰ ਸਾਰੇ ਹਿੱਸਾ ਪਾਉਂਦੇ ਹਨ। ਮੁੰਡੇ ਵਾਲੇ ਵਾਰੀ ਤਿਆਰ ਕਰਨ ਲਗ ਜਾਂਦੇ ਹਨ।

ਜਿਸ ਦਿਨ ਤੋਂ ਲਗਨ ਭੇਜ ਦਿੱਤਾ ਜਾਂਦਾ ਹੈ, ਕੁੜੀ ਤੇ ਮੁੰਡੇ ਦਾ ਬਾਹਰ ਨਿਕਲਣਾ, ਕਿਸੇ ਨਾਲ ਹੱਸਣਾ ਬੋਲਣਾ ਤੇ ਕੰਮ ਕਰਨਾ ਮਨ੍ਹਾ ਹੋ ਜਾਂਦਾ ਹੈ। ਇਸ ਨੂੰ 'ਸਾਹੇ ਲੱਤ ਬੰਨ੍ਹਣਾ' ਜਾਂ 'ਥੜ੍ਹੇ ਪਾਉਣਾ' ਕਹਿੰਦੇ ਹਨ।

ਇਸ ਤੋਂ ਪਿੱਛੋਂ ਸੱਤ ਸੁਹਾਗਣ ਇਸਤਰੀਆਂ ਇਕੱਠੀਆਂ ਕਰ ਕੇ ਉਨ੍ਹਾਂ ਨੂੰ ਗੁੜ ਆਦਿ ਦਿੱਤਾ ਜਾਂਦਾ ਹੈ। ਇਹ ਸੱਤ ਸੁਹਾਗਣਾਂ ਵਿਆਹ ਦੇ ਹਰ ਕੰਮ ਲਈ ਇਕੱਠੀਆਂ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਇਕ ਵੀ ਘਟ ਹੋਵੇ ਤਾਂ ਕੋਈ ਰਸਮ ਸ਼ੁਰੂ ਨਹੀਂ ਹੁੰਦੀ। ਮਾਂਹ ਛੜਨ ਵੇਲੇ ਇਹ ਸੱਤੇ ਸੁਹਾਗਣਾਂ ਮਾਹਾਂ ਦੀਆਂ ਸੱਤ ਸੱਤ ਮੁੱਠੀਆਂ ਚੂੜ੍ਹਿਆਂ ਤੋਂ ਲਿਆਂਦੇ ਕੋਰੇ ਛੱਜ ਵਿਚ ਛੱਟਦੀਆਂ ਹਨ। ਦਾਲ ਦਲਣ ਵੇਲੇ ਸੱਤੇ, ਸੱਤ ਸੱਤ ਮੋਹਲੇ ਮਾਰਦੀਆਂ ਹਨ। ਚੱਕੀ ਝੋਣ ਵੇਲੇ ਸੱਤੇ, ਸੱਤ ਸੱਤ ਗਾਲੇ ਦਾਣਿਆਂ ਦੇ ਪੀਂਹਦੀਆਂ ਹਨ — 'ਸੱਤ ਸੁਹਾਗਣਾਂ ਸੱਤ ਗਾਲੇ, ਚੱਕੀ ਹੱਥ ਲੁਆ'। ਵਿਆਹ ਤੋਂ ਗਿਆਰਾਂ ਕੁ ਦਿਨ ਪਹਿਲਾਂ ਸੱਤੇ ਸੁਹਾਗਣਾਂ 'ਵੜੀਆਂ ਟੁਕਦੀਆਂ' ਹਨ। ਪਹਿਲੀ ਵੜੀ ਟੁੱਕ ਕੇ ਉਸ ਵਿਚ ਮੌਲੀ ਤੇ ਹਰਾ ਘਾਹ ਲਾ ਦਿੱਤਾ ਜਾਂਦਾ ਹੈ। ਬਾਕੀ ਵੜੀਆਂ ਇਸ ਦੇ ਆਲੇ-ਦੁਆਲੇ ਰੱਖੀਆਂ ਜਾਂਦੀਆਂ ਹਨ।

ਸੱਤ ਜਾਂ ਨੌਂ ਦਿਨ ਪਹਿਲਾਂ 'ਕੜਾਹੀ ਚੜ੍ਹਾਈ' ਜਾਂਦੀ ਹੈ। ਵਿਆਂਹਦੜ ਦੀ ਮਾਂ ਇਸ ਕੜਾਹੀ ਵਿਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਜਾਂਦੀ ਹੈ ਤੇ ਉਨ੍ਹਾਂ ਨੂੰ ਵਿਆਹ ਦਾ ਦਿਨ ਦੱਸ ਆਉਂਦੀ ਹੈ। ਉਹ 'ਨਾਨਕੀ ਛੱਕ' ਦੀ ਤਿਆਰੀ ਕਰਨ ਲਗ ਜਾਂਦੇ ਹਨ। ਏਧਰ ਕੜਾਹੀ ਚੜ੍ਹਨ ਨਾਲ ਵਿਆਹ ਵਾਲੇ ਘਰ ਮਠਿਆਈ ਤੇ ਪਕੌੜੇ ਤਿਆਰ ਹੋਣ ਲਗ ਜਾਂਦੇ ਹਨ।

ਪੰਜ ਦਿਨ ਰਹਿ ਜਾਣ ਤਾਂ 'ਕੋਠੀ ਆਟੇ' ਦੀ ਰੀਤ ਹੁੰਦੀ ਹੈ। ਸਾਰੇ ਭਾਈਚਾਰੇ ਦੀਆਂ ਇਸਤਰੀਆਂ ਵਿਆਹ ਵਾਲਿਆਂ ਦਾ ਭਾਰ ਹੌਲਾ ਕਰਨ ਲਈ ਆਟੇ ਦੀਆਂ ਪੰਜ ਪੰਜ, ਸੱਤ ਸੱਤ ਝੋਲੀਆਂ ਉਨ੍ਹਾਂ ਦੀ ਕੋਠੀ ਵਿਚ ਪਾ ਜਾਂਦੀਆਂ ਹਨ। ਕਈ ਵਾਰੀ ਇਹ ਆਟਾ ਉਨ੍ਹਾਂ ਦਾਣਿਆਂ ਦਾ ਹੀ ਹੁੰਦਾ ਹੈ ਜਿਹੜੇ ਉਨ੍ਹਾਂ ਨੂੰ ਪੀਹਣ ਵਾਸਤੇ ਵੰਡੇ ਗਏ ਸਨ।

ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ 'ਵਟਣੇ' ਜਾਂ 'ਮਾਂਈਏਂ' ਦੀ ਹੁੰਦੀ ਹੈ। ਜਿੰਨੇ ਦਿਨ ਪੰਡਤ ਨੀਅਤ ਕਰੇ ਵਿਆਹ ਤੋਂ ਓਨੇ ਦਿਨ ਪਹਿਲਾਂ ਕੁੜੀ ਮੁੰਡੇ ਨੂੰ ਮਾਂਈਏਂ ਪਾ ਦਿੰਦੇ ਹਨ। ਵਿਆਂਹਦੜ ਮੁੰਡੇ ਜਾਂ ਕੁੜੀ ਨੂੰ ਪਿੰਡ ਦੀਆਂ ਜ਼ਨਾਨੀਆਂ ਉਨ੍ਹਾਂ ਦੇ ਪੈਰਾਂ ਦੀਆਂ ਤਲੀਆਂ ਥੱਲੇ ਕੁਝ ਪੈਸੇ ਰੱਖ ਕੇ ਬਾਹਰ ਚੌਂਕੀ ਉੱਤੇ ਬਿਠਾ ਲੈਂਦੀਆਂ ਹਨ। ਬੰਨੜੇ ਜਾਂ ਬੰਨੜੀ ਦੇ ਸਿਰ ਉੱਤੇ ਚਾਰ ਕੁੜੀਆਂ ਚਾਰੇ ਕੰਨੀਆਂ ਫੜ ਕੇ ਪੀਲੀ ਚਾਦਰ ਦਾ ਚੰਦੋਆ ਜਾਂ ਪੀਲੀਆ ਤਾਣ ਕੇ ਖੜੀਆਂ ਹੋ ਜਾਂਦੀਆਂ ਹਨ। ਇਕ ਠੂਠੀ ਵਿਚ ਤੇਲ ਪਾਣੀ ਤੇ ਹਲਦੀ ਮਿਲਾ ਕੇ ਵਟਣਾ ਤਿਆਰ ਕੀਤਾ ਹੁੰਦਾ ਹੈ। ਇਹ ਵਟਣਾ ਘਾਹ ਦੀ ਗੁੱਟੀ ਨਾਲ ਲਾ ਲਾ ਕੇ ਮੁੰਡੇ ਜਾਂ ਕੁੜੀ ਦੇ ਵਾਲਾਂ ਦੀ ਲਿਟ ਨੂੰ ਲਾਇਆ ਜਾਂਦਾ ਹੈ। ਇਸ ਤੋਂ ਪਿੱਛੋਂ ਇਹ ਹੱਥਾਂ, ਪੈਰਾਂ ਅਤੇ ਚਿਹਰੇ ਤੇ ਦੱਬ ਦੱਬ ਕੇ ਮਲਿਆ ਜਾਂਦਾ ਹੈ। ਇਹ ਵਿਆਹ ਵਾਲੇ ਦਿਨ ਤਕ ਲਗਦਾ ਰਹਿੰਦਾ ਹੈ। ਹਰਿਆਣੇ ਵਿਚ ਜੇ ਵਟਣੇ ਵੇਲੇ ਮੁੰਡਾ ਘਰ ਨਾ ਹੋਵੇ ਤਾਂ ਚੌਂਕੀ ਉੱਤੇ ਮੂਸਲ ਰੱਖ ਕੇ ਹੀ

ਗੀਤ ਗਾ ਲੈਂਦੀਆਂ ਹਨ। ਜੰਗ ਦੇ ਦਿਨਾਂ ਵਿਚ ਭਰਤੀ ਹੋਏ ਵਿਆਂਹਦੜਾਂ ਨੂੰ ਛੁੱਟੀ ਦੀ ਘਾਟ ਕਾਰਨ ਨਾ ਆ ਸਕਣ ਕਰਕੇ ਅਜੇਹੀ ਰਸਮ ਆਮ ਸੀ।

ਇਸੇ ਦਿਹਾੜੇ ਮੁੰਡੇ ਦੇ ਸੱਜੇ ਹੱਥ ਨੂੰ ਅਤੇ ਕੁੜੀ ਦੇ ਖੱਬੇ ਹੱਥ ਨੂੰ 'ਕੰਗਣਾ' ਜਾਂ 'ਗਾਨਾ' ਬੰਨ੍ਹਦੇ ਹਨ। ਹਰਿਆਣੇ ਦੇ ਜਾਟ ਇਸ ਦਿਨ ਤੋਂ ਮੁੰਡੇ ਦੇ ਹੱਥ ਵਿਚ ਨਜ਼ਰ ਆਦਿ ਤੋਂ ਬਚਾਉਣ ਲਈ ਲੋਹੇ ਦੀ ਛੜੀ ਜਾਂ ਜੇਬ ਵਿਚ ਕੋਈ ਮੇਖ ਜਾਂ ਚਾਬੀ ਪਾ ਦਿੰਦੇ ਹਨ। ਮੁੰਡੇ ਦੇ ਪੈਰ ਵਿਚ ਇਕ ਵਾਲਾਂ ਦਾ ਡੋਰਾ ਬਣਾ ਕੇ ਵੀ ਪਾਇਆ ਜਾਂਦਾ ਹੈ। ਇਹ ਵਟਣਾ ਵਿਆਂਹਦੜ ਤੋਂ ਛੋਟੇ ਕਿਸੇ ਹੋਰ ਕੁਆਰੇ ਮੁੰਡੇ ਨੂੰ ਵੀ ਮਲਿਆ ਜਾਂਦਾ ਹੈ। ਇਹ ਮੁੰਡਾ ਵਿਆਂਹਦੜ ਦਾ ਸਰਬਾਹਲਾ ਬਣਦਾ ਹੈ। ਵਿਆਹ ਦੇ ਦਿਨਾਂ ਵਿਚ ਇਹ ਹਰ ਮੌਕੇ ਉੱਤੇ ਉਸ ਦੇ ਨਾਲ ਰਹਿੰਦਾ ਹੈ। ਇਸ ਦੇ ਵੀ ਕੰਗਣਾ ਆਦਿ ਬੰਨ੍ਹਦੇ ਹਨ। ਕੰਗਣੇ ਨੂੰ ਓਨੀਆਂ ਗੱਠਾਂ ਦਿੱਤੀਆਂ ਜਾਂਦੀਆਂ ਹਨ, ਜਿੰਨੇ ਦਿਨ ਵਿਆਹ ਵਿਚ ਰਹਿੰਦੇ ਹੋਣ। ਹਰ ਰੋਜ਼ ਵਟਣੇ ਵੇਲੇ ਇਕ ਗੱਠ ਖੋਲ੍ਹ ਦਿੱਤੀ ਜਾਂਦੀ ਹੈ।

ਕਾਂਗੜੇ, ਚੰਬੇ ਤੇ ਕੁੱਲੂ ਦੇ ਚੰਗੇ ਘਰਾਣੇ ਇਸੇ ਤਰ੍ਹਾਂ ਦੀ ਇਕ ਰਸਮ 'ਮਹਿੰਦੀ' ਵੀ ਕਰਦੇ ਹਨ। ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਵਾਲੀਆਂ ਇਸਤਰੀਆਂ ਕੁੜੀ ਦੀ ਛੋਟੀ ਭੈਣ ਨੂੰ ਨਾਲ ਲੈ ਕੇ ਮੁੰਡੇ ਦੇ ਪਿੰਡ ਪਹੁੰਚ ਜਾਂਦੀਆਂ ਹਨ। ਮੁੰਡੇ ਦੀ ਇਹ ਛੋਟੀ ਸਾਲੀ ਮੁੰਡੇ ਦੀ ਚਾਚੀ ਨੂੰ ਮਹਿੰਦੀ ਲਾਉਂਦੀ ਹੈ ਅਤੇ ਉਸ ਦੀ ਥਾਲੀ ਵਿਚ ਤਿੰਨ ਜਾਂ ਪੰਜ ਰੁਪਏ ਸੁੱਟਦੀ ਹੈ। ਮੁੰਡਾ ਇਨ੍ਹਾਂ ਵਿਚ ਦੋ ਤਿੰਨ ਰੁਪਏ ਹੋਰ ਰਲਾ ਦਿੰਦਾ ਹੈ, ਸਾਲੀ ਸਾਰੇ ਪੈਸੇ ਚੁੱਕ ਲੈਂਦੀ ਹੈ। ਉੱਥੇ ਮੁੰਡੇ ਦੀ ਭਰਜਾਈ ਉਨ੍ਹਾਂ ਦੇ ਨਾਲ ਤੁਰ ਪੈਂਦੀ ਹੈ ਤੇ ਕੁੜੀ ਦੇ ਘਰ ਕੁੜੀ ਦੇ ਮਹਿੰਦੀ ਲਾ ਕੇ ਵਾਪਸ ਆ ਜਾਂਦੀ ਹੈ।

ਵਿਆਹ ਤੋਂ ਇਕ ਦਿਨ ਪਹਿਲਾਂ ਸੱਦੇ ਹੋਏ ਅੰਗ ਸਾਕ ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਸਭ ਤੋਂ ਵਧੇਰਾ ਮੇਲ ਨਾਨਕਿਆਂ ਦਾ ਹੁੰਦਾ ਹੈ ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ, ਪਲੰਘ, ਬਰਤਣ ਤੇ ਕਪੜੇ ਲੀੜੇ ਲੈ ਕੇ ਆਉਂਦੇ ਹਨ। ਮਾਮੇ ਮਾਮੀ ਨੇ ਇਕ ਦੂਜੇ ਦਾ ਲੜ ਫੜਿਆ ਹੁੰਦਾ ਹੈ। ਬਾਕੀ ਮੇਲ, ਚੋਹਲ ਕਰਦਾ ਤੇ ਬੰਬੀਹਾ ਬੁਲਾਉਂਦਾ ਹੈ। (ਫ਼ੀਰੋਜ਼ਪੁਰ ਵਿਚ ਵਧੇਰੇ)। ਵਿਆਂਹਦੜ ਦੀ ਮਾਂ ਆਪਣੇ ਭਰਾ ਭਰਜਾਈ ਦੀ ਸੇਵਾਲੜੀ ਕਰਦੀ ਹੈ। ਭਰਾ ਭਰਜਾਈ ਵੀ ਘਰੋਂ ਨਿਰਨੇ ਕਾਲਜੇ ਆਏ ਹੁੰਦੇ ਹਨ ਅਤੇ ਅੱਗੋਂ ਮੁੰਡੇ ਦੀ ਮਾਂ ਤੇ ਬਾਪ ਵੀ ਨਿਰਨੇ ਕਾਲਜੇ ਹੀ ਬੈਠੇ ਹੁੰਦੇ ਹਨ। ਮਾਮੇ ਆ ਕੇ ਵਿਆਂਹਦੜ ਤੋਂ 'ਸਾਂਤ' ਕਰਾਉਂਦੇ ਹਨ। ਇਸ ਵੇਲੇ ਪਿੱਤਰਾਂ ਦੀ ਪੂਜਾ ਕੀਤੀ ਜਾਂਦੀ ਹੈ। ਇਹ ਆਮ ਤੌਰ ਤੇ ਇਕ ਦਿਨ ਪਹਿਲਾਂ ਹੁੰਦੀ ਹੈ। ਪਰ ਜੇ ਬਰਾਤੀਆਂ ਨੇ ਰਸਤੇ ਵਿਚ ਕੋਈ ਪਾਣੀ ਦੀ ਨਦੀ ਪਾਰ ਕਰਨੀ ਹੋਵੇ ਤਾਂ 'ਸਾਂਤ' ਬਰਾਤ ਵਾਲੇ ਦਿਨ ਉਸ ਨਦੀ ਨੂੰ ਪਾਰ ਕਰ ਕੇ ਹੀ ਕੀਤੀ ਜਾਂਦੀ ਹੈ। ਰਾਜਪੂਤ ਸਾਂਤ ਦੇ ਵੇਲੇ ਗਊ-ਪੂਜਾ ਵੀ ਕਰਦੇ ਹਨ। ਮੁੰਡੇ ਵਾਲੇ ਘਰ ਮਾਮਾ ਰੱਸੀ ਵਿਚ ਠੂਠੀਆਂ ਆਦਿ ਪਰੋ ਕੇ ਤਣੀ ਬੰਨ੍ਹ ਦਿੰਦਾ ਹੈ। ਇਸ ਤੋਂ ਪਿੱਛੋਂ ਪਿੰਡ ਦੀਆਂ ਕੁੜੀਆਂ ਨੂੰ ਹਰ ਪਰਕਾਰ ਦੇ ਗੀਤ ਗਾਉਣ ਦੀ ਖੁਲ੍ਹ ਹੋ ਜਾਂਦੀ ਹੈ।

ਦੂਜੇ ਦਿਨ ਚੰਨ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਆਖ਼ਰੀ ਵਟਣਾ ਮਲ ਕੇ ਨੁਹਾ ਦਿੰਦੇ ਹਨ। ਉਹ ਪੁਰਾਣੇ ਕਪੜੇ ਨਾਈ ਨੂੰ ਦੇ ਦਿੰਦਾ ਹੈ। ਮੁੰਡਾ ਨਹਾ ਕੇ ਜਿਸਮ ਵੀ ਉਸ ਚੰਦੋਏ ਨਾਲ ਹੀ ਪੂੰਝਦਾ ਹੈ ਜਿਹੜਾ ਕੁੜੀਆਂ ਨੇ ਉਸ ਦੇ ਸਿਰ ਤੇ ਤਾਣਿਆ ਹੁੰਦਾ ਹੈ। ਉਸ ਨੂੰ ਚੌਂਕੀ ਤੋਂ ਵੀ ਉਸ ਦਾ ਮਾਮਾ ਹੀ ਚੁਕ ਕੇ ਉਤਾਰਦਾ ਹੈ ਅਤੇ ਉਤਾਰਦੇ ਸਮੇਂ ਚੌਂਕੀ ਦੇ ਅੱਗੇ ਪਈਆਂ ਠੂਠੀਆਂ ਨੂੰ, ਜਿਨ੍ਹਾਂ ਵਿਚ ਪੈਸੇ ਹੁੰਦੇ ਹਨ, ਅੱਡੀ ਨਾਲ ਭੰਨਦਾ ਹੈ। ਇਹ ਪੈਸੇ ਮੁੰਡੇ ਦੀਆਂ ਤਲੀਆਂ ਹੇਠਲੇ ਪੈਸਿਆਂ ਸਮੇਤ ਲਾਗੀ ਨੂੰ ਮਿਲ ਜਾਂਦੇ ਹਨ। ਨੁਹਾ ਕੇ ਉਸ ਨੂੰ ਪੁਸ਼ਾਕ ਵੀ ਮਾਮੇ ਦੀ ਲਿਆਂਦੀ ਹੋਈ ਹੀ ਪਹਿਨਾਈ ਜਾਂਦੀ ਹੈ। ਇਸ ਪੁਸ਼ਾਕ ਵਿਚ ਪਗੜੀ ਤੇ ਪਟਕੇ ਦਾ ਰੰਗ ਪੀਲਾ ਹੁੰਦਾ ਹੈ, ਬਾਕੀ ਪੁਸ਼ਾਕ ਭਾਵੇਂ ਕਿਸੇ ਕਿਸਮ ਦੀ ਹੋਵੇ। ਇਸ ਤੋਂ ਪਿੱਛੋਂ ਮੁੰਡੇ ਦੇ ਸਿਰ ਉੱਤੇ ਮੌੜ੍ਹ (ਮੁਕਟ) ਜਾਂ ਮੱਥੇ ਤੇ ਸਿਹਰਾ ਬੰਨ੍ਹ ਦਿੰਦੇ ਹਨ। ਸਰਬਾਹਲੇ ਨੂੰ ਵੀ ਇਸੇ ਤਰ੍ਹਾਂ ਨੁਹਾ ਕੇ ਸਿਹਰਾ ਬੰਨ੍ਹਿਆ ਜਾਂਦਾ ਹੈ।

ਇਸ ਤੋਂ ਪਿੱਛੋਂ 'ਘੋੜੀ' ਦੀ ਰੀਤ ਹੁੰਦੀ ਹੈ। ਮੁੰਡਾ ਘੋੜੀ ਉੱਤੇ ਚੜ੍ਹ ਕੇ ਜਠੇਰਿਆਂ ਦੀ ਪੂਜਾ ਜਾਂ 'ਜੰਡੀ ਵੱਢਣ' ਵਾਸਤੇ ਜਾਂ (ਹਰਿਆਣੇ ਵਿਚ) ਉਂਞ ਹੀ ਪਿੰਡ ਦੇ ਆਲੇ-ਦੁਆਲੇ ਚੱਕਰ ਲਾਉਂਦਾ ਹੈ। ਸਿੱਖ, ਗੁਰਦੁਆਰੇ ਮੱਥਾ ਟਿਕਾ ਲਿਆਉਂਦੇ ਹਨ। ਉਸ ਦੇ ਮੂਹਰੇ ਨਾਇਣ, ਲੱਡੂ, ਚਾਉਲ, ਪੈਸਿਆਂ ਵਾਲੀ ਥਾਲੀ ਤੇ ਪਾਣੀ ਦੀ ਗੜਵੀ ਲੈ ਕੇ ਤੁਰਦੀ ਜਾਂਦੀ ਹੈ। ਘੋੜੀ ਚੜ੍ਹਨ ਤੋਂ ਪਹਿਲਾਂ ਉਸ ਦੀ ਭਰਜਾਈ ਸੁਰਮਾ ਪਾ ਕੇ 'ਸੁਰਮਾਂ ਪੁਆਈ' ਲੈ ਲੈਂਦੀ ਹੈ। ਉਸ ਤੋਂ ਪਿੱਛੋਂ ਉਸ ਦੀ ਭੈਣ ਵਾਗ ਫੜਦੀ ਹੈ ਤੇ ਲੜ ਜਾਂ ਪੱਲਾ ਝੱਲਦੀ ਜਾਂਦੀ ਹੈ। ਮੁੰਡੇ ਦੀ ਮਾਂ ਤੇ ਹੋਰ ਸ਼ਰੀਕਣੀਆਂ ਸਲਾਮੀਆਂ ਪਾਉਂਦੀਆਂ ਹਨ ਅਤੇ ਸੌ ਸ਼ਗਨ ਮਨਾ ਕੇ ਉਸ ਨੂੰ ਮੋਟਰ, ਪਾਲਕੀ ਜਾਂ ਸੁਖਪਾਲ ਵਿਚ ਬਿਠਾ ਦਿੰਦੀਆਂ ਹਨ। ਘੋੜੀ ਉੱਤੋਂ ਉਤਰਨ ਤੋਂ ਪਹਿਲਾਂ ਉਹ ਵਾਗ ਫੜਨ ਵਾਲੀ ਭੈਣ ਨੂੰ 'ਵਾਗ ਫੜਾਈ' ਦੇ ਦੋ ਰੁਪਏ ਤੇ ਬਾਕੀ ਭੈਣਾਂ ਨੂੰ ਖ਼ੁਸ਼ੀ-ਨਾਮੇ ਇਕ ਇਕ ਰੁਪਈਆ ਦਿੰਦਾ ਹੈ। ਬਰਾਤੀ ਉਸ ਨੂੰ ਪਹਿਲਾਂ ਹੀ ਉਡੀਕ ਰਹੇ ਹੁੰਦੇ ਹਨ, ਉਸ ਨੂੰ ਨਾਲ ਲੈ ਬਰਾਤ ਤੁਰ ਪੈਂਦੀ ਹੈ।

ਹਿੰਦੂਆਂ ਦੇ ਲਗਨ ਦਾ ਵੇਲਾ ਵਧੇਰੇ ਕਰਕੇ ਰਾਤ ਦਾ ਹੁੰਦਾ ਹੈ। ਸ਼ਾਮ ਦਾ ਵੇਲਾ ਬਹੁਤ ਹੀ ਚੰਗਾ ਸਮਝਿਆ ਜਾਂਦਾ ਹੈ। ਜਿੱਥੇ ਲਗਨ ਸ਼ਾਮ ਦੇ ਹੋਣ ਜੰਞ ਸਵੇਰੇ ਹੀ ਤੁਰ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਰਾਤ ਦੀ ਰੋਟੀ ਲਗਨਾਂ ਤੋਂ ਪਿੱਛੋਂ ਖਾਣੀ ਹੁੰਦੀ ਹੈ। ਉਂਞ ਇਹ ਰਿਵਾਜ ਕਾਂਗੜੇ ਤੇ ਹਰਿਆਣੇ ਵਿਚ ਹੀ ਹੈ। ਕੇਂਦਰੀ ਪੰਜਾਬ ਵਿਚ ਲਗਨ ਤੜਕਸਾਰ ਦੇ ਹੁੰਦੇ ਹਨ। ਇਸ ਲਈ ਜੰਞ ਵੀ ਸੰਝ ਨੂੰ ਪਹੁੰਚਦੀ ਹੈ ਅਤੇ ਰਾਤ ਦੀ ਰੋਟੀ ਖਾ ਕੇ ਜਾਂਞੀਂ ਸੌਂ ਜਾਂਦੇ ਹਨ। ਜੰਞ ਦੇ ਆਦਮੀ (ਕਾਂਗੜੇ ਤੇ ਹਰਿਆਣੇ ਵਿਚ) ਕੇਂਦਰੀ ਪੰਜਾਬ ਨਾਲੋਂ ਆਮ ਤੌਰ ਤੇ ਦੁੱਗਣੇ ਤਿੱਗਣੇ ਹੁੰਦੇ ਹਨ। ਕਾਂਗੜੇ ਵਿਚ ਹਾਲੀ ਵੀ ਬਰਾਤ ਪੈਦਲ ਹੀ ਜਾਂਦੀ ਹੈ। ਕੇਂਦਰੀ ਪੰਜਾਬ ਦੇ ਜਾਂਞੀ ਰਸਤੇ ਵਿਚ ਘੋੜੀਆਂ, ਬੋਤੇ ਤੇ ਰਥ ਭਜਾਉਂਦੇ ਹਨ ਤੇ ਸ਼ਰਾਬਾਂ ਦੀਆਂ ਸ਼ਰਤਾਂ ਲਾਉਂਦੇ ਹਨ। ਉਂਞ ਹੁਣ ਰਥਾਂ ਗੱਡਿਆਂ ਦਾ ਰਿਵਾਜ ਘਟ ਰਿਹਾ ਹੈ ਤੇ ਮੋਟਰਾਂ ਦਾ ਵਧ ਰਿਹਾ ਹੈ।

ਜਦ ਜੰਞ ਕੁੜੀ ਵਾਲਿਆਂ ਦੇ ਪਿੰਡ ਪਹੁੰਚ ਜਾਂਦੀ ਹੈ ਤਾਂ ਅੱਗੋਂ ਪਿੰਡ ਦੀ ਪੰਚਾਇਤ ਉਨ੍ਹਾਂ ਨੂੰ ਲੈਣ ਆਉਂਦੀ ਹੈ। ਇੱਥੇ ਬੰਨੇ ਉੱਤੇ ਹੀ ਪਿੰਡ ਦਾ ਨਾਈ ਮੁੰਡੇ ਦੇ ਪਿਤਾ ਨੂੰ ਹਰੀ ਟਹਿਣੀ ਨਾਲ ਵਧਾਈਆਂ ਦਿੰਦਾ ਹੈ। ਉਸ ਤੋਂ ਪਿੱਛੋਂ ਬਰਾਤ ਪਿੰਡ ਨੂੰ ਤੁਰ ਪੈਂਦੀ ਹੈ। ਪਿੰਡ ਦੇ ਦਰਵਾਜ਼ੇ ਉੱਤੇ ਜਾਂ ਡੇਰੇ ਵਿਚ ਪਹੁੰਚਣ ਤੇ 'ਮਿਲਣੀ' ਹੁੰਦੀ ਹੈ। ਮਿਲਣੀ ਤੇ ਕੁੜੀ ਦਾ ਪਿਤਾ ਮੁੰਡੇ ਦੇ ਪਿਤਾ ਨੂੰ ਜੱਫੀ ਪਾ ਕੇ ਮਿਲਦਾ ਹੈ ਅਤੇ ਥਾਨ ਰੁਪਈਆ ਜਾਂ ਕੁਝ ਵਧ ਸ਼ਗਨ ਦਿੰਦਾ ਹੈ। ਕੇਂਦਰੀ ਪੰਜਾਬ ਵਿਚ ਕੁੜੀ ਦਾ ਮਾਮਾ ਵੀ ਮੁੰਡੇ ਦੇ ਮਾਮੇ ਨਾਲ ਇਸੇ ਤਰ੍ਹਾਂ ਮਿਲਣੀ ਕਰਦਾ ਹੈ ਅਤੇ ਕਾਂਗੜੇ ਵਿਚ ਕੁੜੀ ਵਾਲੇ ਸਾਰੀ ਦੀ ਸਾਰੀ ਜਨੇਤ ਦੇ ਬੰਦਿਆਂ ਨੂੰ ਥਾਲ ਰੁਪਈਏ ਤੇ ਕਪੜੇ ਦਿੰਦੇ ਹਨ। ਚੰਬੇ ਦੇ ਰਾਜਪੂਤ ਘੋੜੀ, ਬੱਕਰੀ ਜਾਂ ਗਊ ਵੀ ਨਜ਼ਰ ਕਰਦੇ ਹਨ। ਅਸਲ ਵਿਚ ਮਿਲਣੀ ਵੇਲੇ ਪੁਰਾਤਨ ਸਮਿਆਂ ਵਿਚ ਕੁੜੀ ਖ਼ੁਦ ਚਲ ਕੇ ਪਤੀ ਨੂੰ ਨਜ਼ਰਾਨਾ ਦੇਣ ਜਾਂਦੀ ਸੀ। ਸ਼ਾਇਦ ਬਚਪਨ ਦੀ ਸ਼ਾਦੀ ਨੇ ਇਹ ਰਿਵਾਜ ਹੁਣ ਵਾਲੀ ਮਿਲਣੀ ਵਿਚ ਬਦਲ ਦਿੱਤਾ ਹੈ। ਮਿਲਣੀ ਤੋਂ ਪਿੱਛੋਂ ਜਨੇਤ ਡੇਰੇ (ਜੰਨਵਾਸੇ) ਪਹੁੰਚ ਜਾਂਦੀ ਹੈ। ਇਹ ਸਥਾਨ ਪਿੰਡ ਦੀ ਧਰਮਸਾਲਾ ਜਾਂ ਹੋਰ ਕੋਈ ਇਕਲਵਾਂਝਾ ਜਿਹਾ ਮਕਾਨ ਹੁੰਦਾ ਹੈ। ਮਹਿੰਦਰਗੜ੍ਹ ਦੀ ਤਸੀਲ ਦਾਦਰੀ ਵਿਚ ਇਸ ਨੂੰ 'ਜੰਗਲਵਾਸਾ' ਵੀ ਕਹਿੰਦੇ ਹਨ।

ਸਿੱਖਾਂ ਨੂੰ ਛੱਡ ਕੇ ਬਾਕੀ ਜਾਤੀਆਂ ਵਿਚ ਇਹ ਵੀ ਰਿਵਾਜ ਪਰਚਲਤ ਹੈ ਕਿ ਜਨੇਤ ਦੇ ਉਤਾਰੇ ਤੋਂ ਪਿੱਛੋਂ ਮੁੰਡਾ ਕੁੜੀ ਦੇ ਘਰ ਦੇ ਦਰਵਾਜ਼ੇ ਉੱਤੇ ਜਾ ਕੇ 'ਟੋਰਨ ਚਟਕਾਰਨ' ਦੀ ਰਸਮ ਕਰਦਾ ਹੈ। ਉੱਥੇ ਦਰਵਾਜ਼ੇ ਉੱਤੇ ਕੁੜੀ ਵਾਲਿਆਂ ਨੇ ਲੱਕੜੀ ਦਾ ਇਕ ਤੋਤਾ ਜਿਹਾ ਬਣਾ ਕੇ ਜਾਂ ਖ਼ਾਲੀ ਛਾਣਨੀ ਟੰਗੀ ਹੁੰਦੀ ਹੈ। ਕਈ ਇਲਾਕਿਆਂ ਵਿਚ ਛਾਣਨੀ ਵਿਚ ਦੀਵਾ ਵੀ ਹੁੰਦਾ ਹੈ। ਮੁੰਡਾ ਦਰਵਾਜ਼ੇ ਤੇ ਪਹੁੰਚ ਕੇ ਹੱਥ ਵਿਚ ਫੜੀ ਛਿਟੀ ਜਾਂ ਤਲਵਾਰ ਨਾਲ ਤੋਤਾ ਹੋਵੇ ਤਾਂ ਉਸ ਨੂੰ ਲਾਹੁੰਦਾ ਹੈ ਅਤੇ ਛਾਣਨੀ ਹੋਵੇ ਤਾਂ ਉਸ ਵਿੱਚੋਂ ਤਲਵਾਰ ਦੀ ਨੋਕ ਨਾਲ ਦੀਵਾ ਚੁੱਕਦਾ ਹੈ। ਇਹ ਮੁੰਡੇ ਦਾ ਇਕ ਪਰਕਾਰ ਦਾ ਇਮਤਿਹਾਨ ਹੁੰਦਾ ਹੈ। ਹਰਿਆਣੇ ਵਿਚ ਜਿਸ

ਸਟੂਲ ਉੱਤੇ ਖੜੇ ਕੇ ਮੁੰਡਾ ਟੌਰਨ (ਤੌਤਾ) ਚਟਕਾਰਦਾਂ ਹੈ, ਉਸ ਪਿੱਛੇ ਬਰਾਤੀਆਂ ਤੇ ਕੁੜੀ ਵਾਲਿਆਂ ਵਿਚ ਲੜਾਈ ਵੀ ਹੁੰਦੀ ਹੈ। ਕਹਿੰਦੇ ਹਨ ਕਿ ਜਿਹੜੀ ਧਿਰ ਜਿੱਤ ਜਾਵੇ ਉਸ ਦਾ ਦੂਜੀ ਧਿਰ ਤੇ ਸਦਾ ਲਈ ਰੋਹਬ ਰਹਿੰਦਾ ਹੈ। ਕਈ ਥਾਵਾਂ ਤੇ ਕੁੜੀ ਦੀ ਮਾਂ ਜੁਆਈ ਦੀ 'ਸੇਵਾਲੜੀ' ਕਰਦੀ ਹੈ ਤੇ ਕਈ ਥਾਂ ਉਸ ਦੀ ਸਾਲੀ 'ਆਰਤੀ'। ਪੰਜਾਬ ਦੇ ਖੱਤਰੀ ਵਿਆਂਹਦੜ ਕੁੜੀ ਦੇ ਸਿਰ ਉੱਤੇ ਸੱਤ ਵਾਰੀ ਕਪਾਹ ਦੀ ਬਣੀ ਹੋਈ ਕੋਈ ਚੀਜ਼ ਰੱਖਦੇ ਹਨ ਜਿਸ ਨੂੰ ਮੁੰਡਾ ਸੱਤੇ ਵਾਰੀ ਹਟਾ ਦਿੰਦਾ ਹੈ। ਇਸ ਦਾ ਭਾਵ ਕੁਝ ਇਹੋ ਜਿਹਾ ਹੁੰਦਾ ਹੈ ਕਿ ਉਹ ਕੁੜੀ ਦੇ ਸੱਤਾਂ ਗੁਨਾਹਾਂ ਦੇ ਬਾਵਜੂਦ ਉਸ ਨੂੰ ਪਰਵਾਨ ਕਰਦਾ ਹੈ। ਕਈਆਂ ਜਾਤੀਆਂ ਵਿਚ ਮੁੰਡੇ ਦੀ ਸਾਲੇਹਾਰ ਉਸ ਦੀ ਘੋੜੀ ਦੀ ਲਗਾਮ ਫੜਦੀ ਹੈ ਤੇ ਉਸ ਦਾ ਸਾਲਾ ਕੁੜੀ ਨੂੰ ਘੋੜੀ ਦੇ ਹੇਠੋਂ ਲੰਘਾਉਂਦਾ ਹੈ, ਸਦਾ ਲਈ ਮੁੰਡੇ ਦੇ ਅਧੀਨ ਕਰਨ ਵਾਸਤੇ। ਇਸ ਤੋਂ ਪਿਛੋਂ ਬਰਾਤੀ ਜੰਨਵਾਸੇ ਨੂੰ ਵਾਪਸ ਟੁਰ ਪੈਂਦੇ ਹਨ। ਹਰਿਆਣੇ ਵਿਚ ਇਨ੍ਹਾਂ ਨੂੰ ਰਸਤੇ ਵਿਚ ਰੋਕ ਕੇ ਨਾਈ ਆਪਣੇ ਲਾਗ ਲੈ ਲੈਂਦਾ ਹੈ।

ਇਸ ਤੋਂ ਪਿੱਛੋਂ ਜੇ ਫੇਰੇ ਤੇ ਲਗਨ ਤੜਕਸਾਰ ਦੇ ਹੋਣ ਤਾਂ ਰੋਟੀ ਦੀ ਤਿਆਰੀ ਸ਼ੁਰੂ ਹੋ ਜਾਂਦੀ ਹੈ। ਪਰ ਅਜੇਹੀ ਹਾਲਤ ਵਿਚ ਮੁੰਡਾ ਰਾਤ ਦੀ ਰੋਟੀ ਡੇਰੇ ਜਾਂ ਜੰਨਵਾਸੇ ਵਿਚ ਹੀ ਖਾਂਦਾ ਹੈ ਅਤੇ ਅੱਧੀ ਰੋਟੀ ਆਪ ਖਾ ਕੇ, ਅੱਧੀ ਆਪਣੀ ਬਣਨ ਵਾਲੀ ਪਤਨੀ ਲਈ ਭੇਜ ਦਿੰਦਾ ਹੈ ਜਿਸ ਨੂੰ ਪਹਾੜੀ ਇਲਾਕਿਆਂ ਦੇ ਵਸਨੀਕ 'ਬਟੇਰੀ' ਕਹਿੰਦੇ ਹਨ। ਉਂਞ ਹਰ ਰੋਟੀ ਉੱਤੇ ਜਨੇਤੀ ਵਿਆਂਹਦੜ ਦੇ ਸਾਂਢੂਆਂ ਨੂੰ ਰੋਟੀ ਉੱਤੇ ਨਾਲ ਬਿਠਾ ਕੇ ਨਿਵਾਜਦੇ ਹਨ। ਜੇ ਜਨੇਤੀਆਂ ਦੀ ਗੋਤਣ ਕੋਈ ਕੁੜੀ ਉਸ ਪਿੰਡ ਵਿਚ ਵਿਆਹੀ ਹੋਵੇ ਤਾਂ ਉਸ ਨੂੰ ਮਿਠਿਆਈ ਤੇ ਰੁਪਏ ਸਮੇਤ ਪਤਲਾਂ ਭੇਜ ਕੇ ਉਸ ਦਾ ਮਾਣ ਕਰਦੇ ਹਨ। ਹਰਿਆਣੇ ਵਿਚ ਬਰਾਤ ਪਹੁੰਚਣ ਤੋਂ ਦੂਜੇ ਦਿਨ ਮੁੰਡੇ ਦਾ ਪਿਉ ਇਕੱਲੀ ਇਕੱਲੀ ਦੇ ਘਰ ਜਾ ਕੇ ਰੁਪਏ ਦੇ ਕੇ ਆਉਂਦਾ ਹੈ। ਜਿੰਨਾ ਚਿਰ ਪਿੰਡ ਦੀ ਪੰਚਾਇਤ ਆਗਿਆ ਨਹੀਂ ਦਿੰਦੀ ਕੋਈ ਜਨੇਤੀ ਰੋਟੀ ਨਹੀਂ ਖਾਂਦਾ। ਏਸ ਰੋਟੀ ਤੇ ਵਧੇਰੇ ਕਰ ਕੇ ਮਿਠਿਆਈ ਚਾਉਲ ਹੀ ਵਰਤਾਏ ਜਾਂਦੇ ਹਨ। ਇਸ ਨੂੰ 'ਮਿੱਠਾ ਭੱਤ' ਵੀ ਕਹਿੰਦੇ ਹਨ।

ਲਗਨ ਜਾਂ ਫੇਰਿਆਂ ਤੋਂ ਪਹਿਲਾਂ ਵਿਆਂਹਦੜ ਮੁੰਡੇ ਤੇ ਵਿਆਂਹਦੜ ਕੁੜੀ ਦੀ 'ਨ੍ਹਾਈ ਧੋਈ' ਬੜੀ ਜ਼ਰੂਰੀ ਹੈ, ਖ਼ਾਸ ਕਰ ਕੇ ਇਸ ਲਈ ਕਿ ਬਹੁਤ ਹਾਲਤਾਂ ਵਿਚ ਹਿੰਦੂ ਮੁੰਡੇ ਨੂੰ ਜਨੇਊ ਅਤੇ ਸਿੱਖ ਮੁੰਡੇ ਨੂੰ ਅੰਮ੍ਰਿਤ ਵੀ ਇਸੇ ਸਮੇਂ ਛਕਾਇਆ ਜਾਂਦਾ ਹੈ। (ਕਾਂਗੜੇ ਵਿਚ ਕੁੜੀ ਦੀ 'ਨ੍ਹਾਈ ਧੋਈ' ਵਾਸਤੇ ਪਾਣੀ ਵੀ ਉਸ ਦੀਆਂ ਸਹੇਲੀਆਂ ਰਲ ਕੇ ਲਿਆਉਂਦੀਆਂ ਹਨ। ਇਸ ਰੀਤ ਨੂੰ 'ਝਿਲਰੀਆਂ' ਕਹਿੰਦੇ ਹਨ)। 'ਨ੍ਹਾਈ ਧੋਈ' ਤੋਂ ਪਹਿਲਾਂ ਮੁੰਡੇ ਵਾਲੇ ਕੁੜੀ ਨੂੰ 'ਸੁਹਾਗ ਪਟਾਰੀ' ਭੇਜਦੇ ਹਨ। ਇਸ ਵਿਚ ਸੁਹਾਗ ਦੇ ਕਪੜੇ, ਗਹਿਣੇ ਤੇ ਸ਼ਿੰਗਾਰ ਦੀਆਂ ਚੀਜ਼ਾਂ ਹੁੰਦੀਆਂ ਹਨ। ਇਨ੍ਹਾਂ ਨੂੰ ਪਹਿਨ ਕੇ ਹੀ ਉਹ ਲਗਨਾਂ ਉੱਤੇ ਬੈਠਦੀ ਹੈ। ਆਮ ਤੌਰ ਤੇ ਫੇਰਿਆਂ ਵਿਚ ਪਹਿਨਣ ਵਾਲੇ ਕਪੜੇ ਵੀ ਮੁੰਡੇ ਦੇ ਮਾਮੇ ਦੇ ਹੀ ਹੁੰਦੇ ਹਨ ਅਤੇ ਇਹ ਰਿਵਾਜ ਆਮ ਹੈ ਕਿ ਕੁੜੀ ਲਗਨਾਂ ਉੱਤੇ ਆਪਣੇ ਮਾਮੇ ਅਤੇ ਮੁੰਡੇ ਦੇ ਮਾਮੇ ਦੇ ਭੇਜੇ ਦੂਹਰੇ ਕਪੜੇ ਪਹਿਨ ਕੇ ਬੈਠਦੀ ਹੈ।

ਲਗਨ ਤੇ ਫੇਰਿਆਂ ਵਾਸਤੇ ਚਾਰ ਬਾਂਸ ਗੱਡ ਕੇ ਵੇਦੀ ਬਣਾ ਲਈ ਜਾਂਦੀ ਹੈ ਜਾਂ ਤਰਖਾਣ ਤੋਂ ਬਣੀ ਬਣਾਈ ਲੈ ਆਉਂਦੇ ਹਨ। ਇਸ ਵਿਚ ਹਵਨ (ਹੋਮ) ਕਰਦੇ ਹਨ। ਤਰਖਾਣ ਤੋਂ ਚੌਂਕੀ ਤੇ ਚੂੜ੍ਹਿਆਂ ਤੋਂ ਖਾਰਾ ਲਿਆ ਕੇ ਹਵਨ ਦੇ ਅੱਗੇ ਟਿਕਾ ਦਿੰਦੇ ਹਨ। ਚੌਂਕੀ ਮੁੰਡੇ ਵਾਸਤੇ ਖੱਬੇ ਹੱਥ ਰੱਖੀ ਜਾਂਦੀ ਹੈ ਤੇ ਖਾਰਾ ਕੁੜੀ ਵਾਸਤੇ ਸੱਜੇ ਹੱਥ। ਮੁੰਡੇ ਨੂੰ ਲਿਆ ਕੇ ਚੌਂਕੀ ਉੱਤੇ ਬਿਠਾ ਦਿੰਦੇ ਹਨ ਤੇ ਪ੍ਰੋਹਤ ਗੋਤਰਾਚਾਰ ਪੜ੍ਹਦਾ ਹੈ ਤਾਂ ਕਿ ਜਮ੍ਹਾਂ ਹੋਏ ਬੰਦਿਆਂ ਨੂੰ ਪਤਾ ਲਗ ਜਾਵੇ ਕਿ ਦੋਵੇਂ ਮੁੰਡਾ ਤੇ ਕੁੜੀ ਚੰਗੀਆਂ ਜਾਤੀਆਂ ਦੇ ਹਨ ਅਤੇ ਉਨ੍ਹਾਂ ਦਾ ਰਿਸ਼ਤਾ ਜਾਇਜ਼ ਹੈ। ਉਸ ਤੋਂ ਪਿੱਛੋਂ ਪ੍ਰੋਹਤ ਕੁੜੀ ਵੱਲੋਂ ਮੁੰਡੇ ਤੋਂ ਕੁਝ ਬਚਨ ਲੈਂਦਾ ਹੈ ਜਿਨ੍ਹਾਂ ਦਾ ਭਾਵ ਹੁੰਦਾ ਹੈ ਕਿ ਉਹ ਯੱਗ ਤੇ ਜਾਂ ਯਾਤਰਾ ਸਮੇਂ ਉਸਦੀ ਸਲਾਹ ਲਵੇਗਾ ਤੇ ਉਸ ਨੂੰ ਨਾਲ ਲਿਜਾਏਗਾ, ਪਸ਼ੂਆਂ ਦੇ ਜਾਂ ਹੋਰ ਕਿਸੇ ਕਿਸਮ ਦੇ ਸੌਦੇ ਵਿਚ ਉਸ ਦਾ ਮਸ਼ਵਰਾ ਲਏਗਾ, ਮੌਸਮ ਅਨੁਸਾਰ ਗਹਿਣੇ ਕਪੜੇ ਤੇ ਖ਼ੁਰਾਕ ਦੇਵੇਗਾ, ਕਿਸੇ ਦੇ ਸਾਹਮਣੇ ਉਸ ਦੀ

ਬੇਇਜ਼ਤੀ ਨਹੀਂ ਕਰੇਗਾ ਅਤੇ ਜਵਾਨੀ ਤੋਂ ਬੁਢਾਪੇ ਤਕ ਉਸ ਨੂੰ ਸੁਖੀ ਰੱਖੇਗਾ । ਇਸੇ ਤਰ੍ਹਾਂ ਮੁੰਡੇ ਵਾਲਿਆਂ ਦਾ ਪ੍ਰੋਹਤ ਮੁੰਡੇ ਵੱਲੋਂ ਕੁੜੀ ਤੋਂ ਬਚਨ ਲੈਂਦਾ ਹੈ ਕਿ ਉਹ ਲੋੜ ਤੋਂ ਬਿਨਾਂ ਕਿਧਰੇ ਨਹੀਂ ਜਾਏਗੀ, ਕਿਸੇ ਸ਼ਰਾਬੀ ਦੇ ਮੂੰਹ ਨਹੀਂ ਲੱਗੇਗੀ ਤੇ ਮੁੰਡੇ ਦੇ ਮਾਪਿਆਂ, (ਸਹੁਰਿਆਂ) ਤੇ ਮੁੰਡੇ ਦਾ ਕਹਿਣਾ ਮੰਨੇਗੀ। ਕੁੜੀ ਦੇ ਉੱਤਰ ਉਸ ਦਾ ਪ੍ਰੋਹਤ ਹੀ ਦੇ ਲੈਂਦਾ ਹੈ। ਅਸਲ ਵਿਚ ਕਿਸੇ ਨੂੰ ਵੀ ਇਹ ਪਤਾ ਨਹੀਂ ਹੁੰਦਾ ਕਿ ਇਨ੍ਹਾਂ ਬਚਨਾਂ ਦਾ ਕੀ ਭਾਵ ਹੈ ਤੇ ਕੀ ਹੋ ਰਿਹਾ ਹੈ। ਬ੍ਰਾਹਮਣ ਰਸਮ ਕਰ ਕੇ ਲਾਗ ਦੇ ਹੱਕਦਾਰ ਹੋ ਜਾਂਦੇ ਹਨ।

ਸਾਰੇ ਬਚਨ ਲੈ ਕੇ ਮੁੰਡੇ ਤੇ ਕੁੜੀ ਦੇ ਹੱਥਾਂ ਪੈਰਾਂ ਦੇ ਅੰਗੂਠੇ ਤੇ ਸਿਰ ਮਿਲਾ ਦਿੰਦੇ ਹਨ ਜਾਂ ਲੜ ਜੋੜ ਦਿੰਦੇ ਹਨ, ਇਸ ਤੋਂ ਪਿੱਛੋਂ ਕੁੜੀ ਦਾ ਪਿਤਾ ਆਪਣੇ ਪਿੱਤਰਾਂ ਦਾ ਧਿਆਨ ਧਰ ਕੇ 'ਕੰਨਿਆਦਾਨ' ਕਰਦਾ ਹੈ। ਕੰਨਿਆਦਾਨ ਵੀ ਪਿੱਤਰਾਂ ਵਾਸਤੇ ਹੀ ਕੀਤਾ ਮੰਨਿਆ ਗਿਆ ਹੈ। ਅਗਨੀ ਦਿਉਤੇ ਅੱਗੇ ਮੁੰਡੇ ਕੁੜੀ ਤੋਂ ਇਕ ਦੂਜੇ ਦੀ ਖ਼ੁਸ਼ਹਾਲੀ ਲਈ ਪ੍ਰਾਰਥਨਾਵਾਂ ਕਰਾਈਆਂ ਜਾਂਦੀਆਂ ਹਨ। ਇਸ ਤੋਂ ਪਿੱਛੋਂ ਉਨ੍ਹਾਂ ਦੇ ਅੱਗ ਦੁਆਲੇ ਪੂਰਬੀ ਪੰਜਾਬ ਵਿਚ ਸੱਤ ਤੇ ਕੇਂਦਰੀ ਜਾਂ ਪੱਛਮੀ ਪੰਜਾਬ ਵਿਚ ਚਾਰ ਫੇਰੇ ਦਿਵਾਏ ਜਾਂਦੇ ਹਨ । ਪਹਿਲੇ ਕੁਝ ਫੇਰੇ ਲੈਣ ਸਮੇਂ ਮੁੰਡਾ ਅੱਗੇ ਹੁੰਦਾ ਹੈ ਪਿਛਲੇ ਕੁਝ ਫੇਰੇ ਕੁੜੀ। ਫੇਰੇ ਬਦਲਣ ਨਾਲ ਉਨ੍ਹਾਂ ਦੇ ਖਾਰੇ (ਜਾਂ ਖਾਰਾ ਚੌਂਕੀ) ਵੀ ਬਦਲ ਜਾਂਦੇ ਹਨ। ਅਸਲ ਵਿਚ, ਇਕ ਲੋਕ-ਗੀਤ ਅਨੁਸਾਰ, ਖਾਰੇ ਬਦਲਣ ਤੋਂ ਪਿੱਛੋਂ ਹੀ ਬਾਬਲ ਦੀ ਧੀ ਪਰਾਈ ਹੁੰਦੀ ਹੈ। ਦੱਖਣ-ਪੱਛਮੀ ਪੰਜਾਬ ਦੇ ਹਿੰਦੂ ਇਹੀ ਮਹੱਤਤਾ 'ਸਿਰ ਮੇਲ' ਨੂੰ ਦਿੰਦੇ ਹਨ । ਫੇਰਿਆਂ ਦੀ ਰਸਮ ਬਹੁਤ ਮਹੱਤਵ-ਪੂਰਨ ਹੈ ਕਿਉਂਕਿ ਇਸ ਤੋਂ ਬਿਨਾਂ ਵਿਆਹ ਸੰਪੂਰਨ ਨਹੀਂ ਸਮਝਿਆ ਜਾਂਦਾ। ਪਰ ਇਨ੍ਹਾਂ ਰਸਮਾਂ ਵਿਚ ਥਾਂ ਥਾਂ ਦੇ ਰਿਵਾਜ ਅਨੁਸਾਰ ਤਬਦੀਲੀ ਵੀ ਕੀਤੀ ਜਾ ਸਕਦੀ ਹੈ ਤੇ ਕੀਤੀ ਜਾਂਦੀ ਹੈ। ਕਈ ਬ੍ਰਾਹਮਣ ਪੁਰਾਤਨ ਰੀਤ ਅਨੁਸਾਰ ਪੱਥਰ ਵੀ ਠੁਕਰਵਾਉਂਦੇ ਹਨ, ਭਾਵ ਉਹ ਮੁੰਡੇ ਕੁੜੀ ਨੂੰ ਬਚਨਾਂ ਦੇ ਪੱਕੇ ਤੇ ਦ੍ਰਿੜ੍ਹ ਕਰਦੇ ਹਨ ਅਤੇ ਕਈ ਸਥਾਨਾਂ ਤੇ ਪਾਂਧਾ ਆਟੇ ਦੀਆਂ ਸੱਤ ਸੱਤ ਲੀਕਾਂ ਵਾਹੁੰਦਾ ਹੈ ਜਿਨ੍ਹਾਂ ਨੂੰ ਵਿਆਂਹਦੜ ਜੋੜਾ ਲੜਾਂ ਦੀ ਸਾਂਝੀ ਗੱਠ ਨਾਲ ਪੂੰਝ ਦਿੰਦਾ ਹੈ। ਇਸ ਦਾ ਭਾਵ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਦੋਵੇਂ ਇਕ ਦੂਜੇ ਦੀਆਂ ਪਹਿਲੀਆਂ ਭੁੱਲਾਂ ਮੁਆਫ਼ ਕਰ ਕੇ ਇਕ ਦੂਜੇ ਨੂੰ ਸੱਚੇ ਦਿਲੋਂ ਪਰਵਾਨ ਕਰਦੇ ਹਨ । ਫੇਰੇ ਵੀ ਦੋ ਕਿਸਮ ਦੇ ਹਨ, ਸਨਾਤਨੀ ਤੇ ਆਰੀਆ ਸਮਾਜੀ। ਸਨਾਤਨੀ ਫੇਰਿਆਂ ਵਿਚ ਬਚਨ ਬਿਲਾਸ ਤੇ ਹੋਮ ਅੱਠ ਅੱਠ ਘੰਟੇ ਹੁੰਦੇ ਰਹਿੰਦੇ ਹਨ।

ਸਾਰੀ ਰਸਮ ਸਮਾਪਤ ਹੋਣ ਤੇ ਬ੍ਰਾਹਮਣ ਦੇ ਭਾਂਡੇ ਵਿਚ ਕੰਨਿਆਂਦਾਨ ਦੇ ਪੈਸੇ ਪਾ ਦਿੰਦੇ ਹਨ ਅਤੇ ਕਈ ਥਾਵਾਂ ਤੇ ਗਊ ਵੀ ਪੁੰਨ ਕਰਦੇ ਹਨ। ਕੁੜੀ ਨੂੰ ਕੁੜੀ ਦਾ ਮਾਮਾ ਖਾਰਿਆਂ ਤੋਂ ਚੁੱਕ ਕੇ ਅੰਦਰ ਬਿਠਾ ਦਿੰਦਾ ਹੈ। ਇੱਥੇ ਹੀ ਕੁੜੀ ਦੀ ਮਾਂ ਮੁੰਡੇ ਨੂੰ ਮਿਸਰੀ ਜਾਂ ਦੁੱਧ ਦੇ ਕੇ ਸਨਮਾਨਦੀ ਹੈ। ਅੱਧਾ ਦੁੱਧ ਮੁੰਡਾ ਪੀ ਲੈਂਦਾ ਹੈ ਤੇ ਅੱਧਾ ਅੰਦਰ ਵਹੁਟੀ ਨੂੰ ਦੇ ਦਿੰਦੇ ਹਨ। 'ਲਗਨਾਂ ਵਾਲੀ ਵੇਦੀ' ਪ੍ਰਾਹੁਣੇ ਤੋਂ ਹੀ ਪੁਟਵਾਈ ਜਾਂਦੀ ਹੈ – ਉਹ ਉਸ ਵੇਲੇ ਪੁੱਟ ਦੇਵੇ ਜਾਂ ਫੇਰ ਕਦੀ।

ਵੇਦੀ ਦੁਆਰਾ ਲਗਨ ਤੇ ਫੇਰੇ ਹਿੰਦੂਆਂ ਦਾ ਰਿਵਾਜ ਹਨ । ਸਿੰਘ ਸਭਾ ਲਹਿਰ ਦੇ ਪਰਚਾਰ ਤੋਂ ਪਹਿਲਾਂ ਬ੍ਰਾਹਮਣੀ ਅਸਰ ਹੇਠ ਸਿਖਾਂ ਵਿਚ ਵੀ ਵੇਦੀ ਰਾਹੀਂ ਹੀ ਵਿਆਹ ਕਰਦੇ ਰਹੇ ਹਨ । ਸਿੰਘ ਸਭਾ ਲਹਿਰ ਨੇ ਅਨੰਦ ਕਾਰਜ ਦੀ ਰੀਤ ਦਾ ਪਰਚਾਰ ਕੀਤਾ। ਇਸ ਦੇ ਪਰਚਾਰ ਦੇ ਦਿਨਾਂ ਵਿਚ ਕਈ ਅਜੇਹੇ ਵਿਆਹ ਵੀ ਹੋਏ ਜਿਹੜੇ ਅੱਧ-ਪਚੱਧ ਵੇਦੀ ਨਾਲ ਹੁੰਦੇ ਸਨ ਤੇ ਅੱਧੇ ਕੁ (ਜਾਂ ਪੂਰੇ) ਗੁਰੂ ਗ੍ਰੰਥ ਸਾਹਿਬ ਦੁਆਰਾ । ਇਥੇ ਹਵਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕੀਤਾ ਜਾਂਦਾ ਹੈ। ਲਾਵਾਂ ਤੋਂ ਪਹਿਲਾਂ ਮੁੰਡੇ ਕੁੜੀ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੁੰਦਾ ਹੈ। ਗ੍ਰੰਥੀ ਦੋਹਾਂ ਧਿਰਾਂ ਤੋਂ ਬਚਨ ਲੈਂਦਾ ਹੈ। ਫਿਰ ਭੁਜੰਗਣ ਨੂੰ ਭੁਝੰਗੀ ਦਾ ਲੜ ਫੜਾਕੇ ਅਰਦਾਸ ਕਰਦਾ ਹੈ। ਪਿੱਛੋਂ ਉਹ ਇਕ ਲਾਂਵ ਪੜ੍ਹਦਾ ਹੈ, ਜੋੜੀ ਉੱਠ ਕੇ ਪ੍ਰਕਰਮਾਂ ਕਰਦੀ ਹੈ, ਵਹੁਟੀ ਦੇ ਭਰਾ ਉਸ ਨੂੰ ਫੜ ਕੇ ਲਾੜੇ ਦੇ ਪਿੱਛੇ ਤੋਰਦੇ ਹਨ, ਰਾਗੀ ਉਸੇ ਲਾਂਵ ਨੂੰ ਉੱਚੀ ਉੱਚੀ ਗਾ ਕੇ ਪੜ੍ਹਦੇ ਹਨ । ਹਰ ਲਾਂਵ ਪਿੱਛੋਂ ਜੋੜੀ ਮੱਥਾ ਟੇਕ ਕੇ ਗੁਰ ਗ੍ਰੰਥ ਸਾਹਿਬ ਦੇ ਸਾਹਮਣੇ ਬੈਠ ਜਾਂਦੀ ਹੈ । ਚਾਰੇ ਲਾਵਾਂ ਪੜ੍ਹ ਕੇ ਗ੍ਰੰਥੀ ਜਾਂ ਭਾਈ ਅਨੰਦ ਸਾਹਿਬ ਦਾ ਪਾਠ ਕਰ ਕੇ

ਭੋਗ ਪਾ ਦਿੰਦਾ ਹੈ ।

ਨਾਮਧਾਰੀ ਸਿੱਖਾਂ ਵਿਚ ਰਿਵਾਜ ਹੈ ਕਿ ਉਹ ਮੇਲੇ ਵਿਚ ਗੁਰਦੁਆਰੇ ਜਾ ਕੇ ਵਿਆਹ ਰਚਾਉਂਦੇ ਹਨ । ਬਹੁਤ ਸਾਦੇ ਢੰਗ ਨਾਲ ਅਨੰਦ ਕਾਰਜ ਕਰਦੇ ਹਨ । ਕਿਸੇ ਕਿਸਮ ਦੀ ਬਰਾਤ ਨਹੀਂ ਹੁੰਦੀ, ਕੜਾਹ ਪਰਸ਼ਾਦ ਦੀ ਦੇਗ ਕਰਾ ਕੇ ਸਵਾ ਰੁਪਈਆ ਚੜ੍ਹਾਵੇ ਦਾ ਦੇ ਦਿੰਦੇ ਹਨ । ਜਿਨ੍ਹਾਂ ਦੇ ਅਰਮਾਨ ਪੂਰੇ ਨਹੀਂ ਹੁੰਦੇ ਉਹ ਮੁਕਲਾਵੇ ਸਮੇਂ ਫਿਰ ਵਿਆਹ ਜਿੰਨਾ ਹੀ ਇਕੱਠ ਕਰ ਕੇ ਖ਼ਰਚ ਕਰਦੇ ਹਨ ।

ਸਿੱਖੀ ਮਰਯਾਦਾ ਅਨੁਸਾਰ ਬਾਲ ਵਿਵਾਹ ਵਿਵਰਜਿਤ ਹੈ; ਜਾਤ ਪਾਤ ਤੇ ਗੋਤ ਦੀ ਕੋਈ ਬੰਦਸ਼ ਨਹੀਂ, ਕਿਸੇ ਚੰਗੇ ਮੰਦੇ ਥਿੱਤ ਵਾਰ ਦਾ ਭਰਮ ਨਹੀਂ । ਸਿਹਰੇ, ਗਾਨੇ, ਪਿੱਤਰ ਪੂਜਣੇ, ਲੱਸੀ ਪੈਰ, ਹਵਨ ਕਰਨਾ, ਵੇਦੀ ਗੱਡਣੀ, ਕੁੜਮਾਈ, ਸ਼ਰਾਬ, ਨਾਚ, ਸੋਟ ਸਭ ਮਨਮਤ ਮਿੱਥੀ ਗਈ ਹੈ; ਟਕੇ ਦੇ ਵਿਆਹ ਦੀ ਮਨਾਹੀ ਹੈ ਤੇ ਪੁਨਰ-ਵਿਵਾਹ ਦੀ ਪੂਰਨ ਖੁੱਲ੍ਹ ਹੈ ।

ਅਨੰਦ-ਕਾਰਜ ਜਾਂ ਲਗਨ-ਫੇਰਿਆਂ ਨਾਲ ਅਸਲੀ ਕਾਰਜ ਖ਼ਤਮ ਹੋ ਜਾਂਦਾ ਹੈ । ਉਸ ਤੋਂ ਪਿੱਛੋਂ ਕੁੜੀ ਦੇ ਮਾਪੇ ਜਿੰਨੇ ਦਿਨ ਮਰਜ਼ੀ ਬਰਾਤੀਆਂ ਨੂੰ ਰੱਖ ਕੇ ਉਨ੍ਹਾਂ ਦੀ ਖ਼ਾਤਰ ਕਰ ਸਕਦੇ ਹਨ । ਇਨ੍ਹਾਂ ਦਿਨਾਂ ਵਿਚ ਹਰਿਆਣੇ ਦੇ ਜੱਟ 'ਨਿਉਤੇ' ਅਤੇ ਕਾਂਗੜੇ ਦੇ ਹਿੰਦੂ 'ਤੰਬੋਲ' ਪੁਆਉਂਦੇ ਹਨ । ਹਰ ਅੰਗ ਸਾਕ ਅਤੇ ਭਾਈਚਾਰੇ ਦਾ ਮੈਂਬਰ ਆਪਣੀ ਵਿੱਤ ਤੇ ਸ਼ਰਧਾ ਅਨੁਸਾਰ ਵਿਆਹ ਵਾਲਿਆਂ ਨੂੰ ਦਾਨ ਦਿੰਦਾ ਹੈ ਜਿਹੜਾ ਘਰ ਵਾਲੇ ਆਪਣੀ ਧੀ-ਧਿਆਣੀ ਨੂੰ ਸੌਂਪ ਦਿੰਦੇ ਹਨ । ਆਮ ਤੌਰ ਤੇ 'ਨਿਉਂਦੇ' ਜਾਂ 'ਤੰਬੋਲ' ਦੀ ਰਸਮ ਕੁਝ ਏਸ ਤਰ੍ਹਾਂ ਹੈ ਕਿ 'ੳ' ਨੇ 'ਅ' ਦੀ ਧੀ ਦੇ ਵਿਆਹ ਨੂੰ ਜੇ ਦਸ ਰੁਪਏ ਦਿੱਤੇ ਸਨ ਤਾਂ 'ਅ' 'ੳ' ਦੀ ਧੀ ਦੇ ਵਿਆਹ ਨੂੰ ੧੧ ਦੇਵੇਗਾ ਅਤੇ 'ੳ' ਅਗਲੀ ਵਾਰੀ ਬਾਰ੍ਹਾਂ ਤੇ 'ਅ' ਅਗਲੀ ਵਾਰੀ ਫਿਰ ਤੇਰ੍ਹਾਂ । ਸਾਰੇ ਨਿਉਂਦੇ ਜਾਂ ਤੰਬੋਲ ਵਹੀ ਵਿਚ ਦਰਜ ਕੀਤੇ ਜਾਂਦੇ ਹਨ । ਮਾਮੇ ਦਾ ਨਿਉਂਦਾ ਹੀ ਅਜੇਹਾ ਹੁੰਦਾ ਹੈ ਜਿਹੜਾ ਕਦੀ ਦਰਜ ਨਹੀਂ ਕੀਤਾ ਜਾਂਦਾ ਅਤੇ ਕਦੀ ਵਾਰੀ ਲੋਕਾਂ ਨੂੰ ਦੱਸਿਆ ਵੀ ਨਹੀਂ ਜਾਂਦਾ । ਉਹ ਆਪਣੀ ਭਾਣਜੀ ਨੂੰ ਜੋ ਜੀ ਚਾਹੇ ਦੇ ਦਿੰਦਾ ਹੈ । ਇਹ ਰਸਮ ਵਿਆਹ ਤੋਂ ਇਕ ਦਿਨ ਪਹਿਲਾਂ ਵੀ ਕੀਤੀ ਜਾਂਦੀ ਹੈ, ਪਰ ਆਮ ਤੌਰ ਤੇ ਇਸ ਦਾ ਸਮਾਂ ਦੂਜੇ ਦਿਨ ਰੋਟੀ ਤੋਂ ਪਿੱਛੋਂ ਵਾਲਾ ਹੀ ਪਰਚਲਤ ਹੈ । ਕਈ ਵਾਰੀ ਗੂੜ੍ਹੇ ਰਿਸ਼ਤੇਦਾਰ ਜਾਂ ਨਾਨਕੇ ਕੁੜੀ ਦੇ ਵਿਆਹ ਨੂੰ ਇਕ ਵੇਲੇ ਦੀ ਰੋਟੀ ਦਾ ਖ਼ਰਚਾ ਜਾਂ ਰੋਟੀ ਵੀ ਦਿੰਦੇ ਹਨ । ਇਹ ਰਸਮਾਂ ਸਮਾਜਕ ਹਨ ਅਤੇ ਵਿਆਰ ਵਾਲਿਆਂ ਦਾ ਭਾਰ ਹਲਕਾ ਕਰਨ ਲਈ ਕੱਢੀਆਂ ਗਈਆਂ ਹਨ ।

ਲਗਨਾਂ ਤੋਂ ਪਿੱਛੋਂ ਸਵੇਰ ਦੇ ਵੇਲੇ 'ਵਰੀ' ਹੁੰਦੀ ਹੈ । ਬਰਾਤੀ, ਜਿਹੜੀ ਵੀ 'ਵਰੀ' ਆਦਿ ਲੈ ਕੇ ਆਏ ਹੋਣ, ਥਾਲੀਆਂ, ਟੋਕਰਿਆਂ ਵਿਚ ਖਿਲਾਰ ਕੇ ਜਾਂ ਬੰਦ ਦੀ ਬੰਦ, ਕੁੜੀ ਵਾਲਿਆਂ ਦੇ ਘਰ ਲਿਆਉਂਦੇ ਹਨ । ਇਹ ਭਾਈਚਾਰੇ ਨੂੰ ਵਿਖਾਈ ਜਾਂਦੀ ਹੈ ।

ਇਸੇ ਤਰ੍ਹਾਂ ਬਰਾਤ ਦੇ ਤੁਰਨ ਤੋਂ ਚਾਰ ਕੁ ਘੰਟੇ ਪਹਿਲਾਂ ਕੁੜੀ ਵਾਲੇ ਮੁੰਡੇ ਵਾਲਿਆਂ ਨੂੰ ਤੇ ਆਪਣੇ ਭਾਈਚਾਰੇ ਨੂੰ 'ਖੱਟ' ਵਿਖਾਉਂਦੇ ਹਨ । ਇਸ ਵਿਚ ਉਹ ਸਭ ਕੁਝ ਵਿਖਾਇਆ ਜਾਂਦਾ ਹੈ ਜਿਹੜਾ ਕੁੜੀ ਵਾਲੇ ਮੁੰਡੇ ਵਾਲਿਆਂ ਨੂੰ, ਮੁੰਡੇ ਨੂੰ, ਜਾਂ ਆਪਣੀ ਧੀ ਨੂੰ ਦਿੰਦੇ ਹਨ । ਇਥੇ ਲਾੜੇ ਨੂੰ ਪਲੰਘ ਉੱਤੇ ਬਿਠਾ ਦਿੱਤਾ ਜਾਂਦਾ ਹੈ ਤੇ ਕੁੜੀ ਨੂੰ ਕਿਸੇ ਪੀੜ੍ਹੀ ਤੇ । ਕੁੜੀ ਵਾਲਿਆਂ ਵੱਲੋਂ ਦਾਜ ਆਦਿ ਅਤੇ ਦੂਜੀਆਂ ਚੀਜ਼ਾਂ ਦੀ ਲਿਸਟ ਪੜ੍ਹ ਕੇ ਸੁਣਾਉਂਦੇ ਹਨ ਅਤੇ ਮੁੰਡੇ ਨੂੰ ਕੁੜੀ ਵਾਲਿਆਂ ਨੇ ਕੋਈ ਗਹਿਣਾ ਪਾਉਣਾ ਹੋਵੇ ਤਾਂ ਪਾਉਂਦੇ ਹਨ, ਘੜੀ ਬੰਨ੍ਹਣੀ ਹੋਵੇ ਤਾਂ ਘੜੀ ਬੰਨ੍ਹਦੇ ਹਨ, ਕੰਠੀ ਪਾਉਣੀ ਹੋਵੇ ਤਾਂ ਕੰਠੀ ਪਾਉਂਦੇ ਹਨ । ਇਸ ਤੋਂ ਪਿੱਛੋਂ ਸਾਰਾ ਸਮਾਨ ਬੰਨ੍ਹ ਕੇ ਡੇਰੇ ਵਿਚ ਭੇਜ ਦਿੱਤਾ ਜਾਂਦਾ ਹੈ । ਖੱਟ ਵੇਖ ਕੇ ਬਰਾਤ ਤਾਂ ਚਲੀ ਜਾਂਦੀ ਹੈ ਪਰ ਮੁੰਡਾ ਬੈਠਾ ਰਹਿੰਦਾ ਹੈ । ਭਾਈਚਾਰੇ ਦੀਆਂ ਔਰਤਾਂ ਉਸ ਨੂੰ ਸਲਾਮੀਆਂ ਪਾਉਂਦੀਆਂ ਹਨ । ਕੁੜੀਆਂ ਟਿੱਚਰਾਂ ਕਰਦੀਆਂ ਹਨ ਤੇ ਛੰਦ ਆਦਿ ਸੁਣਦੀਆਂ ਹਨ। ਸਰਬਾਹਲੇ ਨੂੰ ਤਾਂ ਬਸ ਹੱਥਾਂ ਉੱਤੇ ਹੀ ਚੁੱਕ ਲੈਂਦੀਆਂ ਹਨ ।

ਇਸ ਤੋਂ ਪਿੱਛੋਂ ਬਰਾਤ ਵਿਦਾ ਕਰ ਦਿੱਤੀ ਜਾਂਦੀ ਹੈ । ਮਾਮਾ ਕੁੜੀ ਨੂੰ ਚੁੱਕ ਕੇ ਰੋਂਦੀ, ਕੁਰਲਾਉਂਦੀ ਨੂੰ ਡੋਲੇ

ਜਾਂ ਰਥ ਵਿਚ ਬਿਠਾ ਆਉਂਦਾ ਹੈ। ਉਸ ਦੇ ਨਾਲ ਉਸ ਦੀਆਂ ਲੋੜਾਂ ਦੀ ਵੇਖ ਭਾਲ ਵਾਸਤੇ ਨਾਇਣ ਭੇਜੀ ਜਾਂਦੀ ਹੈ ਤੇ ਦਿਲ ਲਾਉਣ ਵਾਸਤੇ ਉਸ ਦਾ ਛੋਟਾ ਭਰਾ। ਉਮਰ ਕੁੜੀ ਦੀ ਵੀ ਕੀ ਹੁੰਦੀ ਹੈ? 'ਜ਼ੋਰ ਨਾ ਕੁੜੀ ਦਾ ਕੋਈ, ਰੋਂਦੀ ਟੋਰ ਦੇਣਗੇ' ਅਤੇ ਟੋਰ ਹੀ ਦਿੰਦੇ ਹਨ। ਪਿੰਡ ਦੇ ਅੰਦਰ ਕੁੜੀ ਦਾ ਡੋਲਾ ਭਾਈਚਾਰੇ ਦੇ ਬੰਦੇ ਹੀ ਚੁੱਕਦੇ ਹਨ ਅਤੇ ਪਿੰਡ ਤੋਂ ਬਾਹਰ ਕਹਾਰਾਂ ਨੂੰ ਸੌਂਪ ਦਿੱਤਾ ਜਾਂਦਾ ਹੈ। ਕੁੜੀਆਂ ਵਿਰਾਗ ਦੇ ਗੀਤ ਗਾਉਂਦੀਆਂ ਤੇ ਡੁਸਕਦੀਆਂ ਪਰਤ ਆਉਂਦੀਆਂ ਹਨ, "ਸਾਥਣ ਚਾਲ ਪੜੀ, ਮੇਰੇ ਡੱਬ ਡੱਬ ਭਰ ਆਏ ਨੈਣ।"

ਏਧਰ ਬਰਾਤ ਤਿੰਨ ਦਿਨ ਕੁੜੀ ਦੇ ਪਿੰਡ ਰਹਿੰਦੀ ਹੈ, ਓਧਰ ਮੁੰਡੇ ਦੇ ਪਿੰਡ ਦੀਆਂ ਇਸਤਰੀਆਂ ਨੂੰ ਨੱਚਣ, ਖੇਡਣ ਤੇ ਵਿਆਹੁਲਾ 'ਗਿੱਧਾ' ਪਾਉਣ ਦੀ ਖੁੱਲ੍ਹ ਮਿਲ ਜਾਂਦੀ ਹੈ। ਮੁੰਡੇ ਦਾ ਮਾਮਾ ਉਨ੍ਹਾਂ ਵਾਸਤੇ ਤਣੀ ਬੰਨ੍ਹ ਗਿਆ ਹੁੰਦਾ ਹੈ ਉਹ ਜਿਸ ਪਰਕਾਰ ਦੀਆਂ ਮਰਜ਼ੀ ਬੋਲੀਆਂ ਪਾ ਸਕਦੀਆਂ ਹਨ। 'ਪਹਿਲੇ ਨੰਬਰ ਰਹਿ ਗਈ ਛਾਤਾਂ, ਨਰਮ ਰਹੀ ਕਰਤਾਰੀ।' ਗਿੱਧਾ ਚਲਦਾ ਹੈ। ਪਿੰਡ ਦੇ ਗੱਭਰੂ ਬਨੇਰਿਆਂ ਤੋਂ ਲੁਕ ਕੇ ਵੇਖਦੇ ਹਨ। ਕੇਂਦਰੀ ਪੰਜਾਬ ਵਿਚ ਗਿੱਧੇ ਤੋਂ ਪਹਿਲਾਂ ਨਾਨਕਿਆਂ ਦੀ 'ਜਾਗੋ' ਨਿਕਲਦੀ ਹੈ। ਮੁੰਡੇ ਦੀ ਮਾਮੀ ਵਲਟੋਹੀ ਉੱਤੇ ਆਟੇ ਦੇ ਦੀਵੇ ਬਾਲ ਕੇ ਵਲਟੋਹੀ ਸਿਰ ਤੇ ਰੱਖ ਕੇ ਅੱਗੇ ਹੋ ਟੁਰਦੀ ਹੈ। ਬਾਕੀ ਮੇਲਣਾਂ ਉਸ ਦੇ ਪਿੱਛੇ ਗਿੱਧਾ ਪਾਉਂਦੀਆਂ ਘਰ ਘਰ ਜਾਂਦੀਆਂ ਹਨ। ਲੰਬੜਦਾਰ, ਸ਼ਾਹੂਕਾਰ ਜਾਂ ਬਾਣੀਏਂ ਦਾ ਤਾਂ ਨੱਕ ਵਿਚ ਦਮ ਲਿਆ ਦਿੰਦੀਆਂ ਹਨ। ਹਰਿਆਣੇ ਵਿਚ ਗਿੱਧੇ ਦੀ ਥਾਂ ਕੁੜੀਆਂ ਕਿਸੇ ਮੁੰਡੇ ਕੁੜੀ ਦਾ ਆਪੋ ਵਿਚ ਫ਼ਰਜ਼ੀ ਵਿਆਹ ਰਚਾਉਂਦੀਆਂ ਤੇ ਇਕ ਦੂਜੀ ਨੂੰ ਟਿੱਚਰਾਂ ਕਰਦੀਆਂ ਹਨ। ਪਿੰਡ ਦੀ ਕੋਈ ਚਤਰ ਕੁੜੀ ਘੜੇ ਵਿਚ ਮੂੰਹ ਪਾ ਕੇ ਬੋਲਦੀ ਹੈ। ਕੋਈ ਸਵਾਲ ਕਰੇ ਉਸ ਦਾ ਜਵਾਬ ਦਿੰਦੀ ਹੈ। ਇਨ੍ਹਾਂ ਸਵਾਲਾਂ ਜਵਾਬਾਂ ਵਿਚ ਪਿੰਡ ਦੀਆਂ ਕੁੜੀਆਂ ਦੇ ਕੱਚੇ ਪੱਕੇ ਯਰਾਨਿਆਂ ਦੇ ਮਜ਼ਾਕ ਉਡਾਏ ਜਾਂਦੇ ਹਨ।

ਇਨ੍ਹਾਂ ਤਿੰਨਾਂ ਦਿਨਾਂ ਵਿਚ ਹੀ ਲਗਨਾਂ ਦੇ ਵੇਲੇ ਮੁੰਡੇ ਦੀ ਮਾਂ ਆਪਣੇ ਘਰ 'ਕੱਚੀ ਲੱਸੀ ਪੈਰ' ਪਾਉਂਦੀ ਹੈ। ਓਧਰ ਲਗਨ ਹੋ ਰਹੇ ਹੁੰਦੇ ਹਨ ਏਧਰ ਉਹ ਭਾਂਡੇ ਵਿਚ ਪੈਰ ਨਾਲ ਦੁੱਧ ਪਾਣੀ ਘੋਲ ਰਹੀ ਹੁੰਦੀ ਹੈ, ਭਾਵ ਉਹ ਮੁੰਡੇ ਕੁੜੀ ਦੇ ਰਿਸ਼ਤੇ ਨੂੰ ਦੁੱਧ-ਪਾਣੀ ਦੇ ਰਿਸ਼ਤੇ ਜਿੰਨਾ ਗੂੜ੍ਹਾ ਤੇ ਅਭੇਦ ਕਰ ਦਿੰਦੀ ਹੈ। ਇਸ ਤੋਂ ਪਿੱਛੋਂ ਉਹ ਲੱਸੀ ਵਿਚ ਪੈਸੇ ਸੁੱਟ ਦਿੰਦੀ ਹੈ ਜਿਹੜੇ ਲਾਗਣ ਚੁੱਕ ਲੈਂਦੀ ਹੈ।

ਤਿੰਨ ਦਿਨ ਗਿੱਧੇ ਆਦਿ ਦਾ ਅਨੰਦ ਬੱਝਾ ਰਹਿੰਦਾ ਹੈ। ਤੀਜੇ ਦਿਨ ਬਰਾਤ ਦੀ ਵਾਪਸੀ ਦੀ ਉਡੀਕ ਹੁੰਦੀ ਹੈ। ਹਰਿਆਣੇ ਵਿਚ ਮੁੰਡੇ ਦੀ ਮਾਂ ਇਕ ਵੱਡਾ ਸਾਰਾ ਲੱਡੂ ਬਣਾ ਕੇ ਦਰਵਾਜ਼ੇ ਵਿਚ ਖੜੀ ਹੋ ਜਾਂਦੀ ਹੈ। ਉਹ ਲੱਡੂ ਸਭ ਤੋਂ ਪਹਿਲਾਂ ਆਉਣ ਵਾਲੇ ਬਰਾਤੀ ਨੂੰ ਦਿੱਤਾ ਜਾਂਦਾ ਹੈ। ਇਸ ਲੱਡੂ ਪਿੱਛੇ ਇੱਥੋਂ ਦੇ ਜਾਟ ਵਿਆਹ ਤੋਂ ਮਹੀਨਾ ਭਰ ਪਹਿਲਾਂ ਹੀ ਆਪਣੇ ਜਾਨਵਰਾਂ ਦੀ ਟਹਿਲ ਸੇਵਾ ਸ਼ੁਰੂ ਕਰ ਦਿੰਦੇ ਹਨ। ਬਟੇਊ (ਲਾੜਾ, ਪ੍ਰਾਹੁਣਾ) ਪਹੁੰਚੇ ਤਾਂ ਉਸ ਦੀ ਬੜੀ ਕਦਰ ਹੁੰਦੀ ਹੈ। ਥੋੜ੍ਹੇ ਚਿਰ ਪਿੱਛੋਂ ਬਰਾਤ ਵੀ ਪੈਸਿਆਂ ਦੀ ਸੋਟ ਕਰਦੀ ਪਹੁੰਚ ਜਾਂਦੀ ਹੈ। ਪਿੰਡ ਵਿਚ ਪਹੁੰਚ ਕੇ ਕਾਂਗੜੇ ਦਾ ਰਿਵਾਜ ਹੈ, ਕਿ ਬਰਾਤ ਬਹੁਤ ਹੌਲੀ ਟੁਰਦੀ ਹੈ (ਇਸ ਨੂੰ 'ਦਖੀਲਾ' ਕਹਿੰਦੇ ਹਨ)।

ਘਰ ਪਹੁੰਚਣ ਉੱਤੇ ਮੁੰਡੇ ਦੀ ਮਾਂ ਦੀਵਾ ਲੈ ਕੇ ਨੂੰਹ ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜ਼ੇ ਉੱਤੇ ਉਹ ਪਾਣੀ ਨਾਲ 'ਵਾਰਨੇ ਵਾਰਦੀ ਹੈ'। ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ। ਭਾਵ ਨੂੰਹ ਪੁੱਤ ਦੇ ਦੁੱਖ ਆਪਣੇ ਸਿਰ ਲੈਣ ਦੀ ਕੁਰਬਾਨੀ ਕਰਦੀ ਹੈ; ਮੁੰਡਾ ਉਸ ਨੂੰ ਰੋਕਦਾ ਹੈ। ਸੱਤਵੀਂ ਵਾਰੀ ਤਾਂ ਉਸ ਦੀਆਂ ਦਿਰਾਣੀਆਂ ਜਿਠਾਣੀਆਂ ਉਸ ਨੂੰ ਬਿਲਕੁਲ ਹੀ ਉਹ ਪਾਣੀ ਨਹੀਂ ਪੀਣ ਦਿੰਦੀਆਂ।

ਅੰਦਰ ਉਨ੍ਹਾਂ ਦੋਹਾਂ ਨੂੰ ਚੜ੍ਹਦੇ ਵਲ ਮੂੰਹ ਕਰ ਕੇ ਬਿਠਾ ਲੈਂਦੇ ਹਨ ਤੇ ਮੁੰਡੇ ਦੀ ਮਾਂ, ਮੁੰਡੇ ਤੇ ਨੂੰਹ ਨੂੰ ਦੁੱਧ ਪਿਲਾ ਕੇ ਉਨ੍ਹਾਂ ਦਾ ਮਾਣ ਕਰਦੀ ਹੈ। ਇਸ ਤੋਂ ਪਿੱਛੋਂ ਮੁੰਡਾ ਤਾਂ ਉਠ ਜਾਂਦਾ ਹੈ, ਪਰ ਵਹੁਟੀ ਨੂੰ ਭਾਈਚਾਰੇ ਦੀਆਂ ਔਰਤਾਂ ਸ਼ਗਨ ਪਾਉਂਦੀਆਂ ਹਨ ਤੇ ਵੇਖਦੀਆਂ ਹਨ। ਮੁੰਡੇ ਦੀ ਮਾਂ ਮੂੰਹ ਵੇਖਣ ਲੱਗੀ ਵਹੁਟੀ ਨੂੰ ਕੋਈ ਸ਼ਗਨਾਂ ਦਾ ਗਹਿਣਾ ਵੀ ਪਾਉਂਦੀ ਹੈ।

'ਮੂੰਹ ਵਿਖਾਈ' ਤੋਂ ਪਿੱਛੋਂ 'ਗੋਤਕਨਾਲਾ' ਕੀਤਾ ਜਾਂਦਾ ਹੈ । ਸ਼ਰੀਕੇ ਦੀਆਂ ਅਰਤਾ ਤੇ ਵਹੁਟੀ ਦੀਆਂ ਦਿਰਾਣੀਆਂ, ਜਿਠਾਣੀਆਂ ਰਲ ਕੇ ਭੋਜਨ ਖਾਂਦੀਆਂ ਹਨ, ਭਾਵ ਇਹ ਕਿ ਉਹ ਵਹੁਟੀ ਨੂੰ ਆਪਣੇ ਗੋਤ ਵਿਚ ਰਲਾਉਂਦੀਆਂ ਹਨ । ਰਾਤ ਨੂੰ ਵਹੁਟੀ ਵਾਲੇ ਕਮਰੇ ਵਿਚ ਇਕ ਦੀਵਾ ਬਾਲ ਦਿੰਦੇ ਹਨ । ਉਹ ਸਾਰੀ ਰਾਤ ਜਲਦਾ ਰਹਿੰਦਾ ਹੈ । ਇਹ ਚਾਨਣ ਦਾ ਚਿੰਨ੍ਹ ਹੈ । ਰਾਤ ਨੂੰ ਵਹੁਟੀ ਜ਼ਮੀਨ ਤੇ ਹੀ ਸੌਂਦੀ ਹੈ । ਅਸਲ ਵਿਚ ਲਾੜੀ ਤੇ ਲਾੜੇ ਨੂੰ ਵਿਆਹ ਤੋਂ ਤਿੰਨ ਦਿਨ ਪਿੱਛੋਂ ਤਕ ਜ਼ਮੀਨ ਉੱਤੇ ਸੁਆਉਣ ਦਾ ਰਿਵਾਜ ਹੈ । ਅੱਜ ਕਲ ਇਹ ਨਿਰਾ ਵਹਿਮ ਹੀ ਰਹਿ ਗਿਆ ਹੈ ।

ਦੂਜੇ ਦਿਨ ਸਵੇਰੇ ਲਾੜਾ ਤੇ ਵਹੁਟੀ ਪਿੱਤਰਾਂ, ਜਠੇਰਿਆਂ, ਸ਼ਹੀਦਾਂ ਜਾਂ ਤੁਲਸੀ ਦੇ ਬੂਟੇ ਦੀ ਪੂਜਾ ਵਾਸਤੇ ਜਾਂਦੇ ਹਨ । ਕਈ ਥਾਵਾਂ ਉੱਤੇ ਇਸ ਸਮੇਂ ਛਟੀ ਖੇਡਣ ਦਾ ਵੀ ਰਿਵਾਜ ਹੈ । ਲਾੜਾ ਤੇ ਵਹੁਟੀ ਇਕ ਦੂਜੇ ਦੇ ਸੱਤ ਸੱਤ ਛਟੀਆਂ ਮਾਰਦੇ ਹਨ ।

ਇਸੇ ਸ਼ਾਮ 'ਕੰਙਣਾ' ਖੇਲਦੇ ਹਨ । ਨਾਇਣ ਇਕ ਪਰਾਤ ਵਿਚ ਪਾਣੀ, ਹਲਦੀ ਤੇ ਚਾਉਲ ਘੋਲ ਲੈਂਦੀ ਹੈ । ਉਸ ਵਿਚ ਪਹਿਲਾਂ ਲਾੜਾ, ਲਾੜੀ ਦੇ ਕੰਙਣੇ ਦੀਆਂ ਗੱਠਾਂ ਖੋਲ੍ਹਦਾ ਹੈ ਤੇ ਫੇਰ ਲਾੜੀ ਲਾੜੇ ਦੇ ਕੰਙਣੇ ਦੀਆਂ । ਉਸ ਤੋਂ ਪਿੱਛੋਂ ਕੰਙਣਿਆਂ ਨਾਲ ਲਾੜੀ ਦੀ ਅੰਗੂਠੀ ਬੰਨ੍ਹ ਕੇ, ਮੁੰਡੇ ਵਾਲਿਆਂ ਦੀ ਨਾਇਣ ਸੱਤ ਵਾਰੀ ਪਾਣੀ ਵਿਚ ਸੁੱਟਦੀ ਹੈ । ਲਾੜਾ ਤੇ ਬਹੂ ਇਨ੍ਹਾਂ ਨੂੰ ਲੱਭਦੇ ਹਨ ਤੇ ਦੇਖਣ ਵਾਲੀਆਂ ਇਸਤਰੀਆਂ ਤਾੜੀਆਂ ਵਜਾਉਂਦੀਆਂ ਹਨ । ਉਂਞ ਨਾਇਣ ਖ਼ਿਆਲ ਰੱਖਦੀ ਹੈ ਕਿ ਮੁੰਡਾ ਹੀ ਜਿੱਤੇ ਕਿਉਂਕਿ ਇਸੇ ਜਿੱਤ ਨੇ ਮੁੰਡੇ ਦੀ ਵਹੁਟੀ ਉੱਤੇ ਉਮਰ ਭਰ ਦੀ ਜਿੱਤ ਦਾ ਨਿਰਣਾ ਕਰਨਾ ਹੁੰਦਾ ਹੈ ।

ਇਸ ਤੋਂ ਪਿੱਛੋਂ 'ਬੱਚਾ ਗੋਦ' ਲੈਣ ਦੀ ਰਸਮ ਹੈ । ਬਹੂ ਕਿਸੇ ਮੁੰਡੇ ਨੂੰ ਗੋਦ ਬਿਠਾਉਂਦੀ ਹੈ, ਜਿਸ ਦਾ ਭਾਵ ਉਹ ਪੁੱਤਰ ਦੀ ਮੰਗ ਕਰਦੀ ਹੈ । ਕਰਨਾਲ ਵਿਚ ਇਹ ਰਸਮ ਬੜੀ ਅਜੀਬ ਹੈ । ਲਾੜਾ ਆਪਣੀ ਭਰਜਾਈ ਦੇ ਪੱਟਾਂ ਵਿਚ ਬਹਿੰਦਾ ਹੈ, ਬਹੂ ਲਾੜੇ ਦੇ ਪੱਟਾਂ ਵਿਚ ਤੇ ਮੁੰਡਾ ਬਹੂ ਦੇ ਪੱਟਾਂ ਵਿਚ । ਕਈ ਥਾਂ ਇਸ ਰਸਮ ਦੀ ਥਾਂ 'ਤਿਲ ਤੇਗੁਣੇ' ਵੀ ਖੇਡਦੇ ਹਨ 'ਜਿਤਨੇ ਬਹੁਤੇ ਤਿਲ ਗਿਰੇਸੀ, ਉਤਨੇ ਬਹੁਤੇ ਪੁੱਤ ਜਣੇਸੀ', ਕਹਾਵਤ ਹੈ ।

ਤੀਜੇ ਦਿਨ ਬਹੂ ਨੂੰ ਤੋਰਨ ਤੋਂ ਪਹਿਲਾਂ ਪਿੰਡ ਨੂੰ 'ਦਿਖਾਵਾ' ਦਿਖਾਇਆ ਜਾਂਦਾ ਹੈ । ਇਸ ਵਿਚ ਉਹ ਸਭ ਕੁਝ ਸ਼ਾਮਲ ਹੁੰਦਾ ਹੈ ਜੋ ਉਹ ਆਪਣੇ ਪਿੰਡੋਂ ਲੈ ਕੇ ਆਉਂਦੀ ਹੈ । ਬਹੂ ਦੀ ਛੋਟੀ ਨਿਨਾਣ ਪੇਟੀ ਖੋਲ੍ਹਦੀ ਹੈ ਤੇ 'ਪੇਟੀ ਖੁਲ੍ਹਾਈ' ਦਾ ਮਨਭਾਉਂਦਾ ਸੂਟ ਆਪਣੇ ਲਈ ਕੱਢ ਲੈਂਦੀ ਹੈ ।

ਇਸ ਤੋਂ ਪਿੱਛੋਂ ਬਹੂ ਨੂੰ ਵਿਦਾ ਕਰ ਦਿੰਦੇ ਹਨ । ਜੇ ਉਮਰ ਬਹੁਤੀ ਛੋਟੀ ਨਾ ਹੋਵੇ (ਜਿਵੇਂ ਅੱਜ ਕਲ) ਤਾਂ ਤੀਜੇ ਦਿਨ ਹੀ ਉਸ ਦਾ ਮੁਕਲਾਵਾ ਆ ਜਾਂਦਾ ਹੈ । ਪਰ ਪੁਰਾਣਾ ਰਿਵਾਜ ਇਹ ਹੈ ਕਿ ਇਹ ਮੁਕਲਾਵਾ ਵਿਆਹ ਤੁੋਂ ਪਿੱਛੋਂ ਪਹਿਲੇ, ਤੀਜੇ, ਪੰਜਵੇਂ, ਸੱਤਵੇਂ, ਨੌਵੇਂ ਜਾਂ ਗਿਆਰ੍ਹਵੇਂ ਵਰ੍ਹੇ ਆਉਂਦਾ ਸੀ । ਹਰਿਆਣੇ ਵਿਚ ਮੁਕਲਾਵਾ ਲੈਣ ਵੀ ਨਾਈ ਜਾਂ ਬ੍ਰਾਹਮਣ ਹੀ ਜਾਂਦਾ ਹੈ । ਮੁਕਲਾਵਾ ਤੋਰਨ ਸਮੇਂ ਕੁੜੀ ਨੂੰ ਚਰਖੇ, ਚਰਮਖਾਂ ਤੋਂ ਲੈ ਕੇ ਪਲੰਘ ਬਿਸਤਰਿਆਂ ਤਕ ਘਰੇਲੂ ਵਰਤੋਂ ਦੀਆਂ ਸਾਰੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ । ਮਾਪੇ ਤੇ ਭਾਈਚਾਰਾ ਧੀ-ਧਿਆਣੀ ਨੂੰ ਸਲਾਮੀਆਂ ਤੇ ਸ਼ਗਨ ਪਾ ਕੇ ਤੋਰਦਾ ਹੈ । "ਐਮੇਂ ਤੋਰਦੈ ਕੋਈ ਬਿਨਾਂ ਆਦਰ ਤੋਂ" ? ਖੰਨੇ ਦੀ ਇਕ ਨਾਇਣ ਨੇ ਮੈਨੂੰ ਦੱਸਿਆ, "ਸਹੇਲੀਆਂ ਦੂਰ ਤਕ ਛੱਡਣ ਆਉਂਦੀਐਂ, ਦੁੱਧ ਪੁੱਤਰਾਂ ਵਾਲੀ ਹੋਣ ਦੀਆਂ ਅਸੀਸਾਂ ਦਿੰਦੀਐਂ" । ਉਂਞ ਇਹ ਆਦਰ ਨਿਰਾ ਮੁਕਲਾਵੇ ਸਮੇਂ ਹੀ ਨਹੀਂ ਕੀਤਾ ਜਾਂਦਾ, ਜਦ ਵੀ ਧੀ-ਧਿਆਣੀ ਮਾਪਿਆਂ ਦੇ ਘਰੋਂ ਤੁਰਦੀ ਹੈ, ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਆਦਰ ਕਰਨ । ਜਦ ਤਕ ਉਸ ਦੇ ਮਾਪੇ ਜੀਊਂਦੇ ਹਨ, ਜੁਆਈ ਉਨ੍ਹਾਂ ਤੋਂ ਮੰਗਦੇ ਹੀ ਰਹਿੰਦੇ ਹਨ ਤੇ ਉਹ ਆਦਰ ਕਰਦੇ ਹੀ ਰਹਿੰਦੇ ਹਨ ।

ਮੁਕਲਾਵਾ ਪਹੁੰਚਣ ਤੇ ਰਾਤ ਨੂੰ 'ਬਟੂਆ' ਜਾਂ 'ਬਾਰੀ ਹੱਥ ਪੁਆਉਣ' ਦੀ ਰਸਮ ਕਰਦੇ ਹਨ । ਪਤੀ ਆਪਣੀ ਸਜ-ਵਿਆਹੀ ਪਤਨੀ ਨੂੰ ਆਪਣਾ ਬਟੂਆ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਉਹ ਜਿੰਨੇ ਚਾਹੇ ਪੈਸੇ ਕੱਢ

ਸਕਦੀ ਹੈ, ਪਰ ਉਹ ਕੁਝ ਨਹੀਂ ਕੱਢਦੀ। ਕਈ ਪਤੀ ਗਹਿਣਾ ਆਦਿ ਵੀ ਪਾਉਂਦੇ ਹਨ। ਇਸ ਤੋਂ ਪਿੱਛੋਂ ਦੋਵੇਂ ਪਤੀ ਪਤਨੀ ਦੇ ਰੂਪ ਵਿਚ ਰਹਿਣ ਲਗ ਜਾਂਦੇ ਹਨ।

ਰਸਮੀ ਰੂਪ ਵਿਚ ਵਹੁਟੀ ਇੱਥੇ ਮਾਲਕਣ ਬਣ ਕੇ ਆਈ ਹੁੰਦੀ ਹੈ ਤੇ ਅਮਲੀ ਤੌਰ ਉੱਤੇ ਉਹ ਦਾਸੀ ਬਣ ਕੇ ਰਹਿਦੀ ਹੈ। ਘਰ ਵਿਚ ਆਪਣੇ ਤੋਂ ਵੱਡੇ (ਅਸਲ ਵਿਚ ਆਪਣੇ ਪਤੀ ਤੋਂ ਵੱਡੇ, ਕਿਉਂਕਿ ਕਈ ਵਾਰੀ ਪਤੀ ਉਮਰ ਵਿਚ ਉਸ ਨਾਲੋਂ ਛੋਟਾ ਵੀ ਹੁੰਦਾ ਹੈ) ਕਿਸੇ ਬੰਦੇ ਦਾ ਨਾਂ ਨਹੀਂ ਲੈਂਦੀ, ਸਾਰਿਆਂ ਨੂੰ ਸਵੇਰੇ ਉੱਠ ਕੇ ਮੱਥਾ ਟੇਕਦੀ ਹੈ – ਸੱਸ, ਸਹੁਰੇ ਤੇ ਜੇਠਾਂ ਨੂੰ। ਸੱਸ ਦੇ ਜੀਉਂਦੇ ਜੀ ਸਹੁਰੇ, ਜੇਠਾਂ ਨੂੰ ਤੇ ਕੀ, ਪਤੀ ਨੂੰ ਵੀ ਆਪਣੇ ਹਥੀਂ ਰੋਟੀ ਨਹੀਂ ਦੇ ਸਕਦੀ। ਸਭ ਤੋਂ ਘੁੰਡ ਕੱਢ ਕੇ ਰੱਖਦੀ ਹੈ। ਉਹ ਵੀ ਖੰਘ ਕੇ ਘਰ ਵੜਦੇ ਹਨ ਤਾਂ ਕਿ ਵਹੁਟੀ ਘੁਡ ਕੱਢ ਲਵੇ। ਸੱਸ ਬਣ ਕੇ ਉਹ ਜੁਆਈ ਤੋਂ ਘੁਡ ਕੱਢਦੀ ਹੈ। ਘੱਗਰਾ ਪਹਿਨੇ ਤੇ ਘੁੰਡ ਕੱਢੇ ਬਿਨਾਂ ਘਰੋਂ ਬਾਹਰ ਨਹੀਂ ਨਿਕਲਦੀ। ਸੱਸ ਦੇ ਜੀਉਂਦਿਆਂ ਕਦੀ ਪੀੜ੍ਹੀ ਉੱਤੇ ਨਹੀਂ ਬਹਿੰਦੀ, ਚਰਖਾ ਵੀ ਮੂੜ੍ਹੇ ਉੱਤੇ ਬੈਠ ਕੇ ਹੀ ਕੱਤਦੀ ਹੈ। ਹਿੰਦੂ ਰਾਜਪੂਤ ਜਾਤੀਆਂ ਇਨ੍ਹਾਂ ਰਿਵਾਜਾਂ ਨੂੰ ਜ਼ਿਆਦਾ ਮੰਨਦੀਆਂ ਹਨ, ਪਰ ਸਿਖ ਘੱਟ। ਰਾਜਪੂਤ ਇਸਤਰੀ ਦੀ ਸਾਰੀ ਉਮਰ ਚਾਰਦੀਵਾਰੀ ਦੇ ਅੰਦਰ ਹੀ ਲੰਘਦੀ ਹੈ।

ਪੁੰਨ ਦੇ ਵਿਆਹ ਦੀ ਮਰਿਆਦਾ ਬਾਕੀ ਸਾਰੇ ਵਿਆਹਾਂ ਨਾਲੋਂ ਵਧੇਰੇ ਪੱਕੀ ਹੈ। ਇਹ ਪਵਿੱਤਰ ਤੇ ਅਟੁੱਟ ਸਮਝਿਆ ਜਾਂਦਾ ਹੈ। ਇਸ ਨੂੰ ਪੁੰਨ, ਦਾਨ, ਕੁਰਬਾਨੀ ਦਾ ਚਿੰਨ੍ਹ ਵੀ ਮੰਨਦੇ ਹਨ। ਪਹਾੜੀ ਇਲਾਕਿਆਂ ਨੂੰ ਛੱਡ ਕੇ, ਜਿਥੇ ਲਗਨਾਂ ਦੀ ਗੰਢ ਵਧੇਰੇ ਪੀਡੀ ਨਹੀਂ ਸਮਝੀ ਜਾਂਦੀ, ਇਸ ਪਵਿੱਤਰ ਰਿਸ਼ਤੇ ਨੂੰ ਤੋੜਨਾ ਪਾਪ ਮੰਨਿਆ ਜਾਂਦਾ ਹੈ। ਔਰਤ ਵਾਸਤੇ ਇਸ ਦੀ ਮਰਿਆਦਾ ਹੋਰ ਵੀ ਪੱਕੀ ਹੈ। ਇਕ ਵਾਰੀ ਅਜੇਹਾ ਵਿਆਹ ਹੋ ਜਾਵੇ, ਦੁਬਾਰਾ ਕਦੀ ਨਹੀਂ ਹੁੰਦਾ। ਉੱਚਜਾਤੀਆਂ ਵਿਚ ਤਾਂ ਕਿਸੇ ਕਿਸਮ ਦਾ ਵੀ ਨਹੀਂ ਹੁੰਦਾ। ਪਤੀ ਮਰ ਜਾਵੇ ਤਾਂ ਪਤਨੀ ਆਪਣਾ ਸੁਹਾਗ (ਗਹਿਣੇ ਕਪੜੇ) ਲਾਹ ਦਿੰਦੀ ਹੈ ਤੇ ਫੇਰ ਉਸ ਨੂੰ ਹਾਰ ਸ਼ਿੰਗਾਰ ਦੀ ਕਦੀ ਆਗਿਆ ਨਹੀਂ ਮਿਲਦੀ। ਉਹ ਕਿਸੇ ਹੋਰ ਦੇ ਘਰ ਨਹੀਂ ਵਸ ਸਕਦੀ। ਇਹ ਪੱਕੇ ਵਿਆਹ ਹਨ ਜਿਨ੍ਹਾਂ ਵਿਚ ਔਰਤ ਨੂੰ ਤਲਾਕ ਦੇਣ ਦਾ ਵੀ ਕੋਈ ਹੱਕ ਨਹੀਂ। ਜੇ ਮੁਸਲਮਾਨਾਂ ਵਿਚ ਹੈ ਵੀ ਤਾਂ ਉਹ ਤਲਾਕ ਲੈਣ ਦਾ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਤਲਾਕ ਉਸ ਨੂੰ ਕਚਹਿਰੀਆਂ ਤੇ ਦਰ ਦਰ ਦੀਆਂ ਠੋਕਰਾਂ ਖਾਣ ਤੋਂ ਪਿੱਛੋਂ ਮਿਲਦਾ ਹੈ। ਇਕ ਕਾਂਗੜਾ ਹੀ ਹੈ ਜਿਥੇ ਇਸਤਰੀ ਦਾ ਤਲਾਕ ਪੁੱਗ ਜਾਂਦਾ ਹੈ।

ਕਾਂਗੜੇ ਦੇ ਗੱਦੀ ਕਬੀਲੇ ਮੈਦਾਨੀ ਇਲਾਕਿਆਂ ਨਾਲੋਂ ਬਿਲਕੁਲ ਵੱਖਰਾ ਵਿਆਹ ਕਰਦੇ ਹਨ। ਇਨ੍ਹਾਂ ਦੇ ਵਿਆਹ ਤੋਂ ਮੈਦਾਨਾਂ ਅਤੇ ਪਹਾੜਾਂ ਦੇ ਵਿਆਹ ਵਿਚ ਅਤਰ ਦਾ ਪਤਾ ਲਗ ਜਾਵੇਗਾ। ਉਂਞ ਪਹਾੜੀ ਇਲਾਕਿਆਂ ਦੇ ਬਹੁਤ ਸਾਰੇ ਵਿਆਹ ਉੱਪਰ ਦੱਸੇ ਵਿਆਹ ਤੇ ਗੱਦੀਆਂ ਦੇ ਵਿਆਹ ਦਾ ਮਿਲਗੋਭਾ ਜਿਹਾ ਹੁੰਦੇ ਹਨ। ਡਾਕਟਰ ਐਮ. ਐਸ. ਰੰਧਾਵਾ ਨੇ ਆਪਣੀ ਪੁਸਤਕ 'ਕਾਂਗੜਾ' ਵਿਚ ਇਨ੍ਹਾਂ ਦੇ ਵਿਆਹ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :–

"ਗੱਦੀਆਂ ਵਿਚ ਵਿਆਹ ਦੀ ਆਮ ਰਸਮ ਬਹੁਤ ਵੱਡੀ ਹੁੰਦੀ ਹੈ। ਵਿਆਹ ਤੋਂ ਪਹਿਲੇ ਮੁੰਡੇ ਦੇ ਸਰੀਰ ਤੇ ਵਟਣਾ ਮਲਿਆ ਜਾਂਦਾ ਹੈ, ਉਸ ਦੀ ਸੱਜੀ ਕਲਾਈ ਉੱਤੇ ਤਿੰਨ ਕਾਲੇ ਊਨੀ ਧਾਗੇ ਬੱਧੇ ਜਾਂਦੇ ਹਨ, ਤਾਂਜੋ ਉਸ ਨੂੰ ਨਜ਼ਰ ਨਾ ਲਗ ਜਾਏ। ਲਾਲ ਦੁਪੱਟੇ ਵਿਚ ਕੱਜ ਕੇ ਫਿਰ ਉਸ ਦੀ ਮਾਂ ਉਸ ਨੂੰ ਵਿਹੜੇ ਵਿਚ ਲੈ ਜਾਂਦੀ ਹੈ, ਜਿਥੇ ਉਸ ਨੂੰ ਨੁਹਾਇਆ ਜਾਂਦਾ ਹੈ। ਨੁਹਾਉਣ ਤੋਂ ਬਾਦ ਕਾਲੇ ਧਾਗੇ ਲਾਹ ਦਿੱਤੇ ਜਾਂਦੇ ਹਨ ਤੇ ਮੁੰਡਾ ਇਕ ਚਪਣੀ ਵਿਚ ਧੁਖ ਰਹੇ ਕੋਲਿਆਂ ਨੂੰ ਆਪਣੇ ਪੈਰ ਨਾਲ ਉਲਟਾ ਦਿਦਾ ਹੈ, ਤਾਂਜੋ ਕੋਈ ਬੁਰਾ ਪਰਛਾਵਾਂ ਵਿਹੜੇ ਵਿਚ ਪੈ ਗਿਆ ਹੋਵੇ ਤਾਂ ਉਹ ਲਹਿ ਜਾਵੇ। ਫੇਰ ਪੰਡਤ ਮੌਲੀ ਬੰਨ੍ਹਦਾ ਹੈ ਜਿਸ ਨੂੰ ਕੰਙਣਾ ਕਹਿੰਦੇ ਹਨ, ਨਾਲ ਹੀ ਮੁੰਡੇ ਨੂੰ ਘਿਉ ਤੇ ਗੁੜ ਖਾਣ ਨੂੰ ਦਿੰਦੇ ਹਨ। ਇਸ ਦੇ ਮਗਰੋਂ ਮੁੰਡੇ ਨੂੰ ਜੋਗੀਆਂ ਵਾਲੇ ਕਪੜੇ ਪਾਏ ਜਾਂਦੇ ਹਨ। ਉਹ ਕੰਨਾਂ ਵਿਚ ਚਾਰ ਵਾਲੀਆਂ ਪਾ ਕੇ, ਲੱਕ ਵਿਚ ਧੋਤੀ ਤੇ ਮੋਢੇ ਉੱਤੇ ਮੰਗਤਿਆਂ ਵਾਲੀ ਝੋਲੀ ਸੁੱਟ ਲੈਂਦਾ ਹੈ। ਫਿਰ ਪੰਡਤ ਉਸ ਦੇ ਹੱਥਾਂ ਪੈਰਾਂ ਨੂੰ ਪਾਣੀ ਨਾਲ ਧੋਂਦਾ ਹੈ, ਉਸ ਦੇ ਮੂੰਹ ਉੱਤੇ ਵੀ ਪਾਣੀ ਦੇ ਛੱਟੇ ਮਾਰਦਾ ਹੈ। ਇੰਞ

ਕਰਨ ਨਾਲ ਮੁੰਡੇ ਦਾ ਬਦਰੀ ਨਾਰਾਇਣ, ਤ੍ਰਿਲੋਕੀਨਾਥ ਤੇ ਮਨੀਮਹੇਸ਼ ਦੇ ਤੀਰਥ-ਅਸਥਾਨਾਂ ਦਾ ਅਸ਼ਨਾਨ ਹੋ ਗਿਆ ਸਮਝਿਆ ਜਾਂਦਾ ਹੈ। ਇਸ ਤੋਂ ਬਾਦ ਮੁੰਡਾ ਆਪਣੇ ਰਿਸ਼ਤੇਦਾਰਾਂ ਤੋਂ ਭਿੱਖਿਆ ਮੰਗਦਾ ਹੈ। ਇਹ ਲੋਕ ਉਸ ਨੂੰ ਰੋਟੀ ਦੇ ਟੁਕੜੇ ਦਿੰਦੇ ਹਨ ਤੇ ਆਪੋ ਆਪਣੇ ਵਿਤ ਅਨੁਸਾਰ ਉਸ ਨੂੰ ਬੱਕਰੀਆਂ, ਭੇਡਾਂ ਆਦਿ ਦੇਣ ਦਾ ਇਕਰਾਰ ਕਰਦੇ ਹਨ। ਫਿਰ ਮੁੰਡੇ ਨੂੰ ਇਕ ਟੋਕਰੇ ਵਿਚ ਬਿਠਾ ਕੇ ਉਸ ਦੇ ਸਿਰ ਉੱਤੇ ਸੁਕਾ ਘਾਹ ਰੱਖ ਕੇ ਉਸ ਉੱਤੇ ਇਕ ਛੁਰੀ ਰੱਖੀ ਜਾਂਦੀ ਹੈ। ਮੁੰਡੇ ਦਾ ਮਾਮਾ ਸਰ੍ਹੋਂ ਦੇ ਤੇਲ ਦਾ ਇਕ ਭਾਂਡਾ ਫੜ ਲੈਂਦਾ ਹੈ ਜਿਸ ਵਿਚੋਂ ਤੇਲ ਲੈ ਕੇ ਲੋਕ ਮੁੰਡੇ ਦੇ ਸਿਰ ਵਿਚ ਪਾਉਂਦੇ ਹਨ। ਫਿਰ ਉਹ ਇਕ ਤੀਰ ਲੈ ਕੇ ਇਕ ਕਮਾਨ ਵਿਚ ਉਸ ਨੂੰ ਜੜਦਾ ਹੈ ਤੇ ਕਮਾਨ ਨੂੰ ਚੁੱਕ ਕੇ ਇਕ ਮਰੀ ਹੋਈ ਬੱਕਰੀ ਦੇ ਸਿਰ ਦਾ ਨਿਸ਼ਾਨਾ ਬਣਾਉਂਦਾ ਹੈ। ਇਸ ਤੋਂ ਬਾਦ ਉਸ ਨੂੰ ਗੁੜ ਤੇ ਘਿਉ ਦਿੱਤਾ ਜਾਂਦਾ ਹੈ, ਲਾਲ ਚਾਦਰ ਉਸ ਦੇ ਕੋਲ ਹੁੰਦੀ ਹੈ। ਮੁੰਡੇ ਵੱਲੋਂ ਕੁੜੀ ਲਈ ਸੁਗਾਤਾਂ (ਜਿਨ੍ਹਾਂ ਵਿਚ ਕਪੜੇ, ਕੰਘੀ, ਛੁਹਾਰੇ, ਸੇਂਗੀ, ਬਾਜਰਾ ਤੇ ਚਾਉਲ ਹੁੰਦੇ ਹਨ) ਇਕ ਜਲੂਸ ਦੀ ਸ਼ਕਲ ਵਿਚ ਕੁੜੀ ਦੇ ਘਰ ਲਿਜਾਈਆਂ ਜਾਂਦੀਆਂ ਹਨ। ਮੁੰਡੇ ਦੀ ਭਰਜਾਈ ਮੁੰਡੇ ਦੀਆਂ ਅੱਖਾਂ ਵਿਚ ਸੁਰਮਾਂ ਪਾਉਂਦੀ ਹੈ ਤੇ ਉਸ ਦੇ ਸਿਰ ਉੱਤੇ ਸਿਹਰਾ ਬੰਨ੍ਹਦੀ ਹੈ। ਬ੍ਰਾਹਮਣ ਪੁਜਾਰੀ ਇਕ ਥਾਲੀ ਨੂੰ, ਜਿਸ ਵਿਚ ਜੋਤਾਂ ਜਗ ਰਹੀਆਂ ਹੁੰਦੀਆਂ ਹਨ, ਤਿੰਨ ਵਾਰੀ ਮੁੰਡੇ ਦੇ ਸਿਰ ਉੱਤੋਂ ਘੁਮਾਉਂਦਾ ਹੈ, ਮੁੰਡੇ ਦੀ ਮਾਂ ਤਿਨ ਰੋਟੀਆਂ ਉਸ ਤੋਂ ਵਾਰ ਕੇ ਤਿੰਨ ਪਾਸਿਆਂ ਵਲ ਸੁੱਟਦੀ ਹੈ। ਫੇਰ ਮੁੰਡਾ ਵਿਹੜੇ ਵਿਚ ਰੱਖੀ ਹੋਈ ਪਾਲਕੀ ਵਿਚ ਬਹਿ ਜਾਂਦਾ ਹੈ। ਇੱਥੇ ਮੁੰਡੇ ਦੀ ਮਾਂ ਮੁੰਡੇ ਨੂੰ ਆਪਣਾ ਥਣ ਚੁੰਘਣ ਲਈ ਦਿੰਦੀ ਹੈ। ਪਾਲਕੀ ਨੂੰ ਚਾਰ ਕਹਾਰ ਚੁਕ ਕੇ ਲੱਕੜੀ ਦੇ ਇਕ ਤੋਤੇ ਕੋਲ ਲਿਜਾਂਦੇ ਹਨ ਜਿਸ ਦੀ ਪੂਜਾ ਮੁੰਡਾ, ਉਸ ਦੀ ਮਾਂ ਤੇ ਪੁਜਾਰੀ ਕਰਦੇ ਹਨ। ਇੱਥੇ ਇਕ ਪਾਣੀ ਦੇ ਪੱਤਿਆਂ ਦਾ ਭਰਿਆ ਘੜਾ ਮੁੰਡੇ ਦੇ ਸਾਹਮਣੇ ਰੱਖਿਆ ਜਾਂਦਾ ਹੈ। ਮੁੰਡਾ ਇਸ ਘੜੇ ਵਿਚ ਪੈਸੇ ਪਾਉਂਦਾ ਹੈ. ਫੇਰ ਜੰਞ ਕੁੜੀ ਦੇ ਪਿੰਡ ਵਲ ਤੁਰ ਪੈਂਦੀ ਹੈ। ਜੰਞ ਵਿਚ ਦੋਸਤ ਤੇ ਰਿਸ਼ਤੇਦਾਰ ਹੁੰਦੇ ਹਨ। ਜੰਞ ਦੇ ਅੱਗੇ ਤੂਤਣੀਆਂ ਤੇ ਢੋਲ ਵੱਜ ਰਹੇ ਹੁੰਦੇ ਹਨ।

"ਕੁੜੀ ਦੇ ਪਿੰਡ ਕਿਸੇ ਦੇ ਘਰ ਵਿਚ ਸਾਹ ਲੈ ਕੇ ਇਕ ਪੰਡਤ ਦੇ ਨਾਲ ਜੰਞ ਫੇਰ ਧੇਤਿਆਂ ਦੇ ਢੁਕਦੀ ਹੈ। ਕੁੜੀ ਦੀ ਮਾਂ ਘਰ ਦੀ ਡਿਉਢੀ ਉੱਤੇ ਮੁੰਡੇ ਦਾ ਸੁਆਗਤ ਕਰਦੀ ਹੈ। ਇੱਥੇ ਉਹ ਬਲ ਰਹੀਆਂ ਜੋਤਾਂ ਦੀ ਇਕ ਥਾਲੀ ਨੂੰ ਸੱਤ ਵਾਰ ਮੁੰਡੇ ਦੇ ਸਿਰ ਤੋਂ ਵਾਰਦੀ ਤੇ ਵਿਹੜੇ ਵਿਚ ਤਿੰਨ ਰੋਟੀਆਂ ਸੁੱਟਦੀ ਹੈ। ਇਸ ਤੋਂ ਬਾਦ ਸੱਸ ਚਲੀ ਜਾਂਦੀ ਹੈ ਤੇ ਸਹੁਰਾ ਆ ਕੇ ਮੁੰਡੇ ਦੇ ਗਲੇ ਵਿਚ ਇਕ ਚਿੱਟਾ ਕਪੜਾ ਪਾਉਂਦਾ ਤੇ ਉਸ ਦੇ ਪੈਰ ਧੋ ਕੇ ਉਸ ਦੀ ਪੂਜਾ ਕਰਦਾ ਹੈ। ਬ੍ਰਾਹਮਣ ਪ੍ਰੋਹਤ, ਜਿਹੜੇ ਨਾਲ ਹੁੰਦੇ ਹਨ, ਇਕ ਪੱਤੇ ਵਿਚ ਚਾਉਲ, ਅਖ਼ਰੋਟ ਤੇ ਫੁੱਲ ਆਦਿ ਰਖ ਕੇ ਦਿੰਦੇ ਹਨ ਤੇ ਮੁੰਡਾ ਬਰਾਮਦੇ ਵਿਚ ਲਿਜਾਇਆ ਜਾਂਦਾ ਹੈ ਜਿੱਥੇ ਉਸ ਨੂੰ ਕੁੜੀ ਦੇ ਸਾਹਮਣੇ ਕੀਤਾ ਜਾਂਦਾ ਹੈ। ਹੁਣ ਪ੍ਰੋਹਤ ਮੁੰਡੇ ਤੇ ਕੁੜੀ ਨੂੰ ਗਿੱਚੀਆਂ ਤੋਂ ਫੜ ਕੇ ਉਹਨਾਂ ਦੇ ਮੋਢਿਆਂ ਨੂੰ ਤਿੰਨ ਵਾਰ ਆਪਸ ਵਿਚ ਛੁਹਾਉਂਦਾ ਹੈ। ਫੇਰ ਮੁੰਡੇ ਕੁੜੀ ਨੂੰ ਵੇਸਣ ਦਿੱਤਾ ਜਾਂਦਾ ਹੈ ਜਿਸ ਨੂੰ ਉਹ ਇਕ ਦੂਜੇ ਉੱਤੇ ਧੂੜਦੇ ਹਨ। ਮੁੰਡੇ ਕੁੜੀ ਦੇ ਦੋਹੀਂ ਪਾਸੀਂ ਜੋਤਾਂ ਬਲ ਰਹੀਆਂ ਹੁੰਦੀਆਂ ਹਨ। ਫੇਰ ਕੁੜੀ, ਮੁੰਡੇ ਨੂੰ ਚੰਬੇਲੀ ਦੇ ਸੱਤ ਫੁੱਲ ਫੜਾਉਂਦੀ ਹੈ, ਮੁੰਡਾ ਚੰਬੇਲੀ ਦੀਆਂ ਇਨ੍ਹਾਂ ਲਵੀਆਂ ਕਲੀਆਂ ਨੂੰ ਇਕ ਇਕ ਕਰ ਕੇ ਆਪਣੇ ਪੈਰਾਂ ਹੇਠ ਮਸਲ ਦਿੰਦਾ ਹੈ। ਇਸ ਤਰ੍ਹਾਂ ਮੁੰਡੇ ਕੁੜੀ ਦੀ ਇਕ ਦੂਜੇ ਨਾਲ ਜਾਣ ਪਛਾਣ ਹੋ ਜਾਂਦੀ ਹੈ।

"ਇੰਞ ਮੁੰਡੇ ਕੁੜੀ ਨੂੰ ਬਿਠਾ ਕੇ ਕੁੜੀ ਦਾ ਪਿਤਾ ਆਪਣੀ ਧੀ ਨੂੰ ਮੁੰਡੇ ਦੇ ਹਵਾਲੇ ਕਰ ਦਿੰਦਾ ਹੈ, ਫੇਰ ਉਹ ਕੁੜੀ ਮੁੰਡੇ ਦੇ ਪੈਰ ਧੋਂਦਾ ਹੈ, ਇਸ ਤੋਂ ਬਾਦ ਗਣੇਸ਼, ਬ੍ਰਹਮਾ, ਵਿਸ਼ਨੂੰ, ਕੁੰਭ ਤੇ ਇਕ ਜਗਦੀ ਜੋਤ ਦੀ ਉਪਾਸਨਾ ਕੀਤੀ ਜਾਂਦੀ ਹੈ। ਮੁੰਡਾ ਕੁੜੀ ਦੀ ਚਾਦਰ ਉੱਤੇ ਲਾਲ ਰੰਗ ਪਾਉਂਦਾ ਹੈ, ਪੰਡਤ ਚਾਰ ਪੈਸੇ, ਅਖ਼ਰੋਟ, ਥੋੜ੍ਹੀ ਜਹੀ ਦੁੱਬ, ਫੁੱਲ ਤੇ ਕੁਝ ਚਾਉਲ ਕੁੜੀ ਦੀ ਬੁੱਕ ਵਿਚ ਦਿੰਦਾ ਹੈ। ਮੁੰਡਾ ਆਪਣੇ ਹੱਥ ਕੁੜੀ ਦੇ ਹੱਥਾਂ ਉੱਤੇ ਰੱਖਦਾ ਹੈ, ਫਿਰ ਮੁੰਡੇ ਨੂੰ ਅੰਦਰ ਲਿਜਾਇਆ ਜਾਂਦਾ ਹੈ। ਅੰਦਰ ਕਾਮਦੇਵ ਦੀ ਤਸਵੀਰ ਦੇ ਸਾਹਮਣੇ ਦੋਹਾਂ ਨੂੰ ਬਿਠਾ ਕੇ ਕੁੜੀ ਦੇ ਵਾਲਾਂ ਨੂੰ ਉਸ ਦੀ ਮਾਂ ਤੇ ਭੈਣ ਕੰਘੀ ਕਰਦੀਆਂ ਹਨ ਤੇ ਨਾਲ ਨਾਲ ਗੀਤ ਵੀ ਗਾਉਂਦੀਆਂ ਹਨ।

"ਇਸ ਤੋਂ ਬਾਦ ਮੁੰਡੇ ਦੇ ਦੁਪੱਟੇ ਨਾਲ ਕੁੜੀ ਦੀ ਚਾਦਰ ਦੀ ਚੁੰਕ ਬੰਨ੍ਹ ਦਿੱਤੀ ਜਾਂਦੀ ਹੈ ਤੇ ਕੁੜੀ ਨੂੰ ਉਸ ਦਾ ਮਾਮਾ ਚੁੱਕ ਕੇ ਇਕ ਚਬੂਤਰੇ ਜਹੇ ਹੇਠ ਲੈ ਜਾਂਦਾ ਹੈ ਜਿੱਥੇ ਹਵਨ ਕਰ ਕੇ ਵਿਆਹ ਸੰਸਕਾਰ ਕੀਤਾ ਜਾਂਦਾ ਹੈ। ਇੱਥੇ ਕੁੜੀ ਦਾ ਪਿਤਾ ਮੁੜ ਮੁੰਡੇ ਕੁੜੀ ਦੇ ਪੈਰ ਧੋਂਦਾ ਹੈ ਤੇ ਗਣੇਸ਼, ਬ੍ਰਹਮਾ, ਵਿਸ਼ਨੂੰ, ਕੁੰਭ, ਚਾਰ ਰਿਸ਼ੀਆਂ ਤੇ ਚਾਰ ਵੇਦਾਂ ਆਦਿ ਦੀ ਪੂਜਾ ਕੀਤੀ ਜਾਂਦੀ ਹੈ। ਫਿਰ ਭੁੱਜੇ ਹੋਏ ਜੌਂਆਂ ਨੂੰ ਇਕ ਛੱਜ ਵਿਚ ਪਾਇਆ ਜਾਂਦਾ ਹੈ। ਮੁੰਡਾ ਇਕ ਮੁੱਠ ਜੌਂਆਂ ਦੀ ਲੈ ਕੇ ਉਨ੍ਹਾਂ ਨੂੰ ਤਿੰਨ ਢੇਰੀਆਂ ਵਿਚ ਰੱਖਦਾ ਹੈ। ਕੁੜੀ ਦਾ ਭਰਾ ਇਨ੍ਹਾਂ ਢੇਰੀਆਂ ਨੂੰ ਆਪਣੇ ਸੱਜੇ ਹੱਥ ਨਾਲ ਇਕ ਦਮ ਢਾਹ ਦਿੰਦਾ ਹੈ। ਇਸ ਰਸਮ ਨਾਲ ਮੁੰਡੇ ਕੁੜੀ ਵਿਚ ਜੋ ਪਹਿਲਾਂ ਕੋਈ ਰਿਸ਼ਤਾ ਸੀ ਤਾਂ ਉਹ ਇਸ ਘੜੀ ਤੋਂ ਬਾਦ ਖ਼ਤਮ ਹੋ ਗਿਆ ਸਮਝਿਆ ਜਾਂਦਾ ਹੈ। ਇਸ ਤੋਂ ਬਾਦ ਮੁੰਡਾ ਤੇ ਕੁੜੀ ਪਵਿੱਤਰ ਅਗਨੀ ਦੇ ਦੁਆਲੇ ਸੱਜਿਉਂ ਖੱਬੇ ਚਾਰ ਲਾਵਾਂ ਲੈਂਦੇ ਹਨ। ਜਦੋਂ ਮੁੰਡਾ ਤੇ ਕੁੜੀ ਲਾਵਾਂ ਲੈ ਰਹੇ ਹੁੰਦੇ ਹਨ, ਕੋਲ ਖਲੋਤੇ ਮਰਦ ਤੀਵੀਆਂ ਗਾਉਣਾ ਸ਼ੁਰੂ ਕਰ ਦਿੰਦੇ ਹਨ।

"ਜਦੋਂ ਇਹ ਰਸਮ ਖ਼ਤਮ ਹੁੰਦੀ ਹੈ ਤਾਂ ਕੁੜੀ ਨੂੰ ਮੁੰਡਾ ਡੋਲੀ ਵਿਚ ਪਾ ਕੇ ਆਪਣੇ ਘਰ ਲੈ ਜਾਂਦਾ ਹੈ, ਨਾਲ ਹੀ ਉਹਦਾ ਦਾਜ ਵੀ ਲੈ ਜਾਂਦਾ ਹੈ। ਜਦੋਂ ਲਾੜੀ ਲਾੜੇ ਦੇ ਘਰ ਪੁੱਜਦੀ ਹੈ ਤਾਂ ਉਸ ਦਾ ਕਈ ਰਸਮਾਂ ਤੇ ਗੀਤਾਂ ਨਾਲ ਸੁਆਗਤ ਕੀਤਾ ਜਾਂਦਾ ਹੈ।

"ਇਸ ਘਰ ਮੁੰਡੇ ਦੀ ਮਾਂ ਨਵੇਂ ਵਿਆਹੇ ਜੋੜੇ ਦੀ ਪੂਜਾ ਕਰਦੀ ਹੈ। ਇਸ ਤੋਂ ਬਾਦ ਕਾਮਦੇਵ ਦੀ ਮੂਰਤੀ ਦੇ ਸਾਹਮਣੇ ਰੱਖੇ ਇਕ ਮਿੱਟੀ ਦੇ ਦੀਵੇ ਦੁਆਲੇ ਮੁੰਡਾ ਕੁੜੀ ਚਾਰ ਫੇਰੇ ਲੈਂਦੇ ਹਨ। ਮਿੱਟੀ ਦੇ ਦੀਵੇ ਕੋਲ ਇਕ ਪਾਣੀ ਦਾ ਘੜਾ, ਇਕ ਪਰਾਂਦੀ ਤੇ ਅਨਾਰ ਰੱਖੇ ਹੋਏ ਹੁੰਦੇ ਹਨ। ਇੱਥੇ ਪ੍ਰੋਹਤ ਕੁੜੀ ਦਾ ਮੂੰਘ ਚੁੱਕਦਾ ਹੈ ਤੇ ਮੁੰਡੇ ਕੁੜੀ ਦੀਆਂ ਕਲਾਈਆਂ ਉੱਤੇ ਬੱਧੇ ਧਾਗੇ ਦੋ ਆਦਮੀਆਂ ਤੋਂ ਢਿੱਲੇ ਕਰਵਾਏ ਜਾਂਦੇ ਹਨ, ਜਿਹੜੇ ਉਸ ਘੜੀ ਤੋਂ ਮੁੰਡੇ ਕੁੜੀ ਦੇ ਭਰਾ ਬਣ ਜਾਂਦੇ ਹਨ। ਇਸ ਤੋਂ ਬਾਦ ਰਿਸ਼ਤੇਦਾਰ ਤੇ ਦੋਸਤ ਮੁੰਡੇ ਕੁੜੀ ਨੂੰ ਸੁਗਾਤਾਂ ਪੇਸ਼ ਕਰਦੇ ਹਨ। ਕੁੜੀ ਨੂੰ ਘੁੰਡ ਚੁਕਾਈ ਵੀ ਦਿੱਤੀ ਜਾਂਦੀ ਹੈ। ਇਸ ਤੋਂ ਬਾਦ ਖਾਣਾ ਤੇ ਗਾਣਾ ਹੁੰਦਾ ਹੈ।

"ਬ੍ਰਾਹਮਣਾਂ ਨੂੰ ਛੱਡ ਕੇ ਗੱਦੀਆਂ ਵਿਚ ਵਿਧਵਾ ਇਸਤਰੀਆਂ ਦੇ ਮੁੜ ਵਿਆਹ ਹੋ ਜਾਂਦੇ ਹਨ। ਅਕਸਰ ਵਿਧਵਾ ਇਸਤਰੀ ਨੂੰ ਆਪਣੇ ਪਤੀ ਦੇ ਵੱਡੇ ਜਾਂ ਨਿੱਕੇ ਭਰਾ ਨਾਲ ਵਿਆਹ ਕਰਨ ਲਈ ਪਰੇਰਿਆ ਜਾਂਦਾ ਹੈ, ਤਾਂਜੋ ਉਹ ਸੁੱਚਾ ਜੀਵਨ ਬਿਤੀਤ ਕਰ ਸਕੇ। ਜਦੋਂ ਕਿਸੇ ਵਿਧਵਾ ਦਾ ਵਿਆਹ ਹੁੰਦਾ ਹੈ ਤਾਂ ਜੋੜੇ ਨੂੰ ਉੱਨ ਦੇ ਕੰਬਲ ਉੱਤੇ ਬਿਠਾਇਆ ਜਾਂਦਾ ਹੈ। ਉਨ੍ਹਾਂ ਦੇ ਸਾਹਮਣੇ ਇਕ ਦੀਵਾ ਬਲ ਰਿਹਾ ਹੁੰਦਾ ਹੈ, ਪਾਣੀ ਦਾ ਕਲਸਾ ਹੁੰਦਾ ਹੈ, ਜਿਸ ਉੱਤੇ ਧਾਨ, ਆੜੂਆਂ ਦੇ ਪੱਤਿਆਂ ਅਤੇ ਦੁੱਭ ਰੱਖਦੇ ਹਨ। ਕੁੜੀ ਮੁੰਡਾ ਦੋਵੇਂ ਪੂਜਾ ਕਰਦੇ ਹਨ। ਮੁੰਡਾ ਵਿਧਵਾ ਦੇ ਸਿਰ ਤੇ ਪਰਾਂਦੀ ਰਖਦਾ ਹੈ, ਇਕ ਇਸਤਰੀ ਉਸ ਦੇ ਵਾਲਾਂ ਨੂੰ ਕੰਘੀ ਕਰਦੀ ਹੈ ਤੇ ਪਰਾਂਦੀ ਨਾਲ ਉਨ੍ਹਾਂ ਨੂੰ ਗੁੰਦ ਦਿੰਦੀ ਹੈ। ਇਸ ਤੋਂ ਬਾਦ ਮੁੰਡਾ ਕੁੜੀ ਦੇ ਹੱਥ ਉੱਤੇ ਇਕ ਨੱਥ ਰਖਦਾ ਹੈ ਤੇ ਤੀਵੀਂ ਨੱਥ ਨੂੰ ਨੱਕ ਵਿਚ ਪਾ ਲੈਂਦੀ ਹੈ। ਇਸ ਤੋਂ ਬਾਦ ਸਾਕ ਸੰਬੰਧੀਆਂ ਤੇ ਪ੍ਰਾਹੁਣਿਆਂ ਨੂੰ ਦਾਵਤ ਦਿੱਤੀ ਜਾਂਦੀ ਹੈ। ਇਸ ਰਸਮ ਲਈ ਕਿਸੇ ਪ੍ਰੋਹਤ ਦੀ ਲੋੜ ਨਹੀਂ ਹੁੰਦੀ।"

ਪੰਜਾਬ ਵਿਚ ਵਿਆਹ ਦੇ ਹੋਰ ਰੂਪ ਵੀ ਪਰਚਲਤ ਹਨ ਜਿਵੇਂ ਟਕੇ* ਜਾਂ ਦੁਆਨੀ ਦਾ ਵਿਆਹ। ਮੁੰਡੇ ਦਾ

* ਕੁੱਲੂ ਤੇ ਚੰਬੇ ਵਿਚ ਇਹ ਆਮ ਰਿਵਾਜ ਹੈ ਕਿ ਜੇ ਮੁੰਡਾ ਜਾਂ ਮੁੰਡੇ ਦਾ ਪਿਤਾ ਮੁੱਲ ਵੀ ਨਿਯਤ ਰਕਮ ਨਾ ਤਾਰ ਸਕਦਾ ਹੋਵੇ ਤਾਂ ਮੁੰਡਾ ਆਪਣੇ ਸਹੁਰੇ ਘਰ ਪੰਜ-ਦਸ ਸਾਲ ਕਾਮਾ ਬਣ ਕੇ ਰਹਿੰਦਾ ਹੈ। ਇਸ ਸਮੇਂ ਦੇ ਅੰਤ ਤੇ ਹੀ ਵਿਆਹ ਦੀ ਰਸਮ ਹੁੰਦੀ ਹੈ। ਚੰਬੇ ਵਿਚ ਵੀ ਵਿਆਹ ਸਮੇਂ ਤਾਂ ਮੁੰਡਾ ਤੇ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਬੁਲਾ ਕੇ ਕੁੜੀ ਦੇ ਫੇਰੇ ਦੇ ਦੇਂਦੇ ਹਨ ਪਰ ਫੇਰਿਆਂ ਤੋਂ ਪਿੱਛੋਂ ਕੁੜੀ ਦਾ ਬਾਪ ਮੁੰਡੇ ਦੇ ਘਰ ਚਾਰ-ਪੰਜ ਸੌ ਆਦਮੀ ਲਿਜਾ ਕੇ ਉਨ੍ਹਾਂ ਦੀ ਖ਼ਾਤਰ ਕਰਾਉਂਦਾ ਹੈ, ਕੁੜੀ ਪਾਲਣ ਦੇ ਇਵਜ਼ਾਨੇ ਵਜੋਂ।

ਬਾਪ ਕੁੜੀ ਦਾ ਸੌਦਾ ਕਰ ਆਉਂਦਾ ਹੈ। ਇਹ ਸੌਦਾ ਕਿਸੇ ਨਾਈ ਜਾਂ ਰਿਸ਼ਤੇਦਾਰ ਰਾਹੀਂ ਹੁੰਦਾ ਹੈ, ਜਿਸ ਨੂੰ ਵਿਚੋਲਾ ਕਹਿੰਦੇ ਹਨ। ਜੇ ਮੁੰਡੇ ਵਾਲੇ ਪੈਸੇ ਦੇ ਕੇ ਵੀ ਪੁੰਨ ਵਾਂਙ ਹੀ ਜੰਞ ਚੜ੍ਹਾ ਕੇ ਵਿਆਹੁਣਾ ਚਾਹੁੰਦੇ ਹੋਣ ਤਾਂ ਜੰਞ ਤੇ ਦਾਜ ਦਾ ਖ਼ਰਚਾ ਉਹ ਦਿੰਦੇ ਹਨ ਜਾਂ ਕੁੜੀ ਦਾ ਮੁੱਲ ਹੀ ਏਨਾ ਕਰਦੇ ਹਨ ਕਿ ਉਸ ਵਿਚ ਖ਼ਰਚਾ ਸ਼ਾਮਲ ਹੋਵੇ। ਟਕੇ ਦਾ ਵਿਆਹ ਹੁਣ ਬ੍ਰਾਹਮਣਾਂ, ਖੱਤਰੀਆਂ ਤੋਂ ਛੁੱਟ ਸਾਰੀਆਂ ਜਾਤੀਆਂ ਵਿਚ ਆਮ ਹੈ। ਰਾਜਪੂਤ ਤੇ ਜੱਟ ਕੁੜੀ ਨੂੰ ਪਾਲਦੇ ਹੀ ਇਸ ਵਾਸਤੇ ਹਨ। ਰਾਜਪੂਤ ਤਾਂ ਜਿੰਨੇ ਸਾਲ ਦੀ ਕੁੜੀ ਹੋ ਜਾਵੇ ਓਨੇ ਸੌ ਰੁਪਏ ਮੁੱਲ ਪਾਉਂਦੇ ਹਨ। ਜੇ ਕੋਈ ਕੁੜੀ ਹੁੰਦੜਹੇਲ ਹੋਵੇ ਜਾਂ ਉਸ ਦੀ ਉਮਰ ਜ਼ਿਆਦਾ ਦਸ ਕੇ ਪੈਸੇ ਜ਼ਿਆਦਾ ਵੱਟ ਲੈਂਦੇ ਹਨ। ਜੱਟਾਂ ਵਿਚ ਮਰਦਾਂ ਦੇ ਟਾਕਰੇ ਤੇ ਇਸਤਰੀਆਂ ਘੱਟ ਹੋਣ ਕਾਰਨ ਅਤੇ ਆਮਦਨੀ ਵਧੇਰੇ ਹੋਣ ਕਰਕੇ ਚਾਰ ਚਾਰ ਹਜ਼ਾਰ ਵੀ ਮੁੱਲ ਪੈਂਦਾ ਹੈ। ਅੰਗ-ਹੀਣ ਮੁੰਡੇ ਨੂੰ ਇਸ ਤੋਂ ਵੀ ਜ਼ਿਆਦਾ ਦੇਣੇ ਪੈਂਦੇ ਹਨ। ਮੰਗਲੀਕ ਦੇ ਤਾਂ ਸੋਲਾਂ ਹਜ਼ਾਰ ਤਕ ਦੇਣ ਦੀ ਮਿਸਾਲ ਵੀ ਮਿਲਦੀ ਹੈ। ਇਹ ਮੁੱਲ ਗੁੱਝੇ ਰੂਪ ਵਿਚ ਹੀ ਤਰਦਾ ਹੈ ਤੇ ਵਿਆਹ ਮੁਕਲਾਵਾ ਆਦਿ ਪੁੰਨ ਦੇ ਵਿਆਹ ਵਾਂਙ ਹੀ ਹੁੰਦਾ ਹੈ।

ਕਈ ਹਾਲਤਾਂ ਵਿਚ ਇਸਤਰੀਆਂ ਬੀਕਾਨੇਰ ਜਾਂ ਪਹਾੜ ਤੋਂ ਵੀ ਲਿਆ ਵਸਾਉਂਦੇ ਹਨ। ਇਹ ਸਭ ਮੁੱਲ ਦੀਆਂ ਹੁੰਦੀਆਂ ਹਨ। ਪਰ ਅਜੇਹੀ ਹਾਲਤ ਵਿਚ ਫੇਰੇ ਨਹੀਂ ਹੁੰਦੇ। ਬਰਾਦਰੀ ਦੀ ਪਰਵਾਨਗੀ ਫੇਰਿਆਂ ਨਾਲੋਂ ਵਧੇਰੇ ਜ਼ਰੂਰੀ ਹੈ।

'ਵੱਟੇ' ਜਾਂ 'ਵਟਾਂਦਰੇ' ਦਾ ਵਿਆਹ 'ਟਕਾ-ਵਿਆਹ' ਵਾਂਙ, ਗ਼ਰੀਬੀ ਤੇ ਕੁੜੀਆਂ ਦੀ ਘਾਟ ਕਾਰਨ ਪਰਚਲਤ ਹੋਇਆ। ਮੁੱਲ ਖ਼ਰੀਦਣ ਦੀ ਹਿੰਮਤ ਨਹੀਂ ਹੁੰਦੀ, ਵਿਆਹ ਜ਼ਰੂਰ ਕਰਨਾ ਹੋਇਆ। ਆਪਣੀ ਧੀ ਕਿਸੇ ਦੇ ਮੁੰਡੇ ਨੂੰ ਪਰਨਾ ਦਿੱਤੀ ਅਤੇ ਉਸ ਦੀ ਧੀ ਆਪਣੇ ਮੁੰਡੇ ਨੂੰ — ਇਸ ਨੂੰ 'ਆਹਮੋ ਸਾਹਮਣਾ ਵੱਟਾ' ਕਹਿੰਦੇ ਹਨ। ਕਈ ਵਾਰੀ ਵੱਟਾ ਫੇਰ ਪਾ ਕੇ ਵੀ ਹੁੰਦਾ ਹੈ। 'ੳ', 'ਅ' ਦੇ ਮੁੰਡੇ ਨੂੰ ਆਪਣੀ ਧੀ ਦਿੰਦਾ ਹੈ, 'ਅ' 'ੲ' ਦੇ ਨੂੰ ਤੇ 'ੲ' ਮੁੜ 'ੳ' ਦੇ ਮੁੰਡੇ ਨੂੰ। 'ੳ' ਦੀ ਧੀ ਤੇ ਪੁੱਤਰ ਦੋਵੇਂ ਪਰਨਾਏ ਜਾਂਦੇ ਹਨ। ਵਿਆਹ ਮੁਕਲਾਵੇ ਉੱਤੇ ਥੋੜ੍ਹਾ ਬਹੁਤ ਖ਼ਰਚ ਅਤੇ ਮੁਕੰਮਲ ਰਸਮਾਂ ਦੋਹਾਂ ਧਿਰਾਂ ਨੂੰ ਹੀ ਕਰਨੀਆਂ ਪੈਂਦੀਆਂ ਹਨ। ਜੇ ਖ਼ਰਚਾ ਬਚਾਉਣਾ ਹੋਵੇ ਤਾਂ ਕੁਝ ਵੀ ਨਹੀਂ ਕਰਦੇ, ਆਪੋ-ਵਿੱਚੀਂ ਇਕ ਦੂਜੇ ਨੂੰ ਕਹਿ ਦਿੰਦੇ ਹਨ 'ਚਲੋ ਜੀ ਇਹ ਕਿਹੜਾ ਪੁੰਨ ਦਾ ਵਿਆਹ ਏ।'

'ਕਰੇਵਾ' ਜਾਂ 'ਕਰਾਓ' ਪੰਜਾਬ ਦੇ ਜੱਟਾਂ, ਹਰਿਆਣੇ ਦੇ ਜਾਟਾਂ ਤੇ ਗੱਦੀਆਂ ਵਿਚ ਬਹੁਤ ਪਿਆਰਾ ਹੈ। ਇਸ ਦਾ ਮੂਲ ਕਾਰਨ ਵਿਧਵਾ ਨੂੰ ਢੋਈ ਦੇਣਾ ਸੀ। ਕਾਂਗੜੇ, ਕੁੱਲੂ ਤੇ ਚੰਬੇ ਵਿਚ ਹਰ ਥਾਂ ਇਹ ਵਿਆਹ ਪਰਚੱਲਤ ਹੈ। ਉੱਥੇ ਇਸ ਨੂੰ 'ਝੰਜਰਾੜ' ਕਹਿਦੇ ਹਨ। ਜਿਸ ਤੀਵੀਂ ਦਾ ਪਤੀ ਮਰ ਜਾਵੇ ਉਹ ਆਪਣੇ ਦਿਉਰ ਜਾਂ ਜੇਠ ਦੇ ਘਰ ਬੈਠ ਸਕਦੀ ਹੈ। ਹਰਿਆਣੇ ਵਿਚ ਤਾਂ ਏਸ ਤਰ੍ਹਾਂ ਕਰਦੇ ਹਨ ਕਿ ਉਸ ਦੇ ਪਤੀ ਦੀ ਮੁਕਾਣ ਉੱਤੇ ਗਏ ਵਿਧਵਾ ਦੇ ਮਾਪੇ ਉਸ ਨੂੰ ਪੁੱਛਦੇ ਹਨ "ਚੂੜੀ ਕਿਸ ਕੀ ਪਹਿਰੇਗੀ?" ਜਾਂ "ਲੱਤਾ ਕਿਸ ਕਾ ਓਢੇਗੀ?" ਵਿਧਵਾ ਨੂੰ ਜਿਹੜਾ ਵੀ ਦਿਉਰ, ਜੇਠ ਚੰਗਾ ਲਗਦਾ ਹੋਵੇ, ਉਹ ਉਸ ਦਾ ਨਾਂ ਲੈ ਦਿੰਦੀ ਹੈ। ਪਹਿਲਾ ਹੱਕ ਉਸ ਦੇ ਦਿਉਰ ਦਾ ਹੁੰਦਾ ਹੈ। ਜੇ ਉਨ੍ਹਾਂ ਤੋਂ ਬਿਨਾਂ ਵਿਧਵਾ ਦੇ ਕਹਿਣ ਉੱਤੇ ਉਸ ਦੇ ਮਾਪੇ ਕਿਸੇ ਹੋਰ ਕੋਲ ਵੀ ਬਿਠਾਉਣੀ ਚਾਹੁਣ ਤਾਂ ਉਨ੍ਹਾਂ ਦੀ ਆਗਿਆ ਜ਼ਰੂਰੀ ਹੁੰਦੀ ਹੈ। ਇਸ ਤਰ੍ਹਾਂ ਕਈ ਬੰਦਿਆਂ ਕੋਲ ਤਿੰਨ ਤਿੰਨ, ਚਾਰ ਚਾਰ ਵੀ ਹੋ ਜਾਂਦੀਆਂ ਹਨ। ਕਰੇਵੇ ਲਈ ਪਤੀ ਦੀ ਮੌਤ ਪਿੱਛੋਂ ਇਕ ਸਾਲ ਠਹਿਰਨਾ ਜ਼ਰੂਰੀ ਹੈ।

ਇਸ ਵਿਆਹ ਦੀ ਰਸਮ ਏਸ ਤਰ੍ਹਾਂ ਹੈ ਕਿ ਘਰ ਵਿਚ ਭਾਈਚਾਰਾ ਜਾਂ ਪੰਚਾਇਤ ਬੁਲਾ ਕੇ ਸੰਬੰਧਤ ਸੱਜਣ ਆਪਣੀ ਚਾਦਰ ਵਿਧਵਾ ਦੇ ਸਿਰ ਉੱਤੇ ਪਾ ਦਿੰਦਾ ਹੈ ਤੇ ਉਸ ਦੀ ਬਾਂਹ ਨੂੰ ਚੂੜੀ ਚੜ੍ਹਾ ਦਿੰਦਾ ਹੈ। ਇਸ ਅਰਸੇ ਵਿਚ ਪੰਡਤ ਜਾਂ ਭਾਈ ਕੁਝ ਮੰਤਰ ਪੜ੍ਹਦਾ ਹੈ। ਇਸ ਤੋਂ ਪਿੱਛੋਂ ਪਤੀ ਚਾਦਰ ਲਾਹ ਲੈਂਦਾ ਹੈ, ਸ਼ਾਦੀ ਮੁਕੰਮਲ ਹੋ ਜਾਂਦੀ ਹੈ। ਇਸ ਰੀਤ ਨੂੰ 'ਚਾਦਰ ਪਾਉਣਾ', 'ਚਾਦਰ ਅੰਦਾਜ਼ੀ', ਜਾਂ 'ਲੱਤਾ ਓਢਣ' ਕਹਿੰਦੇ ਹਨ। ਇਸ ਕਿਸਮ ਦੇ ਵਿਆਹ ਉੱਤੇ ਕੋਈ ਖ਼ਰਚ ਆਦਿ ਨਹੀਂ ਕੀਤਾ ਜਾਂਦਾ। ਵਿਧਵਾਵਾਂ ਤੋਂ ਛੁੱਟ ਪੰਜਾਬ ਦੇ ਜੱਟ ਕਿਸੇ ਹੋਰ

ਇਸਤਰੀ ਉੱਤੇ ਵੀ ਚਾਦਰ ਪਾ ਕੇ ਉਸ ਨੂੰ ਆਪਣੇ ਘਰ ਵਸਾ ਲੈਂਦੇ ਹਨ, ਇਸ ਨੂੰ ਜਾਇਜ਼ ਸਮਝਦੇ ਹਨ ਅਤੇ ਅਜੇਹੇ ਵਿਆਹ-ਸੰਬੰਧ ਤੋਂ ਪੈਦਾ ਹੋਏ ਬੱਚਿਆਂ ਨੂੰ ਵਿਰਾਸਤ ਦਾ ਹੱਕ ਮਿਲ ਜਾਂਦਾ ਹੈ। ਇਹ ਵਿਆਹ ਉੱਚ-ਜਾਤੀਆਂ ਵਿਚ ਪਰਚਲਤ ਨਹੀਂ ਕਿਉਂਕਿ ਉੱਥੇ ਵਿਧਵਾ-ਵਿਆਹ ਦੀ ਕਾਨੂੰਨੀ ਮਨਾਹੀ ਹੈ।

ਪੰਜਾਬ ਵਿਚ ਇਕ ਤਰ੍ਹਾਂ ਦੇ ਪ੍ਰੇਮ-ਵਿਆਹ ਜਾਂ ਗੰਧਰਬ-ਵਿਆਹ ਦਾ ਵੀ ਰਿਵਾਜ ਹੈ। ਕਾਂਗੜੇ ਵਿਚ ਤਾਂ ਇਹ ਆਮ ਹੈ। ਕੋਈ ਵਿਆਹੀ ਵਰੀ ਜਾਂ ਕੁਆਰੀ ਇਸਤਰੀ ਆਪਣੇ ਸੁੰਦਰ ਗੁਆਂਢੀ ਨਾਲ ਨਿਕਲ ਜਾਂਦੀ ਹੈ। ਇਹ ਪ੍ਰੀਤ, ਕੁਆਰ-ਅਵਸਥਾ ਦੀ ਹੋਵੇ ਜਾਂ ਪਿੱਛੋਂ ਦੀ, ਜੇ ਕੋਈ ਵਿਆਹੀ ਹੋਈ ਇਸਤਰੀ ਨੂੰ ਕੱਢ ਕੇ ਲਿਜਾਵੇ ਤਾਂ ਕੱਢਣ ਵਾਲੇ ਨੂੰ ਵਧ ਤੋਂ ਵਧ ਇਹ ਸਜ਼ਾ ਮਿਲਦੀ ਹੈ ਕਿ ਉਹ ੫੦ ਤੋਂ ੫੦੦ ਰੁਪਏ ਤਕ ਉਸ ਦੇ ਪਹਿਲੇ ਪਤੀ ਨੂੰ ਦੇ ਦਿੰਦਾ ਹੈ। ਅਜੇਹੇ ਵਿਆਹ ਵਿਚ ਲਗਨ ਫੇਰੇ ਕੋਈ ਨਹੀਂ ਹੁੰਦੇ। ਕੁੱਲੂ ਵਿਚ ਭਗੌੜੀ ਜੋੜੀ ਬਾਹਰ ਕਿਸੇ ਝੀਂਡੇ ਨੂੰ ਅੱਗ ਲਾ ਕੇ ਇਕ ਦੂਜੇ ਦਾ ਹੱਥ ਫੜ ਕੇ ਜਾਂ ਲੜ ਜੋੜ ਕੇ ਅੱਗ ਦੇ ਆਲੇ-ਦੁਆਲੇ ਅੱਠ ਫੇਰੇ ਲੈ ਲੈਂਦੀ ਹੈ। ਕਈ ਜੋੜੀਆਂ ਇਹ ਫੇਰੇ ਲਕਸ਼ਮੀ ਨਰਾਇਣ ਦੇ ਮੰਦਰ ਵਿਚ ਵੀ ਜਾ ਲੈਂਦੀਆਂ ਹਨ। ਉੱਥੇ ਇਸ ਵਿਆਹ ਨੂੰ 'ਝੀਂਡ ਫੂਕ' ਤੇ 'ਮਦਖੁਲਾ' ਕਹਿੰਦੇ ਹਨ।

ਪੰਜਾਬ ਵਿਚ ਕਿਧਰੇ ਕਿਧਰੇ ਕੁਆਰੀਆਂ ਪ੍ਰੀਤਾਂ ਵੀ ਪਰਵਾਨ ਹੋਣ ਲਗ ਗਈਆਂ ਹਨ। ਮਾਪੇ ਰਜ਼ਾਮੰਦ ਹੋ ਜਾਣ ਤਾਂ ਪੂਰਨ ਵਿਆਹ ਦੀਆਂ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ; ਨਾ ਹੋਣ ਤਾਂ ਮੁੰਡਾ ਕੁੜੀ ਕਚਹਿਰੀ ਜਾ ਕੇ ਬਿਆਨ ਦੇ ਦਿੰਦੇ ਹਨ ਤੇ ਰਿਸ਼ਤਾ ਪੱਕਾ ਹੋ ਜਾਂਦਾ ਹੈ। ਪਰ ਇਹ ਰੀਤ ਆਮ ਨਹੀਂ। ਸਾਡੇ ਵਿਆਹ ਸੰਸਕਾਰ ਤੇ ਇਨ੍ਹਾਂ ਦੇ ਰੂਪ ਸਾਨੂੰ ਦਸਦੇ ਹਨ ਕਿ ਉੱਚ ਜਾਤੀ ਦੇ ਹਿੰਦੂਆਂ ਵਿਚ ਵਿਧਵਾ-ਵਿਆਹ ਦੀ ਮਨਾਹੀ ਕਾਰਨ ਇਕ ਪਤੀ-ਪਤਨੀ ਮਰਿਆਦਾ ਹੀ ਪਰਚਲਤ ਹੈ। ਬਹੁ-ਪਤਨੀ ਜਾਂ ਬਹੁ-ਪਤੀ ਮਰਿਆਦਾ ਨਾਮ ਮਾਤਰ ਹੀ ਹੈ।

ਬਹੁ-ਪਤਨੀ ਮਰਯਾਦਾ ਦੇ ਹਜ਼ਾਰ ਵਿੱਚੋਂ ਬੜੀ ਮੁਸ਼ਕਲ ਨਾਲ ਛੇ ਕੇਸ ਮਿਲਦੇ ਹਨ ਅਤੇ ਇਹ ਵੀ ਉਨ੍ਹਾਂ ਜਾਤੀਆਂ ਵਿਚ ਜਿੱਥੇ ਕਰੇਵੇ ਦੀ ਆਗਿਆ ਹੈ ਜਾਂ ਕੁਝ ਉਨ੍ਹਾਂ ਵਿਚ ਜਿਹੜੇ ਅਮੀਰ ਹੋਣ ਕਾਰਨ ਅੱਯਾਸ਼ੀ ਲਈ ਵਿਆਹ ਕਰਾਉਂਦੇ ਹਨ।

ਬਹੁ-ਪਤੀ-ਮਰਿਯਾਦਾ ਮਜਬੂਰੀ ਤੇ ਲੋੜ ਦਾ ਸਿਟਾ ਹੈ। ਕਈ ਨੀਚ ਜਾਤੀਆਂ ਵਿਚ ਮਰਦਾਂ ਦੇ ਟਾਕਰੇ ਤੇ ਇਸਤਰੀਆਂ ਦੀ ਥੁੜ੍ਹ ਹੋਣ ਕਾਰਨ ਇਹ ਪਰਚਲਤ ਹੋ ਗਈ ਹੈ। ਪਰ ਇਸ ਦਾ ਖੁੱਲ੍ਹਮ-ਖੁੱਲ੍ਹਾ ਰਿਵਾਜ ਕੇਵਲ ਕੁਲੂ ਵਿਚ ਹੀ ਹੈ। ਇੱਥੇ ਇਸਤਰੀ ਨੂੰ ਇਕ ਤੋਂ ਵਧ ਪਤੀ ਰੱਖਣ ਦਾ ਹੱਕ ਹੈ ਅਤੇ ਕੁੱਲੂ ਤਸੀਲ ਦੇ ਮਲਾਨਾ ਕਬੀਲੇ ਵਿਚ ਤਾਂ ਇਹ ਨਿਯਮ ਹੈ। ਬਾਕੀ ਇਲਾਕਿਆਂ ਵਿਚ ਇਹ ਗੁੱਝੇ ਰੂਪ ਵਿਚ ਹੀ ਪਰਚਲਤ ਹੈ। ਕੁੱਲੂ ਵਿਚ ਇਸਤਰੀ ਨੂੰ ਇਹ ਦੱਸਣ ਦਾ ਵੀ ਹੱਕ ਹੈ ਕਿ ਪਹਿਲਾਂ ਬੱਚਾ ਕਿਹੜੇ ਭਰਾ ਦਾ ਹੈ, ਦੂਜਾ ਕਿਹੜੇ ਦਾ ਤੇ ਤੀਜਾ ਕਿਹੜੇ ਦਾ। ਪਰ ਇੱਥੇ ਆਮ ਤੌਰ ਤੇ ਪਹਿਲਾ ਬੱਚਾ ਵੱਡੇ ਦਾ ਦੂਜਾ ਉਸ ਤੋਂ ਛੋਟੇ ਦਾ ਅਤੇ ਤੀਜਾ ਉਸ ਤੋਂ ਛੋਟੇ ਦਾ ਮੰਨਿਆ ਜਾਂਦਾ ਹੈ। ਇੱਥੋਂ ਤੱਕ ਕਿ ਬੱਚੇ ਦੇ ਪਿਤਾ ਦਾ ਨਿਸਚਾ ਹੋਣ ਤੇ ਵੀ ਵਿਰਸੇ ਬਾਰੇ ਇਹੋ ਨਿਯਮ ਲਾਗੂ ਹੁੰਦਾ ਹੈ।

ਇੱਥੇ ਇਕ ਦੋ ਸ਼ਬਦ ਵਿਰਾਸਤ ਦੇ ਨਿਯਮ ਬਾਰੇ ਆਖਣਾ ਵੀ ਅਨੁਚਿਤ ਨਹੀਂ ਹੋਵੇਗਾ। ਸਾਰੇ ਪੰਜਾਬ ਵਿਚ ਵਿਰਾਸਤ ਦਾ ਹੱਕ ਪਤੀ ਵੱਲੋਂ ਹੀ ਨੀਅਤ ਹੁੰਦਾ ਹੈ। ਕਿਸੇ ਮਰਦ ਦੇ ਜਿਤਨੇ ਮੁੰਡੇ ਹੋਣ ਉਸ ਦੀ ਜਾਇਦਾਦ ਦੇ ਓਨੇ ਹੀ ਹਿੱਸੇ ਕਰ ਲਏ ਜਾਂਦੇ ਹਨ। ਉਸ ਦੀ ਇਕ ਪਤਨੀ ਦੇ ਭਾਵੇਂ ਤਿੰਨ ਮੁੰਡੇ ਹੋਣ ਅਤੇ ਦੂਜੀ ਦਾ ਕੇਵਲ ਇਕ ਹੀ, ਵਿਰਾਸਤ ਦੇ ਚਾਰ ਹਿੱਸੇ ਬਣਦੇ ਹਨ। ਵਿਰਾਸਤ ਦੇ ਇਸ ਨਿਯਮ ਨੂੰ 'ਪੱਗ-ਵੰਡ' ਕਹਿੰਦੇ ਹਨ। ਬਹੁਤ ਘੱਟ ਹਾਲਤਾਂ ਵਿਚ ਇਕ ਪਤਨੀ ਦੇ ਤਿਨ ਬੱਚਿਆਂ ਨੂੰ ਉਸ ਦੇ ਪਤੀ ਦੀ ਅੱਧੀ ਵਿਰਾਸਤ ਅਤੇ ਦੂਜੀ ਦੇ ਇਕ ਮੁੰਡੇ ਨੂੰ ਬਾਕੀ ਅੱਧੀ ਮਿਲਦੀ ਹੈ। ਇਸ ਨਿਯਮ ਨੂੰ 'ਚੂੰਡਾ-ਵੰਡ' ਕਹਿੰਦੇ ਹਨ।

ਜਿਥੋਂ ਤਕ ਸਾਂਝੇ ਪਰਿਵਾਰਕ ਜੀਵਨ ਦਾ ਸੰਬੰਧ ਹੈ, ਇਹ ਕਿਧਰੇ ਨਹੀਂ ਮਿਲਦਾ। ਵਿਆਹ ਤੋਂ ਪਿੱਛੋਂ

ਸਾਰੇ ਭਰਾ ਜਾਇਦਾਦਾਂ ਵੰਡ ਕੇ ਆਪਣਾ ਆਪਣਾ ਕਮਾਉਣ ਲਗ ਜਾਂਦੇ ਹਨ ਅਤੇ ਗ੍ਰਿਹਸਥ-ਜੀਵਨ ਬਿਤੀਤ ਕਰਦੇ ਹਨ ।

ਵਿਆਹ ਮੁਕਲਾਵੇ ਤੋਂ ਪਿੱਛੋਂ ਪਤੀ ਪਤਨੀ ਸਾਰੀ ਉਮਰ ਗ੍ਰਿਹਸਥ ਜੀਵਨ ਵਿਚ ਲੰਘਾ ਦਿੰਦੇ ਹਨ। ਉਨ੍ਹਾਂ ਦੇ ਬੱਚੇ ਹੁੰਦੇ ਹਨ, ਬੱਚਿਆਂ ਦਾ ਜਨਮ ਅਤੇ ਵਿਆਹ-ਸੰਸਕਾਰ ਹੁੰਦੇ ਹਨ। ਪੋਤਿਆਂ ਪੜੋਤਿਆਂ ਵਾਲੇ ਹੋ ਕੇ ਉਹ ਬੁੱਢੇ ਹੋ ਜਾਂਦੇ ਹਨ। ਹੌਲੀ ਹੌਲੀ ਮੌਤ-ਦਿਹਾੜਾ ਨੇੜੇ ਆ ਜਾਂਦਾ ਹੈ । ਉੱਧਰ ਪਿਉ ਨੇ ਪੁੱਤਰ ਦੇ ਕਾਜ ਰਚਾਏ ਹੁੰਦੇ ਹਨ ਅਤੇ ਹੁਣ ਉਸ ਦੇ ਪੁੱਤਰ ਉਸ ਦੀ ਰੂਹ ਨੂੰ ਸ਼ਾਂਤੀ ਦੇਣ ਅਤੇ ਉਸ ਨੂੰ ਮੁਕਤੀ ਦਿਵਾਉਣ ਲਈ ਦਾਨ ਤੇ ਪੁੰਨ ਦੇ ਕਈ ਕਾਰਜ ਕਰਦੇ ਹਨ।

ਇਸ ਵੇਲੇ ਪੁੱਤਰ ਪੋਤਰੇ ਜ਼ਮੀਨ ਤੇ ਗੋਹੇ ਦਾ ਲੇਪ ਕਰ ਕੇ ਅਤੇ ਉਸ ਉੱਤੇ ਹਰਾ ਘਾਹ ਸੁੱਟ ਕੇ ਮਰਨ ਵਾਲੇ ਪ੍ਰਾਣੀ ਨੂੰ ਭੋਂਇੰ ਉੱਤੇ ਉਤਾਰ ਲੈਂਦੇ ਹਨ। ਉੱਥੇ ਨਜ਼ਦੀਕ ਹੀ ਇਕ ਘਿਉ ਦਾ ਬਲਦਾ ਦੀਵਾ ਰੱਖਿਆ ਜਾਂਦਾ ਹੈ। ਉਸ ਦੇ ਪੈਰ ਉੱਤਰ ਵੱਲ ਕਰ ਕੇ ਸਿਰ ਦੇ ਥੱਲੇ ਵੱਡਾ ਪੁੱਤਰ 'ਗੋਡਾ ਦੇ ਕੇ' ਬੈਠ ਜਾਂਦਾ ਹੈ। ਇਸ ਵੇਲੇ ਉਸ ਕੋਲੋਂ ਪੁੰਨ ਦਾਨ ਕਰਾ ਦਿੰਦੇ ਹਨ। ਹਿੰਦੂ ਰੀਤੀ ਅਨੁਸਾਰ ਗਊ ਦਾ ਦਾਨ ਸਭ ਤੋਂ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਇਹ ਗਊ ਮਰਨ ਵਾਲੇ ਨੂੰ ਭਵ-ਸਾਗਰ ਵਿਚ ਤਾਰਦੀ ਹੈ । ਗਊ ਆਮ ਤੌਰ ਤੇ ਬ੍ਰਾਹਮਣ ਨੂੰ ਦਾਨ ਕਰਾਈ ਜਾਂਦੀ ਹੈ। ਗਊ ਦੀ ਥਾਂ ਅਨਾਜ ਆਦਿ ਦਾ ਦਾਨ ਵਧੇਰੇ ਪਰਚਲਤ ਹੈ । ਜੇ ਕਮਜ਼ੋਰੀ ਕਾਰਨ ਮਰਨ ਵਾਲਾ ਪ੍ਰਾਣੀ ਕਿਸੇ ਕਿਸਮ ਦਾ ਦਾਨ ਨਾ ਕਰ ਸਕੇ ਤਾਂ ਉਸ ਦੇ ਹੱਥ ਤੋਂ ਥੋੜ੍ਹਾ ਜਿਹਾ ਪਾਣੀ ਰੁੜ੍ਹਾ ਦਿੱਤਾ ਜਾਂਦਾ ਹੈ। ਇਹ ਵੀ ਦਾਨ ਸਮਾਨ ਹੀ ਸਮਝਿਆ ਜਾਂਦਾ ਹੈ। ਇਸ ਤੋਂ ਪਿੱਛੋਂ ਪ੍ਰਾਣ ਤਿਆਗਣ ਵਾਲਾ ਹਿੰਦੂ ਹੋਵੇ ਤਾਂ ਉਸ ਨੂੰ ਗੀਤਾ ਜਾਂ 'ਗਰੜ ਪੁਰਾਣ' ਦੀ ਕਥਾ ਸੁਣਾਉਂਦੇ ਹਨ, ਸਿੱਖ ਹੋਵੇ ਤਾਂ ਸੁਖਮਨੀ ਦਾ ਪਾਠ। ਉਸ ਦੇ ਮੂੰਹ ਵਿਚ ਤੁਲਸੀ ਦੇ ਪੱਤਿਆਂ ਦਾ ਪਾਣੀ ਵੀ ਪਾਉਂਦੇ ਹਨ, ਅਤੇ ਬਹੁਤ ਬੁੱਢਾ ਹੋਵੇ ਤਾਂ ਸੋਨੇ ਦੀ ਡਲੀ ਵੀ।

ਪ੍ਰਾਣ ਤਿਆਗਣ ਤੋਂ ਪਿੱਛੋਂ ਤ੍ਰੀਮਤਾਂ ਘਰ ਵਿਚ ਵੈਣ ਪਾਉਣ ਲਗ ਜਾਂਦੀਆਂ ਹਨ ਅਤੇ ਮਰਦ ਬਾਹਰ ਫੂਹੜੀ ਵਿਛਾ ਕੇ ਬੈਠ ਜਾਂਦੇ ਹਨ। ਸਾਰੇ ਉਸ ਦੇ ਚੰਗੇ ਅਮਲਾਂ ਦੀ ਸਿਫ਼ਤ ਕਰਦੇ ਹਨ। ਹਿੰਦੂ ਮਰੇ ਤਾਂ ਮਰਨ ਵਾਲੇ ਦੇ ਪੁੱਤਾਂ ਪੋਤਿਆਂ ਦੀ ਹਜਾਮਤ ਕਰਾ ਦਿੱਤੀ ਜਾਂਦੀ ਹੈ । ਇਸ ਨੂੰ 'ਭੱਦਣ' ਕਹਿੰਦੇ ਹਨ । ਕਈ ਥਾਵਾਂ ਤੇ ਛੋਟੇ ਪੁੱਤਰ ਪੋਤਰੇ ਦੀ ਹੀ ਭੱਦਣ ਕੀਤੀ ਜਾਂਦੀ ਹੈ ਤੇ ਉਸ ਦੇ ਵਾਲ ਅਰਥੀ ਉੱਤੇ ਰੱਖ ਕੇ ਮਸਾਣਾਂ ਨੂੰ ਲਿਜਾਏ ਜਾਂਦੇ ਹਨ। ਜੇ ਜਵਾਨ ਮਰੇ ਤਾਂ ਉਸ ਦੀ ਵਿਧਵਾ ਪਤਨੀ ਆਪਣ ਸੁਹਾਗ ਦੀਆਂ ਚੂੜੀਆਂ ਭੰਨ ਦਿੰਦੀ ਹੈ ਤੇ ਨੱਥ ਲਾਹ ਦਿੰਦੀ ਹੈ। ਗੁੜਗਾਉਂ ਵਿਚ ਇਹ ਚੀਜ਼ਾਂ ਵੀ ਅਰਥੀ ਦੇ ਨਾਲ ਹੀ ਲਿਜਾਈਆਂ ਜਾਂਦੀਆਂ ਹਨ।

ਸੁਰਗਵਾਸੀ ਨੂੰ ਆਖ਼ਰੀ ਅਸ਼ਨਾਨ ਕਰਵਾਉਣ ਵਾਸਤੇ ਵੱਡਾ ਪੁੱਤਰ ਇਕ ਹੱਥ ਤੇ ਇਕ ਪੈਰ ਦੀ ਸਹਾਇਤਾ ਨਾਲ ਖੂਹ ਤੋਂ ਪਾਣੀ ਦਾ ਘੜਾ ਭਰ ਲਿਆਉਂਦਾ ਹੈ। ਮਰਦ ਨੂੰ ਮਰਦ ਤੇ ਇਸਤਰੀ ਨੂੰ ਇਸਤਰੀਆਂ ਨੁਹਾਉਂਦੀਆਂ ਹਨ। ਮਰਦ ਹੋਵੇ ਤਾਂ ਜਨੇਊ ਤਿਲਕ ਸਮੇਤ ਕਪੜੇ ਪੁਆ ਕੇ ਸ਼ਿੰਗਾਰ ਲੈਂਦੇ ਹਨ, ਤੇ ਜੇ ਸੁਹਾਗਣ ਮਰੀ ਹੋਵੇ ਤਾਂ ਕਪੜਿਆਂ ਨਾਲ ਗਹਿਣੇ ਤੇ ਲਾਲ ਚੰਦਾਰੀ ਪਹਿਨਾ ਕੇ ਹੱਥਾਂ ਪੈਰਾਂ ਨੂੰ ਮਹਿੰਦੀ ਤੇ ਹੋਠਾਂ ਨੂੰ ਦੰਦਾਸਾ, ਅੱਖਾਂ ਵਿਚ ਸੁਰਮਾ, ਵੀਣੀ ਉੱਤੇ ਚੂੜੀਆਂ ਤੇ ਮੱਥੇ ਉੱਤੇ ਬਿੰਦੀ ਲਾ ਦਿੰਦੇ ਹਨ । ਵਿਧਵਾ ਮਰੇ ਤਾਂ ਗਹਿਣੇ ਤਾਂ ਨਹੀਂ ਪਾਉਂਦੇ, ਪਰ ਬਾਕੀ ਸਾਰੇ ਸ਼ਿੰਗਾਰ ਕਰਦੇ ਹਨ।

ਨ੍ਹਾਉਂਦਿਆਂ ਕਰਦਿਆਂ, ਓਧਰ ਚਿਖਾ ਵਾਸਤੇ ਬਾਲਣ ਢੋ ਲੈਂਦੇ ਹਨ ਤੇ ਏਧਰ ਅਰਥੀ ਤਿਆਰ ਕਰ ਲੈਂਦੇ ਹਨ। ਅਰਥੀ ਵਾਸਤੇ ਬਾਂਸ ਜਾਂ ਬੇਰੀ ਦੀ ਲੱਕੜੀ ਵਰਤੀ ਜਾਂਦੀ ਹੈ ਤੇ ਕਿੱਲਾਂ ਦੀ ਥਾਂ ਬੱਭੜ ਆਦਿ ਨਾਲ ਹੀ ਲੱਕੜੀਆਂ ਬੰਨ੍ਹ ਦਿੰਦੇ ਹਨ। ਇਕ ਪਾਸੇ ਮਰੇ ਹੋਏ ਪ੍ਰਾਣੀ ਨੂੰ ਖੱਫਣ ਵਿਚ ਵਲ੍ਹੇਟ ਦਿੰਦੇ ਹਨ ਅਤੇ ਖੱਫਣ ਸੀਊਣ ਵਾਸਤੇ ਧਾਗਾ ਵੀ ਖੱਫਣ ਵਾਲੇ ਕਪੜੇ ਵਿੱਚੋਂ ਹੀ ਕੱਢਿਆ ਜਾਂਦਾ ਹੈ। ਦੂਜੇ ਪਾਸੇ ਮਰਨ ਵਾਲੇ ਦੀ ਨੂੰਹ, ਪਿੰਡ (ਪਿੰਨੇ) ਬਣਾਉਣ ਵਾਸਤੇ ਪੁੱਠੀ ਚੱਕੀ ਫੇਰ ਕੇ ਸਤਨਾਜਾ (ਮੱਕੀ, ਕਣਕ, ਛੋਲੇ, ਮਾਂਹ, ਮੋਠ, ਚਾਉਲ ਆਦਿ) ਪੀਹ

ਲੈਂਦੀ ਹੈ। ਬ੍ਰਾਹਮਣ ਪਿੰਡ (ਪਿੰਨੇ) ਬਣਾਉਂਦਾ ਹੈ।

ਅਰਥੀ ਦੇ ਉੱਪਰ ਲਾਸ਼ ਰੱਖ ਕੇ ਉਸ ਉੱਤੇ ਉਸ ਦੇ ਪੋਤਰੇ ਦੇ ਵਾਲ, ਵਿਧਵਾ ਹੋਈ ਇਸਤਰੀ ਦਾ ਸੁਹਾਗ ਅਤੇ ਇਕ ਪਿੰਡ ਰੱਖ ਦਿੰਦੇ ਹਨ। ਨੂੰਹ, ਪੁੱਤਰ ਅਰਥੀ ਚੁਕਣ ਤੋਂ ਪਹਿਲਾਂ ਮਰੇ ਹੋਏ ਪ੍ਰਾਣੀ ਨੂੰ ਮੱਥਾ ਟੇਕਦੇ ਹਨ। ਉਸ ਤੋਂ ਪਿੱਛੋਂ ਚਾਰ ਕਰੀਬੀ ਰਿਸ਼ਤੇਦਾਰ ਅਰਥੀ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਲੈਂਦੇ ਹਨ। ਸੁਰਗਵਾਸੀ ਦਾ ਪੋਤਰਾ ਅੱਗੇ ਅੱਗੇ ਟੱਲ ਵਜਾਉਂਦਾ ਜਾਂਦਾ ਹੈ ਤੇ ਪਿੱਛੇ ਪਿੱਛੇ ਕਾਨ੍ਹੀਂ ਅਰਥੀ ਚੁੱਕੀ ਜਾਂਦੇ ਹਨ। ਮਰਨ ਵਾਲੇ ਦੇ ਪੈਰ ਅੱਗੇ ਵੱਲ ਤੇ ਸਿਰ ਪਿੱਛੇ ਰੱਖਦੇ ਹਨ। ਰਸਤੇ ਵਿਚ ਕਾਨ੍ਹੀਂ ਤੇ ਬਾਕੀ ਬੰਦੇ 'ਰਾਮ ਨਾਮ ਸਤਿ ਹੈ' ਕਹਿੰਦੇ ਜਾਂਦੇ ਹਨ। ਸਿੱਖਾਂ ਵਿਚ ਰਾਮ ਨਾਮ ਸਤਿ ਦੀ ਥਾਂ ਸ਼ਬਦ ਪੜ੍ਹਨ ਦਾ ਰਿਵਾਜ ਹੈ। ਪੁਰਾਤਨ ਹਿੰਦੂ ਕਾਨ੍ਹੀਆਂ ਦੀ ਥਾਂ ਅਰਥੀ ਲਿਜਾਣ ਵਾਸਤੇ ਬਲਦਾਂ ਵਾਲਾ ਗੱਡਾ ਠੀਕ ਸਮਝਦੇ ਸਨ ਅਤੇ ਸ਼ੂਦਰ ਨੂੰ ਨੇੜੇ ਨਹੀਂ ਸੀ ਲਗਣ ਦਿੰਦੇ, ਕਿਉਂਕਿ ਉਸ ਦੇ ਨੇੜੇ ਆਉਣ ਨਾਲ ਮਰਨ ਵਾਲੇ ਦੀ ਅਰਥੀ ਭਿੱਟੀ ਹੋ ਜਾਂਦੀ ਸੀ ਅਤੇ ਉਹ ਸੁਰਗ ਵਿਚ ਨਹੀਂ ਸੀ ਜਾ ਸਕਦਾ।

ਰਸਤੇ ਵਿਚ ਪਿੰਡ ਦਿੰਦੇ ਜਾਂਦੇ ਹਨ-ਘਰ ਦਾ ਦਰਵਾਜ਼ਾ ਲੰਘ ਕੇ ਦੂਜਾ, ਪਿੰਡ ਦਾ ਦਰਵਾਜ਼ਾ ਲੰਘ ਕੇ ਤੀਜਾ, ਮਸਾਣਾਂ ਦੇ ਅੱਧ ਵਿਚ ਕਿਸੇ ਛੱਪੜ, ਤਲਾਉ ਜਾਂ ਖੂਹ ਦੇ ਕੰਢੇ ਚੌਥਾ, ਪਰ ਚੌਥਾ ਪਿੰਡ ਦੇਣ ਤੋਂ ਪਹਿਲਾਂ ਅਰਥੀ ਨੂੰ ਪਾਣੀ ਨਾਲ ਛਿੜਕੀ ਹੋਈ ਥਾਂ ਤੇ ਉਤਾਰ ਲੈਂਦੇ ਹਨ ਤੇ ਮਰਨ ਵਾਲੇ ਦੀ ਨੂੰਹ ਪਹਿਲਾ ਪਿੰਡ ਚੁੱਕ ਕੇ ਉਸ ਦੀ ਥਾਂ ਚੌਥਾ ਰੱਖ ਦਿੰਦੀ ਹੈ ਤੇ ਇਕ ਪਾਣੀ ਦਾ ਘੜਾ ਭੰਨਦੀ ਹੈ ਜਿਹੜਾ ਮਰਨ ਵਾਲੇ ਨੂੰ ਪਹੁੰਚਿਆ ਮੰਨਿਆ ਜਾਂਦਾ ਹੈ। ਏਨੇ ਸਮੇਂ ਵਿਚ ਕਾਨ੍ਹੀਂ ਦਮ ਲੈਂਦੇ ਹਨ ਤੇ ਉਸ ਨੂੰ ਫੇਰ ਚੁੱਕ ਲੈਂਦੇ ਹਨ। ਇਸ ਵੇਲੇ ਸਿਰ ਅੱਗੇ ਤੇ ਪੈਰ ਪਿੱਛੇ ਵਲ ਰੱਖੇ ਜਾਂਦੇ ਹਨ। ਅਗਲੇ ਕਾਨ੍ਹੀਂ ਪਿੱਛੇ ਤੇ ਪਿਛਲੇ ਅੱਗੇ ਹੋ ਜਾਂਦੇ ਹਨ। (ਮੁਸਲਮਾਨਾਂ ਵਿਚ ਮਰਨ ਵਾਲੇ ਦੇ ਜਨਾਜ਼ੇ ਨੂੰ ਬਹੁਤ ਸਾਰੇ ਅੰਗ-ਸਾਕ ਮੋਢਾ ਦਿੰਦੇ ਹਨ) ਇਸ ਰੀਤ ਨੂੰ 'ਅੱਧ ਮਾਰਗ', 'ਬਾਸਾ ਦੇਣਾ' ਜਾਂ 'ਬਿਸਰਾਮ ਕਰਨਾ' ਕਹਿੰਦੇ ਹਨ।

ਅੱਧ-ਮਾਰਗ ਤੋਂ ਪਿੱਛੋਂ ਇਸਤਰੀਆਂ ਉੱਥੇ ਹੀ ਬੈਠ ਜਾਂਦੀਆਂ ਹਨ ਤੇ ਮਰਦ ਨਾਲ ਚਲੇ ਜਾਂਦੇ ਹਨ। ਮਸਾਣਾਂ ਵਿਚ ਪਹੁੰਚ ਕੇ ਪੰਜਵਾਂ ਪਿੰਡ ਵੀ ਦੇ ਦਿੰਦੇ ਹਨ। ਇੱਥੇ ਪਹੁੰਚ ਕੇ ਅਰਥੀ ਲਾਹ ਲੈਂਦੇ ਹਨ ਤੇ ਵੱਡਾ ਪੁੱਤਰ ਚਿਖਾ ਵਾਸਤੇ ਸੱਤ ਵਾਰੀ ਰਾਮ ਰਾਮ ਲਿਖ ਕੇ ਥਾਂ ਤਿਆਰ ਕਰ ਲੈਂਦਾ ਹੈ।

ਚਿਖਾ ਵਾਸਤੇ ਚੜ੍ਹਦੀ-ਲਹਿੰਦੀ ਦਿਸ਼ਾ ਵਿਚ ਦੋ ਕੁ ਫ਼ੁਟ ਡੂੰਘਾ ਤੇ ਅਰਥੀ ਦੇ ਆਕਾਰ ਦਾ ਟੋਆ ਪੁੱਟ ਕੇ ਉਸ ਵਿਚ ਜੰਡ, ਸੰਦਲ, ਪਿੱਪਲ ਜਾਂ ਢੱਕ ਦੀ ਲੱਕੜੀ ਚਿਣ ਦਿੰਦੇ ਹਨ। ਵੱਡਾ ਪੁਤਰ ਇਕ ਹੱਥ ਤੇ ਇਕ ਪੈਰ ਨਾਲ ਅਰਥੀ ਦੀਆਂ ਗੱਠਾਂ ਖੋਲ੍ਹ ਕੇ ਲਾਸ਼ ਨੂੰ ਚਿਖਾ ਉੱਤੇ ਲਿਟਾ ਦਿੰਦਾ ਹੈ। ਮੁਰਦੇ ਦੇ ਹੱਥ ਉਸ ਦੀ ਪਿੱਠ ਥੱਲੇ ਰੱਖੇ ਜਾਂਦੇ ਹਨ। ਮੁਰਦੇ ਦੇ ਮੂੰਹ ਕੋਲੋਂ ਖੱਫਣ ਹਟਾ ਕੇ ਮੂੰਹ ਵਿਚ ਪੰਜ-ਰਤਨਾ (ਸੋਨਾ, ਮੋਤੀ, ਮੂੰਗਾ, ਤਾਂਬਾ ਤੇ ਚਾਂਦੀ) ਰਖਦੇ ਹਨ। ਇਸਤਰੀ ਹੋਵੇ ਤਾਂ ਇਹ ਰਸਮ ਘਰ ਹੀ ਕਰ ਲਈ ਜਾਂਦੀ ਹੈ। ਇਸ ਤੋਂ ਪਿੱਛੋਂ ਛਾਤੀ ਉੱਤੇ ਸੰਦਲ ਤੇ ਤੁਲਸੀ ਦੇ ਪੱਤੇ ਰੱਖ ਕੇ ਆਖ਼ਰੀ ਪਿੰਡ ਦੇ ਦਿਦੇ ਹਨ।

ਇਸ ਤੋਂ ਪਿੱਛੋਂ ਵੱਡਾ ਪੁੱਤਰ ਆਪਣੇ ਹੱਥ ਵਿਚ ਲਾਂਬੂ ਲੈ ਕੇ ਸੱਜਿਉਂ ਖੱਬੇ ਨੂੰ ਇਕ ਗੇੜਾ ਅਰਥੀ ਦੇ ਆਲੇ ਦੁਆਲੇ ਕੱਢਦਾ ਹੈ। ਪੈਰਾਂ ਕੋਲ ਪਹੁੰਚ ਕੇ ਉਹ ਚਿਖਾ ਨੂੰ ਲਾਂਬੂ ਲਾ ਦਿੰਦਾ ਹੈ। ਅੱਗ ਲਗ ਜਾਣ ਤੇ ਅਰਥੀ ਨਾਲ ਆਏ ਸਾਰੇ ਆਦਮੀ ਦੂਰ ਜਾ ਕੇ ਖਲੋ ਜਾਂਦੇ ਹਨ। ਜਦ ਚਿਖਾ ਜਲ ਕੇ ਮੁਰਦੇ ਦੀ ਖੋਪਰੀ ਵਿਖਾਈ ਦੇਣ ਲਗ ਜਾਵੇ ਤਾਂ ਕੋਈ ਆਦਮੀ ਅਰਥੀ ਦਾ ਇਕ ਡੰਡਾ ਕੱਢ ਕੇ ਮੁਰਦੇ ਦੀ ਖੋਪਰੀ ਠਕੋਰਦਾ ਹੈ ਅਤੇ ਹਥਲਾ ਡੰਡਾ ਚਿਖਾ ਦੇ ਉੱਪਰੋਂ ਲਾਸ਼ ਦੇ ਪੈਰਾਂ ਤੋਂ ਪਾਰ ਸੁੱਟ ਦਿੰਦਾ ਹੈ। ਇਸ ਨੂੰ 'ਕਪਾਲ ਕ੍ਰਿਆ' ਕਹਿੰਦੇ ਹਨ। ਇਸ ਦਾ ਮਨੋਰਥ ਖੋਪਰੀ ਨੂੰ ਜਲਾਉਂਣਾ ਹੁੰਦਾ ਹੈ ਜੇ ਇਹ ਚੰਗੀ ਤਰ੍ਹਾਂ ਨਾ ਜਲੇ ਤਾਂ ਮੁਰਦੇ ਤੋਂ ਬਦਬੂ ਆਉਂਦੀ ਰਹਿੰਦੀ ਹੈ।

'ਕਪਾਲ ਕ੍ਰਿਆ' ਤੋਂ ਪਿੱਛੋਂ ਅਰਥੀ ਨਾਲ ਆਏ ਸਾਰੇ ਬੰਦੇ ਚਿਖਾ ਦੇ ਬਾਹਰ ਪਏ ਬਾਲਣ ਨਾਲ ਲਾਸ਼ ਨੂੰ

ਢਕ ਦਿੰਦੇ ਹਨ ਅਤੇ ਵੱਡਾ ਪੁੱਤਰ ਖੋਪਰੀ ਠਕੋਰਨ ਵਾਲਾ ਡੰਡਾ ਚੁੱਕ ਕੇ ਉਸ ਨਾਲ ਲਾਸ਼ ਦੇ ਬਰਾਬਰ ਇਕ ਲੀਕ ਖਿੱਚ ਦਿੰਦਾ ਹੈ। ਇਸ ਤੋਂ ਪਿੱਛੋਂ ਸਾਰੇ ਹੱਥ ਜੋੜ ਕੇ ਖਲੋ ਜਾਂਦੇ ਹਨ ਤੇ ਮੁਰਦੇ ਦਾ ਨਜ਼ਦੀਕੀ ਰਿਸ਼ਤੇਦਾਰ ਜ਼ੋਰ ਦੀ ਧਾਹ ਮਾਰਦਾ ਹੈ। ਸਾਰੇ ਪਿਛਾਂਹ ਤੱਕਣ ਤੋਂ ਬਿਨਾ ਵਾਪਸ ਤੁਰ ਪੈਂਦੇ ਹਨ। ਉਹ ਮੁਰਦੇ ਨੂੰ ਭੁਲਾ ਦੇਣਾ ਚਾਹੁੰਦੇ ਹਨ।

ਰਸਤੇ ਵਿਚ ਸਾਰੇ ਸੱਜਣ ਕਿਸੇ ਖੂਹ, ਟੋਭੇ ਜਾਂ ਛੱਪੜ ਉੱਤੇ ਹੋ ਸਕੇ ਤਾਂ ਅਸ਼ਨਾਨ ਨਹੀਂ ਤਾਂ ਹੱਥ ਮੂੰਹ ਧੋਂਦੇ ਹਨ। ਇਸ ਵੇਲੇ ਇਸਤਰੀਆਂ ਨਹਾਉਂਦੀਆਂ ਹਨ। ਸਾਰੇ ਨਹਾ ਕੇ ਤੇ ਕਪੜੇ ਧੋ ਕੇ ਮਸਾਣਾਂ ਵੱਲ ਮੂੰਹ ਕਰ ਕੇ ਅਤੇ ਮਰਨ ਵਾਲੇ ਦਾ ਨਾਂ ਤੇ ਗੋਤ ਬੋਲ ਕੇ, ਪਾਣੀ ਦੇ ਛਿੱਟੇ ਮਾਰਦੇ ਹਨ। ਇਹ ਪਾਣੀ ਮੁਰਦੇ ਨੂੰ ਪਹੁੰਚਦਾ ਮੰਨਿਆ ਜਾਂਦਾ ਹੈ।

ਇਸ ਤੋਂ ਪਿੱਛੋਂ ਸਾਰੇ ਆਦਮੀ ਕੁਝ ਚਿੰਨ੍ਹਾਂ ਰਾਹੀਂ ਮੁਰਦੇ ਨਾਲ ਆਪਣੇ ਸੰਬੰਧ ਤੋੜਦੇ ਹਨ। ਕਈ ਵਾਰੀ ਡੱਕਾ ਤੋੜਦੇ ਹਨ ਤੇ ਕਈ ਵਾਰੀ ਕੰਡਾ। ਕਈ ਨਿੰਮ ਦੀ ਪੱਤੀ ਚਬਾ ਕੇ ਮਰਨ ਵਾਲੇ ਨੂੰ ਆਪਣੇ ਵਾਸਤੇ ਨਿੰਮੋਂ ਕੌੜਾ ਕਰ ਦਿੰਦੇ ਹਨ, ਜਾਂ ਅੱਕ ਦਾ ਦੁੱਧ ਚੋ ਕੇ ਅੱਕੋਂ ਕੌੜਾ।

ਘਰ ਆ ਕੇ ਇਕ ਪੁੱਤਰ ਨੂੰ, ਆਮ ਤੌਰ ਤੇ ਵੱਡੇ ਪੁੱਤਰ ਨੂੰ, 'ਕਰਮੀ ਧਰਮੀ' ਬਿਠਾ ਦਿੰਦੇ ਹਨ। ਉਹ ਦਸ ਦਿਨ ਬਾਹਰ ਫੂਹੜੀ ਉੱਤੇ ਬੈਠਾ ਰਹਿੰਦਾ ਹੈ ਤੇ ਅਫ਼ਸੋਸ ਲਈ ਆਏ ਅੰਗਾਂ ਸਾਕਾਂ ਨਾਲ ਬਹਿ ਕੇ ਅਫ਼ਸੋਸ ਕਰਦਾ ਹੈ। ਉਸ ਦਾ ਜਿਸਮ ਕੇਵਲ ਤਿੰਨ ਕਪੜਿਆਂ ਨਾਲ ਢਕਿਆ ਹੁੰਦਾ ਹੈ – ਇਕ ਤੇੜ, ਦੂਜਾ ਛਾਤੀ ਤੇ ਤੀਜਾ ਸਿਰ ਉੱਤੇ। ਉਹ ਚਮੜੇ ਦੀ ਜੁੱਤੀ ਨਹੀਂ ਪਹਿਨਦਾ, ਕ੍ਰਿਆ-ਕਰਮ ਤਕ ਇਸੇ ਤਰ੍ਹਾਂ ਬੈਠਾ ਰਹਿੰਦਾ ਹੈ। ਦੋਵੇਂ ਵੇਲੇ ਨਹਾਉਂਦਾ ਤੇ ਦਿਨ ਰਾਤ ਪਰਮਾਤਮਾ ਦਾ ਭਜਨ ਕਰਦਾ ਹੈ, ਆਪਣੇ ਪਿਤਾ ਵਾਸਤੇ। ਅਸਲ ਵਿਚ ਉਹ ਹਰ ਪੱਖੋਂ ਬ੍ਰਹਮਚਾਰੀ ਬਣ ਕੇ ਬੈਠਦਾ ਹੈ, ਰਾਤ ਨੂੰ ਘਰ ਨਹੀਂ ਸੌਂਦਾ।

ਸ਼ਾਮ ਨੂੰ ਉਹ ਕਿਸੇ ਮੋਰੀ ਵਾਲੇ ਕੋਰੇ ਕਟੋਰੇ ਦੀ ਮੋਰੀ ਵਿਚ ਦੁੱਬ ਫਸਾ ਕੇ ਅਤੇ ਉਸ ਵਿਚ ਤਿਲ, ਦੁੱਬ, ਗੰਗਾਜਲੀ ਤੇ ਤੁਲਸੀ ਦੇ ਪੱਤੇ ਪਾ ਕੇ ਮਸਾਣਾਂ ਦੇ ਲਾਗੇ ਇਸ ਨੂੰ ਕਿਸੇ ਪਿੱਪਲ ਉੱਤੇ ਟੰਗ ਆਉਂਦਾ ਹੈ। ਮੋਰੀ ਵਿੱਚੋਂ ਤੁਪਕਾ ਤੁਪਕਾ ਪਾਣੀ ਚੋਂਦਾ ਰਹਿੰਦਾ ਹੈ। ਕਹਿੰਦੇ ਹਨ ਕਿ ਇਹ ਮੁਰਦੇ ਨੂੰ ਪਹੁੰਚਦਾ ਹੈ। (ਕਰਮੀ ਧਰਮੀ ਲੋਕ ਇਸ ਵਿਚ ਦਸ ਦਿਨ ਲਗਾਤਾਰ ਦੋਵੇਂ ਵੇਲੇ ਪਾਣੀ ਪਾਉਂਦੇ ਹਨ।) ਇਸੇ ਸ਼ਾਮ ਉਹ ਮੜ੍ਹੀ ਉੱਤੇ ਇਕ ਮਿੱਟੀ ਦਾ ਦੀਵਾ ਵੀ ਬਾਲ ਆਉਂਦਾ ਹੈ। ਇਸ ਦੀ ਬੱਤੀ ਏਡੀ ਲੰਮੀ ਰੱਖੀ ਜਾਂਦੀ ਹੈ ਕਿ ਦਸ ਦਿਨ ਖ਼ਤਮ ਨਾ ਹੋਵੇ। ਇਹ ਦੀਵਾ ਦਸ ਦਿਨ ਬੁੱਝਣ ਨਹੀਂ ਦਿੱਤਾ ਜਾਂਦਾ ਕਿਉਂਕਿ ਹਿੰਦੂਆਂ ਦੇ ਵਿਚਾਰ ਅਨੁਸਾਰ ਇਹ ਦੀਵਾ ਮਰਨ ਵਾਲੇ ਨੂੰ ਯਮ-ਲੋਕ ਵਿਚ ਰਸਤਾ ਵਿਖਾਉਂਦਾ ਹੈ।

ਮੌਤ ਤੋਂ ਤੀਜੇ ਦਿਨ ਮੁਰਦੇ ਦੇ 'ਫੁੱਲ ਚੁਗਣ' ਜਾਂਦੇ ਹਨ। ਆਪਣੇ ਨਾਲ ਇਕ ਫਹੌੜੀ, ਚਾਰ ਕੀਲੀਆਂ, ਨਿਚੱਲਾ ਅਤੇ 'ਫੁੱਲ' ਪਾਉਣ ਲਈ ਗੁਥਲੀ ਲੈ ਜਾਂਦੇ ਹਨ। ਔਰਤ ਦੇ ਫੁੱਲਾਂ ਲਈ ਲਾਲ ਗੁਥਲੀ ਹੁੰਦੀ ਹੈ ਤੇ ਮਰਦ ਲਈ ਚਿੱਟੀ। ਉੱਥੇ ਪਹੁੰਚ ਕੇ ਸਭ ਤੋਂ ਪਹਿਲਾਂ 'ਕਰਮੀ ਧਰਮੀ' ਆਪਣੇ ਅੰਗੂਠੇ ਤੇ ਚੀਚੀ ਦੀ ਮਦਦ ਨਾਲ ਤਿੰਨ ਫੁੱਲ ਚੁਗਦਾ ਹੈ। ਇਸ ਤੋਂ ਪਿੱਛੋਂ ਬਾਕੀ ਆਦਮੀ ਵੀ ਚੁਗ ਲੈਂਦੇ ਹਨ। ਇਹ ਅਸਥੀਆਂ ਜਾਂ ਫੁੱਲ ਲਕੜੀ ਦੀ ਫਹੌੜੀ ਨਾਲ ਫਰੋਲ ਕੇ ਲੱਭੇ ਜਾਂਦੇ ਹਨ। ਇਨ੍ਹਾਂ ਨੂੰ ਠੀਕਰੇ ਵਿਚ ਦੁੱਧ ਤੇ ਗੰਗਾ-ਜਲ ਪਾ ਕੇ ਧੋ ਲੈਂਦੇ ਹਨ। ਹੱਥਾਂ ਪੈਰਾਂ ਦੇ ਪੋਟਿਆਂ ਤੇ ਦੰਦਾਂ ਦੀਆਂ ਅਸਥੀਆਂ ਗੁਥਲੀ ਵਿਚ ਪਾ ਲੈਂਦੇ ਹਨ ਅਤੇ ਬਾਕੀ ਉਸੇ ਥਾਂ ਦਫ਼ਨਾ ਦਿੰਦੇ ਹਨ। ਇਕ ਵਾਰੀ ਫੁੱਲ, ਗੁਥਲੀ ਵਿਚ ਪਾਉਣ ਤੋਂ ਪਿੱਛੋਂ ਪਵਿੱਤਰ ਪਾਣੀ ਵਿਚ ਹੀ ਹੜ੍ਹਾਏ ਜਾ ਸਕਦੇ ਹਨ। ਜ਼ਮੀਨ ਉੱਤੇ ਕਦੀ ਨਹੀਂ ਰੱਖੇ ਜਾਂਦੇ। ਜੇ ਉਸੇ ਵੇਲੇ ਨਾ ਲਿਜਾਣੇ ਹੋਣ ਤਾਂ ਇਨ੍ਹਾਂ ਨੂੰ ਕਿਸੇ ਰੁੱਖ ਉੱਤੇ ਟੰਗ ਛੱਡਦੇ ਹਨ। ਫੁੱਲਾਂ ਨੂੰ 'ਪਹੋਏ' ਜਾਂ 'ਹਰਦੁਆਰ' ਆਦਿ ਲਿਜਾਣ ਵਾਲੇ ਬੰਦੇ ਨੂੰ ਰਾਹਦਾਰੀ ਅਤੇ ਪਾਂਡੇ ਦੀ ਫ਼ੀਸ ਦੇ ਦਿੱਤੀ ਜਾਂਦੀ ਹੈ। ਆਮ ਤੌਰ ਤੇ ਇਹ ਕੰਮ ਵੀ 'ਕਰਮੀ ਧਰਮੀ' ਹੀ ਕਰਦਾ ਹੈ। ਉਹ ਆਪਣੇ ਬਜ਼ੁਰਗ ਦੇ ਇਨ੍ਹਾਂ ਫੁੱਲਾਂ ਨੂੰ ਬੜੀ

ਇੱਜ਼ਤ ਤੇ ਮਾਣ ਨਾਲ ਲਿਜਾਂਦਾ ਹੈ। ਰੁੱਖ ਤੋਂ ਲਾਹੁਣ ਲੱਗਿਆਂ ਉਹ ਬੜੇ ਮਾਣ ਨਾਲ ਬਜ਼ੁਰਗ ਦਾ ਨਾਂ ਲੈ ਕੇ ਕਹਿੰਦਾ ਹੈ "ਆ ਗੁਲਜ਼ਾਰੀ ਲਾਲ ਤੈਨੂੰ ਪਹੋਏ ਛੱਡ ਆਈਏ।" ਤੁਰਨ ਤੋਂ ਪਹਿਲਾਂ ਉਹ ਇਕ ਪੈਸਾ ਜ਼ਮੀਨ ਤੇ ਸੁੱਟ ਦਿੰਦਾ ਹੈ, ਭਾਵ ਉਸ ਦਾ ਕਿਰਾਇਆ ਭਰਦਾ ਹੈ । ਰਸਤੇ ਵਿਚ ਹਰ ਕੰਮ ਕਰਨ ਸਮੇਂ ਉਹ ਬਜ਼ੁਰਗ (ਫੁੱਲਾਂ) ਦੀ ਆਗਿਆ ਲੈਂਦਾ ਹੈ। ਹਰਦੁਆਰ ਜਾਂ ਪਹੋਏ ਵਿਚ ਪਾਂਡੇ ਉਸ ਦਾ ਨਾਂ ਤੇ ਗੋਤ ਉਚਾਰ ਕੇ ਬੜੇ ਮਾਣ ਨਾਲ ਪਾਣੀ ਵਿਚ ਰੁੜ੍ਹਾ ਦਿੰਦਾ ਹੈ। ਉੱਥੇ ਕਰਮੀ ਧਰਮੀ ਜਾਂ ਫੁੱਲ ਲਿਜਾਣ ਵਾਲਾ ਬੰਦਾ ਗ਼ਰੀਬਾਂ ਨੂੰ ਦਾਨ ਤੇ ਅਚਾਰਜ ਨੂੰ ਫ਼ੀਸ ਦੇ ਕੇ ਵਾਪਸ ਪਰਤ ਆਉਂਦਾ ਹੈ । ਵਾਪਸੀ ਤੇ ਥੋੜ੍ਹੀ ਦੂਰ ਆ ਕੇ ਉਹ ਬਜ਼ੁਰਗ ਦੇ ਰਹਿਣ ਲਈ ਮਿੱਟੀ ਤੇ ਡੱਕਿਆਂ ਦਾ ਇਕ ਕੋਠੜਾ ਜਿਹਾ ਬਣਾ ਕੇ ਬਜ਼ੁਰਗ ਨੂੰ ਉਸੇ ਕੋਠੇ ਵਿਚ ਨਿਵਾਸ ਕਰਨ ਦੀ ਬੇਨਤੀ ਕਰਦਾ ਹੈ। ਹਰਦੁਆਰ ਤੋਂ ਆਉਂਦਾ ਹੋਇਆ ਉਹ ਗੰਗਾ-ਜਲ ਲੈ ਆਉਂਦਾ ਹੈ ਜਿਸ ਵਿੱਚੋਂ ਥੋੜ੍ਹਾ ਜਿਹਾ ਤਾਂ ਬਜ਼ੁਰਗ ਵਾਸਤੇ ਮੜ੍ਹੀ ਤੇ ਹੀ ਛਿੜਕ ਆਉਂਦਾ ਹੈ ਤੇ ਬਾਕੀ ਜਲ ਦੀ ਘਰ ਵਿਚ ਪੂਜਾ ਕੀਤੀ ਜਾਂਦੀ ਹੈ।

ਇਸ ਤੋਂ ਪਿੱਛੋਂ ਸੱਤ ਦਿਨ ਹੋਰ ਅਫ਼ਸੋਸ ਕਰਦੇ ਹਨ, ਦੂਰ ਨੇੜੇ ਦੀਆਂ ਮੁਕਾਣਾਂ ਆਉਂਦੀਆਂ ਹਨ। ਦਸ ਦਿਨ ਘਰ ਅਸ਼ੁੱਧ ਰਹਿੰਦਾ ਹੈ। ਇਸ ਘਰੋਂ ਕੋਈ ਪਾਣੀ ਤੱਕ ਨਹੀਂ ਪੀਂਦਾ । ਬ੍ਰਾਹਮਣਾਂ ਖੱਤਰੀਆਂ ਦੇ ਘਰਾਂ ਵਿਚ ਇਹ ਅਸ਼ੁੱਧਤਾ ਥੋੜ੍ਹੇ ਦਿਨ ਰਹਿੰਦੀ ਹੈ ਤੇ ਨੀਚ ਜਾਤੀਆਂ ਦੇ ਵਧੇਰੇ । ਇਹ ਅਸ਼ੁੱਧਤਾ ਦਸਾਹੀ ਵਾਲੇ ਦਿਨ ਸਫ਼ਾਈ ਕਰ ਕੇ ਖ਼ਤਮ ਕੀਤੀ ਜਾਂਦੀ ਹੈ। ਸਾਰਾ ਅਰਸਾ ਬੜੇ ਪਰਹੇਜ਼ ਕੀਤੇ ਜਾਂਦੇ ਹਨ। ਥਾਲੀਆਂ ਦੀ ਥਾਂ ਪੱਤਿਆਂ ਤੇ ਖਾਣਾ ਖਾਂਦੇ ਹਨ। ਪਤੀ ਪਤਨੀ ਇਕ ਕਮਰੇ ਵਿਚ ਨਹੀਂ ਸੌਂਦੇ। ਦਸਾਹੀ ਵਾਲੇ ਦਿਨ ਸਾਰਾ ਪਰਵਾਰ ਅਸ਼ਨਾਨ ਕਰਦਾ ਹੈ ਤੇ ਘਰ ਦੀ ਸਫ਼ਾਈ ਕਰ ਕੇ ਸਾਰੇ ਭਾਈਚਾਰੇ ਤੇ ਆਲੇ ਦੁਆਲੇ ਦੇ ਕਈ ਪਿੰਡਾਂ ਦੇ ਮਿਲਣ ਵਰਤਣ ਵਾਲਿਆਂ ਨੂੰ ਰੋਟੀ ਖੁਆਂਦਾ ਹੈ ਅਤੇ ਲੱਡੂ ਜਲੇਬੀਆਂ ਪਰੋਸਦਾ ਹੈ। ਪਹਿਲੀ ਥਾਲੀ ਮੜ੍ਹੀ ਉੱਤੇ ਆਪਣੇ ਬਜ਼ੁਰਗ ਵਾਸਤੇ ਭੇਜਦੇ ਹਨ। ਜੇ ਇਸ ਨੂੰ ਕਾਂ ਖਾਣ ਤਾਂ ਚੰਗਾ ਸ਼ਗਨ ਮੰਨਦੇ ਹਨ। ਕਾਂਗੜੇ ਵਿਚ ਇਸ ਸਮੇਂ ੩੬ ਜਾਤਾਂ ਇਕੱਠੀਆਂ ਕਰ ਕੇ ਰੋਟੀ ਕਰਦੇ ਹਨ; ਜੋਗੀਆਂ, ਸੰਨਿਆਸੀਆਂ ਤੇ ਰਾਹੀਆਂ ਨੂੰ ਭੋਜਨ ਕਰਾਇਆ ਜਾਂਦਾ ਹੈ । ਇਸ ਰਸਮ ਨੂੰ 'ਦਸਾਹੀ', 'ਕਾਰਜ', 'ਹੰਗਾਮਾ' ਜਾਂ 'ਬੜਾ ਕਰਨਾ' ਕਹਿੰਦੇ ਹਨ।

ਇਸ ਹੰਗਾਮੇ ਉੱਤੇ ਕਈ ਜਾਤੀਆਂ ਬਹੁਤ ਖ਼ਰਚ ਕਰਦੀਆਂ ਹਨ। ਪੰਡਤ ਜਾਂ ਪ੍ਰੋਹਤ ਨੂੰ ਘਰੇਲੂ ਵਰਤੋਂ ਦੀਆਂ ਉਹ ਸਾਰੀਆਂ ਚੀਜ਼ਾਂ ਦਾਨ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਉਸ ਦੇ ਰਾਹੀਂ ਆਪਣੇ ਬਜ਼ੁਰਗ ਕੋਲ ਪਹੁੰਚਾਉਣੀਆਂ ਹੋਣ। ਕਈ ਵਾਰੀ ਨਾ ਤਾਂ ਇਨ੍ਹਾਂ ਚੀਜ਼ਾਂ ਦਾ ਸ਼ੁਮਾਰ ਰਹਿੰਦਾ ਹੈ ਤੇ ਨਾ ਹੀ ਇਨ੍ਹਾਂ ਉੱਤੇ ਖ਼ਰਚ ਦਾ । ਹੰਗਾਮੇ ਉੱਤੇ ਬਹੁਤ ਜ਼ਿਆਦਾ ਖ਼ਰਚ ਹੋਣ ਕਾਰਨ ਖੱਤਰੀ, ਬ੍ਰਾਹਮਣ, ਰਾਜਪੂਤ ਆਦਿ ਜਾਤੀਆਂ ਨੇ ਇਸ ਨੂੰ ਫੇਰ ਕਦੀ ਕਰਨ ਦੀ ਵੀ ਖੁੱਲ੍ਹ ਲੈ ਰੱਖੀ ਹੈ। ਪਰ ਇਸ ਹਾਲਤ ਵਿਚ ਇਹ ਸ਼ਰਤ ਹੈ ਕਿ ਹੰਗਾਮਾ ਕਰਨ ਤੋਂ ਪਹਿਲਾਂ ਘਰ ਵਿਚ ਕਿਸੇ ਦੀ ਸ਼ਾਦੀ ਨਹੀਂ ਕੀਤੀ ਜਾ ਸਕਦੀ। ਕਈ ਗ਼ਰੀਬ ਘਰਾਣੇ ਕਿਉਂਕਿ ਹੰਗਾਮਾ ਨਹੀਂ ਕਰ ਸਕਦੇ ਇਸ ਲਈ ਕਿਸੇ ਕੁੜੀ ਦਾ ਵਿਆਹ ਵੀ ਨਹੀਂ ਰਚਾ ਸਕਦੇ। ਧੀਆਂ ਮਾਪਿਆਂ ਦੇ ਘਰ ਹੀ ੩੦-੩੦ ਸਾਲਾਂ ਦੀਆਂ ਹੋ ਜਾਂਦੀਆਂ ਹਨ।

ਹੰਗਾਮੇ ਦੇ ਸਮੇਂ ਇਕ ਰਸਮ 'ਦਸਤਾਰਬੰਦੀ' ਦੀ ਕੀਤੀ ਜਾਂਦੀ ਹੈ । ਭਾਈਚਾਰੇ ਦੀ ਹਾਜ਼ਰੀ ਵਿਚ ਵਡਾ ਪੁੱਤਰ ਆਪਣੇ ਸਹੁਰਿਆਂ ਦੀ ਦਿੱਤੀ ਪੱਗ ਬੰਨ੍ਹਦਾ ਹੈ। ਇਸ ਤਰ੍ਹਾਂ ਉਹ ਆਪਣੇ ਪਿਤਾ ਦਾ ਵਾਰਸ ਬਣ ਜਾਂਦਾ ਹੈ। ਮਿੰਟਗੁਮਰੀ ਵਿਚ ਵੱਡੇ ਪੁੱਤਰ ਤੋਂ ਪਿਤਾ ਦੀ ਦੁਕਾਨ ਦਾ ਜੰਦਰਾ ਖੁਲ੍ਹਾਉਂਦੇ ਹਨ।

ਹੰਗਾਮੇ ਤੋਂ ਪਿੱਛੋਂ ਹਰ ਮਹੀਨੇ ਦੀ ਮਰਨ ਤਿੱਥ ਨੂੰ ਹਿੰਦੂ ਬ੍ਰਾਹਮਣ ਨੂੰ ਰੋਟੀ ਕਰਦੇ ਹਨ ਤੇ ਸਾਲ ਹੋ ਜਾਣ ਉੱਤੇ 'ਬਰਸੀ' ਜਾਂ 'ਵਰ੍ਹੀਣਾ' ਕਰਦੇ ਹਨ। ਵਰ੍ਹੀਣੇ ਉੱਤੇ ਹੰਗਾਮੇ ਨਾਲੋਂ ਵੀ ਵਧੇਰੇ ਖ਼ਰਚ ਹੁੰਦਾ ਹੈ। ਦੂਜੇ ਜਾਂ ਤੀਜੇ ਸਾਲ ਮਰਨ-ਤਿੱਥ ਉੱਤੇ ਬ੍ਰਾਹਮਣ ਜਾਂ ਸੰਨਿਆਸੀ ਨੂੰ ਰੋਟੀ ਕੀਤੀ ਜਾਂਦੀ ਹੈ, ਪਰ ਚੌਥੇ ਸਾਲ ਇਸੇ ਤਿੱਥ ਨੂੰ 'ਚੌਬਰਸੀ' ਮਨਾਈ ਜਾਂਦੀ ਹੈ। ਇਨ੍ਹਾਂ ਬਰਸੀਆਂ, ਚੌਬਰਸੀਆਂ ਨੂੰ ਸ਼ਰਾਧ ਕਹਿੰਦੇ ਹਨ ਤੇ ਇਹ ਸਾਰੇ ਮੁਰਦੇ ਨੂੰ ਭੋਜਨ ਭੇਜਣ ਦੇ ਤਰੀਕੇ ਮਿਥੇ ਗਏ ਹਨ।

ਚੌਬਰਸੀ ਤੋਂ ਪਿੱਛੋਂ ਆਮ ਤੌਰ ਤੇ ਕੋਈ ਰਸਮ ਨਹੀਂ ਕੀਤੀ ਜਾਂਦੀ, ਗੁੜਗਾਉਂ ਤੇ ਹਰਿਆਣੇ ਦੇ ਕੁਝ ਹੋਰ ਇਲਾਕਿਆਂ ਵਿਚ ਪਿੱਤਰਾਂ ਦੀ ਯਾਦਗਾਰ ਵਿਚ ਕਈ ਅਮੀਰ ਘਰਾਣੇ ਛਤਰੀਆਂ ਵੀ ਬਣਵਾ ਦਿੰਦੇ ਹਨ। ਛਤਰੀ ਦੀ ਪਹਿਲੀ ਮੰਜ਼ਲ ਉੱਤੇ ਮਰਨ ਵਾਲੇ ਬਜ਼ੁਰਗ ਦੇ ਪੈਰ ਦਾ ਪੰਜਾ ਲਾਉਂਦੇ ਹਨ। ਬਹੁਤੇ ਅਮੀਰ ਤਾਂ ਏਨੀਆਂ ਉੱਚੀਆਂ ਛਤਰੀਆਂ ਬਣਵਾਉਂਦੇ ਹਨ ਕਿ ਆਪਣੇ ਘਰੋਂ ਵੇਖੀਆਂ ਜਾ ਸਕਣ। ਇਨ੍ਹਾਂ ਛਤਰੀਆਂ ਉੱਤੇ ਵੀ ਹਜ਼ਾਰ ਹਜ਼ਾਰ ਬਾਰਾਂ ਬਾਰਾਂ ਸੌ ਰੁਪਏ ਖ਼ਰਚ ਹੋ ਜਾਂਦੇ ਸਨ। ਕਈ ਵਾਰੀ ਇਹ ਛਤਰੀਆਂ ਰਾਹੀਆਂ ਮੁਸਾਫ਼ਰਾਂ ਨੂੰ ਪਨਾਹ ਦਿਦੀਆਂ ਹਨ।

ਪੰਜਾਬ ਦੇ ਸਿੱਖ ਵੀ ਸ਼ਰਾਧਾਂ ਤੋਂ ਸਿਵਾ ਕਈ ਰਸਮਾਂ ਹਿੰਦੂਆਂ ਵਾਲੀਆਂ ਹੀ ਕਰਦੇ ਹਨ। ਉਨ੍ਹਾਂ ਨੇ ਕਿਧਰੇ ਕਿਧਰੇ ਆਪਣੇ ਧਰਮ ਅਨੁਸਾਰ ਤਬਦੀਲੀਆਂ ਕਰ ਲਈਆਂ ਹਨ। ਜਿੱਥੇ ਹਿੰਦੂ ਗੀਤਾ ਜਾਂ ਗਰੜ-ਪੁਰਾਣ ਦੀ ਕਥਾ ਕਰਾਉਂਦੇ ਹਨ, ਸਿੱਖ ਮਰਨ ਵਾਲੇ ਦਿਨ ਤੋਂ ਹੰਗਾਮੇ ਵਾਲੇ ਦਿਨ ਤਕ (ਆਮ ਤੌਰ ਤੇ ਗਿਆਰਾਂ ਦਿਨ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਕਰਵਾਉਂਦੇ ਹਨ। ਗ੍ਰੰਥੀ ਪਾਠ ਕਰਦਾ ਰਹਿੰਦਾ ਹੈ ਤੇ ਘਰ ਦੇ ਜਾਂ ਭਾਈਚਾਰੇ ਦੇ ਮੈਂਬਰ ਵਿਹਲ ਮਿਲਣ ਉੱਤੇ ਸੁਣਦੇ ਰਹਿੰਦੇ ਹਨ। ਹੰਗਾਮੇ ਵਾਲੇ ਦਿਨ ਭੋਗ ਪਾ ਕੇ ਗ੍ਰੰਥੀ ਨੂੰ ਦਾਨ ਦੇ ਦਿੰਦੇ ਹਨ। ਸਿੱਖਾਂ ਦੇ ਦਾਨ ਹਿੰਦੂਆਂ ਜਿੰਨੇ ਭਾਰੇ ਤੇ ਦੁਖਦਾਈ ਨਹੀਂ ਹੁੰਦੇ।

ਮੁਸਲਮਾਨ ਆਪਣੇ ਮੁਰਦੇ ਦਫ਼ਨਾਉਂਦੇ ਹਨ। ਕਬਰ ਵਿਚ ਲਾਸ਼ ਦਾ ਮੂੰਹ ਕਾਬੇ ਵਲ ਨੂੰ ਰੱਖਿਆ ਜਾਂਦਾ ਹੈ। ਸਰਹੱਦ ਦੇ ਪਠਾਣ ਉਸ ਦੇ ਸਾਹਮਣੇ ਪੱਥਰ ਉੱਤੇ ਕਲਮਾ ਲਿਖ ਕੇ ਰਖ ਦਿੰਦੇ ਹਨ।

ਹਿੰਦੂ ਬੱਚੇ ਨੂੰ ਦਫ਼ਨਾਉਂਦੇ ਹਨ ਅਤੇ ਸਿੱਖ ਭਾਵੇਂ ਦਿਹਾੜੀ ਦਾ ਹੀ ਹੋਵੇ, ਸਾੜਦੇ ਹਨ।

ਜਨਮ-ਸੰਸਕਾਰਾਂ ਵਾਂਙ ਮਰਨ ਵੇਲੇ ਦੇ ਸੰਸਕਾਰਾਂ ਨਾਲ ਵੀ ਅਨੇਕਾਂ ਭਰਮ ਸੰਬੰਧਤ ਹਨ। ਬਹਾਵਲਪੁਰ ਵਿਚ ਛੇ ਸਾਲ ਦਾ ਬੱਚਾ ਮਰੇ ਤਾਂ ਉਸ ਦੇ ਸਿਰ੍ਹਾਣੇ ਕੱਪ ਵਿਚ ਪਾਣੀ ਰੱਖ ਦਿੰਦੇ ਹਨ। ਕੋਈ ਮੁੰਡਾ ਪੰਜ ਛੇ ਸਾਲ ਦਾ ਹੋ ਕੇ ਮਰ ਜਾਏ ਤਾਂ ਉਸ ਤੋਂ ਛੋਟੇ ਭਰਾ ਦੀ ਲੱਤ ਨਾਲ ਵੱਡੇ ਭਰਾ ਦੀ ਉਚਾਈ ਜਿੰਨਾ ਧਾਗਾ ਮਿਣ ਕੇ ਬੰਨ੍ਹ ਦਿਦੇ ਹਨ। ਇਹ ਧਾਗਾ ਉਦੋਂ ਤਕ ਬੰਨ੍ਹ ਛੱਡਦੇ ਹਨ ਜਦ ਤਕ ਕਿ ਛੋਟਾ ਭਰਾ ਵੱਡੇ ਭਰਾ ਜਿੱਡਾ ਨਹੀਂ ਹੋ ਜਾਂਦਾ। ਜੇ ਕਿਸੇ ਦਾ ਦੁੱਧ ਚੁੰਘਦਾ ਨਿਆਣਾ ਮਰ ਜਾਵੇ ਤਾਂ ਉਸ ਦੀ ਮਾਂ ਦੇ ਪੁੱਠੀ ਕੁੜਤੀ ਪਾ ਦਿੰਦੇ ਹਨ ਅਤੇ ਜਦੋਂ ਤਕ ਉਸ ਦੀਆਂ ਦੁੱਧੀਆਂ ਵਿੱਚੋਂ ਦੁੱਧ ਨਾ ਸੁੱਕ ਜਾਵੇ, ਉਸ ਦੇ ਨੇੜੇ ਕੋਈ ਨਹੀਂ ਜਾਂਦਾ। ਕਹਿੰਦੇ ਹਨ ਕਿ ਅਜੇਹੀ ਮਾਂ ਦਾ ਪਰਛਾਵਾਂ ਬਹੁਤ ਸਖ਼ਤ ਹੁੰਦਾ ਹੈ, ਜੇ ਹਰੇ ਬਿਰਖ ਉੱਤੇ ਪੈ ਜਾਵੇ ਤਾਂ ਬਿਰਖ ਸੁੱਕ ਜਾਂਦਾ ਹੈ। ਇਸ ਦੀ ਝੋਲੀ ਵਿਚ ਹਰੇ ਪੱਤੇ ਜਾਂ ਹਰਾ ਫਲ ਪਾਉਣ ਦਾ ਵੀ ਰਿਵਾਜ ਹੈ। ਇਹ ਚੀਜ਼ਾਂ ਨਵੀਂ ਔਲਾਦ ਦਾ ਚਿਨ੍ਹ ਸਮਝੀਆਂ ਜਾਂਦੀਆਂ ਹਨ। ਸੋਕੇ ਨਾਲ ਮਰਨ ਵਾਲੇ ਬੱਚੇ ਦਾ ਕੁੜਤਾ ਸੰਭਾਲ ਰੱਖਦੇ ਹਨ ਤੇ ਹੋਰ ਬੱਚਾ ਹੋਣ ਉੱਤੇ ਉਸ ਨੂੰ ਪਹਿਨਾਉਂਦੇ ਹਨ ਤਾਂ ਕਿ ਉਸ ਨੂੰ ਸੋਕੇ ਦੀ ਸ਼ਿਕਾਇਤ ਨਾ ਹੋਵੇ।

ਕੁੱਲੂ ਵਿਚ ਜੇ ਕਿਸੇ ਕੁੜੀ ਦਾ ਮੰਗੇਤਰ ਮਰ ਜਾਵੇ ਤਾਂ ਮੰਗੇਤਰ ਦੀ ਅਰਥੀ ਲਿਜਾਣ ਵੇਲੇ ਕੁੜੀ ਬਾਹਰ ਰਸਤੇ ਵਿਚ ਖੜੀ ਕਰ ਦਿੰਦੇ ਹਨ। ਅਰਥੀ ਵਾਲੇ ਕਾਨ੍ਹੀਂ ਅਰਥੀ ਉਸ ਦੇ ਸਿਰ ਉੱਤੋਂ ਲੰਘਾਉਂਦੇ ਹਨ। ਇੱਥੇ ਜੇ ਕੋਈ ਔਂਤਰਾ ਮਰ ਜਾਵੇ ਤਾਂ ਦਿਉਤਾ ਬਣ ਜਾਂਦਾ ਹੈ। ਨਵੀਂ ਫ਼ਸਲ ਖਾਣ ਸਮੇਂ ਹਰ ਮੌਸਮ ਵਿਚ ਇਸ ਔਂਤਰੇ ਦਿਉਤੇ ਦੀ ਪੂਜਾ ਕੀਤੀ ਜਾਂਦੀ ਹੈ।

ਮੁਟਿਆਰ ਮਰੇ ਤਾਂ ਵਿਚਾਰ ਹੈ ਕਿ ਉਹ ਭੂਤ ਬਣ ਕੇ ਰੰਬੜ ਜਾਂਦੀ ਹੈ। ਇਸ ਲਈ ਉਸ ਦੇ ਫੁੱਲ ਚੁਗਦੇ ਸਮੇਂ ਉਸ ਦੇ ਜਿਸਮ ਦੀ ਕੋਈ ਜ਼ਰੂਰੀ ਹੱਡੀ (ਕੰਗਰੋੜ ਆਦਿ) ਸਿਵੇ ਵਿੱਚੋਂ ਕੱਢ ਕੇ ਵੱਖਰੀ ਦਬਾ ਦਿੰਦੇ ਹਨ ਤਾਂ ਕਿ ਉਸ ਦਾ ਭੂਤ ਪਿੰਡ ਵਿਚ ਨਾ ਪਹੁੰਚ ਸਕੇ।

ਕੁਚੀਲ (ਬੱਚਾ ਜੰਮਣ ਸਮੇਂ ਮਰਨ ਵਾਲੀ ਇਸਤਰੀ) ਬਾਰੇ ਵਹਿਮ ਹੈ ਕਿ ਉਹ ਆਪਣੇ ਪਿੱਛੇ ਰਹਿ ਗਏ ਬੱਚੇ ਨੂੰ ਹਰ ਵੇਲੇ ਮਾਰਨ ਦਾ ਜਤਨ ਕਰਦੀ ਹੈ ਅਤੇ ਭੂਤ ਬਣ ਕੇ ਵਾਪਸ ਆਉਂਦੀ ਹੈ। ਇਸ ਲਈ ਉਸ ਦੀ ਲਾਸ਼

ਦੇ ਪੈਰਾਂ ਵਿਚ ਮੇਖਾਂ ਜਾਂ ਅੱਖਾਂ ਵਿਚ ਸੂਈਆਂ ਚੋਭ ਦਿੰਦੇ ਹਨ। ਕਈ ਥਾਈਂ ਨੀਲਾ ਥੋਥਾ ਅੱਖਾਂ ਵਿਚ ਪਾ ਦਿੰਦੇ ਹਨ ਤਾਂ ਕਿ ਨਾ ਉਹ ਘਰ ਦਾ ਰਸਤਾ ਵੇਖ ਸਕੇ ਤੇ ਨਾ ਤੁਰ ਸਕੇ। ਉਸ ਦੇ ਸਿਵੇ ਉੱਤੇ ਘਾਹ ਦੀ ਥਹੂ ਰੱਖਣ ਦਾ ਵੀ ਰਿਵਾਜ ਹੈ।

ਕੋਈ ਪੋਤਿਆਂ ਵਾਲਾ ਹੋ ਕੇ ਮਰੇ ਤਾਂ ਸੁਰਗ ਜਾਂਦਾ ਹੈ ਤੇ ਪੜਪੋਤਿਆਂ (ਪੜੋਤਿਆਂ) ਵਾਲਾ ਹੋ ਕੇ ਮਰੇ ਤਾਂ ਨਰਕ। ਇਹ ਵਹਿਮ ਆਮ ਹੈ।

ਕੋਈ ਰਾਹੀ ਜੰਗਲ ਵਿਚ ਭੁੱਖਾ ਪਿਆਸਾ ਮਰ ਜਾਵੇ ਜਾਂ ਕਤਲ ਕੀਤਾ ਜਾਵੇ ਤਾਂ ਕਹਿੰਦੇ ਹਨ ਕਿ ਉਹ ਹਰ ਰੋਜ਼ ਮਰਨ ਸਮੇਂ ਰੋਟੀ ਪਾਣੀ ਲਈ ਹਾੜ੍ਹੇ ਕੱਢਦਾ ਸੁਣਾਈ ਦਿੰਦਾ ਹੈ। ਇਸ ਨੂੰ 'ਹਾੜ ਬੋਲਣਾ' ਕਹਿੰਦੇ ਹਨ।

ਇਹ ਹਨ ਸਾਡੀਆਂ ਕੁਝ ਰਸਮਾਂ, ਰੀਤਾਂ। ਇਨ੍ਹਾਂ ਦਾ ਪਾਲਣ ਬ੍ਰਾਹਮਣ, ਖੱਤਰੀ, ਬਾਣੀਏਂ, ਅਰੋੜੇ, ਰਾਜਪੂਤ, ਜੱਟ, ਮਹਿਤੋਂ, ਸੈਣੀ, ਕੰਬੋ, ਕਨੈਤ, ਗੱਦੀ, ਚੂਹੜੇ, ਚੁਮਾਰ, ਨਾਈ, ਝੀਊਰ, ਸਭ ਕਰਦੇ ਹਨ।

ਧਾਰਮਕ ਮਰਿਆਦਾ ਤੋਂ ਛੁੱਟ ਇਨ੍ਹਾਂ ਦੀਆਂ ਰਸਮਾਂ ਵਿਚ ਬਹੁਤਾ ਅੰਤਰ ਨਹੀਂ। ਉਂਞ ਆਮ ਤੌਰ ਤੇ ਹਰ ਪਿੰਡ, ਸ਼ਹਿਰ ਜਾਂ ਕਸਬੇ ਵਿਚ ਉਹੀ ਰਸਮਾਂ ਪਰਧਾਨ ਹੁੰਦੀਆਂ ਹਨ, ਜਿਹੜੀਆਂ ਉਥੋਂ ਦੀ ਪਰਧਾਨ ਜਾਤ ਦੀਆਂ ਹੁੰਦੀਆਂ ਹਨ। ਹਰੀਜਨ, ਅਛੂਤ ਜਾਂ ਸੂਦਰ ਆਪਣੀਆਂ ਧਾਰਮਕ ਰੀਤਾਂ ਵੀ ਪਰਧਾਨ ਜਾਤੀਆਂ ਵਾਲੀਆਂ ਹੀ ਕਰਦੇ ਹਨ।

ਲਾਗੀ ਸਭਨਾਂ ਦਾ ਲਾਗ ਕਰਦੇ ਹਨ। ਪਰ ਜੇ ਕਿਸੇ ਪਿੰਡ ਦੇ ਲਾਗੀ ਅਛੂਤਾਂ ਦਾ ਲਾਗ ਨਾ ਕਰਨ ਤਾਂ ਅਛੂਤ ਆਪੋ-ਵਿੱਚੀਂ ਕੁਝ ਬੰਦਿਆਂ ਨੂੰ ਲਾਗੀ ਮਿੱਥ ਲੈਂਦੇ ਹਨ। ਅਮੀਰ ਘਰਾਣੇ ਆਪਣੀਆਂ ਰਸਮਾਂ ਅਮੀਰੀ ਦਾਵੇ ਕਰਦੇ ਹਨ ਤੇ ਗ਼ਰੀਬ ਗ਼ਰੀਬੀ ਦਾਵੇ। ਰਸਮਾਂ ਤੇ ਸੰਸਕਾਰ ਇੱਕੋ ਹੀ ਹਨ।

ਸਾਡੇ ਰਿਵਾਜ ਸਾਡੇ ਸਮਾਜ ਦੀ ਰਹਿਣੀ ਬਹਿਣੀ, ਮੰਨ ਮਨੌਤ ਤੇ ਅਣਪੜ੍ਹਤਾ ਦਾ ਸ਼ੀਸ਼ਾ ਹਨ। ਸਾਡੇ ਲੋਕਾਂ ਦੇ ਕਰਜ਼ਾਈ ਹੋਣ ਦਾ ਵੱਡਾ ਕਾਰਨ ਇਹੀ ਵਹਿਮ ਹੁੰਦੇ ਹਨ। ਇਹ ਇਸਤਰੀ ਤੇ ਅਖੌਤੀ ਅਛੂਤ ਜਾਤੀਆਂ ਦੀ ਨੀਵੀਂ ਅਵਸਥਾ ਦੇ ਸੂਚਕ ਹਨ। ਇਨ੍ਹਾਂ ਨੇ ਪੂਜਾ ਪਾਠ ਕਰਨ ਵਾਲੀਆਂ ਜਾਤੀਆਂ ਨੂੰ, ਜਿਹੜੀਆਂ ਆਮ ਤੌਰ ਤੇ ਪੜ੍ਹੀਆਂ ਲਿਖੀਆਂ ਹੁਦੀਆਂ ਹਨ, ਵਿਹਲੜ ਮੰਗਤੇ ਬਣਾ ਕੇ ਬਿਠਾ ਦਿੱਤਾ ਹੈ ਤੇ ਚੰਗੇ ਭਲੇ ਲੋਕਾਂ ਨੂੰ ਪਰੰਪਰਾ ਦਾ ਦਾਸ ਬਣਾ ਛੱਡਿਆ ਹੈ।

ਹੁਣ ਵਿਦਿਆ ਤੇ ਸਾਇੰਸ ਦੇ ਪਰਚਾਰ, ਆਰਥਕ ਤੰਗੀਆਂ ਤੇ ਆਪਸੀ ਮੇਲ ਜੋਲ ਦੇ ਨਵੇਂ ਸਾਧਨਾਂ ਨੇ ਇਨ੍ਹਾਂ ਵਹਿਮਾਂ ਦੀ ਪਕੜ ਢਿੱਲੀ ਕਰ ਦਿੱਤੀ ਹੈ ਜੋ ਆਸ ਹੈ ਅੱਗੋਂ ਹੋਰ ਵੀ ਢਿੱਲੀ ਹੁੰਦੀ ਜਾਵੇਗੀ।

# ਮੇਲੇ ਤੇ ਤਿਉਹਾਰ

www.PunjabiLibrary.com

# ਮੇਲੇ ਤੇ ਤਿਉਹਾਰ

ਪੰਜਾਬ ਦੇ ਮੇਲੇ ਪੰਜਾਬੀਆਂ ਦੇ ਵੱਡੇ ਮਨ-ਪਰਚਾਵੇ ਹਨ। ਇਹ ਮੇਲੇ ਜ਼ਮਾਨੇ ਦੀ ਨਵੀਂ ਹਵਾ ਦੇ ਰੋਸ਼ਨਦਾਨ, ਸ਼ਹਿਰਾਂ ਨੂੰ ਪਿੰਡਾਂ ਵਿਚ ਪਹੁੰਚਾਉਣ ਦੇ ਸਾਧਨ ਤੇ ਲੋਕ-ਸਾਹਿੱਤ ਦੇ ਪਰਗਟਾਵੇ ਦਾ ਰੰਗ-ਮੰਚ ਹੁੰਦੇ ਹਨ। ਸਾਡੇ ਪਿੰਡਾਂ ਦੇ ਲੋਕ ਚਾਵਾਂ ਮਲ੍ਹਾਰਾਂ ਨਾਲ ਪਹਿਨ ਪਚਰ, ਬਣ ਠਣ ਕੇ ਦਿਲ ਦੇ ਗੁੱਭਗੁਭਾਟ ਕੱਢਣ ਲਈ ਹੁਮ ਹੁਮਾ ਕੇ ਮੇਲਿਆਂ ਵਿਚ ਪਹੁੰਚਦੇ ਹਨ। ਇਹ ਮੇਲੇ ਤੀਜੇ, ਚੌਥੇ ਮਹੀਨੇ ਦਸਾਂ ਬਾਰਾਂ ਕੋਹਾਂ ਦੀ ਵਿੱਥ ਉੱਤੇ, ਖੂਹ ਦੀਆਂ ਟਿੰਡਾਂ ਵਾਂਙ, ਪੇਂਡੂ ਜੀਵਨ ਦੇ ਸ਼ੌਕਾਂ ਤੇ ਉਤਸ਼ਾਹਾਂ ਦੀ ਵਾੜੀ ਹਰੀ ਭਰੀ, ਰੱਖਣ ਲਈ ਸਦਾ ਲੱਗੇ ਰਹਿੰਦੇ ਹਨ। ਜੇ ਇਹ ਮੇਲ ਨਾ ਹੁੰਦੇ ਤਾਂ ਪੰਜਾਬੀਆਂ ਦਾ ਸੁਭਾ ਯਕੀਨਨ ਹੁਣ ਵਾਂਙ ਖੁਲ੍ਹ-ਦਿਲਾ ਤੇ ਰੰਗੀਲਾ ਨਾ ਹੁੰਦਾ। ਸਾਡੇ ਲੋਕ ਦੇਸ ਦੇ ਹੋਰ ਲੋਕਾਂ ਨਾਲੋਂ ਸਡੌਲ ਅਤੇ ਕਸਰਤੀ ਹਨ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਮੇਲਿਆਂ ਵਿਚ ਹੋਣ ਵਾਲੇ ਮੁਕਾਬਲਿਆਂ, ਕਬੱਡੀਆਂ, ਘੋਲਾਂ, ਦੌੜਾਂ, ਗੱਤਕੇਬਾਜ਼ੀ ਦੀਆਂ ਖੇਡਾਂ, ਗਿੱਧਿਆਂ, ਭੰਗੜਿਆਂ ਤੇ ਮਲ੍ਹਟੀ ਫੇਰਨ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ।

ਮੇਲੇ ਵਿਚ ਹਾਰ ਤੋਂ ਡਰਦੇ ਪੇਂਡੂ ਭਾਰੇ ਮੁਗਦਰਾਂ ਨਾਲ ਡੋਲੇ ਨਰੋਏ ਕਰਦੇ, ਦੋ ਦੋ ਮਣ ਦੀਆਂ ਅਹਿਰਣਾਂ ਤੇ ਗੋਲੇ ਸੁੱਟ ਕੇ ਸਰੀਰ ਸਾਧਦੇ ਤੇ ਤਿੰਨ ਤਿੰਨ ਮਣ ਪੱਕੇ ਦੀ ਬੋਰੀ ਪਿਠ ਉੱਤੋਂ ਦੀ ਉਲੱਦ ਉਲੱਦ ਕੇ ਕਸਰਤ ਕਰਦੇ ਰਹਿੰਦੇ ਹਨ। ਕਈ ਬੈਠਕਾਂ ਲਾ ਕੇ ਪਟਾਂ ਦੀਆਂ ਘੁੱਗੀਆਂ ਕੱਢਣ ਉੱਤੇ ਸਾਰਾ ਜ਼ੋਰ ਲਾ ਦਿੰਦੇ ਹਨ। ਕਿਤੇ ਅਖਾੜਿਆਂ ਵਿਚ ਤੇਲ ਨਾਲ ਨਾਗ ਵਾਂਙ ਲਿਸ਼ਕਦੇ ਤੇ ਮੇਲ੍ਹਦੇ ਸਰੀਰ ਨੂੰ ਗੁੰਨ੍ਹਿਆਂ ਜਾ ਰਿਹਾ ਹੁੰਦਾ ਹੈ।

ਮੇਲੇ ਜਾਣ ਲਈ ਨਵੇਂ ਲੀੜੇ ਤਿਆਰ ਕੀਤੇ ਜਾਂਦੇ ਹਨ। ਪੰਜਾਬੀ ਗੱਭਰੂ ਮੇਲੇ ਜਾਣ ਵੇਲੇ ਹਰੇ, ਮੂੰਗੀਏ, ਸੰਗਤਰੀ, ਸੰਦਲੀ ਤੇ ਉਨਾਬੀ ਸਾਫ਼ੇ, ਸਲੇਟੀ ਚਾਦਰਿਆਂ ਦੇ ਭੋਥੇ, ਤੇ ਸਾਟਨ ਦੇ ਤਹਿਮਤ, ਕਾਲੀ ਸੂਫ਼ ਦੀਆਂ ਢਾਠੀਆਂ, ਆਂਡਾ ਬੋਸਕੀ ਦੇ ਝੱਗੇ ਤੇ ਕਟਾਵਾਂ ਵਾਲੀਆਂ ਜਾਕਟਾਂ ਨੂੰ ਸਾਰਾ ਧਿਆਨ ਲਾ ਕੇ ਸਜਾਉਂਦੇ ਹਨ। ਜਿਨ੍ਹਾਂ ਘੋੜਿਆਂ ਨੂੰ ਉਨ੍ਹਾਂ ਮੇਲੇ ਲਿਜਾਣਾ ਹੁੰਦਾ ਹੈ ਉਨ੍ਹਾਂ ਦੇ ਨਸੀਬ ਖੁੱਲ੍ਹ ਜਾਂਦੇ ਹਨ। ਉਨ੍ਹਾਂ ਨੂੰ ਚਾਰਨ ਲਈ ਗੁੜ ਤੇ ਦਾਣੇ ਦੀਆਂ ਪੱਕੀਆਂ ਨਿਹਾਰੀਆਂ ਤੇ ਦੁੱਧ ਵਿਚ ਘੋਟੀ ਹੋਈ ਛੋਲਿਆਂ ਦੀ ਦਾਲ ਅਤੇ ਹੱਡ ਮੋਕਲੇ ਕਰਨ ਜੋਗੀ ਰੋਜ਼ਾਨਾ ਕਸਰਤ ਤੇ ਫੇਰ ਫਿਰਾਈ, ਗੱਲ ਕੀ, ਹਰ ਸ਼ੈ ਦਾ ਪੂਰਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਨੱਕ ਰੁਮਾਲਾਂ ਨਾਲ ਸਾਫ਼ ਕਰ ਕੇ, ਰੰਗੀਨ ਨਕੇਲਾਂ ਪਾਈਆਂ ਜਾਂਦੀਆਂ ਹਨ ਤੇ ਲੋਗੜੀ ਦੇ ਫੁੱਲਾਂ ਵਾਲੀਆਂ ਮੁਹਾਰਾਂ ਲਟਕਾਈਆਂ ਜਾਂਦੀਆਂ ਹਨ। ਪਲਾਣੇ ਦੀ ਥਾਂ ਮੜ੍ਹਾਈਆਂ ਹੋਈਆਂ ਕਾਠੀਆਂ ਤੇ ਹੇਠਾਂ ਤਿੱਤਰਾਂ ਮੋਰਨੀਆਂ ਵਾਲੇ ਰੰਗ-ਬਰੰਗੇ ਝੁੱਲ ਪਾਏ ਜਾਂਦੇ ਹਨ। ਜਦੋਂ ਬੋਤੇ ਨੇ ਮੇਲੇ ਵਿਚ ਦੀ ਦੋ ਫੇਰੇ ਪਾਏ ਤੇ ਚੰਗੀਆਂ ਮੜ੍ਹਕਦਾਰ ਮੁਟਿਆਰਾਂ ਰੋਟੀ ਖਾਣੀ ਛੱਡ ਕੇ ਗੱਭਰੂ ਦਾ ਬੋਤਾ ਸਲਾਹੁਣ ਲਈ ਖੜੀਆਂ ਨਾ ਹੋਈਆਂ ਤਾਂ ਬੋਤਾ ਕਾਹਨੂੰ ਰੱਖਣਾ ਹੋਇਆ! ਭਾਵੇਂ ਸਵਾਰ, ਪਾਣੀ ਦੀ ਥਾਲੀ ਲੈ ਕੇ ਬਹਿ ਜਾਵੇ, ਕੀ ਮਜਾਲ ਜੇ ਇਕ ਤਿੱਪ ਬਾਹਰ ਛਲਕ ਸਕੇ!

'ਜਿਹੜਾ ਡੰਡੀਆਂ ਹਿਲਣ ਨਾ ਦੇਵੇ ਬੋਤਾ ਲਦੀਂ ਉਹ, ਵੀਰਨਾ'!

ਘੋੜੀਆਂ ਤੇ ਬਲਦਾਂ ਦੀ ਵੱਖ ਤਿਆਰੀ ਖਿੱਚੀ ਜਾਂਦੀ ਹੈ। ਲੋਹੀ ਘੋੜੀ ਨੂੰ ਨਿੱਤ ਖਰਖਰਾ ਕਰ ਕਰ ਕੇ, ਬੁਰਸ਼ ਮਾਰ ਮਾਰ ਕੇ ਧਿਆਨ ਨਾਲ ਦੇਖਿਆ ਜਾਂਦਾ ਹੈ ਕਿ ਇਸ ਦੇ ਪਿੰਡੇ ਵਿੱਚੋਂ ਕੁੰਜ ਵਿਚੋਂ ਨਿਕਲਦੇ ਕਿਸੇ ਨਾਗ ਵਰਗੀ ਲਿਸ਼ਕ ਵਜਦੀ ਹੈ ਜਾਂ ਨਹੀਂ। ਜਿਉਂ ਜਿਉਂ ਘੋੜੀ ਨੂੰ ਰੇਵੀਏ ਟੋਰਨ ਦੀ ਦੌੜ ਵਧਦੀ ਜਾਂਦੀ ਹੈ, ਤਿਉਂ ਤਿਉਂ ਉਸਦੀ ਖ਼ੁਰਾਕ ਵਧਦੀ ਜਾਂਦੀ ਹੈ ਤੇ ਮੇਲੇ ਵਾਲੇ ਦਿਨ ਤਕ ਵਧਦੀ ਹੀ ਰਹਿੰਦੀ ਹੈ। ਸ਼ੁਕੀਨ ਲੋਕ ਏਸੇ ਤਰ੍ਹਾਂ ਗਾਂਵਾਂ, ਬੋਲਾਂ,

ਕੁੱਤਿਆਂ, ਤਿੱਤਰਾਂ, ਬਟੇਰਿਆਂ ਤੇ ਕੁੱਕੜਾਂ ਨੂੰ ਵੀ ਨਿਖਾਰ ਸ਼ਿੰਗਾਰ ਕੇ ਮੇਲੇ ਵਿਚ ਲਿਆਉਂਦੇ ਹਨ।'

ਪੰਜਾਬੀਆਂ ਲਈ ਦੋ ਮੌਕੇ ਹੁੰਦੇ ਹਨ, ਜਦੋਂ ਉਹ ਦਿਲ ਦੀਆਂ ਹੁੱਬਾਂ ਪੂਰੀਆਂ ਕਰਨ ਲਈ ਜ਼ੋਰ ਲਾਉਂਦੇ ਹਨ; ਇਕ ਜੰਞ ਚੜ੍ਹਨਾ ਦੂਜੇ ਮੇਲੇ ਜਾਣਾ। ਪਰ ਫ਼ਰਕ ਇਹ ਹੈ ਕਿ ਜੰਞ ਵਿਚ ਲਾੜਾ ਇੱਕੋ ਤੇ ਮੇਲੇ ਵਿਚ ਸਭੇ ਹੀ ਲਾੜੇ ਹੁੰਦੇ ਹਨ।

ਪੇਂਡੂ ਤੇ ਸ਼ਹਿਰੀ ਜੀਵਨ ਵਿਚਕਾਰ ਮੇਲੇ ਉਸ ਮਝੇਰੂ ਦਾ ਕੰਮ ਦਿੰਦੇ ਹਨ ਜਿਹੜਾ ਚਰਖੇ ਦੇ ਦੋਹਾਂ ਫੱਟਾਂ ਨੂੰ ਬੀੜ ਕੇ ਰਖਦਾ ਹੈ। ਪੇਂਡੂ ਲੋਕਾਂ ਦੀਆਂ ਘਰੋਗੀ ਅਤੇ ਸ਼ਹਿਰੀ ਲੋਕਾਂ ਦੀ ਵਪਾਰਕ ਲੋੜਾਂ ਨਾਲ ਨੱਥੇ ਹੋਏ ਇਸ ਦੁਪਾਸੜ ਜੀਵਨ-ਚੱਕਰ ਉੱਤੇ ਸਾਂਝਾਂ ਦੀ ਮਾਲ੍ਹ ਘੂਕਦੀ ਹੈ ਤਾਂ ਵਾਕਫ਼ੀ ਦੀਆਂ ਤੰਦਾਂ ਦੇ ਗਲੋਟਿਆਂ ਦੇ ਗਲੋਟੇ ਭਰ ਜਾਂਦੇ ਹਨ।

ਸ਼ਹਿਰੀ ਲੋਕਾਂ ਨੇ ਖਾਣ ਪੀਣ ਦੇ ਕੀ ਕੀ ਨਵੇਂ ਸੁਆਦ ਲੱਭੇ ਹਨ? ਅਜੇ ਕਲ੍ਹ ਪਹਿਰਾਵੇ ਕਿਹੜੇ ਪਰਚਲਤ ਹਨ? ਰਾਜਨੀਤਕ ਪਾਰਟੀਆਂ ਦੇ ਲੀਡਰ ਕਿਨ੍ਹਾਂ ਕਿਨ੍ਹਾਂ ਗੱਲਾਂ ਕਰਕੇ ਇਕ ਦੂਜੀ ਪਾਰਟੀ ਨੂੰ ਨਿੰਦਦੇ ਹਨ? ਕਿਹੜੇ ਕਿਹੜੇ ਨਵੇਂ ਗਾਉਣ ਬਣੇ ਹਨ? ਕੰਮਾਂ ਧੰਦਿਆਂ ਵਿਚ ਕੰਮ ਆਉਣ ਵਾਲੇ ਕਿਹੜੇ ਕਿਹੜੇ ਨਵੇਂ ਸੰਦ ਤਿਆਰ ਹੋਏ ਹਨ? ਖੇਤੀ-ਬਾੜੀ ਤੇ ਪਿੰਡਾਂ ਦੀ ਤਰੱਕੀ ਲਈ ਕੀ ਕੁਝ ਹੋ ਰਿਹਾ ਹੈ? ਨਵੀਆਂ ਜਿਨਸਾਂ ਥੋੜ੍ਹੇ ਸਮੇਂ ਵਿਚ ਵਧ ਕਿਵੇਂ ਪੈਦਾ ਹੁੰਦੀਆਂ ਹਨ? ਇਹ ਸਭ ਤੇ ਹੋਰ ਬਹੁਤ ਕੁਝ ਦੂਰ-ਦੁਰਾਡੇ ਵਸਦੇ ਪੇਂਡੂਆਂ ਨੂੰ ਮੇਲਿਆਂ ਵਿਚੋਂ ਅਭੋਲ ਹੀ ਪਤਾ ਲਗਦਾ ਰਹਿੰਦਾ ਹੈ ਤੇ ਉਨ੍ਹਾਂ ਦੇ ਜੀਵਨ ਵਿਚ ਸ਼ਹਿਰ ਦੀ ਜਾਗ ਹੌਲੀ ਹੌਲੀ ਅਸਰ ਕਰਦੀ ਰਹਿੰਦੀ ਹੈ।

ਕੁਝ ਚਿਰ ਪਹਿਲਾਂ ਲੱਖਾਂ ਲੋਕ ਅਜੇਹੇ ਸਨ ਜਿਨ੍ਹਾਂ ਨੂੰ ਸ਼ਹਿਰੀ ਜ਼ਿੰਦਗੀ ਵੇਖਣ ਦਾ ਮੌਕਾ ਕਦੀ ਵੀ ਨਹੀਂ ਸੀ ਮਿਲਣਾ ਜੇ ਇਹ ਮੇਲੇ ਨਾ ਹੁੰਦੇ। ਪੇਂਡੂ ਲੋਕ ਜੇ ਸ਼ਹਿਰੀ ਜ਼ਿੰਦਗੀ ਨਾਲ ਥੋੜ੍ਹਾ ਬਹੁਤ ਕੋਈ ਤਾਲ ਮਿਲਾ ਰਹੇ ਹਨ ਤਾਂ ਉਹ ਸਭ ਇਨ੍ਹਾਂ ਮੇਲਿਆਂ ਦੇ ਸਿਰ ਸਦਕੇ ਹੈ। ਆਉਂਦੇ ਮੇਲੇ ਉੱਤੇ ਮਿਲਣ ਲਈ ਇਕਰਾਰਾਂ ਦੇ ਵਟਾਂਦਰੇ, ਭੁੱਲੇ ਚੁੱਕੇ ਰਿਸ਼ਤੇਦਾਰਾਂ ਦੀਆਂ ਮਿਲਣੀਆਂ ਨਾਲ ਸੱਜਰੇ ਹੋਏ ਰਿਸ਼ਤੇ, ਨਵੇਂ ਸਾਕਾਂ ਸੰਬੰਧੀਆਂ ਬਾਰੇ ਪੁਛਾਂ-ਗਿੱਛਾਂ, ਨਵੇਂ ਹਾਣੀਆਂ ਤੇ ਆਪਣੀ ਪਸੰਦ ਦੇ ਮਿਲਾਪੀਆਂ ਨੂੰ ਚੁਣ ਕੇ ਉਨ੍ਹਾਂ ਨਾਲ ਅੱਗੇ ਨੂੰ ਸਾਂਝਾਂ ਪੱਕੀਆਂ ਕਰਨ ਲਈ, ਮੇਲੇ ਇਕ ਤਰ੍ਹਾਂ ਦੇ ਦਰਗਾਹੀ ਵਸੀਲੇ ਹਨ ਤੇ ਇਹ ਇਕ ਤਰ੍ਹਾਂ ਵਿਛੜਿਆਂ ਨੂੰ ਮੇਲਣ ਵਾਲੇ ਵਕੀਲ ਹਨ।

ਪੰਜਾਬ ਦੀ ਜ਼ਿੰਦਗੀ ਵਿਚ ਬਿਗਾਨਿਆਂ ਨੂੰ ਆਪਣਾ ਬਣਾਉਣ ਵਾਲੀਆਂ ਕਰੋੜਾਂ ਸਾਂਝਾਂ, ਜ਼ਿੰਦਗੀ ਤੇ ਅਨੇਕਾਂ ਸੁੰਨੇ ਪੱਖਾਂ ਨੂੰ 'ਲੋੜ ਵੇਲੇ ਕੰਮ ਆਵਾਂਗਾ' ਦੇ ਇਕਰਾਰਾਂ ਦੀਆਂ ਤਸੱਲੀਆਂ ਦੇ ਹੁਲਾਸ, ਲੱਖਾਂ ਨਵੇਂ ਰਿਸ਼ਤੇ ਤੇ ਰਿਸ਼ਤਿਆਂ ਵਿੱਚੋਂ ਉੱਗਣ ਵਾਲੀਆਂ ਮੂੰਹੀਆਂ ਤੇ ਖ਼ਾਨਦਾਨਾਂ ਦੇ ਮੁਢ ਮੇਲੇ ਹਨ। ਇਹ ਪੰਜਾਬ ਦੇ ਲੋਕਾਂ ਦੀਆਂ ਅਨੇਕਾਂ ਭਾਂਤ-ਸਭਾਂਤੀਆਂ, ਸਰਬ-ਮਿਲੌਣੀਆਂ ਦੇ ਜਨਮ ਦਾਤਾ ਹਨ, ਜ਼ਿਦਗੀ ਦੇ ਮੇਲ ਜੋ ਹੋਏ। ਮਹਾਂ ਭਾਰਤ ਵਿਚ ਪੰਜਾਂ ਦਰਿਆਵਾਂ ਕੰਢੇ ਵੱਸਣ ਵਾਲੇ ਪੰਜਾਬੀਆਂ ਨੂੰ ਰੰਗੀਨ ਤਬ੍ਹਾ ਤੇ ਰੰਗਰਲੀਆਂ ਮਨਾਉਣ ਵਾਲੇ ਦੱਸ ਕੇ ਕਈ ਥਾਂ ਕਰੜੇ ਵਿਅੰਗ ਕੱਸੇ ਮਿਲਦੇ ਹਨ, ਪਰ ਕਈ ਥਾਂ ਪੰਜਾਬੀਆਂ ਦੀ ਇਸ ਰੰਗੀਲੀ ਤਬੀਅਤ ਨੂੰ ਵਡਿਆਇਆ ਵੀ ਗਿਆ ਹੈ; ਵਡਿਆਇਆ ਵੀ ਇਸ ਅੰਦਾਜ਼ ਨਾਲ ਕਿ ਆਪਣੇ ਪੁਰਾਣੇ ਪੰਜਾਬ ਦੀ ਉਸ ਦੇਸ-ਪਿਆਰ ਤੇ ਸੁਹਜ-ਸੁਆਦ ਦੇ ਸਾਰੇ ਰੋਗਾਂ ਦੀ ਭਾਅ ਮਾਰਨ ਵਾਲੀ ਦਿਲਕਸ਼ ਤਵਸੀਰ ਦੇਖ ਕੇ ਦਿਲ ਗਦਗਦ ਹੁੰਦਾ ਹੈ। ਅਥਰਵਵੇਦ ਦੇ ਇਕ ਮੰਤਰ ਵਿਚ ਆਖਿਆ ਗਿਆ ਹੈ :—

'ਜਿਸ ਭੂਮੀ ਤੇ ਮਸਤ ਲੋਕੀ ਗਾਂਦੇ ਤੇ ਨੱਚਦੇ ਹਨ, ਜਿਥੇ ਜਵਾਨ ਮਰਦ ਲੜਦੇ ਘੁਲਦੇ ਨੇ, ਜਿੱਥੇ ਯੁਧ ਦਾ ਨਗਾਰਾ ਵਜਦਾ ਏ, ਉਹ ਭੂਮੀ ਵੈਰੀਆਂ ਤੋਂ ਰਹਿਤ ਕਰ ਦੇਵੋ।'

ਹੁਣ ਜਦੋਂ ਆਜ਼ਾਦ ਭਾਰਤ ਵਿਚ ਅਸੀਂ ਆਪਣਾ ਵਿਰਸਾ ਸੰਭਾਲਣ ਵਿਚ ਫ਼ਖ਼ਰ ਸਮਝਦੇ ਹਾਂ, ਲੋਕ-ਹੁਨਰ ਤੇ ਲੋਕ-ਕਲਾ ਮੁੜ ਸੁਰਜੀਤ ਕੀਤੀ ਜਾ ਰਹੀ ਹੈ ਤਾਂ ਪੰਜਾਬੀਆਂ ਲਈ ਇਕ ਵੱਡੇ ਮਾਣ ਵਾਲੀ ਗੱਲ ਹੈ ਕਿ

ਉਹ ਆਪਣੇ ਪੁਰਾਣੇ ਸੁਭਾ ਅਤੇ ਵਿਰਸੇ ਵਿਚ ਆਈ ਪ੍ਰਥਾ ਨੂੰ ਮੁੜ ਸੁਰਜੀਤ ਕਰ ਰਹੇ ਹਨ ।

ਪੰਜਾਬ ਦੇ ਪੁਰਾਣੇ ਲੋਕ ਜਦੋਂ ਕਬੀਲਿਆਂ ਦੇ ਰੂਪ ਵਿਚ ਸਨ, ਕੀ ਉਦੋਂ ਰੰਗਰਲੀਆਂ ਮਨਾਉਣ ਲਈ ਨੱਚਣ ਗਾਉਣ ਵੇਲੇ ਕੋਈ ਖ਼ਾਸ ਕੇਂਦਰ ਥਾਪ ਲੈਂਦੇ ਸਨ ਜਾਂ ਜਿੱਥੇ ਦਰਖ਼ਤਾਂ ਦੇ ਝੁੰਡ ਹੁੰਦੇ ਸਨ ਉੱਥੇ ਹੀ ਅਖਾੜਾ ਜੰਮ ਜਾਂਦਾ ਸੀ ? ਇਸ ਬਾਰੇ ਕੋਈ ਖ਼ਾਸ ਸੰਕੇਤ ਨਹੀਂ ਲੱਭਦਾ, ਪਰ ਇਹ ਗੱਲ ਯਕੀਨੀ ਹੈ ਕਿ ਜਿਥੇ ਉਹ ਕਬੀਲੇ ਰੰਗ ਰਾਗ ਦੀ ਮਹਿਫ਼ਲ ਸਜਾਉਂਦੇ ਸਨ ਉਹ ਥਾਂ ਵਧੇਰੇ ਮਕਬੂਲ ਹੋ ਜਾਂਦੀ ਹੋਵੇਗੀ ਤੇ ਉਸ ਤੋਂ ਅਗਲੀ ਵਾਰ ਲੋਕਾਂ ਦੇ ਜੁੜਨ ਲਈ ਜਾਣੀ-ਪਛਾਣੀ ਥਾਂ ਆਉਂਦੇ ਮੇਲ ਮਿਲਾਪ ਦਾ ਕੇਂਦਰ ਬਣ ਜਾਂਦੀ ਹੋਵੇਗੀ । ਇਹ ਹੀ ਸਾਡੇ ਪਹਿਲੇ ਜ਼ਮਾਨੇ ਦੇ ਮੇਲੇ ਸਨ ।

ਕਿਸੇ ਅਦਿਖ ਥਾਂ ਤੇ ਬੈਠੇ ਦੇਵੀ ਦੇਵਤੇ ਦੀ ਕਰੋਪੀ ਅਤੇ ਮਿਹਰ ਦੇ ਅਹਿਸਾਸ ਤੋਂ ਅਜੇਹੀਆਂ ਸ਼ਕਤੀਆਂ ਨੂੰ ਰੀਝਾਉਣ ਤੇ ਪ੍ਰਸੰਨ ਕਰ ਕੇ ਮਨ-ਇੱਛਤ ਫਲ ਪਾਉਣ ਦੀ ਸਾਧਨਾ, ਕਲਾਧਾਰੀ ਵੱਡੇ ਵਡੇਰਿਆਂ ਦੀ ਮੰਨ ਮਨਾਈ, ਚੰਗੀ ਗੱਲ ਤੇ ਉਨ੍ਹਾਂ ਦੀ ਖ਼ੁਸ਼ੀ ਤੇ ਮੰਦੀ ਤੇ ਉਨ੍ਹਾਂ ਦੀ ਕਰੋਪੀ ਸਮਝਣੀ, ਤੇ ਕਰੋਪੀ ਦੂਰ ਕਰਨ ਲਈ ਚੜ੍ਹਾਵੇ, ਤੇ ਸੁਖਣਾ ਲਾਹੁਣ ਲਈ ਇਕ ਕਬੀਲੇ ਜਾਂ ਇਕ ਮੂੰਹੀ ਦੇ ਖਿੰਡੇ-ਪੁੰਡੇ ਲੋਕਾਂ ਦਾ ਇਕ ਮੁਕਰੱਰ ਦਿਨ ਖ਼ਾਸ ਥਾਂ ਉੱਤੇ ਸੁੱਖਣਾ ਲਾਹੁਣ ਲਈ ਜੁੜਨਾ, ਅਤੇ ਨਾਲੋਂ ਨਾਲ ਚੰਗਾ ਖਾਣ ਪੀਣ ਲਈ ਪਿਕਨਿਕ ਕਰਨਾ, ਆਸ ਪਾਸ ਦੇ ਲੋਕਾਂ ਤੇ ਆਪਣੀ ਭਾਗਵਾਨੀ ਦਾ ਰੋਹਬ ਬਿਠਾਉਣ ਲਈ ਚੰਗੇ ਲੀੜੇ ਕਪੜੇ ਤੇ ਗਹਿਣੇ-ਗੱਟੇ ਪਹਿਨਣਾ, ਖ਼ਾਸ ਕਿਸਮ ਦਾ ਗਾਉਣਾ ਵਜਾਉਣਾ ਅਤੇ ਇਕੱਠੇ ਹੋਏ ਲੋਕਾਂ ਸਾਹਮਣੇ ਆਪਣੀ ਤਾਕਤ ਦਾ ਰੋਹਬ ਦਿਖਾਉਣ ਲਈ ਘੋਲ ਘੁਲਣਾ ਇਹ ਦੂਜੀ ਕਿਸਮ ਦੇ ਮੇਲੇ ਸਨ ਜਿਹੜੇ ਹਾਲਾਂ ਤਕ ਪਿੰਡਾਂ ਦੀਆਂ ਜੂਹਾਂ ਵਿਚ ਕਈਆਂ ਵੱਡਿਆਂ ਵਡੇਰਿਆਂ ਦੀਆਂ ਸਮਾਧਾਂ ਉੱਤੇ ਲਗਦੇ ਆ ਰਹੇ ਹਨ ।

ਇਉਂ ਪਰਤੀਤ ਹੁੰਦਾ ਹੈ ਕਿ ਲੋਕਾਂ ਵਿਚ ਜਿਉਂ ਜਿਉਂ ਜਾਗ੍ਰਤੀ ਆਉਂਦੀ ਗਈ, ਇਸ ਕਿਸਮ ਦੇ ਮੇਲਿਆਂ ਉੱਤੇ ਇਕੱਠ ਵਧਦੇ ਗਏ ਅਤੇ ਵਧਦੇ ਇਕੱਠ ਨੂੰ ਪ੍ਰਭਾਵਤ ਕਰਨ ਅਤੇ ਆਪਣੀ ਧੌਂਸ ਜਮਾਉਣ ਲਈ, ਖੇਲਾਂ ਆਦਿ ਦੇ ਅਖਾੜਿਆਂ ਦੇ ਮਨ-ਭਾਉਂਦੇ ਤਰੀਕੇ ਵਧਦੇ ਗਏ । ਨਾਲ ਹੀ ਵਿਹਲੇ ਵੇਲੇ ਵਿਚ ਖ਼ੁਸ਼ੀਆਂ ਮਨਾਉਣ ਲਈ ਆਪਣੀ ਤਰ੍ਹਾਂ ਦੇ ਨਵੇਂ ਨਵੇਂ ਸੁਹਜ-ਸੁਆਦਾਂ ਦੀ ਤ੍ਰਿਪਤੀ ਦੇ ਰਾਗ ਰੰਗ ਬਦਲਦੇ ਗਏ । ਇਉਂ ਮੇਲੇ ਲੋਕ-ਕਲਾ ਦੀ ਉਪਜ ਅਤੇ ਪਰਗਟਾਉ ਦਾ ਕਾਰਨ ਬਣਦੇ ਰਹੇ । ਬੀਰਾਂ ਬਹਾਦਰਾਂ ਦੇ ਗਾਉਣ, ਇਲਾਕੇ ਦੇ ਮਸ਼ਹੂਰ ਧਾੜਵੀਆਂ ਦੇ ਜਸ ਦੇ ਕਿੱਸੇ, ਜੋਧਿਆਂ ਦੀਆਂ ਪਉੜੀਆਂ, ਲੜੀਦਾਰ ਵਾਰਾਂ ਤੇ ਸਭ ਤੋਂ ਵਧ ਲੋਕਾਂ ਦੇ ਇਕੱਠੇ ਹੋਣ ਦੇ ਚਾਵਾਂ ਦੇ ਸੰਸਕਾਰਾਂ ਦਾ ਇਉਂ ਇਕ ਵਹਿਣ ਬਣਦਾ ਗਿਆ ਜਿਵੇਂ ਮੀਂਹ ਪੈਣ ਤੇ ਪਾਣੀ ਨੀਵੇਂ ਥਾਂ ਹਰ ਪਾਸੇ ਤੋਂ ਆ ਇਕੱਠਾ ਹੁੰਦਾ ਹੈ, ਇਉਂ ਲੋਕੀ ਮੇਲਿਆਂ ਤੇ ਆਪ-ਮੁਹਾਰੇ ਹੀ ਛੰਭਾਂ ਦੇ ਪਾਣੀ ਵਾਂਙ ਇਕੱਠੇ ਹੋਣ ਲਗ ਪਏ ।

ਇਸ ਰੋੜ੍ਹ ਦਾ ਵਹਾਉ ਏਨਾ ਜ਼ੋਰਦਾਰ ਬਣ ਗਿਆ ਕਿ ਇਸ ਪਿੱਛੋਂ ਜਦੋਂ ਕਿਸੇ ਧਰਮ ਵਾਲਿਆਂ ਨੇ ਕਿਸੇ ਸਥਾਨ ਦਾ ਪੁੰਨ ਜਾਂ ਮਹਾਤਮ ਲੋਕਾਂ ਪ੍ਰਤੀ ਪਰਗਟ ਕੀਤਾ ਤਾਂ ਲੋਕਾਂ ਉਨ੍ਹਾਂ ਤੀਰਥਾਂ, ਦੇਵੀ ਦੇਵਤਿਆਂ ਦੀ ਅਰਾਧਨਾ ਦੇ ਸਥਾਨਾਂ ਨੂੰ ਵੀ ਮੇਲਿਆਂ ਵਿਚ ਬਦਲ ਲਿਆ । ਕੁਰਛੇਤਰ ਦਾ ਕੁੰਭ, ਨੈਣਾਂ ਦੇਵੀ ਦਾ ਚਾਲਾ, ਅੰਮ੍ਰਿਤਸਰ ਦੀ ਲੋਹੜੀ, ਤਰਨਤਾਰਨ ਦੀ ਮੱਸਿਆ, ਮੁਕਤਸਰ ਦੀ ਮਾਘੀ, ਅਨੰਦਪੁਰ ਦਾ ਹੋਲਾ, ਰਾਮ ਤੀਰਥ ਦਾ ਨ੍ਹਾਉਣ ਇਸੇ ਪ੍ਰਣਾਲੀ ਦੇ ਮੇਲੇ ਹਨ ।

ਪੰਜਾਬ ਵਿਚ ਇਕ ਕਿਸਮ ਤਿਉਹਾਰਾਂ ਅਤੇ ਮੌਸਮੀ ਮੇਲਿਆਂ ਦੀ ਵੀ ਹੈ । ਸਿਆਲ ਦੀਆਂ ਹੱਡ-ਕੜਕਾਵੀਆਂ ਠੰਡਾਂ ਪਿੱਛੋਂ ਪਤਝੜ ਦੀ ਸਫ਼ਾ ਹੂੰਝਣ ਵਾਲੀ 'ਬਸੰਤ' ਦੇ ਨਾਲ ਹੀ ਪੱਤੇ ਪੱਤੇ, ਡਾਲੀ ਡਾਲੀ ਉੱਤੇ ਛਹਿਬਰ ਲਾਉਣ ਵਾਲੀ ਬਹਾਰ ਵਿਚ ਹੋਲੀਆਂ ਦੇ ਫਾਗ, ਫ਼ਸਲਾਂ ਦੀਆਂ ਭਰੀਆਂ ਨਿਸਰੀਆਂ ਬੱਲੀਆਂ ਤੇ ਘੁੰਗਰੂਆਂ ਵਾਂਙ ਛਣਕਦੀਆਂ ਛੋਲਿਆਂ ਦੀਆਂ ਟਾਟਾਂ ਦੇਖ ਕੇ ਵਿਸਾਖੀ ਨੂੰ ਚਾਂਭੜਾਂ ਪਾ ਪਾ ਕਿਰਸਾਨ ਦੀ ਖ਼ੁਸ਼ੀ ਨਾ ਉਛਲੇ ਤਾਂ ਹੋਰ ਕਦ ਉਛਲੇ ?

ਕਿਰਸਾਣ ਦਾ ਮਨ ਧਰਤੀ ਦੇ ਖੇੜੇ ਨਾਲ ਟਹਿਕਦਾ ਤੇ ਉਦਾਸੀ ਨਾਲ ਚਿੰਤਾਤੁਰ ਹੁੰਦਾ ਹੈ। ਸਾਉਣੀ ਦੀ ਫ਼ਸਲ ਦੀ ਆਮਦ ਤੇ ਦੁਸਹਿਰੇ ਅਤੇ ਲੋਹੜੀ ਨੂੰ ਇਨ੍ਹਾਂ ਚਾਵਾਂ ਦੀਆਂ ਡਾਲੀਆਂ ਫਿਰ ਕਰੂੰਬਲਾਂ ਫੁੱਟ ਆਉਂਦੀਆਂ ਹਨ। ਜਿੰਨੇ ਪੰਜਾਬ ਦੇ ਲੋਕ ਰੰਗ-ਬਰੰਗੇ ਸੁਭਾ ਦੇ ਮਾਲਕ ਹਨ, ਉੱਨੇ ਹੀ ਰੰਗਾਂ ਦੇ ਉਨ੍ਹਾਂ ਦੇ ਮੇਲੇ ਹੁੰਦੇ ਹਨ।

ਕਈ ਵਾਰ ਤਾਂ ਇਉਂ ਪਰਤੀਤ ਹੁੰਦਾ ਹੈ ਜਿਵੇਂ ਕਿ ਕਿਰਸਾਣ ਧਰਤੀ ਉੱਤੇ ਟੁਰਦਾ ਫਿਰਦਾ ਇਕ ਬੂਟਾ ਹੈ ਜਿਸ ਦੀਆਂ ਸੱਧਰਾਂ ਦੀਆਂ ਟਹਿਣੀਆਂ ਨੂੰ ਫੁੱਲਾਂ ਵਾਲੀ ਰੁੱਤੇ ਫੁੱਲ ਤੇ ਫਲਾਂ ਵਾਲੀ ਰੁੱਤੇ ਫਲ ਲਗਦੇ ਹਨ। ਹਰ ਬਹਾਰ ਵਿਚ ਇਸ ਉੱਤੇ ਨਵਾਂ ਨਿਸਾਰ ਤੇ ਨਿਖਾਰ ਆਉਂਦਾ ਹੈ ਜਿਸ ਦੀ ਪਰਦਰਸ਼ਨੀ ਉਹ ਮੇਲਿਆਂ ਉੱਤੇ ਕਰਦਾ ਹੈ। ਜੇ ਹੋਰ ਨਹੀਂ ਤਾਂ ਚਲੋ ਦੋ ਦਿਨ ਯਾਰਾਂ ਬੇਲੀਆਂ ਨਾਲ ਰਲ ਮਿਲ ਕੇ ਬਹਿਣ ਦੇ ਚਾਉ ਪੂਰੇ ਕਰਨ ਲਈ ਹੀ ਸਹੀ। ਜਿਵੇਂ ਪੁਰਾਣੇ ਲੋਕ ਆਖਦੇ ਹਨ, 'ਆਸ਼ਾ ਇਸ਼ਟ ਉਪਾਸਨਾ ਖਾਨ ਪਾਨ ਪਹਿਰਾਨ, ਇਹ ਖਟ ਜਾਂ ਨਰ ਕੇ ਮਿਲੈਂ ਤਾਂ ਕਉਂ ਮਿਲਿਆ ਜਾਨ।' ਜਿੱਥੇ ਇਹ ਇਕ ਹੋਣ ਉੱਥੇ ਏਕਤਾ ਆ ਜਾਂਦੀ ਹੈ। ਮੇਲੇ ਇਸ ਏਕਤਾ ਦੀ ਜੰਮਣ-ਗੁੜ੍ਹਤੀ ਹਨ। ਇੱਕੋ ਵੇਲੇ ਦੇਵੀਆਂ ਦੇਵਤਿਆਂ, ਗੁਰੂਆਂ ਅਵਤਾਰਾਂ ਦੇ ਸ਼ਰਧਾਲੂ ਤੇ ਉਸੇ ਵੇਲੇ ਪੀਰਾਂ ਫ਼ਕੀਰਾਂ ਦੇ ਸੇਵਕ, ਤੇ ਮੜ੍ਹੀਆਂ ਮਸਾਣਾਂ ਦੀਆਂ ਮਨ ਮਨਾਈਆਂ ਕਰਨ ਵਾਲੇ ਭਗਤ, ਤੇ ਉਸੇ ਵੇਲੇ ਉਹ ਰੰਗ ਰਾਗ ਦੀਆਂ ਮਹਿਫ਼ਲਾਂ ਵਿਚ ਚਾਂਭੜਾਂ ਪਾਉਣ ਵਾਲੇ ਖਰੂਦੀ ਸਭ ਇੱਕੋ ਥਾਂ ਇਕੱਠੇ ਹੋਏ ਹੁੰਦੇ ਹਨ।

ਪੰਜਾਬੀਆਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਉਹ ਜਿਸ ਮੇਲੇ ਚਲੇ ਹਨ ਉਹ ਕਿਹੜੇ ਮਜ਼ਹਬ ਦਾ ਤੇ ਕਿਸ ਵਲੀ ਪੀਰ ਦੀ ਯਾਦ ਵਿਚ ਹੈ। ਵੱਡਿਆਂ ਵਡੇਰਿਆਂ ਦੀਆਂ ਸਮਾਧਾਂ, ਗੁੱਗੇ ਦੀ ਮਾੜੀ, ਮਾਤਾ ਰਾਣੀ ਦੇ ਥਾਨ, ਹੈਦਰ ਸ਼ੇਖ਼ ਦੀ ਚੌਕੀ, ਰਾਮ ਨੌਮੀਂ, ਜਨਮ ਅਸ਼ਟਮੀਂ ਗੁਰੂਕਿਆਂ ਦੀ ਸੁਖਣਾ, ਕੱਤੇ ਦੀ ਪੁੰਨਿਆਂ, ਮਨਸਾ ਦੇਵੀ ਦਾ ਨ੍ਹਾਉਣ, ਕੁਝ ਵੀ ਹੋਵੇ ਉਨ੍ਹਾਂ ਲਈ ਇਹ ਮੇਲਿਆਂ ਤੋਂ ਵਧ ਕੁਝ ਨਹੀਂ ਤੇ ਮੇਲਿਆਂ ਲਈ ਇਹ ਸੱਭੋ ਕੁਝ ਹਨ। ਕੀ ਪੰਜਾਬ ਦੇ ਖੁਲ੍ਹੇ ਡੁੱਲ੍ਹੇ ਤੇ ਗ਼ੈਰ-ਫਿਰਕੂ ਸੁਭਾ ਦਾ ਇਸ ਤੋਂ ਵਧ ਹੋਰ ਪਰਮਾਣ ਮਿਲ ਸਕਦਾ ਹੈ? ਕਦਾਚਿਤ ਨਹੀਂ।

ਪੰਜਾਬ ਵਿਚ ਮੇਲੇ ਤਾਂ ਬੇਅੰਤ ਲਗਦੇ ਹਨ ਜਿਵੇਂ ਰਾਵਲਪਿੰਡੀ ਲਾਗੇ ਬਰੀ ਅਮਾਮ ਦਾ ਮੇਲਾ, ਚਰਾਗ਼ਾਂ ਦਾ ਮੇਲਾ, ਲਾਹੌਰ ਡੇਰਾ ਸਾਹਿਬ ਦਾ ਜੋੜਮੇਲ, ਨਨਕਾਣੇ ਕੱਤੇ ਦੀ ਪੁੰਨਿਆਂ ਦਾ, ਤਰਨਤਾਰਨ ਮੱਸਿਆ ਦਾ, ਛੇਹਰਟੇ ਪੰਚਮੀ ਦਾ, ਪੰਜੇ ਸਾਹਿਬ ਤੇ ਦਮਦਮੇ ਵਿਸਾਖੀ ਦਾ, ਅੰਮ੍ਰਿਤਸਰ ਦੀਵਾਲੀ ਦਾ, ਮੁਕਤਸਰ ਮਾਘੀ ਦਾ, ਪਟਿਆਲੇ ਬਸੰਤ ਪੰਚਮੀ ਦਾ, ਆਦਿਕ ਕਾਫ਼ੀ ਮਸ਼ਹੂਰ ਮੇਲੇ ਹਨ। ਇਹ ਮੇਲੇ ਵਧੇਰੇ ਧਾਰਮਕ ਮਹਾਂਪੁਰਖਾਂ ਦੀ ਯਾਦ ਨਾਲ ਸਬੰਧਤ ਹਨ। ਪੰਜਾਬੀ ਮੇਲਿਆਂ ਦਾ ਅਸਲ ਕੈਰੈਕਟਰ ਜਾਣਨ ਲਈ ਅਸੀਂ ਤਿੰਨ ਚਾਰ ਅਜੇਹੇ ਮੇਲਿਆਂ ਦਾ ਜ਼ਰਾ ਵਿਸਥਾਰ ਨਾਲ ਜ਼ਿਕਰ ਕਰਨ ਦੀ ਖੁਲ੍ਹ ਲਵਾਂਗੇ ਜਿਸ ਤੋਂ ਪੰਜਾਬੀਅਤ ਦੀ ਖੁਲ੍ਹੀ ਝਲਕ ਮਿਲ ਸਕੇ।

## ਛਪਾਰ ਦਾ ਮੇਲਾ

ਜ਼ਿਲਾ ਲੁਧਿਆਣੇ ਦਾ ਇਕ ਪਿੰਡ ਹੈ ਛਪਾਰ। ਇਸ ਪਿੰਡ ਦੀ ਦੱਖਣੀ ਗੁੱਠ ਨੂੰ ਜਿਤਨੀ ਇਸ ਪਿੰਡ ਤੋਂ ਦੂਰ ਉਤਨੀ ਹੀ ਦੂਜੇ ਪਿੰਡਾਂ ਤੋਂ ਨੇੜੇ ਟਾਹਲੀਆਂ ਦੇ ਝੁੰਡ ਵਿਚ ਇਕ ਉੱਚੀ ਮਾੜੀ ਹੈ, ਜਿੱਥੇ ਭਾਦੋਂ ਦੀ ਚਾਨਣੀ ਚੌਦਸ ਨੂੰ ਪੰਜਾਬ ਦਾ ਇਹ ਸਭ ਤੋਂ ਪਰਸਿੱਧ ਮੇਲਾ ਲਗਦਾ ਹੈ।

ਚੌਦਸ ਦੇ ਪੂਰਨ ਹੋਏ ਚੰਦ ਦੀ ਚਾਨਣੀ ਵਿਚ ਟਿੱਬਿਆਂ ਉੱਤੇ ਲੱਗੀਆਂ ਤੰਬੋਟੀਆਂ, ਦੁਕਾਨਦਾਰਾਂ ਦੀਆਂ ਰੰਗ-ਬਰੰਗੀਆਂ ਹੱਟੀਆਂ, ਰਾਜਸੀ ਪਾਰਟੀਆਂ ਅਤੇ ਸਰਕਾਰ ਦੇ ਕਈ ਮਹਿਕਮਿਆਂ ਦੇ ਚੰਦੋਏ, ਸਰਕਸ ਪਾਰਟੀਆਂ ਦੇ ਸਾਏਬਾਨ, ਜੰਗਲ ਵਿਚ ਮੰਗਲ ਦੇ ਉਹ ਨਜ਼ਾਰੇ ਪੇਸ਼ ਕਰਦੇ ਹਨ ਕਿ ਵੱਡੇ ਵੱਡੇ ਸ਼ਹਿਰ ਵੀ ਭੁੱਲ ਜਾਂਦੇ ਹਨ।

ਬਹੁਤ ਸਾਰੇ ਲੋਕ ਤਾਂ ਇਹ ਮੇਲਾ ਦੇਖਣ ਕਈ ਵਡੇ ਸ਼ਹਿਰਾਂ ਨੂੰ ਛੱਡ ਕੇ ਆਉਂਦੇ ਹਨ। ਵੱਡੇ ਸ਼ਹਿਰਾਂ ਵਿਚ ਗਰਮੀ ਦੇ ਜਾ ਰਹੇ ਮੌਸਮ ਵਿਚ ਸਰਦੀ ਦੀ ਆ ਰਹੀ ਰੁੱਤ ਦੀ ਗੁਲਾਬੀ ਠੰਢ ਦੇ ਬੁੱਲੇ ਕਿੱਥੇ ? ਚਾਲੀਆਂ ਚਾਲੀਆਂ ਪੰਜਾਹਾਂ ਪੰਜਾਹਾਂ ਕੋਹਾਂ ਤੋਂ ਲੋਕੀ ਦੋ ਦਿਨਾਂ ਜੋਗੀ ਚੂਰੀ, ਪੰਜੀਰੀ ਜਾਂ ਮਿੱਠੀਆਂ ਰੋਟੀਆਂ ਲੜ ਬੰਨ੍ਹ ਕੇ ਆਪੋ ਆਪਣੀ ਕਿਸਮ ਦੇ ਸਾਥੀਆਂ ਦੀਆਂ ਢਾਣੀਆਂ ਬਣਾ ਕੇ ਇਉਂ ਆਉਂਦੇ ਹਨ ਜਿਵੇਂ ਉਨ੍ਹਾਂ ਨੂੰ ਇੱਥੇ ਦੁਰਲੱਭ ਚੀਜ਼ ਲੱਭਣ ਦੀ ਆਸ ਹੁੰਦੀ ਹੈ। ਦੁਰਲੱਭ ਚੀਜ਼ਾਂ ਏਥੇ ਲਭਦੀਆਂ ਵੀ ਹਨ। ਮਨ ਦੀ ਮੌਜ ਤੇ ਖ਼ੁਸ਼ੀਆਂ ਨਾਲੋਂ ਹੋਰ ਦੁਰਲੱਭ ਚੀਜ਼ਾਂ ਕੀ ਹਨ ? ਤੇ ਇਨ੍ਹਾਂ ਦੇ ਤਾਂ ਇੱਥੇ ਅੰਬਾਰ ਲੱਗੇ ਮਿਲਦੇ ਹਨ । ਮੇਲੇ ਦੀ ਹੱਦ ਵਿਚ ਅੱਪੜਿਆਂ ਹੀ 'ਕਬੂਤਰ ਬਾ ਕਬੂਤਰ ਬਾਜ਼ ਬਾ ਬਾਜ਼' ਵਾਲੀ ਗੱਲ ਬਣ ਜਾਂਦੀ ਹੈ। ਸਭ ਤੋਂ ਪਹਿਲਾਂ, ਜਿਨ੍ਹਾਂ ਦੀ ਭਾਉ-ਭਗਤੀ ਦੀ ਉਪਜ ਇਹ ਮੇਲਾ ਹੈ, ਗੁੱਗੇ ਦੇ ਭਗਤਾਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਚੁਲੀ ਪਾਣੀ ਦੀ ਤੇ ਬੁਰਕੀ ਟੁਕ ਦੀ ਉਂਨਾ ਚਿਰ ਸੰਘੋਂ ਹੇਠ ਨਹੀਂ ਲੰਘਾਉਂਦੇ, ਜਿੰਨਾ ਚਿਰ ਗੁੱਗੇ ਪੀਰ ਦੀ ਮਾੜੀ ਤੇ ਜਾ ਕੇ ਮਿੱਟੀ ਨਾ ਕੱਢ ਲੈਣ।

ਗੁੱਗਾ ਇਕ ਚੌਹਾਣ ਰਾਜਪੂਤ ਸੀ ਜੋ ਗੁਰੂ ਗੋਰਖਨਾਥ ਦੇ ਵਰ ਨਾਲ ਜੰਮਿਆ । ਗੁੱਗੇ ਨੂੰ ਪਹਿਲਾਂ ਇਸ ਦੇ ਪਿਉ, ਬੀਕਾਨੇਰ ਨਗਰ ਦੇ ਇਕ ਜੈਮਲ ਨਾਂ ਦੇ ਰਾਜੇ, ਨੇ ਮਹਿਲਾਂ ਵਿਚ ਇਸ ਲਈ ਨਹੀਂ ਸੀ ਵੜਨ ਦਿੱਤਾ ਕਿ ਉਸ ਨੂੰ ਇਸ ਦੀ ਮਾਂ, ਜਿਹੜੀ ਪੁੱਤਰ-ਪਰਾਪਤੀ ਲਈ ਬਾਰਾਂ ਵਰ੍ਹੇ ਗੁਰੂ ਗੋਰਖਨਾਥ ਦੀ ਤਪੱਸਿਆ ਕਰਦੀ ਰਹੀ ਸੀ, ਆਪਣੀ ਇਸਤ੍ਰੀ ਤੇ ਸ਼ੱਕ ਪੈ ਗਿਆ ਸੀ। ਗੁੱਗੇ ਦੀ ਮਾਂ 'ਬਾਛਲ' ਨੇ ਬੜੀਆਂ ਬੇਨਤੀਆਂ ਕੀਤੀਆਂ, ਪਰ ਗੁੱਗੇ ਦੀ ਦਾਦੀ ਅਜੇਹੀ ਪੱਕੀ ਸੀ ਕਿ ਨਾ ਹੀ ਮੰਨੀ। ਅੰਤ ਗੁੱਗਾ ਜਵਾਨ ਹੋ ਕੇ ਮਹਿਲਾਂ ਵਿਚ ਧੱਕੇ ਨਾਲ ਹੀ ਆ ਵੜਿਆ। ਇਸ ਦੀ ਕੁੜਮਾਈ ਸਿਲੀਅਰ ਨਾਂ ਦੀ ਸੁੰਦਰੀ ਨਾਲ ਹੋ ਗਈ। ਉਧਰ ਗੁੱਗੇ ਦੀ ਮਾਸੀ ਦੇ ਪੁੱਤ ਅਰਜਨ ਤੇ ਸੁਰਜਨ ਇਸ ਗੱਲੋਂ ਖ਼ਾਰ ਖਾਣ ਲੱਗੇ ਕਿ ਇਸ ਸੁੰਦਰਤਾ ਦਾ ਮਾਲਕ ਸਾਡੇ ਜੀਉਂਦਿਆਂ ਗੁੱਗਾ ਕਿਵੇਂ ਬਣ ਸਕਦਾ ਹੈ।

ਗੁੱਗੇ ਦੀ ਮਾਂ ਰਾਣੀ ਬਾਛਲ ਨੇ ਬੜੀ ਕੋਸ਼ਿਸ਼ ਕੀਤੀ ਕਿ ਗੁੱਗੇ ਦੀ, ਆਪਣੇ ਮਾਸੀ ਦੇ ਪੁੱਤਾਂ ਨਾਲ ਅਣ-ਬਣ ਨਾ ਹੋਵੇ, ਪਰ ਗੁੱਗੇ ਨੇ ਸਾਫ਼ ਆਖ ਦਿੱਤਾ ਕਿ ਸਿਲੀਅਰ ਛੱਡੀ ਨਹੀਂ ਜਾ ਸਕਦੀ। ਜਾਪਦਾ ਹੈ ਗੁੱਗੇ ਦੇ ਮਾਸੀ ਦੇ ਪੁੱਤਾਂ ਨੇ ਇਹ ਕੁੜਮਾਈ ਜ਼ੋਰ ਨਾਲ ਛੁਡਵਾ ਦਿੱਤੀ ਜਿਸ ਤੋਂ ਗੁੱਗੇ ਨੂੰ ਬਹੁਤ ਦੁੱਖ ਪੁਜਿਆ। ਇਸ ਵੇਦਨਾ ਭਰੀ ਹਾਲਤ ਵਿਚ ਉਸ ਨੇ ਅਰਾਧਨਾ ਕੀਤੀ ਤਾਂ ਉਸ ਦੀ ਸਹਾਇਤਾ ਲਈ ਨਾਗ ਆ ਗਏ।

ਇਕ ਨਾਗ ਨੇ ਸਹੇਲੀਆਂ ਵਿਚ ਖੇਲਦੀ ਗੁੱਗੇ ਦੀ ਮੰਗ ਤੱਕ ਕੇ ਡੰਗ ਨਾ ਮਾਰਿਆ ਤੇ ਆਪ ਨਾਲ ਬੰਦਾ (ਟੀਕੂ) ਬਣ ਕੇ ਬੈਠ ਗਿਆ। ਉਸ ਨੇ ਕਿਹਾ ਕਿ ਮੈਂ ਨਾਗਾਂ ਦੇ ਡੰਗੇ ਮਰੀਜ਼ ਰਾਜ਼ੀ ਕਰ ਲੈਂਦਾ ਹਾਂ। ਗੁੱਗੇ ਦੀ ਮੰਗੇਤਰ ਦੀ ਮਾਂ ਨੇ ਉਸ ਦੇ ਜੀਉ ਪੈਣ ਤੋਂ ਗੁੱਗੇ ਨਾਲ ਹੀ ਸ਼ਾਦੀ ਕਰਨ ਦਾ ਫ਼ੈਸਲਾ ਕਰ ਲਿਆ ਤੇ ਗੁੱਗੇ ਨੇ ਸਿਲੀਅਰ ਨੂੰ ਜਿਵਾ ਕੇ ਸ਼ਾਦੀ ਕਰ ਲਈ। ਅਰਜਨ ਤੇ ਸੁਰਜਨ, ਗੁੱਗੇ ਦੇ ਮਾਸੀ ਦੇ ਪੁੱਤ ਭਰਾਵਾਂ ਨੇ ਗੁੱਗੇ ਨੂੰ ਮਾਰ ਕੇ ਉਸ ਦੀ ਵਹੁਟੀ ਖੋਹਣ ਦੀ ਵਿਉਂਤ ਬਣਾਈ, ਪਰ ਉਨ੍ਹਾਂ ਲੜਾਈ ਵਿਚ ਬੁਰੀ ਤਰ੍ਹਾਂ ਮਾਰ ਖਾਧੀ। ਉਹ ਸਿਲੀਅਰ ਨੂੰ ਲੱਭਦੇ ਆਪਣੀਆਂ ਜਾਨਾਂ ਵੀ ਗਵਾ ਬੈਠੇ।

ਇਸ ਗੱਲ ਦਾ ਪਤਾ ਲੱਗਣ ਤੋਂ ਗੁੱਗੇ ਦੀ ਮਾਂ ਸਖ਼ਤ ਨਰਾਜ਼ ਹੋਈ ਕਿ ਮੇਰੀ ਭੈਣ ਨੂੰ ਕਿਉਂ ਔਤ ਨਪੁੱਤੀ ਕਰ ਬਿਠਾਇਆ ਹੈ। ਮਾਂ ਦੇ ਵੈਣ ਗੁੱਗੇ ਦੇ ਦਿਲ ਨੂੰ ਅਜੇਹੇ ਪੋਹੇ ਕਿ ਉਸ ਨੇ ਨਮੋਸ਼ੀ ਨਾ ਝੱਲਦਿਆਂ ਧਰਤੀ ਵਿਚ ਗ਼ਰਕ ਹੋਣ ਦੀ ਠਾਣ ਲਈ। ਕਹਿੰਦੇ ਹਨ ਧਰਤੀ ਨੇ ਉਸ ਨੂੰ ਕਿਹਾ, 'ਤੂੰ ਹਿੰਦੂ ਹੈਂ, ਮੈਂ ਤਾਂ ਮੁਸਲਮਾਨ ਨੂੰ ਹੀ ਥਾਂ ਦੇ ਸਕਦੀ ਹਾਂ।' ਤਾਂ ਵਿਚ ਆਏ ਗੁੱਗੇ ਨੇ ਹਾਜੀ ਰਤਨ (ਜਿਸ ਦਾ ਬਠਿੰਡੇ ਕੋਲ ਅਸਥਾਨ ਹੈ) ਪਾਸੋਂ ਇਸਲਾਮ ਮਤ ਧਾਰਨ ਕਰ ਲਿਆ। ਕਹਿੰਦੇ ਹਨ ਧਰਤੀ ਨੇ ਅਜੇਹੀ ਵਿਰਲ ਦਿੱਤੀ ਕਿ ਗੁੱਗਾ ਘੋੜੇ ਸਮੇਤ ਧਰਤੀ ਦੀ ਗੋਦੀ ਵਿਚ ਸਮਾ ਗਿਆ। ਇਸ ਸਾਰੀ ਕਥਾ ਨੂੰ ਪੰਜਾਬ ਦੇ ਕਈ ਲੋਕ-ਗੀਤਾਂ ਵਿਚ ਵੀ ਗਾਇਆ ਗਿਆ ਹੈ।

ਆਖਦੇ ਹਨ ਗੁੱਗੇ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ ਇਹ ਛਪਾਰ ਵਾਲੀ ਮਾੜੀ ਕਾਇਮ ਕੀਤੀ ਗਈ

ਹੈ। ਆਮ ਲੋਕਾਂ ਨੂੰ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਗੁੱਗਾ ਕੌਣ ਸੀ, ਅਤੇ ਉਸ ਦੀ ਪੂਜਾ ਕਿਉਂ ਹੁੰਦੀ ਹੈ। ਉਹ ਤਾਂ ਇਸ ਨੂੰ ਸੱਪਾਂ ਦਾ ਮਾਲਕ ਸਮਝ ਕੇ ਪੂਜਦੇ ਹਨ। ਲੋਕਾਂ ਦੇ ਖ਼ਿਆਲ ਵਿਚ ਜਿਤਨੇ ਸੱਪ ਹਨ, ਸਭ ਦੇ ਅੰਦਰ ਗੁੱਗੇ ਪੀਰ ਦੀ ਰੂਹ ਕੰਮ ਕਰ ਰਹੀ ਹੈ। ਇਸੇ ਲਈ ਗੁੱਗੇ ਪੀਰ ਦੀ ਖ਼ੁਸ਼ੀ ਲਈ ਮਿਟੀ ਕੱਢੀ ਜਾਂਦੀ ਹੈ ਤੇ ਉਸ ਦੇ ਭਗਤਾਂ ਨੂੰ ਖ਼ੁਸ਼ ਕੀਤਾ ਜਾਂਦਾ ਹੈ। ਗੁੱਗੇ ਦੀ ਮਾੜੀ ਦੇ ਆਸ-ਪਾਸ ਦੀ ਜ਼ਮੀਨ ਮੇਲੇ ਵਾਲੇ ਦਿਨ ਮਿੱਟੀ ਕੱਢ ਕੱਢ ਕੇ ਪੋਲੀ ਕੀਤੀ ਪਈ ਹੁੰਦੀ ਹੈ। ਮਿਟੀ ਕੱਢਣਾ ਖ਼ਬਰੇ ਧਰਤੀ ਵਿਚ ਸਣੇ ਘੋੜੇ ਅਲੋਪ ਹੋਏ ਗੁੱਗੇ ਦੀ ਖੋਜ ਕਰਨਾ ਹੈ ਜਾਂ ਸੱਪਾਂ ਦੇ ਲੇਟਣ ਲਈ ਥਾਂ ਪੋਲੀ ਕਰਨਾ ਹੁੰਦਾ ਹੈ। ਇਹ ਵੀ ਰਵਾਇਤ ਹੈ ਕਿ ਸੱਪ ਆਪ ਖੁੱਡ ਨਹੀਂ ਪੁਟਦਾ,ਸਗੋਂ ਪੁਟੀ ਪੁਟਾਈ ਖੁੱਡ ਦਾ ਮਾਲਕ ਬਣ ਜਾਂਦਾ ਹੈ। ਕੀ ਜਾਣੀਏ ਸੱਪ ਦੀ ਇਸ ਖ਼ੁਸ਼ੀ ਲਈ ਹੀ ਮਿੱਟੀ ਕੱਢੀ ਜਾਂਦੀ ਹੋਵੇ। ਇਹ ਵੀ ਇਕ ਖ਼ਿਆਲ ਹੈ ਕਿ ਜਿਥੇ ਚੰਗਾ ਕਲਾਧਾਰੀ ਸੱਪ ਰਹਿੰਦਾ ਹੋਵੇ ਉੱਥੇ ਧਰਤੀ ਉਸ ਨੂੰ ਰੱਖਣ ਲਈ ਉਪਰ ਨੂੰ ਉਭਰ ਉਭਰ ਕੇ ਵਰਮੀ ਬਣ ਜਾਂਦੀ ਹੈ। ਮਿੱਟੀ ਕੱਢਣ ਵਾਲੇ ਵੀ ਤਾਂ ਇਕ ਕਿਸਮ ਦੀਆਂ ਵਰਮੀਆਂ ਹੀ ਬਣਾ ਰਹੇ ਹੁੰਦੇ ਹਨ। ਕੁਝ ਵੀ ਹੋਵੇ ਗੁੱਗੇ ਦੀ ਮਿੱਟੀ ਕੱਢਣ ਲਈ ਇਸ ਮਾੜੀ ਦੇ ਚਾਰੇ ਪਾਸੀਂ ਮਿੱਟੀ ਕੱਢਣ ਵਾਲੇ ਭਗਤਾਂ ਲਈ ਮੇਲੇ ਸਮੇਂ ਬੈਠਣ ਨੂੰ ਜਗ੍ਹਾ ਨਹੀਂ ਹੁੰਦੀ। ਕਈ ਗਾਰੜੂ ਆਪਣੇ ਸੱਪਾਂ ਨੂੰ ਪਟਾਰੀ ਵਿਚ ਪਾ ਕੇ ਚੌਂਕੀ ਭਰ ਰਹੇ ਹੁੰਦੇ ਹਨ। ਕਈ ਸੇਵਕ ਟੱਬਰ ਤਾਂ ਸੁੱਖਣਾ ਲਾਹੁਣ ਵਾਲੇ ਵੀ ਆਏ ਹੁੰਦੇ ਹਨ, ਜਿਨ੍ਹਾਂ ਨੂੰ ਕਿਸੇ ਗੱਲੇ ਖ਼ਿਆਲ ਹੋ ਗਿਆ ਹੁੰਦਾ ਹੈ ਕਿ ਮੇਰੇ ਸੱਪ ਤਾਂ ਲੜ ਗਿਆ ਸੀ ਪਰ ਗੁੱਗੇ ਪੀਰ ਦੀ ਸੁੱਖਣਾ ਸੁੱਖਣ ਤੋਂ ਜ਼ਹਿਰ ਨਹੀਂ ਸੀ ਚੜ੍ਹੀ। ਕੁਝ ਅਜੇਹੇ ਭਗਤ ਵੀ ਹੁੰਦੇ ਹਨ ਜਿਨ੍ਹਾਂ ਨੂੰ ਨਵਾਂ ਹੀ ਸੱਪ ਲੜਿਆ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਸ਼ਰਧਾ ਹੁੰਦੀ ਹੈ ਕਿ ਮਾੜੀ ਵਿਚ ਇਸ ਦਿਨ ਗੁੱਗਾ ਪੀਰ ਜਦੋਂ ਗੁਪਤ ਰੂਪ ਵਿਚ ਆਵੇਗਾ ਤਾਂ ਨਾਲ ਸੱਪਾਂ ਦੇ ਦਲ ਹੋਣਗੇ। ਜਿਹੜਾ ਭਗਤ ਇੱਥੇ ਪਿਆ ਹੋਵੇਗਾ, ਜਿਸ ਸੱਪ ਨੇ ਜਿਸ ਉਸ ਨੂੰ ਡੰਗ ਮਾਰਿਆ ਹੋਵੇਗਾ, ਉਸ ਦੀ ਵਿਹੁ ਉਹ ਆਪੇ ਹੀ ਚੂਸ ਲਵੇਗਾ।

ਮਾੜੀ ਦਾ ਮੁਖੀ ਪੁਜਾਰੀ ਇਸ ਦਿਨ ਆਪਣੇ ਆਪ ਨੂੰ ਖ਼ਾਸ ਵੇਸ ਵਿਚ ਸਜਾਉਂਦਾ ਹੈ। ਉਂਞ ਤਾਂ ਕਹਿੰਦੇ ਹਨ ਜਨਮ ਅਸ਼ਟਮੀਂ ਤੋਂ ਅਗਲੇ ਦਿਨ ਹੀ ਗੁੱਗੇ ਨੌਮੀਂ ਤੋਂ ਸਾਰੀ ਧਰਤੀ ਉੱਤੇ ਸੱਪਾਂ ਦਾ ਪਹਿਰਾ ਹੋ ਜਾਂਦਾ ਹੈ(ਸਾਉਣ ਦੇ ਮੀਹਾਂ ਕਾਰਨ ਖੱਡਾਂ ਭਰ ਜਾਂਦੀਆਂ ਤੇ ਭਾਦੋਂ ਦੇ ਗੁੰਮ੍ਹ ਕਾਰਨ ਖੱਡਾਂ ਅੰਦਰੋਂ ਜੀਵ ਨਿਕਲ ਕੇ ਬਾਹਰ ਘੁੰਮਦੇ ਹਨ।) ਇਸ ਦਿਨ ਤੋਂ ਪਿੰਡਾਂ ਦੇ ਚੂੜ੍ਹੇ ਲੱਕ-ਘੁੱਟਵੀਂ, ਤੇ ਲਾਮ੍ਹਾਂ ਤੋਂ ਚੌੜੀ ਢੱਡ (ਡਉਰੂ) ਅਤੇ ਮੋਰਾਂ ਦੇ ਖੰਭਾਂ ਵਾਲੇ ਝੰਡੇ ਲੈ ਕੇ ਪਿੰਡ ਪਿੰਡ ਉਗਰਾਹੀ ਲਈ ਫਿਰ ਜਾਂਦੇ ਹਨ, ਪਰ ਮਾੜੀ ਉੱਤੇ ਤਾਂ ਇਨ੍ਹਾਂ ਝੰਡਿਆਂ ਤੇ ਢੱਡਾਂ ਵਾਲਿਆਂ ਨੇ ਮੋਰ ਦੇ ਖੰਭਾਂ ਨਾਲ ਸ਼ਿੰਗਾਰੇ ਝੰਡਿਆਂ ਦਾ ਆਪਣਾ ਹੀ ਰੰਗ ਬੰਨ੍ਹਿਆ ਹੁੰਦਾ ਹੈ।

'ਗੁੱਗੇ ਰਾਜੇ ਦੇ ਦਰਬਾਰ, ਜਿੱਥੇ ਧਰੇ ਨਗਾਰੇ ਚਾਰ,
ਚੌਂਹੀ ਕੂੰਟੀਂ ਤੇਰਾ ਰਾਜ, ਪਰਜਾ ਵਸੇ ਸੁਖਾਲੀ ਹੋ।

ਇਕ ਪਾਸੇ ਇਨ੍ਹਾਂ ਦੀਆਂ, 'ਭੇਟਾਂ, ਦੇ ਤਰਾਨੇ, ਡੂੰਘੇ ਹੁੰਘਾਰੇ-ਭਰੇ ਤੋੜਿਆਂ ਵਿਚ ਟੁੱਟ ਰਹੇ ਹੁੰਦੇ ਹਨ ਦੂਜੇ ਪਾਸੇ ਵੱਡਾ ਭਗਤ ਆਪਣੇ ਆਪ ਤੇ ਮਦਹੋਸ਼ੀ ਦੀ ਦਸ਼ਾ ਤਾਰੀ ਕਰ ਕੇ 'ਹਾਲ ਪਿਆ' ਦੀ ਅਗੰਮੀ ਪਹੁੰਚ ਦਿਖਾ ਰਿਹਾ ਹੁੰਦਾ ਹੈ। ਆਪਣੇ ਹੱਥਾਂ ਦੀਆਂ ਲੋਹੇ ਦੀਆਂ ਛੜੀਆਂ ਨਾਲ ਆਪ ਹੀ ਜਿਸਮ ਨੂੰ ਕਪਾਹ ਵਾਂਙ ਤੁੰਬ ਕੇ ਲੋਕਾਂ ਨੂੰ ਦਿਖਾ ਰਿਹਾ ਹੁੰਦਾ ਹੈ ਕਿ ਗੁੱਗੇ ਜ਼ਾਹਰ ਪੀਰ ਦੀ ਕਰਾਮਾਤ ਇਸ ਤੋਂ ਵੱਡੀ ਹੋਰ ਕੀ ਹੋ ਸਕਦੀ ਹੈ ਕਿ ਮੈਂ ਆਪਣੇ ਆਪ ਨੂੰ ਬਿਨਾਂ ਚੀਸ ਵੱਟੇ ਇਉਂ ਕੋਹ ਰਿਹਾ ਹਾਂ। ਗੁੱਗੇ ਦੇ ਭਗਤਾਂ ਦਾ ਅਸਲੀ ਮੇਲਾ ਤਾਂ ਇਹੋ ਹੁੰਦਾ ਹੈ ਪਰ ਇਸ ਨਾਲੋਂ ਵਧ ਪੰਜਾਬ ਦੇ ਸਭਿਆਚਾਰ ਦੇ ਰਸੀਏ, ਆਪਣੇ ਕਲਾਮਈ ਹੁਨਰਾਂ ਦੇ ਕਰਤੱਬ ਦੂਜੇ ਪਾਸੇ ਵੀ ਦਿਖਾ ਰਹੇ ਹੁੰਦੇ ਹਨ।

ਗਿੱਧਾ ਪੰਜਾਬੀ ਸਭਿਆਚਾਰ ਨੂੰ ਛਪਾਰ ਦੇ ਮੇਲੇ ਦੀ ਦੇਣ ਹੈ। ਜਿਹੜੀਆਂ ਬੋਲੀਆਂ ਦੇ ਟੋਟਕੇ, ਲੜੀਦਾਰ ਗਾਉਣ, ਪਿੰਡਾਂ ਦੇ ਵਿਆਹਾਂ ਸ਼ਾਦੀਆਂ ਦੀਆਂ ਖ਼ੁਸ਼ੀਆਂ ਦੀ ਨੱਚ ਟਪ ਤੱਕ ਹੀ ਸੀਮਤ ਸਨ ਤੇ ਜਿਨ੍ਹਾਂ ਗੀਤਾਂ ਨੂੰ ਲੋਕ

ਪਿੰਡਾਂ ਵਿਚ ਜਿੱਥੋਂ ਆਵਾਜ਼ ਨਾ ਸੁਣੇ, ਇਤਨੀ ਦੂਰ ਜਾ ਕੇ ਗਾਉਣ ਦੇ ਪਰਹੇਜ਼ਾਂ ਨਾਲ ਵਰਤਦੇ ਸਨ, ਅੱਜ ਕੱਲ ਉਹ ਗਿੱਧੇ ਦੇ ਗੀਤ ਅਤੇ ਬੋਲੀਆਂ 'ਗਿੱਧਿਆ ! ਪਿੰਡ ਵੜ ਵੇ, ਲਾਂਭ ਲਾਂਭ ਨਾ ਜਾਈਂ' ਦੇ ਕਥਨ ਵਾਂਙ ਪਿੰਡਾਂ ਵਿਚ ਹੀ ਨਹੀਂ ਸਗੋਂ ਸ਼ਹਿਰਾਂ ਵਿਚ ਵੀ ਆ ਵੜੇ ਹਨ। ਕੇਸਰ ਦੀ ਖ਼ੁਸ਼ਬੋ ਦੀ ਵੰਨਗੀ ਵੇਖਣ ਲਈ ਤਾਂ ਪਨਸਾਰੀ ਤੋਂ ਲਿਆਂਦੀ ਇਕ ਪੁੜੀ ਹੀ ਕਾਫ਼ੀ ਹੁੰਦੀ ਹੈ, ਪਰ ਜੇ ਕਿਸੇ ਨੇ ਕੇਸਰ-ਉਪਜਾਊ ਵਾਯੂ ਮੰਡਲ ਨੂੰ ਆਪਣੀ ਖ਼ੁਸ਼ਬੋ ਨਾਲ ਭਰਦੇ ਦੇਖਣਾ ਹੋਵੇ, ਉਸ ਨੂੰ ਕਸ਼ਮੀਰ ਦੀਆਂ ਕੇਸਰ-ਕਿਆਰੀਆਂ ਦੇਖਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਜੇ ਕਿਸੇ ਨੇ ਪੰਜਾਬ ਦੇ ਗਿੱਧੇ ਦੀਆਂ ਬੋਲੀਆਂ ਦਾ ਅਸਲਾ ਦੇਖਣਾ ਹੋਵੇ, ਉਸ ਲਈ ਛਪਾਰ ਦੇ ਮੇਲੇ ਜਾਣਾ ਜ਼ਰੂਰੀ ਹੈ, ਜਿੱਥੇ ਪਿੰਡਾਂ ਦੀਆਂ ਢਾਣੀਆਂ ਤੇ ਜੱਥੇ ਆਪਣੇ ਵੱਖੋ ਵੱਖਰੇ ਕਿਸਮਾਂ ਦੇ ਲਿਬਾਸਾਂ ਤੇ ਸ਼ਿੰਗਾਰਾਂ ਅਤੇ ਸਾਜ਼ਾਂ ਨਾਲ ਸਜੇ ਮੇਲੇ ਦੀਆਂ ਭੀੜਾਂ ਨੂੰ ਚੀਰਦੇ ਤੇ ਬੱਕਰੇ ਬੁਲਾਉਂਦੇ ਜੰਗਲ ਵਿਚ ਭੁੱਖੇ ਸ਼ੇਰ ਵਾਂਙ ਭਬਕਾਰਦੇ ਫਿਰ ਰਹੇ ਹੁੰਦੇ ਹਨ।

ਜਿੱਥੇ ਕਿਤੇ ਟਾਹਲੀਆਂ ਦਾ ਝੁੰਡ ਦਿੱਸਿਆ, ਜਾਂ ਬਜ਼ਾਰ ਦਾ ਚੌਂਕ ਆਇਆ ਜਾਂ ਕਿਧਰੇ ਦੂਜੇ ਪਿੰਡ ਦੀ ਢਾਣੀ ਲੰਘਦੀ ਦੇਖੀ ਉੱਥੇ ਹੀ ਆਪਣੀ ਕਲਾ ਦੀ ਪਰਦਰਸ਼ਨੀ ਲਈ ਅਖਾੜਾ ਗੱਡ ਦਿੱਤਾ। ਪੀਰਾਂ ਫ਼ਕੀਰਾਂ, ਦੇਵੀ ਮਾਤਾ ਤੇ ਗੁਰੂਆਂ ਦੀ ਅਰਾਧਨਾਂ ਕਰਨ ਦੇ ਮੰਗਲਾਚਰਨ ਪਿੱਛੋਂ ਲੜੀਦਾਰ ਬੋਲੀਆਂ ਆਰੰਭ ਹੋ ਜਾਂਦੀਆਂ ਹਨ।

ਪਹਿਲਾਂ ਨਾਮ ਮੈਂ ਹਰੀ ਦਾ ਜਪਦਾ, ਹੋਰ ਪਿੱਛੋਂ ਕੰਮ ਕਰਦਾ
ਜਿਹੜਾ ਫਲ ਕੇਰਾਂ ਟੁੱਟਿਆ, ਉਹ ਫੇਰ ਨੀ ਬੇਲ ਤੇ ਚੜ੍ਹਦਾ
ਮੰਨ ਕਹਿਣਾ ਸੰਤਾਂ ਦਾ, ਮਾੜੇ ਬੰਦੇ ਕੋਲ ਨੀ ਖੜ੍ਹਦਾ
ਨਾਉਂ ਪਰਮੇਸਰ ਦਾ, ਲੈ ਕੇ ਗਿੱਧੇ ਵਿਚ ਵੜਦਾ।

* * *

ਮੰਗਲਾਚਰਨ ਪਿੱਛੋਂ ਦੂਜੀ ਚੀਜ਼ ਹਰ ਢਾਣੀ ਦੇ ਸਾਹਮਣੇ ਆਪਣੇ ਪਿੰਡ ਦੇ ਮੁੰਡਿਆਂ ਦੀ ਸਿਫ਼ਤ ਦਾ ਮਸਲਾ ਹੈ, ਜਿਸ ਵਿਚ ਉਨ੍ਹਾਂ ਦੇ ਸੋਹਣੇ ਜਿਸਮ ਤੇ ਵੇਸ ਦਾ ਵੇਰਵਾ ਦੇ ਕੇ ਉਨ੍ਹਾਂ ਨੂੰ ਵਡਿਆਇਆ ਹੁੰਦਾ ਹੈ :—

ਸਾਡੇ ਪਿੰਡ ਦੇ ਮੁੰਡੇ ਵੇਖ ਲਉ, ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਮੋਢੇ ਬੰਨ੍ਹਦੇ ਚਾਦਰੇ, ਪਿੰਜਣੀ ਨਾਲ ਸੁਹਾਵੇ
ਦੁੱਧਾ-ਕਾਸ਼ਨੀ ਬੰਨ੍ਹਦੇ ਸਾਫ਼ੇ, ਜਿਉਂ ਉਡਿਆ ਕਬੂਤਰ ਜਾਵੇ
ਮਲਮਲ ਦੇ ਤਾਂ ਕੁੜਤੇ ਸੋਂਹਦੇ, ਜਿਉਂ ਬਗਲਾ ਤਲਾ ਵਿਚ ਨ੍ਹਾਵੇ
ਗਿੱਧਾ ਪਾਉਂਦੇ ਮੁੰਡਿਆਂ ਦੀ, ਸਿਫ਼ਤ ਕਰੀ ਨਾ ਜਾਵੇ।

ਫਿਰ ਛਪਾਰ ਦੇ ਮੇਲੇ ਦੇ ਜਸ ਦੀ ਬੋਲੀ ਚੱਕ ਲਈ ਜਾਂਦੀ ਹੈ ਜਿਸ ਵਿਚ ਇਲਾਕੇ ਦੇ ਵੈਲੀਆਂ ਤੇ ਮਚੀਆਂ ਲੁੱਟਾਂ ਦੀ ਸਥਾਨਕ ਛੋਹ ਵੀ ਦਿੱਤੀ ਗਈ ਹੁੰਦੀ ਹੈ।

ਆਰੀ ਆਰੀ ਆਰੀ
ਮੇਲਾ ਤਾਂ ਛਪਾਰ ਲਗਦਾ, ਜਿਹੜਾ ਲਗਦਾ ਜਗਤ ਤੋਂ ਭਾਰੀ
ਕੱਠ ਮੁਸ਼ਟੰਡਿਆਂ ਦਾ, ਉੱਥੇ ਬੋਤਲਾਂ ਮੰਗਾ ਲੀਆਂ ਚਾਲੀ
ਤਿੰਨ ਸੇਰ ਸੋਨਾ ਚੁਕਿਆ, ਭਾਨ ਚੱਕ ਲੀ ਹੱਟੀ ਦੀ ਸਾਰੀ
ਰਤਨ ਸਿੰਘ ਕੱਕੜਾਂ ਦਾ, ਜੀਹ ਤੇ ਚਲ ਗੇ ਮੁਕੱਦਮੇਂ ਚਾਲੀ
ਠਾਣੇਦਾਰ ਤਿੰਨ ਚੜ੍ਹ ਗੇ, ਨਾਲੇ ਪੁਲਸ ਚੜ੍ਹੀ ਸਰਕਾਰੀ
ਈਸ਼ੂ ਧੂਰੀ ਦਾ, ਜਿਹੜਾ ਡਾਂਗ ਦਾ ਬਹਾਦਰ ਭਾਰੀ
ਮੰਗੂ ਖੇੜੀ ਦਾ, ਪੁੱਠੇ ਹੱਥ ਦੀ ਗੰਡਾਸੀ ਉਹਨੇ ਮਾਰੀ

ਠਾਣੇਦਾਰ ਇਉਂ ਡਿਗਿਆ, ਜਿਵੇਂ ਹਲ 'ਚੋਂ ਡਿਗੇ ਪੰਜਾਲੀ
ਕਾਹਨੂੰ ਛੇੜੀ ਸੀ, ਨਾਗਾਂ ਦੀ ਪਟਿਆਰੀ।

* * *

ਅਖ਼ੀਰਲੀ ਤੁਕ ਨੂੰ ਦੁਹਰਾਉਂਦੀ ਇਹ ਗਿੱਧਾ ਪਾਰਟੀ ਬੱਕਰਾ ਬੁਲਾ ਕੇ ਆਸ ਪਾਸ ਖੜੇ ਹੋਏ ਲੋਕਾਂ ਦੀ ਭੀੜ ਚੀਰ ਕੇ ਅਗਲੇ ਪੜਾਉ ਤੇ ਜਾ ਖੜ੍ਹਦੀ ਹੈ। ਉਸ ਥਾਂ ਆਪਣੀ ਵਾਕਫ਼ੀ ਤੇ ਗਿਆਨ ਦੇ ਪਰਗਟਾਵੇ ਦੀ ਬੋਲੀ ਪਾਈ ਜਾਂਦੀ ਹੈ; ਕਿਰਸਾਣ ਦੇ ਕਿਹੜੇ ਕਿਹੜੇ ਸੰਦ, ਟਕੂਏ ਅਤੇ ਛਵੀਆਂ ਕਿੱਥੇ ਕਿੱਥੇ ਵਧੀਆ ਬਣਦੇ ਹਨ ਤੇ ਬੋਤਾ ਕਿਹੜੀ ਨਸਲ ਦਾ ਚੰਗਾ ਹੁੰਦਾ ਹੈ :

ਬੀਕਾਨੇਰ ਚੋਂ ਊਠ ਲਿਆਂਦਾ, ਦੇ ਕੇ ਰੋਕ ਪਚਾਸੀ
ਸ਼ਹਿਣੇ ਦੇ ਵਿਚ ਝਾਂਜਰ ਬਣਦੀ, 'ਮੁਕਸਰ' ਬਣਦੀ ਕਾਠੀ
ਭਾਈ ਬਖ਼ਤੌਰੇ ਬਣਦੇ ਟਕੂਏ, ਰੱਲੇ ਬਣੇ ਗੰਡਾਸੀ
ਰੌਂਤਿਆਂ ਦੇ ਵਿਚ ਬਣਦੇ ਕੂੰਡੇ, ਸ਼ਹਿਰ ਭਦੌੜ ਦੀ ਚਾਟੀ,
ਹਿੰਮਤਪੁਰੇ ਦੀਆਂ ਬਣੀਆਂ ਕਹੀਆਂ, ਕਾਸਾਪੁਰ ਦੀ ਦਾਤੀ
ਚੜ੍ਹ ਜਾ ਬੋਤੇ ਤੇ, ਮੰਨ ਲੈ ਭੌਰ ਦੀ ਆਖੀ।

ਇਕ ਪਾਸੇ ਇਉਂ ਗੱਭਰੂਆਂ ਦੀਆਂ ਢਾਣੀਆਂ ਖੜਦੁੰਬ ਮਚਾ ਰਹੀਆਂ ਹੁੰਦੀਆਂ ਹਨ ਦੂਜੇ ਪਾਸੇ ਰਾਤਾਂ ਨੂੰ ਜਲਸਿਆਂ ਵਿਚ ਨਚਾਰ ਪੈਲਾਂ ਪਾ ਰਹੇ ਹੁੰਦੇ ਹਨ।

ਪੇਂਡੂ ਪੰਜਾਬੀਆਂ ਅੰਦਰ ਇਸਤਰੀ-ਭੁਖ ਦਾ ਵਰਤਿਆ ਭੌਖੜਾ ਇਨ੍ਹਾਂ ਨਚਾਰਾਂ ਦੇ ਜਲਸਿਆਂ ਤੋਂ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ। ਜਿੱਥੇ ਇਕ ਜਾਂ ਦੋ ਮੁੰਡੇ ਜ਼ਨਾਨਿਆਂ ਵਾਲਾ ਵੇਸ ਕਰ ਕੇ, ਛਾਤੀਆਂ ਤੇ ਰੂ ਨਾਲ ਠੂਠੀਆਂ ਬੰਨ੍ਹ ਤੇ ਸਿਰ ਉੱਤੇ ਸੱਗੀ ਫੁੱਲ ਗੁੰਦ ਕੇ, ਕੁੜਤੀ, ਘੱਗਰੀ ਤੇ ਕੁਝ ਕੁ ਟੂੰਮਾਂ ਪਾ ਕੇ ਜਦੋਂ ਜਲਸੇ ਦੇ ਗੋਲ ਪਿੜ ਵਿਚ ਘੱਗਰੇ ਦੀ ਲੌਣ ਨੂੰ ਹੱਥ ਪਾ ਕੇ ਚੱਕਰ ਲਾਉਂਦੇ ਹਨ ਤਾਂ ਇਸ ਝੂਠੇ ਇਸਤਰੀ ਵੇਸ ਉੱਤੇ ਕਿਵੇਂ ਸੈਂਕੜੇ ਮਜਨੂੰ ਆਪਣੇ ਦਿਲ ਫ਼ਿਦਾ ਕਰ ਰਹੇ ਹੁੰਦੇ ਹਨ, ਇਹ ਵੇਖਣ ਵਾਲਾ ਨਜ਼ਾਰਾ ਹੀ ਹੁੰਦਾ ਹੈ।

ਇਨ੍ਹਾਂ ਨਚਾਰਾਂ ਦੀ ਨੱਚਣ ਕਲਾ ਦੇ ਨਾਲ ਨਾਲ ਗੱਭਰੂਆਂ ਅੰਦਰ ਖ਼ਾਹਸ਼ ਨੂੰ ਭੜਕਾਉਣ ਵਾਲੇ ਹਾਵ ਭਾਵ ਤੇ ਆਪਣੀ ਕਿਸਮ ਦੀਆਂ ਬੋਲੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਨਚਾਰ ਆਪਣੇ ਆਪ ਨੂੰ ਇਸ਼ਕ ਵਿਚ ਵਿੰਨ੍ਹੀ, ਮਿਲਾਪ ਲਈ ਜਾਨ ਘੋਲ ਰਹੀ ਪ੍ਰੇਮਕਾ ਦਾ ਰੂਪਕ ਬੰਨ੍ਹ ਬੰਨ੍ਹ ਕੇ ਇਤਨਾ ਪਿਆਰ-ਜੋਸ਼ ਭੜਕਾ ਦਿੰਦਾ ਹੈ ਕਿ ਸੈਂਕੜੇ ਰੁਪਈਏ ਉਸ ਉੱਤੋਂ ਵਾਰੇ ਜਾਂਦੇ ਹਨ।

ਦੁਕਾਨਾਂ ਵਾਲਿਆਂ ਨੂੰ ਇਸ ਮੇਲੇ ਤੇ ਚੋਖੀ ਖੱਟੀ ਕਰਾਈ ਜਾਂਦੀ ਹੈ। ਜਿਸ ਹੱਟੀ ਤੇ ਢਾਣੀ ਖੜ੍ਹ ਗਈ, ਜਲੇਬੀਆਂ ਦੇ ਥਾਲਾਂ ਦੇ ਥਾਲ ਹੂੰਝ ਸੁਟੇ। ਜੇ ਬਰਫ਼ੀ ਦਾ ਚੱਕਰ ਚੱਲਿਆ ਤਾਂ ਉਸ ਦਾ ਖ਼ਾਤਮਾ, ਜੇ ਗੋਲ ਗੱਪਿਆਂ ਵਾਲਾ ਟੱਕਰ ਗਿਆ ਤਾਂ ਉਸ ਦਾ ਸਾਰਾ ਲਟਾਪਟਾ ਕਿਉਂਟ ਛੱਡਿਆ; ਪਕੌੜੇ, ਦਹੀਂ, ਭੱਲੇ, ਬੱਤੇ, ਜੋ ਮਿਲਿਆ ਬਿਨਾਂ ਕਿਸੇ ਪਥ-ਪਰਹੇਜ਼ ਤੋਂ ਡਕਾਰ ਛੱਡਿਆ। ਚਾਹ ਦੀਆਂ ਬਾਟੀਆਂ ਵਿਚ ਡਬਲ ਰੋਟੀ ਭੋਰ ਕੇ ਚਮਚਿਆਂ ਨਾਲ ਖਾ ਕੇ ਸ਼ਹਿਰੀ ਕਿਸਮ ਦੀਆਂ ਚੀਜ਼ਾਂ ਖਾਣ ਦੀ ਪ੍ਰੈਕਟਿਸ ਵੀ ਕੀਤੀ ਜਾਂਦੀ ਹੈ। ਘਰਾਂ ਨੂੰ ਜਾਣ ਵੇਲੇ ਕੁਝ ਚੀਜ਼ਾਂ ਖ਼ਰੀਦਣ ਲਗਿਆਂ ਜਿੱਥੇ ਡੰਗਰਾਂ ਲਈ ਘੁੰਗਰਾਲਾਂ, ਬੋਤਿਆਂ ਦੀਆਂ ਝਾਂਜਰਾਂ, ਊਠਾਂ ਦੀਆਂ ਨਕੇਲਾਂ, ਕੁੱਤਿਆਂ ਲਈ ਪਟੇ, ਟਕੂਏ, ਡਾਂਗਾਂ, ਖੇਤੀ ਬਾੜੀ ਤੇ ਆਪੋ ਆਪਣੇ ਪੇਸ਼ੇ ਲਈ ਲੋੜੀਂਦੇ ਸੰਦ ਬੇਤ ਦੀ ਖ਼ਰੀਦ ਕੀਤੀ ਜਾਂਦੀ ਹੈ, ਉੱਥੇ ਆਪਣੇ ਦਿਲ ਦੇ ਮਹਿਰਮਾਂ ਲਈ ਮਠਿਆਈ ਦੀਆਂ ਨਿਸ਼ਾਨੀਆਂ ਵੀ ਲਈਆਂ ਜਾਂਦੀਆਂ ਹਨ। ਜੇ ਅਜੇਹਾ ਨਾ ਕੀਤਾ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਪਿੰਡ ਜਾ ਕੇ ਸੁਣਨਾ ਪਵੇਗਾ :—

ਮੇਰੀ ਰੋਂਦੀ ਨਾ ਵਿਰਾਈ ਬੰਤੀ, ਵੇ ਕੀ ਲੱਪ ਰਿਉੜੀਆਂ ਦੀ !

ਇਉਂ ਤਿੰਨ ਦਿਨ ਗੁੱਗੇ ਪੀਰ ਦੀ ਮਿੱਟੀ ਕੱਢਣ ਦੇ ਨਾਲ ਨਾਲ ਪੰਜਾਂ ਸੱਤਾਂ ਮੀਲਾਂ ਵਿਚ ਮਿੱਟੀ ਘੱਟਾ ਉਡਾ ਉਡਾ ਕੇ ਛਪਾਰ ਦੇ ਮੇਲੇ ਤੋਂ ਆਉਂਦੇ ਸਾਲ ਤਕ ਇਹ ਕਹਿ ਕੇ ਰੁਖ਼ਸਤ ਲਈ ਜਾਂਦੀ ਹੈ —

ਜੀਉਂਦੇ ਰਹੇ ਤਾਂ ਮਿਲਾਂ ਗੇ ਸੌ ਵਾਰੀ, ਮਰ ਗਏ ਤਾਂ ਫੇਰ ਰੱਬ ਰਾਜ਼ੀ ।

## ਜਰਗ ਦਾ ਮੇਲਾ

ਪੈਲ ਤਹਿਸੀਲ ਵਿਚ ਜਰਗ ਤਕੜਾ ਵੱਡਾ ਪਿੰਡ ਹੈ । ਆਸ ਪਾਸ ਦੇ ਲੋਕ ਜਰਗ-ਪੈਲ ਦਾ ਸਮਾਸ ਬਣਾ ਕੇ ਸ਼ਹਿਰ ਪੈਲ ਤੇ ਪਿੰਡ ਜਰਗ ਨੂੰ ਇੱਕੋ ਜਹੀ ਪਰਸਿੱਧੀ ਦਾ ਮਾਲਕ ਜਤਾਉਂਦੇ ਹਨ । ਪੈਲ ਤਹਿਸੀਲ ਤੇ ਕਸਬਾ ਹੋਣ ਕਰਕੇ ਪਰਸਿੱਧ ਹੈ ਤੇ ਜਰਗ ਇਸ ਕਰਕੇ ਕਿ ਇੱਥੇ ਭਾਰੀ ਮੇਲਾ ਲਗਦਾ ਹੈ । ਇਹ ਮੇਲਾ ਚੇਤ ਦੇ ਮਹੀਨੇ ਬਾਸੜੀਏ ਦਾ ਮੇਲਾ ਵੀ ਕਹਾਉਂਦਾ ਹੈ । ਬਾਸੜੀਏ ਜਾਂ ਬਾਹਿੜੀਏ ਦਾ ਅਰਥ ਹੈ 'ਬੇਹਾ-ਪਣ' । ਚੇਤ ਦੇ ਮੰਗਲਵਾਰ ਦੀ ਸਵੇਰ ਤੋਂ ਇਕ ਦਿਨ ਪਹਿਲਾਂ ਗੁਲਗੁਲੇ ਪਕਾਏ ਜਾਂਦੇ ਹਨ, ਰਾਤ ਨੂੰ ਸੁੱਚੇ ਰਖ ਕੇ ਦੂਜੇ ਦਿਨ ਬੇਹੇ ਹੋ ਜਾਣ ਤੇ ਮਾਤਾ ਰਾਣੀ ਦੀ ਪੂਜਾ ਕਰ ਕੇ ਪਹਿਲਾਂ ਗਧੇ ਨੂੰ ਖੁਆ ਕੇ ਖਾਧੇ ਜਾਂਦੇ ਹਨ । ਇਉਂ ਗੁਲਗੁਲੇ ਬੇਹੇ ਕਰ ਕੇ ਖਾਣ ਤੋਂ ਬਾਹਿੜੀਆਂ ਜਾਂ ਬਾਸੜੀਆਂ ਲਫਜ਼ ਬਣਿਆ ਮਲੂਮ ਹੁੰਦਾ ਹੈ । ਇਹ ਤਿਉਹਾਰ ਮਾਲਵੇ, ਖ਼ਾਸ ਕਰ ਕੇ ਪੁਆਧ ਦੇ ਹਰ ਪਿੰਡ ਵਿਚ ਮਨਾਇਆ ਜਾਂਦਾ ਹੈ । ਜਿਸ ਘਰ ਦੇ ਕਿਸੇ ਜੀ ਦੇ ਮਾਤਾ ਨਿਕਲੀ ਹੋਵੇ ਉਸ ਵੱਲੋਂ ਤਾਂ ਇਸ ਦਿਨ ਮਾਤਾ ਰਾਣੀ ਦੀ ਸੁਖਣਾ ਚੜ੍ਹਾਉਣੀ ਪੱਕੀ ਪਿਰਤ ਹੈ ਹੀ, ਜਿਸ ਘਰ ਮਾਤਾ ਨਾ ਨਿਕਲੀ ਹੋਵੇ ਉਹ ਮਾਤਾ ਰਾਣੀ ਨੂੰ ਖ਼ੁਸ਼ ਕਰਨ ਲਈ, ਕਿ ਸਾਡੇ ਕਿਸੇ ਜੀ ਦੇ ਨਾ ਨਿਕਲੇ, ਅੱਗੋਂ ਹੀ ਬਾਂਨਣੂ ਬੰਨ੍ਹ ਲੈਣਾ ਚੰਗਾ ਸਮਝਦੇ ਹਨ ।

ਲੋਕਾਂ ਦੇ ਖ਼ਿਆਲ ਵਿਚ ਛੋਟੇ ਛੋਟੇ ਬੱਚਿਆਂ ਦੇ ਖ਼ੂਨ ਦੀ ਖ਼ਰਾਬੀ ਜਾਂ ਲਾਗ ਕਾਰਨ ਪਾਣੀ ਝਾਰਾ, ਪਿਲਕਰੇ ਤੇ ਪਿੰਡੇ ਉੱਤੇ ਜੋ ਵੱਡੇ ਵੱਡੇ ਛਾਲੇ ਜਹੇ (ਚੇਚਕ) ਨਿਕਲਦੇ ਹਨ, ਇਹ ਸੀਤਲਾ ਦੇਵੀ ਦੀ ਦਿਆਲਤਾ ਹੁੰਦੀ ਹੈ । ਕਹਿੰਦੇ ਹਨ, ਇਕ ਵਾਰੀ ਤਾਂ ਇਹ ਹਰ ਜੀ ਉੱਤੇ ਜ਼ਰੂਰ 'ਮਿਹਰ' ਕਰਦੀ ਹੈ ।

ਪੁਰਾਣੀਆਂ ਸੁਆਣੀਆਂ ਦੇ ਖ਼ਿਆਲ ਵਿਚ ਸੀਤਲਾ ਮਾਤਾ ਇਕ ਦੇਵੀ ਹੈ ਜਿਹੜੀ ਖੋਤੇ ਦੀ ਸਵਾਰੀ ਕਰ ਕੇ ਖ਼ੁਸ਼ ਹੁੰਦੀ ਹੈ ਤੇ ਹਰ ਜੀ ਨੂੰ ਪਿੰਡੋਂ ਪਿੰਡ ਦੇਖਦੀ ਰਹਿੰਦੀ ਹੈ । ਇਸ ਨੂੰ ਖ਼ੁਸ਼ ਰੱਖਣ ਲਈ ਜਦੋਂ ਇਹ ਕਿਸੇ ਜੀ ਦੇ ਨਿਕਲੀ ਹੋਵੇ, ਖ਼ਾਸ ਰੱਖਾਂ ਅਤੇ ਉਪਾਵਾਂ ਤੋਂ ਇਲਾਵਾ ਗਧੇ ਦੀ ਪੂਜਾ ਕਰਨ ਖ਼ਾਸ 'ਕਰਮ-ਧਰਮ' ਸਮਝਿਆ ਜਾਂਦਾ ਹੈ । ਜਦੋਂ ਮਾਤਾ ਨਿਕਲਦੀ ਹੈ, ਝੀਊਰ ਨੂੰ ਸੱਦ ਕੇ ਜੰਤਰ ਮੰਤਰ ਕਰਾਏ ਜਾਂਦੇ ਹਨ । ਬਹੁਤ ਸਾਰੇ ਲੋਕ ਤਾਂ ਬਾਹਿੜੀਏ ਨੂੰ ਇਸ ਤਰ੍ਹਾਂ ਦੀ ਪੂਜਾ ਆਪਣੇ ਪਿੰਡ ਹੀ ਕਰ ਲੈਂਦੇ ਹਨ, ਪਰ ਸੀਤਲਾ ਮਾਈ ਦੇ ਅਨਿੰਨ ਭਗਤ ਦੂਰ ਦੂਰ ਤੋਂ ਜਰਗ ਪਹੁੰਚ ਕੇ ਇੱਥੇ ਇਕ ਟੋਭੇ ਵਿੱਚੋਂ ਮਿੱਟੀ ਕੱਢ ਕੱਢ ਕੇ ਖ਼ਾਸੀ ਉੱਚੀ ਮਟੀਲੀ ਰਚ ਦਿੰਦੇ ਹਨ ਤੇ ਆਖਦੇ ਹਨ, ਇਹ ਮਾਤਾ ਰਾਣੀ ਦੀ ਖ਼ਾਸ ਥਾਂ ਹੈ ।

ਸਾਹਮਣੇ ਮਾਤਾ ਰਾਣੀ ਦੀ ਮਟੀਲੀ ਹੁੰਦੀ ਹੈ ਤੇ ਦੂਜੇ ਪਾਸੇ ਪੇਂਡੂ ਮੁਟਿਆਰਾਂ ਦੇ 'ਸਿਰ ਗੁੰਦ ਦੇ ਕੁਪੱਤੀਏ ਨੈਣੇ, ਉੱਤੇ ਪਾ ਦੇ ਡਾਕ ਬੰਗਲਾ', ਕਥਨ ਅਨੁਸਾਰ ਡੋਰੀਆਂ, ਸੱਗੀ ਫੁਲ ਤੇ ਬਘਿਆੜੀ ਵਗ਼ੈਰਾ ਨਾਲ ਸਜਾਏ ਸਿਰ ਗੁੰਦੇ ਦੇਖ ਕੇ ਮੁੰਡੇ ਗਾ ਉੱਠਦੇ ਹਨ :—

'ਜਿਹਾ ਦੇਖਿਆ ਜਰਗ ਦਾ ਮੇਲਾ, ਜਹੀ ਤੇਰੀ ਗੁੱਤ ਦੇਖ ਲੀ ।'

'ਤੀਵੀਂ ਨੂੰ ਰਾਹ, ਬਲਦ ਨੂੰ ਗਾਹ', ਦੇ ਅਖਾਣ ਮੁਤਾਬਕ ਭਾਵੇਂ ਮੇਲੇ ਹੀ ਜਾਣਾ ਹੁੰਦਾ ਹੈ, ਪਰ ਵਾਟ ਤੇ ਮੁੜਾ ਢੁੱਕਣ ਤੋਂ ਡਰਦੀਆਂ ਕਈ ਮੇਲੇ ਜਾਣ ਤੋਂ ਜਦੋਂ ਘਬਰਾ ਜਾਂਦੀਆਂ ਹਨ ਤਾਂ ਇਕ ਲੋਕ-ਬੋਲੀ ਅਜੇਹੀਆਂ ਸੀਤਲਾ-ਭਗਤ ਦੇਵੀਆਂ ਲਈ ਇਕ ਵੰਗਾਰ ਦਾ ਕੰਮ ਦਿੰਦੀ ਹੈ :—

'ਚਲ ਚਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲੂੰ'।

ਜਰਗ ਗੂੜ੍ਹੇ ਪੁਆਧ ਦੀ ਧੁੰਨੀ ਹੈ। ਪੁਆਧ ਵਿਚ ਛੋਟੀਆਂ ਜਾਤਾਂ ਦੇ ਲੋਕ ਰਸਮਾਂ-ਰਿਵਾਜਾਂ ਵਿਚ ਪੂਰੇ ਸੂਰੇ ਉਤਰਨ ਲਈ ਬੜੀਆਂ ਬਰੀਕੀਆਂ ਛਾਂਟਦੇ ਰਹਿੰਦੇ ਹਨ। ਇਕ ਬਿਰਾਦਰੀ ਦਾ ਬੰਦਾ ਕੋਈ ਰਵਾਇਤ ਭੰਨ ਦੇਵੇ, ਮੁੰਡਾ ਕੁੜੀ ਵਿਆਹੁਣ ਵੇਲੇ ਪੂਰੇ ਗੋਤ ਨਾ ਰੱਖੇ, ਕੋਈ ਧੀ ਦੇ ਪੈਸੇ ਲੈ ਲਵੇ, ਜੰਵ ਵੱਧ ਸੱਦ ਲਵੇ, ਕਿਸੇ ਦੂਜੀ ਜਾਤ ਦੀ ਜ਼ਨਾਨੀ ਨੂੰ ਘਰ ਪਾ ਲਵੇ, ਗੱਲ ਕੀ ਬਿਰਾਦਰੀ ਦਾ ਕੋਈ ਬੰਧੇਜ ਤੋੜ ਬੈਠੇ ਤਾਂ ਇਸ ਇਲਾਕੇ ਦੇ ਚੌਧਰੀ ਮੇਲੇ ਉੱਤੇ ਇਕੱਠ ਕਰ ਕੇ ਪਹਿਲੀ ਸੱਟੇ ਹੀ ਉਸ ਦਾ 'ਹੁੱਕਾ ਪਾਣੀ' ਛੇਕ ਦਿੰਦੇ ਹਨ।

ਮੁੰਡਿਆਂ ਦੀ ਢਾਣੀ ਤੋਂ ਅੱਗੇ ਜਾਵੋ ਤਾਂ ਘੁਮਿਆਰ ਆਪਣੇ ਗਧਿਆਂ ਉੱਤੇ ਰੰਗ ਬਰੰਗੇ ਝੁੱਲ ਪਾ ਕੇ ਅਤੇ ਗਲ ਵਿਚ ਘੋਗਿਆਂ ਤੇ ਕੌਡੀਆਂ ਦੇ ਕੈਂਠੇ ਸਜਾ ਕੇ ਲਈ ਖੜੇ ਹੁੰਦੇ ਹਨ। ਮਾਤਾ ਰਾਣੀ ਦੇ ਥਾਨ ਤੋਂ ਗੁਲਗੁਲੇ ਚੜ੍ਹਾ ਚੜ੍ਹਾ ਤੀਵੀਆਂ ਤੇ ਆਦਮੀ ਇਨ੍ਹਾਂ ਗਧਿਆਂ ਨੂੰ ਭੋਗ ਲਵਾਉਣ ਲਈ ਜਿਸ ਸ਼ਰਧਾ ਤੇ ਸਿਦਕ ਨਾਲ ਪਹੁੰਚਦੇ ਹਨ, ਉਹੋ ਜਿਹੀ ਯਾਤਰਾ ਕੁਝ ਮਹਾਨ ਧਰਮ-ਅਸਥਾਨਾਂ ਉੱਤੇ ਹੀ ਦੇਖੀ ਜਾ ਸਕਦੀ ਹੈ।

ਗਧਿਆਂ ਅੱਗੇ ਜੌਂ, ਪਿੰਨੇ, ਮੋਠ ਤੇ, ਬਾਜਰੇ ਦੀਆਂ ਬੱਕਲੀਆਂ, ਪਾਈਆਂ ਹੁੰਦੀਆਂ ਹਨ। ਜਦੋਂ ਗੁਲਗੁਲਿਆਂ ਨਾਲ ਰੱਜੇ-ਪੁੱਜੇ ਗਧੇ ਹਿਣਕਦੇ ਹਨ ਤਾਂ ਸਾਰੇ ਸ਼ਰਧਾਲੂ ਗਧੇ ਦੇ ਇਉਂ ਹਿਣਕਣ ਨੂੰ ਆਪਣੀ 'ਘਾਲ ਥਾਇ ਪਈ' ਸਮਝ ਕੇ ਲੱਖ ਲੱਖ ਸ਼ੁਕਰ ਮਨਾਉਂਦੇ ਹਨ। ਮਾਤਾ ਰਾਣੀ ਦਾ ਵਾਹਨ ਜੋ ਖ਼ੁਸ਼ ਹੋ ਗਿਆ।

ਕੋਲ ਬੈਠੇ ਘੁਮਿਆਰ ਆਪਣੇ ਲਗੋਜਿਆਂ ਤੇ ਵੰਝਲੀ ਨੂੰ ਹੋਰ ਲੰਮੀ ਫੂਕ ਨਾਲ ਵਜਾਉਣ ਲੱਗ ਜਾਂਦੇ ਹਨ ਕਿ ਚਲੋ ਗਧੇ ਚੰਗੇ ਰੱਜ ਗਏ ਨੇ ਹੁਣ ਚਾਰ ਦਿਨ ਭਾੜਾ ਤਾਂ ਦੱਬ ਕੇ ਵਾਹਾਂਗੇ। ਮਾਤਾ ਰਾਣੀ ਦੇ ਥਾਨ ਤੇ ਦੂਜੀਆਂ ਕਿਸਮਾਂ ਦੇ ਚੜ੍ਹਾਵਿਆਂ ਦੀ ਪਰਾਪਤੀ ਦੇ ਹੱਕਦਾਰ ਝੀਊਰ ਮੰਨੇ ਜਾਂਦੇ ਹਨ। ਇਹ ਆਪਣੀਆਂ ਭੇਟਾਂ ਦਾ ਕੀਰਤਨ 'ਜੈ ਹੋਵੇ ਮਹਾਂ ਮਾਈ ਤੇਰੀ ਜੈ ਹੋਵੇ' ਦੀ ਧੁਨੀ ਵਿਚ ਕਰਦੇ ਹਨ। ਕਦੇ ਕਦੇ ਜਦੋਂ ਨਵੀਂ ਟੋਲੀ ਕੋਲ ਦੀ ਲੰਘਦੀ ਹੈ ਤਾਂ ਉਹ ਆਪਣੀ ਅਤੇ ਮੇਲੇ ਉੱਤੇ ਆਏ ਸ਼ਰਧਾਲੂਆਂ ਦੀ ਸਾਰੀ ਭਾਵਨਾ ਇੱਕੋ ਵਾਰ ਇਸ ਤਰ੍ਹਾਂ ਬੰਨ੍ਹ ਕੇ ਵਿਖਾਉਂਦੇ ਹਨ ਕਿ ਸਰੋਤਾ ਜਨਾਂ ਲਈ ਉਸ ਤੋਂ ਅੱਗੇ ਕੁਝ ਸੁਣਨ ਤੇ ਸੁਣਾਉਣ ਦੀ ਭੁੱਖ ਹੀ ਨਹੀਂ ਰਹਿ ਜਾਂਦੀ :—

ਮਾਤਾ ਰਾਣੀਏ ! ਗੁਲਗੁਲੇ ਖਾਣੀਏ ! ਆਸ ਪੂਰੀ ਸਾਡੀ ਕਰਦੇ।

## ਜਗਰਾਵਾਂ ਦੀ ਰੋਸ਼ਨੀ

ਜ਼ਿਲਾ ਲੁਧਿਹਾਣੇ ਦੇ ਜਗਰਾਉਂ ਸ਼ਹਿਰ ਵਿਚ ੧੪,੧੫,੧੬ ਫੱਗਣ ਨੂੰ ਇਕ ਭਾਰੀ ਮੇਲਾ ਲਗਦਾ ਹੈ। ਇਸ ਮੇਲੇ ਦਾ ਮੁਢ ਮੋਨਿਆਂ ਵਾਲੇ ਫ਼ਕੀਰ ਦੀ ਕਬਰ ਉੱਤੇ ਮਨੋ-ਕਾਮਨਾ ਪੂਰੀਆਂ ਹੋਣ ਵਾਲਿਆਂ ਦੀਆਂ ਚੌਂਕੀਆਂ ਭਰਨ ਤੋਂ ਹੋਇਆ। ਫ਼ਕੀਰ ਦੀ ਕਬਰ ਉੱਤੇ ਕਿਉਂਕਿ ਚਰਾਗ਼ ਮਚਾਏ ਜਾਂਦੇ ਸਨ, ਇਸ ਲਈ ਇਸ ਦਾ ਨਾਂ ਰੋਸ਼ਨੀ ਦਾ ਮੇਲਾ ਪੈ ਗਿਆ।

ਇਸ ਪੀਰ ਦੇ ਭਗਤਾਂ ਨੂੰ ਜਦੋਂ ਹਾਲ ਪੈਂਦਾ ਹੈ ਤਾਂ ਹਰ ਕਿਸਮ ਦੀਆਂ ਪੁੱਛਾਂ ਦਸਦੇ ਹਨ,ਅਤੇ ਪੀਰ ਦੀ ਕਬਰ ਉੱਤੇ ਸੁਖੀਆਂ ਸੁੱਖਾਂ ਹੁਣ ਤਕ ਬਰ ਆਉਂਦੀਆਂ ਦੱਸੀਆਂ ਜਾਂਦੀਆਂ ਹਨ। ਇਸ ਲਈ ਇਸ ਮੇਲੇ ਤੋਂ ਹਫ਼ਤਾ ਹਫ਼ਤਾ ਪਹਿਲਾਂ ਦੂਰ ਦੂਰ ਤੋਂ ਭਗਤਾਂ ਤੇ ਸੁੱਖਾਂ ਦੇਣ ਵਾਲਿਆਂ ਦੇ ਸੰਗ ਬਣ ਕੇ ਟੁਰਦੇ ਹਨ। ਬਿਨਾਂ ਕਿਸੇ ਦਾ ਕੁਝ ਖਾਧੇ ਪੀਤੇ, ਰਾਤ ਨੂੰ ਭੁੰਜੇ ਪੈ ਪੈ ਕੇ ਇਹ ਲੋਕ ਜਗਰਾਵੀਂ ਚੌਂਕੀ ਭਰਨ ਪੁੱਜਦੇ ਹਨ। ਪਹਿਲੇ ਦਿਨ ਚੌਂਕੀਆਂ ਹੁੰਦੀਆਂ ਹਨ ਜਦੋਂ ਸਭ ਭਗਤ ਲੋਕ ਸ਼ਰਧਾ ਨਾਲ ਪੀਰ ਦੀ ਕਬਰ ਤੇ ਨਿਆਜ਼ਾਂ ਚੜ੍ਹਾਉਂਦੇ ਅਤੇ ਉਸ ਦੀ ਉਸਤਤੀ ਗਾ ਗਾ ਕੇ ਆਪਣੇ ਮਨ ਦੀ ਗੁਆਚੀ ਸ਼ਾਂਤੀ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਚੌਂਕੀਆਂ ਤੋਂ ਦੂਜੇ ਦਿਨ ਜਦੋਂ ਆਮ ਲੋਕਾਂ ਦਾ ਇਕੱਠ ਜੁੜਦਾ ਹੈ, ਉਦੋਂ ਖ਼ਲਕਤ ਦੇ ਇਨ੍ਹਾਂ ਮਹਾਂ ਪੀਰਾਂ ਦੀਆਂ ਨਿਆਜ਼ਾਂ ਤੇ ਭੇਟਾ ਚੜ੍ਹਾਉਣ ਵਾਲੇ ਗਵੱਈਏ ਦੀ

ਪੁੱਜ ਜਾਂਦੇ ਹਨ ।

ਕਲੀਆਂ ਵਾਲਿਆਂ ਦੀ ਟੋਲੀ ਲੰਘਦੀ ਹੈ ਤਾਂ ਤੂੰਬੇ ਵਾਲੀ ਗਿੱਧਾ ਪਾਰਟੀ ਆ ਧਮਕਦੀ ਹੈ ਤੇ ਇਉਂ ਗਾਉਂਦੀ ਹੈ :—

ਆਰੀ ਆਰੀ ਆਰੀ,
ਵਿਚ ਜਗਰਾਵਾਂ ਦੇ ਲਗਦੀ ਰੌਸ਼ਨੀ ਭਾਰੀ
ਮੁਨਸ਼ੀ ਡਾਂਗੋਂ ਦਾ, ਡਾਂਗ ਰਖਦਾ ਗੰਡਾਸੀ ਵਾਲੀ
ਕੇਹਰਾ ਰਕਬੇ ਦਾ, ਉਹ ਕਰਦਾ ਲੜਾਈ ਭਾਰੀ
ਅਰਜਨ ਚੀਮਿਆਂ ਦਾ, ਉਹ ਡਾਕੇ ਮਾਰਦਾ ਭਾਰੀ
ਮੋਦਨ ਭੌਂਕਿਆਂ ਦਾ ਜੀਹਨੇ ਕੁੱਟ ਤੀ ਪੰਡੋਰੀ ਸਾਰੀ
ਧੰਨ ਕੌਰ ਦੌਧਰ ਦੀ, ਜਿਹੜੀ ਬੈਲਣ ਹੋ ਗਈ ਕਾਰੀ
'ਮੱਲਕ ਸੂਰਮੇ ਨੇ, ਹੱਥ ਜੋੜ ਕੇ ਗੰਡਾਸੀ ਮਾਰੀ
ੳ ਪਰਲੋ ਆ ਜਾਂਦੀ, ਨਾ ਹੁੰਦੀ ਜੇ ਪੁਲਸ ਸਰਕਾਰੀ ।

ਚੰਗੇ ਪਹਿਲਵਾਨਾਂ ਦੇ ਮੇਲਿਆਂ ਉੱਤੇ ਘੋਲ ਟਿਕਟਾਂ ਉੱਤੇ ਕਰਾਏ ਜਾਂਦੇ ਹਨ, ਜਿਨ੍ਹਾਂ ਦੀ ਆਮਦਨੀ ਪਹਿਲਵਾਨਾਂ ਵਿਚ ਵੰਡ ਦਿੱਤੀ ਜਾਂਦੀ ਹੈ । ਕਈ ਵਾਰ ਘੋਲਾਂ ਦੇ ਚੁਕਤੀ ਠੇਕੇ ਵੀ ਕਰ ਲਏ ਜਾਂਦੇ ਹਨ । ਘੋਲਾਂ ਦੇ ਅਖਾੜੇ ਜੰਗਲ ਦਾ ਇਲਾਕਾ ਨਾਲ ਲਗਦਾ ਹੋਣ ਕਰਕੇ ਰੌਸ਼ਨੀ ਦੇ ਮੇਲੇ ਤੇ ਵਧੇਰੇ ਲਗਦੇ ਹਨ । ਇਨ੍ਹਾਂ ਘੋਲਾਂ ਦੀ ਯਾਦ ਵਿਚ ਹੁਣ ਵੀ ਬੋਲੀ ਪਾਈ ਜਾਂਦੀ ਹੈ :

ਆਰਾ ਆਰਾ ਆਰਾ
ਕੱਕੜਾਂ ਦੇ ਮੇਲੇ ਤੇ, ਮਰ ਗਿਆ ਮੋਰ ਬਿਚਾਰਾ
ਟਿਕਟਾਂ ਦੇ ਘੋਲ ਬੱਝ ਗਏ, ਦੁਨੀਆਂ ਬੰਨ੍ਹਦੀ ਖਾੜਾ
ਵਟਨ ਮੂਹਰੇ ਅਰਜ਼ ਕਰੇ, ਚੰਦ ਮੈਥੋਂ ਜ਼ੋਰ ਦਾ ਭਾਰਾ
ਮੁਧਕਰ ਨਾ ਚੁਕਦੇ, ਚੰਦਾ ਢੈ ਗਿਆ ਦਵਾਈ ਵਾਲਾ
ਰਾਤੀਂ ਕੀ ਗੁਜ਼ਰੀ, ਦੱਸ ਬਿਸ਼ਨੀ ਦਿਆ ਯਾਰਾ ।

## ਹੈਦਰ ਸ਼ੇਖ਼ ਦਾ ਮੇਲਾ

ਕੋਟਲਾ ਤੇ ਮਲੇਰ ਦੋ ਨਗਰਾਂ ਨੂੰ ਮਿਲਾ ਕੇ ਮਲੇਰ-ਕੋਟਲਾ ਬਣਦਾ ਹੈ । ਮਲੇਰ ਢਹਿ ਰਹੀ ਹੈ, ਕੋਟਲਾ ਪਹਿਲਾਂ ਰਿਆਸਤ ਦੀ ਰਾਜਧਾਨੀ ਸੀ । ਇਸ ਸ਼ਹਿਰ ਦੀ ਪੱਛਮ ਦੀ ਗੁੱਠ ਨੂੰ ਖ਼ਾਸੇ ਉੱਚੇ ਥਾਂ ਉੱਤੇ ਹੈਦਰ ਸ਼ੇਖ਼ ਦਾ ਮਕਬਰਾ ਹੈ । ਇਸ ਮਕਬਰੇ ਉਤੇ ਉਂਞ ਤਾਂ ਹਰ ਇਕਾਦਸੀ ਨੂੰ ਹੀ ਧਰਤੀ ਉੱਤੇ ਸੌਂ ਸੌਂ ਕੇ ਚੌਂਕੀਆਂ ਭਰਨ ਵਾਲੇ ਕਾਫ਼ੀ ਲੋਕ ਪੁਜ ਜਾਂਦੇ ਹਨ, ਪਰ ਨਿਮਾਣੀ ਇਕਾਦਸੀ ਵਾਲੇ ਤੇ ਇਕ ਦਿਨ ਅੱਗੋਂ ਤੇ ਪਿੱਛੋਂ ਤਿੰਨ ਰੋਜ਼ ਅਜੇਹਾ ਧੜੱਲੇਦਾਰ ਮੇਲਾ ਲਗਦਾ ਹੈ ਕਿ ਆਸ ਪਾਸ ਦਸ ਦਸ ਕੋਹ ਦਾ ਇਲਾਕਾ ਹਲੂਣਿਆ ਜਾਂਦਾ ਹੈ । ਚੌਂਕੀਆਂ ਭਰਨ ਵਾਲੇ ਕਾਲੇ ਬੱਕਰੇ ਜਾਂ ਕਾਲੇ ਕੁੱਕੜ ਦੀ ਸੁੱਖਣਾ ਹੀ ਸੁੱਖਦੇ ਹਨ । ਮਜੌਰਾਂ ਨੂੰ ਨੁਕਲ ਪਾਣੀ ਜੋਗੀਆਂ ਵੱਖਰੀਆਂ ਨਿਆਜ਼ਾਂ ਭੇਟ ਕੀਤੀਆਂ ਜਾਂਦੀਆਂ ਹਨ ।

ਲੋਕਾਂ ਦੀ ਸ਼ਰਧਾ ਹੈ ਕਿ ਜੇ ਕਿਸੇ ਦੇ ਘਰ ਉਲਾਦ ਨਾ ਹੁੰਦੀ ਹੋਵੇ, ਤਾਂ ਹੈਦਰ ਸ਼ੇਖ਼ ਜੀ ਦੀ ਸੁੱਖ ਸੁੱਖਣ ਨਾਲ ਔਲਾਦ ਹੁੰਦੀ ਹੈ, ਜੇ ਉਹ ਖ਼ੁਸ਼ ਹੋਣ ਤਾਂ ਉਹ ਬਖ਼ਸ਼ਸ਼ ਵੀ ਪੁੱਤਰਾਂ ਦੀ ਹੀ ਕਰਦੇ ਹਨ । ਜੇ ਕਿਸੇ

ਜੀ ਨੂੰ ਭੂਤ ਪ੍ਰੇਤ ਦੀ ਛਾਇਆ ਹੋ ਗਈ ਹੋਵੇ ਜਾਂ ਕਿਸੇ ਤਰ੍ਹਾਂ ਹੋਰ ਰੁੱਧਿਆ ਹੋਵੇ, ਹੈਦਰ ਸ਼ੇਖ਼ ਦਾ ਰੋਟ ਪਕਾਉਣ ਨਾਲ ਉਸ ਦੇ ਸਿਰੋਂ ਸਾਰੇ ਭਾਰ ਲਹਿ ਜਾਂਦੇ ਹਨ ਤੇ ਉਹ ਪਗ ਵਰਗਾ ਹੌਲਾ ਹੋ ਜਾਂਦਾ ਹੈ । ਹੈਦਰ ਸ਼ੇਖ਼ ਦੇ ਪਿੰਡਾਂ ਵਿਚ ਸੋਲ ਏਜੰਟ ਆਮ ਤੌਰ ਤੇ ਭਰਾਈ ਹੀ ਹਨ ਜਿਹੜੇ ਆਪਣੇ ਪਿੰਡ ਦੀਆਂ ਜ਼ਨਾਨੀਆਂ ਅਤੇ ਦੂਜੇ ਭਰਾਵਾਂ ਦੇ ਸੰਗ ਨੂੰ ਨਾਲ ਲੈ ਕੇ ਪੜਾਉ ਪੜਾ ਕੋਟਲੇ ਪੁੱਜਦੇ ਹਨ ।

ਪੀਰ ਦੀਆਂ ਨਿਆਜ਼ਾਂ ਤੇ ਬੱਕਰਿਆਂ ਦੀਆਂ ਸੁੱਖਣਾਂ ਤੋਂ ਇਲਾਵਾ ਇਸ ਮੇਲੇ ਦੇ ਦੂਜੇ ਕਾਰ ਵਿਹਾਰ ਛਪਾਰ ਦੇ ਮੇਲੇ ਵਾਲੇ ਹੀ ਹੁੰਦੇ ਹਨ । ਵਾਧਾ ਇਹ ਹੁੰਦਾ ਹੈ ਕਿ ਇਸ ਮੇਲੇ ਉੱਤੇ ਸੁੱਖਣਾ ਲਾਹੁਣ ਲਈ ਜ਼ਨਾਨੀਆਂ ਵੀ ਪੁੱਜੀਆਂ ਹੋਈਆਂ ਹਨ । ਜ਼ਨਾਨੀਆਂ ਨੂੰ ਦੇਖ ਕੇ ਪਿੰਡਾਂ ਤੋਂ ਆਏ ਗੱਭਰੂ ਆਪਣੇ ਆਪ ਦੀ ਸੁੱਧ ਬੁੱਧ ਗਵਾ ਬੈਠਦੇ ਹਨ । ਇਨ੍ਹਾਂ ਇਲਾਕਿਆਂ ਦੇ ਲੋਕ ਕੁਝ ਖੁਲ੍ਹ-ਖੁਲਾਸੇ ਜਹੇ ਹੁੰਦੇ ਹਨ, ਇਹ ਆਪਣੀਆਂ ਬੋਲੀਆਂ ਵਿਚ ਗਾਲ੍ਹਾਂ ਦੇ ਅਲੰਕਾਰ ਵੀ ਬੀੜ ਧਰਦੇ ਹਨ, ਵਿਚ ਵਿਚ ਸਖ਼ੀ ਸੁਲਤਾਨ, ਹੈਦਰ ਸ਼ੇਖ਼ ਤੋਂ ਵੇਲੇ ਸਿਰ ਸਹਾਇਤਾ ਦੀ ਵੀ ਮਗ ਰੱਖੀ ਹੁੰਦੀ ਹੈ ।

ਇਹ ਤਾਂ ਹਨ ਸਾਡੇ ਕੁਝ ਕੁ ਮੇਲਿਆਂ ਦੇ ਸ਼ਬਦ-ਚਿਤਰ । ਜੇਕਰ ਮੇਲੇ ਦਾ ਪੂਰਾ ਸੁਆਦ ਲੈਣਾ ਹੋਵੇ ਤਾਂ ਇਹ ਮੇਲੇ ਜਾ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ ।

## *ਤਿਉਹਾਰ*

ਉਂਜ ਤਾਂ ਪੰਜਾਬ ਦੇ ਪਿੰਡਾਂ ਵਿਚ ਪੰਚਮੀਂ, ਸਤੇਂ, ਦਸਮੀ, ਇਕਾਦਸੀ, ਪੁੰਨਿਆ, ਮੱਸਿਆ ਹਰ ਮਹੀਨੇ ਹੀ ਕਈ ਕਈ ਤਿਉਹਾਰ ਆਉਂਦੇ ਤੇ ਲੰਘ ਜਾਂਦੇ ਹਨ, ਪਰ ਕਈ ਵੱਡੇ ਤਿਉਹਾਰ ਅਜੇਹੇ ਹਨ ਜਿਨ੍ਹਾਂ ਨੂੰ ਕਿਸੇ ਤਰ੍ਹਾਂ ਸੁੱਕੇ ਨਹੀਂ ਲੰਘਾਇਆ ਜਾ ਸਕਦਾ । ਪਿੰਡਾਂ ਦੇ ਲੋਕਾਂ ਦਾ ਵਰ੍ਹਾ ਚੇਤ ਦੀ ਏਕਮ ਤੋਂ ਆਰੰਭ ਹੁੰਦਾ ਹੈ ਜਿਸ ਦਿਨ ਪਹਿਲਾ ਤਿਉਹਾਰ 'ਨਵਾਂ ਸੰਮਤ' ਮਨਾਇਆ ਜਾਂਦਾ ਹੈ ।

ਬਾਹਰੋਂ ਛੋਲਿਆਂ ਦੀਆਂ ਟਾਟਾਂ ਦਾ ਛੋਲੂਆ, ਕਣਕਾਂ ਦੀਆਂ ਬੱਲੀਆਂ ਤੇ ਹੋਲਾਂ ਭੁੰਨ ਕੇ 'ਅੰਨ ਨਵਾਂ' ਕੀਤਾ ਜਾਂਦਾ ਹੈ । ਇਸ ਦਿਨ ਭੁੰਨੀ ਹੋਈ ਕਣਕ ਦਾ ਮਿੱਠਾ ਦਲੀਆ ਕੱਚੇ ਦੁੱਧ ਵਿਚ ਪਾ ਕੇ ਖਾਂਦੇ ਹਨ । ਸਰਦੇ-ਪੁਜਦੇ ਘਰੀਂ ਖੀਰ ਕੜਾਹ ਵੀ ਕਰ ਲਿਆ ਜਾਂਦਾ ਹੈ ।

ਵਿਸਾਖੀ ਦੇ ਕੌਮੀ ਤਿਉਹਾਰ ਨੂੰ ਜਿਹੜੇ ਮੇਲੀਂ-ਮੁਸਾਹਬੀਂ ਜਾਣ ਵਾਲੇ ਹੁੰਦੇ ਹਨ ਉਹ ਤਾਂ ਆਪਣੇ ਚਾਰ ਦਿਨ ਨੇੜੇ ਦੇ ਮੇਲਿਆਂ ਤੇ ਜਾਂ ਦਮਦਮੇ ਦੀ ਵਿਸਾਖੀ ਤੇ ਮੂੰਹ ਕੌੜਾ ਕਸੈਲਾ ਕਰ ਆਉਂਦੇ ਹਨ ਤੇ, ਜਿਹੜੇ ਘਰੀਂ ਰਹਿ ਜਾਂਦੇ ਹਨ ਉਹ ਇਸ ਦਿਨ ਤਿਹਾਉਲੇ ਦਾ ਕੜਾਹ ਖਾਣ ਦੇ ਹੱਕਦਾਰ ਹੁੰਦੇ ਹਨ । ਇਸ ਦਿਨ ਹਰ ਘਰ ਕੁਝ ਨਾ ਕੁਝ ਨਵੀਂ ਖਾਣ ਵਾਲੀ ਚੀਜ਼ ਬਣਾਈ ਜਾਂਦੀ ਹੈ ।

ਮੁੰਡੇ ਰਾਤ ਨੂੰ ਪਿੰਡੋਂ ਬਾਹਰ ਜਾ ਕੇ ਭੰਗੜਾ ਤੇ ਗਿੱਧਾ ਪਾਉਂਦੇ ਹਨ । ਕੁੜੀਆਂ ਨਾਲ ਲਗਦੇ ਨਵੇਂ ਪਿੰਡ ਦੀ ਜੂਹ ਵਿਚ ਦੀ ਲੰਘਦੇ ਸੂਏ ਉੱਤੇ ਨ੍ਹਾਉਣ ਜਾਂਦੀਆਂ, ਆਉਣ ਜਾਣ ਵੇਲੇ ਗੀਤਾਂ ਅਤੇ ਅੱਡੀ-ਟੱਪੇ ਰਾਹੀਂ ਆਪਣੇ ਗੱਚ ਕੱਢ ਆਉਂਦੀਆਂ ਹਨ । ਵਿਸਾਖੀ ਪਿੱਛੋਂ ਨਿਮਾਣੀ (ਨਿਰਜਲਾ ਇਕਾਦਸ਼ੀ) ਦਾ ਇਕ ਵੱਡਾ ਤਿਉਹਾਰ ਹੈ । ਇਸ ਦਿਨ ਰੱਜਵੇਂ ਖ਼ਰਬੂਜ਼ੇ ਖਾ ਕੇ ਉੱਤੋਂ ਦੀ ਪਾਣੀ ਦਾ ਸ਼ਰਬਤ (ਜੇ ਖੰਡ ਨਾ ਹੋਵੇ ਤਾਂ ਸ਼ੱਕਰ ਦਾ ਹੀ ਸਹੀ) ਪੀਣਾ ਤੇ ਪਿਆਉਣਾ ਖ਼ਾਸ ਮਹਾਤਮ ਸਮਝਿਆ ਜਾਂਦਾ ਹੈ ।

ਸਾਉਣ ਦੇ ਮਹੀਨੇ ਤੀਆਂ ਦੇ ਦਿਨ ਕੀ ਆਉਂਦੇ ਹਨ ਪਿੰਡ ਦੇ ਕੁੜੀਆਂ ਮੁੰਡਿਆਂ ਲਈ ਤਾਂ ਖੁਸ਼ੀਆਂ ਦੇ ਕੜ ਪਾਟ ਪੈਂਦੇ ਹਨ ।

ਅੱਜ ਮਹਿੰਦੀ, ਕਲ ਤੀਆਂ, ਪਰਸੋਂ ਕੋਈ ਪ੍ਰਾਹੁਣਾ ਆ ਗਿਆ । ਗੱਲ ਕੀ ਤੀਆਂ ਦੀ ਵਿਦਾਈ ਤਕ

ਦੂਜੇ ਤੀਜੇ ਦਿਨ ਘਰੇ ਕੜਾਹੀ ਚੜ੍ਹੀ ਹੀ ਰਹਿੰਦੀ ਹੈ, ਕਦੇ ਮਾਲ੍ਹ ਪੂੜੇ ਤੇ ਕਦੇ ਗੁਲਗੁਲੇ ਤੇ ਮੱਠੀਆਂ, ਸੇਂਵੀਆਂ, ਦਲੀਆ, ਕੜਾਹ ਵਾਰੋ ਵਾਰੀ ਖਾਣ ਪੀਣ ਦੇ ਸਾਰੇ ਢੰਗ ਪੂਰੇ ਕਰ ਲਏ ਜਾਂਦੇ ਹਨ।

ਤੀਆਂ ਨੂੰ ਨਾ ਆਉਣ ਵਾਲੀਆਂ ਕੁੜੀਆਂ ਨੂੰ ਇਨ੍ਹਾਂ ਵਿੱਚੋਂ ਕਈ ਨਿਆਮਤਾਂ ਜਾਂ ਪਕਵਾਨ ਸੰਧਾਰਿਆਂ ਦੇ ਰੂਪ ਵਿਚ ਸੌਹਰੀਂ ਭੇਜੇ ਜਾਂਦੇ ਹਨ।

ਸਾਉਣ ਦੀ ਪੂਰਨਮਾਸ਼ੀ ਨੂੰ ਰੱਖੜੀਆਂ ਬੰਨ੍ਹੀਆਂ ਜਾਂਦੀਆਂ ਹਨ। ਪਿੰਡ ਦੀਆਂ ਕੁੜੀਆਂ ਮੁੰਡੇ ਤਾਂ ਇਸ ਤਿਉਹਾਰ ਬਾਰੇ ਇੰਨਾ ਕੁ ਹੀ ਜਾਣਦੇ ਹਨ ਕਿ ਇਸ ਦਿਨ ਭੈਣਾਂ ਦਾ ਭਰਾਵਾਂ ਨੂੰ ਖੰਭਣੀ ਦੀ ਪਹੁੰਚੀ ਬੰਨ੍ਹਣਾ ਚੰਗੇ ਸ਼ਗਨਾਂ ਵਾਲਾ ਤਿਉਹਾਰ ਹੁੰਦਾ ਹੈ ਅਤੇ ਭਰਾਵਾਂ ਦਾ ਭੈਣਾਂ ਨੂੰ ਕੁਝ ਦੇਣਾ ਬਣਦਾ ਹੁੰਦਾ ਹੈ। ਪਰ ਸਿਆਣੇ ਲੋਕ ਆਖਦੇ ਹਨ ਕਿ ਜਦੋਂ ਲੜਾਈਆਂ ਹੁੰਦੀਆਂ ਸਨ, ਭੈਣਾਂ ਭਰਾਵਾਂ ਦੇ ਹੱਥਾਂ ਨੂੰ ਗਾਨੇ ਬੰਨ੍ਹ ਦਿੰਦੀਆਂ ਸਨ ਕਿ ਤੁਸੀਂ ਜਾ ਕੇ ਰਣ ਮੈਦਾਨ ਵਿਚ ਬੀਰਤਾ ਨਾਲ ਲੜੋ।

ਇਸ ਦਿਨ ਬ੍ਰਾਹਮਣ ਦੇਵਤਾ ਆਪਣੇ ਜਜਮਾਨਾਂ ਤੋਂ ਲਾਗ ਉਗਰਾਹੁਣ ਲਈ ਆ ਹਾਜ਼ਰ ਹੁੰਦੇ ਹਨ। ਬ੍ਰਾਹਮਣਾਂ ਦੇ ਦੱਸਣ ਮੁਤਾਬਕ ਇਹ ਤਿਉਹਾਰ ਪੁਰਾਣੇ ਸਮੇਂ ਤੋਂ ਚਲਿਆ ਆਉਂਦਾ ਹੈ। ਆਖਦੇ ਹਨ, ਜਦੋਂ ਮਨੂੰ ਜੀ ਨੇ ਬ੍ਰਾਹਮਣ ਅਤੇ ਛੱਤਰੀ ਆਦਿ ਵੱਖੋ ਵੱਖ ਸ਼੍ਰੇਣੀਆਂ ਦੀ ਵੰਡ ਕੀਤੀ ਸੀ, ਬ੍ਰਾਹਮਣ ਲੋਕਾਂ ਦਾ ਕੰਮ ਯੱਗ ਤੇ ਪੂਜਾ ਪਾਠ ਕਰਨਾ ਹੁੰਦਾ ਸੀ ਤੇ ਛੱਤਰੀਆਂ ਦਾ ਉਨ੍ਹਾਂ ਦੀ ਰਾਖੀ ਲਈ ਲੜਨਾ। ਬ੍ਰਾਹਮਣਾਂ ਦੀ ਰੱਖਿਆ ਲਈ ਬੰਨ੍ਹੇ ਇਸ ਗਾਨੇ ਨੂੰ ਸ਼ਾਇਦ ਇਸੇ ਕਰਕੇ ਹੀ 'ਰਖਸ਼ਾ ਬੰਧਨ' ਕਿਹਾ ਜਾਂਦਾ ਹੈ। ਪੰਡਤ ਲੋਕ ਇਸ ਦਾ ਮੁੱਢ ਇੰਦਰ ਦੇਵਤੇ ਤੋਂ ਬੱਝਾ ਸੁਣਾ ਕੇ ਆਪਣੇ ਜਜਮਾਨਾਂ ਵਿਚ ਸੁੱਤੀ ਬੀਰਤਾ ਜਗਾਉਂਦੇ ਹਨ। ਕਿਹਾ ਜਾਂਦਾ ਹੈ ਕਿ ਇੰਦਰ ਦੇਵਤਾ ਰਾਖਸ਼ਾਂ ਨਾਲ ਲੜਦਾ ਹਾਰ ਗਿਆ। ਦੂਜੇ ਦਿਨ—ਜਿਹੜਾ ਇਹ ਰਕਸ਼ਾ ਬੰਧਨ ਦਾ ਦਿਨ ਸੀ—ਇੰਦਰ ਦੀ ਰਾਣੀ ਨੇ ਬ੍ਰਾਹਮਣਾਂ ਕੋਲੋਂ ਜਾਪ ਕਰਾ ਕੇ ਇੰਦਰ ਦੇ 'ਰਖਸ਼ਾ ਬੰਧਨ' ਕਰ ਕੇ ਲੜਨ ਲਈ ਭੇਜਿਆ ਤਾਂ ਇੰਦਰ ਨੇ ਪਾਸਾ ਬਦਲ ਦਿੱਤਾ। ਇਸ ਲਈ ਇਹ ਰੱਖੜੀ ਬੰਨ੍ਹਣਾ ਤੇ ਮੰਤਰ ਪਾਠ ਉਦੋਂ ਤੋਂ ਚਲਿਆ ਸਮਝਿਆ ਜਾਂਦਾ ਹੈ। ਪਰ ਅੱਜ ਕਲ ਤਾਂ ਇਹ ਸਿਲਮੇ ਸਤਾਰੇ ਜੜੀਆਂ ਪਹੁੰਚੀਆਂ ਸ਼ਿੰਗਾਰ ਦਾ ਇਕ ਗਹਿਣਾ ਹੀ ਬਣ ਗਈਆਂ ਹਨ।

## ਗੁੱਗਾ ਨੌਮੀਂ

ਗੁੱਗਾ ਨੌਮੀਂ ਗੁੱਗੇ ਪੀਰ ਦਾ ਤਿਉਹਾਰ ਹੈ। ਇਸ ਦਿਨ ਸੇਂਵੀਆਂ ਰਿੰਨ੍ਹੀਆਂ ਜਾਂਦੀਆਂ ਹਨ। ਇਹ ਸੇਂਵੀਆਂ ਕਈ ਘਰਾਂ ਵਿਚ ਤਾਂ ਮਸ਼ੀਨ ਨਾਲ ਵੱਟੀਆਂ ਜਾਂਦੀਆਂ ਹਨ। ਬਹੁਤੀਆਂ ਸਵਾਣੀਆਂ ਆਪਣੇ ਤੌਲੇ ਮੂਧੇ ਮਾਰ ਕੇ ਉਨ੍ਹਾਂ ਉੱਤੇ ਹੱਥਾਂ ਨਾਲ ਵਟਦੀਆਂ ਹਨ। ਕਰੀਰ ਦੀ ਢਿੰਗਰੀ ਉੱਤੇ ਗਿੱਲੀਆਂ ਸੇਂਵੀਆਂ ਸੁੱਟ ਸੁੱਟ ਕੇ ਸੁਕਾਈਆਂ ਜਾਂਦੀਆਂ ਹਨ। ਫਿਰ ਕੜਾਹੀ ਵਿਚ ਭੁੰਨ ਕੇ ਰਿੰਨ੍ਹੀਆਂ ਜਾਂਦੀਆਂ ਹਨ। ਸੇਂਵੀਆਂ ਤੋਂ ਸ਼ਾਇਦ ਗੁੱਗਾ ਪੀਰ ਇਸ ਕਰਕੇ ਖ਼ੁਸ਼ ਹੁੰਦਾ ਹੈ ਕਿ ਸੇਂਵੀਆਂ ਦੀ ਸ਼ਕਲ ਸੱਪ ਵਰਗੀ ਹੁੰਦੀ ਹੈ।

ਗੁੱਗੇ ਦੀ ਅਰਾਧਨਾ ਤੇ ਸੇਂਵੀਆਂ ਰਿੰਨ੍ਹਣਾਂ ਅਤੇ ਸਹਿਆਂ ਦੀਆਂ ਖੁੱਡਾਂ ਉਤੇ ਕੱਚੀ ਲੱਸੀ ਪਾਉਣਾ (ਕਿ ਚਲੋ ਕਿਸੇ ਖੱਡ ਵਿਚ ਤਾਂ ਸੱਪ ਦੇਵਤਾ ਹੋਵੇਗਾ ਹੀ) ਸਭ ਸੱਪਾਂ ਦੇ ਪੀਰ ਗੁੱਗੇ ਨੂੰ ਖ਼ੁਸ਼ ਕਰਨ ਦੇ ਆਹਰ ਹਨ।

ਜਿਹੜੇ ਛਪਾਰ ਦੇ ਮੇਲੇ ਗੁੱਗੇ ਦੀ ਮਾੜੀ ਤੇ ਮਿੱਟੀ ਕੱਢਣ ਨਹੀਂ ਜਾ ਸਕਦੇ, ਪਿੰਡ ਦੇ ਉਹ ਮਰਦ ਜ਼ਨਾਨੀਆਂ ਮੇਲੇ ਦੇ ਰਾਹ ਵਿਚਲੀ ਪੱਕੀ ਪੈੜ ਉੱਤੇ ਮੂੰਹ ਨ੍ਹੇਰੇ ਹੀ ਮਿੱਟੀ ਦੀਆਂ ਢੇਰੀਆਂ ਕਰ ਆਉਂਦੇ ਹਨ। ਇਸ ਨੂੰ ਗੁੱਗੇ ਦੀ 'ਮਿੱਟੀ ਕੱਢੀ' ਕਿਹਾ ਜਾਂਦਾ ਹੈ। ਜ਼ਨਾਨੀਆਂ ਮਿੱਟੀ ਕੱਢਣ ਜਾਂਦੀਆਂ ਤੇ ਆਉਂਦੀਆਂ ਗੁੱਗੇ ਦੀ ਉਸਤਤੀ ਦੇ ਗੀਤ ਗਾ ਰਹੀਆਂ ਹੁੰਦੀਆਂ ਹਨ:—

ਪੱਲੇ ਮੇਰੇ ਛੱਲੀਆਂ ਮੈਂ, ਗੁੱਗਾ ਮਨਾਣ ਚੱਲੀਆਂ
ਨੀ ਮੈਂ ਬਾਰੀ ਗੁੱਗਾ ਜੀ ?

ਪੱਲੇ ਮੇਰੇ ਮੱਠੀਆਂ
ਮੈਂ ਗੁੱਗਾ ਮਨਾਵਣ ਚੱਲੀਆਂ
ਨੀ ਮੈਂ ਬਾਰੀ ਗੁੱਗਾ ਜੀ

ਰੋਹੀ ਵਾਲਿਆ ਗੁੱਗਿਆ ਵੇ !
ਭਰਿਆ ਕਟੋਰਾ ਦੁੱਧ ਦਾ
ਮੇਰਾ ਗੁਗਾ ਮਾੜੀ ਵਿਚ ਕੁਦਦਾ
ਜੀ ਮੈਂ ਵਾਰੀ ਗੁੱਗਾ ਜੀ

ਛੰਨਾ ਭਰਿਆ ਮਾਂਹ ਦਾ
ਗੁੱਗਾ ਮਹਿਰਮ ਸਭਨੀਂ ਥਾਂ ਦਾ
ਨੀ ਮੈਂ ਬਾਰੀ ਗੁਗਾ ਜੀ

ਛੰਨਾ ਭਰਿਆ ਤੇਲ ਦਾ
ਮੇਰਾ ਗੁਗਾ ਮਾੜੀ ਵਿਚ ਮੇਲ੍ਹਦਾ
ਜੀ ਮੈਂ ਬਾਰੀ ਗੁਗਾ ਜੀ ! ਜੀ ਹੋ ।

## ਸਰਾਧ

ਅੱਸੂ ਦੇ ਪਹਿਲੇ ਪੱਖ ਦੇ ਪੰਦਰਾਂ ਦਿਨ ਮੋਏ ਹੋਏ ਪਿੱਤਰਾਂ ਨੂੰ ਖੀਰ, ਕੜਾਹ, ਮਾਲ੍ਹ ਪੂੜੇ ਤੇ ਪੂਰੀਆਂ ਆਦਿਕ ਖੁਆਉਣ ਦੇ ਦਿਨ ਹੁੰਦੇ ਹਨ । ਜਿਸ 'ਤਿੱਥ' ਨੂੰ ਪ੍ਰਾਣੀ ਮਰਿਆ ਹੁੰਦਾ ਹੈ, ਸ਼ਰਾਧਾਂ ਦੀ ਉਸੇ ਤਿੱਥ ਨੂੰ ਬ੍ਰਾਹਮਣਾਂ ਨੂੰ ਨਿਉਂਦੇ ਖਵਾਏ ਜਾਂਦੇ ਹਨ ਤਾਂਜੁ ਅੱਗੋਂ ਪਰਲੋਕ ਵਿਚ ਉਹ ਪਿਤਰਾਂ ਨੂੰ ਪਹੁੰਚਾ ਦੇਣ । ਇਹਤਿਆਤ ਇਤਨੀ ਰੱਖੀ ਜਾਂਦੀ ਹੈ ਕਿ ਪੰਡਤ ਜੀ ਦੇ ਰੋਟੀ ਖਾਂਦਿਆਂ ਕੁਝ ਦੰਦ ਵੀ ਘਸ ਗਏ ਹੋਣਗੇ, ਇਸ ਲਈ ਕੁਝ ਟਕੇ ਜਾਂ ਰੁਪਈਏ ਇਸ ਗੱਲ ਦੇ ਇਵਜ਼ਾਨੇ ਵਿਚ ਵੀ ਦਿੱਤੇ ਜਾਂਦੇ ਹਨ ਕਿ ਪੰਡਤ ਜੀ ਨੇ ਸਾਡੇ ਪਿੱਤਰਾਂ ਨੂੰ ਰੋਟੀ ਪਹੁੰਚਾਉਣ ਲਈ ਦੰਦ ਘਸਾਉਣ ਦੀ ਖੇਚਲ ਕੀਤੀ ਹੈ । ਇਹ ਦੱਛਣਾ ਇਕ ਤਰ੍ਹਾਂ 'ਦੰਦ ਘਸਾਈ' ਦੀ ਪੱਕੀ ਰੀਤ ਬਣ ਚੁਕੀ ਹੈ ।

## ਦੁਸਹਿਰਾ ਤੇ ਸਾਂਝੀ

'ਨੌਂ ਨੁਰਾਤੇ', ਇਕ ਲੰਮਾ ਤਿਉਹਾਰ ਹੈ । ਪਹਿਲੇ ਨੌਰਾਤੇ ਹੀ ਕੁੜੀਆਂ ਤੋੜਿਆਂ ਵਾਲੀ ਘੜੌਂਜੀ ਹੇਠਾਂ ਜਾਂ ਉਖਲੀ ਵਿਚ ਜਾਂ ਕੋਰੇ ਕੁਜੇ, ਠੂਠੀ ਤੇ ਬਠਲਾਂ ਵਿਚ ਰੇਤਾ ਪਾ ਕੇ ਜੌਂ ਬੀਜ ਦਿੰਦੀਆਂ ਹਨ । ਇਸ ਨੂੰ ਮਾਤਾ ਗੌਰਜਾਂ ਦਾ ਬਾਗ਼ ਕਿਹਾ ਜਾਂਦਾ ਹੈ ਤੇ ਹਰ ਰੋਜ਼ ਸਵੇਰੇ ਉਠ ਕੇ ਇਸ ਜੌਆਂ ਦੇ ਬਾਗ਼ ਨੂੰ ਮੱਥਾ ਟੇਕ ਕੇ

ਪਾਣੀ ਪਾਇਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਇਨ੍ਹਾਂ ਜੌਂਆਂ ਨੂੰ ਕੁੜੀਆਂ ਆਪਣੇ ਭਰਾਵਾਂ, ਚਾਚਿਆਂ, ਤਾਇਆਂ ਦੇ ਸਿਰਾਂ ਉੱਤੇ ਟੰਗ ਦਿੰਦੀਆਂ ਹਨ। ਜਿਨ੍ਹਾਂ ਦੇ ਸਿਰਾਂ ਉੱਤੇ ਇਹ ਹਰੇ ਜੌਂ ਟੰਗੇ ਜਾਣ ਉਨ੍ਹਾਂ ਲਈ ਟੰਗਣ ਵਾਲੀ ਕੁੜੀ ਨੂੰ ਇਕ ਇਕ ਰੁਪਿਆ 'ਜੌਂ-ਟੰਗਾਈ' ਦੇਣ ਦਾ ਬੰਧੇਜ ਹੈ। ਪਿੰਡ ਦੇ ਲੋਕਾਂ ਨੇ ਸੁਣਿਆ ਹੋਇਆ ਹੈ ਕਿ ਸ਼ਹਿਰਾਂ ਵਿਚ ਪਹਿਲੇ ਨੌਰਾਤੇ ਤੋਂ ਰਾਮ ਲੀਲ੍ਹਾ ਪੈਣੀ ਅਰੰਭ ਹੋ ਜਾਂਦੀ ਹੈ ਤੇ ਦੁਸਹਿਰੇ ਵਾਲੇ ਦਿਨ ਕਾਗ਼ਜ਼ਾਂ ਦਾ ਰਾਵਣ ਬਣਾ ਕੇ ਉਸ ਨੂੰ ਫੂਕਦੇ ਤੇ ਰਾਮ ਚੰਦਰ ਜੀ ਦੀ ਵਿਜੈ ਨੂੰ ਯਾਦ ਕਰਦੇ ਹਨ।

ਨੌਰਾਤਿਆਂ ਵਿਚ ਇਕ 'ਸਾਂਝੀ' ਦਾ ਤਿਉਹਾਰ ਵੀ ਮਨਾਇਆ ਜਾਂਦਾ ਹੈ। ਪਹਿਲੇ ਨੁਰਾਤੇ ਇਕ ਕੰਧ ਉੱਤੇ ਗੋਹਾ ਮਿੱਟੀ ਥੱਪ ਕੇ ਇਕ ਸਾਂਝੀ ਮਾਈ ਦੀ ਮੂਰਤੀ ਬਣਾਈ ਜਾਂਦੀ ਹੈ। ਕੁੜੀਆਂ, ਖ਼ਾਸ ਕਰਕੇ ਅਣਵਿਆਹੀਆਂ, ਇਸ ਸਾਂਝੀ ਮਾਈ ਦੀ ਮੂਰਤੀ ਦੀ ਪੂਜਾ ਲਈ ਹਰ ਰੋਜ਼ ਸ਼ਾਮ ਨੂੰ ਇਕੱਠੀਆਂ ਹੁੰਦੀਆਂ ਹਨ। ਕਿਸੇ ਮਾਂਈਏਂ ਪਏ ਕੁੜੀ ਮੁੰਡੇ ਵਾਂਙ ਇਹ ਪੂਜਾ ਖ਼ਾਸਾ ਸ਼ੁਗਲ ਮੇਲਾ ਬਣ ਜਾਂਦੀ ਹੈ। ਪੂਜਾ ਦਾ ਇਹ ਤਿਉਹਾਰ ਕੁੜੀਆਂ ਆਪਣੇ ਬਣਾਏ ਜਾਂ ਬੁੱਢੀਆਂ ਠੇਰੀਆਂ ਤੋਂ ਸਿਖੇ ਸਿਖਾਏ ਇਹੋ ਜਹੇ ਗੀਤਾਂ ਤੇ ਚੰਗੇ ਧੂਮ-ਧਮਾਕੇ ਨਾਲ ਮਨਾਉਂਦੀਆਂ ਹਨ :—

ਉਠ ਮੇਰੀ ਸਾਂਝੀ ਖੋਲ੍ਹ ਪਟੜੇ, ਕੁੜੀਆਂ ਆਈਆਂ ਪੂਜਣ ਨੂੰ।

ਇਸ ਪਹਿਲੀ ਮੰਗਲਾਚਰਨੀ ਤੋਂ ਬਾਦ ਹੱਲੇ ਦੀ ਧਾਰਨਾ ਵਾਂਙ ਲੰਮਾ ਗੀਤ ਸ਼ੁਰੂ ਹੋ ਜਾਂਦਾ ਹੈ :

ਨੀ ਤੂੰ ਜਾਗ ਸਾਂਝੀ ਜਾਗ, ਮੱਥੇ ਤੇਰੇ ਭਾਗ
ਮੱਥਾ ਤੇਰਾ ਹਰਿਆ, ਤਿਲਚੋਲੀ ਸ਼ੱਕਰ ਭਰਿਆ

* * *

ਮੇਰੀ ਸਾਂਝੀ ਦੇ ਆਲੇ ਦੁਆਲੇ ਹਰੀ ਹੈ ਕਲਾਈ
ਮੈਂ ਤੈਨੂੰ ਪੁੱਛਾਂ ਸਾਂਝੀ ਕੈ ਕੁ ਤੇਰੇ ਭਾਈ ?
ਪੰਜਾਂ ਦਾ ਮੈਂ ਵਿਆਹ ਰਚਾਇਆ, ਸੋਲਾਂ ਮੇਰੇ ਭਾਈ
ਮੇਰੀ ਸਾਂਝੀ ਦੇ ਆਲੇ ਦੁਆਲੇ ਹਰੀ ਹਰੀ ਕਲਾਈ।

ਇਸ ਤੋਂ ਬਾਦ ਫਿਰ ਸਾਂਝੀ ਮਾਈ ਦੀ ਆਰਤੀ ਉਤਾਰੀ ਜਾਂਦੀ ਹੈ—

ਸਾਂਝੀ ਮਾਈ ਆਰਤੀ,
ਸਾਂਝੀ ਮਾਈ ਆਰਤੀ,
ਆਰਸੀ ਦਾ ਫੁੱਲ,
ਚੰਗਿਆਣ ਸੈ ਡੰਡੀ
ਸੁਣੋ ਨੀ ਬਹੂਉ !
ਕੰਤ ਤੁਮਾਰੇ
ਵੀਰ ਹਮਾਰੇ
ਭੈਣਾਂ ਕੁਆਰੀਆਂ
ਪੱਕਣ ਪੋਲ੍ਹੀਆਂ
ਰੱਜੇ ਫ਼ਕੀਰ
ਅਚੜਿਓ ਬਚੜਿਓ !
ਚੁੱਪ ਕਰੋ ਭਾਈ
ਲੇਫ਼ ਦੁਲਾਈ 'ਚ
ਬੈਠੀ ਸਾਂਝੀ ਮਾਈ।

ਇਸ ਆਰਤੀ ਪਿੱਛੋਂ ਸ਼ੱਕਰ ਚਾਉਲ ਦਾ ਮਿਲਾ ਕੇ ਤਿਆਰ ਕੀਤਾ ਪਰਸ਼ਾਦ ਵੰਡਿਆ ਜਾਂਦਾ ਹੈ। ਇਸ ਤਰ੍ਹਾਂ ਇਕ ਇਕ ਕੁੜੀ ਵੱਲੋਂ ਇਹ ਪਰਸ਼ਾਦ ਭੇਟਾ ਕੀਤਾ ਜਾਂਦਾ ਹੈ, ਤੇ ਘਿਉ ਦੀਆਂ ਜੋਤਾਂ ਜਗਾ ਕੇ ਸਾਂਝੀ ਮਾਈ ਦੀ ਅਰਾਧਨਾ ਕੀਤੀ ਜਾਂਦੀ ਹੈ। ਦੁਸਹਿਰੇ ਵਾਲੇ ਦਿਨ ਸਵੇਰੇ ਹੀ ਚੰਗੇ ਨਾਨਕੇ ਜਿੱਡਾ ਮੇਲ ਇਕੱਠਾ ਕਰ ਕੇ ਗੀਤ ਗਾਉਂਦੀਆਂ ਕੁੜੀਆਂ ਸਾਂਝੀ ਦੀ ਇਸ ਮੂਰਤ ਤੇ ਹਰੇ ਜੌਂਆਂ ਨੂੰ ਪਿੰਡ ਦੇ ਨਾਲ ਲਗਦੇ ਟੋਭੇ ਵਿਚ ਤਾਰ ਆਉਂਦੀਆਂ ਹਨ।

ਕਹਿੰਦੇ ਹਨ ਇਹ ਗੌਰਜਾਂ ਦਾ ਬਾਗ਼ ਜੌਂਆਂ ਦੇ ਚੰਗੇ ਭਰੇ ਟੋਭੇ ਵਿਚ ਤਾਰਿਆ ਜਾਵੇ ਤਾਂ ਮੀਂਹ ਦੀ ਕੋਈ ਟੋਟ ਨਹੀਂ ਰਹਿੰਦੀ। ਦੁਸਹਿਰੇ ਵਾਲੇ ਦਿਨ ਜੇ ਰਾਵਣ ਦੀ ਮੂਰਤ ਚੰਗੀ ਤਰ੍ਹਾਂ ਸੜ ਜਾਵੇ ਤਾਂ ਕਹਿੰਦੇ ਨੇ ਵਰ੍ਹਾ ਚੰਗਾ ਹੁੰਦਾ ਹੈ, ਪੁੰਨ ਧਰਮ ਫੈਲਦੇ ਹਨ। ਜੇ ਰਾਵਣ ਦਾ ਸਾਂਗ ਸੜਨ ਵਿਚ ਵਿਘਨ ਪੈ ਜਾਵੇ ਤਾਂ ਵਰ੍ਹਾ ਭਰ ਤੌਖਲੇ ਲੱਗੇ ਰਹਿੰਦੇ ਹਨ।

## ਦੀਵਾਲੀ

ਜਗਦੇ ਦੀਵਿਆਂ ਦੀਆਂ ਜੋਤਾਂ ਦੀ ਇਹ ਰਾਤ, ਦੀਵਾਲੀ ਕੀ ਆਉਂਦੀ ਹੈ, ਲੋਕਾਂ ਦੇ ਦਿਲਾਂ ਦੀਆਂ ਹਨ੍ਹੇਰੀਆਂ ਗੁੱਠਾਂ ਵੀ ਰੁਸ਼ਨਾ ਜਾਂਦੀ ਹੈ। ਦੀਵਾਲੀ ਆਉਣ ਤੋਂ ਪਹਿਲਾਂ ਪਿੰਡਾਂ ਦਾ ਹਰ ਘਰ ਲਿੰਬਿਆ-ਪੋਚਿਆ ਜਾਂਦਾ ਹੈ। ਕਾਲੀ ਮਿੱਟੀ ਦਾ ਪਰੋਲਾ, ਪਾਂਡੂ ਵਾਲੀ ਮਿੱਟੀ ਦਾ ਪੋਚਾ, ਗੋਕੇ ਗੋਹੇ ਦੀ ਤਲੀ ਫੇਰ ਕੇ ਕੰਧਾਂ ਕੌਲੇ ਤੇ ਚੌਂਕੇ ਚੁੱਲ੍ਹੇ ਦੀ ਸਾਰੀ ਟੁੱਟ ਫੁੱਟ ਦੂਰ ਕਰ ਦਿੱਤੀ ਜਾਂਦੀ ਹੈ।

ਕੁੜੀਆਂ ਇਸ ਦਿਨ ਆਪਣਾ ਨਿੱਕਾ ਜਿਹਾ ਘਰ ਬਣਾ ਕੇ (ਜਿਸ ਨੂੰ ਹਟੜੀ ਕਹਿੰਦੀਆਂ ਹਨ) ਉਸ ਵਿਚ ਮਠਿਆਈਆਂ ਤੇ ਘਰੇ ਬਣੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਰਖ ਕੇ ਦੀਵੇ ਜਗਾਉਂਦੀਆਂ ਹਨ।

ਧਾਰਮਿਕ ਲੋਕ ਆਖਦੇ ਹਨ ਦੀਵਾਲੀ ਤਾਂ ਬਣੀ ਹੈ ਕਿ ਇਸ ਦਿਨ ਰਾਮਚੰਦਰ ਜੀ ਸੀਤਾ ਨੂੰ ਵਾਪਸ ਲੈ ਕੇ ਅਜੁੱਧਿਆ ਗਏ ਸੀ। ਸਾਰੇ ਅਜੁੱਧਿਆ-ਵਾਸੀਆਂ ਨੇ ਉਸ ਦਿਨ ਦੀਵੇ ਜਗਾਏ ਸੀ। ਉਦੋਂ ਤੋਂ ਇਹ ਤਿਉਹਾਰ ਸ਼ੁਰੂ ਹੋਇਆ ਹੈ। ਪਿੰਡਾਂ ਦੇ ਸਿਖ ਬਜ਼ੁਰਗ ਕਹਿੰਦੇ ਹਨ 'ਜਿਸ ਦਿਨ ਗੁਰੂ ਹਰਿਗੋਵਿੰਦ ਜੀ ਗੁਆਲੀਅਰ ਦੇ ਕਿਲੇ ਵਿੱਚੋਂ ਬਵੰਜਾ ਰਾਜਿਆਂ ਨੂੰ ਛੁਡਾ ਕੇ ਅੰਮ੍ਰਿਤਸਰ ਪੁੱਜੇ ਸੀ, ਉਸ ਦਿਨ ਤੋਂ ਹਰਿਮੰਦਰ ਸਾਹਿਬ ਵਿਚ ਦੀਵਾਲੀ ਮਨਾਉਣੀ ਸ਼ੁਰੂ ਹੋਈ।' ਕੁਝ ਵੀ ਹੋਵੇ ਬਾਕੀ ਹਿੰਦ ਵਾਂਙ ਪੰਜਾਬ ਵਿਚ ਵੀ ਦੀਵਾਲੀ ਪੂਰੇ ਜ਼ੋਰ-ਸ਼ੋਰ ਨਾਲ ਦੀਵੇ ਜਗਾ ਕੇ, ਪਟਾਕੇ ਚਲਾ ਕੇ ਬੜੀਆਂ ਰੌਣਕਾਂ ਨਾਲ ਮਨਾਈ ਜਾਂਦੀ ਹੈ।

## ਲੋਹੜੀ

ਲੋਹੜੀ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਇਸ ਰਾਤ ਵੀ ਸ਼ਾਮ ਨੂੰ ਪਿੰਡ ਦੇ ਲੋਕ ਦਰਵਾਜ਼ੇ ਮੂਹਰੇ ਖ਼ਾਸ ਤੌਰ ਤੇ ਜੁੜਦੇ ਹਨ। ਜਿਸ ਘਰ ਇਸ ਵਰ੍ਹੇ ਮੁੰਡਾ ਜੰਮਿਆ ਹੋਵੇ, ਉਸ ਘਰੋਂ ਇੱਥੇ ਗੁੜ ਦੀਆਂ ਭੇਲੀਆਂ ਪੁੱਜਦੀਆਂ ਹਨ। ਜਦੋਂ ਸਾਰੇ ਘਰਾਂ ਤੋਂ ਇਉਂ ਗੁੜ ਦੀਆਂ ਭੇਲੀਆਂ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਪਿੰਡ ਦੇ ਇਕ ਦੋ ਵਰਤਾਵਿਆਂ ਦੀ ਡਿਊਟੀ ਲਾ ਦਿਤੀ ਜਾਂਦੀ ਹੈ। ਵਰਤਾਵੇ ਇਨ੍ਹਾਂ ਭੇਲੀਆਂ ਨੂੰ ਨਿੱਕੀਆਂ ਨਿੱਕੀਆਂ ਰੋੜੀਆਂ ਭੰਨ ਕੇ ਰਲਾ ਲੈਂਦੇ ਹਨ ਤੇ ਆਪਣੇ ਮੋਢੇ ਤੇ ਖੱਦਰ ਦੇ ਪਰਨਿਆਂ ਵਿਚ ਪਾ ਕੇ ਸੱਥ ਵਿਚ ਬੈਠੇ ਲੋਕਾਂ ਨੂੰ ਇਹ ਵਧਾਈਆਂ ਦਾ ਗੁੜ ਵੰਡ ਦਿੰਦੇ ਹਨ। ਦਰਵਾਜ਼ੇ ਮੂਹਰੇ ਅਤੇ ਹੋਰ ਆਸ ਪਾਸ ਦੇ ਗਲੀਆਂ ਦੇ ਮੋੜਾਂ ਉੱਤੇ ਇਸ ਦਿਨ ਪਾਥੀਆਂ ਇਕੱਠੀਆਂ ਕਰ ਕੇ ਧੂਣੀਆਂ ਲਾਈਆਂ ਜਾਂਦੀਆਂ ਹਨ ਜਿਨ੍ਹਾਂ ਉੱਤੇ ਅੱਧੀ ਰਾਤ ਤਕ ਕੁੜੀਆਂ ਮੁੰਡੇ ਧਮਾਲਾਂ ਪਾ ਪਾ ਨੱਚਦੇ ਟੱਪਦੇ ਤੇ ਗਾਉਂਦੇ ਰਹਿੰਦੇ ਹਨ। ਸ਼ਾਮ ਨੂੰ ਨਿੱਕੇ ਨਿੱਕੇ ਮੁੰਡੇ ਕੁੜੀਆਂ ਟੋਲੀਆਂ ਬਣਾ

ਕੇ ਜਿਸ ਜਿਸ ਘਰ ਇਸ ਸਾਲ ਮੁੰਡਾ ਹੋਇਆ ਹੁੰਦਾ ਹੈ, ਗੁੜ ਮਗਣ ਜਾਂਦੇ ਹਨ ਤੇ ਆਪਣੇ ਟੱਪਿਆਂ ਦੀ ਚਤੁਰਾਈ ਨਾਲ ਕਈ ਕਈ ਤਾਂ ਖ਼ਾਸੇ ਡੰਗ ਗੁਜ਼ਾਰੇ-ਜੋਗੀ ਝੋਲੀ ਭਰ ਲਿਆਉਂਦੇ ਹਨ। ਇਸ ਦਿਨ ਧੂਣੀਆਂ ਉੱਤੇ ਤਿਲ ਸੁੱਟੇ ਜਾਂਦੇ ਹਨ ਤੇ ਨਾਲ ਨਾਲ ਗ਼ੀਤ ਗਾਏ ਜਾਂਦੇ ਹਨ :—

ਜਿਤਨੇ ਜਠਾਣੀ ਤਿਲ ਸੁਟੇਸੀ
ਉਤਨੇ ਦਰਾਣੀ ਪੁੱਤ ਜਣੇਸੀ।

ਬਾਲਾਂ ਦੀਆਂ ਟੋਲੀਆਂ, ਨਿੱਕੀਆਂ ਨਿੱਕੀਆਂ ਤੋਤਲੀਆਂ ਜ਼ਬਾਨਾਂ ਨਾਲ ਗੁੜ ਮੰਗਦੀਆਂ ਬੜੀਆਂ ਚੰਗੀਆਂ ਲਗਦੀਆਂ ਹਨ :—

ਕੋਠੀ ਹੇਠ ਚਾਕੂ
ਗੁੜ ਦੇਊ ਮੁੰਡੇ ਦਾ ਬਾਪੂ
ਕੋਠੀ ਉੱਤੇ ਕਾਂ
ਗੁੜ ਦੇਵੇ ਮੁੰਡੇ ਦੀ ਮਾਂ।

ਜਿਸ ਘਰ ਚਾਚਾ, ਤਾਇਆ, ਦਾਦਾ, ਦਾਦੀ ਹੁੰਦੇ ਹਨ (ਜੇ ਨਾ ਵੀ ਹੋਣ ਤਾਂ ਵੀ) ਇਨ੍ਹਾਂ ਨਾਵਾਂ ਨਾਲ ਏਸੇ ਤਰ੍ਹਾਂ ਟੱਪੇ ਜੋੜ ਕੇ ਗੁੜ ਦੀ ਉਗਰਾਹੀ ਕੀਤੀ ਜਾਂਦੀ ਹੈ। ਇਕ ਘਰੋਂ ਗੁੜ ਲੈ ਕੇ ਦੂਜੇ ਘਰ ਤਕ ਲੋਹੜੀ ਦੇ ਲੰਮੇ ਗੀਤ ਛੇੜੇ ਜਾਂਦੇ ਹਨ। ਇਕ ਟੋਲੀ ਮੂਹਰੇ, ਦੂਜੀ ਪਿੱਛੇ ਇਸ ਤਰ੍ਹਾਂ ਗਾਉਂਦੀ ਜਾਂਦੀ ਹੈ :—

ਸੁੰਦਰ ਮੁੰਦਰੀਏ ! ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ੱਕਰ ਆਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸਾਲੂ ਪਾਟਾ, ਹੋ
ਸਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੇ, ਹੋ
ਚਾਚੇ ਚੂਰੀ ਕੁਟੀ, ਹੋ
ਜ਼ਿਮੀਂਦਾਰਾਂ ਲੁੱਟੀ, ਹੋ
ਜ਼ਿਮੀਂਦਾਰ ਸਦਾਉ, ਹੋ
ਗਿਣ ਗਿਣ ਪੋਲੇ ਲਾਉ,
ਇਕ ਪੋਲਾ ਘੁਸ ਗਿਆ,
ਜ਼ਿਮੀਂਦਾਰ ਵਹੁਟੀ ਲੈ ਕੇ ਨੱਸ ਗਿਆ,
ਹੋ – ਹੋ – ਹੋ – ਹੋ – ਹੋ – ਹੋ – ਹੋ

ਬੁੱਢੇ ਬੁਢੀਆਂ ਇਸ ਗੀਤ ਦੇ ਅਰਥ ਕਰ ਕਰ ਕੇ ਦਸਦੀਆਂ ਹਨ ਕਿ ਦੁੱਲੇ ਭੱਟੀ ਡਾਕੂ ਨੇ ਇਕ ਕੁੜੀ ਨੂੰ ਜ਼ਾਲਮਾਂ ਦੇ ਹੱਥਾਂ ਤੋਂ ਛੁਡਾ ਕੇ ਉਸ ਦਾ ਆਪਣੇ ਹੱਥੀਂ ਵਿਆਹ ਕਰ ਕੇ ਧਰਮ ਨਿਭਾਇਆ ਸੀ।

ਗੁੜ ਦੇ ਨਾਲ ਨਾਲ ਧੂਣੀਆਂ ਲਈ ਲੱਕੜੀਆਂ ਤੇ ਪਾਥੀਆਂ ਵੀ ਤਾਂ ਇਨ੍ਹਾਂ ਰੋਣਿਆਂ ਭੋਣਿਆਂ ਇਕਠੀਆਂ

ਕਰਨ ਦੀ ਜ਼ਿਮੇਂਵਾਰੀ ਚੁਕੀ ਹੁੰਦੀ ਹੈ। ਇਸ ਲਈ ਰਾਹੇ ਰਾਹੇ ਜਾਂਦਿਆਂ ਹਰ ਘਰ ਅੱਗੇ ਇਹ ਸੱਦ ਵੀ ਲਾਈ ਜਾਂਦੀ ਹੈ :—

ਕੁਪੀਏ ਨੀ ਕੁਪੀਏ
ਅਸਮਾਨ ਤੇ ਲੁਟੀਏ
ਅਸਮਾਨ ਪੁਰਾਣਾ
ਛਿੱਕ ਬੰਨ੍ਹ ਤਾਣਾ
ਲੰਗਰੀ 'ਚ ਦਾਲ
ਮਾਰ ਮੱਥੇ ਨਾਲ
ਮਥਾ ਤੇਰਾ ਵੱਡਾ
ਲਿਆ ਲਕੜੀਆਂ ਦਾ ਗਡਾ।

ਟੱਪਿਆਂ ਅਤੇ ਗੀਤਾਂ ਦੀ ਇਹ ਛਣਕਾਰ, ਨਿੱਕੇ ਬੱਚਿਆਂ ਨੇ ਪੈਰੀਂ ਪਾਏ ਪਉਂਟਿਆਂ ਵਾਂਙ ਆਪਣੀ ਮਾਤ-ਬੋਲੀ ਦੀਆਂ ਮਟਕਾਂ ਵਿਚ ਟੁਣਕਦੀ ਰਹਿੰਦੀ ਹੈ :—

ਲੋਹੜੀ ਬਈ ਲੋਹੜੀ
ਦਿਉ ਗੁੜ ਦੀ ਰੋੜੀ, ਵਈ ਰੋੜੀ
ਕਲਮਦਾਨ ਵਿਚ ਘਿਉ
ਜੀਵੇ ਮੁੰਡੇ ਦਾ ਪਿਓ
ਕਲਮਦਾਨ ਵਿਚ ਕਾਂ
ਜੀਵੇ ਮੁੰਡੇ ਦੀ ਮਾਂ,
ਕਲਮਦਾਨ ਵਿਚ ਕਾਨਾ
ਜੀਵੇ ਮੁੰਡੇ ਦਾ ਨਾਨਾ
ਕਲਮਦਾਨ ਵਿਚ ਕਾਨੀ
ਜੀਵੇ ਮੁੰਡੇ ਦੀ ਨਾਨੀ।

ਮੁੰਡੇ ਕੁੜੀਆਂ ਨੱਚਦੇ ਟੱਪਦੇ ਰਾਤ ਦੇ ਘੁਸਮੁਸੇ ਤਕ ਅੱਕ ਥੱਕ ਜਾਂਦੇ ਹਨ ਤਾਂ ਵਧਾਈਆਂ ਵਾਲੇ ਘਰ ਤੇ ਧੂਣੀਆਂ ਉੱਤੋਂ ਸਿਆਣੀਆਂ ਜ਼ਨਾਨੀਆਂ ਲੰਮੀਆਂ ਹੇਕਾਂ ਵਾਲੇ ਗੀਤ ਛੋਹ ਲੈਂਦੀਆਂ ਹਨ। ਇਉਂ ਗੀਤਾਂ ਦੀਆਂ ਹੂਨਾਂ ਗੂੜ੍ਹੇ ਹੋ ਰਹੇ ਰਾਤ ਦੇ ਹਨ੍ਹੇਰੇ ਵਿਚ ਮੱਧਮ ਹੁੰਦੀਆਂ ਜਾਂਦੀਆਂ ਹਨ ਤੇ ਲੋਹੜੀ ਦੀ ਰਾਤ ਦੀਆਂ ਘੂਕ ਨੀਂਦਾਂ ਸਾਰੇ ਜਗ ਨੂੰ ਆਪਣੀ ਕੁੱਛੜ ਵਿਚ ਸੁਲਾ ਲੈਂਦੀਆਂ ਹਨ।

## ਮਾਘੀ

ਲੋਹੜੀ ਤੋਂ ਦੂਜੇ ਦਿਨ ਮਾਘੀ ਵੀ ਇਕ ਤਿਉਹਾਰ ਹੁੰਦਾ ਹੈ। ਪਿੰਡਾਂ ਦੇ ਲੋਕ ਪੋਹ ਦੇ ਮਹੀਨੇ ਕੋਈ ਵਿਆਹ ਸ਼ਾਦੀ ਨਹੀਂ ਕਰਦੇ, ਅਖੇ ਇਹ ਠੰਢਾ ਮਹੀਨਾ ਹੈ, ਇਸ ਲਈ ਮਹੀਨੇ ਦਾ ਹੀ ਨਹੀਂ ਇਕ ਤਰ੍ਹਾਂ ਸਾਲ ਦਾ ਹੀ ਭਾਂਗਾ ਮਾਘ ਵਿਚ ਕੱਢਿਆ ਜਾਂਦਾ ਹੈ।

ਮਾਘ ਦੇ ਮਹੀਨੇ ਪੁਨ-ਦਾਨ ਕਰਨ, ਨਾਲ, ਕਹਿੰਦੇ ਨੇ, ਬਹੁਤਾ ਫਲ ਮਿਲਦਾ ਹੈ ਤੇ ਕੰਨਿਆਦਾਨ ਨਾਲੋਂ ਹੋਰ ਦਾਨ ਵੀ ਕਿਹੜਾ ਵੱਡਾ ਹੁੰਦਾ ਹੈ ? ਇਸ ਲਈ ਬਹੁਤੇ ਵਿਆਹ, ਮੁਕਲਾਵੇ ਅਤੇ ਮੰਗਣੇ ਇਸੇ ਮਹੀਨੇ ਕੀਤੇ ਜਾਂਦੇ

ਹਨ। ਇਨ੍ਹਾਂ ਦਾ ਆਰੰਭ ਮਾਘੀ ਵਾਲੇ ਦਿਨ ਤੋਂ ਹੀ ਹੋ ਜਾਂਦਾ ਹੈ। ਮਾਘੀ ਨੂੰ ਸਵੇਰੇ ਤੀਰਥ ਇਸ਼ਨਾਨ ਕਰਨਾ ਮਹਾਨ ਪੁੰਨ ਮੰਨਿਆ ਜਾਂਦਾ ਹੈ। ਪਿੰਡਾਂ ਦੇ ਨੇੜੇ ਕੋਈ ਤੀਰਥ ਨਹੀਂ ਹੁੰਦਾ, ਇਸ ਲਈ ਬਹੁਤ ਸਾਰੇ ਪੁੰਨੀ ਧਰਮੀ ਪਹਿਰ ਦੇ ਤੜਕੇ ਪਿੰਡ ਦੇ ਟੋਭਿਆਂ ਵਿਚ ਹੀ ਟੁੱਭੀਆਂ ਲਾ ਆਉਂਦੇ ਹਨ। ਕਈ ਹਿੰਮਤੀ ਬੰਦੇ ਇਕ ਮੀਲ ਦੂਰ ਵਗਦੇ ਸੂਏ ਉੱਤੇ ਅਸ਼ਨਾਨ ਕਰ ਕੇ 'ਜਲ ਮਿਲਿਆ ਪਰਮੇਸ਼ਰ ਮਿਲਿਆ ਤਨ ਕੀ ਗਈ ਬਲਾਇ' ਦਾ ਜਾਪ ਕਰਦੇ,– ਤੇ ਜੇ ਜਪੁਜੀ ਸਾਰਾ ਯਾਦ ਨਾ ਹੋਵੇ ਤਾਂ ਪਹਿਲੀ ਪਉੜੀ ਦਾ ਹੀ ਸਹੀ, – 'ਸਤਿਨਾਮ ਵਾਹਿਗੁਰੂ' ਜਾਂ 'ਰਾਮ ਰਾਮ' ਦੀਆਂ ਧੁਨਾਂ ਲਾਉਂਦੇ ਰਜਾਈਆਂ ਵਿਚ ਆ ਵੜਦੇ ਹਨ। ਮਾਘੀ ਵਾਲੇ ਦਿਨ ਮੁੰਡਿਆਂ ਕੁੜੀਆਂ ਨੂੰ ਨ੍ਹਾਉਣ ਦੀ ਪਿਰਤ ਪਾਉਣ ਲਈ ਕਈ ਕਿਸਮ ਦੇ ਲਾਲਚਾਂ ਦੇ ਚੋਗੇ ਖਿਲਾਰੇ ਜਾਂਦੇ ਹਨ; ਅਖੇ ਜਿਹੜਾ ਕੁੜੀ ਮੁੰਡਾ ਪਹਿਰ ਦੇ ਤੜਕੇ ਨ੍ਹਾਵੇਗਾ ਉਸ ਦੇ ਵਾਲ ਸੋਨੇ ਦੇ ਹੋ ਜਾਣਗੇ, ਜਿਹੜਾ ਪਹੁ-ਫੁਟਦੀ ਨਾਲ ਨ੍ਹਾਵੇਗਾ ਉਸ ਦੇ ਚਾਂਦੀ ਦੇ।

ਇਸ ਦਿਨ ਸਵੇਰ ਵੇਲੇ ਮੋਠ ਬਾਜਰੇ ਦੀ ਖਿਚੜੀ ਅਤੇ ਮੂਲੀ ਖਾਣੀ ਚੰਗਾ ਸਮਝਿਆ ਜਾਂਦਾ ਹੈ। ਗੰਨਿਆਂ ਦੇ ਰਸ ਵਿਚ ਖੀਰ ਰਿੰਨ੍ਹ ਕੇ ਖਾਧੀ ਜਾਂਦੀ ਹੈ। ਇਹ ਦਿਨ ਖ਼ੁਰਾਕਾਂ ਖਾਣ ਦੇ ਹੁੰਦੇ ਹਨ ਇਸ ਲਈ ਨਾਲ ਦੇ ਪਿੰਡੀਂ ਲਗਦੇ ਮੇਲਿਆਂ ਉੱਤੇ ਗੱਭਰੂ ਘੋਲ ਤੇ ਕੌਡੀ ਅਤੇ ਸੌਂਚੀ-ਪੱਕੀ ਦੀਆਂ ਖੇਡਾਂ ਖੇਡ ਕੇ ਤੇ ਦੌੜਾਂ ਲਾ ਲਾ ਕੇ ਆਪਣੇ ਪਿੰਡ ਦਾ ਨਾਉਂ ਉੱਘਾ ਕਰਨ ਲਈ ਕਸਰ ਨਹੀਂ ਛੱਡਦੇ।

## ਬਸੰਤ ਪੰਚਮੀ

ਬਸੰਤ ਪੰਚਮੀ ਨੂੰ ਪਿੰਡ ਦੇ ਮੁੰਡੇ ਕੁੜੀਆਂ ਬਸੰਤੀ ਝੱਗੇ ਚੁੰਨੀਆਂ ਰੰਗ ਕੇ, ਜਿਹੋ ਜਹੀ ਖੇਤਾਂ ਵਿਚ ਸਰ੍ਹੋਂ ਦੇ ਫੁੱਲਾਂ ਨੇ ਰੌਣਕ ਲਾਈ ਹੁੰਦੀ ਹੈ, ਉਹੋ ਜਹੀ ਪਿੰਡਾਂ ਵਿਚ ਛਹਿਬਰ ਲਾ ਦਿੰਦੇ ਹਨ। ਇਹ ਦਿਨ ਵੀ ਚੰਗਾ ਚੋਖਾ ਖਾਣ ਲਈ ਚੰਗੇ ਢੋ ਮੇਲ ਬਣਾ ਦਿੰਦਾ ਹੈ।

ਬਸੰਤ ਪੰਚਮੀ ਨੂੰ ਨੇੜੇ ਦੂਰ ਦੇ ਮੇਲਿਆਂ ਉੱਤੇ ਤੀਵੀਆਂ ਤੇ ਆਦਮੀ ਦੋਵੇਂ ਹੀ ਜਾਂਦੇ ਹਨ। ਮੇਲਾ ਤਾਂ ਮੌਸਮੀ ਹੈ, ਪਰ ਇਸ ਦਿਨ ਦੀ ਮਹੱਤਤਾ ਹਕੀਕਤ ਰਾਏ ਦੀ ਸ਼ਹੀਦੀ ਨੇ ਸਰ੍ਹੋਂ ਦੇ ਸੋਨੇ ਦੇ ਵਿਚ ਕੁਰਬਾਨੀ ਦੇ ਰੱਤੇ ਖ਼ੂਨ ਦੀ ਸੁਗੰਧੀ ਘੋਲ ਕੇ ਹੋਰ ਵਧਾ ਦਿੱਤੀ ਹੈ। ਵੈਸੇ ਬਸੰਤ ਪੰਚਮੀ ਛੇਹਰਟੇ ਤੇ ਪਟਿਆਲੇ ਬਹੁਤ ਮਨਾਈ ਜਾਂਦੀ ਹੈ।

## ਹੋਲੀ

ਆਖਦੇ ਹਨ ਪ੍ਰਹਿਲਾਦ ਦੀ ਭੂਆ ਹੋਲਕਾ, ਆਪਣੇ ਭਾਈ ਹਰਨਾਖਸ਼ ਦੀ ਪ੍ਰਹਿਲਾਦ ਨੂੰ ਮਾਰ ਮੁਕਾਉਣ ਦੀ ਵਿਉਂਤ ਵਿਚ ਸਹਾਈ ਹੋਣ ਲਈ ਇਕ ਜਾਦੂ ਦਾ ਕੜਾ ਪਾ ਤੇ ਪ੍ਰਹਿਲਾਦ ਨੂੰ ਗੋਦੀ ਵਿਚ ਲੈ ਕੇ ਅੱਗ ਵਿਚ ਬੈਠ ਗਈ। ਅੱਗ ਦੇ ਲਾਂਬੂਆਂ ਵਿੱਚੋਂ ਪ੍ਰਹਿਲਾਦ ਉਵੇਂ ਜਿਵੇਂ ਬਚ ਨਿਕਲਿਆ, ਪਰ ਹੋਲਕਾ ਹੋਲਾਂ ਵਾਂਙ ਭੁੱਜ ਕੇ ਵਿਚੇ ਦਗਧ ਹੋ ਗਈ। ਇਸ ਕਰਕੇ ਇਸ ਤਿਉਹਾਰ ਨੂੰ ਹੋਲੀ ਆਖਦੇ ਹਨ। ਪਰ ਪਰਤੀਤ ਹੁੰਦਾ ਹੈ ਕਿ ਇਹ ਦਿਨ ਹੋਲਾਂ ਭੁੰਨਣ ਦੇ ਹੁੰਦੇ ਹਨ ਇਸ ਲਈ ਇਸ ਦਿਨ ਤੋਂ ਹੋਲਾਂ ਕਰਨੀਆਂ ਅਰੰਭ ਹੋਣ ਕਰਕੇ ਇਸ ਦਾ ਨਾਂ ਹੋਲੀ ਪੈ ਗਿਆ ਹੈ।

ਪਿੰਡਾਂ ਵਿਚ ਤਾਂ ਇਹ ਦਿਉਰ ਭਰਜਾਈ ਦਾ ਤਿਉਹਾਰ ਹੈ। ਭਾਬੀਆਂ ਦਿਉਰਾਂ ਨੂੰ ਛੇੜਦੀਆਂ ਅਤੇ ਉਨ੍ਹਾਂ ਉੱਤੇ ਰੰਗ ਡੋਲ੍ਹਦੀਆਂ ਹਨ।

ਸ਼ਹਿਰਾਂ ਵਿਚ ਰੰਗ ਡੋਲ੍ਹ ਡੋਲ੍ਹ ਹੋਲੀ ਜ਼ਿਆਦਾ ਮਨਾਈ ਜਾਂਦੀ ਹੈ ਤੇ ਅੰਬੀਰ ਗੁਲਾਲ ਵੀ ਛਿੜਕੇ ਜਾਂਦੇ ਹਨ।

ਅਨੰਦਪੁਰ ਸਾਹਿਬ ਹੋਲੇ-ਮਹੱਲੇ ਦਾ ਭਾਰੀ ਮੇਲਾ ਲਗਦਾ ਹੈ ਤੇ ਨਿਹੰਗ ਸਿੰਘ ਉੱਥੇ ਸ਼ਸਤਰਾਂ ਦੇ ਚਮਤਕਾਰ ਦਿਖਾਉਂਦੇ ਹਨ ।

## ਗੁਰਪੁਰਬ

ਕੱਤੇ ਦੀ ਪੂਰਨਮਾਸ਼ੀ ਨੂੰ ਗੁਰਦੁਆਰੇ ਅਖੰਡ ਪਾਠ ਕਰ ਕੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ । ਅਖੰਡ ਪਾਠ ਲਈ ਸਮੱਗਰੀ ਹਰ ਘਰ ਵਿੱਚੋਂ ਜਿੰਨੀ ਸਰਦੀ-ਪੁਜਦੀ ਹੋਵੇ ਪਹੁੰਚਾਈ ਜਾਂਦੀ ਹੈ । ਸਵਾ ਰੁਪਏ ਦੀ ਦੇਗ ਦਿੱਤੇ ਬਿਨਾਂ ਤਾਂ ਕੋਈ ਘਰ ਹੀ ਭਾਵੇਂ ਰਹਿ ਜਾਂਦਾ ਹੋਵੇ । ਭੋਗ ਵੇਲੇ ਕਿਸੇ ਘਰੋਂ ਦਾਣਿਆਂ ਦੀ ਪਰਾਤ, ਬਾਟੀ ਜਾਂ ਥਾਲੀ ਗੁਰਦੁਆਰੇ ਮੱਥਾ ਟੇਕਣਾ ਜ਼ਰੂਰੀ ਸਮਝਿਆ ਜਾਂਦਾ ਹੈ । ਪੂਰਨਮਾਸ਼ੀ ਦੀ ਰਾਤ ਨੂੰ ਗੁਰਦੁਆਰੇ ਦੇ ਬਨੇਰਿਆਂ ਅਤੇ ਸਿੱਖਾਂ ਦੇ ਘਰਾਂ ਉੱਤੇ ਦੀਵੇ ਜਗਾਏ ਜਾਂਦੇ ਹਨ । ਛੋਟੇ ਛੋਟੇ ਬੱਚੇ ਤੇ ਪੁਰਾਣੇ ਬੁੱਢੇ ਬਢੀਆਂ ਇਸ ਗੁਰਪੁਰਬ ਨੂੰ 'ਸਿਖਾਂ ਦੀ ਦੀਵਾਲੀ' ਦਾ ਨਾਂ ਵੀ ਦਿੰਦੇ ਹਨ ।

ਪੋਹ ਸੁਦੀ ਸੱਤਮੀਂ ਦੇ ਦਿਹਾੜੇ ਇਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ । ਜੇਠ ਸੁਦੀ ਚੋਥ ਨੂੰ ਗੁਰੂ ਅਰਜਨ ਦੇਵ ਦੀ ਸ਼ਹੀਦੀ ਮਨਾਈ ਜਾਂਦੀ ਹੈ ।

ਮੁਸਲਮਾਨ ਈਦ ਦੇ ਮੌਕੇ ਤੇ ਬਹੁਤ ਜਸ਼ਨ ਮਨਾਉਂਦੇ ਹਨ ਅਤੇ ਬਕਰੀਦ ਦੇ ਮੌਕੇ ਤੇ ਤਾਂ ਬੱਕਰਿਆਂ ਜਾਂ ਕਿਸੇ ਹੋਰ ਜਾਨਵਰ ਦੀਆਂ ਕੁਰਬਾਨੀਆਂ ਵੀ ਦਿੱਤੀਆਂ ਜਾਂਦੀਆਂ ਹਨ ।

# ਲੋਕ-ਗੀਤ

www.PunjabiLibrary.com

# ਲੋਕ-ਗੀਤ

ਪਰਸਿੱਧ ਅਖਾਣ ਹੈ, 'ਪੰਜਾਬ ਦਿਆਂ ਜੰਮਿਆਂ ਨੂੰ ਨਿੱਤ ਮੁਹਿੰਮਾਂ'। ਇਹ ਵੀ ਆਖਦੇ ਹਨ, 'ਰਬ ਨੇੜੇ ਕਿ ਘਸੁੰਨ'। ਗਾਉਂਦੀ ਨੱਚਦੀ ਜੂਝਦੀ ਸੰਸਕ੍ਰਿਤੀ ਦਾ ਪਿਛੋਕੜ ਸਮਝੇ ਬਿਨਾਂ ਅਸੀਂ ਮੌਤ ਨੂੰ ਵੀ ਮਖੌਲ ਕਰਨ ਵਾਲੇ ਪੰਜਾਬੀਆਂ ਦੇ ਹਸ-ਬੋਲਦੇ ਤੇ ਹਸ-ਖੇਡਦੇ ਸੁਭਾ ਦਾ ਵਿਗਿਆਨਿਕ ਵਿਸ਼ਲੇਸ਼ਨ ਨਹੀਂ ਕਰ ਸਕਦੇ।

ਆਰੀਆ ਲੋਕ ਭਾਰਤ ਵਿਚ ਆ ਕੇ ਪਹਿਲਾਂ ਸਪਤ-ਸਿੰਧੂ (ਪੰਜਾਬ) ਵਿਚ ਹੀ ਆਬਾਦ ਹੋਏ, ਇੱਥੇ ਹੀ ਉਨ੍ਹਾਂ ਦਰਿਆਵਾਂ ਦੇ ਕੰਢਿਆਂ ਉੱਤੇ ਵੇਦ ਰਚੇ। ਆਰੀਆਂ ਦੇ ਆਗਮਨ ਤੋਂ ਪਹਿਲਾਂ ਵੀ ਇਸ ਧਰਤੀ ਤੇ ਵਸੋਂ ਰਹੀ ਹੋਵੇਗੀ। ਉਹ ਲੋਕ, ਜੋ ਆਰੀਆਂ ਦੇ ਆਗਮਨ ਤੋਂ ਪਹਿਲਾਂ ਸਿੰਧ ਵਿਚ ਮੋਹੇਂਜੋਦੜੋ ਵਰਗੀ ਸਭਿਅਤਾ ਦੇ ਵਾਰਿਸ ਸਨ, ਪੰਜਾਬ ਵਿਚ ਵੀ ਅਵੱਸ਼ ਅਪਣਾ ਪ੍ਰਭਾਵ ਰਖਦੇ ਹੋਣਗੇ, ਇਹ ਗੱਲ ਸਾਡੀ ਕਲਪਨਾ ਨੂੰ ਟੁੰਬ ਟੁੰਬ ਜਾਂਦੀ ਸੀ। ਤੇ ਇਹ ਗੱਲ ਸੱਚ ਨਿਕਲੀ, ਜਦ ਪਿਛਲੇ ਦਿਨੀਂ ਰੋਪੜ ਸ਼ਹਿਰ ਕੋਲ ਦੇ ਇਕ ਥੇਹ ਨੂੰ ਪੁੱਟਿਆ ਗਿਆ ਤੇ ਉੱਥੋਂ ਲੱਭੀਆਂ ਚੀਜ਼ਾਂ ਨੇ ਦੱਸ ਪਾਈ ਕਿ ਇਹ ਸ਼ਹਿਰ ਚਾਰ ਹਜ਼ਾਰ ਵਰ੍ਹਿਆਂ ਤੋਂ ਇੱਥੇ ਕਿਸੇ ਨਾ ਕਿਸੇ ਰੂਪ ਵਿਚ ਵਸਦਾ ਤੁਰਿਆ ਆ ਰਿਹਾ ਹੈ। ਇਸ ਤੋਂ ਪੰਜਾਬ ਦੀ ਸਭਿਅਤਾ ਦੇ ਢੇਰ ਪੁਰਾਤਨ ਹੋਣ ਦੀ ਸੂਚਨਾ ਮਿਲਦੀ ਹੈ। ਆਰੀਆਂ ਦੇ ਆਗਮਨ ਤੋਂ ਪਹਿਲਾਂ ਪੰਜਾਬ ਵਿਚ ਇੱਥੋਂ ਦੀ ਸਭ ਤੋਂ ਵੱਡੀ ਤੇ ਪਿਆਰੀ ਫ਼ਸਲ ਕਣਕ ਹੀ ਰਹੀ ਹੋਏਗੀ ਤੇ ਪੰਜਾਬੀ ਲੋਕ-ਗੀਤ ਦਾ ਇਹ ਹਰ-ਮਨ-ਪਿਆਰਾ ਬੋਲ — 'ਬੱਲੀਏ ਕਣਕ ਦੀਏ, ਤੈਨੂੰ ਖਾਣਗੇ ਨਸੀਬਾਂ ਵਾਲੇ' — ਕਿਸੇ ਨਾ ਕਿਸੇ ਰੂਪ ਵਿਚ ਖ਼ਬਰੇ ਓਦੋਂ ਵੀ ਲੋਕ-ਪ੍ਰਤਿਭਾ ਨੂੰ ਟੁੰਬਦਾ ਹੋਵੇ। ਜਿਸ ਤਰ੍ਹਾਂ ਅੱਜ ਅਸੀਂ ਲੋਕ-ਗੀਤ ਵਿਚ ਇਹ ਅਨੁਭਵ ਬੋਲਦਾ ਸੁਣਦੇ ਹਾਂ ਕਿ ਬਾਜਰਾ ਗਰਮੀ ਕਰਦਾ ਹੈ ਤੇ ਜਵਾਰ ਬਾਦੀ, ਖ਼ਬਰੇ ਆਰੀਆਂ ਦੇ ਆਗਮਨ ਤੋਂ ਪਹਿਲਾਂ ਵੀ ਇਹ ਲੋਕ-ਅਨੁਭਵ ਕਿਸੇ ਨਾ ਕਿਸੇ ਭਾਸ਼ਾ ਰੂਪ ਵਿਚ ਤੁਰਦਾ ਰਿਹਾ ਹੋਵੇ। ਛੋਲੇ ਵੀ ਹੁੰਦੇ ਹੋਣਗੇ, ਤੇ ਛੋਲਿਆਂ ਦਾ ਸਾਗ ਤਦ ਵੀ ਰਿੰਨ੍ਹਿਆਂ ਤੇ ਖਾਧਾ ਜਾਂਦਾ ਹੋਵੇਗਾ, ਤੇ ਅੱਜ ਵਾਲਾ ਇਹ ਗੀਤ — 'ਮੇਰੇ ਚੰਦਰੇ ਜੇਠ ਦੇ ਛੋਲੇ, ਕਦੇ ਨਾ ਕਿਹਾ ਸਾਗ ਤੋੜ ਲੈ' — ਓਦੋਂ ਵੀ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਟਕੋਰ ਲਾਉਂਦਾ ਹੋਵੇਗਾ। ਮੱਕੀ ਤਦ ਵੀ ਉਗਦੀ ਹੋਵੇਗੀ, ਤੇ ਮਕੱਈ ਦੀਆਂ ਛੱਲੀਆਂ ਭੁੰਨ ਭੁੰਨ ਕੇ ਚੱਬਣ ਦਾ ਰਿਵਾਜ ਤਦ ਵੀ ਰਿਹਾ ਹੋਵੇਗਾ, ਤੇ ਇੰਜ ਅਸੀਂ ਅਨੁਮਾਨ ਲਗਾ ਸਕਦੇ ਹਾਂ ਕਿ ਸਾਡਾ ਇਹ ਅੱਜ ਦਾ ਗੀਤ — 'ਮੇਰਾ ਯਾਰ ਮੱਕੀ ਦੀ ਰਾਖੀ, ਡੱਬ ਵਿਚ ਲਿਆਵੇ ਛੱਲੀਆਂ' — ਭਾਸ਼ਾ ਦੇ ਲਿਹਾਜ਼ ਨਾਲ ਨਹੀਂ ਤਾਂ ਵਿਚਾਰ ਵਜੋਂ ਤਾਂ ਜ਼ਰੂਰ ਮੁੱਢ-ਕਦੀਮੀ ਹੈ। ਤਰਖਾਣਾ ਕੰਮ ਤਦ ਵੀ ਹੁੰਦਾ ਹੋਵੇਗਾ ਤੇ ਅੱਜ ਦਾ ਇਹ ਗੀਤ — 'ਮੇਰੀ ਚੰਦਰੀ ਦੀ ਜਾਤ ਤਖਾਣੀ, ਚੂੜਾ ਪਾ ਕੇ ਸੱਕ ਹੂੰਝਦੀ' — ਆਪਣੇ ਪਿੱਛੇ ਲਮੇਰਾ ਇਤਿਹਾਸ ਲੈ ਕੇ ਤੁਰਿਆ ਆ ਰਿਹਾ ਹੈ। ਕਪਾਹ ਵੀ ਕੋਈ ਅੱਜ ਦੀ ਨਹੀਂ ਉਗਦੀ ਤੇ ਅਸੀਂ ਸੋਚ ਸਕਦੇ ਹਾਂ ਕਿ ਸਾਡਾ ਇਹ ਗੀਤ — 'ਪਰ੍ਹੇ ਹੋ ਜਾ ਨੀ ਕਪਾਹ ਦੀਏ ਛਟੀਏ, ਪਤਲੋ ਨੂੰ ਲੰਘ ਜਾਣ ਦੇ' — ਕੋਈ ਅੱਜ ਕਲ ਦਾ ਜੰਮ-ਪਲ ਨਹੀਂ। ਪਿੰਡ ਦੇ ਛੱਪੜ ਵਿਚ ਨਹਾਉਣ ਦਾ ਰਿਵਾਜ ਵੀ ਪੁਰਾਣਾ ਹੈ, ਤੇ ਲੋਕ-ਗੀਤ ਦਾ ਇਹ ਸ਼ਬਦ-ਚਿੱਤਰ ਵੀ ਕੋਈ ਅੱਜ ਦਾ ਨਹੀਂ — 'ਰੰਨ ਨ੍ਹਾ ਕੇ ਛੱਪੜ ਚੋਂ ਨਿਕਲੀ, ਸੁਲਫ਼ੇ ਦੀ ਲਾਟ ਵਰਗੀ'। ਗੀਤਾਂ ਦਾ 'ਉੱਚੀਆਂ ਲੰਮੀਆਂ ਟਾਹਲੀਆਂ, ਕੋਈ ਵਿਚ ਗੁਜਰੀ ਦੀ ਪੀਂਘ, ਮਾਹੀਆ' ਵਾਲਾ ਬੋਲ ਬਿਜਲੀ ਦੇ ਲਿਸ਼ਕਾਰੇ ਵਾਂਙ ਸਾਨੂੰ ਗੁੱਜਰਾਂ ਦੇ ਇਤਿਹਾਸ ਵਲ ਝਾਤ ਪਾਉਣ ਲਈ ਪਰੇਰਦਾ ਹੈ। ਗੁੱਜਰ ਜਾਂ ਗੁੱਜਰਾ ਕਬੀਲੇ ਦੇ ਲੋਕ ਬਾਹਰੋਂ ਆਏ ਤੇ ਇੱਥੇ ਪੰਜਾਬ ਵਿਚ ਹੀ ਪਹਿਲਾਂ ਇਨ੍ਹਾਂ ਨੇ ਗੁਜਰਾਤ ਸ਼ਹਿਰ ਵਸਾਇਆ ਤੇ ਇੱਥੋਂ ਅਗਾਂਹ ਜਾ ਕੇ ਉਹ ਸਾਡੇ

ਦੇਸ਼ ਦੇ ਉਸ ਭਾਗ ਵਿਚ ਆਬਾਦ ਹੋਏ ਜੋ ਅੱਜ ਵੀ ਬੜੇ ਮਾਣ ਨਾਲ ਆਪਣਾ ਨਾਂ ਗੁਰਜਰ ਜਾਂ ਗੁਜਰਾਤ ਦੇਸ਼ ਦਸਦਾ ਹੈ, ਤੇ ਇਸ ਦੇ ਨਾਲ ਇਹ ਵੀ ਸੱਚ ਹੈ ਕਿ ਓਸੇ ਗੁੱਜਰ ਕਬੀਲੇ ਦੇ ਕੁਝ ਲੋਕ, ਜੋ ਮੁਸਲਮਾਨਾਂ ਦੇ ਆਉਣ ਪਿੱਛੋਂ ਮੁਸਲਮਾਨ ਹੋ ਗਏ ਸਨ, ਅੱਜ ਕਸ਼ਮੀਰ ਦੇ ਪਹਾੜਾਂ ਵੱਲ ਨੀਮ-ਖ਼ਾਨਾਬਦੋਸ਼ ਰੂਪ ਵਿਚ ਮੱਝਾਂ ਪਾਲਦੇ ਤੇ ਦੁੱਧ ਵੇਚ-ਵੱਟ ਕੇ ਗੁਜ਼ਾਰਾ ਕਰਦੇ ਹਨ ।

'ਹੱਥ ਪੂਣੀਆਂ ਢਾਕ ਤੇ ਚਰਖਾ' ਵਾਲੇ ਗੀਤ ਦਾ ਬੋਲ ਤ੍ਰਿੰਜਣ ਵਿਚ ਕੱਤਣ ਜਾ ਰਹੀ ਕੁੜੀ ਦੀ ਝਾਕੀ ਪੇਸ਼ ਕਰਦਾ ਹੈ । 'ਨਿੱਕਾ ਨਿੱਕਾ ਕੱਤਣਾ ਤੇ ਮਿੱਠਾ ਮਿੱਠਾ ਬੋਲਣਾ' ਵਾਲਾ ਉਪਦੇਸ਼ ਉਨ੍ਹਾਂ ਵੇਲਿਆਂ ਦੀ ਯਾਦ ਤਾਜ਼ੀ ਕਰਾ ਜਾਂਦਾ ਹੈ ਜਦ ਪਤੀ ਬਾਰਾਂ ਵਰ੍ਹੇ ਲਈ ਘਰੋਂ ਬਾਹਰ ਜਾਣ ਲਗਦਾ ਸੀ । ਅੱਜ ਵੀ ਗੀਤ ਵਿਚ ਇਹ ਬੋਲ ਤੁਰਿਆ ਆਉਂਦਾ ਹੈ 'ਬਾਰ੍ਹੀਂ ਬਰਸੀਂ ਖੱਟਣ ਗਿਉਂ, ਤੇ ਖੱਟ ਕੇ ਲਿਆਂਦੀ ਡੋਈ, ਸਾਰੀ ਗੱਡੀ ਮੋੜ ਬਾਬਲਾ, ਮੇਰੇ ਹਾਣ ਦਾ ਮੁੰਡਾ ਨਾ ਕੋਈ ।' ਬਾਰਾਂ ਵਰ੍ਹੇ ਲਈ ਖੱਟੀ ਕਰਨ ਨੂੰ ਬਾਹਰ ਜਾਣ ਦੀ ਗੱਲ ਅੱਜ ਭਾਵੇਂ ਹਾਸੇ ਵਿਚ ਹੀ ਉਡਾ ਦਿੱਤੀ ਜਾਂਦੀ ਹੈ ਪਰ ਇਸ ਦੇ ਪਿੱਛੇ ਸਮਾਜਕ ਚੇਤਨਾ ਦਾ ਜੋ ਇਤਿਹਾਸ ਬੋਲਦਾ ਹੈ ਉਸ ਦੇ ਲਈ ਵੀ ਸਾਨੂੰ ਆਪਣੇ ਕੰਨ ਤੇ ਦਿਮਾਗ਼ ਖੋਲ੍ਹ ਕੇ ਰੱਖਣੇ ਚਾਹੀਦੇ ਹਨ । ਅੱਜ ਵੀ ਇਹ ਗੀਤ ਤੁਰਿਆ ਆਉਂਦਾ ਹੈ 'ਬਾਰ੍ਹੀਂ ਬਰਸੀਂ ਖੱਟਣ ਗਿਉਂ ਤੇ ਖੱਟ ਕੇ ਲਿਆਂਦੀ ਚਾਂਦੀ, ਧੀਏ ਨੀ ਪਸਿੰਦ ਕਰ ਲੈ ਗੱਡੀ ਭਰ ਮੁੰਡਿਆਂ ਦੀ ਆਂਦੀ ।' ਇਨ੍ਹਾਂ ਗੀਤਾਂ ਵਿਚ ਸੌ ਸੌ ਪੀੜ੍ਹੀਆਂ ਦੇ ਸੰਸਕਾਰ ਬੋਲਦੇ ਹਨ ।

'ਗੋਰੇ ਰੰਗ ਤੇ ਦੁਪੱਟਾ ਕਾਲਾ ਸਜਦਾ' ਵਾਲਾ ਸੁਹਜ-ਸੁਆਦ ਵੀ ਕੋਈ ਅੱਜ ਦਾ ਨਹੀਂ ਤੇ ਨਾ 'ਦੇਵੀ ਮਾਤਾ ਗੌਣ ਬਖ਼ਸ਼ਦੀ' ਵਾਲਾ ਗੀਤ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਦਾ, ਕਿਉਂਕਿ 'ਬਖ਼ਸ਼ਣਾ' ਤੇ 'ਬਖ਼ਸ਼ਿਸ਼' ਜਹੇ ਸ਼ਬਦ ਮੁਸਲਮਾਨਾਂ ਨਾਲ ਹੀ ਆਏ ਤੇ ਫੇਰ ਸਾਡੀ ਭਾਸ਼ਾ ਵਿਚ ਰਚਮਿਚ ਗਏ । 'ਗੁਰੂ ਧਿਆ ਕੇ ਮੈਂ ਪਾਵਾਂ ਬੋਲੀ, ਸਭ ਨੂੰ ਫ਼ਤਿਹ ਬੁਲਾਵਾਂ,' ਵਾਲਾ ਗੀਤ ਵੀ ਆਪ ਆਪਣੀ ਗਵਾਹੀ ਦੇ ਰਿਹਾ ਹੈ ਕਿ ਇਹ ਮੁਸਲਮਾਨਾਂ ਦੇ ਆਉਣ ਤੋਂ ਪਿੱਛੋਂ ਦਾ ਹੈ । ਲੰਮੇ ਤੇ ਨਰੋਏ ਲਈ 'ਬੰਬਲੇ' ਸ਼ਬਦ ਦੀ ਵਰਤੋਂ ਕਰਦੇ ਹਨ, ਤੇ ਜਦ ਕੋਈ ਗਾਉਂਦਾ ਹੈ—'ਹਿੰਮਤਪੁਰੇ ਦੇ ਮੁੰਡੇ ਬੰਬਲੇ, ਸੱਤਾਂ ਪੱਤਣਾਂ ਦੇ ਤਾਰੂ'— ਤਾਂ ਅਸੀਂ ਇਹ ਸੋਚੇ ਬਿਨਾਂ ਨਹੀਂ ਰਹਿ ਸਕਦੇ ਕਿ ਭਾਵੇਂ ਹਿੰਮਤਪੁਰੇ ਦਾ ਨਾਂ ਮੁਸਲਮਾਨਾਂ ਦੇ ਆਉਣ ਤੋਂ ਪਿੱਛੋਂ ਹੀ ਪਿਆ ਹੋਵੇਗਾ, ਪਰ ਉੱਥੋਂ ਦੇ ਮੁੰਡਿਆਂ ਦਾ ਸੱਤਾਂ ਪੱਤਣਾਂ ਦੇ ਤਾਰੂ ਹੋਣ ਵਾਲਾ ਸੁਭਾ, ਜੋ ਉਨ੍ਹਾਂ ਨੂੰ ਵਿਰਸੇ ਵਿਚ ਮਿਲਿਆ ਹੈ, ਮੁਸਲਮਾਨਾਂ ਦੇ ਆਉਣ ਤੋਂ ਢੇਰ ਪਹਿਲਾਂ ਦਾ ਹੈ ।

ਪੰਜਾਬੀ ਹਰ ਚੀਜ਼ ਨੂੰ ਘੋਖ ਕੇ ਵੇਖਦਾ ਹੈ, ਤੇ ਕਿਸੇ ਗੱਲ ਨੂੰ ਗੀਤ ਵਿਚ ਥਾਂ ਦੇਣ ਤੋਂ ਪਹਿਲਾਂ ਇਸ ਨੂੰ ਵਿਚਾਰ ਦੀ ਕਸਵੱਟੀ ਉੱਤੇ ਖਰੇ ਸੋਨੇ ਵਾਂਙ ਪਰਖਦਾ ਹੈ । ਤਕੜੇ ਜੁੱਸੇ ਵਾਲੇ ਲੋਕ ਹੀ ਇਹ ਗੀਤ ਗਾ ਸਕਦੇ ਹਨ, 'ਦੋ ਦਿਨ ਘੱਟ ਜੀਉਣਾ, ਜੀਉਣਾ ਮਟਕ ਦੇ ਨਾਲ ।' ਕੱਚਾ ਦੁੱਧ ਪੀਣ ਦੇ ਸ਼ੁਕੀਨ ਹੀ ਇਹ ਬੋਲ ਮੂੰਹੋਂ ਕੱਢ ਸਕਦੇ ਹਨ, 'ਮੁੰਡਾ ਜੰਮੂੰਗਾ ਦਹੀਂ ਦੇ ਫੁੱਟ ਵਰਗਾ, ਕੱਚਾ ਦੁਧ ਪੀਣ ਵਾਲੀਏ !' ਜੋ ਪ੍ਰਾਹੁਣਾਚਾਰੀ ਦਾ ਪੱਖ ਲੈ ਸਕੇ, ਉਸੇ ਦੇ ਮੂੰਹੋਂ ਇਹ ਬੋਲ ਫੁਰਦਾ ਹੈ, 'ਤੇਰੀ ਚੁੱਕ ਨਾ ਮਸੀਤ ਲਿਜਾਣੀ, ਰਾਹੀਆਂ ਨੇ ਰੈਣ ਕੱਟਣੀ ।' ਵਾਹੀ ਜੋਤੀ ਵਿਚ ਰੁੱਝੇ ਬੰਦਿਆਂ ਦੀ ਕਲਪਨਾ ਵਿਚ ਹੀ ਇਹ ਗੀਤ ਕਣਕ ਦੀ ਬੱਲੀ ਵਾਂਙ ਫਲਦਾ ਹੈ, 'ਮੇਰਾ ਲੈ ਚਲ ਚਰਖਾ ਓਥੇ, ਵੇ ਜਿੱਥੇ ਤੇਰੇ ਹਲ ਵਗਦੇ,' ਜਾਂ 'ਤੇਰੇ ਲੌਂਗ ਦਾ ਪਿਆ ਚਮਕਾਰਾ, ਹਾਲੀਆਂ ਨੇ ਹਲ ਡੱਕ ਲਏ ।'

ਲਹੂ ਮਾਸ ਵਿਚ ਰਚਾਇਆ ਹੋਇਆ ਭਾਵ-ਚਿੱਤਰ ਹੀ ਲੋਕ-ਗੀਤ ਦਾ ਰੂਪ ਧਾਰਦਾ ਹੈ । ਗਹਿਣੇ ਕਰਾ ਕਰਾ ਕੇ ਵੀ ਕੋਈ ਆਪਣੀ ਪਰੇਰਨਾ ਦੀ ਮੂਰਤੀ ਨੂੰ ਖ਼ੁਸ਼ ਨਾ ਕਰ ਸਕੇ ਤਾਂ ਕਿਤੇ ਜਾ ਕੇ ਗੀਤ ਵਿਚ ਇਹ ਟਕੋਰ ਲਾਉਣ ਦਾ ਮੌਕਾ ਮਿਲਦਾ ਹੈ, 'ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ ।' ਜਵਾਨੀ ਵਿਚ ਹੀ ਖੱਲ ਦੀ ਜੁੱਤੀ ਦਾ ਇਹ ਰੰਗ ਬੱਝਦਾ ਹੈ, 'ਜੁੱਤੀ ਖੱਲ ਦੀ ਮਰੋੜਾ ਨਾ ਝਲਦੀ, ਜ਼ੋਰ ਜਵਾਨੀ ਦੀ ।'

ਲੋਕ-ਗੀਤ ਵਿਚ ਅੱਜ ਵੀ ਹਾੜ ਮਹੀਨਾ ਤਪਦਾ ਹੈ ਤੇ ਗੋਰੀ ਦੇ ਮਨ ਵਿਚ ਗੁੱਝੀਆਂ ਅੱਗਾਂ ਮੱਚ ਮੱਚ ਪੈਂਦੀਆਂ ਹਨ, ਜਦ ਉਹ ਗਾਉਂਦੀ ਹੈ :—

ਚੜ੍ਹਿਆ ਮਹੀਨਾ ਜੇਠ ਕਿ ਜੇਠ ਪਲੇਠ ਕਿ ਲੂਆਂ ਡਾਢੀਆਂ
ਮਾਹੀ ਗਿਆ ਪਰਦੇਸ ਨਾ ਖ਼ਬਰਾਂ ਸਾਡੀਆਂ

ਚੜ੍ਹਿਆ ਮਹੀਨਾ ਹਾੜ ਕਿ ਤਪਣ ਪਹਾੜ ਕਿ ਬਲਣ ਅਗੀਠੀਆਂ
ਮਾਹੀ ਗਿਆ ਪਰਦੇਸ ਮੈਂ ਬਿਰਹੋਂ ਲੂਠੀਆਂ

ਅੱਜ ਵੀ ਕਿਸੇ 'ਐਤਵਾਰੀ' ਸੱਸ ਤੋਂ ਤੰਗ ਪਈ ਨੂੰਹ ਇੰਜ ਵਿਰੋਧ ਵਿਚ ਅਗ ਵਾਂਙ ਮੱਚ ਉੱਠਦੀ ਹੈ :—

ਸੁਣ ਨੀ ਸੱਸੇ ਐਤਵਾਰੀਏ, ਵਾਰ ਵਾਰ ਸਮਝਾਵਾਂ
ਜਿਹੜੀ ਤੇਰੀ ਸੇਰ ਪੰਜੀਰੀ, ਵਿਹੜੇ ਵਿੱਚ ਖਿੰਡਾਵਾਂ
ਜਿਹੜਾ ਤੇਰਾ ਲੀਰ ਪਰਾਂਦਾ, ਸਣੇ ਸੰਧੂਰ ਅੱਗ ਲਾਵਾਂ
ਗਾਲ੍ਹ ਭਰਾਵਾਂ ਦੀ, ਮੈਂ ਨਾ ਮੁੜ ਮੁੜ ਖਾਵਾਂ

ਜਾਂ

ਰੋਟੀ ਲੈ ਕੇ ਗਈ ਖੇਤ ਨੂੰ, ਮੱਕੀ ਗੁੱਡਣ ਲਾਈ
ਮੱਕੀ ਗੁਡਦੀ ਦੇ ਪੈਗੇ ਛਾਲੇ, ਰੋਂਦੀ ਘਰਾਂ ਨੂੰ ਆਈ
ਆਉਂਦੀ ਨੂੰ ਸੱਸ ਲੜਦੀ, ਘਾਹ ਦਾ ਭਰਾ ਨਾ ਲਿਆਂਈ
ਕਿਧਰੇ ਮਰਨ ਤੇਰੇ ਢਾਂਡੇ ਸੱਸੇ, ਕੱਟਿਆਂ ਨੂੰ ਲੈਣ ਕਸਾਈ
ਪੰਜੇ ਤੇਰੇ ਪੁੱਤ ਮਰ ਜਾਣ, ਛੀਵਾਂ ਮਰੇ ਜਮਾਈ
ਸੱਤਵਾਂ ਉਹ ਮਰਜੇ, ਜੀਹਨੇ ਤੂੰ ਮੈਨੂੰ ਲੜ ਲਾਈ
ਗਾਲ੍ਹ ਭਰਾਵਾਂ ਦੀ, ਕੀਹਨੇ ਕੱਢਣ ਸਿਖਾਈ

ਜਾਂ

ਸੱਸੀਏ ! ਬੜੇਵੇਂ ਅੱਖੀਏ ! ਮੈਨੂੰ ਗਾਲ੍ਹ ਨਾ ਵੀਰ ਦੀ ਦੇਈਂ

ਨੂੰਹ ਦੇ ਮਨ ਵਿਚ ਮਚਦੇ ਇਸ ਭਾਂਬੜ ਨੂੰ ਸਮਝਣ ਲਈ ਪੰਜਾਬ ਦੇ ਸਮਾਜਕ ਜੀਵਨ ਨੂੰ ਘੋਖਣ ਦੀ ਲੋੜ ਪਵੇਗੀ। 'ਭੈਣਾਂ ਰੋਂਦੀਆਂ ਨੂੰ ਵੀਰ ਮਨਾਉਂਦੇ, ਸਿਰ ਪੁਰ ਹੱਥ ਰੱਖ ਕੇ।' ਕਿਸੇ ਕਿਸੇ ਗੀਤ ਵਿਚ ਭਰਾ ਨੀਲਾ ਘੋੜਾ ਤੇ ਗਲ ਦਾ ਕੈਂਠਾ ਵੇਚ ਕੇ ਭੈਣ ਨੂੰ ਵੰਗਾਂ ਤੇ ਬੰਦ ਲੈ ਦੇਣ ਦਾ ਇਕਰਾਰ ਕਰਦਾ ਹੈ। ਵੀਰ ਘਰ ਪੁੱਤ ਜੰਮਦਾ ਹੈ ਤਾਂ ਭੈਣ ਨੂੰ ਕੋਈ ਮੱਝ ਗਊ ਮਿਲਣ ਦੀ ਆਸ ਬੱਝਦੀ ਹੈ। ਵੀਰ ਦੀ ਸਰਦਾਰੀ ਹੀ ਭੈਣ ਦਾ ਮਾਣ ਹੈ।

ਚਾਚੇ ਦਾ ਪੁੱਤ ਭਰਾ ਲਗਦਾ, ਕੋਲੋਂ ਦੀ ਲੰਘ ਗਿਆ
ਜੇ ਹੋਵੇ ਵੀਰ ਆਪਣਾ ਤਾਂ ਨਦੀਆਂ ਚੀਰ ਮਿਲੇ

ਇਹ ਇਕ ਸ਼ਬਦ-ਚਿੱਤਰ ਨਹੀਂ, ਇਸ ਵਿਚ ਸੰਘਣਾ ਅਨੁਭਵ ਬੋਲਦਾ ਹੈ। ਇਹ ਕਿਸੇ ਆਵੇਸ਼ ਵਿਚ ਆਖੀ ਗੱਲ ਨਹੀਂ, ਇਹ ਬੋਲ ਵੀਰ-ਪਿਆਰ ਦੀਆਂ ਸਹੁੰਆਂ ਚੁੱਕਦਾ ਹੈ।

ਲੋਕ-ਗੀਤ ਵਿਚ ਗੂੜ੍ਹੇ ਤੇ ਸ਼ੋਖ਼ ਰੰਗ ਵਧੇਰੇ ਹਨ, ਪਰ ਨਾਲ ਹੀ ਨਾਲ ਘਸਮੈਲੇ ਰੰਗਾਂ ਦੀ ਆਤਮ-ਕਥਾ ਤੁਰਦੀ ਹੈ — 'ਹਰਾ ਮੂਗੀਆ ਬੰਨ੍ਹਦਾ ਏਂ ਸਾਫ਼ਾ, ਬਣਿਆ ਫਿਰਦਾ ਏਂ ਜਾਨੀ, ਭਾੜੇ ਦੀ ਹੱਟੀ ਵਿਚ ਰਹਿ ਕੇ ਬੰਦਿਆ ! ਤੈਂ ਮੌਜ ਬਥੇਰੀ ਮਾਣੀ'। ਬਹੁਤ ਬੰਦੇ ਤੁਸਾਂ ਨੂੰ ਇਹ ਆਖਦੇ ਮਿਲਣਗੇ, 'ਬਈ ਅਸੀਂ ਤਾਂ ਦੁਨੀਆਂ 'ਚ ਜਾਨੀ (ਜਾਂਞੀ) ਆਏ ਹੋਏ ਆਂ', ਪਰ ਦੁਨੀਆਂ ਨੂੰ ਭਾੜੇ ਦੀ ਹੱਟ ਆਖਣ ਵਾਲੇ ਵੀ ਮਿਲ ਜਾਣਗੇ। ਸੱਧਰਾਂ ਦੇ ਦਰਿਆਵਾਂ ਉੱਤੇ ਕਿਸੇ ਆਸ ਦੇ ਪੁਲ ਪਏ ਹੋਏ ਹਨ। ਕਿਸੇ ਨੂੰ ਬਚਪਨ ਯਾਦ ਆਉਂਦਾ ਹੈ ਤਾਂ ਮਨ ਦੀ ਬਾਰੀ ਖੁਲ੍ਹ ਜਾਂਦੀ ਹੈ :—

ਨਿੱਕੀ ਹੁੰਦੀ ਮੈਂ ਰਹਿੰਦੀ ਨਾਨਕੀਂ, ਖਾਂਦੀ ਦੁੱਧ ਮਲਾਈਆਂ
ਤੁਰਦੀ ਦਾ ਲੱਕ ਝੂਟੇ ਖਾਂਦਾ, ਪੈਰੀਂ ਝਾਂਜਰਾਂ ਪਾਈਆਂ
ਤ੍ਰਿੰਜਣਾਂ 'ਚ ਨੱਚਦੀ ਫਿਰਾਂ, ਦੇਵੇ ਰੂਪ ਦੁਹਾਈਆਂ

ਕਿਤੇ ਕੋਈ ਯਤੀਮ ਜਿਹਾ ਮੁੰਡਾ ਆਪਣੀ ਕਹਾਣੀ ਦੱਸਦਾ ਹੈ :—

ਬਾਰਾਂ ਸਾਲ ਮੈਂ ਭੇਡਾਂ ਚਾਰੀਆਂ, ਗਲ ਵਿਚ ਪਾ ਕੇ ਕੂੰਨਾ
ਤੱਤੀਆਂ ਲੋਆਂ ਨੇ ਪਿੰਡਾ ਸੁਕਾ ਤਾ, ਰਹਿ ਗਿਆ ਹੱਡ ਨਮੂਨਾ
ਘਰ ਦੇ ਟੱਬਰਾਂ ਬਿਨਾਂ, ਕਾਹਦੀਆਂ ਭਰਾਵੋ ! ਜੂਨਾਂ

ਕਿਤੇ ਕੋਈ ਦਿਉਰ ਆਪਣੀ ਭਾਬੀ ਅੱਗੇ ਬੇਨਤੀ ਕਰਦਾ ਹੈ :—

ਭਾਬੀ ਭਾਬੀ ਕਰਦਾ ਭਾਬੀਏ, ਪੜ੍ਹਦਾ ਤੇਰੀ ਬਾਣੀ
ਨਿੱਕੀ ਜਹੀ ਗੱਲ ਤੋਂ ਪਿਆ ਪੁਆੜਾ, ਤੰਦ ਦੀ ਬਣਗੀ ਤਾਣੀ
ਲੈ ਭਾਬੀ ਘਰ ਬਾਰ ਸਾਂਭ ਲੈ, ਰੱਤੀ ਫ਼ਰਕ ਨਾ ਜਾਣੀ
ਮਰਦੇ ਦੇਵਰ ਦੇ, ਮੂੰਹ ਵਿਚ ਪਾ ਦੇ ਪਾਣੀ

ਭਾਬੀ ਵੀ ਅੱਗੋਂ ਘੱਟ ਨਹੀਂ । ਉਸ ਕੋਲ ਵੀ ਜਿਵੇਂ ਘੜਿਆ ਘੜਾਇਆ ਜਵਾਬ ਹੋਵੇ :—

ਹੁਣ ਤਾਂ ਤੂੰ ਪਿਆ ਮਿੰਨਤਾਂ ਕਰਦਾ, ਘਾਟੇ ਵਾਧੇ ਕਰ ਕੇ
ਛੜੇ ਲੋਕ ਤਾਂ ਰਾਜ਼ੀ ਰਹਿੰਦੇ, ਬੇਹੇ ਟੁਕੜੇ ਚਰ ਕੇ
ਹੁਣ ਤੋਂ ਮੁੰਡਿਆ ਪੀਹਣ ਬਹਿ ਜਾ, ਸਾਰੇ ਕੱਢੇਂਗਾ ਮਰ ਕੇ
ਗੋਲੀ ਨੈਣਾਂ ਦੀ, ਹੁਣ ਮਾਰੂੰਗੀ ਭਰ ਕੇ .

ਦਿਉਰ ਜਾਣਦਾ ਹੈ ਜੁ ਮਿੱਠਤ ਹੀ ਠੰਢ ਵਰਤਾ ਸਕਦੀ ਹੈ । ਉਹ ਜਿਵੇਂ ਡੁਬਕੂੰ ਡੁਬਕੂੰ ਡੋਲਦਾ ਆਪਣੇ ਚੰਗੇ ਆਚਰਨ ਦੀ ਸਹੁੰ ਖਾਂਦਾ ਹੈ :—

ਕਾਹਤੋਂ ਭਾਬੀ ਗੋਲੀ ਮਾਰੇਂ, ਕੀ ਚੁੱਕ ਲਿਆ ਤੇਰਾ ਛੰਨਾ
ਘਰ ਤੇ ਬਾਰ ਸਭ ਤੇਰਾ ਭਾਬੋ, ਰੱਤੀ ਫ਼ਰਕ ਨਾ ਮੰਨਾਂ
ਕੰਮ ਕਾਰ ਮੈਂ ਤੇਰਾ ਕਰਦੂੰ, ਚਰ ਕੇ ਟੁਕੜਾ ਖੰਨਾ
ਸੋਹਣੀ ਭਾਬੀ ਨੂੰ, ਰਾਮ ਬਰੋਬਰ ਮੰਨਾਂ

ਪੇਕੇ ਘਰ ਦਾ ਗੀਤ ਹੋਰ ਹੈ, ਸਹੁਰੇ ਘਰ ਦਾ ਹੋਰ । ਕੁਆਰੀ ਕੁੜੀ ਨੂੰ ਮਾਂ ਦਾ ਇਹ ਉਪਦੇਸ਼ ਹੈ — 'ਧਾਰੀ ਬੰਨ੍ਹ ਸੁਰਮਾ ਨਾ ਪਾਈਏ, ਧੀਏ ਘਰ ਮਾਪਿਆਂ ਦੇ' — ਤੇ ਸਹੁਰੇ ਘਰ ਜਾ ਕੇ ਉਹੋ ਕੁੜੀ ਖੁਲ੍ਹੀ ਵਾ ਦੀ ਛੋਹ ਮਹਿਸੂਸ ਕਰ ਕੇ ਗਾਉਂਦੀ ਹੈ, 'ਬਣ ਤਣ ਨਿਕਲ ਸਰੀਰਾ, ਇਹ ਪਿੰਡ ਸਹੁਰਿਆਂ ਦਾ ।'

## ਤ੍ਰਿੰਜਣ

ਸਰੋਜਿਨੀ ਨਾਇਡੋ ਨੇ ਇਕ ਥਾਂ ਲਿਖਿਆ ਹੈ : 'ਸਦੀਆਂ ਤੋਂ ਕਵੀ ਚਰਖੇ ਤੇ ਖੱਡੀ ਦੀ ਉਪਮਾ ਦੇਂਦੇ ਆ ਰਹੇ ਹਨ । ਹੋਣੀ ਆਪਣੇ ਚਰਖੇ ਤੇ ਤੰਦਾਂ ਕੱਢ ਕੱਢ ਮਨੁੱਖ ਦੀ ਕਿਸਮਤ ਉਣ ਰਹੀ ਹੈ ।' ਰਿਗਵੇਦ ਦੇ ਕਵੀ ਨੇ ਆਪਣੇ ਦੇਵਤਿਆਂ ਪ੍ਰਤੀ ਪੁਰਾਤਨ ਤੰਦ ਕੱਢੇ ਜਾਣ ਦੀ ਪ੍ਰਾਰਥਨਾ ਕੀਤੀ, ਤੇ ਥਾਂ ਥਾਂ ਅਮੁੱਕ ਨਿਕਲਦੀ ਤੰਦ ਦੇ ਇਸ ਤਰ੍ਹਾਂ ਸੋਹਿਲੇ ਗਾਏ, 'ਪਿਤਾ ਵਾਂਙ ਉਹ ਆਪਣਾ ਵਿਰਸਾ ਧਰਤੀ ਉੱਤੇ ਛੱਡ ਗਏ ਹਨ, ਜਿਵੇਂ ਚਰਖੇ ਚੋਂ ਲਗਾਤਾਰ ਤੰਦ ਨਿਕਲਦੀ ਆਉਂਦੀ ਹੈ ।' ਅਥਰਵ-ਵੇਦ ਵਿਚ ਉਸ ਯੁਵਕ ਵਰ ਦਾ ਚਿਤਰ ਕਿਤਨਾ ਭਾਵ-ਪੂਰਤ ਹੈ ਜਿਸ ਨੂੰ

ਵਿਆਹ ਦੇ ਪਹਿਲੇ ਦਿਨ ਆਪਣੀ ਲਾੜੀ ਦੇ ਹੱਥਾਂ ਦਾ ਬਣਿਆਂ ਜਾਮਾ ਪਹਿਨਣ ਨੂੰ ਮਿਲਿਆ ।

ਪੰਜਾਬ ਲਈ ਇਹ ਸੁਭਾਵਕ ਗੱਲ ਸੀ ਕਿ ਉਸ ਦਾ ਸੂਫ਼ੀ ਕਵੀ ਸ਼ਾਹ ਹੁਸੈਨ (੧੫੬੯-੯੩ ਈ.) ਆਪਣੀ ਰੂਹ ਲਈ ਉਸ ਕੁਆਰੀ ਕੁੜੀ ਦੀ ਉਪਮਾ ਦੇਂਦਾ ਹੈ, ਜਿਹੜੀ ਇਸ ਕਰਕੇ ਹੀ ਵਿਆਹ ਖੁਣੋਂ ਰਹਿ ਗਈ ਕਿ ਉਹਨੇ ਆਪਣੇ ਦਾਜ ਲਈ ਸੂਤ ਨਹੀਂ ਸੀ ਕੱਤਿਆ । ਪੰਜਾਬ ਦੀ ਇਹ ਪੁਰਾਣੀ ਪਰੰਪਰਾ ਸੀ ਕਿ ਕੁੜੀਆਂ ਆਪਣਾ ਦਾਜ ਆਪ ਕੱਤ ਕੱਢ ਕੇ ਤਿਆਰ ਕਰਦੀਆਂ ਸਨ । ਉਹੋ ਆਪਣੇ ਪਤੀ ਨੂੰ ਰੀਝਾ ਸਕਦੀ ਸੀ ਜਿਹੜੀ ਹੱਥੀਂ-ਕੱਤੇ ਸੂਤ ਦਾ ਕਪੜਾ ਉਣਾ ਕੇ ਤੇ ਹੱਥੀਂ ਕੱਢਿਆ ਦਾਜ ਤਿਆਰ ਕਰ ਕੇ ਸਹੁਰੇ ਘਰ ਲਿਆਉਂਦੀ ਸੀ । ਉਸ ਸੁਚੱਜੀ ਲਾੜੀ ਵਾਂਙ ਜਦ ਵੀ ਸੂਫ਼ੀ ਕਵੀ ਨੇ ਆਪਣੇ ਕਰਮਾਂ ਦਾ ਸੋਹਣਾ ਬਾਗ ਤਿਆਰ ਕਰ ਲਿਆ, ਤਾਂ ਸਮਝੋ ਪਤੀ-ਪਰਮੇਸ਼ਰ ਨੂੰ ਭਾ ਗਿਆ ।

ਤ੍ਰਿੰਜਣ ਦੀ ਝਾਕੀ ਇਕ ਸੁਹਾਵਣਾ ਚਿੱਤਰ ਹੈ । ਕੁਆਰੀਆਂ, ਲਾੜੀਆਂ, ਸਜ-ਵਿਆਹੀਆਂ, ਅਧਖੜਾਂ ਤੇ ਬੁੱਢੀਆਂ ਮਾਵਾਂ-ਦਾਦੀਆਂ ਆਪੋ ਆਪਣੇ ਚਰਖੇ ਲਿਆ ਕੇ ਜੁੜ ਬਹਿੰਦੀਆਂ ਹਨ । ਉਹ ਮਿਲ ਕੇ ਕੱਤਦੀਆਂ ਹਨ । ਇਕ ਦੂਜੀ ਨੂੰ ਮਾਤ ਪਾਣ ਦੀ ਤੌੜ ਲੱਗੀ ਰਹਿੰਦੀ ਹੈ । ਤ੍ਰਿੰਜਣ ਲੱਗਣ ਤੋਂ ਪਹਿਲਾਂ ਸਭ ਦੀਆਂ ਪੂਣੀਆਂ ਪੰਜ ਪੰਜ ਚਾਰ ਚਾਰ ਕਰ ਕੇ, ਜਿਵੇਂ ਵੀ ਹਿਸਾਬ ਰੱਖਣਾ ਹੋਵੇ, ਵਾਰੀ ਵਾਰੀ ਉੱਪਰ ਉੱਪਰ ਰੱਖੀਆਂ ਜਾਂਦੀਆਂ ਹਨ । ਤ੍ਰਿੰਜਣ ਦੀ ਕੋਈ ਸਿਆਣੀ ਇਹ ਕੰਮ ਸੰਭਾਲਦੀ ਹੈ ਕਿ ਵਾਰੀ ਵਾਰੀ ਹਰ ਇਕ ਦੀਆਂ ਪੂਣੀਆਂ ਦੇ ਜੋਟੇ ਸਮੇਂ ਸਿਰ ਵੰਡਦੀ ਰਹੇ ।

ਕੁਚਜੀ ਕੱਤਣ ਵਾਲੀ ਦਾ ਤ੍ਰਿੰਜਣ ਵਿਚ ਇਹ ਆਖ ਕੇ ਉਪਹਾਸ ਕੀਤਾ ਜਾਂਦਾ ਹੈ — 'ਅੰਨੋਂ ਕਰਾਂ ਕੁਅੰਨ, ਕਪਾਹੋਂ ਬੱਤੀਆਂ ।' ਤੇ ਚੰਗਾ ਕੱਤਣ ਵਾਲੀ ਲਈ ਇਹ ਅਖਾਣ ਤੁਰਦਾ ਹੈ — 'ਜੇ ਮੈਂ ਹੋਵਾਂ ਕਾਤੀ, ਤਾਂ ਲੱਕੜਾਂ ਨਾਲ ਵੀ ਕਾਤੀ ।' ਤ੍ਰਿੰਜਣ ਦਾ ਇਕ ਪਰਸਿੱਧ ਗੀਤ ਹੈ :—

ਘੂੰ ਘੂੰ ਚਰਖੜਾ
ਮੈਂ ਲਾਲ ਪੂਣੀ ਕੱਤਾਂ ਕਿ ਨਾ ?
ਕੱਤ ਬੀਬੀ ਕੱਤ
ਕੱਤ ਬੀਬੀ ਕੱਤ

ਲੰਮਾ ਮੇਰਾ ਦੁੱਖੜਾ
ਮੈਂ ਦੁੱਖੜਾ ਦੱਸਾਂ ਕਿ ਨਾ ?
ਦੱਸ ਬੀਬੀ ਦੱਸ
ਦੱਸ ਬੀਬੀ ਦੱਸ

ਦੂਰ ਮੇਰੇ ਸਹੁਰੇ
ਮੈਂ ਸਹੁਰੇ ਘਰ ਵੱਸਾਂ ਕਿ ਨਾ ?
ਵੱਸ ਬੀਬੀ ਵੱਸ
ਵੱਸ ਬੀਬੀ ਵੱਸ

ਕੰਤ ਮੇਰਾ ਨਿਆਣਾ
ਮੈਂ ਨਿਆਣੇ ਘਰ ਵੱਸਾਂ ਕਿ ਨਾ ?

ਵੱਸ ਬੀਬੀ ਵੱਸ
ਵੱਸ ਬੀਬੀ ਵੱਸ

ਇਕ ਗੀਤ ਵਿਚ ਤ੍ਰਿੰਜਣ ਦੀ ਸਹੇਲੀ ਚੰਨ ਸੂਰਜ ਨੂੰ ਆਪਣਾ ਦੁੱਖ ਸੁਣਾਉਂਦੀ ਹੈ :—

ਸੁਣ ਵੇ ਸੂਰਜਾ ! ਸੁਣ ਵੇ ਚੰਨਾ !! ਨੈਣੀਂ ਨੀਰ ਵਹਾਵਾਂ
ਦੁਨੀਆਂ ਮੌਜ ਕਰਦੀ, ਮੈਂ ਤੰਦ ਦੁਖਾਂ ਦੇ ਪਾਵਾਂ

ਤ੍ਰਿੰਜਣ ਦਾ ਨਾਂ ਅਨੇਕ ਗੀਤਾਂ ਵਿਚ ਗੂੰਜਦਾ ਹੈ :—

'ਯਾਰੀ ਵਾਲੀ ਤੋਂ ਕੱਤਿਆ ਨਾ ਜਾਵੇ, ਵੰਡ ਦਿਉ ਛੋਪ ਕੁੜੀਉ'
'ਲੱਗੀਆਂ ਤ੍ਰਿੰਜਣਾਂ ਦੀਆਂ, ਮੈਨੂੰ ਯਾਦ ਗੱਡੀ ਵਿਚ ਆਈਆਂ'
'ਚਰਖੇ ਦੀ ਗੂੰਜ ਸੁਣ ਕੇ, ਜੋਗੀ ਉਤਰ ਪਹਾੜੋਂ ਆਇਆ'
'ਕਦੋਂ ਯਾਰ ਨੇ ਖਿੱਲਾਂ ਦੀ ਮੁੱਠ ਮਾਰੀ, ਤਿੰਜਣਾਂ 'ਚ ਕੱਤਦੀ ਨੂੰ'
'ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਗ਼ਮਾਂ ਦੇ ਪਾਵਾਂ'

'ਕਿੱਕਰ ਦਾ ਮੇਰਾ ਚਰਖਾ ਮਾਏ, ਟਾਹਲੀ ਦਾ ਕਰਵਾ ਦੇ
'ਇਸ ਚਰਖੇ ਦਾ ਹਿੱਲੇ ਮਝੇਰੂ, ਮਾਲ੍ਹਾਂ ਬਹੁਤੀਆਂ ਖਾਵੇ
'ਮੇਰੇ ਨਾਲ ਦੀਆਂ ਕੱਤ ਕੇ ਸੌਂ ਗੀਆਂ, ਮੈਥੋਂ ਕੱਤਿਆ ਨਾ ਜਾਵੇ
'ਚਰਖਾ ਬੂ ! ਚੰਦਰਾ, ਮੇਰੀ ਨੀਂਦ ਗੁਮਾਵੇ'

ਤ੍ਰਿੰਜਣ ਵਿਚ ਸੁੱਤੀਆਂ ਸੱਧਰਾਂ ਜਾਗ ਪੈਂਦੀਆਂ ਹਨ । ਸ਼ਗਨਾਂ ਦੀ ਮਹਿੰਦੀ ਦਾ ਗੀਤ ਗੂੰਜਦਾ ਹੈ, 'ਮਹਿਦੀ ਸ਼ਗਨਾਂ ਦੀ, ਰਲਗੀ ਰੂਪ ਦੇ ਨਾਲੇ ।' ਕਿਤੇ ਇਹ ਸ਼ਿਕਾਇਤ ਕੀਤੀ ਜਾਂਦੀ ਹੈ, 'ਕਿਹੜੇ ਚਾ ਨੂੰ ਲੰਮਾ ਤੰਦ ਪਾਵਾਂ, ਵੀਰ ਤੇਰਾ ਨਿਆਣਾ ਨਣਦੇ' ਕਿਤੇ ਜੋੜੀ ਮਿਲ ਜਾਣ ਦੀ ਖ਼ੁਸ਼ੀ ਵੰਡੀ ਜਾਂਦੀ ਹੈ, 'ਸੁੱਚੇ ਮੋਤੀ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ ।' ਕੋਈ ਇਹ ਰੋਣਾ ਰੋਂਦੀ ਹੈ, 'ਕੈਦਾਂ ਉਮਰ ਦੀਆਂ, ਕੰਤ ਜਿਨ੍ਹਾਂ ਦੇ ਨਿਆਣੇ ।' ਕੋਈ ਇੰਜ ਆਪਣਾ ਭੇਤ ਖੋਲ੍ਹਦੀ ਹੈ, 'ਸੁੱਤੀ ਪਈ ਦੇ ਸਿਰ੍ਹਾਣੇ ਰਿਛ ਬੰਨ੍ਹਿਆ, ਪੰਜ ਸੌ ਗਿਣਾ ਲਿਆ ਮਾਪਿਆਂ ।'

ਕਿਸੇ ਨੂੰ ਇਹ ਸ਼ਿਕਾਇਤ ਹੈ ਕਿ ਕੰਤ ਬਹੁਤ ਕਾਲਾ ਹੈ :—

ਥੰਮ੍ਹ ਕੇ ਕਲੇਜਾ ਰੋਵਾਂ ਲੇਖ ਨੂੰ, ਕੰਤ ਤਵੇ ਤੋਂ ਕਾਲਾ
ਕੁੜੀਆਂ ਮੈਨੂੰ ਮਾਰਨ ਤਾਹਨੇਂ, ਔਹ ਤੇਰੇ ਘਰ ਵਾਲਾ
ਮਿਹਣੇ ਸੁਣ ਮੈਂ ਇਉਂ ਹੋ ਜਾਂਦੀ, ਜਿਉਂ ਅਹਿਰਨ ਤੇ ਫਾਲਾ
ਮਾਏ ਤੇਰੇ ਮੰਦਰਾਂ ਚੋਂ, ਮਿਲ ਗਿਆ ਦੇਸ ਨਿਕਾਲਾ

ਕਿਤੇ ਇਹ ਸ਼ਿਕਾਇਤ ਕੀਤੀ ਜਾਂਦੀ ਹੈ, 'ਮੁੰਡਾ ਰੋਹੀ ਦੀ ਕਿੱਕਰ ਦਾ ਜਾਤੂ, ਵਿਆਹ ਕੇ ਲੈ ਗਿਆ ਤੂਤ ਦੀ ਛਟੀ ।'

ਵੰਗਾਂ ਦਾ ਗੀਤ ਨਿਆਣੇ ਕੰਤ ਵਾਲੀ ਦੀ ਹੱਡ-ਬੀਤੀ ਹੈ । ਇਸ ਦੀ ਲੈ ਚਰਖੇ ਦੀ ਘੂੰ ਘੂੰ ਨੇ ਹੱਥੀਂ ਸੁਆਰੀ ਹੈ :—

ਹੋਕਾ ਜਾਂ ਸੁਣਿਆ, ਵੰਗਾਂ ਚੜ੍ਹਾ ਲਉ,
ਚਾ ਵਿਚ ਲਈਆਂ ਚੜ੍ਹਾ, ਕਿ ਵੰਗਾਂ ਟੋਕਵੀਆਂ

ਕੰਤ ਨਿਆਣਾ ਬਾਹਰੋਂ ਖੇਡਦਾ ਆਇਆ,
ਸੱਸ ਨੇ ਦਿੱਤਾ ਸਿਖਾ, ਕਿ ਵੰਗਾਂ ਟੋਕਵਾਆਂ
ਅੰਦਰ ਵੜ ਉਸ ਡੰਡਾ ਮਾਰਿਆ,
ਟੁੱਟੀਆਂ ਵੰਗਾਂ ਠਾਹ, ਕਿ ਵੰਜਾਂ ਟੋਕਵੀਆਂ
ਚੁਗ ਚੁਗ ਵੰਗਾਂ ਬੋਝੇ 'ਚ ਪਾਈਆਂ,
ਪਈ ਪੇਕਿਆਂ ਦੇ ਰਾਹ, ਕਿ ਵੰਗਾਂ ਟੋਕਵੀਆਂ

ਤ੍ਰਿੰਜਣ ਵਿਚ ਚਰਖਿਆਂ ਦੀ ਘੂੰ ਘੂੰ ਉੱਤੇ ਹੀ ਕਦੀ ਕਦੀ 'ਮੈਂ ਮਾਝੇ ਦੀ ਜਟੀ' ਵਾਲਾ ਗੀਤ ਵੀ ਹਾਸੇ ਖੇਡੇ ਦਾ ਸਾਮਾਨ ਪੈਦਾ ਕਰ ਦਿੰਦਾ ਹੈ :—

ਮੈਂ ਮਾਝੇ ਦੀ ਜੱਟੀ, ਗੁਲਾਬੂ ਨਿੱਕਾ ਜਿਹਾ
ਕੌਲ ਕਟੋਰੀ ਦੁੱਧ ਨਾ ਪੀਂਦਾ,
ਮੈਂ ਦੁੱਧ ਪੀਂਦੀ ਵੱਟੀ, ਗੁਲਾਬੂ ਨਿੱਕਾ ਜਿਹਾ
ਇਕ ਛਣਕਣਾ, ਦੋ ਛਣਕਣੇ,
ਫਿਰਦੀ ਹੱਟੀਉ ਹੱਟੀ, ਗੁਲਾਬੂ ਨਿੱਕਾ ਜਿਹਾ
ਕਾਨੀ ਘੜਾਂ, ਦਵਾਤ ਲਿਆਵਾਂ,
ਨਾਲੇ ਪੋਚਾਂ ਪੱਟੀ, ਗੁਲਾਬੂ ਨਿੱਕਾ ਜਿਹਾ
ਰੁੱਸ ਰੁੱਸ ਬਹਿੰਦਾ ਮੰਗੇ ਰਿਉੜੀਆਂ,
ਨਾਲ ਗੰਨੇ ਦੀ ਮੱਟੀ, ਗੁਲਾਬੂ ਨਿੱਕਾ ਜਿਹਾ
ਗੁੱਲੀ ਡੰਡਾ ਖੇਡਣ ਸਿਖਿਆ,
ਖਾਵਾਂ ਕਿਸ ਦੀ ਖੱਟੀ, ਗੁਲਾਬੂ ਨਿੱਕਾ ਜਿਹਾ।

ਕਦੀ ਤ੍ਰਿੰਜਣ ਵਿਚ 'ਵਗਦੀ ਏ ਰਾਵੀ' ਦੀ ਲੈ ਗੂੰਜ ਉਠਦੀ ਹੈ :—

ਵਗਦੀ ਏ ਰਾਵੀ ਵਿਚ ਰੁੜ੍ਹਦੇ ਕਰੇਲੇ ਵੇ
ਆ ਮਿਲ ਚੰਨਾਂ ! ਐਵੇਂ ਘੜੀਆਂ ਦੇ ਮੇਲੇ ਵੇ

ਵਗਦੀ ਏ ਰਾਵੀ ਵਿਚ ਰੁੜ੍ਹਦੇ ਪਤਾਸੇ ਵੇ
ਤੁਰ ਗਿਉਂ ਚੰਨਾਂ ! ਨਾਲੇ ਲੈ ਗਿਉਂ ਹਾਸੇ ਵੇ

ਵਗਦੀ ਏ ਰਾਵੀ ਵਿਚ ਰੁੜ੍ਹਦੇ ਨੇ ਜਾਲੇ ਵੇ
ਛੱਡ ਗਿਉਂ ਬੁੱਤ, ਰੂਹ ਲੈ ਗਿਉਂ ਨਾਲੇ ਵੇ

ਵਗਦੀ ਏ ਰਾਵੀ ਵਿਚ ਰੁੜ੍ਹਦੇ ਬਹੋੜੇ ਵੇ
ਅੱਖੀਆਂ ਕੀ ਲਾਈਆਂ, ਰੋਗ ਜਿੰਦ ਲਈ ਸਹੇੜੇ ਵੇ

ਵਗਦੀ ਏ ਰਾਵੀ ਪਾਣੀ ਠੰਢੜੇ ਨੇ ਸੀਤਾਂ ਦੇ
ਝਲਣੇ ਵਿਛੋੜੇ ਪੈਂਦੇ ਦੁੱਖ ਨੇ ਪ੍ਰੀਤਾਂ ਦੇ

ਵਗਦੀ ਏ ਰਾਵੀ ਵਿਚ ਰੁੜ੍ਹਨ ਸ਼ਤੀਰ ਵੇ
ਮਾਣ ਜਵਾਨੀ ਢੋਲਾ ਸਾਡਾ ਤਾਂ ਅਖ਼ੀਰ ਵੇ

ਪੰਜਾਬ ਨੂੰ ਅਸੀਂ 'ਤ੍ਰਿੰਜਣਾਂ ਦੀ ਧਰਤੀ' ਆਖ ਸਕਦੇ ਸਾਂ, ਭਾਵੇਂ ਅੱਜ ਕਲ੍ਹ ਤ੍ਰਿੰਜਣ ਦਾ ਰਿਵਾਜ ਘਟਦਾ ਜਾਂਦਾ ਹੈ। ਹਜ਼ਾਰਾਂ ਵਰ੍ਹੇ ਹੋਏ ਚਰਖਾ ਤਿਆਰ ਹੋਇਆਂ। 'ਸ਼ਤਾਨ ਦਾ ਚਰਖਾ' ਵੱਡੀ ਗਾਲ੍ਹ ਹੈ। ਅੱਜ ਵੀ ਚਰਖਾ ਗੀਤ ਮੰਗਦਾ ਹੈ। ਅੱਜ ਵੀ ਚਰਖ਼ੇ ਦੀ ਵਾਜ ਸੁਣ ਕੇ ਜੋਗੀ ਪਹਾੜੋਂ ਉਤਰ ਆਉਂਦਾ ਹੈ, ਅੱਜ ਵੀ ਤ੍ਰਿੰਜਣ ਦੇ ਗੀਤਾਂ ਵਿਚ ਕੋਈ 'ਧਨਕੁਰ' ਵਰੀ ਦੀ ਕੁੜਤੀ ਸੀਉਂਦੀ ਹੈ ਤੇ ਕੋਈ 'ਲੱਛੀ' ਫੁਲਕਾਰੀ ਕੱਢਦੀ ਹੈ।

## 'ਬਿਰਛਾ ! ਬਿਰਛਾ !' ਤੋਤਾ ਬੋਲਿਆ

'ਧਰਤੀ ਵਿਚ ਜਕੜੇ ਰੁੱਖ ਤੁਰਨ ਦੀ ਇੱਛਾ ਰਖਦੇ ਹਨ ਤੇ ਮਨੁੱਖ ਇਕ ਅਜੇਹੇ ਸਵਰਗ ਦੀ ਪ੍ਰਾਪਤੀ ਲਈ ਧੱਕੇ ਖਾ ਰਿਹਾ ਹੈ, ਜਿੱਥੋਂ ਮੁਕਟਧਾਰੀ ਦੇਵਤੇ ਵੀ ਛੁਟਕਾਰਾ ਪਾਉਣ ਲਈ ਵਿਆਕੁਲ ਹਨ' — ਭਰਥਰੀ ਹਰੀ ਲਿਖ ਗਏ ਹਨ।

ਪੰਜਾਬੀ ਲੋਕ-ਗੀਤ ਦੇ ਪਿੜ ਵਿਚ ਕਿਹੜੇ ਰੁੱਖ ਸਾਡੇ ਨਾਲ ਸਾਂਝ ਪਾਉਂਦੇ ਹਨ ? ਉਹ ਹਨ ਪਿੱਪਲ ਤੇ ਬੋਹੜਾਂ, ਅੰਬ, ਬੇਰੀਆਂ ਤੇ ਕਿੱਕਰਾਂ, ਤੂਤ, ਟਾਹਲੀਆਂ, ਵਣ, ਕਰੀਰ ਤੇ ਜੰਡ, ਨਿੰਮ ਤੇ ਫੁਲਾਹੀ, ਇਮਲੀ ਤੇ ਨਿੰਬੂ। ਕਿਸੇ ਵੀ ਬੁੱਢੇ ਰੁੱਖ ਨੂੰ ਵੇਖ ਕੇ ਜਾਪਦਾ ਹੈ ਕਿ ਇਸ ਦਾ ਮੂੰਹ ਭਵਿੱਖਤ ਵੱਲ ਹੈ। 'ਮਾਵਾਂ ਠੰਢੀਆਂ ਛਾਵਾਂ' ਵਾਲੇ ਅਖਾਣ ਦੇ ਪਿਛੋਕੜ ਵਿਚ ਸੰਘਣੀ ਛਾਂ ਵਾਲੇ ਰੁੱਖ ਸਾਡੀ ਕਲਪਨਾ ਨੂੰ ਟੁੰਬ ਜਾਂਦੇ ਹਨ। ਹਿੰਦੂ ਧਰਮ ਗ੍ਰੰਥਾਂ ਦੇ ਆਸ਼ੇ ਮੂਜਬ ਪੁੱਤਰ-ਪ੍ਰਾਪਤੀ ਦੇ ਨਾਲ ਨਾਲ ਖੂਹ ਜਾਂ ਸਰੋਵਰ ਬਣਾਉਣ ਤੇ ਰੁੱਖ ਲਾਉਣ ਦਾ ਪੁੰਨ ਕਰਮ ਵੀ ਬੰਦੇ ਦੇ ਜ਼ਿੰਮੇ ਲਾਇਆ ਗਿਆ ਹੈ। ਕਸ਼ਮੀਰੀ ਕਵੀ ਛੇਮੇਂਦ੍ਰ ਦੇ ਕਥਨ ਅਨੁਸਾਰ 'ਦੂਜਿਆਂ ਨੂੰ ਫਲ ਦੇਣ ਵਾਲੇ, ਧੁੱਪ ਨੂੰ ਦੂਰ ਕਰਨ ਵਾਲੇ ਰਾਹ ਵਿਚ ਖਲੋਤੇ ਰੁੱਖਾਂ ਦੇ ਸਮਾਨ ਪਰਉਪਕਾਰ ਕਰਨ ਵਾਲੇ ਮਹਾਂਪੁਰਖ ਨਾ ਹੋਣ ਤਾਂ ਇਹ ਜਗਤ ਪੁਰਾਣੇ ਬਣ ਦੇ ਸਮਾਨ ਵਸੋਂ ਦੇ ਅਯੋਗ ਬਣ ਜਾਵੇ।'

ਇਕ ਭਾਵ-ਪੂਰਤ ਤੱਕਣੀ ਨਾਲ ਬੰਦਾ ਰੁੱਖ ਨੂੰ ਪਰਣਾਮ ਕਰਦਾ ਹੈ। ਗੀਤ ਦੇ ਸ਼ਬਦ ਵੀ ਤਾਂ ਰੁਖ ਦੇ ਪੱਤਿਆਂ ਵਾਂਙ ਸਰਸਰਾਉਂਦੇ ਹਨ :—

'ਬਿਰਛਾ, ਬਿਰਛਾ' ਤੋਤਾ ਬੋਲਿਆ,
'ਇੱਕੇ ਤੇਰੀ ਜ਼ਿਮੀ ਭੈੜੀ,
ਇੱਕੇ ਤੇਰਾ ਮੁੱਢ ਪੁਰਾਣਾ'

'ਨਾ ਮੇਰੀ ਜ਼ਿਮੀ ਭੈੜੀ,
'ਨਾ ਮੇਰਾ ਮੁੱਢ ਪੁਰਾਣਾ'

'ਇੱਕੇ ਖਾਧਾ ਨਵਾਬ ਦੀਆਂ ਡਾਚੀਆਂ,
'ਇੱਕੇ ਸ਼ਤੀਰ ਕੱਪ ਖੜੇ ਤਰਖਾਣਾਂ'

'ਤਰਖਾਣਾਂ ਦੇ ਮਰਨ ਬੱਚੜੇ,
'ਆਵਣ ਢੁੱਕ ਢੁੱਕ ਮੁਕਾਣਾਂ,

'ਮਰਨ ਨਵਾਬ ਦੀਆਂ ਡਾਚੀਆਂ,
'ਨਾਲੇ ਆਪੂੰ ਮਰੇ ਨਵਾਬ ਸਿਆਣਾ'

ਬਿਰਛ ਦਾ ਇਹ ਦੁਖੜਾ ਤੇ ਉਸਦਾ ਇਹ ਸਰਾਪ ਸਾਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਰਹਿੰਦਾ। ਇਹ ਸਾਡੀ ਰੂਹ ਵਿਚ ਖੁੱਭ ਜਾਂਦਾ ਹੈ, ਅਸੀਂ ਬਿਰਛ ਦੇ ਨਾਲ ਹਉਕੇ ਭਰਨ ਲਗ ਜਾਂਦੇ ਹਾਂ। ਬਿਰਛ ਦੀਆਂ ਗੱਲਾਂ ਦਾ ਵੇਦਨਾ ਵਰਗਾ ਪਰਛਾਵਾਂ ਸਾਨੂੰ ਕਿਸੇ ਨਿਭਾਗੀ ਤੱਕਣੀ ਨਾਲ ਤੱਕਦਾ ਹੈ – ਗੋਡੇ ਗੋਡੇ ਗ਼ਮ ਜਿਵੇਂ ਲੱਕ ਲੱਕ ਤਾਣੀ ਵਧ ਰਿਹਾ ਹੋਵੇ – ਤੇ ਅਸੀਂ ਸੋਚਣ ਲਗ ਜਾਂਦੇ ਹਾਂ ਕਿ ਬੰਦੇ ਉੱਤੇ ਕੋਈ ਅਤਿਆਚਾਰ ਕਰੇ ਤਾਂ ਉਹ ਸਰਕਾਰੇ ਦਰਬਾਰੇ ਚੜ੍ਹ ਸਕਦਾ ਹੈ, ਪਰ ਜਿਸ ਦੀਆਂ ਟਾਹਣੀਆਂ ਉੱਤੇ ਨਵਾਬ ਦੀਆਂ ਡਾਚੀਆਂ ਬੂਰਕ ਚਲਾਉਣੋਂ ਰਤਾ ਨਾ ਝਕਣ ਤੇ ਜਿਸ ਨਾਲੋਂ ਤਰਖਾਣ ਸ਼ਤੀਰ ਵੱਢ ਲੈ ਜਾਣ, ਉਹ ਵਿਚਾਰਾ ਆਪਣਾ ਦੁਖੜਾ ਕਿਸ ਦੇ ਮੂਹਰੇ ਫੋਲੇ ?

ਇਸ ਗੀਤ ਨਾਲ ਸਾਹ ਮੇਲ ਕੇ ਤੁਰਦਾ ਹੈ, ਨਦੀ ਕਿਨਾਰੇ ਡਿਗਦੇ ਰੁੱਖ ਦਾ ਗੀਤ :—

ਨਦੀ ਕਿਨਾਰੇ ਰੁੱਖੜਾ, ਖੜਾ ਸੀ ਅਮਨ ਅਮਾਨ
ਡਿਗਦਾ ਹੋਇਆ ਬੋਲਿਆ, 'ਜੀ ਦੇ ਨਾਲ ਜਹਾਨ'

ਅਜੇਹੇ ਗੀਤ ਸਚ-ਮੁਚ ਬਹੁਤ ਥੋੜ੍ਹੇ ਹਨ ਜੋ ਸੱਖਣੀ ਥਾਂ ਦੀ ਸੁਚੱਜੇ ਢੰਗ ਨਾਲ ਪ੍ਰਤਿਨਿਧਤਾ ਕਰਦੇ ਹਨ। 'ਜੀ ਦੇ ਨਾਲ ਜਹਾਨ' ਵਾਲੀ ਵਿਚਾਰਧਾਰਾ ਦੇ ਟਕਸਾਲੀ ਹੋਣ 'ਚ ਕਿਸੇ ਨੂੰ ਵੀ ਸੰਦੇਹ ਨਹੀਂ ਹੋ ਸਕਦਾ। ਸ਼ਬਦ-ਚੋਣ ਵੀ ਮਾੜੀ ਨਹੀਂ, ਸਾਰੀ ਗੱਲ ਸੁਚੱਜੀ ਤੇ ਸੁਥਰੀ ਸ਼ੈਲੀ ਵਿਚ ਆਖੀ ਗਈ ਹੈ।

ਕਿਤੇ ਹਰਿਆਲੇ ਤੂਤ ਨਾਲ ਗੱਲਾਂ ਕਰਨ ਦੀ ਪਰੰਪਰਾ ਤੁਰਦੀ ਹੈ :—

ਤੂਤਾ ਵੇ ਹਰਿਆਲਿਆ ਤੂਤਾ ! ਤੂਤ ਪਲ੍ਹਮਦੇ ਜ਼ਰਦੇ
ਇੰਨ੍ਹੀਂ ਰਾਹੀਂ ਤੂੰ ਜਾਂਦੇ ਡਿੱਠੇ, ਮੇਰੇ ਦੋ ਨੈਣਾਂ ਦੇ ਬਰਦੇ

ਤੂਤਾ ਵੇ ਹਰਿਆਲਿਆ ਤੂਤਾ ! ਤੂਤ ਪਲ੍ਹਮਦੇ ਸਾਵੇ
ਜਿਹੜੇ ਸੱਜਣ ਪਰਦੇਸ ਵਸੇਂਦੇ, ਮਰਾਂ ਤਿੰਨ੍ਹਾਂ ਦੇ ਹਾਵੇ

ਤੂਤਾ ਵੇ ਹਰਿਆਲਿਆ ਤੂਤਾ ! ਤੇਰੀਆਂ ਠੰਢੀਆਂ ਛਾਈਂ
ਤੈਂ ਕੋਲੋਂ ਮੈਂਡਾ ਮਾਹੀ ਲੰਘਿਆ, ਹੀਰ ਨਿਮਾਣੀ ਦਾ ਸਾਂਈਂ

ਰੁੱਖਾਂ ਦਾ ਵੀ ਸੰਗੀਤ ਹੈ :—

ਪਿੱਪਲ ਗਾਵੇ, ਬੋਹੜ ਗਾਵੇ, ਗਾਵੇ ਹਰਿਆਲਾ ਤੂਤ
ਖੜ ਕੇ ਸੁਣ ਰਾਹੀਆ ! ਤੇਰੀ ਰੂਹ ਹੋ ਜੂਗੀ ਸੂਤ

ਕਿਤੇ ਰੋਹੀ ਵਾਲਾ ਜੰਡ ਵੱਢਣ ਦਾ ਪਰਸੰਗ ਆਉਂਦਾ ਹੈ, ਕਿਤੇ ਵਿਹੜੇ ਤ੍ਰਿਬੈਣੀ ਲਾਉਣ ਦਾ, ਕਿਤੇ 'ਧੰਨ ਭਾਗ ਮੇਰੇ ਆਖੇ ਪਿੱਪਲ' ਵਾਲੀ ਗੱਲ ਸਾਡਾ ਧਿਆਨ ਖਿੱਚਦੀ ਹੈ :—

ਮੈਨੂੰ ਕੱਲੀ ਨੂੰ ਚੁਬਾਰਾ ਪਾ ਦੇ, ਰੋਹੀ ਵਾਲੀ ਜੰਡ ਵੱਢ ਕੇ
ਵਿਹੜੇ ਲਾ ਤ੍ਰਿਬੈਣੀ, ਛਾਵੇਂ ਬਹਿ ਕੇ ਕੱਤਿਆ ਕਰੂੰ

ਬੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ, ਫੁੱਲਾਂ ਬਾਝ ਫੁਲਾਹੀਆਂ
ਹੱਸਾਂ ਨਾਲ ਹਮੇਲਾਂ ਸੋਂਹਦੀਆਂ, ਬੰਦਾਂ ਨਾਲ ਗਜਰਾਈਆਂ

'ਧੰਨ ਭਾਗ ਮੇਰੇ, ਆਖੇ ਪਿੱਪਲ, ਕੁੜੀਆਂ ਨੇ ਪੀਂਘਾਂ ਪਾਈਆਂ
ਸਾਉਣ ਵਿਚ ਕੁੜੀਆਂ ਨੇ, ਪੀਂਘਾਂ ਅਸਮਾਨ ਚੜ੍ਹਾਈਆਂ

ਕਿਤੇ ਪਿੱਪਲ ਵਾਲੀ ਢਾਬ ਲੋਕਗੀਤ ਨਾਲ ਸਾਹ ਵਟਾਉਂਦੀ ਹੈ ਤੇ ਪਿੱਪਲ ਨਾਲ ਕੀਤੀਆਂ ਗੱਲਾਂ 'ਚ ਸਿਪਾਹੀ ਦੀ ਵਹੁਟੀ ਦਾ ਵਿਛੋੜਾ ਹੰਝੂ ਰੋਲਦਾ ਹੈ :—

ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ, ਤੇਰੀਆਂ ਠੰਢੀਆਂ ਛਾਵਾਂ
ਢਾਬ ਤੇਰੀ ਦਾ ਗੰਧਲਾ ਪਾਣੀ, ਉੱਤੋਂ ਬੂਰ ਹਟਾਵਾਂ
ਸੱਭੇ ਸਹੇਲੀਆਂ ਸਹੁਰੇ ਗਈਆਂ, ਕਿਸਨੂੰ ਹਾਲ ਸੁਣਾਵਾਂ
ਚਿੱਠੀਆਂ ਬਿਰੰਗ ਭੇਜਦਾ, ਕਿਹੜੀ ਛਾਉਣੀ ਲਵਾ ਲਿਆ ਨਾਵਾਂ

ਕਿੱਕਰ ਨੂੰ ਮੋਤੀ ਲੱਗਣ ਦੀ ਕਲਪਨਾ ਜਾਂ ਸੱਸ ਦਾ ਸੰਦੂਕ ਬਣਾਉਣ ਦੀ ਗੱਲ 'ਅੰਬ ਕੋਲ ਇਮਲੀ ਨੀ ਜੰਡ ਕੋਲੇ ਟਾਹਲੀ,' ਵਾਲੀ ਹੇਕ ਕਿਸੇ ਵਲਵਲੇ ਨੂੰ ਮੂਰਤੀਮਾਨ ਕਰਦੀ ਹੈ। ਕਿਤੇ ਨਿੰਮ ਨਾਲ ਝੂਟਦੀ ਕੁੜੀ ਦੀ ਝਾਕੀ ਸਥਾਨਕ ਰੰਗ ਦਾ ਪਿੜ ਬੰਨ੍ਹਦੀ ਹੈ। ਕਿਤੇ ਛੜਿਆਂ ਦੇ ਵਿਹੜੇ ਵਿਚਲੀ ਨਿੰਮ ਗੀਤ ਦੀ ਭਾਸ਼ਾ ਬਣਦੀ ਹੈ :—

ਉਥੇ ਕਿੱਕਰਾਂ ਨੂੰ ਮੋਤੀ ਲਗਦੇ, ਜਿੱਥੋਂ ਮੇਰਾ ਵੀਰ ਲੰਘਦਾ
ਛੇਤੀ ਛੇਤੀ ਵਧ ਕਿੱਕਰੇ, ਅਸਾਂ ਸੱਸ ਦਾ ਸੰਦੂਕ ਬਣਾਣਾ
ਅੰਬ ਕੋਲੇ ਇੰਬਲੀ, ਨੀ ਜੰਡ ਕੋਲੇ ਟਾਹਲੀ
ਅਕਲ ਬਿਨਾਂ ਨੀ ਗੋਰਾ ਰੰਗ ਜਾਵੇ ਖ਼ਾਲੀ
ਤੇਰੀ ਸਿਖਰੋਂ ਪੀਂਘ ਟੁੱਟ ਜਾਵੇ, ਨਿੰਮ ਨਾਲ ਝੂਟਦੀਏ
ਕੌੜੀ ਨਿੰਮ ਨੂੰ ਪਤਾਸੇ ਲਗਦੇ, ਵਿਹੜੇ ਛੜਿਆਂ ਦੇ
ਤੋਤਾ ਪੀ ਗਿਆ ਗੁਲਾਬੀ ਰੰਗ ਤੇਰਾ, ਨਿੰਮ ਨਾਲ ਝੂਟਦੀਏ

ਜਿੱਥੇ ਸੌ ਸੌ ਰੁੱਖ ਲਾਉਣ ਦਾ ਸ਼ਬਦ-ਚਿੱਤਰ ਜੀਵਨ-ਪੰਧ ਉੱਤੇ ਪੱਬ ਰੱਖਦਾ ਹੈ :—

ਮੈਂ ਤਾਂ ਸੌ ਸੌ ਰੁੱਖ ਪਈ ਲਾਵਾਂ, ਰੁੱਖ ਤਾਂ ਹਰੇ ਭਰੇ
ਮਾਵਾਂ ਠੰਢੀਆਂ ਛਾਵਾਂ, ਛਾਵਾਂ ਕੌਣ ਕਰੇ ?

ਉੱਥੇ ਕੱਲਾ ਰੁੱਖ ਉਦਾਸ ਜਾਪਦਾ ਹੈ :—

ਕੱਲਾ ਰੁੱਖ ਜੰਗਲਾਂ ਵਿਚ ਡੋਲੇ, ਕੱਲਾ ਰੱਬਾ ਕੋਈ ਨਾ ਹੋਵੇ
ਕੱਲੀ ਹੋਵੇ ਨਾ ਬਣਾਂ ਵਿਚ ਟਾਹਲੀ, ਕੱਲਾ ਨਾ ਹੋਵੇ ਪੁੱਤ ਜੱਟ ਦਾ

ਕਿਤੇ ਅੱਕ ਢੱਕ ਤੇ ਕਰੀਰ ਜੰਡ ਬੇਰੀਆਂ ਇੱਕੋ ਸਾਹੇ ਗਿਣਵਾ ਦਿੱਤੀਆਂ ਜਾਂਦੀਆਂ ਹਨ :—

ਮਰ ਗਈ ਨੂੰ ਰੁੱਖ ਰੋ ਰਹੇ, ਅੱਕ ਢੱਕ ਤੇ ਕਰੀਰ ਜੰਡ ਬੇਰੀਆਂ

## ਧਰਤੀਏ ਪਿਆਰ ਕਰੇਂਦੀਏ !

ਇੰਜ ਜਾਪਦਾ ਹੈ ਪੰਜਾਬ ਨੂੰ ਮੁਖ ਰੱਖ ਕੇ ਹੀ ਅਥਰਵ-ਵੇਦ ਦੇ ਰਿਸ਼ੀ ਕਵੀ ਨੇ ਇਹ ਬਾਣੀ ਅਲਾਪੀ ਸੀ :—

'ਮਾਤਾ ਭੂਮਿ ਪੁਤ੍ਰੋਅਹੰ ਪ੍ਰਿਥਿਵਯਾਂ
'ਨਮੋ ਮਾਤ੍ਰੇ, ਪ੍ਰਿਥਿਵਯੈ ਨਮੋ ਮਾਤ੍ਰੇ ਪ੍ਰਿਥਿਵਯੈ'

ਇਹ ਭੂਮੀ ਮਾਤਾ ਹੈ ਤੇ ਮੈਂ ਹਾਂ ਪ੍ਰਿਥਵੀ-ਪੁੱਤਰ। ਪ੍ਰਿਥਵੀ-ਮਾਤਾ ਨੂੰ ਪਰਣਾਮ, ਪ੍ਰਿਥਵੀ-ਮਾਤਾ ਨੂੰ ਪਰਣਾਮ। ਅਥਰਵ-ਵੇਦ ਵਿਚ ਉਸ ਯੁਗ ਦੇ ਪੰਜਾਬ ਦੀ ਸੰਸਕ੍ਰਿਤੀ ਦਾ ਸਜੀਵ ਚਿੱਤਰ ਉਲੀਕਿਆ ਗਿਆ ਹੈ। 'ਜਿਸ

ਭੂਮੀ ਤੇ ਮਸਤ ਲੋਕਾਈ ਗਾਉਂਦੀ ਤੇ ਨੱਚਦੀ ਹੈ, ਜਿੱਥੇ ਗਭਰੂ ਪੁਰਸ਼ ਜੂਝਦੇ ਘੁਲਦੇ ਹਨ, ਜਿੱਥੇ ਯੁੱਧ ਦਾ ਨਗਾਰਾ ਵੱਜਦਾ ਹੈ, ਉਹ ਭੂਮੀ ਮੈਨੂੰ ਵੈਰੀਆਂ ਤੋਂ ਰਹਿਤ ਕਰ ਦੇਵੋ।' ਧਰਤੀ ਦੇ ਇਸ ਭਾਗ ਉੱਤੇ ਇਤਿਹਾਸ ਦਾ ਰਥ ਤਿੱਖੀ ਤੋਰ ਤੁਰਦਾ ਰਿਹਾ ਤੇ ਇਸ ਦੇ ਨਾਲ ਨਾਲ ਸੰਸਕ੍ਰਿਤੀ ਦੀਆਂ ਲੀਹਾਂ ਪੈਂਦੀਆਂ ਗਈਆਂ ਹਨ। ਤਾਂਹੀਉਂ ਅਸੀਂ ਵੇਖਦੇ ਹਾਂ ਕਿ ਅਥਰਵ-ਵੇਦ ਦੇ 'ਪ੍ਰਿਥਵੀ ਸੂਕਤ' ਵਾਲੀ ਭਾਵਨਾ ਪੰਜਾਬੀ ਲੋਕ-ਗੀਤਾਂ ਵਿਚ ਅੱਜ ਵੀ ਤੁਰ ਰਹੀ ਹੈ। 'ਜਿਸ ਭੂਮੀ ਤੇ ਮਸਤ ਲੁਕਾਈ ਗਾਉਂਦੀ ਤੇ ਨੱਚਦੀ ਹੈ', ਅੱਜ ਵੀ ਉੱਥੇ ਪ੍ਰਿਥਵੀ-ਮਾਤਾ ਨੂੰ ਪਰਣਾਮ ਕਰਨ ਦੀ ਪਰੰਪਰਾ ਤੁਰ ਰਹੀ ਹੈ। 'ਧਰਤੀਏ ਪਿਆਰ ਕਰੇਂਦੀਏ', ਵਾਲੀ ਹੇਕ ਅੱਜ ਵੀ ਉਸੇ ਪਰੰਪਰਾ ਨਾਲ ਸੁਰ ਮੇਲ ਕੇ ਤੁਰਦੀ ਹੈ :—

ਧਰਤੀਏ ਪਿਆਰ ਕਰੇਂਦੀਏ ! ਪਰ ਮਾਖਿਉਂ ਦੀ ਰੀਸ
ਕਣਕੋਂ ਕਣਕ ਵੰਡਾਈਏ, ਦੁੱਧੋਂ ਦੁੱਧ ਅਸੀਸ

ਜਾਂ, ਜਦ ਧਰਤੀ ਦੇ ਹਾਰ ਸ਼ਿੰਗਾਰ ਦੀ ਗੱਲ ਕੀਤੀ ਜਾਂਦੀ ਹੈ:—

ਧਰਤੀਏ ਪਿਆਰ ਕਰੇਂਦੀਏ ! ਤੇਰਾ ਮੱਥਾ ਨੂਰੋਂ ਨੂਰ
ਸਿਰ 'ਤੇ ਸੁੱਭਰ ਸੋਂਹਦਾ, ਘੱਗਰਾ ਹਰਾ ਕਚੂਰ

ਸੂਰਜ ਦੇ ਚਰਖੇ 'ਤੇ ਰੁੱਤਾਂ ਦੇ ਤੰਦ ਕੱਢਣ ਦੀ ਸੂਚਨਾ ਵੀ ਸਾਡੀ ਲੋਕ-ਪਰੰਪਰਾ ਦੇ ਅੰਗ ਸੰਗ ਰਹਿੰਦੀ ਆਈ ਹੈ :—

ਧਰਤੀਏ ਪਿਆਰ ਕਰੇਂਦੀਏ ! ਛੰਦਾਂ ਵਿੱਚੋਂ ਛੰਦ
ਡਾਹ ਸੂਰਜ ਦਾ ਚਰਖੜਾ, ਰੁੱਤਾਂ ਕੱਢਣ ਤੰਦ

ਇਸੇ ਹੇਕ ਵਿਚ ਆਦਿ ਜੁਗਾਦੀ ਸੱਚ ਦੀ ਜੈ ਮਨਾਈ ਜਾਂਦੀ ਹੈ :—

ਧਰਤੀਏ ਨੀ ਪਤਵੰਤੀਏ ! ਕੇਹੀ ਸੂਰਜ ਦੀ ਲੋਅ
ਆਦਿ ਜੁਗਾਦੀ ਸੱਚ ਦੀ, ਜਨਮ ਜਨਮ ਜੈ ਹੋ

ਧਰਤੀ ਦੀ ਜਾਗ੍ਰਤੀ ਆਪਣੇ ਆਪ ਵਿਚ ਪਰੇਰਨਾ-ਭਰਿਆ ਚਿੱਤਰ ਹੈ :—

ਧਰਤੀ ਬੁੱਕਲ ਮਾਰ ਉੱਠ ਕੇ ਬੈਠ ਗਈ

ਧਰਤੀ ਨੂੰ ਪਰਣਾਮ ਕਰਨ ਵਾਲੀ ਸੰਸਕ੍ਰਿਤੀ ਪ੍ਰਾਰਥਨਾ ਕਰਨੋਂ ਕਿਤੇ ਵੀ ਝਕਦੀ ਨਹੀਂ। ਗੱਲਾਂ ਗੱਲਾਂ ਵਿਚ ਤੁਸੀਂ ਲੋਕਾਂ ਦੇ ਮੂੰਹੋਂ ਅਜੇਹੇ ਬੋਲ ਸੁਣੋਗੇ : 'ਕੁਝ ਅੰਨ ਤੇ ਕੁਝ ਧਨ ਦੇ, ਕੁਝ ਪਹਾੜਾਂ ਵਾਲੀ ਰੰਨ ਦੇ,' ਜਾਂ 'ਢੋਲ ਢਮੱਕਾ ਸਰਵਰ ਦਾ, ਕੁਝ ਹਿੜਵਸ ਬਾਬੇ ਨਾਨਕ ਦੀ।' ਜਿੱਥੇ ਵੱਗ ਖੜੋਂਦਾ ਹੈ, ਉੱਥੇ ਪਸ਼ੂਆਂ ਦੇ ਚੱਟਣ ਲਈ ਪਿੰਡ ਦੇ ਲੋਕ ਵੱਡਾ ਸਾਰਾ ਲੂਣ ਦਾ ਡਲਾ ਰੱਖਣ ਵਿਚ ਪੁੰਨ ਸਮਝਦੇ ਹਨ। ਪਾਕਿਸਤਾਨ ਬਣਨ ਮਗਰੋਂ ਖੀਉੜੇ ਦੀ ਖਾਣ ਦਾ ਲੂਣ ਨਾ ਆਉਣ ਕਰਕੇ ਲੋਕਾਂ ਦੀ ਇਹ ਧਾਰਮਕ ਭਾਵਨਾ ਮੱਠੀ ਪੈ ਗਈ ਹੈ। ਗਊ ਮਾਤਾ ਦੀ ਸੰਤਾਨ ਹਲ ਵਾਹੁਣ ਵਿਚ ਸਹਾਇਕ ਹੁੰਦੀ ਆਈ ਹੈ। ਇਸੇ ਭਾਵਨਾ ਨਾਲ ਲੋਕੀ ਗਊ ਨੂੰ ਪਿੰਨੀਆਂ ਚਾਰਨ ਵਿਚ ਪੁਨ ਸਮਝਦੇ ਹਨ।

ਨਿਰਮਾਣ ਰਹਿਣ ਦੀ ਸਿੱਖਿਆ ਵਿਚ ਵੀ ਧਰਤੀ ਦਾ ਨਾਂ ਆਉਣੋਂ ਨਹੀਂ ਰਹਿੰਦਾ :—

ਸਾਢੇ ਤਿੰਨ ਹੱਥ ਧਰਤੀ ਤੇਰੀ,
ਬਾਹਲੀਆਂ ਜਗੀਰਾਂ ਵਾਲਿਆ

ਨੀਵੇਂ ਰੁੱਖ ਵਾਲੀ ਉਪਮਾ ਵੀ ਇਸੇ ਧਰਤੀ ਤੇ ਉਗਦੀ ਹੈ :—

ਫਲ ਨੀਵਿਆਂ ਰੁੱਖਾਂ ਨੂੰ ਲਗਦੇ,
ਸਿੰਬਲਾ ! ਤੂੰ ਮਾਣ ਨਾ ਕਰੀਂ

ਇਸੇ ਧਰਤੀ ਤੇ ਲੋਕਾਂ ਦਾ ਇਹ ਅਨੁਭਵ ਪਤਾ ਨਹੀਂ ਕਦ ਤੋਂ ਤੁਰਿਆ ਆਉਂਦਾ ਹੈ; 'ਤਿੱਤਰ ਖੰਭੀ ਬੱਦਲੀ,

ਰੰਨ ਮਲਾਈ ਖਾਹ, ਉਹ ਵੱਸੇ ਉਹ ਉਧੱਲੇ, ਕਦੇ ਨਾ ਆਹਲੀ ਜਾਹ।'

ਸਾਵਣ ਦੀਆਂ ਝੜੀਆਂ ਵੀ ਇਸੇ ਧਰਤੀ ਉੱਤੇ ਲਗਦੀਆਂ ਹਨ। ਪਰ ਉਸ ਦਾ ਦੁੱਖ ਕੌਣ ਦੂਰ ਕਰ ਸਕਦਾ ਹੈ ਜਿਸ ਦੇ ਘਰ ਬੀਜਣ ਨੂੰ ਦਾਣੇ ਵੀ ਮੁੱਕ ਚੁਕੇ ਹੋਣ ਤੇ ਨਾ ਬਲਦ ਹੀ ਹੋਣ:—

ਸਖੀਓ ! ਸਾਵਣ ਗਰਜਿਆ, ਮੇਰਾ ਥਰਥਰ ਕੰਬਿਆ ਜੀ
ਉਹਨੂੰ ਸਾਵਣ ਕੀ ਕਰੇ, ਜਿਸ ਘਰ ਬੋਹਲ ਨਾ ਬੀ

ਇਸੇ ਧਰਤੀ ਤੇ ਅਜੇਹੇ ਅਖਾਣ ਸਜੀਵ ਸੰਸਕ੍ਰਿਤੀ ਦੇ ਇਸ ਪੱਖ ਉੱਤੇ ਚਾਨਣ ਪਾਉਂਦੇ ਹਨ ਕਿ ਲੋਕ ਅੱਖਾਂ ਖੋਲ੍ਹ ਕੇ ਤੇ ਡੂੰਘਾ ਸੋਚ ਕੇ ਗੱਲ ਕਰਦੇ ਹਨ :—

ਚਣਾ ਘਣਾ ਚੇਤ, ਕਣਕ ਘਣੀ ਵੈਸਾਖ
ਤੀਵੀਂ ਘਣੀ ਤਾਂ ਜਾਣੀਏ, ਜੇ ਮੁੰਡਾ ਹੋਏ ਢਾਕ

ਜਾਂ, ਜਦ ਅਰੋਗਤਾ ਦੀ ਸੋਝੀ ਲਈ ਇਹ ਅਖਾਣ ਬੋਲਦੇ ਹਨ :—

ਚੇਤ ਵੈਸਾਖ ਭਵੇਂ, ਜੇਠ ਹਾੜ ਸਵੇਂ
ਸਾਉਣ ਭਾਦੋਂ ਨ੍ਹਾਵੇ, ਅੱਸੂ ਕੱਤੇ ਕੌੜਾ ਖਾਵੇ
ਮੱਘਰ ਪੋਹ ਰੂੰ ਹੰਢਾਵੇ, ਮਾਘ ਫੱਗਣ ਤੇਲ ਮਲਾਵੇ
ਹਕੀਮ ਦਾ ਘਰ ਕਦੀ ਨਾ ਪੁੱਛਣ ਜਾਵੇ

ਢਾਈ ਮਹੀਨਿਆਂ ਦੀ ਸਾਵਧਾਨੀ ਵਾਲਾ ਅਖਾਣ ਵੀ ਇਸ ਧਰਤੀ ਤੇ ਰਹਿਣ ਵਾਲਿਆਂ ਲਈ ਜ਼ਰੂਰੀ ਸਮਝਿਆ ਜਾਂਦਾ ਰਿਹਾ ਹੈ :—

ਸਾਰਾ ਸਾਵਣ ਭਾਦਰੋਂ, ਅੱਧਾ ਅੱਸੂ ਦਾ ਪੱਖ
ਨਰਾਂ, ਤੁਰੰਗਾਂ, ਨਾਰੀਆਂ,, ਢਾਈ ਮਾਹ ਦੀ ਰੱਖ

ਬਾਜਰੇ ਦੀ ਰਾਖੀ ਵਾਲੇ ਗੀਤ ਵਿਚ ਸਾਨੂੰ ਆਪਣਾ ਪਿੰਡ ਜਿਵੇਂ ਸੌ ਕੋਹਾਂ ਤੋਂ ਵੀ ਦਿਸ ਪੈਂਦਾ ਹੈ :—

ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਹੀਂ ਬਹਿੰਦੀ ਓ
ਮੈਂ ਤਾੜੀ ਮਾਰ ਉਡਾਵਾਂ, ਮੇਰੀ ਮਹਿੰਦੀ ਲਹਿੰਦੀ ਓ

ਮਾਹੀ ਮੇਰੇ ਦਾ ਪੱਕਿਆ ਬਾਜਰਾ, ਤੁਰ ਪਈ ਗੋਪੀਆ ਫੜ ਕੇ
ਖੇਤ 'ਚ ਜਾ ਕੇ ਹੂਕਰ ਮਾਰੀ, ਸਿਖਰ ਮਨ੍ਹੇ ਤੇ ਚੜ੍ਹ ਕੇ
ਉਤਰਦੀ ਨੂੰ ਆਈਆਂ ਝਰੀਟਾਂ, ਚੁੰਨੀ ਪਾਟ ਗਈ ਫਸ ਕੇ
ਟੁਰ ਪਰਦੇਸ ਗਿਉਂ, ਦਿਲ ਮੇਰੇ ਵਿਚ ਵਸ ਕੇ

ਬਾਜਰੇ ਤੇ ਜੁਆਰ ਦੀ ਗੱਲ ਵਿਚ ਘਰ ਦੀ ਤਸਵੀਰ ਨਿੱਖਰ ਆਉਂਦੀ ਹੈ ਤੇ ਅਸੀਂ ਸੋਚਣ ਲਗ ਪੈਂਦੇ ਹਾਂ ਕਿ ਨਿਵਾਣਾਂ ਦੇ ਪਾਣੀ ਨਿਵਾਣ ਹੀ ਜਾਂਦੇ ਹਨ :—

ਇਕ ਨਾ ਬੀਜੀਂ ਸਿੰਘਾ ਬਾਜਰਾ,
ਇਕ ਨਾ ਬੀਜੀਂ ਜੁਆਰ,
ਮਾਂ ਦਿਆ ਕਾਹਨ ਚੰਦਾ

ਗਰਮੀ ਤਾਂ ਕਰਦਾ ਤੇਰਾ ਬਾਜਰਾ ਵੇ,
ਬਾਦੀ ਕਰਦੀ ਜੁਆਰ,
ਮਾਂ ਦਿਆ ਕਾਹਨ ਚੰਦਾ

ਚਿੜੀਆਂ ਨੇ ਖਾਧਾ ਤੇਰਾ ਬਾਜਰਾ ਵੇ,
ਡਬਰਿਆਂ ਖਾਧੀ ਜੁਆਰ,
ਮਾਂ ਦਿਆ ਕਾਹਨ ਚੰਦਾ

ਇਕ ਨਾ ਮਾਰੀਂ ਸਿੰਘਾ ਸੋਟੜਾ ਵੇ,
ਇਕ ਨਾ ਕਢੀਂ ਮਾਂ ਦੀ ਗਾਲ੍ਹ,
ਮਾਂ ਦਿਆ ਕਾਹਨ ਚੰਦਾ

ਮੋਰੀਂ ਤਾਂ ਰੜਕੇ ਤੇਰਾ ਸੋਟੜਾ ਵੇ,
ਦਿਲ ਵਿਚ ਰੜਕੇ ਮਾਂ ਦੀ ਗ਼ਾਲ੍ਹ,
ਮਾਂ ਦਿਆ ਕਾਹਨ ਚੰਦਾ

ਇਕ ਨਾ ਦੇਈਂ ਸੱਸੇ ਪੀਸਣਾ ਨੀ,
ਇਕ ਨਾ ਭਰਾਵਾਂ ਦੀ ਗਾਲ੍ਹ,
ਖ਼ੂਨੀ ਨੈਣੀਂ ਜਲ ਭਰੇ

ਪੇਕਿਆਂ ਤੋਂ ਲਿਆਈਂ ਗੋਲੀਆਂ ਨੀ ਨੂੰਹੇਂ ਮੇਰੀਏ,
ਨਹੀਂ ਦੇਊਂ ਭਰਾਵਾਂ ਦੀ ਗਾਲ੍ਹ
ਕਾਹਨੂੰ ਨੈਣੀਂ ਜਲ ਭਰੇ

ਧੀਆਂ ਨੂੰ ਦੇਈਂ ਗੋਲੀਆਂ ਨੀ ਸੱਸੇ ਮੇਰੀਏ,
ਸਾਡੇ ਤਾਂ ਮਾਪੇ ਗ਼ਰੀਬ,
ਖ਼ੂਨੀ ਨੈਣੀਂ ਜਲ ਭਰੇ

ਕਿਤੇ 'ਬਾਜਰਾ ਤਾਂ ਹੋ ਗਿਆ ਸਾਡਾ ਚਾਬੂ, ਮੂੰਗੀ ਆਉਂਦੀ ਫਲਦੀ' ਦੀ ਗੱਲ ਤੁਰਦੀ ਹੈ, ਕਿਤੇ 'ਐਤਕੀਂ ਤਾਂ ਬਾਜਰਾ ਮੈਂ ਮੱਲ ਦੇਵਾਂ, ਪਰ ਨੂੰ ਕੌਣ ਚਬਾਊ ?' ਵਾਲਾ ਪ੍ਰਸ਼ਨ ਕਰ ਕੇ ਪਿਆਰ ਦਾ ਰੰਗ ਗੂੜ੍ਹਾ ਕੀਤਾ ਜਾਂਦਾ ਹੈ। ਕਿਤੇ ਇਹ ਤਸਵੀਰ ਉਭਰਦੀ ਹੈ :—

ਚੂਪੇ ਗੰਨੇ ਚੱਬੇ ਸਿੱਟੇ, ਰਾਖੀ ਖੇਤ ਦੀ ਕਰਦੀ
ਹੀਰ ਸਿਆਲਾਂ ਦੀ, ਅਲ੍ਹੜ ਵਛੇਰੀ ਪਲਦੀ

ਖੇਤ ਦੀ ਰਾਖੀ ਅਤਿ ਜ਼ਰੂਰੀ ਹੈ। ਇਹ ਗੱਲ ਅਨੇਕ ਗੀਤਾਂ ਵਿਚ ਸਾਹ ਪਾਉਂਦੀ ਹੈ :—

ਖੇਤ ਤਾਂ ਆਪਣਾ ਡਬਰਿਆਂ ਖਾ ਲਿਆ, ਮੇਰਾ ਕਾਲਜਾ ਧੜਕੇ
ਸਾਰੇ ਜ਼ੋਰ ਦਾ ਮਾਰਾਂ ਗੋਪੀਆ, ਹੇਠ ਤੂਤ ਦੇ ਖੜ੍ਹ ਕੇ
ਸੋਹਣੀਏਂ ਹੀਰੇ ਨੀ ! ਦੇ ਦੇ ਬਾਜਰਾ ਮਲ ਕੇ

'ਜਿਸ ਭੂਮੀ ਤੇ ਮਸਤ ਲੁਕਾਈ ਨੱਚਦੀ ਤੇ ਗਾਉਂਦੀ ਹੈ......।' ਅਥਰਵ-ਵੇਦ ਦੇ ਰਿਸ਼ੀ ਕਵੀ ਦਾ ਬਿਆਨ ਜਿਵੇਂ ਅੱਜ ਵੀ ਉਤਨਾ ਹੀ ਸਜੀਵ ਹੋਵੇ :—

ਰੁੱਤ ਗਿੱਧਾ ਪਾਉਣ ਦੀ ਆਈ,
ਲੱਕ ਲੱਕ ਹੋ ਗਏ ਬਾਜਰੇ

ਕਿਤੇ 'ਉੱਚੀਆਂ ਚਰ੍ਹੀਆਂ ਸੰਘਣੇ ਬਾਜਰੇ, ਖੇਡਣ ਲੁਕ-ਮਚਾਈਆਂ,' ਵਾਲੀ ਤਸਵੀਰ ਸਾਡੀਆਂ ਅੱਖਾਂ ਮੂਹਰੇ ਘੁੰਮ ਜਾਂਦੀ ਹੈ, ਕਿਤੇ 'ਵੀਰ ਨੂੰ ਵੀਰ ਮਿਲੇ, ਵੱਟ ਤੇ ਗੋਪੀਆਂ ਧਰ ਕੇ', ਵਾਲਾ ਪਰਸੰਗ ਇਹ ਵਿਸ਼ਵਾਸ ਦਿਵਾਉਂਦਾ ਹੈ ਕਿ ਭਰਾਵਾਂ ਦਾ ਪਿਆਰ ਵੀ ਵਗਦੇ ਪਾਣੀ ਵਾਂਙ ਸਾਫ਼ ਰਹਿੰਦਾ ਹੈ। ਕਿਤੇ ਕੋਈ ਗੋਰੀ ਆਪਣੇ ਕੰਤ ਨੂੰ ਸਲਾਹ ਦਿੰਦੀ ਹੈ : 'ਛੋਲੇ ਵੱਢ ਕੇ ਬੀਜ ਦੇ ਨਰਮਾ, ਚੁਗਣ ਨੂੰ ਮੈਂ ਤਕੜੀ।' ਕਿਤੇ ਸ਼ਿਕਾਇਤ ਕੀਤੀ ਜਾਂਦੀ ਹੈ, 'ਕੱਤੋ ਦੀ ਕਪਾਹ ਵੇਚ ਕੇ, ਮੇਰਾ ਮਾਮਲਾ ਅਜੇ ਨਾ ਤਰਿਆ।' ਕਿਤੇ ਕੋਈ ਵਿਛੋੜੇ-ਮਾਰੀ ਆਪਣੀ ਆਤਮ-ਕਥਾ ਦਾ ਪੰਨਾ ਫੋਲਦੀ ਹੈ, 'ਉੱਠ ਗਿਆ ਮਿਰਕਣ ਨੂੰ, ਕਣਕ ਵੇਚ ਕੇ ਸਾਰੀ।' ਕਪਾਹ ਦੀ ਛਟੀ ਵੀ ਜਿਵੇਂ ਕਪਾਹ ਚੁਗਣ ਵਾਲੀ ਦੀ ਭਾਸ਼ਾ ਸਮਝ ਸਕਦੀ ਹੋਵੇ, 'ਲਿਫ ਜਾ ਕਪਾਹ ਦੀਏ ਛਟੀਏ, ਪਤਲੋ ਦੀ ਬਾਂਹ ਥੱਕ ਗਈ।' ਜਾਂ 'ਪਰੇ ਹੋ ਜਾ ਨੀ ਕਪਾਹ ਦੀਏ ਛਟੀਏ, ਪਤਲੋ ਨੂੰ ਲੰਘ ਜਾਣ ਦੇ।' ਕਦੀ ਮਲਮਲ ਆਖ ਕੇ ਹੀ ਮਲਮਲ ਪਹਿਨਣ ਵਾਲੀ ਗੋਰੀ ਦੀ ਤੇ ਚਿਟਾ ਚਾਦਰਾ ਆਖ ਕੇ ਉਹਦੇ ਕੰਤ ਦੀ ਤਸਵੀਰ ਉਘਾੜ ਦਿੱਤੀ ਜਾਂਦੀ ਹੈ, 'ਮਲਮਲ ਵਟ ਤੇ ਖੜੀ, ਚਿੱਟਾ ਚਾਦਰਾ ਕਪਾਹ ਨੂੰ ਗੋਡੀ ਦੇਵੇ।'

## ਪਿੰਡਾਂ ਵਿੱਚੋਂ ਪਿੰਡ ਸੁਣੀਂਦਾ

ਪਿੰਡਾਂ ਬਾਰੇ ਬਹੁਤ ਅਖਾਣ ਹਨ। 'ਉੱਜੜੇ ਪਿੰਡ ਭੜੋਲਾ ਮਹਿਲ' 'ਇਕ ਨਿੰਬੂ, ਪਿੰਡ ਭੁੱਸਿਆਂ ਦਾ।' 'ਜਿਸ ਪਿੰਡ ਨਹੀਂ ਜਾਣਾ, ਉਹਦਾ ਰਾਹ ਕੀ ਪੁੱਛਣਾ।' 'ਧਾਈਆਂ ਵਾਲਾ ਪਿੰਡ ਪਰਾਲੀਉਂ ਦਿਸ ਪੈਂਦਾ ਹੈ।' 'ਪਿੰਡ ਨੂੰ ਅੱਗ ਲੱਗੀ ਤੇ ਕੁੱਤਾ ਰੂੜੀ 'ਤੇ।' 'ਪਿੰਡ ਵੜਨਾ ਮਿਲੇ ਨਾ ਤੇ ਜੁੱਤੀਆਂ 'ਚ ਅੱਧ।' 'ਪਿੰਡ ਬੱਝਾ ਨਾ, ਉਚੱਕੇ ਅੱਗੋਂ ਹੀ।' 'ਪਿੰਡਾ ਵੇ ਅਗਾਹਾਂ, ਪੁੱਤਾ ਵੇ ਪਿਛਾਂਹ।' ਪਰ ਗੀਤਾਂ ਵਿਚ ਕਿਸੇ ਖ਼ਾਸ ਪਿੰਡ ਦਾ ਨਾਂ ਲੈ ਕੇ ਗੱਲ ਤੋਰਨ ਦੀ ਪਰੰਪਰਾ ਤੁਰੀ ਆਈ ਹੈ :—

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਲੱਲੀਆਂ
ਓਥੋਂ ਦੇ ਦੋ ਬਲਦ ਸੁਣੀਂਦੇ, ਗੱਲ ਉਨ੍ਹਾਂ ਦੇ ਟੱਲੀਆਂ
ਨੱਠ ਨੱਠ ਕੇ ਉਹ ਮੱਕੀ ਬੀਜਦੇ, ਹੱਥ ਹੱਥ ਲੱਗੀਆਂ ਛਲੀਆਂ
ਬੰਤੋ ਦੇ ਬੈਲਾਂ ਨੂੰ, ਪਾ ਦੇ ਗੁਆਰੇ ਦੀਆਂ ਫਲੀਆਂ

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਖਾਰੀ
ਖਾਰੀ ਦੀਆਂ ਦੋ ਕੁੜੀਆਂ ਸੁਣੀਂਦੀਆਂ, ਇਕ ਪਤਲੀ, ਇਕ ਭਾਰੀ
ਪਤਲੀ ਤੇ ਤਾਂ ਖੱਟਾ ਡੋਰੀਆ, ਭਾਰੀ ਤੇ ਫੁਲਕਾਰੀ

ਮੱਥਾ ਦੋਹਾਂ ਦਾ ਬਾਲੇ ਚੰਦ ਦਾ, ਅੱਖਾਂ ਦੀ ਜੋਤ ਨਿਆਰੀ
ਪਤਲੀ ਤਾਂ ਮੰਗ ਜੀਊਣ ਸਿੰਘ ਦੀ, ਭਾਰੀ ਅਜੇ ਕੁਆਰੀ
ਮੰਗ ਉਹਦੀ ਅੱਡ ਮੰਗ ਤੀ, ਜੀਊਣਾ ਦੱਸੀ ਦਾ ਸੂਰਮਾ ਭਾਰੀ

ਪਿੰਡਾਂ ਵੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਰੂੜਾ
ਰੂੜੇ ਦੀ ਇਕ ਕੁੜੀ ਸੁਣੀਂਦੀ, ਕਰਦੀ ਗੋਹਾ ਕੂੜਾ
ਹੱਥੀਂ ਉਹਦੇ ਛੱਲੇ ਛਾਪਾਂ, ਬਾਂਹੀ ਉਹਦੇ ਚੂੜਾ
ਰਾਤੀਂ ਰੋਂਦੀ ਦਾ, ਭਿੱਜ ਗਿਆ ਲਾਲ ਪੰਘੂੜਾ

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਮੋਗਾ*
ਉਰਲੇ ਪਾਸੇ ਢਾਬ ਸੁਣੀਂਦੀ, ਪਰਲੇ ਪਾਸੇ ਟੋਭਾ
ਟੋਭੇ 'ਤੇ ਇਕ ਸਾਧੂ ਰਹਿੰਦਾ, ਬਹੁਤ ਸੁਣੀਂਦੀ ਸੋਭਾ
ਔਂਦੀ ਜਾਂਦੀ ਨੂੰ ਘੜਾ ਚੁਕੋਂਦਾ, ਮਗਰੋਂ ਮਾਰਦਾ ਗੋਡਾ
ਲੱਕ ਮੇਰਾ ਪਤਲਾ ਜਿਹਾ, ਭਾਰ ਸਹਿਣ ਨੀ ਜੋਗਾ

ਅਠਾਰਾਂ ਚੱਕ ਦੇ ਚੋਬਰ ਸੁਣੀਂਦੇ, ਜਿਉਂ ਮਾਵਾਂ ਦੀ ਲੋਰੀ
ਦੁੱਧ ਮਲਾਈਆਂ ਖਾ ਕੇ ਪਲ ਗਏ, ਚੁੱਕਦੇ ਅਹਿਰਨ, ਬੋਰੀ
ਪੱਟੋਂ ਮੋਟੇ, ਪਿੰਜਣੀ ਪਤਲੀ, ਜਿਉਂ ਗੰਨੇ ਦੀ ਪੋਰੀ
ਕਾਲੀ ਨਾਲ ਵਿਆਹ ਨਾ ਕਰੋਂਦੇ, ਰੰਨ ਭਾਲਦੇ ਗੋਰੀ
ਰੋਂਦੀ ਚੁਪ ਨਾ ਕਰੇ, ਸਿਖਰ ਦੁਪਹਿਰੇ ਤੋਰੀ

ਹਿੰਮਤਪੁਰ ਦੇ ਮੁੰਡੇ ਬੰਬਲੇ, ਸੱਤਾਂ ਪਤਣਾਂ ਦੇ ਤਾਰੂ
ਸੂਇਆਂ ਕਸੀਆਂ 'ਤੇ ਕਣਕਾਂ ਬੀਜਦੇ, ਛੋਲੇ ਬੀਜਦੇ ਮਾਰੂ
ਇਕ ਮੁੰਡੇ ਦਾ ਨਾਂ ਫਤਿਹ ਮੁਹੰਮਦ, ਦੂਜੇ ਦਾ ਸਰਦਾਰੂ
ਗਾਮਾ, ਬਰਕਤ, ਸੋਣ, ਚੰਨਣ ਸਿੰਘ, ਸਭ ਤੋਂ ਉੱਤੋਂ ਦੀ ਬਾਰੂ
ਸਾਰੇ ਮਿਲ ਕੇ ਮੇਲੇ ਜਾਂਦੇ, ਨਾਲੇ ਜਾਂਦਾ ਨਾਹਰੂ
ਬਸੰਤੀ ਰੀਝਾਂ ਨੂੰ, ਗਿੱਧੇ ਦਾ ਚਾ ਉਭਾਰੂ

ਭਦੌੜ ਦੇ ਤਾਂ ਮੁੰਡੇ ਸੁਣੀਂਦੇ, ਜੇਬਾਂ ਰਖਦੇ ਭਰੀਆਂ
ਮੇਲੇ ਜਾ ਕੇ ਪੌਣ ਬੋਲੀਆਂ, ਡਾਂਗਾਂ ਰਖਦੇ ਖੜੀਆਂ
ਮਾੜੀ ਕੁੜੀ ਨਾਲ ਵਿਆਹ ਨਾ ਕਰੋਂਦੇ, ਵਿਆਹ ਕੇ ਲਿਔਂਦੇ ਪਰੀਆਂ
ਵੇਲਾਂ ਧਰਮ ਦੀਆਂ, ਵਿਚ ਦਰਗਾਹ ਦੇ ਹਰੀਆਂ

* ਇਹ ਗੀਤ ਉਸ ਵੇਲੇ ਦਾ ਹੈ, ਜਦ ਮੋਗਾ ਹਾਲੇ ਇਕ ਪਿੰਡ ਸੀ ਤੇ ਮੰਡੀ ਜਾਂ ਅੱਜ ਵਾਲਾ ਸ਼ਹਿਰ ਨਹੀਂ ਸੀ ਬਣਿਆ।

ਆਰੀ ਆਰੀ ਆਰੀ
ਮੇਲਾ ਅਲਕਾਂ ਦਾ, ਛਿੰਝ ਲਗਦੀ ਛਰਾਹੀਂ ਭਾਰੀ
ਦੂਨ ਦੁਆਬਾ ਸਭ ਜਗ ਆਂਹਦਾ, ਘੁੱਟ ਲੈਂਦੇ ਵਿਚ ਨਾਰੀ

ਕੋਲੋ ਕੋਲੀ ਪਿੰਡ ਸੁਣੀਂਦੇ, ਪੱਖੋਵਾਲ ਪਰਾਲੀ
ਉੱਥੋਂ ਦੀਆਂ ਦੋ ਕੁੜੀਆਂ ਸੁਣੀਂਦੀਆਂ, ਇੱਕ ਪਤਲੀ ਇੱਕ ਭਾਰੀ
ਪਤਲੀ ਦਾ ਨਾਂ ਊਧਮ ਕੌਰ, ਭਾਰੀ ਦਾ ਕਰਤਾਰੀ
ਸਬਜ਼ ਮੋਤੀਆ ਲੈਗੀ ਊਧਮੀ, ਨਰਮ ਰਹੀ ਕਰਤਾਰੀ
ਬੋਤਾ ਮੋਲਕ ਦਾ, ਜਿਹਨੂੰ ਖ਼ਲਕਤ ਜਾਣੇ ਸਾਰੀ

ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਮੰਗਾ
ਮੰਗੇ ਦੀ ਮੁਟਿਆਰ ਸ਼ੁਣੀਂਦੀ, ਜਿਉਂ ਕਾਸ਼ੀ ਦੀ ਗੰਗਾ
ਪੀ ਲੈ ਰਲ ਕੇ ਅੱਜ ਸੋਹਣੀਏਂ, ਮਾਝਾ ਦੁੱਧ ਇਕ ਡੰਗਾ
ਤਿਲ ਤਾਂ ਤੇਰੀ ਠੋਡੀ ਉਤਲਾ, ਸਾਨੂੰ ਲਗਦਾ ਚੰਗਾ
ਕਾਲੇ ਰੋੜਾਂ ਕੋਲੋਂ ਲੰਘੇ, ਜਿਉਂ ਸੁਪਨਾ ਸਤਰੰਗਾ
ਅੰਨ੍ਹਿਆਂ ਦੀ ਮੰਡੀ ਦਾ, ਛੱਡ ਦੇ ਸਾਕ, ਕੁਸੰਗਾ

ਬੀਕਾਨੇਰ 'ਚੋਂ ਊਠ ਲਿਆਂਦਾ, ਦੇ ਕੇ ਰੋਕ ਪਚਾਸੀ
ਸ਼ਹਿਣੇ ਦੇ ਵਿਚ ਝਾਂਜਰ ਬਣਦੀ, 'ਮੁਕਸਰ' ਬਣਦੀ ਕਾਠੀ
ਭਾਈਂ ਬਖ਼ਤੌਰੇ ਬਣਦੇ ਟਕੂਏ, ਰੇਲੇ ਬਣੇ ਗੰਡਾਸੀ
ਰਉਂਤੇ ਦੇ ਵਿਚ ਬਣਦੇ ਕੂੰਡੇ, ਧੁਰ ਭਦੌੜ ਦੀ ਚਾਟੀ
ਹਿੰਮਤਪੁਰੇ ਦੀਆਂ ਬਣਦੀਆਂ ਕਹੀਆਂ, ਕਾਂਸ਼ੀਪੁਰ ਦੀ ਦਾਤੀ
ਚੜ੍ਹ ਜਾ ਬੋਤੇ ਤੇ, ਮੰਨ ਲੈ ਭੌਰ ਦੀ ਆਖੀ

ਅਲਕੜਿਆਂ ਤੇ ਮੁੰਡੇ ਵੇਖ ਲਉ, ਜਿਉਂ ਟਾਹਲੀ ਦੇ ਪਾਵੇ
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ, ਪਿੰਜਣੀ ਨਾਲ ਸੁਹਾਵੇ
ਦੁੱਧਾ-ਕਾਸ਼ਨੀ ਬੰਨ੍ਹਦੇ ਸਾਫ਼ੇ, ਜਿਉਂ ਉਡਿਆ ਕਬੂਤਰ ਜਾਵੇ
ਮਲਮਲ ਦੇ ਤਾਂ ਕੁੜਤੇ ਸੋਂਹਦੇ, ਜਿਉਂ ਬਗ਼ਲਾ ਤਲਾ ਵਿਚ ਨ੍ਹਾਵੇ
ਗਿੱਧਾ ਪਾਉਂਦੇ ਮੁੰਡਿਆਂ ਦੀ, ਸਿਫ਼ਤ ਕਰੀ ਨਾ ਜਾਵੇ

ਮੌਤ ਮੌਤ ਨਾ ਕਰ ਨੀ ਜੈਕੁਰੇ, ਵੇਖ ਮੌਤ ਦੇ ਕਾਰੇ
ਮੌਤ ਦਾ ਰਾਹ ਰੋਕਣ ਲਈ ਪਰਸੋਂ, ਸੱਤ ਪਤਾਸੇ ਵਾਰੇ
ਪੱਖੋਂ ਚੀਮੇ, ਲੰਘ ਕੇ ਉਹਨੇ,ਛੱਡ ਦਿੱਤੇ ਪਿੰਡ ਸਾਰੇ
ਮੌਤ ਦੀ ਪੇਸ਼ੀ ਲਗਦੀ ਅੱਜ ਤਾਂ, ਸਰਕਾਰੇ ਦਰਬਾਰੇ

ਪਹਿਲਾਂ ਮੌਤ ਨੇ ਦਿੱਲੀ ਢਾਹੀ, ਫੇਰ ਵੜੀ ਪਟਿਆਲੇ
ਪਟਿਆਲੇ ਵਾਲੇ ਦੇ ਗੱਭਰੂ ਮਰ ਗਏ, ਲਾਲ ਦਾੜ੍ਹੀਆਂ ਵਾਲੇ
ਨਾਭੇ ਵਾਲੇ ਦੀ ਕੰਜਰੀ ਮਰ ਗਈ, ਰੌਣਕ ਲੈ ਗਈ ਨਾਲੇ
ਲੱਡੂ ਜਲੇਬੀਆਂ ਗਲੀਆਂ 'ਚ ਰੁਲਦੇ, ਛੋਲੇ ਨਾ ਥਿਔਂਦੇ ਭਾਲੇ
ਹਾਰ ਸ਼ਿੰਗਾਰ ਅਜੇ ਨਾ ਮੁੱਕਿਆ, ਵੇਖ ਰੂਪ ਦੇ ਕਾਰੇ
ਜਲ ਤੇ ਫੁੱਲ ਤਰਦਾ, ਚੁੱਕ ਲੈ ਪਤਲੀਏ ਨਾਰੇ

## ਹਾਰ ਸ਼ਿੰਗਾਰ

ਪੰਜਾਬ ਦੇ ਅਨੇਕ ਅਖਾਣਾਂ ਵਿਚ ਹਾਰ ਸ਼ਿੰਗਾਰ ਦੀ ਭਾਵਨਾ ਬੋਲਦੀ ਹੈ। '*ਸੋਨਾ ਹੋਵੇ ਤਾਂ ਘੜਾਈਉਂ ਮਹਿਗਾ ਹੈ?' 'ਹੱਸੋਂ ਕੜੀ ਤੇ ਕੜੀਉਂ ਛਾਪ, ਹੁਣ ਛਾਪੋਂ ਵੀ ਜਵਾਬ;' 'ਉਹ ਫਿਰੇ ਨੱਥ ਘੜਾਉਣ ਨੂੰ, ਉਹ ਫਿਰੇ ਨੱਕ ਵਢਾਉਣ ਨੂੰ;' 'ਟੁੰਡੀ ਬਾਂਹ, ਚੂੜੀ ਦਾ ਚਾ;' 'ਡੂਮਣੀ ਦੀ ਨੱਥ, ਕਦੀ ਨੱਕ ਕਦੀ ਹੱਥ;' 'ਬੂਹੇ ਆਈ ਜੰਞ ਤੇ ਵਿਨ੍ਹੋਂ ਕੁੜੀ ਦੇ ਕੰਨ।*'

ਪੇਕੇ ਘਰ ਕੁਆਰੀ ਕੁੜੀ ਨੂੰ ਹਾਰ ਸ਼ਿੰਗਾਰ ਦੀ ਬਹੁਤੀ ਖੁਲ੍ਹ ਨਹੀਂ ਹੁੰਦੀ। ਪਤਾ ਨਹੀਂ ਮਾਂ ਦਾ ਇਹ ਉਪਦੇਸ਼ ਕਦ ਤੋਂ ਗੀਤ ਦਾ ਬੋਲ ਬਣਦਾ ਆ ਰਿਹਾ ਹੈ, 'ਧਾਰੀ ਬੰਨ੍ਹ ਸੁਰਮਾ ਨਾ ਪਾਈਏ, ਧੀਏ! ਘਰ ਮਾਪਿਆਂ ਦੇ।' ਸਹੁਰੇ ਘਰ ਦੀ ਹੋਰ ਗੱਲ ਹੈ; 'ਬਣ ਬਣ ਨਿਕਲ ਸਰੀਰਾ, ਇਹ ਪਿੰਡ ਸਹੁਰਿਆਂ ਦਾ।'

ਇਹੋ ਜਹੇ ਮਿਹਣੇ ਕੋਈ ਅੱਜ ਦੇ ਨਹੀਂ :—

ਇਹਨਾਂ ਜੋਗੀਆਂ ਨੇ, ਕਿਹੜੇ ਪੱਤਣ ਆ ਮੱਲੇ?
ਚੌਂਕ ਘੜਾ ਕੇ ਦੇ ਗਿਆ ਨੀ, ਫੁੱਲ ਤਾਂ ਹੈ ਨਹੀਂ ਪੱਲੇ

ਕੰਘੀ ਤੋਂ ਗੱਲ ਤੁਰਦੀ ਹੈ ਤੇ ਮੁਟਿਆਰ ਤੇ ਜਾ ਕੇ ਮੁਕਦੀ ਹੈ :—

ਕੰਘੀਏ ਨੀ ਰੰਗ ਰੱਤੀਏ! ਕਿਸ ਮੇਰੀ ਨਾਜੋ ਸ਼ਿੰਗਾਰੀ?
ਮੈਂ ਕੀ ਜਾਣਾ ਬਾਉਰੀ, ਜਾ ਕੇ ਨੈਣ ਨੂੰ ਪੁੱਛੋ

ਨੈਣੇ ਨੀ ਰੰਗ ਰੱਤੀਏ! ਕਿਸ ਮੇਰੀ ਨਾਜੋ ਸ਼ਿਗਾਰੀ?
ਮੈਂ ਕੀ ਜਾਣਾਂ ਬਾਉਰੀ, ਜਾ ਕੇ ਮੌਲੀ ਨੂੰ ਪੁੱਛੋ

ਮੌਲੀਏ ਨੀ ਰੰਗ ਰੱਤੀਏ! ਕਿਸ ਮੇਰੀ ਨਾਜੋ ਸ਼ਿੰਗਾਰੀ?
ਮੈਂ ਕੀ ਜਾਣਾ ਬਾਉਰੀ, ਜਾ ਕੇ ਮਹਿੰਦੀ ਨੂੰ ਪੁੱਛੋ

ਮਹਿੰਦੀਏ ਨੀ ਰੰਗ ਰੱਤੀਏ! ਕਿਸ ਮੇਰੀ ਨਾਜ਼ੋ ਸ਼ਿੰਗਾਰੀ?
ਮੈਂ ਕੀ ਜਾਣਾ ਬਾਉਰੀ, ਜਾ ਕੇ ਪੰਸਾਰੀ ਨੂੰ ਪੁੱਛੋ

ਵੇਖ ਰੇ ਸਰਬ ਸੁਹਾਗਣੇ, ਕਿਸ ਮੇਰੀ ਨਾਜੋ ਸ਼ਿੰਗਾਰੀ?
ਮੈਂ ਕੀ ਜਾਣਾ ਬਾਉਰੀ, ਜਾ ਕੇ ਸੁਨਿਆਰੇ ਨੂੰ ਪੁੱਛੋ

'ਲੈ ਦੇ ਜੜਾਊ ਸਾਨੂੰ ਬੁੰਦੇ, ਵੇ ਅਸਾਂ ਤੇਰੇ ਤਦ ਵੱਸਣਾ' ਵਾਲਾ ਅੰਤਰਾ ਲੋਕ-ਗੀਤ ਦੀ ਪੁਰਾਣੀ ਦਾਤ ਹੈ। ਕੰਨਾਂ ਤੋਂ ਬੁੱਚੀ ਵਾਲੀਆਂ ਤੇ ਝੁਮਕੇ ਨਹੀਂ ਪਾ ਸਕਦੀ :—

ਕਿਕਰੀ ਹੇਠ ਖਲੋਤੀਏ
ਕਿਉਂ ਹੋਈਏਂ ਦਿਲਗੀਰ, ਕੁੜੀਏ !
ਕੀਕਰ ਬੋਲਾਂ, ਵੇ ਮਾਹੀ ?
ਕੰਨਾਂ ਤੋਂ ਮੈਂ ਬੁੱਚੀ ਆਂ

ਵਾਲੇ ਘੜਾਵਾਂ, ਤੇਰੇ ਕੰਨੀ ਪਾਵਾਂ
ਸੇਜ ਵਿਛਾਵਾਂ, ਘੁੱਟ ਗਲ ਲਾਵਾਂ
ਹੁਣ ਕਿਉਂ ਜਾਨੀ ਏਂ ਨੱਸ, ਕੁੜੀਏ !
ਕੋਠਾ ਕਿਉਂ ਜਾਨੀਏਂ ਟੱਪ, ਕੁੜੀਏ
ਨਜ਼ਰ ਮਾਹੀ ਵੱਲ ਰੱਖ, ਕੁੜੀਏ ?
ਨੈਣ ਤੇਰੇ ਨੇ ਤੀਰ, ਕੁੜੀਏ
ਕਿੱਕਰੀ ਹੇਠ ਖਲੋਤੜੀਏ
ਕਿਉਂ ਹੋਈਏਂ ਦਿਲਗੀਰ ਕੁੜੀਏ ?

ਗੋਰਾ ਰੰਗ ਤੇ ਸ਼ਰਬਤੀ ਅੱਖੀਆਂ ਲਈ ਘੁੰਡ ਵੀ ਹਾਰ ਸ਼ਿੰਗਾਰ ਬਣ ਜਾਂਦਾ ਹੈ : 'ਗੋਰਾ ਰੰਗ ਤੇ ਸ਼ਰਬਤੀ ਅੱਖੀਆਂ, ਘੁੰਡ ਵਿਚ ਕੈਦ ਕੀਤੀਆਂ।' ਕਿਤੇ ਕਿਸੇ ਪਿੱਪਲ-ਪੱਤੀਆਂ ਦੀ ਸ਼ੁਕੀਨਣ ਦਾ ਦਿਲ ਜਿੱਤਣ ਲਈ ਕੋਈ ਆਖਦਾ ਹੈ : 'ਆਹ ਲੈ ਨੱਤੀਆਂ ਘੜਾ ਲੈ ਪਿੱਪਲ-ਪੱਤੀਆਂ, ਕਿਸੇ ਕੋਲੇ ਗੱਲ ਨਾ ਕਰੀਂ।' ਸੋਨੇ ਬਿਨਾਂ ਤਾਂ ਮਛਲੀ ਵੀ ਨਹੀਂ ਬਣ ਸਕਦੀ, 'ਮੇਰਾ ਯਾਰ ਬਚਨਾਂ ਦਾ ਪੂਰਾ, ਮਛਲੀ ਨੂੰ ਦੇ ਗਿਆ ਨੱਤੀਆਂ।'

ਇਹ ਵੀ ਪੁੱਛਿਆ ਜਾਂਦਾ ਹੈ :—

ਤੇਰੀ ਨਾੜ ਮੱਥੇ ਦੀ ਤੜਫੇ, ਪੱਟੀਆਂ ਕਿੰਨ ਗੁੰਦੀਆਂ ?

ਜਾਂ ਪ੍ਰੇਮੀ ਦੇ ਇਹ ਬੋਲ :—

ਤੇਰਾ ਰੂਪ ਝੱਲਿਆ ਨਾ ਜਾਵੇ, ਕੰਨੋਂ ਲਾਹ ਦੇ ਸੋਨ-ਚਿੜੀਆਂ
ਕਦੇ ਹਾਕ ਨਾ ਚੰਦਰੀਏ ਮਾਰੀ, ਚੂੜੇ ਵਾਲੀ ਬਾਂਹ ਕੱਢ ਕੇ
ਸੁਰਮਾ ਕਹਿਰ ਦੀ ਗੋਲੀ, ਬਿੱਲੀਆਂ ਅੱਖੀਆਂ ਨੂੰ
ਸਾਡੇ ਅੱਥਰੂ ਛਲਕਦੇ ਵੇਖੀਂ, ਮੋਤੀਆਂ ਦੇ ਹਾਰ ਵਾਲੀਏ
ਲੌਂਗ ਵਾਲੀ ਨੇ ਭਨਾ ਲਏ ਗੋਡੇ, ਤੀਲੀ ਵਾਲੀ ਖਾਲ ਟੱਪ ਗਈ

ਇਹ ਵਿਅੰਗ ਵੀ ਕੋਈ ਅੱਜ ਦਾ ਨਹੀਂ :—

ਲੌਂਗ ਝਾਂਬੜਾਂ ਮਾਰੇ, ਮਿੱਡੀਆਂ ਨਾਸਾਂ 'ਤੇ

ਹਾਲੀ ਹਲ ਡੱਕ ਕੇ ਹਾਰ ਸ਼ਿਗਾਰ ਦਾ ਲਿਸ਼ਕਾਰਾ ਤੱਕਦੇ ਹਨ, 'ਤੇਰੇ ਲੌਂਗ ਦਾ ਪਿਆ ਲਿਸ਼ਕਾਰਾ, ਹਾਲੀਆਂ ਨੇ ਹਲ ਡੱਕ ਲਏ।' ਪਤਲੀ ਨਾਰ ਨੂੰ ਵਖਰੇ ਗਹਿਣੇ ਫੱਬਦੇ ਹਨ, 'ਪਤਲੀ ਨਾਰ ਦਾ ਗਹਿਣਾ, ਲੌਂਗ ਤਬੀਤੜੀਆਂ।' ਪ੍ਰੇਮਿਕਾ ਪ੍ਰੇਮੀ ਨੂੰ ਗੁੱਟ ਮਿਣਨ ਲਈ ਆਖਦੀ ਹੈ, 'ਮੇਰੇ ਹੱਥ ਨੂੰ ਕਰਾ ਦੇ ਪਹੁੰਚੀ, ਲੈ ਜਾ ਮੇਰਾ ਗੁੱਟ ਮਿਣ ਕੇ।' ਪ੍ਰੇਮੀ ਜੀਉੜੇ ਇਹੋ ਜਹੇ ਬੋਲ ਮੂੰਹੋਂ ਕੱਢਦੇ ਹਨ, 'ਤੇਰੀ ਚੂਪ ਲਾਂ ਬੁੱਲ੍ਹਾਂ ਦੀ ਲਾਲੀ, ਮਛਲੀ ਦਾ ਪੱਤ ਬਣ ਕੇ।' ਜਾਂ ਫੇਰ ਅਜੇਹੇ ਭਾਵ-ਚਿੱਤਰ ਪ੍ਰੇਮੀ ਜੀਉੜਿਆਂ ਦੇ ਅੰਗ ਸੰਗ ਤੁਰਦੇ ਹਨ :—

ਤੇਰੇ ਝਾਂਜਰਾਂ ਵੱਜਣ ਨੂੰ ਪਾਈਆਂ, ਲੰਘ ਗਈ ਪੈਰ ਦਬ ਕੇ
ਰੰਨ ਅੱਡੀਆਂ ਕੂਚਦੀ ਮਰ ਗਈ, ਬਾਂਕਾਂ ਨਾ ਜੁੜੀਆਂ
ਮੇਰੀ ਰੁੱਸ ਗਈ ਝਾਂਜਰਾਂ ਵਾਲੀ, ਮੇਰੇ ਭਾ ਦਾ ਰੱਬ ਰੁੱਸ ਗਿਆ
ਸੁੱਤੀ ਪਈ ਦੇ ਵੱਢਣ ਇਹ ਦੰਦੀਆਂ, ਵਾਲਿਆਂ ਤੇ ਦੰਦ ਲਿਖ ਤੇ
ਮੇਰੇ ਵੇਚਕੇ ਕੰਨਾਂ ਦੇ ਵਾਲੇ, ਗੰਗਾ ਫੁੱਲ ਪਾ ਦਈਂ ਮਿੱਤਰਾ
ਮੁੰਡੇ ਮਰ ਗਏ ਕਮਾਈਆਂ ਕਰਦੇ, ਲੱਛੀ ਤੇਰੇ ਬੰਦ ਨਾ ਬਣੇ
ਮੈਨੂੰ ਸੋਨੇ ਦਾ ਤਬੀਤ ਕਰਾ ਦੇ, ਚਾਂਦੀ ਦਾ ਕੀ ਭਾਰ ਚੁੱਕਣਾ
ਤੇਰੇ ਦਿਲ ਦੀ ਸਮਝ ਲਾਂ ਸਾਰੀ, ਗਲ ਦਾ ਤਬੀਤ ਬਣ ਕੇ
ਲੌਟਣ ਬਣ ਮਿੱਤਰਾ, ਤੈਨੂੰ ਗੋਰੀਆਂ ਗੱਲ੍ਹਾਂ ਤੇ ਪਾਵਾਂ
ਪਾਣੀ ਡੋਲ੍ਹ ਗੀ ਝਾਂਜਰਾਂ ਵਾਲੀ, ਕੰਠੇ ਵਾਲਾ ਤਿਲ੍ਹਕ ਪਿਆ
ਢਿੱਲੇ ਹੋ ਗਏ ਗਰਦਨ ਦੇ ਮੂੰਗੇ, ਲਿੱਸੀ ਹੋ ਗਈ ਰਤਨ ਕਰੇ

ਤੇ ਇਹ ਹੈ ਕਿਸੇ ਰਤਨ ਕੌਰ ਦੀ ਭੈਣ ਕੋਈ ਬਿਸ਼ਨ ਕੌਰ :—

ਬਿਸ਼ਨ ਕੌਰ ਨੇ ਕੀਤੀ ਤਿਆਰੀ, ਹਾਰ ਸ਼ਿੰਗਾਰ ਲਗਾਇਆ
ਮੋਮ ਢਾਲ ਕੇ ਗੁੰਦੀਆਂ ਪੱਟੀਆਂ, ਅੱਖੀਂ ਕਜਲਾ ਪਾਇਆ
ਚੱਬ ਦੰਦਾਸਾ ਵੇਖਿਆ ਸ਼ੀਸ਼ਾ, ਚੜ੍ਹਿਆ ਰੂਪ ਸਵਾਇਆ
ਸਿਪਾਹੀਆ ਵੇਖ ਲੈ ਵੇ, ਮੇਰੇ ਜੋਬਨ ਦਾ ਹੜ੍ਹ ਆਇਆ

ਜਾਂ ਕਿਸੇ ਗੋਰੀ ਦੀ ਇਹ ਮੰਗ :—

ਮੇਰੀ ਜੁੱਤੀ ਨੂੰ ਲੁਆ ਦੇ ਘੁੰਗਰੂ, ਜੇ ਤੂੰ ਮੇਰੀ ਚਾਲ ਵੇਖਣੀ
ਕਾਲੀਂ ਘੱਗਰੀ ਲਵਾ ਦੇ ਗੋਟਾ, ਜੇ ਤੂੰ ਮੇਰੀ ਚਾਲ ਵੇਖਣੀ

ਵੱਖ ਵੱਖ ਗਹਿਣਿਆਂ ਦਾ ਵੱਖ ਵੱਖ ਵਿਅਕਤਿਤਵ ਹੈ, ਤੇ ਇਸ ਦੀ ਸੋਝੀ ਲੈਣ ਵਿਚ ਲੋਕ-ਪ੍ਰਤਿਭਾ ਨੇ ਕਮਾਲ ਦੇ ਗੁਲ-ਬੂਟੇ ਖਿੜਾਏ ਹਨ ; 'ਤੀਲੀ ਲੌਂਗ ਦਾ ਮੁਕਦਮਾ ਭਾਰੀ, ਠਾਣੇਦਾਰਾ ਸੋਚ ਕੇ ਕਰੀਂ', ਤੇ ਬਾਜ਼ੂਬੰਦ ਵਿਚ ਇੰਜ ਨੁਕਸ ਕੱਢਿਆ ਜਾਂਦਾ ਹੈ ; 'ਬਾਜ਼ੂਬੰਦ ਬਿਸ਼ਰਮੀ ਗਹਿਣਾ, ਜੱਫੀ ਪਾਇਆਂ ਛਣਕ ਪਵੇ ।'

ਗੋਰੀ ਦੇ ਮੂੰਹੋਂ ਇਹ ਨਾਜ਼ਕ ਖ਼ਿਆਲ ਤਾਂ ਤੁਸਾਂ ਬਹੁਤ ਵਾਰ ਸੁਣਿਆ ਹੋਵੇਗਾ; 'ਮੇਰੀ ਗੁੱਤ ਦੇ ਵਿਚਾਲੇ ਠਾਣਾ, ਕੈਦ ਕਰਾ ਦੇਊਂਗੀ' ਪਰ ਏਥੇ ਗੁੱਤ ਤੇ ਕਚਹਿਰੀ ਲੱਗਣ ਦੀ ਕਲਪਨਾ ਵਿਚ ਤਾਂ ਹੋਰ ਹੋਰ ਰੰਗ ਭਰੇ ਗਏ ਹਨ :—

ਤੇਰੀ ਗੁੱਤ ਤੇ ਕਚਹਿਰੀ ਲਗਦੀ, ਦੂਰੋਂ ਦੂਰੋਂ ਆਉਣ ਝਗੜੇ
ਸੱਗੀ ਫੁੱਲ ਨੀ ਸ਼ਿਸ਼ਨ ਜੱਜ ਤੇਰੇ, ਕੈਂਠਾਂ ਤੇਰਾ ਮੋਹਤਮ ਹੈ
ਵਾਲੇ ਡੰਡੀਆਂ ਕਮਿਸ਼ਨਰ ਡਿਪਟੀ, ਨੱਤੀਆਂ ਇਹ ਨੈਬ ਬਣੀਆਂ
ਜ਼ੈਲਦਾਰ ਨੀ ਮੁਰਕੀਆਂ ਤੇਰੀਆਂ, ਸਫ਼ੈਦਪੋਸ਼ ਬਣੇ ਗੋਖੜੂ
ਨੱਥ, ਮਛਲੀ, ਮੇਖ ਤੇ ਕੋਕਾ, ਇਹ ਨੇ ਸਾਰੇ ਛੋਟੇ ਮਹਿਕਮੇ
ਤੇਰਾ ਲੌਂਗ ਕਰੇ ਸਰਦਾਰੀ, ਠਾਣੇਦਾਰੀ ਨੁਕਰਾ ਕਰੇ
ਚੌਕੀਦਾਰਨੀ ਬਣੀ ਬਘਿਆੜੀ, ਤੀਲੀ ਬਣੀ ਟਹਿਲਦਾਰਨੀ
ਕੰਢੀ ਹੱਸ ਦਾ ਪੈ ਗਿਆ ਝਗੜਾ, ਤਵੀਤ ਉਗਾਹੀ ਜਾਣਗੇ
ਬੂੰਦੇ ਬਣ ਗਏ ਵਕੀਲ ਵਿਲੈਤੀ, ਚੌਂਕ ਚੰਦ ਨਿਆਂ ਕਰਦੇ

ਦਫ਼ਾ ਤਿਨ ਸੌ ਆਖਦੇ ਤੇਤੀ, ਕੰਠੀ ਨੂੰ ਸਜ਼ਾ ਬੋਲ ਗਈ
ਹਾਰ ਦੇ ਗਿਆ ਜ਼ਮਾਨਤ ਪੂਰੀ, ਕੰਠੀ ਨੂੰ ਛੁਡਾ ਕੇ ਲੈ ਗਿਆ
ਨਾਮਾ ਬਣ ਕੇ ਬੜਾ ਪਟਵਾਰੀ, ਹਿੱਕ ਵਾਲੀ ਮਿਣਤੀ ਕਰੇ
ਤੇਰਾ ਚੂੜਾ ਰਸਾਲਾ ਪੂਰਾ, ਬਾਜੂਬੰਦ ਬਿਗੜ ਗਏ
ਪਰੀਬੰਦ ਅੰਗਰੇਜ਼ੀ ਗੋਰੇ, ਫ਼ੌਜ ਦੇ ਵਿਚਾਲੇ ਸਜਦੇ
ਤੇਰੀ ਜੁਗਨੀ ਘੜੀ ਦਾ ਪੁਰਜ਼ਾ, ਜੰਜੀਰੀ ਤਾਰ ਬੰਗਲੇ ਦੀ
ਇਹ ਜੋ ਝਾਂਜਰਾਂ ਤਾਰ ਅੰਗਰੇਜ਼ੀ, ਮਿਟਾਂ 'ਚ ਦੇਣ ਖ਼ਬਰਾਂ
ਤੇਰੇ ਤੋੜੇ ਦੇਣ ਮਰੋੜੇ, ਆਸ਼ਕ ਲੋਕਾਂ ਨੂੰ
ਬਾਂਕਾਂ ਤੇਰੀਆਂ ਮਾਰਦੀਆਂ ਹਾਕਾਂ, ਖ਼ਰਚਾਂ ਨੂੰ ਬੰਦ ਕਰ ਦੇ

ਜੈਨਾਂ, ਜੈਨਾਂ, ਝੂਠੇ ਫ਼ੈਸ਼ਨ ਤੋਂ ਕੀ ਲੈਣਾ

ਕਿਸੇ ਅਮੀਰ ਘਰ ਦੀ ਨੂੰਹ ਹੈ ਕੋਈ ਰਾਜੋ ਜਿਸ ਬਾਰੇ ਇਹ ਗੀਤ ਚਿਰੋਕਣਾ ਪਰਚਲਤ ਹੈ :—

ਰਾਜ ਦੁਆਰੇ ਬਹਿ ਗਈ ਰਾਜੋ, ਰੱਤਾ ਪੀਹੜਾ ਡਾਹ ਕੇ
ਕਿਉੜਾ ਛਿੜਕ ਲਿਆ ਆਸੇ ਪਾਸੇ, ਅਤਰ ਫੁਲੇਲ ਰਮਾ ਕੇ
ਸੱਗੀ ਤੇ ਫੁੱਲ ਬਘਿਆੜੀ ਸੋਂਹਦੇ, ਰੱਖੇ ਬਿੰਦੀ ਚਮਕਾ ਕੇ
ਕੰਨਾਂ ਦੇ ਵਿਚ ਸਜਣ ਕੋਕਰੂ, ਰੱਖੇ ਵਾਲਿਆਂ ਨੂੰ ਲਿਸ਼ਕਾ ਕੇ
ਬਾਹਾਂ ਦੇ ਵਿਚ ਸਜਦਾ ਚੂੜਾ, ਛਾਪਾਂ ਰੱਖੇ ਸਜਾ ਕੇ
ਪੈਰਾਂ ਦੇ ਵਿਚ ਸਜਣ ਪਟੜੀਆਂ, ਵੇਖ ਲੈ ਮਨ ਚਿੱਤ ਲਾ ਕੇ
ਨਵੀਂ ਵਿਆਹੁਲੀ ਦਾ, ਸਭ ਵੇਖਣ ਘੁੰਡ ਚੁਕਾ ਕੇ

## ਵਿਆਹ

ਸਾਡੇ ਅਨੇਕ ਅਖਾਣ ਵਿਆਹ ਦੀ ਕਿਸੇ ਨਾ ਕਿਸੇ ਰੀਤ ਵੱਲ ਸੰਕੇਤ ਕਰ ਜਾਂਦੇ ਹਨ । ਅੱਜ ਵੀ ਕੁੜੀ ਵਾਲੇ ਘਰ ਮੁੰਡਾ ਘੋੜੀ 'ਤੇ ਚੜ੍ਹ ਕੇ ਵਿਆਹੁਣ ਆਉਂਦਾ ਹੈ । ਓਸੇ ਰੀਤ ਨੂੰ ਮੁੱਖ ਰੱਖ ਕੇ ਗੱਲਾਂ ਗੱਲਾਂ ਵਿਚ ਕੁੱਬੇ ਦਾ ਮਖ਼ੌਲ ਉਡਾਇਆ ਜਾਂਦਾ ਹੈ ; 'ਉਹ ਦਿਨ ਡੁੱਬਾ, ਜਿੱਦਨ ਘੋੜੀ ਚੜ੍ਹਿਆ ਕੁੱਬਾ ।' ਵਡੇਰੀ ਉਮਰ ਵਾਲੇ ਨਾਲ ਨਿੱਕੀ ਜਹੀ ਕੁੜੀ ਨੂੰ ਵਿਆਹ ਦੇਣ ਤਾਂ 'ਊਠ ਦੇ ਗਲ ਟੱਲੀ' ਵਾਲਾ ਮਿਹਣਾ ਦਿੱਤਾ ਜਾਂਦਾ ਹੈ । ਕਿਸੇ ਦੀ ਨੂੰਹ ਸੋਹਣੀ ਨਾ ਹੋਵੇ ਤੇ ਉਹ ਆਪਣੇ ਆਪ ਨੂੰ ਸੰਵਾਰ ਕੇ ਨਾ ਰੱਖੇ ਤਾਂ ਆਖਦੇ ਹਨ, 'ਅੱਗੇ ਵਹੁਟੀ ਸੋਹਣੀ, ਉੱਤੋਂ ਸੁੱਤੀ ਉੱਠੀ ।' ਜੋ ਕੰਮ ਕਰਦਾ ਕਰਦਾ ਅਖ਼ੀਰ ਤੇ ਆ ਕੇ ਮੁਕਰ ਜਾਵੇ, ਉਸ ਨੂੰ ਇੰਜ ਭੰਡਦੇ ਹਨ, 'ਇਸ ਬਾਬਲ ਦਾ ਕੀ ਭਰਵਾਸਾ, ਜੋ ਡੋਲੀ ਪਿਆਂ ਵੀ ਕੱਢ ਲਵੇ ।' ਇਹ ਦੱਸਣ ਲਈ ਕਿ ਸ਼ਰੀਕ ਹਰ ਅਣਹੋਣੀ ਗੱਲ ਕਰ ਸਕਦਾ ਹੈ, ਆਖਦੇ ਹਨ; 'ਸ਼ਰੀਕ ਸਿਹਰਾ ਬੰਨ੍ਹ ਕੇ ਨਹੀਂ ਢੁੱਕਦਾ, ਹੋਰ ਸਭ ਕੁਝ ਕਰਦਾ ਹੈ ।' ਇਹ ਵੀ ਆਖਦੇ ਹਨ, 'ਹਮੇਂ ਨਾ ਵਿਆਹੇ ਤਾਂ ਕਾਹਦੇ ਸਾਹੇ ?' ਜਾਂ 'ਉੱਧਲ ਗਈਆਂ ਨੂੰ ਦਾਜ ਕੌਣ ਦੇਂਦਾ ਹੈ ?' ਜਦ ਕਿਸੇ ਨੂੰ ਜ਼ਰੂਰੀ ਕੰਮ ਤੋਂ ਹਟਾ ਕੇ ਮਮੂਲੀ ਕੰਮ ਸੌਂਪ ਦਿੱਤਾ ਜਾਵੇ ਤਾਂ ਆਖਦੇ ਹਨ, 'ਜਿਸ ਕੁੜੀ ਦਾ ਵਿਆਹ ਉਹ ਗੋਹੇ ਚੁਗਣ ਜਾਹ ।' ਵਿਆਹ ਰਾਸ ਨਾ ਆਵੇ ਤਾਂ ਆਖਦੇ ਹਨ, 'ਜੋੜੀਆਂ ਜਗ ਥੋੜੀਆਂ, ਗਲ ਨਰੜ ਬਥੇਰੇ ।' ਜਦ ਕੋਈ ਭੈੜਾ ਬੰਦਾ

ਚੰਗਿਆਂ ਨੂੰ ਮੰਦਾ ਆਖੇ ਤਾਂ ਮਿਹਣਾ ਦੇਂਦੇ ਹਨ, 'ਜੰਞ ਕੁਪਤੀ, ਸੁਥਰਾ ਭਲਾਮਾਣਸ।' ਜਦ ਮੁਖੀ ਪੁਰਸ਼ ਦੀ ਪੁੱਛ ਪਰਤੀਤ ਨਾ ਹੋਵੇ ਤਾਂ ਕਹਿੰਦੇ ਹਨ 'ਜੀਹਦਾ ਵਿਆਹ, ਉਹਦੀ ਪੱਤਲ ਵੀ ਨਾਹ।' ਪੈਸੇ ਖ਼ਰਚ ਸਕੀਏ ਤਾਂ ਸੰਬੰਧੀਆਂ ਦੀ ਕੀ ਮੁਥਾਜੀ ? ਇਹ ਭਾਵ ਇੰਜ ਪਰਗਟ ਕਰਦੇ ਹਨ, 'ਟੱਟੂ ਭਾੜੇ ਕਰਨਾ ਏ ਤਾਂ ਕੁੜਮਾਂ ਦਾ ਈ ਕਰਨਾਂ ਏ ?' ਲੱਖ ਸਮਝਾਉਣ ਤੇ ਵੀ ਕੋਈ ਨਾ ਸਮਝੇ ਤਾਂ ਆਖਦੇ ਹਨ, 'ਢੋਲ ਵੱਜੇ ਢਮੱਕੇ ਵੱਜੇ, ਮੁੜ ਵਹੁਟੀ ਦੇ ਪੈਰ ਨਾ ਕੱਜੇ।' ਕਿਸੇ ਮੰਡਲੀ 'ਚ ਸੱਭੇ ਭੈੜੇ ਹੋਣ ਤਾਂ ਆਖਦੇ ਹਨ, 'ਨਾਈਆਂ ਦੀ ਜੰਞ ਵਿਚ ਸੱਭੇ ਰਾਜੇ'।' ਲੋੜਵੰਦ ਬੰਦਾ ਪਹਿਲਾਂ ਆਪਣੀ ਲੋੜ ਪੂਰੀ ਕਰਦਾ ਹੈ, ਇਹ ਭਾਵ ਇੰਜ ਦੱਸਿਆ ਜਾਂਦਾ ਹੈ, 'ਰੰਡਾ ਗਿਆ ਕੁੜਮਾਈ, ਆਪਣੀ ਕਰੇ ਕਿ ਪਰਾਈ।' ਇਹ ਵੀ ਆਖਦੇ ਹਨ, 'ਵਿਆਹੀ ਨਾ ਪਹਿਨੀ ਵਾਲੀ, ਤੇ ਮੁਕਲਾਵੇ ਘੁੰਗਰਿਆਲੀ।'

ਆਖਦੇ ਹਨ, ਪਹਿਲਾਂ ਪਹਿਲ ਸ੍ਵੇਤਕੇਤੂ ਨਾਮਕ ਰਿਸ਼ੀ ਨੇ ਵਿਆਹ ਦੀ ਪਰੰਪਰਾ ਚਲਾਈ। ਮਨੂੰ ਸਿਮ੍ਰਤੀ ਵਿਚ ਅੱਠ ਤਰ੍ਹਾਂ ਦੇ ਵਿਆਹਾਂ ਦਾ ਪਰਸੰਗ ਆਇਆ ਹੈ : ੧. ਆਰਸ਼, ੨. ਬ੍ਰਾਹਮ, ੩. ਦੈਵ, ੪. ਪ੍ਰਾਜਾਪਤ, ੫. ਆਸੁਰ, ੬. ਗਾਂਧਰਵ, ੭. ਰਾਕਸ਼ਸ ਤੇ ੮. ਪੈਸ਼ਾਚ।

ਇਨ੍ਹਾਂ ਵਿੱਚੋਂ ਮਾਂ ਪਿਉ ਦੀ ਇੱਛਾ ਨਾਲ ਚਾਵਾਂ ਸ਼ਗਨਾਂ ਨਾਲ ਸਿਰੇ ਚੜ੍ਹਨ ਵਾਲਾ ਵਿਆਹ 'ਬ੍ਰਾਹਮ' ਵਾਲੀ ਸੱਚੀ ਸੁੱਚੀ ਪਰੰਪਰਾ 'ਚ ਆਉਂਦਾ ਹੈ।

ਦੇਸ ਦੇ ਬਟਵਾਰੇ ਮਗਰੋਂ ਵਿਆਹ ਇੱਕੋ ਰਾਤ ਲਈ ਬਿਜਲੀ ਦੇ ਰੰਗ-ਬਰੰਗੇ ਬਲਬਾਂ ਨਾਲ ਘਰ ਸਜਾ ਕੇ ਕੁੜੀ ਦੇ ਹੱਥ ਪੀਲੇ ਕਰ ਦੇਣ ਤੇ ਲਾਵਾਂ ਦੇ ਕੇ ਸਵੇਰੇ ਹੀ ਡੋਲੀ ਤੋਰ ਦੇਣ ਦਾ ਰੂਪ ਲੈ ਰਿਹਾ ਹੈ। ਪਹਿਲਾਂ ਤਾਂ ਕੀ ਪਿੰਡਾਂ ਵਿਚ ਤੇ ਕੀ ਸ਼ਹਿਰਾਂ ਵਿਚ, ਕੁੜੀ ਨੂੰ ਵਿਆਹੁਣ ਆਈ ਜੰਞ ਤਿੰਨ ਦਿਨ ਰਹਿੰਦੀ ਸੀ ਤੇ ਕੁੜੀ ਵਾਲਿਆਂ ਨੂੰ ਅਨੇਕ ਰੀਤਾਂ ਰਸਮਾਂ ਵਿੱਚੋਂ ਲੰਘਦਿਆਂ ਤਿੰਨੇ ਦਿਨ ਜਾਂਞੀਆਂ ਦੀ ਪੂਰੀ ਸੇਵਾ ਕਰਨੀ ਪੈਂਦੀ ਸੀ।

ਅੱਜ ਕਲ੍ਹ ਤਾਂ ਸ਼ਹਿਰਾਂ ਵਿਚ ਇਕ ਰਾਤ ਦੇ ਇਸ 'ਨਾਟਕ' ਵਿਚ ਗ੍ਰਾਮੋਫੋਨ ਰਿਕਾਰਡ ਲਗਾ ਕੇ ਹੀ ਖ਼ੁਸ਼ੀ ਮਨਾ ਲੈਂਦੇ ਹਨ। ਪਰ ਬਟਵਾਰੇ ਤੋਂ ਪਹਿਲਾਂ ਕੀ ਸ਼ਹਿਰਾਂ ਵਿਚ ਤੇ ਕੀ ਪਿੰਡਾਂ ਵਿਚ, ਵਿਆਹ ਦੇ ਸ਼ੁਭ ਦਿਹਾੜੇ ਤੋਂ ਕਈ ਕਈ ਹਫ਼ਤੇ ਪਹਿਲਾਂ ਹੀ ਮੁੰਡੇ ਵਾਲੇ ਘਰ 'ਘੋੜੀਆਂ' ਤੇ ਕੁੜੀ ਵਾਲੇ ਘਰ 'ਸੁਹਾਗ' ਗਾਉਣ ਲਗ ਜਾਂਦੇ ਸਨ। ਪਿੰਡਾਂ ਵਿਚ ਤਾਂ ਅੱਜ ਵੀ ਗਲੀ ਮਹੱਲੇ ਦੀਆਂ ਤੀਵੀਂਆਂ ਵਿਆਹ ਵਾਲੇ ਘਰ ਰਾਤ ਨੂੰ ਕੱਠੀਆਂ ਹੋ ਕੇ, ਸੁਰ 'ਚ ਸੁਰ ਮੇਲ ਕੇ ਘੋੜੀਆਂ ਤੇ ਸੁਹਾਗ ਗਾਉਂਦੀਆਂ ਹਨ। ਵਿਆਹ ਦਾ ਸ਼ੁਭ ਅਵਸਰ ਆਉਣ ਤੇ ਹੋਰ ਵੀ ਕਈ ਤਰ੍ਹਾਂ ਦੇ ਗੀਤ ਗਾ ਕੇ ਇਸ ਆਨੰਦ ਕਾਰਜ ਦਾ ਚਾ ਮਲ੍ਹਾਰ ਮਨਾਇਆ ਜਾਂਦਾ ਹੈ। ਇਨ੍ਹਾਂ ਵਿੱਚੋਂ ਕੁਝ ਕੁ ਦੇ ਇਹ ਨਾਂ ਹਨ ; ਤਵੀ ਛੋਹਣ ਦੇ ਗੀਤ, ਵਟਣਾ ਲਾਉਣ ਦੇ ਗੀਤ, ਫੇਰਿਆਂ ਦੇ ਗੀਤ, ਛੰਦ ਪਰਾਗੇ, ਪੱਤਲ, ਜੰਞ ਬੰਨ੍ਹਣੀ, ਜੰਞ ਖੋਲ੍ਹਣੀ, ਸਿੱਠਣੀਆਂ, ਡੋਲੀ ਦੇ ਗੀਤ ਤੇ ਮੁੰਡੇ ਦੇ ਘਰ ਵਹੁਟੀ ਦੇ ਪਹਿਲੀ ਵੇਰ ਪਹੁੰਚਣ ਵੇਲੇ ਦੇ ਗੀਤ।

ਇਕ 'ਸੁਹਾਗ' ਵਿਚ ਉਸ ਯੁਗ ਦਾ ਚਿੱਤਰ ਉਲੀਕਿਆ ਗਿਆ ਹੈ ਜਦ ਕੁੜੀ ਆਪਣੇ ਵਿਆਹ ਬਾਰੇ ਨਿਝੱਕ ਹੋ ਕੇ ਪਿਉ ਨਾਲ ਗੱਲ ਕਰ ਸਕਦੀ ਸੀ।

'ਬੇਟੀ, ਚੰਨਣ ਦੇ ਉਹਲੇ ਉਹਲੇ ਕਿਉਂ ਖੜੀ ?
'ਨੀ ਜਾਈਏ, ਚੰਨਣ ਦੇ ਉਹਲੇ ਉਹਲੇ ਕਿਉਂ ਖੜੀ ?'

'ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਬਾਰ,
'ਬਾਬਲ ! ਵਰ ਲੋੜੀਏ'

'ਬੇਟੀ ! ਕਿਹੋ ਜਿਹਾ ਵਰ ਲੋੜੀਏ ?
'ਨੀ ਜਾਈਏ ! ਕਿਹੋ ਜਿਹਾ ਵਰ ਲੋੜੀਏ ?'

'ਬਾਬਲ ! ਜਿਉਂ ਤਾਰਿਆਂ ਵਿੱਚੋਂ ਚੰਨ,
'ਚੰਨਾਂ ਵਿੱਚੋਂ ਕਾਨ੍ਹ, ਕਨ੍ਹਈਆ ਵਰ ਲੋੜੀਏ ।'

ਇਕ ਹੋਰ 'ਸੁਹਾਗ' ਵਿਚ ਇਹ ਝਾਕੀ ਪੇਸ਼ ਕੀਤੀ ਗਈ ਹੈ :–

'ਬਾਬਲ ! ਇੱਕ ਮੇਰਾ ਕਹਿਣਾ ਕੀਜੀਏ,
'ਮੈਨੂੰ ਰਾਮ ਰਤਨ ਵਰ ਦੀਜੀਏ'

'ਜਾਈਏ ! ਲੈ ਆਂਦਾ ਵਰ ਮੈਂ ਟੋਲ ਕੇ,
'ਜਿਉਂ ਰੰਗ ਕੁਸੁੰਭਾ ਘੋਲ ਕੇ'

'ਬਾਬਲ ! ਇੱਕ ਮੈਨੂੰ ਪੱਛੋਤਾਵਾ ਬੜਾ ਈ,
'ਮੈਂ ਆਪ ਗੋਰੀ ਵਰ ਸੌਲਾ ਈ'

ਪੁਰਾਣਿਆਂ ਵੇਲਿਆਂ ਵਿਚ ਸਾਂਝਾ ਟੱਬਰ ਹੁੰਦਾ ਸੀ ਤੇ 'ਸੁਹਾਗ' ਗੀਤਾਂ ਵਿਚ ਅਸੀਂ ਵੇਖਦੇ ਹਾਂ ਕਿ ਕੁੜੀ ਬਾਹਲੇ ਪੁੱਤਾਂ ਦੀ ਮਾਂ ਨੂੰ ਹੀ ਸੱਸ ਬਣਾਉਣ ਦੀ ਇੱਛਾ ਪਰਗਟ ਕਰਦੀ ਹੈ । :—

ਦੇਈਂ ਦੇਈਂ ਵੇ ਬਾਬਲਾ ! ਓਸ ਘਰੇ,
ਜਿੱਥੇ ਸੱਸ ਭਲੀ ਪਰਧਾਨ, ਸੌਹਰਾ ਸਰਦਾਰ
ਸੱਸ ਨੂੰ ਸੱਦਣ ਸ਼ਰੀਕਣੀਆਂ,
ਸਹੁਰਾ ਕਚਹਿਰੀ ਦਾ ਸਰਦਾਰ
ਬਾਬਲ ! ਤੇਰਾ ਪੁੰਨ ਹੋਵੇ, ਤੇਰਾ ਦਾਨ ਹੋਵੇ,
ਤੇਰਾ ਹੋਵੇ ਵੱਡੜਾ ਜਸ,
ਬਾਬਲ ! ਤੇਰਾ ਪੁੰਨ ਹੋਵੇ

ਦੇਈਂ ਦੇਈਂ ਵੇ ਬਾਬਲਾ ! ਓਸ ਘਰੇ,
ਜਿੱਥੇ ਸੱਸ ਦੇ ਬਾਹਲੜੇ ਪੁੱਤ
ਇੱਕ ਮੰਗਾਂ, ਇਕ ਵਿਆਹਾਂ,
ਮੈਂ ਤਾਂ ਸ਼ਾਦੀਆਂ ਵੇਖਾਂਗੀ ਨਿੱਤ
ਬਾਬਲ ! ਤੇਰਾ ਪੁੰਨ ਹੋਵੇ,
ਤੇਰਾ ਹੋਵੇ ਵੱਡੜਾ ਜਸ,
ਬਾਬਲ ! ਤੇਰਾ ਪੁੰਨ ਹੋਵੇ

ਦੇਈਂ ਦੇਈਂ ਵੇ ਬਾਬਲਾ ! ਓਸ ਘਰੇ,
ਜਿੱਥੇ ਕਾਲੀਆਂ ਬੂਰੀਆਂ ਸੱਤ
ਇੱਕ ਰਿੜਕਾਂ, ਇੱਕ ਚੋਵਾਂ,
ਮੇਰਾ ਵਿੱਚ ਮਧਾਣੀ ਦੇ ਹੱਥ
ਬਾਬਲ ! ਤੇਰਾ ਪੁੰਨ ਹੋਵੇ,

ਤੇਰਾ ਹੋਵੇ ਵੱਡੜਾ ਜਸ,
ਬਾਬਲ ! ਤੇਰਾ ਪੁੰਨ ਹੋਵੇ

ਦੇਈਂ ਦੇਈਂ ਵੇ ਬਾਬਲਾ ! ਓਸ ਘਰੇ,
ਜਿੱਥੇ ਘੜਤ ਘੜੇ ਸੁਨਿਆਰ
ਇੱਕ ਲਾਹਾਂ, ਇੱਕ ਪਾਵਾਂ,
ਵੇ ਮੈਂ ਲਾਵਾਂ ਹਾਰ ਸ਼ਿੰਗਾਰ
ਬਾਬਲ ! ਤੇਰਾ ਪੁੰਨ ਹੋਵੇ,
ਤੇਰਾ ਹੋਵੇਗਾ ਵੱਡੜਾ ਜਸ,
ਬਾਬਲ ! ਤੇਰਾ ਪੁੰਨ ਹੋਵੇ

'ਸੁਹਾਗ' ਗੀਤਾਂ ਵਿਚ ਕਿਤੇ ਕੁੜੀ ਦੇ ਮੁਟਿਆਰ ਤੇ ਸਿਆਣੀ ਹੋਣ ਦੀ ਸੋਝੀ ਇਸ ਗੱਲ ਤੋਂ ਲਗਦੀ ਹੈ, 'ਮੈਂ ਤੈਨੂੰ ਬਾਬਲ ਧਰਮੀ ਆਖ ਰਹੀ, ਆਹੋ ਰੇ ਬਾਬਲ ! ਆਹੋ ਰੇ ਬਾਬਲ ! ਮੱਘਰ ਕਰੀਉ ਵਿਆਹ । ਭੱਤ ਨਾ ਬੁੱਸੇ ਤੇਰਾ ਗੋਤ ਨਾ ਰੁੱਸੇ, ਆਹੋ ਰੇ ਬਾਬਲ ! ਦਹੀਉਂ ਨਾ ਅਮਲਾ ਹੋਇ ।' ਇਹ ਦਹੀਂ ਨੂੰ ਖੱਟਾ ਹੋਣ ਤੋਂ ਬਚਾਉਣ ਦੀ ਤਰਕੀਬ ਜਾਣਨ ਵਾਲੀ ਕੁੜੀ ਆਪਣਾ ਨਵਾਂ ਸੰਸਾਰ ਵਸਾਉਣ ਲਈ ਪੂਰੀ ਤਰ੍ਹਾਂ ਸਮਰੱਥ ਹੈ ।

'ਘੋੜੀਆਂ' ਵਿਚ ਇਸ ਤਰ੍ਹਾਂ ਦੇ ਮੰਗਲ-ਕਾਮਨਾ ਪਰਗਟ ਕੀਤੀ ਜਾਂਦੀ ਹੈ :–

ਉੱਠ ਨੀ ਰਵੇਲ ਘੋੜੀ, ਬਾਬੇ ਵਿਹੜੇ ਜਾ
ਬਾਬੇ ਦੇ ਮਨ ਸ਼ਾਦੀਆਂ, ਤੇਰੀ ਦਾਦੀ ਦ ਮਨ ਚਾ
ਘੋੜੀ ਚੁਗਦੀ ਹਰਿਆ ਘਾਹ, ਘੋੜੀ ਪਈ ਸਵੱਲੜੇ ਰਾਹ
ਘੋੜੀ ਸਾਂਵਲੀ ਸਈਉ

ਜਾਂ

ਬੰਨੋ ਨੇ ਭੇਜੀਆਂ ਚੀਰੀਆਂ, ਰਜਾਦੀ ਨੇ ਭੇਜੀਆਂ ਚੀਰੀਆਂ
'ਬੰਨਾ ! ਤੂੰ ਲਟਕੇਂਦੜਾ ਆਉ ਬੰਨਾ ! ਮੇਰਾ ਰਾਉ ਰਜਾਦੀ ਦਾ ਆਉ ਬੰਨਾ'
'ਕਿੱਧਰੋਂ ਆਵਾਂ, ਬੰਨੋ ਮੇਰੀਏ, ਲਟਕੇਂਦੀ ਨੀ ਵੇਸਰ ਵਾਲੀਏ,
**'ਛਣਕੇਂਦੇ ਨੀ ਚੂੜੇ ਵਾਲੀਏ'**
'ਬੰਨਾ ! ਮੈਂ ਤੇਰਾ ਸਾਹ ਸੁਧਾਇਆ ਬੰਨਾ,
'ਮੇਰਾ ਰਾਉ ਰਜਾਦੀ ਦਾ ਜੀਵੇ ਬੰਨਾ
'ਸਾਹਾ ਸੁਧਾਵੇ ਮੇਰਾ ਬਾਬਲ, ਪਾਂਧੇ ਦੇ ਜਾਵੇ ਮੇਰਾ ਬਾਬਲ,
'ਤੂੰ ਲਟਕੇ ਸਿਰਗਸਤ ਭੁੱਲੇ, ਮੁਖ ਪਾਨ ਚਬੇਂਦੜਾ ਆਉ, ਬੰਨਾ
'ਮੇਰਾ ਰਾਉ ਰਜਾਦੀ ਦਾ, ਜੀਵੇ ਬੰਨਾ'

ਜਾਂ

ਇਕ ਜੇ ਘੋੜੀ ਹਿਣਕਦੀ ਪਟਿਆਲੇ ਚੋਂ ਆਈ
ਮੁੱਲ ਲਈ ਮੇਰੇ ਬਾਪ ਨੇ ਘਰ ਘਰ ਹੋਈ ਏ ਵਧਾਈ
ਅਰਣ ਵਰਣ ਵੀਰਾ ਕਪੜੇ ਕੇਸਰ ਹੋਈ ਛਿੜਕਾਈ

ਵਾਗ ਪਕੜ ਵੀਰਾ ਚੜ੍ਹ ਗਿਆ ਆਪਣੀ ਚਤੁਰਾਈ
ਮੋਹਰੇ ਘੋੜਾ ਵੀਰ ਦਾ ਮਗਰ ਭਾਬੀ ਦਾ ਡੋਲਾ

ਵਰ ਜਾਂ ਬਹੂ ਦੀ ਸਰੀਰਕ ਸਫ਼ਾਈ ਲਈ ਜਿਤਨਾ ਵਟਣਾ ਮਲਣਾ ਅਵੱਸ਼ਕ ਹੁੰਦਾ ਹੈ, ਉਸ ਵੇਲੇ ਵਟਣੇ ਦਾ ਗੀਤ ਵੀ ਉਤਨਾ ਹੀ ਆਵੱਸ਼ਕ ਹੁੰਦਾ ਹੈ :—

ਵਾਹ ਵਾਹ ਕਟੋਰਾ ਵਟਣੇ ਦਾ
ਜਿੰਦਲੀ ਕਟੋਰਾ ਵਟਣੇ ਦਾ
ਵਾਹ ਵਾਹ ਮਲੇਂਦੀਆਂ ਦੋ ਜਣੀਆਂ
ਵਾਹ ਵਾਹ ਕਿ ਆਮ੍ਹੋ-ਸਾਹਮਣੀਆਂ
ਜਿੰਦਲੀ ਕਿ ਆਮ੍ਹੋ-ਸਾਹਮਣੀਆਂ
ਵਾਹ ਵਾਹ ਕਿ ਦਿਉਰ ਜਿਠਾਣਨੀਆਂ
ਵਾਹ ਵਾਹ ਕਿ ਸਾਵਣ ਕਿਉਂ ਆਇਆ ?
ਵਾਹ ਵਾਹ ਕਿ ਬੂੰਦਾਂ ਪਾਵਣ ਨੂੰ
ਵਾਹ ਵਾਹ ਕਿ ਦਿਲ ਪਰਚਾਵਣ ਨੂੰ
ਵਾਹ ਵਾਹ ਕਿ ਇਹ ਰੁੱਤ ਪਾਨਾਂ ਦੀ
ਜਿੰਦਲੀ ਕਿ ਧਮਕ ਜਵਾਨਾਂ ਦੀ।

ਕੋਠੇ ਉੱਪਰ ਖੜੀਏ ਸਾਲੂ ਵਾਲੜੀਏ
ਜਿੰਦਲੀ ਕਿ ਸਾਲੂ ਵਾਲੜੀਏ
ਤੇਰਾ ਨੇਹ ਲੱਗਾ ਦਿਨ ਚਾਰ ਜੀਜੇ ਵਾਲੜੀਏ
ਕੋਠੇ ਉੱਪਰ ਖੜੀਏ ਪੈਰੀਂ ਨੇਵਰਾਂ
ਜਿਦਲੀ ਕਿ ਪੈਰੀਂ ਨੇਵਰਾਂ
ਤੇਰਾ ਨੇਹ ਲੱਗਾ ਦਿਨ ਚਾਰ ਕਿ ਭਾਬੀ ਦੇਵਰਾਂ

ਵਟਣਾ ਮਲ ਕੇ ਅਸ਼ਨਾਨ ਕਰਾਉਣ ਮਗਰੋਂ, ਮੁੰਡਾ ਹੋਵੇ ਭਾਵੇਂ ਕੁੜੀ, ਉਹਨੂੰ ਕੁਝ ਖੁਆਇਆ ਜਾਂਦਾ ਹੈ। ਉਸ ਵੇਲੇ ਤੀਵੀਆਂ ਗਾਉਂਦੀਆਂ ਹਨ :—

'ਕੀ ਕੁਝ ਖਾਧਾ ਲਾੜਿਆਂ ਨਹਾਏ ਧੋਏ ?
'ਕੀ ਕੁਝ ਪੀਤਾ ਤਿਹਾਏ ਨੇ ?'
'ਘਿਉ ਗੁੜ ਖਾਧਾ, ਮੇਰੀ ਅੰਬੜੀਏ
'ਛੱਤੀ ਭੋਜਨ ਕੀਤੇ, ਰਾਮ'

ਤਦ ਤੀਵੀਆਂ ਮੁੰਡੇ ਜਾਂ ਕੁੜੀ ਦੀ ਮਾਂ ਨੂੰ ਵਧਾਈਆਂ ਦੇਂਦੀਆਂ ਹਨ :—

ਵਧਾਈਆਂ ਫਲਾਣੀਏਂ ਤੈਨੂੰ, ਵਧਾਈਆਂ ਨੀ
ਵਧਾਈਆਂ ਫਲਾਣੀਏਂ ਤੈਨੂੰ, ਵਧਾਈਆਂ ਨੀ
ਵਧਾਈਆਂ ਤੇਰੇ ਓਤ ਨੂੰ, ਵਧਾਈਆਂ ਤੇਰੇ ਗੋਤ ਨੂੰ
ਜਣਦੇ ਨੂੰ, ਬਣਦੇ ਨੂੰ, ਜੰਮਣ-ਗੁੜ੍ਹਤੀ ਦਿੰਦੇ ਨੂੰ
ਜਿਨ ਫਲਾਣੀਏ ਰੱਖਿਆ ਨਾਉਂ, ਵਧਾਈਆਂ ਨੀ

ਜਾਂ

ਵਧਾਈਆਂ ਫਲਾਣੀਏਂ ਵਧਾਈਆਂ
ਤੇਰੀਆਂ ਇੱਛੜੀਆਂ ਵਰ ਆਈਆਂ
ਵਧਾਈਆਂ ਨੂੰ ਲਗੜੇ ਏਟੇ
ਤੇਰੇ ਚਾਰੇ ਜੀਉਣ ਬੇਟੇ

ਕੁੜੀ ਨੂੰ ਵਟਣਾ ਮਲ ਕੇ ਖਾਰੇ ਤੋਂ ਉਤਾਰਨ ਵੇਲੇ ਗਾਉਂਦੀਆਂ ਹਨ :—

ਵਿਹੜੇ ਵਿਚ ਖਾਰਾ ਅੱਡਿਆ
ਖਾਰਿਉਂ ਉਤਾਰ ਮਾਮਾ ਵੱਡਿਆ
ਹਰ ਨ੍ਹਾਈ, ਹਰ ਧੋਈ, ਹਰ ਠੰਢੇ ਪਾਣੀਆਂ
ਦੇ ਮਾਮਾ ਵਹਿੜ ਵੱਛਾ, ਪੁੰਨ ਤੇਰਾ ਜਾਣਿਆ
ਪੁੰਨ ਤੇਰਾ ਦਾਨ ਤੇਰਾ, ਦਿੱਤੜਾ ਦਾਨ ਪਛਾਣੀਆਂ
ਮਾਮੇ ਦਿੱਤੜੀ ਵਹਿੜ ਵੱਛੀ ਦੇ ਵੇ ਵੀਰਾ ਵੱਡਿਆ ਵੱਛੜੀ

ਜਾਂ

ਤੇਰੀ ਮਾਂ ਨੀ ਸੁਹਾਗਣ ਸਰਬ, ਸੁਹਾਗਣ
ਜਿਨ ਤੈਨੂੰ ਤੇਲ ਚੜ੍ਹਾਇਆ

ਵਾਹ ਵਾਹ ਕਿ ਫੁੱਲ ਜੁਐਣ ਦਾ, ਵਾਹ ਵਾਹ
ਵਾਹ ਵਾਹ ਕਿ ਨਖ਼ਰਾ ਨੈਣ ਦਾ, ਵਾਹ ਵਾਹ

ਵਿਆਹ ਦਾ ਸ਼ੁਭ ਕਾਰਜ ਅਰੰਭ ਹੋਣ ਤੋਂ ਪਹਿਲਾਂ ਗੀਤ ਗਾਉਣ ਦੀ ਰੀਤ ਹੈ, 'ਸੁਰਗਾਂ ਤੋਂ ਉਤਰੇ ਦੇਵਤੇ, ਸ਼ਾਂਤੀ ਆਣ ਬਹੋ।' 'ਸਾਡਾ ਤਾਂ ਆਵਣ ਸਹਿਜ ਦਾ ਤੇਰਾ ਮਾਮਾ ਆਣ ਬਹੇ।' ਇਸ ਗੀਤ ਨੂੰ ਅਗਾਂਹ ਵਧਾਉਣ ਲਈ ਮਾਮੇ ਦੀ ਥਾਂ ਭਰਾ ਤੇ ਪਿਉ ਆਖਣ ਦੀ ਵੀ ਪਰੰਪਰਾ ਹੈ। ਇਕ ਹੋਰ ਸ਼ਾਂਤੀ-ਗੀਤ ਹੈ :—

ਸ਼ਾਂਤੀ ਦੇ ਵੇਲੇ ਬਾਹਮਣਾ ਮੰਗ ਮੰਗ ਵਰ੍ਹਿਉ ਜੀ
ਘਿਉ ਬਥੇਰਾ ਬਾਹਮਣਾ ਸਰਫ਼ਾ ਨਾ ਕਰਿਉ ਜੀ

ਜਾਂ

ਵੇ ਵਧਾਇਆ ਸੱਜਣਾ ! ਸੁਹਾਵਿਆ ਸੱਜਣਾ
ਇਹ ਘਰ ਕਿਨ੍ਹੀਂ ਗੁਣੀ ਬਣਦੇ ?
ਇਹ ਘਰ ਲਿੱਪਿਆਂ, ਪੋਚਿਆਂ, ਕੁੰਗੂਏ* ਛਿੜਕਿਆਂ
ਇਹ ਘਰ ਏਹਨੀਂ ਗੁਣੀਂ ਬਣਦੇ
ਜੰਮਣ ਪੁੱਤ ਸੁਪੱਤੜੇ, ਆਵਣ ਨੂੰਹਾਂ ਸੁਹਗਾਣਾਂ,
ਇਹ ਘਰ ਏਹਨੀਂ ਗੁਣੀਂ ਬਣਦੇ
ਜੰਮਣ ਧੀਆਂ ਸੰਜੂਈਆਂ, ਆਵਣ ਛੈਲ ਜੁਆਈ
ਇਹ ਘਰ ਏਹਨੀਂ ਗੁਣੀਂ ਬਣਦੇ

* ਕੁੰਗੂ – ਕੇਸਰ। ਸੰਜੂਈਆਂ – ਸਿਆਣੀਆਂ।

ਲਗਨ ਸਮੇਂ ਤੀਵੀਆਂ ਗਾਉਂਦੀਆਂ ਹਨ :—

'ਸੋਨੇ ਦੀਆਂ ਝਿਲਮਿਲ ਟੋਪੀਆਂ ਜੀ, ਤੁਸੀਂ ਕਾਹੇ ਨੂੰ ਆਏ ?'
'ਬਾਬੇ ਬ੍ਰਾਹਮਣ ਭੇਜਿਆ, ਜੀ ਅਸੀਂ ਲਗਨਾਂ ਨੂੰ ਆਏ'

ਜਾਂ

ਬੇਟੀ ਦਾ ਬਾਬਲ ਬਾਹਰ ਨੂੰ ਆਉ
ਬਾਹਰ ਤੇਰੇ ਭਰੇ ਤਲਾਉ
ਭਰੇ ਤੇ ਤਲਾਉ ਵਿਚ ਮਲ ਮਲ ਨਹਾ
ਰੇਸ਼ਮੀ ਧੋਤੀ ਤੂੰ ਅਗ ਲਗਾ,
ਸੋਨੇ ਜਨੇਊ ਤੂੰ ਗਲ ਵਿਚ ਪਾ
ਬੇਟੀ ਦੇ ਲਗਨ ਤੂੰ ਰਾਸ ਦਿਵਾ

ਲਾਵਾਂ ਵੇਲੇ ਇਸ ਗੀਤ ਰਾਹੀਂ ਵਰ ਤੇ ਕੰਨਿਆਂ ਨੂੰ ਅਸੀਸਾਂ ਦਿੱਤੀਆਂ ਜਾਂਦੀਆਂ ਹਨ :—

### ਪਹਿਲੀ ਲਾਂਵ—

ਹਰ ਕੀ ਰੇ ਰਾਮਾ ਪਹਿਲੜੀ ਲਾਂਵ ਕਿ ਲੀਜੇ ਹਰ ਹਰੇ
ਵਰ ਪਾਇਆ ਗੋਬਿੰਦ ਦੀਜੇ ਹਰ ਹਰੇ
ਵਰ ਪਾਇਆ ਗੋਬਿੰਦ ਸੁੰਦਰ, ਸ਼ਾਮ ਰਥ ਚੜ੍ਹ ਆਇਆ
ਸ੍ਰੀ ਗੌਰ ਪੂਜਣ ਚਲੀ ਹੈ ਰੁਕਮਣ, ਕਾਨ੍ਹ ਜਿਹਾ ਵਰ ਪਾਇਆ
ਅਨੰਦ ਹੋਇਆ ਮਨੇ ਅੰਦਰ, ਆਪ ਕ੍ਰਿਸ਼ਨ ਆਪ ਹਰੇ
ਮੁਰਾਰ ਜੀ ਮੁਰਾਰ ਖੇਲੇ, ਲਾਂਵ ਪਹਿਲੀ ਦਿਉ ਠਾਕੁਰ ਹਰ ਹਰੇ

### ਦੂਜੀ ਲਾਂਵ—

ਹਰ ਕੀ ਰਾਮਾ ਦੂਸਰੀ ਲਾਂਵ, ਕਿ ਹਰਿ ਸਿਰ ਸਿਹਰੇ
ਲੱਗੇ ਕ੍ਰਿਸ਼ਨ ਤੇ ਮੁਰਾਰ, ਚੰਬਾ ਕੇਵੜੇ
ਚੰਬਾ ਤੇ ਕੇਵੜਾ, ਕ੍ਰਿਸ਼ਨ ਲੱਗੇ, ਮੁਕਟ ਸ੍ਰੀ ਮੁਖ ਗਿਰਧਰ
ਮੁਰਾਰ ਜੀ ਮੁਰਾਰ ਖੇਲੇ ਲਾਂਵ ਦੂਜੀ ਦਿਉ ਹਰਿ ਸਿਰ ਸਿਹਰੇ

### ਤੀਜੀ ਲਾਂਵ—

ਹਰਿ ਜੀ ਰਾਮਾ ਤੀਸਰੀ ਲਾਂਵ, ਵੇਦ ਬ੍ਰਹਮਾ ਨਿਤ ਪੜ੍ਹੇ
ਨਾਰਦ ਕ੍ਰਿਸ਼ਨ ਗੌਰ ਮਹੇਸ਼, ਚਾਰੇ ਆਣ ਖੜੇ
ਜਿਉਂ ਪੜ੍ਹੇ ਪੰਡਤ ਵੇਦ, ਬ੍ਰਹਮਾ ਪੜ੍ਹੇ ਪੱਤਰਿਆ
ਅਗਨ ਉੱਪਰ ਦਿਆ ਕੀਤੀ, ਚੌਂਕ ਮੋਤੀਆਂ ਪੂਰਿਆ

ਚੌਥੀ ਲਾਂਵ—

ਹਰਿ ਕੇ ਰੇ ਰਾਮਾ ਚੌਥੜੀ ਲਾਂਵ, ਕਿ ਅੰਮ੍ਰਿਤ ਵਰ੍ਹਾਇਆ
ਕੁੰਗੂ ਕਟੋਰਾ ਕ੍ਰਿਸ਼ਨ ਜੀ, ਰੁਕਮਣ ਸਿਰ ਪਾਇਆ
ਜਾਂ ਨੰਦਨ ਸਨ ਲਈਆਂ ਲਾਵਾਂ, ਰੁਕਮਣ ਸੀਸ ਨਿਵਾਇਆ
ਸ੍ਰੀ ਰੁਕਮਣ ਤੇ ਕ੍ਰਿਸ਼ਨ ਦੋਵੇਂ, ਸ਼ਬਦ ਸੋਹਲਾ ਗਾਇਆ

ਲਾਵਾਂ ਹੋਣ ਪਿੱਛੋਂ ਮੁੰਡਾ ਕੁੜੀ ਵਾਲੇ ਖਾਰੇ 'ਤੇ ਆ ਬੈਠਦਾ ਹੈ ਤੇ ਕੁੜੀ ਮੁੰਡੇ ਵਾਲੇ ਖਾਰੇ ਤੇ, ਇਸ ਵੇਲੇ ਤੀਵੀਆਂ ਗਾਉਂਦੀਆਂ ਹਨ :—

ਖਾਰੇ ਬਦਲ ਗਏ ! ਬੀਬੀ ਹੋਈਏਂ ਪਰਾਈ
ਬਾਬਲ ਬੇਟੜੀਏ ! ਬੀਬੀ ਹੋਈਏਂ ਪਰਾਈ
ਚਾਚੇ ਭਤੀਜੜੀਏ ! ਬੀਬੀ ਹੋਈਏਂ ਪਰਾਈ
ਦਾਦੇ ਪੋਤਰੀਏ ! ਬੀਬੀ ਹੋਈਏਂ ਪਰਾਈ
ਮਾਮੇ ਭਾਣਜੀਏ ! ਬੀਬੀ ਹੋਈਏਂ ਪਰਾਈ
ਭਾਈ ਭੈਣੜੀਏ ! ਬੀਬੀ ਹੋਈਏਂ ਪਰਾਈ

ਲਾੜੇ ਦੀ ਵਿਵੇਕ-ਬੁੱਧ ਪਰਖਣ ਲਈ ਉਹਨੂੰ ਛੰਦ ਸੁਣਾਉਣ ਲਈ ਮਜਬੂਰ ਕਰਦੀਆਂ ਹਨ ਤੇ ਲਾੜਾ ਪਹਿਲਾਂ ਤੋਂ ਹੀ ਅਭਿਆਸ ਕਰ ਕੇ ਆਉਂਦਾ ਹੈ।

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਪਹੀਆ
ਦੂਜਾ ਛੰਦ ਤਾਂ ਸੁਣਾਵਾਂ, ਜੇ ਸੱਸ ਦੇਵੇ ਰੁਪਈਆ

ਸੱਸ ਉਹਦੇ ਹੱਥ ਤੇ ਰੁਪਈਆ ਧਰ ਕੇ ਸਿਰ ਪਲੋਸਦੀ ਹੈ ਤੇ ਲਾੜੇ ਦੀਆਂ ਸਾਲੀਆਂ ਤੇ ਗਲੀ ਦੀਆਂ ਕੁੜੀਆਂ ਹੋਰ ਹੋਰ ਛੰਦ ਸੁਣਾਉਣ ਲਈ ਆਖਦੀਆਂ ਹਨ ਤੇ ਉਹ ਉਨ੍ਹਾਂ ਦੀ ਫ਼ਰਮਾਇਸ਼ ਪੂਰੀ ਕਰਦਿਆਂ ਆਪਣੀ ਕਾਵਿ-ਸ਼ਕਤੀ ਰਾਹੀਂ ਹਾਸੇ ਮਖ਼ੌਲ ਦੀ ਗੁੰਜਾਇਸ਼ ਵੀ ਕਢ ਲੈਂਦਾ ਹੈ :—

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਬਾਲੀਆਂ
ਸੋਨੇ ਦਾ ਮੈਂ ਮਹਿਲ ਚਿਣਾਵਾਂ, ਵਿਚ ਬਿਠਾਵਾਂ ਸਾਲੀਆਂ

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਪਰਨਾ
ਇਕ ਵਾਰੀ ਤੂੰ ਘੁੰਡ ਚੁਕ ਦੇ, ਦਰਸ਼ਨ ਅਸਾਂ ਨੇ ਕਰਨਾ

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਰੂੰ
ਆਇਆ ਛੰਦ ਮਸਾਲਿਆ ਵਾਲਾ, ਕੋਈ ਨਾ ਕਰੀਉ ਚੂੰ

ਛੰਦ ਪਰਾਗੇ ਆਈਏ, ਜਾਈਏ ਛੰਦ ਪਰਾਗੇ ਲੋਟਾ
ਮੇਰਾ ਦਿਲ ਤਾਂ ਹੈਗਾ ਸ਼ੀਸ਼ਾ, ਤੇਰਾ ਦਿਲ ਹੈ ਖੋਟਾ

ਦੂਜੇ ਦਿਨ ਦੁਪਹਿਰ ਵੇਲੇ ਜੰਞ ਰੋਟੀ ਖਾਣ ਆਉਂਦੀ ਹੈ, ਤਾਂ ਕੋਈ ਚਤੁਰ ਜਨਾਨੀ 'ਜੰਞ ਬੰਨ੍ਹਣ' ਦੇ ਗੀਤ ਅਲਾਪਦੀ ਹੈ :—

ਚਰਖਾ ਮੇਰਾ ਅੱਠ-ਫਾਗੜ, ਮਾਲ੍ਹ ਮੇਰੀ ਨੂੰ ਤਾਉ
ਪੂਣੀ ਤਾਂ ਵੱਟਾਂ ਲਸਲਸੀ, ਤੰਦ ਕੱਢਾਂ ਦਰਿਆਉ
ਚਕਲੇ ਉੱਪਰ ਚਕਲਾ, ਚਕਲੇ ਉੱਪਰ ਕੱਥ
ਜੋਰੋ ਤਾਂ ਦੇਵੇਂ ਕੁੜਮਾਂ ਆਪਣੀ, ਥਾਲੀ ਨੂੰ ਲਾਵੇਂ ਹੱਥ
ਬੰਨ੍ਹਾਂ ਸੱਜਣ ਤੁਸਾਡੀ ਛੱਪੜੀ, ਜਿੱਥੇ ਆਏ ਤੁਸੀਂ ਨਹਾ
ਬੰਨ੍ਹਾਂ ਸੱਜਣ ਤੁਸਾਡੇ ਜਠੇਰਿਆਂ, ਜਿੱਥੇ ਆਏ ਸੀਸ ਨਿਵਾ
ਬੰਨ੍ਹਾਂ ਸੱਜਣ ਤੁਸਾਡੀ ਵਾਟ ਨੂੰ, ਜਿਸ ਆਏ ਓ ਤੁਸੀਂ ਰਾਹ

ਜਾਂ

ਦਿੱਤੇ ਕੋਰੇ ਨੇ ਵਿਛਾ ਜਾਂਞੀ ਸੱਜਣਾਂ ਦੇ ਬੈਠਣੇ ਨੂੰ
ਆਉ ਮਹਾਰਾਜ ਰੋਟੀ ਹੋਈ ਏ ਤਿਆਰ ਜੀ
ਲਾਗੀ ਸੱਦ ਕੇ ਬੁਲਾਉ, ਕੋਰੇ ਝਾੜ ਕੇ ਵਿਛਾਉ ਜੀ
ਆਉ ਮਹਾਰਾਜ ਰੋਟੀ ਹੋਈ ਏ ਤਿਆਰ ਜੀ
ਪੰਜ ਸੱਤ ਕੁੜੀਆਂ, ਜੰਞ ਬੰਨ੍ਹਣੇ ਨੂੰ ਆਈਆਂ
ਬੈਠੀਆਂ ਚੁਫੇਰੇ ਲਾਏ ਹਾਰ ਤੇ ਸ਼ਿੰਗਾਰ ਜੀ
ਇੱਕ ਲੰਬੜਾਂ ਦੀ ਧੀ ਜਿਹਦਾ ਨਾਉਂ ਹੈਗਾ ਅਤਰੀ
ਕੋਰੇ ਬੈਠੀ ਜੰਞ ਜਿਹੜੀ ਬੰਨ੍ਹਦੀ ਸੀ ਅਸਲੀ
ਇਕ ਬਾਹਮਣਾਂ ਦੀ ਧੀ ਜਿਹੜੀ ਅੰਗ ਦੀ ਸੀ ਪਤਲੀ
ਬੈਠੀ ਸੀ ਬਨੇਰੇ ਜੰਞ ਬੰਨ੍ਹਦੀ ਸੀ ਅਸਲੀ
ਬੰਨ੍ਹਾਂ ਡਿਉੜੀ ਤੇ ਸਬਾਤ ਤੇ ਤਿਹਾਸਮਾਂ ਚੁਬਾਰਾ
ਬੰਨ੍ਹਾਂ ਤੇਰੇ ਹੱਥ ਪੈਰ, ਜਿਸ ਨਾਲ ਤੁਰ ਆਏ ਜੀ

ਤੇ ਵਿਆਹ ਦੀ ਰੀਤ ਇਹੋ ਹੈ ਕਿ ਭਾਵੇਂ ਖਾਣਾ ਜੰਞ ਮੂਹਰੇ ਪਰੋਸਿਆ ਪਿਆ ਰਹੇ, ਜਦ ਤੀਕ ਕੋਈ ਸਿਆਣਾ ਜਾਂਞੀ ਖਲੋ ਕੇ ਬੰਨ੍ਹੀਂ ਹੋਈ ਜੰਞ ਨੂੰ ਖੋਲ੍ਹਣ ਦਾ ਗੀਤ ਨਹੀਂ ਅਲਾਪਦਾ, ਭੋਜਨ ਸ਼ੁਰੂ ਨਹੀਂ ਹੋ ਸਕਦਾ।

ਖੋਲ੍ਹਾਂ ਥਾਲੀ ਤੇ ਕੋਟਰੀ, ਖੋਲ੍ਹਾਂ ਜੰਞ ਸਾਰੀ ਜੀ
ਖੋਲ੍ਹਾਂ ਪੂਰੀ ਤੇ ਕਚੋਰੀ, ਖੋਲ੍ਹਾਂ ਗੱਲ ਨਿਆਰੀ ਜੀ
ਖੋਲ੍ਹਾਂ ਭਾਈ ਤੇ ਭਤੀਜੇ, ਖੋਲ੍ਹਾਂ ਚਾਰਯਾਰੀ ਜੀ
ਖੋਲ੍ਹਾਂ ਭੁੱਖ ਦੇ ਦੁਆਰ, ਭੁੱਖ ਕਦੋਂ ਕਾਰੀ ਜੀ

ਜਾਂ

ਛੁੱਟੇ ਪਰਸ਼ਾਦ ਅਤੇ ਥਾਲ ਥਾਲੀਆਂ
ਬੰਨ੍ਹ ਦੇਵਾਂ ਨਾਰਾਂ ਗੋਰੀਆਂ ਤੇ ਕਾਲੀਆਂ
ਛੁੱਟ ਗਏ ਲੱਡੂ, ਮਠਿਆਈ ਕੁੱਲ ਨੀ
ਬੰਨ੍ਹਾਂ ਤੇਰਾ ਰੂਪ ਜੋ ਪਰੀ ਦੇ ਤੁੱਲ ਨੀ
ਸੁਣ ਲੈ ਤੂੰ ਗੋਰੀਏ ਲਗਾ ਕੇ ਕੰਨ ਨੀ
ਛੁੱਟ ਗਈ ਜੰਞ ਤੈਨੂੰ ਦੇਵਾਂ ਬੰਨ੍ਹ ਨੀ

ਆਲੂ ਤੇ ਕਚਾਲੂ ਛੁੱਟੀ ਕਲਾ ਕੰਦ ਨੀ
ਬੰਨ੍ਹ ਦਿੱਤੇ ਮੇਲਣਾਂ ਦੇ ਪਰੀਬੰਦ ਨੀ

ਤੇ ਛੇਤੀ ਹੀ ਕੁੜੀ ਵਲੇ ਪਰਾਰਥਨਾ ਕਰਦੇ ਹਨ, 'ਜੰਞ ਛੁੱਟ ਗਈ ਜੀ, ਹੁਣ ਭੋਜਨ ਛਕੋ ।'

ਮੁੰਡੇ ਵਾਲੇ ਇਕ ਪਿਟਾਰੀ ਵਿਚ ਚੰਨਣ, ਸੰਧੂਰ, ਲੌਂਗ ਤੇ ਲਾਚੀ ਤੇ ਮੌਲੀ-ਮਹਿੰਦੀ ਆਦਿਕ ਵਸਤਾਂ ਰੱਖ ਕੇ ਤੇ ਸੁਹਾਗ ਦੇ ਚਿੰਨ੍ਹ ਵਜੋਂ ਇਸ ਵਿਚ ਕੁਝ ਗਹਿਣੇ ਸਜਾ ਕੇ ਸੁਹਾਗ-ਪਿਟਾਰੀ ਦੇ ਰੂਪ ਵਿਚ ਲਾਵਾਂ ਵਾਲੀ ਰਾਤ ਤੋਂ ਪਹਿਲਾਂ ਹੀ ਕੁੜੀ ਵਾਲੇ ਘਰ ਪੁਚਾ ਚੁੱਕੇ ਹੁੰਦੇ ਹਨ । ਹੁਣ ਸਹੁਰਿਆਂ ਵਾਲੇ ਵਰੀ ਲੈ ਕੇ ਕੁੜੀ ਵਾਲੇ ਘਰ ਜਾਂਦੇ ਹਨ ਤਾਂ ਉੱਥੇ ਤੀਵੀਂਆਂ ਇਹ ਸਿੱਠਣੀਆਂ ਗਾਉਂਦੀਆਂ ਹਨ :–

'ਚੁਪ ਕੀਤੜਿਆ, ਮੂੰਹ ਮੀਟੜਿਆ
'ਤੈਂ ਵਰੀ ਪੁਰਾਣੀ ਆਂਦੀ ਵੇ ਚੁਪ ਕੀਤੜਿਆ'
'ਮੈਂ ਲਿਔਂਦਾ ਸਾਂ, ਮੈਂ ਕਰਦਾ ਸਾਂ,
'ਮੇਰੀ ਜੋਰੋ ਬੜੀ ਚਕਚਾਲ, ਉਹਤੋਂ ਡਰਦਾ ਸਾਂ'
'ਚੁਪ ਕੀਤੜਿਆ, ਮੂੰਹ ਮੀਟੜਿਆ
'ਇਹ ਗਹਿਣੇ ਮੰਗਵੇਂ ਆਂਦੇ ਵੇ ਚੁਪ ਕੀਤੜਿਆ'
'ਮੈਂ ਲਿਔਂਦਾ ਸਾਂ, ਮੈਂ ਕਰਦਾ ਸਾਂ,
'ਮੇਰੀ ਜੋਰੋ ਬੜੀ ਚਕਚਾਲ, ਉਹਤੋਂ ਡਰਦਾ ਸਾਂ'

ਸਿੱਠਣੀ ਵਿਚ ਕੁੜਮ ਕੁੜਮਣੀ ਨੂੰ ਮਖ਼ੌਲ ਕੀਤਾ ਜਾਂਦਾ ਹੈ :–

ਰਾਮ ਲਾਲ ਕਹਿੰਦਾ ਮੈਨੂੰ ਰੋਟੀਆਂ ਪਕਾ ਦੇ
ਤਵਾ ਪਰਾਤ ਲੈ ਕੇ ਮਗਰ ਪਈ, ਖੜਦੁੰਬੀ ਜਹੀ
ਹੋ ਖੜਦੁੰਬੀ ਜਹੀ ਰੰਨ ਮੇਰੇ ਪੱਲੇ ਪਈ, ਖੜਦੁੱਬੀ ਜਹੀ
ਕਰਮ ਚੰਦ ਕਹਿੰਦਾ ਰੰਨੇ ਮੇਢੀਆਂ ਕਰਾ ਲੈ
ਝਾਟਾ ਖਿਲਾਰ ਕੇ ਮਗਰ ਪਈ ਖੜਦੁੰਬੀ ਜਹੀ
ਹੋ ਖੜਦੁੰਬੀ ਜਹੀ, ਰੰਨ ਮੇਰੇ ਪੱਲੇ ਪਈ, ਖੜਦੁੰਬੀ ਜਹੀ .

ਜਾਂ

ਹੋ ਪਿੱਸੂ ਤੂੰ ਕਮਲਾ ਦੀਵਾਨਾ ਮਸਤਾਨਾ
ਕੁੜਮ ਦੀ ਗੋਗੜ ਤੇ ਲੜਿਆ, ਪਿੱਸੂ ਪਿਸੂ
ਓਥੇ ਬੜੀ ਰੇਲ ਚਲੀ, ਪਿਸੂ ਪਿੱਸੂ
ਓਥੇ ਬੜਾ ਬੰਬਾ ਚਲਿਆ, ਪਿੱਸੂ ਪਿੱਸੂ
ਓਥੇ ਬੜਾ ਸ਼ੋਰ ਪਿਆ, ਪਿੱਸੂ ਪਿੱਸੂ
ਓਥੇ ਬੜਾ ਲੋਕ ਗਿਆ, ਪਿੱਸੂ ਪਿਸੂ

ਹੋ ਪਿੱਸੂ ਤੂੰ ਕਮਲਾ ਦੀਵਾਨਾ ਮਸਤਾਨਾ
ਕੁੜਮਣੀ ਦੀ ਗੋਗੜ ਤੇ ਲੜਿਆ, ਪਿੱਸੂ ਪਿਸੂ
ਓਥੇ ਬੜੀ ਰੇਲ ਚਲੀ, ਪਿੱਸੂ ਪਿੱਸੂ
ਓਥੇ ਬੜਾ ਬੰਬਾ ਚਲਿਆ, ਪਿਸੂ ਪਿੱਸੂ

ਓਥੇ ਬੜਾ ਸ਼ੋਰ ਪਿਆ, ਪਿੱਸੂ ਪਿੱਸੂ
ਓਥੇ ਬੜਾ ਲੋਕ ਗਿਆ, ਪਿੱਸੂ ਪਿੱਸੂ

ਤੀਜੇ ਦਿਨ ਕੁੜੀ ਦੀ ਵਿਦਾਇਗੀ ਵੇਲੇ ਡੋਲੀ ਦਾ 'ਸੱਠ ਸਹੇਲੀ ਦਰ ਖੜੀ' ਵਾਲਾ ਗੀਤ ਵੇਦਨਾ ਦਾ ਪਿੜ ਬੰਨ੍ਹਦਾ ਹੈ :–

ਸੱਠ ਸਹੇਲੀ ਦਰ ਖੜੀ,
ਮੈਨੂੰ ਨਹੀਂ ਮਿਲਣ ਦਾ ਚਾਉ ਸੁਣ ਬਾਪ ਮੇਰੇ
ਕਿ ਹਰ ਮਨ ਚਾਉ ਰੇ,
ਕਿ ਦਿਲ ਦਰਿਆ ਰੇ

ਜਾਂ

ਬਾਬੇ ਦੀ ਮੈਂ ਲਾਡਲੀ, ਮੈਨੂੰ ਦਾਦੀ ਦਿੱਤੜਾ ਦੂਰ ਵੇ
ਲਖਦਾਤੀ ਦਿੱਤਾ ਦੂਰ
ਬਾਬਾ ਧਰਮ ਕਰੇਂਦਿਆ, ਮੈਨੂੰ ਰੱਖ ਲੈ ਅੱਜ ਦੀ ਰੈਣ ਵੇ
ਮੈਨੂੰ ਰੱਖ ਲੈ ਅੱਜ ਦੀ ਰੈਣ ਵੇ
ਦੇਸਾਂ ਦੀ ਮੈਂ ਕੂੰਜੜੀ, ਪਰਦੇਸੀਂ ਮੇਰਾ ਵਾਸ ਵੇ, ਪਰਦੇਸੀਂ ਮੇਰਾ ਵਾਸ

ਡੋਲੀ ਦੇ ਗੀਤਾਂ ਵਿਚ ਵਿਦਾ ਹੁੰਦੀ ਕੁੜੀ ਦੀ ਆਵਾਜ਼ ਉਭਰਦੀ ਹੈ, ਭਾਵੇਂ ਕੁੜੀ ਨੂੰ ਡੋਲੀ ਚੜ੍ਹਦਿਆਂ ਡੁਸਕਣ ਤੇ ਚੀਕਾਂ ਮਾਰਨ ਤੋਂ ਛੁੱਟ ਕੋਈ ਗੱਲ ਨਹੀਂ ਸੁੱਝਦੀ, ਤੇ ਇਸ ਵੇਲੇ ਹਰ ਕਿਸੇ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ :–

'ਬੋਲ ਨੀ ਮੇਰੀ ਬਨ ਤਨ ਕੋਇਲ ਮਾਪੇ ਛੋੜ ਕਹਾਂ ਚੱਲੀ ਏਂ ?'
'ਬਾਬਲ ਮੇਰੇ ਨੇ ਵਚਨ ਜੋ ਕੀਤੇ ਵਚਨਾਂ ਦੀ ਬੱਧੀ ਮੈਂ ਚੱਲੀਆਂ
'ਮਾਂ ਸੁਘੜੀ ਨੇ ਦਾਜ ਰੰਗਾਇਆ, ਦਾਜ ਪੁਚਾਵਣ ਮੈਂ ਚੱਲੀਆਂ'

ਸਹੁਰੇ ਘਰ ਪਹੁੰਚਣ ਤੇ ਨਵੀਂ ਵਹੁਟੀ ਦਾ ਸੁਆਗਤ ਹੁੰਦਾ ਹੈ :–

ਨੀ ਨਿਕਲ ਬੰਨੇ ਦੀਏ ਮਾਏ ! ਬੰਨਾਂ ਬਾਹਰ ਖੜਾ
ਨੀ ਇਹ ਘੋੜਿਆਂ ਡੋਲਿਆਂ ਨਾਲੇ, ਬੰਨਾਂ ਬਾਹਰ ਖੜਾ
ਨੀ ਇਹ ਨਵੀਉਂ ਬੰਨੋ ਦੇ ਨਾਲੇ, ਬੰਨਾ ਬਾਹਰ ਖੜਾ
ਨੀ ਇਹ ਬਾਜਿਆਂ ਗਾਜਿਆਂ ਨਾਲੇ, ਬੰਨਾ ਬਾਹਰ ਖੜਾ

ਤੇ ਇਸ ਸੁਆਗਤ ਵਿਚ ਵੀ ਜਿਵੇਂ ਸਿੱਠਣੀ ਦਾ ਸੁਰ ਮਿਲ ਜਾਂਦਾ ਹੈ :–

ਕੋਠੀ ਹੇਠ ਪਸੇਰਾ, ਨਿੱਕਲ ਸੱਸੜੀਏ ਘਰ ਮੇਰਾ
ਖਾਏ ਲਿਆ ਬਥੇਰਾ, ਹੁਣ ਰਹਿਦਾ-ਖੂੰਹਦਾ ਮੇਰਾ
ਕੋਠੀ ਹੇਠ ਛਲੀਆਂ, ਭਾਬੋ ਆਈ ਨਿਨਾਣਾਂ ਚੱਲੀਆਂ
ਵਹਟੀ ਦੀ ਕਛ ਵਿਚ ਪਿੰਨੀਆਂ, ਵਹੁਟੀਆਂ ਪੁੱਛੇ ਨਿਨਾਣਾਂ ਕਿਨੀਆਂ
ਵੀਰੇ ਦੇ ਹੱਥ ਵਿਚ ਅਨਾਰ, ਵੀਰਾ ਦੱਸੇ ਨਿਨਾਣਾਂ ਚਾਰ

ਸਜ-ਵਿਆਹੀ ਦੇ ਸੁਆਗਤ-ਗੀਤ ਵਿਚ ਕਹਾਰਾਂ ਨੂੰ ਵੀ ਭੁਲਾਇਆ ਨਹੀਂ ਜਾਂਦਾ :–

ਡੋਲੇ ਦਾ ਮੂਹ ਉੱਚਾ ਵੇ ਮਹਾਰਾਜ ਕਹਾਰੋ
ਵਿਚ ਹੈ ਮੋਤੀ ਸੁੱਚਾ ਵੇ ਮਹਾਰਾਜ ਕਹਾਰੋ

ਲੈ ਲਉ ਆਪਣਾ ਲਾਗ ਵੇ ਮਹਾਰਾਜ ਕਹਾਰੋ
ਦੇ ਦਿਉ ਸਾਡਾ ਮਾਲ ਵੇ ਮਹਾਰਾਜ ਕਹਾਰੋ

## ਜਨਮ-ਗੀਤ, ਲੋਰੀਆਂ, ਬਾਲ-ਪਰਚਾਉਣੀਆਂ

ਵਿਆਹ ਦਾ ਲਾਜ਼ਮੀ ਸਿੱਟਾ ਹੈ ਸੰਤਾਨ, ਤੇ ਸਾਡੀ ਸਮਾਜਕ ਬਣਤਰ ਦੇ ਅਨੁਸਾਰ ਪੁੱਤਰ-ਜਨਮ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਆਖਦੇ ਹਨ ਪੁੱਤਰ ਦੀ ਉਤਪਤੀ ਨਾਲ ਮਾਪੇ ਪਿੱਤ੍ਰੀ-ਰਿਣ ਤੋਂ ਮੁਕਤ ਹੁੰਦੇ ਹਨ। ਜਨਮ-ਗੀਤਾਂ ਵਿਚ ਪੁੱਤਰ ਦਾ ਮੰਗਲ-ਸੁਆਗਤ ਕੀਤਾ ਜਾਂਦਾ ਹੈ। ਉੱਤਰ-ਪ੍ਰਦੇਸ਼ ਵਿਚ ਜਨਮ-ਗੀਤ 'ਸੋਹਰ' ਅਖਵਾਉਂਦੇ ਹਨ। ਪੰਜਾਬ ਵਿਚ ਕਿਤੇ ਕਿਤੇ ਇਨ੍ਹਾਂ ਨੂੰ 'ਹੋਲਰ' ਆਖਦੇ ਹਨ, ਜਿਵੇਂ ਕਿ ਇਕ ਜਨਮ ਗੀਤ ਦੇ ਮੁੱਢ ਵਿਚ ਹੋਲਰ ਸ਼ਬਦ ਦੀ ਵਰਤੋਂ ਦੱਸਦੀ ਹੈ :–

ਸੁਣ ਸੁਣ ਰੇ ਹੋਲਰ ਕੇ ਚਿਮਨੇ ਕੇ ਬਾਪ
ਸਰਬ-ਸੁਹਾਗਣ ਜੱਚਾ ਰਾਣੀ ਕਿਆ ਮੰਗੇ ਰਾਮ
ਸੁੰਢ ਸਥਵਾ ਮੰਗ, ਮੂੰਗ ਮੰਗਾ ਜੱਚਾ ਨੂੰ ਹਰੇ ਹਰੇ
ਕੜਾਹੀ ਦੇ ਪੀਆ ਮੰਡੀਆ ਦੀ, ਸੁਕੇਤੇ ਦੀ ਮੰਗਾ
ਚਮਚਾ ਧੁਰ ਮੁਲਤਾਨ ਦਾ ਰਾਮ
ਘਿਉ ਜੋ ਰੇ ਸੁਰੀਆਂ ਦਾ ਗਊਆਂ ਦਾ ਮੰਗਾ
ਬਾਪ ਮੇਰਾ ਗੜ੍ਹ ਦਿੱਲੀ ਦਾ ਚਹੁੰ ਕੂੰਟਾਂ ਦਾ ਰਾਉ
ਹਮ ਸੇ ਰੇ ਮੇਵਾ ਚਾਹੀਏ ਰਾਮ
ਬਾਪ ਮੇਰਾ ਗੜ੍ਹ ਦਿੱਲੀ ਦਾ ਚਹੁੰ ਕੂੰਟਾਂ ਦਾ ਰਾਉ
ਵੀਰ ਮੇਰਾ ਬਾਲਾ ਭੇਖਨਾ ਰਾਮ
ਭੇਜਾਂਗਾ ਬੇਟੀ ਹਸਤੀ ਲਦਾ, ਲਾਡੋ ਗੱਡ ਲਦਾ
ਉੱਪਰ ਗਾਗਰ ਘਿਉ ਦੀ ਰਾਮ
ਕੂਲਾ ਪਲੰਘ ਡਹਾ ਜਿੱਥੇ ਮੇਰੀ ਜੱਚਾ ਰਾਣੀ ਸੁਖ ਸਵੇਂ ਰਾਮ
ਮਾੜੀ ਰੇ ਪੀਆ ਰੇ ਲਾਲਾ ਢੋਲ ਧਰਾ
ਬਾਲਕ ਜਨਮਿਆ ਸਭ ਜਗ ਸੁਣੇ ਰਾਮ

ਜਨਮ-ਗੀਤ ਲਈ ਪੰਜਾਬ ਵਿਚ 'ਝੁੰਜਨੇ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਕ ਜਨਮ-ਗੀਤ ਵਿਚ 'ਪੁੱਤ ਦੇ ਉੱਪਰ ਪੁੱਤ' ਜੰਮਣ ਦੀ ਸੂਚਨਾ ਦਿੱਤੀ ਗਈ ਹੈ :—

ਲਾਲਾ ਰੇ ਕੋਠੇ ਦੇ ਉੱਪਰ ਕੋਟ ਕਿਨ ਉਸਾਰਿਆ ?
ਕੋਠੇ ਦੇ ਉੱਪਰ ਕੋਟ ਕਿ ਰਾਮ ਉਸਾਰਿਆ
ਬਾਗੇ ਦੇ ਉੱਪਰ ਬਾਗ ਮਾਲੀ ਚੰਬਾ ਲਾਇਆ
ਪੁੱਤ ਦੇ ਉੱਪਰ ਪੁੱਤ ਸੁਹਾਗਣ ਜਾਇਆ

ਤੇ ਜਿਉਂ ਜਿਉਂ ਘਰ ਵਿਚ ਆਇਆ ਇਹ ਨਵਾਂ ਜੀ ਵਧਦਾ ਹੈ, ਲੋਰੀ ਵਿਚ ਕੱਚੇ ਦੁੱਧ ਨੂੰ ਜਾਗ ਲਗਦੀ ਹੈ :–

ਲੋਰੀ ਲੱਕੜੇ, ਊਂ......ਊਂ
ਤੇਰੀ ਮਾਂ ਸਦੱਕੜੇ, ਊਂ.........ਊਂ

ਲੋਰ-ਮਲੋਰੀ, ਦੁੱਧ ਕਟੋਰੀ
ਪੀ ਲੈ ਨਿੱਕਿਆ ਲੋਕਾਂ ਤੋਂ ਚੋਰੀ,.........

ਜਾਂ

ਚੁੰਮਾਂ ਤੇਰੀਆਂ ਅੱਖਾਂ, ਊਂ.........ਊਂ.........
ਤੈਨੂੰ ਸਾਈਂ ਦੀਆਂ ਰੱਖਾਂ
ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਬਾਂਹ, ਊਂ.........ਊਂ.........
ਤੇਰੇ ਸਦਕੇ ਲੈਂਦੀ ਮਾਂ,
ਤੇਰਾ ਹੋਰ ਕੀ ਚੁੰਮਾਂ ?
ਚੁੰਮਾ ਤੇਰੀ ਧੁੰਨੀਂ, ਊਂ.........ਊਂ.........
ਮੇਰੀ ਆਸ ਮੁਰਾਦ ਪੁੰਨੀ
ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੇ ਪੈਰ, ਊਂ.........ਊਂ.........
ਤੇਰੇ ਸਿਰ ਦੀ ਮੰਗਾਂ ਖ਼ੈਰ
ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਗਾਨੀ, ਊਂ.........ਊਂ.........
ਤੇਰੇ ਸਦਕੇ ਲੈਂਦੀ ਨਾਨੀ
ਤੇਰਾ ਹੋਰ ਕੀ ਚੁੰਮਾਂ ?
ਚੁੰਮਾ ਤੇਰੀ ਤੜਾਗੀ, ਊਂ.........ਊਂ.........
ਤੇਰੇ ਸਦਕੇ ਜਾਂਦੀ ਦਾਦੀ
ਤੇਰਾ ਹੋਰ ਕੀ ਚੁੰਮਾਂ ?

ਜਾਂ

ਅੱਲੜ ਬੱਲੜ ਬਾਵੇ ਦਾ, ਬਾਵੇ ਦਾ
ਬਾਵਾ ਕਣਕ ਲਿਆਵੇਗਾ, ਲਿਆਵੇਗਾ
ਅੰਮਾਂ ਬਹਿ ਕੇ ਛੱਟੇਗੀ, ਛੱਟੇਗੀ
ਪੁੱਤਰ ਬਹਿ ਕੇ ਖਾਵੇਗਾ, ਖਾਵੇਗਾ

ਅੱਜ ਕਲ੍ਹ ਨਵੀਂ ਸਮਾਜ-ਚੇਤਨਾ ਮੰਗ ਕਰਦੀ ਹੈ ਕਿ ਸੰਤਾਨ ਗਿਣਤੀ ਮਿਣਤੀ ਦੀ ਹੀ ਹੋਣੀ ਚਾਹੀਦੀ ਹੈ, ਪਰ ਪਰੰਪਰਾ ਵਿਚ ਅੱਜ ਵੀ ਉਹੋ ਚਿੱਤਰ ਉੱਘੜਦਾ ਹੈ ਕਿ ਦਿਰਾਣੀ ਦੇ ਵਿਆਹੀ ਆਉਣ ਤੇ ਜਿਠਾਣੀ ਨੇ ਤਿਲਾਂ ਦੀ ਮੁੱਠ ਸੁੱਟ ਕੇ ਉਹਦੇ ਲਈ ਅਣਗਿਣਤ ਪੁੱਤਰਾਂ ਦੀ ਕਾਮਨਾ ਕੀਤੀ ਹੈ :—

ਜਿਤਨੇ ਜਿਠਾਣੀ ਤਿਲ ਸਟੇਸੀ
ਉਤਨੇ ਦਿਰਾਣੀ ਪੁੱਤ ਜਣੇਸੀ

ਪੁਰਾਣੇ ਵੇਲਿਆਂ ਵਿਚ ਬਹੁਤੇ ਬੰਦਿਆਂ ਦੀ ਲੋੜ ਰਹਿੰਦੀ ਸੀ। ਬਾਲ-ਪਰਚਾਉਣੀਆਂ ਵਿਚ ਵੀ ਇਹੋ ਭਾਵਨਾ ਕੰਮ ਕਰਦੀ ਹੈ, ਜਿਵੇਂ ਖੇਹਨੂੰ ਨਾਲ ਖੇਡਦੀ ਤੇ 'ਥਾਲ' ਗਾਉਂਦੀ ਕੁੜੀ ਦੇ ਇਸ ਬੋਲ ਵਿਚ :—

ਨੌਂ ਨੌਂ ਨੌਂ

ਭੁਨਾ ਦੇ ਭਾਬੋ ! ਜੌਂ
ਨੀ ਮੈਂ ਚੱਬਾਂ ਤੇ ਤੂੰ ਸੌਂ
ਨੀ ਭਤੀਜੇ ਹੋਏ ਨੌਂ
ਸੱਖੀ-ਲੱਧੇ ਹੋਏ ਨੌਂ
ਕੁੜੀਏ ! ਥਾਲ ਈ

'ਥਾਲ' ਵਿਚ ਪੁੱਤਰ-ਜਨਮ ਦੀ ਸੂਚਨਾ ਮੁੜ ਮੁੜ ਰੰਗ ਭਰਦੀ ਹੈ :—

ਦੋ ਦੜਿੱਕਾ, ਪਿਆ ਪੜਿੱਕਾ
ਮਾਂ ਰਾਣੀ ਘਰ ਹੋਇਆ ਨਿੱਕਾ

ਕਿਤੇ ਕਿਤੇ 'ਥਾਲ' ਵਿਚ ਕੁੜੀ ਦੇ ਜਨਮ ਲਈ ਵੀ ਅਰਦਾਸ ਕੀਤੀ ਗਈ ਹੈ :—

ਜੀ ਵੀਰਾ ਜੀ
ਤੈਂਡੇ ਘਰ ਹੋਵੇ ਧੀ
ਮੈਂਡੀ ਲੱਗੇ ਸੱਕੀ ਭਤੀ
ਮੈਨੂੰ ਆਖੇ ਭੂਆ ਜੀ
ਕੁੜੀਏ ਥਾਲ ਈ

ਵਿਹੜਿਆਂ ਵਿਚ ਤੇ ਗਲੀਆਂ ਵਿਚ ਖੇਡ ਰਹੇ ਬਾਲ ਮਨਪਰਚਾਵੇ ਲਈ ਕਵਿਤਾ ਦਾ ਆਸਰਾ ਜ਼ਰੂਰ ਲੈਂਦੇ ਹਨ :—

ਚੀਚੋਂ ਚੀਚ ਕਚੋਲੀਆਂ, ਘੁਮਿਆਰਾਂ ਦਾ ਘਰ ਕਿੱਥੇ ਜੇ ?
ਈਚਕਨਾ ਪਰ ਮੀਚਕਨਾ, ਮਮੋਲੀ ਘੋੜੀ ਚੜ੍ਹ ਮਾਰੋ

ਭੰਡਾ ਭੰਡਾਰੀਆ ਕਿਤਨਾ ਕੁ ਭਾਰ ?
ਇਕ ਮੁੱਠੀ ਚੁਕ ਲੈ ਦੂਈ ਨੂੰ ਤਿਆਰ

ਲੁਕ ਛਿਪ ਜਾਣਾ,
ਮਕੱਈ ਦਾ ਦਾਣਾ
ਰਾਜੇ ਦੀ ਬੇਟੀ ਆਈ ਏ
ਜਾਂ
ਕੋਟਲਾ ਛਪਾਕੀ ਜੁਮਾਰਾਤ ਆਈ ਜੇ

ਲੋਹੜੀ ਮੰਗਦੇ ਬਾਲ ਵੀ ਜਿਵੇਂ ਕਵਿਤਾ ਵਿਚ ਕੋਈ ਚਿੱਤਰ ਉਲੀਕ ਰਹੇ ਹੋਣ :—

ਹੇਰਨੀ ਓ ਹੇਰਨੀ
ਹੇਰਨੀ ਛੱਡੀਆਂ ਲੰਮੀਆਂ
ਮੀਂਹ ਪਿਆ ਤੇ ਕਣਕਾਂ ਜੰਮੀਆਂ
ਕਣਕਾਂ ਵਿਚ ਬਟੇਰੇ
ਦੋ ਸਾਧੂ ਦੇ ਦੋ ਮੇਰੇ
ਜਾਂ

ਦੇ ਮਾਈ ਗੋਹਾ
ਤੇਰਾ ਪੁੱਤਰ ਲੋਹਾ
ਦੇ ਮਾਈ ਪਾਥੀ
ਤੇਰਾ ਪੁੱਤਰ ਹਾਥੀ
ਜਾਂ
ਪਾ ਨੀ ਮਾਈ ਪਾ
ਕਾਲੇ ਕੁੱਤੇ ਨੂੰ ਵੀ ਪਾ
ਕਾਲਾ ਕੁੱਤਾ ਦੇਵੇ ਦੁਆਈਂ
ਤੇਰੀਆਂ ਜੀਵਨ ਮੱਝੀਂ ਗਾਈਂ

## ਬਾਲ ਤਾਂ ਭਰਿਆ ਮੋਤੀਆਂ

ਭਾਬੀ ਨੇ ਨਣਦ ਨੂੰ ਬਚਨ ਦਿੱਤਾ ਸੀ ਕਿ ਜੇ ਉਹਦੀ ਕੁੱਖ ਹਰੀ ਹੋਣ ਤੇ ਪੁੱਤ ਜੰਮਿਆ ਤਾਂ ਉਹ ਨਣਦ ਨੂੰ ਉਹਦੀ ਮਨਮਰਜ਼ੀ ਦਾ ਢੋਆ ਦੇਵੇਗੀ :—

ਨਣਦੀ ਤੇ ਭਾਬੋ ਰਲ ਬੈਠੀਆਂ, ਕਰਦੀਆਂ ਕੌਲ ਕਰਾਰ
ਜੇ ਤੇਰੇ ਘਰ ਗਿੱਗਾ ਨੀ ਜੰਮੇ, ਮੈਨੂੰ ਤੂੰ ਕੀ ਕੁਝ ਦਏਂ
ਜੇ ਮੇਰੇ ਘਰ ਗਿੱਗਾ ਨੀ ਜੰਮੇ, ਦੇਵਾਂਗੀ ਫੁੱਲਜੜੀਆਂ
ਅੱਧੀ ਅੱਧੀ ਰਾਤੀਂ ਤੇ ਪਿਛਲਾ ਪਹਿਰ, ਭਾਬੋ ਨੇ ਗਿੱਗਾ ਜੰਮਿਆ
ਲੈ ਦੇ ਨੀ ਭਾਬੋ ਮੈਨੂੰ ਫੁੱਲਜੜੀਆਂ, ਮੇਰਾ ਪੂਰਾ ਤੇ ਹੋ ਗਿਆ ਕਰਾਰ
ਨਾ ਤੇਰੇ ਬਾਪ ਘੜਾਈਆਂ ਨੀ ਬੀਬੀ, ਨਾ ਤੇਰੇ ਵੱਡੜੇ ਵੀਰੇ
ਫੁੱਲਜੜੀਆਂ ਬਾਦਸ਼ਾਹਾਂ ਦੇ ਵਿਹੜੇ,
ਸਾਡੇ ਨਾ ਫੁੱਲ ਜੜੀਆਂ
ਤੇਵਰਾਂ ਵਿੱਚੋਂ ਤੇਵਰ ਚੰਗਾ,
ਲੈ ਲੈ ਨੀ ਬੀਬੀਏ ਨਣਦੀਏ !
ਤੇਵਰ ਤਾਂ ਰੱਖੀਂ ਘਰ ਆਪਣੇ,
ਮੈਂ ਤਾਂ ਲੈਣੀਆਂ ਫੁੱਲਜੜੀਆਂ
ਗਹਿਣਿਆਂ ਵਿਚੋਂ ਗਹਿਣਾ ਆਰਸੀ,
ਲੈ ਲੈ ਨੀ ਬੀਬੀਏ ਨਣਦੀਏ !
ਆਰਸੀ ਤਾਂ ਰੱਖੀਂ ਘਰ ਆਪਣੇ,
ਮੈਂ ਤਾਂ ਲੈਣੀਆਂ ਫੁੱਲਜੜੀਆਂ
ਔਹ ਗਈ ਨਣਦੀ, ਔਹ ਗਈ,
ਉਹ ਤਾਂ ਲੰਘ ਗਈ ਦਰਿਆ
ਨੱਸੀ ਤਾਂ ਨੱਸੀ ਪਿੱਛੇ ਭਾਬੋ ਜਾਂਦੀ,
ਆਂਦੀ ਨਣਦ ਮਨਾ

ਥਾਲ ਤਾਂ ਭਰਿਆ ਮੋਤੀਆਂ,
ਉੱਤੇ ਫੁੱਲਜੜੀਆਂ ਦਾ ਲਾਗ
ਭਾਬੋ ਵੀ ਜੀਵੇ ਭਤੀਜਾ ਵੀ ਜੀਵੇ,
ਭਾਬੋ ਦਾ ਅਟੱਲ ਸੁਹਾਗ

## ਬਾਬੇ ਦੀ ਸਹੁੰ, ਬਾਬਲ ਦੀ ਸਹੁੰ

ਇਕ ਗੀਤ ਵਿਚ ਕੋਈ ਕੁੜੀ ਵਟਣਾ ਮਲਣ ਤੋਂ ਨਾਂਹ ਕਰ ਦਿਦੀ ਹੈ । ਢੋਲਕੀ ਤੇ ਗਾਉਂਦੀਆਂ ਕੁੜੀਆਂ ਤੇ ਸੱਸਾਂ ਨੂੰਹਾਂ ਉਹਦੇ ਮਨ ਵਿਚ ਉਤਰਨ ਦਾ ਜਤਨ ਕਰਦੀਆਂ ਹਨ। ਅਜੇਹੇ ਗੀਤ ਦਸਦੇ ਹਨ ਕਿ ਭਾਵੇਂ ਕੋਈ ਕੁੜੀ ਮਾਂ ਪਿਉ ਦੀ ਗੱਲ ਰੱਖਣ ਲਈ ਵਟਣਾ ਮਲਵਾ ਕੇ ਹੱਥ ਪੀਲੇ ਕਰਾ ਹੀ ਲਵੇ, ਪਰ ਮਨਮਰਜ਼ੀ ਦੇ ਮੁੰਡੇ ਨੂੰ ਆਪਣਾ ਕੰਤ ਨਾ ਬਣਾ ਸਕਣ ਦੀ ਗੱਲ ਉਹਨੂੰ ਉਮਰ ਭਰ ਕੰਡੇ ਵਾਂਙ ਚੁਭਦੀ ਰਹਿੰਦੀ ਹੈ :—

ਵਟਣਾ ਮੈਂ ਨਾ ਮਲਦੀ, ਸ਼ਾਬਾ
ਕਿਉਂ ਕੁੜੀਏ ਤੂੰ ਕਿਉਂ ਨਾ ਮਲਦੀ, ਸ਼ਾਬਾ
ਬਾਬੇ ਦੀ ਸਹੁੰ, ਬਾਬਲ ਦੀ ਸੌਂਹ, ਤੇਰੀ ਸਹੁੰ ਨਾ ਕਰਦੀ
ਲੋਕਾਂ ਦੀ ਬਦਨਾਮੀ ਕੋਲੋਂ ਅੰਦਰੋਂ ਅਦਰ ਡਰਦੀ
ਵਟਣਾ ਮੈਂ ਨਾ ਮਲਦੀ ਸ਼ਾਬਾ

ਇਕ ਵਟਣਾ ਦੂਜਾ ਜਵਾਂ ਦਾ ਆਟਾ, ਪੀਠਾ ਚੱਕੀ ਭਲੇਰੀ
ਜਾਂ ਵਟਣੇ ਦਾ ਵੇਲਾ ਹੋਇਆ, ਝੁੱਲ ਪਈ ਹਨੇਰੀ
ਵਟਣਾ ਮੈਂ ਨਾ ਮਲਦੀ, ਸ਼ਾਬਾ

## ਕਮੀਜ਼ਾਂ ਛੀਂਟ ਦੀਆਂ

ਮਾਵਾਂ ਦੀਆਂ ਪੁਆਈਆਂ ਕਮੀਜ਼ਾਂ ਸੱਸਾਂ ਲੁਹਾ ਲੈਣ ਤਾਂ ਗੀਤ ਵਿਚ ਖ਼ਬਰ ਕਿਉਂ ਨਾ ਸੁਣਾਈ ਜਾਵੇ । ਅਜੇਹੇ ਗੀਤ ਪੇਕੇ ਘਰ ਤੇ ਸਹੁਰੇ ਘਰ ਦਾ ਅੰਤਰ ਦਸਦੇ ਹਨ :—

ਕਮੀਜ਼ਾਂ ਛੀਂਟ ਦੀਆਂ ਮੁਲਤਾਨੋਂ ਆਈਆਂ ਨੀ
ਮਾਵਾਂ ਆਪਣੀਆਂ ਜਿਨ੍ਹਾਂ ਸੱਧਰਾਂ ਲਾਹੀਆਂ ਨੀ
ਕਮੀਜ਼ਾਂ ਛੀਂਟ ਦੀਆਂ ਮੁਲਤਾਨੋਂ ਆਈਆਂ ਨੀ
ਸੱਸਾ ਪਰਾਈਆਂ ਨੀ ਜਿਨ੍ਹਾਂ ਗਲੋਂ ਲੁਹਾਈਆਂ ਨੀ

## ਇਤਿਹਾਸਕ ਗੀਤ

ਮੁਗਲਾਂ ਦੇ ਵੇਲੇ ਦੇ ਇਕ ਗੀਤ ਵਿਚ ਕਿਸੇ 'ਸੁੰਦਰੀ' ਦੀ ਹੱਡ-ਬੀਤੀ ਇਤਿਹਾਸ ਦੇ ਕਿਸੇ ਮੁਖ-ਪਾਤਰ ਵਾਂਙ ਅੰਕਿਤ ਕੀਤੀ ਗਈ ਹੈ :—

ਮੁਗਲਾਂ ਨੇ ਘੋੜਾ ਪੀੜਿਆ,
ਸੁੰਦਰੀ ਪਾਣੀ ਨੂੰ ਜਾ
ਜਾਂਦਿਆ ਕਾਲਿਆ ਕਾਗੜਿਆ,
ਮੇਰਾ ਲੈ ਸੁਨੇਹੜਾ ਜਾ
ਪੰਜ ਸੱਤ ਦੇਵਾਂ ਘੋੜੀਆਂ,
ਧੀ ਨੂੰ ਲਵਾਂ ਮੈਂ ਛੁਡਾ
ਜਾਂਦਿਆ ਕਾਲਿਆ ਕਾਗੜਿਆ,
ਮੇਰਾ ਲੈ ਸੁਨੇਹੁੜਾ ਤੂੰ ਜਾ
ਆਖੀਂ ਮੇਰੇ ਵੀਰ ਨੂੰ,
ਭੈਣ ਬੱਧੜੀ ਜਾ
ਹੱਥ ਬੰਨ੍ਹ ਕਰੂੰਗਾ ਬੇਨਤੀ,
ਓ ਭੈਣਾਂ ਲਊਂਗਾ ਛੁਡਾ
ਬਾਬਲ ਉਤਰਿਆ ਘੋੜਿਉਂ, ਵੀਰਨ ਇਮਲੀ ਦੀ ਛਾਂ
ਬਾਬਲ ਬਹਿ ਕੇ ਰੋ ਪਿਆ, ਵੀਰਨ ਮਾਰੀ ਸੀ ਧਾਹ
ਕਿੱਥੇ ਤਾਂ ਬੈਠੇਗਾ ਬਾਬਲ, ਕਿੱਥੇ ਬੈਠੇਗਾ ਵੀਰ
ਕਿੱਥੇ ਬੈਠੇਗਾ ਸਿਰ ਦਾ ਸਾਈਂ, ਜਿਹੜਾ ਕਰੇਗਾ ਨਿਆਂ
ਬਾਗੀਂ ਤਾਂ ਬੈਠੇਗਾ ਬਾਬਲ, ਕੋਠੇ ਬੈਠੇਗਾ ਵੀਰ
ਮਹਿਲੀਂ ਬੈਠੇਗਾ ਸਿਰ ਦਾ ਸਾਈਂ, ਜਿਹੜਾ ਕਰੇਗਾ ਨਿਆਂ
'ਲੈ ਮੁਗ਼ਲਾਂ ਦੇ ਛੋਕਰੇ, ਰੁਪਈਆ ਢਾਈ ਹਜ਼ਾਰ
'ਹੱਥ ਬੰਨ੍ਹ ਕਰਾਂ ਬੇਨਤੀ, ਧੀ ਨੂੰ ਲਵਾਂਗਾ ਛੁਡਾ'
'ਅੱਗ ਲੱਗੇ ਤੇਰੀ ਚਾਂਦੀ ਨੂੰ, ਮੋਹਰਾਂ ਨਦੀਏ ਰੁੜ੍ਹਾ
'ਭੱਠ ਪਵੇ ਤੇਰੀ ਬੇਨਤੀ, ਸੁੰਦਰੀ ਛੋੜੀ ਨਾ ਜਾ'
'ਲੈ ਮੁਗਲਾਂ ਦੇ ਛੋਕਰੇ, ਰੁਪਈਆ ਚਾਲ੍ਹੀ ਹਜ਼ਾਰ
'ਹੱਥ ਬੰਨ੍ਹ ਕਰਾਂ ਬੇਨਤੀ, ਭੈਣ ਲਵਾਂਗਾ ਛੁਡਾ'
'ਭੱਠ ਪਵੇ ਤੇਰੀ ਬੇਨਤੀ ਸੁੰਦਰੀ ਛੋੜ ਨਾ ਜਾ
'ਅੱਗ ਲੱਗੇ ਤੇਰੀ ਚਾਂਦੀ ਨੂੰ, ਸੋਨਾ ਨਦੀਏ ਰੜ੍ਹਾ'
'ਲੈ ਮੁਗ਼ਲਾਂ ਦੇ ਛੋਕਰੇ, ਰੁਪਈਆ ਪੰਜਾਹ ਹਜ਼ਾਰ
'ਹੱਥ ਬੰਨ੍ਹ ਕਰਾਂ ਬੇਨਤੀ, ਨਾਰ ਲਵਾਂਗਾ ਛੁਡਾ'
'ਅੱਗ ਲੱਗੇ ਤੇਰੀ ਚਾਂਦੀ ਨੂੰ, ਮੋਤੀ ਨਦੀਏ ਰੁੜ੍ਹਾ
'ਭੱਠ ਪਵੇ ਤੇਰੀ ਬੇਨਤੀ, ਸੁੰਦਰੀ ਛੋੜੀ ਨਾ ਜਾ'
'ਜਾ, ਬਾਬਲ ਘਰ ਆਪਣੇ ਰੱਖਾਂ ਦਾੜ੍ਹੀ ਦੀ ਲਾਜ
'ਮੁਗਲਾਂ ਦਾ ਪਾਣੀ ਨਾ ਪੀਆਂ, ਮੈਂ ਪਿਆਸੀ ਮਰ ਜਾਂ
'ਜਾ ਵੀਰਾ ਘਰ ਆਪਣੇ, ਰੱਖਾਂ ਚੀਰੇ ਦੀ ਲਾਜ
'ਮੁਗਲਾਂ ਦਾ ਅੰਨ ਨਾ ਖਾਵਾਂ, ਭਾਵੇਂ ਭੁੱਖੀ ਮਰ ਜਾਂ

'ਜਾ ਰਾਜਾ ਘਰ ਆਪਣੇ ਰੱਖਾਂ ਲਾਵਾਂ ਦੀ ਲਾਜ
'ਮੁਗ਼ਲਾਂ ਦੀ ਸੇਜੇ ਨਾ ਚੜ੍ਹਾਂ, ਮੈਂ ਜੀਉਂਦੀ ਮਰ ਜਾਂ'
'ਜਾ ਮੁਗ਼ਲਾਂ ਦੇ ਛੋਕਰੇ, ਠੰਢਾ ਪਾਣੀ ਲਿਆ
'ਪਿਆਸ ਲੱਗੀ ਇਸ ਜੀ ਨੂੰ, ਸੁੰਦਰੀ ਛੋੜੀ ਨਾ ਜਾ'
'ਜਾ ਨੌਕਰ ਦੇ ਛੋਕਰੇ, ਠੰਢਾ ਪਾਣੀ ਪਿਆ
'ਪਿਆਸ ਲੱਗੀ ਇਸ ਜੀ ਨੂੰ, ਸੁੰਦਰੀ ਛੋੜੀ ਨਾ ਜਾ'
'ਨੌਕਰ ਦਾ ਭਰਿਆ ਨਾ ਪੀਆਂ, ਪੀਆਂ ਜਮਨਾ ਦਾ ਨੀਰ
'ਪਿਆਸ ਲੱਗੀ ਚੰਦਰੇ ਜੀ ਨੂੰ, ਮੈਥੋਂ ਸਹੀਉ ਨਾ ਜਾ'
ਮੁਗ਼ਲ ਗਿਆ ਪਾਣੀਏ ਨੂੰ, ਕੀਤਾ ਦੀਵੇ ਦਾ ਕਾਜ
ਦੀਵੇ ਦੀ ਵੱਟੀ ਲਾ ਕੇ ਸੜ ਮੋਈ, ਰੱਖੀ ਰਾਜੇ ਦੀ ਲਾਜ

ਇਸ ਘਟਨਾ ਨਾਲ ਮਿਲਦੇ ਜੁਲਦੇ ਬਲੀਦਾਨ ਦੇ ਗੀਤ ਉੱਤਰ-ਪ੍ਰਦੇਸ਼ ਤੇ ਬਿਹਾਰ ਵਿਚ ਵੀ ਮਿਲਦੇ ਹਨ।

ਸਿੱਖਾਂ ਦੇ ਵੇਲੇ ਦੀ ਇਤਿਹਾਸਕ ਛਾਪ ਵਾਲੇ ਵੀ ਬਹੁਤ ਗੀਤ ਪਰਚਲਤ ਹਨ। ਉਸ ਯੁਗ ਦੀ ਆਤਮਾ ਨੂੰ ਸਮਝਣ ਲਈ ਸਾਂਦਲ ਬਾਰ ਦੇ ਢੋਲੇ ਸਾਡੀ ਬਹੁਤ ਮਦਦ ਕਰ ਸਕਦੇ ਹਨ। ਮੁਲਤਾਨ ਦੀ ਲੜਾਈ ਬਾਰੇ ਉਸ ਪਾਸੇ ਦੇ ਲੋਕ ਇੰਜ ਸੋਚਦੇ ਸਨ :—

ਕਾਲ ਬੁਲੇਂਦੀ ਨਾਰਦ, ਉਠਿਆ ਏ ਨੱਚ
ਲਾਹੌਰੂੰ ਚੜ੍ਹੀਆਂ ਜੁ ਫ਼ੌਜਾਂ, ਸ਼ਾਹੁਰ ਗਿਆ ਮੁਲਤਾਨ ਦਾ ਮੱਚ
ਘੋੜੇ ਤੜਪਣ ਤੇ ਤੁਪਕਾਂ ਛੁੱਟਣ, ਰਾਠਾਂ ਦੀਆਂ ਰੁਲੀਵਣ ਲਾਸ਼ਾਂ,
ਜਿਵੇਂ ਸੱਥਰ ਕਰੇਂਦੇ ਨੁ ਚਰ੍ਹੀਆਂ ਜੱਟ੍ਹ
ਐਲੀ ਐਲੀ ਪਏ ਖ਼ਾਨ ਕਰੇਂਦੇ ਨੁ, ਜਿਨ੍ਹਾਂ ਮਰਦਾਨਿਆਂ ਲੜ ਕੇ ਮਰਨ ਦਾ ਬੱਧਾ ਏ ਲੱਕ
ਉਭਿਉਂ ਚੜ੍ਹੇ ਨੁ ਕਟਕ ਸਿਖਉ ਦੇ, ਰੱਬੂ ਪਈ ਬਚਦੀ ਏ ਦਾਨਸ਼ਮੰਦਾਂ ਦੀ ਪੱਤ
ਕਿਲੇ ਦੇ ਵਿੱਚੋਂ ਕੱਢ ਕੇ ਨਵਾਬ ਤੇ ਬੇਗਮਾਂ, ਸਿੱਖਾਂ ਭੈੜਿਆਂ ਡਾਢਾ ਕੀਤਾ ਏ ਕੱਚ
ਭਰ ਓ ਮੀਆਂ ਕਲਮਾ ਸੋਹਣੇ ਦੇ ਦੀਨ ਦਾ, ਤਕੜਿਆਂ ਰਖਣਾ ਓ ਮੁਲਖ ਪੰਜਾਬ ਆ,
ਕਦੀ ਸਿੱਖਾਂ ਦੇ ਸਿਰ ਵੀ ਪਉਸੀ, ਕਾਈ ਕਾਹਰਾਂ ਦੀ ਸੱਟ

ਪਰ ਇਹ ਮੰਨਣਾ ਹੀ ਪਵੇਗਾ ਕਿ ਸਿਖ ਰਾਜ ਅੰਗਰੇਜ਼ਾਂ ਦੇ ਹੱਥੋਂ ਹਾਰਨ ਤੋਂ ਪਹਿਲਾਂ ਪੰਜਾਬੀਆਂ ਦਾ ਰਾਜ ਬਣ ਚੁੱਕਾ ਸੀ। ਇਸ ਦਾ ਪਰਮਾਣ ਹੈ ਇਸੇ ਸਾਂਦਲ ਬਾਰ ਦਾ ਇਹ ਢੋਲਾ :—

ਕਾਲ ਬੁਲੇਂਦੀ, ਜਿੰਦੋ ਰਾਣੀ ਕੂਕੇ ਵਿਚ ਬਜ਼ਾਰ ਦੇ
ਉਪੱਠੀਆਂ ਗੋਟੀਆਂ ਪਈਆਂ ਨੁ, ਲੁੱਟਿਆ ਸਿਰ ਦਾ ਸਾਈਂ, ਖੋਟੇ ਵੀ ਲੇਖ ਹੋਏ ਨੇ ਬੰਦੀ ਨਾਰ ਦੇ
ਲਿਓ ਨੇ ਬੰਨ੍ਹ ਫ਼ਰਜ਼ੰਦ ਨੂੰ, ਜੇਤੂਆਂ ਡਿੱਠੇ ਨੁ ਮੂੰਹ ਚਿਤੂਆਂ ਦੀ ਹਾਰ ਦੇ
ਕਿਲਿਉਂ ਕੱਢ ਸਿਪਾਹੀ ਵੀ ਫੱਧ ਖਲਾਰਦੇ
ਪੱਟੇ ਮੇਢੀਆਂ ਤਰੋੜ ਕੇ, ਸੁੱਟੇ ਮੋਤੀ ਵੀ ਹਾਰ ਦੇ
ਫ਼ਰੰਗੀ ਪਿਆ ਆਂਹਦਾ ਰੰਗ ਨੂੰ, ਤਰਕੜੀ ਹੋਵਣਾ ਓ ਮਾਈ ਜਿੰਦੂ,
ਅਸੀਂ ਨੇਕ ਔਲਾਦ ਮਸੀਹ ਦੀ, ਵਾਹਿਮੇ ਸੁੱਟ ਘੱਤ ਪੰਜਾਬ ਦੀ ਬਾਰ ਦੇ
ਕੰਬਿਆ ਸ਼ਾਹੁਰ ਲਹੌਰ ਦਾ, ਕਿਰਾੜ ਕਾਂਦੂ, ਜੱਟ ਵੀ ਮੁਝੇ ਮੱਝੀਂ, ਕਰੇਂਦੇ ਵਿਚ ਬਾਰ ਦੇ
ਰੱਬ ਨੂੰ ਬੜੀ ਏ ਰਾਣੀ, ਉਸ ਵੈਣ ਵੀ ਕੀਤੇ ਨੁ ਕਾਹਰ ਦੇ

ਉਹ ਮੁੜ ਮੁੜ ਸੱਦ ਮਰੇਦੀਂ, ਹਾਲ ਓ ਸ਼ਾਹ ਪੰਜਾਬ ਦਿਆ, ਜਿਵੇਂ
ਸੱਸੀ ਵੀ ਕੂਕੇ ਵਗ ਗਏ ਪਿੱਛੇ ਪੁੰਨਣ ਯਾਰ ਦੇ
ਮੋਮਨਾਂ ਨੂੰ ਨਸੀਬ ਹੋਵੀ ਕਲਮਾ ਸੋਹਣੇ ਦੇ ਦੀਨ ਦਾ,
ਹਿੰਦੂ ਵੀ ਰਾਮ ਰਾਮ ਕਹਿੰਦੇ ਨੇ ਨਿੱਤ ਚਿਤਾਰਦੇ

ਮੁੜ ਅੰਗਰੇਜ਼ੀ ਰਾਜ ਵਿਚ ਕਾਂਗਰਸ ਅੰਦੋਲਨ ਦੀ ਵੀ ਸਾਂਦਲ ਬਾਰ ਦੇ ਢੋਲੇ ਤੇ ਇੰਜ ਛਾਪ ਲੱਗੀ :–

ਗੋਰੀ ਦੇ ਕੰਨੀ ਬੁੰਦੇ, ਵਿਚ ਬਾਲਾ ਏ ਬੋਰ ਦਾ
ਅੰਗਰੇਜ਼ਾਂ ਬੱਧਾ ਸ਼ਾਹੁਰ ਮਾਨਕੁਮਰੀ, ਕਾਈ ਨਕਸ਼ਾ ਦਿੱਤਾ ਨੇ ਢਾਲ ਲਾਹੌਰ ਦਾ
ਅੰਗਰੇਜ਼ਾਂ ਦੇ ਸਿਰ ਤੇ ਸੋਂਹਦੀ ਏ ਟੋਪੀ, ਜਿਵੇਂ ਸਿਰ ਤੇ ਕਲਗਾ ਸੋਂਹਦਾ ਸੂ ਮੋਰ ਦਾ
ਕਾਂਗਰਸ ਪਈ ਆਂਹਦੀ ਅੰਗਰੇਜ਼ ਨੂੰ, ਵਗ ਵੰਞ ਵਿਚੂੰ ਪੰਜਾਬ ਦੇ
ਅੰਗਰੇਜ਼ ਪਿਆ ਆਂਹਦਾ ਏ, ਮੈਂ ਝਬਦੇ ਨਾ ਵੰਞੂੰ
ਪੰਜਾਬ ਮੈਨੂੰ ਖ਼ਾਨਾ ਕਾਬਾ ਏ, ਜਿਵੇਂ ਸੱਸੀ ਨੂੰ ਸ਼ਾਹਰ ਭੰਬੋਰ ਦਾ
ਹਾੜ੍ਹੀ ਸੌਣੀ ਝੇਮਾ ਢਾਲ ਢਾਲ ਕੇ, ਹਿੱਕੇ ਚਿਟੀਆਂ ਪਰੋਸਨੈ, ਥਾਣੇਦਾਰ ਫਲੌਰ ਦਾ
ਨੇਕ ਸੁਆਣੀ ਹਾਈ ਮਾਂ ਅੰਗਰੇਜ਼ ਦੀ, ਰੁਖ਼ ਹੋਰਵੇਂ ਹੋਇਆ ਏ ਇਸ ਲਟੋਰ ਦਾ
ਤਰਕੜਿਆਂ ਰਾਹਣਾਂ ਓ ਮਾਹੀ ਮੁਲਖ ਪੰਜਾਬ ਦਾ,
ਅੰਗਰੇਜ਼ ਵੀ ਉਸ ਦਿਹਾੜੇ ਲੱਗਾ ਵੈਸੀ, ਜਦੋਂ ਧੱਕਾ ਵੀ
ਵੱਜ ਗਿਉ ਨੇ ਕਹੀਂ ਦੇ ਜ਼ੋਰ ਦਾ

ਲੋਕ-ਕਵੀ ਦੀ ਗੱਲ ਸੱਚ ਨਿਕਲੀ। ਅੰਗਰੇਜ਼ ਨੂੰ ਜਾਣਾ ਹੀ ਪਿਆ, ਤੇ ਅੱਜ ਸਾਡਾ ਲੋਕ-ਗੀਤ ਆਜ਼ਾਦੀ ਦੇ ਵਾਤਾਵਰਣ ਵਿਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਜਸ ਗਾਉਣ ਵਿਚ ਰਸ ਮਾਣਦਾ ਹੈ।

ਚਿੱਟਾ ਰੁਪਈਆ ਚਾਂਦੀ ਦਾ
ਰਾਜ ਮਹਾਤਮਾ ਗਾਂਧੀ ਦਾ

## ਲੋਕ-ਗੀਤ ਨਾ ਪੁਰਾਣਾ ਹੈ ਨਾ ਨਵਾਂ

ਲੋਕ-ਗੀਤ ਬਾਰੇ ਰਾਲਫ਼ ਫ਼ਾਕਸ ਦੇ ਇਹ ਸ਼ਬਦ ਸਾਨੂੰ ਸਦਾ ਚੇਤੇ ਰਖਣੇ ਚਾਹੀਦੇ ਹਨ, 'ਲੋਕ-ਗੀਤ ਨਾ ਪੁਰਾਣਾ ਹੁੰਦਾ ਹੈ ਨਾ ਨਵਾਂ। ਉਹ ਤਾਂ ਜੰਗਲ ਦੇ ਇਕ ਰੁੱਖ ਵਰਗਾ ਹੈ, ਜਿਸ ਦੀਆਂ ਜੜ੍ਹਾਂ ਤਾਂ ਦੂਰ ਧਰਤੀ (ਭੂਤਕਾਲ) ਵਿਚ ਧੱਸੀਆਂ ਹੋਈਆਂ ਹਨ, ਪਰ ਜਿਸ ਵਿਚ ਲਗਾਤਾਰ ਨਵੀਆਂ ਡਾਲੀਆਂ, ਕਰੂੰਬਲਾਂ ਤੇ ਫਲ ਫੁੱਲ ਫੁੱਟਦੇ ਰਹਿੰਦੇ ਹਨ।' ਇਸ ਭਾਵ ਨੂੰ ਲੋਕ-ਗੀਤ ਵਿਚ ਇੰਜ ਅੰਕਿਤ ਕੀਤਾ ਗਿਆ ਹੈ :–

ਪਿੱਪਲ ਦਿਆ ਪੱਤਿਆ ਵੇ, ਕਹੀ ਖੜ ਖੜ ਲਾਈ ਆ
ਝੜ ਪਉ ਪੁਰਾਣਿਆ ਵੇ, ਰੁੱਤ ਨਵਿਆਂ ਦੀ ਆਈ ਆ

## ਲੋਕ-ਕਹਾਣੀਆਂ

੧. ਹੀਰ ਰਾਂਝਾ
੨. ਸੋਹਣੀ ਮਹੀਂਵਾਲ
੩. ਮਿਰਜ਼ਾ ਸਾਹਿਬਾਂ
੪. ਪੂਰਨ ਭਗਤ
੫. ਰਾਜਾ ਰਸਾਲੂ

# (੧) ਹੀਰ ਰਾਂਝਾ

ਝਨਾਂ ਆਪਣੀ ਝੋਕ ਵਿਚ ਪਿਆ ਵਹਿੰਦਾ ਸੀ। ਪਾਰਲੇ ਕੰਢੇ ਸਿਆਲਾਂ ਦਾ ਪਿੰਡ ਸੀ। ਉਰਾਰਲੇ ਕੰਢੇ ਇਕ ਨਿੱਘੀ ਸਵੇਰੇ, ਸੁਥਰੀ ਜਿਹੀ ਇਕ ਬੇੜੀ ਖੜੋਤੀ, ਜਿਦ੍ਹੇ ਵਿਚ ਚਵ੍ਹੀਂ ਪਾਸੀਂ ਖੁਲ੍ਹਦੀਆਂ ਬਾਰੀਆਂ ਵਾਲੀ ਪਾਲਕੀ ਦਿਸਦੀ ਸੀ। ਰੰਗ ਸੁਰੰਗੇ ਪਟ ਨਾਲ ਕੱਢੀਆਂ ਫੁਲਕਾਰੀਆਂ ਦੀਆਂ ਕੰਨੀਆਂ ਇਨ੍ਹਾਂ ਬਾਰੀਆਂ ਅੱਗੇ ਰੁਮਕਦੀ ਪੌਣ ਨਾਲ ਪੰਛੀਆਂ ਵਾਂਗ ਕਦੇ ਅੰਦਰ ਕਦੇ ਬਾਹਰ ਉੱਡ ਰਹੀਆਂ ਸਨ। ਬੇੜੀ ਦੇ ਇਕ ਸਿਰੇ ਦੋ ਇਸਤਰੀਆਂ ਨਾਲ ਬੈਠਾ ਮੁਹਾਣਾ ਹੁੱਕਾ ਪੀ ਰਿਹਾ ਸੀ।

ਛਬੀਲੇ ਜਿਹੇ ਇਕ ਗੱਭਰੂ ਨੇ ਕੋਲ ਆ ਕੇ ਆਖਿਆ : "ਭਈ ਮੁਹਾਣਿਆਂ, ਮੈਂ ਪਾਰ ਜਾਣੈ।"

"ਨਾ ਸੁਹਣਿਆ, ਇਹ ਬੇੜੀ ਮੁਸਾਫ਼ਰਾਂ ਦੀ ਨਹੀਂ।"

"ਕਿਦ੍ਹੀ ਏ ਫੇਰ ?" ਗੱਭਰੂ ਨੇ ਫੁਲਕਾਰੀ ਦੀਆਂ ਉਡਦੀਆਂ ਕੰਨੀਆਂ ਵਿਚੋਂ ਦੀ ਨੀਝ ਲਾ ਕੇ ਪੁਛਿਆ।

"ਇਹ ਸਾਡੇ ਮਲਕ ਦੀ ਧੀ ਦੀ ਆਪਣੀ ਬੇੜੀ ਏ, ਮੁਸਾਫ਼ਰਾਂ ਦੀ ਬੇੜੀ ਤਰਕਾਲਾਂ ਨੂੰ ਜਾਏਗੀ।"

"ਮੈਨੂੰ ਕੁਝ ਛੇਤੀ ਸੀ।"

"ਪਰ ਸੁਹਣਿਆ, ਕੋਈ ਹੋਰ ਚਾਰਾ ਕਰ ਲੈ, ਇਹਦੇ ਵਿਚ ਤਾਂ ਤੂੰ ਜਾ ਨਹੀਓਂ ਸਕਣਾ।" ਤੇ ਮੁਹਾਣੇ ਨੇ ਹੁੱਕੇ ਉੱਤੇ ਬੜਾ ਲੰਮਾ ਸੂਟਾ ਮਾਰਿਆ।

"ਚੰਗਾ, ਫੇਰ ਰੱਬ ਰਾਖਾ।" ਤੇ ਜਵਾਨ ਨੇ ਤਹਿਮਤ ਕੁੜਤਾ ਲਾਹ ਕੇ ਸਿਰ ਉੱਤੇ ਵਲ੍ਹੇਟ ਲਏ, ਸੂਤਨੇ ਦੀਆਂ ਤਣੀਆਂ ਕੱਸਣ ਲਗ ਪਿਆ।

ਮੁਹਾਣਾ ਹੁੱਕਾ ਪਰ੍ਹਾਂ ਕਰ ਕੇ ਉੱਠ ਖਲੋਤਾ।

"ਨਾ ਭਾਈ ਭਲਵਾਨਾਂ, ਇਹ ਨਾ ਕਰੀਂ, ਇਹ ਈ ਝਨਾਂ ਰਾਜਾ, ਮਤੇ ਗਿੱਝਾ ਹੋਵੇਂ ਕਿਸੇ ਰੜੀ ਰਾਵੀ ਦਾ।"

"ਝਨਾਂ ਤੇ ਝਨਾਂ ਹੀ ਸਹੀ, ਆਖ਼ਰ ਕਿਹੜੀ ਲੈ ਆਵੇਗਾ, ਡੋਬ ਹੀ ਲਏਗਾ ਨਾ।" ਜਵਾਨ ਕੰਢੇ ਵਲ ਤੁਰ ਪਿਆ।

ਛਾਲ ਮਾਰ ਕੇ ਮੁਹਾਣੇ ਨੇ ਉਹਨੂੰ ਬਾਂਹੋਂ ਫੜ ਲਿਆ। ਹੋਰ ਵੀ ਦੋ ਚਾਰ ਬੰਦੇ ਆ ਗਏ। ਸਾਰੇ ਮਨਾਂਹ ਕਰਨ, ਐਡਾ ਸੁਹਣਾ ਨੱਢਾ ਭੰਗ ਦੇ ਭਾੜੇ ਰੁੜ੍ਹ ਜਾਏਗਾ। ਪਰ ਜਵਾਨ ਆਖੀ ਜਾਏ : "ਤਿਆਰ ਹੋਏ ਨੂੰ ਠਿਲ੍ਹ ਪੈਣ ਦਿਓ, ਰੱਬ ਤਵੱਕਲੇ ਕੰਢੇ ਲਗ ਹੀ ਜਾਵਾਂਗਾ, ਕੌਣ ਸਾਰਾ ਦਿਨ ਏਥੇ ਲੁਸਡੀਆਂ ਲੈਂਦਾ ਰਹੇ।"

ਬੰਦਿਆਂ ਨੂੰ ਉਹਦੀ ਸੌਂਪਣਾ ਕਰ ਕੇ ਮੁਹਾਣਾ ਬੇੜੀ ਵਿਚ ਆਇਆ।

"ਕਿਧਰ ਏਂ, ਬੀਬੋ ਰਾਣੀਏ ?" ਇਕ ਬਾਰੀ ਤੋਂ ਫੁਲਕਾਰੀ ਚੁੱਕ ਕੇ ਉਸ ਪੁੱਛਿਆ।

"ਏਧਰ ਲੁੱਡਣਾ – ਮੈਂ ਪਈ ਵਿਹਨੀ ਆਂ ਕੀਕਰ ਛੱਲ੍ਹਾਂ ਇਕ ਦੂਜੀ ਦੇ ਪਿੱਛੇ ਵਾਹੋਦਾਹੀ ਦੌੜਦੀਆਂ ਮੇਰੇ ਕੋਲ ਆਈ ਹੀ ਜਾਂਦੀਆਂ ਨੇ। ... ... ਸਾਹ ਕਿਉਂ ਚੜ੍ਹਿਆ ਈ ਲੁੱਡਣਾ ?"

"ਕੋਈ ਨੱਢਾ ਏ, ਬੀਬੀ, ਬੜਾ ਸੁਹਣਾ, ਘਰੋਂ ਲੜ ਕੇ ਆਇਆ ਜਾਪਦੈ, ਆਂਹਦਾ ਏ, ਬੇੜੀ ਚਾੜ੍ਹ ਲਓ। ਮੈਂ ਨਾਂਹ ਕਰਨੀ ਹੀ ਸੀ, ਉਹ ਠਿਲ੍ਹਣ ਲਗੈ। ਉਸ ਬੀਬੀ ਜ਼ਰੂਰ ਡੁਬ ਜਾਣੈ, ਆਖੇਂ ਤਾਂ ਚਾੜ੍ਹ ਲਵਾਂ।"

"ਜਾ, ਚਾੜ੍ਹ ਲੈ ਸੂ, ਆਪਣੇ ਕੋਲ ਹੀ ਬਿਠਾ ਲਈਂ ਸੂ।" ਤੇ ਮੁਟਿਆਰ ਮੌਜੀਂ-ਚੜ੍ਹੇ ਦਰਿਆ ਨਾਲ ਆਪਣੇ ਦਿਲ ਦੀਆਂ ਮੌਜਾਂ ਨਾਪਣ ਲਗ ਪਈ। ਉਸ ਆਪਣੀ ਅੰਬਰੀ ਘਗਰੀ ਵਲ ਤੱਕਿਆ, ਫੇਰ ਆਪਣੀ ਬਲੰਭਰੀ

ਕੁੜਤੀ ਵਲ ਤੱਕਿਆ, ਤਰਬੂਜ਼ੀ ਦੁਪੱਟੇ ਦੇ ਲੜ ਹੱਥਾਂ ਵਿਚ ਫੜੇ, ਪੈਰਾਂ ਦੇ ਰਾਂਗਲੇ ਨਹੁੰਆਂ ਵਲ ਤੱਕਿਆ ਤੇ ਬਾਂਹਾਂ ਖਿਲਾਰ ਕੇ ਅੰਗੜਾਈ ਲਈ। ਅਲਸਾਏ ਸਰੀਰ ਦੀਆਂ ਲਕੀਰਾਂ ਪੱਧਰੀਆਂ ਹੋ ਗਈਆਂ, ਪਰ ਜਵਾਨੀ ਦੇ ਦੋ ਜਵਾਲਾ-ਮੁਖ, ਸੂਰਜ ਦੇ ਸੋਨ-ਮੁਖ ਨੂੰ ਵੰਗਾਰਨ ਲਗ ਪਏ।

ਬੇੜੀ ਠਿਲ੍ਹ ਪਈ ਤੇ ਛਿੱਟਾਂ ਨਾਲ ਛਣਕਦੀ ਪੌਣ ਉੱਤੇ ਵੰਝਲੀ ਦੀ ਲੈਅ ਚੜ੍ਹਦੀ ਗਈ। ਮਿੱਠੀ ਸੀ ਇਹ ਲੈਅ ? ਨਹੀਂ, ਜੋੜ ਪਛਾਣਦੀ ਤੇ ਜਿੰਦਾਂ ਟੋਂਹਦੀ ਸੀ ਇਹ ਲੈਅ ! ਮੁਟਿਆਰ ਨੇ ਦੂਜੀ ਬਾਰੀ ਤੋਂ ਫੁਲਕਾਰੀ ਚੁਕ ਦਿਤੀ।

ਲੁਡਣ ਵੰਝ ਚਲਾਂਦਾ ਸਿਰ ਮਾਰ ਰਿਹਾ ਸੀ ਤੇ ਉਹਦੀਆਂ ਦੋਵੇਂ ਵਹੁਟੀਆਂ ਬੈਠੀਆਂ ਝੂਮ ਰਹੀਆਂ ਸਨ। ਵੰਝਲੀ ਦੇ ਛੇਕਾਂ ਵਿੱਚੋਂ ਕੋਈ ਜਾਦੂ ਝਰ ਰਿਹਾ ਸੀ।

ਇਹ ਮਸਤੀ ਕਿਹੋ ਜਹੀ ਸੀ ! ਮੁਟਿਆਰ ਨੂੰ ਪਤਾ ਨਹੀਂ ਸੀ ਇਹ ਕਿਉਂ ਤੇ ਕਦੋਂ ਆਉਂਦੀ ਏ, ਭਾਵੇਂ ਕਈ ਅਣਪਛਾਤ ਰੂਪਾਂ ਵਿਚ ਇਹੋ ਜਹੀ ਮਸਤੀ ਦੀ ਲੋਰ ਮੁਟਿਆਰ ਨੇ ਵੀ ਮਹਿਸੂਸ ਕੀਤੀ ਹੋਈ ਸੀ। ਜਦੋਂ ਮਹਿਦੀ ਰੰਗੇ ਹੱਥ ਪੈਰ ਮਾਰ ਕੇ ਉਹ ਸਈਆਂ ਨਾਲ ਝਨਾਂ ਵਿਚ ਤਰਦੀ ਸੀ, ਕਈਆਂ ਨੇ ਚਿੱਟੀ ਝੱਗ ਵਿੱਚੋ ਚੰਗਿਆੜੀਆਂ ਉਡਦੀਆਂ ਵੇਖੀਆਂ ਸਨ। ਜਦੋਂ ਪੰਜੇਬਾਂ ਛਣਕਾਂਦੀ ਉਹ ਤੁਰਦੀ, ਉਹਦੇ ਛੂਹ-ਮੂੰਹਦੇ ਪੈਰਾਂ ਨੂੰ ਹਿੱਕ ਨਾਲ ਲਾਈ ਰਖਣ ਲਈ ਭੋਂ ਹਉਕੇ ਭਰਦੀ ਕਈਆਂ ਸੁਣੀ ਸੀ। ਜਦੋਂ ਉਹ ਹਸਦੀ ਸੀ, ਝਨਾਂ ਦੀਆਂ ਝਾਲਾਂ ਦੀ ਝਣਕਾਰ ਮੱਠੀ ਸੁਣੀਦੀ ਸੀ ਤੇ ਜਦੋਂ ਧਰਕੋਨੂੰ ਤੋੜ ਤੋੜ ਉਹ ਸਈਆਂ ਦੇ ਨੰਗੇ ਗਲਮਿਆਂ ਉਤੇ ਨਿਸ਼ਾਨੇ ਕਰਦੀ, ਜਾਂ ਓਹਦੀ ਦੀਦ ਨੂੰ ਸਹਿਕਦੇ ਵਾਗੀ ਮੁੰਡਿਆਂ ਸਿਰ ਹਾਸੇ ਮਸਖ਼ਰੀ ਨਾਲ ਠੋਲ੍ਹੇ ਮਾਰਦੀ, ਤਾਂ ਪਛਾਣ ਵਾਲੇ ਬੰਦੇ ਆਖਦੇ ਕਿ ਚੂਚਕ ਦੀ ਛਿੰਦੀ ਹੀਰ ਦਾ ਹੁਸਨ ਜ਼ਿਮੀਂ ਉਤੇ ਅਸਮਾਨੀ ਦਾਅਵਤ ਸੀ, ਕੋਈ ਤਾਰਾ ਧਰਤੀ ਉੱਤੇ ਮਹਿਮਾਨ ਆਣ ਲੱਥਾ ਏ।

ਸੇਜ ਤੋਂ ਉੱਠ ਮੁਟਿਆਰ ਵੰਝਲੀ ਵਾਲੇ ਕੋਲ ਆ ਬੈਠੀ। ਜਵਾਨ ਨੇ ਤੱਕਿਆ, ਅੱਖਾਂ ਉਸ ਦੀਆਂ ਭਰ ਗਈਆਂ, ਵੰਝਲੀ ਬੁਲ੍ਹਾਂ ਨਾਲੋਂ ਲਹਿ ਗਈ।

"ਪਰਦੇਸੀ ਜਾਪਨੈਂ ? ਵਜਾਈ ਜਾ, ਬੜੀ ਸੁਹਣੀ ਵਜਾਨਾ ਏਂ ।" ਮੁਟਿਆਰ ਨੇ ਆਖਿਆ।

ਵੰਝਲੀ ਫੇਰ ਬੁਲ੍ਹਾਂ ਨਾਲ ਲਗ ਗਈ ਤੇ ਉਹਦੇ ਵਿੱਚੋਂ ਕੋਈ ਲੈਅ ਨਿਕਲੀ ! ਝਨਾਂ ਵੀ ਤੜਫ ਉੱਠਿਆ। ਆਪਣੇ ਕੰਢੇ ਤਾਂ ਓਸ ਛੁਲ੍ਹਕਾਣੇ ਹੀ ਸਨ, ਤਿੰਨਾਂ ਤੀਵੀਆਂ ਦੇ ਦਿਲ ਵੀ ਛੁਲ੍ਹਕਾ ਸੁਟੇ।

ਇਸ ਦੇ ਗੀਤਾਂ ਬਾਅਦ ਮੁਟਿਆਰ ਉਹਨੂੰ ਆਪਣੀ ਪਾਲਕੀ ਵਿਚ ਲੈ ਗਈ। ਬਾਰੀਆਂ ਅੱਗੋਂ ਫੁਲਕਾਰੀਆਂ ਸਭ ਚੁੱਕ ਸੁਟੀਆਂ।

"ਬੜੀ ਪਿਆਰੀ ਵੰਝਲੀ ਵਜਾਨੈਂ !"

"ਅੱਗੇ ਮੈਥੋਂ ਇਹੋ ਜਿਹੀ ਕਦੀ ਨਹੀਂ ਵੱਜੀ, ਦਰਿਆ ਦੀ ਗੱਲ ਹੋਣੀ ਏਂ ?"

"ਤੇਰਾ ਨਾਂ ਕੀ ਏ ?

"ਨਾਂ ਮੇਰਾ ਧੀਦੋ ਏ, ਪਰ ਰਾਂਝਾ ਰਾਂਝਾ ਸਾਰੇ ਆਖਦੇ ਨੇ।"

"ਸੁਹਣਾ ਨਾਂ ਏ ਰਾਂਝਾ, ਝਾਂਜਰਾਂ ਵਾਂਙ ਛਣਕਦਾ ਏ।"

ਰਾਂਝੇ ਦੇ ਬੁਲ੍ਹ ਖਿੜ ਪਏ।

"ਹਛਾ ਦਸ, ਰਾਂਝਿਆ, ਤੂੰ ਆਇਆ ਕਿਥੋਂ ਤੇ ਜਾਣਾ ਈ ਕਿੱਥੇ ?" ਉਹਨੂੰ ਜਾਣਨ ਦੀ ਤਾਂਘ ਜਿਉਂ ਮੁਟਿਆਰ ਦੀ ਵਧ ਰਹੀ ਸੀ।

"ਆਇਆ ਤਾਂ ਤਖ਼ਤ ਹਜ਼ਾਰਿਓਂ ਆਂ, ਪਰ ... ... ਗੱਲ ਦੱਸਣ ਵਾਲੀ ਨਹੀਂ।"

ਬੇੜੀ ਨੇ ਹਚਕੋਲਾ ਖਾਧਾ, ਰਾਂਝਾ ਲੜਖੜਾ ਪਿਆ, ਹੱਥਾਂ ਨਾਲ ਉਹਨੂੰ ਸੰਭਲ ਕੇ ਮੁਟਿਆਰ ਪਛੋਤਾਈ।

"ਮੈਂ ਤੈਨੂੰ ਖੜੋਤਿਆਂ ਹੀ ਰਖਿਆ – ਬਹਿ ਜਾ।" ਤਖ਼ਤ ਪੋਸ਼ ਦੇ ਇਕ ਪਾਸੇ ਵਲ ਇਸ਼ਾਰਾ ਕਰ ਕੇ

ਮੁਟਿਆਰ ਨੇ ਆਖਿਆ – "ਤੂੰ ਪਰਦੇਸੀ, ਮੈਂ ਤੇਰੇ ਲਈ ਪਰਦੇਸਣ, ਤੂੰ ਆਪਣਾ ਕੰਮ ਕਰ ਕੇ ਚਲਿਆ ਜਾਏਂਗਾ, ਮੈਂ ਕਾਹਨੂੰ ਕਿਸੇ ਨੂੰ ਦਸਣਾ ਏਂ।"

"ਇਹੋ ਤਾਂ ਗੱਲ ਏ। ਮੈਂ ਚਲੇ ਜਾਣ ਲਈ ਆਇਆ ਨਹੀਂ। ਮੈਂ ਸਦਾ ਸਿਆਲੀਂ ਹੀ ਰਹਿਣਾ ਏ।" ਜਵਾਨ ਦੇ ਮੂੰਹ ਉੱਤੇ ਸ਼ਰਮਾਕਲ ਜਿਹੀ ਭਾਹ ਸੀ।

"ਉਹ ਤਾਂ ਸਾਡਾਂ ਪਿੰਡ ਏ, ਤੇਰਾ ਓਥੇ ਕੋਈ ਸਾਕ ਏ ?"

"ਨਾ ਪੁੱਛ, ਗੱਲ ਦੱਸਣ ਵਾਲੀ ਨਹੀਂ।" ਰਾਂਝਾ ਮੁਟਿਆਰ ਦੇ ਪੈਰਾਂ ਦ ਨਹੁੰਆਂ ਉੱਤੇ ਮਹਿੰਦੀ-ਰੰਗੇ ਚੰਨ ਵੇਖਣ ਲਗ ਪਿਆ।

"ਜੇ ਨਹੀਂ ਵੀ ਦੱਸਣ ਵਾਲੀ, ਤਾਂ ਵੀ ਦੱਸ ਦੇ ਅੜਿਆ, ਮੈਂ ਤੇਰਾ ਵਿਗਾੜਦੀ ਕੁਝ ਨਹੀਂ।"

"ਕੌਲ ਦੇ, ਤੂੰ ਮੇਰੇ ਉੱਤੇ ਹੱਸੇਂਗੀ ਨਹੀਂ, ਭਾਵੇਂ ਗੱਲ ਕੇਡੀ ਹਾਸੋਹੀਣੀ ਹੋਵੇ!"

"ਹਾਸੋਹੀਣੀ ਤਾਂ ਤੇਰੇ ਵਿਚ ਗੱਲ ਮੈਨੂੰ ਕੋਈ ਦਿਸਦੀ ਨਹੀਂ – ਪਰ ਲੈ ਕੌਲ, ਜੇ ਕੌਲ ਹੀ ਤੂੰ ਮੰਗਦਾ ਏਂ।" ਤੇ ਮੁਟਿਆਰ ਨੇ ਆਪਣੇ ਸੱਜੇ ਹੱਥ ਦੀ ਸਾਹਮਣੀ ਉਂਗਲ ਦੀ ਕੜਿੰਗੀ ਖੱਬੇ ਹੱਥ ਦੀ ਸਾਹਮਣੀ ਉਂਗਲ ਪਾ ਕੇ ਆਖਿਆ।

ਮੁਟਿਆਰ ਦੀ ਆਪਣੇ ਵਲ ਤੱਕਣੀ ਤੋਂ ਦਲੇਰ ਹੋ ਕੇ ਰਾਂਝੇ ਨੇ ਸ਼ੁਰੂ ਕੀਤਾ :

"ਪੁੱਤ ਮੈਂ ਚੰਗਿਆਂ ਦਾ ਹਾਂ, ਮੌਜੂ ਚੌਧਰੀ ਦਾ, ਪਰ ਮਾਂ ਪਿਉ ਬਾਹਰਾ ਹੋਣ ਕਰ ਕੇ ਠੇਲ੍ਹਮ ਠੇਲ੍ਹਿਆ ਰਹਿੰਦਾ ਸਾਂ। ਸੱਤ ਭਰਾਵਾਂ ਜ਼ਮੀਨ ਵੰਡ ਕੇ ਕੱਲਰ ਮੈਨੂੰ ਦੇ ਦਿੱਤਾ। ਜ਼ਮੀਨ ਦੀ ਤਾਂ ਗੱਲ ਕੋਈ ਵੱਡੀ ਨਹੀਂ, ਪਰ ਭਾਬੀਆਂ ਜੀਉਣਾ ਹਰਾਮ ਕਰ ਦਿਤਾ।"

"ਹੋਈਆਂ ਵੀ ਤੇਰੀਆਂ ਢੇਰ ਸਾਰੀਆਂ ਭਾਬੀਆਂ।"

"ਉਨ੍ਹਾਂ 'ਚੋਂ ਇਕ ਦੀ ਤਾਂ ਮੈਨੂੰ ਉੱਕੀ ਸਮਝ ਨਹੀਂ ਆਈ, ਘੜੀ ਤੋਲਾ, ਘੜੀ ਮਾਸਾ, ਬਹੁਤਾ ਉਹਦ ਦੁੱਖੋਂ ਹੀ ਮੈਂ ਪਿੰਡ ਛੱਡ ਆਇਆਂ।"

"ਕੋਈ ਨਕਰਮੀਂ ਹੋਣੀ ਏਂ, ਜਿਹੜੀ ਚੰਨ ਵਰਗੇ ਦਿਉਰ ਨੂੰ ਘਰ ਨਹੀਂ ਰਖ ਸਕੀ।"

"ਸ਼ਕਲੋਂ ਸੁਹਣੀ ਏ! ਓਦਨ ਓਸ ਕਪੜੇ ਵੀ ਚੰਗੇ ਪਾਏ ਹੋਏ ਸਨ। ਆਂਹਦੀ ਸੀ, ਉਹਦੇ ਪੀਰ ਦਾ ਦਿਨ ਏ। ਮੈਂ ਭਰਾਵਾਂ ਕੋਲੋਂ ਖਿੱਝਿਆ ਆ ਕੇ ਮੰਜੇ ਤੇ ਪੈ ਗਿਆ ਸਾਂ ਓਹਦੇ ਵਲ ਤੱਕਿਆ ਕੋਈ ਨਾ। ਹੋਰ ਭਾਬੀਆਂ ਭੱਤੇ ਲੈ ਕੇ ਗਈਆਂ ਸਨ। ਉਹ ਤਾਂ ਮੇਰੇ ਉੱਤੇ ਵਰ੍ਹ ਪਈ :

"ਵੇ ਰਾਂਝਿਆ ਝਾਂਜਿਆ! ਸੁਣ ਖਾਂ, ਘਰ ਆਉਂਦਿਆਂ ਤੇਰੇ ਮੂੰਹ ਘੁੰਗਣੀਆਂ ਕਿਉਂ ਪੈ ਜਾਂਦੀਆਂ ਨੇ ? ਬਾਹਰ ਤੂੰ ਜੀਭ ਮੂੰਹ 'ਚ ਨਹੀਂ ਪਾਂਦਾ। ਖੂਹ ਉੱਤੇ ਭੱਤੇ ਵਾਲੀਆਂ ਨੂੰ ਵੰਝਲੀ ਨਾਲ ਕੀਲੀ ਰੱਖਣੈਂ! ਕੀ ਅਸੀਂ ਤੇਰੀਆਂ ਭਾਬੀਆਂ ਸਭੋ ਮੂੰਹ-ਕਾਲੀਆਂ ਹਾਂ!'

'ਮੈਂ ਉਠ ਕੇ ਬਹਿ ਗਿਆ ਤੇ ਉਹਨੂੰ ਖ਼ੁਸ਼ ਕਰਨ ਲਈ ਬੋਲਿਆ :

'ਲੈ ਭਾਬੀ, ਤੇਰੇ ਵਰਗਾ ਕੌਣ ਏ! ਤੂੰ ਐਵੇਂ ਗੁੱਸਾ ਕਰ ਬੈਠੀਓਂ। ਅਜ ਭਰਾ ਨੇ ਮੈਨੂੰ ਹਲ ਫੜਾ ਦਿੱਤਾ – ਬੜਾ ਗ਼ੁੱਸੇ ਹੋਇਆ, ਮੇਰਾ ਸਿਆੜ ਸਿੱਧਾ ਨਹੀਂ ਸੀ, ਮਾਰਨ ਨੂੰ ਆਉਂਦਾ ਸੀ।'

"ਪਰ ਮੇਰੀ ਬੇਧਿਆਨੀ ਉੱਤੇ ਚੜ੍ਹਿਆ ਕਹਿਰ ਉਹਦਾ ਉਤਰਿਆ ਨਾ; ਤੇ ਉਹ ਬੋਲੀ :

'ਭਰਾਵਾਂ ਦਾ ਕੰਮ ਤੈਨੂੰ ਪਸੰਦ ਨਹੀਂ, ਭਾਬੀਆਂ ਨੂੰ ਤੂੰ ਅੱਖ ਹੇਠ ਨਹੀਂ ਧਰਦਾ, ਵੇਖਾਂਗੀਆਂ ਨਾ ਜਦੋਂ ਤੂੰ ਸਿਆਲਾਂ ਦੀ ਹੀਰ ਪਰਣਾ ਲਿਆਇਓਂ!'

ਮੁਟਿਆਰ ਦਾ ਮੂੰਹ ਮੁਸਕਰਾਇਆ!

"ਹੀਰ ਦੇ ਹੁਸਨ ਦੀ ਮਹਿਮਾ ਸਾਡੇ ਪਿੰਡੀਂ ਵੀ ਹੈ – ਪਰ ਸੱਚ ਪੁੱਛੇਂ ਭਾਬੀ ਦੇ ਮਿਹਣੇ ਨੇ ਮੇਰੇ ਕਾਲਜੇ ਰੁੱਗ

ਭਰ ਲਿਆ ਤੇ ਮੇਰੇ ਮੂੰਹੋਂ ਨਿਕਲ ਗਿਆ :

'ਕੀ ਪਤੈ, ਭਾਬੀ, ਸੰਜੋਗਾਂ ਦਾ !'

"ਇਹ ਸੁਣ ਉਹ ਹੋਰ ਵੀ ਵਿਗੜ ਬੈਠੀ ।" ਕਹਿੰਦੀ ਏ :

'ਜਾ ਫੇਰ ਵਡੇ ਸੰਜੋਗਾਂ ਵਾਲਿਆ, ਕੋਈ ਠਿਕਾਣਾ ਆਪਣਾ ਕਰ ਲੈ, ਅਸੀਂ ਨਹੀਓਂ ਕਲ੍ਹ ਤੋਂ ਪਕਾ ਪਕਾ ਕੇ ਅਗੇ ਧਰਨੀਆਂ । ਹੱਥ ਅਸੀਂ ਧਲੂਖੀਏ, ਵੰਝਲੀ ਤੇਰੀ ਵਜੇ ਹੋਰਾਂ ਦੇ ਵਿਹੜੇ । ਅਜ ਤਾਂ ਖਾ ਲੈ, ਪਰ ਕਲ੍ਹ ਸਾਡੇ ਘੜੇ ਤੇਰੇ ਲਈ ਪਾਣੀ ਨਹੀਓਂ ਹੋਣਾ ।'

"ਸਾਰੀ ਰਾਤ ਭਾਬੀ ਦੇ ਇਹ ਬੋਲ ਠੱਕ ਠਕ ਮੇਰੇ ਕੰਨਾਂ ਵਿਚ ਵਜਦੇ ਰਹੇ । ਵਿਚ ਵਿਚ ਸੰਜੋਗ ਮੈਨੂੰ ਸਿਆਲਾਂ ਦੇ ਘਰ ਲਿਜਾ ਕੇ ਹੋਰ ਤਰ੍ਹਾਂ ਦੀ ਰਾਸ ਵੀ ਰਚਾਂਦੇ ਰਹੇ, ਪਰ ਜਦੋਂ ਪਰਭਾਤੇ ਮੇਰੀ ਅੱਖ ਖੁਲ੍ਹੀ, ਮੇਰੇ ਚੇਤੇ ਵਿਚ ਭਾਬੀ ਦਾ ਬੋਲ ਰੜਕ ਰਿਹਾ ਸੀ : 'ਕਲ੍ਹ ਤੋਂ ਅਸਾਂ ਤੇਰੇ ਲਈ ਹੱਥ ਨਹੀਂ ਧਲੂਖਣੇ ।'

"ਮੈਂ ਘਬਰਾ ਕੇ ਉਠਿਆ, ਖੰਡੀ ਵੰਝਲੀ ਚੁਕ ਲਈ ਤੇ ਘਰੋਂ ਵਗ ਤੁਰਿਆ, ਮਸੀਤਾਂ ਡੇਰਿਆਂ ਵਿਚ ਰਾਤੀਂ ਕਟਦਾ ਮੈਂ ਏਥੇ ਪੁਜਾ ਹਾਂ ।"

"ਏਥੇ ਕੀ ਕਰਨ ਦਾ ਤੇਰਾ ਖ਼ਿਆਲ ਏ ।"

"ਹੀਰ ਦੇ ਪਿੰਡ ਵਿਚ ਕੋਈ ਕੰਮ ਲਭਾਂਗਾ ਤੇ ਉਡੀਕਾਂਗਾ ਜੇ ਕਿਸਮਤ ਮੇਰੇ ਉੱਤੇ ਤਰਸਵਾਨ ਹੋ ਜਾਏ ।"

"ਤੇ ਜੇ ਨਾ ਹੋਈ ?" ਮੁਟਿਆਰ ਨੇ ਮੁਸਕਰਾ ਕੇ ਪੁੱਛਿਆ ।

"ਦੋ ਤਸੱਲੀਆਂ ਤਾਂ ਫੇਰ ਵੀ ਕਿਤੇ ਨਹੀਂ ਗਈਆਂ । ਇਕ, ਕਿਸੇ ਭਾਬੀ ਦਾ ਮਿਹਣਾ ਹਿੱਕ ਨਹੀਂ ਸਾੜੇਗਾ ਦੂਜੀ ਸ਼ੈਦ ਕਦੇ ਹੀਰ ਮੇਰੀ ਵੰਝਲੀ ਸੁਣ ਲਏ ।"

ਘੱਗਰੀ, ਕੁੜਤੀ, ਦੁਪੱਟੇ ਤੋਂ ਮੁਟਿਆਰ ਦੀ ਦੱਖ ਬੜੀ ਅਡੋਲ ਦਿਸਦੀ ਸੀ, ਪਰ ਹੇਠਾਂ ਉਹਦੇ ਸਰੀਰ ਦਾ ਇਕ ਇਕ ਰੋਮ ਪਿਆਰ ਦੀ ਰੌ ਨੇ ਬਿਜਲਾਇਆ ਹੋਇਆ ਸੀ ।

"ਚੰਗਾ ਰਾਂਝਿਆ, ਮੇਰਾ ਕੌਲ ਏ, ਤੇਰਾ ਭੇਤ ਨਹੀਂ ਉਘਾੜਾਂਗੀ । ਮੈਂ ਤੈਨੂੰ ਕੰਮ ਲਭਾਣ ਵਿਚ ਵੀ ਮਦਦ ਕਰਾਂਗੀ । ਹੀਰ ਨੂੰ ਤੇਰੀ ਵੰਝਲੀ ਵੀ ਸੁਣਵਾ ਦਿਆਂਗੀ । ਉਹਨੂੰ ਤੂੰ ਪਰਨਾ ਸਕੇਂ ਕਿ ਨਾ; ਇਹ ਤੇਰੇ ਤੇ ਉਹਦੇ ਸੰਜੋਗ ।"

ਰਾਂਝਾ ਹੀਰ ਦੇ ਮੂੰਹ ਵਲ ਵੇਖਣ ਲਗ ਪਿਆ ਤੇ ਉਹ ਆਪਣੇ ਮਨ ਕੋਲੋਂ ਪੁਛ ਰਿਹਾ ਸੀ : "ਕੀ ਹੀਰ ਇਹਦੇ ਨਾਲੋਂ ਵੀ ਸੁਹਣੀ ਹੋਵੇਗੀ ?"

"ਬੀਬੀ, ਖ਼ਬਰਦਾਰ, ਪੱਤਣ ਆ ਗਿਐ !" ਲੁੱਡਣ ਕਾਹਲੀ ਕਾਹਲੀ ਵੰਝ ਟਿਕਾ ਰਿਹਾ ਤੇ ਵਹੁਟੀ ਨੂੰ ਤਾੜ ਰਿਹਾ ਸੀ : "ਆਪਣੇ ਵਲ — ਹੋਰ ਖਿਚਕੇ......"

ਮਲਕ ਚੂਚਕ ਆਪਣੇ ਘਰ ਦੇ ਮੋਕਲੇ ਪਸਾਰ ਵਿਚ ਬੈਠਾ ਮਲਕੀ ਨਾਲ ਝੂਰ ਰਿਹਾ ਸੀ ਕਿ ਮਾਲ ਦਾ ਹਾਲ ਮੰਦਾ ਏ, ਕੋਈ ਚੰਗਾ ਚਾਕ ਲਭਦਾ ਨਹੀਂ, ਮੱਝੀਆਂ ਦੁੱਧੋਂ ਘਟ ਗਈਆਂ ਨੇ, ਲੋਕਾਂ ਦੀਆਂ ਪੈਲੀਆਂ ਵਰਾਨ ਕਰਦੀਆਂ ਨੇ ।

ਏਨੇ ਨੂੰ ਹੀਰ ਦੀਆਂ ਪੰਜੇਬਾਂ ਠਣਕੀਆਂ ਤੇ ਉਹ ਮਾਂ ਦੀ ਮੰਜੀ ਉਤੇ ਆ ਧਮਕੀ ।

"ਮੱਝੀਂ ਦਾ ਚਾਕ, ਮਾਂ, ਮੈਂ ਲਭ ਲਿਆਈ ਆਂ !"

"ਕਿਥੋਂ ਲਭਾ ਈ ? ਧੀਏ, ਮੱਝੀਂ ਦੀਆਂ ਗੱਲਾਂ ਹੀ ਪਿਉ ਤੇਰਾ ਪਿਆ ਕਰਦਾ ਸੀ ।"

"ਮਾਂ, ਹੈ ਵੀ ਬੜਾ ਚੰਗਾ, ਕੋਈ ਮੜਾ ਮਸੱਲੀ ਨਹੀਓਂ, ਜਟ ਏ ਚੰਗੇ ਘਰ ਦਾ ।" ਹੀਰ ਦਾ ਚਾਅ ਮਿਉਂਦਾ ਨਹੀਂ ਸੀ ।

"ਜੱਟ, ਧੀਏ, ਕਿਧਰੋਂ ਆ ਗਿਐ ?"

"ਸਾਈਂ ਨੇ ਘਲਿਆ ਜਾਪਦੈ। ਘਰ ਕਿਸੇ ਮਿਹਣਾ ਗਾਲ੍ਹ ਦਿਤੀ ਸੂ, ਨਹੀਂ ਸਹਾਰੀ, ਨਠ ਆਇਐ। ਬੜਾ ਅਣਖੀ ਨੱਢਾ ਏ, ਕਹਿੰਦੈ ਭਾਵੇਂ ਕੁਝ ਹੋ ਜਾਏ, ਓਸ ਘਰ ਨਹੀਂ ਮੁੜਨਾ।"

ਮਾਂ ਪਿਉ ਨੇ ਵੇਖਿਆ, ਘੋਖਿਆ, ਹੱਡਾਂ ਦਾ ਕੁਝ ਸੋਹਲ, ਪਰ ਜਿੰਦ ਤੇ ਜ਼ਿੱਦ ਦਾ ਪੀਡਾ ਜਾਪਿਆ। ਹਵੇਲੀ ਵਿਚ ਉਹਨੂੰ ਰਹਿਣ ਲਈ ਥਾਂ ਮਿਲ ਗਈ; ਡੰਗਰਾਂ ਦੀ ਜਾਣ ਪਛਾਣ ਹੀਰ ਨੇ ਆਪ ਕਰਾਈ ਤੇ ਉਹਨੂੰ ਹੌਂਸਲਾ ਦਿਤਾ ਕਿ ਬੇਲੇ ਵਿਚ ਬਹੁਤੀ ਵਾਰੀ ਰੋਟੀ ਉਹ ਆਪ ਪੁਚਾਏਗੀ ਤੇ ਹੋਰ ਵਾਗੀਆਂ ਨਾਲ ਉਹਦੀ ਗੱਲ ਬਾਤ ਕਰਾਏਗੀ।

ਰਾਂਝਾ ਸਾਰਾ ਦਿਨ ਬੇਲੇ ਵਿਚ ਰਹਿੰਦਾ। ਕੁਝ ਦਿਨ ਨਮੋੜ ਡੰਗਰ ਉਹਨੂੰ ਔਖੇ ਲਗੇ, ਪਰ ਉਹਦੀ ਵੰਝਲੀ ਨੇ ਸਭ ਔਖਿਆਈਆਂ ਦੂਰ ਕਰ ਦਿਤੀਆਂ। ਵੰਝਲੀ ਦੁਆਲੇ ਵਾਗੀਆਂ ਦਾ ਝੁਰਮਟ ਪੈ ਜਾਂਦਾ।

"ਮੱਝੀਂ ਆਪਣੀਆਂ ਦਾ ਤੂੰ ਕੋਈ ਫ਼ਿਕਰ ਨਾ ਕਰ; ਮਜਾਲ ਏ ਤੇਰੇ ਡੰਗਰਾਂ ਦਾ ਕਿਤੋਂ ਉਲ੍ਹਾਮਾ ਆਵੇ। ਤੂੰ ਸਾਨੂੰ ਵੰਝਲੀ ਸੁਣਾ ਛਡਿਆ ਕਰ।" ਸਾਰੇ ਵਾਗੀ ਰਾਂਝੇ ਦੇ ਆਸ਼ਕ ਹੋ ਗਏ ਸਨ।

ਜੰਗਲ ਬੇਲੇ ਵੰਝਲੀ ਦੀ ਸੱਦ ਨਾਲ ਗੂੰਜਣ ਲਗ ਪਏ। ਕਈ ਜੱਟ ਵੀ ਜੋਤਰਾ ਲਾ ਕੇ ਸੁਣਨ ਆ ਜਾਂਦੇ, ਪਰ ਦੁਪਹਿਰਾਂ ਹੁੰਦਿਆਂ ਈਂ ਉਹ ਵੰਝਲੀ ਡੱਬ ਵਿਚ ਟੁੰਗ ਲੈਂਦਾ ਤੇ ਆਂਹਦਾ : "ਮੇਰੀ ਰੋਟੀ ਆਉਣ ਵਾਲੀ ਏ।"

ਨਿਤ ਹੀਰ ਉਹਦੀ ਰੋਟੀ ਲਿਆਉਂਦੀ, ਜਿਹੜੀ ਬਹੁਤੀ ਵਾਰੀ ਓਸ ਆਪੇ ਪਕਾਈ ਹੁੰਦੀ ਸੀ। ਓਸ ਰੋਟੀ ਵਿਚ ਕਿਹੋ ਜਿਹਾ ਬਲ ਸੀ ! ਰਾਂਝਾ ਸੋਹਲ-ਅੰਗਾ ਨਹੀਂ, ਪੂਰਾ ਗੱਭਰੂ ਬਣ ਗਿਆ ਸੀ ਤੇ ਕਦੇ ਸਾਹਮਣੇ ਬੈਠੀ ਹੀਰ ਨੂੰ ਹੱਸ ਕੇ ਕਹਿੰਦਾ :

"ਕਿਹੋ ਜਿਹੀ ਮੋਮੋਠਗਣੀ ਬਣ ਕੇ ਬੇੜੀ ਵਿਚ ਤੂੰ ਮੇਰਾ ਸਾਰਾ ਹਾਲ ਪੁਛ ਲਿਆ ਤੇ ਆਪ ਤੂੰ ਮੈਥੋਂ ਲੁਕੀ ਰਹੀਓਂ।"

"ਸਚ ਦੱਸੀਂ ਖਾਂ, ਰਾਂਝਣਾ, ਉਹ ਤੇਰੀ ਮੋਮੋਠਗਣੀ ਸੁਹਣੀ ਸੀ, ਕਿ ਇਹ ਤੇਰੇ ਸਾਹਮਣੇ ਬੈਠੀ ਹੀਰ ?"

ਦੁੱਧ-ਮਿਠੀ ਲੱਸੀ ਦਾ ਅਖ਼ੀਰਲਾ ਘੁਟ ਪੀ ਤੇ ਮੁਸਕਰਾਂਦੇ ਬੁਲ੍ਹ ਪੂੰਝ ਕੇ ਰਾਂਝਾ ਦਸਦਾ :

"ਉਹ ਬੇੜੀ ਵਾਲੀ ਹੀਰ, ਸਚ ਆਖਾਂ ਬੜੀ ਸੁਹਣੀ ਸੀ, ਕੋਈ ਪਰੀ ਲਗਦੀ ਸੀ, ਪਰ ਇਹ ਸਾਹਮਣੇ ਬੈਠੀ ਹੀਰ ਬੜੀ ਪਿਆਰੀ ਏ, ਮੈਨੂੰ ਆਪਣੀ ਲਗਦੀ ਏ।"

"ਤੇਰੇ ਸਦਕੇ, ਰਾਂਝਣਾ, ਫੜਾ ਮੈਨੂੰ ਆਪਣੀ ਵੰਝਲੀ।"

ਹਮੇਸ਼ਾ ਹੀਰ ਵੰਝਲੀ ਮੰਗ ਲੈਂਦੀ, ਜਾਂ ਰਾਂਝਾ ਆਪੇ ਫੜਾ ਦੇਂਦਾ, ਜਦੋਂ ਵੀ ਦੋਂਹ 'ਚੋਂ ਕਿਸੇ ਨੂੰ ਬੜਾ ਪਿਆਰ ਆਉਂਦਾ। ਰਾਂਝਾ ਆਖਦਾ : "ਹੀਰੇ, ਇਹ ਵੰਝਲੀ ਮੇਰੇ ਬੁਲ੍ਹਾਂ ਨਾਲ ਲਗੀ ਰਹਿਣ ਕਰਕੇ ਮੇਰੇ ਬੁਲ੍ਹ ਹੀ ਬਣ ਗਈ ਏ। ਮਾਰ ਖਾਂ ਫੂਕ ਇਹਦੇ ਵਿਚ, ਇਹਦੀਆਂ ਮੋਰੀਆਂ ਥਾਂਈਂ ਤੇਰੇ ਬੁਲ੍ਹ ਮੈਨੂੰ ਪਹੁੰਚ ਜਾਣਗੇ।"

ਪਿਆਰ-ਪੀਂਘਾਂ ਉਤੇ ਝੂਟਦੀਆਂ ਦੋ ਜਿੰਦਾਂ ਆਪਾ ਭੁਲ ਗਈਆਂ। ਰਾਂਝੇ ਨੂੰ ਕਿਸੇ ਦਾ ਚਾਕ ਹੋਣਾ ਭੁਲ ਗਿਆ, ਹੀਰ ਨੂੰ ਆਪਣਾ ਅੱਥਰਾਪਨ ਭੁਲ ਗਿਆ। ਬੇੜੀ ਵਿਚ ਚੜ੍ਹ ਕੇ ਭੋਂਔਣਾ ਤੇ ਦਰਿਆ ਉਤੇ ਖਰੂਦ ਕਰਨਾ ਭੁਲ ਗਿਆ। ਉਹਦੀ ਮਾਂ ਖ਼ੁਸ਼ ਸੀ, ਹੁਣ ਕਦੇ ਉਲਾਂਭਾ ਨਹੀਂ ਆਇਆ।

ਹੀਰ ਕਾਮੀ ਵੀ ਬੜੀ ਹੋ ਗਈ : ਕੱਤ ਕੱਤ ਕੇ ਛਿੱਕੂ ਓਸ ਭਰ ਦਿੱਤੇ, ਰੋਟੀ ਵਿਚ ਵੀ ਅੱਧਾ ਕੰਮ ਓਸ ਮਾਂ ਦਾ ਸਾਂਭ ਲਿਆ। ਅਗਲੇ ਚਾਕ ਸਦਾ ਰੋਟੀਓਂ ਕਪੜਿਓਂ, ਰਹਿਣੀਓਂ ਸ਼ਕਾਇਤਾਂ ਹੀ ਕਰਦੇ ਰਹਿੰਦੇ ਸਨ, ਇਹ ਚਾਕ ਸੀ ਜਿਵੇਂ ਘਰ ਦਾ ਕੋਈ ਬੰਦਾ, ਨਾ ਰੁਖੀ ਦਾ ਗਿਲਾ, ਨਾ ਅਲਾਣੀ ਦਾ ਉਲ੍ਹਾਮਾ। ਮਝੀਂ ਰਾਜ਼ੀ ਸਨ। ਮਲਕੀ ਸਾਰੇ ਸਿਆਲਾਂ ਦੇ ਘਰੀਂ ਦਹੀਂ ਲੱਸੀ ਭੇਜਣ ਲਗ ਪਈ ਸੀ। ਇਕ ਜੋੜੇ ਦੇ ਪਿਆਰ ਨੇ ਸਾਰੇ ਪਿੰਡ ਉੱਤੇ ਅਸਰ ਪਾ ਦਿੱਤਾ। ਨੱਢਿਆਂ ਦੀਆਂ ਸ਼ਰਾਰਤਾਂ ਰਾਂਝਣ ਦੀ ਵੰਝਲੀ ਨੇ ਸੂਰ ਕਰ ਲਈਆਂ, ਤੇ ਨੱਢੀਆਂ ਨੂੰ ਹੀਰ ਨੇ ਆਹਰੇ ਲਾ

ਲਿਆ, ਤ੍ਰਿੰਜਣਾਂ ਵਿਚ ਰੌਣਕ ਵਧ ਗਈਆਂ । ਛੇੜਖਾਨੀਆਂ ਘਟ ਗਈਆਂ ।

ਹੀਰ ਰੂਹ ਪ੍ਰਾਣ ਸੀ ਸਾਰੇ ਘਰ ਦੀ, ਉਹਦੀ ਜਿੰਦ ਨਾਲ ਹਵੇਲੀਆਂ ਬਣ ਬਣ ਪੈਂਦੀਆਂ । ਜੇ ਕਦੇ ਉਹ ਦਿਨ ਦਿਹਾਰ ਕਿਤੇ ਜਾਂਦੀ, ਕਾਮੇ ਪੁਛਣ ਲਗਦੇ, ਬੀਬੀ ਨਹੀਂ ਦਿੱਸੀ । ਤੇ ਜੇ ਦਿਨ ਵਧੇਰੇ ਲਗ ਜਾਂਦੇ, ਤਾਂ ਕਾਮਿਆਂ ਨੂੰ ਰੋਟੀ ਸੁਆਦ ਨਾ ਦੇਂਦੀ । ਕਿਸੇ ਨੂੰ ਲੱਸੀ ਦਾ ਘੁਟ ਘਟ ਮਿਲਿਆ, ਤੇ ਕਿਸੇ ਨੂੰ ਗੰਢਿਓਂ ਨਾਂਹ ਹੋ ਗਈ ਹੁੰਦੀ ।

ਦੋ ਵਰ੍ਹੇ ਲੰਘ ਗਏ । ਮਾਪਿਆਂ ਨੂੰ ਹੀਰ ਦੇ ਵਿਆਹ ਦਾ ਖ਼ਿਆਲ ਜੇ ਕੋਈ ਕਰਾਂਦਾ ਤਾਂ ਮਾਂ ਨੂੰ ਧੀ ਬਗਾਨੇ ਘਰ ਚਲੀ ਜਾਣ ਦਾ ਹੌਲ ਪੈ ਜਾਂਦਾ, ਤੇ ਉਹ ਆਂਹਦੀ; "ਹੀਰ ਮੇਰੀ ਅਜੇ ਅੰਞਾਣੀ ਤਾਂ ਹੈ, ਕੀਕਰ ਬਾਲਾਂ ਵਾਂਗ ਆ ਗਲ ਚੰਬੜਦੀ ਏ !"

ਪਰ ਪਿੰਡ ਵਿਚ ਇਕ ਬੰਦਾ ਜ਼ਰੂਰ ਸੀ ਜਿਹਨੂੰ ਹੀਰ ਦੀ ਜਵਾਨੀ ਗਲ ਗਲ ਚੜ੍ਹੀ ਚੁਭਦੀ ਸੀ । ਇਹ ਸੀ ਉਹਦਾ ਲੰਙਾ ਚਾਚਾ ਕੈਦੋ । ਮੁੱਢੋਂ ਹੀ ਕੈਦੋ ਲੰਙੇ ਨੇ ਕੰਮ-ਕਾਜ ਕੋਈ ਕੀਤਾ ਨਾ, ਹਰ ਕਿਸੇ ਦੀ ਟੋਕ ਦਾ ਨਿਸ਼ਾਨਾ ਉਹ ਬਣਿਆ ਰਿਹਾ, ਓੜਕ ਟੋਕਾਂ ਤੋਂ ਤੰਗ ਆ ਕੇ ਉਹ ਫ਼ਕੀਰ ਬਣ ਗਿਆ । ਤਵੀਤ ਮਣਕੇ ਦੇ, ਤੇ ਕਲਾਮ ਦੁਆ ਪੜ੍ਹ ਓਸ ਆਪਣੀ ਚੰਗੀ ਭਲ ਪੁਆ ਲਈ । ਜਿਹੜੇ ਟੋਕ ਕੀਤੇ ਬਿਨਾਂ ਕੋਲੋਂ ਨਹੀਂ ਸਨ ਲੰਘਦੇ, ਉਹ ਸਲਾਹ ਪੁੱਛੇ ਬਿਨਾਂ ਹੁਣ ਰਾਹ ਨਹੀਂ ਸਨ ਪੈਂਦੇ । ਸਾਰੇ ਪਿੰਡ ਦੀ ਨੇਕੀ ਬਦੀ – ਬਹੁਤੀ ਬਦੀ – ਦੀ ਉਹ ਸਾਰ ਰਖਦਾ । ਧੀਆਂ ਭੈਣਾਂ ਉਹਦੇ ਕੋਲੋਂ ਬੜਾ ਖ਼ੌਫ਼ ਖਾਂਦੀਆਂ ।

ਦੂਜੇ ਦੀ ਖ਼ੁਸ਼ੀ ਉਹਨੂੰ ਮਹੁਰਾ ਲਗਦੀ ਸੀ । ਕੋਈ ਹੱਸੇ, ਉਹਦਾ ਸੀਨਾ ਚਾਕ ਹੁੰਦਾ ਸੀ; ਕੋਈ ਗਲ ਮਿਲੇ, ਉਹਦਾ ਗਲ ਘੁੱਟਿਆ ਜਾਂਦਾ ਸੀ, ਕੋਈ ਖਿੜਿਆ ਦਿੱਸੇ ਉਹ ਖਿੰਘਰ ਹੋ ਜਾਂਦਾ ਸੀ । ਆਪਣੀ ਖ਼ੁਸ਼ੀ ਉਹਦੇ ਕੋਲੋਂ ਲੁਕੋ ਕੇ ਰਖਣਾ ਹਰ ਕਿਸੇ ਲਈ ਸਵਾਲ ਬਣ ਗਿਆ ਸੀ । ਪਿੰਡੋਂ ਬਾਹਰਵਾਰ ਚੂਚਕ ਨੇ ਉਹਨੂੰ ਕੋਠਾ ਪੁਆ ਦਿਤਾ ਸੀ । ਏਸ ਕੋਠੇ ਦੇ ਸਾਹਮਣੇ ਵਲ ਹੀ ਉਹ ਬੇਲਾ ਸੀ, ਜਿਹਨੂੰ ਰਾਂਝੇ ਦੀ ਵੰਝਲੀ ਨੇ ਕਿਸੇ ਅਬਨਾਸ਼ੀ ਪਿਆਰ ਦਾ ਰਾਸ-ਘਰ ਬਣਾ ਦਿਤਾ ਸੀ ।

ਏਸ ਬੇਲੇ ਉਤੇ ਬਹਾਰ ਆਈ ਹੋਈ ਸੀ । ਕਿੱਕਰ ਫੁੱਲੇ ਹੋਏ – ਕਰੀਰ ਦੂਲ੍ਹੇ ਬਣੇ ਖੜੋਤੇ ਸਨ । ਨਦੀ ਦਾ ਪਾਣੀ ਨਿਰਮਲ ਸੀ, ਭਾਵਾਂ ਸੋਘਣੀਆਂ ਤੇ ਪੰਛੀਆਂ ਦੇ ਖੰਭ ਚਮਕਦੇ ਸਨ । ਮਾਲ ਦੀਆਂ ਕੁੱਖਾਂ ਭਰੀਆਂ ਦੇ ਪਿੰਡੇ ਲਿਸ਼ਕਦੇ ਸਨ । ਤੇ ਕੁਦਰਤ ਦੀ ਏਸ ਹੁਸਨ-ਗਾਹ ਵਿਚ ਰਾਂਝੇ ਦੀ ਵੰਝਲੀ ਆਸ਼ਕਾਂ ਨੂੰ ਸੱਦ ਸੱਦ ਬੁਲਾਂਦੀ ਸੀ ।

ਪਰ ਕੈਦੋ ਦੇ ਅੰਦਰ ਕੁਦਰਤ ਦੀ ਏਸ ਬਹਾਰ ਨੇ ਸਾਰੇ ਪੱਤ ਝਾੜ ਦਿਤੇ । ਉਹ ਮੌਕੇ ਤਾੜਦਾ ਕਿ ਕਿਸੇ ਬੁਲ੍ਹਾਂ ਤਕ ਆਏ ਪ੍ਰੇਮ-ਪਿਆਲੇ ਨੂੰ ਉਹ ਭੁੰਜੇ ਪਟਕਾ ਮਾਰੇ । ਹੀਰ ਖ਼ਾਸ ਕਰ ਉਹਦੇ ਸਾੜੇ ਦਾ ਨਿਸ਼ਾਨਾ ਸੀ, ਪਰ ਉਹਦਾ ਪਿਆਰ ਡੂੰਘੀ ਨਦੀ ਵਾਂਗ ਆਪਣੀ ਡੂੰਘਾਈ ਜਿੰਨਾ ਹੀ ਬੇ-ਵਿਖਾਲਾ ਸੀ ।

ਇਕ ਦਿਨ ਹੀਰ ਜਦੋਂ ਕੈਦੋ ਦੇ ਕੋਠੇ ਕੋਲੋਂ ਲੰਘ ਕੇ ਬੇਲੇ ਵਲ ਗਈ, ਕੈਦੋ ਨੂੰ ਸੁਹਣੇ ਪਕਵਾਨ ਦੀ ਖ਼ੁਸ਼ਬੋ ਆਈ । ਅੱਖ ਬਚਾ ਕੇ ਦਰਖ਼ਤਾਂ ਪਿੱਛੇ ਲੁਕਦਾ ਉਹ ਮਗਰੇ ਤੁਰਦਾ ਗਿਆ ।

ਫੁੱਲਾਂ-ਲੱਦੇ ਇਕ ਕਰੀਰ ਦੀ ਛਾਵੇਂ ਰਾਂਝਾ ਬੈਠਾ ਉਡੀਕ ਰਿਹਾ ਸੀ । ਹੀਰ ਨੂੰ ਵੇਖ ਕੇ ਉਠ ਖਲੋਤਾ । ਜਦੋਂ ਹੀਰ ਨੇ ਭੱਤਾ ਹਥ ਫੜਾਇਆ, ਤਾਂ ਅਜ ਰਾਂਝੇ ਨੇ ਉਹਦੀਆਂ ਦੋਵੇਂ ਵੀਣੀਆਂ ਫੜ ਲਈਆਂ :

"ਹੀਰੇ ਅਜ ਮੈਂ ਕੋਈ ਗੱਲ ਕਰ ਕੇ ਹੀ ਰੋਟੀ ਖਾਣੀ ਏ ।"

"ਕਿਉਂ, ਰਾਂਝਾ ਮੇਰਾ ਅਜ ਮੇਰੇ ਨਾਲ ਗੁੱਸੇ ਏ ?"

"ਨਹੀਂ ਹੀਰੇ, ਬੜਾ ਰਾਜ਼ੀ, ਪਰ ਕਦੇ ਕਦੇ ਜੀਅ ਵਿਚ ਕੁਝ ਹੋਣ ਲਗ ਪੈਂਦਾ ਏ ।"

"ਆ ਬਹਿ ਕੇ ਗੱਲਾਂ ਕਰੀਏ – ਜੋ ਚਾਹੇਂ ਮੈਨੂੰ ਆਖ – ਮੈਂ ਬਾਂਦੀ ਤੇਰੀ ਆਂ ।" ਭੱਤਾ ਰਖ ਦਿੱਤਾ, ਦੋਵੇਂ ਆਹਮੋਂ-ਸਾਹਮਣੇ ਬਹਿ ਗਏ । ਹੀਰ ਹੋਰ ਨੇੜੇ ਹੋ ਗਈ ।

"ਦੋ ਵਰ੍ਹੇ ਲੰਘਦੇ ਮੈਨੂੰ ਜਾਪਦੇ ਨਹੀਂ, ਪਰ ਹੁਣ ਰਾਤਾਂ ਪਹਾੜ ਬਣ ਗਈਆਂ ਨੇ – ਆਹਨਾਂ, ਅਖ਼ੀਰ ਕੀ – ਮੱਝਾਂ ਹੀ ਚਾਰਦਾ ਰਹਾਂਗਾ, ਤੇ ਰੋਟੀ ਖਾ ਛੱਡਾਂਗਾ।"

ਹੀਰ ਨੇ ਰਾਂਝੇ ਦਾ ਹਥ ਫੜ ਲਿਆ।

"ਆਖ, ਰਾਂਝਣਾ, ਤੂੰ ਕੀ ਚਾਹਨਾਂ ਏਂ ?"

"ਮੈਂ ਜਾਣਨਾ ਚਾਹਨਾਂ, ਕੀ ਇਹ ਬਹਿਸ਼ਤ ਮੇਰਾ ਆਪਣਾ ਏ ਕਿ ਮੈਂ ਕਿਸੇ ਦੇ ਬਹਿਸ਼ਤ ਨੂੰ ਚੋਰੀ ਠੂੰਗੇ ਮਾਰ ਰਿਹਾ ਹਾਂ।"

ਹੀਰ ਨੇ ਰਾਂਝਣ ਗਲ ਬਾਹਾਂ ਪਾ ਕੇ ਆਖਿਆ :

"ਰੱਬ ਦੇ ਰੂਬਰੂ, ਰਾਂਝਿਆ, ਮੈਂ ਤੇਰੀ ਹੋਈ !"

"ਫੇਰ ਸਾਰੀ ਉਮਰ ਮੈਂ ਮੱਝੀਆਂ ਚਰਾਂਦਾ ਰਹਿ ਸਕਦਾ ਹਾਂ।"

ਹੀਰ ਨੇ ਭੱਤਾ ਖੋਲ੍ਹ ਕੇ ਅਗੇ ਧਰ ਦਿੱਤਾ। ਰਾਂਝੇ ਦੀ ਇਸ਼ਕ-ਵੇਲ ਉਤੇ ਅਜ ਪਹਿਲਾ ਫੁਲ ਟਹਿਕਿਆ ਸੀ। ਹੀਰ ਉਹਦੇ ਉਤੇ ਮਿਹਰਬਾਨ ਸੀ, ਉਹ ਚਿਰਾਂ ਤੋਂ ਜਾਣਦਾ ਸੀ, ਪਰ ਨਿਰੀ ਮਿਹਰਬਾਨੀ ਇਸ਼ਕ-ਵਲ ਤੇ ਖੇੜਾ ਨਹੀਂ ਲਿਆ ਸਕਦੀ। ਇਸ਼ਕ ਸਮੁਚੇ ਜਿੰਦ ਪ੍ਰਾਣ ਮੰਗਦਾ ਹੈ, ਤੇ ਹੀਰ ਨੇ ਇਸ਼ਕ ਦੀ ਮੰਗ ਪੂਰੀ ਕਰ ਦਿਤੀ। ਹੀਰ ਨੇ ਉਹਦੀ ਹੋਣ ਦਾ ਰੱਬ ਸਾਹਵੇਂ ਕੌਲ ਦੇ ਦਿਤਾ। ਰਾਂਝੇ ਨੇ ਤ੍ਰਿਪਤ ਹੋ ਕੇ ਰੀਝਾਂ ਨਾਲ ਪੱਕਾ ਭੱਤਾ ਖਾਧਾ, ਉਹਦੀ ਪਿਆਸ ਅਜ ਲੱਸੀ ਨਾਲੋਂ ਵਧ ਗਈ, ਤੇ ਹੀਰ ਛੰਨਾ ਲੈ ਕੇ ਨਦੀਓਂ ਪਾਣੀ ਲੈਣ ਗਈ।

ਇਕ ਮੰਗਤਾ ਕਿਧਰੋਂ ਆ ਨਿਕਲਿਆ, ਰਾਂਝੇ ਕੋਲੋਂ ਓਸ ਖਾਣ ਨੂੰ ਮੰਗਿਆ। ਛੰਨੇ 'ਚੋਂ ਰੁਗ ਭਰ ਕੇ ਰਾਂਝੇ ਨੇ ਉਹਨੂੰ ਫੜਾ ਦਿਤਾ। ਸੁੱਚੇ ਘਿਉ ਸ਼ੱਕਰ ਦੀ ਮਹਿਕ ਮੰਗਤੇ ਦੇ ਸਿਰ ਚੜ੍ਹ ਗਈ :

ਹੀਰ ਆ ਕੇ ਹਥ ਮਲਣ ਲਗੀ :

"ਡਾਢੇ ਵੈਰੀ ਦੀ ਚਾਲ ਵਿਚ ਆ ਗਿਓਂ।" ਹੀਰ ਨੇ ਬੜਾ ਅਫ਼ਸੋਸ ਕੀਤਾ।

"ਮੈਂ ਜਾਤਾ ਫ਼ਕੀਰ ਏ, ਖਾ ਕੇ ਅਸੀਸ ਦੇਵੇਗਾ।"

"ਅਸੀਸ ਏਸ ਫ਼ਕੀਰ ਕਦੇ ਕਿਸੇ ਨੂੰ ਦਿਤੀ ਨਹੀਂ, ਕੋਈ ਆਫ਼ਤ ਆਈ ਕਿ ਆਈ।" ਹੀਰ ਉਦਾਸ ਹੋ ਗਈ। ਰਾਂਝੇ ਨੇ ਬਾਹਾਂ ਫੜ ਕੇ ਫੇਰ ਗਲ ਪਾ ਲਈਆਂ।

"ਹੀਰੇ ਭੁਲ ਹੋ ਗਈ – ਪਰ ਜਦ ਤੂੰ ਮੇਰੀ ਏਂ, ਕਿਹੜੀ ਆਫ਼ਤ ਅਸੀਂ ਸਹਾਰ ਨਹੀਂ ਸਕਦੇ ?"

ਓਸ ਰਾਤ ਅੰਮੜੀ ਗਲ ਬਾਹਾਂ ਪਾਣ ਦਾ ਹੀਆ ਹੀਰ ਦਾ ਉਡ ਗਿਆ। ਅੰਮੜੀ ਹੋਰ ਦੀ ਹੋਰ ਹੋ ਗਈ ਉਹਨੂੰ ਦਿੱਸੀ।

"ਨੀ ਹੀਰੇ, ਉਤੋਂ ਸੁੱਚੀਏ, ਵਿਚੋਂ ਨਹੂੰ ਨਹੂੰ ਖੋਟੀਏ – ਤੈਨੂੰ ਪਿਉ ਦੀ ਦਾੜ੍ਹੀ ਦਾ ਵੀ ਲਿਹਾਜ਼ ਨਾ ਆਇਆ।" ਇਕ ਦਮ ਮਾਂ ਟੁੱਟ ਹੀ ਪਈ।

"ਅੰਮੜੀਏ, ਗੱਲ ਤਾਂ ਦਸ, ਮੈਥੋਂ ਕੀ ਤਕਸੀਰ ਹੋ ਗਈ ?" ਹੀਰ ਨੇ ਠਰ੍ਹੰਮੇ ਨਾਲ ਪੁਛਿਆ।

"ਨੀ ਤੈਨੂੰ ਨ੍ਹੇਰ ਪੈ ਜਾਏ – ਤੂੰ ਰਾਂਝੇ ਚਾਕ ਨੂੰ ਚੂਰੀਆਂ ਖੁਆਨੀ ਏਂ, ਤੂੰ ਉਹਦੇ ਨਾਲ ਬੇਲੇ ਵਿਚ ਸਭ ਸ਼ਰਮ ਹਯਾ ਰੋੜ੍ਹ ਛਡੀ ਏ – ਮੈਂ ਮੰਨਦੀ ਨਹੀਂ ਸਾਂ – ਆਖਾਂ ਨਾ ਮੇਰੀ ਧੀ ਇਹੋ ਜਿਹੀ, ਨਾ ਸਾਡਾ ਚਾਕ ਇਹੋ ਜਿਹਾ।"

"ਮਾਂ ਰਾਣੀਏ, ਐਡਾ ਰੋਹ ਨਾ ਕਰ। ਤੇਰੀ ਧੀ ਨੇ ਕੋਈ ਗੁਨਾਹ ਨਹੀਓਂ ਕੀਤਾ, ਕੋਈ ਗੱਲ ਬੇਸ਼ਰਮੀ ਦੀ ਨਹੀਓਂ ਕੀਤੀ – ਕੈਦੋਂ ਚਾਚੇ ਨੂੰ ਪਿੰਡ ਜਾਣਦੈ।"

"ਉਹਦੀ ਆਖੀ ਮੈਂ ਕਦੇ ਨਾ ਮੰਨਦੀ, ਪਰ ਆਹ ਵੇਖ ਖਾਂ, ਉਹ ਚੂਰੀ – ਸੁੱਧਾ ਹੀ ਸ਼ੱਕਰ ਘਿਉ ! ਏਨਾ ਘਿਉ ਤਾਂ ਮੈਂ ਕਦੇ ਤੇਰੇ ਪਿਉ ਨੂੰ ਵੀ ਪਾ ਕੇ ਨਹੀਂ ਦਿੱਤਾ।" ਮਾਂ ਬੜੀ ਔਖੀ ਹੋ ਰਹੀ ਸੀ।

"ਚੂਰੀ, ਮੈਂ ਠੀਕ ਲੈ ਗਈ ਸਾਂ, ਪਰ ਏਨਾ ਘਿਉ ਚਾਰੇ ਕੈਦੋ ਦਾ ਆਪਣਾ ਏ। ਮੈਂ ਤਾਂ ਰਤਾ ਚੰਗਾ ਚੋਪੜ ਕੇ ਸ਼ੱਕਰ ਵਿਚ ਰੋਟੀ ਮਲ ਲਈ ਸੀ। ਦੋ ਵਰ੍ਹੇ ਹੋ ਗਏ ਨੇ ਉਹਨੂੰ ਘਰੋਂ ਆਇਆਂ। ਸਾਡੇ ਘਰ ਵਿਚ ਓਸ ਦੁਧ ਦਾ ਬਹਿਰ ਵਗਾ ਦਿਤੈ, ਮੈਨੂੰ ਅਨਸਾਫ਼ ਨਹੀਂ ਸੀ ਜਾਪਦਾ ਕਿ ਅਸੀਂ ਨਿਤ ਖਾਈਏ, ਤੇ ਉਹ ਕਦੀਏ ਵੀ ਮੂੰਹ ਨਾ ਲਾਏ – ਮਾਂ, ਮੈਂ ਆਪ ਤੈਨੂੰ ਆਖਣ ਵਾਲੀ ਸਾਂ।"

ਮਾਂ ਹੀਰ ਦੇ ਮੂੰਹ ਵਲ ਵੇਖਣ ਲਗ ਪਈ। ਓਸੇ ਤਰ੍ਹਾਂ ਦਾ ਉਹਦਾ ਮੂੰਹ ਸੀ, ਸਗੋਂ ਹੋਰ ਵੀ ਮਾਸੂਮ, ਕਿਉਂਕਿ ਪਿਆਰ ਨੇ ਅਣ-ਮੌਲੇ ਦਿਲ ਦਾ ਸਾਰਾ ਖਰੂਦ ਘੜੀ ਦੋ ਘੜੀ ਦੀ ਰੋਜ਼ਾਨਾ ਮਿਲਣੀ ਵਿਚ ਰਚਾ ਲਿਆ ਸੀ।

ਪਰ ਪਿਉ ਨੂੰ ਕੈਦੋ ਨੇ ਗੱਲੀਂ ਲਾ ਲਿਆ। ਇਕ ਦੋ ਹੋਰ ਖੱਟੇ ਮੂੰਹ ਵਾਲੇ ਬੁੱਢਿਆਂ ਵੀ ਹੁੰਗਾਰਾ ਭਰ ਦਿਤਾ ਕਿ ਕੋਈ ਘਰ ਵੇਖ ਕੇ ਹੀਰ ਦਾ ਕਾਜ ਛੇਤੀ ਕਰ ਦੇਣਾ ਚਾਹੀਦਾ ਹੈ। ਬਸ ਫੇਰ ਕੀ ਸੀ, ਨਾਈ ਡੂੰਮ ਹਰ ਪਾਸੇ ਭੇਜ ਦਿਤੇ ਗਏ। ਹਰ ਪਾਸਿਓਂ ਖ਼ਬਰਾਂ ਆਉਣ ਲਗ ਪਈਆਂ। ਕਿਸੇ ਦੀ ਜਿਮੀਂ ਆਖਰਾਂ, ਕਿਸੇ ਦਾ ਮੁੰਡਾ ਯੂਸਫ਼ ਸਾਨੀ। ਸਾਰਾ ਦਿਨ ਹੀਰ ਦੇ ਮੰਗਣੇ ਦੀ ਚਰਚਾ ਹੀ ਪਿੰਡ ਵਿਚ ਹੁੰਦੀ ਰਹੇ।

ਗੱਲ ਰੰਗਪੁਰ ਵਾਲੇ ਖੇੜਿਆਂ ਉਤੇ ਮੁਕ ਗਈ। ਹੁਣ ਹੀਰ ਨੂੰ ਡੋਬ ਪੈਣ ਲਗੇ। ਓਸ ਮਾਂ ਨੂੰ ਆਪਣਾ ਦਿਲ ਦਸਣ ਦੀ ਸੋਚੀ।

"ਐਨੀਆਂ ਗੱਲਾਂ, ਅੰਮੜੀਏ, ਤੂੰ ਰੋਜ਼ ਮੈਨੂੰ ਆਹਨੀ ਏਂ ਤੇ ਮੈਂ ਸੁਣਦੀ ਹਾਂ, ਇਕ ਗੱਲ ਮੈਂ ਵੀ ਆਖਾਂ, ਜੇ ਤੂੰ ਸੁਣ ਲਵੇਂ?"

"ਸੁਣਾ ਹੀਰੇ, ਮੇਰੀਏ ਪ੍ਰਾਹੁਣੀਏ ਧੀਏ!"

"ਤੁਸੀਂ ਚਾਹੁੰਦੇ ਓ, ਮੁੰਡਾ ਚੰਗੀ ਕੁਲ ਤੇ ਭੋਂ ਦਾ ਮਾਲਕ ਹੋਵੇ, ਮੈਂ ਆਹਨੀਂ ਆਂ ਮਾਂ, ਰਾਂਝਾ ਸਭਨੀਂ ਗੱਲੀਂ ਪੂਰਾ ਏ, ਗਹੁ ਨਾਲ ਸੁਣੀਂ, ਮਾਂ, ਗੱਲ ਮੇਰੀ ਸੁਟ ਨਾ ਪਾਈਂ।" ਹੀਰ ਨੇ ਤਰਲਾ ਕੀਤਾ।

"ਨੀ, ਫੇਰ ਉਹੋ ਨ੍ਹੇਰ ਮਾਰਨ ਲਗੀਓਂ – ਤਾਂ ਕੈਦੋ ਸੱਚਾ ਹੀ ਸੀ?"

"ਨਹੀਂ ਮਾਂ, ਉਹ ਝੂਠਾ ਸੀ। ਤੈਨੂੰ ਓਦੋਂ ਮੈਂ ਇਹੀ ਆਖਿਆ ਸੀ ਕਿ ਨਾ ਮੈਂ ਤੇ ਨਾ ਰਾਂਝੇ ਕੋਈ ਗੱਲ ਸ਼ਰਮਾਣ ਵਾਲੀ ਕੀਤੀ ਏ। ਹੁਣ ਗੱਲ ਏ ਸਿਰ ਦਾ ਸਾਈਂ ਚੁਣਨ ਦੀ। ਜੇ ਰਾਂਝਾ ਚੰਗੀ ਕੁਲ ਤੇ ਚੰਗੀ ਜਾਇਦਾਦ ਦਾ ਮਾਲਕ ਹੋਵੇ, ਤਾਂ ਮੈਨੂੰ ਚੰਗਾ ਲੱਗਣ ਕਰਕੇ ਉਹ ਮੰਦਾ ਕਿਉਂ ਹੋ ਜਾਏ?"

"ਪਰ ਹੈ ਤਾਂ ਉਹ ਸਾਡਾ ਚਾਕ ਹੀ ਏ ਨਾ।" ਮਾਂ ਨੇ ਆਖਿਆ।

"ਓਸ ਚਾਕ ਨਹੀਂ ਸੀ ਹੋਣਾ, ਜੇ ਤੁਸੀਂ ਉਹਨੂੰ ਉਹਦੇ ਭਰਾਵਾਂ ਨਾਲ ਤੋਰ ਦੇਂਦੇ ਜਦੋਂ ਉਹ ਲੈਣ ਆਏ ਸਨ। ਉਹ ਜਾਂਦਾ ਨਹੀਂ ਸੀ, ਉਹਨੂੰ ਮੈਂ ਚੰਗੀ ਲਗਦੀ ਸਾਂ, ਤੁਸਾਂ ਤੋਰਿਆ ਨਾ, ਓਸ ਤੁਹਾਡਾ ਦੁਧ ਘਿਉ ਦੂਣਾ ਕਰ ਦਿਤੈ।"

ਮਾਂ ਸੋਚੀਂ ਪੈ ਗਈ: "ਇਹ ਤੇਰੀ ਗੱਲ ਝੂਠ ਕੋਈ ਨਹੀਂ – ਅਸਾਂ ਉਹਨੂੰ ਤੋਰਿਆ ਨਹੀਂ ਸੀ, ਏਦੂੰ ਚੰਗਾ ਚਾਕ ਅਸਾਂ ਕਦੇ ਵੇਖਿਆ ਨਹੀਂ।"

"ਅੜੀਏ ਮਾਂ, ਫੇਰ ਕਰ ਦਲੇਰੀ, ਧੀ ਦਾ ਜੀਊੜਾ ਅਸੀਸਾਂ ਦੇਊਗਾ, ਮੇਰੇ ਬਾਬਲ ਤੇ ਵੀਰਾਂ ਦੇ ਨਾਮਣੇ ਵਡੇ ਹੋਣ!"

ਹੀਰ ਮਾਂ ਦੇ ਗਲ ਲਗ ਰੋਣ ਲਗ ਪਈ। ਮਾਂ ਨੇ ਦਿਲਾਸਾ ਦਿਤਾ ਕਿ ਉਹ ਪਿਉ ਨਾਲ ਗੱਲ ਕਰੇਗੀ।

ਪਰ ਪਿਉ ਤੇ ਭਰਾ ਸੁਣ ਕੇ ਲੋਹੇ ਲਾਖੇ ਹੋ ਗਏ, "ਹੀਰ ਮਾਰ ਨਾ ਸੁੱਟਾਂਗੇ ਚਾਕ ਨਾਲ ਡੋਲਾ ਤੋਰ ਦੇਈਏ!" ਕਿਸੇ ਆਖਿਆ, "ਰਾਂਝੇ ਨੂੰ ਝਨਾਂ ਵਿਚ ਸੁਟ ਕੇ ਫਸਤਾ ਹੀ ਕਿਉਂ ਨਾ ਮੁਕਾ ਦੇਈਏ।"

"ਨਾ – ਨਾ, ਵੇ ਅਹਿਮਕੋ, ਭੈਣ ਨਾਲੇ ਹੀ ਡੁਬ ਮਰੇਗੀ ਜੇ।" ਮਾਂ ਨੇ ਸਮਝਾਇਆ।

ਫ਼ੈਸਲਾ ਹੋਇਆ ਕਿ ਹੀਰ ਦੀ ਡੋਲੀ ਤੋਰ ਕੇ ਰਾਂਝੇ ਨਾਲ ਨਿੱਬੜ ਲਿਆ ਜਾਏਗਾ।

ਖੇੜਿਆਂ ਤੋਂ ਜੰਞ ਢੁੱਕਣ ਵਾਲੀ ਸੀ। ਮੁਜਰਿਆਂ ਤੇ ਆਤਸ਼ਬਾਜ਼ੀ ਦੀਆਂ ਗਲਾਂ ਪਿੰਡ ਪਿੰਡ ਸਨ, ਪਰ ਘਰ ਵਿਚ ਮਾਂ ਤੇ ਧੀ ਵਾਰੋ ਵਾਰੀ ਰੋਂਦੀਆਂ ਸਨ। ਕਦੇ ਮਾਂ ਧੀ ਨੂੰ ਸਮਝਾਂਦੀ, ਤੇ ਕਦੇ ਧੀ ਮਾਂ ਦੇ ਤਰਲੇ ਕਰਦੀ।

"ਅੰਮੜੀਏ, ਤੀਵੀਂ ਦੇ ਦੋ ਖੌਂਦ ਨਹੀਂ ਹੋ ਸਕਦੇ। ਐਵੇਂ ਖੇੜਿਆਂ ਦੇ ਘਰ ਘੱਲਣ ਦਾ ਬਖੇੜਾ ਨਾ ਕਰ। ਮੈਂ ਕਾਜ਼ੀ ਨੂੰ ਵੀ ਕਹਿ ਦੇਣਾ ਈਂ, ਕਿ ਰੱਬ ਰੂਬਰੂ ਵਿਆਹ ਦਾ ਕੌਲ ਮੈਂ ਰਾਂਝੇ ਨੂੰ ਦੇ ਬੈਠੀ ਆਂ।"

"ਸਿਆਣੀ ਬਣ, ਧੀਏ, ਐਡੇ ਪਿਉ ਦੀ ਇੱਜ਼ਤ ਨਾ ਰੋਲ।"

"ਇੱਜ਼ਤ ਤੇ ਧੀ ਦੋਵੇਂ ਤੁਸੀਂ ਬਚਾ ਸਕਦੇ ਹੋ, ਰਤਾ ਦਲੇਰੀ ਕਰ ਲਵੋ।"

"ਤੇਰੇ ਭਰਾ ਉਕਾ ਨਹੀਓਂ ਮੰਨਦੇ।"

"ਇਜ਼ਤ ਰੁਲਦੀ ਨਹੀਂ, ਧੀ ਰੁਲਦੀ ਤੁਸੀਂ ਸਹਾਰ ਲਓਗੇ।" ਹੀਰ ਆਪਣਾ ਸਿਰ ਬਾਂਹਾਂ ਵਿਚ ਲੈ ਕੇ ਚੁਪ ਹੋ ਗਈ।

ਕੋਈ ਤਰਲਾ ਕੰਮ ਨਾ ਆਉਂਦਾ ਵੇਖ ਰਾਂਝੇ ਗਲ ਲਗ ਆਪਣਾ ਦਿਲ ਉਹਨੂੰ ਖੋਲ੍ਹ ਦਸਣ ਦਾ ਮੌਕਾ ਹੀਰ ਨੇ ਢੂੰਡ ਲਿਆ।

"ਰਾਂਝਣਾ, ਮੈਂ ਜਨਾਨੀ ਮਾਨੀ ਆਂ, ਵਸ ਮੇਰੇ ਏਨਾ ਹੀ ਏ ਕਿ ਡੁਬ ਮਰਾਂ, ਪਰ ਅਜੇ ਤੈਨੂੰ ਵੇਖਣ ਦੀ ਸਿੱਕ ਮੁੱਕੀ ਨਹੀਂ, ਹਾਂ ਮੈਂ ਤੇਰੀ, ਰਹਾਂਗੀ ਵੀ ਸਦਾ ਤੇਰੀ।"

"ਹੀਰੇ, ਬਗਾਨੇ ਪੁਤਰਾਂ ਕਦ ਤੈਨੂੰ ਮੇਰੀ ਰਹਿਣ ਦਿਤਾ।" ਰਾਂਝੇ ਨੇ ਹਉਕਾ ਭਰਿਆ।

"ਫੇਰ ਤੂੰਏਂ ਦਸ, ਰਾਂਝਿਆ, ਜੀਕਰ ਆਖੇਂ, ਮੈਂ ਹਾਜ਼ਰ ਹਾਂ। – ਚਾਹੇਂ ਮੈਨੂੰ ਕੱਢ ਲਿਚਲ, ਕਿਤੇ ਪਹੁੰਚਾਂ, ਨਾ ਪਹੁੰਚਾਂ, ਤੇਰੇ ਨਾਲ ਸਭ ਤਕਦੀਰਾਂ ਮੈਂ ਭਗਤਣ ਨੂੰ ਤਿਆਰ ਹਾਂ।"

"ਸਿਆਲਾਂ ਸਾਨੂੰ ਪਿੰਡ ਦੀ ਜੂਹ ਨਹੀਂ ਟਪਣ ਦੇਣੀ।"

"ਫੇਰ ਰਾਂਝਣਾਂ" ਗਲ ਬਾਹਾਂ ਪਾ ਉਹਦੀਆਂ ਅੱਖਾਂ ਵਿਚ ਤਕ, "ਮੇਰੇ ਨਾਲ ਦਿਲ ਮੰਦਾ ਨਾ ਕਰੀਂ। ਇਕੋ ਤੈਨੂੰ ਫੇਰ ਮਿਲਣ ਦੀਂ ਆਸ ਪਿੱਛੇ ਮੈਂ ਡੋਲੇ ਪੈ ਰਹੀ ਹਾਂ। ਝਨਾਂ, ਤੈਨੂੰ ਪਤੈ, ਮੈਨੂੰ ਕੋਡਾ ਪਿਆਰਾ ਏ, ਇਹ ਮੈਨੂੰ ਖੇੜਿਆਂ ਕੋਲੋਂ ਛੁਡਾ ਸਕਦੈ, ਪਰ ਤੈਥੋਂ ਵੀ ਮੈਂ ਛੁਟ ਜਾਨੀ ਆਂ।"

"ਹੀਰੇ, ਦੇ ਕੌਲ ਪੱਕਾ, ਕਿ ਤੂੰ ਮੇਰਾ ਦਿਲ ਕਦੇ ਤੋੜੇਂਗੀ ਨਹੀਂ......, ਤੇਰੀ ਸਾਬਤੀ ਬਿਨਾਂ ਇਹ ਦਿਲ ਸਾਬਤ ਨਹੀਓਂ ਰਹਿਣਾ।"

ਹੀਰ ਨੇ ਰਾਂਝੇ ਦਾ ਹੱਥ ਆਪਣੀ ਹਿਕ ਉਤੇ ਧਰ ਲਿਆ।

"ਕੌਲ ਕਾਹਨੂੰ, ਇਹ ਦਿਲ ਹੀ ਮੇਰਾ ਕੱਢ ਕੇ ਆਪਣੇ ਕੋਲ ਰਖ ਲੈ, ਖੇੜਿਆਂ ਕੋਲ ਮੇਰਾ ਖਾਲੀ ਬੁਤ ਜਾਏਗਾ।...........ਨਾ ਰੋ ਅੜਿਆ, –" ਤੇ ਉਹਦੇ ਬੋਦਿਆਂ ਨੂੰ ਪਿਆਰ ਦੇਂਦੀ ਨੇ ਆਖਿਆ : "ਮੇਰੇ ਬੋਦਿਆਂ ਵਾਲਿਆਂ ਸੁਹਣਿਆ, ਮੈਨੂੰ ਯਾਦ ਰਖੇਂਗਾ ?"

"ਤੇਰੀ ਬੇੜੀ ਵਿਚ ਤੇਰੀ ਸੇਜ ਉਤੇ ਬਹਿਣਾ ਕਦੇ ਮੈਨੂੰ ਭੁਲਣਾ ਨਹੀਂ। ਉਦੋਂ ਤੂੰ ਮੇਰੀ ਹੀਰ ਨਹੀਂ ਸੈਂ, ਪਰ ਮੇਰੀਆਂ ਉਦਾਸੀਆਂ ਦੀ ਰਾਤ ਉਤੇ ਪਹਿਲੀ ਪਰਭਾਤ ਸੈਂ – ਤੇ ਓਸ ਪਰਭਾਤ ਉਤੇ ਐਡਾ ਚਿੱਟਾ ਦਿਨ ਚੜ੍ਹਿਆ ਮੇਰੀ ਹੀਰ ਏਂ ਤੂੰ – ਤੈਨੂੰ ਭੁਲ ਜਾਵਾਂਗਾ ?"

"ਓ ਰਾਂਝਣਾ ! ਇਹ ਵੰਝਲੀ ਆਪਣੀ ਮੈਨੂੰ ਦੇ ਦੇ।"

"ਲੈ ਲੈ ਹੀਰੇ, ਹੁਣ ਇਹ ਕਿਸ ਵਜਾਣੀ ਏਂ ?"

"ਇਹ ਤੇਰੇ ਬੁਲ੍ਹ ਨੇ ਰਾਂਝਣਾ, ਮੇਰੀ ਸੁੰਨੀ ਜਿੰਦੜੀ ਨਾਲ ਗੱਲਾਂ ਕਰਨਗੇ।"

ਹੀਰ ਦੀ ਡੋਲੀ ਤੁਰੀ ਜਾ ਰਹੀ ਸੀ। ਪੈਸਿਆਂ ਰੁਪਈਆਂ ਦੀ ਸੋਟ ਖੇੜੇ ਕਰ ਰਹੇ ਸਨ। ਲਾਗੀ, ਵਾਗੀ ਦੌੜ ਦੌੜ ਲੁਟ ਰਹੇ ਸਨ। ਰਾਂਝਾ ਉਨ੍ਹਾਂ ਮੱਝਾਂ ਨੂੰ ਹਿੱਕੀ ਲਈ ਜਾ ਰਿਹਾ ਸੀ ਜਿਹੜੀਆਂ ਚੂਚਕ ਨੇ ਦਾਜ ਵਿਚ ਦਿਤੀਆਂ, ਪਰ ਰਾਂਝੇ ਬਿਨਾਂ ਉਹ ਤੁਰਦੀਆਂ ਨਹੀਂ ਸਨ। ਆਪਣੇ ਵਹਿਣ ਵਿਚ ਡੁੱਬਾ ਰਾਂਝਾ ਡੋਲੀ ਤੇ ਡੰਗਰਾਂ ਪਿਛੇ ਆ ਰਿਹਾ ਸੀ। ਡੋਲੀ ਦੇ ਸਾਲੂ ਹਵਾ ਨਾਲ ਉਡ ਰਹੇ ਸਨ, ਪਿਛਲੇ ਪਾਸੇ ਦਾ ਸਾਲੂ ਤਾਂ ਬਹੁਤਾ ਹੀ ਉਡ ਰਿਹਾ ਸੀ। ਉਹਦੇ ਵਿਚੋਂ ਹੀਰ ਆਪਣੇ ਰਾਂਝਣ ਨੂੰ ਤੱਕ ਰਹੀ ਸੀ ਤੇ ਜਦੋਂ ਮੋੜ ਮੁੜਿਆ ਉਹਦਾ ਉਦਾਸ ਮੂੰਹ ਉਹਨੂੰ ਨੇੜਿਓਂ ਦਿਸਿਆ, ਤਾਂ ਉਹਦੀਆਂ ਭੁੱਬਾਂ ਨਿਕਲ ਗਈਆਂ। ਤੀਵੀਆਂ ਆਖਣ, ਹੀਰ ਦੇ ਬਾਬਲ ਨੂੰ ਤਰਲੇ ਨੇ, ਤੇ ਉਨ੍ਹਾਂ ਦਿਲ-ਚੀਰਵੇਂ ਗੌਣ ਛੁਹ ਦਿਤੇ

ਰੰਗਪੁਰ ਬੜੀਆਂ ਰੌਣਕਾਂ ਸਨ। ਖੇੜਿਆਂ ਦਾ ਸੈਦੋ ਹੀਰ ਸਲੇਟੀ ਵਿਆਹ ਲਿਆਇਆ ਸੀ। ਹੀਰ ਦੇ ਮੂੰਹ ਦੇ ਖੇੜੇ ਦੀਆਂ ਧੁੰਮਾਂ ਦੂਰ ਦੂਰ ਪਈਆਂ ਸਨ। ਉਹ ਹੀਰ ਜਿਨ੍ਹੇ ਨਦੀ ਕਿਨਾਰੇ, ਜੰਗਲ ਬੇਲੇ ਖਿੜ ਖਿੜਾ ਦਿਤੇ ਸਨ।

ਪਰ ਉਹਦੀ ਸੱਸ ਨਨਾਣ ਉਹਦਾ ਲੱਥਾ ਝੌਵਿਆਂ ਮੰਹ ਵੇਖ ਕੇ ਸੋਚੀਂ ਪੈ ਗਈਆਂ। ਵੇਖਣ ਵਾਲੀਆਂ ਪੁੱਛਣ, "ਨੂੰਹ ਰਾਣੀ ਨੂੰ ਕੀ ਏ ?" ਸੱਸ ਆਖੇ, "ਰਾਹ ਵਿਚ ਠੰਢ ਠੁਰਕ ਲਗ ਗਈ ਸੂ।"

ਸੈਦੇ ਦਾ ਚਾਅ ਪੂਰਾ ਨਾ ਹੋਇਆ। ਇਕ ਦਿਨ ਨਹੀਂ, ਕਈ ਦਿਨ ਸੇਜ ਸੁੰਨੀ ਹੀ ਰਹੀ। ਦਵਾ ਦਾਰੂ ਦਾ ਦੌਰ ਚਲ ਪਿਆ। ਪੇਕੇ ਭੇਜਣ ਦਾ ਖ਼ਿਆਲ ਹੀ ਖੇੜਿਆਂ ਛਡ ਦਿਤਾ, ਰਾਂਝੇ ਵਾਲੀ ਗੱਲ ਦੀ ਭਿਣਕ ਉਨ੍ਹਾਂ ਕੰਨੀਂ ਪੈ ਗਈ ਸੀ।

ਨਨਾਣ ਸਹਿਤੀ ਨੂੰ, ਏਸ ਰੋਗ ਦਾ ਕੁਝ ਪਤਾ ਹੈ ਸੀ। ਉਹਦਾ ਵਿਆਹ ਵੀ ਪਿਛੇ ਜਿਹੇ ਹੋਇਆ ਸੀ। ਉਹ ਬੜੀ ਹਸਣੀ ਹੁੰਦੀ ਸੀ, ਪਰ ਸਹੁਰੇ ਘਰ ਉਹਦਾ ਹਾਸਾ ਕਿਸੇ ਸੁਣਿਆ ਨਾ। ਵਿਚ ਵਿਚ ਕੋਈ ਕਹਿ ਦੇਂਦਾ ਸੀ, "ਸਹਿਤੀ ਕਿਸੇ ਬਲੋਚ ਦੀਆਂ ਮੁਰਾਦਾਂ ਮੰਗਦੀ ਏ।"

ਸਹਿਤੀ ਨੇ ਭਾਬੀ ਦਾ ਦਿਲ ਟੋਹ ਕੱਢਿਆ, ਆਪਣੇ ਮੁਰਾਦ ਦੀਆਂ ਗੱਲਾਂ ਕਰ ਕਰ ਓਸ ਰਾਂਝਣ ਦੀ ਵੰਝਲੀ ਵੇਖ ਲਈ। ਮਿਲਵਰਤਨ ਤੇ ਹਮਦਰਦੀ ਦੇ ਕੌਲ ਇਕਰਾਰ ਹੋ ਗਏ।

ਦਿਲ ਖੋਲ੍ਹ ਕੇ ਰਾਂਝੇ ਦੀਆਂ ਗੱਲਾਂ ਕਰ ਲਿਆਂ ਹੀਰ ਨੂੰ ਬੜਾ ਸੁਖ ਹੋਇਆ, ਪਰ ਰਾਜ਼ੀ ਹੋਣ ਦਾ ਹੀਆ ਉਹ ਕਰ ਨਹੀਂ ਸੀ ਸਕਦੀ। ਬੀਮਾਰੀ ਉਹਦਾ ਕਿਲ੍ਹਾ ਸੀ ਜਿਦ੍ਹੇ ਵਿਚ ਰਾਂਝੇ ਦੀ ਅਮਾਨਤ ਉਹ ਸਾਂਭ ਸਾਂਭ ਰਖ ਰਹੀ ਸੀ। ਦਿਨੋ ਦਿਨ ਉਹ ਮਾੜੀ ਹੁੰਦੀ ਗਈ, ਉਹਦੇ ਮਾਲਕ ਦਾ ਫ਼ਿਕਰ ਵਧਦਾ ਗਿਆ। ਉਹਦੀ ਲਮਕਦੀ ਉਮੀਦ ਹੁਣ ਪੀੜ ਕਰਨ ਲਗ ਪਈ। ਉਹ ਇਕ ਮੱਲ ਮਾਰ ਕੇ ਲਿਆਇਆ ਹੋਇਆ ਸੀ।

ਕੋਈ ਕਿਸੇ ਦੀ ਬਦਦੁਆ ਆਖੇ, ਕੋਈ ਕੁਝ ਕੀਤਾ ਦੱਸੇ, ਕੋਈ ਖਿਡਾਵਿਆਂ ਦੀ ਦੱਸ ਪਾਏ।

ਓਧਰ ਰਾਂਝੇ ਦਾ ਹਾਲ ਵੀ ਮੰਦੜਾ ਸੀ। ਬੇਲੇ ਬੇੜੀਆਂ ਡੰਗਰ ਢੋਰ ਸਭ ਹੀਰ ਨਾਲ ਹੀ ਸੋਂਹਦੇ ਸਨ। ਹਰ ਚੀਜ਼ ਦਾ ਰੰਗ ਸੁਆਹ ਵਰਗਾ ਹੋ ਗਿਆ, ਉਜਾੜ ਖਿੱਲਰ ਗਈ ਸਿਆਲਾਂ ਦੇ ਹਾਸਿਆਂ ਉਤੇ, ਸੁਨਹਿਰੀ ਦੁਪਹਿਰਾਂ ਤ੍ਰਕਾਲਾਂ ਨਾਲੋਂ ਵੀ ਭਰਾਂਦ ਹੋ ਗਈਆਂ।

ਸੁਨੇਹਾ ਵੀ ਹੀਰ ਵਲੋਂ ਕੋਈ ਨਾ ਆਇਆ। ਤਖ਼ਤ ਹਜ਼ਾਰੇ ਜਾਣ ਨੂੰ ਵੱਢਿਆਂ ਰੂਹ ਨਹੀਂ ਸੀ ਕਰਦਾ। ਦਰਿਆ ਵਿਚ ਡੁਬੱਣ ਤੇ ਵੀ ਜੀਅ ਨਾ ਕਰੇ, ਬਾਰ ਬਾਰ ਇਹ ਹਉਕਾ ਉੱਠੇ : "ਕਦੀਏ ਫੇਰ ਮਿਲੇਂਗੀ, ਹੀਰੇ !" ਪਰ ਦਿਲ ਬਹਿ ਜਾਂਦਾ, "ਮਿਲਣਾ ਕਿੱਥੋਂ, ਉਨ੍ਹਾਂ ਮੇਰੇ ਕਰ ਕੇ ਪੇਕੇ ਹੀ ਨਹੀਂ ਤੋਰਿਆ, ਮਹੀਨੇ ਹੋ ਗਏ ਨੇ।" ਹਰ ਕੰਮ ਅੱਗੇ ਉਹਨੂੰ ਭਾਉਂਦਾ, ਸਾਰੇ ਕੰਮ ਹੀਰ ਦੇ ਸਨ। ਕੰਮਾਂ ਤੋਂ ਸ਼ੌਕ ਚੁਕਿਆ ਗਿਆ, ਜ਼ਿੰਦਗੀ ਖੁਸਦੀ ਖੁਸਦੀ ਜਾਪਣ ਲਗੀ।

ਏਸ ਬੇਕਰਾਰੀ ਵਿਚ ਉਹਨੂੰ ਬਾਲ ਨਾਥ ਜੋਗੀ ਦਾ ਸ਼ਾਂਤ ਮੂੰਹ ਯਾਦ ਆਇਆ। ਘਰੋਂ ਆਉਂਦਿਆਂ ਉਹ ਜੋਗੀਆਂ ਦੇ ਮੱਠ ਵਿਚ ਰਾਤ ਰਿਹਾ ਸੀ। ਉਹ ਮੁਸਲਮਾਨ ਸੀ ਤਾਂ ਵੀ ਉਹਨੇ ਉਹਦੀ ਬੜੀ ਖ਼ਾਤਰ ਕੀਤੀ ਸੀ।

ਸੋਚਿਆ ਜੇ ਉਹ ਜੋਗੀ ਹੋ ਜਾਏ! ਜੋਗੀਆਂ ਨੂੰ ਪਿੰਡ ਪਿੰਡ, ਘਰ ਘਰ ਫਿਰਨ ਦੀ ਖੁਲ੍ਹ ਹੁੰਦੀ ਹੈ। ਕਦੇ ਹੀਰ ਨਾਲ ਮੇਲਾ ਹੋ ਜਾਏ। ਜੇ ਨਾ ਹੋਇਆ ਤਾਂ ਵੀ ਹੀਰ ਦੇ ਵਿਯੋਗ ਵਿਚ ਉਹ ਸੱਚਾ ਜੋਗੀ ਬਣ ਜਾਏਗਾ।

ਰਾਂਝਾ ਸਿਆਲਾਂ ਤੋਂ ਵਿਦਾ ਹੋ ਬਾਲ ਨਾਥ ਦੇ ਚਰਨੀਂ ਜਾ ਢੱਠਾ। ਬਾਲ ਨਾਥ ਨੇ ਬੜਾ ਸਮਝਾਇਆ ਕਿ ਜੋਗ ਉਹਦੇ ਵਰਗੇ ਸੁਹਣਿਆਂ ਦੀ ਕਾਰ ਨਹੀਂ, ਕਦਮ ਕਦਮ ਉਤੇ ਡੋਲ ਜਾਣ ਦਾ ਖ਼ਤਰਾ ਰਹਿੰਦਾ ਹੈ, ਪਰ ਰਾਂਝਾ ਉਹਨੂੰ ਯਕੀਨ ਦੁਆਂਦਾ ਕਿ ਉਹ ਕਦੇ ਜੋਗ ਨੂੰ ਲਾਜ ਨਹੀਂ ਲਾਏਗਾ, ਉਹ ਕਿਸੇ ਦੇ ਮਾਲ ਜਾਂ ਇਸਤਰੀ ਵਲ ਅੱਖ ਚੁਕ ਕੇ ਨਹੀਂ ਤੱਕੇਗਾ। ਹੀਰ ਦੀ ਯਾਦ ਨੇ ਦਿਲ ਵਿਚ ਤੁਣਕਾ ਮਾਰਿਆ ਤੇ ਉਸ ਨੇ ਦਿਲ ਨੂੰ ਸਮਝਾ ਲਿਆ: "ਹੀਰ ਤਾਂ ਕਿਸੇ ਦੀ ਇਸਤਰੀ ਨਹੀਂ ਮੇਰੀ ਆਪਣੀ ਰੂਹ ਹੈ, ਓਸ ਰੱਬ ਰੂ-ਬਰੂ ਮੇਰੀ ਹੋਣ ਦਾ ਕੌਲ ਮੈਨੂੰ ਦਿਤਾ ਹੋਇਐ।"

ਬਾਲ ਨਾਥ ਨੇ ਰਾਂਝੇ ਦੇ ਬੋਦੇ ਮੁੰਨੇ, ਕੰਨ ਪਾੜ ਕੇ ਮੁੰਦਰਾਂ ਪਾ ਦਿਤੀਆਂ। ਰਤੇ ਪਿੰਡੇ ਉਤੇ ਸੁਆਹ ਮਲ ਦਿਤੀ ਤੇ ਰਾਂਝੇ ਨੇ ਫ਼ਕੀਰੀ ਦੀ ਅਲਖ ਜਗਾ ਦਿਤੀ।

ਫ਼ਕੀਰੀ ਦਾ ਰੂਪ ਵੀ ਰਾਂਝੇ ਨੂੰ ਆਖ਼ਰਾਂ ਦਾ ਚੜ੍ਹਿਆ। ਉਹਦੀ ਬੇਗ਼ਰਜ਼ੀ ਨੇ ਉਹਦੀ ਸ਼ੋਭਾ ਦੂਰ ਦੂਰ ਖਲਾਰ ਦਿਤੀ, ਉਹ ਬੜਾ ਚੰਗਾ ਜੋਗੀ ਸਮਝਿਆ ਜਾਣ ਲਗ ਪਿਆ, ਜਿਹਨੂੰ ਨਾ ਖਾਣ ਦਾ ਚਸਕਾ ਨਾ ਧਨ ਦੀ ਖਿੱਚ, ਤੇ ਲਿਵ ਹਮੇਸ਼ਾਂ ਆਪਣੇ ਮਹਿਬੂਬ ਨਾਲ ਲੱਗੀ ਹੋਈ। ਏਸ ਲਿਵ ਨੇ ਅੱਖਾਂ ਵਿਚ ਕੋਈ ਲੋਅ ਲੈ ਆਂਦੀ।

ਜਦੋਂ ਬਾਲ ਨਾਥ ਨੇ ਸਮਝਿਆ ਚੇਲਾ ਪੱਕ ਗਿਆ ਹੈ, ਉਹਨੇ ਬਾਹਰ ਤੁਰਨ ਦੀ ਆਗਿਆ ਦੇ ਦਿਤੀ। ਇਕ ਪਿੰਡ ਉਹਦੀ ਸ਼ੋਭਾ ਅਗਲੇ ਪਿੰਡ ਪੁਚਾ ਦੇਂਦਾ ਤੇ ਓੜਕ ਇਕ ਦਿਨ ਲੋਕਾਂ ਉਹਦਾ ਡੇਰਾ ਰੰਗ ਪੁਰ ਦੇ ਨੇੜੇ ਇਕ ਬਾਗ ਵਿਚ ਜਾ ਲੁਆਇਆ।

ਹੀਰ ਨੂੰ ਵੀ ਅਲਬੇਲੇ ਸਾਧੂ ਦੀਆਂ ਗੱਲਾਂ ਕਿਸੇ ਆ ਸੁਣਾਈਆਂ। ਕਿਸੇ ਦੀਦਾਰ ਦੀ ਭੁੱਖੀ ਅੰਦਰ ਦੀਦ ਦੀ ਲਾਲਸਾ ਮਚ ਪਈ। ਸਹਿਤੀ ਵੇਖ ਆਈ, ਕਹਿੰਦੀ, ਕੋਈ ਅਨੋਖਾ ਫ਼ਕੀਰ ਏ, ਵੇਖਿਆਂ ਭੁੱਖਾਂ ਲਹਿੰਦੀਆਂ ਨੇ।

ਕਈਆਂ ਹੋਰਨਾਂ ਵੀ ਦਸਿਆ ਕਿ ਜੋਗੀ ਨੇ ਕਈਆਂ ਦੇ ਰੋਗ ਦੂਰ ਕੀਤੇ ਨੇ। ਹੀਰ ਦੀ ਸੱਸ ਵੀ ਵਿਆਹੇ ਪੁੱਤਰ ਦੇ ਕੁਆਰਪਣ ਨੂੰ ਝੂਰਦੀ ਸੀ। ਤੀਵੀਂਆਂ ਸਲਾਹ ਦਿੱਤੀ, ਉਹ ਨੂੰਹ ਦਾ ਹੱਥ ਵਿਖਾਏ। ਸਹਿਤੀ ਨੇ ਵੀ ਹੁੰਗਾਰਾ ਭਰਿਆ।

ਨਨਾਣ ਭਰਜਾਈ ਜੋਗੀ ਦੇ ਡੇਰੇ ਗਈਆਂ।

ਜੋਗੀ ਦੇ ਦਰਸ਼ਨ ਕਰਦਿਆਂ ਹੀਰ ਨਿਢਾਲ ਹੋ ਗਈ। ਸੋਹਣੇ ਬੋਦੇ ਸਿਰ ਉੱਤੇ ਹੈ ਨਹੀਂ ਸਨ। ਉਨ੍ਹਾਂ ਬੋਦਿਆਂ ਦੀ ਮਹਿਕ ਉਹਨੇ ਯਾਦ ਵਿਚ ਸਾਂਭੀ ਹੋਈ ਸੀ। ਪਤਲੇ ਕੰਨਾਂ ਵਿਚ ਕੇਡੀਆਂ ਮੋਟੀਆਂ ਮੁੰਦਰਾਂ ਪਈਆਂ ਸਨ। ਤੇ ਲਿਸ਼ ਲਿਸ਼ ਕਰਨ ਵਾਲਾ ਪਿੰਡਾ ਸੁਆਹ ਨਾਲ ਲਥ-ਪਲਥਿਆ ਸੀ। ਸਿਰਫ਼ ਉਹਦੇ ਨੈਣਾਂ ਵਿਚ ਰੱਤੇ ਇਸ਼ਕ ਦੀ ਝਲਕਾਰ ਬਾਕੀ ਸੀ।

ਜੋਗੀ ਨੇ ਹੀਰ ਦੀ ਬਾਂਹ ਵੇਖੀ, ਨਬਜ਼ ਉੱਤੇ ਧਰੀਆਂ ਉਂਗਲਾਂ ਨੇ ਦਿਲ ਵਿਚ ਤਾਰ ਖੜਕਾ ਦਿੱਤੀ, "ਜੋਗ ਨਹੀਂ ਇਹ ਹੈ ਹੀਰੇ, ਵਿਜੋਗ ਤੇਰਾ!"

ਹੀਰ ਨੇ ਅੱਖਾਂ ਚੁਕ ਕੇ ਤੱਕਿਆ। ਜੋਗੀ ਨੇ ਹਸ ਕੇ ਅਸ਼ੀਰਵਾਦ ਦਿੱਤੀ, ਮੀਟੇ ਕਪਾਟ ਸਭ ਖੁਲ੍ਹ ਗਏ।

ਹੀਰ ਦੇ ਸਹੁਰੇ ਘਰ ਖ਼ੁਸ਼ੀ ਹੋਈ। ਅਜ ਹੀਰ ਨੂੰ ਭੁੱਖ ਲਗੀ ਸੀ। ਉਹਦਾ ਮੱਥਾ ਓਡਾ ਪੀਲਾ ਨਹੀਂ ਸੀ। ਸੈਦੇ ਨੇ ਸ਼ੀਰਨੀ ਸੁਖੀ। ਹੀਰ ਨੇ ਇਹ ਆਖ ਕੇ ਉਹਨੂੰ ਭੁਲਾਵੇ ਪਾ ਦਿੱਤਾ:

"ਹੁਣ ਛੇਤੀ ਰਾਜ਼ੀ ਹੋ ਕੇ ਤੇਰੇ ਨਾਲ ਮੈਂ ਆਪਣਾ ਈਮਾਨ ਪੂਰਾ ਕਰਾਂਗੀ।"

"ਕੋਈ ਗੱਲ ਨਹੀਂ ਹੀਰੇ, ਤੂੰ ਰਾਜ਼ੀ ਹੋ, ਸਾਰਾ ਘਰ ਤੇਰੀ ਸਿਹਤ ਉਡੀਕ ਰਿਹਾ ਏ।"

ਦਸ ਦਿਨ ਹੀਰ ਤੇ ਸਹਿਤੀ ਜੋਗੀ ਦੇ ਡੇਰੇ ਜਾਂਦੀਆਂ ਰਹੀਆਂ। ਇਕ ਦਿਨ ਹੀਰ ਦੀ ਕੁੜਤੀ ਦੇ ਗਲਮੇਂ ਵਿੱਚੋਂ ਵੰਝਲੀ ਦੇ ਬਲ੍ਹਾਂ ਦਾ ਝਾਉਲਾ ਜੋਗੀ ਨੂੰ ਪਿਆ। ਉਹਦੀਆਂ ਅੱਖਾਂ ਦੀ ਲੋਅ ਹੋਰ ਚਮਕਣ ਲਗ ਪਈ।

ਓੜਕ ਜੋਗੀ ਨੇ ਸਹਿਤੀ ਨਾਲ ਪਕ ਕਰ ਲਿਆ ਕਿ ਜੇ ਉਹ ਮੁਰਾਦ ਨੂੰ ਸੁਨੇਹਾ ਘਲਾ ਦੇਵੇ ਤੇ ਉਹ ਠੀਕ ਸਮੇਂ ਉੱਤੇ ਪਹੁੰਚ ਪਵੇ, ਆਉਂਦੇ ਵਾਰ ਨੂੰ ਉਹ ਰੱਬ ਤਵੱਕਲੇ ਆਪਣੇ ਰਾਹ ਠਿਲ੍ਹ ਪੈਣਗੇ।

ਵਾਰ ਵਾਲੇ ਦਿਨ ਰੰਗਪੁਰ ਵਿਚ ਸ਼ੋਰ ਮਚ ਗਿਆ। ਜੋਗੀ ਖੇੜਿਆਂ ਦਾ ਮੂੰਹ ਕਾਲਾ ਕਰ ਗਿਐ। ਨੂੰਹ ਧੀ ਦੋਵੇਂ ਕੱਢ ਕੇ ਕਿਤੇ 'ਸ਼ਮਾਨੇ ਚੜ੍ਹ ਗਿਐ। ਉਹਦਾ ਖੁਰਾ ਅਜੇ ਤਕ ਕਿਸੇ ਨੂੰ ਲੱਭਾ ਨਹੀਂ। ਸਾਰੇ ਜਗ ਉੱਤੇ ਖੇੜੇ ਘੋੜੀਆਂ ਭਜਾਈ ਫਿਰਦੇ ਨੇ।

ਕੰਨੋਂ ਮੁੰਦਰਾਂ ਲਾਹ, ਨ੍ਹਾ ਧੋ ਰਾਂਝੇ ਨੇ ਤਹਿਮਤ ਲੱਕ ਬੰਨ੍ਹ ਲਈ, ਤੇ ਲੁਕਦੇ ਛਪਦੇ ਹੀਰ ਤੇ ਰਾਂਝਾ ਨਾਹੜਾਂ ਦੇ ਇਲਾਕੇ ਵਿਚ ਪਹੁੰਚ ਪਏ।

ਏਥੋਂ ਦਾ ਰਾਜਾ ਕਹਿੰਦੇ ਨੇ ਅਦਲ ਕਰਦਾ ਸੀ, ਮਜ਼ਲੂਮਾਂ ਦੀ ਗੱਲ ਸੁਣਦਾ ਸੀ, ਇਤਫ਼ਾਕ ਨਾਲ ਉਹਦੇ ਸ਼ਹਿਰ ਵਿਚ ਸਾੜ ਸੁਆਹ ਕਰਦੀ ਇਕ ਅੱਗ ਲੱਗ ਗਈ! ਉਸ ਸਿਆਣਿਆਂ ਕੋਲੋਂ ਇਹਦਾ ਸਬੱਬ ਪੁੱਛਿਆ। ਕਿਸੇ ਦੇ ਮੂੰਹੋਂ ਨਿਕਲ ਗਿਆ ਕਿ ਉਨ੍ਹਾਂ ਦੀ ਧਰਤੀ ਉੱਤੇ ਬੜਾ ਧਰੋਹ ਹੋ ਗਿਐ। ਖੇੜੇ ਕਿਸੇ ਦੀ ਵਿਆਹੁੜ ਨੂੰ ਜੋਰੀਂ ਡੋਲੇ ਪਾ ਲਿਆਏ ਸਨ। ਜਿਦ੍ਹੀ ਉਹ ਹੈ ਸੀ ਉਸ ਪਹੁੰਚ ਪਾ ਕੇ ਉਹਨੂੰ ਕੱਢ ਲੈ ਗਿਆ। ਖੇੜੇ ਬੜੇ ਜਾਬਰ ਸਨ, ਨਠ ਨਠਾ ਕੇ ਫੜ ਲਿਆ, ਤੇ ਇਹੋ ਜਿਹੀ ਮਾਰ ਮਾਰੀ, ਕਿ ਵੇਖੀ ਨਹੀਂ ਸੀ ਜਾਂਦੀ। ਨਾਲੇ ਨੱਢੀ ਖੋਹ ਖੜੀ ਨ, ਉਹ ਦੁਹਾਈਆਂ ਪਾਂਦੀ, ਤੇ ਉਹਦਾ ਬੰਦਾ ਬਦਦੁਆਈਆਂ ਦੇਂਦਾ ਸੀ। ਰਾਜੇ ਨੇ ਖੇੜਿਆਂ ਨੂੰ ਹੀਰ ਸਣੇ ਅਦਾਲਤ ਵਿਚ ਮੰਗਾ ਲਿਆ। ਰਾਂਝੇ ਨੂੰ ਸਟੋ ਸਟ ਵੇਖ ਕੇ ਹੀਰ ਡਡਿਆ ਪਈ ਤੇ ਸਾਰਿਆਂ ਦੇ ਸਾਹਮਣੇ ਉਹਦੇ ਗਲ ਜਾ ਲਗੀ।

ਖੇੜਿਆਂ ਨੇ ਗਵਾਹ ਭੁਗਤਾਏ, ਕਿ ਉਹ ਸਿਹਰੇ ਬੰਨ੍ਹ ਕਾਜ਼ੀ ਕੋਲੋਂ ਨਕਾਹ ਪੜ੍ਹਵਾ ਕੇ ਹੀਰ ਨੂੰ ਲਿਆਏ ਸਨ। ਰਾਜੇ ਨੇ ਰਾਂਝੇ ਨੂੰ ਪੁੱਛਿਆ ਤੇ ਰਾਂਝੇ ਉੱਤਰ ਦਿੱਤਾ:

"ਗਵਾਹੀ ਹੀਰ ਦੀ ਉੱਤੇ ਹੀ ਗੱਲ ਮੁਕਣੀ ਏਂ — ਪਹਿਲੋਂ ਉਸੇ ਦੀ ਗੱਲ ਹੀ ਸੁਣ ਲਵੋ।"

ਰਾਜੇ ਨੇ ਹੀਰ ਨੂੰ ਆਖਿਆ ਕਿ ਉਹ ਨਿਸ਼ੰਗ ਹੋ ਕੇ ਸਚ ਸੁਣਾਵੇ, ਸਚ ਆਖਦੇ ਨੂੰ ਉਹਦੀ ਧਰਤੀ ਉੱਤੇ ਕੋਈ ਖ਼ਤਰਾ ਨਹੀਂ, ਇਹਦੇ ਤੋਂ ਦਲੇਰ ਹੋ ਕੇ ਹੀਰ ਬੋਲੀ:

"ਲਿਆਏ ਖੇੜੇ ਮੈਨੂੰ ਸਿਹਰੇ ਬੰਨ੍ਹ ਕੇ ਹੀ ਸਨ, ਪਰ ਮੇਰਾ ਵਿਆਹ ਸੈਦੇ ਖੇੜੇ ਨਾਲ ਨਹੀਂ ਹੋਇਆ, ਉੱਚੀ ਬੋਲ ਕੇ, ਮਾਪਿਆਂ ਦੇ ਸਾਹਮਣੇ ਮੈਂ ਕਾਜ਼ੀ ਨੂੰ ਕਹਿ ਦਿੱਤਾ ਸੀ ਕਿ ਰੱਬ ਦੇ ਰੂਬਰੂ ਮੈਂ ਵਿਆਹ ਰਾਂਝੇ ਨਾਲ ਕਰ ਚੁੱਕੀ ਹਾਂ। ਫੇਰ ਵੀ ਜੋਰੀਂ ਮਾਪਿਆਂ ਮੈਨੂੰ ਡੋਲੇ ਪਾ ਦਿਤਾ ਤੇ ਜੋਰੀਂ ਇਹ ਮੈਨੂੰ ਚੁਕ ਲਿਆਏ। ਤੇ ਮਰਜ਼ੀ ਬਿਨਾਂ ਹੋਇਆ ਨਕਾਹ ਸ਼ਰਹ ਮਨਜ਼ੂਰ ਕਰਦੀ ਹੈ, ਤਾਂ ਖੇੜੇ ਸੱਚੇ ਨੇ, ਤੇ ਜੇ ਮੇਰੀ ਮਰਜ਼ੀ ਨਕਾਹ ਦੀ ਵੱਡੀ ਸ਼ਰਤ ਹੈ, ਤਾਂ ਰਾਂਝੇ ਨਾਲ ਮੇਰਾ ਨਕਾਹ ਹੋ ਚੁਕਾ ਤੇ ਰਾਂਝੇ ਦੇ ਨਾਲ ਮੈਂ ਖੇੜਿਆਂ ਨੂੰ ਛੱਡ ਆਈ ਹਾਂ।"

ਰਾਜੇ ਉੱਤੇ ਹੀਰ ਦੀ ਦਲੇਰੀ, ਤੇ ਹੀਰ ਦੇ ਹੁਸਨ ਦਾ ਡੂੰਘਾ ਅਸਰ ਹੋਇਆ ਤੇ ਉਸ ਨੇ ਆਪਣੀ ਫ਼ੌਜ ਦੀ ਹਿਫ਼ਾਜ਼ਤ ਵਿਚ ਹੀਰ ਰਾਂਝੇ ਨੂੰ ਦੇ ਦਿਤੀ, ਤੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਘਰ ਪਹੁੰਚ ਕੇ ਕਿਸੇ ਇਨਸਾਫ਼ ਵਾਲੇ ਕਾਜ਼ੀ ਕੋਲੋਂ ਸ਼ਰਹ ਪੂਰੀ ਕਰਾ ਲੈਣ।

ਰਾਂਝੇ ਨੂੰ ਹੀਰ ਨੇ ਸਲਾਹ ਦਿਤੀ, ਕਿ ਉਹ ਤਖ਼ਤ ਹਜ਼ਾਰੇ ਚਲਣ।

"ਮੈਂ ਵੀ ਇਹੀ ਚਾਹਨਾਂ ਆਂ ਹੀਰੇ, ਭਾਬੀਆਂ ਨੂੰ ਦਸਾਂ ਕਿ ਹੀਰ ਪਰਨਾ ਲਿਆਇਆ ਹਾਂ, ਪਰ ਰਾਜੇ ਦੀ ਗੱਲ ਨੇ ਮੈਨੂੰ ਸੋਚੀਂ ਪਾ ਦਿਤੈ।"

"ਹੁਣ ਕਾਹਦੀਆਂ ਸੋਚਾਂ, ਰਾਜ ਦਰਬਾਰੋਂ ਮੈਂ ਤੇਰੀ ਬਣ ਗਈ। ਸਿਪਾਹੀ ਸਾਡੇ ਨਾਲ ਨੇ।"

"ਠੀਕ ਹੀਰੇ, ਪਰ ਭਾਬੀਆਂ ਦੀ ਜੀਭ ਤੂੰ ਜਾਣਨੀ ਏਂ, ਕੇਡੀ ਲੰਮੀ ਹੁੰਦੀ ਏ। ਉਹ ਆਖਣਗੀਆਂ, ਪਰਨਾ ਕੇ ਨਹੀਂ ਉਧਾਲ ਕੇ ਲਿਆਇਆ ਏ।"

"ਫੇਰ ਮੇਰਾ ਰਾਂਝਣ ਕੀ ਚਾਹੁੰਦਾ ਏ ?"

ਰਾਂਝੇ ਨੇ ਚਾਹਿਆ ਕਿ ਉਹ ਝੰਗ ਸਿਆਲੀ ਚਲਣ, ਤੇ ਜੇ ਉਹਦੇ ਮਾਪੇ ਮੰਨ ਜਾਣ ਤਾਂ ਉਹ ਭਰਾਵਾਂ ਦੀ ਜੰਞ ਬੰਨ੍ਹ ਕੇ ਲਿਆਵੇ, ਤੇ ਸਿਹਰੇ ਬੰਨ੍ਹ ਕੇ ਹੀਰ ਆਪਣੀ ਨੂੰ ਤਖ਼ਤ ਹਜ਼ਾਰੇ ਲੈ ਜਾਵੇ।

"ਠੀਕ, ਰਾਂਝਣਾ ਠੀਕ, ਹੁਣ ਮੇਰੇ ਮਾਂ ਪਿਉ ਮੋੜਨ ਨਹੀਂ ਲੱਗੇ। ਉਹ ਖੇੜਿਆਂ ਨਾਲ ਗੁੱਸੇ ਨੇ, ਖੇੜਿਆਂ ਮੈਨੂੰ ਪੇਕੇ ਨਹੀਂ ਸੀ ਤੋਰਿਆ – ਕਈ ਆਦਮੀ ਆਏ – ਹੁਣ ਮੇਰੀ ਮਾਂ ਜ਼ਰੂਰ ਮੰਨ ਜਾਏਗੀ।"

ਝੰਗ ਸਿਆਲਾਂ ਵਲ ਮੂੰਹ ਕਰ ਲਿਆ। ਜਦੋਂ ਪਛਾਤੀ ਧਰਤੀ ਆ ਗਈ, ਵੇਖ ਵੇਖ, ਉਨ੍ਹਾਂ ਦੀ ਪਿਆਰ-ਕਹਾਣੀ ਦੁਹਰਾਈ ਜਾਣ ਲਗੀ। ਓਹੋ ਝਨਾਂ ਦੀਆਂ ਲਹਿਰਾਂ, ਓਹੋ ਸਿਆਲਾਂ ਦੇ ਜੰਗਲ ਬੇਲੇ, ਓਹੋ ਉਹਦੀਆਂ ਬੂਰੀਆਂ ਕਾਲੀਆਂ, ਉਹਦੇ ਗਦਰੇ ਚੀਨੇ ਓਹੋ ਲੰਮੇ ਝੰਮੇ ਵਾਗੀ, ਉਹੋ ਖੂਹਾਂ ਤੋਂ ਘੜੇ ਚੁਕਦੀਆਂ ਸਈਆਂ।

ਚੂਚਕ ਤੇ ਮਲਕੀ ਸੁਣ ਕੇ ਅੱਗੋਂ ਵਾਲੀ ਲੈਣ ਗਏ। ਹੀਰ ਬਾਝੋਂ ਪਿੰਡ ਬੁੱਚਾ ਹੋ ਗਿਆ ਸੀ।

ਮਾਪਿਆਂ ਨੇ ਹੀਰ ਦੀ ਮੰਗ ਮੰਨ ਲਈ। ਰਾਂਝਾ ਤਖ਼ਤ ਹਜ਼ਾਰੇ ਜਾਣ ਨੂੰ ਤਿਆਰ ਹੋ ਪਿਆ। ਉਹਦਾ ਚਾਅ ਡੁਲ੍ਹ ਡੁਲ੍ਹ ਪੈਂਦਾ ਵੇਖ ਕੇ ਹੀਰ ਅੰਦਰੋਂ ਵੰਝਲੀ ਕੱਢ ਲਿਆਈ ਤੇ ਬੁਲ੍ਹਾਂ ਨਾਲ ਲਾ ਲਈ।

"ਲਿਆ ਹੀਰੇ, ਇਕ ਸੱਦ ਇਹਦੇ ਉੱਤੇ ਮਾਰ ਲਵਾਂ, ਜੁਗੜੇ ਬੀਤ ਗਏ ਜਾਪਦੇ ਨੇ, ਅਜ ਫੇਰ ਉਹੋ ਗੀਤ ਮੇਰੇ ਅੰਦਰ ਧੜਕਿਆ ਏ, ਜਿਹੜਾ ਪਹਿਲੀ ਮੁਲਾਕਾਤ ਉੱਤੇ ਬੇੜੀ ਵਿਚ ਮੈਂ ਤੈਨੂੰ ਸੁਣਾਇਆ ਸੀ !"

ਵੰਝਲੀ ਦੀ ਲੈਅ ਸੁਣ ਕੇ ਹੀਰ ਦੀਆਂ ਅੱਖੀਆਂ ਮੀਟੀਆਂ ਗਈਆਂ। ਵੰਝਲੀ ਮੋੜਦੇ ਨੇ ਹੀਰ ਦੇ ਹੱਥ ਚੁੰਮ ਲਏ ਤੇ ਆਖਿਆ :

"ਪਹਿਲੀ ਮਿਲਣੀ ਉੱਤੇ ਤੇਰੇ ਮਹਿੰਦੀ-ਰੰਗੇ ਹਥਾਂ ਨੂੰ ਮੈਂ ਅੱਖ ਚੁਰਾ ਚੁਰਾ ਵਿਹੰਦਾ ਰਿਹਾ ਸਾਂ। ਪੂਰੇ ਹਫ਼ਤੇ ਨੂੰ ਮੈਂ ਆਵਾਂਗਾ। ਓਦਨ ਵਾਂਗ ਹੀ ਤੇਰੇ ਹੱਥਾਂ ਚੋਂ ਮੇਰੀਆਂ ਭਾਬੀਆਂ ਨੂੰ ਤਾਰੇ ਟੁੱਟਦੇ ਦਿਸਣਗੇ।"

ਪੰਜ ਦਿਨ ਰਾਂਝੇ ਨੂੰ ਗਿਆਂ ਹੋ ਗਏ। ਸਈਆਂ ਨੇ ਹੀਰ ਨੂੰ ਦੁਲ੍ਹਨ ਸਜਾ ਦਿਤਾ, ਮਾਂ ਦੇ ਮੂੰਹ ਉੱਤੇ ਵੀ ਰੌਣਕਾਂ ਸਨ। ਖੇੜਿਆਂ ਵੇਲੇ ਤਾਂ ਹੀਰ ਨੂੰ ਵੇਖਦਿਆਂ ਓਹਦਾ ਦਿਲ ਬੁਝ ਜਾਂਦਾ ਸੀ। ਅਜ ਉਹਦੀਆਂ ਸਹੇਲੀਆਂ ਨਾਲ ਰਲ ਕੇ ਓਸ ਨੇ ਹੀਰ ਦੇ ਹੱਥੀਂ ਮਹਿੰਦੀ ਲਾਈ, ਉਹਨੂੰ ਵਟਣੇ ਮਲੇ, ਤੇ ਆਖਦੀ : "ਹੁਣ ਮੇਰੀ ਧੀ ਰਾਣੀ ਜਾਪੀ ਏ :"

ਤਖ਼ਤ ਹਜ਼ਾਰੇ ਰਾਂਝੇ ਦੇ ਭਰਾ ਸੁਣ ਕੇ ਬੜੇ ਰਾਜ਼ੀ ਹੋਏ, ਕਿ ਉਹ ਸਿਆਲੀਂ ਢੁਕਣਗੇ। ਭਾਬੀਆਂ ਰਾਂਝੇ ਦੇ ਇਸ਼ਕ-ਮਤੇ ਨਕਸ਼ਾਂ ਨੂੰ ਵੇਖ ਨਵੀਂ ਦਰਾਣੀ ਦਾ ਰਸ਼ਕ ਕਰਨ ਲਗ ਪਈਆਂ – ਪਰ ਦਿਉਰ ਹੁਣ ਉਨ੍ਹਾਂ ਨੂੰ ਬੜਾ ਹੀ ਪਿਆਰਾ ਲਗਾ, ਵਾਰ ਨਾ ਆਵੇ ਉਨ੍ਹਾਂ ਨੂੰ ਉਹਦੇ ਕੋਲੋਂ ਗੱਲਾਂ ਪੁਛਦਿਆਂ।

ਭਰਾਵਾਂ ਨੇ ਖੇੜਿਆਂ ਦੀ ਜੰਞ ਨੂੰ ਮਾਤ ਪਾ ਦੇਣ ਦੇ ਬਾਨ੍ਹਣੂ ਬੰਨ੍ਹ ਲਏ। ਓਹ ਵੀ ਕਿਹੜੇ ਛੋਟੇ ਚੌਧਰੀ ਸਨ। ਦੋ ਦਿਨਾਂ ਦਾ ਰਸਤਾ ਸੀ, ਤਾਜ਼ੀਆਂ ਘੋੜੀਆਂ ਪੋਈਏ ਪਾ ਦਿੱਤੀਆਂ।

ਪਰ ਪੰਜਵੇਂ ਦਿਨ ਹੀਰ ਦੇ ਘਰ ਤਿਆਰੀ ਦੇ ਨਾਲ ਨਾਲ ਇਕ ਹੋਰ ਤਰ੍ਹਾਂ ਦੀ ਘੁਸਰ-ਮੁਸਰ ਵੀ ਹੋ ਰਹੀ ਸੀ। ਮਾਂ ਘਰ ਦੇ ਬੂਹਿਆਂ ਉੱਤੇ ਸ਼ਰੀਂਹ ਦੀਆਂ ਟਾਹਣੀਆਂ ਬੰਨ੍ਹਾ ਰਹੀ ਸੀ, ਪਰ ਚਾਚਾ ਕੈਦੋ ਤੇ ਚੂਚਕ ਮਲਕ ਹਵੇਲੀ ਵਿਚ ਨਿਮੋਝੂਣ ਬੈਠੇ ਸਨ, ਕੈਦੋ ਕਹਿ ਰਿਹਾ ਸੀ :

"ਇਕੋ ਧੀ ਲਈ ਦੋ ਜੰਞਾਂ ਏਸ ਪਿੰਡ ਵਿਚ ਢੁੱਕਣ, ਸਾਡਾ ਮੂੰਹ ਨਾ ਕਾਲਾ ਹੋ ਜਾਏਗਾ !"

ਚੂਚਕ ਊਂਧੀ ਪਾਈ ਬੈਠਾ ਸੀ।

"ਕੌਣ ਨਹੀਂ ਆਖੇਗਾ, ਧੀ ਚਾਕ ਨਾਲ ਖ਼ਰਾਬ ਹੀ ਹੋਣੀ ਏਂ, ਕੇਡਾ ਸਿਵਾ ਬੱਧਾ ਤੇ ਕਚਹਿਰੀਂ ਚੜ੍ਹੀ ।" ਕਦੋ ਜ਼ਹਿਰ ਉਗਲੀ ਜਾ ਰਿਹਾ ਸੀ ।

ਚੂਚਕ ਆਖੇ, ਬੂਹੇ ਆਈ ਜੰਵ ਨੂੰ ਕੀਕਰ ਮੋੜਾਂਗੇ, ਹੁਣ ਆਖ ਬੈਠੇ ਹਾਂ ।

ਕੈਦੋ ਨੇ ਮੱਥੇ ਤੇ ਚੂੰਢੀ ਭਰ ਕੇ ਜਿਉਂ ਗ਼ੈਬੋਂ ਕੋਈ ਸਲਾਹ ਪੁਛ ਲਿਆਂਦੀ ਹੁੰਦੀ ਏ, ਭਰਾ ਨੂੰ ਸਮਝਾਇਆ :–

"ਹੈ ਤਾਂ ਬੜੀ ਔਖੀ ਗੱਲ, ਪਰ ਹੁਣ ਸਾਨੂੰ ਹੀਰ ਦੀ ਜਿੰਦ ਤੋਂ ਹੱਥ ਧੋਣੇ ਹੀ ਪੈਣਗੇ ।"

ਚੂਚਕ ਦਾ ਦਿਲ ਦਹਿਲ ਗਿਆ ।

"ਭਰਾ, ਤੈਨੂੰ ਦਿਲ ਤਕੜਾ ਕਰਨਾ ਪਵੇਗਾ, ਜਿਊਂਦੀ ਹੀਰ ਨੂੰ ਹਜ਼ਾਰੇ ਲੈ ਜਾਣਗੇ, ਸਾਡਾ ਮੂੰਹ ਦੋ ਦਰਗਾਹਾਂ ਵਿਚ ਕਾਲਾ ਹੋ ਜਾਏਗਾ ।"

ਅਗੇ ਪਿਉ ਨੇ ਨੱਕ ਨਮੂਜ ਤੋਂ ਧੀ ਦੀ ਖ਼ੁਸ਼ੀ ਵਾਰੀ ਸੀ, ਅਜ ਉਹ ਓਸੇ ਨੱਕ ਨਮੂਜ ਤੋਂ ਲਾਡਾਂ ਪਾਲੀ ਹੀਰ ਨੂੰ ਉਕਾ ਹੀ ਵਾਰਨ ਨੂੰ ਤਿਆਰ ਹੋ ਗਿਆ । ਓਸ ਮੰਨ ਲਿਆ, ਉਹਦੇ ਪੁਤਰਾਂ ਨੇ ਮੰਨ ਲਿਆ ਕਿ ਚਾਚਾ ਕੈਦੋ ਸ਼ਰਬਤ ਵਿਚ ਜ਼ਹਿਰ ਘੋਲ ਕੇ ਪੀਰਾਂ ਦਾ ਆਬਿਹਯਾਤ ਹੀਰ ਨੂੰ ਪਿਲਾ ਜਾਏਗਾ ।

ਪਰਸੋਂ ਤਖ਼ਤ ਹਜ਼ਾਰੇ ਨੇ ਸਿਆਲੀਂ ਢੁਕਣਾ ਸੀ । ਰਾਤੀਂ ਜਦੋਂ ਗੌਂ ਗਾ ਕੇ ਸਹੇਲੀਆਂ ਗਈਆਂ, ਤੇ ਮਾਂ ਨੇ ਸੁਖਾਂ ਮੰਗੀਆਂ, ਤਾਂ ਚਾਈਂ ਚਾਈਂ ਚਾਚਾ ਕੈਦੋ ਪੀਰਾਂ ਦੀ ਰਖ ਲਿਆਇਆ, ਆਬਿਹਯਾਤ ਦਾ ਪਿਆਲਾ, ਜਿਹੜਾ ਦਿਨ ਰਾਤ ਓਸ ਪੀਰ ਬਾਦਸ਼ਾਹ ਦੀ ਕਬਰ ਸਰਹਾਣੇ ਰਖਿਆ ਹੋਇਆ ਸੀ, "ਹੀਰ ਸੁਲਖਣੀ ਹੋਵੇ" ਦੀ ਅਸੀਸ ਦੇ ਕੇ ਪਿਲਾ ਗਿਆ ।

ਅੱਧੀ ਰਾਤੀਂ ਹੀਰ ਨੂੰ ਕੁਝ ਹੋ ਗਿਆ । ਓਸ ਮਾਂ ਨੂੰ ਵਾਜ਼ ਮਾਰੀ : "ਮਾਂ – ਮਾਂ – ਔਹ ਛਿੱਕੂ ਮੇਰਾ ਏਧਰ ਕਰੀਂ – ਮੈਂ ਮਾਰੀ ਗਈ !"

ਮਾਂ ਨੂੰ ਹੱਥ ਪੈਰ ਪੈ ਗਏ । ਛਿੱਕੂ ਉਹ ਫੜ ਲਿਆਈ । ਵਿਚੋਂ ਹੀਰ ਨੇ ਵੰਝਲੀ ਫੜ ਕੇ ਬੁਲ੍ਹਾਂ ਨਾਲ ਛੁੰਹਦੀ ਹਿੱਕ ਉੱਤੇ ਧਰ ਲਈ ।

"ਅੰਮੜੀਏ – ਮਿਲ ਲੈ – ਮੈਂ ਚਲੀ ਊਂ, ਆਬਿਹਯਾਤ ਨਹੀਂ ਉਹ ਮਹੁਰੇ ਦਾ ਪਿਆਲਾ ਸਾਈ ।"

ਮਾਂ ਚਿਰਲਾਂਦੀ ਉਹਦੇ ਪਾਸੇ ਨਾਲ ਡਿਗ ਪਈ ; ਤੇ ਉਸ ਚੀਕ ਮਾਰੀ –

"ਮੇਰੀ ਰਾਣੀ ਧੀ !"

"ਮੇਰਾ ਰਾਂਝਣ ਰਾਜਾ ।"

ਤੇ ਹੀਰ ਦੀਆਂ ਅੱਖਾਂ ਮੀਟੀਆਂ ਗਈਆਂ ।

ਸਾਰੇ ਪਿੰਡ ਵਿਚ ਸੋਗ ਪੈ ਗਿਆ । ਘਰ ਘਰ ਕੈਦੋ ਆਂਹਦਾ ਫਿਰਿਆ, ਜ਼ੁਲਮ ਹੋਇਆ, ਹੀਰ ਨੂੰ ਕੁਝ ਲੜ ਗਿਐ, ਜੰਵ ਬੂਹੇ ਆਈ ਖੜੀ ਏ ।

ਜੰਵ ਦੇ ਵਾਜੇ ਆ ਵੱਜੇ । ਕੈਦੋ ਚੂਚਕ ਤੇ ਹੀਰ ਦੇ ਭਰਾ ਅਗੋਂ ਵਾਲੀ ਉਨ੍ਹਾਂ ਨੂੰ ਖ਼ਬਰ ਦੇਣ ਗਏ । ਸੁਣ ਕੇ ਸਭ ਦੇ ਰੰਗ ਉੱਡ ਗਏ । ਪਰ ਰਾਂਝੇ ਨੇ ਮੰਨਿਆ ਉੱਕਾ ਨਾ । ਕੈਦੋ ਨੇ ਅੱਥਰੂ ਪੂੰਝ ਪੂੰਝ ਕੇ ਉਹਨੂੰ ਉਹਦੀ ਕਬਰ ਦਾ ਹਾਲ ਸੁਣਾਇਆ । ਉਹਨੂੰ ਦਸਿਆ ਕੀਕਰ ਹੀਰ ਦੀ ਮਾਂ ਨੇ ਉਹਦੀ ਵੰਝਲੀ ਜਨਾਜ਼ੇ ਵਿਚ ਪਾਣ ਲਈ ਜ਼ਿਦ ਕੀਤੀ ਸੀ ।

ਰਾਂਝੇ ਆਖਿਆ : "ਜੰਵ ਕਬਰ ਤਕ ਜਾਏਗੀ, ਮੈਂ ਪਰਨਾਣ ਆਇਆ ਹਾਂ, ਪਰਨਾ ਕੇ ਹੀ ਮੁੜਾਂਗਾਂ, ਹੀਰ ਦਾ ਵਿਆਹ ਮੇਰੇ ਨਾਲ ਜ਼ਰੂਰ ਹੋਵੇਗਾ ।"

ਏਸ ਗ਼ਮ ਦਾ ਹੁਕਮ ਕੌਣ ਮੋੜੇ ! ਕਬਰ ਉੱਤੇ ਜੰਵ ਪਹੁੰਚ ਗਈ । ਕੱਚੀ ਸੀ ਅਜੇ ਕਬਰ, ਪੱਕਾ ਇਕੋ ਪੱਥਰ ਸਰਹਾਣੇ ਖੜਾ ਕੀਤਾ ਸੀ ।

"ਇਹ ਹੈ ਸਾਡੀ ਲਾਡਲੀ ਬੱਚੀ ਦੀ ਕਬਰ, ਜਿਦ੍ਹੇ ਉੱਤੇ ਤਕਦੀਰ ਮਿਹਰਵਾਨ ਨਹੀਂ ਹੋਈ।" ਚੂਚਕ ਨੇ ਰੋ ਕੇ ਆਖਿਆ।

ਰਾਂਝੇ ਦੇ ਭਰਾਵਾਂ ਦੀਆਂ ਅੱਖਾਂ ਵਿੱਚੋਂ ਹੰਝੂ ਤ੍ਰਿਪ ਤ੍ਰਿਪ ਡਿਗੇ, ਪਰ ਰਾਂਝਾ ਇਕ ਟਕ ਕਬਰ ਵਲ ਵੇਖਦਾ ਰਿਹਾ ਜੀਕਰ ਮਿਟੀ ਉਹਦੀ ਨੀਝ ਵਿਚਾਲਿਓਂ ਹਟ ਗਈ ਤੇ ਉਹ ਹੀਰ ਦੀ ਹਿੱਕ ਨਾਲ ਲਗੀ ਆਪਣੀ ਵੰਝਲੀ ਵੇਖ ਰਿਹਾ ਸੀ।

ਉਹ ਕਬਰ ਦੇ ਨਾਲ ਲੇਟ ਗਿਆ। ਜੱਫੀ ਪਾ ਕੇ ਉੱਠਿਆ ਤੇ ਸਰਹਾਣੇ ਵਲ ਜਾ ਕੇ ਪੱਥਰ ਚੁਕ ਕੇ ਐਡੇ ਜ਼ੋਰ ਨਾਲ ਓਸ ਆਪਣੇ ਮੱਥੇ ਨਾਲ ਮਾਰ ਲਿਆ ਤੇ ਲਹੂ ਦੇ ਪਾੜਛੇ ਵਗ ਪਏ ਤੇ ਕੱਚੀ ਕਬਰ ਦੀ ਮਿੱਟੀ ਵਿਚ ਜੀਰ ਗਏ। ਰਾਂਝਾ ਡਿਗਿਆ ਤੇ ਉਹਦੇ ਮੂੰਹੋਂ ਚੀਕ ਨਿਕਲੀ :

"ਹਾਏ, ਮੇਰੀਏ ਹੀਰੇ!"

ਤੇ ਜਦੋਂ ਉਹਦਾ ਨਿੱਘਾ ਲਹੂ ਮਿੱਟੀ 'ਚੋਂ ਚੋ ਚੋ ਕੇ ਹੀਰ ਦੀ ਹਿੱਕ ਨਾਲ ਲਗੀ ਵੰਝਲੀ ਤਕ ਪਹੁੰਚਾ, ਕਈਆਂ ਨੂੰ ਜਾਪਿਆ ਉਨ੍ਹਾਂ ਕਬਰ ਵਿੱਚੋਂ ਉੱਠੀ ਇਕ ਹੋਰ ਚੀਕ ਸੁਣੀ :

"ਹਾਇ, ਮੇਰਿਆ ਰਾਂਝਣਾ!"

www.PunjabiLibrary.com

# (੨) ਸੋਹਣੀ ਮਹੀਂਵਾਲ

ਗੁਜਰਾਤ ਸ਼ਹਿਰ ਦੇ ਚੜ੍ਹਦੇ ਪਾਸੇ ਇਕ ਨਿਵੇਕਲੇ ਜਿਹੇ ਬਾਗ਼ ਦੀਆਂ ਉੱਚੀਆਂ ਲੰਮੀਆਂ ਟਾਹਲੀਆਂ ਦੀ ਛਾਵੇਂ ਕੋਈ ਰੌਣਕੀਲਾ ਡੇਰਾ ਉਤਰਿਆ ਹੋਇਆ ਹੈ : ਨਵੇਂ ਨਕੋਰ ਤੰਬੂਆਂ ਦੁਆਲੇ ਸ਼ੋਖ਼ ਛਾਪੇ ਵਾਲੀਆਂ ਕਨਾਤਾਂ ਦਿਸਦੀਆਂ ਹਨ। ਇਕ ਪਾਸੇ ਸਾਂਢਣੀਆਂ ਦੇ ਗਲ ਟੱਲੀਆਂ ਛਣਕਦੀਆਂ, ਅਰਬੀ ਘੋੜਿਆਂ ਦੇ ਪਿੰਡੇ ਲਿਸ਼ਕਦੇ ਤੇ ਨੌਕਰ ਚਾਕਰ ਚਾਈਂ ਚਾਈਂ ਫਿਰ ਰਹੇ ਹਨ।

ਇਕ ਹਫ਼ਤਾ ਅਜੇ ਨਹੀਂ ਹੋਇਆ ਕਿ ਇਹ ਅਣ-ਗੌਲੀ ਜਿਹੀ ਥਾਂ ਸੀ, ਪਰ ਅਜ ਇਹਦੇ ਵਿਚ ਕੋਰੀ ਰੂਹ ਆ ਮਟਕੀ ਹੈ। ਸ਼ਹਿਜ਼ਾਦਿਆਂ ਵਰਗਾ ਕੋਈ ਸੌਦਾਗਰ-ਬੱਚਾ ਪਿਸ਼ੌਰ ਜਾਂਦਾ ਏਥੇ ਅਟਕ ਗਿਆ ਹੈ। ਉਹਦੀ ਪਰਖਾਂ-ਭਰੀ ਅੱਖ ਨੇ ਏਸ ਥਾਂ ਦੀ ਰਮਣੀਕਤਾ ਜਾਚ ਲਈ। ਇਹਦੇ ਸਾਹਮਣੇ ਆਸ਼ਕਾਂ ਦਾ ਭਿਆਲ ਝਨਾਂ ਪਿਆ ਵਗਦਾ ਤੇ ਉਹਦੀਆਂ ਖਿੜ ਖਿੜ ਖੇਡਦੀਆਂ ਲਹਿਰਾਂ ਉੱਤੇ ਸ਼ਾਮਾਂ ਦਾ ਸੂਰਜ ਸੋਨੇ ਦੀ ਸੋਟ ਕਰ ਰਿਹਾ ਹੈ।

ਏਸ ਸੌਦਾਗਰ-ਬੱਚੇ ਦੀ ਅਮੀਰੀ, ਤੇ ਦਰਿਆ-ਦਿਲੀ ਦੀ ਚਰਚਾ ਸ਼ਹਿਰ ਦੇ ਹੁਜਰਿਆਂ, ਸਰਾਵਾਂ, ਬੈਠਕਾਂ ਬਜ਼ਾਰਾਂ ਵਿਚ ਹੈ : ਹਰ ਮੂੰਹ ਵਿਚ ਏਸੇ ਦੀਆਂ ਗੱਲਾਂ ਨੇ :

"ਬੁਖ਼ਾਰੇ ਦੇ ਹੀਰਿਆਂ ਦੇ ਸੌਦਾਗਰ, ਅਲੀ ਬੇਗ ਦਾ ਇਕਲੌਤਾ – ਤਬੀਅਤ ਦਾ ਵੀ ਇਕਲੌਤਾ – ਵੇਖਣ ਜਾਣਨ ਦਾ ਸ਼ੌਕੀ, ਦੋ ਮੁਨਸ਼ੀ ਸਦਾ ਨਾਲ ਇਹਨੂੰ ਪੰਜਾਬੀ ਸਿਖਾਂਦੇ ਨੇ – ਜੇਡਾ ਜਵਾਨ, ਓਡਾ ਸੁਹਣਾ, ਜੇਡਾ ਸੁਹਣਾ, ਓਡਾ ਮੁਰੱਵਤੀ – ਜਿਸ ਸ਼ਹਿਰੋਂ ਲੰਘਦੈ, ਉਥੋਂ ਦੀਆਂ ਹੁਨਰ-ਕਿਰਤਾਂ ਖ਼ਰੀਦਦਾ ਹੈ – ਕੱਲ ਇਹਦੇ ਆਦਮੀ ਤੁਲ੍ਹੇ ਘੁਮਿਆਰ ਤੋਂ ਕਈ ਕੂਜ਼ੇ ਤੇ ਬਾਦੀਏ ਮੁਲ ਲਿਆਏ ਸਨ – ਸੈਰ ਤਮਾਸ਼ੇ ਲਈ ਹਿੰਦੁਸਤਾਨ ਆਇਆ ਹੈ – ਦਿੱਲੀ ਦੇ ਬਾਦਸ਼ਾਹ ਨੂੰ ਏਸ ਕਈ ਤੁਹਫ਼ੇ ਦਿਤੇ, ਅੰਬਰ ਮੁਸ਼ਕ, ਤੇ ਮੁਸ਼ਕ ਤਿੱਬਤੀ, ਹੀਰੇ, ਲਾਲ, ਪੁਖਰਾਜ ਤੇ ਨੀਲਮ – ਬਾਦਸ਼ਾਹ ਨੇ ਸਾਰੇ ਮੁਲਕ ਵਿਚ ਸੈਰ ਤਮਾਸ਼ੇ ਦੀਆਂ ਸਹੂਲਤਾਂ ਦਿਤੀਆਂ ਨੇ, ਆਪਣਾ ਸਮੁੰਦ ਘੋੜਾ ਵੀ ਦਿਤੈ – ਤੇ ਅੱਜ ਰਾਤ ਉਜਾੜਾਂ ਆਬਾਦ ਕਰਨ ਵਾਲੀ ਏਸ ਰੂਹ ਨੇ ਗੁਜਰਾਤ ਸ਼ਹਿਰ ਦੇ ਹੁਨਰਮੰਦਾਂ, ਗਵੱਈਆਂ ਤੇ ਪਤਵੰਤਿਆਂ ਨੂੰ ਆਪਣੇ ਡੇਰੇ ਦਾਅਵਤ ਉਤੇ ਬੁਲਾਇਆ ਏ......... ।"

ਦਾਅਵਤ ਦੀ ਤਿਆਰੀ ਹਰ ਪਾਸੇ ਪਰਤੱਖ ਹੈ, ਕਾਲੀਨ ਵਿਛ ਰਹੇ ਹਨ, ਜ਼ਰਦਿਆਂ, ਮੁਰਗ਼ ਜੋਸ਼ਾਂ ਦੀ ਖ਼ੁਸ਼ਬੋਈ ਉਡ ਰਹੀ ਹੈ। ਦੋ ਸ਼ਖ਼ਸ ਏਸ ਤਿਆਰੀ ਦੀ ਵੇਖ ਚਾਖ਼ ਕਰਦੇ ਤੁਰੇ ਜਾ ਰਹੇ ਹਨ। ਇਨ੍ਹਾਂ 'ਚੋਂ ਅਗਲੇ ਦੀ ਕਿਹੋ ਜਿਹੀ ਚੜ੍ਹਤਲ, ਕਿਹੋ ਜਿਹੇ ਉਹਦੇ ਨੈਣ, ਕਿਹੋ ਜਿਹਾ ਉਹਦਾ ਮਸਤਕ! ਬੋਲ ਤੇ ਅਦਾ ਦੀ ਕੋਈ ਗੱਲ ਕੀ ਕਰੇ!

ਫੁੱਲਾਂ ਨਾਲ ਜੜੇ ਭਰੇ ਨਾਸ਼ਪਾਤੀ ਦੇ ਦਰੱਖ਼ਤ ਹੇਠਾਂ ਉਹ ਖਲੋ ਗਏ। ਟਹਿਕਦੀਆਂ ਟਹਿਣੀਆਂ ਵਲ ਵੇਖ ਵੇਖ ਕੇ ਅਗਲੇ ਦੇ ਮੂੰਹੋਂ ਨਿਕਲਿਆ : "ਸੁਬਹਾਨ ਅੱਲਾਹ!" ਜਿਉਂ ਉਹਦੇ ਆਪਣੇ ਬੁਲ੍ਹਾਂ ਦੀ ਮੁਸਕਾਨ ਤੇ ਦੰਦਾਂ ਦੀ ਮੋਤੀ ਭਾਹ ਨੇ ਜੋਬਨਾਈ ਨਾਸ਼ਪਾਤੀ ਨੂੰ ਹੁੰਗਾਰਾ ਦਿਤਾ।

"ਸਆਦਤ!" ਅਜ ਦੀ ਮਹਿਫ਼ਲ ਯਾਦਗਾਰੀ ਮਹਿਫ਼ਲ ਹੋਵੇ! ਸ਼ਰਾਬਾਂ ਸ਼ਰਬਤ ਬਲਖ਼ ਬੁਖ਼ਾਰੇ ਦੇ, ਪਰ ਪਿਆਏ ਜਾਣ ਏਥੋਂ ਦੇ ਸਾਗਰਾਂ ਵਿਚ – ਕੇਡੇ ਸੁਹਣੇ ਸਾਗ਼ਰ ਤੇ ਬਾਦੀਏ ਤੂੰ ਕੱਲ ਸ਼ਹਿਰੋਂ ਖ਼ਰੀਦ ਕੇ ਲਿਆਇਆ ਸੈਂ!"

"ਹਾਂ, ਇੱਜ਼ਤ, ਬੜੇ ਹੀ ਬਾਂਕੇ ਨੇ ਏਥੋਂ ਦੇ ਸਾਗ਼ਰੋ ਪੈਮਾਨੇ – ਮਿੱਟੀ ਦੇ ਬਣੇ ਵੀ ਸ਼ੀਸ਼ੇ ਨੂੰ ਮਾਤ ਪਾਂਦੇ ਨੇ।

www.PunjabiLibrary.com

ਉਨਾਂ ਵਿਚ ਹੀ ਅਜ ਅਸੀਂ ਏਥੋਂ ਦੇ ਸੁਚੱਜੇ ਲੋਕਾਂ ਦੀ ਸਿਹਤ ਦੇ ਜਾਮ ਪੀਆਂਗੇ !"

"ਤੇ ਕੱਲ੍ਹ ਤੂੰ ਮੈਨੂੰ ਵੀ ਲੈ ਚਲੀਂ, ਇਨ੍ਹਾਂ ਕੂਜ਼ਿਆਂ ਦੇ ਕਾਮਲ ਦੀ ਜ਼ਿਆਰਤ ਮੈਂ ਵੀ ਕਰ ਆਵਾਂ ।"

"ਦੂਜੇ ਦਿਨ ਸਵੇਰੇ ਇੱਜ਼ਤ ਬੇਗ ਤੇ ਸਆਦਤ ਅਲੀ ਤੁਲ੍ਹੇ ਘੁਮਿਆਰ ਦੇ ਘਰ ਵਲ ਤੁਰੀ ਜਾ ਰਹੇ, ਤੇ ਬਜ਼ਾਰ ਵਿਚ ਦੁਕਾਨਾਂ ਤੋਂ ਉਠ ਉਠ ਲੋਕ ਉਨ੍ਹਾਂ ਵਲ ਤੱਕਦੇ ਤੇ ਰਾਤ ਦੀ ਮਹਿਫ਼ਲ ਦੀਆਂ ਸਿਫ਼ਤਾਂ ਸੁਣਾ ਸੁਣਾ ਪਏ ਕਰਦੇ ਸਨ ।

ਤੁਲ੍ਹੇ ਘੁਮਿਆਰ ਦੀ ਸ਼ੁਹਰਤ ਵੀ ਸਾਰੇ ਪੰਜਾਬ ਵਿਚ ਸੀ; ਕਿਥੇ ਉਹਦੇ ਭਾਂਡੇ, ਖਿਡੌਣੇ, ਕੂਜ਼ੇ ਤੇ ਬਾਦੀਏ ਨਹੀਂ ਸਨ ਪਹੁੰਚੇ ! ਉਹਦੇ ਘਰ ਦੇ ਅਗੇ, ਬੜੇ ਖੁਲ੍ਹੇ ਵਿਹੜੇ ਵਿਚ ਕਈ ਇਕ ਨਿੱਕੇ ਨਿੱਕੇ ਢਾਰੇ ਸਨ, ਕਿਸੇ ਵਿਚ ਭਾਂਡਿਆਂ ਦੀਆਂ ਧਾਲਾਂ, ਕਿਸੇ ਵਿਚ ਬਚਿਆਂ ਦੇ ਖੇਡਣ ਲਈ ਕਾਨ੍ਹ ਗੋਪੀਆਂ, ਕਿਸੇ ਵਿਚ ਪੰਛੀ ਤੇ ਚੌਪਾਏ ਜਿਵੇਂ ਹੁਣੇ ਜੰਗਲਾਂ ਤੋਂ ਆਏ ਸਨ । ਸਾਹਮਣੇ ਪਾਸੇ ਹਵੇਲੀ ਵਿਚ ਮੱਝਾਂ ਬੱਝੀਆਂ ਸਨ ।

ਆਪ ਤੁਲ੍ਹਾ ਇਕ ਢਾਰੇ ਹੇਠਾਂ ਆਪਣੇ ਜਾਦੂ-ਚੱਕਰ ਉੱਤੇ ਬੈਠਾ ਮਿਟੀ ਦੇ ਗੋਲਿਆਂ ਵਿਚੋਂ ਲੋਹੜੇ ਦਾ ਹੁਸਨ ਛਿੱਲੀ ਤ੍ਰਾਸ਼ੀ ਜਾ ਰਿਹਾ ਸੀ । ਕੋਈ ਪੰਜਤਾਲੀ ਵਰ੍ਹੇ ਦਾ ਰੌਸ਼ਨ-ਚਸ਼ਮ ਆਦਮੀ, ਕਰੜ ਬਰੜੀ ਦਾਹੜੀ, ਚਿਹਰੇ ਉੱਤੇ ਪਰਵਾਨ ਚੜ੍ਹੀ ਕਿਰਤ ਦਾ ਭਖ਼ਾ ਤੇ ਸਾਰੇ ਘਰ ਵਿਚ ਕੰਮਾਂ ਦੀ ਝੰਮ ਝੰਮ ਸੀ ।

ਉਹਦੇ ਖੱਬੇ ਪਾਸੇ ਇਕ ਮੁਟਿਆਰ ਬੈਠੀ ਮਿੱਟੀ ਗੋ ਰਹੀ ਸੀ । ਮੁਟਿਆਰ ਵੀ ਐਉਂ ਜਿਉਂ ਤੁਲ੍ਹੇ ਨੇ ਆਪ ਆਪਣੇ ਜਾਦੂ-ਚੱਕਰ ਉੱਤੇ ਰੀਝਾਂ ਲਾਹ ਲਾਹ ਕੇ ਵਿਉਂਤੀ ਸੀ ।

ਦੋ ਪਰਦੇਸੀ ਵਿਹੜਾ ਲੰਘ ਕੇ ਤੁਲ੍ਹੇ ਦੇ ਕੋਲ ਆ ਖਲੋਤੇ ।

"ਆਓ, ਖ਼ੁਸ਼ ਆਇਆਂ ਨੂੰ, ਬਹਿ ਜਾਓ, ਪੁਤ੍ਰ ਸੁਹਣੀਏ, ਕਰ ਮੰਜਾ ਇਨ੍ਹਾਂ ਦੇ ਅਗੇ !"

ਮੁਟਿਆਰ ਨੇ ਬੜੀ ਫ਼ੁਰਤੀ ਨਾਲ ਮੰਜਾ ਡਾਹ ਦਿਤਾ । ਮਹਿਮਾਨਾਂ ਨੂੰ ਸਮਝ ਨਾ ਪਵੇ, ਉਹ ਕਿਹੜੇ ਪਾਸੇ ਤੱਕਣ – ਇਕ ਪਾਸੇ ਕਾਮਲ ਦਾ ਜਲਾਲ, ਦੂਜੇ ਪਾਸੇ ਹੁਸੀਨਾ ਦਾ ਜੋਬਨ ।

"ਇਹ ਮੇਰੇ ਮਾਲਕ ਇੱਜ਼ਤ ਬੇਗ ਨੇ ।" ਸਆਦਤ ਨੇ ਆਖਿਆ ।

"ਅਸ-ਸਲਮਾ-ਲੈਕਮ – ਮੇਰੇ ਸਿਰ ਮੱਥੇ ਉੱਤੇ ।" ਤੁਲ੍ਹੇ ਦਾ ਚਿਹਰਾ ਖਿੜ ਪਿਆ ।

"ਪਰਸੋਂ ਮੈਂ ਤੁਹਾਡੇ ਕੋਲੋਂ ਕਿੰਨੇ ਹੀ ਕੂਜ਼ੇ ਤੇ ਬਾਦੀਏ ਲੈ ਗਿਆ ਸਾਂ । ਸਾਡੇ ਇੱਜ਼ਤ ਬੇਗ ਨੂੰ ਉਹ ਬੜੇ ਚੰਗੇ ਲਗੇ, ਤੇ ਅਜ ਉਹ ਕੁਝ ਹੋਰ ਖ਼ਰੀਦਣ ਤੇ ਤੁਹਾਡੀ ਮੁਲਾਕਾਤ ਕਰਨ ਆਏ ਹਨ ।"

"ਮੇਰੇ ਉੱਚੇ ਬਖ਼ਤ – ਜੋ ਹੁਕਮ ਕਰੋ – ਪੁਤ੍ਰ ਸੋਹਣੀਏ, ਤੂੰ ਜਾ ਵਿਖਾ ਇਨ੍ਹਾਂ ਨੂੰ ਜੋ ਇਹ ਪਸੰਦ ਕਰਨ – ਮੇਰਾ ਇਹ ਹਥਲਾ ਫੁਲਦਾਨ ਹੁਣ ਗਲਮੇ ਤਕ ਆਇਆ ਹੋਇਐ ।"

"ਘੰਮਾ – ਘੰਮ – ਘੰਮ – ਤੇ ਤੁਲ੍ਹੇ ਦੀਆਂ ਉਂਗਲਾਂ ਫੁਲਦਾਨ ਦੇ ਗਲਮੇ ਉੱਤੇ ਐਉਂ ਧਰੀਆਂ ਗਈਆਂ ਜਿਉਂ ਕਿਸੇ ਆਸ਼ਕ ਦੀਆਂ ਉਂਗਲਾਂ ਮਹਿਬੂਬ ਦੇ ਗਲ ਉੱਤੇ ।

ਅੱਗੇ ਅੱਗੇ ਸੋਹਣੀ, ਪਿਛੇ ਪਿਛੇ ਮਹਿਮਾਨ – ਅਣ-ਬੋਲੇ ਲਫਜ਼ਾਂ ਨਾਲ ਆਫਰੀ ਖ਼ਾਮੋਸ਼ੀ ਵਿਚ, ਤਾਲਵੇਂ ਕਦਮੀਂ ਸੋਹਣੀ ਤੁਰੀ ਜਾ ਰਹੀ ਸੀ । ਇਕ ਕੋਠੇ ਦਾ ਬੂਹਾ ਓਸ ਨੇ ਖੋਲ੍ਹਿਆ । ਖ਼ਾਮੋਸ਼ੀ ਧੜਕ ਉੱਠੀ । ਇਹ ਤੁਲ੍ਹੇ ਦੀ ਦੁਕਾਨ ਸੀ; ਭਾਂਤ ਭਾਂਤ ਦਾ ਮਾਲ ਬੜੇ ਕਰੀਨੇ ਨਾਲ ਚੁਣਿਆ ਹੋਇਆ ਸੀ । ਚੁਕ ਚੁਕ ਕੇ ਸੋਹਣੀ ਚੀਜ਼ਾਂ ਵਿਖਾਂਦੀ ਗਈ, ਤੇ ਜਿਹੜੀ ਚੀਜ਼ ਸੋਹਣੀ ਦਸਾਏ, ਇੱਜ਼ਤ ਵਖਰੀ ਰਖਾ ਲਏ । ਇਕ ਚੀਜ਼ ਰੱਖ ਕੇ ਦੂਜੀ ਉਹ ਲੈਣ ਜਾਏ, ਇੱਜ਼ਤ ਕਿਸੇ ਸੁਪਨੇ ਵਿਚ ਡੁਬ ਜਾਏ : "ਉਹ ! ਇਹਦੇ ਪੈਰ, ਇਹਦੇ ਕਦਮ ਜ਼ਮੀਨ ਉੱਤੇ ਤੁਰਦੀ ਏ, ਕਿ ਮੇਰੀ ਹਿੱਕ ਉੱਤੇ ਚੁੰਗੀਆਂ ਭਰਦੀ ਏ – ਉਹ ! ਚੀਜ਼ਾਂ ਨੂੰ ਹੱਥ ਪਾਂਦੀ ਏ, ਕਿ ਦਿਲਾਂ ਨੂੰ ਰੁਗ ਭਰਦੀ ਏ ।" ਉਹ ਮਨ ਵਿਚ ਕਹਿੰਦਾ ।

ਆਪਣੇ ਪੱਲੇ ਨਾਲ ਝਾੜਦੀ ਇਕ ਬਾਦੀਆ ਉਹ ਲਿਆਈ ।

"ਇਹ ਬਾਦੀਆ ਅੱਬਾ ਨੇ ਬੜੀ ਹੀ ਰੀਝ ਨਾਲ ਬਣਾਇਆ ਸੀ।"

ਇੱਜ਼ਤ ਜਿਉਂ ਸੁਪਨੇ ਤੋਂ ਚੌਂਕ ਪਿਆ ਤੇ ਦੋਵੇਂ ਹੱਥ ਵਧਾ ਕੇ ਫੜਦਿਆਂ ਤੇ ਵੇਖਦਿਆਂ ਬੋਲਿਆ :–

"ਕਿਹੋ ਜਿਹੇ ਸਾਂਵੇਂ ਇਹਦੇ ਘੇਰੇ – ਕੋਈ ਨਸ਼ਾ ਏ ਇਹਦੀਆਂ ਲਕੀਰਾਂ ਵਿਚ !"

ਤੇ ਜਦੋਂ ਬਾਦੀਆ ਫੜਾ ਕੇ ਸੋਹਣੀ ਹੋਰ ਚੀਜ਼ ਲੈਣ ਗਈ ਤਾਂ ਇੱਜ਼ਤ ਨੇ ਸਆਦਤ ਕੋਲੋਂ ਮੂੰਹ ਪਰ੍ਹਾਂ ਕਰ ਕੇ ਆਪਣੀਆਂ ਉਂਗਲਾਂ ਬੁਲ੍ਹਾਂ ਉਤੇ ਛੁਹਾ ਲਈਆਂ।

"ਉਹਦੇ ਪੋਟਿਆਂ ਦੀ ਬਿਜਲੀ !" ਉਹ ਮਨ ਵਿਚ ਆਖ ਰਿਹਾ ਸੀ।

ਟੁਪ ਟੁਪ ਕਰਦੀ ਸੋਹਣੀ ਨੇ ਇਕ ਪਿਆਲਾ ਉਹਦੇ ਹੱਥ ਲਿਆ ਫੜਾਇਆ। ਆਖਣ ਨੂੰ ਇਹ ਮਿਟੀ ਦਾ ਪਿਆਲਾ ਸੀ, ਪਰ ਅੱਖਾਂ ਸਾਹਮਣੇ ਭੁਆ ਭੁਆ ਕੇ ਇੱਜ਼ਤ ਇਹਦੇ ਕੰਢਿਆਂ ਦੀਆਂ ਲਕੀਰਾਂ, ਇਹਦੀ ਸਾਵੀਂ ਗੋਲਾਈ, ਇਹਦੇ ਉਪਰਲੇ ਥਲੇ ਉਤੇ ਚੰਨ, ਤੇ ਇਹਦੇ ਹੇਠਲੇ ਥੱਲੇ ਉਤੇ ਉਤਾਂਹ ਤਕਦੀ ਪਰੀ-ਮੂਰਤ ਵਲ ਕਿੰਨਾ ਚਿਰ ਵੇਖਦਾ ਰਿਹਾ। ਸਆਦਤ ਨੇ ਉਹਦੇ ਰੰਗ ਦੀ ਤਾਰੀਫ਼ ਕੀਤੀ।

"ਰੰਗ, ਰੰਗ !" ਇੱਜ਼ਤ ਬੋਲ ਉਠਿਆ – "ਜਿਉਂ ਧੁਪੋਂ ਆਈ ਗੋਰੀ ਦਾ ਭਖਦਾ ਮੂੰਹ – ਤੇ ਵੇਖ ਇਹਦੀ ਬਰੀਕੀ, ਜਿਉਂ ਕੋਈ ਪਤਲੀ ਸੋਹਣੀ ਕਮਰ !"

ਇੱਜ਼ਤ ਬੇਗ ਨੂੰ ਜਾਪਿਆ ਜਿਵੇਂ ਉਹ ਪਿਆਲਾ ਖ਼ਾਲੀ ਨਹੀਂ, ਭਰਪੂਰ ਸੀ, ਤੇ ਓਸ ਨੇ ਬੁਲ੍ਹਾਂ ਨਾਲ ਲਾ ਲਿਆ।

ਸੋਹਣੀ ਹੱਸ ਪਈ, ਤੇ ਉਹਦੇ ਨੱਕ ਵਿਚ ਪਈ ਬੁਲਾਕ ਬੁਲ੍ਹਾਂ ਉਤੇ ਝੂਲ ਪਈ। ਇੱਜ਼ਤ ਨੂੰ ਪਹਿਲੀ ਨਜ਼ਰੇ ਇਹ ਗਹਿਣਾ ਬੜਾ ਅਜੀਬ ਜਾਪਿਆ ਸੀ, ਪਰ ਸੋਹਣੀ ਦਾ ਹਸਦਾ ਮੂੰਹ ਵੇਖ ਕੇ ਉਹਨੂੰ ਮੋਤੀਆਂ ਦੇ ਸੰਦੂਕ ਨੂੰ ਸੋਨੇ ਦੇ ਲਗੇ ਕੁਫ਼ਲ ਵਾਲੀ ਕਿਸੇ ਸ਼ਾਇਰ ਦੀ ਗਲ ਸਮਝ ਆ ਗਈ।

"ਮੈਂ ਵੇਖਦਾ ਸਾਂ ਬੁਲ੍ਹਾਂ ਨਾਲ ਇਹ ਕਿਹੋ ਜਿਹਾ ਮਹਿਸੂਸ ਹੁੰਦਾ ਹੈ", ਇੱਜ਼ਤ ਨੇ ਸੋਹਣੀ ਦੇ ਹਾਸੇ ਦੇ ਜਵਾਬ ਵਿਚ ਆਖਿਆ।

"ਪਰ ਇਹ ਅਜੇ ਕੋਰਾ ਹੈ, ਜਦੋਂ ਰਚ ਜਾਏਗਾ, ਬੁਲ੍ਹਾਂ ਨੂੰ ਬੁਲ੍ਹਾਂ ਵਰਗਾ ਕੂਲਾ ਲਗੇਗਾ।" ਸੋਹਣੀ ਨੇ ਸਹਿਜ ਸੁਭਾ ਪਿਆਲੇ ਦੀ ਕੂਲਿਤਨ ਦੀ ਤਾਰੀਫ਼ ਕੀਤੀ।

ਪਰ ਇੱਜ਼ਤ ਨੂੰ ਤਾਂ ਸਚੀਂ ਮੁਚੀਂ ਓਸ ਪਿਆਲੇ ਦੇ ਬੁਲ੍ਹਾਂ ਵਿਚੋਂ ਕੂਲੇ ਕਿਸੇ ਬੁਲ੍ਹਾਂ ਦੇ ਜੋੜੇ ਦੀ ਛੁਹ ਝਰਨਾ ਗਈ, ਤੇ ਓਸ ਨੇ ਉਹ ਪਿਆਲਾ ਆਪਣੇ ਸਾਹਮਣੇ ਪਏ ਢੇਰ ਨਾਲੋਂ ਜ਼ਰਾ ਅਡਰਾ ਕਰ ਕੇ ਰਖ ਲਿਆ। ਕਿੰਨਾ ਚਿਰ ਉਹ ਏਸ ਪਿਆਲੇ ਉਤੇ ਉਂਗਲਾਂ ਫੇਰਦਾ ਕੁਝ ਬੋਲ ਨਾ ਸਕਿਆ।

"ਮੈਂ ਸਾਰੀਆਂ ਵੰਨਗੀਆਂ ਤੁਹਾਡੇ ਸਾਹਮਣੇ ਲਿਆ ਧਰੀਆਂ ਨੇ, ਜਿਹੜੀ ਤੁਹਾਡੀ ਪਸੰਦ ਹੋਵੇ, ਤੁਸੀਂ ਦਸ ਦਿਓ !" ਸੋਹਣੀ ਨੇ ਆਖਿਆ।

"ਮੈਨੂੰ ਇਸ ਦੁਕਾਨ ਵਿਚਲੀ ਇਕ ਇਕ ਚੀਜ਼ ਪਸੰਦ ਹੈ।" ਤੇ ਓਸ ਵੇਲੇ ਉਹ ਸੋਹਣੀ ਦੀ ਤਾਰਿਆਂ-ਜੜੀ ਚੁੰਨੀ ਦੇ ਉੱਡੇ ਪੱਲੂ ਹੇਠੋਂ ਰੇਸ਼ਮੀ ਰਾਤ ਵਿਚ ਦਮਕਦਾ ਚੰਨ ਵੇਖ ਰਿਹਾ ਸੀ।

"ਪਰ ਤੁਸੀਂ ਲਵੋਗੇ ਕਿਹੜੀ ਕਿਹੜੀ ?" ਸੋਹਣੀ ਨੇ ਸਿਰ ਤੇ ਕਪੜਾ ਉਚਾ ਕਰ ਕੇ ਆਖਿਆ।

"ਜੇ ਮੈਂ ਮੁਲ ਦੇ ਸਕਦਾ ਹੋਵਾਂ, ਤਾਂ ਸਭੋ ਖ਼ਰੀਦ ਲਵਾਂ – ਚੰਗਾ ਹੁਣ ਜਿਹੜੀਆਂ ਤੂੰ ਲਿਆ ਕੇ ਧਰੀਆਂ ਨੇ, ਇਨ੍ਹਾਂ ਦਾ ਮੁਲ ਮੈਨੂੰ ਸੁਣਾ ਦੇ।"

ਕੋਈ ਵੀਹ ਚੀਜ਼ਾਂ ਸਨ, ਨਿੱਕੀਆਂ ਵੱਡੀਆਂ। ਸੋਹਣੀ ਨੇ ਇਕ ਇਕ ਦਾ ਉਚੀ ਉਚੀ ਜੋੜ ਕਰਕੇ ਦਸ ਰੁਪਈਏ ਆਖੇ। ਸਆਦਤ ਨੇ ਝਟ ਹਾਜ਼ਰ ਕਰ ਦਿਤੇ।

"ਸਾਡਾ ਆਦਮੀ ਆ ਕੇ ਇਹ ਚੀਜ਼ਾਂ ਲੈ ਜਾਏਗਾ, ਅਸੀਂ ਹੁਣ ਉਸਤਾਦ ਸਾਹਿਬ ਨੂੰ ਸਲਾਮ ਕਹਿ ਕੇ

ਰੁਖ਼ਸਤ ਲਵਾਂਗੇ।"

ਤੁਲ੍ਹੇ ਨੇ ਹੱਸ ਕੇ ਪੁਛਿਆ।

"ਪੁਤ੍ਰਾ, ਮੁਲ ਠੀਕ ਦੱਸਿਆ ਸਾਈ ਨਾ – ਮੈਨੂੰ ਦਸ, ਕਿਤੇ ਬਹੁਤਾ ਨਾ ਲਾਇਆ ਹੋਈ, ਇਹ ਸਾਡੇ ਮਹਿਮਾਨ ਨੇ!"

"ਬਹੁਤਾ!" ਇੱਜ਼ਤ ਕਾਹਲੀ ਨਾਲ ਬੋਲ ਉਠਿਆ, "ਸਗੋਂ ਮਿੱਟੀ ਦੇ ਭਾ ਸੋਨਾ ਲੈ ਚੱਲੇ ਹਾਂ!"

ਦਾਅਵਤ ਦੇ ਤੀਜੇ ਦਿਨ ਡੇਰੇ ਨੂੰ ਕੂਚ ਦਾ ਹੁਕਮ ਸੀ। ਕਨਾਤਾਂ ਤਹਿ ਹੋ ਰਹੀਆਂ ਸਨ, ਸਾਮਾਨ ਸੰਦੂਕਾਂ ਵਿਚ ਪੈ ਰਿਹਾ ਸੀ, ਪਰ ਤੁਲ੍ਹੇ ਦੀ ਦੁਕਾਨ ਤੋਂ ਮੁੜ ਕੇ ਇਕ ਹਫ਼ਤਾ ਹੋਰ ਕਿਆਮ ਇੱਜ਼ਤ ਨੇ ਸੁਣਾ ਦਿਤਾ। ਖ਼ੁਸ਼ੀ ਦੀ ਇਕ ਲਹਿਰ ਸਾਰੇ ਡੇਰੇ ਵਿਚ ਖਿਲਰ ਗਈ। ਝਨਾਂ ਦਾ ਕੰਢਾ ਤੇ ਗੁਜਰਾਤ ਦੇ ਲੋਕ ਬੁਖ਼ਾਰੀਆਂ ਨੂੰ ਚੰਗੇ ਲਗੇ ਸਨ ਤੇ ਅਜ ਉਨ੍ਹਾਂ ਨੂੰ ਉਚੇਚੀ ਛੁਟੀ ਤੇ ਦੂਣਾ ਖ਼ਰਚ ਵੀ ਇੱਜ਼ਤ ਨੇ ਦੇ ਦਿਤੇ।

ਪਰ ਆਪ ਉਹ ਸ਼ਾਮ ਤਕ ਆਪਣੇ ਤੰਬੂ ਤੋਂ ਬਾਹਰ ਨਾ ਨਿਕਲਿਆ। ਉਹਦੇ ਦਿਮਾਗ਼ ਵਿਚ ਕਈ ਇਰਾਦੇ ਫ਼ੈਸਲੇ ਲਈ ਬੇਸਬਰ ਹੋ ਗਏ ਸਨ। ਉਹਨੂੰ ਹੁਣ ਪਿਸ਼ੌਰ ਜਾਣ ਦੀ ਕੋਈ ਖਿਚ ਨਹੀਂ ਸੀ ਰਹੀ। ਪਹਿਲੀਆਂ ਗਿਣਤੀਆਂ ਸਭ ਗ਼ਲਤ ਹੋ ਗਈਆਂ। ਸੋਚਦੇ ਸੋਚਦੇ ਦੀ ਅੱਖ ਲਗ ਗਈ......ਇਕ ਸੁਹਾਵਣਾ ਜੰਗਲ – ਠੰਢੀਆਂ ਕੂਲਾਂ ਪੰਛੀ ਫੁਦਕਦੇ, ਪੌਣ ਵਿਚ ਉਨ੍ਹਾਂ ਦੇ ਸੰਗੀਤ ਦੀ ਥਰ ਥਰ – ਹਿਰਨ ਚੁੰਗੀਆਂ ਭਰਦੇ, ਮੋਰ ਪੈਲਾਂ ਪਾਂਦੇ – ਪਰ ਸਭਨਾਂ ਤੋਂ ਬੇਧਿਆਨ ਆਪ ਉਹ ਕਦੇ ਕਿਸੇ ਤੇ ਕਦੇ ਕਿਸੇ ਝਾਉਲੇ ਮਗਰ ਤੁਰਿਆ ਫਿਰਦਾ – ਪਿਆਸ ਲਗਿਆਂ, ਉਹ ਪੀਂਦਾ, ਭੁਖ ਲਗਿਆਂ ਉਹ ਖਾਂਦਾ, ਪਰ ਨਾ ਕਦੇ ਉਹਦੀ ਪਿਆਸ ਹੀ ਮਿਟੀ ਤੇ ਨਾ ਕਦੇ ਭੁਖ ਹੀ ਲੱਥੀ...... ਪਿਛੋਂ ਦੀ ਕਿਸੇ ਨੇ ਉਹਦੇ ਮੋਢੇ ਉਤੇ ਹਥ ਧਰਿਆ – ਉਹਦਾ ਬਾਪ ਸੀ, ਕਹਿੰਦੈ:

"ਉਹ ਚੰਨਾ ਮੇਰਿਆ, ਕਿਉਂ ਭਟਕਨਾ ਏਂ, ਚਲ ਘਰ, ਆਪਣੇ ਬਖ਼ਤ ਸੰਭਾਲ, ਮੈਨੂੰ ਉਹ ਕੀਮਤੀ ਹੀਰਾ ਹੱਥ ਆਇਐ ਕਿ ਉਹਦੇ ਤੋਂ ਸ਼ਾਹ ਬਾਦਸ਼ਾਹ ਆਪਸ ਵਿਚ ਲੜਨਗੇ—"

"ਪਰ ਮੇਰੇ ਅੱਬਾ, ਮੇਰਾ ਹੀਰਾ ਮੈਨੂੰ ਅਜੇ ਲੱਭਾ ਨਹੀਂ!"

"ਜਿਹੜਾ ਤੈਨੂੰ ਮੈਂ ਦਿਤਾ ਸੀ? — ਕੋਈ ਗੱਲ ਨਹੀਂ, ਓਹੋ ਜਿਹੇ ਦਸ ਹੋਰ ਮੈਂ ਤੈਨੂੰ ਦਿਆਂਗਾ।"

"ਨਹੀਂ, ਅੱਬਾ, ਤੁਹਾਡੇ ਵਾਲਾ ਨਹੀਂ, ਕੋਈ ਮੇਰਾ ਸਾਥੀ ਸੀ, ਜਿਦ੍ਹੇ ਲਈ ਮੇਰੀ ਸਾਰੀ ਰੂਹ ਤੜਫਦੀ ਏ। ਉਹਦੇ ਨਕਸ਼ ਮੈਨੂੰ ਯਾਦ ਨਹੀਂ, ਪਰ ਬੋਲ ਦੀ ਮੈਨੂੰ ਪਛਾਣ ਏ, ਉਹਦੀ ਛੁਹ ਦਾ ਮੈਨੂੰ ਚੰਗਾ ਚੇਤਾ ਏ......"

ਉਹਦੇ ਅੱਬਾ ਨੇ ਉਹਨੂੰ ਆਪਣੇ ਨਾਲ ਵਾਪਸ ਮੁੜਨ ਦਾ ਹੁਕਮ ਦੇ ਦਿਤਾ। ਉਹ ਕੰਬਿਆ ਤੇ ਜਾਗ ਖੁਲ੍ਹ ਗਈ। ਸੁਖ ਦਾ ਸਾਹ ਲਿਆ ਤੇ ਉਠ ਕੇ ਸੁਰਾਹੀ ਚੋਂ ਸਾਗਰ ਭਰਿਆ ਜਿਹੜਾ ਉਹ ਸਵੇਰੇ ਖ਼ਰੀਦ ਕੇ ਲਿਆਇਆ ਸੀ। ਫੇਰ ਸਆਦਤ ਨੂੰ ਬੁਲਾ ਕੇ ਗੱਲਾਂ ਗੱਲਾਂ ਵਿਚ ਖ਼ਾਹਿਸ਼ ਜ਼ਾਹਿਰ ਕੀਤੀ:

"ਜੇ ਮੈਂ ਏਸੇ ਦੇਸ ਵਿਚ ਰਹਿ ਜਾਵਾਂ?"

"ਇਹ ਕਿਸ ਤਰ੍ਹਾਂ ਹੋ ਸਕਦੈ?" ਸਆਦਤ ਨੇ ਗੱਲ ਹੀ ਨਾ ਗੌਲੀ, "ਅਬਾ ਤੇਰੇ ਮੂਹ ਚੁਕ ਚੁਕ ਤੇਰਾ ਰਾਹ ਪਏ ਤਕਦੇ ਹੋਣਗੇ।"

ਇੱਜ਼ਤ ਨੇ ਇਹ ਗੱਲ ਬੰਦ ਕਰ ਦਿਤੀ।

ਰਾਤੀਂ ਰੋਟੀ ਛੇਤੀ ਮੁਕਾ ਕੇ ਇੱਜ਼ਤ ਆਪਣੇ ਤੰਬੂ ਵਿਚ ਚਲਾ ਗਿਆ।

ਓਧਰ ਰਾਤੀਂ ਰੋਟੀ ਪਕਾਂਦੀ ਸੋਹਣੀ ਨੇ ਵੀ ਉਂਗਲਾਂ ਲੂਹ ਲਈਆਂ।

"ਕਿਉਂ ਸੋਹਣੀਏਂ – ਅਜ ਕੀ ਏ ਤੈਨੂੰ?" ਮਾਂ ਨੇ ਪੁਛਿਆ।

"ਮੇਰਾ ਜੀਅ ਕੁਝ ਠਿਕਾਣੇ ਨਹੀਂ ਜਾਪਦਾ, ਮਾਂ।"

"ਉਠ, ਮੈਂ ਪਕਾਨੀ ਆਂ, ਤੂੰ ਰਮਾਨ ਕਰ ਲੈ, ਅੱਬਾ ਤੇਰਾ ਆਂਹਦਾ ਸੀ, ਅਜ ਤੂੰ ਚੌਂਹ ਦਿਨਾਂ ਦੀ ਕਮਾਈ

ਦੋਂਹ ਘੜੀਆਂ ਵਿਚ ਕਰ ਲਈ।"

ਸੋਹਣੀ ਦਾ ਠੀਕ ਜੀਅ ਠਿਕਾਣੇ ਨਹੀਂ ਸੀ। ਰਹਿ ਰਹਿ ਕੇ ਉਹ ਸੌਦਾਗਰ ਬੱਚਾ ਉਹਦੀਆਂ ਅੱਖਾਂ ਅਗੇ ਆ ਜਾਂਦਾ ਸੀ। ਸੌਦਾਗਰ-ਬੱਚਿਆਂ ਦੀਆਂ ਕਹਾਣੀਆਂ ਉਸ ਮਾਂ ਕੋਲੋਂ ਕਈ ਸੁਣੀਆਂ ਹੋਈਆਂ ਸਨ, ਪਰ ਅਜ ਤਾਂ ਆਪ ਸੋਹਣੀ ਨੇ ਪਿਆਲਾ ਉਹਨੂੰ ਫੜਾਇਆ ਜਿਹਨੂੰ ਉਸ ਬੁਲ੍ਹਾਂ ਨਾਲ ਲਾ ਲਿਆ ਸੀ, ਤੇ ਉਹ ਉਹਦੀਆਂ ਅੱਖਾਂ ਵਿਚ ਤੱਕ ਕੇ ਮੁਸਕਰਾਇਆ ਸੀ। ਸੋਹਣੀ ਦੇ ਪੋਟਿਆਂ ਉਤੇ ਉਹਦੇ ਹੱਥਾਂ ਦੀ ਛੁਹ ਅਜੇ ਤਕ ਚਟਕ ਰਹੀ ਸੀ।

ਉਹਨੇ ਬੜਾ ਸੋਚਿਆ, ਨਾ ਉਹਦੇ ਵਰਗੀ ਨੁਹਾਰ ਉਸ ਕਦੇ ਤੱਕੀ, ਨਾ ਗੁਫ਼ਤਾਰ ਕਦੇ ਸੁਣੀ ਸੀ ਤੇ ਹਰ ਹਰਕਤ ਉਹਦੀ ਦਿਲ ਪਲੋਸਦੀ ਸੀ, ਹਰ ਲਫ਼ਜ਼ ਉਹਦਾ ਸੋਹਣੀ ਦੇ ਪੀਂਘੇ ਚੜ੍ਹੇ ਦਿਲ ਨੂੰ ਉਚੇਰਾ ਝੁਟਾਂਦਾ ਸੀ।

ਕਦੇ ਦਿਨ ਦੇ ਸੁਪਨਿਆਂ ਵਿਚ ਉਸ ਨੇ ਇਹੋ ਜਿਹੇ ਬੰਦੇ ਦੇ ਨਕਸ਼ ਮਨ ਵਿਚ ਚਿਤਰੇ ਹੋਏ ਸਨ, ਪਰ ਅਜ ਤਾਂ ਜਾਗਦੀ ਦੁਨੀਆਂ ਵਿਚ ਉਹ ਸਿਰ ਤੋਂ ਪੈਰਾਂ ਤੱਕ ਸੋਹਣੀ ਦੀ ਅਣ-ਮੱਲੀ ਹਿਕੜੀ ਵਿਚ ਸਮਾ ਗਿਆ ਸੀ। ਦੁਨੀਆਂ ਹੋਰ ਹੋ ਗਈ। ਪਹਿਲੀ ਆਪਣੀ ਦੁਨੀਆਂ ਕੋਲੋਂ ਉਹ ਦਿਲ ਛੁਪਾਣ ਲਗ ਪਈ। ਉਹਦਾ ਸਰੀਰ ਉਹ ਨਾ ਰਿਹਾ, ਅਜੇ ਤਕ ਅਡੋਲ ਰਹੇ ਅੰਗਾਂ ਵਿਚੋਂ ਛੁਹੇ ਜਾਣ ਦੀ ਚਾਹ ਤ੍ਰਾਟਾਂ ਮਾਰ ਉੱਠੀ। ਉਹਦੀਆਂ ਉਮੈਦਾਂ ਹੋਰ ਹੋ ਗਈਆਂ। ਇਕਾ ਇਕ ਸਾਰ ਜ਼ਿੰਦਗੀ ਮਚ ਉਠੀ, ਅੱਲ੍ਹੜ ਰੂਹ ਉਤੋਂ ਮਸੂਮੀਅਤ ਦਾ ਸੱਚਾ ਚੂਰ ਚੂਰ ਹੋ ਗਿਆ।

ਅਗਲੇਰੇ ਦਿਨ ਸੋਹਣੀ ਆਪਣੇ ਅੱਬਾ ਲਈ ਮਿੱਟੀ ਲਚਕਾ ਰਹੀ, ਤੇ ਅੱਬਾ ਸੁਰਾਹੀ ਦੀ ਗਰਦਨ ਚਕਰਾ ਰਿਹਾ ਸੀ। ਸੋਹਣੀ ਨੂੰ ਬਾਰ ਬਾਰ ਪਰਦੇਸੀ ਦਾ ਚੇਤਾ ਆ ਰਿਹਾ ਸੀ! ਕਦੇ ਉਹਦੀਆਂ ਉਂਗਲਾਂ ਜੇ ਆਪਣੇ ਬੁੱਲ੍ਹਾਂ ਨੂੰ ਲਗ ਜਾਂਦੀਆਂ, ਤਾਂ ਹੋਰ ਹੀ ਉਂਗਲਾਂ ਦੀ ਯਾਦ ਉਹਨੂੰ ਝੁਣ-ਝੁਣਾ ਦੇਂਦੀ।

"ਇਕ ਵਾਰੀ – ਇਕ ਵਾਰੀ ਜੇ ਉਹ ਫੇਰ ਆ ਜਾਵੇ।" ਸੋਹਣੀ ਅੱਖਾਂ ਚੁਕ ਚੁਕ ਵਿਹੜੇ ਦੇ ਬੂਹੇ ਵਲ ਵੇਖਦੀ ਪਿਉ ਨੂੰ ਮਿੱਟੀ ਦੇਣੀ ਭੁਲ ਗਈ।

ਤੁਲ੍ਹੇ ਨੇ ਸੁਰਾਹੀ ਪੂਰੀ ਕਰ ਲਈ ਸੀ।

"ਪੁੱਤਰ ਸੋਹਣੀਏਂ – ਚੱਕ ਐਵੇਂ ਪਿਆ ਘੁੰਮੀ ਜਾਂਦਾ ਏ – ਫੜਾ ਗੋਲਾ, ਛੋਹਾਂ ਏਸ ਸੁਰਾਹੀ ਦੇ ਮੇਚੇ ਦਾ ਪਿਆਲਾ।"

"ਲੌ ਅੱਬਾ" ਕਾਹਲੀ ਨਾਲ ਹੱਥ ਵਧਾ ਕੇ, "ਬੂਹੇ ਚੋਂ ਕਿਸੇ ਵੜਦੇ ਵਲ ਮੇਰਾ ਧਿਆਨ ਚਲਾ ਗਿਆ ਸੀ।"

ਤੇ ਬੂਹੇ ਵੜਿਆ ਕੋਈ ਉਨ੍ਹਾਂ ਦੇ ਕੋਲ ਆ ਖਲੋਤਾ।

"ਜਿਹੜੀਆਂ ਚੀਜ਼ਾਂ ਮੈਂ ਓਦਨ ਲੈ ਗਿਆ ਸਾਂ, ਓਨੀਆਂ ਹੀ ਮੈਨੂੰ ਹੋਰ ਦੇ ਦਿਓ ਉਸਤਾਦ ਜੀ, ਇਹ ਮੈਂ ਆਪਣੇ ਦੇਸ ਘਲਾਂਗਾ" ਇੱਜ਼ਤ ਬੇਗ ਨੇ ਸੋਹਣੀ ਵਲ ਬੜੇ ਅਦਬ ਨਾਲ ਸਿਰ ਝੁਕਾਂਦਿਆਂ ਆਖਿਆ।

ਤੁਲ੍ਹੇ ਦਾ ਚੱਕ ਘੁੰਮੀ ਜਾ ਰਿਹਾ ਸੀ।

"ਜਾ, ਪੁੱਤਰਾ, ਜੋ ਇਹ ਚਾਹੁਣ, ਇਹਨਾਂ ਨੂੰ ਹਾਜ਼ਰ ਕਰ ਦੇ, ਇਨ੍ਹਾਂ ਮੇਰੀ ਕਾਰੀਗਰੀ ਦੀ ਕਦਰ ਪਾ ਕੇ ਖ਼ੁਸ਼ ਕਰ ਦਿਤੈ।"

ਓਦਨ ਵਾਂਗ ਅੱਗੜ ਪਿੱਛੜ ਉਹ ਜਾ ਰਹੇ ਸਨ, ਪਰ ਅਜ ਉਨ੍ਹਾਂ ਦਾ ਹਰ ਕਦਮ ਇਕ ਦੂਜੇ ਨੂੰ ਕੁਝ ਕਹਿੰਦਾ ਸੀ, ਪੰਦਰਾਂ ਕਦਮਾਂ ਵਿਚ ਜੀਕਰ ਉਨ੍ਹਾਂ ਕੋਈ ਭੇਤ ਸਾਂਝਾ ਕਰ ਲਿਆ। ਜਦੋਂ ਪਹਿਲੀ ਚੀਜ਼ ਸੋਹਣੀ ਨੇ ਲਿਆ ਕੇ ਇੱਜ਼ਤ ਦੇ ਹਥ ਫੜਾਈ, ਸੋਹਣੀ ਇੱਜ਼ਤ ਲਈ ਪਰਦੇਸਣ ਨਹੀਂ ਸੀ ਰਹੀ। ਅਜ ਹਰ ਚੀਜ਼ ਦੀ ਚੁਕ-ਧਰ ਵਿਚ ਉਨ੍ਹਾਂ ਦੇ ਪੋਟੇ ਅਭੁੱਕ ਛੂੰਹਦੇ ਤੇ ਹਰ ਛੁਹ ਚੋਂ ਕੋਈ ਸ਼ੁਅਲਾ ਉਠ ਕੇ ਦਿਲ ਦੀਆਂ ਉਹ ਨੁੱਕਰਾਂ ਵੀ ਰੌਸ਼ਨ ਕਰ ਜਾਂਦਾ ਜਿਨ੍ਹਾਂ ਉਤੇ ਅਜੇ ਤਕ ਕੋਈ ਕਿਰਨ ਪਈ ਨਹੀਂ ਸੀ।

ਓਦਨ ਨਾਲੋਂ ਅਧੇ ਵਕਤ ਵਿਚ ਸੋਹਣੀ ਨੇ ਓਡਾ ਜੋੜਾ ਫੇਰ ਇੱਜ਼ਤ ਦੇ ਸਾਹਮਣੇ ਲਾ ਦਿਤਾ। ਤੇ ਕੀਮਤ ਪੁੱਛਣ ਦੱਸਣ ਦੀ ਥਾਂ ਦੋਵੇਂ ਇਕ ਦੂਜੇ ਵਲ ਵੇਖਣ ਲਗ ਪਏ।

"ਤੁਸੀਂ ਕੁਝ ਦਿਨ ਹੋਰ ਠਹਿਰੋਗੇ ਨਾ, ਸਾਡੇ ਸ਼ਹਿਰ ਵਿਚ ?" ਸੋਹਣੀ ਨੇ ਚੁਪ ਤੋੜੀ।

"ਡੇਰਾ ਸਾਡਾ ਪਰਸੋਂ ਜਾ ਰਿਹੈ।"

"ਸਾਡੇ ਸ਼ਹਿਰ ਨੂੰ ਤੁਹਾਡੀ ਬੜੀ ਰੌਣਕ ਸੀ।"

"ਮੇਰੇ ਸਾਥੀਆਂ ਨੂੰ ਤੁਹਾਡਾ ਸ਼ਹਿਰ ਬੜਾ ਚੰਗਾ ਲਗਾ ਏ।"

"ਤੇ ਤੁਹਾਨੂੰ ਨਹੀਂ ਲੱਗਾ ? – ਹੈ ਬੜਾ ਭੀੜਾ ਜਿਹਾ ਸ਼ਹਿਰ।" ਸੋਹਣੀ ਨੇ ਆਪੇ ਹੀ ਇੱਜ਼ਤ ਲਈ ਦਲੀਲ ਲੱਭਣੀ ਚਾਹੀ।

"ਏਡਾ ਖੁਲ੍ਹਾ ਸ਼ਹਿਰ ਮੈਂ ਜਦੋਂ ਦਾ ਦਿੱਲੀਉਂ ਤੁਰਿਆਂ ਕੋਈ ਵੇਖਿਆ ਈ ਨਹੀਂ" ਤੇ ਕਿਸੇ ਛੁਹ ਦੇ ਚੇਤੇ ਵਿਚ ਉਹਦੇ ਏਧਰ ਓਧਰ ਖਿਸਕਦੇ ਹੱਥਾਂ ਨਾਲ ਇਕ ਸੁਰਾਹੀ ਮੂਧੀ ਹੋਣ ਲੱਗੀ, ਦੋਹਾਂ ਦੇ ਹੱਥ ਉਹਨੂੰ ਸੰਭਲਣ ਲਈ ਇਕ ਦਮ ਵਧੇ ਤੇ ਲਗ ਭਗ ਗੁੱਥਮ ਗੁੱਥਾ ਹੋਈਆਂ ਉਂਗਲਾਂ ਉਤੇ ਦੋਵੇਂ ਹੱਸ ਪਏ।

"ਤੁਸੀਂ ਸਾਡੇ ਸ਼ਹਿਰ ਵਿਚ ਸਦਾ ਜੀਉ ਆਇਆਂ ਨੂੰ — ਪਰ ਮੈਂ ਸੁਣਿਐ ਤੁਹਾਡਾ ਦੇਸ ਬੜੀ ਦੂਰ ਏ।" ਸੋਹਣੀ ਨੇ ਉਂਗਲਾਂ ਦੀ ਬਹਾਨੇ-ਸਾਜ਼ੀ ਗਈ ਆਈ ਕਰਦਿਆਂ ਆਖਿਆ।

"ਤੂੰ ਕਿਦ੍ਹੇ ਕੋਲੋਂ ਸੁਣਿਐ ?" ਇੱਜ਼ਤ ਨੂੰ ਉਂਗਲ-ਛੁਹ ਨਾਲੋਂ ਵੀ ਵੱਡੀ ਝੁਣ-ਝੁਣੀ ਛਿੜ ਗਈ ਕਿ ਸੋਹਣੀ ਉਹਦੇ ਬਾਰੇ ਪੁਛਾਂ ਕਰਦੀ ਰਹੀ ਏ।

ਸੋਹਣੀ ਸ਼ਰਮਾ ਗਈ ਤੇ ਛਾਤੀ ਦੀ ਧੜਕਣ ਲੁਕਾਣ ਲਈ ਓਸ ਪੱਲੇ ਦੀਆਂ ਦੋਵੇਂ ਕੰਨੀਆਂ ਉਤੇ ਕਰ ਲਈਆਂ, ਤੇ ਅੱਖਾਂ ਨੀਵੀਆਂ ਕਰ ਕੇ ਬੋਲੀ।

"ਮੈਂ ਆਪਣੀ ਸਹੇਲੀ ਦੇ ਭਰਾ ਨੂੰ ਤੁਹਾਡੇ ਡੇਰੇ ਘਲਿਆ ਸੀ, ਤੇ ਉਹ ਮੈਨੂੰ ਕਿੰਨਾ ਹੀ ਕੁਝ ਤੁਹਾਡੇ ਬਾਰੇ ਦੱਸ ਗਿਐ।"

ਇੱਜ਼ਤ ਦੇ ਰੋਮ ਰੋਮ ਨੇ ਜੀਕਰ ਸੋਹਣੀ ਦੇ ਲਫ਼ਜ਼ਾਂ ਦੇ ਘੁਟ ਭਰ ਲਏ, ਤੇ ਖੀਵੇ ਦਿਲ ਨੇ ਦਲੇਰ ਹੋ ਕੇ ਪੁਛਿਆ :

"ਜੇ ਸੋਹਣੀਏਂ ! ਤੂੰ ਕਿਸੇ ਕੋਲੋਂ ਮੇਰਾ ਹਾਲ ਪੁਛਦੀ ਰਹੀ ਏਂ, ਤਾਂ ਮੇਰੇ ਮੂੰਹੋਂ ਵੀ ਸੁਣ ਹੀ ਲਏਂਗੀ — ਆਖੇਂ ਤਾਂ ਦਸਾਂ ?"

ਸੋਹਣੀ ਨੇ ਅੱਖਾਂ ਚੁਕ ਕੇ ਵੇਖਿਆ। ਇੱਜ਼ਤ ਦੀ ਸਾਰੀ ਰੂਹ ਉਹਦੀਆਂ ਅੱਖੀਆਂ ਵਿਚ ਇਕੱਠੀ ਹੋਈ ਹੋਈ ਸੀ।

"ਦੱਸੋ।" ਏਨਾ ਹੀ ਉਹਦੇ ਪੰਘਰੇ ਹੋਠਾਂ ਚੋਂ ਨਿਕਲ ਸਕਿਆ।

"ਕਿਦ੍ਹਾ ਪੁਤ੍ਰ ਤੇ ਕਿੱਥੋਂ ਦਾ ਰਹਿਣ ਵਾਲਾ, ਤੂੰ ਸੁਣ ਹੀ ਲਿਐ, ਪਰ ਤੈਨੂੰ ਆਪਣਾ ਉਹ ਕੁਝ ਦਸਣਾ ਲੋਚਦਾ ਹਾਂ, ਜੋ ਕਿਸੇ ਹੋਰ ਨੇ ਨਾ ਜਾਣਿਆ, ਨਾ ਪੁਛਿਆ ਹੈ।"

ਤੇ ਇੱਜ਼ਤ ਸੋਹਣੀ ਦੇ ਮੂੰਹ ਉਤੇ ਏਸ ਆਪਣੀ ਖ਼ਾਹਿਸ਼ ਦਾ ਅਸਰ ਜਾਚਣ ਲਈ ਰੁਕ ਗਿਆ। ਸੋਹਣੀ ਉਤੇ ਕੋਈ ਜਾਦੂ ਹੁੰਦਾ ਜਾ ਰਿਹਾ ਸੀ, ਬੁਲ੍ਹਾਂ ਦਾ ਢਿੱਲਾ ਹੁੰਦਾ ਜਾਂਦਾ ਕੁੰਡਲ ਇੱਜ਼ਤ ਨੂੰ ਨਾ ਰੁਕਣ ਦੀ ਖ਼ਾਮੋਸ਼ ਪਰੇਰਨਾ ਕਰ ਰਿਹਾ ਸੀ।

"ਮੇਰੇ ਏਸ ਕਲਬੂਤ ਵਿਚ ਕੋਈ ਅਨੋਖੀ ਰੂਹ ਏ, ਸੋਹਣੀਏਂ।" ਕੰਬਦੀਆਂ ਉਂਗਲਾਂ ਨੂੰ ਸੁਰਾਹੀ ਦੁਆਲੇ ਠਹਿਰਾ ਕੇ, ਇੱਜ਼ਤ ਨੇ ਫੇਰ ਸ਼ੁਰੂ ਕੀਤਾ — "ਇਹਨੂੰ ਨਾ ਪਿਉ ਦੀ ਅਮੀਰੀ ਪਸੰਦ ਏ, ਨਾ ਉਹ ਸਭ ਕੁਝ ਜਿਦ੍ਹੇ ਪਿੱਛੇ ਜ਼ਿੰਦਗੀ ਵਿਚ ਏਨੀ ਦੌੜ ਭਜ ਹੋ ਰਹੀ ਹੈ। ਮੈਂ ਪੜ੍ਹਿਆ, ਮੈਂ ਤੀਰ ਚਲਾਏ, ਮੈਂ ਸ਼ਿਕਾਰ ਖੇਡਿਆ, ਮੈਂ ਘੁੜ-ਸਵਾਰੀ ਕੀਤੀ, ਪਰ ਮੇਰਾ ਦਿਲ ਕਿਸੇ ਮੱਲਿਆ ਨਹੀਂ — ਕਿਸੇ ਨਿਰਾਲੇ ਹੁਸਨ ਦੀ ਖੋਹ ਮੇਰੀ ਬੇਕਰਾਰੀ ਹੈ। ਅਨੋਖੀ ਜਿਹੀ ਇਕੱਲਤਾ ਤੋਂ ਤੰਗ ਆ ਕੇ ਮੈਂ ਦੁਨੀਆਂ ਉਤੇ ਭਟਕਣ ਦੀ ਇਜਾਜ਼ਤ ਅੱਬਾ ਕੋਲੋਂ ਲਈ – ਤਕਦੀਰ ਮੈਨੂੰ ਤੇਰੇ ਦੇਸ ਉਡਾ ਲਿਆਈ, ਤੇ ਤੇਰੇ ਸ਼ਹਿਰ ਵਿਚ ਓਸ ਮੈਨੂੰ ਮੇਰੀ ਮੰਜ਼ਿਲ ਦਿਖਾ ਦਿਤੀ ਹੈ। — ਜਦੋਂ ਦਾ ਤੈਨੂੰ ਵੇਖਿਐ,

ਮੇਰੀ ਸਾਰੀ ਭਟਕਣ ਮੁਕ ਗਈ ਏ, ਜਿਉਂ ਸਾਹ-ਚੜ੍ਹੇ ਖਿਡਾਰੀ ਦਾ ਹੱਥ ਅਚਾਨਕ ਦਾਹੀ ਨੂੰ ਜਾ ਪੈਂਦੈ — ਹੁਣ ਜਿਵੇਂ ਤੂੰ ਚਾਹੇਂ, ਉਹ ਮੇਰਾ ਅੱਗਾ ਹੋਵੇਗਾ।"

ਮਨ-ਆਈ ਗੱਲ ਮੂੰਹੋਂ ਕੱਢ ਸੁਟ ਕੇ ਇੱਜ਼ਤ ਨੂੰ ਚੈਨ ਆ ਗਿਆ, ਪਰ ਸੋਹਣੀ ਦੇ ਬੁਲ੍ਹਾਂ ਉਤੇ ਗੱਲ ਆਵੇ, ਰੁਕ ਜਾਵੇ, ਤੇ ਉਹ ਇੱਜ਼ਤ ਦੇ ਮੂੰਹ ਵਲ ਵੇਖਦੀ ਰਹਿ ਜਾਵੇ। ਇੱਜ਼ਤ ਨੇ ਸੋਹਣੀ ਦੇ ਹੱਥ ਦੀ ਪਿੱਠ ਉਤੇ ਪੋਲੀ ਜਿਹੀ ਆਪਣਾ ਸਿੱਧਾ ਹੱਥ ਰਖ ਕੇ ਆਖਿਆ :

"ਸੋਹਣੀਏ, ਹਰ ਤਰ੍ਹਾਂ ਦਾ ਜਵਾਬ ਦੇਣ ਲਈ ਤੂੰ ਆਜ਼ਾਦ ਹੈਂ। ਮੈਂ ਤੈਨੂੰ ਆਪਣੀ ਮੰਜ਼ਿਲ ਦੱਸੀ ਸੀ, ਤੇਰੀ ਮੰਜ਼ਿਲ ਜੇ ਹੋਰ ਹੋਵੇ, ਤੂੰ ਮਾਲਿਕ ਹੈਂ।"

"ਮੇਰੀ ਮੰਜ਼ਲ ਦਾ ਕੀ ਪੁਛਦੇ ਹੋ — ਜਿੱਦਨ ਦਾ ਤੁਸੀਂ ਮੈਨੂੰ ਤਕ ਗਏ ਹੋ ਮੈਨੂੰ ਜਾਪਦੈ, ਅਗੇ ਮੈਂ ਕਿਸੇ ਨੂੰ ਵੇਖਿਆ ਹੀ ਨਹੀਂ।" ਇਹ ਕਹਿੰਦੀ ਦੀਆਂ ਅੱਖਾਂ ਫੇਰ ਨੀਵੀਆਂ ਹੋ ਗਈਆਂ, ਬੁਲ੍ਹ ਮੀਟੇ ਗਏ, ਤੇ ਹੱਥਾਂ ਦੀ ਬਿੜਕਣ ਲੁਕਾਣ ਲਈ ਓਸ ਨੇ ਚੀਜ਼ਾਂ ਇਕ ਪਾਸਿਉਂ ਚੁਕ ਦੂਜੇ ਪਾਸੇ ਧਰਨੀਆਂ ਸ਼ੁਰੂ ਕਰ ਦਿਤੀਆਂ। ਉਹਦੀ ਇਹ ਵਾਧੂ ਖੇਚਲ ਬਚਾਣ ਲਈ ਇੱਜ਼ਤ ਨੇ ਉਹਦਾ ਹੱਥ ਫੜ ਲਿਆ। ਸੋਹਣੀ ਨੂੰ ਜਾਪਿਆ ਉਹਦੇ ਵਰਗਾ ਮਿਹਰਬਾਨ ਮੂੰਹ ਓਸ ਕਦੇ ਖ਼ਿਆਲਿਆ ਵੀ ਨਹੀਂ ਸੀ।

"ਉਂਗਲਾਂ ਨੇ ਕਿ ਪੰਛੀਆਂ ਦੀ ਡਾਰ!" ਤੇ ਇੱਜ਼ਤ ਨੇ ਦੂਜਾ ਹੱਥ ਵੀ ਫੜ ਕੇ ਦਸੇ ਪੰਛੀ ਹਿੱਕ ਨਾਲ ਲਾ ਲਏ। ਉਹ ਦਸੇ ਦੇ ਦਸੇ ਗੁਟ ਗੁਟ ਕਰਦੇ, ਹਰ ਪੋਟੇ 'ਚੋਂ ਸੋਹਣੀ ਦਾ ਦਿਲ ਧੜਕ ਰਿਹਾ ਸੀ। ਇਕ ਇਕ ਪੋਟਾ ਚੁੰਮ ਕੇ ਇੱਜ਼ਤ ਨੇ ਮਲਕੜੇ ਦੋਵੇਂ ਹੱਥ ਛਡ ਦਿਤੇ।

"ਪਰ ਤੁਸੀਂ ਪਰਦੇਸੀ ਹੋ, ਸੁਦਾਗਰ ਹੋ, ਅਮੀਰ ਹੋ।" ਸੋਹਣੀ ਨੇ ਹਉਕਾ ਭਰਿਆ।

"ਫੇਰ ਕੀ ਹੋਇਆ — ਮੈਂ ਮੰਜ਼ਿਲ ਉਤੇ ਪਹੁੰਚ ਪਿਆ ਹਾਂ।"

"ਤੁਸੀਂ ਜਾਣਦੇ ਨਹੀਂ, ਮੈਂ ਘੁਮਿਆਰ ਦੀ ਧੀ ਹਾਂ, ਤੁਸੀਂ ਜੌਹਰੀ ਦੇ ਸ਼ਹਿਜ਼ਾਦੇ ਹੋ, ਮੇਰਾ ਤੁਹਾਡੇ ਨਾਲ ਵਿਆਹ ਹੋ ਨਹੀਂ ਸਕਦਾ।" ਸੋਹਣੀ ਹਸਰਤ ਦੀ ਮੂਰਤ ਸੀ।

"ਵਿਆਹ ਮੇਰੀ ਮੰਜ਼ਿਲ ਨਹੀਂ, ਤੈਥੋਂ ਕਬੂਲੇ ਜਾਣਾ ਮੇਰੀ ਮੰਜ਼ਿਲ ਹੈ।" ਇੱਜ਼ਤ ਦੇ ਨਕਸ਼ਾਂ ਉਤੇ ਮੁਕੰਮਲ ਚੈਨ ਸੀ।

"ਪਰ ਅਜ ਮੈਂ ਕਿਸੇ ਦੀ ਧੀ ਆਂ, ਕੱਲ੍ਹ ਕਿਸੇ ਦੀ ਵਹੁਟੀ ਬਣਾ ਦਿਤੀ ਜਾਵਾਂਗੀ, ਮੇਰਾ ਤੁਹਾਨੂੰ ਕਬੂਲਣਾ ਤੁਹਾਡਾ ਕੁਝ ਸੁਆਰਨ ਨਹੀਂ ਲਗਾ।"

"ਜਿੰਨਾ ਚਿਰ ਮੇਰੀ ਸੋਹਣੀ ਦੇ ਦਿਲ ਵਿਚ ਕੋਈ ਮੇਰਾ ਸਾਨੀ ਨਹੀਂ, ਓਨਾ ਚਿਰ ਮੇਰਾ ਕੁਝ ਵਿਗੜਦਾ ਨਹੀਂ।" ਇੱਜ਼ਤ ਨੇ ਬਹਾਰ ਆਏ ਇਸ਼ਕ ਦੇ ਹੁਲਾਰੇ ਵਿਚ ਆਖਿਆ।

"ਮੇਰੇ ਦਿਲ ਵਿਚ ਕੀ, ਸਾਰੀ ਦੁਨੀਆਂ ਉਤੇ ਤੇਰਾ ਕੋਈ ਸਾਨੀ ਨਹੀਂ, ਪਰ ਤੇਰੇ ਨਾਲ ਵਿਆਹ ਮੇਰਾ ਹੋਣਾ ਨਹੀਂ, ਕਿਸੇ ਹੋਰ ਨਾਲ ਹੋਣੋਂ ਮੈਂ ਰੋਕ ਨਹੀਂ ਸਕਣਾ।"

"ਤੂੰ ਬਿਲਕੁਲ ਨਾ ਰੋਕੀਂ, ਤੈਨੂੰ ਪਿਆ ਕੋਈ ਆਪਣੀ ਆਖੇ, ਜੇ ਤੇਰੇ ਸੁਪਨਿਆਂ ਵਿਚ ਮੇਰੇ ਸਿਵਾ ਕੋਈ ਨਾ ਆਵੇ, ਤਾਂ ਮੈਂ ਰੱਜਿਆ ਰਹਾਂਗਾ — ਤੇਰੀਆਂ ਬਾਹਾਂ ਵਲ੍ਹੇਟ ਵਲ੍ਹੇਟ ਕੋਈ ਆਪਣੇ ਗਲ ਪਿਆ ਪਾਵੇ, ਪਰ ਮਰਜ਼ੀ ਤੇਰੀ ਸੋਹਣੀਏਂ ਮੈਨੂੰ ਹੀ ਸਰਸ਼ਾਰ ਕਰੇ — ਇਹੀ ਮੇਰੀ ਆਰਜ਼ੂ ਹੈ।"

"ਉਹ ਮੇਰੇ ਸੁਪਨਿਆਂ ਦੇ ਮਾਹੀ, ਤੇਰੇ ਇਨ੍ਹਾਂ ਬੋਲਾਂ ਤੋਂ ਜਿੰਦ ਘੋਲ ਘੁਮਾਵਾਂ — ਪਰ ਐਡੀ ਤੇਰੀ ਕੁਰਬਾਨੀ ਨੂੰ ਮੈਂ ਕਿਵੇਂ ਕਬੂਲਾਂ!" ਸੋਹਣੀ ਨੂੰ ਆਪਣੀ ਐਡੀ ਵਡੀ ਫ਼ਤਹਿ ਦਾ ਸਰੂਰ ਆ ਰਿਹਾ ਸੀ।

"ਸੋਹਣੀਏਂ, ਪਤੰਗੇ ਦੀ ਕਾਹਦੀ ਕੁਰਬਾਨੀ, ਸ਼ਮਾਅ ਦੀ ਮਿਹਰਬਾਨੀ ਕਿ ਮੌਤ ਢੁਣੇ ਨੂੰ ਇਕ ਵਾਰੀ ਰੌਸ਼ਨ ਬੁਲ੍ਹਾਂ ਦੀ ਛੁਹ ਬਖ਼ਸ਼ਦੀ ਏ।" ਸੱਚੇ ਆਸ਼ਕ ਦੀ ਆਜਜ਼ੀ ਉਹਦੇ ਲਹਿਜੇ ਵਿਚ ਸੀ।

"ਜਿੰਦ ਮੇਰੀ ਸਾਰੀ ਤੇਰੀ — ਪਰ ਇਹ ਮੈਨੂੰ ਸਮਝਾ ਦੇ, ਇਸ਼ਕ ਸਾਡਾ ਨਿਭੇਗਾ ਕੀਕਰ !"

"ਸੋਹਣੀ ਦੀਆਂ ਅੱਖਾਂ ਵਿਚ ਕੋਈ ਤੌਖਲਾ ਹੰਝੂ ਬਣਦਾ ਜਾ ਰਿਹਾ ਸੀ। ਇੱਜ਼ਤ ਬੇਗ ਨੇ ਆਪਣੀਆਂ ਅੱਖਾਂ ਖਿੜਾ ਕੇ ਆਖਿਆ :

"ਕੀਕਰ ਸਾਡਾ ਇਸ਼ਕ ਨਿਭੇ, ਇਹ ਖੇਡ ਸੋਹਣੀਏ, ਤਕਦੀਰ ਦੀ ਏ, ਸਦੀਵੀ ਇਸ਼ਕ ਦਾ ਕੌਲ, ਤੇਰੀ ਮੇਰੀ ਖੇਡ ਹੈ। ਦੇ ਕੌਲ, ਜੇ ਦੇ ਸਕਨੀ ਏਂ !"

ਸੋਹਣੀ ਨੇ ਉਤਾਂਹ ਤੱਕਿਆ। ਅੱਖਾਂ ਖੁਲ੍ਹੀਆਂ, ਬੁਲ੍ਹ ਖੁਲ੍ਹੇ, ਕਲੇਜਾ ਧਕ ਧਕ ਕਰਦਾ — ਫੜ ਫੜ ਕਰਦੀ ਪੰਛੀਓਂ ਕੂਲੀ ਕੋਈ ਜਿਦ ਇਜ਼ਤ ਦੀਆਂ ਅੱਖ-ਬਾਰੀਆਂ ਚੋਂ ਉਡ ਕੇ ਸੋਹਣੀ ਦੁਆਲੇ ਲਿਪਟਦੀ ਜਾ ਰਹੀ ਸੀ।

"ਪੁੱਤਰ ਸੋਹਣੀਏਂ – ਬੂਰੀ ਕੱਟੀ ਖੁਲ੍ਹ ਗਈ ਊ – ਬੜਾ ਸੋਹਣਾ ਬਾਦੀਏ ਦਾ ਮੂੰਹ ਮੇਰੇ ਹੱਥਾਂ ਵਿਚ ਪਿਆ ਘੁੰਮਦਾ ਈ – ਪੁੱਤਰਾ ਵੇਖੀਂ, ਕੁਝ ਭੰਨੇ ਨਾ –"

"ਮੈਂ ਜਾਨਾਂ ਆਂ" – ਇੱਜ਼ਤ ਦੇ ਮੂੰਹ ਵਿਚ ਹੀ ਸੀ, ਕਿ ਸੋਹਣੀ ਉਡ ਗਈ। ਚਾਲ ਢਾਲ ਤੇ ਉਹਦੀ ਦੌੜ ਵਿਚ ਜਾਦੂ ਦਾ ਕੋਈ ਤੂਫ਼ਾਨ ਸੀ।

"ਬੰਨ੍ਹ ਦਿਤੀ ਏ, ਅੱਬਾ !" ਮੁੜਦੀ ਨੇ ਪਿਉ ਨੂੰ ਆਖਿਆ।

"ਚੰਗਾ ਕੀਤਾ ਈ, ਜ਼ਰੂਰ ਅਜ ਮਾਂ ਨੂੰ ਆਖੀਂ ਕੋਈ ਮਹੀਂਵਾਲ ਛੇਤੀ ਲੱਭੇ।" ਘੰਮਾ–ਘੰਮ–ਘੰਮਾ ਘੰਮ – ਚੱਕ ਉੱਤੇ ਬਾਦੀਆ ਚਕਰਾਂਦਾ ਗਿਆ।

"ਕਿਉਂ ਸੋਹਣੀਏਂ, ਤੁਹਾਡਾ ਮਹੀਂਵਾਲ ਕਿਧਰੇ ਚਲਾ ਗਿਐ ?" ਇੱਜ਼ਤ ਨੇ ਪੁਛਿਆ —

"ਘਰ ਗਿਆ ਸੀ, ਮੁੜਿਆ ਨਹੀਂ, ਚੰਗਾ ਵੀ ਨਹੀਂ ਸੀ, ਮਾਂ ਕਿਸੇ ਹੋਰ ਦੀ ਢੂੰਡ ਵਿਚ ਏ।"

"ਚੰਗਾ, ਮੇਰੇ ਫ਼ਰਿਸ਼ਤੇ, ਹੁਣ ਮੈਨੂੰ ਰੁਖ਼ਸਤ ਦੇ, ਡੇਰਾ ਤੋਰ ਕੇ ਮੈਂ ਤੇਰੇ ਕੋਲ ਆਇਆ ਜਾਣੀਂ।"

"ਮੈਨੂੰ ਯਾਦ ਰਖੇਂਗਾ ਸਜਣਾਂ ?" ਉਹਦੇ ਚੋਗੇ ਦੀ ਅਮੀਰੀ ਨੇ ਇਕ ਸ਼ੱਕ ਜਿਹਾ ਉਹਦੀਆਂ ਅੱਖਾਂ ਅਗੋਂ ਲੰਘਾ ਦਿਤਾ ਸੀ।

"ਕੌਲ ਨਿਰਾ ਯਾਦ ਰਖਣ ਦਾ ਨਹੀਂ, ਤੂੰ ਮੈਂ, ਤੇ ਮੈਂ ਤੂੰ ਹੋਣ ਦਾ ਕੌਲ ਹੈ। ਸੋਹਣੀਏਂ, ਮੈਨੂੰ ਉਡੀਕੀਂ – ਖ਼ੁਦਾ ਹਾਫ਼ਜ਼।"

ਇੱਜ਼ਤ ਬੇਗ ਤੁੱਲ੍ਹੇ ਨੂੰ ਸਲਾਮ ਤੇ ਚੀਜ਼ਾਂ ਲਈ ਆਦਮੀ ਭੇਜਣ ਲਈ ਕਹਿੰਦਾ ਚਲਾ ਗਿਆ।

ਸੋਹਣੀ ਹੁਣ ਓਸ ਦੁਨੀਆਂ ਵਿਚ ਰਹਿਣ ਲਗ ਪਈ, ਜਿਦ੍ਹੇ ਵਿਚ ਯਾਦ ਯਾਦ ਉਤੇ ਅੰਗ ਧੜਕਦੇ ਤੇ ਸੁੱਤੇ ਸੋਮੇ ਅੰਦਰੋਂ ਫੁਟਦੇ ਹਨ, ਤਨ ਮਨ ਕਿਸੇ ਚਿਰ-ਸੁੱਤੀ ਖ਼ੂਬਸੂਰਤੀ ਵਾਂਗ ਕਿਸੇ ਪ੍ਰਸੰਸਿਕ ਸ਼ਹਿਜ਼ਾਦੇ ਦੀ ਬੁਲ੍ਹ-ਪਚਾਕੀ ਨਾਲ ਇਕ ਦਮ ਮੌਲ ਪੈਂਦੇ ਹਨ।

"ਡੇਰਾ ਚਲਾ ਗਿਆ", ਉਹਦੀ ਸਹੇਲੀ ਦੇ ਭਰਾ ਨੇ ਉਹਨੂੰ ਦਸਿਆ, ਕਿ ਸ਼ਹਿਰ ਵਾਲਿਆਂ ਡੇਰੇ ਨੂੰ ਬੜੇ ਆਦਰ ਨਾਲ ਤੋਰਿਆ ਸੀ, ਤੇ ਅਜੇ ਵੀ ਲੋਕੀਂ ਇੱਜ਼ਤ ਬੇਗ ਦੇ ਸਖ਼ੀ ਸੁਭਾ ਦੀਆਂ ਗੱਲਾਂ ਕਰਦੇ ਨੇ।

ਪਰ ਡੇਰੇ ਗਇਆਂ ਨੂੰ ਇਕ ਹਫ਼ਤਾ, ਦਸ ਦਿਨ, ਪੰਦਰਾਂ ਦਿਨ ਵੀ ਲੰਘ ਗਏ।

"ਉਹਨੂੰ ਉਹਦੇ ਲੋਕਾਂ ਨੇ ਆਉਣ ਨਹੀਂ ਦਿੱਤਾ ਹੋਣਾ ! – – ਆਉਣ ਦੇਂਦਾ ਵੀ ਕੌਣ, ਉਹਦੇ ਵਰਗੇ ਸ਼ਹਿਜ਼ਾਦੇ ਨੂੰ !" ਤੇ ਉਹਦੇ ਪੈਰਾਂ ਹੇਠੋਂ ਜ਼ਿਮੀਂ ਹਿਲ ਗਈ, ਫੜਕ ਫੜਕ ਪੈਂਦੇ ਅੰਗਾਂ ਵਿਚੋਂ ਸਾਹ ਸਤ ਉਡ ਗਿਆ।

ਉਹ ਸਵੇਰੇ ਹੀ ਅੱਬਾ ਦੇ ਕੰਮ ਉਤੇ ਚਲੀ ਜਾਂਦੀ। ਘਰ ਉਹ ਆਪਣੇ ਸੁਪਨੇ ਵਿਚ ਗੜੂੰਦ ਨਹੀਂ ਸੀ ਸਕਦੀ, ਅੱਬਾ ਕੋਲ ਉਹਦਾ ਜਾਦੂ-ਚੱਕਾ ਘੰਮ ਘੰਮ ਭੌਂਦਾ ਤੇ ਅੱਬਾ ਆਪਣੇ ਕੰਮ ਵਿਚ ਮਸਤ ਰਹਿੰਦਾ, ਉਹਦੇ ਲਈ ਮਿਟੀ ਨੂੰ ਮੁੱਕੀਆਂ ਦੇਂਦੀ ਉਹ ਆਪਣੇ ਸੁਪਨਿਆਂ ਦੀ ਦੁਨੀਆਂ ਵਿਚ ਲੀਨ ਰਹਿ ਸਕਦੀ ਸੀ।

ਏਸੇ ਤਰ੍ਹਾਂ ਮਿੱਟੀ ਦੀ ਪਰਾਤ ਵਿਚ ਮੁੱਕੀਆਂ ਦੇਂਦੀ, ਇਕ ਦਿਨ, ਉਹ ਸੁਨਹਿਰੀ ਸੁਪਨੇ ਵੇਖ ਰਹੀ, ਤੇ ਚੱਤੇ

ਚੱਤੇ ਉਹਦੀਆਂ ਅੱਖਾਂ ਵਿਹੜੇ ਦੇ ਬੂਹੇ ਵਲ ਚੁਕੀਆਂ ਜਾਂਦੀਆਂ। ਇਹ ਵੇਲਾ ਗਾਹਕਾਂ ਦਾ ਨਹੀਂ ਸੀ, ਗਾਹਕ ਲੌਢੇ ਪਹਿਰ ਆਉਂਦੇ ਨੇ, ਪਰ ਤਾਂ ਵੀ ਬੁਖ਼ਾਰੇ ਦਾ ਸਰਦਾਰ ਤਾਂ ਦੋਵੇਂ ਵਾਰੀ ਏਸੇ ਹੀ ਵੇਲੇ ਆਇਆ ਸੀ, ਓਸ ਮਨ ਵਿਚ ਆਖਿਆ।

ਇਕ ਪਰਛਾਵਾਂ ਓਸੇ ਵੇਲੇ ਬੂਹੇ ਵਿਚੋਂ ਪਿਆ। ਸੋਹਣੀ ਚੌਂਕ ਪਈ। ਭਲਾ, ਜੇ ਏਸ ਪਰਛਾਵੇਂ ਦੀ ਬਦਲੀ 'ਚੋਂ ਅਚਾਨਕ ਉਹਦਾ ਚੰਨ ਚੜ੍ਹ ਪਏ।

ਪਰ ਇਹ ਤਾਂ ਕੋਈ ਹੋਰ ਸੀ। ਇਹਦੇ ਗਲ ਨਾ ਚੋਗ਼ਾ, ਨਾ ਇਹਦੇ ਸਿਰ ਅਮਾਮਾ ਸੀ। ਤੇੜ ਤਹਿਮਤ ਗਲ ਕੁੜਤਾ, ਸਿਰ ਤੇ ਲਟਬੌਰੀ ਪੱਗ – ਕੋਈ ਏਥੋਂ ਦਾ ਮਨੁਖ ਸੀ।

ਸੋਹਣੀ ਫੇਰ ਆਪਣੀ ਪਰਾਤ ਉਤੇ ਝੁਕ ਗਈ ਤੇ ਬਾਹਰੋਂ ਆਇਆ ਤੁਲ੍ਹੇ ਦੇ ਕੋਲ ਆ ਖਲੋਤਾ।

"ਮੈਂ ਸੁਣਿਐ, ਉਸਤਾਦ ਜੀ, ਤੁਹਾਨੂੰ ਮਹੀਂਵਾਲ ਦੀ ਲੋੜ ਸੀ।" ਓਸ ਪੁਛਿਆ –

"ਵਾਹ ਭਈ ਵਾਹ! ਅੱਲਾਹ ਘਲਾਇਓਂ!" ਘੰਮਾ – ਘੰਮ – ਘੰਮਾ – ਘੰਮ – "ਕੋਈ ਕੂਜ਼ਾ ਬਣ ਰਿਹੈ, ਵੇਖੀਂ ਸੋਹਣੀਏਂ! ਜਿਹੜੇ ਫੁਲ ਮੈਂ ਇਹਦੇ ਉਤੇ ਚਿਤਰਾਂਗਾ —" ਘੰਮਾ – ਘੰਮ – "ਵਾਹ-ਵਾਹ ਦਿਸਦੈ – ਦਸ ਇਹਨੂੰ ਆਪਣੀਆਂ ਲੋਹੀਆਂ, ਕੁੰਢੀਆਂ ਤੇ ਪੰਜ ਕਲਿਆਨੀਆਂ।" – ਘੰਮਾ – ਘੰਮ – –

"ਕਿਹੜਾ ਤੇਰਾ ਪਿੰਡ ਏ?" ਸੋਹਣੀ ਨੇ ਪਰਾਤੋਂ ਸਿਰ ਚੁਕੇ ਬਿਨਾਂ ਹੀ ਪੁਛਿਆ।

"ਬੀਬੀ, ਬੜਾ ਦੂਰ ਏ" ਓਸ ਆਖਿਆ।

ਆਵਾਜ਼ ਉਹਦੇ ਕਪੜਿਆਂ ਨਾਲੋਂ ਕੁਝ ਵੱਖਰੀ ਜਾਪੀ ਤੇ ਸੋਹਣੀ ਨੇ ਸਿਰ ਚੁਕਿਆ।

"ਮਹੀਆਂ ਚੋ ਲੈਨਾ ਏਂ?"

"ਕਦੇ ਸਾਡੇ ਕੋਲ ਮਾਲ ਹੁੰਦਾ ਸੀ, ਮੈਂ ਸ਼ੌਕੀਆ ਲਵੇਰੀਆਂ ਹੇਠਾਂ ਜਾ ਬਹਿੰਦਾ ਸਾਂ, ਸ਼ਿਕਾਇਤ ਕੋਈ ਹੋਣ ਨਹੀਂ ਦਿਆਂਗਾ — ਏਨਾ ਜ਼ਿੰਮਾ ਲੈਂਦਾ ਹਾਂ।" ਓਸ ਨੇ ਆਪਣੇ ਉਤੇ ਨਿਰਾਲੇ ਭਰੋਸੇ ਨਾਲ ਆਖਿਆ – ਤੇ ਸੋਹਣੀ ਉਹਦੇ ਮੂੰਹ ਵਲ ਤਕਣ ਲਗ ਪਈ।

"ਤੇ ਫੇਰ ਤੁਹਾਡੇ ਮਾਲ ਨੂੰ ਕੀ ਹੋ ਗਿਆ ਕਿ ਤੂੰ ਚਾਕ ਬਣਨ ਆ ਗਿਓਂ?" ਸੋਹਣੀ ਦੀ ਉਹਦੇ ਵਿਚ ਦਿਲਚਸਪੀ ਵਧਦੀ ਜਾ ਰਹੀ ਸੀ।

"ਮੈਨੂੰ ਮੇਰੇ ਘਰ ਨੇ ਝੱਲਿਆ ਨਹੀਂ, ਤਕਦੀਰ ਅਜ਼ਮਾਣ ਲਈ ਮੈਂ ਘਰੋਂ ਨਿਕਲ ਆਇਆਂ – ਤਲਬ ਦਾ ਵੀ ਕੋਈ ਖ਼ਿਆਲ ਨਹੀਂ – ਇਕੱਲਾ ਕਾਰਾ ਹਾਂ – ਰੋਟੀ ਕਪੜੇ ਤੇ –" ਜੋ ਕਹਿਣਾ ਚਾਹੁੰਦਾ ਸੀ, ਉਹਦੇ ਲਈ ਉਹਨੂੰ ਲਫ਼ਜ਼ ਨਾ ਅਹੁੜਿਆ।

"ਰੋਟੀ ਕਪੜਾ ਤੇ ਹੋਰ ਕੀ?" ਸੋਹਣੀ ਨੇ ਦੁਹਰਾਇਆ।

"ਹੋਰ ਕੁਝ ਨਹੀਂ – ਥੋੜਾ ਜਿਹਾ ਆਦਰ ਦੇ ਛਡਣਾ।" ਓਸ ਨੇ ਮਾਸਾ ਜਿਹਾ ਮੁਸਕਰਾ ਕੇ ਆਖਿਆ।

ਸਿਰ ਤੋਂ ਪੈਰਾਂ ਤਕ ਸੋਹਣੀ ਉਹਨੂੰ ਘੋਖਣ ਲਗ ਪਈ।

"ਚੰਗਾ, ਚਲ ਮੇਰੇ ਨਾਲ, ਮੈਂ ਤੈਨੂੰ ਮਾਲ ਦੀ ਸੌਂਪਣਾ ਕਰ ਆਵਾਂ।"

ਹਵੇਲੀ ਵਿਚ ਪਹੁੰਚ ਕੇ ਸੋਹਣੀ ਨੇ ਫੇਰ ਇਕ ਵਾਰੀ ਨੀਝ ਲਾ ਕੇ ਵੇਖਿਆ।

"ਆਹ ਬੋਲੀ, ਆਹ ਲੋਹੀ, ਆਹ ਕੁੰਢੀ ਤੇ ਆਹ ਮੇਰੀ ਪੰਜ-ਕਲਿਆਨੀ।"

ਸੋਹਣੀ ਨੇ ਵੇਖਿਆ ਹੁਣ ਉਹ ਦੋਵੇਂ ਅੱਬਾ ਦੀ ਨਜ਼ਰ ਤੋਂ ਓਹਲੇ ਸਨ, ਤੇ ਓਸ ਨੇ ਚਾਕ ਦੀ ਕਮਰ ਦੁਆਲੇ ਬਾਹਾਂ ਪਾ ਦਿਤੀਆਂ, ਉਹਦੀਆਂ ਅੱਖਾਂ ਵਿਚ ਹੰਝੂ ਡਲ੍ਹਕ ਰਹੇ ਸਨ।

"ਉਹ ਮੇਰੇ ਸੁਪਨਿਆਂ ਦੇ ਮਾਹੀ – ਇਹ ਵੇਸ ਤੂੰ ਕੀ ਕਰ ਆਇਓਂ?"

"ਹੋਰ ਕਿਸੇ ਵੇਸ ਵਿਚ ਮੈਨੂੰ ਆਪਣੇ ਫ਼ਰਿਸ਼ਤੇ ਦੀ ਨਜ਼ਦੀਕੀ ਨਹੀਂ ਸੀ ਮਿਲ ਸਕਦੀ।" ਉਹਦੀ

ਧੜਕਦੀ ਧੌਣ ਉਤੇ ਏਸ ਤਰ੍ਹਾਂ ਦੇ ਹਥ ਫੇਰ ਕੇ ਓਸ ਨੇ ਆਖਿਆ ਕਿ ਸੋਹਣੀ ਦੀ ਡੁਸਕਣੀ ਡੂੰਘੇ ਅਮਨ ਵਿਚ ਬਦਲ ਗਈ।

"ਪਰ ਇਹ ਮਨਜ਼ੂਰ ਮੈਂ ਕੀਕਰ ਕਰ ਲਾਂ, ਕਿ ਸ਼ਹਿਜ਼ਾਦਾ ਮੇਰਾ ਮਹੀਂਵਾਲ ਹੋ ਜਾਏ !"

"ਮੇਰੀ ਭੋਲੀ ਮਲਕਾ, ਤੇਰੇ ਮਹੀਂਵਾਲ ਦੀ ਸ਼ਹਿਜ਼ਾਦੇ ਵੀ ਈਰਖ਼ਾ ਕਰਨਗੇ !"

"ਤੇ ਤੂੰ ਆਪਣੇ ਲੋਕਾਂ ਨੂੰ ਛਡ ਕੇ ਕੀਕਰ ਚਲਾ ਆਇਓਂ ?" ਸੋਹਣੀ ਨੇ ਸਿੱਧੀ ਹੋ ਕੇ ਪੱਲਾ ਸਾਂਭਦਿਆਂ ਆਖਿਆ।

"ਸਆਦਤ ਮੇਰਾ ਸਰਬਰਾਹ ਹੀ ਨਹੀਂ, ਮੇਰਾ ਦੋਸਤ ਤੇ ਬੇਨਜ਼ੀਰ ਸਮਝ ਦਾ ਮਾਲਕ ਹੈ। ਉਹਨੂੰ ਮੈਂ ਆਪਣੇ ਦਿਲ ਦਾ ਸਾਰਾ ਹਾਲ ਦਸ ਕੇ ਆਖਿਆ ਕਿ ਜੇ ਉਹ ਮੇਰੀ ਜ਼ਿੰਦਗੀ ਚਾਹੁੰਦਾ ਹੈ, ਤਾਂ ਡੇਰੇ ਨੂੰ ਲੈ ਜਾਏ, ਤੇ ਮੈਨੂੰ ਮੇਰੇ ਪ੍ਰਾਣਾਂ ਕੋਲ ਛਡ ਜਾਏ, ਤੇ ਜੇਕਰ ਉਹਦੀ ਸਮਝ ਵਿਚ ਆਵੇ, ਮੇਰੇ ਅੱਬਾ ਨੂੰ ਖ਼ਬਰ ਸੁਣਾ ਦੇਵੇ।"

"ਤੇ ਇਹ ਚੰਨ ਕਿਸੇ ਮਾਂ ਦਾ, ਏਥੇ ਛਡਣਾ ਉਹ ਕੀਕਰ ਮੰਨ ਗਿਆ !" ਸੋਹਣੀ ਨੂੰ ਆਪਣੇ ਸਵਰਗ ਦਾ ਇਤਬਾਰ ਨਹੀਂ ਸੀ ਆ ਰਿਹਾ।

"ਉਹ ਸਿਆਣਾ ਬੜਾ ਏ, ਸਮਝ ਗਿਆ, ਕਿ ਚੰਨ ਭਾਵੇਂ ਮੈਂ ਕਿਸੇ ਦਾ ਹੋਵਾਂ, ਚਾਨਣ ਮੈਨੂੰ ਆਪਣੇ ਸੂਰਜ ਕੋਲੋਂ ਹੀ ਮਿਲ ਸਕਦਾ ਹੈ, ਤੇ ਉਹਨੂੰ ਮੈਂ ਦਸ ਦਿਤਾ, ਕਿ ਉਮਰ ਦੇ ਬਾਕੀ ਦਿਨ ਮੈਂ ਆਪਣੇ ਸੂਰਜ ਦੀਆਂ ਕਿਰਨਾਂ ਹੇਠਾਂ ਭ਼ੰਮ ਭ਼ੰਮ ਕਰਕੇ ਜਿਉਣਾ ਚਾਹੁੰਦਾ ਹਾਂ।" ਤੇ ਓਸ ਨੇ ਸੋਹਣੀ ਦੇ ਪਿਆਰ-ਮਸਤੀ ਵਿਚ ਖੁਲ੍ਹੇ ਬੁਲ੍ਹਾਂ ਨੂੰ ਆਪਣੇ ਦੋ ਪੋਟਿਆਂ ਨਾਲ ਮੀਟ ਕੇ ਉਨ੍ਹਾਂ ਉਤੇ ਇਹੋ ਜਿਹੀ ਚੁਟਕੀ ਭਰੀ ਕਿ ਅੱਖਾਂ ਵੀ ਮੀਟੀਆਂ ਗਈਆਂ।

"ਉਹ — ਹਾਏ ! — ਤੇ ਹੁਣ ਜੇ ਤੈਨੂੰ ਕੋਈ ਲੈਣ ਆ ਜਾਏ !" ਸੋਹਣੀ ਨੇ ਆਪਣੇ ਸਵਰਗ ਨੂੰ ਘੁਟ ਘੁਟ ਕੇ ਫੜਨ ਦੀ ਤੜਫਣੀ ਨਾਲ ਆਖਿਆ।

"ਉਹ ਚਲੇ ਗਏ, ਸੋਹਣੀਏ," ਤੇ ਉਹਦਾ ਮੂੰਹ ਦਿਲਾਸੇ ਦੀ ਤਸਵੀਰ ਸੀ, "ਮੈਂ ਉਨ੍ਹਾਂ ਦੇ ਇੱਜ਼ਤ ਦੇ ਕਪੜੇ ਵੀ ਉਨ੍ਹਾਂ ਨੂੰ ਦੇ ਦਿਤੇ, ਇਨ੍ਹਾਂ ਕਪੜਿਆਂ ਵਾਲਾ ਤੇਰਾ ਮਹੀਂਵਾਲ ਉਹਨਾਂ ਨੂੰ ਹੁਣ ਦਰਕਾਰ ਨਹੀਂ।"

ਬੁਲ੍ਹਾਂ ਤਕ ਆਈ ਚੀਕ ਰੋਕਣ ਸਦਕਾ ਸੋਹਣੀ ਨੇ ਫੇਰ ਆਪਣੀਆਂ ਬਾਹਾਂ ਇੱਜ਼ਤ ਦੇ ਗਲ ਪਾ ਦਿਤੀਆਂ, ਤੇ ਮੂੰਹ ਨਾਲ ਉਹਦੀ ਹਿਕ ਚੁੰਮ ਕੇ ਬੋਲੀ :

"ਤੇ ਇਹ ਮਹੀਂਵਾਲ ਹੁਣ ਸਾਰੀ ਮੇਰੀ ਦੁਨੀਆਂ ਹੋਵੇਗਾ।"

ਅਬਾ ਕੋਲ ਆਕੇ ਸੋਹਣੀ ਆਖਣ ਲਗੀ :

"ਕੰਮ ਭਾਵੇਂ ਕਿਤੇ ਕੀਤਾ ਨਹੀਂ ਸੂ — ਬੰਦਾ ਚੰਗਾ ਜਾਪਦੈ — ਅੱਬਾ ਛੇਤੀ ਸਿਖਣ ਵਾਲਾ ਏ।"

"ਬੰਦਾ ਚੰਗਾ ਚਾਹੀਦੈ, ਪੁਤਰਾ" — ਘੱਮਾ ਘੱਮ — "ਜਾ ਆਪਣੀ ਮਾਂ ਕੋਲ ਲੈ ਜਾ ਸੂ......ਪਰ ਪਹਿਲਾਂ ਵੇਖ ਜਾਈਂ ਕਿਹਾ ਅਚਰਜ ਮੇਰਾ ਕੂਜ਼ਾ ਬਣਿਐ !"

ਤੁਲ੍ਹੇ ਉਸਤਾਦ ਦੀ ਧੀ ਨੂੰ ਲੋਕ ਸੋਹਣੀ ਆਖਦੇ ਸਨ — ਪਰ ਅਜੇ ਤਕ ਇਕ ਸੱਖਣੇ ਸੋਹਣੇ ਫ਼ਾਨੂਸ ਵਰਗੀ ਉਹ ਸੋਹਣੀ ਸੀ, ਹੁਣ ਕੁਝ ਦਿਨਾਂ ਤੋਂ ਏਸ ਫ਼ਾਨੂਸ ਵਿਚ ਕੋਈ ਜੋਤ ਮਘ ਪਈ, ਵੇਖਣ ਵਾਲੇ ਚਕਰਾ ਜਾਂਦੇ ! ਅੰਗ, ਢੰਗ ਰੰਗ ਸਭੋ ਦਿਨ ਵਟਦੇ ਜਾ ਰਹੇ ਸਨ।

ਤੁਲ੍ਹੇ ਦੀ ਦੁਕਾਨ ਉਤੇ ਗਾਹਕੀ ਵਧ ਗਈ; ਉਹਦੀ ਖੁਸ਼ਹਾਲੀ ਵਧ ਗਈ; ਸੋਹਣੀ ਉਹਦੇ ਘਰ ਦੀ ਬਰਕਤ ਸੀ। ਸੋਹਣੀ ਦੇ ਹੁਸਨ ਦਾ ਗ਼ੌਗਾ ਸਾਰੇ ਸ਼ਹਿਰ ਵਿਚ ਮਚ ਗਿਆ। ਤਾੜ ਸ਼ੁਰੂ ਹੋ ਗਈ ਕਿ ਕਿਹੜੀ ਮਿਜ਼ਰਾਬ ਇਹਦੀਆਂ ਦਿਲ ਤਾਰਾਂ ਉਤੇ ਟੁਣਕ ਗਈ ਕਿ ਕੁਆਰੇ ਸ਼ਬਾਬ ਵਿਚ ਲੋਹੜਾ ਛਣਕ ਪਿਆ ! ਕਿਹੜਾ ਸ਼ਾਹ ਬਹਿਰਾਮ ਇਹਦੀ ਸੁੱਤੀ ਖ਼ੂਬਸੂਰਤੀ ਨੂੰ ਬੁਲ੍ਹ ਛੁਹਾ ਕੇ ਨਸ਼ਿਆ ਗਿਆ !

ਸਾਊ ਸਿੱਧਾ ਮਹੀਂਵਾਲ ਹੀ ਉਹਦੀ ਦੁਨੀਆਂ ਵਿਚ ਨਵਾਂ ਦਾਖ਼ਲਾ ਸੀ, ਪਰ ਇਹ ਮਹੀਂਵਾਲ ਕੋਈ ਡੂੰਘਾ

ਚਸ਼ਮਾ ਸੀ। ਕੋਈ ਛਲ੍ਹਾਕਾ ਇਹਦੇ ਦੁਆਲੇ ਕਿਸੇ ਵੇਖਿਆ ਨਹੀਂ ਸੀ, ਸਾਰਾ ਦਿਨ ਉਹ ਮਹੀਆਂ ਚਾਰਦਾ, ਹਰ ਕਿਸੇ ਨਾਲ ਚੰਗਾ ਰਹਿੰਦਾ, ਕੋਈ ਉਹਦੇ ਭੇਤ ਦੀ ਭਾਫ਼ ਵੀ ਸੁੰਘ ਨਾ ਸਕਿਆ।

ਸੋਹਣੀ ਦੇ ਮਾਪੇ ਵੀ ਆਪਣੇ ਮਹੀਂਵਾਲ ਉਤੇ ਖ਼ੁਸ਼ ਸਨ, ਉਹ ਘਰ ਦਾ ਬੰਦਾ, ਹਰ ਕਿਸੇ ਦਾ ਖ਼ੈਰ ਖ਼ਾਹ, ਸ਼ੇਖ਼ੀ ਨਹੀਂ, ਸ਼ਿਕੈਤ ਨਹੀਂ। ਸਿਰਫ਼ ਇਕ ਵਾਰੀ ਸਵੇਰ ਵੇਲੇ ਸੋਹਣੀ ਧਾਰਾਂ ਚੁਆਣ ਜਾਂਦੀ। ਸ਼ਾਮੀਂ ਉਹਦੀ ਮਾਂ ਜਾਂਦੀ। ਸੌ ਤਾੜਾਂ ਵੀ ਮਹੀਂਵਾਲ ਦਾ ਇਕ ਨੁਕਸ ਨਾ ਤਾੜ ਸਕੀਆਂ।

ਸੋਹਣੀ ਨਿੱਕੀਆਂ ਨਿੱਕੀਆਂ ਗੱਲਾਂ ਨਾਲ ਉਹਨੂੰ ਸਾਰੇ ਦਿਨ ਲਈ ਭਰ ਜਾਂਦੀ, ਮੁਸਕਰਾ ਜਾਂਦੀ, ਸੂਰਜੀ ਮੁਖੜਾ ਝਲਕਾ ਜਾਂਦੀ — ਤੇ ਕਦੇ ਕਦੇ ਦੁੱਧ ਚੋਂਦੇ ਦੇ ਗਲ ਪਿਛੋਂ ਦੀ ਬਾਹਾਂ ਵੀ ਪਾ ਦੇਂਦੀ।

"ਸੋਹਣੀਏਂ, ਸੋਹਣੀਏਂ ! ਦੋਹਣੀ ਡੇਗ ਦਏਂਗੀ।" ਉਹ ਲੱਤਾਂ ਵਿਚ ਦੋਹਣੀ ਘੁਟ ਕੇ ਆਖਦਾ।

"ਕਹਿ ਦਿਆਂਗੀ, ਕੱਟੀ ਚੁੰਘ ਗਈ।" ਤੇ ਤਲੀਆਂ ਨਾਲ ਉਹਦੀਆਂ ਅੱਖਾਂ ਮੀਚ ਲੈਂਦੀ। ਦੋਹਣੀ ਪੱਟਾਂ 'ਚੋਂ ਕਢ ਉਹ ਉਹਦਾ ਸਿਰ ਹਥਾਂ ਵਿਚ ਫੜ ਲੈਂਦਾ ਤੇ ਕਿੰਨਾ ਕਿੰਨਾ ਚਿਰ ਉਹਦੀਆਂ ਅੱਖਾਂ ਵਿਚ ਵੇਖਦਾ ਰਹਿੰਦਾ। ਉਹ ਅੱਖਾਂ ਨਾ ਝਮਕਦੀ, ਮਤੇ ਇਕ ਛਿਨ ਲਈ ਉਹਦਾ ਅਕਸ ਅੱਖੀਆਂ ਵਿਚ ਪੈਣੋਂ ਹਟ ਜਾਂਦਾ।

"ਤੇਰੀਆਂ ਅੱਖਾਂ ਨੇ ਸੋਹਣੀਏਂ, ਕਿ ਬਹਿਸ਼ਤ ਦੇ ਦਰਵਾਜ਼ੇ — ਸਵੇਰੇ ਤੂੰ ਮੈਨੂੰ ਏਸ ਬਹਿਸ਼ਤ ਵਿਚ ਦਾਖ਼ਲ ਕਰਾ ਜਾਨੀ ਏਂ, ਸਾਰਾ ਦਿਨ ਮੇਰਾ ਸਰਸ਼ਾਰ ਰਹਿਦਾ ਏ।"

ਭਾਵੇਂ ਸੋਹਣੀ ਦੇ ਇਸ਼ਕ-ਚਸ਼ਮੇ ਦੀ ਸਮਝ ਕਿਸੇ ਨੂੰ ਆਈ ਨਾ, ਤਾਂ ਵੀ ਇਕੋ ਸਾਲ ਦੇ ਅੰਦਰ ਗੁਜਰਾਤ ਸ਼ਹਿਰ ਦੇ ਲਾਗੇ ਤਰਥੱਲੀ ਮਚ ਗਈ ਜੀਕਰ ਕੋਈ ਸੁੱਤਾ ਜਵਾਲਾਮੁਖੀ ਜਾਗ ਪਿਆ ਹੁੰਦਾ ਹੈ। ਤੁਲ੍ਹੇ ਨੂੰ ਦੁਕਾਨ ਤੋਂ ਸੋਹਣੀ ਹਟਾਣੀ ਪੈ ਗਈ। ਵੇਖ ਕੇ ਉਹਨੂੰ ਕਈਆਂ ਦੇ ਪੈਰ ਥਿੜਕ ਜਾਂਦੇ। ਸਾਕ ਮੰਗਣ ਵਾਲਿਆਂ ਵੀ ਤੁਲ੍ਹੇ ਦੇ ਘਰ ਦੀਆਂ ਦਲ੍ਹੀਜ਼ਾਂ ਘਸਾ ਦਿਤੀਆਂ।

ਸੋਹਣੀ ਦੀ ਮਾਂ ਨੇ ਤੁਲ੍ਹੇ ਨਾਲ ਸਲਾਹ ਕੀਤੀ :

"ਜੀਅ ਨਹੀਂ ਕਰਦਾ ਇਹ ਰਾਣੀ ਧੀ ਘਰੋਂ ਜਾਏ – ਪਰ ਓੜਕ ਧੀਆਂ ਬਗਾਨੇ ਘਰ ਹੀ ਜਾਣੈ।"

"ਇਹਦੇ ਬਾਝੋਂ ਘਰ ਸਾਡਾ ਹਨੇਰਾ ਹੋ ਜਾਏਗਾ !"

"ਹਨੇਰਾ ਤਾਂ ਹੋ ਜਾਣੈ, ਪਰ ਲੋਕਾਂ ਵੀ ਕੋਈ ਘਟ ਹਨੇਰ ਨਹੀਂ ਲੈ ਆਂਦਾ।"

ਤੁਲ੍ਹੇ ਦੇ ਸ਼ਰੀਕਾਂ ਵੀ ਸੋਹਣੀ ਦਾ ਵਿਆਹ ਛੇਤੀ ਕਰ ਦੇਣ ਦੀ ਸਲਾਹ ਦਿਤੀ। ਇਕ ਚੰਗੇ ਸਰਦੇ ਬਣਦੇ ਘਰ ਦੇ ਗੱਭਰੂ ਨਾਲ ਮੰਗਣੀ ਕਰ ਦਿਤੀ। ਵਿਆਹ ਸੁਧਾ ਦਿਤਾ, ਜੰਞ ਸ਼ਹਿਰ ਵਿਚੋਂ ਹੀ ਚੜ੍ਹਨੀ ਸੀ।

ਏਸ ਮੁਸੀਬਤ ਦੀ ਖੋਹ ਸੋਹਣੀ ਦੇ ਨਵੇਂ ਲਭੇ ਬਹਿਸ਼ਤ ਨੂੰ ਛਿੱਥੀਆਂ ਤਾਂ ਸਦਾ ਦੇਂਦੀ ਹੀ ਰਹਿੰਦੀ ਸੀ, ਪਰ ਜਦ ਇਹ ਸਿਰ ਹੀ ਆ ਢੁਕੀ, ਤਾਂ ਸੋਹਣੀ ਨੇ ਮਹੀਂਵਾਲ ਨੂੰ ਤਰਲਾ ਕੀਤਾ ਕਿ ਉਹਨੂੰ ਉਹ ਨਸਾ ਕੇ ਕਿਤੇ ਲੈ ਜਾਏ। ਸਹੁਰੇ ਘਰ ਜਾ ਕੇ ਕੀ ਪਤਾ ਉਹਦੇ ਨਾਲ ਕੀ ਹੋਰ ਗੁਜ਼ਰੇਗੀ, ਮਹੀਂਵਾਲ ਉਹਦਾ ਤਾਂ ਉਹਦੇ ਕੋਲੋਂ ਜ਼ਰੂਰ ਖੁਸ ਜਾਏਗਾ, ਤੇ ਉਹਦੀ ਦੁਨੀਆਂ ਉਤੇ ਸੂਰਜ ਸਦਾ ਲਈ ਡੁਬ ਜਾਏਗਾ।

"ਨਹੀਂ, ਸੋਹਣੀਏ," ਮਹੀਂਵਾਲ ਨੇ ਸਮਝਾਇਆ, "ਤੇਰੇ ਮਹੀਂਵਾਲ ਦੀ ਕੋਈ ਠਾਹਰ ਨਹੀਂ, ਇਹਦਾ ਏਥੇ ਕੋਈ ਸਾਕ ਸੈਨ ਨਹੀਂ, ਐਡੀ ਵੱਡੀ ਦੌਲਤ ਇਹ ਗ਼ਾਸਬਾਂ ਕੋਲੋਂ ਮਹਿਫ਼ੂਜ਼ ਨਹੀਂ ਕਰ ਸਕੇਗਾ।"

"ਫੇਰ ਮਹੀਂਵਾਲਾ, ਤੂੰ ਬੜਾ ਇਲਮ ਵਾਲਾ ਏਂ, ਕਰ ਕੋਈ ਜਾਦੂ, ਮੈਨੂੰ ਕੁੜੀਓਂ ਮਹੀਂ ਬਣਾ ਲੈਂ, ਤੇ ਆਪਣੇ ਵਗ ਨਾਲ ਹਿਕ ਲਿਚੱਲ !" ਸੋਹਣੀ ਦੀਆਂ ਅੱਖਾਂ ਵਿਚ ਬੇਬਸੀ ਦੀ ਅਤਿ ਸੀ।

ਮਹੀਂਵਾਲ ਨੇ ਗਲ ਨਾਲ ਲਾ ਲਿਆ। ਉਹਦੀ ਗਲ-ਲਗਣੀ ਵਿਚ ਕਿਹੋ ਜਿਹਾ ਅਮਨ ਸੀ, ਤਪਦਾ ਹੀਅਰਾ ਸੋਹਣੀ ਦਾ ਠਰ ਗਿਆ, ਤੇ ਮਹੀਂਵਾਲ ਨੇ ਦਿਲਾਸਾ ਦਿਤਾ :

"ਸੋਹਣੀਏਂ, ਇਸ਼ਕ ਦੇ ਫ਼ੈਜ਼ ਉਤੇ ਭਰੋਸਾ ਰਖ ! ਹਰ ਸਵੇਰ, ਅਜੇ ਤਕ, ਸਾਡੀ ਮੁਹੱਬਤ ਉਤੇ ਵਧੇਰੇ

ਸੁਨਹਿਰੀ ਚੜ੍ਹਦੀ ਰਹੀ ਹੈ। ਕਿਸੇ ਗੱਲ ਤੋਂ ਨਾ ਘਬਰਾ, ਤੇਰੇ ਸੁਪਨਿਆਂ ਦਾ ਮਾਹੀ ਤੈਨੂੰ ਮਿਲਣ ਦੀ ਸਬੀਲ ਢੂੰਡ ਲਏਗਾ — ਮੇਰਾ ਦਿਲ ਆਂਹਦੈ, ਪੀਂਘ ਸਾਡੀ ਫੇਰ ਭਾਵੇਂ ਟੁਟ ਹੀ ਪਵੇ, ਇਕ ਵਾਰੀ ਅਸਮਾਨ ਅਸਾਂ ਛੂਹ ਲੈਣਾ ਹੈ।"

"ਮੁਬਾਰਕ ਹੋਵੇ ਤੇਰੀ ਜ਼ਬਾਨ, ਮਹੀਂਵਾਲਾ, ਪਰ ਕੱਲ ਮੈਨੂੰ ਲੈ ਜਾਣਗੇ, ਕਿਸੇ ਭਿਣਖ ਤਕ ਮੇਰੀ ਤੈਨੂੰ ਪੈਣ ਨਹੀਂ ਦੇਣੀ – ਮੈਂ ਫੇਰ ਆਂਹਨੀ ਆਂ, ਅਜ ਕੋਈ ਹੀਲਾ ਕਰ ਲੈ !" ਤੇ ਛਮ ਛਮ ਉਹਦੇ ਹੰਝੂ ਵਗ ਪਏ।

"ਮੇਰੀਏ ਸੋਹਣੀਏ" ਮਹੀਂਵਾਲ ਨੇ ਉਹਨੂੰ ਗਲ ਨਾਲ ਲਾ ਲਿਆ, "ਮੈਂ ਜੇ ਰੋਵਾਂ ਤਾਂ ਝਨਾਂ ਦੇ ਵਹਿਣ ਨੂੰ ਫ਼ੁਰਕਤ ਦੇ ਮੇਰੇ ਆਂਸੂ ਸ਼ਰਮਾ ਦੇਣ — ਪਰ ਐਸ ਵੇਲੇ ਡੋਰੇ ਆਂਸੂਆਂ ਨੂੰ ਬੋਸਾ ਦੇਣਾ ਮੇਰਾ ਪਹਿਲਾ ਫ਼ਰਜ਼ ਏ। ਤੂੰ ਸਮਝ, ਤੂੰ ਸਦਾ ਏਸ ਹਿਕ ਵਿਚ ਰਹੇਂਗੀ, ਇਹ ਵਿਆਹ ਵੀ ਤੈਨੂੰ ਮੈਥੋਂ ਨਖੇੜ ਨਹੀਂ ਸਕਦਾ। ਤੂੰ ਮੇਰਾ ਬੁਤ ਏਂ,ਮੈਂ ਤੇਰੀ ਰੂਹ ਹਾਂ, ਅਸੀਂ ਇਕੱਠੇ ਜਿਉਣ ਮਰਨ ਲਈ ਬਣੇ ਹਾਂ, ਮੰਜ਼ਿਲ ਤੇਰੀ ਮੇਰੀ ਇਕ ਏ !"

ਦੂਜੇ ਦਿਨ ਸੋਹਣੀ ਦੀ ਡੋਲੀ ਤੋਰਨ ਲਈ ਸ਼ਰੀਕਾ ਇਕੱਠਾ ਹੋਇਆ ਸੀ। ਸਖੀਆਂ ਸਹੇਲੀਆਂ, ਚਾਚੀਆਂ ਤਾਈਆਂ, ਦੇ ਗਲ ਲਗ ਸੋਹਣੀ ਚੀਕਾਂ ਮਾਰ ਰਹੀ ਸੀ, ਕਿ ਮਹੀਂਵਾਲ ਉਹਦੀ ਪਿਆਰੀ ਪੰਜ-ਕਲਿਆਨੀ ਨੂੰ ਨੁਹਾ ਧੁਆ ਸਿੰਙ ਚੋਪੜ ਕੇ ਲੈ ਆਇਆ। ਡਡਿਆ ਕੇ ਸੋਹਣੀ ਜੋ ਵਿੱਸੀ, ਚਿੜੀਆਂ ਜਨੌਰ ਵੀ ਲੋਕ ਆਖਣ 'ਮਸੋਸੇ' ਗਏ। ਮਹੀਂ ਦੇ ਮੱਥੇ ਦੇ ਚੰਨ ਨਾਲ ਗਲ੍ਹਾਂ ਲਾ ਕੇ ਸੋਹਣੀ ਨੇ ਕੋਈ ਕੀਰਨੇ ਕੀਤੇ ! ਡੂੰਘੇ ਮਹੀਂਵਾਲ ਦੀਆਂ ਅੱਖਾਂ ਵੀ ਸੁੱਕੀਆਂ ਨਾ ਰਹਿ ਸਕੀਆਂ।

"ਬੀਬੀ, ਇਹਦੀ ਸਾਂਭ ਦਾ ਫ਼ਿਕਰ ਨਾ ਕਰੀਂ।"

ਸੋਹਣੀ ਨੇ ਰੁੰਨੀਆਂ ਅੱਖਾਂ ਨਾਲ ਮਹੀਂਵਾਲ ਨੂੰ ਤਕਿਆ।

"ਰੋਂਦੇ ਹੁਸਨ ਵਿਚ ਵੀ ਕੀ ਜਾਦੂ ਏ ਖ਼ੁਦਾਇਆ !" ਮਹੀਂਵਾਲ ਨੇ ਮੂੰਹ ਵਿਚ ਆਖਿਆ ਤੇ ਸੋਹਣੀ ਲਈ ਦੁਆ ਕੀਤੀ।

ਸੋਹਣੀ ਚਲੀ ਗਈ। ਸੋਹਣੀ ਦੇ ਨਿਸ਼ਾਨਾਂ ਨਾਲ ਮਹੀਂਵਾਲ ਆਪਣਾ ਦਿਲ ਪਰਚਾਂਦਾ ਰਿਹਾ। ਕਦੇ ਤੁਲ੍ਹੇ ਕੋਲ ਜਾ ਬਹਿੰਦਾ ਤੇ ਸੋਹਣੀ ਵਾਲੀ ਪਰਾਤ ਵਿਚ ਮਿੱਟੀ ਗੋਣ ਲਗ ਪੈਂਦਾ। — ਪੰਜ-ਕਲਿਆਨੀ ਦੇ ਮੱਥੇ ਦੇ ਚੰਨ ਉਤੇ ਸੁਬਾਹ ਸ਼ਾਮ ਬੋਸਾ ਦੇਂਦਾ : "ਮੇਰੀ ਚੰਨੀ ਨੇ ਇਹ ਚੰਨ ਚੁੰਮਿਆ ਸੀ, ਪਰ ਸੋਹਣੇ ਚੰਨ ਬਾਝੋਂ ਇਹ ਘਰ ਹਨੇਰਾ ਏ।" ਉਹ ਆਹ ਭਰ ਕੇ ਆਖਦਾ।

ਦੋ ਮਹੀਨਿਆਂ ਵਿਚ ਸੋਹਣੀ ਦੀ ਮਾਂ ਵੀ ਉਦਾਸ ਹੋ ਗਈ। ਸੁਚੱਜੇ ਘਰ ਵਿਚ ਸੋਹਣੀ ਦੀ ਬੜੀ ਵਡੀ ਥਾਂ ਸੀ — ਘਰ ਖ਼ਾਲੀ ਜਾਪੇ, ਤੇ ਮਾਂ ਨੇ ਇਕ ਵਡੀ ਸਾਰੀ ਬਿੱਦ ਤਿਆਰ ਕਰ ਕੇ ਮਹੀਂਵਾਲ ਨੂੰ ਉਹਦੇ ਸਹੁਰੇ ਲੈਣ ਭੇਜ ਦਿਤਾ।

ਕੁੜਮਾਂ ਦੇ ਲਾਗੀ ਦਾ ਸੋਹਣੀ ਦੇ ਸਹੁਰਿਆਂ ਬੜਾ ਆਦਰ ਮਾਨ ਕੀਤਾ। ਸੋਹਣੀ ਨੇ ਵੀ ਸਭ ਦੀ ਸੁਖ ਪੁਛੀ ਤੇ ਘੜੀ ਵਿਹਲੀ ਲਭ ਕੇ ਓਸ ਆਪਣੀ ਵੇਦਨਾ ਕਹਿ ਸੁਣਾਈ :

"ਮਾਹੀ ਬੇ-ਆਬ ਵਾਂਗ ਜਿੰਦ ਤੇਰੀ ਸੋਹਣੀ ਦੀ ਪਈ ਫੜਕਦੀ ਏ — ਆ, ਬਚਾ ਲੈ ਜੇ ਬਚਾ ਸਕਦਾ ਏਂ — ਹਾਰੀ ਹੁਟੀ ਰੂਹ ਪਰਵਾਜ਼ ਨਾ ਕਰ ਜਾਏ।"

ਮਹੀਂਵਾਲ ਨੇ ਗੰਭੀਰ ਹੋ ਕੇ ਜਵਾਬ ਦਿਤਾ :

"ਨਾ ਘਬਰਾ, ਮੇਰੀ ਜਿੰਦੇ ਰਾਣੀਏਂ — ਇਹ ਦੋ ਮਹੀਨੇ ਮੈਂ ਸੋਚਾਂ ਸੋਚਦਿਆਂ ਤੇ ਤੇਰੇ ਘਰ ਵਿਚ ਤੇਰੇ ਹੱਥਾਂ ਪੈਰਾਂ ਦੇ ਚਿਤਰਾਂ ਨੂੰ ਚੁੰਮਦਿਆਂ ਲੰਘਾਏ ਨੇ। ਹੁਣ ਫ਼ੈਸਲੇ ਦਾ ਚਾਨਣ ਮੇਰੇ ਦਿਮਾਗ਼ ਵਿਚ ਲਿਸ਼ਕ ਪਿਐ — ਅਜ ਨਵਾਂ ਚੰਨ ਚੜ੍ਹਿਐ, ਅਗਲਾ ਚੰਨ ਚੜ੍ਹਨ ਤੋਂ ਪਹਿਲਾਂ ਮੇਰਾ ਚੰਨ ਮੇਰੀ ਹਿੱਕ ਉਤੇ ਚਮਕ ਰਿਹਾ ਹੋਵੇਗਾ !"

ਸੋਹਣੀ ਦੀ ਸੱਸ ਨੇ ਹਥ ਜੋੜ ਸੁਨੇਹਾ ਦੇਣ ਲਈ ਆਖਿਆ ਕਿ ਉਨ੍ਹਾਂ ਦਾ ਚਾਅ ਅਜੇ ਲੱਥਾ ਨਹੀਂ,

ਅੰਞਾਣੇ ਭਾਬੀ ਵੇਖ ਵੇਖ ਰਜਦੇ ਨਹੀਂ, ਸਾਡੀ ਭੁਖ ਵੀ ਅਜੇ ਮੱਠੀ ਨਹੀਂ ਹੋਈ। ਆਉਂਦੇ ਰੋਜ਼ਿਆਂ ਬਾਅਦ ਅਸੀਂ ਆਪ ਸੋਹਣੀ ਨੂੰ ਮਿਲਾ ਲਿਆਵਾਂਗੇ।

ਸੋਹਣੀ ਕੋਲੋਂ ਮੁੜਣ ਦੇ ਸੱਤੀਂ ਦਿਨੀਂ ਬਾਅਦ ਮਹੀਂਵਾਲ ਨੇ ਸੋਹਣੀ ਦੀ ਮਾਂ ਨੂੰ ਆਖਿਆ :

"ਬੀਬੀ ਬਿਨਾਂ ਜੀਅ ਲਗਦਾ ਨਹੀਂ; ਤੁਸੀਂ ਮੇਰੀ ਚੰਗੀ ਮਾਂ, ਜੇ ਕੋਈ ਹੋਰ ਚਾਕ ਭਾਲ ਲਓ!"

"ਪੁੱਤਰਾ, ਮੈਂ ਵੀ ਜਿਉਨੀ ਆਂ, ਰਹਿਨੀ ਆਂ, ਖਾਨੀ ਆਂ, ਢਿਡ ਦੀਆਂ ਆਂਦਰਾਂ ਤੋੜ ਵਿਛੜ ਕੇ। ਹੌਲੀ ਹੌਲੀ ਤੇਰਾ ਦਿਲ ਲਗ ਜਾਏਗਾ – ਹੋਰ ਦੋ ਮਹੀਨਿਆਂ ਨੂੰ ਆਹਨਾਂ ਸੈਂ ਉਹ ਆਪ ਮਿਲਾ ਲਿਜਾਣਗੇ!" ਮਾਂ ਨੇ ਤਰਲਾ ਕੀਤਾ।

ਪਰ ਮਹੀਂਵਾਲ ਦਾ ਇਰਾਦਾ ਪੱਕ ਚੁਕਾ ਸੀ। ਉਹਦੇ ਨਾ ਮੰਨਣ ਉਤੇ ਦੂਜਾ ਚਾਕ ਆ ਗਿਆ।

"ਕਿਥੇ ਜਾਏਂਗਾ, ਮੇਰੀ ਸੋਹਣੀ ਦਿਆ ਮਹੀਂਵਾਲਾ?" ਮਾਂ ਨੇ ਸਾਰੇ ਸਮੇਂ ਦੀ ਤਨਖ਼ਾਹ ਤੇ ਕਪੜਿਆਂ ਦਾ ਜੋੜਾ ਦੇਂਦਿਆਂ ਆਖਿਆ।

ਜ਼ੋਰ ਦੇਣ ਉਤੇ ਸਿਰਫ਼ ਦਸ ਰੁਪਈਏ ਮਹੀਂਵਾਲ ਨੇ ਲੈ ਲਏ।

"ਨਹੀਂ, ਮਾਂ, ਮੈਨੂੰ ਅਜੇ ਕੋਈ ਲੋੜ ਨਹੀਂ – ਆਪਣੇ ਕੋਲ ਹੀ ਪਏ ਰਹਿਣ ਦਿਓ — ਮੈਂ ਇਕ ਔਲੀਆ ਨੂੰ ਜਾਣਦਾ ਹਾਂ, ਉਹਦੇ ਕੋਲ ਮੇਰੇ ਦਿਲ ਨੂੰ ਤਸਕੀਨ ਆਉਂਦੀ ਏ — ਉਹਦੀ ਖ਼ਿਦਮਤ ਕਰਾਂਗਾ।"

ਸੱਤ ਦਿਨ ਹੀ ਮਹੀਂਵਾਲ ਨੂੰ ਗਿਆਂ ਗੁਜ਼ਰੇ ਸਨ ਕਿ ਦਰਿਆਉਂ ਪਾਰਲੇ ਪੀਰ ਦੇ ਮਜ਼ਾਰ ਉਤੇ ਕਿਸੇ ਪਹੁਤੇ ਫ਼ਕੀਰ ਦੇ ਆ ਬਹਿਣ ਦੀ ਧੁੰਮ ਪੈ ਗਈ। ਇਲਮ ਤੇ ਅਮਲ ਦਾ ਕੋਟ, ਨਾਅਤਾਂ ਗੌਂਦਾ ਏ ਕਿ ਰੱਬ ਆਪ ਸੁਣਨ ਆ ਬਹਿੰਦਾ ਏ; ਘੜਾ ਵਜਾਂਦੈ ਕਿ ਸੁਧ ਬੁਧ ਭਲਾ ਦੇਂਦੈ, ਆਖ਼ਰਾਂ ਦਾ ਜਲਾਲ ਏ ਏਸ ਫ਼ਕੀਰ ਦੇ ਗੋਰੇ ਨਿਛੋਹ ਮੂੰਹ ਉਤੇ।

ਹੋਰ ਸੱਤ ਦਿਨ ਗੁਜ਼ਰੇ, ਕਿ ਗੁਜਰਾਤ ਸ਼ਹਿਰ ਦੇ ਲੋਕ ਪਰ੍ਹੇ ਲੈ ਕੇ ਪਾਰ ਪਹੁੰਚੇ ਤੇ ਇਕ ਹਫ਼ਤੇ ਲਈ ਫ਼ਕੀਰ ਨੂੰ ਆਪਣੇ ਸ਼ਹਿਰ ਲਿਆਉਣ ਲਈ ਪਾਰਲਿਆਂ ਨੂੰ ਮੰਨਾ ਆਏ।

ਜਿਸ ਬਾਗ਼ ਦੇ ਵਿਚ ਬੁਖ਼ਾਰੇ ਦਾ ਡੇਰਾ ਉਤਰਿਆ ਸੀ, ਉਥੇ ਹੀ ਫ਼ਕੀਰ ਦਾ ਉਤਾਰਾ ਕੀਤਾ ਗਿਆ। ਡੌਂਡੀ ਪਿਟਾ ਦਿਤੀ ਗਈ। ਹੁੰਮ ਹੁੰਮਾ ਕੇ ਲੋਕ ਜ਼ਿਆਰਤ ਲਈ ਆਏ। ਅਰਬੀ ਫ਼ਾਰਸੀ ਦੇ ਆਲਮ ਦੇ ਮੂੰਹੋਂ ਅੱਲਾਹ ਪਾਕ ਦੇ ਕਲਾਮ ਵਿਚ ਅਜਬ ਸਰੂਰ ਸੀ!

ਤੁਲ੍ਹੇ ਨੇ ਤਾਂ ਇਕ ਆਦਮ-ਕਦ ਫੂਲਦਾਨ ਛੁਹਿਆ ਹੋਇਆ ਸੀ। ਪਰ ਉਹਦੀ ਵਹੁਟੀ ਦੀਦਾਰ ਲਈ ਗਈ। ਸ਼ਹਿਰ ਦਾ ਦੂਜਾ ਸਿਰਾ, ਪਰ ਸੋਹਣੀ ਦੇ ਸਹੁਰਿਆਂ ਦਾ ਘਰ ਓਸੇ ਹੀ ਪਾਸੇ ਸੀ। ਸੋਹਣੀ ਵੀ ਆਪਣੀ ਸੱਸ ਨਾਲ ਆਈ। ਮਾਂਵਾਂ ਧੀਆਂ ਗਲ ਲਗ ਕੇ ਰੋਈਆਂ। ਸੋਹਣੀ ਦਾ ਰੰਗ ਪੀਲਾ ਹੋਇਆ ਹੋਇਆ ਸੀ — ਸੱਸ ਤੇ ਮਾਂ ਦੋਹਾਂ ਨੇ ਸੋਹਣੀ ਉਤੇ ਫ਼ਕੀਰ ਦੀ ਨਜ਼ਰ ਮੰਗੀ।

ਫ਼ਕੀਰ ਦੀਆਂ ਅੱਖਾਂ ਵੇਖਦਿਆਂ ਹੀ ਸੋਹਣੀ ਦੇ ਮੂੰਹ ਉਤੇ ਇਕ ਛਿਨ ਲਈ ਕੋਈ ਲਾਲ ਭਾਹ ਫਿਰ ਗਈ। ਫ਼ਕੀਰ ਨੇ ਪਿਆਲਾ ਪਾਣੀ ਦਾ ਮੰਗਿਆ। ਸੱਸ ਉਠ ਕੇ ਲੈਣ ਗਈ। ਫ਼ਕੀਰ ਨੇ ਸੋਹਣੀ ਦੀ ਨਬਜ਼ ਵੇਖੀ, ਤੇ ਇਕ ਕਾਗ਼ਜ਼ ਦਾ ਤਵੀਤ ਉਹਦੀ ਮੁੱਠ ਵਿਚ ਘੁਟ ਦਿਤਾ।

ਪਾਣੀ ਆ ਗਿਆ, ਦੁਆ ਪੜ੍ਹ ਕੇ ਫ਼ਕੀਰ ਨੇ ਸੋਹਣੀ ਨੂੰ ਪਿਲਾ ਦਿਤਾ। "ਅੱਲਾਹ ਮਿਹਰ ਕਰੇਗਾ।"

ਸੋਹਣੀ ਘਰ ਮੁੜੀ। ਉਹਦੀਆਂ ਬਾਹਵਾਂ ਖੰਭ ਬਣ ਗਈਆਂ ਜਾਪਦੀਆਂ ਸਨ। ਜਿਹੜੇ ਕੰਮ ਉਹ ਅਗਾਂਹ ਅਗਾਂਹ ਪਾ ਛਡਦੀ ਸੀ, ਉਹ ਸਾਰੇ ਅਜ ਓਸ ਮੁਕਾ ਲਏ। ਦੁਤਹੀਆਂ ਧੋ ਕੱਢੀਆਂ, ਰਸੋਈ ਪੋਚ ਦਿਤੀ, ਚੁਲ੍ਹੇ ਨੂੰ ਬੜੇ ਸੋਹਣੇ ਮੁੰਨੇ ਬੰਨ੍ਹ ਦਿਤੇ।

ਤੇ ਦੁਪਹਿਰੀ ਵੇਲਾ ਕੱਢ ਕੇ ਓਸ ਤਵੀਤ ਖੋਲ੍ਹਿਆ। ਪੜ੍ਹਦੀ, ਜਿਉਂ ਸਤਵੇਂ ਅਸਮਾਨ ਵਿਚ ਉਡ ਰਹੀ ਸੀ!

"ਮੇਰੀ ਸੋਚ ਨੂੰ ਸਮਰ ਲੱਗਾ। ਸੋਹਣਾ ਹਥ ਮੈਂ ਹਥਾਂ ਵਿਚ ਫੇਰ ਫੜ ਲਿਆ। ਨਵੇਂ ਚੰਨ ਤੋਂ ਪਹਿਲੀ ਰਾਤ

ਨੂੰ ਮੈਂ ਏਸੇ ਬਾਗ਼ ਵਿਚ ਹੋਵਾਂਗਾ। ਅੱਧੀ ਰਾਤ ਦੇ ਬਾਅਦ ਦੀਆਂ ਤਿਨ ਚਾਰ ਘੜੀਆਂ ਵਿਚ ਸੁੱਤੀ ਦੁਨੀਆਂ ਨੂੰ ਕੋਈ ਹੋਸ਼ ਨਹੀਂ ਹੁੰਦੀ। ਨਿਸ਼ੰਗ ਸੁੱਤਿਆਂ ਕੋਲੋਂ ਉਠ ਤੁਰੀਂ। ਹਰ ਖੜਾਕੋਂ ਚੌਕੰਨੀ ਮਲਕੜੇ ਤੂੰ ਏਥੇ ਆ ਜਾਈਂ। ਬਾਗ਼ ਦੇ ਬੇਆਬਾਦ ਖੂਹ ਤੋਂ ਦਰਿਆ ਵਾਲੇ ਪਾਸੇ ਇਕ ਬੱਢਾ ਅੰਬ ਏ, ਓਹਦੇ ਹੇਠ ਮੈਂ ਆਪਣੇ ਚੰਨ ਨੂੰ ਉਡੀਕਾਂਗਾ – ਤੈਨੂੰ ਸੱਤੇ ਖ਼ੈਰੀਂ !'

ਮੁੜ ਕੇ ਸੋਹਣੀ ਫ਼ਕੀਰ ਨੂੰ ਮਿਲਣ ਨਾ ਗਈ। ਸੱਸ ਨੂੰ ਆਖ ਦਿਤਾ ਕਿ ਫ਼ਕੀਰ ਨੇ ਕਰਾਮਾਤ ਕਰ ਦਿਤੀ, ਉਹ ਰਾਜ਼ੀ ਸੀ। ਫ਼ਕੀਰ ਹਫ਼ਤਾ ਕਟ ਕੇ ਆਪਣੇ ਡੇਰੇ ਜਾ ਪਹੁੰਚਾ। ਏਸ ਗਲ ਨੂੰ ਚੌਥੇ ਦਿਨ ਹੋ ਗਏ ਸਨ, ਤੇ ਕਲ੍ਹ ਨਵਾਂ ਚੰਨ ਚੜ੍ਹਨ ਵਾਲਾ ਸੀ। ਅਜ ਰਾਤ ਰੋਟੀ ਨੂੰ ਸੋਹਣੀ ਨੇ ਪਲ ਦੇਰ ਨਾ ਹੋਣ ਦਿੱਤੀ ਤੇ ਸੱਸ ਨੇ ਖ਼ੁਸ਼ ਹੋ ਕੇ ਆਖਿਆ :

"ਵਹੁਟੀਏ, ਜੇ ਅਜ ਵਾਂਗ ਹਥ ਛੁਹਲੇ ਮਾਰ ਕੇ ਤੂੰ ਰੋਜ਼ ਰੋਟੀ ਸਵੇਰੇ ਮੁਕਾ ਲਿਆ ਕਰੇਂ, ਤਾਂ ਕੇਡਾ ਚੰਗਾ ਹੋਵੇ, ਜਾਤਕਾਂ ਨੂੰ ਨੀਂਦ ਛੇਤੀ ਆ ਜਾਂਦੀ ਏ।"

"ਐਵੇਂ ਹੀ ਆਹ ਵੇਲਾ ਆ ਜਾਂਦਾ ਸੀ – ਅਗੇ ਤੋਂ ਮਾਂ, ਮੈਂ ਏਸੇ ਤਰ੍ਹਾਂ ਹੀ ਕਰਾਂਗੀ।" ਸੋਹਣੀ ਦਾ ਬੋਲ ਸੱਸ ਨੂੰ ਚੰਗਾ ਲੱਗਾ।

ਸਭਨਾਂ ਸੁੱਤਿਆਂ ਦੇ ਅੱਧੀ ਰਾਤ ਤਕ ਘੁਰਾੜੇ ਘੂਕ ਰਹੇ ਸਨ। ਸੋਹਣੀ ਉੱਠੀ ਬਿਸਤਰੇ ਦੀ ਖੇਸੀ ਸਿੱਧੀ ਕੀਤੀ, ਦੱਬੇ ਪੈਰੀਂ ਬੂਹੇ ਢੋਂਦੀ ਘਰੋਂ ਨਿਕਲ ਗਈ, ਗਲੀ ਵਿਚ ਹਥ ਪਸਾਰਿਆਂ ਦਿਸਦਾ ਨਹੀਂ ਸੀ, ਪਰ ਗਲੀਓਂ ਬਾਹਰ ਹੁੰਦਿਆਂ ਹੀ ਅਸਮਾਨੋਂ ਚਾਨਣ ਝਰਦਾ ਦਿਸਿਆ। ਏਸ ਮਿੱਠੇ ਮਿੱਠੇ ਚਾਨਣ ਵਿਚ ਸ਼ਕਲ ਭਾਵੇਂ ਪਛਾਣੀ ਨਾ ਜਾਏ, ਰਾਹ ਖਹਿੜਾ ਤੇ ਬ੍ਰਿਛ ਬੂਟੇ ਪਰਛਾਵਿਆਂ ਵਾਂਗ ਦਿਸ ਪੈਂਦੇ ਸਨ।

ਸ਼ੋਹਣੀ ਨੇ ਪਿਛਾਂਹ ਨਹੀਂ ਤੱਕਿਆ। ਉਜੜੇ ਖੂਹ ਤੇ ਜਾ ਖਲੋਤੀ, ਓਥੋਂ ਦਰਿਆ ਵਲ ਮੂੰਹ ਕਰਕੇ ਤੁਰ ਪਈ, ਬੁੱਢੇ ਅੰਬ ਨੂੰ ਉਹਦੀਆਂ ਅੱਖਾਂ ਟਟੋਲ ਹੀ ਰਹੀਆਂ ਸਨ, ਕਿ ਅਗੋਂ ਵਾਲੀ ਆ ਕੇ ਕਿਸੇ ਨੇ ਓਹਨੂੰ ਬਾਹਾਂ ਵਿਚ ਘੁਟ ਲਿਆ, ਤੇ ਫੇਰ ਮੋਢਿਆਂ ਉਤੇ ਚੜ੍ਹਾ ਲਿਆ। ਸੋਹਣੀ ਨੂੰ ਬੜਾ ਸੁਖ ਪਹੁੰਚਾ ਜਾਪਿਆ, ਅੰਗ ਢਿੱਲੇ ਛਡ ਕੇ, ਬੁਲ੍ਹ ਆਪਣੇ ਮਹੀਂਵਾਲ ਦੇ ਸਿਰ ਨਾਲ ਲਾ ਦਿੱਤੇ। ਮਹੀਂਵਾਲ ਨੇ ਗੁਟਕਣੇ ਪੈਰਾਂ ਦੀਆਂ ਤਲੀਆਂ ਹੱਥਾਂ ਵਿਚ ਫੜ ਲਈਆਂ। ਉਹਦੀ ਚਟਾਨ ਵਰਗੀ ਕੰਡ ਨਾਲ ਕੋਈ ਪਿਆਰ-ਮੋਹਿਆ ਦਿਲ ਧੜਕ ਰਿਹਾ, ਤੇ ਉਹਦੇ ਵਾਲਾਂ ਵਿਚ ਖੀਵੇ ਸਾਹਾਂ ਦਾ ਤਾਲ ਸੀ।

"ਆਖੇਂ, ਸੁਹਣੀਏਂ, ਤਾਂ ਏਸੇ ਤਰ੍ਹਾਂ ਹਫ਼ਤ ਅਸਮਾਨੇ ਉਡ ਚਲੀਏ!" ਮਹੀਂਵਾਲ ਨੇ ਉਹਦੇ ਸਣੇ ਅੰਬ ਦੀ ਪਰਕਰਮਾਂ ਕਰਦਿਆਂ ਆਖਿਆ।

"ਨਹੀਂ ਮਹੀਂਵਾਲਾ, ਮੈਨੂੰ ਇਹ ਧਰਤ ਪਿਆਰੀ ਲਗਦੀ ਏ, ਜਿਦ੍ਹੇ ਉਤੇ ਤੂੰ ਜੰਮਿਉਂ ਤੇ ਮੈਨੂੰ ਮਿਲਿਉਂ।" ਵਿਗਸੀ ਸੋਹਣੀ ਨੇ ਮੂੰਹ ਚੁਕ ਕੇ ਆਖਿਆ ਤੇ ਫੇਰ ਉਹਦੇ ਵਾਲਾਂ ਵਿਚ ਬੁਲ੍ਹ ਧਰ ਦਿਤੇ।

ਮਹੀਂਵਾਲ ਖਲੋ ਗਿਆ ਤੇ ਮੋਢਿਆਂ ਤੋਂ ਸੋਹਣੀ ਨੂੰ ਲਾਹ ਕੇ ਆਖਣ ਲਗਾ :

"ਤੂੰ ਸੱਚੀਂ ਏਂ, ਸੋਹਣੀਏਂ, ਇਹ ਜ਼ਮੀਨ ਬੜੀ ਸੋਹਣੀ ਏਂ – ਏਸ ਅੰਬ ਵਲ ਹੀ ਵੇਖ – ਜੀਕਰ ਸਾਡੇ ਇਸ਼ਕ ਦੀ ਪਰਦਾਪੋਸ਼ੀ ਲਈ ਇਹਦੀਆਂ ਟਹਿਣੀਆਂ ਹੋਰ ਨੀਵੀਆਂ ਹੋ ਗਈਆਂ ਨੇ – – ਆ ਬਹਿ ਜਾ, ਮੇਰੇ ਸਾਹਮਣੇ, ਉਹ ਗੱਲ ਕਰੀਏ, ਜਿਦ੍ਹਾ ਸ਼ੁਰੂ ਨਹੀਂ, ਅਖ਼ੀਰ ਨਹੀਂ।"

ਸੋਹਣੀ ਬਹਿ ਗਈ, ਮਹੀਂਵਾਲ ਨੇ ਇਕ ਘੜਾ ਅੰਬ ਦੇ ਮੁੱਢੋਂ ਚੁਕ ਕੇ ਵਿਚ ਲਿਆ ਰਖਿਆ।

"ਮੇਰਾ ਮਹੀਂਵਾਲ ਇਹਦੇ ਉਤੇ ਤਰ ਕੇ ਆਇਐ ?" ਸੋਹਣੀ ਨੇ ਘੜੇ ਉਤੇ ਹਥ ਫੇਰ ਕੇ ਪੁੱਛਿਆ।

"ਤਾਰੀ ਵਿਚ ਇਹਦੀ ਮਦਦ ਮੈਨੂੰ ਦਰਕਾਰ ਨਹੀਂ – ਇਹੋ ਜਿਹੇ ਦੋ ਦਰਿਆ ਇਹ ਬਾਹਵਾਂ ਮੇਰੀਆਂ ਤੈਨੂੰ ਮਿਲਣ ਲਈ ਤਰ ਸਕਦੀਆਂ ਨੇ – ਪਰ ਇਕ ਤਮੰਨਾ ਸੀ ਤੇਰੇ ਨਾਲ ਬਹਿ ਕੇ ਕੁਝ ਖਾਣ ਦੀ — ਤੇ ਮੈਂ ਆਪਣੀ

ਹਥੀਂ ਮੱਛੀ ਭੁੰਨ ਕੇ ਲਿਆਇਆ — ਘੜੇ ਦਾ ਮੂੰਹ ਉੱਤੋਂ ਬੰਨ੍ਹ ਕੇ ਮੈਂ ਇਹਨੂੰ ਸਿੱਧਾ ਤਾਰੀ ਲਿਆਇਆ ਹਾਂ।"

ਚਿੱਟੇ ਪਰਨੇ ਚੋਂ ਜਦੋਂ ਓਸ ਖੋਲ੍ਹ ਕੇ ਮੱਛੀ ਕੱਢੀ, ਸੋਹਣੀ ਨੂੰ ਕਿਸੇ ਲੁਕਮਾਇ-ਹਯਾਤ ਦੀ ਖ਼ੁਸ਼ਬੋ ਆਈ। ਭੋਰਾ ਤੋੜ ਕੇ ਮਹੀਂਵਾਲ ਨੇ ਸੋਹਣੀ ਦੇ ਮੂੰਹ ਵਿਚ ਪਾਇਆ।

"ਹੋਰ ਮਹੀਂਵਾਲਾ, ਹੋਰ" ਤੇ ਸੋਹਣੀ ਉਹਦੀ ਚੌੜੀ ਗੋਦੀ ਵਿਚ ਆ ਬੈਠੀ। ਨਿੱਕੀ ਨਿੱਕੀ ਗਰਾਹੀ ਉਹ ਪਾਂਦਾ ਗਿਆ। ਸੋਹਣੀ ਦੀਆਂ ਅੱਖਾਂ ਖੁਲ੍ਹੀਆਂ ਸਨ ਕਿ ਬੰਦ ਹੋ ਗਈਆਂ, ਉਹ ਵੇਖ ਨਹੀਂ ਸੀ ਸਕਦਾ, ਪਰ ਸੋਹਣੀ ਦੇ ਅਦਰ ਕੀ ਹੋ ਰਿਹਾ ਸੀ ਹਿੱਕ ਨਾਲ ਲੱਗੀ ਸੋਹਣੀ ਦੀ ਪਿੱਠ ਚੋਂ ਉਹਦਾ ਸਦਕੇ ਜਾਂਦਾ ਕਾਲਜਾ ਸਭ ਸੁਣ ਰਿਹਾ ਸੀ।

ਕਿਸੇ ਪੰਛੀ-ਮਾਂ ਨੇ ਆਪਣੇ ਅਣ-ਖੰਭੇ ਨੂੰ ਇਉਂ ਚੋਗ ਨਹੀਂ ਚੁਗਾਇਆ ਹੋਣਾ! ਮਹੀਂਵਾਲ ਦੀ ਤਮੰਨਾ ਸ਼ੁਕਰਾਨਾ ਬਣ ਗਈ ਸੀ। "ਕਦੇ ਕੁਝ ਚਿਰ ਲਈ ਸਮੇਂ ਦੀ ਘੜੀ ਏਥੇ ਖੜੋ ਜਾਏ।" ਓਸ ਇਹ ਚਾਹਿਆ ਹੀ ਸੀ ਕਿ ਸੋਹਣੀ ਅਚਾਨਕ ਉਠ ਬੈਠੀ।

"ਬਾਕੀ ਦੀ ਮੈਂ ਤੈਨੂੰ ਖੁਆਵਾਂਗੀ। ਕਿਹੜੇ ਬਹਿਸ਼ਤਾਂ ਤੋਂ ਇਹ ਖ਼ੁਰਾਕ ਤੂੰ ਲੈ ਆਇਆ ਏਂ!"

"ਸੌ ਵਾਰੀ ਕੁਰਬਾਨ ਤੈਥੋਂ ਮੇਰੀਏ ਸੋਹਣੀਏਂ! — ਤੇਰੇ ਹਥੋਂ ਸਚਮੁਚ ਹੀ ਇਹ ਲੁਕਮਾਇ-ਹਯਾਤ ਬਣ ਗਿਐ!"

ਤੇ ਦੁਨੀਆਂ ਉਨ੍ਹਾਂ ਨੂੰ ਵਿਸਰ ਗਈ। ਸੋਹਣੀ ਨੇ ਘੜਾ ਚੁਕ ਲਿਆ।

"ਕੇਡਾ ਸੋਹਣਾ ਏਂ ਤੇਰਾ ਘੜਾ!"

"ਇਹਦੇ ਉਤੇ ਰੱਬ ਦੇ ਨਾਂ ਹੇਠਾਂ ਮੈਂ ਤੇਰਾ ਇਸ਼ਕ ਗਾਉਂਦਾ ਹਾਂ, ਸੋਹਣੀਏਂ!"

"ਤੇ ਆਹ ਕੀ ਏ, ਇਹਦੇ ਗਲਮੇ ਨਾਲ!" ਸੋਹਣੀ ਨੇ ਕੁਝ ਲਟਕਦਾ ਟੋਹ ਕੇ ਪੁੱਛਿਆ।

"ਇਹ ਕਟਾਰ ਮੇਰੇ ਅੱਬਾ ਨੇ ਘੁੜ-ਸਵਾਰੀ ਵਿਚ ਮੇਰੀ ਮੁਹਾਰਤ ਵੇਖ ਕੇ ਇਨਾਮ ਦਿੱਤੀ ਸੀ, ਤੇ ਓਸ ਆਖਿਆ ਸੀ 'ਇਹਨੂੰ ਨਾਲ ਰੱਖੀਂ ਕਦੇ ਕੰਮ ਆਵੇਗੀ।' ਤੇ ਦੁਨੀਆਂ ਦੀਆਂ ਅਕਲਾਂ ਵਿਚ ਉਹ ਬੜਾ ਸਿਆਣਾ ਹੈ।"

"ਤੇ ਤੇਰੀ ਮਾਂ, ਮਹੀਂਵਾਲਾ? — ਉਹ ਬੜੀ ਹੀ ਪਿਆਰੀ ਔਰਤ ਸੀ, ਪਰ ਉਹ ਵੀ ਮੇਰੇ ਵਾਂਗ ਏਸ ਦੁਨੀਆਂ ਦੀ ਵੱਸੋਂ ਨਹੀਂ ਸੀ। ਉਹਨੂੰ ਮੇਰੇ ਪਿਉ ਦਾ ਧਨ-ਪਸਾਰਾ ਚੰਗਾ ਨਾ ਲਗਾ। ਮੇਰੇ ਵਾਂਗ ਹੀ ਕਾਸੇ ਲਈ ਉਹ ਭੁਖੀ ਸੀ। ਮੇਰੇ ਉਤੇ ਤਾਂ ਤਕਦੀਰ ਮਿਹਰਬਾਨ ਹੋ ਗਈ, ਪਰ, ਉਹ — ਉਹ —"

"ਕਿਉਂ, ਮਹੀਂਵਾਲਾ, ਉਹ — ਉਹਨੂੰ — ਤੂੰ ਕੀ ਆਖਣ ਲਗਾ ਸੈਂ?" ਸੋਹਣੀ ਨੂੰ ਗੱਲ ਪੁਛਣੀ ਨਾ ਆਈ।

"ਉਹ ਮੇਰੀ ਜੁਦਾਈ ਸਹਾਰ ਨਾ ਸਕੀ—"

"ਤੈਨੂੰ ਕਦੋਂ ਖ਼ਬਰ ਆਈ — ਉਹਨੂੰ ਕੀ ਹੋਇਆ?"

"ਵਫ਼ਾਤ ਉਹਦੀ ਮੇਰੇ ਆਉਣ ਬਾਅਦ ਉਏਂ ਹੋ ਗਈ, ਅੱਬਾ ਨੇ ਖ਼ਬਰ ਘਲ ਦਿਤੀ ਸੀ, ਪਰ ਸਆਦਤ ਨੇ ਏਥੋਂ ਜਾਣ ਲੱਗਿਆਂ ਹੀ ਮੈਨੂੰ ਦਸਿਆ।"

"ਉਫ਼! ਮੇਰੀ ਜ਼ਿੰਦਗੀ ਓਸ ਪਿਆਰੀ ਔਰਤ ਦੀ ਮੌਤ ਬਣ ਗਈ — ਮੈਂ ਬੜੀ ਸ਼ਰਮਿੰਦੀ ਹਾਂ।"

ਮਹੀਂਵਾਲ ਨੇ ਸੋਹਣੀ ਨੂੰ ਫੇਰ ਗੋਦੀ ਵਿਚ ਲੈ ਲਿਆ — ਐਤਕੀ ਆਪਣੀ ਮਾਂ ਦੀ ਯਾਦ ਵਿਚ।

"ਨਹੀਂ ਸੋਹਣੀਏਂ, ਨਾ ਤੂੰ, ਨਾ ਮੈਂ, ਤੇ ਨਾ ਮੇਰੀ ਮਾਂ — ਕੋਈ ਸਾਡੇ ਚੋਂ ਏਸ ਬਾਗ਼ਿ-ਦੁਨੀਆਂ ਦਾ ਭਿਆਲ ਨਹੀਂ। ਸਾਨੂੰ ਏਸ ਦੀਆਂ ਕੰਡਹਿਲੀਆਂ ਵਾੜਾਂ ਦੇ ਬਾਹਰ ਹੀ ਵਕਤ ਗੁਜ਼ਾਰਨਾ ਪੈਂਦਾ ਹੈ! — ਕਦੇ ਕੋਈ ਮੇਵਿਆਂ ਭਰੀ ਸ਼ਾਖ਼ ਏਸ ਵਾੜ ਤੋਂ ਬਾਹਰ ਵਾਰ ਉਲਰੀ ਤੇਰੇ ਮੇਰੇ ਕਿਸੇ ਦੀ ਤਕਦੀਰ ਨੂੰ ਹੁਲਾਰਾ ਦੇ ਦੇਂਦੀ ਹੈ — ਪਰ ਕਿੰਨਾ ਕੁ ਚਿਰ! — ਬਾਗ਼ਬਾਨ ਦਾ ਕਹਿਰ ਕਿਸੇ ਦਿਨ ਵੀ ਗਰਦਨ-ਜ਼ਦਨੀ ਦਾ ਹੁਕਮ ਦੇ ਕੇ ਸਾਡੇ ਰਤੜੇ ਇਸ਼ਕ ਨੂੰ ਨਿਰੀ ਦਾਸਤਾਨ ਬਣਾ ਦੇਂਦਾ ਹੈ!"

ਸੋਹਣੀ ਨੇ ਬਾਹਾਂ ਉਚੀਆਂ ਕਰ ਕੇ ਉਹ ਦਾ ਸਿਰ ਆਪਣੇ ਉਤੇ ਝੁਕਾ ਲਿਆ।

"ਓ ਮਹੀਂਵਾਲਾ, ਫੇਰ, ਹੱਥ ਆਈ ਸ਼ਾਖ਼ ਨੂੰ ਝੰਬ ਲੈ, ਭਰ ਲੈ ਆਪਣੀ ਝੋਲੀ, ਡੱਕ ਦੇ ਮੇਰੀ ਝੋਲੀ — ਵੱਢ ਸੁੱਟੇ ਬਾਗ਼ਬਾਨ ਭਾਵੇਂ ਫੇਰ ਸਾਡੀਆਂ ਧੌਣਾਂ !"

ਮਹੀਂਵਾਲ ਨੇ ਆਪਣੀ ਸਾਰੀ ਰੂਹ ਸੋਹਣੀ ਦੀਆਂ ਅੱਖਾਂ, ਸੋਹਣੀ ਦੇ ਬੁਲ੍ਹਾਂ, ਸੋਹਣੀ ਦੇ ਅੰਗ ਅੰਗ ਵਿਚ ਰਚਾ ਕੇ ਇੱਕਮਿੱਕ ਕਰ ਦਿੱਤੀ।

ਸੋਹਣੀਏਂ — ਭਰਮ ਕਾਹਦਾ ਕਰੀਏ, ਅਸੀਂ ਉਹ ਚਰਾਗ਼ ਨਹੀਂ ਜਿਦ੍ਹਾ ਤੇਲ ਮੁੱਕਣ ਤੋਂ ਪਹਿਲਾਂ ਭਰ ਦਿੱਤਾ ਜਾਂਦਾ, ਜਾਂ ਜਦੋਂ ਲੋੜ ਪਵੇ ਜਗਾ ਲਿਆ ਜਾਂਦਾ ਹੈ। ਅਸੀਂ ਦੋਹੀਂ ਸਿਰੀਂ ਅੱਗ ਲੱਗੀ ਸ਼ਮ੍ਹਾ ਹਾਂ, ਨੂਰ ਦੇ ਭਾਂਬੜ ਬਿਨਾਂ ਜੀਹਨੂੰ ਤਸਕੀਨ ਨਹੀਂ ਆਉਂਦੀ। ਇਕ ਘੜੀ ਦਾ ਭਾਂਬੜ ਜ਼ਿਮੀਂ ਅਸਮਾਨ ਚਾਨਣੇ ਕਰ ਦੇਂਦਾ ਹੈ, ਉਮਰ ਭਰ ਦੀ ਨਿੰਮ੍ਹੀ ਨਿੰਮ੍ਹੀ ਲੋਅ ਚਾਰ ਕਦਮ ਰੋਸ਼ਨ ਕਰਕੇ ਮਸਾਂ ਠੇਡਿਆਂ ਤੋਂ ਹੀ ਬਚਾ ਸਕਦੀ – ਦੋਵੇਂ ਆਲਮ ਨਹੀਂ ਦਰਸਾ ਸਕਦੀ।"

ਨਿਰੇ ਆਸ਼ਕ ਦੀ ਨਹੀਂ, ਸੋਹਣੀ ਨੂੰ ਜਾਪਿਆ, ਉਹ ਕਿਸੇ ਔਲੀਆ ਦੀ ਹਾਜ਼ਰੀ ਵਿਚ ਸੀ। ਦੋਵੇਂ ਆਲਮ ਓਸ ਦੇਖ ਲਏ, ਧੁੰਦ-ਮਿਟਣੀ ਦੀ ਮਸਤੀ ਵਿਚ ਤਿੰਨ ਘੜੀਆਂ ਬੀਤ ਗਈਆਂ। ਮਹੀਂਵਾਲ ਨੇ ਤਹਿਮਤ ਕੁੜਤਾ ਲਾਹ ਕੇ ਸਿਰ ਤੇ ਵਲ ਲਏ। ਸੋਹਣੀ ਤ੍ਰਬਕ ਉਠੀ।

"ਤੇਰੇ ਚੰਨ-ਪਿੰਡੇ ਨੇ ਹਨੇਰੀ ਰਾਤ ਚਾਨਣੀ ਕਰ ਦਿਤੀ, ਮੈਂ ਡਰ ਗਈ।"

ਕਾਲੀਆਂ ਰਾਤਾਂ ਆਸ਼ਕਾਂ ਲਈ ਚਾਨਣੀਆਂ ਹੋ ਗਈਆਂ। ਚਾਨਣੀਆਂ ਵਿਚ ਉਹ ਮਾਣੇ ਸਵਰਗ ਨੂੰ ਯਾਦ ਕਰਦੇ, ਤੇ ਜਿਉਂ ਜਿਉਂ ਚੰਨ ਨਿੱਕਾ ਹੁੰਦਾ ਲੋਕਾਂ ਦੀਆਂ ਰਾਤਾਂ ਵਿਚ ਹਨੇਰ ਵਧਦਾ, ਉਨ੍ਹਾਂ ਦੀ ਦੁਨੀਆਂ ਉਜਾਲੀ ਹੁੰਦੀ ਜਾਂਦੀ।

ਕਈ ਮਿਲਣੀਆਂ ਪਿਛੋਂ ਇਕ ਕਾਲੀ ਰਾਤ ਦੇ ਚਾਨਣੇ ਵਿਚ ਸੋਹਣੀ ਬੁੱਢੇ ਅੰਬ ਹੇਠਾਂ ਖਲੋਤੀ ਉਡੀਕ ਰਹੀ ਸੀ। ਪਹਿਲੀ ਵਾਰੀ ਮਹੀਂਵਾਲ ਨੂੰ ਅਵੇਰ ਹੋ ਗਈ। ਹਮੇਸ਼ਾ ਉਹ ਸੋਹਣੀ ਨਾਲੋਂ ਪਹਿਲਾਂ ਪਹੁੰਚਿਆ ਕਰਦਾ ਸੀ, ਅਜ ਜਦੋਂ ਸੋਹਣੀ ਉਹਦੇ ਗਲ ਚੰਬੜੀ ਤਾਂ ਹਮੇਸ਼ਾਂ ਵਾਂਗ ਉਹਦੀਆਂ ਲੱਤਾਂ ਫ਼ੌਲਾਦੀ ਸਤੂਨ ਨਹੀਂ ਸਨ। ਉਹਦੇ ਕਦਮ ਹਿਲ ਗਏ। ਸੋਹਣੀ ਨੂੰ ਕੋਈ ਗੱਲ ਵੱਖਰੀ ਭਾਸੀ, ਤੇ ਝਟ ਬਾਹਾਂ ਖੋਲ੍ਹ ਕੇ ਪੁਛਣ ਲਗੀ।

"ਮੇਰਾ ਮਹੀਂਵਾਲ ਰਾਜ਼ੀ ਤਾਂ ਹੈ ? ਇਹਦੇ ਕਦਮ ਕਿਉਂ ਸਾਬਤ ਨਹੀਂ ?"

"ਬੜਾ ਰਾਜ਼ੀ ਹਾਂ, ਸੋਹਣੀਏਂ, ਇਕ ਨਿੱਕਾ ਜਿਹਾ ਹਾਦਸਾ ਹੋ ਗਿਆ ਸੀ।"

"ਉਹ ਕੀ, ਉਹ ਕੀਹ ?" ਸੋਹਣੀ ਫ਼ਿਕਰਮੰਦ ਹੋ ਗਈ।

"ਕੁਝ ਵੀ ਨਹੀਂ – ਅਜ ਜਦੋਂ ਮੇਰਾ ਹੱਥ ਕੰਢੇ ਪਿਆ ਹੀ ਸੀ ਕਿ ਮੈਨੂੰ ਜਾਪਿਆ ਹੇਠੋਂ ਕਿਸੇ ਨੇ ਦੋ ਦਾਤਰੀਆਂ ਮੇਰੇ ਖੱਬੇ ਪੱਟ ਵਿਚ ਖੋਭ ਦਿਤੀਆਂ ਨੇ, ਝਟ ਮੈਂ ਘੜੇ ਨਾਲੋਂ ਕਟਾਰ ਖੋਲ੍ਹ ਕੇ ਦਾਤਰੀਆਂ ਵੱਢੀ ਗਿਆ, ਟੁੱਕੀ ਗਿਆ, ਉਹ ਦਾਤਰੀਆਂ ਮੈਨੂੰ ਹੇਠਾਂ ਧਰੂਣ, ਪਰ ਹੱਥ ਮੇਰਾ ਬੰਨੇ ਪਿਆ ਹੋਇਆ ਸੀ। ਓੜਕ ਮੈਨੂੰ ਜਾਪਿਆ ਉਹ ਦਾਤਰੀਆਂ ਮੇਰੇ ਪਟ ਚੋਂ ਨਿਕਲ ਗਈਆਂ। ਮੈਂ ਬਾਹਰ ਆਇਆ, ਵੇਖਿਆ ਇਕ ਛੌਡਾ ਮੇਰੇ ਪਟ ਦਾ ਉਨ੍ਹਾਂ ਦਾਤਰੀਆਂ ਦੇ ਦੰਦਿਆਂ ਨਾਲ ਹੀ ਚਲਾ ਗਿਆ ਸੀ – ਕੋਈ ਮਗਰ-ਮੱਛ ਹੋਣੈ – ਸੋਹਣੀਏਂ, ਪਰ ਮੈਂ ਤੇਰੇ ਦਰਬਾਰ ਆਉਣਾ ਸੀ, ਉਹ ਕੀਕਰ ਮੈਨੂੰ ਲੈ ਜਾਂਦਾ !"

ਸੋਹਣੀ ਫੱਟੜ ਲੱਤ ਨਾਲ ਚੰਬੜ ਗਈ। ਮਹੀਂਵਾਲ ਨੇ ਦਿਲਾਸਾ ਦਿਤਾ। ਆਪਣੀ ਪੱਗ ਫੜਾਈ ਕਿ ਉਹ ਪਾੜ ਕੇ ਪੱਟੀ ਬੰਨ੍ਹ ਦੇਵੇ। ਆਪ ਵੀ ਓਸ ਬੱਧੀ ਸੀ, ਪਰ ਉਹ ਢਿੱਲੀ ਹੋ ਗਈ ਸੀ।

ਪੱਟੀ ਬੰਨ੍ਹਦੀ ਸੋਹਣੀ ਨੂੰ ਗ਼ਸ਼ੀ ਆਉਂਦੀ ਵੇਖ ਕੇ ਮਹੀਂਵਾਲ ਨੇ ਉਹਨੂੰ ਆਪਣੇ ਪਾਸੇ ਨਾਲ ਘੁਟ ਲਿਆ।

"ਮੇਰੀ ਝੱਲੀ ਸੋਹਣੀਏਂ ! ਤੈਨੂੰ ਮੈਂ ਓਦਣ ਕੀ ਦਸਿਆ ਸੀ ? ਸਾਡਾ ਜ਼ਿੰਦਗੀ ਨੂੰ ਇਉਂ ਚੰਬੜਣਾ ਸੁੰਹਦਾ ਨਹੀਂ। ਅਸੀਂ ਬਾਗ਼ਿ-ਹਯਾਤ ਦੀ ਬਾਹਰਲੀ ਵੱਸੋਂ ਹਾਂ, ਦੋਹੀਂ ਸਿਰੀਂ ਅੱਗ ਲੱਗੀ ਸ਼ਮਾਅ ਹਾਂ। ਆਪਣੇ

ਭਾਂਬੜ ਨਾਲ ਉਹ ਕੁਝ ਵੇਖ ਲਈਏ ਜੋ ਸਾਰਿਆਂ ਨੂੰ ਨਹੀਂ ਦਿਸਣਾ। ਸੋਹਣੀਏਂ, ਅਜ ਮੈਂ ਜਿਊਂਦਾ ਹਾਂ, ਤੂੰ ਜਿਊਂਦੀ ਹੈਂ, ਆ ਮੁਹੱਬਤ ਦੇ ਫ਼ਰਿਸ਼ਤੇ ਦਾ ਸ਼ੁਕਰ ਮਨਾ ਲਈਏ, ਹੱਥ ਆਈ ਸ਼ਾਖ਼-ਸਮਰ ਝੁਲਾ ਲਈਏ!"

"ਮੈਂ ਭੁਲ ਗਈ, ਤੂੰ ਪਹੁਤਾ ਆਸ਼ਕ – ਮੈਂ ਤੇਰੀ ਅੱਲ੍ਹੜ ਸਾਥਣ – ਤੂੰ ਠੀਕ ਹੈਂ – ਤੇਰੇ ਕਦਮ-ਨਿਸ਼ਾਨਾਂ ਉਤੇ ਚਲਾਂਗੀ। ਲਿਆ ਹੁਣ ਠੀਕ ਤਰ੍ਹਾਂ ਪੱਟੀ ਬੰਨ੍ਹਾਂਗੀ।"

ਪੱਟੀ ਬੱਝ ਗਈ! ਸੋਹਣੀ ਨੇ ਲਹੂ-ਲਿਬੜੀ ਕਟਾਰ ਨੂੰ ਕਈ ਵਾਰ ਚੁੰਮਿਆ। ਮਹੀਂਵਾਲ ਨੇ ਘੜੇ ਚੋਂ ਪਰਨਾ ਕੱਢਿਆ, ਪਰ ਅਜ ਉਹ ਕੁਝ ਮੂੰਹ ਨਾ ਪਾ ਸਕੀ! ਇਹੀ ਬਹਿਸ ਮਹੀਂਵਾਲ ਨਾਲ ਕਰਦੀ ਰਹੀ ਕਿ ਜਿੰਨੀਆਂ ਰਾਤਾਂ ਹੋਰ ਹਨੇਰੀਆਂ ਨੇ, ਉਹ ਦਰਿਆ ਤਰ ਕੇ ਨਾ ਆਵੇ, ਆਪਣਾ ਘੜਾ ਛਡ ਜਾਵੇ, ਉਹਦੇ ਜ਼ਖ਼ਮ ਠੀਕ ਹੋਣ ਤਕ ਉਹ ਆਪ ਉਹਦੇ ਕੋਲ ਆਇਆ ਕਰੇਗੀ।

ਮਹੀਂਵਾਲ ਨੇ ਬੜਾ ਆਖਿਆ, ਕਿ ਉਹ ਆਉਂਦੀ ਰਾਤ ਤਕ ਬਿਲਕੁਲ ਠੀਕ ਹੋ ਜਾਏਗਾ, ਪਰ ਸੋਹਣੀ ਨੇ ਇਕ ਨਾ ਮੰਨੀ।

"ਤੇਰੇ ਜੇਡੀ ਤਰਾਕ ਮੈਂ ਨਹੀਂ ਭਾਵੇਂ – ਪਰ ਦਰਿਆ ਦਾ ਅੱਧਾ ਕੁ ਪਾਟ ਮੈਂ ਜ਼ਰੂਰ ਤਰ ਸਕਦੀ ਹਾਂ, ਬਾਕੀ ਅੱਧਾ ਮੈਂ ਤੇਰੇ ਘੜੇ ਉਤੇ ਪਾਰ ਕਰ ਲਵਾਂਗੀ।"

ਮਹੀਂਵਾਲ "ਹਾਂ" ਕਰਦਿਆਂ ਫੇਰ ਰੁਕ ਜਾਏ, ਉਹਨੂੰ ਉਹ ਦਾਤਰੀਆਂ ਯਾਦ ਆ ਜਾਣ।

"ਤੂੰ ਆਪ ਆਖਿਆ ਸੀ, ਅਸੀਂ ਦੋਹੀਂ ਸਿਰੀਂ ਅੱਗ ਲੱਗੀ ਸ਼ਮਾਅ ਹਾਂ – ਲੰਮੇ ਦਾਈਏ ਸਾਡੀਆਂ ਸੋਚਾਂ ਨਹੀਂ, ਭਾਂਬੜ ਵਿਚ ਮੱਚਣਾ ਹੀ ਸਾਡੀ ਖ਼ਸਲਤ ਹੈ – ਮੈਂ ਤੇਰਾ ਆਉਣਾ ਕੁਝ ਦਿਨ ਮੰਨਣਾ ਨਹੀਓਂ।"

ਘੜਾ ਚੁਕ ਕੇ ਸੋਹਣੀ ਨੇ ਇਕ ਝਾੜੀ ਵਿਚ ਲੁਕੋ ਲਿਆ। ਖਾਣ ਲਈ ਲਿਆਂਦੀ ਮੱਛੀ ਅਣਛੋਹੀ ਪਈ ਰਹੀ ਸੀ, ਇਹ ਮਹੀਂਵਾਲ ਨੇ ਜਾਂਦਿਆਂ ਦਰਿਆ ਦੀਆਂ ਮੱਛੀਆਂ ਵਿਚ ਰਲਾ ਦਿਤੀ।

ਕਈ ਰਾਤਾਂ ਸੋਹਣੀ ਤਰ ਕੇ ਝਨਾਂ ਪਾਰ ਜਾਂਦੀ ਰਹੀ। ਮਹੀਂਵਾਲ ਦਾ ਘੜਾ ਉਹਦੇ ਗਲ ਨਾਲ ਬਾਹਾਂ ਵਿਚ ਵਲ੍ਹੇਟਿਆ ਹੁੰਦਾ, "ਤੈਨੂੰ ਸੱਤੇ ਖ਼ੈਰਾਂ" ਮਹੀਂਵਾਲ ਦੀ ਦੁਆ ਯਾਦ ਕਰਦੀ ਉਹ ਪਾਰ ਪਹੁੰਚ ਜਾਂਦੀ। ਉਡੀਕਦੇ ਮਹੀਂਵਾਲ ਨੂੰ ਕੰਢੇ ਉਤੇ ਤੁਰਦਾ ਵੇਖ ਉਹ ਸੋਹਣੀਆਂ ਸੋਹਣੀਆਂ ਬਾਂਹਾਂ ਜ਼ੋਰ ਨਾਲ ਮਾਰਦੀ। ਮਹੀਂਵਾਲ ਉਹਨੂੰ ਬਾਂਹ ਫੜ ਕੇ ਬਾਹਰ ਕੱਢਦਾ, ਤੇ ਉਹਦੇ ਗਿੱਲੇ ਭੋਸ਼ਨ ਦੀਆਂ ਕੰਨੀਆਂ ਮੰਹ ਆਪਣੇ ਵਿਚ ਨਚੋੜ ਕੇ ਆਖਦਾ: "ਮੇਰਾ ਆਬਿ ਹਯਾਤ, ਸੋਹਣੀਏਂ!"

ਦਿਨੇ ਜਦੋਂ ਆਪਣੇ ਡੇਰੇ ਤੋਂ ਉਹ ਝਨਾਂ ਵਲ ਵੇਖਦਾ, ਲਹਿਰ ਲਹਿਰ ਉਹਨੂੰ ਸੋਹਣੀ ਬਣ ਗਈ ਦਿਸਦੀ। ਕਦੇ ਕਿਤੋਂ, ਕਦੇ ਕਿਤੋਂ ਉਹਨੂੰ ਸੋਹਣੀ ਦੀਆਂ ਗੋਰੀਆਂ ਗੋਲ ਬਾਹਾਂ ਲਿਸ਼ਕ ਪੈਂਦੀਆਂ ਦੇ ਨਸ਼ਿਆਇਆ ਉਹ ਨਾਅਤਾਂ ਗਾਉਣ ਲਗ ਪੈਂਦਾ।

ਸੋਹਣੀ ਦੀ ਪਿਆਰ-ਖ਼ੁਮਾਰੀ ਦਾ ਵੀ ਕੋਈ ਪਾਰਾਵਾਰ ਨਹੀਂ ਸੀ। ਮਹੀਂਵਾਲ ਦਾ ਝਨਾਂ ਤਰ ਕੇ ਉਹਦੇ ਕੋਲ ਆਉਣਾ ਉਹ ਅੱਲਾਹ ਦੀ ਮਿਹਰ ਸਮਝਦੀ ਸੀ, ਪਰ ਝਨਾਂ ਚੀਰ ਕੇ ਆਪਣੇ ਮਹਿਬੂਬ ਕੋਲ ਪਹੁੰਚ ਜਾਣਾ ਉਹਨੂੰ ਬੇਲਿਹਾਜ਼ ਜ਼ਿੰਦਗੀ ਉਤੇ ਆਪਣੀਆਂ ਬਾਹਾਂ ਦੀ ਜਿੱਤ ਮਹਿਸੂਸ ਹੁੰਦੀ ਸੀ। ਉਹਦੇ ਦਿਲ ਦਾ ਕੰਵਲ ਖਿੜ ਪਿਆ ਤੇ ਖਿੜੀਆਂ ਕਲੀਆਂ ਅੰਗ ਅੰਗ ਵਿਚੋਂ ਝਾਤਾਂ ਪਾਣ ਲਗ ਪਈਆਂ।

ਸੱਸ ਸੋਚੇ, ਨੂੰਹ ਨੂੰ ਕੀ ਲਭ ਪਿਆ। ਗੱਲ ਕੋਈ ਲੱਭੇ ਨਾ, ਪਰ ਨੂੰਹ ਦਾ ਇਹ ਖੇੜਾ ਸੱਸ ਨੂੰ ਭਾਵੇ ਨਾ। ਓਸ ਆਪਣੀ ਧੀ ਨੂੰ ਸਹੁਰਿਓਂ ਬੁਲਾ ਲਿਆਂਦਾ। ਮਾਂਵਾਂ ਧੀਆਂ ਨੇ ਤਾੜ ਰਖੀ। ਹਨੇਰੀਆਂ ਰਾਤਾਂ ਦਾ ਉਨ੍ਹਾਂ ਨੂੰ ਖ਼ਿਆਲ ਨਾ ਆਇਆ। ਦਿਨ ਦੀ ਰਾਖੀ ਚੋਂ ਕੋਈ ਟੋਹ ਨਾ ਮਿਲੀ। ਓੜਕ ਨਨਾਣ ਨੇ ਰਾਤੀਂ ਜਾਗਣਾ ਸ਼ੁਰੂ ਕਰ ਦਿਤਾ। ਇਕ ਰਾਤ ਸੋਹਣੀ ਦੇ ਮਗਰ ਮਗਰ ਜਾ ਕੇ ਝਾੜੀ 'ਚੋਂ ਘੜਾ ਚੁਕਦੀ ਨੂੰ ਵੇਖ ਆਈ। ਮਾਂ ਨਾਲ ਸਲਾਹ ਕੀਤੀ, ਇਹਨੂੰ ਭੰਡਿਆਂ ਘਰ ਭੰਡਿਆ ਜਾਏਗਾ। ਇਕ ਤਜਵੀਜ਼ ਧੀ ਨੇ ਮਾਂ ਨੂੰ ਸਮਝਾਈ, ਤੇ ਆਖਿਆ: "ਚੁਪ ਵੱਟੋ,

ਤੇ ਘਰ ਤੋਂ ਕਲੰਕ ਰੋੜ੍ਹ ਮਾਰੋ ।"

ਅੱਧੀ ਰਾਤ ਲੰਘ ਗਈ । ਘੁਰਾੜੇ ਅਜ ਰੋਜ਼ ਨਾਲੋਂ ਵੀ ਜ਼ੋਰ ਨਾਲ ਵਜ ਰਹੇ ਸਨ । 'ਮੋਟੋ ਨੇ ਅਜ ਖਾ ਬਹਤਾ ਲਿਆ ਹੋਵੇਗਾ ।' ਰਵਾਂ ਰਵੀਂ ਸੋਹਣੀ ਬੁੱਢੇ ਅੰਬ ਕੋਲ ਪਹੁੰਚ ਗਈ । ਝਾੜੀ ਚੋਂ ਘੜਾ ਚੁਕਿਆ, ਚੁੰਮਿਆ ਜਿਉਂ ਹਮੇਸ਼ਾਂ ਚੁੰਮਿਆ ਕਰਦੀ ਸੀ । ਓਡਾ ਕੂਲਾ ਨਾ ਲਗਾ । ਹੱਥ ਨਾਲ ਝਾੜ ਛਡਿਆ, 'ਕੋਈ ਖਰੁਵਾ ਪੱਤਾ ਲਗ ਗਿਆ ਹੋਣੈ ।'

ਸੋਹਣੀ ਝਨਾਂ ਕੰਢੇ ਖੜੀ ਹੈ । ਇਕ ਛੱਲ੍ਹ ਨੇ ਪੈਰ ਧੋ ਕਢੇ । ਪੌਣ ਤਿੱਖੀ ਹੁੰਦੀ ਜਾ ਰਹੀ ਸੀ ।

"ਪਰ ਸੋਚਾਂ ਕਾਹਦੀਆਂ – ਅਸੀਂ ਦੋਹੀਂ ਸਿਰੀਂ ਅੱਗ ਲਗੀ ਸ਼ਮਾਅ ਹਾਂ, ਬਾਗ਼ਿ-ਦੁਨੀਆਂ ਦੀ ਬਾਹਰਲੀ ਵੱਸੋਂ ! ਤੇ ਨਾਲੇ ਕੱਲ੍ਹ ਅੱਧੀ ਰਾਤ ਦਾ ਚੰਨ ਏ – ਕਈ ਦਿਨ ਫੇਰ ਮਿਲਣਾ ਨਹੀਂ ।"

ਤੇ ਸੋਹਣੀ ਠਿਲ੍ਹ ਪਈ, ਦਿਲ ਵਿਚ ਮਿਲਣੀ ਦੀ ਚਟਕ ਬਾਹਾਂ ਵਿਚ, ਉਹ ਸਮਝਦੀ ਸੀ, ਮਹੀਂਵਾਲ ਦਾ ਮੁਰਾਦਾਂ ਵਾਲਾ ਘੜਾ ਸੀ, ਪਰ ਇਹ ਚੀਕਨਾ ਚੀਕਨਾ ਉਹਦੀ ਬਾਂਹ ਨਾਲ ਕੀ ਸੀ ? ਇਕ ਬਾਂਹ ਨੂੰ ਦੂਜੀ ਨਾਲ ਓਸ ਪੂੰਝ ਦਿਤਾ – ਪਰ ਇਹ ਚਿੱਕੜ ਜਿਹਾ ਕਿਉਂ ਸੀ ? ਉਂਏਂ ਓਸ ਜਾਚ ਲਿਆ ਕਿ ਘੜੇ ਨਾਲ ਗਲਮਾ ਹੈ ਨਹੀਂ ਸੀ । ਹੱਥ ਨਾਲ ਬਾਕੀ ਘੜਾ ਟੋਹਿਆ, ਉਹਦਾ ਹੱਥ ਵਿਚ ਜਾ ਵੜਿਆ, ਤੇ ਬਾਕੀ ਬੱਬਰ ਹੇਠਾਂ ਚਲੇ ਗਏ ।

ਇਕ ਦਮ ਉਹਦੀਆਂ ਅੱਖਾਂ ਅਗੇ ਹਕੀਕਤ ਆ ਖਲੋਤੀ । ਘੁਰਾੜੇ ਝੂਠੇ ਸਨ । ਮੋਟੀ ਨਨਾਣ ਸੁੱਤੀ ਨਹੀਂ, ਉਹ ਕਲ੍ਹ ਵੀ ਸੁੱਤੀ ਹੋਈ ਨਹੀਂ ਸੀ । ਕਿਸੇ ਦੇ ਪਿੱਛਾ ਕਰਨ ਦਾ ਉਹਨੂੰ ਕੱਲ੍ਹ ਸ਼ੱਕ ਪਿਆ ਸੀ, ਪਰ ਓਸ ਭੌਂ ਕੇ ਪਿਛਾਂਹ ਨਹੀਂ ਸੀ ਤਕਿਆ । ਉਹ "ਨਨਾਣ ਮੇਰੀ ਮੇਰੇ ਪੱਕੇ ਜੀਵਨ-ਘੜੇ ਨਾਲ ਇਹ ਕੱਚਾ ਮੌਤ-ਘੜਾ ਵਟਾ ਗਈ ।"

ਓਸ ਮਹੀਂਵਾਲ ਦੀ ਬਹਾਦਰੀ ਦਾ ਚੇਤਾ ਕੀਤਾ । ਆਪਣੀਆਂ ਲੱਤਾਂ ਬਾਹਾਂ ਵਿਚ ਬੜਾ ਜ਼ੋਰ ਜਾਪਿਆ, ਲਹਿਰਾਂ ਨਾਲ ਉਹ ਖ਼ੂਬ ਘੁਲੀ, ਪਰ ਹਵਾ ਉਹਦੇ ਖ਼ਿਲਾਫ਼ ਤੇ ਪਲੋ ਪਲ ਝੱਖੜ ਬਣਦੀ ਜਾ ਰਹੀ ਸੀ । ਉਹਦੀਆਂ ਬਾਹਾਂ ਫੁਲ ਗਈਆਂ, ਤੇ ਤਿੰਨ ਹਿੱਸੇ ਦਰਿਆ ਅਜੇ ਸਾਹਮਣੇ ਸੀ । ਆਪ-ਮੁਹਾਰੇ ਮਹੀਂਵਾਲ ਲਈ ਉਹਦੀ ਕੂਕ ਨਿਕਲੀ ।

"ਮਹੀਂਵਾਲਾ – ਮਹੀਂਵਾਲਾ – ਤੇਰੀ ਸਲਾਹ ਤੇ ਮੈਂ ਅਮਲ ਨਹੀਂ ਕੀਤਾ – ਮੈਂ ਚੌਕਸ ਨਹੀਂ ਰਹੀ — " ਇਕ ਛੱਲ੍ਹ ਨੇ ਜ਼ੋਰ ਨਾਲ ਥਪੇੜਾ ਮਾਰਿਆ । ਜੀਵਨ-ਸ਼ਮਾਅ ਦਾ ਇਕ ਸਿਰਾ ਬੁਝਦਾ ਦਿਸ ਪਿਆ, ਪਰ ਜਿਉਂ ਅਖੀਰਲੇ ਭਬਾਕੇ ਵਿਚ ਮਹੀਂਵਾਲ ਦੀ ਹਰ ਗੱਲ, ਉਹਦਾ ਹਰ ਪਿਆਰ-ਚੋਜ ਉਹਦੀ ਨਤੀਜਿਆਂ ਤੋਂ ਬੇਪਰਵਾਹ ਸੂਰਤ ਤੇ ਅਮਲਾਂ ਦੀ ਦਲੇਰੀ ਇਕ ਰਾਸ ਵਾਂਗ ਉਹਦੇ ਸਾਹਮਣੇ ਰਚ ਗਏ, ਤੇ ਇਕ ਹਸਰਤ ਮਨੋਂ ਉਠੀ :

"ਮੌਤ-ਮੱਲਿਆਂ ਨੂੰ ਮੌਤ ਦਾ ਕੀ ਖ਼ੌਫ਼ – ਪਰ ਕਦੇ ਤੇਰੇ ਸਾਹਮਣੇ ਮੇਰੀ ਜਿੰਦ ਨਿਕਲਦੀ, ਉਹ ਮੌਤ ਵੀ ਜ਼ਿੰਦਗੀ ਹੁੰਦੀ – ਪਰ ਹੁਣ ਤੈਨੂੰ ਮੇਰੀ ਮੌਤ ਦਾ ਪਤਾ ਵੀ ਨਹੀਂ ਲਗਣਾ ...... "

ਤੇ ਉਹਦੀਆਂ ਥੱਕੀਆਂ ਬਾਹਾਂ ਹਿਲਣੋਂ ਰਹਿ ਗਈਆਂ । ਉਹ ਤਰਨ ਦੀ ਥਾਂ ਰੌ ਨਾਲ ਰੁੜ੍ਹਣ ਲਗ ਪਈ । ਥੱਕੇ ਅੰਗਾਂ ਨੂੰ ਰਤਾ ਦਮ ਆ ਗਿਆ । ਹਿੰਮਤ ਫੇਰ ਚਮਕੀ । ਓਸ ਫੇਰ ਬਾਹਾਂ ਮਾਰੀਆਂ ।

"ਅੱਧੀ ਵਾਟ – ਮੈਂ ਪਹੁੰਚ ਪਵਾਂਗੀ । ਮੇਰਾ ਮਹੀਂਵਾਲ – ਕੀਕਰ ਉਹ ਮੇਰੀ ਥਕਾਵਟ ਦੂਰ ਕਰ ਦੇਵੇਗਾ – ਉਹ ਕੇਡਾ ਖ਼ੁਸ਼ ਹੋਵੇਗਾ – ਅਜ ਮੇਰਾ ਭੋਸ਼ਨ ਨਚੋੜ ਕੇ ਸਾਰਾ ਪੀ ਜਾਏਗਾ ...... ਅੱਜ ਮੈਂ ਤੁਰ ਕੇ ਨਹੀਂ ਜਾਣਾ – ਆਖਾਂਗੀ ਓਦਨ ਵਾਂਗ ਗੋਦੀ ਚੁਕ ਲੈ......"

ਇਕ ਹੋਰ ਥਪੇੜਾ ਵੱਜਿਆ, ਤੇ ਨਾਲ ਹੀ ਬਾਹਾਂ ਵਿਚ ਸਾਹ ਸਤ ਮੁਕਦਾ ਲਗਿਆ......ਇਕ ਗ਼ੋਤਾ ਆਇਆ, ਪਰ ਉਹ ਸੰਭਲ ਗਈ, ਆਕੜੀਆਂ ਬਾਹਾਂ ਨੇ ਮਦਦ ਕਰਨੋਂ ਇਨਕਾਰ ਕਰ ਦਿਤਾ । ਇਕ ਹੋਰ ਛੱਲ੍ਹ – ਇਕ ਹੋਰ ਗ਼ੋਤਾ – ਸੋਹਣੀ ਫੇਰ ਸੰਭਲੀ, ਤਰ ਕੇ ਪਹੁੰਚਣ ਦੀ ਆਸ ਛਡ ਦਿਤੀ ਤੇ ਸਰੀਰ ਛੁਟਦਾ ਜਾਚ ਕੇ ਰੂਹ ਜੂ ਕੜਕੀ – ਕੋਈ ਕੜਕ ਸੀ ਏਸ ਪੁਕਾਰ ਵਿਚ !

"ਮੈਂ ਚਲੀ – ਮਹੀਂਵਾਲਾ ਚਲੀ – ਰੱਬਾ ਮੇਰੀ ਲਾਸ਼ ਮਹੀਂਵਾਲ ਦੇ ਕੰਢੇ ਰੋੜ੍ਹ ਖੜੀਂ । ਮਹੀਂਵਾਲਾ ! ਮਹੀਂਵਾਲਾ !" ਝਖੜ ਬੇਪਨਾਹ ਹੋ ਗਿਆ । ਇਕ ਜ਼ੋਰ ਦਾ ਗੋਤਾ ਆਇਆ – "ਮਹੀਂ......ਵਾਲਾ" – ਹੋਰ ਗ਼ੋਤਾ ਆਇਆ – "ਮਹੀਂ......ਵਾ......ਲਾ......" ਫੇਰ ਕੋਈ ਆਵਾਜ਼ ਨਾ ਨਿਕਲੀ ।

ਝੱਖੜ ਤੇਜ਼ ਹੁੰਦਾ ਵੇਖ ਵੇਖ ਮਹੀਂਵਾਲ ਦਰਿਆ ਦੇ ਕੰਢੇ ਖਲੋ ਕੇ ਕੰਨ ਲਾਂਦਾ ਤੇ ਕਦੇ ਜਿਧਰ ਸਮਝ ਆਉਂਦਾ ਉਧਰ ਦੌੜ ਕੇ ਨੀਝਾਂ ਲਾਂਦਾ, ਤੇ ਆਵਾਜ਼ਾਂ ਦੇਂਦਾ : "ਜਿਹੜਾ ਕੋਈ ਹੈ, ਅੱਜ ਪਾਣੀ ਵਿਚ ਨਾ ਵੜਿਓ, ਹੋ – ਹੋ – ਜੋ ਪਾਣੀ ਵਿਚ ਹੈ ਨਿਕਲ ਜਾਏ – ਨਿਕਲ ਜਾਏ – ਏ – "

ਜਿਧਰੋਂ ਸੋਹਣੀ ਨੇ ਆਉਣਾ ਸੀ, ਉਧਰ ਬਉਰਾ ਹੋ ਕੇ ਉਹ ਦੌੜ ਪਿਆ, ਉਹਨੂੰ ਜਿਉਂ ਕੋਈ ਆਵਾਜ਼ ਆਈ ਸੀ, ਫੇਰ ਉਸ ਖੜੋ ਕੇ ਕੰਨਾਂ ਦੇ ਦੁਆਲੇ ਹੱਥਾਂ ਦਾ ਉਹਲਾ ਕਰ ਕੇ ਸੁਣਿਆ । ਉਹਦੇ ਸਰੀਰ ਦਾ ਹਰੇਕ ਅੰਗ ਓਸ ਵੇਲੇ ਕੰਨ ਬਣ ਗਿਆ ਸੀ, ਜੇ ਝੱਖੜ ਏਡਾ ਨਾ ਹੁੰਦਾ, ਤਾਂ ਉਹਦੇ ਜਿੰਨੀ ਇਕਾਗਰਤਾ ਨਾਲ ਰਾਤ ਵੇਲੇ ਉਹ ਪਾਰੋਂ ਗੱਲ ਸੁਣ ਲੈਂਦਾ ...... ਉਹ ਚੌਂਕਿਆ – ਆਹ ! ਬਰੀਕ ਜਿਹੀ – ਹਾ – ਹਾ ਓਸੇ ਦੀ – ਤੇ ਉਪਰਲੇ ਕਪੜੇ ਓਸ ਵਗਾਹ ਮਾਰੇ......

"ਮੈਂ ਆਇਆ – ਸੋਹਣੀਏਂ, ਆਇਆ" – ਤੇ ਉਹ ਸੋਚਣ ਲਗ ਪਿਆ : "ਬੁਢੇ ਅੰਬ ਕੋਲੋਂ – ਅੱਧ ਵਿਚ ਜ਼ਰੂਰ ਪੁਜੀ ਏ – ਓਦੂੰ ਪਰਿਉਂ ਅਵਾਜ਼ ਮੁਸ਼ਕਲ – " ਤੇ ਕੁਝ ਜਾਚ ਕੇ ਕੰਢੇ ਕੰਢੇ ਦੌੜਿਆ, ਤੇ ਇਕ ਪਲ ਖਲੋ ਕੇ ਓਸ ਮੂੰਹ ਅੱਗੇ ਦੋਵੇਂ ਹੱਥ ਜੋੜ ਕੇ ਕੂਕ ਮਾਰੀ : "ਹਾਰੀਂ ਨਾ – ਹੌਂਸਲਾ ਰੱਖੀਂ – ਹੱਥ ਮਾਰਨੇ ਛੱਡ ਦੇ – ਐਵੇਂ ਰੁੜ੍ਹੀ ਜਾ – ਮੈਂ ਆਇਆ ਸੋਹਣੀਏਂ, ਪਹੁੰਚਾ ਕਿ ਪਹੁੰਚਾ ।"

ਤੇ ਧੜੰਮ ਓਸ ਛਾਲ ਕੱਢ ਮਾਰੀ, ਲਹਿਰਾਂ ਨੂੰ ਚੀਰ ਕੇ ਉਹਦੀਆਂ ਬਾਹਾਂ ਰਖ ਦੇਂਦੀਆਂ, ਪਰ ਝੱਖੜ ਕੋਈ ਪੇਸ਼ ਨਾ ਜਾਣ ਦੇਂਦਾ । ਤਾਂ ਵੀ ਉਹ ਘੁਲਦਾ ਰਿਹਾ, ਕਦੇ ਚੁਭੀ ਭੀ ਮਾਰ ਲੈਂਦਾ । ਓੜਕ ਬਾਹਾਂ ਹੰਭਣ ਲਗ ਪਈਆਂ; ਤੇ ਉਹ ਪਾਣੀ ਤੋਂ ਸਿਰ ਉੱਚਾ ਕਰ ਕੇ – ਤਿੰਨ ਵਾਰੀ "ਸੋਹਣੀਏਂ, ਸੋਹਣੀਏਂ, ਸੋਹਣੀਏਂ" ਕੂਕਿਆ । ਤੇ ਉਹਦੇ ਪੈਰਾਂ ਨੂੰ ਕੁਝ ਲੱਗਾ । ਓਸ ਹੱਥ ਪਾਇਆ । ਰੱਸੇ ਵਰਗੀ ਕੋਈ ਚੀਜ਼ ਸੀ, ਉਤਾਂਹ ਖਿਚਿਆ, ਵਾਹ ਵਾਹ ਭਾਰੀ ਗੁੱਤ ਸੀ – ਉਹਦੀ ਜੀਵਨ-ਸ਼ਮਾਅ ਦਾ ਇਕ ਬੁਝਾ ਸਿਰਾ । ਜੀਅ ਵਿਚ ਆਇਆ ਕਿ ਦੂਜਾ ਸਿਰਾ ਵੀ ਗੁਲ ਕਰ ਕੇ ਆਪਣੇ ਇਸ਼ਕ ਦੀ ਦਾਸਤਾਨ ਤਮਾਮ ਕਰ ਦੇਵੇ, ਪਰ ਇਕ ਵਾਰੀ ਫੇਰ ਪਿਆਰੇ ਨਕਸ਼ ਦੇਖਣ ਦੀ ਆਰਜ਼ੂ ਉਠੀ, ਤੇ ਲਾਸ਼ ਨੂੰ ਤਾਰ ਕੇ ਉਹ ਕੰਢੇ ਲੈ ਆਇਆ ।

ਗੋਡਿਆਂ ਤੇ ਪਾਇਆ । ਪਾਣੀ ਕੋਈ ਬਹੁਤਾ ਅੰਦਰ ਨਹੀਂ ਸੀ ਗਿਆ । "ਅਜੇ ਹੁਣੇ ਹੀ ਤੇਰੀ ਬਹਾਦਰ ਰੂਹ ਨੇ ਹਾਰ ਮੰਨੀ ਏ ।" ਤੇ ਉਹਨੇ ਉਹਦੀਆਂ ਬਾਹਵਾਂ ਹਿਲਾਈਆਂ, ਜੋ ਉਹ ਜਾਣਦਾ ਸੀ, ਓਸ ਕੀਤਾ, ਤੇ ਜਾਣਦਾ ਉਹ ਬਹੁਤ ਕੁਝ ਸੀ, ਪਰ ਜ਼ਿੰਦਗੀ ਦੀ ਸ਼ਮਾਅ ਬੁਝ ਚੁਕੀ ਸੀ ।

ਆਖ਼ਰ ਉਹਨੇ ਸੋਹਣੀ ਦੀ ਲਾਸ਼ ਨੂੰ ਸਾਹਮਣੇ ਲਿਟਾਇਆ, ਬੁਲ੍ਹਾਂ ਤੇ ਜ਼ੁਲਫ਼ਾਂ ਉਤੇ ਬੋਸਾ ਦਿਤਾ, ਤੇ ਉਹਦੇ ਮੂੰਹ ਉਤੇ ਝੁਕ ਕੇ ਓਸ ਆਖਿਆ :

"ਬਾਗ਼ਬਾਨ ਆਖ਼ਰ, ਸੋਹਣੀਏਂ, ਕਹਿਰਵਾਨ ਹੋ ਗਿਆ । ਤਾਂ ਵੀ ਕੀ ਹੋਇਆ ? ਅਸਾਂ ਵਰਜੇ ਫਲਾਂ ਨਾਲ ਝੋਲੀਆਂ ਭਰ ਲਈਆਂ । ਉਮਰ ਭਰ ਬਾਕਾਇਦਾ ਬਲਦਾ ਚਿਰਾਗ਼ ਹਕੀਕਤ ਦਾ ਉਹ ਕੁਝ ਹਰਗਿਜ਼ ਨਾ ਵੇਖ ਸਕਦਾ ਜੋ ਤੂੰ ਤੇ ਮੈਂ ਜ਼ਿੰਦਗੀ ਦੇ ਦੋਵੇਂ ਸਿਰੇ ਮਚਾ ਕੇ ਵੇਖ ਲਿਐ !"

ਤੇ ਓਸ ਨੇ ਸੋਹਣੀ ਦੇ ਕੇਸਾਂ ਦਾ ਚੀਰ ਸਿਧਾ ਕਰ ਕੇ ਸਿਰ ਤੋਂ ਪੈਰਾਂ ਤਕ ਅੰਗ ਅੰਗ ਨੂੰ ਚੁੰਮਿਆਂ, ਲੁਸ ਲੁਸ ਕਰਦੇ ਝਨਾਂ-ਚੀਰਨੀ ਦੇ ਅੰਗ ਸਨ । ਫੇਰ ਉਹਦਾ ਭੋਸ਼ਨ ਜਿਹੜਾ ਉਹਦੇ ਗਲ ਦੁਆਲੇ ਗਿਲਤੀ ਵਿਚ ਗੰਢਿਆ ਹੋਇਆ ਸੀ, ਓਸ ਨੇ ਖੋਲ੍ਹਿਆ । ਉਹਨੂੰ ਬੁਢੇ ਅੰਬ ਹੇਠਾਂ ਸੋਹਣੀ ਨਾਲ ਪਹਿਲੀ ਰਾਤ-ਮਿਲਣੀ ਯਾਦ ਆ ਗਈ, ਜਦੋਂ ਤਹਿਮਤ, ਕੁੜਤਾ ਤੇੜੋਂ ਲਾਹ ਕੇ ਸਿਰ ਉਤੇ ਵਲ੍ਹੇਟਦੇ ਨੂੰ ਸੋਹਣੀ ਨੇ ਆਖਿਆ ਸੀ :

"ਤੇਰੇ ਚੰਨ-ਚਿਟੇ ਪਿੰਡੇ ਨੇ ਹਨੇਰੀ ਰਾਤ ਚਾਨਣੀ ਕਰ ਕੇ ਮੇਰਾ ਤ੍ਰਾਹ ਕੱਢ ਦਿਤੈ।"

ਉਹਦਾ ਭੋਸ਼ਨ ਗਲੋਂ ਲਾਂਹਦਿਆਂ ਉਹਨੂੰ ਵੀ ਉਹ ਤੁਫ਼ਾਨੀ ਰਾਤ ਚਾਨਣੀ ਹੋ ਗਈ ਜਾਪੀ, ਤੇ ਉਹਦੇ ਮਨ ਵਿਚ ਕੁਝ ਆਇਆ। ਉਹ ਉਠ ਕੇ ਦਰਿਆ ਕੰਢੇ ਚਲਾ ਗਿਆ। ਉਸ ਨੇ ਹੇਠਲੇ ਕਪੜੇ ਵੀ ਲਾਹ ਕੇ ਹੱਥੀਂ ਫੜ ਲਏ ਤੇ ਆਖਿਆ :

"ਇਨ੍ਹਾਂ ਕਪੜਿਆਂ ਉਤੇ, ਸੋਹਣੀਏਂ, ਭਾਵੇਂ ਤੇਰੇ ਹੱਥਾਂ ਦੀ ਛੁਹ ਹੈ, ਪਰ ਮੇਰੀ ਤੇਰੀ ਸਦੀਵੀ ਗਲਵੱਕੜੀ ਵਿਚ ਇਹ ਪਏ ਨਹੀਂ ਰਹਿ ਸਕਦੇ।"

ਤੇ ਧਾ ਧਾ ਕੇ ਆਉਂਦੀਆਂ ਲਹਿਰਾਂ ਉਤੇ ਸੁਟ ਕੇ ਉਹ ਸੋਹਣੀ ਕੋਲ ਮੁੜ ਆਇਆ; ਉਹਦੇ ਭੋਸ਼ਨ ਦਾ ਇਕ ਸਿਰਾ ਉਹਦੇ ਪਿੰਡੇ ਦੁਆਲਿਓਂ ਖਿਚ ਕੇ ਓਸ ਨੇ ਆਪਣੇ ਗਲ ਦੁਆਲੇ ਬੰਨ੍ਹ ਲਿਆ ਤੇ ਸੋਹਣੀ ਨੂੰ ਓਸ ਨੇ ਫ਼ੌਲਾਦੀ ਬਾਹਾਂ ਵਿਚ ਚੁਕ ਲਿਆ :

"ਸੋਹਣੀਏਂ ਤੂੰ ਆਂਹਦੀ ਸੈਂ, ਮੇਰਾ ਤੇਰਾ ਵਿਆਹ ਕਿਸੇ ਹੋਣ ਨਹੀਂ ਦੇਣਾ – ਹੁਣ ਕਿਹੜਾ ਸਾਡਾ ਵਿਆਹ ਰੋਕ ਸਕੇਗਾ ? ਤਕਦੀਰ ਤੇ ਬਾਗ਼ਬਾਨ ਦੋਵੇਂ ਮੇਰੇ ਸਾਹਮਣੇ ਬਿਟ ਬਿਟ ਦੇਖ ਰਹੇ ਨੇ – ਦੋਹਾਂ ਨੂੰ ਲਲਕਾਰ ਕੇ ਮੈਂ ਤੇਰੇ ਨਾਲ ਵਿਆਹ ਰਚਾਣ ਲਗਾ ਹਾਂ।"

ਤੇ ਬੜੇ ਪੱਕੇ ਕਦਮ ਪੁਟਦਾ ਉਹ ਪਾਣੀ ਵਲ ਤੁਰ ਪਿਆ ਤੇ ਪਾਣੀ ਵਿਚ ਵੜ ਗਿਆ। ਉਹ ਤੁਰਦਾ ਗਿਆ, ਪਾਣੀ ਉਤਾਂਹ ਉਤਾਂਹ ਚੜ੍ਹਦਾ ਗਿਆ। ਹੁਣ ਸਿਰਫ਼ ਸੋਹਣੀ ਦਾ ਮੂੰਹ ਹੀ ਮਹੀਂਵਾਲ ਦੇ ਮੋਢਿਆਂ ਹੇਠਾਂ ਨੰਗਾ ਰਹਿ ਗਿਆ ਸੀ ਤੇ ਉਹ ਖੜੋ ਗਿਆ :

"ਏਸ ਅਖ਼ੀਰਲੇ ਚੁੰਮਣ ਨਾਲ ਮੈਂ ਆਪਣਾ ਵਿਆਹ ਸੋਹਣੀਏਂ ਤੇਰੇ ਨਾਲ ਮੁਕੰਮਲ ਕਰਦਾ ਹਾਂ – ਬੁਖ਼ਾਰੇ ਦੀ ਮਿੱਟੀ ਨੂੰ ਗੁਜਰਾਤ ਦੀ ਮਿੱਟੀ ਨਾਲ ਗੋ ਕੇ, ਇਸ਼ਕ ਦੇ ਫ਼ਰਿਸ਼ਤੇ ਨੂੰ ਇਕ ਲਾਫ਼ਾਨੀ ਗੁਲਦਾਨ ਆਪਣੇ ਜਾਦੂ-ਚੱਕ ਉਤੇ ਚਕਰਾਣ ਲਈ ਪੇਸ਼ ਕਰਦਾ ਹਾਂ।"

ਤੇ ਦਰਿਆ ਦੇ ਥੱਲੇ ਤੋਂ ਓਸ ਆਪਣੇ ਪੈਰ ਚੁਕ ਲਏ। ਅਖੁਲ੍ਹ ਗਲਵਕੜੀ ਵਿਚ ਜੁੜੇ ਸੰਗ-ਮਰਮਰ ਦੇ ਦੋ ਬੁੱਤ ਝਨਾਂ ਦੀ ਹਿੱਕ ਵਿਚ ਅਦਿੱਖ ਹੋ ਗਏ।

# (੩) ਮਿਰਜ਼ਾ ਸਾਹਿਬਾਂ

ਮਿੱਠੀ ਮਿੱਠੀ ਰੁਤ, ਵੇਲਾ ਸਵੇਰ ਦਾ, ਝੰਗ ਸਿਆਲਾਂ ਦੇ ਪਿੰਡ ਵਿਚ, ਮਰਦ ਹਲੀਂ ਗਏ ਹੋਏ, ਜ਼ਨਾਨੀਆਂ ਕੰਮੀਂ ਰੁੱਝੀਆਂ, ਗਲੀਆਂ ਵਿਚ ਕੋਈ ਟਾਵਾਂ ਹੀ ਲੰਘਦਾ ਦਿਸਦਾ; ਪਰ ਕਿਸੇ ਕਿਸੇ ਘਰੋਂ ਕੋਈ ਬੱਚਾ ਬਸਤਾ ਕੱਛੇ ਮਾਰੀ ਨਿਕਲਦਾ ਵਿਖਾਈ ਦੇਂਦਾ ਸੀ।

ਲਟਕਦੀ ਮਟਕਦੀ ਇਕ ਕੁੜੀ, ਰਵਾਂ ਰਵੀਂ ਤੁਰੀ ਜਾਂਦੀ, ਇਕ ਬੂਹੇ ਅੱਗੇ ਖੜੋ ਕੇ ਅਵਾਜ਼ ਦੇਂਦੀ ਹੈ। ਅੰਦਰੋਂ ਉਹਦੇ ਜੇਡਾ ਹੀ ਮੁੰਡਾ ਕਾਹਲੀ ਕਾਹਲੀ ਨਿਕਲਦਾ, ਜਿਉਂ ਓਸੇ ਨੂੰ ਪਿਆ ਉਡੀਕਦਾ ਸੀ; ਤੇ "ਨਾਂਹ, ਨਾਂਹ" ਕਰਦੀ ਕੁੜੀ ਕੋਲੋਂ ਉਹਦਾ ਬਸਤਾ ਫੜ ਕੇ ਆਪਣੇ ਬਸਤੇ ਨਾਲ ਚੁਕ ਲੈਂਦਾ ਤੇ ਦੋਵੇਂ ਤੁਰ ਪੈਂਦੇ ਹਨ।

"ਪਰ ਮਿਰਜ਼ਿਆ ! ਤੂੰ ਮੇਰਾ ਬਸਤਾ ਮੈਨੂੰ ਕਿਉਂ ਨਹੀਂ ਚੁੱਕਣ ਦੇਂਦਾ ?" ਕੁੜੀ ਨੇ ਉਹਦੇ ਵਲ ਮੂੰਹ ਚੁੱਕ ਕੇ ਆਖਿਆ।

"ਤੇਰਾ ਬਸਤਾ ਚੁੱਕਿਆਂ ਮੇਰਾ ਮਸੀਤੇ ਜਾਣ ਨੂੰ ਜੀ ਕਰ ਆਉਂਦਾ ਏ। ਉਂਞ ਪੜ੍ਹਨਾ ਮੈਨੂੰ ਚੰਗਾ ਨਹੀਂ ਲਗਦਾ", ਮੁੰਡੇ ਨੇ ਭੋਲੇ ਭਾ ਜਵਾਬ ਦਿੱਤਾ।

"ਪਰ ਮੈਂ ਤੈਨੂੰ ਆਹਨੀ ਆਂ, ਤੂੰ ਪੜ੍ਹਿਆ ਕਰ, ਮੈਨੂੰ ਪੜ੍ਹਿਆਂ ਬੜਾ ਸੁਆਦ ਆਉਂਦੈ। ਅੱਜ ਕਲ ਮੈਂ ਬੜੀ ਸੁਆਦਲੀ ਇਕ ਕਿਤਾਬ ਪੜ੍ਹਨੀ ਆਂ", ਤੇ ਕੁੜੀ ਨੇ ਆਪਣੇ ਨਾਲ ਲਗ ਕੇ ਤੁਰੇ ਜਾਂਦੇ ਸਾਥੀ ਦੇ ਲੱਕ ਦੁਆਲੇ ਬਾਂਹ ਫੇਰ ਦਿੱਤੀ।

"ਚੰਗਾ ਸੈਹਬਾਂ ! ਜੀਕਰ ਤੂੰ ਆਖੇਂ, ਮੈਂ ਪੜ੍ਹਿਆ ਕਰਾਂਗਾ — ਪਰ ਜੋ ਕੁਝ ਮੌਲਵੀ ਪੜ੍ਹਾਂਦੈ, ਉਹਦੀ ਮੈਨੂੰ ਕੁਝ ਸਮਝ ਨਹੀਂ ਪੈਂਦੀ", ਆਪਣੀ ਵੱਖੀ ਨਾਲ ਲੱਗੇ ਹੱਥ ਦੀਆਂ ਉਂਗਲਾਂ ਉਹ ਦਿਲ ਹੀ ਦਿਲ ਵਿਚ ਗਿਣ ਰਿਹਾ ਸੀ।

ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਉਹ ਤੁਰੀ ਗਏ। ਇੱਕੋ ਜਿੰਨੀ ਉਮਰ ਦੇ ਹੋਣਗੇ, ਯਾਰਾਂ ਬਾਰਾਂ ਵਰ੍ਹਿਆਂ ਦੇ, ਪਰ ਕੁੜੀ ਮੁੰਡੇ ਨਾਲੋਂ ਕੁਝ ਵਧੇਰੇ ਚੇਤੰਨ ਤੇ ਹੁੰਦੜਹੇਲ ਦਿਸਦੀ ਸੀ।

ਮਸੀਤ ਦੇ ਬੂਹੇ ਕੋਲ ਪਹੁੰਚਦਿਆਂ ਸਾਹਿਬਾਂ ਨੇ ਮਿਰਜ਼ੇ ਕੋਲੋਂ ਆਪਣਾ ਬਸਤਾ ਲੈ ਲਿਆ। ਮਸੀਤ ਦੇ ਸਿਹਨ ਵਿਚ ਉਹ ਵੜੇ ਹੀ ਸਨ ਕਿ ਦੋ ਹੋਰ ਮੁੰਡੇ ਅੱਗੋਂ-ਵਾਲੀ ਆ ਕੇ ਸਾਹਿਬਾਂ ਦਾ ਬਸਤਾ ਚੁੱਕਣ ਲਗ ਪਏ।

"ਕਿਉਂ ਸੈਹਬਾਂ ! ਅੱਜ ਮੇਰੀ ਵਾਰੀ ਏ ਨਾ ? ਇਹ ਪਰਸੋਂ ਜੂ ਤੇਰੇ ਨਾਲ ਬੈਠਾ ਸੀ।"

"ਮੈਂ ਕਦ ਪਰਸੋਂ ਬੈਠਾ ਸਾਂ, ਸੈਹਬਾਂ ! ਮੰਨ੍ਹਾ ਝੂਠ ਬੋਲਦੈ।"

ਸਾਹਿਬਾਂ ਨੇ ਦੋਹਾਂ ਕੋਲੋਂ ਆਪਣਾ ਬਸਤਾ ਛੁਡਾ ਕੇ ਮੁਸਕਰਾਂਦੀ ਨੇ ਆਖਿਆ :

"ਤੁਸੀਂ ਦੋਵੇਂ ਫੇਰ ਉਹ ਗੱਲ ਮੇਰੀ ਭੁਲ ਗਏ ਓ ਨਾ।"

"ਉਹ ਕਿਹੜੀ ?" ਦੋਵੇਂ ਮੁੰਡੇ ਸੋਚਣ ਲਗ ਪਏ।

"ਕਿ ਝਗੜਾ ਕਰਨ ਵਾਲਿਆਂ ਦੋਹਾਂ ਚੋਂ ਕਿਸੇ ਨਾਲ ਵੀ ਮੈਂ ਨਹੀਂ ਬਹਿਣਾ, ਭਾਵੇਂ ਵਾਰੀ ਹੋਵੇ ਵੀ", ਸਾਹਿਬਾਂ ਨੇ ਸਮਝਾਇਆ।

ਦੋਵੇਂ ਮੁੰਡੇ ਸ਼ਰਮਾ ਕੇ ਪਰ੍ਹਾਂ ਹਟ ਗਏ।

"ਚੰਗਾ, ਮੰਨ੍ਹਿਆ ! ਤੇਰੇ ਨਾਲ ਮੈਂ ਕਲ੍ਹ ਬਹਾਂਗੀ; ਤੇ ਪਰਸੋਂ ਹਮੀਦਿਆ ! ਤੇਰੇ ਨਾਲ।"

"ਤੇ ਅੱਜ ?" ਦੋਹਾਂ ਨੇ ਇਕ ਦਮ ਪੁਛਿਆ।

www.PunjabiLibrary.com

"ਅੱਜ ਮੈਂ ਮਿਰਜ਼ੇ ਨਾਲ ਬਹਿ ਲੈਨੀ ਆਂ, ਇਹ ਕਦੇ ਆਂਹਦਾ ਈ ਨਹੀਂ ।"

"ਇਹ ਰੋਜ਼ ਤੇਰੇ ਨਾਲ ਘਰੋਂ ਜੁ ਆਉਂਦੈ ।"

ਮੌਲਵੀ ਨੂੰ ਆਉਂਦਿਆਂ ਵੇਖ ਕੇ ਸਾਹਿਬਾਂ ਨੇ ਸਾਰਿਆਂ ਨੂੰ ਥਾਉਂ ਥਾਈਂ ਬਹਿ ਜਾਣ ਲਈ ਆਖਿਆ ।

"ਕਿਉਂ ਸਾਹਿਬਾਂ! ਇਹ ਤੇਰਾ ਕਿਹਾ ਨਹੀਂ ਮੰਨਦੇ ?" ਮੌਲਵੀ ਨੇ ਆਪਣੀ ਖੂੰਡੀ ਕਿੱਲੀ ਨਾਲ ਟੰਗਦਿਆਂ ਪੁੱਛਿਆ ।

"ਨਹੀਂ ਜੀ, ਇਹ ਕਦੇ ਮੇਰਾ ਕਿਹਾ ਮੋੜਦੇ ਹੀ ਨਹੀਂ — ਕਦੇ ਕਦੇ ਮੇਰੇ ਕੋਲ ਬਹਿਣ ਤੋਂ ਰਤਾ ਝਗੜ ਪੈਂਦੇ ਨੇ ।"

ਮੌਲਵੀ ਬੜੀ ਉੱਤੇ ਬਹਿ ਗਿਆ । ਉਹਦੇ ਗਲ ਚਿੱਟਾ ਖੱਦਰ ਦਾ ਕੁੜਤਾ, ਲਕ ਨੀਲੀ ਤਹਿਮਤ ਸੀ, ਤੇ ਚਿੱਟੀ ਪੱਗ ਹੇਠੋਂ ਉਹਦੇ ਕਾਲੇ ਪਟੇ ਪਿਛਾਂਹ ਲਮਕੇ ਦਿਸਦੇ ਸਨ ਜਿਨ੍ਹਾਂ ਨੂੰ ਝਟੇ ਝਟੇ ਉਂਗਲ ਨਾਲ ਉਹ ਨਿਖਾਰਦਾ ਸੀ । ਭਰਵੀਂ ਤੇ ਹੇਠੋਂ ਥੋੜੀ ਥੋੜੀ ਕੱਟੀ ਹੋਈ ਦਾਹੜੀ, ਨੁਮਾਜ਼ੀ ਮੱਥਾ, ਰੱਜਿਆ ਪੁੱਜਿਆ ਜੁੱਸਾ, ਆਲਮ ਨਹੀਂ ਪਰ ਮੁਅੱਲਮ ਪੱਕਾ ਲਗਦਾ ਸੀ ।

"ਖੋਲ੍ਹੋ ਬਸਤੇ, ਤੇ ਵਾਰੀ ਵਾਰੀ ਸੁਣਾਓ ਜੋ ਕਲ ਪੜ੍ਹਿਆ ਸਾਜੇ ।"

ਸਾਹਿਬਾਂ ਨੇ ਬਸਤਾ ਖੋਲ੍ਹਿਆ । ਇਕ ਮੋਟੀ ਜਹੀ ਕਿਤਾਬ ਚੁਕ ਕੇ ਓਸ ਪਰ੍ਹਾਂ ਕਰ ਲਈ ਤੇ ਦੂਜੀ ਨੂੰ ਖੋਲ੍ਹ ਕੇ ਉਹ ਸੁਣਾਉਣ ਹੀ ਲੱਗੀ ਸੀ ਕਿ ਮੌਲਵੀ ਦਾ ਧਿਆਨ ਉਹਦੀ ਮੋਟੀ ਕਿਤਾਬ ਵਲ ਪੈ ਗਿਆ ।

"ਵਿਖਾ ਖ਼ਾਂ, ਸਾਹਿਬਾਂ ! ਇਹ ਕਿਹੜੀ ਕਿਤਾਬ ਤੂੰ ਪਈ ਪੜ੍ਹਨੀ ਏਂ ?"

"ਅਲਫ਼ ਲੇਲਾ", ਭੂਆ ਬੀਬੋ ਨੇ ਇਹ ਦਿੱਤੀ ਏ — ਐਡੀ ਸੁਆਦਲੀ ਏ ਕਿ ਮੈਂ ਨਾਲ ਲੈ ਆਈ ਸਾਂ । ਕਦੇ ਤੁਸੀਂ ਆਉਂਦੇ ਨਹੀਂ, ਆਖਿਆ ਓਦੋਂ ਪੜ੍ਹ ਲਿਆ ਕਰਾਂਗੀ ।"

ਮੌਲਵੀ ਨੇ ਵਰਕੇ ਫੋਲੇ, ਕਿਤੋਂ ਕਿਤੋਂ ਕੁਝ ਪੜ੍ਹ ਕੇ ਹੈਰਾਨੀ ਨਾਲ ਪੁਛਿਆ :

"ਤੂੰ ਸਮਝ ਲੈਨੀ ਏਂ, ਸਾਹਿਬਾਂ ?"

"ਕਈ ਲਫ਼ਜ਼ ਮੈਨੂੰ ਸਮਝ ਨਹੀਂ ਆਉਂਦੇ, ਪਰ ਕਹਾਣੀ ਸਾਰੀ ਮੈਂ ਸਮਝ ਲੈਨੀ ਆਂ ।"

ਕਿਤਾਬ ਸਾਹਿਬਾਂ ਨੂੰ ਵਾਪਸ ਫੜਾਂਦਿਆਂ ਮੌਲਵੀ ਨੇ ਮਿਰਜ਼ੇ ਵਲ ਤੱਕਿਆ, ਉਹ ਸਾਹਿਬਾਂ ਦੇ ਸੱਜੇ ਪਾਸੇ ਬੇ-ਸ਼ੌਕ ਜਿਹਾ ਬੈਠਾ ਸੀ ।

"ਪਰ ਸਾਹਿਬਾਂ, ਏਸ ਆਪਣੇ ਸਾਥੀ ਨੂੰ ਵੀ ਪੜ੍ਹਾਣ ਦਾ ਸੁਆਦ ਪਾ । ਇਹ ਵੇਖ ਕਿਸ ਤਰ੍ਹਾਂ ਡੁੰਨ-ਵੱਟਾ ਬਣਿਆਂ ਬੈਠੈ । ਮਸੀਤੋਂ ਬਾਹਰ ਇਹ ਬੜਾ ਚੁਸਤ ਹੁੰਦਾ ਏ ।"

"ਜੀ, ਅੱਜ ਮੈਂ ਇਹਨੂੰ ਸਮਝਾਇਆ ਸੀ । ਆਂਹਦਾ ਸੀ, ਅੱਗੋਂ ਪੜ੍ਹਿਆ ਕਰੇਗਾ ।"

"ਸੁਣ ਓਏ ਮਿਰਜ਼ਿਆ ! ਜੇ ਕਲ ਵੀ ਤੂੰ ਮੈਨੂੰ ਏਸੇ ਤਰ੍ਹਾਂ ਪੱਥਰ-ਸ਼ਕਲ ਬੈਠਾ ਦਿਸਿਓਂ, ਤਾਂ ਮੈਂ ਤੇਰੇ ਪਿਓ ਨੂੰ ਸੁਨੇਹਾ ਘੱਲਾਂਗਾ ਕਿ ਤੈਨੂੰ ਦਾਨਾਬਾਦ ਲੈ ਜਾਏ । ਏਥੇ ਐਵੇਂ ਤੂੰ ਆਪਣਾ ਤੇ ਮੇਰਾ ਵਕਤ ਜ਼ਾਇਆ ਪਿਆ ਕਰਨੈਂ ।"

"ਇਕ ਹਫ਼ਤਾ, ਮੌਲਵੀ ਜੀ, ਤੁਸੀਂ ਹੋਰ ਵੇਖ ਲਓ" ਸਾਹਿਬਾਂ ਬੋਲ ਪਈ, "ਮੈਂ ਭੂਆ ਬੀਬੋ ਦੇ ਘਰ ਜਾ ਕੇ ਇਹਨੂੰ ਪੜ੍ਹਾਇਆ ਕਰਾਂਗੀ । ਇਹਨੂੰ ਅਜੇ ਸ਼ੌਕ ਹੀ ਨਹੀਂ ਪਿਆ, ਸਿਆਣਾ ਤਾਂ ਇਹ ਬੜਾ ਜੇ," ਸਾਹਿਬਾਂ ਨੇ ਮਿਰਜ਼ੇ ਵਲ ਤੱਕ ਕੇ ਆਖਿਆ, ਤੇ ਉਹਦੀ ਗਲ ਸੁਣ ਕੇ ਮਿਰਜ਼ੇ ਨੇ ਅੱਖਾਂ ਉਤਾਂਹ ਚੁਕੀਆਂ, ਪਰ ਮੌਲਵੀ ਨੂੰ ਆਪਣੇ ਵਲ ਤਕਦਿਆਂ ਵੇਖ ਕੇ ਓਸ ਫੇਰ ਊਂਧੀ ਪਾ ਲਈ ।

"ਚੰਗਾ, ਹੋਰ ਥੋੜਾ ਚਿਰ ਵੇਖ ਲੈਨਾ ਆਂ, ਤੇ ਕਲ ਤੋਂ ਰੋਜ਼, ਮਿਰਜ਼ਿਆ, ਮੈਂ ਖ਼ਾਸ ਤੌਰ ਤੇ ਤੇਰੇ ਕੋਲੋਂ ਸਬਕ ਸੁਣਿਆ ਕਰਾਂਗਾ ।"

ਮਸੀਤੋਂ ਛੁੱਟੀ ਹੁੰਦਿਆਂ ਸਾਹਿਬਾਂ ਮਿਰਜ਼ੇ ਦੇ ਨਾਲ ਭੂਆ ਬੀਬੋ ਦੇ ਘਰ ਗਈ ਤੇ ਉਹਨੂੰ ਮੌਲਵੀ ਦੀ ਆਖੀ

ਸੁਣਾਈ। ਪੜ੍ਹਨ ਲਈ ਬੀਬੋ ਨੇ ਅੱਗੇ ਵੀ ਕਈ ਵਾਰੀ ਮਿਰਜ਼ੇ ਨੂੰ ਆਖਿਆ ਸੀ, ਪਰ ਜਿਹੜੀ ਗਲ ਓਸ ਨੇ ਅੱਜ ਆਖੀ, ਉਹਦਾ ਅਸਰ ਮੁੰਡੇ ਉੱਤੇ ਡੂੰਘਾ ਹੋਇਆ।

"ਜੇ ਪੁਤਰਾ ਮੌਲਵੀ ਨੇ ਭਾਈਏ ਚੌਧਰੀ ਨੂੰ ਲਿਖ ਹੀ ਦਿਤਾ, ਓਸ ਆਖਣੈ, ਮੈਂ ਤੇਰਾ ਧਿਆਨ ਨਹੀਂ ਰਖਿਆ, ਤੇ ਦਿਨ ਦੋ ਨਹੀਂ ਲਾਣੇ ਕਿ ਤੈਨੂੰ ਲੈ ਜਾਣੈ। ਸਾਰੀ ਉਮਰ ਮੈਂ ਭੈਣ ਭਾਈਏ ਕੋਲੋਂ ਸ਼ਰਮਿੰਦੀ ਰਹਾਂਗੀ।"

ਬੀਬੋ ਦੇ ਘਰ ਕੋਈ ਔਲਾਦ ਨਾ ਹੋਣ ਕਰਕੇ ਓਸ ਭੈਣ ਕੋਲੋਂ ਮਿਰਜ਼ੇ ਨੂੰ ਮੰਗਿਆ ਹੋਇਆ ਸੀ, ਨਾਲੇ ਸਿਆਲਾਂ ਦਾ ਮੌਲਵੀ ਵੀ ਚੰਗਾ ਗਿਣਿਆ ਜਾਂਦਾ ਸੀ। ਸਾਹਿਬਾਂ ਮਿਰਜ਼ੇ ਦੇ ਮਾਮੇ ਦੀ ਧੀ ਸੀ।

"ਤੇ ਨਾਲੇ ਭੂਆ, ਮੇਰੀ ਪੜ੍ਹਾਈ ਵੀ ਚਟ ਹੋ ਜਾਣੀ ਏਂ," ਸਾਹਿਬਾਂ ਨੇ ਆਖਿਆ, "ਮਾਂ ਅੱਗੇ ਹੀ ਆਂਹਦੀ ਏ, ਹੁਣ ਮੈਂ ਸਿਆਣੀ ਹੋ ਗਈ ਆਂ, ਮਸੀਤੇ ਨਾ ਜਾਇਆ ਕਰਾਂ। ਮੈਂ ਆਂਹਨੀ ਆ, ਮਿਰਜ਼ਾ ਜੂ ਮੇਰੇ ਨਾਲ ਹੁੰਦੈ, ਤੇ ਉਹ ਮੰਨੀ ਜਾਂਦੀ ਏ, ਫੇਰ ਓਸ ਨਹੀਂ ਮੰਨਣਾ।"

ਮਿਰਜ਼ਾ ਜਿਉਂ ਬੜੀ ਡੂੰਘੀਂ ਸੋਚੀਂ ਪੈ ਗਿਆ।

"ਬੋਲ ਖਾਂ ਪੁਤਰਾ!" ਮਾਸੀ ਨੇ ਬੜੇ ਜਜ਼ਬੇ ਨਾਲ ਆਖਿਆ, "ਤੂੰਹੇਂ ਤਾਂ ਮੇਰੇ ਸੁੰਨੇ ਘਰ ਨੂੰ ਵਸਦਾ ਬਣਾਇਆ ਹੋਇਐ। ਇਕ ਵਰ੍ਹਾ ਮੇਰੀ ਖ਼ਾਤਰ ਹੀ ਮਨ ਮਾਰ ਕੇ ਪੜ੍ਹ ਲੈ, ਮੈਂ ਭੈਣ ਕੋਲੋਂ ਸੱਚੀ ਹੋ ਜਾਵਾਂ।"

ਮਿਰਜ਼ਾ ਮਾਸੀ ਦੇ ਮੂੰਹ ਵਲ ਵੇਖਣ ਲਗ ਪਿਆ। ਉਹਦੀਆਂ ਅੱਖਾਂ ਦਸਦੀਆਂ ਸਨ ਕਿ ਮਾਸੀ ਨੇ ਬੱਚੇ ਦਾ ਦਿਲ ਹਲੂਣ ਦਿੱਤਾ ਸੀ।

"ਚੰਗਾ ਮਾਸੀ, ਸੈਹਬਾਂ ਵੀ ਆਂਹਦੀ ਸੀ, ਉਹ ਮੈਨੂੰ ਮਦਦ ਦੇਵੇਗੀ, ਤੂੰ ਵੀ ਥੋੜਾ ਬਹੁਤ ਦਸਦੀ ਰਹੀਂ, ਮੈਂ ਪੜ੍ਹਿਆ ਕਰਾਂਗਾ, ਪੂਰੇ ਧਿਆਨ ਨਾਲ ਪੜ੍ਹਿਆ ਕਰਾਂਗਾ।" ਮਿਰਜ਼ੇ ਨੇ ਮਾਸੀ ਤੇ ਸਾਹਿਬਾਂ, ਦੋਹਾਂ ਨੂੰ ਇਕਰਾਰ ਦੇ ਦਿੱਤਾ।

ਪਿਆਰ ਨਾਲ ਹਲੂਣੇ ਗਏ ਬੱਚੇ ਦਾ ਇਕਰਾਰ ਕਈ ਵਾਰੀ ਸਿਆਣਿਆਂ ਦੇ ਇਕਰਾਰ ਨਾਲੋਂ ਵਧੇਰੇ ਅਟੁੱਟ ਸਾਬਤ ਹੁੰਦਾ ਹੈ। ਮਿਰਜ਼ੇ ਨੇ ਵੀ ਆਪਣਾ ਇਕਰਾਰ ਇਹੋ ਜਹੀ ਖ਼ੂਬੀ ਨਾਲ ਨਿਭਾਇਆ ਕਿ ਮਾਸੀ ਤੇ ਸਾਹਿਬਾਂ ਹੀ ਨਹੀਂ, ਮੌਲਵੀ ਵੀ ਹੈਰਾਨ ਹੋ ਗਿਆ। ਵਰ੍ਹੇ ਭਰ ਦੀ ਕਸਰ ਓਸ ਮਹੀਨੇ ਵਿਚ ਪੂਰੀ ਕਰ ਲਈ। ਕਈ ਵਾਰੀ ਮੌਲਵੀ ਨੇ ਜਮਾਤ ਵਿਚ ਮਿਰਜ਼ੇ ਨੂੰ ਥਾਪੀ ਦਿੱਤੀ।

ਅੱਗੇ ਉਹਨੂੰ ਸਾਰੇ ਦਿਨ ਵਿਚ ਇੱਕੋ ਗੱਲ ਹੀ ਚੰਗੀ ਲਗਦੀ ਸੀ — ਸਾਹਿਬਾਂ ਨਾਲ ਮਸੀਤੇ ਜਾਣਾ ਤੇ ਆਉਣਾ। ਹੁਣ ਉਹਦਾ ਸਾਰਾ ਦਿਨ ਚੰਗੀਆਂ ਗੱਲਾਂ ਨਾਲ ਭਰ ਗਿਆ; ਮਾਸੀ ਵੀ ਖ਼ੁਸ਼, ਮੌਲਵੀ ਵੀ ਖ਼ੁਸ਼ ਤੇ ਸਾਹਿਬਾਂ.........ਉਹ ਰੋਜ਼ ਉਹਦੇ ਘਰ ਆਉਂਦੀ, ਉਹਦਾ ਦਿਤਾ ਸਬਕ ਉਹ ਸਾਰਾ ਦਿਨ ਯਾਦ ਕਰਦਾ ਤੇ ਯਾਦ ਕਰਦਿਆਂ ਉਹਨੂੰ ਸਾਹਿਬਾਂ ਆਪਣੇ ਕੋਲ ਹੀ ਬੈਠੀ ਜਾਪਦੀ।

ਹੁਣ ਉਹ ਬਾਰ੍ਹਵਾਂ ਵਰ੍ਹਾ ਉਮਰ ਦਾ ਮੁਕਾ ਚੁੱਕਿਆ ਸੀ, ਤੇ ਉਮਰ ਦੀ ਪੌੜੀ ਦੇ ਅਗਲੇ ਡੰਡੇ ਤੋਂ ਮਿੱਠੀਆਂ ਯਾਦਾਂ ਦਾ ਲਹਿਲਹਾਉਂਦਾ ਬਾਗ਼ ਉਹਨੂੰ ਦਿੱਸਣ ਲਗ ਪਿਆ। ਏਸ ਬਾਗ਼ ਦਾ ਇਕ ਇਕ ਬੁੱਲ੍ਹਾ ਬਾਲ-ਦਿਲ ਵਿਚ ਜਵਾਨੀ ਦੀ ਮਹਿਕ ਛੇੜਦਾ ਸੀ।

ਸਾਹਿਬਾਂ ਦੀ ਪੰਜੇਬ ਛਣਕਦੀ, ਮਿਰਜ਼ੇ ਦੀਆਂ ਅੱਖਾਂ ਬੂਹੇ ਵਲ ਉਠਦੀਆਂ। ਔਹ ਉਹਦੀ ਮੁਸਕਣੀ ਲਿਸ਼ਕੀ ਕਿ ਮਿਰਜ਼ੇ ਦੇ ਬੁਲ੍ਹਾਂ ਚੋਂ ਯਾਦ ਕੀਤਾ ਸਬਕ ਡੁਲ੍ਹ ਡੁਲ੍ਹ ਪਿਆ। ਪਹਿਲਾਂ ਉਹਨੂੰ ਸੁਪਨਾ ਆਉਂਦਾ ਹੁੰਦਾ ਸੀ ਕਿ ਉਹ ਸਾਹਿਬਾਂ ਦਾ ਬਸਤਾ ਚੁੱਕੀ, ਆਪਣੇ ਲਕ ਦੁਆਲੇ ਉਹਦ ਹੱਥ ਦੀਆਂ ਉਂਗਲਾਂ ਗਿਣਦਾ ਤੁਰੀ ਜਾ ਰਿਹਾ ਹੈ; ਮਸੀਤ ਆਉਂਦੀ ਨਹੀਂ, ਉਹ ਤੁਰੀ ਜਾਂਦੇ ਨੇ, ਉਹਦੇ ਅੰਦਰ ਕੋਈ ਅਨੋਖੀ ਖ਼ੁਸ਼ੀ ਰਚੀ ਜਾਂਦੀ ਏ, ਜਦੋਂ ਅੰਦਰ ਮਿਉਣ ਨਾਲੋਂ ਵੀ ਬਹੁਤੀ ਹੋ ਜਾਂਦੀ, ਤਾਂ ਉਹਦੀ ਜਾਗ ਖੁਲ੍ਹ ਜਾਂਦੀ।

ਹੁਣ ਉਹਨੂੰ ਹੋਰ ਤਰ੍ਹਾਂ ਦਾ ਸੁਪਨਾ ਆਉਣ ਲਗ ਪਿਆ ਸੀ। ਸਾਹਿਬਾਂ ਉਹਨੂੰ ਪਈ ਪੜ੍ਹਾਂਦੀ ਏ, ਕਿਤਾਬਾਂ

ਮੁਕਦੀਆਂ ਜਾਂਦੀਆਂ ਨੇ, ਤੇ ਅਖ਼ੀਰਲੀ ਕਿਤਾਬ ਰੱਖ ਕੇ ਸਾਹਿਬਾਂ ਉਹਦੀਆਂ ਰੌਸ਼ਨਾਈਆਂ ਅੱਖਾਂ ਵਿਚ ਤੱਕਦੀ ਤੇ ਮਿਰਜ਼ੇ ਦਾ ਹਥ ਫੜ ਕੇ ਆਂਹਦੀ ਏ, "ਹੋਰ ਮੈਂ ਤੈਨੂੰ ਕੀ ਪੜ੍ਹਾਵਾਂ ? ਮੈਨੂੰ ਸਾਰੀ ਨੂੰ ਤਾਂ ਤੂੰ ਪੜ੍ਹ ਲਿਐ !"

ਸਾਹਿਬਾਂ ਦੀਆਂ ਉਂਗਲਾਂ ਵਿੱਚੋਂ ਸਬਕਾਂ ਦੇ ਸਬਕ ਉਹਦੇ ਅੰਦਰ ਰਚਦੇ ਜਾਂਦੇ ਨੇ — ਤੇ ਉਹ ਜਾਗ ਪੈਂਦੈ। ਪਰ ਖ਼ਾਬ ਨਾਲੋਂ ਜਾਗ ਫਿੱਕੀ ਵੇਖ ਕੇ ਉਹ ਫੇਰ ਅੱਖਾਂ ਮੀਟ ਲੈਂਦਾ ਹੈ।

"ਕਿਉਂ ਮਿਰਜ਼ਿਆ ! ਪੜ੍ਹ ਪੜ੍ਹ ਕੇ ਅਜੇ ਤੂੰ ਰੱਜਿਆ ਨਹੀਂ, ਫੇਰ ਆ ਗਿਐਂ ?"

ਸਾਹਿਬਾਂ ਉਹਨੂੰ ਹੱਸਦੀ ਦਿਸ ਪੈਂਦੀ ਤੇ ਉਹ ਕਹਿੰਦਾ :

"ਮੈਂ ਪੜ੍ਹਨ ਨਹੀਂ ਆਇਆ, ਜੀ ਤੇਰੇ ਨਾਲ ਘੋੜੀ ਤੇ ਚੜ੍ਹ ਕੇ ਉੱਡਣ ਨੂੰ ਕਰਦੈ। ਘੋੜੀ ਲੈ ਕੇ ਆਇਆ ਆਂ, ਸੈਹਬਾਂ ! ਬਹਿ ਜਾ ਮੇਰੇ ਪਿੱਛੇ।" ਤੇ ਉਹ ਜ਼ਮੀਨ ਉੱਤੇ ਨਹੀਂ, ਅਸਮਾਨਾਂ ਉੱਤੇ ਉਡਦੇ ਰਹਿੰਦੇ।

ਇਹ ਵਰ੍ਹਾ ਮਿਰਜ਼ੇ ਤੇ ਸਾਹਿਬਾਂ ਦੀ ਉਮਰ ਦਾ ਅਤਿ ਮਿੱਠਾ ਵਰ੍ਹਾ ਸੀ। ਦਿਨ ਦੀਆਂ ਰੀਝਾਂ ਰਾਤੀਂ ਤਾਰੇ ਬਣ ਕੇ ਸੁਪਨਿਆਂ ਵਿਚ ਟਿਮ ਟਿਮ ਕਰਦੀਆਂ ਸਨ; ਜ਼ਿਮੀਂ ਅਸਮਾਨ ਰੰਗੇ ਗਏ, ਦੋ ਬਾਲ-ਰੂਹਾਂ ਇਕ ਦਾ ਹੱਥ ਦੂਜੇ ਦੇ ਮੋਢੇ ਉੱਤੇ, ਦੂਜੀ ਦਾ ਹੱਥ ਪਹਿਲੇ ਦੀ ਕਮਰ ਦੁਆਲੇ, ਜਵਾਨੀ ਦੇ ਮਸਤਾਨੇ ਗੁਲਿਸਤਾਨ ਵਿਚ ਦਾਖ਼ਲ ਹੋ ਰਹੀਆਂ ਸਨ।

ਮਿਰਜ਼ੇ ਦੇ ਪਿਓ ਨੂੰ ਖ਼ਬਰ ਮਿਲੀ ਕਿ ਮੁੰਡਾ ਪੜ੍ਹਾਈ ਵਿਚ ਚੰਗਾ ਚਲ ਰਿਹਾ ਹੈ। ਉਹ ਇਕ ਦਿਨ ਪੁੱਤਰ ਨੂੰ ਵੇਖਣ ਆਇਆ। ਪੁੱਤਰ ਦੇ ਮੋਕਲੇ ਅੰਗ ਹੁਣ ਖੁਲ੍ਹਦੇ ਦੇਖ ਕੇ ਉਹਦੇ ਅੰਦਰ ਵਖਰੀ ਕਿਸਮ ਦੀ ਤੜਪ ਉੱਠੀ।

"ਸੋਹਣਾ ਜਵਾਨ ਨਿਕਲੇਗਾ, ਮਿਰਜ਼ਾ !" ਉਹਨੂੰ ਜਚਿਆ, "ਇਹਨੂੰ ਜਵਾਨਾਂ ਦੇ ਹੁਨਰਾਂ ਵਿਚ ਤਾਕ ਕਰਾਂ।" ਉਸ ਸੋਚਿਆ, "ਤੀਰ-ਅੰਦਾਜ਼ੀ ਤੇ ਘੁੜ-ਸਵਾਰੀ ਵਿਚ ਇਹਦਾ ਸਾਨੀ ਕੋਈ ਨਾ ਹੋਵੇ। ਇੱਕੋ ਮੇਰਾ ਪੁੱਤਰ ਦਸਾਂ ਉੱਤੇ ਭਾਰੂ ਹੋਵੇ, ਕੋਈ ਦੁਸ਼ਮਣ ਕੰਨ ਨਾ ਫਰਕੇ।"

ਤੇ ਓਸ ਨੇ ਆਪਣੀ ਸਾਲੀ ਬੀਬੋ ਨਾਲ ਗੱਲ ਕੀਤੀ। ਬੀਬੋ ਨੇ ਇਕ ਵਰ੍ਹਾ ਹੋਰ ਪੜ੍ਹਦੇ ਰਹਿਣ ਦੀ ਸਲਾਹ ਦਿੱਤੀ।

"ਨਹੀਂ ਬੀਬੋ", ਬਿੰਜਲ ਖਰਲ ਨੇ ਸਿਰ ਫੇਰਿਆ, "ਇਹਨੂੰ ਕਿਹੜਾ ਅਸਾਂ ਮੌਲਵੀ ਫ਼ਾਜ਼ਲ ਬਣਾਨਾ ਏਂ, ਬਥੇਰਾ ਪੜ੍ਹ ਲਿਆ ਸੂ। ਜ਼ਮੀਨਾਂ ਵਾਲੇ ਦੁਸ਼ਮਣਦਾਰ ਹੁੰਦੇ ਨੇ; ਇਹਦੇ ਉੱਤੇ ਧੁੰਮਾਂ ਪਾਣ ਵਾਲੀ ਜਵਾਨੀ ਚੜ੍ਹਦੀ ਮੈਨੂੰ ਦਿਸਦੀ ਏ, ਇਹਨੂੰ ਮੈਂ ਤੇਗ਼-ਜ਼ਨ, ਤੀਰ-ਅੰਦਾਜ਼ ਬਣਾਵਾਂਗਾ, ਸ਼ਾਹਸਵਾਰ ਬਣਾਵਾਂਗਾ।"

ਮਿਰਜ਼ੇ ਦੇ ਦਾਨਾਬਾਦ ਚਲੇ ਜਾਣ ਦੀ ਗੱਲ ਪੱਕੀ ਹੋ ਗਈ, ਪਰ ਦੋ ਦਿਨ ਆਪਣੇ ਘਰ ਲਿਜਾ ਕੇ ਮਿਰਜ਼ੇ ਨੂੰ ਰਖਣਾ ਸਾਹਿਬਾਂ ਨੇ ਬਿੰਜਲ ਫੁੱਫੜ ਨੂੰ ਮਨਾ ਲਿਆ। ਫੁੱਫੜ ਨੂੰ ਭਾਵੇਂ ਪਿੰਡ ਕਿੰਨੇ ਹੀ ਕੰਮ ਸਨ, ਪਰ ਸਾਹਿਬਾਂ ਬੱਚੀ ਦੀ ਮੰਗ ਕਿਸੇ ਲਈ ਵੀ ਮੋੜਨੀ ਔਖੀ ਸੀ। ਬੀਬੋ ਫੁੱਫੀ ਉਹਦੀ ਔਖੀ ਤੋਂ ਔਖੀ ਗਲ ਵੀ ਮੰਨ ਕੇ ਆਂਹਦੀ ਹੁੰਦੀ ਸੀ :

"ਤੈਨੂੰ ਕੀਕਰ ਕੋਈ ਮੋੜੇ, ਸਾਹਿਬਾਂ ! ਤੇਰੇ ਮੂੰਹ ਦਾ ਬੋਲ ਬਾਹਾਂ ਵਾਂਙ ਗਲਵੱਕੜੀ ਪਾ ਲੈਂਦਾ ਏ।" ਨਿਰੇ ਬੋਲ ਵਿੱਚੋਂ ਹੀ ਨਹੀਂ, ਉਹਦੀਆਂ ਅੱਖਾਂ ਵਿੱਚੋਂ ਵੀ ਗਲਵੱਕੜੀ ਵਰਗਾ ਕੁਝ ਲਿਸ਼ਕਦਾ ਸੀ। ਜਦੋਂ ਕਿਸੇ ਨੂੰ ਉਚੇਚਾ ਕੁਝ ਉਹ ਮੰਨਾਉਣਾ ਚਾਹੁੰਦੀ, ਉਹਦੀਆਂ ਫੁੱਲਾਂ ਵਾਂਙ ਟਹਿਕਦੀਆਂ ਅੱਖੀਆਂ ਵਿੱਚੋਂ ਚਾਵਾਂ ਭਰੀ ਜਿੰਦ ਤਿੱਤਲੀ ਵਾਂਙ ਛੁਹਦੀ, ਮਿੱਠਾ ਮਿੱਠਾ ਕੁਝ ਛੱਡ ਜਾਂਦੀ ਸੀ।

ਦੋ ਦਿਨ ਉਹ ਦੋਵੇਂ ਇਕ ਪਲ ਨਾ ਵਿਛੜੇ, ਇਕੱਠੀ ਦੋਹਾਂ ਨੇ ਰੋਟੀ ਖਾਧੀ।

"ਸੈਹਬਾਂ ! ਆਪਣੀ ਕਿਤਾਬ ਚੋਂ ਉਹ ਕਹਾਣੀਆਂ ਸੁਣਾ ਜਿਹੜੀਆਂ ਤੈਨੂੰ ਚੰਗੀਆਂ ਲਗਦੀਆਂ ਨੇ।" ਮਿਰਜ਼ੇ ਨੇ ਮੰਗਿਆ।

ਸਾਹਿਬਾਂ ਕਿਤਾਬ ਕੱਢ ਲਿਆਈ। ਵਰਕੇ ਫੋਲ ਕੇ ਓਸ ਇਕ ਕਹਾਣੀ ਸੁਣਾਈ, ਕਿਸੇ ਪਿਆਰ-ਪੁਤਲੀ

ਸ਼ਹਿਜ਼ਾਦੀ ਦੀ ਕਹਾਣੀ ਸੀ।

"ਤੂੰ ਤੇ ਸੈਹਬਾਂ ! ਐਉਂ ਪੜ੍ਹੀ ਏ ਜਿਉਂ ਇਹ ਤੇਰੀ ਹੀ ਕਹਾਣੀ ਹੁੰਦੀ ਏ।" ਬੁਤ ਹੋਇਆ ਸੁਣਦਾ ਮਿਰਜ਼ਾ ਕਹਾਣੀ ਮੁੱਕਣ ਉੱਤੇ ਚੌਂਕਿਆ।

"ਮਿਰਜ਼ਾ ਜਿਹਾ ਨਾ ਹੋਵੇ ਸੀਏ," ਸਾਹਿਬਾਂ ਨੇ ਉਹਦੀ ਠੋਡੀ ਉੱਤੇ ਉਂਗਲ ਧਰ ਕੇ ਓਸ ਅੰਦਾਜ਼ ਵਿਚ ਆਖਿਆ, ਜਿਹੜਾ ਬਚੀਉਂ ਇਕਾ ਇਕ ਜਵਾਨ ਹੁੰਦੀ ਪਿਆਰ-ਚੁਣੀ ਕਿਸੇ ਕੁੜੀ ਦਾ ਹੀ ਹੋ ਸਕਦਾ ਹੈ।

"ਸੈਹਬਾਂ ! ਹੋਰ ਸੁਣਾ।" ਸਾਹਿਬਾਂ ਦੀ ਲਿਆਕਤ ਦਾ ਰਸ਼ਕ ਕਰਦੇ ਮਿਰਜ਼ੇ ਨੇ ਤਰਲਾ ਕੀਤਾ।

ਇਕ, ਦੋ, ਤਿੰਨ, ਤੇ ਪੂਰੀਆਂ ਚਾਰ ਕਹਾਣੀਆਂ ਸਾਹਿਬਾਂ ਨੇ ਸੁਣਾਈਆਂ, ਸੁਣਾਉਂਦੀ ਸੁਣਾਉਂਦੀ ਦੇ ਦਿਲ ਵਿਚ ਪਤਾ ਨਹੀਂ ਕੀ ਆਇਆ, ਕਿਤਾਬ ਉਹਨੇ ਠੱਪ ਦਿੱਤੀ, ਤੇ ਮਿਰਜ਼ੇ ਦੇ ਮੋਢੀਂ ਹੱਥ ਰੱਖ ਕੇ ਪੁੱਛਣ ਲੱਗੀ :

"ਅੜਿਆ ਦਸ ਮਿਰਜ਼ਿਆ ! ਕਦੇ ਸੈਹਬਾਂ ਨੂੰ ਯਾਦ ਵੀ ਕਰੇਂਗਾ ?"

ਬੰਦ ਕਮਰੇ ਦੀ ਕੋਈ ਬਾਰੀ ਚੌਪੱਟ ਖੁਲ੍ਹ ਜਾਇਆਂ ਜਿਉਂ ਚਾਨਣ ਦਾ ਹੜ੍ਹ ਅੱਖਾਂ ਚੁੰਧਿਆ ਦੇਂਦਾ ਹੈ, ਅੰਦਰੋਂ ਥਰਕਦੇ ਮੁੰਡੇ ਦੇ ਬੁਲ੍ਹਾਂ ਚੋਂ ਕੋਈ ਜਵਾਬ ਨਾ ਨਿਕਲ ਸਕਿਆ।

"ਤਾਂ ਤੂੰ ਮਿਰਜ਼ਿਆ, ਮੈਨੂੰ ਉੱਕਾ ਈ ਭੁਲ ਜਾਏਂਗਾ ?" ਵਿੱਚੋਂ ਸਭ ਕੁਝ ਜਾਣਦੀ ਨੇ ਉੱਪਰੋਂ ਬਣ ਕੇ ਪੁਛਿਆ।

"ਕਿਹੜੀ ਗਲ ਸੈਹਬਾਂ, ਮੈਂ ਤੇਰੀ ਭੁਲ ਜਾਵਾਂਗਾ !" ਆਖ਼ਰ ਬੁਲ੍ਹ ਖੁਲ੍ਹ ਹੀ ਪਏ।

ਸਾਹਿਬਾਂ ਨੇ ਉਹਨਾਂ ਬੁਲ੍ਹਾਂ ਵਲ ਤੱਕਿਆ — ਹਲਕੀ ਜਹੀ ਕੰਬਣੀ ਸੀ ਉਹਨਾਂ ਵਿਚ। ਬੁਲ੍ਹਾਂ ਤੋਂ ਉੱਪਰ ਓਸ ਨੇ ਅੱਖਾਂ ਵਿਚ ਤੱਕਿਆ, ਪਤਲਾ ਜਿਹਾ ਪਾਣੀ ਸੀ ਉਹਨਾਂ ਵਿਚ। ਮਤੇ ਉਹ ਫਿਸ ਪਏ, ਸਾਹਿਬਾਂ ਨੇ ਗੱਲੀਂ ਲਾਉਣ ਲਈ ਪੁਛਿਆ :

"ਭਲਾ ਦਸ ਖ਼ਾਂ, ਕੀ ਮੇਰਾ ਤੈਨੂੰ ਬਹੁਤਾ ਯਾਦ ਰਹੇਗਾ ?" ਤੇ ਦੋਹਾਂ ਹੱਥਾਂ ਵਿਚ ਉਹ ਉਹਦਾ ਹੱਥ ਝੱਸਣ ਲਗ ਪਈ।

"ਆਪਣੇ ਲੱਕ ਦੁਆਲੇ ਤੇਰਾ ਹੱਥ.........ਨਹੀਂ ਨਹੀਂ, ਤੇਰਾ ਮੈਨੂੰ ਪੜ੍ਹਾਣ ਆਉਣਾ — ਨਹੀਂ ਇਹ ਵੀ ਨਹੀਂ — ਸਭ ਤੋਂ ਬਹੁਤਾ ਤੇਰਾ ਮੈਨੂੰ ਪੁੱਛਣਾ ਕਿ ਰਾਤੀਂ ਕਿਹੜਾ ਸੁਪਨਾ ਮੈਨੂੰ ਆਇਆ ਸੀ, ਤੇ ਸੁਣ ਕੇ ਜਿਹੋ ਜਿਹਾ ਮੂਹ ਤੇਰਾ ਹੁੰਦਾ ਸੀ, ਉਹ ਮੈਨੂੰ ਦਿਸਦਾ ਹੀ ਰਹਿਣਾ ਏ.........ਨਹੀਂ ਸੈਹਬਾਂ ਨਹੀਂ — ਸੱਚੀ ਦੱਸਾਂ — ਮੈਨੂੰ ਪਤਾ ਨਹੀਂ ਮੈਂ ਕੀ ਤੇਰਾ ਯਾਦ ਕਰਾਂਗਾ — ਪਰ ਮੈਨੂੰ ਪਤਾ ਏ ਮੈਂ ਤੈਨੂੰ ਭੁਲਾਣਾ ਕਦੀਏ ਨਹੀਂ।"

ਦੂਜੇ ਭਲਕ ਛਾਹ ਵੇਲਾ ਖਾ ਕੇ ਬਿੰਜਲ ਖਰਲ ਘੋੜੀ ਉੱਤੇ ਚੜ੍ਹ ਬੈਠਾ। ਮਿਰਜ਼ਾ ਮਾਸੀ ਦੇ ਗਲ ਲਗ ਕੇ, ਸਾਹਿਬਾਂ ਨੂੰ ਬੋਝੇ ਚੋਂ ਕੱਢ ਕੇ ਆਪਣਾ ਚਾਕੂ ਨਿਸ਼ਾਨੀ ਫੜਾ ਰਿਹਾ ਸੀ ਕਿ ਪਿਓ ਨੇ ਛੇਤੀ ਕਰਨ ਲਈ ਆਖਿਆ। ਮਸਾਂ ਮਸਾਂ ਪੈਰ ਪੁਟਦਾ ਤੇ ਮੁੜ ਮੁੜ ਸਾਹਿਬਾਂ ਵਲ ਤੱਕਦਾ ਮਿਰਜ਼ਾ ਪਿਓ ਦੇ ਪਿੱਛੇ ਬਹਿ ਗਿਆ। ਘੋੜੀ ਨੂੰ ਬਿੰਜਲ ਨੇ ਅੱਡੀ ਛੁਹਾਈ, ਮਿਰਜ਼ੇ ਦਾ ਮੂੰਹ ਪਿਛਾਂਹ ਹੀ ਭੌਂਵਿਆ ਰਿਹਾ, ਜਿੰਨਾ ਚਿਰ ਪਿਓ ਨੇ ਝਿੜਕ ਕੇ ਨਹੀਂ ਆਖਿਆ :

"ਆਪਣੇ ਭਾਰ ਸੰਭਲ ਕੇ ਬਹੁ ਖ਼ਾਂ।"

ਤੇ ਹੁਣ ਸਾਹਿਬਾਂ ਉਹਨੂੰ ਦਿਸਣੋਂ ਵੀ ਹਟ ਗਈ ਸੀ।

ਦਾਨਾਬਾਦ ਪਹੁੰਚਦਿਆਂ ਹੀ ਬਿੰਜਲ ਖਰਲ ਨੇ ਕਈ ਉਸਤਾਦ ਬੁਲਾ ਕੇ ਮਿਰਜ਼ੇ ਦੀ ਸੌਂਪਣਾ ਕਰ ਦਿੱਤੀ।

"ਤਾਂ ਜਾਣਾ ਤੁਹਾਡੀ ਉਸਤਾਦੀ," ਬੜੇ ਇਨਾਮਾਂ, ਕਰਾਮਾਂ ਦਾ ਲਾਲਚ ਦੇ ਕੇ ਓਸ ਆਖਿਆ, "ਜੇ ਮਿਰਜ਼ੇ ਵਰਗਾ ਨਾ ਤੀਰਅੰਦਾਜ਼ ਤੇ ਨਾ ਘੁੜਸਵਾਰ ਸਾਰੇ ਇਲਾਕੇ ਵਿਚ ਕੋਈ ਹੋਵੇ।"

"ਇਨਸ਼ਾ ਅੱਲਾਹ !" ਉਸਤਾਦਾਂ ਨੇ ਮਿਰਜ਼ੇ ਦਾ ਜੁੱਸਾ ਟੋਹ ਟਾਹ ਕੇ ਉਹਦੇ ਨਾਲ ਦਸਤ-ਪਜਾ ਲਿਆ।

"ਬੜੀ ਜਾਨ ਏ, ਖ਼ਾਨ, ਇਹਦੀਆਂ ਬਾਹਵਾਂ ਵਿਚ," ਉਹਨਾਂ ਨੇ ਪਿਓ ਨੂੰ ਯਕੀਨ ਦੁਆ ਦਿਤਾ ।

ਪਿਉ ਦੇ ਤਬੇਲੇ ਚੋਂ ਬੱਕੀ ਉਹਦੀ ਸਵਾਰੀ ਲਈ ਚੁਣੀ ਗਈ । ਇਹਦਾ ਅਸਲੀ ਨਾਂ 'ਅਰਬੀ ਸ਼ਹਿਜ਼ਾਦੀ' ਸੀ, ਪਰ ਮਿਰਜ਼ੇ ਤੋਂ ਛੋਟੀ ਭੈਣ ਤੋਤਲ ਮਾਰਦੀ ਇਹਨੂੰ 'ਬੱਕੀ' 'ਬੱਕੀ' ਕਹਿਣ ਲਗ ਪਈ ਸੀ । ਬੱਕੀ ਕੱਦ ਦੀ ਛੋਟੀ, ਸਿਰ ਅਕਲ ਨਾਲ ਭਰਿਆ, ਚੌੜਾ ਮੱਥਾ, ਮੋਟੀਆਂ ਅੱਖਾਂ ਤੇ ਖੁਲ੍ਹੀਆਂ ਨਾਸਾਂ, ਮੌਢੇ ਢਾਲਵੇਂ, ਪਿੱਠ ਛੋਟੀ ਤੇ ਤਕੜੀ, ਪੈਰ ਨਿੱਕੇ ਤੇ ਪੱਕੇ, ਉੱਡ ਜਾਣਾ ਉਹਦੀ ਵਾਦੀ ਸੀ। ਹਰ ਕੋਈ ਉਹਦੀ ਸਵਾਰੀ ਨਹੀਂ ਸੀ ਕਰ ਸਕਦਾ, ਪਰ ਮਿਰਜ਼ੇ ਨੂੰ ਓਸ ਨੇ ਪਹਿਲੀ ਨਜ਼ਰ ਹੀ ਮਨਜ਼ੂਰ ਕਰ ਲਿਆ । ਉਹ ਹੁਣ 'ਮਿਰਜ਼ੇ ਦੀ ਬੱਕੀ' ਸੱਦੀ ਜਾਣ ਲਗ ਪਈ — ਸਿਰਫ਼ ਬਿੰਜਲ ਹੀ ਉਹਨੂੰ 'ਅਰਬੀ ਸ਼ਹਿਜ਼ਾਦੀ' ਆਖਦਾ ਸੀ ।

ਤੀਰਅੰਦਾਜ਼ੀ ਦਾ ਉਸਤਾਦ ਵੀ ਮਿਰਜ਼ੇ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣ ਲਗ ਪਿਆ ।

"ਅਜੇ ਵਰ੍ਹਾ ਨਹੀਂ ਹੋਇਆ ਸਿਖਦਿਆਂ, ਕੀ ਉਮਰ ਏ ਜਾਤਕੇ ਦੀ ! ਹੋਰ ਚਹੁੰ ਵਰ੍ਹਿਆਂ ਨੂੰ ਵੇਖਣਾ, ਜੇ ਅੱਖਾਂ ਮੀਟ ਕੇ ਏਸ ਨਿਸ਼ਾਨੇ ਨਾ ਫੁੰਡੇ ।"

ਵਰ੍ਹੇ ਬੀਤਦੇ ਗਏ । ਮਿਰਜ਼ਾ ਤੇ ਉਹਦੀ ਬੱਕੀ ਲਾਗੇ ਚਾਗੇ ਦੀ ਕਹਾਣੀ ਬਣ ਗਏ । ਤ੍ਰਿੰਝਣਾਂ ਵਿਚ ਮੁਟਿਆਰਾਂ ਮਿਰਜ਼ੇ ਬਾਰੇ ਗੌਣ ਗਾਉਂਦੀਆਂ, ਬੱਕੀ ਦੀ ਤੋਰ ਵਲ ਲੋਕ ਤੱਕਦੇ ਰਹਿ ਜਾਂਦੇ ।

ਸੁਪਨਿਆਂ ਵਾਲੀ ਘੋੜੀ ਤਾਂ ਮਿਰਜ਼ੇ ਹੇਠ ਆ ਗਈ, ਸੁਪਨਿਆਂ ਵਾਲੀ ਮਲਕਾ, ਉਹ ਸੋਚਦਾ, ਕਦੋਂ ਉੱਤੇ ਚੜ੍ਹੇਗੀ । "ਅਲਫ਼ ਲੈਲਾ" ਦੀ ਕਿਤਾਬ ਏਸ ਮਲਕਾ ਨੇ ਉਹਨੂੰ ਨਿਸ਼ਾਨੀ ਦਿੱਤੀ ਸੀ । ਜਦੋਂ ਕਦੇ ਉਹਦੇ ਉਸਤਾਦ ਢਿਲੇ ਮੱਠੇ ਹੁੰਦੇ, ਉਹ ਸਾਹਿਬਾਂ ਕੋਲੋਂ ਸੁਣੀਆਂ ਕਹਾਣੀਆਂ ਕਿਤਾਬ ਚੋਂ ਪੜ੍ਹਦਾ; ਤੇ ਓਸ ਰਾਤੀਂ ਉਹ ਕਹਾਣੀ ਦਾ ਸ਼ਹਿਜ਼ਾਦਾ ਬਣ ਜਾਂਦਾ । ਬੱਕੀ ਉਹਦੇ ਹੇਠਾਂ ਤੇ ਸਾਹਿਬਾਂ ਨੂੰ ਟੋਲਦਾ ਉਹ ਉਡਦਾ ਫਿਰਦਾ ।

ਕਈ ਵਾਰੀ ਉਹਦੇ ਜੀ ਵਿਚ ਆਇਆ ਉਹ ਸਿਆਲੀਂ ਜਾ ਨਿਕਲੇ, ਪਰ ਉਹਦੇ ਉਸਤਾਦਾਂ ਦਾ ਆਪਸ ਵਿਚ ਮੁਕਾਬਲਾ ਸੀ, ਕਿਦ੍ਹੇ ਹੁਨਰ ਵਿਚ ਮਿਰਜ਼ਾ ਪਹਿਲਾਂ ਤਾਕ ਹੁੰਦਾ ਹੈ । ਬੜਾ ਉੱਚਾ ਟੀਚਾ ਬਿੰਜਲ ਖ਼ਾਨ ਨੇ ਉਹਨਾਂ ਸਾਹਮਣੇ ਰੱਖ ਦਿੱਤਾ ਸੀ । ਉਸਤਾਦ ਉਹਨੂੰ ਕਦੇ ਛੁੱਟੀ ਨਾ ਦੇਂਦੇ ।

ਬੱਕੀ ਦੀ ਇਕ ਛੂਟ ਉੱਤੇ ਝੰਗ ਸਿਆਲ ਸਨ । ਦਿਲ ਉਥੇ ਵਸਦਿਆਂ ਵੀ ਉਹ ਆਪੀਂ ਪੁੱਜ ਨਾ ਸਕਿਆ, ਪਰ ਉਹਨੂੰ ਸੋਆਂ ਪਹੁੰਚਦੀਆਂ ਸਨ ਕਿ ਸਿਆਲਾਂ ਵਿਚ ਹੁਸਨ ਦੀ ਨੈਂ ਚੜ੍ਹ ਰਹੀ ਹੈ । ਪਤਲੀ ਲੰਮੀ ਬਾਲੜੀ ਹੁਣ ਮੁਟਿਆਰ ਹੋ ਗਈ ਸੀ – ਜ਼ੁਲਫ਼ਾਂ ਵਿਚ ਕੋਈ ਜਾਦੂ ਵਸ ਗਿਆ ਸੀ, ਰਾਤ-ਕਾਲੀਆਂ ਅੱਖਾਂ ਵਿਚ ਤਾਰੇ ਬਲ ਉੱਠੇ ਸਨ, ਬੁੱਲ੍ਹੀਆਂ ਭਰ ਕੇ ਬੁਲ੍ਹ ਬਣ ਗਈਆਂ, ਪਰ ਉਹਨਾਂ ਦੇ ਕੰਡਲਾਂ ਦੀਆਂ ਲਕੀਰਾਂ ਦੋਹੀਂ ਪਾਸੀਂ ਧਾਰ ਵਾਂਙ ਬਰੀਕ ਹੋ ਗਈਆਂ ਸਨ, ਉਹਦੇ ਦਿਲ ਦੀਆਂ ਉਮੰਗਾਂ ਕਾਹਲੀਆਂ ਪੈ ਕੇ ਸੀਨੇ ਉੱਤੇ ਉਭਰ ਆਈਆਂ ਸਨ, ਤੇ ਉਹਦੀ ਬਾਲ-ਬੋਲੀ ਦਾ ਇਕ-ਤਾਰਾ ਸਿਤਾਰ ਦੀ ਗੰਭੀਰ ਲੈ ਵਿਚ ਛਲਕ ਪਿਆ ਸੀ, ਜਿਦ੍ਹੀ ਕੰਨੀਂ ਉਹਦਾ ਬੋਲ ਪੈਂਦਾ, ਉਹਦੇ ਅੰਦਰ ਕੋਈ ਗੁੱਝੀ ਤਮੰਨਾ ਝੁਣ-ਝੁਣਾ ਉੱਠਦੀ ।

ਸਾਹਿਬਾਂ ਜਵਾਨ ਹੋ ਗਈ, ਜ਼ਿੰਦਗੀ ਦਾ ਸਹਿਰਾ ਸਾਗਰ ਬਣ ਕੇ ਲਹਿਰੋ ਲਹਿਰ ਹੋ ਗਿਆ ।

ਭੂਆ ਬੀਬੋ ਦੇ ਘਰ ਉਹ ਰੋਜ਼ਾਨਾ ਜਾਂਦੀ । ਭੂਆ ਕਈ ਵਾਰੀ ਦਾਨਾਬਾਦੋਂ ਹੋ ਆਈ ਸੀ, ਮਿਰਜ਼ੇ ਨੂੰ ਮਿਲ ਆਈ ਸੀ । "ਕੇਡਾ ਸੋਹਣਾ ਨਿਕਲਿਆ ਏ," ਭੂਆ ਦੇ ਮੂੰਹੋਂ ਸੁਣ ਸੁਣ ਉਹ ਨਸ਼ਿਆ ਜਾਂਦੀ ।

"ਭੂਆ ਤੂੰ ਆਖਿਆ ਨਾ, ਕਦੇ ਝਟ ਦਾ ਝਟ ਉਹ ਸਿਆਲੀਂ ਹੋ ਜਾਏ ?"

"ਉਹ ਤਾਂ ਆਉਣ ਨੂੰ ਸਹਿਕਦਾ ਸੀ – ਪਰ ਭਾਈਏ ਖ਼ਾਨ ਦੇ ਸਿਰ ਖ਼ਬਤ ਸਵਾਰ ਏ, ਮਿਰਜ਼ੇ ਵਰਗਾ ਕੋਈ ਸ਼ਾਹਸਵਾਰ ਨਾ ਹੋਵੇ, ਨਾ ਤੀਰਅੰਦਾਜ਼ ਨਾ ਤੇਗ-ਜ਼ਨ ਹੋਵੇ । ਉਹਦੇ ਉਸਤਾਦ ਹਰ ਵੇਲੇ ਉਹਦੇ ਨਾਲ

ਚੰਬੜੇ ਰਹਿੰਦੇ ਨੇ।"

"ਕੀ ਭੂਆ ਉਹਨੂੰ ਯਾਦ ਹੈਸੀ ਕਦੇ ਮੈਂ ਵੀ ਉਹਦੀ ਉਸਤਾਦ ਸਾਂ ?" ਸਾਹਿਬਾਂ ਪੁੱਛਦੀ।

"ਯਾਦ ਪੁਛਨੀ ਏਂ ? ਉਹ ਤੇਰੀ ਕਿਤਾਬ ਚੁੱਕ ਮੇਰੇ ਕੋਲ ਲੈ ਆਇਆ – ਤੂੰਏਂ ਉਹਨੂੰ ਦਿੱਤੀ ਹੋਣੀ ਏਂ। ਕਹਿੰਦਾ ਸੀ, 'ਘੜੀ ਕੱਢਾਂ, ਪਲ ਕੱਢਾਂ, ਇਕ ਅੱਧੀ ਕਹਾਣੀ ਇਹਦੀ ਮੈਂ ਰੋਜ਼ ਪੜ੍ਹ ਲੈਨਾ ਆਂ – ਸਾਹਿਬਾਂ ਨੂੰ ਭੂਆ ਦਸ ਦੇਈਂ" ।'

ਕੇਡੀ ਕੇਡੀ ਰਾਤ ਸਾਹਿਬਾਂ ਸੌਂ ਨਾ ਸਕਦੀ। ਸੋਚਦੀ ਰਹਿੰਦੀ, ਮਿਰਜ਼ਾ ਕਿਹੋ ਜਿਹਾ ਲਗਦਾ ਹੋਵੇਗਾ। ਕੀ ਜੇ ਉਹ ਆਵੇ ਤਾਂ ਹੁਣ ਵੀ ਉਹਦੇ ਲਕ ਦੁਆਲੇ ਉਹ ਬਾਂਹ ਫੇਰ ਸਕੇਗੀ ? ਤੇ ਉਹਨੂੰ ਕੀ ਹੋਵੇ ਅੱਜ ਜੇ ਮਿਰਜ਼ਾ ਉਹਦੇ ਮੋਢੇ ਉੱਤੇ ਹੱਥ ਧਰ ਦੇਵੇ ... ਉਹ ... ਉਹ ... ਉਹ ਸਾਰੀ ਥਰਕ ਪੈਂਦੀ ਤੇ ਆਂਹਦੀ, "ਉਹ ਮਿਰਜ਼ਿਆ ! ਇਕ ਵਾਰੀ ਆ ਜਾ ਖ਼ਾਂ, ਮੈਂ ਵੇਖਾਂ ਹੁਣ ਮੈਂ ਤੈਨੂੰ ਕਿਹੋ ਜਹੀ ਲਗਨੀ ਆਂ ?"

ਉਹਦੀ ਅੱਖ ਲਗ ਜਾਂਦੀ ਮਿਰਜ਼ਾ ਆ ਜਾਂਦਾ ਤੇ ਘੋੜੀ ਉੱਤੇ ਚੜ੍ਹਾ ਕੇ ਬਦਲਾਂ ਦੇ ਉੱਪਰ ਉੱਡ ਜਾਂਦਾ।

ਸਾਹਿਬਾਂ ਦੇ ਵਿਆਹ ਦੀਆਂ ਗੱਲਾਂ ਹੋਣ ਲੱਗ ਪਈਆਂ। ਕਈਆਂ ਨੂੰ ਖ਼ਿਆਲ ਆਇਆ, ਤੇ ਬੀਬੋ ਨੇ ਇਕ ਵਾਰੀ ਆਪਣੀ ਮਾਂ ਨੂੰ ਵੀ ਆਖ ਦਿੱਤਾ ਕਿ ਮਿਰਜ਼ੇ ਜਿਹਾ ਮੁੰਡਾ ਢੂੰਡਿਆਂ ਕੋਈ ਲੱਭਣਾ ਨਹੀਂ। ਮਾਂ ਨੂੰ ਵੀ ਗੱਲ ਚੰਗੀ ਲੱਗੀ, ਉਸ ਨੇ ਸਾਹਿਬਾਂ ਦੇ ਬਾਬੇ ਖੀਵਾ ਖ਼ਾਨ ਦੀ ਮਰਜ਼ੀ ਪੁੱਛੀ। ਪਰ ਖੀਵਾ ਖ਼ਾਨ ਡੂੰਘੀਆਂ ਗਿਣਤੀਆਂ ਵਾਲਾ ਆਦਮੀ ਸੀ।

"ਭੋਲੀ ਮਲਕੀ, ਇੱਕੋ ਇਕ ਸਾਡੀ ਧੀ ਏ। ਇਹਦੇ ਰਾਹੀਂ ਕੋਈ ਹੋਰ ਵੱਡਾ ਘਰ ਕਿਉਂ ਨਾ ਅਪਣਾਈਏ, ਬਿੰਜਲ ਦਾ ਘਰ ਤਾਂ ਸਾਡਾ ਹੋਇਆ ਈ।"

"ਫੇਰ ਤੂੰ ਕੀ ਸੋਚਿਐ ? ਸੈਹਬਾਂ ਹੁਣ ਵਿਆਹੁਣ ਜੋਗ ਏ।"

"ਚੰਦੜ ਸਾਡੇ ਸਾਨੀ ਨੇ, ਕੁਝ ਆਕੜੇ ਵੀ ਰਹਿੰਦੇ ਨੇ। ਤਾਹਰ ਉਹਨਾਂ ਦਾ ਪੁੱਤ ਜਵਾਨ ਵੀ ਏ। ਜੇ ਏਸ ਘਰ ਸਾਕ ਹੋ ਜਾਏ, ਤਾਂ ਜਾਣੋ ਸਾਰਾ ਇਲਾਕਾ ਹੀ ਆਪਣਾ ਹੋ ਗਿਆ।"

ਬਾਬੇ ਦੀ ਇਹ ਸਲਾਹ ਸੁਣ ਕੇ ਸਾਹਿਬਾਂ ਬੜਾ ਵਿਲਕੀ। ਭੂਆ ਬੀਬੋ ਦੇ ਘਰ ਜਾ ਕੇ ਰੋਈ। ਓਸ ਦਿਲਾਸਾ ਦਿੱਤਾ, ਦਸਿਆ, ਉਹ ਆਪਣੇ ਪਿਓ ਨਾਲ ਜ਼ੋਰ ਵੀ ਲਾ ਆਈ ਸੀ, ਪਰ ਪਿਓ ਚੰਦੜਾਂ ਤੇ ਵਿਛਿਆ ਪਿਆ ਹੈ। ਕਿਸੇ ਦੀ ਓਸ ਕਦੇ ਸੁਣੀ ਨਹੀਂ।

"ਭੂਆ ! ਤੂੰ ਮਿਰਜ਼ੇ ਨੂੰ ਜਾ ਕੇ ਆਖ, ਉਹ ਆਪਣੇ ਮਾਂ ਪਿਉ ਦਾ ਜ਼ੋਰ ਪਾਏ। ਏਥੋਂ ਤੂੰ ਤੇ ਫੁੱਫੜ ਹੋ ਜਾਈਓ। ਫੇਰ ਵੀ ਭਲਾ ਬਾਬਾ ਨਾ ਮੰਨੇਗਾ ?"

ਬੀਬੋ ਦਾਨਾਬਾਦ ਗਈ। ਭੈਣ ਭਣੂਜੇ ਨਾਲ ਸਲਾਹ ਮੇਲੀ। ਪਰ ਭੈਣ ਆਪਣੇ ਪਿਓ ਦੀ ਜਾਣੂ ਸੀ, ਤੇ ਭਣੂਜਾ ਬੜਾ ਅਣਖੀ ਸੀ।

"ਚੰਦੜਾਂ ਦਾ ਸੁਆਦ ਵੀ ਖੀਵਾ ਵੇਖ ਲਵੇ, ਮੈਂ ਤਾਂ ਬੀਬੋ ਜਾਣਾ ਨਹੀਉਂ," ਬਿੰਜਲ ਨੇ ਉੱਕੀ ਨਾਂਹ ਕਰ ਦਿੱਤੀ। ਅਖ਼ੀਰ ਬੀਬੋ ਨੇ ਮਿਰਜ਼ੇ ਨੂੰ ਸਮਝਾਇਆ, ਉਹ ਆਪ ਚਲ ਕੇ ਆਖੇ ਕਿ ਸਾਹਿਬਾਂ ਉੱਤੇ ਉਹਦਾ ਹੱਕ ਪਹਿਲਾਂ ਬਣਦਾ ਹੈ।

"ਜ਼ਰਾ ਢਿਲ ਨਾ ਲਾਈਂ ਸੋਹਣਿਆ ! ਨਾਈ ਚੰਧੜਾਂ ਦੇ ਜਾਣ ਹੀ ਵਾਲਾ ਈ, ਤੇ ਸਾਹਿਬਾਂ ਨੂੰ ਖਾਣਾ ਪੀਣਾ ਸਭ ਭੁਲਿਆ ਹੋਇਐ।"

ਮਿਰਜ਼ੇ ਨੂੰ ਤੀਰ ਘੋੜੀਆਂ ਸਭ ਵਿਸਰ ਗਏ। ਮਾਸੀ ਦੇ ਮਗਰੇ ਮਗਰ ਉਹ ਸਿਆਲੀਂ ਪਹੁੰਚ ਪਿਆ।

ਵੇਖਣ ਸੁਣਨ ਵਿਚ ਫ਼ਰਕ ਸੀ। ਝੰਗ ਸਿਆਲਾਂ ਦੀਆਂ ਕੰਧਾਂ ਵੀ ਉਡ਼ ਉਡ਼ ਮਿਰਜ਼ੇ ਨੂੰ ਸਿਹਾਣਦੀਆਂ

ਦਿਸਦੀਆਂ ਸਨ। ਕੋਠਿਆਂ ਉੱਤੋਂ ਕੁੜੀਆਂ ਹਥਲੇ ਕੰਮ ਛੱਡ ਸ਼ਾਹਸਵਾਰ ਨੂੰ ਤਕਦੀਆਂ ਸਨ। ਉਹਦੇ ਹਾਣੀ ਉਹਨੂੰ ਮਿਲਣ ਆਏ, ਉਹ ਆਪਣੇ ਮੌਲਵੀ ਨੂੰ ਸਲਾਮ ਕਰਨ ਗਿਆ। ਵੇਖ ਕੇ ਮੌਲਵੀ ਉੱਠ ਖੜੋਤਾ, ਜਾਤਾ ਕੋਈ ਚੌਧਰੀ ਆਇਆ ਹੈ।

"ਮਿਰਜ਼ਾ, ਤੁਹਾਡਾ ਨਾਲਾਇਕ ਸ਼ਾਗਿਰਦ।"

"ਅੱਲਾਹ – ਅੱਲਾਹ – ਸੁਬਹਾਨ ਅੱਲਾਹ – ਮਿਰਜ਼ਾ, ਮਿਰਜ਼ਾ!" ਮੌਲਵੀ ਨੇ ਜੱਫੀ ਪਾ ਲਈ। ਆਪਣੇ ਨਾਨੇ ਨੂੰ ਵੀ ਮਿਰਜ਼ਾ ਬੜਾ ਚੰਗਾ ਲੱਗਾ; ਮਾਮੀ, ਨਾਨੀ ਨੇ ਸਿਰ ਮੂੰਹ ਚੁੰਮਿਆ। ਸਾਹਿਬਾਂ ਦੀ ਹਾਲਤ ਅਜੀਬ ਹੋਈ ਹੋਈ ਸੀ। ਕਈ ਤਰ੍ਹਾਂ ਦੀ ਮਿਲਣੀ ਓਸ ਮਨ ਵਿਚ ਸੋਚੀ ਹੋਈ ਸੀ, ਪਰ ਮਿਰਜ਼ੇ ਨੂੰ ਵੇਖ ਕੇ ਨਾ ਉਹਦੇ ਹੱਥ ਉੱਠੇ ਨਾ ਬੁਲ੍ਹ ਖੁਲ੍ਹੇ – ਅਚਾਨਕ ਜਿਉਂ ਉਹਦਾ ਸੁਪਨਾ ਅੱਖਾਂ 'ਚੋਂ ਨਿਕਲ ਕੇ ਸਾਹਮਣੇ ਆ ਖਲੋਤਾ ਸੀ। ਮਿਰਜ਼ੇ ਨੇ ਉਹਦੇ ਵਲ ਤੱਕਿਆ। ਜੀ ਵਿਚ ਆਇਆ ਉਹਦੇ ਮੋਢੇ ਉੱਤੇ ਹੱਥ ਧਰ ਦੇਵੇ, ਪਰ ਇਹ ਮੋਢਾ ਉਹ ਨਹੀਂ ਸੀ, ਉਹਦਾ ਹੱਥ ਵੀ ਉਹ ਨਹੀਂ ਸੀ ਜਿਹੜਾ ਉਹ ਉਹਦੇ ਲਕ ਦੁਆਲੇ ਰੋਜ਼ ਫੇਰ ਦੇਂਦੀ ਸੀ।

"ਆਹ! ਕਿਹੋ ਜਹੇ ਹੋ ਗਏ ਨੇ ਸਾਹਿਬਾਂ ਦੇ ਮੋਢੇ, ਤੇ ਕਿਹੋ ਜਹੇ ਨੇ ਇਹਦੇ ਹੱਥ!" ਮਿਰਜ਼ਾ ਹੈਰਾਨ ਸੀ, "ਤੇ ਐਨਾ ਸਾਰਾ ਕੀ ਕੁਝ ਨਵਾਂ – ਉਹਦੀ ਹਿਕ, ਉਹਦੀ ਧੌਣ, ਉਹਦੇ ਅੰਗ ਅੰਗ ਵਿੱਚੋਂ ਝੰਮ ਝੰਮ ਕਰ ਰਿਹਾ ਸੀ।"

"ਸੈਹਬਾਂ!" ਏਨਾ ਹੀ ਉਹਦੇ ਮੂੰਹੋਂ ਨਿਕਲ ਸਕਿਆ।

"ਮਿਰਜ਼ਾ!" ਏਨਾ ਹੀ ਜਵਾਬ ਉਹ ਦੇ ਸਕੀ।

ਤੇ ਉਹ ਸਾਰੇ ਬਹਿ ਬਹਾ ਕੇ ਸਾਕਾਂ ਅੰਗਾਂ ਦੀ ਸੁਖ ਪੁੱਛਣ ਲਗ ਪਏ। ਵੇਲਾ ਲੱਭ ਕੇ ਮਿਰਜ਼ੇ ਨੇ ਆਪਣੇ ਨਾਨੇ ਨਾਲ ਦਲੇਰ ਹੋ ਕੇ ਗੱਲ ਕੀਤੀ। ਸਿਰਫ਼ ਸਾਹਿਬਾਂ ਨਾਲ ਬੋਲਣ ਲਈ ਉਹਨੂੰ ਕੋਈ ਲਫ਼ਜ਼ ਨਹੀਂ ਸਨ ਅਹੁੜੇ। ਹੋਰ ਹਰ ਕਿਸੇ ਨਾਲ ਗੱਲ ਕਰਦਾ ਉਹ ਉੱਕਾ ਨਹੀਂ ਸੀ ਝਕਦਾ, ਉਹਦੀ ਜਵਾਨੀ ਨੇ ਉਹਦੇ ਵਿਚ ਕਹਿਰਾਂ ਦੀ ਦਲੇਰੀ ਲੈ ਆਂਦੀ ਸੀ। ਪਿਓ ਨੇ ਵਰਜਿਆ ਸੀ ਉਹ ਖੀਵੇ ਖ਼ਾਨ ਕੋਲ ਨਾ ਜਾਏ।

"ਪਰ ਮੈਂ ਜਾਵਾਂ ਕਿਉਂ ਨਾ? ਸੈਹਬਾਂ ਉੱਤੇ ਮੇਰਾ ਹਕ ਸਭ ਤੋਂ ਪਹਿਲਾਂ ਏ," ਓਸ ਨਝੱਕ ਹੋ ਕੇ ਆਖਿਆ ਸੀ, ਤੇ ਨਾਨੇ ਕੋਲ ਵੀ ਓਹ ਮੂਲ ਨਾ ਸੰਗਿਆ:

"ਦੋਹਤਰਾ, ਨਾਨਾ ਜੀ, ਮੈਂ ਤੁਹਾਡਾ ਹਾਂ ਈ, ਹੁਣ ਤੁਸੀਂ ਮੈਨੂੰ ਪੁੱਤਰ ਆਪਣਾ ਬਣਾ ਲਵੋ। ਸਾਹਿਬਾਂ ਨਾਲ ਮੈਂ ਖੇਡਿਆ ਹਾਂ, ਪੜ੍ਹਿਆ ਹਾਂ। ਕਿਸੇ ਹੋਰ ਘਰ ਉਹਦਾ ਜਾਣਾ ਮੇਰੀ ਹਕ-ਤਲਫ਼ੀ ਹੋਵੇਗੀ।"

ਇਕ ਵਾਰੀ ਤਾਂ ਖੀਵਾ ਖ਼ਾਨ ਵੀ ਦੋਹਤਰੇ ਦੀ ਦਲੇਰੀ ਉੱਤੇ ਪਸੀਜ ਪਿਆ, ਪਰ ਚੰਦੜਾਂ ਨੂੰ ਉਹ ਨਾਈ ਭੇਜ ਚੁੱਕਿਆ ਸੀ, ਤੇ ਉਹਨਾਂ ਨਾਲ ਸਾਕਾਦਾਰੀ ਉੱਤੇ ਡੁਲ੍ਹਿਆ ਪਿਆ ਸੀ।

"ਪੁੱਤਰ ਮਿਰਜ਼ਿਆ! ਤੂੰ ਮੈਨੂੰ ਬੜਾ ਚੰਗਾ ਲਗਨਾ ਏਂ। ਜੇ ਸਾਹਿਬਾਂ ਦੀ ਇਕ ਵੀ ਹੋਰ ਭੈਣ ਹੁੰਦੀ, ਤਾਂ ਮੈਂ ਤੇਰੀ ਗੱਲ ਕਦੇ ਨਾ ਮੋੜਦਾ। ਹੁਣ ਮੈਂ ਚਾਹਨਾ ਆਂ, ਚੰਦੜਾਂ ਨੂੰ ਸਾਕ ਬਣਾ ਕੇ ਬੇਫ਼ਿਕਰ ਹੋ ਜਾਵਾਂ, ਫੇਰ ਕੋਈ ਸਾਡੀ ਹਵਾ ਵਲ ਨਹੀਂ ਤਕ ਸਕੇਗਾ – ਤੁਸੀਂ ਤਾਂ ਸਾਡੇ ਹੋਏ ਈ।"

ਮਿਰਜ਼ੇ ਨੇ ਬੜੇ ਦਾਵੇ ਨਾਲ ਆਖਿਆ ਕਿ ਹੁਣ ਵੀ ਉਹਨਾਂ ਦੀ ਹਵਾ ਵਲ ਤੱਕਣ ਵਾਲਾ ਕੋਈ ਜੰਮਿਆਂ ਨਹੀਂ, ਕੀ ਹੋਇਆ ਉਹ ਪਿਓ ਦਾ ਇੱਕੋ ਪੁੱਤਰ ਸੀ, ਉਹ ਇੱਕੋ ਹੀ ਯਾਰਾਂ ਦੀ ਤਾਕਤ ਮਹਿਸੂਸ ਕਰ ਰਿਹਾ ਸੀ। ਨਾਨਾ ਉਹਦੀ ਦਲੇਰੀ ਉੱਤੇ ਵਿੱਚੋਂ ਅਸ਼ ਅਸ਼ ਕਰ ਉੱਠਿਆ, ਪਰ ਉਹ ਇਹ ਗੱਲ ਨਹੀਂ ਸੀ ਭੁੱਲ ਸਕਦਾ ਕਿ ਚੰਦੜਾਂ ਦੇ ਸੱਤ ਪੁੱਤਰ ਸਨ, ਸ਼ੀਹਾਂ ਵਰਗੇ।

"ਤੇਰਾ ਦਿਲ ਤੋੜਨ ਦਾ ਮੈਨੂੰ ਬੜਾ ਹਿਰਖ ਏ, ਪਰ ਮੈਂ ਨਾਈ ਉਹਨਾਂ ਨੂੰ ਭੇਜ ਚੁਕਾ ਆਂ – ਨਗੱਲਾ ਮੈਂ ਬਣਨਾ ਨਹੀਂ।" ਜ਼ਿੱਦੀ ਨਾਨੇ ਨੇ ਗੱਲ ਹੀ ਮੁਕਾ ਦਿੱਤੀ।

ਮਿਰਜ਼ਾ ਉੱਠ ਕੇ ਮਾਸੀ ਦੇ ਘਰ ਚਲਾ ਗਿਆ, ਤੇ ਉਹਨੂੰ ਉਸ ਆਖਿਆ ਕਿ ਸਾਹਿਬਾਂ ਨਾਲ ਆਪਣੇ ਘਰ ਮੇਲ ਕਰਾ ਦੇਵੇ। ਉਹਦੇ ਲਈ ਇਹ ਕੋਈ ਔਖੀ ਗਲ ਨਹੀਂ ਸੀ। ਪੇਕੀਂ ਉਹਦੀ ਚੰਗੀ ਭੱਲ ਸੀ, ਬੱਚੇ ਦੀ ਅਣਹੋਂਦ ਕਰਕੇ ਉਸ ਪੜ੍ਹਾਈ ਦਾ ਸ਼ੌਕ ਪਾ ਲਿਆ ਤੇ ਸਾਰਾ ਟੱਬਰ ਉਹਨੂੰ ਚੰਗੀ ਸਿਆਣੀ ਗਿਣਦਾ ਸੀ।

ਮਾਸੀ ਦੇ ਘਰ ਵਿਚ ਕਈ ਵਰ੍ਹੇ ਮਿਰਜ਼ਾ ਸਾਹਿਬਾਂ ਨੂੰ ਰੋਜ਼ ਉਡੀਕਦਾ ਰਿਹਾ ਸੀ, ਜਦੋਂ ਉਹ ਮਸੀਤੇ ਜਾਂਦੀ ਰਾਹ ਚੋਂ ਉਹਨੂੰ ਆਵਾਜ਼ ਦੇਂਦੀ ਸੀ। ਉਹ ਕਿੰਨਾਂ ਕਿੰਨਾਂ ਚਿਰ ਉਹਦਾ ਰਾਹ ਤੱਕਦਾ ਰਹਿੰਦਾ, ਪਰ ਉਹਨੂੰ ਵੇਖ ਕੇ ਉਹਲੇ ਹੋ ਜਾਂਦਾ ਸੀ, 'ਉਹ ਵਾਜ ਮਾਰੇਗੀ, ਉਹ 'ਮਿਰਜ਼ਾ' ਆਖੇਗੀ।'

ਕਈ ਵਰ੍ਹਿਆਂ ਬਾਅਦ ਅਜ ਫੇਰ ਉਹ ਓਸੇ ਘਰ ਵਿਚ ਸਾਹਿਬਾਂ ਨੂੰ ਉਡੀਕ ਰਿਹਾ ਸੀ, ਪਰ ਏਸ ਉਡੀਕ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਸੀ। ਓਦੋਂ ਸਿਰਫ਼ ਉਹਦੀਆਂ ਅੱਖਾਂ ਹੀ ਸਾਹਿਬਾਂ ਲਈ ਤਾਂਘਦੀਆਂ ਸਨ, ਅੱਜ ਉਹਨੂੰ ਪਤਾ ਨਹੀਂ ਸੀ ਲਗਦਾ, ਕਿੰਨਾਂ ਕੁਝ ਉਹਦਾ ਸਾਹਿਬਾਂ ਲਈ ਤੜਪ ਰਿਹਾ ਸੀ।

'ਸਾਹਿਬਾਂ ਆ ਲਵੇ, ... ... ਓਦੋਂ ਉਹ ਮੇਰੇ ਨਾਲੋਂ ਲੰਮੀ ਸੀ, ਹੁਣ ਉਹ ਮੇਰੇ ਮੋਢਿਆਂ ਤਕ ਹੀ ਆਉਂਦੀ ਏ, ਮੈਂ ਉਹਨੂੰ ਸਾਰੀ ਨੂੰ ਆਪਣੇ ਦਿਲ ਵਿਚ ਲੁਕਾ ਲੈਣੈ।'

ਤੇ ਸਾਹਿਬਾਂ ਆ ਗਈ। ਅਜ ਉਹਦੇ ਪੈਰੀਂ ਪੰਜੇਬਾਂ ਨਹੀਂ ਸਨ, ਤਾਂ ਵੀ ਅੱਗੇ ਨਾਲੋਂ ਬਹੁਤੀ ਛਣ ਛਣ ਕਰਦੀ ਉਹ ਮਿਰਜ਼ੇ ਨੂੰ ਜਾਪੀ। ਉਹਨੂੰ ਵੇਖ ਕੇ ਆਪਣਾ ਹੁਣੇ ਬਣਾਇਆ ਇਰਾਦਾ ਉਹਦੀ ਹਿੱਕ ਵਿਚ ਧਕ ਧਕ ਕਰਨ ਲਗ ਪਿਆ।

ਜਦੋਂ ਉਹ ਕੋਲ ਪਹੁੰਚੀ, ਉਹਦੇ ਬੁਲ੍ਹ ਵੀ ਨਾ ਖੁਲ੍ਹ ਸਕੇ। ਸਾਹਿਬਾਂ ਨੇ ਪੋਲਾ ਜਿਹਾ ਹੱਥ ਉਹਦੇ ਲਕ ਦੁਆਲੇ ਧਰ ਦਿਤਾ, ਤੇ ਮਿਰਜ਼ੇ ਨੇ ਵੀ ਸੰਗਦਾ ਜਿਹਾ ਹੱਥ ਉਹਦੇ ਮੋਢੇ ਉੱਤੇ ਰਖ ਦਿੱਤਾ। ਪਰ ਦੋਹਾਂ ਹੱਥਾਂ ਵਿਚ ਘੁੱਟਣ ਦੀ ਚਾਹ ਸ਼ਰਮਾ ਗਈ ਸੀ।

ਬੀਬੋ ਦੋਹਾਂ ਨੂੰ ਏਸ ਤਰ੍ਹਾਂ ਵੇਖ ਕੇ ਖ਼ੁਸ਼ ਹੋਈ, ਅੰਦਰ ਮੰਜੇ ਉੱਤੇ ਬਿਠਾ ਕੇ ਹਥਲਾ ਕੰਮ ਮੁਕਾ ਕੇ ਆਉਣ ਲਈ ਕਹਿ ਗਈ।

ਚੌਹਾਂ ਗਿੱਠਾਂ ਦੀ ਵਿੱਥ ਉੱਤੋਂ ਉਨ੍ਹਾਂ ਇਕ ਦੂਜੇ ਨੂੰ ਤੱਕਿਆ, ਪਰ ਸਾਹਿਬਾਂ ਦੀ ਤਕਣੀ ਅਨੋਖੀ ਸੀ। ਕਈਆਂ ਮੁਟਿਆਰਾਂ ਨੇ ਅੱਗੇ ਮਿਰਜ਼ੇ ਨੂੰ ਬੜੀ ਰੀਝ ਨਾਲ ਤੱਕਿਆ ਸੀ, ਪਰ ਸਾਹਿਬਾਂ ਦੀ ਏਸ ਤੱਕਣੀ ਵਿਚ ਕੁਝ ਫਰ-ਫਰ ਕਰ ਰਿਹਾ ਸੀ। ਸਾਹਿਬਾਂ ਦੀ ਰੂਹ ਦਾ ਪੰਛੀ ਪਲਕਾਂ ਉੱਤੇ ਤੁਲਿਆ ਉਡਾਰੀ ਲਈ ਕਿਸੇ ਦਿਲ ਦੀ ਮਹਿਰਾਬ ਤਾੜ ਰਿਹਾ ਸੀ। ਮਿਰਜ਼ੇ ਦੀਆਂ ਅੱਖਾਂ ਵਿਚ ਇਹ ਮਹਿਰਾਬ ਪੰਛੀ ਨੂੰ ਅਕਸੀ ਹੋਈ ਦਿੱਸੀ। ਫਰ-ਫਰ-ਫਰ! ਪੰਛੀ ਟਹਿਣੀਉਂ ਫੁਦਕ ਮਿਰਜ਼ੇ ਦੀਆਂ ਬਾਹਾਂ ਵਿਚ ਘੁਟਿਆ ਗਿਆ। ਏਸ ਘੁਟਣੀ ਵਿਚ ਅੰਤਾਂ ਦਾ ਚੈਨ ਸੀ। ਇਹਨਾਂ ਬਾਹਾਂ ਦੀ ਕੈਦ ਵਿਚ ਅੰਤਾਂ ਦੀ ਆਜ਼ਾਦੀ ਸੀ।

ਜਦੋਂ ਬਾਹਾਂ ਖੁਲ੍ਹੀਆਂ, ਅੱਖਾਂ ਵਿਚ ਕੋਈ ਓਪਰਾ ਨਹੀਂ ਸੀ, ਬੇਗਾਨਗੀ ਦਾ ਤੌਖਲਾ ਉਤਰ ਗਿਆ। ਦੋ ਤਕਦੀਰਾਂ ਇੱਕੋ ਮਿਲਣੀ ਵਿਚ ਪਹੁੰਚ ਕੇ ਗੰਢ-ਚਿਤਰੀਆਂ ਗਈਆਂ।

ਇਕ ਦੀਆਂ ਅੱਖਾਂ ਵਿਚ ਦੂਜੇ ਦੇ ਨਕਸ਼ ਹੀ ਨਹੀਂ, ਇਕ ਦੇ ਦਿਲ ਵਿਚ ਦੂਜੇ ਦੀ ਧੜਕਣ ਸੁਣੀ ਜਾ ਰਹੀ ਸੀ। ਸਭ ਕੁਝ ਕਹਿਣਾ ਸੌਖਾ ਹੋ ਗਿਆ, ਕੁਝ ਵੀ ਕਰਨਾ ਔਖਾ ਨਾ ਰਿਹਾ।

"ਹੁਣ, ਮਿਰਜ਼ਿਆ! ਤੂੰ ਕੀ ਕਰੇਂਗਾ?" ਸਾਹਿਬਾਂ ਨੇ ਪੁੱਛਿਆ।

"ਹੁਣ ਕੋਈ ਔਖ ਰਿਹਾ ਈ ਨਹੀਂ," ਮਿਰਜ਼ੇ ਦੇ ਜਵਾਬ ਵਿਚ ਅਮਨ ਸੀ।

"ਉਹ ਕੀਕਰ? ਮੈਨੂੰ ਵੀ ਦੱਸ।" ਸਾਹਿਬਾਂ ਦੀਆਂ ਅੱਖਾਂ ਵਿਚ ਵੀ ਉਮੈਦ ਲਿਸ਼ਕੀ।

"ਤੂੰ ਮੇਰੀ ਏਂ, ਏਸੇ ਹੀ ਯਕੀਨ ਦੀ ਢਿੱਲ ਸੀ; ਹੁਣ ਕੋਈ ਜੰਮਿਆਂ ਨਹੀਂ ਤੈਨੂੰ ਮੇਰੇ ਕੋਲੋਂ ਖੋਹ ਖੜਨ ਵਾਲਾ।"

"ਪਰ ਕਹਿੰਦੇ ਨੇ ਚੰਦੜਾਂ ਦੇ ਘਰ ਪੁੱਤਰਾਂ ਦੀ ਫ਼ੌਜ ਏ।"

"ਇਹਨਾਂ ਬਾਹਾਂ ਵਿਚ ਪੂਰੇ ਲਸ਼ਕਰ ਦਾ ਜ਼ੋਰ ਏ।" ਮਿਰਜ਼ੇ ਨੇ ਸਾਹਿਬਾਂ ਦੇ ਮੋਢਿਆਂ ਉੱਤੇ ਬਾਹਾਂ ਰੱਖ ਦਿੱਤੀਆਂ।

"ਪਰ ਮਿਰਜ਼ਿਆ! ਮੇਰੇ ਭਰਾਵਾਂ ਨਾਲ ਤੈਨੂੰ ਲੜਨਾ ਨਾ ਪਵੇ।" ਸਾਹਿਬਾਂ ਦਾ ਰੰਗ ਝੌਂ ਗਿਆ।

"ਨਹੀਂ, ਸਾਹਿਬਾਂ! ਉਹ ਮੇਰੇ ਵੀ ਭਰਾ ਨੇ। ਖ਼ਾਤਰ-ਜਮਾ ਰਖ, ਮੇਰੇ ਤੀਰਾਂ ਤੇ ਮੇਰੀ ਬੱਕੀ ਦੇ ਹੁੰਦਿਆਂ ਮੈਨੂੰ ਕਿਸੇ ਨਾਲ ਲੜਨਾ ਨਹੀਂ ਪੈਣਾ – ਕਿਸੇ ਹੀਆ ਨਹੀਂ ਕਰਨਾ – ਪਰ ਜੇ ਮਾਪਿਆਂ ਦੀ ਨਮੋਸ਼ੀ ਤੋਂ ਘਬਰਾਵੇਂ ਤਾਂ ਮੈਨੂੰ ਦਸ ਦੇ।" ਮਿਰਜ਼ੇ ਨੇ ਬਾਹਾਂ ਚੁਕ ਲਈਆਂ।

"ਨਮੋਸ਼ੀ ਉਹ ਆਪ ਪਏ ਸਹੇੜਦੇ ਨੇ; ਸਿਰਫ਼ ਚਾਹਨੀ ਆਂ, ਮੇਰਾ ਸਦਕਾ ਉਹਨਾਂ ਚੋਂ ਕਿਸੇ ਨੂੰ ਅਜ਼ਾਂ ਨਾ ਲੱਗੇ। ਜਿਸ ਦਰੱਖ਼ਤ ਚੋਂ ਪੁੰਗਰੀ, ਵੱਡੀ ਹੋਈ ਤੇ ਤੇਰੇ ਵਰਗੇ ਸ਼ਹਿਜ਼ਾਦੇ ਦੀ ਨਜ਼ਰੇ ਚੜ੍ਹੀ ਹਾਂ, ਓਸ ਦਰੱਖ਼ਤ ਦਾ ਮੇਰੀ ਵਜੋਂ ਕੁਝ ਵਿਗੜੇ ਨਾ।"

"ਫੇਰ ਤੂੰ ਬੇਫ਼ਿਕਰ ਰਹੁ। ਮੈਨੂੰ ਖ਼ਬਰ ਵੇਲੇ ਸਿਰ ਪਹੁੰਚ ਜਾਏ – ਮੈਂ ਤੇ ਬੱਕੀ ਪਹੁੰਚੇ ਜਾਣੀ।"

ਏਨੇ ਨੂੰ ਬੀਬੋ ਕੰਮ ਮੁਕਾ ਕੇ ਆ ਗਈ। ਸਾਹਿਬਾਂ ਮੰਜੇ ਤੋਂ ਉੱਠ ਕੇ ਭੂਆ ਗਲ ਲਗ ਗਈ।

"ਸਾਹਿਬਾਂ ਧੀਏ! ਮੈਂ ਸਮਝਨੀ ਆਂ, ਤੇਰਾ ਘਰ ਮਿਰਜ਼ੇ ਦਾ ਘਰ ਈ ਏ। ਮੈਂ ਤੁਹਾਡੇ ਨਾਲ ਹਾਂ, ਹਰ ਨੇਕੀ ਬਦੀ ਦੀ ਭਿਆਲ ਹਾਂ," ਬੀਬੋ ਨੇ ਦਿਲਾਸਾ ਦਿੱਤਾ।

"ਮਾਸੀ! ਵੇਲੇ ਸਿਰ ਖ਼ਬਰ ਪੁਚਾਣੀ ਹੁਣ ਤੇਰਾ ਜ਼ਿੰਮਾਂ ਹੋਵੇਗਾ, ਸਾਹਿਬਾਂ ਜਿਦ੍ਹੀ ਹੈ, ਓਸੇ ਕੋਲ ਹੀ ਜਾਏਗੀ", ਮਿਰਜ਼ੇ ਦੇ ਆਪਾ-ਭਰੋਸੇ ਨੇ ਦੋਹਾਂ ਇਸਤਰੀਆਂ ਦੇ ਦਿਲ ਦਾ ਕੰਵਲ ਖਿੜਾ ਦਿੱਤਾ।

ਬੱਕੀ ਉੱਤੇ ਚੜ੍ਹਿਆ ਜਿਨਾ ਚਿਰ ਮਿਰਜ਼ਾ ਭੌਂ ਭੌਂ ਪਿਛਾਂਹ ਤੱਕਦਾ ਰਿਹਾ, ਬੱਕੀ ਕਦਮ ਕਦਮ ਤੁਰਦੀ ਰਹੀ। ਪਿੰਡੋਂ ਨਿਕਲੀ ਕਿ ਬੱਕੀ ਉੱਡ ਪਈ। ਗਰਦੇ ਨੇ ਉਹਦੇ ਦੁਆਲੇ ਇਕ ਅਸਮਾਨ ਖਿੰਡਾ ਦਿਤਾ, ਉਹਦੀਆਂ ਲੱਤਾਂ ਲੁਕ ਗਈਆਂ – ਦੋ ਸਿਰ ਅਸਮਾਨ ਵਿਚ ਤਰਦੇ ਦਿਸ ਰਹੇ ਸਨ।

ਸਾਹਿਬਾਂ ਦੀ ਜ਼ਿੰਦਗੀ ਦਾ ਰੁਖ਼ ਹੀ ਮਿਰਜ਼ੇ ਦੀ ਇਕ ਗਲ-ਲਗਣੀ ਨੇ ਬਦਲ ਦਿੱਤਾ। ਉਮੈਦਾਂ ਆਰਜ਼ੂ ਬਣ ਗਈਆਂ ਤੇ ਆਰਜ਼ੂ ਦੁਆ ਬਣ ਕੇ ਰੋਮ ਰੋਮ ਚੋਂ ਉੱਠਣ ਲੱਗੀ। ਰਾਤੀਂ ਸਾਹਿਬਾਂ ਨੂੰ ਭੂਆ ਹੀਰ ਦਾ ਸੁਪਨਾ ਆਇਆ। ਸਿਆਲਾਂ ਨੇ ਇਕ ਹੋਣਹਾਰ ਧੀ ਪਹਿਲਾਂ ਵੀ ਰੋਲ ਛੱਡੀ ਸੀ। ਉਹਦੀ ਕਬਰ ਪਿੰਡ ਦੇ ਬਾਹਰਵਾਰ ਸੀ। ਸਿਆਲ ਓਸ ਕਬਰ ਉੱਤੇ ਨਹੀਂ ਸਨ ਜਾਂਦੇ, ਪਰ ਹੋਰ ਲੋਕ ਮਾਈ ਹੀਰ ਦੀ ਕਬਰ ਤੋਂ ਮੁਰਾਦਾਂ ਪਾਂਦੇ ਸਨ।

ਸਵੇਰ ਦੇ ਮੁਨ੍ਹੇਰੇ ਦੀ ਓਟ ਲੈ ਕੇ ਓਸ ਹੀਰ ਦੀ ਕਬਰ ਉੱਤੇ ਜਾ ਸਿਜਦਾ ਕੀਤਾ। ਇਸ਼ਕ ਦੀ ਰਾਣੀ ਅੱਗੇ ਅਰਜ਼ੋਈ ਕੀਤੀ ਕਿ ਉਹ ਮਿਰਜ਼ੇ ਦੀ ਮੁਹਾਫ਼ਜ਼ ਬਣੇ।

ਸਾਰਾ ਦਿਨ ਉਹਨੂੰ ਜਾਪਿਆ ਜਿਉਂ ਉਹਦੀ ਵੱਡੀ ਭੂਆ ਹੀਰ ਨੇ ਉਹਨੂੰ ਗੋਦੀ ਚੁੱਕੀ ਰਖਿਆ ਤੇ ਉਹ ਉੱਡ ਉੱਡ ਕੇ ਘਰ ਦਾ ਕੰਮ ਕਰਦੀ ਰਹੀ।

ਪਰ ਜਦੋਂ ਉਹਦੇ ਕੰਨੀ ਭਿਣਕ ਪਈ ਕਿ ਨਾਈ ਉਹਦਾ ਸਾਕ ਚੰਧੜਾਂ ਦੇ ਕਰ ਆਇਆ ਸੀ, ਉਹਦੇ ਖੰਭ ਢਹਿ ਪਏ। ਨਾਈ ਨੇ ਆ ਦਸਿਆ, "ਚੰਧੜ ਫੁੱਲੇ ਨਹੀਂ ਸਨ ਸਮਾਂਦੇ, ਕਹਿੰਦੇ ਸਨ ਗਜ ਵਜ ਕੇ ਢੁਕਣਗੇ, ਦੁਨੀਆਂ ਯਾਦ ਕਰੇਗੀ।"

ਉਹਦੇ ਆਪਣੇ ਪਿੰਡ ਵਿਚ ਵੀ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਤੇ ਜਿਉਂ ਜਿਉਂ ਤਿਆਰੀ ਵਧਦੀ ਗਈ, ਸਾਹਿਬਾਂ ਦਾ ਜੀ ਘਟਦਾ ਗਿਆ। ਪੰਦਰਾਂ ਦਿਨ, ਚੌਦਾਂ – ਇਕ ਹਫ਼ਤਾ, ਅਧਾ ਹਫ਼ਤਾ – ਕਲ

ਜੰਞ ਆਉਣ ਵਾਲੀ ਹੋ ਗਈ ।

ਮਿਰਜ਼ੇ ਵੱਲੋਂ ਕੋਈ ਖ਼ਬਰ ਨਾ ਆਈ । ਬੀਬੋ ਭੂਆ ਆਪ ਜਾ ਕੇ ਮਿਰਜ਼ੇ ਨੂੰ ਸਭ ਕੁਝ ਦਸ ਆਈ ਸੀ । ਮਿਰਜ਼ੇ ਆਖਿਆ ਸੀ, "ਸਾਹਿਬਾਂ ਜ਼ਰਾ ਫ਼ਿਕਰ ਨਾ ਕਰੇ ।"

ਪਰ ਜੰਞ ਆ ਹੀ ਢੁੱਕੀ । ਕਈ ਮੁਜਰੇ ਨਾਲ ਸਨ । ਸਾਰਾ ਪਿੰਡ ਰਾਗ ਰੰਗ ਵਿਚ ਮਸਤ ਹੋ ਗਿਆ । ਇਕ ਸਾਹਿਬਾਂ ਤੇ ਦੂਜੀ ਬੀਬੋ ਦੇ ਕਾਲਜੇ ਹੌਲ ਪੈ ਰਹੇ ਸਨ । ਰਾਹ ਤਕ ਤਕ ਅੱਖਾਂ ਪਕ ਗਈਆਂ । ਹੁਣ ਤਰਕਾਲਾਂ ਵੀ ਡੂੰਘੀਆ ਪੈ ਗਈਆਂ ਸਨ ।

ਤੱਦੇ ਕਿਸੇ ਭੂੰਬ ਵਾਲੇ ਨੇ ਘੋੜੀ ਤਬੇਲੇ ਆ ਬੱਧੀ । ਬੀਬੋ ਦੀ ਜਾਨ ਵਿਚ ਜਾਨ ਆਈ । ਉਹਦਾ ਘਰ ਵਾਲਾ ਮੁਜਰਾ ਸੁਣਨ ਗਿਆ ਹੋਇਆ ਸੀ । ਪ੍ਰਾਹੁਣੇ ਨੂੰ ਅੰਦਰ ਖੜ ਕੇ ਉਸ ਸਾਹਿਬਾਂ ਦੀ ਵਿਥਿਆ ਸੁਣਾਈ ਤੇ ਪੁਛਿਆ ਉਹ ਕੀ ਚਾਹੁੰਦਾ ਸੀ ।

"ਬਸ ਮਾਸੀ ! ਆਖੀਂ, ਸਾਹਿਬਾਂ ਤਿਆਰ ਰਹੇ । ਕੁੱਕੜ ਦੀ ਪਹਿਲੀ ਬਾਂਗੇ ਮੈਂ ਤੇ ਬੱਕੀ ਉਹਦੇ ਬੂਹੇ ਅੱਗੇ ਹੋਵਾਂਗੇ । ਦੁਨੀਆਂ ਓਸ ਵੇਲੇ ਬੇਖ਼ਬਰ ਸੁੱਤੀ ਹੋਵੇਗੀ ।"

ਇਕ ਇਕ ਪਲ ਸਾਹਿਬਾਂ ਲਈ ਸਦੀਉਂ ਲੰਮਾ ਹੁੰਦਾ ਜਾ ਰਿਹਾ ਸੀ ।

"ਜੇ ਮਿਰਜ਼ਾ ਨਾ ਆਇਆ, ਡੋਲੇ ਵਿਚ ਚੜ੍ਹੀ ਕਲ ਮੈਂ ਮੌਤ ਦੇ ਮੋਢੀਂ ਚੁੱਕੀ ਪਈ ਜਾ ਰਹੀ ਹੋਵਾਂਗੀ......... ਜੇ ਮਿਰਜ਼ਾ ਨਾ ਆਇਆ ਤੇ ਉਸ ਮੈਥੋਂ ਪੱਲਾ ਹੀ ਛੁਡਾਇਆ, ਤਾਂ ਮੈਂ ਕਿਦ੍ਹੇ ਲਈ ਜੀਵਾਂਗੀ ?......... ਮਿਰਜ਼ਾ ਜੇ ਅਪਣਾ ਲਏ ਤਾਂ ਮੈਂ ਕੈਦਾਂ ਵੀ ਕਟ ਗੁਜ਼ਰਾਂਗੀ........."

ਵਾਜਿਆਂ ਦੀਆਂ ਸੁਰਾਂ ਗੂੰਜੀਆਂ । ਸਾਹਿਬਾਂ ਨੇ ਕਲੇਜਾ ਦੋਹਾਂ ਹੱਥਾਂ ਵਿਚ ਫੜ ਲਿਆ, 'ਹਾਏ – ਹਾਏ – ਮਿਰਜ਼ਾ ਨਹੀਂ ਆਇਆ ।' ਤੇ ਇਕ ਦਮ ਉਹ ਮਰਨ ਦੀਆਂ ਤਰਕੀਬਾਂ ਸੋਚਣ ਲਗ ਪਈ ।

ਬੀਬੋ ਨੇ ਆ ਕੇ ਬਾਹਾਂ ਵਿਚ ਵਲ੍ਹੇਟ ਲਿਆ । ਸੱਜਣ ਦੀ ਸੋ ਸੁਣ ਕੇ ਮਰਨ ਦੀ ਥਾਂ ਜੀਉਣ ਦੀਆਂ ਰੀਝਾਂ ਫੇਰ ਧੜਕ ਪਈਆਂ ।

ਅੱਧੀ ਰਾਤ ਚਾਨਣੀ ਸੀ । ਮੁਜਰਾ ਸੁਣ ਕੇ ਲੋਕ ਘਰੀਂ ਜਾ ਸੁੱਤੇ । ਦਿਨ ਦੇ ਢੋਲ ਢਮੱਕੇ ਪਿੱਛੋਂ ਪਿੰਡ ਵਿਚ ਬਹੁਤੀ ਹੀ ਚੁਪ ਚਾਂ ਹੋ ਗਈ । ਏਸ ਚੁਪ ਚਾਂ ਵਿਚ ਸਾਹਿਬਾਂ ਮੰਜੇ ਤੇ ਪਈ ਕੋਈ ਆਵਾਜ਼ ਉਡੀਕ ਰਹੀ ਸੀ । ਥਕੇਵੇਂ ਦਾ ਪੱਜ ਪਾ ਕੇ ਉਸ ਲੇਟਣ ਲਗਿਆਂ ਕਪੜੇ ਓਸੇ ਤਰ੍ਹਾਂ ਰਹਿਣ ਦਿੱਤੇ ਸਨ ।

ਘੋੜੀ ਦੇ ਪੈਰਾਂ ਦੀ ਚਪ ਚਪ.........। ਸਾਹਿਬਾਂ ਉੱਠੀ, ਚੁਪਾਸੀ ਤਕਿਆ, ਸਭ ਸੁੱਤੇ ਪਏ ਸਨ । ਸੁੱਤੇ ਮੂੰਹ ਉਹਨੂੰ ਚੰਗੇ ਲੱਗੇ । ਓਸ ਹਉਕਾ ਭਰਿਆ, 'ਕਦੇ ਏਸ ਘਰੋਂ ਤਿਨਕਾ ਤੋੜ ਕੇ ਮੈਨੂੰ ਜਾਣਾ ਨਾ ਪੈਂਦਾ,' ਤੇ ਮਲਕੜੇ ਵਿਹੜਾ ਲੰਘ, ਬੂਹਾ ਖੋਲ੍ਹ ਉਹ ਕੰਧ ਦੇ ਨਾਲ ਲਗ ਖਲੋਤੀ ।

ਪਲ ਕੁ ਪਿੱਛੋਂ ਘੋੜੀ ਉਹਦੇ ਕੋਲ ਆ ਠਹਿਰੀ । ਭੂੰਬ ਵਾਲੇ ਸਵਾਰ ਨੇ ਰਕਾਬੋਂ ਇਕ ਪੈਰ ਕਢਿਆ । ਸਾਹਿਬਾਂ ਨੇ ਆਪਣਾ ਉਹਦੇ ਵਿਚ ਪਾ ਦਿੱਤਾ । ਸਵਾਰ ਦਾ ਵਧਿਆ ਹਥ ਫੜ ਤੇ ਦੂਜਾ ਕਾਠੀ ਨੂੰ ਪਾ, ਹੰਭਲਾ ਮਾਰ ਕੇ ਸਾਹਿਬਾਂ ਸਵਾਰ ਦੇ ਪਿੱਛੇ ਹੋ ਬੈਠੀ । ਉਹਦੀ ਮਿਹਰਬਾਨੀ ਦ ਬੇ-ਆਵਾਜ਼ ਸ਼ੁਕਰੀਆ ਕਰਨ ਲਈ ਇਕ ਵਾਰ ਓਸ ਸਵਾਰ ਦੇ ਲੱਕ ਦੁਆਲੇ ਬਾਹਾਂ ਵਲ੍ਹੇਟ ਕੇ ਘੁਟੀਆਂ । ਮੂੰਹ ਨੀਵਾਂ ਕਰ ਕੇ ਸਵਾਰ ਨੇ ਬਾਹਾਂ ਚੁੰਮ ਲਈਆਂ ।

ਪਿੰਡ ਦੀ ਜੂਹੋਂ ਨਿਕਲ ਕੇ ਬੱਕੀ ਉੱਡ ਪਈ, ਮਿਰਜ਼ੇ ਦਾ ਸੁਪਨਾ ਸੱਚਾ ਹੋ ਗਿਆ ।

ਕੁਝ ਵਾਟ ਲੰਘ ਕੇ ਮਿਰਜ਼ੇ ਨੂੰ ਸਾਹਿਬਾਂ ਨਾਲ ਕੀਤਾ ਇਕਰਾਰ ਯਾਦ ਆਇਆ :

"ਤੇਰੇ ਭਰਾਵਾਂ ਨੂੰ ਅਜ਼ਾਂ ਨਹੀਂ ਆਏਗੀ ।" ਪਰ ਜੇ ਉਹਨਾਂ ਪਿੱਛਾ ਕੀਤਾ ਤਾਂ ਟਾਕਰਾ ਹੋ ਪੈਣਾ ਸੀ,

ਇਹ ਸੋਚ ਕੇ ਮਿਰਜ਼ੇ ਨੇ ਦਾਨਾਬਾਦ ਦਾ ਰਾਹ ਛੱਡ ਦਿੱਤਾ ਤੇ ਲੰਮੇ ਵਲੇ ਲਈ ਵਾਗਾਂ ਮੋੜ ਦਿੱਤੀਆਂ।

"ਸਾਹਿਬਾਂ ! ਦਿਨ ਚੜ੍ਹੇ ਦਾਨਾਬਾਦ ਭਾਵੇਂ ਹੁਣ ਨਾਲੋਂ ਵੀ ਦੂਰ ਹੋ ਜਾਏਗਾ, ਪਰ ਇਕ ਬੜੇ ਸੁਹਣੇ ਬਾਗ਼ ਕੋਲ ਅਸੀਂ ਪਹੁੰਚੇ ਹੋਵਾਂਗੇ। ਇਹ ਬਾਗ਼ ਤੇਰੇ ਨਾਲ ਮੇਰੀ ਖ਼ਾਬ ਦਾ ਹਿੱਸਾ ਏ । ਓਥੇ ਝਟ ਲਹਿ ਕੇ ਮੈਂ ਤੇਰੀਆਂ ਅੱਖਾਂ ਵਿੱਚੋਂ ਆਪਣੀ ਨਵੀਂ ਤਕਦੀਰ ਪੜ੍ਹਨੀ ਚਾਹਾਂਗਾ ।"

"ਪਰ ਮਿਰਜ਼ਿਆ ! ਇਹਦੇ ਰਾਹ ਵਿਚ ਤਾਂ ਸਾਡੀ ਬੀੜ ਏ, ਉਹਦਾ ਰਾਖਾ ਡੋਗਰ ਫ਼ੀਰੋਜ਼ ਬੜਾ ਬੈੜਾ ਏ," ਸਾਹਿਬਾਂ ਸੋਚੀਂ ਪੈ ਗਈ।

"ਸਾਹਿਬਾਂ, ਤੂੰ ਕਿਉਂ ਪਈ ਚਿੰਤਾ ਕਰਨੀ ਏਂ, ਡੋਗਰ ਮੋਗਰ ਕਿਦ੍ਹੇ ਵਿਚਾਰੇ ਨੇ ?" ਬੱਕੀ ਉੱਡੀ ਗਈ।

ਏਨੇ ਨੂੰ ਉਹ ਬੀੜ ਦੇ ਵਿਚ ਜਾ ਪਹੁੰਚੇ ਤੇ ਸੱਚੀਂ ਮੁਚੀਂ ਅੱਗੋਂ ਡੋਗਰ ਫ਼ੀਰੋਜ਼ ਹੀ ਟੱਕਰ ਪਿਆ। ਲੱਗਾ ਵਾਹੀ ਤਬਾਹੀ ਬੋਲਣ। ਮਿਰਜ਼ੇ ਨੇ ਸਮਝਾਇਆ, ਉਹ ਆਪਣਾ ਕੰਮ ਕਰੀ ਜਾਏ, ਉਹਦੇ ਰੋਕਿਆਂ ਤੀਰਾਂ ਵਾਲੇ ਨੇ ਰੁਕਣਾ ਨਹੀਂ। ਭੰਗ ਦੇ ਭਾੜੇ ਉਹ ਜਾਨ ਗੁਆ ਬਹੇਗਾ।

ਡੋਗਰ ਦਾ ਅਕੜਾ ਏਨੇ ਨਾਲ ਭੱਜਾ ਨਾ। ਮਿਰਜ਼ੇ ਨੂੰ ਗੁੱਸਾ ਚੜ੍ਹਿਆ, ਉਸ ਤਲਵਾਰ ਧੂ ਲਈ । ਸਾਹਿਬਾਂ ਜੇ ਉਹਦੀ ਬਾਂਹ ਨਾ ਫੜ ਲੈਂਦੀ ਤਾਂ ਡੋਗਰ ਦਾ ਕੰਡਾ ਉਹਨੇ ਆਪਣੇ ਰਾਹ ਚੋਂ ਪੁਟ ਕਢਿਆ ਹੁੰਦਾ।

"ਨਾ ਮਿਰਜ਼ਿਆ ! ਸਾਡਾ ਪਹਿਲਾ ਮੇਲ ਹੀ ਲਹੂ ਨਾਲ ਨਾ ਛਿੱਟਿਆ ਜਾਏ।"

"ਪਰ ਸਾਹਿਬਾਂ ! ਜੇ ਇਹਨੂੰ ਜੀਉਂਦਾ ਛੱਡ ਦਿੱਤਾ, ਤਾਂ ਹੁਣੇ ਇਹ ਤੇਰੇ ਘਰ ਸਾਡੀ ਸੂਹ ਪੁਚਾ ਦੇਵੇਗਾ। ਤੇਰੇ ਭਰਾ ਦਾਨਾਬਾਦ ਜਾਣ ਦੀ ਥਾਂ ਏਧਰ ਆ ਜਾਣਗੇ, ਸਾਰੀ ਵਿਉਂਤ ਹੀ ਵਿਗੜ ਜਾਏਗੀ।"

"ਇਹਦੇ ਜਾਂਦਿਆਂ ਆਉਂਦਿਆਂ ਨੂੰ ਅਸੀਂ ਆਪਣੇ ਟਿਕਾਣੇ ਅੱਪੜ ਪਵਾਂਗੇ।"

"ਹਟ ਦੂਰ ਹੋ ਅਹਿਮਕ ਡੋਗਰਾ," ਤੇ ਮਿਰਜ਼ੇ ਨੇ ਬੱਕੀ ਛੇੜ ਦਿੱਤੀ।

ਪਹੁ ਫੁਟਦਿਆਂ ਹੀ ਉਹ ਫਲ-ਫੁਲਿਆ ਬਾਗ਼ ਸਾਹਮਣੇ ਆ ਗਿਆ । ਦਰੱਖ਼ਤਾਂ ਦੇ ਇਕ ਝੁੰਡ ਹੇਠਾਂ ਬੱਕੀ ਖਲ੍ਹਾਰ ਕੇ ਮਿਰਜ਼ਾ ਉਤਰਿਆ ਤੇ ਸਾਹਿਬਾਂ ਨੂੰ ਲਾਹ ਕੇ ਉਸ ਆਪਣੇ ਨਾਲ ਲਾ ਲਿਆ । ਮਿਲਣੀ ਦੇ ਚੈਨ ਵਿਚ ਸਭ ਤੌਖਲੇ ਗੁਆਚ ਗਏ।

ਬੱਕੀ ਨੂੰ ਇਕ ਜੰਡ ਨਾਲ ਬੰਨ੍ਹ ਕੇ ਇਕ ਪੱਧਰੀ ਥਾਏਂ ਉਹ ਜਾ ਬੈਠੇ। ਬਿਰਛ ਉੱਤੋਂ ਇਕ ਪੰਛੀ ਚਹਿਕਿਆ।

"ਸਾਹਿਬਾਂ ! ਸਾਨੂੰ ਮੁਬਾਰਕ ਦੇਂਦਾ ਈ।"

ਪਰ ਸਾਹਿਬਾਂ ਚਿੰਤਾਤਰ ਸੀ। ਉਹ ਪਛਤਾ ਰਹੀ ਸੀ ਕਿ ਡੋਗਰ ਜ਼ਰੂਰ ਘਰ ਪਹੁੰਚਿਆ ਏ, ਤੇ ਉਹ ਆਉਂਦੇ ਹੀ ਹੋਣਗੇ।

"ਮਿਰਜ਼ਿਆ ! ਏਥੇ ਕਿਉਂ ਠਹਿਰਨਾ ਏਂ ? ਚਲ ਘਰ ਪਹੁੰਚੀਏ।"

"ਨਹੀਂ ਸਾਹਿਬਾਂ ! ਕੀ ਪਤਾ ਓਥੇ ਕਿਹੜੇ ਟੰਟੇ ਹੋਣ ? ਉਹਨਾਂ ਵਿਚ ਫਸਣ ਤੋਂ ਪਹਿਲਾਂ ਤੈਨੂੰ ਸਾਰੀ ਨੂੰ ਆਪਣੇ ਦਿਲ ਵਿਚ ਪਾਣ ਦੀ ਰੀਝ ਤਾਂ ਲਾਹ ਲਵਾਂ। ਇਹਨਾਂ ਫ਼ੁਰਕਤ-ਤ੍ਰੁੱਟੇ ਹੋਠਾਂ ਦੀ ਪਿਆਸ ਤਾਂ ਬੁਝਾ ਲਵਾਂ, ਇਹਨਾਂ ਤੇਰੀਆਂ ਜ਼ੁਲਫ਼ਾਂ ਦੀ ਰਾਤ ਵਿਚ ਉਮੈਦ ਆਪਣੀ ਦੇ ਤਾਰੇ ਤਾਂ ਵੇਖ ਲਵਾਂ — ਇਕ ਸਾਇਤ ਲਈ ਤੂੰ ਦੁਨੀਆਂ ਸਾਰੀ ਭੁਲ ਜਾ, ਏਸ ਮੇਰੇ ਦਰਦੇ ਦਿਲ ਦੀਏ ਸਾਹਿਬਾਂ ! ਫ਼ੁਰਕਤ ਦੀ ਚੀਸ ਮੇਰੀ ਹਟਾ ਦੇ।"

ਇਕ ਦਮ ਦੁਨੀਆਂ ਦੀ ਜ਼ਮੀਨ ਉੱਤੋਂ ਸਾਹਿਬਾਂ ਦੇ ਪੈਰ ਚੁਕੇ ਗਏ, ਪਿਆਰ ਦੇ ਨਿਰ-ਦੋਖੀ ਅਸਮਾਨ ਵਿਚ ਉਸ ਧਾ ਮਿਰਜ਼ੇ ਗਲ ਬਾਹਾਂ ਪਾਈਆਂ। ਇਕ ਘੜੀ ਦੇ ਚੈਨ ਨੇ ਪੂਰੀ ਉਮਰ ਦੀ ਬੇਕਰਾਰੀ ਦੂਰ ਕਰ ਦਿੱਤੀ।

ਦੋ ਰਾਤਾਂ ਪਿਛਲੀਆਂ ਮਿਰਜ਼ੇ ਨੇ ਅਖ ਨਾਲ ਅੱਖ ਨਹੀਂ ਸੀ ਲਾਈ, ਦਿਲ, ਦਿਮਾਗ਼ ਤੇ ਸਾਰੇ ਪੱਠੇ ਖਿੱਚੇ ਤਣੇ ਹੋਏ ਸਨ। ਦਿਲ ਦਾ ਮਹਿਰਮ ਦਿਲ ਨਾਲ ਲੱਗਾ, ਵਰ੍ਹਿਆਂ ਦੀ ਖ਼ਿਲਾ ਭਰੀ ਗਈ, ਮਿਰਜ਼ੇ ਦੀ ਰੂਹ ਤੋਂ

ਜਿਉਂ ਕੋਈ ਸ਼ਿਕੰਜਾ ਖੁਲ੍ਹ ਗਿਆ, "ਸਾਹਿਬਾਂ ! ਏਸ ਘੜੀ ਦੇ ਬਹਿਸ਼ਤ ਦੀ ਕੀਮਤ ਮੈਂ ਸਾਰੀ ਜ਼ਿੰਦਗੀ ਨਾਲ ਦੇਣ ਨੂੰ ਤਿਆਰ ਹਾਂ । ਹੁਣ ਕੀ ਹੋਵੇ, ਮੈਨੂੰ ਪਰਵਾਹ ਨਹੀਂ । ਇਹ ਸਿਰ ਮੇਰਾ ਮੈਨੂੰ ਆਪਣੇ ਪੱਟਾਂ ਤੇ ਧਰ ਲੈਣ ਦੇ, ਉੱਪਰੋਂ ਤੂੰ ਮੇਰੀਆਂ ਅੱਖਾਂ ਵਿਚ ਵੇਖੀਂ ।"

ਤੇ ਮਿਰਜ਼ਾ ਲੇਟ ਗਿਆ । ਬਾਹਾਂ ਭੁਆ ਕੇ ਓਸ ਸਾਹਿਬਾਂ ਦੁਆਲੇ ਪਾ ਲਈਆਂ । ਕਦੇ ਆਪ ਸਾਹਿਬਾਂ ਦਾ ਸਿਰ ਨਿਉਂਦਾ ਤੇ ਕਦੇ ਉਹ ਆਪ ਨਿਵਾ ਲੈਂਦਾ ।

ਥੱਕੇ ਅੰਗਾਂ ਨੂੰ ਪਿਆਰ ਦੀ ਝਰਦੀ ਫੁਹਾਰ ਨੇ ਸਸਤਾ ਦਿੱਤਾ । ਅੱਖਾਂ ਮੀਟੀਆਂ ਗਈਆਂ । ਤਰਕਸ਼ ਤੇ ਕਮਾਨ ਉਹਨੂੰ ਚੁਭਦੇ ਵੇਖ ਕੇ ਸਾਹਿਬਾਂ ਨੇ ਗਲੋਂ ਲਾਹ ਕੇ ਇਕ ਪਾਸੇ ਕਰ ਦਿੱਤੇ, ਤੇ ਉਹਦੇ ਨੀਂਦ ਵਿਚ ਸੁਪਨਾਏ ਨਕਸ਼ਾਂ ਨੂੰ ਵੇਖ ਵੇਖ ਖੀਵੀ ਹੁੰਦੀ ਗਈ । ਇਕ ਵਾਰੀ ਸੁੱਤੇ ਨਕਸ਼ ਮੁਸਕਰਾਏ, ਸਾਹਿਬਾਂ ਨੇ ਪੋਲਾ ਜਿਹਾ ਚੁੰਮਣ ਦੇ ਦਿੱਤਾ ।

ਹੁਣ ਫੇਰ ਉਹਨੂੰ ਪਿੱਛੇ ਦਾ ਚੇਤਾ ਆ ਗਿਆ । ਕੋਈ ਖੜਾਕ ਆਉਂਦਾ, ਉਹ ਤ੍ਰਬਕ ਪੈਂਦੀ । ਮਿਰਜ਼ੇ ਨੂੰ ਜਗਾਉਣਾ ਚਾਹੁੰਦੀ, ਪਰ ਉਹ ਖੜਾਕ ਐਵੇਂ ਹੀ ਹੋਇਆ ਹੁੰਦਾ ।

"ਪਰ ਜੇ ਡੋਗਰ ਦੀ ਸੂਹ ਉੱਤੇ ਉਹ ਏਧਰ ਆ ਹੀ ਜਾਣ ।"

ਓਸ ਨੇ ਤਰਕਸ਼ ਦੇ ਤੀਰ ਗਿਣੇ, ਬਾਰਾਂ ਤੋਂ ਵੀ ਵਧੀਕ ਸਨ । ਓਸ ਕਮਾਨ ਉੱਤੇ ਹੱਥ ਫੇਰਿਆ — ਬੜੀ ਨਿਰਦਈ ਕਮਾਨ ਸੀ — ਭਰਾਵਾਂ ਦਾ ਚੇਤਾ ਆ ਗਿਆ, ਮਿਰਜ਼ੇ ਦੇ ਬੇ-ਖਤਾ ਨਿਸ਼ਾਨੇ ਦੀ ਸ਼ੁਹਰਤ ਯਾਦ ਆ ਗਈ, ਉਹਦਾ ਦਿਲ ਕੰਬ ਉਠਿਆ ।

"ਪਰ ਮਿਰਜ਼ੇ ਦਾ ਮੇਰੇ ਨਾਲ ਇਕਰਾਰ ਏ," ਉਹਨੂੰ ਤਸੱਲੀ ਦਾ ਸਾਹ ਆਇਆ ।

"ਪਰ ਜੇ ਉਹ ਉੱਤੇ ਹੀ ਆ ਗਏ, ਕੀਕਰ ਮਿਰਜ਼ਾ ਇਕਰਾਰ ਨਿਭਾਏਗਾ ? ਉਹ ਬਹੁਤੇ ਹੋਣਗੇ.........ਤੀਰਾਂ ਨਾਲ ਤਾਂ ਇਹ ਲਸ਼ਕਰ ਫੁੰਡ ਸਕਦੈ ।"

ਸਾਹਿਬਾਂ ਨੇ ਮਲਕੜੇ ਜਹੇ ਮਿਰਜ਼ੇ ਨੂੰ ਜਗਾਇਆ, "ਉਠ ਚਲ ਪਈਏ ।"

ਪਰ ਮਿਰਜ਼ਾ ਕਿਸੇ ਮਿੱਠੇ ਸੁਪਨੇ ਦੇ ਲੋਰ ਵਿਚ ਸੀ, "ਕੋਈ ਆ ਗਿਐ ?" ਉਸ ਪੁਛਿਆ ।

"ਨਹੀਂ ।"

ਤੇ ਉਹ ਫੇਰ ਸੌਂ ਗਿਆ ।

"ਭਰਾਵਾਂ ਜ਼ਰੂਰ ਆ ਜਾਣੈ," ਸਾਹਿਬਾਂ ਦਾ ਡਰ ਵਧਦਾ ਗਿਆ, "ਸਾਰੇ ਮਰ ਜਾਣਗੇ ।".........ਪਿਆਰਾ ਸਿਰ ਪੱਟਾਂ ਤੋਂ ਅਡੋਲ ਲਾਹ ਕੇ ਤਰਕਸ਼ ਓਸ ਚੁਕ ਲਿਆ ਤੇ ਦੁਰਾਡੇ ਜੰਡ ਦੇ ਪਿਛਲੇ ਪਾਸੇ ਦੀ ਉੱਚੀ ਜਹੀ ਟਹਿਣੀ ਨਾਲ ਅਟਕਾ ਆਈ, ਤੇ ਮੁੜ ਉਹ ਸੋਹਣਾ ਸਿਰ ਪੱਟ ਉੱਤੇ ਧਰ ਲਿਆ ।

"ਤੇ ਉਹਨਾਂ ਜੇ ਨਿਹੱਥੇ ਮੇਰੇ ਮਿਰਜ਼ੇ ਨੂੰ ਮਾਰ ਦਿੱਤਾ," ਸੋਚ ਕੇ ਦਿਲ ਦਹਿਲ ਗਿਆ ।

"ਮੈਂ ਵਿਚ ਪੈ ਜਾਂਗੀ, ਮੈਨੂੰ ਚੀਰ ਕੇ ਲੰਘੇ ਬਿਨਾਂ ਮਿਰਜ਼ੇ ਨੂੰ ਤਲਵਾਰ ਨਹੀਂ ਛੁਹ ਸਕੇਗੀ । ਜੇ ਉਹਨਾਂ ਦੀ ਮੌਤ ਮੈਂ ਸਹਾਰ ਨਹੀਂ ਸਕਦੀ, ਉਹ ਮੇਰੀ ਕੀਕਰ ਸਹਾਰ ਲੈਣਗੇ ?"

ਏਸ ਸੋਚ ਨੇ ਠੰਢ ਜਹੀ ਪਾ ਦਿੱਤੀ, ਤੇ ਮਿਰਜ਼ੇ ਦੇ ਮੱਥੇ ਉੱਤੇ ਪੌਣ ਨਾਲ ਆ ਡਿੱਗੇ ਕੁੰਡਲਾਂ ਨੂੰ ਪਰ੍ਹਾਂ ਕਰ ਕੇ ਉਹਨੇ ਉਹਦਾ ਮੱਥਾ ਚੁੰਮ ਲਿਆ ।

ਉਹਨੂੰ ਘੋੜਿਆਂ ਦੀ ਟਪ ਟਪ ਸੁਣਾਈ ਪਈ । "ਔਹ ਆ ਨਿਕਲੇ ।" ਛੋਟਾ ਛਿੰਦਾ ਭਰਾ ਓਸ ਅੱਗੇ ਪਛਾਣ ਲਿਆ । ਉਹਨੂੰ ਹਥ ਪੈਰ ਪੈ ਗਏ । ਓਸ ਮਿਰਜ਼ੇ ਨੂੰ ਝੂਣ ਜਗਾਇਆ, "ਉਠ, ਬੱਕੀ ਤੇ ਚੜ੍ਹ ਨਠ ਚਲੀਏ ।"

"ਤਰਕਸ਼ ! — ਮੇਰਾ ਤਰਕਸ਼ ਸਾਹਿਬਾਂ ਮੇਰੇ ਗਲ ਵਿਚ ਸੀ । ਮੈਂ ਮਾਰਦਾ ਨਹੀਂ, ਤਣੇ ਤੀਰ ਦਾ ਲਲਕਾਰਾ ਹੀ ਆਫ਼ਤ ਟਾਲ ਦੇਏਗਾ । ਕਿਥੇ ਮੇਰਾ ਤਰਕਸ਼, ਓ ਮੇਰਾ ਤਰਕਸ਼ ।"

"ਮਿਰਜ਼ਿਆ ! ਮੈਨੂੰ ਬਖ਼ਸ਼ ਦੇਈਂ, ਭਰਾਵਾਂ ਦੇ ਦਰਦੋਂ ਮੈਂ ਤੇਰੇ ਨਾਲ ਬੇਦਰਦ ਹੋ ਗਈ ਸਾਂ — ਤੇਰੇ ਹੱਥਾਂ ਤੋਂ

ਪਰ੍ਹਾਂ ਕਰ ਦਿੱਤੈ, ਹੁਣ ਉਹ ਤੇਰੇ ਕਿਸੇ ਕੰਮ ਨਹੀਂ। ਉਹ ਆ ਪਹੁੰਚੇ, ਮਾਰ ਫੜਾਕੀ ਬੱਕੀ ਉੱਤੇ।"

"ਨਹੀਂ ਸਾਹਿਬਾਂ! ਤੈਨੂੰ ਛੱਡ ਕੇ ਮੈਂ ਨੱਠ ਨਹੀਂ ਸਕਦਾ," ਤੇ ਦੌੜ ਕੇ ਕਾਠੀ ਨਾਲੋਂ ਉਹ ਤਲਵਾਰ ਧੂ ਲਿਆਇਆ, "ਹੁਣ ਸਾਹਿਬਾਂ ਗਿਣਤੀ ਨੇ ਜਿਤਣੈ, ਮਾਫ਼ ਕਰ ਦੇਈਂ ਜੇ ਕਿਸੇ ਤੇਰੇ ਭਰਾ ਨੂੰ ਚੋਟ ਆ ਜਾਏ। ਪਰ ਮਰ ਮੈਂ ਲੜਦਿਆਂ ਹੀ ਸਕਦਾ ਹਾਂ।"

ਸਾਹਿਬਾਂ ਉਹਦੇ ਗਲ ਨਾਲ ਚੰਬੜ ਗਈ। ਮਿਰਜ਼ੇ ਨੇ ਪਰ੍ਹਾਂ ਹਟਾ ਲਈ, "ਉਹ ਤੈਨੂੰ ਕਾਹਨੂੰ ਮਾਰਨਗੇ? ਇਕ ਨਹੀਂ ਦੋ ਜਣੇ ਤੈਨੂੰ ਮੇਰੇ ਨਾਲੋਂ ਲਾਹ ਕੇ ਖ਼ੰਜਰ ਮੇਰੇ ਸੀਨਿਓਂ ਪਾਰ ਕਰ ਦੇਣਗੇ। ਹਟ ਜਾ ਸਾਹਿਬਾਂ! ਉਹ ਉੱਤੇ ਆ ਗਏ, ਮੈਨੂੰ ਆਪਣੀ ਤਕਦੀਰ ਨੂੰ ਮਿਲ ਲੈਣ ਦੇ।"

ਮਿਰਜ਼ੇ ਨੇ ਤਲਵਾਰ ਸੂਤ ਲਈ। ਸੱਤ ਜਣੇ ਘੋੜੀਆਂ ਤੋਂ ਹੇਠਾਂ ਧਮਕੇ, ਤਲਵਾਰਾਂ ਲਿਸ਼ਕ ਪਈਆਂ, ਸਾਹਿਬਾਂ ਕੁੱਦ ਕੇ ਵਿਚ ਜਾ ਖਲੋਤੀ।

"ਵੇ ਵੀਰਨੋਂ! ਹੁਣ ਨਾ ਮੈਂ ਨਸ ਸਕਨੀ ਆਂ, ਨਾ ਮਿਰਜ਼ਾ। ਕਾਹਲੀ ਨਾ ਕਰੋ ਮੇਰੇ ਹਮ-ਸ਼ੀਰੋ!"

"ਅਸਾਂ ਕਿਸੇ ਦੀ ਕੋਈ ਗਲ ਨਹੀਂ ਸੁਣਨੀ, ਆਪਣਾ ਚੋਰ ਅਸਾਂ ਘੇਰ ਲਿਐ!" ਇਹ ਉਹਦਾ ਭਰਾ ਨਹੀਂ ਸੀ। ਸਾਹਿਬਾਂ ਇਹਨੂੰ ਨਹੀਂ ਸੀ ਪਛਾਣਦੀ, ਪਰ ਜੇ ਰਾਤੀਂ ਉਹ ਨੱਠ ਨਾ ਆਉਂਦੀ ਤਾਂ ਅਜ ਇਹ ਉਹਦਾ ਖ਼ੌਂਦ ਬਣਿਆ ਹੁੰਦਾ।

"ਮੇਰੇ ਹਮ-ਸ਼ੀਰੋ! ਮੈਂ ਤੁਹਾਨੂੰ ਕਹਿਨੀ ਆਂ ਤੁਹਾਨੂੰ, ਜਿਨ੍ਹਾਂ ਦੀ ਵਫ਼ਾ ਖ਼ਾਤਰ ਮੈਂ ਮਿਰਜ਼ੇ ਨਾਲ ਬੇਵਫ਼ਾ ਹੋਈ ਆਂ।"

"ਚੰਗੀ ਵਫ਼ਾ ਤੂੰ ਸਾਡੇ ਨਾਲ ਕਰ ਕੇ ਆਈਓਂ!" ਛੋਟਾ ਭਰਾ ਬੋਲਿਆ।

"ਇੱਕੋ ਵਾਰੀ ਜ਼ਿੰਦਗੀ ਵਿਚ ਮੈਂ ਆਪਣੇ ਦਿਲ ਨਾਲ ਵੀ ਵਫ਼ਾ ਪਾਲੀ, ਹਮੇਸ਼ਾ ਮੈਂ ਦੂਜਿਆਂ ਦੀ ਵਫ਼ਾਦਾਰ ਹੀ ਰਹੀ। ਪਰ ਛਡੋ ਇਹ ਗਲ। ਮੈਂ ਇਹਦੇ ਤੀਰ ਨਾ ਲੁਕਾਏ ਹੁੰਦੇ ਤਾਂ ਤੁਹਾਡੇ ਚੋਂ ਕਈਆਂ ਨੇ ਇਸੇ ਵੇਲੇ ਆਪਣੇ ਪੈਰੀਂ ਨਹੀਂ ਸੀ ਖਲੋਤਾ ਹੋਣਾ, ਏਸ ਮੇਰੀ ਵਫ਼ਾ ਸਦਕਾ ਹੀ ਮੇਰੀ ਗਲ ਸੁਣ ਲਵੋ।"

"ਅਸਾਂ ਹਰਗਿਜ਼ ਨਹੀਂ ਸੁਣਨੀ," ਉਹੀ ਪਹਿਲਾਂ ਬੋਲਿਆ, ਚੰਦੜਾਂ ਦਾ ਤਾਹਰ।

"ਮੇਰਾ ਤਰਲਾ ਤੇਰੇ ਅੱਗੇ ਨਹੀਂ, ਆਪਣੇ ਭਰਾਵਾਂ ਅੱਗੇ ਹੈ," ਕੋਈ ਘਿਰਣਾ ਸੀ ਸਾਹਿਬਾਂ ਦੀਆਂ ਅੱਖਾਂ ਵਿਚ, ਉਹਦੇ ਲਈ ਜਿਹੜਾ ਜ਼ੋਰੀ ਕਿਸੇ ਔਰਤ ਦਾ ਸ਼ੌਹਰ ਬਣਦਾ ਹੈ।

"ਕੀ ਚਾਹਨੀ ਏਂ? ਦਸ!" ਵੱਡਾ ਭਰਾ ਬੋਲਿਆ।

"ਜੀਉਂਦਾ ਇਹਨੂੰ ਛਡਣੋਂ ਅਸੀਂ ਰਹੇ — ਇਹ ਸਾਡਾ ਚੋਰ ਏ।" ਤਾਹਰ ਫੇਰ ਨਾ ਰਹਿ ਸਕਿਆ, ਤੇ ਨਾਲੇ ਮਿਰਜ਼ੇ ਦੇ ਢਿੱਡ ਦਾ ਨਿਸ਼ਾਨਾ ਕਰ ਕੇ ਓਸ ਨੇ ਆਪਣੀ ਤਲਵਾਰ ਵਗਾਹ ਮਾਰੀ।

ਨਿਸ਼ਾਨਾ ਚੁਕ ਗਿਆ, ਪਰ ਮਿਰਜ਼ੇ ਦਾ ਸਾਰਾ ਲਹੂ ਖੌਲ ਉੱਠਿਆ। ਸ਼ੀਂਹ ਵਾਂਗ ਉਹ ਲਪਕਿਆ, "ਇਹਦੇ ਬਾਰੇ, ਸਾਹਿਬਾਂ ਮੇਰਾ ਇਕਰਾਰ ਕੋਈ ਨਹੀਂ," ਤੇ ਪਰੇਸ਼ਾਨ ਹੋਏ ਸਾਥੀਆਂ ਦੇ ਵਿਚ ਹੀ ਬਿਜਲੀ ਲਿਸ਼ਕੀ — ਜਿੰਨੇ ਚਿਰ ਵਿਚ ਇੱਕੋ ਵਾਰ ਨਾਲ ਹੀ ਤਾਹਰ ਨੂੰ ਮਿਰਜ਼ੇ ਨੇ ਢੇਰੀ ਕਰ ਦਿੱਤਾ।

ਇਹ ਵੇਖ ਸਾਰੇ ਉਹਦੇ ਉੱਤੇ ਟੁੱਟ ਪਏ। ਤਲਵਾਰ ਉੱਤੇ ਤਲਵਾਰ ਖੜਕੀ। ਮਿਰਜ਼ਾ ਤੇਗ ਦਾ ਵੀ ਧਨੀ ਸੀ। ਸਭ ਦੇ ਵਾਰ ਰੋਕੀ ਗਿਆ। ਸਾਹਿਬਾਂ ਕੁਰਲਾਂਦੀ, ਭਰਾਵਾਂ ਦੇ ਪੈਰੀਂ ਪੈਂਦੀ, ਹਥ ਫੜਦੀ, ਵਾਸਤੇ ਪਾਂਦੀ, "ਨਾ ਵੇ ਵੀਰੋ! ਨਾ — ਤੁਹਾਡੀ ਗੁਨਾਹੀ ਮੈਂ — ਇਹਦੇ ਨਾਲ ਦਗ਼ਾ ਵੀ ਮੈਂ ਈ ਕੀਤਾ — ਇਹਨੂੰ ਮੰਗਾਇਆ ਵੀ ਮੈਂ — ਵੀਰੋ! ਤੁਹਾਡੀ ਖ਼ਾਤਰ — ਨਾ ਵੀਰੋ! ਨਾ — ਇੱਕੋ ਆਪਣੀ ਹਮਸ਼ੀਰਾ ਖ਼ਾਤਰ... ..."

ਪਰ ਤਲਵਾਰਾਂ ਦੇ ਖੜਕਾਰ ਵਿਚ ਕਿਸੇ ਉਹਦਾ ਵਾਸਤਾ ਨਾ ਸੁਣਿਆ। ਛੇ ਤਲਵਾਰਾਂ ਦੇ ਵਾਰ ਰੋਕਦਿਆਂ ਮਿਰਜ਼ੇ ਦੀਆਂ ਬਾਹਾਂ ਓੜਕ ਭਾਰੀਆਂ ਹੋ ਗਈਆਂ। ਸਾਰੇ ਵਾਰ ਹੁਣ ਰੁਕਦੇ ਨਾ, ਕਦੇ ਡੌਲੇ ਚੋਂ ਲਹੂ ਦੀ ਤੰਦੀਰੀ

ਛੁੱਟ ਪੈਂਦੀ, ਕਦੇ ਮੋਢੇ ਉੱਤੇ ਚੀਰ ਪੈ ਜਾਂਦਾ, ਤੇ ਹਿੱਕ ਵੀ ਪੱਛੀ ਗਈ । ਸਾਹਿਬਾਂ ਕੋਲੋਂ ਵੇਖਿਆ ਨਾ ਜਾਂਦਾ, ਉਹ ਵਿਚ ਧਸ ਧਸ ਪੈਂਦੀ ।

"ਮਾਰ ਖ਼ਾਂ ਜੱਫਾ ਇਹਨੂੰ !" ਤੇ ਇਕ ਭਰਾ ਨੇ ਸਾਹਿਬਾਂ ਨੂੰ ਜਕੜ ਕੇ ਬੇਵੱਸ ਕਰ ਦਿੱਤਾ ।

ਮਿਰਜ਼ੇ ਨੂੰ ਲੱਗੀ ਹਰ ਸੱਟ ਉੱਤੇ ਸਾਹਿਬਾਂ ਦੇ ਅੰਦਰੋਂ ਕੂਕ ਨਿਕਲਦੀ । ਓੜਕ ਇਕ ਡੂੰਘਾ ਵਾਰ ਮਿਰਜ਼ੇ ਦੀ ਹਿੱਕ ਉਤੇ ਹੋ ਗਿਆ, ਉਹ ਢਹਿ ਪਿਆ ਤੇ ਉਹਦੀ ਤਲਵਾਰ ਹੱਥੋਂ ਡਿਗ ਪਈ ।

ਇਕ ਦਮ ਸਾਹਿਬਾਂ ਵਿਚ ਸ਼ੀਹਣੀ ਦਾ ਜ਼ੋਰ ਆ ਗਿਆ । ਭਰਾ ਦੀ ਜੱਫੀ ਚੋਂ ਨਿਕਲ ਉਹ ਮਿਰਜ਼ੇ ਦੇ ਸਰਹਾਣੇ ਜਾ ਖਲੋਤੀ, ਉਹਨੇ ਉਹਦੀ ਤਲਵਾਰ ਹੱਥ ਵਿਚ ਘੁਟ ਲਈ ।

"ਹੁਣ ਨਾ ਮੇਰੇ ਨੇੜੇ ਆਉਣਾ, ਸਾਹਿਬਾਂ ਨਹੀਂ, ਮੈਂ ਸ਼ੁਦੈਣ ਜੇ । ਤੁਸਾਂ ਮਿਰਜ਼ੇ ਨੂੰ ਮਾਰ ਲਿਆ, ਦੋ ਘੜੀਆਂ ਦਾ ਉਹ ਹੁਣ ਮਹਿਮਾਨ ਏ — ਉਹਦੇ ਨਾਲ ਕੀਤੇ ਦਗੇ ਦੀ ਮੁਆਫ਼ੀ ਮੈਨੂੰ ਮੰਗ ਲੈਣ ਦਿਓ ।"

ਏਸ ਗ਼ਮ ਤੇ ਏਸ ਨਿਡੱਰਤਾ ਦੇ ਸਾਹਮਣੇ ਕੌਣ ਨਾ ਠਠੰਬਰ ਜਾਂਦਾ ? ਉਹ ਦੂਰ ਪਰ੍ਹਾਂ ਚਲੇ ਗਏ ।

ਸਾਹਿਬਾਂ ਨੇ ਲਹੂ-ਲਿੱਬੜੇ ਵਾਲ ਮੱਥੇ ਤੋਂ ਹਟਾਏ, ਚੁੰਨੀ ਨਾਲ ਅੱਖਾਂ ਤੋਂ ਲਹੂ ਪੂੰਝਿਆ, ਮੱਥਾ ਚੁੰਮਿਆ ।

"ਮਿਰਜ਼ਿਆ !"

"ਹਾਂ, ਸਾਹਿਬਾਂ !"

"ਮੈਨੂੰ ਮਾਫ਼ ਕਰ ਦੇਏਂਗਾ ?"

"ਮਾਫ਼ੀ ਕਾਹਦੀ ? ਮੈਂ ਆਪਣੀ ਜ਼ਿੰਦਗੀ ਦਾ ਪੂਰਾ ਮੁਲ ਲੈ ਲਿਐ — ਇਕ ਫ਼ਰਿਸ਼ਤੇ ਨੂੰ ਛੁਹ ਲਿਐ... ..."

"ਮੈਂ ਤੈਨੂੰ ਕੁਝ ਨਹੀਂ ਦਿੱਤਾ — ਸਿਰਫ਼ ਮੌਤ ਈ ਦਿੱਤੀ ?"

"ਕੀ ਮਿਰਜ਼ਿਆ ! ਇਕ ਪਲ ਹੋਰ ਤੂੰ ਅੱਖੀਆਂ ਖੁਲ੍ਹੀਆਂ ਰੱਖ ਸਕਦਾ ਏਂ ?"

"ਇਹ ਮਿਟ ਮਿਟ ਜਾਂਦੀਆਂ ਨੇ, ਪਰ ਤੂੰ ਚਾਹਨੀ ਏਂ ਤਾਂ ਇਹ ਖੁਲ੍ਹੀਆਂ ਰਹਿਣਗੀਆਂ — ਪਰ ਮੇਰਾ ਹੱਥ ਜੇ ਤੂੰ ਆਪਣੇ ਹੱਥ ਵਿਚ ਫੜੀ ਰੱਖੇਂ ।"

ਸਾਹਿਬਾਂ ਨੇ ਚੁਕ ਕੇ ਉਹਦਾ ਹੱਥ ਚੁੰਮ ਲਿਆ ।

"ਮੈਂ ਕੁਰਬਾਨ ਮਿਰਜ਼ਿਆ ! ਮੈਂ ਚਾਹਨੀਆਂ ਤੂੰ ਵੇਖ ਲਵੇਂ, ਮੈਂ ਤੇਰੇ ਨਾਲ ਨਹੀਂ, ਆਪਣੀ ਤਕਦੀਰ ਨਾਲ ਬੇਵਫ਼ਾਈ ਕੀਤੀ ਏ । ਤਕਦੀਰ ਤੇਰੀ ਨਹੀਂ, ਡੋਗਰ ਫ਼ੀਰੋਜ਼ ਦੀ ਮੌਤ ਲੈ ਕੇ ਆਈ ਸੀ । ਮੈਂ ਉਹਨੂੰ ਬਚਾ ਲਿਆ ਤੇ ਆਪਣੇ ਬੇਮਿਸਾਲ ਇਸ਼ਕ ਦੀ ਕਹਾਣੀ ਮੁਕਾ ਲਈ । ਇਹ ਨਾ ਜਾਣੀ, ਮੈਨੂੰ ਭਰਾ ਤੈਥੋਂ ਵਧ ਪਿਆਰੇ ਸਨ, ਸਿਰਫ਼ ਆਪਣੀ ਖ਼ੁਸ਼ੀ ਨਾਲੋਂ ਦੂਜਿਆਂ ਦੀ ਖ਼ੁਸ਼ੀ ਵਧ ਪਿਆਰਨ ਦੀ ਮੇਰੀ ਵਾਦੀ ਤੇਰੀ ਕਾਤਲ ਬਣ ਗਈ । ਹਾਂ ਮੈਂ ਤੇਰੀ — ਤੈਥੋਂ ਮੈਨੂੰ ਕੋਈ ਨਿਖੇੜ ਨਹੀਂ ਸਕਦਾ......", ਤੇ ਸਾਹਿਬਾਂ ਉਠ ਕੇ ਮਿਰਜ਼ੇ ਦੀਆਂ ਖੁਲ੍ਹੀਆਂ ਅੱਖਾਂ ਸਾਹਮਣੇ ਹੋ ਖਲੋਤੀ । ਉਹਦੇ ਹੱਥ ਵਿਚ ਮਿਰਜ਼ੇ ਦੀ ਤਲਵਾਰ ਸੀ । ਦਸਤੇ ਨੂੰ ਚੁੰਮ ਕੇ ਉਸ ਆਪਣੇ ਢਿੱਡ ਵਿਚ ਖੋਭ ਲਈ, ਤੇ ਡਿਗਦੀ ਡਿਗਦੀ ਮਿਰਜ਼ੇ ਦੇ ਪਾਸੇ ਨਾਲ ਲੇਟ ਗਈ ।

"ਨਿਕੀ ਹੁੰਦੀ ਨੇ ਮੈਂ ਤੇਰੇ ਲਕ ਦੁਆਲੇ ਬਾਂਹ ਪਾਈ ਸੀ, ਅਖ਼ੀਰ ਵੇਲੇ ਮੈਂ ਤੇਰੀ ਬਹਾਦਰ ਹਿਕ ਦੁਆਲੇ ਇਹ ਬਾਂਹ ... ..."

ਮਿਰਜ਼ੇ ਦੀਆਂ ਅੱਖਾਂ ਮੀਟੀਆਂ ਗਈਆਂ, ਬੁਲ੍ਹਾਂ ਉੱਤੇ ਅਜੇ ਸਾਹ ਹੈ ਸੀ ।

"ਸਾ — ਹਿ — ਬਾਂ !"

"ਹਾਂ, — ਮਿਰ — ਜ਼ਿਆ !"

---

# (੪) ਪੂਰਨ ਭਗਤ

'ਮੱਥਾ ਟੇਕਦਾ ਹਾਂ ! ਮਾਤਾ ਜੀ' ਸ਼ਰਮਾਕਲ ਤੇ ਸਾਊ ਪੁੱਤਰਾਂ ਵਾਂਗ ਸ਼ਹਿਜ਼ਾਦੇ ਪੂਰਨ ਨੇ ਆਪਣੀ ਮਤ੍ਰੇਈ ਮਾਂ ਰਾਣੀ ਲੂਣਾਂ ਸਾਹਮਣੇ ਅਦਬ ਨਾਲ ਸੀਸ ਝੁਕਾ ਕੇ ਕਿਹਾ ।

ਸਰੂ ਕੱਦ, ਹੱਡ ਪੈਰ ਮੋਕਲੇ, ਤਿੱਖੇ ਨਕਸ਼, ਚੌੜਾ ਮੱਥਾ, ਹਰਨਾਂ ਵਰਗੀਆਂ ਅੱਖੀਆਂ ਵਿਚ ਕੋਈ ਜਾਦੂ-ਭਰੀ ਖਿੱਚ, ਚਿਹਰੇ ਉਤੇ ਡਲ੍ਹਕਾਂ ਮਾਰਦਾ ਨੂਰ, ਨਿਰਛਲ ਤੇ ਨਿਸ਼ਕਪਟ, ਸੱਜਰੇ ਹੁਸਨ ਦੀ ਪੂਰਨ ਤਸਵੀਰ ਸੀ । ਸਿਆਲਕੋਟ ਦੇ ਰਾਜੇ ਸਲਵਾਨ ਦਾ ਪੁੱਤਰ ਸ਼ਹਿਜ਼ਾਦਾ ਪੂਰਨ ਜੋ ਭੋਰੇ ਵਿੱਚੋਂ ਨਿਕਲ ਆਪਣੀ ਮਤ੍ਰੇਈ ਮਾਂ ਨੂੰ ਮੱਥਾ ਟੇਕਣ ਆਇਆ ਸੀ । ਰਾਣੀ ਲੂਣਾਂ ਨੂੰ ਇਉਂ ਲੱਗਿਆ ਜਿਵੇਂ ਉਸ ਦੇ ਹਨੇਰੇ ਮਹਿਲ ਵਿਚ ਕਿਸੇ ਨੇ ਚਾਨਣ ਦੀ ਪੰਡ ਖੋਲ੍ਹ ਦਿਤੀ ਹੋਵੇ । ਉਹਦਾ ਆਪਣੇ ਰੂਪ ਦਾ ਹੰਕਾਰ ਨਿਸਲ ਹੋਕੇ ਰਹਿ ਗਿਆ । ਉਹ ਆਪਣੇ ਹੁਸਨ ਦੇ ਜਾਦੂ ਨਾਲ ਹਰ ਨਜ਼ਰ ਨੂੰ ਕੀਲਦੀ ਆਈ ਸੀ । ਉਹ ਹੁਣ ਤਕ ਈਨਾਂ ਮਨਾਂਉਂਦੀ ਰਹੀ ਸੀ, ਉਸ ਆਪ ਕਿਸੇ ਦੀ ਈਨ ਨਹੀਂ ਸੀ ਮੰਨੀ । ਅੱਜ ਪਹਿਲੀ ਵਾਰ ਉਸ ਦੇ ਦਮ ਬਿੜਕੇ ਤੇ ਰੂਪ ਉਤੇ ਉਸਾਰੇ ਹੋਏ ਹੰਕਾਰ ਦਾ ਮਹੱਲ ਧੜੰਮ ਕਰਦਾ ਡਿੱਗ ਪਿਆ । ਕਾਲਜਾ ਲਾਟ ਵਾਂਗ ਮੱਚ ਪਿਆ । ਉਹਦਾ ਰੋਮ ਰੋਮ ਪੂਰਨ ਦੇ ਹੁਸਨ ਨੂੰ ਚਟ ਚਟ ਸਮੇਟ ਜਾਣ ਲਈ ਕਾਮੀ ਜੀਭਾਂ ਦਾ ਰੂਪ ਧਾਰਨ ਕਰ ਗਿਆ । ਅੰਗ ਅੰਗ ਵਿਚ ਝਰਨਾਟਾਂ ਛਿੜ ਗਈਆਂ । ਉਹਦੀ ਸਾਬਤੀ ਉਤੇ ਬਿਜਲੀਆਂ ਕੜਕ ਡਿੱਗੀਆਂ ਤੇ ਉਸ ਦੀ ਮਲੀਨ ਆਤਮਾਂ ਦੀ ਕਾਮਤ੍ਰਿਸ਼ਨਾ ਉਹਦੀਆਂ ਤੱਕਣੀਆਂ ਵਿਚ ਸਿਮਟ ਆਈ । ਮਮਤਾ ਦੀ ਥਾਂ ਕਾਮ-ਭੁੱਖ ਨੇ ਆਣ ਮੱਲੀ । ਰਾਜੇ ਸਲਵਾਨ ਦੀਆਂ ਪਿਆਰ-ਮੰਗਦੀਆਂ ਭੁੱਖੀਆਂ ਤੱਕਣੀਆਂ ਉਹਦੀਆਂ ਮਨ-ਅੱਖੀਆਂ ਸਾਹਮਣਿਓਂ ਅਲੋਪ ਹੋ ਗਈਆਂ ਤੇ ਪੂਰਨ ਦੇ ਸੱਜਰੇ ਹੁਸਨ ਨੂੰ ਮਾਨਣ ਦੀਆਂ ਤਾਂਘਾਂ ਨਾਲ ਉਹ ਬਿਹਬਲ ਹੋ ਉਠੀ ।

ਸਵਾਦ ਸਿਫ਼ਤ ਨਾ ਹੁਸਨ ਦੀ ਜਾਏ ਝੱਲੀ, ਲੂਣਾਂ ਵੇਖ ਕੇ ਪੁੱਤ ਨੂੰ ਤੁਰਤ ਮੁਠੀ ।
ਪੂਰਨ ਨਜ਼ਰ ਆਇਆ, ਰਾਜਾ ਭੁਲ ਗਿਆ, ਸਿਰਾਂ ਪੈਰਾਂ ਤੋੜੀ ਅੱਗ ਭੜਕ ਉਠੀ ।
ਦਿਲੋਂ ਪੁੱਤਰ ਨੂੰ ਯਾਰ ਬਣਾ ਬੈਠੀ, ਉਹਦੀ ਸਾਬਤੀ ਦੀ ਵਿਚੋਂ ਲੱਜ ਟੁੱਟੀ ।
ਕਾਦਰਯਾਰ ਤਰੀਮਤ ਹੈਂਸੀਆਰੀ, ਲੱਗੀ ਨਦੀ ਵਗਾਉਣ ਆਪ ਪੁੱਠੀ ।

ਆਪਣੇ ਜਹਾਨ-ਸਾੜ ਹੁਸਨ, ਦੀਆਂ ਸਾਰੀਆਂ ਸ਼ਕਤੀਆਂ ਨੂੰ ਇਕਾਗਰ ਕਰਕੇ ਉਸ ਨੇ ਆਪਣੇ ਛਰੇਰੇ, ਲਚਕਦਾਰ ਅਤੇ ਕੋਮਲ ਸਰੀਰ ਨੂੰ ਪਿਆਰ-ਲੋਰ ਵਿਚ ਆਈ ਕਬੂਤਰੀ ਵਾਂਗ ਛੰਡਿਆ । ਮੱਥਾ ਟੇਕ ਰਹੇ ਮਾਸੂਮ ਪੂਰਨ ਦੇ ਸਿਰ ਉੱਤੇ ਮਮਤਾ-ਭਰੇ ਪਿਆਰ ਦਾ ਹੱਥ ਫੇਰਨ ਦੀ ਥਾਂ ਅੱਧਮੀਟੀਆਂ, ਮਸਤ ਅੱਖੀਆਂ ਦੀਆਂ ਨਜ਼ਰਾਂ ਉਹਦੇ ਚਿਹਰੇ ਉਤੇ ਸੁੱਟ ਕੇ ਉਸ ਨੇ ਅੰਗੜਾਈ ਲਈ । ਉਹਨੂੰ ਯਕੀਨ ਸੀ ਕਿ ਇਸ ਅਨੋਖੇ ਵਾਰ ਤੋਂ ਪੂਰਨ ਵਰਗਾ ਹੁਣੇ ਹੀ ਪਿੰਜਰੇ ਤੋਂ ਬਾਹਰ ਆਇਆ ਭੋਲਾ ਪੰਛੀ ਬਚ ਕੇ ਨਹੀਂ ਜਾ ਸਕਦਾ ! ਇਕ ਹੱਥ ਨਾਲ ਪੂਰਨ ਦੀ ਬਾਂਹ ਫੜੀ, ਦੂਜੇ ਹੱਥ ਦੀਆਂ ਮਲੂਕ ਪਤਲੀਆਂ ਉਂਗਲੀਆਂ ਨਾਲ ਪੂਰਨ ਦੀ ਠੋਡੀ ਨੂੰ ਉਤਾਂਹ ਚੁੱਕ, ਉਹਦੀਆਂ ਪੈਰਾਂ ਵਲ ਨੂੰ ਝੁਕੀਆਂ ਹੋਈਆਂ ਅੱਖੀਆਂ ਆਪਣੀਆਂ ਮਾਰੂ ਤੱਕਣੀਆਂ ਦੇ ਹਮਲੇ ਦੀ ਮਾਰ ਹੇਠ ਲਿਆਂਦੀਆਂ । ਬੁਲ੍ਹਾਂ ਉਤੇ ਹਜ਼ਾਰ ਅਰਥ-ਭਰਪੂਰ ਸ਼ੈਤਾਨੀ ਮੁਸਕਾਨਾਂ ਨਚਾਈਆਂ ਤੇ ਬੋਲੀ :—

ਕੁੱਖੇ ਰੱਖ ਨਾ ਜੰਮਿਓਂ ਜਾਇਓਂ ਵੇ, ਮਾਈ ਆਖਦਾ ਏਂ ਕਿਹੜੇ ਸਾਕ ਮੈਨੂੰ
ਹਮ-ਉਮਰ ਤੇਰੀ ਮੇਰੀ ਇਕ ਰਾਜਾ, ਕੇਹਾ ਲਾਇਆ ਈ ਦਰਦ ਫ਼ਰਾਕ ਮੈਨੂੰ

www.PunjabiLibrary.com

ਕਾਦਰ ਯਾਰ ਨਾ ਸੰਗਦੀ ਕਹੇ ਲੂਣਾ, ਕਰ ਚੱਲਿਓਂ ਮਾਰ ਹਲਾਕ ਮੈਨੂੰ।

'ਕਿਸ ਨੂੰ ਮੱਥੇ ਟੇਕਨਾ ਏਂ ਪੂਰਨਾ ? ਤੇਰੀ ਮਾਂ ਮੈਂ ਕਿਹੜੇ ਸਾਕੋਂ ਲੱਗਦੀ ਹਾਂ ? ਨਾ ਮੈਂ ਤੈਨੂੰ ਕੁੱਖੇ ਰੱਖਿਆ, ਨਾ ਤੂੰ ਮੇਰਾ ਦੁੱਧ ਚੁੰਘਿਆ ! ਜ਼ਰਾ ਉਤਾਂਹ ਮੇਰੀਆਂ ਅੱਖੀਆਂ ਵਿਚ ਵੇਖ ! ਵੇਖ ਮੇਰੀਆਂ ਉੱਬਲ ਉੱਬਲ ਪੈਂਦੀਆਂ ਜਵਾਨ ਸੱਧਰਾਂ ਨੂੰ, ਮੇਰੇ ਹਾਣ ਦਿਆ ਪੂਰਨਾ ! ਇਹ ਜਵਾਨੀਆਂ ਸਦਾ ਨਹੀਂ ਰਹਿਣੀਆਂ ਮੇਰੇ ਸ਼ੌਕ ਮਚਲਦੇ ਵੇਖ ! ਮੇਰੇ ਅਰਮਾਨ ਤੜਫਦੇ ਵੇਖ ! ਆ ! ਮੇਰੀਆਂ ਭਖਦੀਆਂ ਹੋਈਆਂ ਛਾਤੀਆਂ ਤੇ ਹੱਥ ਰੱਖ ! ਆ ! ਮੈਨੂੰ ਕਲਾਵੇ ਵਿਚ ਘੁੱਟ ਲੈ, ਨਪੀੜ ਲੈ, ਝੰਜੋੜ ਸੁੱਟ, ਮੈਂ ਬਣੀ ਹਾਂ ਤੇਰੇ ਲਈ, ਤੂੰ ਬਣਿਆ ਹੈਂ ਮੇਰੇ ਲਈ ਆ ਵੇਖ ! ਇਹ ਵੇਲਾ ਮੁੜ ਹੱਥ ਨਹੀਂ ਆਉਣਾ !'

ਪੂਰਨ ਨੇ-ਜਵਾਨ ਬਾਰਾਂ ਸਾਲ ਭੋਰੇ ਵਿਚ ਦੁਨੀਆਂ ਤੋਂ ਅਲੱਗ-ਥਲੱਗ ਕੱਟ ਕੇ ਰਾਜੇ ਦਾ ਹੁਕਮ ਪਾ ਕੇ ਸਿੱਧਾ ਇਥੇ ਪੁਜਿਆ ਸੀ। ਉਹਦੇ ਸੱਜਰੇ ਅਤੇ ਮਾਸੂਮ ਹੁਸਨ ਨੇ ਮੈਲੀਆਂ ਨਜ਼ਰਾਂ ਦੀ ਮਾਰ ਕਦੇ ਨਹੀਂ ਸੀ ਸਹੀ। ਤੇ ਲੂਣਾਂ ਦਾ ਇਹ ਜ਼ਹਿਰੀਲਾ ਵਾਰ ਹੋਇਆ ਵੀ ਅਚਾਨਕ ਸੀ। ਫੇਰ ਵੀ ਉਹ ਸੰਭਲ ਗਿਆ ! ਜ਼ਰਾ ਨਾ ਥਿੜਕਿਆ, ਜ਼ਰਾ ਨਾ ਡੋਲਿਆ ! ਆਪਣੀ ਮਤ੍ਰੇਈ ਮਾਂ ਲੂਣਾਂ ਨੂੰ ਕਾਮਨੀ ਰੂਪ ਧਾਰਦਿਆਂ ਵੇਖ ਕੇ ਉਹਨੂੰ ਬੜੀ ਲੱਜਿਆ ਆਈ, ਉਸ ਨੇ ਆਪਣਾ ਹੱਥ ਛੁਡਾ ਕੇ ਪਿੱਛੇ ਹਟਦਿਆਂ ਅਰਜ਼ ਕੀਤੀ।

'ਮਾਤਾ ਜੀ, ਇਹ ਅਣਹੋਈਆਂ ਕਦੋਂ ਹੋਈਆਂ ? ਉਚਾਣਾਂ ਨੂੰ ਕਦੀ ਪਾਣੀ ਵਗਦੇ ਨੇ ? ਜਿਸ ਦਿਨ ਵਗਣ ਲਗ ਪਏ, ਪਰਲੋ ਆ ਜਾਏਗੀ। ਜ਼ਮੀਨ ਅਸਮਾਨ ਡੋਲ ਜਾਣਗੇ ! ਨਾ ਕਦੇ ਮਾਵਾਂ ਨੇ ਪੁੱਤਰਾਂ ਨਾਲ ਯਾਰੀਆਂ ਲਾਈਆਂ, ਨਾ ਉਨ੍ਹਾਂ ਨੇ ਹੱਥੀਂ ਆਪਣੇ ਪੁੱਤਰਾਂ ਨੂੰ ਜ਼ਹਿਰ-ਪਿਆਲੇ ਦਿਤੇ ! ਮੈਨੂੰ ਲਗਾਓ ਹਿੱਕ ਨਾਲ ਪੁੱਤਰ ਸਮਝ ਕੇ, ਮੈਨੂੰ ਦਿਓ ਪਿਆਰ ਪੁੱਤਰ ਜਾਣ ਕੇ।'

ਪੂਰਨ ਦੇ ਇਸ ਇਨਕਾਰ ਨੇ ਲੂਣਾਂ ਦੇ ਦਿਲ ਵਿਚ ਭੜਕੀ ਹੋਈ ਕਾਮ-ਭੁੱਖ ਦੀ ਅੱਗ ਉਤੇ ਤੇਲ ਛਿੜਕ ਦਿੱਤਾ। ਉਸ ਨੇ ਨਖਰਿਆਂ, ਮੁਸਕਰਾਹਟਾਂ ਅਤੇ ਤਰਲਿਆਂ ਨਾਲ ਨਿਹੋਰਿਆਂ ਤੇ ਮਿਹਣਿਆਂ ਨੂੰ ਮਿਲਾ ਕੇ ਪੂਰਨ ਦੇ ਈਮਾਨ ਉਤੇ ਭਰਪੂਰ ਵਾਰ ਕੀਤਾ।

'ਰੇਸ਼ਮ ਦੇ ਲੱਛਿਆਂ ਵਰਗੇ ਸਰੀਰ ਦੇ ਖ਼ੁਸ਼ਬੋਈਆਂ-ਭਿੰਨੇ ਅੰਗਾਂ ਦੀ ਛੋਹ ਦਾ ਸੁਆਦ ਕਿਸੇ ਨਸੀਬਾਂ ਵਾਲੇ ਦੇ ਹਿੱਸੇ ਆਉਂਦਾ ਹੈ। ਮੈਨੂੰ ਤਾਂ ਤੇਰੀਆਂ ਗੱਲਾਂ ਤੋਂ ਇਉਂ ਜਾਪਦਾ ਹੈ ਤੂੰ ਮਰਦ ਹੀ ਨਹੀਂ ਏਂ, ਮਰਦ ਕੀ ਤੇ ਇਸ ਤਰ੍ਹਾਂ ਦੀ ਸੇਜ ਨੂੰ ਠੁਕਰਾਉਣਾ ਕੀ ?'

ਲੂਣਾਂ ਦੀਆਂ ਅਜਿਹੀਆਂ ਬੇਥਵੀਆਂ ਗੱਲਾਂ ਸੁਣ ਕੇ ਪੂਰਨ ਦੇ ਮੱਥੇ ਉਤੇ ਗ਼ੁੱਸੇ ਦੀਆਂ ਤਿਊੜੀਆਂ ਉੱਭਰ ਆਈਆਂ। ਉਸ ਨੇ ਗੰਭੀਰ ਲਹਿਜੇ ਵਿਚ ਕਿਹਾ।

'ਕੁਝ ਹਯਾ ਕਰ ! ਤੂੰ ਮੇਰੀ ਮਾਤਾ ਕਿਵੇਂ ਨਹੀਂ ? ਜਿਸ ਦੀ ਤੂੰ ਇਸਤਰੀ ਹੈਂ ਉਹ ਮੇਰਾ ਬਾਪ ਹੈ। ਮਾਵਾਂ ਡੈਣਾਂ ਹੋ ਜਾਣ ਤਾਂ ਵੀ ਪੁੱਤਰਾਂ ਨੂੰ ਨਹੀਂ ਖਾਂਦੀਆਂ ! ਕੋਈ ਅਕਲ ਕਰ, ਹੋਸ਼ ਕਰ।'

ਲੂਣਾਂ ਦੇ ਖ਼ੂਬਸੂਰਤ ਬੁੱਲ੍ਹਾਂ ਉਤੇ ਇਕ ਵਿਸ਼ੈਲਾ ਹਾਸਾ ਉਭਰਿਆ।

'ਉਹ ਬੁੱਢਾ ਖੋਸਟ ਸਲਵਾਨ ਰਾਜਾ ! ਤੇਰਾ ਪਿਤਾ ਹੈ, ਪਰ ਮੇਰੀ ਕੁੰਦਨ ਵਰਗੀ ਦੇਹੀ ਨੂੰ ਇਕ ਰੋਗ, ਹੱਡੀਆਂ ਦਾ ਖੌ ! ਅਸਲੀ ਜੋੜੀ ਤਾਂ ਤੇਰੀ ਮੇਰੀ ਹੈ। ਪੈਰਾਂ ਵਿਚ ਡਿੱਗੀਆਂ ਹੋਈਆਂ ਬਰਕਤਾਂ ਨੂੰ ਠੋਕਰ ਨਾ ਮਾਰ। ਮੈਂ ਤੇਰੇ ਅੱਗੇ ਝੋਲੀ ਅੱਡ ਕੇ ਖੜੀ ਹਾਂ। ਇਸ ਵਿਚ ਵਸਲ ਦਾ ਖੈਰ ਪਾ। ਮਾਂ ! ਮਾਂ ਕਰਨਾ ਹੈਂ ਤਾਂ ਇੱਛਰਾਂ ਕੋਲ ਜਾ ਕੇ ਕਰੀਂ। ਮੈਂ ਨਾ ਤੈਨੂੰ ਲੋਰੀਆਂ ਦਿੱਤੀਆਂ, ਨਾ ਕੁੱਛੜ ਚੁੱਕਿਆ' ਪੂਰਨ ਫੇਰ ਵੀ ਨਾ ਡੋਲਿਆ। ਕਹਿਣ ਲੱਗਾ 'ਇਹ ਘੋਰ ਪਾਪ ਆਪਣੇ ਸਿਰ ਨਾ ਚਾੜ੍ਹ ! ਜੇ ਮੇਰਾ ਮੱਥਾ ਟੇਕਣਾ ਪਰਵਾਨ ਨਹੀਂ ਤਾਂ ਮੈਂ ਵਾਪਸ ਮੁੜਦਾ ਹਾਂ' ਇਹ ਕਹਿ ਕੇ ਪੂਰਨ ਬਾਹਰ ਨੂੰ ਤੁਰਿਆ ਤਾਂ ਲੂਣਾਂ ਹਾਰੇ ਹੋਏ ਜੁਆਰੀਏ ਵਾਂਙ ਆਖਰੀ ਦਾਉ ਤੇ ਆ ਗਈ ! ਠੁਕਰਾਏ ਹੋਏ ਕਾਮ ਨੇ ਚੰਡਾਲ ਦਾ ਰੂਪ ਧਾਰ ਲਿਆ ਅਤੇ ਉਹ ਗ਼ੁੱਸੇ ਨਾਲ ਕੜਕੀ !

'ਠਹਿਰ ਜਾ ਪੂਰਨਾ ! ਠਹਿਰ ! ਤੂੰ ਮੇਰੇ ਤਰਲੇ ਸੁਣੇ ਨੇ, ਗ਼ੁੱਸਾ ਨਹੀਂ ਵੇਖਿਆ ! ਮੇਰੇ ਪਿਆਰ ਦਾ ਇਕ ਹੋਰ ਰੂਪ ਵੀ ਹੈ। ਜੇ ਭਲਾ ਚਾਹਨਾਂ ਏਂ ਤਾਂ ਇਹ ਸੇਜ ਹਾਜ਼ਰ ਹੈ, ਨਹੀਂ ਤਾਂ ਕਤਲ ਕਰਵਾ ਦਿਆਂਗੀ। ਸੋਚ ਲੈ, ਸਮਝ ਲੈ, ਅਜੇ ਵੇਲਾ ਈ ! ਛੱਡ ਇਹ ਪਾਰਸਾਈਆਂ, ਨਹੀਂ ਤਾਂ ਕੁੱਤੇ ਦੀ ਮੌਤੇ ਮਾਰਿਆ ਜਾਏਂਗਾ। ਫੇਰ ਤਾਂ ਮੈਨੂੰ ਤੇਰੇ ਲਹੂ ਦੇ ਘੁੱਟ ਪੀ ਕੇ ਸਬਰ ਆਏਗਾ।'

'ਸਭ ਕੁਝ ਪਰਵਾਨ, ਪਰ ਇਹ ਪਾਪ ਨਹੀਂ, ਕਰ ਸਕਦਾ' ਆਖਦਿਆਂ ਪੂਰਨ ਨੇ ਕੰਨੀ ਛੁਡਾਈ ਤੇ ਲੂਣਾਂ ਦੇ ਮਹੱਲ ਤੋਂ ਬਾਹਰ ਨੱਸ ਗਿਆ।

ਰਾਜੇ ਸਲਵਾਨ ਦੇ ਮਹਿਲਾਂ ਵਿਚ ਆਉਣ ਤੋਂ ਪਹਿਲਾਂ ਹੀ ਲੂਣਾਂ ਨੇ ਆਪਣੇ ਮਹਿਲਾਂ ਦੇ ਸ਼ਮ੍ਹਾਦਾਨ ਬੁਝਾ ਦਿੱਤੇ ! ਸੇਜ ਉਥਲ-ਪੁਥਲ ਦਿੱਤੀ, ਆਪਣੇ ਰੇਸ਼ਮੀ ਕੱਪੜਿਆਂ ਦੇ ਲੰਗਾਰ ਲਾਹ ਕੇ ਆਪਣੇ ਚਿੱਟੇ ਗੋਰੇ ਸੰਗਮਰਮਰੀ ਸਰੀਰ ਦੀਆਂ ਛਾਤੀਆਂ ਨੰਗੀਆਂ ਕਰ ਲਈਆਂ, ਚੂੜੀਆਂ ਚਕਨਾਚੂਰ ਕਰ ਲਈਆਂ । ਆਪਣੇ ਨਹੁੰਆਂ ਨਾਲ ਆਪਣੀਆਂ ਗੱਲ੍ਹਾਂ ਝਰੀਟ ਲਈਆਂ। ਬਣਾਏ ਹੋਏ ਸਿਰ ਦੇ ਵਾਲ ਖੋਲ੍ਹ ਖਿਲਾਰ ਲਏ। ਰਾਜੇ ਦੀ ਅਕਲ ਉਤੇ ਪਰਦਾ ਪਾਉਣ ਲਈ ਪੂਰਾ ਛਲ ਨਾਟਕ ਰਚਾ ਲਿਆ ਤੇ ਘੋਸਲ ਮਾਰ ਕੇ ਬੈਠ ਗਈ। ਰਾਜਾ ਮਹਿਲੀਂ ਆਇਆ ਤਾਂ ਇਹ ਮਾਤਮੀ ਰੰਗ ਵੇਖ ਕੇ ਹੱਕਾ-ਬੱਕਾ ਰਹਿ ਗਿਆ ।

'ਇਹ ਸੋਗਵਾਰੀ ਅੱਜ ਕਿਸ ਗੱਲ ਦੀ' ਰਾਜੇ ਨੇ ਪੁੱਛਿਆ। ਲੂਣਾਂ ਗੁੰਮਸੁੰਮ ਬੈਠੀ ਰਹੀ । ਰਾਜੇ ਨੇ ਫੇਰ ਪੁੱਛਿਆ, ਪਰ ਕੋਈ ਜਵਾਬ ਨਾ ਮਿਲਿਆ। ਉਸ ਨੇ ਪਿਆਰ ਨਾਲ ਮੋਢਾ ਫੜ ਕੇ ਹਿਲਾਇਆ, ਲੂਣਾਂ ਅੱਖੀਆਂ ਛਿੱਲੀ ਜਾਏ, ਪਰ ਮੂੰਹੋਂ ਕੁਝ ਨਾ ਬੋਲੇ। ਜਦੋਂ ਰਾਜੇ ਨੇ ਵਧੇਰੇ ਬੇਕਰਾਰ ਹੋ ਕੇ ਕਾਰਨ ਪੁਛਿਆ ਤਾਂ ਉਹ ਦੁਹੱਥੜੀ ਪਿੱਟਣ ਲੱਗ ਪਈ।

'ਆਖ਼ਰ ਕੁਝ ਦੱਸ ਤਾਂ ਸਹੀ। ਗੱਲ ਕੀ ਹੋਈ ?' ਰਾਜਾ ਬੇਚੈਨ ਹੋ ਗਿਆ ਸੀ । ਲੂਣਾਂ ਨੇ ਤਾੜ ਲਿਆ ਤੀਰ ਨਿਸ਼ਾਨੇ ਉੱਤੇ ਬੈਠਾ ਹੈ। ਇਸ ਕਰ ਕੇ ਹਾਉਕੇ ਭਰਦੀ ਹੋਈ ਬੋਲੀ :

"ਮੈਂ ਅੱਜ ਲੁੱਟੀ ਗਈ। ਮੇਰੀਆਂ ਆਂਦਰਾਂ ਉਤੇ ਛੁਰੀਆਂ ਫਿਰਦੀਆਂ ਹਨ।' ਇਹ ਕਹਿ ਕੇ ਉਹ ਫੇਰ ਰੋਣ ਲੱਗ ਪਈ : 'ਓੜਕ ਕੋਈ ਗੱਲ ਤਾਂ ਦੱਸ। ਮੈਨੂੰ ਇਸਤਰ੍ਹਾਂ ਕੀ ਪਤਾ ਲੱਗੇ ਕਿ ਤੈਨੂੰ ਕੀ ਦੁੱਖ ਹੈ।' ਰਾਜੇ ਨੇ ਫੇਰ ਪੁੱਛਿਆ।

'ਮੈਥੋਂ ਕੀ ਪੁੱਛਨਾਂ ਏਂ, ਉਸ ਪੁੱਤਰ ਲਾਡਲੇ ਪੂਰਨ ਨੂੰ ਪੁਛ ! ਜਿਸ ਨੂੰ ਭੋਰੇ ਵਿਚ ਵਹਿੜਕੇ ਵਾਂਗ ਪਾਲਿਆ ਜੇ ! ਉਹ ਹੁਣ ਮਾਵਾਂ ਉਦਾਲੇ ਬੜ੍ਹਕਾਂ ਮਾਰਦਾ ਫਿਰਦੈ ! ਉਹਨੂੰ ਰੱਖ ਤੇ ਸਾਨੂੰ ਜਵਾਬ ਦੇਹ।'

'ਪਰੀ ਜਮਾਲ ਲੂਣਾਂ ਦੇ ਅੱਥਰੂਆਂ ਨੇ ਬੁੱਢੇ ਰਾਜੇ ਸਲਵਾਨ ਦੀ ਅਕਲ ਅਤੇ ਹੋਸ਼ ਰੋੜ੍ਹ ਖੜੀ ਸੀ । ਇਸ ਕਰਕੇ ਉਹ ਕਾਹਲੀ ਨਾਲ ਬੋਲਿਆ :—

'ਜੇ ਉਸ ਨੇ ਤੈਨੂੰ ਮੰਦਾ ਬੋਲਿਆ ਤਾਂ ਉਹ ਮੇਰਾ ਪੁੱਤ ਕਾਹਦਾ ? ਪਰ ਮੈਨੂੰ ਗੱਲ ਖੋਲ੍ਹ ਕੇ ਦੱਸ, ਉਸ ਨੇ ਕੀਤਾ ਕੀ ਹੈ ?'

ਲੂਣਾਂ ਨੇ ਚਿਹਰੇ ਉੱਤੇ ਵਾਹੀਆਂ ਹੋਈਆਂ ਝਰੀਟਾਂ, ਚੋਲੀ ਦੀਆਂ ਲੱਥੀਆਂ ਹੋਈਆਂ ਲੀਰਾਂ, ਤੇ ਭੱਜੀਆਂ ਹੋਈਆਂ ਚੂੜੀਆਂ ਉਸ ਨੂੰ ਵਿਖਾਲ ਕੇ ਕਿਹਾ, 'ਆਹ ਵੇਖ ! ਤੇਰੇ ਪੂਰਨ ਲਾਲ ਦੀ ਕਰਤੂਤ । ਮਹਿਲੀਂ ਆਇਆ ! ਮੈਂ ਪੁੱਤਰ ਪੁੱਤਰ ਕਰਦੀ ਅਗ੍ਹਾਂ ਹੋ ਕੇ ਸਿਰ ਤੇ ਪਿਆਰ ਦੇਣ ਲੱਗੀ ਤਾਂ ਉਸ ਨੇ ਮੇਰੀ ਵੀਣੀ ਫੜ ਲਈ ਤੇ ਲੱਗਾ ਮੇਰਾ ਕਲਾਵਾ ਭਰ ਕੇ ਸੇਜ ਤੇ ਸੁੱਟਣ ! ਮੈਂ ਘੁਲ ਕੇ ਵੀਣੀ ਛੁੜਾਈ। ਉਹ ਤਾਂ ਉਸ ਵੇਲੇ ਨੱਸਿਆ, ਜਦੋਂ ਮੈਂ ਵਾਹਰ ਵਾਹਰ ਕੀਤੀ ।'

ਇਹ ਝੂਠ ਤੂਫ਼ਾਨ ਤੋਲ ਕੇ ਲੂਣਾਂ ਭੁੱਬੀਂ ਰੋਂਦੀ ਗਈ ਅਤੇ ਰਾਜੇ ਸਲਵਾਨ ਨੂੰ ਜ਼ਹਿਰ ਵਾਂਗ ਕਹਿਰ ਚੜ੍ਹਦਾ ਗਿਆ। ਤੇ ਉਸ ਦੇ ਮੱਥੇ ਉਤੇ ਤਿਊੜੀਆਂ ਉੱਭਰ ਆਈਆਂ ਅਤੇ ਗ਼ੁੱਸੇ ਨਾਲ ਅੱਖੀਆਂ ਵਿੱਚੋਂ ਚੰਗਿਆੜੇ ਨਿਕਲਣ ਲਗ ਪਏ।

ਇਸਤਰ੍ਹਾਂ ਉਹ ਸਾਰੀ ਰਾਤ ਕੰਡਿਆਂ ਉਤੇ ਲੇਟਦਾ ਰਿਹਾ, ਮੱਛੀ ਵਾਂਙ ਤੜਫਦਾ ਰਿਹਾ ! ਲੂਣਾਂ ਦੀਆਂ ਲੂਤੀਆਂ ਦੀ ਲਾਈ ਹੋਈ ਅੱਗ ਮੱਚਦੀ ਰਹੀ ਜਿਸ ਵਿਚ ਪਿਉ ਪੁੱਤਰ-ਪਿਆਰ ਦੇ ਰਿਸ਼ਤੇ ਸੜ ਕੇ ਸੁਆਹ ਹੋ ਗਏ।

ਦਿਨ ਚੜ੍ਹਿਆ ਤਾਂ ਚੋਬਦਾਰਾਂ ਨੂੰ ਸੱਦ ਕੇ ਹੁਕਮ ਚੜ੍ਹਾਇਆ, 'ਜਾਓ ! ਪੂਰਨ ਨੂੰ ਸੱਦ ਲਿਆਓ।' ਚੋਬਦਾਰਾਂ ਪੂਰਨ ਕੋਲ ਅਰਜ਼ੋਈ ਜਾ ਕੀਤੀ ਕਿ ਰਾਜੇ ਨੇ ਤੁਹਾਨੂੰ ਯਾਦ ਕੀਤਾ ਹੈ। ਪੂਰਨ ਨੂੰ ਖੜਕ ਗਈ ਕਿ ਲੂਣਾਂ ਦਾ ਗ਼ੁੱਸਾ ਰਾਜੇ ਦਾ ਹੁਕਮ ਬਣ ਕੇ ਆਇਆ ਹੈ, ਪਰ ਸੱਚ ਨੂੰ ਕੀ ਡਰ ? ਉਹ ਹੁਕਮ ਸੁਣ ਕੇ ਰਵਾਂ ਰਵੀਂ ਰਾਜੇ ਦੀ ਹਜ਼ੂਰੀ ਵਿਚ ਪੁੱਜ ਗਿਆ। ਰਾਜਾ ਗ਼ੁੱਸੇ ਨਾਲ ਭਰਿਆ-ਪੀਤਾ ਬੈਠਾ ਸੀ। ਪੂਰਨ ਨੂੰ ਵੇਖਦਿਆਂ ਹੀ ਕੜਕਿਆ :—

"ਚੰਡਾਲਾ ! ਇਹ ਕਿਹੜੀ ਕਰਤੂਤ ਘੋਲੀ ਸੁ ? ਤੈਨੂੰ ਪਰਸੋਂ ਪੁਛਿਆ ਤੇਰਾ ਵਿਆਹ ਕਰ ਦੇਈਏ ਤਾਂ ਤਿਆਗੀ ਤੇ ਬ੍ਰਹਮਚਾਰੀ ਬਣਨ ਦੀਆਂ ਸ਼ੇਖੀਆਂ ਮਾਰਦਾ ਸੈਂ, ਪਰ ਕੱਲ ਮਾਂ ਨੂੰ ਜਾ ਪਸੰਦ ਕੀਤਾ ਈ ? ਕਲਮੂੰਹਿਆਂ ! ਦਿਲ ਕਰਦਾ ਏ ਤੇਰੀਆਂ ਹੱਡੀਆਂ ਚੂਰ ਚੂਰ ਕਰ ਸੁੱਟਾਂ ! ਬੋਲ ! ਬੋਲ !!"

ਪੂਰਨ ਤੇ ਜਿਵੇਂ ਬਿਜਲੀ ਡਿੱਗ ਪਈ ਹੋਵੇ ! ਉਹ ਜ਼ਬਾਨ ਤੋਂ ਕੁਝ ਨਾ ਬੋਲ ਸਕਿਆ, ਉਹਦੀਆਂ ਡਾਡਾਂ ਨਿੱਕਲ ਗਈਆਂ। ਉਸ ਨੂੰ ਇਸ ਤੁਹਮਤ ਦੀ ਆਸ ਨਹੀਂ ਸੀ। ਜਦੋਂ ਕੁਝ ਸੰਭਲਿਆ ਤਾਂ ਉਸ ਨੇ ਕਿਹਾ, 'ਇਹ ਝੂਠ ਹੈ ਪਿਤਾ ਜੀ ! ਇਹ ਤੁਹਮਤ ਹੈ। ਮੇਰਾ ਕੋਈ ਦੋਸ਼ ਨਹੀਂ ! ਮੈਂ ਕੋਈ ਗੁਨਾਹ ਕੀਤਾ ਹੋਵੇ ਤਾਂ ਦੱਸਾਂ ! ਮੇਰੀ ਸਚਾਈ ਪਰਖਣੀ ਹੈ ਤਾਂ ਤੇਲ ਦਾ ਕੜਾਹਾ ਤਪਾਓ, ਮੇਰੀਆਂ ਉਂਗਲੀਆਂ ਉਸ ਵਿਚ ਡੋਬ ਦਿਓ। ਜੇ ਦਾਗ਼ ਲੱਗ ਜਾਏ ਤਾਂ ਮੇਰੀ ਪੁਠੀ ਖੱਲ ਲਹਾ ਦਿਓ।'

ਇਹ ਗੱਲ ਸੁਣ ਕੇ ਰਾਜੇ ਨੂੰ ਸਗੋਂ ਹੋਰ ਕ੍ਰੋਧ ਚੜ੍ਹ ਗਿਆ। ਤੇ ਉਸ ਨੇ ਅਗ੍ਹਾਂ ਵਧ ਕੇ ਕਾੜ ਕਰਦੀ ਇਕ ਚੁਪੇੜ ਪੂਰਨ ਦੇ ਮੂੰਹ ਉਤੇ ਕਢ ਮਾਰੀ।

"ਨਾਲੇ ਚੋਰ ਨਾਲੇ ਚਤਰ ! ਲੱਗਾ ਏਥੇ ਧਰਮਾਤਮਾਂ ਬਣ ਕੇ ਦੱਸਣ। ਨਾਲੇ ਇਹ ਕਾਰੇ ਕਰੇਂ ਤੇ ਨਾਲੇ ਚਪੜ ਚਪੜ ਕਰੇਂ, ਜਿਵੇਂ ਮੈਨੂੰ ਕੁਝ ਪਤਾ ਨਹੀਂ ਹੁੰਦਾ। ਮੈਂ ਤੇਰੀਆਂ ਕਰਤੂਤਾਂ ਦੀਆਂ ਸਾਰੀਆਂ ਨਿਸ਼ਾਨੀਆਂ ਵੇਖ ਲਈਆਂ ਨੇ। ਤੇਰੇ ਵਰਗੇ ਕਲੰਕੀ ਪੁੱਤ ਨਾਲੋਂ ਤਾਂ ਮੈਂ ਨਿਪੁੱਤਾ ਹੀ ਚੰਗਾ ਸਾਂ। ਅੱਜ ਮੈਂ ਇਹ ਜ਼ਹਿਰ ਵਾਲੀ ਉਂਗਲੀ ਕਟ ਕੇ ਰੱਖ ਦਿਆਂਗਾ।"

ਗ਼ੁੱਸੇ ਨਾਲ ਕੜਕ ਕੇ ਰਾਜੇ ਨੇ ਪੁਕਾਰਿਆ, 'ਹੈ ਕੋਈ ? ਜਾਓ ਜੱਲਾਦਾਂ ਨੂੰ ਬੁਲਾਓ ! ਇਸ ਹਰਾਮੀ ਦੇ ਡੱਕਰੇ ਕੀਤੇ ਜਾਣਗੇ।'

ਰਾਜੇ ਦਾ ਹੁਕਮ ! ਰੱਬ ਦਾ ਕਹਿਰ ! ਚੋਬਦਾਰਾਂ ਨੇ ਜੱਲਾਦ ਸਦ ਲਿਆਂਦੇ !

ਇਹ ਖ਼ਬਰ ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਙ ਫੈਲ ਗਈ। ਪੂਰਨ ਦੇ ਭੋਰੇ ਵਿੱਚੋਂ ਬਾਹਰ ਆਉਣ ਦੀ ਖ਼ੁਸ਼ੀ ਵਿਚ ਮਨਾਏ ਜਾ ਰਹੇ ਜਸ਼ਨਾਂ ਵਿਚ ਵੱਜਦੀਆਂ ਨਫੀਰੀਆਂ ਖ਼ਾਮੋਸ਼ ਹੋ ਗਈਆਂ। ਵਾਜੇ-ਗਾਜੇ ਅਤੇ ਨਾਚ ਰੰਗ ਬੰਦ ਹੋ ਗਏ। ਖ਼ੁਸ਼ੀ ਦੀਆਂ ਮਹਿਫਲਾਂ ਉੱਜੜ ਗਈਆਂ। ਸਾਰੇ ਸ਼ਹਿਰ ਦੇ ਗਲੀਆਂ ਮਹੱਲਿਆਂ ਨੂੰ ਸੋਗ ਦੇ ਪਰਛਾਵਿਆਂ ਨੇ ਢਕ ਲਿਆ। ਕਿਉਂਕਿ ਲੋਕ ਪੂਰਨ ਨੂੰ ਬੇਗੁਨਾਹ ਤੇ ਬੇਦੋਸ਼ ਸਮਝਦੇ ਸਨ।

ਰਾਣੀ ਇੱਛਰਾਂ ਪੂਰਨ ਦੀ ਮਾਂ ਚੂੜੀਆਂ ਭੰਨ, ਹਮੇਲ ਪੱਟੀਆਂ ਤੋੜ, ਸਿਰ ਵਿਚ ਮਿੱਟੀ ਸੁੱਟਦੀ, ਪਿੱਟਦੀ, ਧਾਈਂ ਮਾਰਦੀ ਰਾਜੇ ਕੋਲ ਅੱਪੜੀ। ਬਹੁੜੀਆਂ ਪਾਈਆਂ, 'ਇਹ ਕੀ ਪਾਪ ਕਮਾਉਂਣ ਲੱਗੇ ਓ ! ਮੇਰਾ ਗਊਆਂ ਵਰਗਾ ਨਿਰਦੋਸ਼ ਪੁੱਤਰ ਜੱਲਾਦਾਂ ਹੱਥ ਦੇਣ ਲਗੇ ਜੇ ! ਤੁਹਾਡੀ ਮੱਤ ਉੱਤੇ ਕਿਸ ਪਾਪੀ ਨੇ ਪਰਦੇ ਪਾ ਦਿੱਤੇ ! ਮਤਰੇਈਆਂ ਨੇ ਕਈ ਵਾਰ ਖ਼ੂਹਣੀਆਂ ਗ਼ਰਕ ਕੀਤੀਆਂ ਇਹ ਬੱਜਰ ਪਾਪ ਸਾਡੀਆਂ ਕੁਲਾਂ ਗ਼ਰਕ ਕਰ ਦੇਵੇਗਾ। ਬਹੁੜੀ ਓ ਲੋਕਾ, ਮੇਰੇ ਪੁੱਤ ਨੂੰ ਬਚਾਓ !' ਰਾਣੀ ਇੱਛਰਾਂ ਦੀਆਂ ਚੀਕਾਂ ਅਤੇ ਫਰਿਆਦਾਂ ਜਿਸ ਸੁਣੀਆਂ, ਉਹੀ ਰੋ ਪਿਆ। ਪਰ ਰਾਜੇ ਸਲਵਾਨ ਦਾ ਦਿਲ ਨਾ ਪੰਘਰਿਆ। ਉਹ ਸਗੋਂ ਵਧੇਰੇ ਰੋਹ ਵਿਚ ਗੱਜਿਆ, 'ਜਾਹ ! ਤੂੰ ਵੀ ਮੇਰੀਆਂ ਅੱਖੀਆਂ ਤੋਂ ਦੂਰ ਹੋ ਜਾ ! ਨਹੀਂ ਤਾਂ ਇਸ ਨਾਲ ਤੈਨੂੰ ਵੀ ਮਾਰ ਦਿਆਂਗਾ। ਕੁਲਹਿਣੀਏ ! ਅਜੇਹੇ ਪੁੱਤਰ

ਨੂੰ ਜਨਮ ਦੇ ਕੇ ਮੇਰੇ ਖ਼ਾਨਦਾਨ ਨੂੰ ਕਲੰਕੀ ਕੀਤਾ ਈ ! ਹੁਣ ਮੈਨੂੰ ਰੋ ਕੇ ਦਸਦੀ ਏਂ ?'

'ਮੇਰੇ ਪੁੱਤਰ ਨੂੰ ਤੁਹਮਤਾਂ ਨਾ ਲਾਓ ! ਮੇਰਾ ਪੁੱਤਰ ਬੇਦਾਗ਼ ਹੈ ! ਇਹਦੀ ਮਤਰੇਈ ਮਾਂ ਦੇ ਆਖੇ ਲਗ ਕੇ ਆਪਣੀਆਂ ਅੱਖੀਆਂ ਦਾ ਨੂਰ ਨਾ ਸਾੜੋ ! ਮੈਂ ਪੁੱਤਰ ਤੋਂ ਪਹਿਲਾਂ ਮਰਾਂਗੀ । ਪਹਿਲਾਂ ਮੈਨੂੰ ਕਤਲ ਕਰੋ !' ਇਸਤਰ੍ਹਾਂ ਆਖਦੀ ਹੋਈ ਰਾਣੀ ਇੱਛਰਾਂ ਪੂਰਨ ਨਾਲ ਜਾ ਚੰਬੜੀ ! ਪਰ ਰਾਜੇ ਦਾ ਦਿਲ ਫੇਰ ਵੀ ਨਰਮ ਨਾ ਹੋਇਆ । ਅਗ੍ਹਾਂ ਵਧ ਕੇ ਗ਼ੁੱਸੇ ਨਾਲ ਉਸ ਨੂੰ ਪੂਰਨ ਨਾਲੋਂ ਉਚੇੜਿਆ ਅਤੇ ਚੋਬਦਾਰਾਂ ਨੂੰ ਹੁਕਮ ਦਿੱਤਾ, ਲੈ ਜਾਓ ! ਇਸ ਨੂੰ ਇਸ ਦੇ ਮਹਿਲਾਂ ਵਿਚ ਡਕ ਦਿਓ । ਸਖ਼ਤ ਪਹਿਰਾ ਲਗਾ ਦਿਓ ! ਇਹ ਬਾਹਰ ਨਾ ਨਿਕਲੇ !' ਰੋਂਦੀ ਤੇ ਕੁਰਲਾਉਂਦੀ ਰਾਣੀ ਇੱਛਰਾਂ ਨੂੰ ਰਾਜੇ ਦੇ ਨਫ਼ਰ ਖਿੱਚ ਕੇ ਲੈ ਗਏ ਅਤੇ ਮਹੱਲਾਂ ਅੰਦਰ ਜਾ ਡੱਕਿਆ ਤੇ ਏਧਰ ਰਾਜੇ ਨੇ ਜੱਲਾਦਾਂ ਨੂੰ ਸਖ਼ਤ ਹੁਕਮ ਚਾੜ੍ਹਿਆ ।

'ਬਾਹਰ ਲਾਏ ਕੇ ਤੁਸੀਂ ਹਲਾਲ-ਖੋਰੋ, ਵਿਚ ਥਾਲ ਪਾਓ ਜਿੰਨੀ ਰੱਤ ਜੁੱਸੇ
ਇਹਦੇ ਬੰਨ੍ਹ ਕੇ ਹੱਥ ਤੇ ਪੈਰ ਵੱਲੋਂ, ਵਾਂਗ ਬੱਕਰੇ ਏਸ ਦੀ ਜਾਨ ਕੁੱਸੇ ।'

ਰਾਜੇ ਦਾ ਹੁਕਮ ਮਿਲਦਿਆਂ ਹੀ ਜੱਲਾਦਾਂ ਨੇ ਪੂਰਨ ਨੂੰ ਜਕੜ ਲਿਆ ਅਤੇ ਸ਼ਹਿਰ ਤੋਂ ਬਾਹਰ ਕਤਲਗਾਹ ਵੱਲ ਲੈ ਤੁਰੇ । ਇਹ ਅਨਰਥ ਤੇ ਘੋਰ ਅੱਤਿਆਚਾਰ ਵੇਖ ਕੇ ਸ਼ਹਿਰ ਦੇ ਲੋਕਾਂ ਨੇ ਧਾਹੀਂ ਮਾਰੀਆਂ, ਜ਼ਮੀਨ, ਅਸਮਾਨ ਕੰਬ ਗਏ । ਸੂਰਜ ਦਾ ਤੇਜ਼ ਫਿੱਕਾ ਪੈ ਗਿਆ, ਪਰ ਨਾ ਰਾਜੇ ਦੇ ਮਨ ਵਿਚ ਮੇਹਰ ਪਈ ਅਤੇ ਨਾ ਹੀ ਜੱਲਾਦਾਂ ਦੇ, ਕਤਲਗਾਹ ਵੱਲ ਵਧਦੇ ਹੋਏ ਕਦਮ ਰੁਕੇ ।

ਸ਼ਹਿਰ ਤੋਂ ਉੱਤਰ ਵੱਲ ਕੁਝ ਕੋਹਾਂ ਦੀ ਵਿੱਥ ਉਤੇ ਉਜਾੜ ਰੱਕੜ ਦੇ ਐਨ ਵਿਚਕਾਰ ਕਿੱਕਰਾਂ, ਕਰੀਰਾਂ ਅਤੇ ਹੋਰ ਕਈ ਕਿਸਮ ਦੇ ਦਰੱਖ਼ਤਾਂ ਦੀ ਝੰਗੀ ਦੇ ਨੇੜੇ ਇੱਕ ਸੁੰਨਸਾਨ ਖੂਹ ਉਤੇ ਜੱਲਾਦ, ਪੂਰਨ ਨੂੰ ਲੈ ਕੇ ਅੱਪੜ ਗਏ । ਇਸ ਤੋਂ ਪਹਿਲਾਂ ਕਿ ਜੱਲਾਦ ਰਾਜੇ ਦਾ ਹੁਕਮ ਪਾਲਦੇ ਇਕ ਕਾਸਦ ਨੇ ਲੂਣਾਂ ਦੀ ਚਿੱਠੀ ਲਿਆ ਕੇ ਪੂਰਨ ਦੇ ਹੱਥ ਵਿਚ ਦਿੱਤੀ ਜਿਸ ਵਿਚ ਲਿਖਿਆ ਸੀ:—

'ਵੇਖ ਲਿਆ ਮਾਂ ! ਮਾਂ ! ਕਰਦਾ ਸੈਂ ਮਿਲ ਗਈ ਨਾ ।'

ਮਾਂ ਤੋਂ ਲੋਰੀ ! ਜੇ ਅਜੇ ਵੀ ਮੰਨ ਜਾਏ ਤਾਂ ਹੱਥ ਉਤੇ ਸਰ੍ਹੋਂ ਜਮਾ ਕੇ ਦੱਸ ਦਿਆਂਗੀ । ਇਨ੍ਹਾਂ ਤੁਹਮਤਾਂ ਦਾ ਮੂੰਹ ਕਿਸੇ ਹੋਰ ਪਾਸੇ ਵਲ ਮੋੜ ਕੇ ਤੈਨੂੰ ਸਾਫ਼ ਬਚਾ ਲਿਆਵਾਂਗੀ, ਨਹੀਂ ਤਾਂ ਵੇਖ ਲੈ । ਏਧਰ ਤੈਨੂੰ ਜੱਲਾਦ ਕਤਲ ਕਰਨਗੇ, ਓਧਰ ਤੇਰੀ ਮਾਂ ਇੱਛਰਾਂ ਕੰਧਾਂ ਨਾਲ ਟੱਕਰਾਂ ਮਾਰ ਮਾਰ ਕੇ ਮਰ ਜਾਏਗੀ । ਅਜੇ ਵੀ ਵੇਲਾ ਈ ! ਸੰਭਲ ਜਾ । ਮੁੜ ਆ !'

ਪੂਰਨ ਨੇ ਇਹ ਚਿੱਠੀ ਪੜ੍ਹੀ ਤਾਂ ਮਹੱਲ ਵਿਚ ਡੱਕੀ ਕੋਈ, ਕੰਧਾਂ ਨਾਲ ਸਿਰ ਮਾਰਦੀ ਤੇ ਕੀਰਨੇ ਪਾਉਂਦੀ ਮਾਤਾ ਇੱਛਰਾਂ ਦੀ ਤਸਵੀਰ ਉਸ ਦੀਆਂ ਅੱਖੀਆਂ ਸਾਹਮਣੇ ਫਿਰ ਗਈ, ਉਹ ਇਕ ਵਾਰ ਤਾਂ ਕੰਬ ਗਿਆ, ਪਰ ਫੇਰ ਸੰਭਲ ਗਿਆ । 'ਹਜ਼ਾਰ ਵਰ੍ਹੇ ਜੀਉਣਾ ਤੇ ਫੇਰ ਵੀ ਮਰਨਾ । ਫੇਰ ਮੂੰਹ ਕਾਲਖ ਕਿਉਂ ਲਵਾਈ ਜਾਵੇ ? ਧਰਮ ਹਾਰ ਕੇ ਜੀਉਣ ਦਾ ਕੀ ਅਰਥ ? ਉਸ ਨੇ ਦਿਲ ਵਿਚ ਸੋਚਿਆ । ਇਹ ਖ਼ਿਆਲ ਬਿਜਲੀ ਦੀ ਲਿਸ਼ਕ ਦੀ ਤੇਜ਼ੀ ਨਾਲ ਗੁਜ਼ਰੇ ਤੇ ਉਸ ਦਾ ਦਿਲ ਤਕੜਾ ਕਰ ਗਏ । ਉਸ ਨੇ ਇਸ ਪਾਪ ਦੇ ਸੱਦੇ, ਲੂਣਾਂ ਦੀ ਚਿੱਠੀ ਨੂੰ ਹੱਥ ਨਾਲ ਮਰੋੜ ਟੁਕੜੇ ਟੁਕੜੇ ਕਰਕੇ ਜ਼ਮੀਨ ਤੇ ਖਿਲਾਰ ਪੈਰਾਂ ਨਾਲ ਮਧੋਲ ਸੁਟੇ ।

ਪੂਰਨ ਦੇ ਮਾਸੂਮ ਚੇਹਰੇ ਅਤੇ ਲੂਣਾਂ ਦੀ ਇਸ ਚਿੱਠੀ ਨਾਲ ਜੱਲਾਦਾਂ ਨੂੰ ਮੁਕੰਮਲ ਯਕੀਨ ਹੋ ਗਿਆ ਕਿ ਪੂਰਨ ਬੇਗੁਨਾਹ ਮਾਰਿਆ ਜਾ ਰਿਹਾ ਹੈ, ਉਨ੍ਹਾਂ ਦੇ ਦਿਲ ਵੀ ਭਰ ਆਏ ਪਰ ਉਹ ਰਾਜੇ ਦੇ ਕਹਿਰ ਤੋਂ ਡਰਦੇ ਵੀ ਸਨ । ਉਨ੍ਹਾਂ ਨੂੰ ਪਤਾ ਸੀ ਕਿ ਰਾਜੇ ਨੂੰ ਹੁਕਮ ਅਦੂਲੀ ਦੀ ਭਿਣਕ ਪੈ ਗਈ ਤਾਂ ਜ਼ਮੀਨ ਵਿਚ ਪੁੱਠਾ ਗੱਡ ਕੇ ਕੁੱਤਿਆਂ ਤੋਂ ਪੜਵਾ ਦੇਵੇਗਾ । ਇਸ ਕਰਕੇ ਉਨ੍ਹਾਂ ਨੇ ਤਲਵਾਰ ਨਾਲ ਪੂਰਨ ਦੇ ਹੱਥਾਂ ਪੈਰਾਂ ਨੂੰ ਪੱਛ ਲਾ ਕੇ ਲਹੂ ਦਾ ਛੰਨਾ ਭਰ ਲਿਆ ਤੇ ਉਹਦੇ ਕਪੜੇ ਰੰਗ ਲਏ ਤੇ ਉਸ ਦੇ ਇਸ ਤਰ੍ਹਾਂ ਪੱਛੇ ਹੋਏ ਅਧਮੋਏ ਸਰੀਰ ਨੂੰ ਖੂਹ ਵਿਚ ਸੁੱਟ ਕੇ ਵਾਪਸ

ਚਲੇ ਗਏ । ਰਾਣੀ ਲੂਣਾਂ ਨੇ ਪੂਰਨ ਦੇ ਲਹੂ ਦੀਆਂ ਘੁੱਟਾਂ ਭਰ ਕੇ ਬਦਲੇ ਦੀ ਭੜਕੀ ਹੋਈ ਪਿਆਸ ਬੁਝਾਈ ।

ਓਧਰ ਕੁਦਰਤ ਨੇ ਹੋਰ ਢੋ ਮੇਲਿਆ । ਉਸੇ ਸੁੰਨਸਾਨ ਖੂਹ ਦੇ ਨੇੜੇ ਗੋਰਖਨਾਥ ਨੇ ਆਪਣੇ ਚੇਲਿਆਂ ਨਾਲ ਡੇਰੇ ਆਣ ਲਾਏ । ਮ੍ਰਿਗਸ਼ਾਲਾਵਾਂ ਵਿਛ ਗਈਆਂ, ਧੂਣੀਆਂ ਧੁਖਣ ਲੱਗ ਪਈਆਂ, ਤ੍ਰਿਸੂਲਾਂ ਉਤੇ ਟੰਗੀਆਂ ਹੋਈਆਂ ਭਗਵੀਆਂ ਟਾਕੀਆਂ ਉਜਾੜ ਦੀ ਖੁੱਲ੍ਹੀ ਹਵਾ ਵਿਚ ਫੜਫੜਾਉਣ ਲਗ ਪਈਆਂ । 'ਅਲੱਖ ਨਿਰੰਜਨ' ਦੇ ਜੈਕਾਰਿਆਂ ਤੇ ਨਰਸਿੰਘਿਆਂ ਦੀਆਂ ਅਵਾਜ਼ਾਂ ਨਾਲ ਫ਼ਜ਼ਾ ਗੂੰਜ ਉਠੀ । ਕੁਝ ਜੋਗੀ ਧੂਣੀਆਂ ਲਈ ਲੱਕੜੀਆਂ ਕੱਟਣ ਚਲੇ ਗਏ । ਇਕ ਸਾਧੂ ਖੂਹ ਵਲ ਪਾਣੀ ਲੈਣ ਤੁਰ ਪਿਆ । ਜਦੋਂ ਉਸ ਨੇ ਡੋਲ ਨੂੰ ਥੱਲੇ ਪਾਣੀ ਵਿਚ ਡੁਬਕੋ ਕੇ ਉਤਾਂਹ ਕੱਢਣਾ ਚਾਹਿਆ ਤਾਂ ਉਸ ਤੋਂ ਖਿੱਚਿਆ ਨਾ ਜਾਏ । ਉਸ ਨੇ ਕਾਰਨ ਜਾਨਣ ਲਈ ਹੇਠਾਂ ਖੂਹ ਵਿਚ ਝਾਤੀ ਪਾਈ । ਉਸ ਨੂੰ ਇਸ ਵਿਚ ਆਦਮੀ ਦਾ ਬੁਤ ਨਜ਼ਰ ਆਇਆ । ਉਜਾੜ ਖੂਹ ਵਿਚ ਆਦਮੀ ? ਨਹੀਂ ਕੋਈ ਭੂਤ ਪਰੇਤ ਹੋਵੇਗਾ । ਇਹ ਖ਼ਿਆਲ ਆਉਂਦਿਆਂ ਹੀ ਉਹ ਡਾਡਾਂ ਮਾਰਦਾ ਡੇਰੇ ਵਲ ਨੱਠ ਗਿਆ । ਸਾਰੇ ਪੁੱਛਣ ਤੈਨੂੰ ਕੀ ਹੋਇਆ ? ਉਸ ਵਿਚਾਰੇ ਦਾ ਦਮ ਨਾਲ ਦਮ ਨਾ ਰਲੇ । ਜਦੋਂ ਖੱਲੜੀ ਵਿਚ ਕੁਝ ਸਾਹ ਆਇਆ ਤਾਂ ਉਸ ਨੇ ਗੋਰਖਨਾਥ ਦੇ ਪੁੱਛਣ ਤੇ ਖੂਹ ਵਲ ਉਂਗਲੀ ਨਾਲ ਇਸ਼ਾਰਾ ਕਰਦਿਆਂ ਕਿਹਾ 'ਮਹਾਰਾਜ, ਉਸ ਵਿਚ ਕੋਈ ਜਿੰਨ ਜਾਂ ਭੂਤ ਹੈ । ਮੈਂ ਡੋਲ ਸੁੱਟਿਆ ਪਾਣੀ ਭਰਨ ਲਈ, ਉਹ ਉਸ ਨੂੰ ਪਕੜ ਕੇ ਬੈਠ ਗਿਆ ਹੈ ।'

"ਕੋਈ ਗੱਲ ਨਹੀਂ, ਜੋਗੀ ਤੇ ਰਿੱਧੀਆਂ ਸਿੱਧੀਆਂ ਦੇ ਮਾਲਕ ਹੋ ਕੇ ਭੂਤਾਂ ਕੋਲੋਂ ਨਹੀਂ ਡਰੀਦਾ, ਦਿਲ ਤਕੜਾ ਕਰ । ਚੱਲ ਕੇ ਵੇਖਦੇ ਹਾਂ ।" ਗੋਰਖਨਾਥ ਨੇ ਉਸ ਨੂੰ ਧਰਵਾਸ ਦਿੱਤਾ ਤੇ ਕੁਝ ਚੇਲਿਆਂ ਨਾਲ ਖੂਹ ਵੱਲ ਆਇਆ । ਖੂਹ ਦੀ ਮਣ ਉਤੇ ਖਲੋ ਕੇ ਓਸ ਨੇ ਹੇਠਾਂ ਝਾਤੀ ਪਾਈ ! ਠੀਕ ਹੀ ਵਿਚ ਆਦਮੀ ਦਾ ਪੁੱਤ ਨਜ਼ਰ ਆਇਆ ।

'ਕੌਣ ਹੈਂ ਤੂੰ ?' ਗੋਰਖਨਾਥ ਨੇ ਪੁੱਛਿਆ 'ਮੈਂ ਕਰਮਾਂ ਮਾਰਿਆ ਰੱਬ ਦਾ ਬੰਦਾ ਹਾਂ । ਮੈਨੂੰ ਪਹਿਲਾਂ ਬਾਹਰ ਕੱਢੋ ਤਾਂ ਮੈਂ ਆਪਣੀ ਵਿਥਿਆ ਸੁਣਾਵਾਂ' ਪੂਰਨ ਨੇ ਖੂਹ ਵਿਚੋਂ ਵਾਸਤਾ ਪਾਇਆ ।

ਗੋਰਖਨਾਥ ਦੇ ਮਨ ਵਿਚ ਮੇਹਰ ਆਈ । ਲੱਕੜੀਆਂ ਦੀ ਇਕ ਵਹਿੰਗੀ ਬਣਵਾ ਕੇ ਲੱਜ ਨਾਲ ਖੂਹ ਵਿਚ ਲਮਕਾਈ ਅਤੇ ਫੱਟੜ ਪੂਰਨ ਨੂੰ ਬਾਹਰ ਕੱਢਿਆ । ਪੂਰਨ ਨੇ ਗੋਰਖਨਾਥ ਦੇ ਪੈਰ ਪਕੜ ਕੇ ਜੋਤਸ਼ੀਆਂ ਦੇ ਕਹੇ ਤੇ ਭੋਰੇ ਵਿਚ ਪਾਏ ਜਾਣ ਤੋਂ ਲੈ ਕੇ ਹੱਥ ਪੈਰ ਵੱਛ ਕੇ ਖੂਹ ਵਿਚ ਸੁੱਟੇ ਜਾਣ ਦੀ ਦਰਦ-ਭਰੀ ਕਹਾਣੀ ਸੁਣਾਈ । ਨਾਥ ਦੀਆਂ ਮਿਹਰ-ਭਰੀਆਂ ਨਜ਼ਰਾਂ ਨੇ ਉਸ ਦੀਆਂ ਪੀੜਾਂ ਦੂਰ ਕਰ ਦਿੱਤੀਆਂ । ਉਸ ਦੇ ਵੱਛੇ ਹੋਏ ਸਰੀਰ ਉਤੇ ਸਰਬ-ਸਮਰਥ ਜੋਗੀ ਦਾ ਕਿਰਪਾਲੂ ਹੱਥ ਫਿਰਿਆ ਤਾਂ ਉਸ ਦੀ ਮਨਮੋਹਣੀ ਸੂਰਤ ਦੀਆਂ ਲਿਸ਼ਕਾਂ ਫੇਰ ਪਰਤ ਆਈਆਂ । ਪੂਰਨ ਦੇ ਜਾਨ ਤੇ ਖੇਡ ਕੇ ਵੀ ਧਰਮ ਨਾ ਹਾਰਨ ਦੀ ਵਾਰਤਾ ਨੇ ਨਾਥ ਉਤੇ ਡੂੰਘਾ ਅਸਰ ਪਾਇਆ ਅਤੇ ਮਾਸੂਮ ਤੇ ਭੋਲੀ ਸੂਰਤ ਨੇ ਦਿਲ ਵਿਚ ਦਯਾ ਉਪਜਾਈ । ਉਸ ਨੇ ਸੋਚਿਆ, ਜੋ ਬੀਤੀ ਸੋ ਵਾਹ ਵਾਹ ਬੀਤੀ । ਇਹ ਮਹੱਲਾਂ ਦਾ ਸ਼ਿੰਗਾਰ ਹੈ, ਮਹੱਲਾਂ ਵਿਚ ਹੀ ਸ਼ੋਭਦਾ ਹੈ ! ਇਸ ਨੂੰ ਵਾਪਸ ਭੇਜਣਾ ਹੀ ਠੀਕ ਹੈ । ਬੜੀ ਮੁਹੱਬਤ ਨਾਲ ਉਸ ਦੀ ਪਿੱਠ ਉਤੇ ਥਾਪੀ ਦਿੱਤੀ ਤੇ ਕਿਹਾ :—

'ਜਾਓ ਬੇਟਾ, ਆਪਣੇ ਸ਼ਹਿਰ ਵਾਪਸ ਜਾਓ । ਆਪਣੀ ਮਾਤਾ ਦੇ ਕਲੇਜੇ ਠੰਢ ਪਾਉ ! ਦੁਖ ਗੁਜ਼ਰ ਗਏ ਹੁਣ ਸੁਖ ਭੋਗੋ ! ਜਾਓ ਪਰਮਾਤਮਾ ਭਲੀ ਕਰੇਗਾ ।'

ਪੂਰਨ, ਰਾਜ-ਮਹੱਲਾਂ ਦੀਆਂ 'ਬਰਕਤਾਂ' ਪਹਿਲਾਂ ਹੀ ਬਥੇਰੀਆਂ ਦੇਖ ਚੁਕਿਆ ਸੀ, ਇਸ ਲਈ ਉਹ ਵਾਪਸ ਜਾਣ ਲਈ ਤਿਆਰ ਨਹੀਂ ਸੀ । ਗੋਰਖਨਾਥ ਨੇ ਉਸ ਨੂੰ ਮੁੜ ਕੇ ਜ਼ਿੰਦਗੀ ਤੇ ਅਰੋਗਤਾ ਬਖ਼ਸ਼ੀ ਸੀ, ਇਸ ਲਈ ਉਹ ਬਾਕੀ ਦੀ ਉਮਰ ਉਨ੍ਹਾਂ ਦੇ ਚਰਨਾਂ ਵਿਚ ਧੂਣੀਆਂ ਉਤੇ ਗੁਜ਼ਾਰਨ ਦਾ ਮਨ ਬਣਾ ਬੈਠਾ ਸੀ । ਉਸ ਨੇ ਤਰਲਾ ਪਾਇਆ । ਮੈਨੂੰ ਵੀ ਜੋਗ ਦੀ ਦਾਤ ਬਖ਼ਸ਼ੋ, ਮੈਂ ਮਹੱਲੀਂ ਨਹੀਂ ਮੁੜਨਾ । ਨਰਕ ਵਿੱਚੋਂ ਇਕ ਵਾਰ ਨਿਕਲ ਕੇ ਮੈਂ ਮੁੜ ਕੇ ਉਸ ਵਿਚ ਛਾਲ ਨਹੀਂ ਮਾਰਨੀ ਚਾਹੁੰਦਾ ।

ਗੋਰਖਨਾਥ ਨੇ ਪੂਰਨ ਦੇ ਇਹ ਤਰਲੇ ਸੁਣੇ ਤਾਂ ਸਮਝਾਇਆ ਕਿ ਜੋਗ ਕਮਾਉਣਾ ਕੋਈ ਸੌਖੀ ਗੱਲ ਨਹੀਂ। ਕਦੇ ਫਾਕੇ ਕਰਨੇ, ਕਦੇ ਰੁੱਖਾ ਮਿੱਸਾ ਖਾ ਕੇ ਢਿੱਡ ਭਰਨਾ, ਸਬਰ ਸਬੂਰੀਆਂ ਕਰਨੀਆਂ, ਕਾਮ, ਕਰੋਧ, ਹਿਰਸ ਨੂੰ ਮਾਰ ਕੇ ਮਾਨ, ਅਭਿਮਾਨ ਅਤੇ ਮੋਹ ਦਾ ਤਿਆਗ ਕਰਨਾ ਤੇ ਹੋਰ ਸੈਂਕੜੇ ਕਿਸਮ ਦੇ ਜੱਫ਼ਰ ਜਾਲਣੇ ਹਨ। ਤੇਰੇ ਲਈ ਰਾਜ, ਭਾਗ ਤੇ ਭੋਗ ਬਿਲਾਸ ਹਾਜ਼ਰ ਨੇ, ਤੂੰ ਇਨ੍ਹਾਂ ਜੋਗ ਦੇ ਪਿੱਟਣਿਆਂ ਵਿਚੋਂ ਕੀ ਲੈਣਾ, ਇਹ ਘੋਰ ਤਪੱਸਿਆ ਦੇ ਕਸ਼ਟ ਦੁਨੀਆਂਦਾਰਾਂ ਅਤੇ ਸ਼ਹਿਜ਼ਾਦਿਆਂ ਲਈ ਨਹੀਂ। ਇਸ ਤਰ੍ਹਾਂ ਖਹਿੜੇ ਪੈਣਾ ਠੀਕ ਨਹੀਂ।

ਨਾਥ ਦੀਆਂ ਇਨ੍ਹਾਂ ਸਮਝਾਉਣੀਆਂ ਨੇ ਪੂਰਨ ਦੇ ਜੋਗ ਹਾਸਲ ਕਰਨ ਦੇ ਇਰਾਦੇ ਨੂੰ ਸਗੋਂ ਹੋਰ ਪੱਕਿਆਂ ਕੀਤਾ ਤੇ ਉਸ ਨੇ ਫੇਰ ਹੱਥ ਜੋੜ ਕੇ ਵਾਸਤਾ ਪਾਇਆ:—

'ਰੋ-ਰੋਇ ਕੇ ਪੂਰਨ ਨੇ ਹੱਥ ਜੋੜੇ ਲੜ ਛੱਡ ਤੇਰਾ ਕਿੱਥੇ ਜਾਵਸਾਂ ਮੈਂ
ਫ਼ਾਕਾ, ਫਕਰ ਤੇ ਸਿਦਕ ਕਬੂਲ ਸਿਰ ਤੇ, ਤੇਰਾ ਹੁਕਮ ਬਜਾ ਲਿਆਵਸਾਂ ਮੈਂ
ਕਰੋ ਕਰਮ ਤੇ ਸੀਸ ਤੇ ਹੱਥ ਰੱਖੋ, ਖ਼ਿਦਮਤਗਾਰ ਗ਼ੁਲਾਮ ਕਹਾਵਸਾਂ ਮੈਂ
ਕਾਦਰਯਾਰ ਤਵਾਜ਼ਿਆ ਹੋਗੁ ਜਿਹੜੀ,ਨੀਅਤ ਸਾਬਤੀ ਨਾਲ ਕਮਾਵਸਾਂ ਮੈਂ।'

ਗੋਰਖਨਾਥ ਨੂੰ ਪੂਰਨ ਦੇ ਤਰਲਿਆਂ ਦੀ ਫ਼ੌਲਾਦੀ ਦ੍ਰਿੜ੍ਹਤਾ ਦਾ ਯਕੀਨ ਹੋ ਗਿਆ। ਸਾਰਿਆਂ ਚੇਲਿਆਂ ਦੇ ਰੂਬਰੂ ਪੂਰਨ ਦੇ ਵਾਲਾਂ ਦੀਆਂ ਲਿਟਾਂ ਕੁਤਰੀਆਂ, ਕੰਨ ਪਾੜ ਕੇ ਆਪਣੇ ਹੱਥੀਂ ਮੁੰਦਰਾਂ ਪਾਈਆਂ। ਉਸ ਨੇ ਗੋਰੇ ਸਰੀਰ ਉਤੇ ਬਿਭੂਤ ਮਲੀ, ਆਪਣੇ ਆਸਣ ਥੱਲੇ ਰੱਖੇ ਹੋਏ ਕੁਝ ਭਗਵੇ ਵਸਤਰ ਉਸ ਨੇ ਅੰਗਾਂ ਨਾਲ ਛੁਹਾਏ, ਕੁਝ ਮੰਤਰਾਂ ਦਾ ਜਾਪ ਕਰਕੇ ਨਰਸਿੰਘਿਆਂ ਤੇ ਘੜਿਆਲਾਂ ਦੀ ਗੂੰਜ ਵਿਚ ਪੂਰਨ ਦੀ ਪਿੱਠ ਉਤੇ ਥਾਪੜਾ ਦਿੱਤਾ। ਉਹਦੀਆਂ ਮਨ ਅੱਖੀਆਂ ਰੋਸ਼ਨ ਹੋ ਗਈਆਂ, ਜਨਮ ਜਨਮ ਦੀਆਂ ਸੁੱਤੀਆਂ ਹੋਈਆਂ ਸੋਝੀਆਂ ਜਾਗ ਪਈਆਂ, ਸਡੌਲ, ਸੁੰਦਰ ਤੇ ਅਰੋਗ ਸਰੀਰ ਦੀ ਬਿਭੂਤ ਨੇ ਆਭਾ ਏਨੀ ਵਧਾਈ, ਕਿ ਉਸ ਤੋਂ ਸੂਰਜ ਦੀਆਂ ਕਿਰਨਾਂ ਤੱਕ ਤਿਲਕ ਤਿਲਕ ਪੈਣ! ਧੂਣੀ ਦੇ ਨੀਲੇ ਧੂੰਏਂ ਦੇ ਛੱਲਿਆਂ ਨਾਲ ਕੱਜਿਆ ਉਸ ਦਾ ਸਰੀਰ ਇਉਂ ਜਾਪਿਆ ਜਿਵੇਂ ਉਚੇ ਗਗਨਾਂ ਵਿਚ ਪਤਲੇ ਪਤਲੇ ਬੱਦਲਾਂ ਤੇ ਕੋਈ ਮਨਮੋਹਣਾ ਤਰਲ ਦੈਵੀ ਸਰੂਪ ਅਚਾਨਕ ਤਰਦਾ ਤਰਦਾ ਦਿਖਾਈ ਦੇ ਜਾਏ।

ਰਾਣੀ ਸੁੰਦਰਾਂ ਦੀਆਂ ਸਖ਼ਾਵਤਾਂ ਅਤੇ ਸੁੰਦਰਤਾ ਦੀਆਂ ਧੁੰਮਾਂ ਦੂਰ ਦੂਰ ਤਕ ਪਈਆਂ ਹੋਈਆਂ ਸਨ। ਵੱਡੇ ਵੱਡੇ ਰਾਜਿਆਂ ਵੱਲੋਂ ਸ਼ਾਦੀ ਲਈ ਤਰਲੇ ਆਉਂਦੇ ਪਰ ਉਹ ਸਾਰਿਆਂ ਨੂੰ ਠੁਕਰਾ ਛੱਡਦੀ। ਉਹਦੀ ਸੂਰਤ ਤੇ ਜੋਗੀਆਂ ਤੇ ਫ਼ਕੀਰਾਂ ਦੇ ਦਿਲ ਡੋਲ ਜਾਂਦੇ ਸਨ। ਅਨੇਕਾਂ ਉਸ ਦੀਆਂ ਤੱਕਣੀਆਂ ਨੇ ਤੜਫਾਏ ਸਨ, ਪਰ ਅਜੇ ਤੱਕ ਉਸ ਦੇ ਸਾਹਮਣੇ ਕੋਈ ਅਜੇਹਾ ਰੂਪ ਨਹੀਂ ਸੀ ਆਇਆ ਜੋ ਉਸ ਦੇ ਦਿਲ ਵਿਚ ਕੋਈ ਹਲਚਲ ਮਚਾ ਜਾਵੇ। ਉਹਦੇ ਕੋਲ ਹਕੂਮਤਾਂ ਸਨ, ਨੌਕਰ ਚਾਕਰ, ਗੋਲੀਆਂ ਤੇ ਬਾਂਦੀਆਂ ਹਮੇਸ਼ਾਂ ਹੱਥ ਬੰਨ੍ਹੀ, ਉਹਦੇ ਹੁਕਮਾਂ ਦੀ ਉਡੀਕ ਕਰਦੇ। ਜੇ ਨਹੀਂ ਸੀ ਤਾਂ ਉਸ ਕੋਲ ਅਜੇਹਾ ਸਾਥੀ ਨਹੀਂ ਸੀ ਜਿਸ ਨੂੰ ਉਹ ਪਿਆਰ ਦੇ ਸਕੇ।

ਇਸੇ ਰਾਣੀ ਸੁੰਦਰਾਂ ਦੇ ਸ਼ਹਿਰ ਦੇ ਨੇੜੇ ਗੋਰਖਨਾਥ ਦੀ ਜੋਗੀਆਂ ਦੀ ਮੰਡਲੀ ਨੇ ਵਿਰਦਿਆਂ ਫਿਰਾਉਂਦਿਆਂ ਡੇਰੇ ਆਣ ਲਾਏ, ਨਾਥ ਨੇ ਪੂਰਨ ਨੂੰ ਰਾਣੀ ਸੁੰਦਰਾਂ ਦੇ ਮਹੱਲਾਂ ਤੋਂ ਭਿੱਛਿਆ ਲੈਣ ਲਈ ਤੋਰਿਆ ਪਰ ਨਾਲ ਹੀ ਸਮਝਾਇਆ ਕਿ ਭਿੱਛਿਆ ਰਾਣੀ ਸੁੰਦਰਾਂ ਦੇ ਹੱਥਾਂ ਦੀ ਲਿਆਉਣੀ, ਤੇ

'ਕਾਦਰ ਯਾਰ ਸੰਭਲ ਕੇ ਮੁਲਕ ਵਿਰਨਾ, ਮਤਾਂ ਦਾਗ਼ ਫ਼ਕੀਰੀ ਨੂੰ ਲਗ ਜਾਏ।'

ਪੂਰਨ ਜੋਗੀ ਚਿੱਪੀ, ਚਿਮਟਾ ਪਕੜ ਬਗਲੀ ਪਾ, ਤੇ ਬਿਭੂਤ ਰਮਾ, ਅਲਖ ਜਗਾਉਂਦਾ, ਝੂਮਦਾ-ਝਾਮਦਾ ਰਾਣੀ ਸੁੰਦਰਾਂ ਦੇ ਮਹੱਲਾਂ ਹੇਠ ਜਾ ਅਪੜਿਆ। ਸਦਾ ਕੀਤੀ ਅਲੱਖ ਜਗਾ ਕੇ 'ਦੁਆਰੇ ਵਸਦੇ ਰਹਿਣ, ਭਿੱਛਿਆ ਮਿਲ ਜਾਏ ਮਾਈ! ਜੋਗੀਆਂ ਨੂੰ।'

ਰਾਣੀ ਸੁੰਦਰਾਂ ਦੀ ਸਹੇਲੀਆਂ ਵਰਗੀ ਗੋਲੀ ਭਿੱਛਿਆ ਪਾਉਣ ਲਈ ਮਹੱਲ ਤੋਂ ਹੇਠਾਂ ਉਤਰੀ। ਜਦੋਂ ਉਸ

ਨੇ ਬਿਭੂਤ ਵਿਚ ਲਪੇਟੀ ਹੋਈ ਸੁੰਦਰਤਾ ਨੂੰ ਵੇਖਿਆ ਤਾਂ ਉਹ ਹੈਰਾਨ ਰਹਿ ਗਈ । ਕਿੰਨਾ ਚਿਰ ਉਹ ਪਾਗ਼ਲਾਂ ਵਾਂਙ ਜੋਗੀ ਦੇ ਚਿਹਰੇ ਉਤੇ ਨਜ਼ਰਾਂ ਫੇਰਦੀ ਰਹੀ ਤੇ ਉਸ ਫੇਰ ਭਿੱਛਿਆ ਪਾਉਣ ਲਈ ਹੱਥ ਉਲਾਰਿਆ ।

ਪੂਰਨ ਨੇ ਚਿੱਪੀ ਪਿਛਾਂਹ ਸਰਕਾ ਲਈ ਤੇ ਕਿਹਾ :

'ਸਾਡੇ ਗੁਰੂ ਦਾ ਹੁਕਮ ਹੈ । ਭਿੱਛਿਆ ਰਾਣੀ ਦੇ ਹੱਥੋਂ ਲਵਾਂਗੇ ।' ਗੋਲੀ ਜੋਗੀ ਦੀ ਇਹ ਅਨੋਖੀ ਗੱਲ ਸੁਣ ਕੇ ਪਿਛਾਂਹ ਪਰਤ ਗਈ ਤੇ ਰਾਣੀ ਨੂੰ ਮਿੱਠੀ ਜਿਹੀ ਮਸ਼ਕਰੀ ਜਾ ਕੀਤੀ –

'ਕੋਈ ਅਨੋਖਾ ਤੇ ਰੰਗੀਲੜਾ ਜੋਗੀ ਆਇਆ ਹੈ ਸਰਕਾਰ ! ਆਖਦਾ ਤੇਰੇ ਹੱਥੋਂ ਖ਼ੈਰ ਨਹੀਂ ਲੈਣਾ, ਰਾਣੀ ਨੂੰ ਘੱਲੋ ।'

'ਏਡਾ ਆਕੜ ਖਾਂ ਮਸਤਿਆ ਹੋਇਆ ਜੋਗੀ ਕਿਹੜਾ ਆਇਆ ਹੈ ।' ਰਾਣੀ ਗ਼ੁੱਸੇ ਵਿਚ ਬੋਲੀ ।

'ਗ਼ੁੱਸਾ ਨਾ ਕਰੋ ਸਰਕਾਰ ! ਫੇਰ ਪਛਤਾਉਗੇ ।' ਸਹੇਲੀਆਂ ਵਰਗੀ ਗੋਲੀ ਨੇ ਕਿਹਾ ।

ਰਾਣੀ ਨੇ ਖਿੜਕੀ ਖੋਲ੍ਹ ਥੱਲੇ ਖੜੇ ਅਲਬੇਲੇ ਜੋਗੀ ਤੇ ਝਾਤੀ ਪਾਈ । ਫੇਰ ਪਿਛਾਂਹ ਹਟ ਗਈ ਤੇ ਗੋਲੀ ਨੂੰ ਕਿਹਾ :

'ਇਸ ਜੋਗੀ ਨੂੰ ਅੰਦਰ ਸੱਦ ਲਿਆਓ । ਜ਼ਰਾ ਪੁਛੀਏ ਤਾਂ ਸਹੀ ਕਿ ਤੇਰੇ ਇਹ ਨਖ਼ਰੇ ਕੀ ਨੇ ! ਮੰਗਣਾ ਕੀ ਤੇ ਨਖ਼ਰਾ ਕੀ !'

ਗੋਲੀ ਨੇ ਜੋਗੀ ਨੂੰ ਜਾ ਆਖਿਆ, ਰਾਣੀ ਤੁਹਾਨੂੰ ਅੰਦਰ ਮਹੱਲਾਂ ਵਿਚ ਚਰਨ ਪਾਉਣ ਲਈ ਬੇਨਤੀ ਕਰਦੀ ਹੈ ।

ਪਰ ਪੂਰਨ ਨੂੰ ਗੋਰਖਨਾਥ ਦਾ ਸੰਭਲ ਕੇ ਚਲਣ ਦਾ ਉਪਦੇਸ਼ ਨਾ ਭੁੱਲਿਆ । ਉਸ ਨੇ ਗੋਲੀ ਨੂੰ ਕਿਹਾ, 'ਮਹੱਲਾਂ ਵਿਚ ਜਾਣਾ ਜੋਗੀਆਂ ਦਾ ਕਰਮ ਨਹੀਂ । ਜੇ ਰਾਣੀ ਆਪਣੇ ਹੱਥੀਂ ਭਿੱਛਿਆ ਬਾਹਰ ਆ ਕੇ ਪਾਉਂਦੀ ਹੈ ਤਾਂ ਖ਼ੈਰ ਸੱਲਾ, ਨਹੀਂ ਤਾਂ ਜੋਗੀ ਚਲਦੇ ਭਲੇ, ਉਨ੍ਹਾਂ ਨੂੰ ਮੰਗਣ ਲਈ ਹੋਰ ਦਰ ਬਥੇਰੇ !'

ਜੋਗੀ ਦੀਆਂ ਇਹ ਗੱਲਾਂ ਰਾਣੀ ਸੁੰਦਰਾਂ ਨੂੰ ਗੋਲੀ ਨੇ ਜਾ ਦਸਿਆ ਤਾਂ ਉਹਨੇ ਹੀਰਿਆਂ ਤੇ ਮੋਤੀਆਂ ਦਾ ਇਕ ਥਾਲ ਭਰ ਲਿਆ ਤੇ ਜੋਗੀ ਨੂੰ ਆਪ ਭਿੱਛਿਆ ਪਾਉਣ ਉੱਤਰੀ । ਮੁੱਖ ਤੋਂ ਘੁੰਡ ਲਾਹ ਕੇ ਉਸ ਨੇ ਜੋਗੀ ਵਲ ਤੱਕਿਆ । ਬਿਭੂਤ-ਲਪੇਟੀ ਸੁੰਦਰਤਾ ਦੇ ਪਹਿਲੇ ਝਲਕਾਰੇ ਨਾਲ ਹੀ ਉਸ ਦੇ ਦਿਲ ਨੂੰ ਧੂਹ ਜਿਹੀ ਪਈ, ਅੰਗ ਅੰਗ ਵਿਚ ਮਿੱਠੀਆਂ ਝਰਨਾਟਾਂ ਛਿੜ ਗਈਆਂ । ਉਸ ਨੂੰ ਜੁਗਾਂ ਜੁਗਾਂਤਰਾਂ ਦੀਆਂ ਪੁਰਾਣੀਆਂ ਪਛਾਣਾਂ ਉਹਦੀ ਆਤਮਾਂ ਦੇ ਕਲਾਵੇ ਭਰਦੀਆਂ ਜਾਪੀਆਂ । ਉਹਨੂੰ ਮਹਿਸੂਸ ਹੋਇਆ ਕਿ ਜਿਸ ਨੂੰ ਉਡੀਕਦੀ ਸਾਂ ਉਹ ਆ ਗਿਆ, ਦਿਲ ਦੀਆਂ ਜਾਨਣ ਵਾਲੇ ਨੇ ਚਰਨ ਆਣ ਪਾਏ । ਮੋਤੀਆਂ ਦਾ ਥਾਲ ਜ਼ਮੀਨ ਤੇ ਰੱਖ, ਉਹਨੇ ਜੋਗੀ ਦੇ ਚਰਨ ਪਕੜ ਲਏ ।

'ਇਕ ਵਾਰ ਮਹੱਲਾਂ ਵਿਚ ਚਰਨ ਪਾਓ ! ਮੇਰੇ ਭਾਗ ਜਾਗ ਉੱਠਣ, ਮੈਂ ਤੁਹਾਡੇ ਚਰਨ ਧੋ ਕੇ ਪੀ ਲਵਾਂ, ਮਿਹਰ ਕਰੋ ! ਮੇਰੀ ਉਜਾੜ ਤੇ ਸੁੰਨਸਾਨ ਦੁਨੀਆਂ ਵਿਚ ਖੇੜਾ ਬਖ਼ਸ਼ੋ ।'

ਅੱਗ ਦਾ ਦੱਧਾ, ਟਟਹਿਣਿਓਂ ਡਰਦਾ ! ਇਕ ਫਾਹੀ ਵਿੱਚੋਂ ਨਿਕਲ ਕੇ ਦੂਸਰੀ ਵਿਚ ਫਸਣ ਨੂੰ ਉਹ ਤਿਆਰ ਨਾ ਹੋਇਆ ।–

'ਘੱਤ ਭਿਛਿਆ ਰਾਣੀਏ ! ਅਗ੍ਹਾਂ ਤੁਰੀਏ ਚੰਗਾ ਅਟਕਣਾ ਨਹੀਂ ਫ਼ਕੀਰ ਦਾ ਨੀ ।'

ਆਖਦਾ ਹੋਇਆ ਪੂਰਨ ਟਿੱਲੇ ਨੂੰ ਵਾਪਸ ਮੁੜ ਆਇਆ ਤੇ ਛਣ ਛਣ ਕਰ ਕੇ ਹੀਰੇ ਤੇ ਲਾਲ ਗੁਰੂ ਗੋਰਖਨਾਥ ਅੱਗੇ ਢੇਰੀ ਕਰ ਦਿੱਤੇ ।

'ਇਹ ਕੀ ਪੂਰਨਾ ! ਬਾਤ ਕਿਆ ?' ਗੋਰਖ ਨੇ ਪੁੱਛਿਆ ।

'ਰਾਣੀ ਸੁੰਦਰਾਂ ਨੇ ਭਿੱਛਿਆ ਦਿੱਤੀ ਹੈ, ਗੁਰੂ ਦੇਵ' ਪੂਰਨ ਨੇ ਦੱਸਿਆ ।

'ਇਹ ਭਿੱਛਿਆ ਫ਼ਕੀਰਾਂ ਦੇ ਕਿਸ ਕੰਮ ? ਅਸੀਂ ਤਾਂ ਰੁੱਖਾ ਮਿੱਸਾ ਖਾ ਕੇ ਪੇਟ ਭਰਨਾ, ਅਸੀਂ ਇਨ੍ਹਾਂ ਪੱਥਰਾਂ ਨੂੰ ਕੀ ਕਰਨਾ ? ਜਾ ਬਾਲਕਿਆ ! ਇਨ੍ਹਾਂ ਨੂੰ ਮੋੜ ਕੇ ਆ ਤੇ ਰਿੱਧਾ ਪੱਕਾ ਲੈ ਕੇ ਆ ਕਮਲਿਆ !'

ਗੋਰਖਨਾਥ ਦਾ ਹੁਕਮ ਪਾ ਕੇ ਪੂਰਨ ਪਿਛਲੇ ਪੈਰੀਂ ਰਾਣੀ ਸੁੰਦਰਾਂ ਦੇ ਸ਼ਹਿਰ ਨੂੰ ਪਰਤ ਪਿਆ। ਫੇਰ ਮਹਲਾਂ ਹੇਠ ਖਲੋ ਕੇ ਅਲਖ ਜਗਾਈ ਤਾਂ ਰਾਣੀ ਸੁੰਦਰਾਂ ਜਿਵੇਂ ਉਸ ਦੀ ਉਡੀਕ ਵਿਚ ਬੈਠੀ ਹੋਵੇ, ਭੱਜੀ ਭੱਜੀ ਆਈ :

'ਇਹ ਸਾਂਭ ਆਪਣਿਆਂ ਹੀਰਿਆਂ ਨੂੰ ਰਾਣੀਏ ! ਸਾਡੇ ਗੁਰੂ ਤੋਂ ਸਾਨੂੰ ਖਾਹਮਖਾਹ ਝਿੜਕਾਂ ਪਵਾਈਆਂ ਈ। ਇਨ੍ਹਾਂ ਨਾਲ ਦਰਵੇਸ਼ਾਂ ਨੂੰ ਕੀ ! ਜੇ ਕੋਈ ਰਿੱਧਾ ਪੱਕਾ ਭੋਜਨ ਤਿਆਰ ਹੈ ਤਾਂ ਭਿੱਛਿਆ ਮਿਲ ਜਾਏ ਨਹੀਂ ਤਾਂ ਅਸੀਂ ਕੋਈ ਹੋਰ ਬੂਹਾ ਜਾ ਮੰਗਦੇ ਹਾਂ। ਟਿਲੇ ਤੇ ਜੋਗੀ ਭੁੱਖੇ ਬੈਠੇ ਹਨ, ਮੇਰੀ ਉਡੀਕ ਕਰਦੇ ਹੋਣਗੇ।' ਪੂਰਨ ਨੇ ਕਿਹਾ।

ਨੌਕਰ ਚਾਕਰ ਲਾ ਕੇ ਰਾਣੀ ਨੇ ਭੋਜਨ ਤਿਆਰ ਕਰਵਾਇਆ। ਥਾਲੀਆਂ ਗੋਲੀਆਂ ਦੇ ਸਿਰਾਂ ਉੱਤੇ ਚੁਕਵਾਈਆਂ। ਪਿਆਰ ਦੇ ਨਸ਼ੇ ਨਾਲ ਸਰਸ਼ਾਰ, ਹਜ਼ਾਰਾਂ ਉਮੰਗਾਂ ਵਿਚ ਸੰਭਾਲੀ, ਬਸੰਤ ਰੁੱਤ ਦੇ ਫੁੱਲਾਂ ਦੇ ਨਿਖਾਰ ਵਰਗੀ ਸੋਹਣੀ ਸੁੰਦਰਾਂ ਪੂਰਨ ਦੇ ਹੁਸਨ ਦੀ ਉਂਗਲੀ ਪਕੜ ਗੋਰਖਨਾਥ ਦੇ ਟਿਲੇ ਵਲ ਮਾਸੂਮ ਹਰਨੀਆਂ ਵਾਂਗ ਚੁੰਗੀਆਂ ਭਰਦੀ ਤੁਰ ਪਈ। ਸ਼ਹਿਰ ਵਾਸੀਆਂ ਨੇ ਵੇਖਿਆ ਕਿ

'ਕਾਦਰਯਾਰ ਲੈ ਚੱਲਿਆ ਸੁੰਦਰਾਂ ਨੂੰ
ਪੂਰਨ ਹੁਸਨ ਦੀ ਉਂਗਲੀ ਲਾਇ ਕੇ ਜੀ।

ਟਿੱਲੇ ਦੇ ਜੋਗੀਆਂ ਨੇ ਇਹ ਹੁਸਨ ਦਾ ਕਟਕ ਚੜ੍ਹਿਆ ਆਉਂਦਾ ਵੇਖਿਆ ਤਾਂ ਹੈਰਾਨ ਰਹਿ ਗਏ। ਰਾਣੀ ਸੁੰਦਰਾਂ ਨੇ ਅਦਬ ਨਾਲ ਨਾਥ ਦੇ ਚਰਨਾਂ ਉੱਤੇ ਮੱਥਾ ਟੇਕਿਆ ਤੇ ਫੇਰ ਮੁਖ ਤੋਂ ਪਰਦਾ ਪਿਛਾਂਹ ਸਰਕਾ ਕੇ ਟਿੱਲੇ ਦੇ ਚੁਫੇਰੇ ਨਜ਼ਰਾਂ ਫੇਰੀਆਂ। ਸੁੰਦਰਾਂ ਦੀਆਂ ਨਜ਼ਰਾਂ ਕਾਹਦੀਆਂ ਸਨ, ਅਣੀਆਲੇ ਤੀਰਾਂ ਦੇ ਹਮਲੇ ਸਨ। ਜੋਗੀਆਂ ਦੇ ਈਮਾਨ ਡੋਲ ਗਏ ਅਤੇ ਵਰ੍ਹਿਆਂ-ਬੱਧੀ ਕਠਨ ਘਾਲਣਾਂ ਨਾਲ ਸਾਧੀਆਂ ਹੋਈਆਂ ਜੋਗ ਕਮਾਈਆਂ ਇਕ ਹੁਸਨ ਝਲਕਾਰੇ ਦੀ ਝਾਲ ਨਾ ਝੱਲ ਸਕੀਆਂ ਤੇ ਬੇਤਾਬ ਹੋ ਕੇ ਰਹਿ ਗਈਆਂ। ਕਿਸੇ ਦੀਆਂ ਅੱਖੀਆਂ ਅੱਡੀਆਂ ਰਹਿ ਗਈਆਂ, ਕੋਈ ਗ਼ਸ਼ ਖਾ ਕੇ ਧੁਖਦੀ ਧੂਣੀ ਉੱਤੇ ਡਿਗ ਪਿਆ ਤੇ ਉਠਣ ਦੀ ਹੋਸ਼ ਨਾ ਰਹੀ। ਕਿਸੇ ਦੀ ਜ਼ਬਾਨ, ਖ਼ੁਸ਼ਕ ਬੁਲ੍ਹਾਂ ਉੱਤੇ ਫਿਰਨ ਲਗ ਪਈ, ਕਈਆਂ ਨੇ ਬਿਭੂਤ ਭਰੀਆਂ ਪਲਕਾਂ ਛੇਤੀ ਛੇਤੀ ਝਪਕਣੀਆਂ ਆਰੰਭ ਕਰ ਦਿੱਤੀਆਂ। ਕਿਸੇ ਨੇ ਘਬਰਾਹਟ ਵਿਚ ਗੱਡੇ ਹੋਏ ਤਰਸੂਲ ਨੂੰ ਪੁੱਟਿਆ, ਫੇਰ ਗੱਡਿਆ, ਤਾਕਿ ਦਿਲ ਦੀ ਬੇਕਰਾਰੀ ਨੂੰ ਕਰਾਰ ਆਵੇ ! ਕੋਈ ਮੂਰਖਾਂ ਵਾਂਙ ਮੁਸਕਰਾਉਂਦਾ ਰਹਿ ਗਿਆ। ਬਹੁਤਿਆਂ ਨੂੰ ਅਲਖ ਜਗਾਉਣੀ ਭੁੱਲ ਗਈ ਤੇ ਉਹ 'ਸੁੰਦਰਾਂ ! ਸੁੰਦਰਾਂ !' ਦਾ ਪਾਠ ਕਰਨ ਲਗ ਪਏ। ਬਸ !

'ਗੋਰਖਨਾਥ ਤੇ ਪੂਰਨ ਹੀ ਰਹੇ ਸਾਬਤ, ਹੋਰ ਡੋਲਿਆ ਸਾਧਾਂ ਦਾ ਸਭ ਡੇਰਾ
ਕਾਦਰਯਾਰ ਗੁਰੂ ਮਿਹਰਬਾਨ ਹੋਇਆ, ਕਹਿੰਦਾ ਮੰਗ ਜੋ ਰਾਣੀਏ ਜੀਉ ਤੇਰਾ।'

ਗੋਰਖਨਾਥ ਖ਼ੁਸ਼ ਸੀ ਕਿ ਚਲੋ ਏਨੀ ਭੀੜ ਵਿੱਚੋਂ ਇਕ ਚੇਲਾ ਤਾਂ ਸਾਬਤ ਨਿਕਲਿਆ ਹੈ।

ਰਾਣੀ ਸੁੰਦਰਾਂ ਨੇ ਹੱਥ ਜੋੜ ਕੇ ਅਰਜ਼ ਗੁਜ਼ਾਰੀ ਕਿ ਮੇਰੇ ਕੋਲ ਤੁਹਾਡਾ ਦਿੱਤਾ ਸਭ ਕੁਝ ਹੈ। ਨੌਕਰ, ਚਾਕਰ, ਮਾਲ, ਹਕੂਮਤਾਂ ਕੋਲ ਹਨ, ਕਿਸੇ ਗੱਲ ਦੀ ਕੋਈ ਪਰਵਾਹ ਨਹੀਂ। ਮੈਂ ਤਾਂ ਤੁਹਾਡੇ ਦਰਸ਼ਨਾਂ ਨੂੰ ਆਈ ਹਾਂ।

'ਇਸ ਵੇਲੇ ਫ਼ਕੀਰ ਮਿਹਰਬਾਨ ਨੇ ! ਮੰਗ ਲੈ ! ਜੋ ਕੁਝ ਦਿਲ ਨੂੰ ਚੰਗਾ ਲੱਗਦਾ ਹੈ।' ਗੋਰਖਨਾਥ ਨੇ ਫੇਰ ਕਿਹਾ।

'ਜੇ ਤੁੱਠੇ ਹੋ ਨਾਥ ਜੀ ! ਤਾਂ ਮੇਰੇ ਸੱਖਣੇ ਮਨ-ਮੰਦਰ ਲਈ ਇਕ ਦੇਵਤਾ ਬਖ਼ਸ਼ ਦਿਓ ! ਜਿਸਦੀ ਮੈਂ ਪੂਜਾ ਕਰ ਸਕਾਂ, ਜਿਸ ਅੱਗੇ ਮੈਂ ਆਪਾ ਫੋਲ ਸਕਾਂ, ਜੋ ਮੇਰੀ ਸੱਖਣੀ ਆਤਮਾ ਨੂੰ ਭਰਪੂਰ ਕਰ ਸਕੇ। ਜੋ ਮੈਨੂੰ ਪਿਆਰ ਦੇ ਸਕੇ, ਮੈਥੋਂ ਪਿਆਰ ਲੈ ਸਕੇ। ਮੈਨੂੰ ਬਖ਼ਸ਼ੋ ਆਪਣਾ ਚੇਲਾ ਪੂਰਨ। ਉਹ ਮੇਰਾ ਜਨਮ ਜਨਮ ਦਾ ਸਾਥੀ ਹੈ, ਫੜਾਓ ਮੇਰੀ ਬਾਂਹ ਪੂਰਨ ਨਾਥ ਨੂੰ, ਜੋ ਮੌਤ ਵੀ ਨਾ ਮੁੜ ਕੇ ਛੁਡਾ ਸਕੇ।' ਰਾਣੀ ਸੁੰਦਰਾਂ ਨੇ ਝੋਲੀ ਅੱਡ ਕੇ ਵਾਸਤਾ ਪਾਇਆ।

ਗੋਰਖਨਾਥ ਬਚਨ ਦੇ ਚੁਕਾ ਸੀ, ਕਿਸਤਰ੍ਹਾਂ ਮੁੜਦਾ ! ਉਹਨੇ ਪੂਰਨ ਨੂੰ ਥਾਪੀ ਦਿੱਤੀ ਤੇ ਇਹ ਕਹਿੰਦਿਆਂ ਰਾਣੀ ਸੁੰਦਰਾਂ ਨਾਲ ਜਾਣ ਦਾ ਹੁਕਮ ਦਿੱਤਾ –

'ਜਾਓ ਬੇਟਾ, ਇਹ ਧੁਰ ਸੰਜੋਗ ਦੀਆਂ ਲਿਖੀਆਂ ਸਨ। ਰਾਣੀ ਸੁੰਦਰਾਂ ਦਾ ਪਿਆਰ ਸੱਚਾ ਹੈ। ਇਸ ਵਿਚ ਮੈਲ ਨਹੀਂ, ਇਹ ਵੀ ਇਕ ਜੋਗ ਮਾਰਗ ਹੈ। ਇਸ ਤੇ ਚਲਦਿਆਂ ਮੇਰੀ ਆਸ਼ੀਰਵਾਦ ਤੁਹਾਡੇ ਅੰਗ ਸੰਗ ਹੋਵੇਗੀ।'

ਖੁਲ੍ਹਿਆਂ ਅਕਾਸ਼ਾਂ ਵਿਚ ਉੱਡਣ ਵਾਲੇ ਪੰਛੀ ਨੂੰ ਰਾਣੀ ਸੁੰਦਰਾਂ ਪ੍ਰੇਮ-ਪਿੰਜਰੇ ਵਿਚ ਘੱਤ ਤੁਰੀ। ਉਸ ਦੇ ਖ਼ੁਸ਼ੀ ਨਾਲ ਪੈਰ ਜ਼ਮੀਨ ਤੇ ਨਾ ਟਿਕਣ, ਅਕਾਸ਼ਾਂ ਵਿਚ ਉੱਡਦੀ ਫਿਰੇ, ਜਦੋਂ ਉਹ ਪੂਰਨ ਨੂੰ ਨਾਲ ਲੈ ਕੇ ਰੰਗ ਮਹੱਲ ਅਪੜੀ ਤਾਂ ਸਾਰੇ ਸ਼ਹਿਰ ਵਿਚ ਖ਼ੁਸ਼ੀਆਂ ਹੱਸ ਪਈਆਂ। ਢੋਲ ਢਮੱਕੇ, ਤੇ ਵਾਜੇ ਵਜੇ, ਹਰ ਪਾਸੇ ਤੋਂ ਮੁਬਾਰਕਾਂ ਮਿਲਣ ਲੱਗੀਆਂ।

ਪਰ ਪੂਰਨ ਦਾ ਮਨ ਉਦਾਸ ਸੀ। ਉਹ ਦੁਨਿਆਵੀ ਪਿਆਰ ਦੇ ਬੰਧਨਾਂ ਤੋਂ ਦੂਰ ਨੱਸਣਾ ਲੋਚਦਾ ਸੀ। ਜਦੋਂ ਉਸ ਨੇ ਮਹੱਲਾਂ ਵਿਚ ਐਸ਼ ਦੇ ਸਾਮਾਨ ਵੇਖੇ ਤਾਂ ਉਸ ਦਾ ਦਿਲ ਹੋਰ ਵੀ ਬੇਚੈਨ ਹੋ ਗਿਆ। ਜਦੋਂ ਕੋਈ ਪੇਸ਼ ਨਾ ਜਾਂਦੀ ਵੇਖੀ ਤਾਂ ਉਸ ਨੇ ਬਹਾਨਾ ਭਾਲ ਲਿਆ। ਮੁਸਕਰਾ ਕੇ ਰਾਣੀ ਨੂੰ ਕਿਹਾ, 'ਮੈਂ ਜ਼ਰਾ ਬਾਹਰ ਤਲਾ ਉੱਤੇ ਇਸ਼ਨਾਨ ਕਰ ਆਵਾਂ, ਬਿਭੂਤ ਉਤਾਰ ਲਵਾਂ, ਇਸਦਾ' ਰਾਜ ਮਹਲਾਂ ਵਿਚ ਕੀ ਕੰਮ !' ਰਾਣੀ ਨੇ ਗੋਲੀਆਂ ਨਾਲ ਤੋਰੀਆਂ। ਉਹ ਮਹਲਾਂ ਤੋਂ ਉਤਰਿਆ। ਸ਼ਹਿਰੋਂ ਬਾਹਰ ਨਿਕਲਦਿਆਂ ਹੀ ਉਹ ਗੋਰਖਨਾਥ ਦੇ ਟਿੱਲੇ ਨੂੰ ਸਿੱਧਾ ਖਿਸਕ ਤੁਰਿਆ। ਗੋਲੀਆਂ ਨੇ ਵਾਸਤੇ ਪਾਏ, ਪੈਰੀਂ ਡਿੱਗੀਆਂ, ਪਰ ਉਹ ਨਾ ਮੁੜਿਆ। ਸਗੋਂ ਉਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਭੱਜ ਨਿਕਲਿਆ।

ਉਨ੍ਹਾਂ ਰੋਂਦੀਆਂ ਅਤੇ ਕੁਰਲਾਉਂਦੀਆਂ ਨੇ ਰਾਣੀ ਸੁੰਦਰਾਂ ਨੂੰ ਜਾ ਕੇ ਦੱਸਿਆ ਕਿ ਪੂਰਨ ਫੇਰ ਦਗ਼ਾ ਕਮਾ ਗਿਆ ਹੈ ਤਾਂ ਉਸ ਦੇ ਕਲੇਜੇ ਵਿਚ ਮੁੱਕੀ ਵੱਜੀ। ਉਹ ਖ਼ੁਸ਼ੀਆਂ ਦੇ ਅਰਸ਼ ਉੱਤੋਂ ਇਕ ਦਮ ਹੇਠਾਂ ਖੱਡ ਵਿਚ ਆਣ ਡਿੱਗੀ। ਉਸਦੀ ਜਿੰਨੀ ਕਮਾਲ ਦੀ ਖ਼ੁਸ਼ੀ ਸੀ ਉੱਨੀ ਹੀ ਇਸ ਵਿਛੋੜੇ ਦੀ ਸੱਟ ਜ਼ੋਰ ਨਾਲ ਪਈ। 'ਪੂਰਨਾ ! ਪੂਰਨਾ !' ਕੂਕਦੀ ਉਹ ਮਹਲ ਦੀ ਛੱਤ ਤੋਂ ਡਿੱਗ ਮੋਈ।

ਉਧਰ ਪੂਰਨ ਗੋਰਖਨਾਥ ਦੇ ਟਿੱਲੇ ਤੇ ਜਾ ਪੁੱਜਿਆ !

'ਕੀਕਰ ਕੀਤਾ ਈ। ਪੂਰਨਾਂ, ਸੁੰਦਰਾਂ ਦੇ ਪ੍ਰੇਮ ਹੀਰੇ ਦੀ ਕਦਰ ਨਾ ਪਾਈ ਤੇ ਮੇਰਾ ਹੁਕਮ ਵੀ ਮੋੜਿਆ !' ਨਾਥ ਨੇ ਝਿੜਕਿਆ, ਪਰ ਪੂਰਨ ਦੀਆਂ ਅੱਥਰੂ-ਭਿੱਜੀਆਂ ਅੱਖੀਆਂ ਵੇਖ ਉਸ ਦੇ ਮਨ ਵਿਚ ਮਿਹਰ ਪਈ ਤਾਂ ਉਸ ਨੇ ਕਿਹਾ :

'ਲਿਖੀਆਂ ਨੂੰ ਮੋੜਨਾਂ ਔਖਾ। ਰਾਣੀ ਸੁੰਦਰਾਂ ਨੇ ਮੁੜ ਨਹੀਂ ਆਉਣਾ, ਤੂੰ ਜਾ ਹੁਣ ਆਪਣੇ ਮਾਪਿਆਂ ਕੋਲ ! ਤੇਰੀ ਮਾਤਾ ਦੀ ਜ਼ਿੰਦਗੀ ਉਜਾੜ ਹੈ। ਤੂੰ ਜਾ ਕੇ ਖੇੜੇ ਲਿਆ। ਤੇਰੇ ਬੋਲਾਂ ਵਿਚ ਅਸੀਂ ਤਾਸੀਰ ਬਖ਼ਸ਼ੀ। ਜਿਧਰ ਤੇਰੀਆਂ ਨਜ਼ਰਾਂ ਪੈਣਗੀਆਂ, ਸੁੱਕੇ ਹਰੇ ਹੋ ਜਾਣਗੇ। ਚਰਨ ਛੋਹਣ ਵਾਲੇ ਮਨ ਦੀਆਂ ਮੁਰਾਦਾਂ ਪਾਉਣਗੇ।'

ਪੂਰਨ ਸਿਆਲਕੋਟ ਸ਼ਹਿਰ ਵੱਲ ਤੁਰ ਪਿਆ। ਜਿਸ ਬਾਗ਼ ਵਿਚ ਉਸ ਨੂੰ ਬਾਰ੍ਹਾਂ ਵਰ੍ਹੇ ਭੋਰੇ ਵਿਚ ਪਾ ਕੇ ਰੱਖਿਆ ਗਿਆ ਸੀ, ਉਹ ਉਸ ਦੀ ਗੈਰਹਾਜ਼ਰੀ ਵਿਚ ਸੜ ਸੁੱਕ ਗਿਆ ਸੀ। ਜਦੋਂ ਕਰਾਮਾਤੀ ਜੋਗੀ ਪੂਰਨ ਨੇ ਮੁੜ ਕੇ ਇਸ ਵਿਚ ਚਰਨ ਪਾਏ ਤਾਂ ਇਹ ਹਰਿਆ ਹੋ ਗਿਆ, ਟੁੰਡ-ਮੁੰਡ ਰੁਖਾਂ ਉੱਤੇ ਸੱਜਰੀਆਂ ਲਗਰਾਂ ਫੁੱਟ ਪਈਆਂ। ਫੁਲ ਖਿੜ ਗਏ, ਉਦਾਲੇ-ਪੁਦਾਲੇ ਵਿਚ ਕਲੀਆਂ ਦੇ ਚਟਕਣ ਵਾਂਗ ਖ਼ੁਸ਼ੀਆਂ ਫੈਲ ਗਈਆਂ ਜਿਵੇਂ ਕਿਸੇ ਨੇ ਹਰ ਪਾਸੇ ਵਲ ਅਤਰ ਗੁਲਾਬ ਛਿੜਕ ਦਿੱਤਾ ਹੋਵੇ। ਮੰਦ, ਮੰਦ ਚਲਣ ਵਾਲੀਆਂ ਪੌਣਾਂ ਨੇ ਇਸ ਅਲਬੇਲੇ ਜੋਗੀ ਦੇ ਧੂਣੀ ਦੇ ਧੂੰਏਂ ਦੀਆਂ ਲਪਟਾਂ ਦੂਰ ਦੂਰ ਤਕ ਚੁਕ ਖੜੀਆਂ। ਸਾਰੇ ਪਾਸੇ ਕੀਰਤੀਆਂ ਫੈਲ ਗਈਆਂ ਤੇ ਲੋਕ

ਦੁਖਾਂ ਵਾਲੇ, ਦਰਦਾਂ ਵਾਲੇ, ਥੋੜਾਂ ਵਾਲੇ ਜੋਗੀ ਦੇ ਦਰਸ਼ਨਾਂ ਨੂੰ ਆਉਣ ਲੱਗ ਪਏ। ਜੋ ਵੀ ਆਉਂਦਾ ਰਾਜ਼ੀ ਜਾਂਦਾ। ਰੋਗ ਦੂਰ ਹੁੰਦੇ, ਮਨ ਦੀਆਂ ਮੁਰਾਦਾਂ ਮਿਲਦੀਆਂ। ਉਹਦੀਆਂ ਥਾਪੜੀਆਂ ਨਾਲ ਕੁੱਖਾਂ ਹਰੀਆਂ ਹੁੰਦੀਆਂ।

ਰਾਣੀ ਲੂਣਾਂ ਦੀ ਜਵਾਨੀ ਢਲ ਚੁਕੀ ਸੀ, ਪਰ ਅਜੇ ਤਕ ਉਸ ਦੀ ਕੁੱਖ ਹਰੀ ਨਹੀਂ ਸੀ ਹੋਈ। ਜਦੋਂ ਉਸ ਨੇ ਜੋਗੀ ਦੀਆਂ ਕਰਾਮਾਤਾਂ ਸੁਣੀਆਂ ਤਾਂ ਆਪਣੇ ਰਾਜੇ ਪਤੀ ਨੂੰ ਕਹਿਣ ਲੱਗੀ, 'ਮਹਾਰਾਜ! ਚੱਲੋ, ਅਸੀਂ ਵੀ ਮੱਥਾ ਟੇਕੀਏ। ਕੀ ਪਤਾ ਰੇਖ ਵਿਚ ਮੇਖ ਵੱਜ ਜਾਏ, ਜੋਗੀਆਂ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ।' ਅਗਲੇ ਦਿਨ ਰਾਜਾ ਸਲਵਾਨ ਅਤੇ ਰਾਣੀ ਲੂਣਾਂ ਮੰਗਤਿਆਂ ਤੇ ਨਿਮਾਣਿਆਂ ਵਾਂਙ ਨੰਗੇ ਪੈਰੀਂ ਜੋਗੀ ਦੇ ਦਰਸ਼ਨਾਂ ਨੂੰ ਤੁਰ ਪਏ।

ਪੂਰਨ ਨੇ ਦੋਹਾਂ ਨੂੰ ਆਉਂਦਿਆਂ ਦੂਰੋਂ ਹੀ ਵੇਖਿਆ ਤਾਂ ਉਸ ਦੇ ਦਿਲ ਵਿਚ ਖ਼ਿਆਲ ਆਇਆ, ਇਨ੍ਹਾਂ ਨੂੰ ਉਠ ਕੇ ਨਮਸਕਾਰ ਕਰਾਂ ਕਿ ਨਾ? ਇਨ੍ਹਾਂ ਨੇ ਹੀ ਮੈਨੂੰ ਨਿਰਦੋਸ਼ ਨੂੰ ਖੂਹ ਵਿਚ ਸੁਟਵਾਇਆ ਸੀ। ਪਰ ਮੈਂ ਉਸ ਵੇਲੇ ਵੀ ਲੂਣਾਂ ਨੂੰ ਮਾਤਾ ਕਿਹਾ ਸੀ। ਹੁਣ ਮਾਤ ਕਿਵੇਂ ਨਾ ਹੋਈ! ਫੇਰ ਬਾਪ ਤਾਂ ਭੁਲੇਖੇ ਵਿਚ ਸੀ। ਨਹੀਂ। ਨਹੀਂ ਦੋਵੇਂ ਮੇਰੇ ਵੱਲੋਂ ਆਦਰ ਦੇ ਅਧਕਾਰੀ ਹਨ। ਇਸ ਤਰ੍ਹਾਂ ਉਸ ਨੇ ਖ਼ਿਆਲਾਂ ਦੇ ਉਤਾਰ ਚੜ੍ਹਾ ਪਿੱਛੋਂ ਨਮਸ਼ਕਾਰ ਕਰਨ ਦਾ ਮਨ ਬਣਾਇਆ। ਜਿਸ ਵੇਲੇ ਉਹ ਲਾਗੇ ਪੁਜੇ ਤਾਂ ਜੋਗੀ ਨੇ ਉੱਠ ਕੇ ਉਨ੍ਹਾਂ ਦੇ ਪੈਰਾਂ ਨੂੰ ਹੱਥ ਲਾਇਆ।

'ਮਹਾਰਾਜ! ਸਾਡੇ ਸਿਰ ਉੱਤੇ ਇਹ ਭਾਰ ਕਿਉਂ ਚਾੜ੍ਹਿਆ ਜੇ। ਅਸੀਂ ਤਾਂ ਤੁਹਾਡੇ ਚਰਨਾਂ ਉੱਤੇ ਸੀਸ ਰੱਖਣ ਆਏ ਹਾਂ।' ਰਾਜੇ ਨੇ ਪਸ਼ੇਮਾਨੀ ਨਾਲ ਕਿਹਾ।

"ਨਹੀਂ ਰਾਜਾ! ਤੁਸੀਂ ਮੁਲਕ ਦੇ ਵਾਲੀ! ਫੱਕਰਾਂ ਲਈ ਵੀ ਰੱਬ ਦਾ ਰੂਪ। ਮੈਨੂੰ ਦਸੋ ਤੁਸਾਂ ਕਿਹੜੇ ਦੁੱਖ ਕਾਰਨ ਫ਼ਕੀਰ ਦੇ ਅਸਥਾਨ ਤੇ ਚਰਨ ਪਾਏ ਹਨ।' ਪੂਰਨ ਨੇ ਅਧੀਨਗੀ ਨਾਲ ਪੁੱਛਿਆ।

ਜੋਗੀ ਨੂੰ ਮਿਹਰਬਾਨ ਹੋਇਆ ਵੇਖ ਕੇ ਰਾਜੇ ਨੇ ਅਰਜ਼ ਗੁਜ਼ਾਰੀ, 'ਮਹਾਰਾਜ! ਇਕ ਪੁੱਤਰ ਬਿਨਾਂ ਇਹ ਰਾਜ-ਭਾਗ ਅਤੇ ਮਹਿਲ-ਮਾੜੀਆਂ ਸੱਖਣੀਆਂ ਹਨ। ਤੁਸੀਂ ਪਰਮਾਤਮਾ ਦੇ ਰੂਪ ਹੋ। ਕਿਰਪਾ ਕਰੋ ਤੇ ਇਕ ਪੁਤਰ ਦੀ ਦਾਤ ਬਖ਼ਸ਼ੋ।'

ਪੂਰਨ ਨੇ ਭਵਾਂ ਸਕੋੜੀਆਂ ਅਤੇ ਇਸ ਅੰਦਾਜ਼ ਵਿਚ ਕਿ ਜਿਵੇਂ ਉਸ ਨੇ ਅੰਤਰ ਧਿਆਨ ਹੋ ਕੇ ਗੁਝੀ ਗੱਲ ਲੱਭੀ ਹੋਵੇ, ਕਿਹਾ:

'ਐਨ ਇਲਮ ਸਾਡੇ ਵਿਚ ਆਂਵਦਾ ਏ, ਇਕ ਅੱਗੇ ਸੀ ਤੁਸਾਂ ਘਰ ਪੁੱਤ ਹੋਇਆ
ਕਿਸੇ ਵਿਚ ਉਜਾੜ ਦੇ ਜਾ ਕੇ ਤੇ, ਵਾਂਗ ਬੱਕਰੇ ਓਸ ਦਾ ਸੀਸ ਕੋਹਿਆ।'

ਜੋਗੀ ਦਾ ਇਉਂ ਕਹਿਣਾ ਕੀ ਸੀ। ਇਉਂ ਸਮਝੋ ਕਿ ਕਿਸੇ ਨੇ ਰਾਜੇ ਦੇ ਦੁਖਦੇ ਹੱਡਾਂ ਉੱਤੇ ਕਾੜ ਕਰਦਾ ਸੋਟਾ ਕੱਢ ਮਾਰਿਆ। ਉਹਦੀਆਂ ਅੱਖੀਆਂ ਗ਼ੁੱਸੇ ਨਾਲ ਲਾਲ ਹੋ ਗਈਆਂ। 'ਉਸ ਚੰਡਾਲ ਦਾ ਨਾਂ ਨਾ ਲਓ ਜੋਗੀ ਨਾਥ ਜੀ! ਉਸ ਕੁਲ-ਕਲੰਕੀ ਨਾਲੋਂ ਤਾਂ ਮੇਰੇ ਘਰ ਸੱਪ ਜੰਮ ਪੈਂਦਾ ਤਾਂ ਵੀ ਮੈਨੂੰ ਕੋਈ ਦੁੱਖ ਨਾ ਹੁੰਦਾ।'

ਪੂਰਨ ਜਾਣਦਾ ਸੀ, ਰਾਜੇ ਨੂੰ ਅਸਲ ਗੱਲ ਦਾ ਪਤਾ ਨਹੀਂ, ਇਸ ਕਰਕੇ ਉਸ ਨੇ ਸਗੋਂ ਵਧੇਰੇ ਧੀਰਜ ਨਾਲ ਪੁੱਛਿਆ, 'ਕਿਉਂ ਰਾਜਨ! ਉਸ ਨੇ ਏਡਾ ਵੱਡਾ ਕਿਹੜਾ ਪਾਪ ਕੀਤਾ ਸੀ?' ਰਾਜੇ ਨੇ ਗ਼ੁੱਸੇ ਨੂੰ ਸੰਭਾਲਦਿਆਂ ਕਿਹਾ:

"ਉਸ ਨੇ ਉਹ ਪਾਪ ਕੀਤਾ ਜੋ ਕੋਈ ਨਾ ਕਰੇ। ਇਹ ਮੇਰੀ ਰਾਣੀ ਤੇ ਉਸ ਦੀ ਮਤਰੇਈ ਮਾਂ, ਬੇਈਮਾਨ ਹੋ ਗਿਆ ਤੇ......"

'ਤੇ ਫੇਰ ਕੀ ਹੋਇਆ?" ਪੂਰਨ ਨੇ ਗੱਲ ਮੁੱਕਣ ਨਾ ਦਿੱਤੀ; ਹੋਣਾ ਕੀ ਸੀ। ਜੱਲਾਦਾਂ ਤੋਂ ਕਤਲ ਕਰਵਾ ਦਿੱਤਾ ਗਿਆ' ਰਾਜੇ ਨੇ ਖਿਝਾਹਟ ਨੂੰ ਛੁਪਾਉਂਦਿਆਂ ਕਿਹਾ, 'ਇਹ ਗੱਲ ਠੀਕ ਨਹੀਂ ਜਾਪਦੀ! ਰਾਜਨ! ਕੋਈ ਪੁੱਤਰ ਅਜੇਹਾ ਪਾਪ ਨਹੀਂ ਕਰ ਸਕਦਾ' ਪੂਰਨ ਨੇ ਸ਼ੰਕਾ ਜ਼ਾਹਰ ਕੀਤੀ। 'ਮੈਂ ਬਿਲਕੁਲ ਠੀਕ ਆਖ ਰਿਹਾ ਹਾਂ' ਰਾਜੇ ਨੇ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ। ਪੂਰਨ ਨੇ ਨਾਟਕੀ ਅੰਦਾਜ਼ ਵਿਚ ਆਪਣੀਆਂ ਨਜ਼ਰਾਂ ਲੂਣਾਂ ਦੇ ਚਿਹਰੇ ਉਤੇ

ਸੁੱਟੀਆਂ ਤੇ ਕਿਹਾ, 'ਕਿਉਂ ਮਾਤਾ ਜੀ ! ਰਾਜਾ ਜੀ ਠੀਕ ਆਖਦੇ ਹਨ । ਫੱਕਰਾਂ ਕੋਲ ਆਣ ਕੇ ਝੂਠ ਨਹੀਂ ਚਲ ਸਕਦੇ ।'

ਪੂਰਨ ਦੀਆਂ ਨਜ਼ਰਾਂ ਲੂਣਾਂ ਨੂੰ ਆਪਣੇ ਦੁਸਾਰਪਾਰ ਨਿਕਲਦੀਆਂ ਹੋਈਆਂ ਜਾਪੀਆਂ । ਉਸ ਨੂੰ ਮਹਿਸੂਸ ਹੋਇਆ ਜਿਵੇਂ ਸਾਲਾਂ ਤੋਂ ਪਿਆ ਹੋਇਆ ਮਨ ਉੱਤੇ ਪਾਪ ਦਾ ਬੋਝ ਪਹਿਲਾਂ ਨਾਲੋਂ ਹਜ਼ਾਰਾਂ ਗੁਣਾਂ ਵਧ ਗਿਆ ਹੈ ।

'ਮਹਾਰਾਜ ਨੇ ਠੀਕ ਹੀ ਤਾਂ ਆਖਿਆ ਹੈ । ਜੋਗੀ ਨਾਥ ਜੀ !' ਲੂਣਾਂ ਨੇ ਮਨ ਅੰਦਰਲੀ ਖਿੱਚੋਤਾਣ ਨੂੰ ਛੁਪਾਉਂਦਿਆਂ ਕਿਹਾ । ਪੂਰਨ ਨੇ ਸੁਣ ਕੇ ਅੱਖੀਆਂ ਮੀਟ ਲਈਆਂ, ਕਿੰਨਾ ਚਿਰ ਚੁੱਪ ਵੱਟ ਰੱਖੀ, ਫੇਰ ਅੱਖੀਆਂ ਉਘਾੜੀਆਂ ਤੇ ਜੋਗੀਆਂ ਵਾਲੇ ਗੌਰਵ-ਭਰੇ ਲਹਿਜੇ ਵਿਚ ਕਿਹਾ, 'ਨਹੀਂ ਮਾਤਾ ! ਸਾਡੇ ਗੱਲ ਚਿੱਤ ਨਹੀਂ ਲੱਗੀ । ਅਸੀਂ ਨਾਥ ਦੀ ਕਿਰਪਾ ਨਾਲ ਘਟ ਘਟ ਦੀਆਂ ਜਾਣਦੇ ਹਾਂ । ਸੱਚ ਦੱਸੋ ਤਾਂ ਮਨ-ਭਾਉਂਦੇ ਭਾਗ ਲੱਗਣਗੇ । ਜੋਗੀਆਂ ਸਾਹਮਣੇ ਝੂਠ ਬੋਲਣਾ ਬੱਜਰ ਪਾਪ ਹੁੰਦਾ ਹੈ' ਇਹ ਕਹਿ ਕੇ ਪੂਰਨ ਨੇ ਆਪਣੀਆਂ ਨਜ਼ਰਾਂ ਲੂਣਾਂ ਦੇ ਚਿਹਰੇ ਉੱਤੇ ਫੇਰ ਗੱਡ ਦਿੱਤੀਆਂ । ਉਹ ਕੰਬ ਗਈ । 'ਝੂਠ ਬੋਲਿਆਂ ਮਾਤਾ ਗੋਦਾਂ ਹਰੀਆਂ ਨਹੀਂ ਹੋ ਸਕਣਗੀਆਂ' ਪੂਰਨ ਨੇ ਲੂਣਾਂ ਨੂੰ ਡੋਲਦੀ ਤਾੜ ਕੇ ਆਖ਼ਰੀ ਹਮਲੇ ਵਾਂਗ ਚੋਟ ਕੀਤੀ । ਲੂਣਾਂ ਇਸ ਅੱਗੇ ਠਹਿਰ ਨਾ ਸਕੀ । ਪਾਪ ਦੇ ਇਹਸਾਸ ਅਤੇ ਪੁੱਤਰ-ਮਿਲਣ ਦੀ ਆਸ ਨੇ ਉਸ ਦੀ ਮਲੀਨ ਆਤਮਾ ਵਿਚ ਲਕੋਇਆ ਹੋਇਆ ਸੱਚ ਕੱਢ ਲਿਆ । ਉਸ ਦੀਆਂ ਭੁੱਬਾਂ ਨਿਕਲ ਗਈਆਂ, ਹਟਕੋਰਿਆਂ ਤੇ ਹਿਚਕੀਆਂ ਨਾਲ ਫਾਵੀ ਹੁੰਦੀ ਉਹ ਜੋਗੀ ਦੇ ਚਰਨਾਂ ਉੱਤੇ ਡਿਗ ਕੇ ਗਿੜ-ਗਿੜਾਈ :

'ਪੂਰਨ ਨਹੀਂ ਭੁੱਲਾ, ਭੁਲੀ ਮੈਂ ਤੱਤੀ, ਜਦੋਂ ਮਿਲਣ ਮਹਿਲਾਂ ਵਿਚ ਆਇਆ ਈ ।
ਗੱਲਾਂ ਕੀਤੀਆਂ ਬਹੁਤ ਬੇਹੂਦੀਆਂ ਮੈਂ, ਹੱਥੀਂ ਆਪਣੀ ਲਾਲ ਗਵਾਇਆ ਈ ।'

ਰਾਜੇ ਨੇ ਇਹ ਸੁਣਦਿਆਂ ਸਾਰ ਤਲਵਾਰ ਮਿਆਨ ਚੋਂ ਖਿੱਚ ਲਈ ਤੇ ਉਸ ਦੇ ਟੁਕੜੇ ਕਰਨ ਲਈ ਦੌੜਿਆ । ਪੂਰਨ ਨੇ ਉੱਠ ਕੇ ਬਾਂਹ ਫੜ ਲਈ । 'ਨਹੀਂ ! ਰਾਜਾ ਇਹ ਗ਼ੁੱਸਾ ਹੀ ਚੰਡਾਲ ਈ । ਪਹਿਲਾਂ ਇਸ ਨੇ ਤੇਰਾ ਪੁੱਤ ਮਰਵਾਇਆ ਹੁਣ ਰਾਣੀ ਮਾਰ ਲਏਂਗਾ । ਇਸ ਤੋਂ ਬਚ । ਜੋ ਤੁਹਾਡੇ ਪੁੱਤਰ ਦੇ ਕਰਮਾਂ ਵਿਚ ਲਿਖਿਆ ਸੀ, ਉਹੀ ਹੋਇਆ ।' ਰਾਜੇ ਨੇ ਹੱਥ ਰੋਕ ਲਿਆ । ਲੂਣਾਂ ਨੂੰ ਪਸ਼ੇਮਾਨੀ ਕਾਰਨ ਧਰਤੀ ਵੇਹਲ ਨਾ ਦੇਵੇ । ਉਹ ਜੋਗੀ ਦੇ ਚਰਨਾਂ ਤੋਂ ਨਾ ਉੱਠੇ । ਪੂਰਨ ਨੇ ਉਸ ਨੂੰ ਬੜੇ ਸਤਕਾਰ ਨਾਲ ਉਠਾਇਆ ਤੇ ਇਕ ਚਾਵਲ ਦਾ ਦਾਣਾ ਮੰਤਰ ਕੇ ਉਸ ਨੂੰ ਦਿੱਤਾ ਤੇ ਕਿਹਾ ਕਿ ਇਸ ਨੂੰ ਖਾ ਲੈਣਾ, ਗੁਰੂ ਗੋਰਖ ਨਾਥ ਦੀ ਕਿਰਪਾ ਨਾਲ ਤੁਹਾਡੇ ਇਕ ਬੜਾ ਬਲਵਾਨ ਤੇ ਪਰਤਾਪੀ ਪੁੱਤਰ ਪੈਦਾ ਹੋਵੇਗਾ ।

ਰਾਣੀ ਇੱਛਰਾਂ ਦੀਆਂ ਪੁੱਤਰ ਦੇ ਵਿਛੋੜੇ ਵਿਚ ਰੋ ਰੋ ਕੇ ਅੱਖੀਆਂ ਅੰਨ੍ਹੀਆਂ ਹੋ ਗਈਆਂ ਸਨ । ਉਹ ਵੀ ਜੋਗੀ ਕੋਲੋਂ ਇਨ੍ਹਾਂ ਦਾ ਦਾਰੂ ਲੈਣ ਆਈ । ਡਿਗਦੀ ਢਹਿੰਦੀ, ਥਿੜਕਦੀ, ਖਲੋਂਦੀ, ਕਪੜਿਆਂ ਦੇ ਲੰਗਾਰ ਲੱਥੇ ਹੋਏ, ਕੇਸਾਂ ਵਿਚ ਖ਼ਾਕ, ਚਿਹਰਾ ਵਿਜੋਗ-ਪੀੜਾਂ ਨਾਲ ਝੁਰੜਾਇਆ ਹੋਇਆ, ਉਹ ਮੰਦੇ ਹਾਲ ਜਦੋਂ ਪੂਰਨ ਨੇ ਦੂਰੋਂ ਆਉਂਦੀ ਵੇਖੀ ਤਾਂ ਉਸ ਦਾ ਕਾਲਜਾ ਹਿੱਲ ਗਿਆ । ਉਸ ਨੇ ਭਰੜਾਈ ਹੋਈ ਆਵਾਜ਼ ਨਾਲ ਆਸਣ ਤੋਂ ਉਠ ਕੇ ਪਹਿਲਾਂ ਨਮਸਕਾਰ ਕੀਤੀ, ਤੇ ਫੇਰ ਪੁੱਛਿਆ, 'ਮਾਤਾ ਤੈਨੂੰ ਕੀ ਦੁੱਖ ਹੈ । ਤੇਰੀਆਂ ਅੱਖੀਆਂ ਦਾ ਨੂਰ ਮੁੱਕ ਗਿਆ ਜਾਪਦਾ ਏ ।' ਇੱਛਰਾਂ ਨੂੰ ਜੋਗੀ ਦੇ ਬਚਨਾਂ ਤੋਂ ਕੋਈ ਅਕਹਿ ਜਿਹਾ ਧਰਵਾਸ ਮਿਲਦਾ ਮਹਿਸੂਸ ਹੋਇਆ । ਇਉਂ ਜਾਪਿਆ ਜਿਵੇਂ ਉਸ ਦਾ ਆਪਣਾ ਪੁੱਤਰ ਦੁੱਖ ਪੁੱਛ ਰਿਹਾ ਹੈ 'ਤੇ ਪੁੱਤਰਾ ! ਇਕ ਵਾਰ ਫੇਰ ਬੋਲ ਖਾਂ । ਮੈਨੂੰ ਤਾਂ ਤੇਰਾ ਬੋਲ ਪੂਰਨ ਵਰਗਾ ਲਗਦਾ ਹੈ । ਉੱਤੇ ਹੱਥ ਕਰ ਖਾਂ । ਪੁੱਤਰਾ ! ਕਿਧਰੇ ਮੇਰਾ ਪੂਰਨ ਤੇ ਨਹੀਂ ਮੁੜ ਆਇਆ' ਮਾਤਾ ਦੀਆਂ ਇਹ ਗੱਲਾਂ ਸੁਣ ਕੇ ਪੂਰਨ ਦਾ ਗਲਾ ਭਰ ਆਇਆ, ਉਹ ਆਪਣੇ ਆਪ ਨੂੰ ਰੋਕ ਨਾ ਸਕਿਆ । ਭੱਜ ਕੇ ਮਾਂ ਦੇ ਗਲ ਨਾਲ ਚੰਬੜਕੇ ਰੋਣ ਲੱਗ ਪਿਆ । ਪੁੱਤਰ ਦੇ ਕਲੇਜੇ ਨਾਲ ਲਗਦਿਆਂ ਹੀ ਇੱਛਰਾਂ ਦੀਆਂ ਅੱਖੀਆਂ ਵਿਚ ਨੂਰ ਪਰਤ ਆਇਆ । ਮਮਤਾ-ਭਰੇ ਪਿਆਰ ਦਾ ਸਦਕਾ ਉਹਦੀਆਂ ਛਾਤੀਆਂ ਚੋਂ ਦੁੱਧ ਦੀਆਂ ਧਾਰਾਂ ਵਗ ਤੁਰੀਆਂ ।

ਰਾਜ-ਮਹਲਾਂ ਵਿਚ ਵੀ ਪਤਾ ਲੱਗ ਗਿਆ ਕਿ ਕਰਾਮਾਤੀ ਜੋਗੀ ਪੂਰਨ ਆਪ ਸੀ। ਇਸ ਤੋਂ ਪਹਿਲਾਂ ਕਿ ਰਾਜਾ ਉਸ ਨੂੰ ਮੁੜ ਮਿਲਣ ਜਾਏ ਪੂਰਨ ਆਪਣੀ ਮਾਤਾ ਇੱਛਰਾਂ ਸਮੇਤ ਉੱਥੇ ਪੁੱਜ ਗਿਆ। ਰਾਣੀ ਲੂਣਾਂ ਪਛਤਾਵੇ ਅਤੇ ਸ਼ਰਮਿੰਦਗੀ ਦੀ ਮਾਰੀ ਛੁਪਦੀ ਜਾਏ, ਮਰਦੀ ਜਾਏ। ਪੂਰਨ ਨੇ ਅਗ੍ਹਾਂ ਵਧ ਕੇ ਉਸ ਨੂੰ ਮੱਥਾ ਟੇਕਿਆ ਤੇ ਧੀਰਜ ਦਿੱਤਾ। ਰਾਜੇ ਨੂੰ ਅਜੇ ਵੀ ਪੂਰਨ ਦੀ ਜੋਗ ਕਮਾਈ ਤੇ ਲਗਨ ਬਾਰੇ ਗਿਆਨ ਨਹੀਂ ਸੀ ਹੋਇਆ। ਉਸ ਨੇ ਤਰਲਾ ਕੀਤਾ :–

"ਕੁੰਜੀ ਸਾਂਭ ਲੈ ਸੱਤ ਖ਼ਜ਼ਾਨਿਆਂ ਦੀ, ਸਿਰ ਬੰਨ੍ਹ ਤੂੰ ਰਾਜ ਦੀ ਪੱਗ ਪੁੱਤਾ !
ਕਾਦਰਯਾਰ ਮੀਆਂ ਸਲਵਾਨ ਆਖੇ, ਮੈਨੂੰ ਸੌਂਤਰਾ ਸੱਦਸੀ ਜੱਗ ਪੁੱਤਾ !

ਪੂਰਨ ਨੇ ਅੱਗੋਂ ਕਿਹਾ, 'ਮੈਨੂੰ ਜਹਾਨ ਦੀਆਂ ਖ਼ੁਸ਼ੀਆਂ ਨਾਲ ਕੋਈ ਵਾਸਤਾ ਨਹੀਂ। ਇਹ ਤਖ਼ਤ ਮੇਰੇ ਲਈ ਖਿੱਚ ਨਹੀਂ ਰੱਖਦਾ, ਇਸ ਉਤੇ ਮੇਰਾ ਹੋਣ ਵਾਲਾ ਭਰਾ ਬੈਠੇਗਾ। ਮੈਂ ਤਾਂ ਜੋਗ ਕਮਾਉਣਾ ਹੈ। ਮਾਤਾ ਲੂਣਾਂ ਖ਼ੁਸ਼ ਰਹੇ। ਮਾਤਾ ਇੱਛਰਾਂ ਨੂੰ ਸੁਖੀ ਰੱਖੋ। ਲੋਕਾਂ ਨਾਲ ਨਿਆਂ ਕਰੋ ! ਤੁਹਾਡਾ ਰਾਜ ਤੇ ਪਰਤਾਪ ਫੈਲੇਗਾ। ਪੂਰਨ ਹੁਣ ਸ਼ਹਿਜ਼ਾਦਾ ਪੂਰਨ ਨਹੀਂ, ਉਹ ਜੋਗੀ ਪੂਰਨ ਹੈ।'

ਇਹ ਆਖਦਾ ਹੋਇਆ ਆਜ਼ਾਦ, ਖੁਲ੍ਹੀਆਂ ਹਵਾਵਾਂ ਵਿਚ ਉਡਾਰੀਆਂ ਲਾਉਣ ਵਾਲਾ ਪੰਛੀ ਜੋਗੀ ਪੂਰਨ, ਰਾਜ, ਮਾਲ, ਹਕੂਮਤਾਂ ਤੇ ਐਸ਼ ਦੇ ਸੋਨੇ ਦੀਆਂ ਸੀਖ਼ਾਂ ਵਾਲੇ ਪਿੰਜਰੇ ਵਿਚ ਫਸਣ ਤੋਂ ਇਨਕਾਰ ਕਰਦਾ, ਅਲਖ ਜਗਾਉਂਦਾ ਮੁੜ ਗੋਰਖ ਦੇ ਟਿੱਲੇ ਵੱਲ ਉਡਾਰੀਆਂ ਲਾ ਗਿਆ।

# (੫) ਰਾਜਾ ਰਸਾਲੂ

ਲੂਣਾਂ ਦੇ ਮੰਦਰਾਂ ਵਿਚ ਇਕ ਦਿਨ ਕਿਸੇ ਰਮਤਾ ਜੋਗੀ ਨੇ ਅਲਖ ਜਗਾਈ ਤਾਂ ਲੂਣਾਂ ਦੇ ਕੰਨ ਫੜਕ ਪਏ। ਲੂਣਾਂ, ਜਿਹੜੀ ਪਹਿਲਾਂ ਇਕ (ਪੂਰਨ) ਨਾਥ ਦੇ ਬਚਨਾਂ ਦੀ ਬਖ਼ਸ਼ਸ਼ ਨਾਲ ਬਾਂਝ ਤੋਂ ਮਾਂ ਬਣਨ ਦੀ ਕਰਾਮਾਤ ਦਾ ਚਮਤਕਾਰਾ ਦੇਖ ਦੇਖ ਕੇ ਖੀਵੀ ਹੋ ਰਹੀ ਸੀ, ਆਪਣੀ ਗੋਦੀ ਪੁੱਤਰ ਖੇਡਣ ਦੀ ਕਾਹਲੀ ਪਈ ਅਭਿਲਾਸ਼ਾ ਨੂੰ ਸੰਭਾਲ ਨਾ ਸਕੀ !

'ਮਹਾਰਾਜ ! ਤੁਸੀਂ ਜੋਗੀ ਲੋਕ ਰਿੱਧੀਆਂ ਸਿੱਧੀਆਂ ਦੇ ਮਾਲਕ, ਭਵਿੱਖ ਦੀਆਂ ਬੁੱਝਣ ਤੇ ਦਿਲ ਦੀਆਂ ਜਾਣਨ ਵਾਲੇ ਹੁੰਦੇ ਹੋ, ਕਿਰਪਾ ਕਰਕੇ ਦੱਸੋ ਮੇਰੀ ਕੁੱਖੋਂ ਕੀ ਜੰਮੇਗਾ ?

'ਮਾਤਾ ਜੀ ! ਤੁਹਾਡੇ ਘਰ ਪੁੱਤਰ ਜੰਮੇਗਾ ? ਇਕ ਬਲੀ ਤੇ ਤੇਜੱਸਵੀ ਪੁੱਤਰ। ਪਰ ਉਸ ਦੀ ਜਾਨ ਅਤੇ ਬਹਾਦਰੀ ਦਾ ਤੇਜ ਤਦ ਹੀ ਕਾਇਮ ਰਹੇਗਾ ਜੇ ਮਾਤਾ ਪਿਤਾ ਬਾਰਾਂ ਵਰ੍ਹੇ ਉਸ ਦੇ ਮੱਥੇ ਨਾ ਲੱਗਣ, ਨਾ ਮੂੰਹ ਦੇਖਣ ਤੇ ਨਾ ਮੂੰਹ ਦਿਖਾਉਣ।'

'ਜੋਗੀ' ਦੇ ਬਚਨ ਝੱਟ ਰਾਜਾ ਸਲਵਾਹਨ ਦੇ ਕੰਨਾਂ ਤਕ ਪਹੁੰਚਾਏ ਗਏ।

ਕਈ ਵਾਰ ਵਧੇਰੇ ਚੰਗੀ ਗੱਲ ਦੀ ਮਨ ਨੂੰ ਤਸੱਲੀ ਦੇਣੀ ਵਧੇਰੇ ਔਖੀ ਹੋ ਜਾਂਦੀ ਹੈ। ਰਾਜਾ ਸਲਵਾਹਿਨ ਦੀ ਪੁੱਤਰ-ਕੁੱਖ ਦੀ ਅਭਿਲਾਖਿਆ ਦੀ ਚਿੰਗਾੜੀ ਤੇਜ਼ੀ ਨਾਲ ਭੜਕ ਉੱਠੀ। ਨਾਲ ਹੀ ਬਾਰਾਂ ਵਰ੍ਹੇ ਮੂੰਹ ਮੱਥੇ ਨਾ ਲੱਗਣ ਦੀ ਸ਼ਰਤ ਦਿਲ ਫੜ ਬੈਠੀ। ਰਾਜਾ ਸੋਚਾਂ ਦੇ ਸਮੁੰਦਰਾਂ ਵਿਚ ਲਹਿ ਗਿਆ।

'ਨਸੀਬਾਂ ਨੂੰ ਝੂਰ ਝੂਰ ਕੇ ਬੁੱਢੇ ਵਾਰੇ ਪੁੱਤਰ ਜੰਮੇਗਾ ! ਕੀ ਮੈਂ ਬਾਰਾਂ ਵਰ੍ਹੇ ਉਸ ਦਾ ਮੂੰਹ ਵੀ ਨਹੀਂ ਦੇਖ ਸਕਾਂਗਾ ?

ਕੀ ਮਾਤਾ ਪਿਤਾ ਦੇ ਮੂੰਹ ਲਗਣ ਨਾਲ ਉਹ ਸੱਚੀਂ ਮੁੱਚੀ ਸਾਡੇ ਪਾਸੋਂ ਛਿਨ ਜਾਵੇਗਾ ?'

ਆਖ਼ਰ ਨਵ-ਜੰਮਿਆ ਪੁੱਤਰ ਵਹਿਮਾਂ ਤੇ ਭਰਮਾਂ ਦੀ ਬਾਰਾਂ ਵਰ੍ਹਿਆਂ ਦੀ ਕੈਦ ਭੁਗਤਣ ਲਈ ਭੋਰੇ ਪਾ ਦਿੱਤਾ ਗਿਆ। ਉਸ ਦੇ ਖੇਲ੍ਹਣ ਮੱਲ੍ਹਣ ਲਈ ਇਕ ਉਚੇ ਲੰਮੇ ਕਿਲੇ ਦੀ ਚਾਰ-ਦੀਵਾਰੀ, ਮਿਲਣ-ਜੁਲਣ ਲਈ ਖਾਸ ਕਿਸਮ ਦੇ ਸਾਥੀ ਤੇ ਵਿਦਿਆ-ਦਾਤੇ ਚੁਣੇ ਗਏ। ਭੁੱਟ ਭੁੱਟ ਗੱਲਾਂ ਕਰਨ ਵਾਲਾ ਇਕ ਨਟਖਟ ਤੋਤਾ, ਇਕ ਸੁਨਿਆਰਾਂ ਦਾ ਤੇ ਇਕ ਤਰਖਾਣਾਂ ਦਾ ਮੁੰਡਾ, ਦੋ ਸਾਥੀ, ਉਸੇ ਦਿਨ ਜੰਮਿਆ ਇਕ ਵਛੇਰਾ ਵੀ ਉਸ ਨਾਲ ਕਿਲੇ ਵਿਚ ਪਹੁੰਚਾ ਦਿੱਤਾ ਤਾਂ ਜੁ ਜਦੋਂ ਰਸਾਲੂ ਵੱਡਾ ਹੋਵੇ, ਉਦੋਂ ਤਕ ਇਹ ਘੋੜਾ ਵੀ ਉਸ ਦੀ ਸਵਾਰੀ ਲਈ ਤਿਆਰ ਹੋ ਜਾਵੇ।

ਰਸਾਲੂ ਰਸੀਆ ਸੀ ! ਹੁਸਨ ਦਾ ਰਸੀਆ, ਉਸ ਦੀ ਹੁਸਨ ਭੁੱਖ ਇਕ ਥਾਂ ਡੇਰਾਂ ਲਾਹ ਕੇ ਡੀਕਾਂ ਲਾ ਲਾ ਰੱਜਣ ਵਾਲੀ ਨਹੀਂ ਸਗੋਂ ਭੌਰੇ ਵਾਂਙ ਨਵੀਆਂ ਨਵੀਆਂ ਫੁੱਲ-ਖੰਭੜੀਆਂ ਦਾ ਰਸ ਰੰਗ ਮਾਣ ਕੇ ਨਵੀਆਂ ਨਵੀਆਂ ਉਡਾਰੀਆਂ ਦੀ ਮਸਤੀ ਵਾਲੀ ਸੀ। ਜਿਸ ਨੇ ਕੁਝ ਪਲਾਂ ਤੋਂ ਵਧ ਨਾ ਕਿਸੇ ਫੁੱਲ ਤੇ ਟਿਕ ਰਸ ਮਾਣਿਆ ਤੇ ਨਾ ਹੀ ਜਿਸ ਨੂੰ ਕਦੇ ਕਿਸੇ ਜੁਆਨੀ ਦੇ ਫੁੱਲ ਨੇ ਆਪਣੀ ਲਗਰ ਉੱਤੇ ਬਿਠਾ ਕੇ ਛਿਨਾਂ ਪਲਾਂ ਤੋਂ ਵਧ ਹੁਲਾਰੇ ਮਾਣੇ !

ਅਜੇਹੇ ਥਰਥਰਾਂਦੇ ਖੰਭਾਂ ਵਾਲਾ ਪੰਛੀ ਕਿਤਨਾ ਕੁ ਚਿਰ ਭੋਰੇ ਦੇ ਪਿੰਜਰੇ ਵਿਚ ਪੈ ਕੇ ਜਿੰਦ ਲੁੜਛਾਉਂਦਾ ਰਹਿੰਦਾ ! ਬਾਰਾਂ ਵਰ੍ਹੇ ਦੀ ਸ਼ਰਤ ਪੂਰੀ ਹੋਣ ਵਿਚ ਹਾਲਾਂ ਵਰ੍ਹਾ ਰਹਿੰਦਾ ਸੀ, ਪਰ ਉਸ ਦੀ ਅੱਥਰੀ ਜੁਆਨੀ ਦੇ ਮਚਲਦੇ ਅਰਮਾਨ ਬੇਕਾਬੂ ਹੋ ਗਏ।

ਰਸਾਲੂ ਦੇ ਕੰਨਾਂ ਤਕ ਇਹ ਅਵਾਜ਼ ਪੁਜ ਚੁੱਕੀ ਸੀ ਕਿ ਇਸ ਕਿਲੇ ਵਿਚੋਂ ਨਿਕਲਦਿਆਂ ਹੀ ਜਿਸ ਦਰਿਆ

www.PunjabiLibrary.com

ਵਿਚ ਉਸ ਨੂੰ ਪਹਿਲੇ ਦਿਨ ਜੋਤਸ਼ੀਆਂ ਨੇ ਨ੍ਹਾਉਣਾ ਦੱਸਿਆ ਹੈ, ਉਸ ਦਰਿਆ ਦੇ ਕੰਢੇ ਜਿਸ ਦਿਨ ਤੋਂ ਮੈਂ ਜੰਮਿਆ ਹਾਂ, ਮੇਰੇ ਪਿਆਰ ਵਿਚ ਮੁਗਧ ਇਕ ਰਾਜਕੁਮਾਰੀ ਮੇਰੀਆਂ ਉਡੀਕਾਂ ਕਰ ਰਹੀ ਹੈ। ਉਸ ਦਾ ਪ੍ਰਣ ਹੈ ਕਿ ਮੈਂ ਵਿਆਹ ਕੀਤਾ ਤਾਂ ਰਸਾਲੂ ਨਾਲ ਹੀ ਕਰਾਂਗੀ।

ਚੁਲਬੁਲਾ ਰਸਾਲੂ ਇਸ ਦਰਿਆ ਨ੍ਹਾਉਣ ਵਾਲੀ ਸ਼ਰਤ ਪੂਰੀ ਕਰਨੀ ਮੰਨ ਕੇ ਬਾਕੀ ਸਾਰੀਆਂ ਸ਼ਰਤਾਂ ਭੰਨ ਕੇ ਆਪਣੇ ਹਾਣੀ ਘੋੜੇ ਤੇ ਸਾਥੀ ਤੋਤੇ ਸਮੇਤ ਕਿਲੇ ਦੀਆਂ ਤੇ ਕਿਲੇ ਤੋਂ ਵੀ ਵਧ ਵਹਿਮਾਂ ਤੇ ਭਰਮਾਂ ਦੀਆਂ ਕੰਧਾਂ ਚੀਰ ਕੇ ਨਿਕਲ ਟੁਰਿਆ। ਰਸਾਲੂ ਨੂੰ ਪੱਕੀ ਕੀਤੀ ਗਈ ਸੀ ਕਿ ਜਿਤਨਾ ਚਿਰ ਤੂੰ ਦਰਿਆ ਵਿਚ ਨਹੀਂ ਨ੍ਹਾਵੇਂਗਾ, ਉਤਨਾ ਚਿਰ ਕਿਸੇ ਦਾ ਮੂੰਹ ਨਹੀਂ ਦੇਖਣਾ ਤੇ ਜ਼ਨਾਨੀ ਦਾ ਤਾਂ ਉੱਕਾ ਦੇਖਣਾ ਹੀ ਨਹੀਂ। ਰਸਾਲੂ ਦਾ ਹਵਾ ਦੇ ਵੇਗ ਜਾਂਦਾ ਘੋੜਾ ਸਾਹਮਣੇ ਇਕ ਧੌਲਰ ਦੇਖ ਕੇ ਕੁਝ ਚਿਰ ਲਈ ਆਪਣੀ ਮਟਕ ਕਾਰਣ ਧੀਰਜ-ਭਰੀ ਰੁਹਾਲ ਪੈ ਗਿਆ।

ਘੋੜੇ ਦੀਆਂ ਟਾਪਾਂ......ਤੇ ਇਕਾਂਤ ਵਿਚ ਕਿਸੇ ਇਕ ਦਿਲ ਦੀਆਂ ਧਾਪਾਂ ਨਾਲ ਜਾ ਸੁਰ ਹੋਈਆਂ। ਉਡੀਕਾਂ ਵਿਚ ਲੁਛਦੀ ਰਾਜਕੁਮਾਰੀ ਨੇ ਬਾਰੀ ਵਿੱਚੋਂ ਦੇਖਿਆ, ਘੋੜ-ਸਵਾਰ ਉਹੋ ਹੈ ਜਿਸ ਲਈ ਗਿਆਰਾਂ ਵਰ੍ਹਿਆਂ ਤੋਂ ਰਾਹਾਂ ਵਿਚ ਨੈਣਾਂ ਦੀਆਂ ਪਲਕਾਂ ਵਿਛਾਈਆਂ ਹੋਈਆਂ ਹਨ। ਦਿਲ ਦੇ ਸਾਰੇ ਚਿੰਨ੍ਹਾਂ ਨੂੰ ਸੱਚੇ ਹੋਣ ਦੀ ਤਸੱਲੀ ਦਿੱਤੀ। ਪਰ ਘੋੜ-ਸਵਾਰ ਨਿਗਾਹ ਉਤਾਹਾਂ ਠਾਹਾਂ ਫੇਰੇ ਬਿਨਾਂ ਸਿੱਧੀ ਸ਼ਿਸਤ ਬੰਨ੍ਹੀ ਜਾ ਰਿਹਾ ਸੀ, ਉਸ ਦੀ ਸ਼ਰਮਾਂ ਨਾਲ ਥਥਲਾਂਦੀ ਜ਼ਬਾਨ ਘਰ ਕੋਲੋਂ ਲੰਘਦੀ ਬਰਕਤ ਨੂੰ ਅਰਜ਼ ਗੁਜ਼ਾਰੇ ਬਿਨਾਂ ਕਿਵੇਂ ਲੰਘਣ ਦੇ ਸਕਦੀ ਸੀ :—

'ਜਿਸ ਦਿਨ ਦਾ ਤੂੰ ਜੰਮਿਆ, ਮੈਂ ਬੈਠੀ ਧਉਲਰ ਪਾ
ਜੇ ਤੂੰ ਰਾਜਪੂਤ ਹੈਂ, ਤਾਂ ਮੈਨੂੰ ਮੂੰਹ ਵਿਖਾ।'

ਰਸਾਲੂ ਨੇ ਮਿੱਠੇ ਬੋਲ ਸੁਣੇ, ਅਣਸੁਣੇ ਕਰ ਦਿੱਤੇ। ਬਚਨ ਤੇ ਪ੍ਰਣ ਦਾ ਪੱਕਾ ਰਸਾਲੂ ਚੁੱਪ ਵੱਟ ਕੇ ਲੰਘੀ ਗਿਆ, ਧੌਲਰ ਪਾਰ ਕਰਦਿਆਂ ਘੋੜਸਵਾਰ ਦੀਆਂ ਟਾਪਾਂ ਜਿਉਂ ਜਿਉਂ ਤੇਜ਼ ਤੇ ਮੱਧਮ ਹੁੰਦੀਆਂ ਗਈਆਂ ਰਾਜ-ਕੁਮਾਰੀ ਦੇ ਦਿਲ ਦੀਆਂ ਤਰਾਟਾਂ ਕੁਰਲਾਹਟਾਂ ਬਣ ਬਣ ਕੇ ਉਚੀਆਂ ਹੁੰਦੀਆਂ ਗਈਆਂ। ਉਹ ਰਸਾਲੂ ਬਿਨਾਂ ਕਿਵੇਂ ਜੀਊਂਦੀ ਰਹਿ ਸਕਦੀ ਸੀ। ਜਦੋਂ ਉਸ ਨੇ ਵੇਖਿਆ ਕੋਮਲ ਰਾਜ-ਕੁਮਾਰ ਦਾ ਧੁੱਪ ਨਾਲ ਰੰਗ ਕੁਮਲਾ ਰਿਹਾ ਹੈ ਤਾਂ ਆਪਣੇ ਖੰਭ ਲਾ ਕੇ ਇੱਲ੍ਹ ਦੀ ਸ਼ਕਲ ਬਣਾ ਕੇ ਰਸਾਲੂ ਦੇ ਸਿਰ ਉੱਤੇ ਲੱਗੀ ਛਤਰੀ ਵਾਂਙ ਨਾਲ ਨਾਲ ਉੱਡਣ। ਰਸਾਲੂ ਨੇ ਰਾਜਕੁਮਾਰੀ ਦੇ ਆਪਾ-ਵਾਰੂ ਪਿਆਰ ਨੂੰ ਮੋਮੋਠੱਗਣੀਆਂ ਵਾਲਾ ਪਿਆਰ ਸਮਝ ਕੇ ਠੁਕਰਾ ਦਿੱਤਾ।

ਰਾਜ ਕੁਮਾਰ ਦੇ ਬੰਧਨ-ਮੁਕਤ ਹੋ ਜਾਣ ਦੀ ਖ਼ਬਰ ਨੇ ਸਿਆਲਕੋਟ ਸ਼ਹਿਰ ਦੇ ਸਾਰੇ ਲੋਕਾਂ ਵਿਚ ਇਕ-ਦਮ ਖਲਬਲੀ ਪਾ ਦਿੱਤੀ। ਹੁਣ ਕੀ ਹੋਵੇਗਾ? ਰਾਜਾ ਤੇ ਰਾਣੀ ਨੇ ਜੋਤਸ਼ੀਆਂ ਅਤੇ ਸਿਆਣਿਆਂ ਤੋਂ ਫਿਰ ਪੁੱਛਾਂ ਪੁਛਣੀਆਂ ਅਰੰਭੀਆਂ।

'ਰਾਜਾ ਰਾਣੀ ਇਕ ਵਰ੍ਹਾ ਹੋਰ ਰਾਜਕੁਮਾਰ ਨੂੰ ਮੂੰਹ ਨਾ ਲਗਾਣ'। ਹਰ ਪਾਸੇ ਤੋਂ ਆ ਰਹੀ ਇਹ ਅਵਾਜ਼ ਕਿਵੇਂ ਅਸਰ-ਅੰਦਾਜ਼ ਨਾ ਹੁੰਦੀ?

ਅਲਬੇਲੇ ਰਸਾਲੂ ਨੂੰ ਇਨ੍ਹਾਂ ਸੰਸਾਰਕ ਗੱਲਾਂ ਦਾ ਕੀ ਪਤਾ। ਜਿਉਂ ਹੀ ਉਹ ਸਿਆਲਕੋਟ ਸ਼ਹਿਰ ਦੇ ਨੇੜੇ ਢੁੱਕਿਆ, ਪਾਣੀ ਭਰੀ ਜਾਂਦੀਆਂ ਕੁੜੀਆਂ ਦੀ ਡਾਰ ਦੇ ਸਿਰਾਂ ਉੱਤੇ ਮਟਕੇ ਦੇਖ ਕੇ ਉਸ ਦਾ ਹੱਥ ਤੀਰ ਕਮਾਨ ਦੇ ਕੁੰਦੇ ਉੱਤੇ ਜਾ ਟਿਕਿਆ। ਨਿਸ਼ਾਨਾਬਾਜ਼ੀ ਦਾ ਹੁਨਰ ਅਜ਼ਮਾਉਣ ਲਈ ਪਲਾਂ, ਛਿਨਾਂ ਵਿਚ ਸਾਰੇ ਘੜੇ ਭੰਨ ਛੱਡੇ। ਰਾਜੇ ਰਾਣੀ ਪਾਸ ਫ਼ਰਿਆਦੀ ਹੋਈਆਂ ਕੁੜੀਆਂ ਲੋਹੇ ਤੇ ਪਿੱਤਲ ਦੀਆਂ ਗਾਗਰਾਂ ਲੈ ਆਈਆਂ। ਪਰ ਰਸਾਲੂ ਨੇ ਤੀਰਾਂ ਦੀ ਬੁਛਾੜ ਨਾਲ ਉਹ ਵੀ ਵਿੰਨ੍ਹ ਘੱਤੀਆਂ। ਇਸ ਤਰ੍ਹਾਂ ਦੇ ਚਾਵਾਂ ਮਲ੍ਹਾਰਾਂ ਵਿਚ ਮੱਤਾ ਪੀੜੇ ਘੋੜੇ ਸਮੇਤ ਕਸਿਆ ਕਸਾਇਆ ਰਾਜਕੁਮਾਰ ਰਾਜੇ ਦੇ ਮਹਿਲੀਂ ਜਾ ਪੁੱਜਾ।

ਗਿਆਰਾਂ ਵਰ੍ਹੇ ਦੀ ਉਡੀਕ ਪਿੱਛੋਂ ਰਾਜੇ ਦੇ ਪੁੱਤਰ-ਮਿਲਣੀ ਲਈ ਤਾਂਘਦੇ ਜਜ਼ਬਿਆਂ ਦਾ ਉਦੋਂ ਕੀ ਹਾਲ

ਹੋਇਆ ਹੋਵੇਗਾ ? ਜਦੋਂ ਉਹ ਪੁੱਤਰ ਨੂੰ ਕਲਾਵੇ ਵਿਚ ਲੈਣ ਦੀ ਥਾਂ ਜੋਤਸ਼ੀਆਂ ਦੇ ਆਖੇ ਪਿੱਠ ਮਰੋੜ ਕੇ ਬੈਠਾ ਹੋਣਾ ਹੈ ?

ਰਸਾਲੂ ਲਈ ਇਹ ਵਰਤਾਉ ਅਝੱਲ ਸੀ ਉਹ ਆਪਣੇ ਅਣਭੋਲ ਜਜ਼ਬੇ ਕਾਬੂ ਨਾ ਰਖ ਸਕਿਆ :—

'ਮੈਂ ਆਇਆ ਸਾਂ ਸਲਾਮ ਨੂੰ, ਤੂੰ ਬੈਠੋਂ ਪਿਠ ਮਰੋੜ<br>
ਮੈਂ ਨਹੀਂ ਤੇਰਾ ਰਾਜ ਵੰਡਾਉਣਾ, ਮੈਨੂੰ ਨਹੀਂ ਰਾਜ ਦੀ ਲੋੜ।'

ਰਾਜੇ ਦੀ ਸਭ ਸੁਆਲਾਂ ਦੇ ਜਵਾਬ ਵਿਚ ਵੱਟੀ ਹੋਈ ਇੱਕੋ ਚੁੱਪ ਦੇਖ ਕੇ ਰਸਾਲੂ ਮਹਿਲਾਂ ਵਿੱਚੋਂ ਨਿਕਲ ਟੁਰਿਆ। ਇਹ ਪਤਾ ਕਰ ਕੇ ਕਿ ਮੇਰੀ ਮਾਂ ਕਿੱਥੇ ਹੈ, ਉਸ ਧਉਲਰ ਦੀ ਬਾਰੀ ਹੇਠ ਆ ਖੜਾ ਹੋਇਆ। ਰਾਣੀ ਲੂਣਾਂ ਪਹਿਲਾਂ ਹੀ ਇਸ ਵਰਤ ਰਹੀ ਭਾਵੀ ਨੂੰ ਦੇਖ ਕੇ ਭੈ ਭੀਤ ਹੋਈ ਧਾਹਾਂ ਮਾਰ ਮਾਰ ਰੋ ਰਹੀ ਸੀ। ਰਸਾਲੂ ਸੁਣ ਕੇ ਠਠੰਬਰਿਆ। ਪਰ ਅਪਣੇ ਫ਼ੈਸਲੇ ਤੇ ਦ੍ਰਿੜ੍ਹ ਸੀ ਕਿ ਹੁਣ ਝੋਰੇ ਨਹੀਂ ਪੈਣਾ।

ਰਸਾਲੂ ਨੇ ਬਾਹਰ ਜਾਣ ਵੇਲੇ ਅੰਕ-ਸਨੇਹੀ ਨਾਲ ਲਏ ਸਨ ਉਨ੍ਹਾਂ ਵਿਚ ਇਕ ਸੀ ਉਸ ਦਾ ਘੋੜਾ ਤੇ ਦੂਜਾ ਤੋਤਾ, ਤੀਜਾ ਤਰਖੇਟਾ, ਚੌਥਾ ਸੁਨਿਆਰ (ਜਿਹੜੇ ਉਸ ਦੇ ਬਾਲ ਕਾਲ ਦੇ ਸਾਥੀ ਸਨ) ਤੇ ਪੰਜਵਾਂ ਆਪ। ਜਾਂਦੇ ਜਾਂਦੇ ਦੂਰ ਜੰਗਲ ਵਿਚ ਚਲੇ ਗਏ। ਦਿਨ ਛਿਪ ਗਿਆ, ਰਾਤ ਚੜ੍ਹ ਆਈ, ਥੱਕਿਆਂ ਟੁੱਟਿਆਂ ਨੇ ਇਕ ਦਰਖ਼ਤ ਹੇਠਾਂ ਡੇਰਾ ਜਾ ਲਾਇਆ। ਪਹਿਰ ਰਾਤ ਬੀਤ ਚੁੱਕੀ ਸੀ। ਰਹਿੰਦੇ ਤਿੰਨ ਪਹਿਰ ਤਿੰਨਾਂ ਜਣਿਆਂ ਨੇ ਵੰਡ ਲਏ। ਤਾਂ ਜੁ ਇਕ ਇਕ ਜਣਾ ਪਹਿਰਾ ਦਿੰਦਾ ਰਹੇ ਤੇ ਦੋ ਦੋ ਜਣੇ ਆਰਾਮ ਕਰਦੇ ਰਹਿਣ। ਪਰ ਤੋਤੇ ਤੋਂ ਸਿਵਾ ਬਾਕੀ ਸਾਥੀ ਹੌਲੀ ਹੌਲੀ ਸਾਥ ਛਡਦੇ ਗਏ।

ਅਟਕੋਂ ਦੱਖਣ ਦੇ ਪਾਸੇ ਬਾਘ ਨੀਲਾਬ ਪੱਤਣ ਦੇ ਕੋਲ ਇਕ ਸੀਲਾਂ ਨਾਂ ਦਾ ਨਗਰ ਵਸਦਾ ਸੀ ਜਿਸ ਨੂੰ ਕਈ ਥਾਂ ਨੀਲ ਵੀ ਕਿਹਾ ਗਿਆ ਹੈ। ਫਿਰਦੇ ਫਿਰਾਂਦੇ ਰਸਾਲੂ ਇਥੇ ਆ ਪੁੱਜਿਆ। ਏਥੇ ਉਸ ਨੂੰ ਗੰਢ ਗੜ੍ਹ ਦੇ ਦੇਵਾਂ ਦਾ ਪਤਾ ਲਗਾ ਤੇ ਇਨ੍ਹਾਂ ਇਲਾਕਿਆਂ ਵਿਚ ਹੀ ਪਹਾੜਾਂ ਨੂੰ ਚੀਰ ਕੇ ਰਾਹ ਬਣਾਉਣ ਵਾਲੀ ਥਾਂ ਚੀਰ-ਪੜਾਉ ਰਸਾਲੂ ਦੇ ਘੋੜਿਆਂ ਦੇ ਸੁੰਮ ਲਗਣ ਵਾਲੇ ਪੱਥਰਾਂ ਦੀਆਂ ਕਰਾਮਾਤਾਂ ਵਰਤੀਆਂ ਦੱਸੀਆਂ ਜਾਂਦੀਆਂ ਹਨ, ਜਿਨ੍ਹਾਂ ਨੇ ਰਸਾਲੂ ਦਾ ਚਰਿਤੱਰ ਰਾਜਕੁਮਾਰ ਤੋਂ ਇਕ ਬਲਵਾਨ ਰਾਜੇ ਦੇ ਰੂਪ ਵਿਚ ਉਘਾੜਿਆ।

ਇਕ ਵਾਰਤਾ ਹੈ ਕਿ ਰਸਾਲੂ ਨੇ ਇਸ ਨਗਰ ਵਿਚ ਰੋਟੀਆਂ ਲਈ ਜਾਂਦੀ ਇਕ ਬੁੱਢੀ ਦੇਖੀ। ਉਹ ਕਦੀ ਰੋਂਦੀ ਤੇ ਕਦੀ ਹੱਸਦੀ ਸੀ। ਰਸਾਲੂ ਨੇ ਉਸ ਨੂੰ ਪੁੱਛਿਆ, 'ਮਾਈ ਕੀ ਗੱਲ ਹੈ ? ਕਦੇ ਰੋਂਦੀ ਤੇ ਕਦੇ ਹਸਦੀ ਹੈਂ !' ਉਸ ਨੇ ਦੱਸਿਆ ਕਿ ਇਥੇ ਦੇਉ ਰਹਿੰਦੇ ਹਨ, ਜਿਨ੍ਹਾਂ ਦੀ ਹਰ ਰੋਜ਼ ਇਕ ਆਦਮੀ ਖ਼ੁਰਾਕ ਹੈ। ਲੋਕਾਂ ਨੇ ਵਾਰੋ ਵਾਰੀ ਇਕ ਜੀ ਉਨ੍ਹਾਂ ਨੂੰ ਦੇਣਾ ਕਾਰਮਿਆ ਹੋਇਆ ਹੈ, ਮੇਰੇ ਸੱਤ ਪੁੱਤਰਾਂ ਵਿਚੋਂ ਛੇ ਤਾਂ ਉਹ ਪਹਿਲਾਂ ਮੁਕਾ ਚੁਕੇ ਹੈਨ ਅਜ ਸੱਤਵੇਂ ਦੀ ਵਾਰੀ ਹੈ। ਤੈਨੂੰ ਦੇਖ ਕੇ ਹਸਦੀ ਹਾਂ ਕਿ ਜੇ ਦੇਉ ਨੂੰ ਤੇਰੇ ਜੇਹੇ ਸੋਹਲ ਮਲੂਕ ਕੁਮਾਰ ਦਾ ਪਤਾ ਲਗ ਗਿਆ ਤਾਂ ਸ਼ਾਇਦ ਮੇਰੇ ਪੁਤ ਦੀ ਇਸ ਵਾਰੀ ਜਾਨ ਹੀ ਬਚ ਜਾਵੇ। ਪਰ ਮੈਂ ਤੈਨੂੰ ਏਹੋ ਆਖਦੀ ਹਾਂ ਕਿ ਤੂੰ ਏਥੋਂ ਨੱਸ ਜਾਹ ਤੇ ਸਾਨੂੰ ਆਪਣੀ ਬਣੀ ਕੱਟਣ ਦੇ। ਰਸਾਲੂ ਇਹ ਦੇਖ ਕੇ ਖੜ੍ਹੋ ਗਿਆ ਤੇ ਬੋਲਿਆ :

ਨਾ ਰੋ ਮਾਤਾ ਭੋਲੀਏ, ਨਾ ਆਂਸੂ ਡਲ੍ਹਕਾਇ<br>
ਤੇਰੇ ਪੁਤ ਦੀ ਥਾਉਂ ਮੈਂ, ਸਿਰ ਦੇਵਸਾਂ ਜਾਇ।<br>
ਨੀਲੇ ਘੋੜੇ ਵਾਲਿਆ ਰਾਜਾ ! ਮੂੰਹ ਦਾੜ੍ਹੀ ਸਿਰਪੱਗ<br>
ਉਹ ਜੁ ਵੇਖੇ ਆਉਂਦੇ, ਇਨ੍ਹਾਂ ਖਾਧਾ ਸਾਰਾ ਜੱਗ।

ਰਸਾਲੂ ਨੇ ਕਿਹਾ : ਫ਼ਿਕਰ ਨਾ ਕਰ। ਮੈਨੂੰ ਉਨ੍ਹਾਂ ਤੋਂ ਕੋਈ ਡਰ ਨਹੀਂ। ਦੂਤ ਮਾਈ ਦੇ ਪੁੱਤ ਨੂੰ ਲਗੇ ਮੁਸ਼ਕਾਂ ਕਸਣ। ਰਸਾਲੂ ਨੇ ਕਿਹਾ ਇਸ ਨੂੰ ਰਹਿਣ ਦਿਓ, ਇਸ ਦੀ ਜਗ੍ਹਾ ਮੈਂ ਜਾਵਾਂਗਾ। ਪਹਿਲਾਂ ਤਾਂ ਦੇਵਾਂ ਦੇ ਦੂਤ

ਨਾ ਮੰਨੇ ਜਦੋਂ ਰਸਾਲੂ ਨੇ ਜ਼ੋਰ ਨਾਲ ਹਟਕੇ ਤਾਂ ਉਹ ਮੰਨ ਗਏ।

ਦੇਵਾਂ ਦੀ ਨਿੱਤ ਦੀ ਖ਼ੁਰਾਕ ਇਕ ਸੰਢਾ ਤੇ ਇਕ ਆਦਮੀ ਹੁੰਦਾ ਸੀ। ਰਸਾਲੂ ਨੇ ਕਿਹਾ ਤੁਸੀਂ ਸੰਢਾ ਲੈ ਆਓ ਮੈਂ ਆਪੇ ਉਥੇ ਆ ਜਾਂਦਾ ਹਾਂ। ਰਸਾਲੂ ਪਤਾ ਕਰਕੇ ਦੇਵਾਂ ਦੇ ਘਰਾਂ ਵਿਚ ਜਾ ਵੜਿਆ। ਅਗੇ ਇਕ ਦੇਉ ਪਾਣੀ ਭਰਨ ਚਲਿਆ ਸੀ। ਘੋੜੇ ਤੇ ਚੜ੍ਹੇ ਆਉਂਦੇ ਰਾਜਕੁਮਾਰ ਨੂੰ ਦੇਖ ਕੇ ਉਹ ਬੜਾ ਖ਼ੁਸ਼ ਹੋਇਆ ਕਿ ਅਜ ਖ਼ੁਰਾਕ ਦੇ ਦੂਹਰੇ ਗੱਫੇ ਮਿਲਣਗੇ। ਦੇਉ ਨੇ ਅੱਗੇ ਹੋ ਕੇ ਘੋੜੇ ਦੀ ਵਾਗ ਫੜਨੀ ਚਾਹੀ। ਉਦੋਂ ਹੀ ਪਤਾ ਲਗਿਆ ਜਦੋਂ ਰਸਾਲੂ ਨੇ ਘੂਕਦੀ ਤਲਵਾਰ ਨਾਲ ਦੇਉ ਦਾ ਹੱਥ ਕੱਟ ਕੇ ਔਹ ਜਾ ਡੇਗਿਆ। ਟੁੰਡਾ ਦੇਉ ਲਗਾ ਚੀਖ਼ ਪੁਕਾਰ ਕਰਨ। ਕਹਿੰਦੇ ਦੇਵਾਂ ਨੂੰ ਜੋਤਸ਼ੀਆਂ ਨੇ ਦੱਸਿਆ ਹੋਇਆ ਸੀ ਕਿ ਤੁਹਾਡਾ ਰਾਜ, ਰਸਾਲੂ ਖੋਹੇਗਾ। ਘੋੜੇ ਉਤੇ ਪੂਰੇ ਜਥੇ ਨਾਲ ਦੇਉਆਂ ਦੇ ਘਰਾਂ ਨੂੰ ਚੜ੍ਹੇ ਆਉਂਦੇ ਰਾਜੇ ਨੂੰ ਦੇਖ ਕੇ ਦੇਉਆਂ ਦੇ ਦਿਲ ਕੰਬ ਗਏ ਕਿ ਕਿਧਰੇ ਏਹੋ ਹੀ ਰਸਾਲੂ ਨਾ ਹੋਵੇ। ਇਤਨੇ ਨੂੰ ਜੋਤਸ਼ੀ ਕੋਲੋਂ ਪੁੱਛਾਂ ਪੁੱਛ ਕੇ ਦੂਜੇ ਦੇਉ ਵੀ ਪਹੁੰਚ ਗਏ। ਉਨ੍ਹਾਂ ਕਿਹਾ ਜੇ ਤੂੰ ਰਸਾਲੂ ਹੈਂ ਤਾਂ ਪਹਿਲਾਂ ਪਰਤਿਆਵਾ ਦੇਹ ! ਰਸਾਲੂ ਨੇ ਕਿਹਾ ਜ਼ਰੂਰ ! ਹੁਣੇ ਲਵੋ :—

ਉਸ ਨੇ ਆਪਣੇ ਘੋੜੇ ਦੀ ਪਛਾੜੀ ਦੀ ਰੱਸੀ ਜਿਉਂ ਵਗਾਹ ਕੇ ਸੁੱਟੀ ਉਸ ਸਾਰੇ ਦੇਉਆਂ ਨੂੰ ਆਪਣੀ ਵਲਗਣ ਵਿਚ ਵਗਲ ਲਿਆ। ਤਲਵਾਰ ਘੁਕਾ ਕੇ ਛੱਡੀ ਤਾਂ ਲਗੀ ਦੇਉਆਂ ਤੇ ਫ਼ੱਟ ਮਾਰਨ। ਦੇਉਆਂ ਨੇ ਕਿਹਾ 'ਰਸਾਲੂ ਬਾਰੇ ਤਾਂ ਦੱਸਿਆ ਗਿਆ ਹੈ ਕਿ ਉਸ ਦੇ ਤੀਰ ਸੱਤ ਕੜਾਹਿਆਂ ਦੇ ਥੱਲੇ ਚੀਰ ਕੇ ਲੰਘਣਗੇ।

ਰਸਾਲੂ ਨੇ ਇਕੋ ਤੀਰ ਨਾਲ ਸੱਤੇ ਕੜਾਹਿਆਂ ਦੇ ਥੱਲੇ ਵਿੰਨ੍ਹ ਛੱਡੇ। ਤੇ ਲਗਦੇ ਹੱਥ ਹੀ ਸੱਤੇ ਦੇਉਆਂ ਦੇ ਸਿਰ ਵੀ ਵੱਢ ਦਿੱਤੇ। ਪਰ ਉਨ੍ਹਾਂ ਦੀ ਭੈਣ (ਦਿਉਣੀ) ਬਚ ਗਈ। ਉਹ ਭੱਜ ਕੇ ਗੰਢ ਗੜ੍ਹ ਦੀ ਗੁਫ਼ਾ ਵਿਚ ਜਾ ਲੁਕੀ। ਰਸਾਲੂ ਨੇ ਉਧਰੋਂ ਵਿਹਲਾ ਹੋ ਕੇ ਉਸ ਦਾ ਪਿੱਛਾ ਕੀਤਾ ਪਰ ਉਹ ਗੁਫ਼ਾ ਵਿਚ ਉਤਰ ਚੁਕੀ ਸੀ। ਆਖਦੇ ਹਨ ਉਸ ਗੁਫ਼ਾ ਦੇ ਸਾਹਮਣੇ ਰਸਾਲੂ ਨੇ ਆਪਣਾ ਬੁੱਤ ਖੜ੍ਹਾ ਕਰ ਦਿੱਤਾ ਜਿਸ ਤੋਂ ਡਰਦੀ ਮਾਰੀ ਦੇਉਣੀ ਹੁਣ ਤਕ ਬਾਹਰ ਨਹੀਂ ਨਿਕਲੀ। ਰਸਾਲੂ ਦੀ ਦੇਉਆਂ ਨੂੰ ਮਾਰਨ ਵਾਲੀ ਬਹਾਦਰੀ ਨੇ ਉਸ ਦੇ ਨਾਂ ਦੀ ਸਾਰੇ ਪਾਸੀਂ ਧੁੰਮ ਮਚਾ ਦਿੱਤੀ।

ਰਸਾਲੂ ਨੂੰ ਘਰੋਂ ਗਿਆਂ ਵਰ੍ਹੇ ਲੰਘ ਚੁੱਕੇ ਸਨ। ਉਸ ਦੀ ਹਰ ਪਾਸੇ ਚੜ੍ਹਦੇ ਸੂਰਜ ਦੀਆਂ ਕਿਰਨਾਂ ਵਾਂਗ ਫੈਲਦੀ ਕੀਰਤੀ ਉਸ ਦੇ ਪਿਉ ਸਲਵਾਹਨ ਤੇ ਮਾਂ ਲੂਣਾਂ ਦੇ ਦਿਲ ਵਿਚ ਜਿਥੇ ਨਿੱਤ ਨਵੀਆਂ ਖ਼ੁਸ਼ੀਆਂ ਦੇ ਤਰਾਨੇ ਛੇੜਦੀ ਸੀ, ਉਥੇ ਵਿਛੜੇ ਪੁੱਤਰ ਦੇ ਮੂੰਹ ਦੇਖਣ ਦੀ ਭੁੱਖ ਦਾ ਤਰਸੇਵਾਂ ਸਾਰੇ ਵਾਯੂ-ਮੰਡਲ ਨੂੰ ਭਾਰਾ ਭਾਰਾ ਵੀ ਕਰੀ ਰਖਦਾ ਸੀ।

ਪਿਉ ਸਨੇਹੇ ਘੱਲ ਘੱਲ ਕੇ ਥੱਕ ਟੁੱਟਾ, ਤਾਂ ਮਾਂ ਲੂਣਾਂ ਦੀ ਵਾਰੀ ਆਈ। ਉਸ ਨੇ ਬੜੇ ਵਾਸਤੇ ਪਾਏ, ਰਸਾਲੂ ਫੇਰ ਵੀ ਨਾ ਆਇਆ। ਕਹਿੰਦੇ ਜਦੋਂ ਰਸਾਲੂ ਨੂੰ ਪਾਲਣ ਵਾਲੀ ਦਾਈ ਨੇ ਸੁਨੇਹਾ ਘਲਿਆ ਕਿ ਜਦੋਂ ਤੇਰੀ ਮਾਂ ਅਤੇ ਪਿਉ ਪਾਸ ਨਹੀਂ ਸਨ ਉਦੋਂ ਇਕੱਲੀ ਮੈਂ ਹੀ ਸਾਂ, ਜਿਸ ਨੇ ਕਿਲੇ ਦੇ ਭੋਰੇ ਵਿਚ ਤੈਨੂੰ ਆਪਣੀਆਂ ਛਾਤੀਆਂ ਦਾ ਮਿੱਠਾ ਦੁੱਧ ਪਿਲਾਇਆ ਸੀ ; ਕੀ ਤੂੰ ਮੈਨੂੰ ਵੀ ਭੁੱਲ ਗਿਆ ਹੈਂ ? ਰਸਾਲੂ ਦਾ ਮਨ ਇਹ ਸੁਨੇਹਾ ਸੁਣਦਿਆਂ ਦ੍ਰਵ ਗਿਆ। ਰਾਜ-ਜੋਗ ਦੇ ਧਾਰਨੀ ਰਸਾਲੂ ਨੇ ਆ ਦਾਈ ਦੇ ਚਰਨਾਂ ਉਤੇ ਸੀਸ ਨਿਵਾਇਆ। ਦਾਈ ਨੇ ਆਉ-ਭਗਤ ਕੀਤੀ ਤੇ ਪੁਛਿਆ, ਕਿ 'ਬੇਟਾ ਕਿੱਡੀ ਕੁ ਦੂਰੋਂ ਆਇਆ ਹੈਂ', ਕਿਸੇ ਲੜਾਈ ਵਿਚ ਫੱਟ ਤਾਂ ਨਹੀਂ ਖਾਧਾ, ਸੂਰਮਿਆਂ ਦੀਆਂ ਖੇਡਾਂ ਖੇਡਦਿਆਂ ਪੁਤਰ ਕਿੰਨੀਆਂ ਕੁ ਖੱਟੀਆਂ ਖੱਟ ਆਇਆਂ ਏਂ ?'

ਰਸਾਲੂ ਨਾਲ ਗੱਲਾਂ ਕਰਦਿਆਂ ਕਰਦਿਆਂ ਦਾਈ ਨੇ ਰਾਜੇ ਤੇ ਰਾਣੀ ਨੂੰ ਖ਼ਬਰ ਭੇਜ ਦਿੱਤੀ। ਜਿਸ ਮਾਤਾ ਪਿਤਾ ਨੇ ਸੁੱਖਾਂ ਸੁਖ ਸੁਖ ਕੇ ਪੁੱਤਰ ਲੱਭਿਆ ਹੋਵੇ ਤੇ ਉਹ ਪੁੱਤ ਦੇ ਜੁਆਨ ਹੋਣ ਤਕ ਮੂੰਹ ਵੀ ਨਾ ਦੇਖ ਸਕੇ ਹੋਣ ਉਨ੍ਹਾਂ ਦਾ ਕੀ ਹਾਲ ਹੁੰਦਾ ਹੋਵੇਗਾ ? ਇਸ ਗੱਲ ਦਾ ਅੰਦਾਜ਼ਾ ਲਗਾਉਣਾ ਸੌਖਾ ਨਹੀਂ ਤੇ ਇਉਂ ਨਿਰਾਸਾਂ ਵਿਚ ਦੀ ਘੁੱਪ ਹਨ੍ਹੇਰੀ ਰਾਤ ਵਿਚ ਜਦੋਂ ਪੁੱਤਰ ਮਿਲਾਪ ਦਾ ਚੰਨ ਚਮਕਿਆ ਹੋਵੇਗਾ, ਕੀ ਮਾਤਾ ਪਿਤਾ ਦੀ ਖ਼ੁਸ਼ੀ ਉਸ ਵੇਲੇ

ਸਮੁਦਰ ਦੇ ਜਵਾਰ-ਭਾਟੇ ਵਾਂਙ ਬੇਮੁਹਾਰੇ ਉਛਾਲਾ ਨਹੀਂ ਖਾ ਉੱਠੀ ਹੋਵੇਗੀ ? ਖ਼ੁਸ਼ੀ ਵੀ ਉਸ ਪੁੱਤਰ ਦੀ ਜਿਸ ਨੇ ਜ਼ਮਾਨੇ ਵਿਚ ਆਪਣੀ ਬਹਾਦਰੀ ਦੀ ਧਾਂਕ ਮਨਾਈ ਹੋਈ ਹੋਵੇ।

ਹੁਣ ਰਸਾਲੂ ਜੰਗਲੀਂ ਫ਼ਿਰਦਾ ਰਮਤਾ ਜੋਗੀ ਨਹੀਂ, ਤਖ਼ਤ ਤਾਜ ਦਾ ਵਾਲੀ ਤੇ ਮਹਿਲਾਂ ਦਾ ਮਾਲਕ ਸੀ। ਭਾਵੇਂ ਉਸ ਦਾ ਮਨ ਅੰਦਰੋਂ ਇਸ ਦੁਨੀਆਂ ਵਿਚ ਜੰਮ ਕੇ ਟਿਕਦਾ ਨਹੀਂ ਸੀ। ਪਰ ਫਿਰ ਵੀ ਮੋਹ ਦੇ ਜੰਜਾਲ ਦੀਆਂ ਤੰਦਾਂ ਉਸ ਦੁਆਲੇ ਲਿਪਟ ਰਹੀਆਂ ਸਨ। ਕੀ ਰਾਜਕੁਮਾਰ ਕੰਵਾਰਾ ਹੀ ਰਹੇਗਾ ? ਮਾਤਾ ਪਿਤਾ ਛੇਤੀ ਹੀ ਇਸ ਗੁੱਝੀ ਭਾਹ ਵਿਚ ਦਗਧ ਹੁੰਦੇ ਬਚ ਗਏ ਜਦੋਂ ਰਸਾਲੂ ਨੇ ਉਨ੍ਹਾਂ ਦੇ ਆਖੇ ਲਗ ਕੇ ਵਜ਼ੀਰ ਮੋਤੀ ਰਾਮ ਦੀ ਧੀ ਨਾਲ ਵਿਆਹ ਕਰਾਉਣਾ ਮੰਨ ਲਿਆ। ਰਸਾਲੂ ਦੀ ਸਗਾਈ ਹੋ ਗਈ।

ਸਾਹੇ ਬੰਨ੍ਹਿਆ ਰਾਜਕੁਮਾਰ ਇਕ ਦਿਨ ਦਰਿਆ ਦੀ ਸੈਰ ਕਰਨ ਜਾ ਰਿਹਾ ਸੀ, ਉਸ ਦਾ ਸ਼ਹਿਰ ਦੇ ਨੇੜੇ ਅੱਲ੍ਹੜ ਤੇ ਜੁਆਨ ਕੁੜੀਆਂ ਦੇ ਇਕ ਝੁੰਡ ਨਾਲ ਭੇੜ ਹੋ ਗਿਆ। ਵਿਆਹ ਦਾ ਦਿਨ ਆ ਗਿਆ। ਪੂਰੇ ਸ਼ਾਹੀ ਠਾਠ ਨਾਲ ਦੋਹਾਂ ਧਿਰਾਂ ਨੇ ਵਿਆਹ ਨੂੰ ਸਿਰੇ ਚੜ੍ਹਾਉਣ ਲਈ ਵੱਧ ਤੋਂ ਵੱਧ ਚਾਵਾਂ ਮਲ੍ਹਾਰਾਂ ਨਾਲ ਸਾਜ ਸਮਿਆਨ ਰਚੇ। ਮੋਤੀ ਰਾਮ ਵਜ਼ੀਰ ਦੇ ਘਰ ਰਸਾਲੂ ਲਾੜ੍ਹਾ ਬਣ ਕੇ ਢੁਕਿਆ, ਲੱਖਾਂ ਸ਼ਗਨ ਮਨਾਏ ਗਏ। ਫੇਰਿਆਂ ਵੇਲੇ ਜਦੋਂ ਲਾੜਾ ਤੇ ਲਾੜੀ ਦਾ ਗੰਢ ਚਿਤ੍ਰਾਵਾ ਕਰ ਕੇ ਵੇਦੀ ਦੀਆਂ ਪ੍ਰਕਰਮਾ ਸ਼ੁਰੂ ਹੋਈਆਂ ਤਾਂ ਰਸਾਲੂ ਅੜ ਖੜੋਤਾ। ਪਾਂਧੇ ਨੂੰ ਕਿਹਾ ਮੇਰਾ ਵਿਆਹ ਨਾ ਕਰਾਈਂ। ਪਾਂਧੇ ਤੇ ਜਾਂਞੀਆਂ ਅਤੇ ਸਲਵਾਹਨ ਨੇ ਬਥੇਰਾ ਸਮਝਾਇਆ। ਧੀ ਵਾਲਿਆਂ ਨੇ ਹੱਥ ਪਲਾ ਤੇ ਮੂੰਹ ਘਾਹ ਲੈ ਕੇ ਬੜੀਆਂ ਮਿੰਨਤਾਂ ਤੇ ਤਰਲੇ ਕੀਤੇ ਪਰ ਰਸਾਲੂ ਨੇ ਕਿਸੇ ਦੀ ਇਕ ਨਾ ਮੰਨੀ। ਤੇ ਆਪਣੀ ਤਲਵਾਰ ਨਾਲ ਲਾੜੀ ਦੇ ਪੱਲੇ ਨਾਲ ਬੱਧਿਆ ਪੱਲਾ ਕੱਟ ਦਿੱਤਾ ਤੇ ਘੋੜੇ ਤੇ ਪਲਾਕੀ ਮਾਰ ਕੇ 'ਔਹ ਗਿਆ, ਔਹ ਗਿਆ', ਦੀਆਂ ਆਵਾਜ਼ਾਂ ਵਿਚ ਗੁੰਮ ਹੋ ਗਿਆ।

ਖਾਰੇ ਬੈਠੀ ਰਸਾਲੂ ਦੀ ਲਾੜੀ ਦਾ ਕੀ ਹਾਲ ਹੋਇਆ ਹੋਵੇਗਾ। ਇਕ ਪਾਸੇ ਰਾਜ ਮਹਿਲਾਂ ਵਿਚ ਜ਼ਿੰਦਗੀ ਦੇ ਸੁਖ ਮਾਨਣ ਦੇ ਸੁਪਨੇ ਦੂਜੇ ਪਾਸੇ ਭਾਵੀ ਦੀ ਚੜ੍ਹਦੀ ਜੁਆਨੀ ਦੇ ਸਿਰ ਪਾਈ ਖੇਹ। ਉਹ ਹਾਅ ਦਾ ਨਾਅਰਾ ਮਾਰ ਕੇ, ਰਸਾਲੂ ਨੂੰ ਸੰਤਾਪ ਦਿੰਦੀ ਉਠ ਖੜੀ :—

ਬੁਰਾ ਕੀਤੋ ਈ ਰਾਜਿਆ, ਮਾਰੀ ਧੋਖੇ ਨਾਰ
ਦੇਸੈਂ ਰੱਬ ਨੂੰ ਜੁਆਬ ਕੀ, ਹੋਸੀ ਜਿੰਦ ਖੁਆਰ।

ਇਸ ਤੋਂ ਵਧ ਉਹ ਕਰ ਵੀ ਕੀ ਸਕਦੀ ਸੀ।

ਕੱਚੀ ਲਗਰ ਵਾਂਙ ਜੁਆਨੀ ਦੇ ਭਰ ਰਹੇ ਰਸ-ਰੰਗ ਨਾਲ ਮਸਤ ਝੂਲਦਾ ਰਸਾਲੂ, ਆਪਣੇ ਸੱਜੇ ਸਜਾਏ ਵਸ ਵਿਚ ਰਾਜੇ ਹਰੀਚੰਦ ਦੀ ਨਗਰੀ ਪਹੁੰਚ ਗਿਆ। ਹਰੀਚੰਦ ਦੇ ਬਾਗ਼ ਵਿਚ ਘੋੜਾ ਬੰਨ੍ਹ ਕੇ ਆਸਣ ਲਾ ਕੇ ਸੁੱਤਾ ਹੀ ਸੀ ਕਿ ਸੋਹਣੇ ਰੂਪ ਨੂੰ ਦੇਖ ਕੇ ਇਕ ਦੂਜੇ ਤੋਂ ਸੁਣ ਸੁਣਾ ਕੇ ਸ਼ਹਿਰ ਦੇ ਲੋਕਾਂ ਨੇ ਦਰਸ਼ਨਾਂ ਲਈ ਵਹੀਰਾਂ ਪਾ ਦਿੱਤੀਆਂ। ਰਸਾਲੂ ਦਾ ਜੱਸ ਰਾਜੇ ਦੀ ਲੜਕੀ ਸੌਂਕਣੀ ਤਕ ਵੀ ਜਾ ਪੁੱਜਿਆ। ਉਹ ਵੀ ਆਪਣੀਆਂ ਛਾਂਟਵੀਆਂ ਸੱਤ ਸਹੇਲੀਆਂ ਨੂੰ ਨਾਲ ਲੈ ਕੇ ਰਸਾਲੂ ਦੇ ਦਰਸ਼ਨਾਂ ਨੂੰ ਆਈ। ਦਰਸ਼ਨਾਂ ਨੂੰ ਕੀ ਆਈ, ਰਸਾਲੂ ਦੀ ਸੋਹਣੀ ਸ਼ਕਲ ਵੇਖਦਿਆਂ ਹੀ ਦਿਲ ਹੱਥੋਂ ਖੁਹਾ ਬੈਠੀ। ਤਲਾ ਦੇ ਕੰਢੇ, ਮਹਿਕਾਂ-ਲੁਟਾਉਂਦੇ ਬਾਗ਼ ਵਿਚ ਰਾਜਕੁਮਾਰੀ ਦੀ ਆਮਦ ਨੇ ਰਸਾਲੂ ਲਈ ਰੰਗ ਬੰਨ੍ਹ ਦਿੱਤਾ। ਰਾਤ ਦੇ ਸੁਹਾਵਣੇ ਸਮੇਂ ਰਾਜਕੁਮਾਰੀ ਦੇ ਗਲ ਦਾ ਹਾਰ ਤੇ ਹੱਥਾਂ ਦੇ ਹੀਰਿਆਂ ਮੋਤੀਆਂ ਵਾਲੇ ਕੰਙਣਾਂ ਵਿਚ ਜਿਹੜੇ ਜੜਾਊ ਚਮਕਾਂ ਮਾਰ ਰਹੇ ਸਨ, ਉਹ ਅੰਬ ਹੇਠ ਬੁੱਤ ਬਣੀ ਖੜੀ ਰਸਾਲੂ ਵਲ ਦੇਖੀ ਜਾ ਰਹੀ ਸੀ। ਰਸਾਲੂ ਨੇ ਇਹ ਸਮਝ ਕੇ ਕਿ ਕਿਵੇਂ ਰਾਜਕੁਮਾਰੀ ਦੇ ਦਿਲ ਦਾ ਭੇਤ ਖੁਲ੍ਹੇ, ਮਿੱਠੀ ਜਿਹੀ ਛੇੜਖ਼ਾਨੀ ਕੀਤੀ। ਪਰ ਜਦ ਰਾਜਕੁਮਾਰੀ ਨੇ ਧਿਆਨ ਦਿੱਤਾ ਤਾਂ ਰਸਾਲੂ ਕਿਧਰੇ ਤਿੱਤਰ ਬਿੱਤਰ ਹੋ ਗਿਆ। ਰਾਣੀ ਦੀਆਂ ਸਹੇਲੀਆਂ ਨੇ ਬਥੇਰੀ ਖੋਜ ਕੀਤੀ ਕਿ ਕਿਵੇਂ ਇਸ ਛਲੀਏ ਨੂੰ ਫੜ ਕੇ ਪੁੱਛੀਏ ਕਿ ਕੀ ਇਹ ਭਲੇਮਾਣਸਾਂ ਦਾ ਕੰਮ ਹੈ, ਪਰ ਰਸਾਲੂ ਉਨ੍ਹਾਂ ਦੀਆਂ ਸਾਰੀਆਂ ਪਹੁੰਚਾਂ ਤੋਂ ਦੂਰ ਜਾ ਢੁੱਕਿਆ ਸੀ।

ਇਕ ਸੀ ਰਾਜਾ ਸਿਰ ਕੱਪ। ਉਸ ਉਤੇ ਜਿਹੜਾ ਵੀ ਚੜ੍ਹ ਕੇ ਆਉਂਦਾ ਪਹਿਲਾਂ ਤਾਂ ਉਹ ਆਪਣੇ ਜਾਦੂ ਟੂਣੇ ਨਾਲ ਉਸ ਦੀ ਹੋਸ਼ ਭੁਲਾ ਦਿੰਦਾ, ਜੇ ਕੋਈ ਏਥੋਂ ਵੀ ਬਚ ਰਹਿੰਦਾ ਤਾਂ ਉਸ ਨਾਲ ਪਾਸਾ ਖੇਲ ਕੇ ਪਾਸਾ ਪਲਟ ਦਿੰਦਾ। ਪਹਿਲਾਂ ਤਾਂ ਉਸ ਨੇ ਅਜੇਹੇ ਬਾਨ੍ਹਣੂ ਬੰਨ੍ਹੇ ਹੋਏ ਸਨ ਕਿ ਉਹ ਹਾਰਦਾ ਹੀ ਨਹੀਂ ਸੀ, ਜੇ ਹਾਰ ਜਾਂਦਾ ਤਾਂ ਅਗਲੇ ਨੂੰ ਹਾਸੇ ਮਖ਼ੌਲ ਵਿਚ ਟਾਲ ਛਡਦਾ ਤੇ ਜੇ ਦੂਜਾ ਹਾਰ ਜਾਂਦਾ ਤਾਂ ਉਸ ਦਾ ਸਿਰ ਵੱਢ ਲੈਣ ਦੀ ਸ਼ਰਤ ਸੀ। ਝਟਪਟ ਪੂਰੀ ਕਰਕੇ ਅਗਲੇ ਦਾ ਸਿਰ ਕਲਮ ਕੀਤਾ ਹੀ ਦਿਸਦਾ। ਇਸ ਤਰ੍ਹਾਂ ਅਨੇਕਾਂ ਰਾਜਿਆਂ ਤੇ ਰਈਸਾਂ ਦੇ ਸਿਰ ਵੱਢਣ ਕਰਕੇ ਹੀ ਸ਼ਾਇਦ ਉਸ ਦਾ ਨਾਂ 'ਸਿਰ ਕੱਪ' ਪਿਆ ਹੋਇਆ ਸੀ। ਜਿਸ ਨਗਰ, (ਸਿਰਕੋਟ) ਦਾ ਇਹ ਰਾਜਾ ਸੀ ਇਹ ਅਟਕ ਦਰਿਆ ਦੇ ਕੰਢੇ ਤੇ ਪਹਾੜੀ ਉਤੇ ਉਹੋ ਥਾਂ ਹੈ ਜਿੱਥੇ ਹੁਣ ਕੋਟ ਬਠੋਰ ਹੈ। ਸਿਰਾਂ ਦੇ ਕਿਲੇ ਉਸਾਰਨ ਵਾਲੇ ਸਿਰਕੋਟ ਦੇ ਸਿਰ-ਕੱਪ ਰਾਜੇ ਦੀ ਦਹਿਸ਼ਤ, ਜ਼ਮਾਨੇ ਉਤੇ ਬੈਠੀ ਹੋਈ ਸੀ। ਜਦੋਂ ਰਸਾਲੂ ਨੂੰ ਪਤਾ ਲੱਗਿਆ ਤਾਂ ਉਸ ਦੇ ਮਨ ਆਈ ਕਿ ਇਸ ਰਾਜੇ ਨਾਲ ਵੀ ਦੋ ਹੱਥ ਕਰ ਵੇਖੀਏ।

ਰਸਾਲੂ ਸਿਰਕੋਟ ਸ਼ਹਿਰ ਦੇ ਨੇੜੇ ਪੁੱਜਾ ਹੀ ਸੀ ਕਿ ਉਸ ਦਾ ਘੋੜਾ ਮਾਣਸ ਦੀ ਲਾਸ਼ ਪਈ ਦੇਖ ਕੇ ਠਠੰਬਰ ਗਿਆ। ਰਸਾਲੂ ਨੇ ਦੇਖਿਆ, ਕਿਸੇ ਮੁਰਦੇ ਦੀ ਲਾਸ਼ ਹੈ, ਪਰ ਉਸ ਦੇ ਤੋਤੇ ਨੇ ਭੇਤ ਖੋਲ੍ਹਦਿਆਂ ਦੱਸਿਆ ਕਿ ਇਹ ਮੋਏ ਮਨੁੱਖ ਦੀ ਲਾਸ਼ ਨਹੀਂ, ਜਾਦੂ ਨਾਲ ਸੁੰਨ ਕੀਤੀ ਹੋਈ ਦੇਹ ਹੈ। ਰਾਜਕੁਮਾਰ ! ਤੁਸੀਂ ਉਪਾਉ ਕਰੋ, ਇਸ ਵਿਚ ਜਿੰਦ ਆ ਜਾਵੇਗੀ। ਰਸਾਲੂ ਦੇ ਉਪਾਉ ਕਰਨ ਤੋਂ ਉਹ ਮੁਰਦਾ ਉਠ ਬੈਠਾ। ਉਸ ਨੇ ਰਸਾਲੂ ਦੀ ਗੱਲ ਸੁਣ ਕੇ ਕਿਹਾ ਕਿ ਤੂੰ ਅਗੇ ਨਾ ਜਾਹ। ਮੈਂ ਉਸ ਦਾ ਭਰਾ 'ਸਿਰ-ਸੁੱਖ' ਹਾਂ, ਜਦੋਂ ਉਹ ਮੇਰੇ ਨਾਲ ਇਹ ਹਾਲ ਕਰ ਸਕਦਾ ਹੈ, ਤੇਰੇ ਨਾਲ ਭਲੀ ਨਹੀਂ ਗੁਜ਼ਾਰਨ ਲੱਗਾ।

ਰਸਾਲੂ ਜਦੋਂ ਆਪਣੇ ਹਠ ਤੋਂ ਮੁੜਦਾ ਨਾ ਦੇਖਿਆ ਤਾਂ ਉਸ ਨੇ ਸਿਰ-ਕੱਪ ਦੀਆਂ ਸਾਰੀਆਂ ਚਾਲਾਂ ਤੋਂ ਉਸ ਨੂੰ ਜਾਣੂ ਕਰਾ ਦਿੱਤਾ। ਰਸਾਲੂ ਨੇ ਉਸ ਦੀਆਂ ਸਾਰੀਆਂ ਗੱਲਾਂ ਪੱਲੇ ਬੰਨ੍ਹ ਲਈਆਂ। ਰਸਤੇ ਵਿਚੋਂ ਇਕ ਚੁਸਤ ਜਿਹਾ ਬਲੂੰਗੜਾ ਉਸ ਆਪਣੇ ਜਾਮੇ ਦੀ ਜੇਬ ਵਿਚ ਪਾ ਲਿਆ। ਰਸਾਲੂ ਨੇ ਸ਼ਹਿਰ ਦੀ ਹੱਦ ਅੰਦਰ ਕਦਮ ਧਰਿਆ ਹੀ ਸੀ ਕਿ ਜ਼ੋਰ ਦੀ ਹਨੇਰੀ ਤੇ ਝੱਖੜ ਝੁੱਲਿਆ। ਇਹ ਜਾਦੂ ਦਾ ਝੱਖੜ ਸੀ ਜਿਸ ਨਾਲ ਰਸਾਲੂ ਦਾ ਕੁਝ ਵੀ ਨਾ ਵਿਗੜਿਆ। ਫਿਰ ਰਾਤ ਨੂੰ ਬਰਫ਼ ਵਰ੍ਹੀ। ਦਿਨ ਚੜ੍ਹਦੇ ਨੂੰ ਰਸਾਲੂ ਨੇ ਸ਼ਹਿਰ ਦੇ ਵੱਡੇ ਦਰਵਾਜ਼ੇ ਵਿਚਦੀ ਕੂਚ ਕਰ ਦਿੱਤਾ। ਤੇ ਉਸ ਦਰਵਾਜ਼ੇ ਵਿਚ ਲਟਕਦੀ ਘੜਿਆਲ ਤੇ ਅਜੇਹਾ ਕੱਸ ਕੇ ਡੱਗਾ ਮਾਰਿਆ ਕਿ ਘੜਿਆਲ ਠੀਕਰੀ ਠੀਕਰੀ ਹੋ ਡਿਗੀ।

ਰਾਜ-ਮਹਿਲਾਂ ਵਿਚ ਰਾਜਾ ਸਿਰ-ਕੱਪ ਦੀ ਧੀ ਰਾਣੀ ਚਾਂਦਨੀ ਝੂਲਾ ਝੂਲਦੀ ਪਈ ਸੀ। ਰਸਾਲੂ ਨੇ ਘੋੜੇ ਦੀ ਉਚੀ ਛਾਲ ਮਰਵਾ ਕੇ ਤਲਵਾਰ ਨਾਲ ਪੀਂਘ ਅਜੇਹੀ ਕੱਟੀ ਕਿ ਉਹ ਚੁਫ਼ਾਲ ਆ ਡਿੱਗੀ। ਕੁਝ ਰਸਾਲੂ ਦੀ ਸ਼ਕਲ ਨਾਲ ਅਤੇ ਕੁਝ ਪੀਂਘ ਤੋਂ ਡਿੱਗਣ ਕਰਕੇ ਫੱਟੜ ਹੋਈ ਰਾਜਕੁਮਾਰੀ ਭੱਜੀ ਭੱਜੀ ਆਪਣੇ ਬਾਪ ਕੋਲ ਲਗੀ ਚੀਖ਼ ਪੁਕਾਰ ਕਰਨ ਕਿ ਇਕ ਰਾਜੇ ਦਾ ਪੁੱਤਰ ਅਜੇਹਾ ਮਾਰੋ-ਮਾਰ ਕਰਦਾ ਆ ਵੜਿਆ ਹੈ ਜਿਸ ਨੇ ਆਉਂਦਿਆਂ ਹੀ ਘੜਿਆਲ ਦੀਆਂ ਕੀਚਰਾਂ ਕਰ ਦਿੱਤੀਆਂ ਹਨ ਤੇ ਮੇਰੀ ਪੀਂਘ ਕੱਟ ਦਿੱਤੀ ਹੈ, ਤੁਸੀਂ ਮਹਾਰਾਜ ! ਉਸ ਤੋਂ ਬਚਾਉ ਕਰ ਲਵੋ। ਓਧਰ ਰਸਾਲੂ ਵਾਹੋ-ਦਾਹੀ ਮਹਿਲਾਂ ਦੇ ਅੰਦਰ ਧਸਦਾ ਜਾ ਰਿਹਾ ਸੀ। ਰਾਜੇ ਸਿਰ-ਕੱਪ ਨੇ ਕਿਹਾ ਕਿ ਕੋਈ ਗੱਲ ਨਹੀਂ, ਉਸ ਨੂੰ ਮੇਰੇ ਪਾਸ ਲੈ ਆਵੋ ਪਰ ਜਿੱਥੇ ਰਾਜਿਆਂ ਦੀਆਂ ਸਿਰੀਆਂ ਦੇ ਅੰਬਾਰ ਚਿਣੇ ਪਏ ਹਨ ਉਧਰ ਦੀ ਲੈ ਕੇ ਆਉਣਾ ਤਾਂ ਜੁ ਉਸ ਨੂੰ ਪਤਾ ਲਗ ਜਾਵੇ ਕਿ ਪਹਿਲਾਂ ਵੀ ਏਥੇ ਕਈ ਆ ਚੁੱਕੇ ਹਨ।

ਜਦੋਂ ਰਸਾਲੂ ਮਨੁੱਖਾਂ ਦੀਆਂ ਸਿਰਾਂ ਦੀਆਂ ਚਿਣੀਆਂ ਕੰਧਾਂ ਵਿਚਲੇ ਦਰਵਾਜ਼ੇ ਵਿਚ ਦੀ ਲੰਘਿਆ ਤਾਂ ਉਸ ਨੂੰ ਹੋਰ ਕਹਿਰ ਚੜ੍ਹ ਆਇਆ ਕਿ ਜੇ ਮੈਂ ਇਨ੍ਹਾਂ ਦਾ ਬਦਲਾ ਨਾ ਲਿਆ ਤਾਂ ਕਾਹਦਾ ਰਸਾਲੂ ਹੋਇਆ ?

ਸਿਰ-ਕੱਪ ਨੇ ਰਸਾਲੂ ਦੀ ਨੀਤੀ ਅਨੁਸਾਰ ਆਉ-ਭਗਤ ਕੀਤੀ ਤੇ ਅਦਬ ਨਾਲ ਬਿਠਾਲ ਕੇ ਪੁੱਛਿਆ ਕਿ ਤੂੰ ਭਖਦੇ ਅੰਗਾਰਾਂ ਵਿਚ ਕਿਉਂ ਆਪਣੇ ਆਪ ਨੂੰ ਸੁੱਟਣ ਆਇਆ ਹੈਂ ? ਹੋਰ ਗੱਲਾਂ ਵਿਚ ਤਾਂ ਫਿਰ ਟਾਕਰਾ ਕਰੀਂ"

ਪਹਿਲਾਂ ਇੰਨਾਂ ਕੁ ਸਮਝ ਕਿ ਦੁਨੀਆਂ ਵਿਚ ਅਜ਼ਮਤਾਂ ਕੀ ਹਨ ?

ਰਸਾਲੂ ਨੇ ਕਿਹਾ, 'ਘਰ ਦੀ ਅਜ਼ਮਤ ਇਸਤ੍ਰੀ, ਤੇ ਤਨ ਦੀ ਪੁਸ਼ਾਕ। ਜ਼ਮੀਨ ਦੀ ਵੇਲੇ ਸਿਰ ਪਿਆ ਮੀਂਹ ਤੇ ਰਣ-ਭੂਮੀ ਦੀ ਬਹਾਦਰ ਸੂਰਮਾ'।

ਇਉਂ ਸੁਆਲ ਜਵਾਬ ਕਰਨ ਪਿੱਛੋਂ ਰਸਾਲੂ ਦਾ ਨਾਂ ਥਾਂ ਪੁੱਛਿਆ ਤਾਂ ਰਾਜੇ ਦੀ ਰਾਣੀ ਡਰ ਗਈ। ਰਸਾਲੂ ਦੇ ਕਾਰਨਾਮਿਆਂ ਦੀਆਂ ਪਹਿਲਾਂ ਜੁ ਧੁੰਮਾਂ ਪੈ ਚੁੱਕੀਆਂ ਸੀ। ਸਿਰ-ਕੱਪ ਨੇ ਕਿਹਾ 'ਕੋਈ ਗੱਲ ਨਹੀਂ, ਮੈਂ ਇਸ ਨੂੰ ਹੁਣੇ ਹੀ ਮਜ਼ਾ ਚਖਾਉਂਦਾ ਹਾਂ।'

ਸਿਰ-ਕੱਪ ਤੇ ਰਸਾਲੂ ਵਿਚ ਸ਼ਰਤਾਂ ਤਹਿ ਹੋ ਗਈਆਂ ਕਿ ਜਿਹੜਾ ਹਾਰੇ ਉਹ ਆਪਣਾ ਸਾਰਾ ਰਾਜ, ਦੌਲਤ ਤੇ ਆਪਣਾ ਸਿਰ ਦੇਵੇਗਾ। ਰਸਾਲੂ ਤੇ ਸਿਰ-ਕੱਪ ਪਾਸੇ ਦੇ ਮੋਹਰੇ ਲੈ ਕੇ ਖੇਡਣ ਲਗ ਪਏ। ਸਿਰ-ਕੱਪ ਨੇ ਇਕ ਚੂਹਾ ਤੇ ਚੂਹੀ ਰਖੇ ਹੋਏ ਸੀ। ਚੂਹਾ ਤੇ ਚੂਹੀ ਲੰਘਣ ਤੇ ਪਾਸਾ ਪਲਟਾ ਜਾਣ, ਰਸਾਲੂ ਲੱਗਾ ਬਾਜ਼ੀਆਂ ਹਾਰਨ। ਇਕ ਬਾਜ਼ੀ ਵਿਚ ਜਦੋਂ ਉਸ ਨੇ ਘੋੜਾ ਹਾਰਿਆ ਤਾਂ ਕੋਲ ਖੜੇ ਘੋੜੇ ਤੋਂ ਚੁੱਪ ਨਾ ਰਿਹਾ ਗਿਆ, ਉਸ ਨੇ ਰਸਾਲੂ ਨੂੰ ਸਿਰਸੁਖ ਦੀਆਂ ਦੱਸੀਆਂ ਗੱਲਾਂ ਦੀ ਯਾਦ ਦਿਲਾਈ। ਹੁਣ ਰਸਾਲੂ ਨੂੰ ਹੌਂਸਲਾ ਹੋ ਗਿਆ। ਉਸ ਨੇ ਘੋੜਾ ਤੇ ਹਥਿਆਰ ਸਾਰੇ ਉਥੇ ਹੀ ਪਹਿਰ ਲਏ ਜਦੋਂ ਮੈਂ ਹਾਰਾਂਗਾ ਸਾਰੇ ਇਕੱਠੇ ਹੀ ਲੈ ਜਾਣੇ। ਰਾਜੇ ਸਿਰ-ਕੱਪ ਨੇ ਬਥੇਰੀ ਵਾਹ ਲਾਈ, ਪਰ ਉਸ ਦਾ ਚੂਹਾ ਤੇ ਚੂਹੀ ਬਲੂੰਗੜੇ ਤੋਂ ਡਰਦੇ ਬਾਹਰ ਹੀ ਨਾ ਆਉਣ। ਰਸਾਲੂ ਜਿੱਤਾਂ ਉਤੇ ਜਿੱਤਾਂ ਜਿਤਦਾ ਜਾ ਰਿਹਾ ਸੀ।

ਰਾਜੇ ਨੇ ਆਪਣੀਆਂ ਰਾਣੀਆਂ ਤੇ ਧੀਆਂ ਸੱਦੀਆਂ, ਜਿਨ੍ਹਾਂ ਨੇ ਹਾਰ ਸ਼ਿੰਗਾਰ ਲਾ ਕੇ ਰਸਾਲੂ ਦਾ ਮਨ ਭਰਮਾਉਣ ਲਈ ਅਨੇਕਾਂ ਹਾਵ-ਭਾਵ ਕੀਤੇ। ਰਸਾਲੂ ਇਕ ਤੋਂ ਪਿਛੇ ਦੂਜੀ ਸ਼ਰਤ ਜਿੱਤਦਾ ਜਾ ਰਿਹਾ ਸੀ। ਪਹਿਲਾਂ ਰਾਜਾ ਫਿਰ ਧਨ ਤੇ ਫਿਰ ਸਿਰ-ਕੱਪ ਦਾ ਸਿਰ। ਜਦੋਂ ਸਿਰ ਦੀ ਬਾਜ਼ੀ ਹਾਰੀ ਤਾਂ ਉਸ ਦੇ ਇਕ ਦੂਤ ਨੇ ਆ ਕੇ ਦੱਸਿਆ ਕਿ 'ਤੇਰੇ ਘਰ ਧੀ ਜੰਮੀ ਹੈ'। ਸਿਰ-ਕੱਪ ਨੂੰ ਬਹੁਤ ਬੁਰਾ ਲੱਗਿਆ। ਉਸ ਨੇ ਕਿਹਾ ਜਿਸ ਕੁੜੀ ਦੇ ਜੰਮਦਿਆਂ ਹੀ ਮੇਰਾ ਸਿਰ-ਕੱਟਿਆ ਜਾ ਰਿਹਾ ਹੈ, ਉਸ ਕੁਸ਼ਗਨੀ ਦਾ ਹੁਣ ਹੀ ਗਲ ਘੁੱਟ ਦੇਵੋ। ਰਸਾਲੂ ਨੇ ਸੋਚਿਆ ਕਿ ਇਹ ਅਜੀਬ ਗੱਲ ਹੋਈ। ਹਾਰੇ ਰਾਜਾ ਤੇ ਸਜ਼ਾ ਮਿਲੇ ਉਸ ਦੀ ਨਵ-ਜੰਮੀ ਬੇਦੋਸ਼ੀ ਕੁੜੀ ਨੂੰ। ਰਸਾਲੂ ਨੇ ਕਿਹਾ ਕਿ ਕੁੜੀ ਮੈਨੂੰ ਦਿਖਾਏ ਬਿਨਾ ਨਾ ਮਾਰੀ ਜਾਵੇ। ਓਧਰ ਸਿਰ-ਕੱਪ ਨੂੰ ਫੜ ਕੇ ਅੰਦਰ ਲੈ ਗਿਆ ਤੇ ਤਲਵਾਰ ਖਿੱਚ ਕੇ ਕਿਹਾ ਕਿ ਹੁਣ ਸ਼ਰਤ ਪੂਰੀ ਕਰੋ।

ਸਿਰ-ਕੱਪ ਜਿਹੜਾ ਅਨੇਕਾਂ ਸਿਰ ਵੱਢ ਵੱਢ ਕੇ ਕੰਧਾਂ ਚਿਣੀ ਬੈਠਾ ਸੀ ਜਦੋਂ ਹੁਣ ਉਸ ਉਤੇ ਬਣੀ ਤਾਂ ਲਗਾ ਥਰ ਥਰ ਕੰਬਣ। ਰਸਾਲੂ ਦੇ ਪੈਰਾਂ ਉਤੇ ਡਿੱਗ ਕੇ ਉਸ ਘਿਗਿਆ ਕੇ ਜਾਨ ਬਖ਼ਸ਼ਾਉਣ ਲਈ ਉਹ ਤਰਲੇ ਕੀਤੇ ਕਿ ਰਸਾਲੂ ਦੇ ਅਨੇਕਾਂ ਸਿਰਾਂ ਦੇ ਵੈਰ ਲੈਣ ਦੀ ਤਮੰਨਾ ਨਾਲ ਪੱਕੇ ਮਨ ਵਿਚੋਂ ਵੀ ਦਇਆ ਪੁੰਗਰ ਆਈ। ਸਿਰ-ਕੱਪ ਦੀਆਂ ਰਾਣੀਆਂ, ਉਸ ਦੀਆਂ ਧੀਆਂ ਆਪਣੇ ਨੰਗੇ ਸਿਰੀਂ ਝਾਟੇ ਖੋਂਹਦੀਆਂ ਰਸਾਲੂ ਅਗੇ ਵੱਖ ਵਾਸਤੇ ਪਾਉਣ ਲੱਗੀਆਂ। ਰਸਾਲੂ ਨੇ ਕਿਹਾ ਕਿ ਤਾਂ ਛੱਡਦਾ ਹਾਂ ਪਹਿਲਾਂ ਜਿੰਨੇ ਘਰ ਤਬਾਹ ਕੀਤੇ ਹਨ ਉਨ੍ਹਾਂ ਨੂੰ ਜੋ ਹੁਣ ਤੇਰੇ ਵੱਸ ਹੈ ਵਸਾਉਣ ਦਾ ਵਾਹਦਾ ਕਰੇਂ। ਦੂਜੇ, ਅੱਗੇ ਨੂੰ ਜੂਆ ਨਾ ਖੇਲੇਂ। ਤੀਜੇ, ਅਜੇਹੇ ਕੰਮ ਕਰਨ ਦੀ ਸਹੁੰ ਤੱਤੇ ਤਵੇ ਉੱਤੇ ਨੱਕ ਨਾਲ ਲਕੀਰਾਂ ਕੱਢ ਕੇ ਚੁਕੇਂ ਇਨ੍ਹਾਂ ਧੀਆਂ ਦਾ ਡੋਲਾ ਮੈਨੂੰ ਮਨਜ਼ੂਰ ਨਹੀਂ, ਜਿਸ ਨਵ-ਜੰਮੀ ਧੀ ਨੂੰ ਤੁਸੀਂ ਮਾਰ ਮੁਕਾਉਣ ਦਾ ਫ਼ੈਸਲਾ ਕੀਤਾ ਹੈ ਉਹ ਮੈਨੂੰ ਦੇ ਦੇਵੋ। ਸਿਰ-ਕੱਪ ਲਈ ਇਹ ਗੱਲਾਂ ਬਿੱਲੀ ਦੇ ਭਾਗੀਂ ਛਿੱਕਾ ਟੁੱਟਣ ਵਾਂਙ ਗ਼ੈਬੀ ਰਹਿਮਤਾਂ ਸਨ। ਉਨ੍ਹਾਂ ਨੇ ਉਸੇ ਵੇਲੇ ਨਵ-ਜੰਮੀ ਧੀ ਦਾ ਡੋਲਾ ਤਿਆਰ ਕਰਨ ਦਾ ਹੁਕਮ ਦੇ ਦਿੱਤਾ। ਇਕ ਥਾਲ ਵਿਚ ਅੰਬ ਦੀ ਟਾਹਣੀ ਸ਼ਗਨ ਵਜੋਂ ਭੇਟ ਕੀਤੀ। ਅੰਬ ਨਾਲ ਕੋਇਲਾਂ ਦੀ ਮੁਹੱਬਤ ਦੀ ਪਰੰਪਰਾ ਨੂੰ ਦੇਖ ਕੇ ਰਸਾਲੂ ਨੇ ਉਸ ਕੁੜੀ ਦਾ ਨਾਂ ਕੋਕਲਾਂ ਰੱਖ ਦਿੱਤਾ। ਵਾਜਿਆਂ ਗਾਜਿਆਂ ਨਾਲ ਰਾਜਾ ਵਿਦਾ ਹੋ ਰਿਹਾ ਦੇਖ ਕੇ ਸਿਰ-ਕੱਪ ਦੇ ਕੈਦੀ ਪੱਲਾ ਫੜ ਕੇ ਖੜ ਗਏ ਤੇ ਆਪਣੀ ਬੰਦ ਖ਼ਲਾਸੀ ਲਈ ਪੁਕਾਰ ਕਰਨ ਲੱਗੇ:—

'ਹੋਰ ਰਾਜੇ ਮੁਰਗ਼ਾਬੀਆਂ, ਤੂੰ ਰਾਜਾ ਸ਼ਾਹਬਾਜ਼
ਬੰਦੀਵਾਨਾਂ ਦੇ ਬੰਦ ਖਲਾਸ ਕਰ, ਤੇਰੀ ਉਮਰ ਦਰਾਜ਼ ।'

ਰਸਾਲੂ ਦੇ ਇਕ ਇਸ਼ਾਰੇ ਨਾਲ ਸਿਰ-ਕਪ ਦੇ ਸਾਰੇ ਕੈਦੀ ਛੱਡ ਦਿੱਤੇ । ਕੋਕਲਾਂ ਦਾ ਡੋਲਾ ਲੈ ਕੇ ਓਸ ਨੇ ਇਕ ਪਹਾੜੀ ਉਤੇ (ਇਹ ਰਾਵਲਪਿੰਡੀ ਕੋਲ ਮੂਰਤੀ ਪਹਾੜੀ ਸੱਦੀ ਜਾਂਦੀ ਹੈ) ਸ਼ਾਨਦਾਰ ਮਹਿਲ ਬਣਵਾ ਦਿੱਤਾ । ਸ਼ਗਨ ਵਿਚ ਮਿਲੀ ਅੰਬ ਦੀ ਟਾਹਣੀ ਬੀਜ ਕੇ ਕਿ ਜਦੋਂ ਇਸ ਨੂੰ ਬੂਰ ਪਵੇਗਾ ਰਾਣੀ ਉਦੋਂ ਜੁਆਨ ਹੋ ਚੁੱਕੀ ਹੋਵੇਗੀ, ਕੋਕਲਾਂ ਦੇ ਪਾਲਣ-ਪੋਸਣ ਦੇ ਪਰਬੰਧ ਕਰਕੇ ਆਪ ਰਵਾਨਾ ਹੋ ਗਿਆ । ਰਾਣੀ ਦੀ ਦੇਖ-ਭਾਲ ਲਈ ਆਪਣੇ ਤੋਤੇ ਨੂੰ ਓਥੇ ਛੱਡਣ ਤੋਂ ਪਹਿਲਾਂ ਉਸ ਦਾ ਜੀਅ ਲਗਾਈ ਰਖਣ ਲਈ ਇਕ ਮੈਨਾ ਲੱਭ ਦਿੱਤੀ । ਜੇ ਰਸਾਲੂ ਨਿੱਤ ਨਵੇਂ ਵਿਆਹ ਤੇ ਰੋਮਾਂਸ ਰਚਾਉਂਦਾ ਸੀ ਇਹ ਕਿਵੇਂ ਹੋ ਸਕਦਾ ਸੀ ਕਿ ਉਸ ਦਾ ਤੋਤਾ ਛੜਾ ਹੀ ਰਹੇ ?

ਕੋਕਲਾਂ ਦੇ ਸ਼ਗਨ ਵਿਚ ਮਿਲੀ ਟਾਹਣੀ ਹੁਣ ਅੰਬ ਬਣ ਚੁੱਕੀ ਸੀ । ਉਸ ਦੀਆਂ ਬੂਰ-ਲੱਗੀਆਂ ਲਗਰਾਂ ਹਵਾ ਵਿਚ ਝੂੰਮ ਝੂੰਮ ਕੇ ਪਰਬੀਨ ਨ੍ਰਿਤਕਾ ਵਾਂਙ ਵਾਯੂ ਮੰਡਲ ਨੂੰ ਮਾਨੋਂ ਚੁਟਕੀਆਂ ਭਰ ਰਹੀਆਂ ਸਨ । ਹੁਣ ਟਾਹਣੀਆਂ ਨੂੰ ਅੰਬ ਵੀ ਲਗ ਆਏ ! ਕੋਕਲਾਂ ਦੇ ਜੋਬਨ ਵਾਂਙ ਪੱਕੇ ਅੰਬ ਟਸ ਟਸ ਕਰ ਰਹੇ ਸਨ, ਪਰ ਉਨ੍ਹਾਂ ਨੂੰ ਚੂਪਣ ਵਾਲਾ ਰਸੀਆ ਰਸਾਲੂ ਪਤਾ ਨਹੀਂ ਹੁਣ ਕਿੱਥੇ ਸੀ ? ਆਖ਼ਰ ਰਸਾਲੂ ਆ ਗਿਆ । ਉਸ ਨੇ ਅੰਬ ਦੇ ਫਲ ਤਾਂ ਚੂਪੇ ਪਰ ਅਣਭੋਲ ਰਾਣੀ ਨੂੰ ਗੱਲੀਂ-ਬਾਤੀਂ ਸਰਚਾਈ ਰੱਖਿਆ । ਰਾਜਾ ਸ਼ਿਕਾਰ ਜਾਂਦਾ, ਰਾਣੀ ਲਈ ਵਧੀਆ ਮਾਸ ਭੁੰਨ ਕੇ ਖੁਆਂਦਾ । ਪਰ ਰਾਣੀ ਦੇ ਆਪਣੇ ਦਿਲ ਦੀ ਗੁੱਝੀ ਭਾਹ ਇਸ ਨਾਲ ਕਿਵੇਂ ਬੁੱਝਦੀ । ਉਸ ਨੇ ਰਾਜੇ ਨਾਲ ਨੇੜ ਪਰਾਪਤ ਕਰਨ ਲਈ ਸੋਚਿਆ ।

'ਮੈਂ ਤੁਹਾਨੂੰ ਸ਼ਿਕਾਰ ਮਾਰਦੇ ਦੇਖਣਾ ਹੈ ਰਾਜਨ ! ਤੁਸੀਂ ਸ਼ਿਕਾਰ ਕਿਵੇਂ ਮਾਰਦੇ ਹੁੰਦੇ ਹੋ ?' ਰਾਣੀ ਦੇ ਬੋਲਾਂ ਵਿਚ ਭੋਲਾਪਣ ਘੁਲਿਆ ਹੋਇਆ ਸੀ । 'ਮੈਂ ਜਦੋਂ ਸ਼ਿਕਾਰ ਦੇ ਤੀਰ ਮਾਰਦਾ ਹਾਂ ਸ਼ਿਕਾਰ ਦਸ ਕਦਮ ਮੇਰੇ ਵਲ ਦੌੜ ਕੇ ਆ ਢਹਿੰਦਾ ਹੈ ਮੇਰੀ ਭੋਲੀ ਕੋਕਲਾਂ ! ਕਿਉਂ ਨਹੀਂ, ਮੈਂ ਆਪਣੀ ਪਿਆਰੀ ਨੂੰ ਜ਼ਰੂਰ ਨਾਲ ਲਿਜਾਵਾਂਗਾ ।'

'ਮੈਂ ਵੀ ਸ਼ਿਕਾਰ ਕਰ ਕੇ ਦਿਖਾਵਾਂਗੀ' ਰਾਣੀ ਨੇ ਲਾਚੜ ਕੇ ਕਿਹਾ, 'ਜ਼ਰੂਰ !'

ਰਾਜਾ ਤੇ ਰਾਣੀ ਸ਼ਿਕਾਰ ਨੂੰ ਚੜ੍ਹ ਗਏ । ਘੋੜੇ ਦੇ ਅਗੇ ਰਾਜਾ ਤੇ ਪਿਛੇ ਉਸ ਨੂੰ ਘੁਟ ਘੁਟ ਕੇ ਨਾਲ ਚਿਮਟੀ ਰਾਣੀ । ਦੂਰ ਜੰਗਲ ਵਿਚ ਰਾਜੇ ਨੇ ਇਕ ਹਰਨ ਨੂੰ ਤੀਰ ਮਾਰਿਆ । ਹਰਨ ਦੇ ਨਿਸ਼ਾਨਾ ਲੱਗਾ, ਪਰ ਉਹ ਰਾਜੇ ਵਲ ਸੱਤ ਕਦਮਾਂ ਆ ਕੇ ਵਧ ਕੇ ਢਹਿਣ ਦੀ ਥਾਂ ਅਗੇ ਨੂੰ ਜਾ ਕੇ ਡਿੱਗਿਆ । ਰਾਣੀ ਨੇ ਕਿਹਾ, 'ਇਹ ਕੀ ਗੱਲ ਰਾਜਨ ! ਹਰਨ ਤੁਹਾਡੇ ਵੱਲ ਵਧ ਕੇ ਕਿਉਂ ਨਾ ਡਿੱਗਿਆ ?' 'ਮੇਰੀ ਰਾਣੀ ! ਮੇਰੇ ਨਾਲ ਤੂੰ ਜੋ ਘੁੱਟ ਘੁੱਟ ਕੇ ਚਿੰਬੜੀ ਹੋਈ ਸੀ, ਇਸ ਨਾਲ ਮੇਰਾ ਸਤ ਘਟਦਾ ਨਾ ਤਾਂ ਹੋਰ ਕੀ ਹੁੰਦਾ ?' 'ਵਾਹ ! ਰਾਜਨ ! ਤੁਸੀਂ ਮੈਨੂੰ ਚੰਗੀ ਸਪੁਤੀਂ ਬਣਾਉਗੇ ਜਿਸ ਦੇ ਨਾਲ ਲਗਣ ਨਾਲ ਈ ਸਤ ਘਟ ਗਿਆ ਹੈ, ਲਓ ਜਿੰਨੇ ਚਾਹੁੰਦੇ ਹੋ ਮੈਂ ਤੁਹਾਨੂੰ ਹਰਨ ਫੜ ਦਿੰਦੀ ਹਾਂ ।' ਇਹ ਕਹਿ ਕੇ ਰਾਣੀ ਨੇ ਆਪਣੇ ਸਿਰ ਦੇ ਵਾਲ ਹਵਾ ਵਿਚ ਉਛਾਲ ਦਿੱਤੇ ਤੇ ਸਾਰੇ ਕਸਤੂਰੀ-ਭਿੰਨੀ ਮਹਿਕ ਫੈਲ ਗਈ ।

ਹੀਰਾ ਤੇ ਨੀਲਾ ਦੋ ਹਰਨ ਆਪਣੀਆਂ ਹਰਨੀਆਂ ਸਮੇਤ ਇਸ ਸੁਗੰਧ ਤੇ ਲਟੂ ਹੋਏ ਸਿਰ ਤਲਵਾਏ ਰਾਣੀ ਦੇ ਆਸ ਪਾਸ ਲਗੇ ਘੁੰਮਰਾਂ ਪਾਉਣ ।

ਰਸਾਲੂ ਨੇ ਉਨ੍ਹਾਂ ਨੂੰ ਡਰਾਉਣ ਲਈ ਕਮਦ ਚੁਕੀ, ਕਸ ਕੇ ਤੀਰ ਹਵਾ ਵਿਚ ਛਡਿਆ, ਨੀਲਾ ਹਰਨ ਤਾਂ ਹਰਨੀ ਸਮੇਤ ਦੌੜ ਗਿਆ, ਪਰ ਹੀਰਾ ਹਰਨ ਮਸਤੀ ਵਿਚ ਖੜਾ ਉਸੇ ਤਰ੍ਹਾਂ ਝੂਮਦਾ ਰਿਹਾ । ਰਾਜੇ ਨੇ ਕਿਹਾ ਇਸ ਦਾ ਸ਼ਿਕਾਰ ਕਰ ਲਵਾਂ ? ਇਹ ਕਹਿ ਕੇ ਰਾਜਾ ਹੀਰੇ ਹਰਨ ਨੂੰ ਫੜਨ ਲਈ ਅਗੇ ਵਧਿਆ, ਪਰ ਰਾਣੀ ਨੇ ਰੋਕ ਦਿੱਤਾ । ਰਸਾਲੂ ਨੇ ਅੱਧੀ ਗੱਲ ਰਾਣੀ ਦੀ ਮੰਨ ਲਈ ਤੇ ਅੱਧੀ ਆਪਣੀ ਲਾਗੂ ਕਰ ਦਿੱਤੀ, ਹਰਨ ਦੀ ਪੂਛ ਤੇ ਕੰਨ ਵੱਢ ਦਿੱਤੇ । ਕਹਿੰਦੇ ਹਨ ਗ਼ੁੱਸੇ ਦਾ ਮਾਰਿਆ ਹਰਨ ਹੋਡੀ ਰਾਜੇ ਦੇ ਬਾਗ਼ ਵਿਚ ਜਾ ਫੁੱਲ ਬੂਟੇ ਖ਼ਰਾਬ ਕਰਨ ਲੱਗਾ ।

ਰਾਜਾ ਹੋਡੀ, ਹਰਨ ਨੂੰ ਮਾਰਨ ਲਈ ਪਿੱਛੇ ਨੱਠਿਆ ਤਾਂ ਹਰਨ ਉਸ ਨੂੰ ਕੋਕਲਾਂ ਦੇ ਮਹਿਲ ਕੋਲ ਲੈ ਆਇਆ। ਰਾਜੇ ਨੇ ਮਹਿਲ ਵਲ ਦੇਖਿਆ ਤਾਂ ਬਾਰੀ ਵਿਚ ਬੈਠੀ ਚੰਦ ਦਾ ਟੁਕੜਾ ਕੋਕਲਾਂ ਦੇਖ ਕੇ ਉਹ ਪਹਿਲੇ ਸ਼ਿਕਾਰ ਦਾ ਪਿਛਾ ਛਡ ਕੇ ਇਸ ਨਵੇਂ ਸ਼ਿਕਾਰ ਨੂੰ ਫਾਹੁਣ ਲਈ ਖੜ੍ਹ ਗਿਆ।

ਕੋਕਲਾਂ, ਜਿਹੜੀ ਮਨੁੱਖੀ ਰੂਹ ਦੀ ਪਿਆਸੀ ਸੀ, ਜਿਸ ਦੀ ਵੇਦਨਾ ਨੂੰ ਰਸਾਲੂ ਸਮਝਿਆ ਵੀ ਨਹੀਂ ਸੀ, ਵਿਚ ਵਿਚ ਘੁਲ ਰਹੀ ਚੜ੍ਹਦੀ ਜੁਆਨੀ ਦੇ ਹਉਕਿਆਂ ਨਾਲ ਪਹਿਲਾਂ ਹੀ ਅੰਗੜਾਈਆਂ ਭੰਨ ਰਹੀ ਸੀ। ਜਦੋਂ ਉਸ ਨੇ ਰਾਜੇ ਹੋਡੀ ਦੀ ਸ਼ਕਲ ਦੇਖੀ, ਪਹਿਲਾਂ ਤਾਂ ਡਰੀ ਤੇ ਫਿਰ ਉਸ ਨੂੰ ਵੰਗਾਰਿਆ। ਹੋਡੀ ਨੇ ਸਮਝ ਲਿਆ ਇਹ ਕਿਸੇ ਰਾਜੇ ਦੀ ਰਾਣੀ ਹੈ। ਕੀ ਇਥੇ ਇਹ ਇਕੱਲੀ ਹੀ ਹੈ? ਇਹ ਸਾਰਾ ਪਤਾ ਕੱਢਣ ਲਈ ਹੋਡੀ ਨੇ ਰਾਣੀ ਦਾ ਜਵਾਬ ਵੀ ਦਿੱਤਾ ਤੇ ਉੱਤਰ ਲੈਣ ਲਈ ਸੁਆਲ ਵੀ ਕੀਤਾ। ਹੋਡੀ ਤੇ ਰਾਣੀ ਦੀਆਂ ਗੱਲਾਂ ਭਾਵੇਂ ਸਧਾਰਨ ਹੋ ਰਹੀਆਂ ਸਨ ਪਰ ਦੋਹਾਂ ਦੀਆਂ ਅੱਖਾਂ ਚਾਰ ਹੋਣ ਪਿੱਛੋਂ ਘੁਲਣ-ਮਿਲਣ ਲਈ ਇਸ ਤੋਂ ਚੰਗਾ ਸਾਧਨ ਕੀ ਹੋ ਸਕਦਾ ਸੀ?

ਹੋਡੀ ਦਾ ਪਤਾ ਕਰਦਿਆਂ ਕਰਦਿਆਂ ਕੋਕਲਾਂ ਆਪਣੀ ਸੁੱਧ ਗੁਆ ਬੈਠੀ। ਉਹ ਆਪਣੀ ਅਣਮਾਣੀ ਜੁਆਨੀ ਦੇ ਅਰਮਾਨ ਕਿਤਨਾ ਕੁ ਚਿਰ ਘੁੱਟ ਕੇ ਰੱਖ ਸਕਦੀ ਸੀ, ਆਖਰ ਲਾਵਾ ਫੁਟ ਪਿਆ। ਹੋਡੀ ਨੇ ਕਿਹਾ ਕਿਵੇਂ ਆਵਾਂ। ਇਸ ਦਾ ਜਵਾਬ ਤੇ ਰਾਜੇ ਦੀ ਆਮਦ ਵੇਲੇ ਦੇ ਹਾਵਾਂ ਭਾਵਾਂ ਨੂੰ ਇਕ ਲੋਕ-ਗੀਤ ਦੀਆਂ ਤੁਕਾਂ ਨਾਲੋਂ ਕੋਈ ਵਧੀਆ ਢੰਗ ਨਾਲ ਨਹੀਂ ਦਸ ਸਕਦਾ :—

ਰਾਣੀ—ਅੰਦਰ ਅੰਦਰ ਪੌੜੀਆਂ ਵੇ ਰਾਜਿਆ,
ਪੈਰ ਧਰ ਧਰ ਆ ਰਾਜਾ ਜੀ!
ਰਾਜਾ—ਧੌਲਰ ਤੇਰਾ ਕੱਚ ਦਾ ਨੀ ਰਾਣੀਏ!
ਠੱਕ ਕਰ ਕੇ ਟੁੱਟ ਜਾ ਰਾਣੀ ਜੀ!
ਰਾਣੀ—ਧੌਲਰ ਮੇਰਾ ਕੱਚ ਦਾ ਵੇ ਰਾਜਿਆ!
ਤੂੰ ਘੋੜੇ ਸਣੀ ਚੜ੍ਹ ਆ ਰਾਜਾ ਜੀ!
ਰਾਜਾ—ਪਹਿਲੀ ਪੌੜੀ ਚੜ੍ਹਦਾ ਨੀ ਰਾਣੀਏ
ਮੇਰਾ ਘੋੜਾ ਗਿਆ ਸਰਕਾ ਰਾਣੀ ਜੀ!
ਰਾਣੀ—ਕੰਨਾਂ ਦੀਆਂ ਵੇਚਾਂ ਵਾਲੀਆਂ ਵੇ ਰਾਜਾ!
ਤੇਰਾ ਘੋੜਾ ਲਾਂ ਗੀ ਛੁਡਾ ਰਾਜਾ ਜੀ!
ਰਾਜਾ—ਵਾਲੀਆਂ ਓੜਕ ਚਾਲੀਆਂ ਦੀਆਂ ਨੀ ਰਾਣੀਏ,
ਮੇਰਾ ਘੋੜਾ ਤਾਂ ਡੇਢ ਹਜ਼ਾਰ ਰਾਣੀ ਜੀ।

ਆਖ਼ਰ ਰਾਜੇ ਨੇ ਕਿਹਾ ਕਿ ਜੇ ਮੈਨੂੰ ਸੱਦਣਾ ਹੀ ਹੈ ਤਾਂ ਕਿਸੇ ਹੋਰ ਤਰੀਕੇ ਨਾਲ ਖਿੱਚ ਲੈ, ਮੇਰੇ ਪਾਸੋਂ ਤੇਰੇ ਮਹਿਲਾਂ ਦੇ ਬੂਹੇ ਦਾ ਪੱਥਰ ਨਹੀਂ ਹਟਾ ਹੁੰਦਾ। ਕੋਕਲਾਂ ਦੇ ਬਿਰਹਾ ਦੇ ਭਾਂਬੜ ਜ਼ੋਰੀਂ ਭੜਕ ਰਹੇ ਸਨ। ਇਸ ਤਰ੍ਹਾਂ ਦੀ ਅਣਮੋਲ ਜੁਆਨੀ ਦੇ ਅਜੇਹੇ ਵੇਲੇ ਕੀ ਭਾਵ ਹੁੰਦੇ ਹਨ ਉਹ ਅਜੇਹੀਆਂ ਜੁਆਨੀਆਂ ਬਿਨਾ ਹੋਰ ਕੌਣ ਜਾਣ ਸਕਦਾ ਹੈ। ਨੈਣਾਂ ਦੇ ਤੀਰਾਂ ਨਾਲ ਵਿੰਨ੍ਹਿਆ ਹੋਡੀ ਉਸ ਕਮੰਦ ਨਾਲ ਉਤਾਂਹ ਖਿੱਚ ਲਿਆ। ਰਾਣੀ ਨੇ ਹੋਡੀ ਨੂੰ ਸੇਜਾ ਚੜ੍ਹਾਉਣ ਤੋਂ ਪਹਿਲਾਂ ਹਾਸੇ ਠੱਠੇ ਦਾ ਮਹੌਲ ਰਚਣ ਲਈ ਰਸਾਲੂ ਨੂੰ ਚੋਹਲ ਕਰਨੇ ਸ਼ੁਰੂ ਕਰ ਦਿੱਤੇ। ਹੋਡੀ ਤੇ ਕੋਕਲਾਂ ਦੀਆਂ ਰੰਗ-ਰਲੀਆਂ ਰਸਾਲੂ ਦਾ ਤੋਤਾ ਤੇ ਉਸ ਦੀ ਮੈਨਾ ਦੇਖ ਰਹੇ ਸਨ। ਮੈਨਾਂ ਨੇ ਤੋਤੇ ਵਿਚ-ਦੀ ਹੋਡੀ ਤੇ ਕੋਕਲਾਂ ਨੂੰ ਬੋਲੀ ਮਾਰੀ।

ਤੋਤੇ ਨੇ ਮੈਨਾਂ ਨੂੰ ਕਿਹਾ, ਚੁਪ ਕਰ ਰਹੁ। ਸਾਰਾ ਕੁਝ ਦੇਖ ਕੇ ਰਾਜੇ ਨੂੰ ਦੱਸਾਂਗੇ। ਪਰ ਮਨਚਲੀ ਮੈਨਾਂ ਕਿਵੇਂ ਚੁਪ ਰਹਿ ਸਕਦੀ ਸੀ। ਤੋਤੇ ਨੇ ਕਿਹਾ ਚੁੱਪ ਕਰ ਕੇ ਸਾਰਾ ਕੁਝ ਦੇਖੀ ਜਾਹ, ਜਦੋਂ ਰਾਜਾ ਆਇਆ ਉਦੋਂ ਦਸਾਂਗੇ।

ਰਾਤ ਕੱਟ ਕੇ ਦਿਨ ਚੜ੍ਹੇ ਹੋਡੀ ਜਦ ਜਾਣ ਲੱਗਾ ਤਾਂ ਕੋਕਲਾਂ ਸਾਹਮਣੇ ਫਿਰ ਵਿਛੋੜੇ ਦੇ ਡਰਾਉਣੇ ਸੁਪਨੇ ਆਉਣ ਲਗੇ। ਮਰਦ ਦੀ ਛੋਹ ਤੋਂ ਮਿਲੇ ਪ੍ਰੇਮ-ਰਸ ਬਿਨਾਂ ਹੁਣ ਉਹ ਰਹਿ ਨਹੀਂ ਸਕਦੀ ਸੀ। ਉਸ ਦੀਆਂ ਅੱਖਾਂ ਵਿਚੋਂ ਹੰਝੂਆਂ ਦੇ ਹੜ੍ਹ ਵਗ ਰਹੇ ਸਨ ਤੇ ਸਿਰ ਖੋਲ੍ਹ ਖੋਲ੍ਹ ਕੇ ਮੇਢੀਆਂ ਖੋਹੀ ਜਾ ਰਹੀ ਸੀ। 'ਰਾਜਨ ! ਹੁਣ ਮੇਰੇ ਕੋਲੋਂ ਨਾ ਜਾਵੋ ਜਾਂ ਮੈਨੂੰ ਨਾਲ ਲੈ ਚਲੋ।'

ਹੋਡੀ ਨੇ ਕੋਕਲਾਂ ਨੂੰ ਗਲਵੱਕੜੀ ਵਿਚ ਲੈ ਕੇ ਅੱਖਾਂ ਪੂੰਝੀਆਂ ਤਾਂ ਅੱਖਾਂ ਦਾ ਕੱਜਲਾ ਉਸ ਦੇ ਹੱਥਾਂ ਨੂੰ ਲਗ ਗਿਆ। ਹੋਡੀ ਇਹ ਸਹੁੰ ਪਾ ਕੇ ਕਿ ਮੈਂ ਇਹ ਕੱਜਲਾ ਜਿੰਨਾ ਚਿਰ ਤੈਨੂੰ ਫਿਰ ਆ ਕੇ ਨਾ ਮਿਲ ਲਵਾਂ, ਹੱਥ ਤੋਂ ਲਹਿਣ ਨਹੀਂ ਦੇਵਾਂਗਾ। ਤੇਰੀ ਯਾਦ ਦੀ ਨਿਸ਼ਾਨੀ ਦੇ ਰੂਪ ਵਿਚ ਸੰਭਾਲੀ ਰੱਖਾਂਗਾ। ਇਉਂ ਇਹ ਰੋਂਦੀ ਤੇ ਹਟਕੋਰੇ ਭਰਦੀ ਕੋਕਲਾਂ ਕੋਲੋਂ ਚਲਾ ਗਿਆ। ਸ਼ਿਕਾਰਾਂ ਦਾ ਸ਼ੌਕੀਨ, ਸ਼ਸਤਰਾਂ ਬਸਤਰਾਂ ਨਾਲ ਸਜਿਆ-ਸਜਾਇਆ ਰਸਾਲੂ ਕੋਕਲਾਂ ਦੇ ਮਹਿਲੀਂ ਪੁੱਜਾ ਤਾਂ ਉਸ ਨੇ ਦੇਖਿਆ ਕਿ ਮਹਿਲਾਂ ਦਾ ਰੰਗ ਹੁਣ ਪਹਿਲਾਂ ਵਾਲਾ ਨਹੀਂ ਸੀ। ਖੂਹ ਦੇ ਚੁਬੱਚਿਆਂ ਵਿਚ ਕਿਸੇ ਨਵੇਂ ਨ੍ਹਾਤੇ ਮਰਦ ਦਾ ਪਾਣੀ ਸੀ, ਅੰਬਾਂ ਦੀਆਂ ਗਿਟਕਾਂ ਨੂੰ ਚੂਸ ਕੇ ਢੇਰਾਂ ਦੇ ਢੇਰ ਲਾਏ ਪਏ ਸਨ।

ਕੋਕਲਾਂ ਦਾ ਹੁਸਨ ਰਸ-ਕੱਢੇ ਨਿੰਬੂ ਵਾਂਙ ਖਾਲੀ ਖਾਲੀ, ਪਰ ਮਰਦਾਵੀਂ ਛੋਹ ਲਗਣ ਤੋਂ ਚਿਹਰਾ ਭਖਿਆ ਭਖਿਆ ਤੇ ਅੱਖਾਂ ਵਿਚੋਂ ਮਸਤੀ ਡੁਲ੍ਹ ਡੁਲ੍ਹ ਪੈ ਰਹੀ ਸੀ। ਇਸ ਸਭ ਕਾਸੇ ਨੂੰ ਉਸ ਦੀਆਂ ਖਿੰਡੀਆਂ ਲਿਟਾਂ ਤੇ ਉਘੜ-ਦੁਘੜਾ ਪਹਿਰਾਵਾ, ਚੰਦ ਵਿਚ ਲਗੇ ਦਾਗ਼ ਵਾਂਙ ਨਿਹਕਲੰਕ ਨਹੀਂ ਦਰਸਾ ਰਿਹਾ ਸੀ। ਹੁਣ ਉਹ ਮਰਦ ਦਾ ਪਿਆਰ ਮਾਣ ਚੁੱਕੀ ਸੀ। ਉਸ ਨੇ ਰਸਾਲੂ ਨੂੰ ਦੇਖ ਕੇ ਸੋਚਿਆ ਕਿ ਇਹ ਚੰਗਾ ਮਰਦ ਹੈ ਜਿਸ ਮੈਨੂੰ ਪਿਆਰ-ਭੁੱਖੀ ਕੂੰਜ ਨੂੰ ਹੁਣ ਤਕ ਇਉਂ ਤੜਫ਼ਾਇਆ। ਹੁਣ ਉਹ ਰਸਾਲੂ ਦੇ ਵਰਤਾਉ ਤੋਂ ਤੰਗ ਪਈ ਏਥੋਂ ਤਕ ਕਹਿਣ ਤੇ ਮਜਬੂਰ ਹੋ ਗਈ ਕਿ ਕਿਉਂ ਨਾ ਰਾਜੇ ਨੂੰ ਪੁੱਛ ਲਿਆ ਜਾਵੇ ਕਿ ਤੂੰ ਮੈਨੂੰ ਇਉਂ ਕੰਧਾਂ ਕੋਲਿਆਂ ਨਾਲ ਜੱਫੀਆਂ ਪਾਉਣ ਜੋਗੀ ਬਣਾਈ ਰੱਖਣਾ ਹੈ ? ਮੈਂ ਤੇਰੀ ਨਾਰ ਹਾਂ ਕਿ ਭੈਣ ?

ਰਸਾਲੂ ਨੇ ਜਵਾਬ ਦਿਤਾ ਕਿ ਤੈਨੂੰ ਮੈਂ ਪਾਸੇ ਵਿਚ ਜਿੱਤ ਕੇ ਲਿਆਂਦਾ ਤੇ ਫਲ ਖੁਆ ਖੁਆ ਕੇ ਜੁਆਨ ਕੀਤਾ ਹੈ। ਤੂੰ ਮੇਰੀ ਨਾਰ ਤੇ ਮੈਂ ਤੇਰਾ ਖ਼ਾਵੰਦ ਹਾਂ, ਪਰ ਨਾਲ ਹੀ ਉਸ ਨੇ ਪੁੱਛਿਆ ਕਿ ਮਹਿਲਾਂ ਵਿਚ ਕੌਣ ਆਇਆ ਸੀ। ਸੱਚੋ ਸੱਚ ਦੱਸ ? ਇਹ ਲੱਛਣ ਓਪਰੇ ਮਰਦ ਦੀ ਆਮਦ ਦਸਦੇ ਹਨ।

ਕੋਕਲਾਂ, ਜਿਹੜੀ ਹੋਡੀ ਦੇ ਵਿਛੋੜੇ ਵਿਚ ਬਉਰਾਨੀ ਹੋ ਰਹੀ ਸੀ ਰਾਜੇ ਦੀ ਬੁੱਕਲ ਵਿਚ ਜਾ ਬੈਠੀ। 'ਰਾਜਨ ! ਤੂੰ ਕੀ ਜਾਣੇਂ ਚੜ੍ਹਦੀ ਜੁਆਨੀ ਉੱਤੇ ਆਏ ਕਹਿਰਾਂ ਨੂੰ। ਮੇਰਾ ਤੇਰੇ ਵਿਛੋੜੇ ਵਿਚ ਕੀ ਕੀ ਮੰਦਾ ਹਾਲ ਹੁੰਦਾ ਹੈ ਤੇ ਕਿਸ ਤਰ੍ਹਾਂ ਹਉਕੇ ਲੈ ਕੇ ਅੱਜੀ ਪੱਜੀਂ ਦਿਨ ਤੇ ਰਾਤਾਂ ਲੰਘਾਉਂਦੀ ਹਾਂ ? ਕੀ ਮੈਂ ਕਦੀ ਤੁਹਾਡਾ ਪਿਆਰ ਮਾਣ ਹੀ ਨਹੀਂ ਸਕਾਂਗੀ ? ਇਹ ਸਾਰਾ ਕੁਝ ਤੁਹਾਡੀ ਪ੍ਰੇਮ-ਦਿਵਾਨੀ ਕੋਕਲਾਂ ਨੇ ਤੁਹਾਡੇ ਵਿਛੋੜੇ ਵਿਚ ਹੀ ਕੀਤਾ ਹੈ।' ਰਸਾਲੂ ਕੋਕਲਾਂ ਦੀਆਂ ਲੁਭਾਉਣੀਆਂ ਗੱਲਾਂ ਸੁਣ ਕੇ ਭਰਮ ਗਿਆ। ਉਸ ਨੇ ਤੋਤੇ ਤੇ ਮੈਨਾਂ ਦੀ ਵੀ ਖ਼ੂਬ ਝਿੜਕ-ਝੰਬ ਕੀਤੀ।

ਰਸਾਲੂ ਜਦੋਂ ਜਾਣ ਲੱਗਿਆ ਤੋਤੇ ਨੇ ਉਸ ਤੋਂ ਸਾਰਾ ਪਤਾ ਟਿਕਾਣਾ ਪੁਛ ਲਿਆ ਕਿ ਉਹ ਕਿੱਧਰ ਜਾਵੇਗਾ ਤੇ ਕਿੱਥੇ ਕਿੱਥੇ ਠਹਿਰੇਗਾ ਤਾਂ ਜੁ ਲੋੜ ਪੈਣ ਤੇ ਢੂੰਡ ਤਾਂ ਕੀਤੀ ਜਾ ਸਕੇ। ਥੋੜ੍ਹੇ ਦਿਨਾਂ ਪਿਛੋਂ ਰਾਜਾ ਹੋਡੀ ਫਿਰ ਕੋਕਲਾਂ ਦੇ ਮਹਿਲੀਂ ਆ ਪੁੱਜਾ। ਪ੍ਰੇਮ-ਪਿਆਰ ਦੀ ਚੌਪਟ ਦੀਆਂ ਲਗਦੀਆਂ ਬਾਜ਼ੀਆਂ ਦੇਖ ਕੇ, ਮੈਨਾ ਨੇ ਕਿਹਾ ਕਿ ਰਾਣੀ ਇਹ ਚੰਗੀ ਗੱਲ ਨਹੀਂ। ਪਰਾਏ ਮਰਦ ਨਾਲ ਚੰਗੀਆਂ ਤ੍ਰੀਮਤਾਂ ਇਸ ਤਰ੍ਹਾਂ ਮੁਹੱਬਤਾਂ ਨਹੀਂ ਕਰਦੀਆਂ ਹੁੰਦੀਆਂ।

ਰਾਣੀ ਨੇ ਗ਼ੁੱਸੇ ਵਿਚ ਆ ਕੇ ਮੈਨਾਂ ਦਾ ਗਲ ਘੁੱਟ ਦਿੱਤਾ। ਇਹ ਦੇਖ ਕੇ ਤੋਤੇ ਨੇ ਚਲਾਕੀ ਵਰਤੀ। 'ਬੜਾ ਚੰਗਾ ਕੀਤਾ, ਰਾਣੀ ਜੀ ! ਤੁਸੀਂ ਇਸ ਲੁਤਰ ਲੁਤਰ ਕਰਦੀ ਜ਼ਬਾਨ ਵਾਲੀ ਦੀ ਅਲਖ ਮੁਕਾਈ, ਇਹ ਸੀ ਹੀ ਇਸ ਲਾਇਕ। ਪਰ ਮੈਂ ਤਾਂ ਤੁਹਾਡਾ ਕੁਝ ਨਹੀਂ ਵਿਗਾੜਿਆ ਮੈਨੂੰ ਤਾਂ ਪਿੰਜਰੇ ਵਿਚੋਂ ਕੱਢ ਛੱਡੋ।' ਕੋਕਲਾਂ ਨੇ

ਤੋਤੇ ਨੂੰ ਪਿੰਜਰੇ ਵਿਚੋਂ ਕੱਢ ਕੇ ਖੁਲ੍ਹਾ ਛੱਡ ਦਿੱਤਾ। ਤੋਤੇ ਨੇ ਪਹਿਲਾਂ ਤਾਂ ਮੋਈ ਪਈ ਮੈਨਾਂ ਦੀ ਲੋਥ ਉੱਤੇ ਰਾਣੀ ਨੂੰ ਖ਼ੁਸ਼ ਕਰਨ ਲਈ ਜਾ ਪੰਜੇ ਝਾੜੇ। ਫਿਰ ਰਾਣੀ ਤੋਂ ਚੂਰੀ ਕੁਟਵਾ ਕੇ ਖ਼ੂਬ ਰੱਜ ਪੁੱਜ ਕੇ ਬਨੇਰੇ ਉਤੇ ਜਾ ਕੇ ਰਾਣੀ ਨੂੰ ਗਾਲ੍ਹਾਂ ਕੱਢਣ ਲਗ ਪਿਆ, 'ਤੈਂ ਮੇਰੀ ਮੈਨਾਂ ਮਰਵਾਈ ਹੈ, ਮੈਂ ਵੀ ਤੈਥੋਂ ਬਦਲਾ ਲੈ ਕੇ ਛੱਡਾਂਗਾ।'

ਕੋਕਲਾਂ ਨੇ ਬੜੇ ਤਰਲੇ ਕੀਤੇ ਕਿ ਤੈਨੂੰ ਇਕ ਦੀ ਥਾਂ ਚਾਰ ਮੈਨਾਂ ਲਿਆਉਂਦੀ ਹਾਂ, ਪਰ ਤੋਤਾ ਉਡਾਰੀਆਂ ਮਾਰ ਕੇ ਉਡ ਗਿਆ। ਜਿਸ ਥਾਂ ਰਸਾਲੂ ਸੁੱਤਾ ਪਿਆ ਸੀ, ਉਸ ਆਪਣੇ ਖੰਭ ਗਿੱਲੇ ਕਰਕੇ ਰਾਜੇ ਦੇ ਮੂੰਹ ਤੇ ਛਿੱਟਾਂ ਮਾਰ ਕੇ ਜਗਾਇਆ ਤੇ ਰਸਾਲੂ ਨੂੰ ਉਸ ਦੇ ਘਰ ਲਗੇ ਚੋਰ ਦੇ ਸੰਨ੍ਹ ਦੀ ਸਾਰੀ ਗੱਲ ਦੱਸ ਦਿੱਤੀ।

ਰਾਜਾ ਹੈਰਾਨ ਸੀ ਕਿ ਮੇਰੇ ਇਤਨੇ ਤਕੜੇ ਪਰਬੰਧਾਂ ਦੇ ਹੁੰਦਿਆਂ ਵੀ ਇਹ ਕੁਝ ਹੋ ਰਿਹਾ ਹੈ, ਪਰ ਤੋਤੇ ਉੱਤੇ ਉਸ ਨੂੰ ਆਪਣੀ ਰਾਣੀ ਨਾਲੋਂ ਵਧ ਯਕੀਨ ਸੀ। ਉਥੋਂ ਵਾਹੋ-ਦਾਹ ਘੋੜਾ ਦੁੜਾਉਂਦਾ ਰਸਾਲੂ ਕੋਕਲਾਂ ਦੇ ਮਹਿਲਾਂ ਵਿਚ ਆ ਵੜਿਆ। ਕੋਕਲਾਂ ਨੇ ਹੋਡੀ ਨੂੰ ਸੜ੍ਹ ਹੇਠ ਲੁਕੋ ਦਿਤਾ, ਪਰ ਤੋਤੇ ਨੇ ਉਥੇ ਜਾ ਕੇ ਉਸ ਦੇ ਸਿਰ ਵਿਚ ਠੂੰਗਾ ਮਾਰ ਮਾਰ ਕੇ ਉਸ ਦੇ ਤਣੇ ਸਾਰੇ ਤਾਣੇ ਬਾਣੇ ਦਾ ਭੇਦ ਖੋਲ੍ਹ ਦਿੱਤਾ। ਹੋਡੀ ਇਹ ਦੇਖ ਕੇ ਨੱਸ ਟੁਰਿਆ। ਰਸਾਲੂ ਨੇ ਪਿਛਾ ਕਰ ਕੇ ਉਸ ਨੂੰ ਮਾਰ ਦਿੱਤਾ, ਪਰ ਰਾਣੀ ਨੂੰ ਉਸ ਦੀ ਮੌਤ ਬਾਰੇ ਕੁਝ ਨਾ ਦੱਸਿਆ। ਰਸਾਲੂ ਨੇ ਹੋਡੀ ਨੂੰ ਮਾਰ ਕੇ ਉਸ ਦਾ ਕਲੇਜਾ ਕੱਢ ਲਿਆਂਦਾ ਸੀ। ਕੋਕਲਾਂ ਨੇ ਦੂਜਾ ਸ਼ਿਕਾਰ ਭੁੰਨਿਆ, ਰਸਾਲੂ ਨੇ ਹੋਡੀ ਦਾ ਕਲੇਜਾ। 'ਇਹ ਮਾਸ ਅਜ ਬਹੁਤ ਵਧੀਆ ਕਿਸਮ ਦੇ ਸ਼ਿਕਾਰ ਦਾ ਹੈ।' ਇਹ ਕਹਿ ਕੇ ਰਸਾਲੂ ਨੇ ਕੋਕਲਾਂ ਦੇ ਥਾਲ ਵਿਚ ਹੋਡੀ ਦਾ ਭੁੰਨਿਆ ਕਲੇਜਾ ਪਰੋਸ ਦਿੱਤਾ। ਕੋਕਲਾਂ ਨੇ ਅਜੇਹੇ ਨਵੇਂ ਸੁਆਦ ਵਾਲਾ ਮਾਸ ਪਹਿਲਾਂ ਕਦੋਂ ਖਾਧਾ ਸੀ। ਉਸ ਨੇ ਨਵੇਂ ਸੁਆਦ ਵਾਲੇ ਮਾਸ ਦੀ ਰੱਜਵੀਂ ਤਾਰੀਫ਼ ਕੀਤੀ। ਪਰ ਜਦੋਂ ਪਤਾ ਲੱਗਾ ਕਿ ਇਹ ਹੋਡੀ ਦਾ ਮਾਸ ਹੈ, ਰਾਣੀ ਨੇ ਮਾਸ ਵਗਾਹ ਸੁੱਟਿਆ ਤੇ ਮਹਿਲਾਂ ਤੇ ਚੜ੍ਹ ਕੇ, ਆਪਣੇ ਆਖ਼ਰੀ ਬੋਲ ਹਵਾ ਵਿਚ ਸੁੱਟ ਕੇ ਤੇ ਛਾਲ ਮਾਰ ਕੇ ਜਾਨ ਦੇ ਦਿੱਤੀ। ਕੋਕਲਾਂ ਅਤੇ ਹੋਡੀ ਦੋਹਾਂ ਦੀਆਂ ਲੋਥਾਂ ਰਸਾਲੂ ਨੇ ਇਕ ਘੋੜੇ ਦੇ ਦੋਵੇਂ ਪਾਸੀਂ ਬੰਨ੍ਹ ਕੇ ਘੋੜੇ ਨੂੰ ਅਗਿਆਤ ਥਾਂ ਵਲ ਨੂੰ ਹੱਕ ਛੱਡਿਆ। ਕੋਕਲਾਂ ਦੇ ਮਹਿਲਾਂ ਵਿਚ ਆਖ਼ਰੀ ਚੱਕਰ ਕੱਟਦਾ ਜਦੋਂ ਉਹ ਕੋਕਲਾਂ ਦੇ ਸ਼ਗਨ ਵਿਚ ਮਿਲੇ ਅੰਬ ਦੀ ਟਾਹਣੀ ਤੋਂ ਬਣੇ ਅੰਬ ਕੋਲ ਆਇਆ ਤਾਂ ਉਸ ਦੇ ਮਨ ਵਿਚੋਂ ਪੁਰਾਣੀ ਯਾਦ ਨਵੀਂ ਘਟਨਾ ਨਾਲ ਸੁਰ ਹੋ ਕੇ ਇਕ ਵਾਰ ਫਿਰ ਟੁਣਕੀ :—

ਅੰਬਾ ਵੇ ਫਲ ਲਗਿਆ, ਫਲੀਂ ਨਾ ਮੂਲੋਂ ਫੇਰ।
ਰਾਣੀ ਕੋਕਲਾਂ ਮਰ ਗਈ ਉਸ ਥਾਂ ਖੋਲੇ ਢੇਰ।

ਰਸਾਲੂ ਸਿਆਲਕੋਟ ਜਾ ਪੁੱਜਿਆ। ਉਧਰ ਹੋਡੀ ਦੇ ਭਰਾਵਾਂ ਨੇ ਸਾਰੀ ਖ਼ਬਰ ਦਾ ਪਤਾ ਕੱਢ ਕੇ ਰਸਾਲੂ ਤੋਂ ਬਦਲਾ ਲੈਣ ਲਈ ਚੜ੍ਹਾਈ ਕਰ ਦਿੱਤੀ। ਇਸ ਸਮੇਂ ਰਸਾਲੂ ਦੀ ਸੱਤਿਆ ਘਟ ਰਹੀ ਸੀ। ਹੋਡੀ ਦੇ ਭਰਾਵਾਂ ਨੇ ਰਸਾਲੂ ਨੂੰ ਕਿਲੇ ਵਿਚ ਕਈ ਦਿਨ ਘੇਰੀ ਰੱਖਿਆ। ਜੰਗ-ਮੈਦਾਨ ਵਿਚ ਹੋਡੀ ਦੇ ਭਰਾਵਾਂ ਦੀ ਫ਼ੌਜ ਦੇ ਅਨੇਕਾਂ ਜੁਆਨਾਂ ਦੇ ਸੱਥਰ ਲਾਹੁੰਦਾ ਰਸਾਲੂ ਆਪ ਵੀ ਜ਼ਖ਼ਮੀ ਹੋ ਚੁੱਕਾ ਸੀ। ਆਖ਼ਰ ਉਸ ਦੀ ਜਾਨ ਦਾ ਭੌਰ ਦੁਸ਼ਮਨ ਦੇ ਤੀਰ ਨੇ ਬਲਕਾਰ ਸਰੀਰ ਵਿੱਚੋਂ ਉਡਾ ਹੀ ਛੱਡਿਆ।

# ਗੁਰੂ, ਸੰਤ ਤੇ ਸੂਫ਼ੀ (ਰਹੱਸਵਾਦੀ)

www.PunjabiLibrary.com

# ਗੁਰੂ, ਸੰਤ ਤੇ ਸੂਫ਼ੀ (ਰਹੱਸਵਾਦੀ)

ਪੰਜਾਬ ਦੇ ਗੁਰੂਆਂ, ਸੰਤਾਂ, ਸੂਫ਼ੀਆਂ ਤੇ ਰਹੱਸਵਾਦੀ ਰੁਚੀਆਂ ਰਖਣ ਵਾਲੇ ਹੋਰ ਪੁਰਸ਼ਾਂ ਦਾ ਪੰਜਾਬੀ ਲੋਕਾਂ ਦੇ ਜੀਵਨ ਉਤੇ, ਪੰਜਾਬ ਦੇ ਇਤਿਹਾਸ ਉਤੇ, ਪੰਜਾਬੀ ਸੰਸਕ੍ਰਿਤੀ ਦੀ ਨੁਹਾਰ ਬਣਾਉਣ ਵਿਚ ਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉਸਾਰੀ ਵਿਚ ਜੋ ਪ੍ਰਭਾਵ ਪਿਆ ਹੈ ਉਹ ਅਤਿਅੰਤ ਡੂੰਘਾ, ਸਥਾਈ ਤੇ ਨਰੋਆ ਹੈ। ਬਾਰ੍ਹਵੀਂ ਤੇਰ੍ਹਵੀਂ ਸਦੀ ਦੇ ਬਾਬਾ ਫ਼ਰੀਦ ਤੋਂ ਲੈ ਕੇ ਵਰਤਮਾਨ ਕਾਲ ਦੇ ਪ੍ਰੋਫ਼ੈਸਰ ਪੂਰਨ ਸਿੰਘ ਤਕ ਪੰਜਾਬ ਦੀ ਧਰਤੀ, ਇਸ ਦੇ ਲੋਕਾਂ ਤੇ ਇਥੋਂ ਦੇ ਸਭਿਆਚਾਰ ਨੂੰ ਪ੍ਰੇਮ ਕਰਨ ਵਾਲੀਆਂ ਮਹਾਨ ਵਿਅਕਤੀਆਂ ਦੀ ਇਕ ਲੜੀ ਚਲਦੀ ਆਈ ਹੈ ਜਿਨ੍ਹਾਂ ਨੇ ਪੰਜਾਬੀ ਜੀਵਨ ਨੂੰ ਭਰਪੂਰ, ਅਮੀਰ ਤੇ ਵਿਸ਼ਾਲ ਬਣਾਉਣ ਲਈ ਬਹੁਪੱਖੀ ਜਤਨ ਕੀਤੇ। ਇਨ੍ਹਾਂ ਵਿਅਕਤੀਆਂ ਦੀ ਜੋ ਦੇਣ ਪੰਜਾਬ ਨੂੰ ਪਰਾਪਤ ਹੋਈ ਜਾਂ ਇਨ੍ਹਾਂ ਦੇ ਪ੍ਰਭਾਵ ਨੇ ਪੰਜਾਬੀ ਜੀਵਨ ਨੂੰ ਜਿਸ ਤਰ੍ਹਾਂ ਦੀ ਰੂਪ-ਰੇਖਾ ਦਿਤੀ ਉਸ ਨੂੰ ਅੱਖੋਂ ਉਹਲੇ ਕਰਕੇ ਪੰਜਾਬੀ ਸਭਿਆਚਾਰ ਦੀ ਮੁਕੰਮਲ ਤਸਵੀਰ ਬਣਾਉਣੀ ਸੰਭਵ ਨਹੀਂ। ਬਾਬਾ ਫ਼ਰੀਦ, ਗੁਰੂ ਨਾਨਕ, ਗੁਰੂ ਅਰਜਨ, ਭਾਈ ਗੁਰਦਾਸ, ਸ਼ਾਹ ਹੁਸੈਨ, ਗੁਰੂ ਗੋਬਿੰਦ ਸਿੰਘ, ਬੁਲ੍ਹੇ ਸ਼ਾਹ, ਆਦਿ ਰਹੱਸਵਾਦੀ ਵਿਅਕਤੀਆਂ ਦੇ ਜੀਵਨਾਂ, ਕਿਰਤਾਂ ਤੇ ਕਰਤੱਵਾਂ ਨੂੰ ਵਿਚਾਰ-ਗੋਚਰੇ ਕੀਤੇ ਬਗ਼ੈਰ ਨਾ ਸਿਰਫ਼ ਪੰਜਾਬੀ ਸਾਹਿਤ ਦਾ ਇਤਿਹਾਸ ਵਾਚਣਾ ਹੀ ਕਠਿਨ ਹੈ ਬਲਕਿ ਪੰਜਾਬ ਦੇ ਸਮਾਜਕ ਤੇ ਕਿਸੇ ਹਦ ਤਕ ਰਾਜਸੀ ਇਤਿਹਾਸ ਦਾ ਅਧਿਐਨ ਵੀ ਬਹੁਤ ਅਧੂਰਾ ਰਹਿ ਜਾਂਦਾ ਹੈ। ਪੰਜਾਬ ਦੀ ਹੋਣੀ ਨੂੰ ਫੈਸਲਾਕੁਨ ਤਰਗ਼ੀਬ ਦੇਣ ਵਾਲੀਆਂ ਇਨ੍ਹਾਂ ਪ੍ਰਭਾਵਸ਼ੀਲ ਸ਼ਖ਼ਸੀਅਤਾਂ ਨੇ ਆਪਣੇ ਸਮਕਾਲੀ ਲੋਕਾਂ ਦੀਆਂ ਮਨੋਬਿਰਤੀਆਂ, ਸੋਚਾਂ, ਸੁਭਾਵਾਂ ਤੇ ਆਚਰਣਾਂ ਨੂੰ ਹੀ ਨਵੀਂ ਸੇਧ ਨਹੀਂ ਦਿਤੀ ਬਲਕਿ ਇਨ੍ਹਾਂ ਦਾ ਅਸਰ ਇਨ੍ਹਾਂ ਦੇ ਸਮੇਂ ਤੋਂ ਬਹੁਤ ਬਾਅਦ ਵੀ ਜਾਰੀ ਰਿਹਾ, ਇਹ ਹੁਣ ਤਕ ਕੰਮ ਕਰ ਰਿਹਾ ਹੈ ਤੇ ਪੰਜਾਬ ਦੇ ਸਮਾਜਕ, ਸਾਹਿਤਕ ਤੇ ਸੰਸਕ੍ਰਿਤਕ ਵਿਕਾਸ ਨੂੰ ਆਉਣ ਵਾਲੇ ਸਮੇਂ ਵਿਚ ਵੀ ਕਈ ਪੱਖਾਂ ਵਿਚ ਕੀਮਤੀ ਅਗਵਾਈ ਦਿੰਦਾ ਰਹੇਗਾ। 'ਪੰਜਾਬ ਜੀਂਦਾ ਗੁਰੂ ਦੇ ਨਾਂ ਤੇ' ਕਹਿਣ ਵਾਲੇ ਸਿਆਣੇ ਪੰਜਾਬੀ* ਨੇ ਇਕ ਜੀਊਂਦੀ ਸਚਾਈ ਵਰਣਨ ਕੀਤੀ ਹੈ। ਪੰਜਾਬ ਦੀ ਆਤਮਾ ਉਤੇ ਹੋਰ ਪ੍ਰਭਾਵ ਵੀ ਪੈਂਦੇ ਰਹੇ ਹਨ ਤੇ ਪੈ ਰਹੇ ਹਨ ਪਰ ਗੁਰੂਆਂ, ਸੰਤਾਂ ਤੇ ਸੂਫ਼ੀਆਂ ਦਾ ਪ੍ਰਭਾਵ ਹਾਲੇ ਤਕ ਸਭ ਤੋਂ ਵਧ ਗੌਰਵ ਵਾਲਾ ਸਾਬਤ ਹੋਇਆ ਹੈ ਤੇ ਨਿਕਟ ਭਵਿਖਤ ਵਿਚ ਇਸਦੇ ਜੀਊਂਦੇ ਨਾ ਰਹਿਣ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ, ਬਲਕਿ ਇਸ ਪ੍ਰਭਾਵ ਨੂੰ ਪੰਜਾਬ ਦੀ ਭਵਿਖਤ ਉਸਾਰੀ ਲਈ ਇਕ ਸਾਰਥਕ ਸਾਧਨ ਬਣਾ ਕੇ ਵਰਤਣ ਦੀ ਬਹੁਤ ਗੁੰਜਾਇਸ਼ ਭਾਸਦੀ ਹੈ।

ਪੰਜਾਬੀ ਜੀਵਨ ਵਿਚ ਕਾਫ਼ੀ ਕੁਝ ਅਜੇਹਾ ਵੀ ਹੈ ਜੋ ਗੁਰੂਆਂ, ਸੰਤਾਂ ਤੇ ਸੂਫ਼ੀਆਂ ਦੀ ਦੇਣ ਨਹੀਂ। ਪੰਜਾਬੀ ਆਚਰਣ ਬਾਬਤ ਪੰਜਾਬੋਂ ਬਾਹਰ ਦੇ ਲੋਕਾਂ ਦੀ ਆਲੋਚਨਾ ਕਈ ਵਾਰੀ ਬੜੀ ਕਠੋਰ ਹੁੰਦੀ ਹੈ। ਉਸ ਨੂੰ ਸਤਹੀ ਤੇ ਇਕ-ਪੱਖੀ ਮੰਨਦੇ ਹੋਏ ਵੀ ਉਸ ਵਿਚਲੀ ਕੁਝ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬੀ ਲੋਕਾਂ ਦੇ ਆਪਣੇ ਵਿਸ਼ੇਸ਼ ਗੁਣ ਹਨ ਤੇ ਕੁਝ ਆਪਣੇ ਔਗੁਣ ਵੀ। ਜਦੋਂ ਅਸੀਂ ਪੰਜਾਬੀ ਲੋਕਾਂ ਉਤੇ ਗੁਰੂਆਂ, ਸੂਫ਼ੀਆਂ ਆਦਿ ਦੇ ਪ੍ਰਭਾਵ ਦੀ ਵਿਚਾਰ ਕਰਦੇ ਹਾਂ ਤਾਂ ਜਿਥੇ ਉਨ੍ਹਾਂ ਦੇ ਪੈਦਾ ਕੀਤੇ ਗੁਣਾਂ ਨੂੰ ਧਿਆਨ ਵਿਚ ਰਖਦੇ ਹਾਂ, ਉਥੇ ਪਜਾਬੀ ਸੁਭਾ ਦੇ ਕੁਝ ਅਜੇਹੇ ਪੱਖਾਂ ਨੂੰ ਵੀ ਅੱਖੋਂ ਉਹਲੇ ਨਹੀਂ ਕਰ ਸਕਦੇ ਜੋ ਪੁਰਾਣੇ ਸਮੇਂ ਤੋਂ ਪੰਜਾਬੀ ਫ਼ਿਤਰਤ ਦਾ ਅਗ ਚਲੇ ਆਉਂਦੇ ਸਨ ਤੇ ਹੁਣ ਤਕ ਉਸ ਵਿਚ ਮੌਜੂਦ ਹਨ। ਪੰਜਾਬ ਦੀ ਭੂਗੋਲਕ ਸਥਿਤੀ, ਨਸਲੀ ਪਿਛੋਕੜ, ਖਾਧ

*ਪ੍ਰੋਫ਼ੈਸਰ ਪੂਰਨ ਸਿੰਘ

ਖ਼ੁਰਾਕ, ਪੌਣ ਪਾਣੀ ਤੇ ਹੋਰਨਾਂ ਲੋਕਾਂ ਨਾਲ ਮੇਲ-ਜੋਲ ਨੇ ਇਥੋਂ ਦੀ ਵਸੋਂ ਨੂੰ ਜਿਸ ਸੱਚੇ ਵਿਚ ਢਾਲਿਆ ਸੀ, ਉਸ ਦੇ ਗੁਣਾਂ ਨੂੰ ਤੀਬਰ ਕਰਨ ਤੇ ਔਗੁਣਾਂ ਨੂੰ ਮੱਧਮ ਪਾਉਣ ਦਾ ਜਤਨ ਗੁਰੂਆਂ ਤੇ ਸੂਫ਼ੀਆਂ ਨੇ ਬੜੀ ਸੂਝ ਨਾਲ ਕੀਤਾ। ਆਪਣੇ ਸਮੇਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਾਸਤੇ ਉਨ੍ਹਾਂ ਨੇ ਲੋਕਾਂ ਦੇ ਆਚਰਣ ਦੇ ਖ਼ਾਸ ਖ਼ਾਸ ਅੰਗਾਂ ਨੂੰ ਉਭਾਰਿਆ ਤੇ ਉਨ੍ਹਾਂ ਤੋਂ ਇਤਿਹਾਸਕ ਰੌ ਨੂੰ ਨਵੀਆਂ ਸੇਧਾਂ ਦੇਣ ਦਾ ਪ੍ਰਯੋਜਨ ਸਿਧ ਕੀਤਾ। ਅਜੇਹੇ ਪ੍ਰਯੋਜਨ ਸਿਧ ਹੋ ਜਾਣ ਬਾਅਦ ਜਦ ਉਹ ਆਦਰਸ਼ਕ ਹੁਲਾਰਾ ਜਿਸ ਹੇਠ ਆਚਰਨ ਵਿਚ ਉਭਾਰ ਆਉਂਦਾ ਰਿਹਾ, ਮੱਠਾ ਪੈਂਦਾ ਸੀ ਤਾਂ ਆਚਰਨ ਦੇ ਉਭਰੇ ਹੋਏ ਅੰਗ ਦੁਬਾਰਾ ਸਾਧਾਰਨ ਸਤਹ ਤੇ ਆਉਣ ਦੀ ਰੁਚੀ ਰਖਦੇ ਸਨ। ਫਿਰ ਵੀ ਕੁਝ ਸਥਾਈ ਅਸਰ ਉਨ੍ਹਾਂ ਉਭਾਰਾਂ ਦਾ ਬਾਕੀ ਰਹਿ ਜਾਂਦਾ ਰਿਹਾ ਹੈ ਤੇ ਹੁਣ ਤਕ ਅਜੇਹੇ ਅਸਰਾਂ ਦੇ ਕਈ ਰੰਗ ਪੰਜਾਬੀ ਸਭਿਆਚਾਰ ਦੇ ਚਿਤਰ ਵਿਚ ਕਾਫ਼ੀ ਚਮਕ-ਦਮਕ ਨਾਲ ਦਿਸ ਰਹੇ ਹਨ। ਪਰਮਾਣ ਵਜੋਂ ਗੁਰੂਆਂ ਤੇ ਸੂਫ਼ੀਆਂ ਨੇ ਲਗਾਤਾਰ ਪਰੇਰਨਾ ਦਿਤੀ ਕਿ ਪੰਜਾਬ ਵਿਚ ਵਸਣ ਵਾਲੇ ਵਖੋ ਵੱਖ ਮਜ਼ਹਬਾਂ ਦੇ ਪੈਰੋਕਾਰ ਆਪਣੇ ਅਸਲ ਹਿਤਾਂ ਦੀ ਸਾਂਝ ਨੂੰ ਮੁਖ ਰਖਦੇ ਹੋਏ, ਪਰਸਪਰ ਵੈਰ-ਵਿਰੋਧਾਂ ਤੋਂ ਉਤਾਂਹ ਉਠਣ ਤੇ ਰਲ-ਮਿਲ ਕੇ ਅਮਨ ਨਾਲ ਜੀਉਣ। ਮਨੁਖੀ ਜੀਵਨ ਦੇ ਵਧ ਤੋਂ ਵਧ ਖੇਤਰਾਂ ਵਿਚ ਅਮਨ ਦੀ ਅੰਸ਼ ਦਾ ਪਰਵੇਸ਼ ਕਰਾਉਣਾ ਅਤੇ ਹਿੰਸਾ, ਨਫ਼ਰਤ, ਅਭਿਮਾਨ ਆਦਿਕ ਬਿਰਤੀਆਂ ਨੂੰ ਮਨੁਖੀ ਰਿਸ਼ਤਿਆਂ ਵਿੱਚੋਂ ਘਟਾਉਂਦੇ ਜਾਣਾ, ਹਰ ਉਤਮ ਰਹੱਸਵਾਦੀ ਦਾ ਜਤਨ ਹੁੰਦਾ ਹੈ। ਇਹ ਪਰਤੱਖ ਹੈ ਕਿ ਅਮਨ ਅਤੇ ਸਹਿਨਸ਼ੀਲਤਾ ਦੇ ਗੁਣ ਨੂੰ ਪੰਜਾਬੀ ਲੋਕਾਂ ਨੇ ਹਾਲੇ ਤਕ ਆਪਣੇ ਆਚਰਣ ਦਾ ਸਥਾਈ ਭਾਗ ਨਹੀਂ ਬਣਾਇਆ, ਫਿਰ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਗੁਰੂਆਂ ਤੇ ਸੂਫ਼ੀਆਂ ਦੇ ਇਸ ਸੰਬੰਧ ਵਿਚ ਕੀਤੇ ਜਤਨਾਂ ਦੀ ਸਾਰਥਕਤਾ ਮੁੱਕ ਚੁਕੀ ਹੈ। ਪੰਜਾਬੀ ਆਚਰਨ ਦੇ ਖ਼ਮੀਰ ਵਿਚ ਅਮਨ ਤੇ ਰਵਾਦਾਰੀ ਦਾ ਜੋ ਅੰਸ਼ ਇਥੋਂ ਦੇ ਰਹੱਸਵਾਦੀਆਂ ਨੇ ਬੜੀ ਮਿਹਨਤ ਤੇ ਸੂਝ ਨਾਲ ਰਲਾਇਆ ਸੀ ਉਸ ਦਾ ਫਲ ਕਈ ਰੂਪਾਂ ਵਿਚ ਹਾਲੇ ਵੀ ਪਰਗਟ ਹੁੰਦਾ ਰਹਿੰਦਾ ਹੈ। ਪੰਜਾਬੀ ਜੀਵਨ ਦੀਆਂ ਅੰਦਰਲੀਆਂ ਤੈਹਾਂ ਵਿਚ ਅਮਨ ਦੀ ਇਕ ਡੂੰਘੀ ਧੂਹ ਪਿਛਲੀਆਂ ਕਈ ਸਦੀਆਂ ਤੋਂ ਤੁਰੀ ਆਉਂਦੀ ਹੈ, ਜਿਸ ਤੋਂ ਮੂੰਹ ਫੇਰਨ ਵਾਲੇ ਲੋਕ ਜਦ ਅਮਨ ਤੇ ਰਵਾਦਾਰੀ ਦੇ ਆਦਰਸ਼ਾਂ ਨੂੰ ਵਿਸਾਰ ਕੇ ਨਫ਼ਰਤ, ਕਠੋਰਤਾ ਤੇ ਤਸ਼ੱਦਦ ਦੇ ਰਾਹ ਉਤੇ ਚਲਦੇ ਹਨ ਤਾਂ ਕੁਝ ਦੇਰ ਬਾਅਦ ਆਪ ਹੀ ਆਪਣੇ ਕੁਕਰਮਾਂ ਉਤੇ ਸ਼ਰਮ ਜਿਹੀ ਮਹਿਸੂਸ ਕਰਦੇ ਜਾਪਦੇ ਹਨ ਤੇ ਫਿਰ ਮੇਲ ਮਿਲਾਪ, ਮਿਤਰਤਾ ਤੇ ਨਰੋਏ ਮਨੁਖੀ ਵਤੀਰੇ ਲਈ ਸਹਿਕਣ ਲਗ ਪੈਂਦੇ ਹਨ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪੰਜ ਦਰਿਆਵਾਂ ਦੇ ਦੇਸ ਦੀ ਸਮੁੱਚੀ ਵਸੋਂ ਦਾ ਕੁਝ ਭਾਗ ਸਦੀਆਂ ਦੇ ਤਅੱਸਬਾਂ ਨੂੰ ਦਿਲ ਅੰਦਰ ਘੁਟ ਕੇ ਪਕੀ ਤਰ੍ਹਾਂ ਫੜੀ ਰਖਦਾ ਹੈ ਤੇ ਕਦੇ ਕਦੇ ਆਮ ਲੁਕਾਈ ਨੂੰ ਵੀ ਆਪਣੇ ਤਅੱਸਬਾਂ ਦੀ ਵਲਗਣ ਵਿਚ ਲਪੇਟ ਕੇ ਪੰਜਾਬ ਦੇ ਅਮਨ ਨੂੰ ਚਕਨਾਚੂਰ ਕਰ ਦੇਂਦਾ ਹੈ ਪਰ ਅਜੇਹੇ ਅੰਸ਼ਰ ਦਾ ਮੁਕਾਬਲਾ ਕਰਨ ਵਾਲਾ ਉਤਮ ਅੰਸ਼ਰ ਵੀ ਪੰਜਾਬ ਦੀ ਵਸੋਂ ਵਿਚੋਂ ਸਦਾ ਉਭਰਦਾ, ਤੇ ਆਮ ਲੁਕਾਈ ਨੂੰ ਅਮਨ ਅਤੇ ਸ਼ਾਂਤੀ ਦੇ ਆਦਰਸ਼ਾਂ ਦੀ ਚੇਤਾਵਨੀ ਕਰਾਉਂਦਾ ਰਹਿੰਦਾ ਹੈ। ਅਜੇਹਾ ਮਨੁਖਵਾਦੀ ਅੰਸ਼ਰ ਪੰਜਾਬੀ ਜਨਤਾ ਦੀ ਅਮਨ ਦੀ ਰੀਝ ਵਿਚ ਡੂੰਘਾ ਵਿਸ਼ਵਾਸ ਰਖਦਾ ਰਿਹਾ ਹੈ ਤੇ ਅਮਨ-ਸਥਾਪਤੀ ਦੇ ਯਤਨਾਂ ਵਿਚ ਪੰਜਾਬ ਗੁਰੂਆਂ ਤੇ ਸੂਫ਼ੀਆਂ ਦੇ ਨਾਵਾਂ ਨੂੰ ਸਦਾ ਵਰਤਦਾ ਰਿਹਾ ਹੈ, ਤੇ ਹੁਣ ਤਕ ਵਰਤ ਰਿਹਾ ਹੈ। ਦਰਅਸਲ ਦੁਨੀਆਂ ਭਰ ਦੇ ਉਤਮ ਰਹੱਸਵਾਦੀਆਂ ਦੇ ਨਾਵਾਂ ਨਾਲ ਅਮਨ ਦੇ ਭਾਵ ਅਜੇਹੀ ਡੂੰਘੀ ਤਰ੍ਹਾਂ ਸੰਬੰਧਤ ਹੋ ਚੁਕੇ ਹਨ ਕਿ ਅਮਨ ਦੀ ਲੋੜ ਨੂੰ ਸੱਚੇ ਦਿਲੋਂ ਮਹਿਸੂਸ ਕਰਨ ਵਾਲੇ ਹਰੇਕ ਮਨੁਖ-ਦਰਦੀ ਨੂੰ ਉਨ੍ਹਾਂ ਦੀ ਯਾਦ ਅਵੱਸ਼ ਆਉਂਦੀ ਹੈ। ਪੰਜਾਬੀ ਰਹੱਸਵਾਦੀਆਂ ਦੇ ਜੀਵਨਾਂ ਤੇ ਲਿਖਤਾਂ ਵਿੱਚੋਂ ਲੋਕ-ਹਿਤੈਸ਼ੀ ਨੇਤਾਵਾਂ ਨੂੰ ਬੇਅੰਤ ਐਸਾ ਮਸਾਲਾ ਮਿਲ ਜਾਂਦਾ ਹੈ, ਜਿਸ ਦੀ ਅਪੀਲ ਪੰਜਾਬੀ ਜਨਤਾ ਦੇ ਮਨਾਂ ਲਈ, ਅਮਨ ਸਥਾਪਤੀ ਦੇ ਜਤਨਾਂ ਵੇਲੇ , ਕਾਰਗਰ ਸਾਬਤ ਹੋ ਸਕਦੀ ਹੈ। ਗੁਰੂ ਤੇ ਸੂਫ਼ੀ ਆਪਣੇ ਸਮੇਂ ਦੇ ਕੱਟਰਪੰਥੀ ਲੋਕਾਂ ਦਾ, ਜਿਨ੍ਹਾਂ ਦਾ ਕਰਤੱਵ ਜਨਤਾ ਵਿਚ ਖਿੱਚੋਤਾਣ ਵਧਾ ਕੇ ਅਮਨ ਨੂੰ ਡੁਲਾਉਣਾ ਹੁੰਦਾ ਸੀ, ਅਜੇਹੇ ਜ਼ੋਰ ਤੇ ਦਲੇਰੀ ਨਾਲ ਖੰਡਨ ਕਰਦੇ ਰਹੇ ਹਨ ਕਿ ਅੱਜ ਦੇ ਕੱਟਰਪੰਥੀਆਂ ਦੀ ਨਿਖੇਧੀ ਕਰਨ ਵਾਸਤੇ ਉਨ੍ਹਾਂ ਨੂੰ ਗੁਰੂਆਂ ਤੇ ਸੂਫ਼ੀਆਂ ਦੀ

ਗੁਰੂਨਾਨਕ ਦੇ ਸਾਹਿਤ ਵਿਚੋਂ ਉਨ੍ਹਾਂ ਦੇ ਜੀਵਨ ਦੀ ਏਕਤਾ ਦਾ ਅਨੁਭਵ ਬਹੁਤ ਵਿਸ਼ਾਲ* ਸਹੀ ਹੁੰਦਾ ਹੈ ਤੇ ਇਤਿਹਾਸ ਵਿੱਚੋਂ ਉਨ੍ਹਾਂ ਦਾ ਜੀਵਨ ਵੀ ਮਨੁੱਖੀ ਏਕਤਾ ਤੇ ਆਦਰਸ਼ਾਂ ਦੀ ਸੇਵਾ ਵਿਚ ਅਰਪਣ ਰਿਹਾ ਸਾਬਤ ਹੁੰਦਾ ਹੈ। ਫ਼ਰੀਦ ਦਾ ਸਾਹਿਤ ਮਨੁਖੀ ਏਕਤਾ† ਦੇ ਭਾਵਾਂ ਦੀ ਕੁਝ ਝਲਕ ਮਾਰਦਾ ਹੈ ਜੋ ਬੁੱਲ੍ਹੇਸ਼ਾਹ ਦੇ ਸਾਹਿਤ ਵਿਚ ਇਹ ਭਾਵ ਵਧੇਰੇ ਪ੍ਰਪੱਕ ਹੋ ਜਾਂਦੇ ਹਨ। ਰਹੱਸਵਾਦੀ ਅਨੁਭਵ ਦੀ ਰੁਚੀ ਸਦਾ ਵਿਸ਼ਵਾਰਥੀ ਦ੍ਰਿਸ਼ਟੀ ਪੈਦਾ ਕਰਨਾ ਤੇ ਤੇਜ਼ ਕਰਨਾ ਰਹੀ ਹੈ। ਦੁਨੀਆਂ ਭਰ ਦਾ ਵਧੀਆ ਰਹੱਸਵਾਦੀ ਸਾਹਿਤ ਵਧ ਜਾਂ ਘਟ ਮਾਤਰਾ ਵਿਚ ਇਸ ਰੁਚੀ ਦਾ ਲਖਾਇਕ ਹੈ ਤੇ ਇਸੇ ਰੁਚੀ ਦੇ ਆਧਾਰ ਉੱਤੇ ਅਮਨ ਦੇ ਹਿਤਾਂ ਦੀ ਪਾਲਣਾ ਕਰਦਾ ਰਿਹਾ ਹੈ।

ਜ਼ਿੰਦਗੀ ਦੀ ਏਕਤਾ ਦਾ ਅਨੁਭਵ ਰਹੱਸਵਾਦੀਆਂ ਵਿਚ ਇਕ ਪਾਸੇ ਭਾਵਾਂ ਦੀ ਪੱਧਰ ਉੱਤੇ ਪ੍ਰੇਮ ਤੇ ਵਿਸਮਾਦ ਦੇ ਵਲਵਲੇ ਪੈਦਾ ਕਰਦਾ ਹੈ ਤੇ ਦੂਸਰੇ ਪਾਸੇ ਬੁਧੀ ਦੀ ਪੱਧਰ ਉੱਤੇ ਇਕ ਮਹਾਨ ਵਿਸ਼ਵਾਰਥੀ ਇੱਛਾ ਦੀ ਹੋਂਦ ਦਾ ਵਿਚਾਰ ਉਤਪੰਨ ਕਰਦਾ ਹੈ। ਰਹੱਸਵਾਦੀ ਏਕਤਾ ਦਾ ਇਹ ਰੂਪ ਇਸ ਦੀ ਵਿਲੱਖਣਤਾ ਹੈ। ਜਦ ਰਹੱਸਵਾਦੀ ਕੁਦਰਤ ਦੀਆਂ ਸਭ ਵਸਤਾਂ ਤੇ ਘਟਨਾਵਾਂ ਤੇ ਮਨੁੱਖਾਂ ਦੀਆਂ ਸਭ ਸ਼੍ਰੇਣੀਆਂ ਤੇ ਵੰਨਗੀਆਂ ਨੂੰ ਇਕੋ ਲੜੀ ਵਿਚ ਪ੍ਰੋਤਾ ਮਹਿਸੂਸ ਕਰਦਾ ਹੈ ਤਾਂ ਉਸ ਦੀ ਚੇਤਨਤਾ ਵਿਚ ਇਕ ਐਸੀ ਇੱਛਾ ਦਾ ਸੰਕਲਪ ਜਾਗਦਾ ਹੈ ਜੋ ਸਾਰੀ ਸ੍ਰਿਸ਼ਟੀ ਵਿਚ ਨਾ ਕੇਵਲ ਵਿਆਪਕ ਹੈ ਬਲਕਿ ਇਸ ਦੇ ਹਰ ਭਾਗ ਨੂੰ ਆਪਣੇ ਮੰਤਵਾਂ ਅਨੁਸਾਰ ਸੂਤਰ ਵਾਂਙ ਚਲਾ ਰਹੀ ਹੈ। ਕੁਦਰਤ ਦਾ ਸਰਬਤਰ ਵਿਕਾਸ ਤੇ ਮਨੁਖਤਾ ਦਾ ਸਮੁੱਚਾ ਇਤਿਹਾਸ ਇਸ ਮਹਾਨ ਇੱਛਾ ਦਾ ਅਮਲ ਨਜ਼ਰ ਆਉਂਦਾ ਹੈ। ਸਾਦਾ ਜੀਵਨ ਇਸ ਇੱਛਾ ਨਾਲ ਐਸੀ ਅਨੁਕੂਲਤਾ ਸਵੀਕਾਰ ਕਰਦਾ ਪਰਤੀਤ ਹੁੰਦਾ ਹੈ ਕਿ ਇਸ ਦੇ ਕਿਸੇ ਭਾਗ ਦਾ ਬਾਕੀ ਭਾਗਾਂ ਤੋਂ ਸੁਤੰਤਰ ਰਾਹ ਅਖ਼ਤਿਆਰ ਕਰਨਾ ਸੰਭਵ ਨਹੀਂ ਲਗਦਾ। ਸਭ ਭਾਗਾਂ ਦੀ ਪਰਸਪਰ ਇਕ-ਸੁਰਤਾ, ਇਕੋ ਇੱਛਾ ਦੇ ਮੰਤਵਾਂ ਨੂੰ ਪਰਫੁਲਤ ਕਰਦੀ ਹੋਈ, ਇਕ ਐਸਾ ਸੁਹਜਾਤਮਕ ਪ੍ਰਭਾਵ ਪੈਦਾ ਕਰਦੀ ਹੈ ਜਿਹੋ ਜਿਹਾ ਆਰਕੈਸਟਰਾ ਮਾਸਟਰ ਦੀਆਂ ਹਦਾਇਤਾਂ ਅਨੁਸਾਰ, ਵਖ ਵਖ ਸਾਜ਼ਾਂ ਵਿੱਚੋਂ ਉਪਜ ਰਹੀਆਂ ਦੁਨੀਆਂ ਦੇ ਇਕਸੁਰ ਹੋਏ, ਸੰਗੀਤ ਵਿੱਚੋਂ ਉਤਪੰਨ ਹੁੰਦਾ ਹੈ।

ਰਹੱਸਵਾਦੀ ਏਕਤਾ ਦਾ ਸਿਧਾਂਤ ਇੱਛਾ ਦੇ ਵਿਚਾਰ ਉੱਤੇ ਅਧਾਰਤ ਹੋਣ ਕਰ ਕੇ ਪਦਾਰਥਵਾਦੀ ਏਕਤਾ ਦੇ ਸਿਧਾਂਤ ਤੋਂ ਜੋ ਸੁਤੰਤਰ ਨਿਯਮ ਦੇ ਸੰਕਲਪ ਉੱਤੇ ਅਧਾਰਤ ਹੈ, ਰਾਹ-ਨਿਖੇੜ ਕਰ ਲੈਂਦਾ ਹੈ। ਰਹੱਸਵਾਦੀ ਏਕਤਾ ਦਾ ਅਨੁਭਵ ਜ਼ਿੰਦਗੀ ਦੇ ਬੁਨਿਆਦੀ ਤੱਤ ਨੂੰ ਮਾਨਸਕ ਰੂਪ ਵਿਚ ਮਹਿਸੂਸ ਕਰਵਾਉਂਦਾ ਹੈ ਜਾਂ ਦੂਸਰੇ ਸ਼ਬਦਾਂ ਵਿਚ ਸਾਰੀ ਸ੍ਰਿਸ਼ਟੀ ਪਿੱਛੇ ਕਿਸੇ ਮਹਾਨ ਮਨ ਦੀ ਹੋਂਦ ਦਾ ਗਿਆਨ ਦੇਂਦਾ ਹੈ। ਇਸ ਮਹਾਨ ਮਨ ਦੀ ਹੋਂਦ ਦਾ ਗਿਆਨ ਰਹੱਸਵਾਦੀ ਜੀਵਨ ਦੀ ਸਭ ਤੋਂ ਪ੍ਰਿਥਮ ਮਹੱਤਵਪੂਰਨ ਘਟਨਾ ਹੁੰਦੀ ਹੈ। ਇਸ ਮਨ ਦੀ ਇੱਛਾ ਦੇ ਵਿਆਪਕ ਵਰਤਾਰੇ ਦਾ ਗਿਆਨ ਰਹੱਸਵਾਦੀ ਜੀਵਨ ਦੇ ਵਿਕਾਸ ਦਾ ਇਕ ਹੋਰ ਵਿਸ਼ੇਸ਼ ਪੜਾ ਹੁੰਦਾ ਹੈ। ਰਹੱਸਵਾਦੀ ਆਪਣੀ ਇੱਛਾ ਨੂੰ ਪਹਿਲੋਂ ਇਸ ਇੱਛਾ ਦੇ ਰੂਬਰੂ ਤੁਛ ਮਹਿਸੂਸ਼ ਕਰਦਾ ਹੈ, ਪਰ ਬਾਅਦ ਵਿਚ ਉਸ ਨੂੰ ਇਸ ਦਾ ਹੀ ਇਕ ਅੰਗ ਮੰਨਦਾ ਹੈ। ਉਸਦੀਆਂ ਆਪਣੀਆਂ ਇੱਛਾਵਾਂ ਵਿਸ਼ਵਾਰਥੀ ਇੱਛਾ ਦੇ ਸਮੁੱਚੇ ਡੀਜ਼ਾਈਨ ਅਧੀਨ ਪੈਦਾ ਹੁੰਦੀਆਂ ਤੇ ਅਮਲ ਵਿਚ ਆਉਂਦੀਆਂ ਪਰਤਖ ਹੋ ਜਾਂਦੀਆਂ ਹਨ। ਜਦ ਤਕ ਰਹੱਸਵਾਦੀ ਨੂੰ ਇਸ ਅਖ਼ੀਰਲੇ ਗਿਆਨ ਜਾਂ ਪਰਤੀਤੀ ਦੀ ਪਰਾਪਤੀ ਨਹੀਂ ਹੋ ਜਾਂਦੀ, ਉਸ ਦਾ ਜੀਵਨ ਅਸੰਤੁਸ਼ਟਤਾ,

* ਗੁਰੂ ਨਾਨਕ ਦੇ ਜਪੁਜੀ ਵਿਚ ਧਰਤੀ, ਆਕਾਸ਼, ਖੰਡਾਂ, ਬ੍ਰਹਿਮੰਡਾਂ, ਖਾਣੀਆਂ, ਬਾਣੀਆਂ, ਜਿਨਸਾਂ,ਆਦਿ ਸਭ ਦੇ ਇਕ ਲੜੀ ਵਿਚ ਪ੍ਰੋਤੇ ਹੋਣ ਦਾ ਬੜਾ ਪ੍ਰਭਾਵ-ਸ਼ਾਲੀ ਵਰਣਨ ਹੈ।

† ਫ਼ਰੀਦ-ਬਾਣੀ ਵਿਚ ਸ੍ਰਿਸ਼ਟੀ ਦੀ ਏਕਤਾ ਦਾ ਵਰਣਨ ਨਹੀਂ, ਪਰ ਮਨੁਖੀ ਦਿਲਾਂ ਦੀ ਏਕਤਾ ਦਾ ਵਿਚਾਰ ਮੌਜੂਦ ਹੈ, ਜਿਵੇਂ, 'ਸਭਨਾਂ ਮਨ ਮਾਣਿਕ' ਆਦਿ ਵਿਚ।



੧. ਗੁਰੂ ਨਾਨਕ ਦੇਵ




੨. ਗੁਰੂ ਅੰਗਦ ਦੇਵ



੩. ਗੁਰੂ ਅਮਰਦਾਸ



੪. ਗੁਰੂ ਰਾਮਦਾਸ



੫. ਗੁਰੂ ਅਰਜਨ ਦੇਵ



੬. ਗੁਰੂ ਹਰਿਗੋਬਿੰਦ ਸਾਹਿਬ



੭. ਗੁਰੂ ਹਰਿਰਾਇ ਸਾਹਿਬ



੮. ਗੁਰੂ ਹਰਿਕ੍ਰਿਸ਼ਨ ਸਾਹਿਬ



੯. ਗੁਰੂ ਤੇਗ ਬਹਾਦਰ



੧੦. ਗੁਰੂ ਗੋਬਿੰਦ ਸਿੰਘ


## ਕਾਂਗੜੇ ਦੇ ਚਿੱਤਰਕਾਰਾਂ ਦੀਆਂ ਬਣਾਈਆਂ ਹੋਈਆਂ ਦਸਾਂ ਗੁਰੂਆਂ ਦੀਆਂ ਤਸਵੀਰਾਂ

੧. ਪੰਜਾਬ ਮਿਊਜ਼ੀਅਮ

੨, ੩, ੪, ਰਾਜਾ ਧ੍ਰੁਵ ਦੇਵ ਚੰਦ, ਲੰਬਾ ਗ੍ਰਾਉਂ ਦੇ ਸੰਗ੍ਰਹਿ ਵਿਚੋਂ

੫, ੬, ੭, ੮, ੯, ੧੦, ਸਰਦਾਰ ਬਹਾਦਰ ਮੋਹਨ ਸਿੰਘ ਦੇ ਸੰਗ੍ਰਹਿ ਵਿਚੋਂ ਇਹ ਚਿੱਤਰ ਗੁਲੇਰ ਦੇ ਚਿੱਤਰਕਾਰਾਂ ਦੇ ਬਣਾਏ ਹੋਏ ਹਨ।

[ ਸਨ ੧੯੩੦ ]



ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰ ਦਾਸ ਜੀ, ਦੇ ਕੰਧ ਚਿਤਰ ਗੁ: ਖਡੂਰ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਚਿਤਰੇ ਗਏ । [ਸਿੰਨ ੧੯੩੫]




ਗੁਰੂ ਅਮਰਦਾਸ ਜੀ ਉਪਰਲੇ ਚਿਤਰ ਦੇ ਇਕ ਭਾਗ ਦਾ ਵਿਸਤਾਰ । ਇਹ ਚਿਤਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਾਂਗੜੇ ਦੇ ਦਿਤਰਕਾਰਾਂ ਨੇ ਬਣਾਇਆ ।



ਗੁਰੂ ਗੋਬਿਦ ਸਿੰਘ ਜੀ
[ ਮਹਾਰਾਜਾ ਟੇਹਰੀ ਗੜ੍ਹਵਾਲ ਦੇ ਸੰਗ੍ਰਹਿ ਵਿਚੋਂ ]




ਖਡੂਰ ਸਾਹਿਬ ਦੇ ਗੁਰਦੁਆਰੇ ਦੀਆਂ ਕੰਧਾਂ ਦੇ ਨਵੀਨ ਚਿਤਰਾਂ ਦਾ ਇਕ ਨਮੂਨਾ ਗੁਰੂ ਨਾਨਕ ਦੇ ਹੁਕਮ ਨਾਲ ਕਿੱਕਰ ਤੋਂ ਮਠਿਆਈ ਝਾੜਨ ਦੇ ਪ੍ਰਸੰਗ ਦਾ ਚਿਤਰ।




ਗੁਰਦੁਆਰਾ ਖਡੂਰ ਸਾਹਿਬ ਦੀ ਛੱਤ ਦੀਂ ਚਿਤਰਕਾਰੀ

[ ੧੯੧੦ ]




ਬਾਬਾ ਅਟੱਲ ਆਪਣੇ ਮੋਏ ਸਾਥੀ ਤੋਂ ਮੀਟੀ ਲੈਣ ਲਈ ਉਸ ਨੂੰ ਮੁੜ ਸੁਰਜੀਤ ਕਰ ਰਹੇ ਹਨ ।



ਬਾਬਾ ਅਟੱਲ ਦੇ ਗੁਰਦੁਆਰੇ ਵਿਚ ਚਿਤਰੀ ਮੁਕਤਸਰ ਦੀ ਲੜਾਈ ਦਾ ਇਕ ਦ੍ਰਿਸ਼ । [੧੯੫੦]




ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਚਿਤਰ ।



ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੇ ਨਾਲ ਲਗਦੇ ਬ੍ਰਹਮ ਬੂਟੇ ਵਿਚ ਦੇਵੀ ਦਾ ਇਕ ਚਿਤਰ ।


ਗੁਰੂ ਸਾਹਿਬਾਂ ਦੀਆਂ ਨਿਸ਼ਾਨੀਆਂ




ਗੁਰੂ ਨਾਨਕ ਦੇਵ ਜੀ ਦੀ ਸੇਲੀ, ਟੋਪੀ ਅਤੇ ਗੁਦੜੀ — ਕਰਤਾਰਪੁਰ



ਕਰਤਾਰਪੁਰ ਵਾਲੇ ਆਦਿ
ਗ੍ਰੰਥ ਵਿਚੋਂ ਮਿਲਿਆ ਗੁਰੂ
ਹਰਿਗੋਬਿੰਦ ਜੀ ਦਾ ਚਿਤਰ




ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਤਲਵਾਰ — ਕਰਤਾਰਪੁਰ




ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਤੇ ਬੰਦੂਕ – ਕੇਸਗੜ੍ਹ ਸਾਹਿਬ




ਗੁਟਕਾ ਭਾਈ ਗੁਰਦਾਸ ਜੀ




ਛੇਵੇਂ ਗੁਰੂ ਜੀ ਦਾ ਹੁਕਮਨਾਮਾ




ਨੌਵੇਂ ਗੁਰੂ ਜੀ ਦਾ ਹੁਕਮਨਾਮਾ




ਸਤਵੇਂ ਗੁਰੂ ਜੀ ਦਾ ਨੀਸਾਣੁ


ੴ ਸਤਿਗੁਰ ਜੀਓ

ਦਸਵੇਂ ਗੁਰੂ ਜੀ ਦਾ ਹੁਕਮਨਾਮਾ


੧ੴ ਸਤਿਗੁਰੂ ਜੀਉ

ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਸ੍ਰੀ ਮਾਤਾ ਸਾਹਬ ਦੇਵੀ ਜੀਉ

ਸੰਮਤ ੧੭੮੨ ਅਸੂ ਵਦੀ ੧੦ ਸਤਰਾ ੧੧

ਮਾਤਾ ਸਾਹਿਬ ਕੌਰ ਜੀ ਦਾ ਹੁਕਮਨਾਮਾ

ਬਿਹਬਲਤਾ ਤੇ ਤਾਂਘ ਨਾਲ ਭਰਿਆ ਰਹਿੰਦਾ ਹੈ। ਵਿਸ਼ਵਾਰਥੀ ਇੱਛਾ ਨਾਲ ਆਪਣੀ ਸੰਪੂਰਨ ਇਕਸੁਰਤਾ ਰਹੱਸਵਾਦੀ ਜੀਵਨ ਦਾ ਅੰਤਮ ਨਿਸ਼ਾਨਾ ਤੇ ਮਨੋਰਥ ਹੁੰਦਾ ਹੈ ਤੇ ਇਸੇ ਇਕਸੁਰਤਾ ਵਿੱਚੋਂ ਜ਼ਿੰਦਗੀ ਦੀ ਏਕਤਾ ਦਾ ਅਹਿਸਾਸ ਪੈਦਾ ਹੁੰਦਾ ਹੈ ਜਿਸ ਨਾਲ ਕਦੇ ਪ੍ਰੇਮ ਦੇ ਤੇ ਕਦੇ ਵਿਸਮਾਦ ਦੇ ਭਾਵ ਸੰਬੰਧਤ ਹੁੰਦੇ ਹਨ। ਗੁਰੂਆਂ ਤੇ ਸੂਫ਼ੀਆਂ ਦੇ ਜੀਵਨ ਅੰਦਰਲੇ ਟਿਕਾ, ਅਮਨ ਤੇ ਇਕਾਗਰਤਾ ਦੀ ਅਸਲ ਬੁਨਿਆਦ ਇਹ ਇਕਸੁਰਤਾ ਸੀ ਜਿਸ ਨੇ ਉਨ੍ਹਾਂ ਦੀਆਂ ਸ਼ਖ਼ਸ਼ੀਅਤਾਂ ਨੂੰ ਇੰਨਾ ਪ੍ਰਭਾਵਸ਼ਾਲੀ ਬਣਾਇਆ। ਗੁਰੂ ਨਾਨਕ ਦੇ ਜਪੁਜੀ ਵਿਚ ਹੁਕਮ ਦੇ ਸਿਧਾਂਤ ਨੂੰ ਜੋ ਪਰਧਾਨਤਾ ਮਿਲੀ ਹੈ, ਉਹ ਰਹੱਸਵਾਦੀ ਜੀਵਨ ਵਿਚ ਵਿਸ਼ਵਾਰਥੀ ਇੱਛਾ ਨਾਲ ਇਕਸੁਰ ਹੋਣ ਦੀ ਮਹੱਤਤਾ ਨੂੰ ਮੁਖ ਰੱਖ ਕੇ ਹੀ ਦਿਤੀ ਗਈ ਲਗਦੀ ਹੈ। ਬਾਕੀ ਗੁਰੂਆਂ ਸਭ ਸੂਫ਼ੀਆਂ ਤੇ ਸੰਤਾਂ ਦੇ ਜੀਵਨ ਦੀ ਸਭ ਤੋਂ ਡੂੰਘੀ ਹੂਕ ਰਜ਼ਾ ਦਾ ਜੀਵਨ ਜੀਉ ਸਕਣ ਦੀ ਲੋਚਾ ਸੀ ਤੇ ਇਸ ਲੋਚਾ ਨੇ ਹੀ ਪੰਜਾਬੀ ਸਾਹਿਤ ਦਾ ਸਭ ਤੋਂ ਸੁੰਦਰ ਭਾਗ ਉਤਪੰਨ ਕੀਤਾ। ਪ੍ਰੇਮ-ਸੰਕੇਤਾਂ ਦੇ ਰੂਪ ਵਿਚ ਇਹ ਲੋਚਾ ਰੱਬ ਦੇ ਦੀਦਾਰ ਜਾਂ ਉਸ ਨਾਲ ਅਭੇਦਤਾ ਦੀ ਤਾਂਘ ਬਣ ਜਾਂਦੀ ਹੈ। ਜੇ ਇਸ ਸੰਬੰਧ ਨੂੰ ਹੋਰ ਸਪਸ਼ਟ ਕਰਨਾ ਹੋਵੇ ਤਾਂ ਕਹਾਂਗੇ ਕਿ ਜਿਸ ਅਵਸਥਾ ਨੂੰ ਰੱਬ ਦਾ ਮਿਲਾਪ ਕਿਹਾ ਜਾਂਦਾ ਹੈ ਉਹ ਮੰਜ਼ਲ ਉੱਤੇ ਪੁਜ ਕੇ ਪੰਧ ਦੇ ਖ਼ਤਮ ਹੋ ਜਾਣ ਵਾਂਙ ਕੋਈ ਬੇਹਰਕਤ ਜਾਂ ਕਿਰਿਆਹੀਨ ਅਵਸਥਾ ਨਹੀਂ ਸਗੋਂ ਘੜੀ ਦੇ ਛੋਟੇ ਚੱਕਰ ਦੇ ਵੱਡੇ ਚੱਕਰ ਦੀ ਹਰਕਤ ਨਾਲ ਇਕਸੁਰ ਹੋ ਕੇ ਚਲਣ ਦੀ ਅਵਸਥਾ ਵਾਂਙ ਇਕ ਗਤੀ-ਸ਼ੀਲ ਕਿਰਿਆ-ਪੂਰਤ ਤੇ ਜ਼ਿੰਦਗੀ-ਭਰਪੂਰ ਅਵਸਥਾ ਹੈ, ਜਿਸ ਵਿੱਚੋਂ ਰੜਕਾਂ, ਠੋਕਰਾਂ ਤੇ ਉਧੜ-ਚਿਤੀਆਂ ਖ਼ਤਮ ਹੋ ਕੇ ਇਕ ਲੈਅ, ਸਾਵਾਂਪਣ ਤੇ ਟਿਕਾ ਆ ਚੁਕਾ ਹੈ।

ਗੁਰੂਆਂ ਤੇ ਸੂਫ਼ੀਆਂ ਦੀ ਸਾਹਿਤ-ਰਚਨਾ ਦਾ ਅਸਲ ਮੰਤਵ ਹੋਰਨਾਂ ਮਨੁਖਾਂ ਵਿਚ ਵਿਸ਼ਵਾਰਥੀ ਇੱਛਾ ਨਾਲ ਇਕਸੁਰਤਾ ਦੀ ਚੇਤਨਤਾ ਜਾਂ ਤਾਂਘ ਪੈਦਾ ਕਰਨਾ ਸੀ। ਉਨ੍ਹਾਂ ਦੀ ਕਸੌਟੀ ਅਨੁਸਾਰ ਵਧੀਆ ਮਨੁੱਖ ਉਹ ਹੈ ਜਿਸ ਵਿਚ ਅਜੇਹੀ ਚੇਤਨਤਾ ਵਧ ਰਹੀ ਹੈ ਤੇ ਜਿਸ ਮਨੁਖ ਦੀ ਚੇਤਨਤਾ ਵਿਸ਼ਵਾਰਥੀ ਇੱਛਾ ਦੀ ਬਜਾਏ ਆਪਣੀ ਨਿੱਜੀ, ਇਕਾਂਕੀ ਤੇ ਸੀਮਤ ਇੱਛਾ ਨੂੰ ਜੀਵਨ ਦਾ ਕੇਂਦਰ ਤਸੱਵਰ ਕਰਦੀ ਹੈ ਉਹ ਵਧੀਆ ਨਹੀਂ। ਗੁਰੂ ਨਾਨਕ ਦੇ ਵੀਚਾਰ ਵਿਚ 'ਹੁਕਮ' ਤੇ 'ਹਉਮੈ' ਚੰਗਿਆਈ ਤੇ ਬੁਰਿਆਈ ਦੀਆਂ ਪੱਕੀਆਂ ਕਸੌਟੀਆਂ ਹਨ। ਆਸਾ ਦੀ ਵਾਰ ਵਿਚ ਹਉਮੈ ਦੇ ਕੇਂਦਰ ਦੁਆਲੇ ਘੁੰਮਣ ਵਾਲੇ ਪੰਡਤਾਂ, ਤਪੱਸਵੀਆਂ, ਰਾਸਧਾਰੀਆਂ, ਹਾਕਮਾਂ, ਅਹਿਲਕਾਰਾਂ, ਜਤੀਆਂ, ਸਤੀਆਂ, ਆਦਿਕ ਨੂੰ ਉਸ ਸਤਿਕਾਰ ਦੇ ਨਾਕਾਬਲ ਸਾਬਤ ਕੀਤਾ ਹੈ ਜੋ ਲੋਕਾਂ ਵਿਚ ਉਨ੍ਹਾਂ ਨੂੰ ਪਰਾਪਤ ਸੀ। ਲੋਕਾਂ ਵਿਚ ਉੱਚਾ ਨਾਮ ਪੈਦਾ ਕਰਨ ਵਾਲੀ, ਨੌ ਖੰਡਾਂ ਵਿਚ ਪਰਸਿਧ, ਦੀਰਘ-ਜੀਵੀ ਮਹਾਨ ਵਿਅਕਤੀ ਨੂੰ ਗੁਰੂ ਸਾਹਿਬ ਨੇ ਜਪੁਜੀ ਵਿਚ 'ਕੀਟਾ ਅੰਦਰ ਕੀਟ' ਦਾ ਦਰਜਾ ਦਿੱਤਾ ਹੈ ਜੇ ਉਹ ਹੁਕਮ ਦੀ ਕਸੌਟੀ ਉੱਤੇ ਹਲਕੀ ਉਤਰਦੀ ਹੈ। ਹਉਮੈ ਨੂੰ ਵਧਾਉਂਦੇ ਜਾਣ ਵਾਲੇ ਮਨੁਖਾਂ ਦੀ ਨਿਖੇਧੀ ਜਿਸ ਕਰੜਾਈ ਨਾਲ ਗੁਰੂ ਨਾਨਕ ਨੇ ਕੀਤੀ ਉਸ ਨ ਪੰਜਾਬ ਦੇ ਲੋਕਾਂ ਦੇ ਹੱਥਾਂ ਵਿਚ ਮਨੁਖੀ ਆਚਰਣ ਨੂੰ ਪਰਖਣ ਦਾ ਇਕ ਨਿਸਚਤ ਪੈਮਾਨਾ ਦੇ ਦਿਤਾ। ਗੁਰੂ ਨਾਨਕ ਦੀ ਲਹਿਰ ਦੇ ਪ੍ਰਭਾਵ ਨੂੰ ਸੁਚੇਤ ਤੌਰ ਤੇ ਕਬੂਲਣ ਵਾਲੇ ਪੰਜਾਬੀਆਂ ਦੀ ਦ੍ਰਿਸ਼ਟੀ ਧਾਰਮਕ ਦੰਭੀਆਂ, ਸਮਾਜਕ ਅਪਰਾਧੀਆਂ ਤੇ ਰਾਜਸੀ ਜਾਬਰਾਂ ਬਾਬਤ ਬੜੀ ਨਿਰਣਾ-ਜਨਕ ਬਣ ਗਈ। ਭਾਰਤ ਦੇ ਹੋਰ ਕਿਸੇ ਪ੍ਰਾਂਤ ਦੇ ਲੋਕਾਂ ਨੇ ਉੱਚ-ਪਦਵੀਆਂ ਤੇ ਉਚੇਰੇ ਅਧਿਕਾਰਾਂ ਦੇ ਮਾਲਕ ਪਰ ਪਦਵੀਆਂ ਤੇ ਅਧਿਕਾਰਾਂ ਨੂੰ ਸਮੂਹਕ ਹਿਤਾਂ ਦੀ ਬਜਾਏ ਨਿੱਜੀ ਲਾਭ ਲਈ ਵਰਤਣ ਵਾਲੇ ਮਨੁੱਖਾਂ ਨੂੰ, ਉੱਨੀ ਨਿਰਭ੍ਰਕਤਾ ਤੇ ਸਵੈ-ਭਰੋਸੇ ਨਾਲ ਨਹੀਂ ਪਰਖਿਆ ਹੋਣਾ, ਜਿੰਨਾ ਪੰਜਾਬੀਆਂ ਨੇ। ਗੁਰੂਨਾਨਕ ਨੇ ਬੜੀ ਸਪਸ਼ਟਤਾ ਤੇ ਸੂਝ ਨਾਲ ਹਰ ਸਮਕਾਲੀ ਸਤਿਕਾਰਤ ਸ਼੍ਰੇਣੀ ਨੂੰ ਆਪਣੀ ਕਸੌਟੀ ਤੇ ਲਾ ਕੇ ਦੇਖਿਆ ਤੇ ਅਤਿਅੰਤ ਦ੍ਰਿੜ੍ਹਤਾ ਨਾਲ ਕੱਚੇ ਪੱਕੇ ਦਾ ਦੋ-ਟੂਕ ਫ਼ੈਸਲਾ ਦਿੱਤਾ, ਜਿਵੇਂ :-

(ੳ) ਕਾਜੀ ਕੂੜ ਬੋਲ ਮਲਿ ਖਾਇ । ਬ੍ਰਾਹਮਣ ਨਾਵੈ ਜੀਆ ਘਾਇ
ਜੋਗੀ ਜੁਗਤਿ ਨਾ ਜਾਣੈ ਅੰਧ । ਤੀਨੇ ਉਜਾੜੇ ਕਾ ਬੰਧ ।

(ਅ) ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰ।... ...
ਧਰਮੀ ਧਰਮ ਕਰੋ ਗਵਾਵਹਿ ਮੰਗਹਿ ਮੋਖਦੁਆਰ,
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡ ਬਹੇ ਘਰ ਬਾਰ।
ਸਭ ਕੋ ਪੂਰਾ ਆਪੇ ਹੋਵਹਿ, ਘਟਿ ਨ ਕੋਈ ਆਖੈ
ਪਤ ਪਰਵਾਨਾ ਪਿਛੈ ਪਾਈਐ, ਤ ਨਾਨਕ ਤੋਲਿਆ ਜਾਪੈ।

ਜਿਸ ਸੁਗਮਤਾ ਨਾਲ ਗੁਰੂ ਨਾਨਕ ਦੀ ਦ੍ਰਿਸ਼ਟੀ ਸੋਨੇ ਤੇ ਮੁਲੰਮੇ ਦੀ ਪਰਖ ਕਰਦੀ ਜਾਂਦੀ ਹੈ, ਉਹ ਕੀਮਤਾਂ ਦੇ ਅਤਿਅੰਤ ਨਿਸਚਤ ਹੋ ਜਾਣ ਦਾ ਸਬੂਤ ਹੈ। ਰੱਬ ਦੇ ਹੁਕਮ ਨਾਲ ਇਕਸੁਰਤਾ ਜਿਸ ਨੂੰ ਗੁਰੂ ਨਾਨਕ ਨੇ ਸੰਕੇਤਕ ਸ਼ਬਦਾਂ ਵਿਚ 'ਪਤ ਪਰਵਾਨਾ' ਕਿਹਾ ਹੈ, ਉਨ੍ਹਾਂ ਲਈ ਸਭ ਕੀਮਤਾਂ ਦੀ ਸ਼ਿਰੋਮਣੀ ਕੀਮਤ ਸੀ ਜਿਸ ਦੀ ਪਰਧਾਨਤਾ ਹੇਠ ਆਰਥਕ, ਰਾਜਸੀ, ਸਮਾਜਕ, ਸਦਾਚਾਰਕ, ਕਲਾਤਮਕ ਤੇ ਬੋਧਕ ਕੀਮਤਾਂ ਨੂੰ ਉਹ ਉੱਚੀ ਜਾਂ ਨੀਵੀਂ ਥਾਂ ਦਿੰਦੇ ਸਨ। ਨੀਚ ਜਾਤੀਆਂ ਜਾਂ ਦੱਬੇ ਹੋਏ ਕਿਰਤੀ ਲੋਕਾਂ ਨੂੰ ਉਚਿਆਉਣਾ ਉਨ੍ਹਾਂ ਨੇ ਬੜਾ ਉੱਤਮ ਕਰਮ ਕਰਾਰ ਦਿੱਤਾ ਤੇ ਇਸ ਦੀ ਜ਼ੋਰ ਨਾਲ ਤਾਕੀਦ ਕੀਤੀ, ਪਰ ਇਸ ਨੂੰ ਕਰਨ ਸਮੇਂ ਜੋ ਮੰਤਵ ਮੁਖ ਰੱਖਣ ਲਈ ਉਨ੍ਹਾਂ ਨੂੰ ਸੁਝਾਇਆ, ਉਹ 'ਪਤ ਪਰਵਾਨਾ' ਦਾ ਹੀ ਦੂਸਰਾ ਰੂਪ ਹੈ :

ਨੀਚਾਂ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸੁ।
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ।

'ਪਤ' ਜਾਂ 'ਨਦਰਿ' ਦੀ ਕਸੌਟੀ ਨੂੰ ਮੁੱਖ ਰੱਖਣ ਉੱਤੇ ਜਿਸ ਤਾਕੀਦ ਨਾਲ ਗੁਰੂ ਸਾਹਿਬ ਜਾਂ ਸੂਫ਼ੀ ਆਗੂ ਜ਼ੋਰ ਦੇਂਦੇ ਸਨ ਉਸ ਦਾ ਸਿੱਟਾ ਇਹ ਹੁੰਦਾ ਸੀ ਕਿ ਇਹ ਕਸੌਟੀ ਲੋਕਾਂ ਦੀ ਚੇਤੰਨਤਾ ਵਿਚ ਡੂੰਘੀ ਤਰ੍ਹਾਂ ਵਸ ਜਾਂਦੀ ਸੀ। ਪਤ ਜਾਂ ਨਦਰਿ ਸ਼ਬਦ ਪਾਤਸ਼ਾਹੀ ਦਰਬਾਰਾਂ ਨਾਲ ਆਮ ਸੰਬੰਧਤ ਸਨ। ਵਿਸ਼ਵਾਰਥੀ ਇੱਛਾ ਨਾਲ ਇਕ-ਸੁਰਤਾ ਦੀ ਪਰਾਪਤੀ ਦੇ ਦਾਰਸ਼ਨਕ ਅਥਵਾ ਰਹੱਸਵਾਦੀ ਸੰਕਲਪ ਨੂੰ ਸਥੂਲ ਰੂਪ ਵਿਚ ਪੇਸ਼ ਕਰਨ ਲਈ ਸ਼ਾਹੀ ਦਰਬਾਰ ਦੇ ਸੰਕੇਤ ਉਸ ਸਮੇਂ ਬੜੇ ਢੁਕਵੇਂ ਹੁੰਦੇ ਸਨ। ਇਸ ਸੰਕਲਪ ਨੂੰ ਜਿੱਥੇ ਪ੍ਰਿਯ ਦੇ ਮਿਲਾਪ ਨਾਲ ਤੁਲਨਾ ਨ ਦੇਣੀ ਹੋਵੇ ਉੱਥੇ ਇਸ ਨੂੰ ਪਾਤਸ਼ਾਹ ਦੀ ਨਜ਼ਰ ਵਿਚ ਮਨਜ਼ੂਰ ਹੋਣ ਦੇ ਅਲੰਕਾਰ ਨਾਲ ਸਾਕਾਰਿਆ ਜਾਂਦਾ ਸੀ। ਇਸ ਅਲੰਕਾਰ ਦੀ ਵਰਤੋਂ ਦੂਹਰਾ ਪ੍ਰਭਾਵ ਪਾਉਂਦੀ ਸੀ। ਅਰਸ਼ੀ ਪਾਤਸ਼ਾਹ ਦੀ ਮਿਹਰ ਦਾ ਪਾਤਰ ਬਣਨਾ ਤੇ ਫ਼ਰਸ਼ੀ ਪਾਤਸ਼ਾਹ ਦੀ ਖ਼ੁਸ਼ਨੂਦੀ ਹਾਸਲ ਕਰਨਾ ਕੀਮਤਾਂ ਦੇ ਪੈਮਾਨੇ ਉੱਤੇ ਬਹੁਤ ਵਿਥ ਰੱਖਦੇ ਸਨ। ਰੱਬ ਦੀ ਦਰਗਾਹ ਵਿਚ ਪਤ ਪਾਉਣ ਵਾਲਾ ਦੁਨਿਆਵੀ ਪਾਤਸ਼ਾਹਾਂ ਦੀ ਮਿਹਰ ਵਲੋਂ ਬੇਪਰਵਾਹ ਹੋ ਸਕਦਾ ਸੀ। ਦੂਸਰੇ ਪਾਸਿਓਂ ਦੇਖਿਆਂ ਇਹ ਕਿਹਾ ਜਾ ਸਕਦਾ ਹੈ ਕਿ ਸੰਸਾਰੀ ਹਾਕਮਾਂ ਦਾ ਡਰ ਘਟਾਉਣ ਲਈ ਰੱਬੀ ਦਰਬਾਰ ਦੀ ਚੇਤਨਤਾ ਵਧਾਉਣੀ ਗੁਣਕਾਰੀ ਹੁੰਦੀ ਸੀ। ਗੁਰੂ ਸਾਹਿਬ ਤੇ ਸੂਫ਼ੀ ਆਪਣੀ ਕਵਿਤਾ ਰਾਹੀਂ ਰੱਬੀ ਦਰਬਾਰ ਨੂੰ ਦੂਰ, ਭਵਿਖਤ ਵਿਚ ਹੀ ਦਿਸ ਸਕਣ ਵਾਲਾ ਜਾਂ ਕਠਨ ਪਹੁੰਚ ਵਾਲਾ ਮਹਿਸੂਸ ਕਰਾਉਣ ਦੀ ਬਜਾਏ ਹਰ ਥਾਂ ਵਿਆਪਕ ਹਾਜ਼ਰ ਨਾਜ਼ਰ ਤੇ ਹਰ ਸਮੇਂ ਦਿਸ ਸਕਣ ਵਾਲਾ ਦਸਦੇ ਰਹੇ। ਗੁਰੂ ਨਾਨਕ ਜਿਸ ਤੀਬਰਤਾ ਨਾਲ ਰੱਬੀ ਦਰਬਾਰ ਵਿਚ ਪਹੁੰਚਣ ਤੇ ਪਰਵਾਨ ਹੋਣ ਦਾ ਜ਼ਿਕਰ ਕਰਦੇ ਹਨ, ਉਸ ਤੋਂ ਉਸ ਦਰਬਾਰ ਦੀ ਅਤਿਅੰਤ ਨਿਕਟਤਾ ਦਾ ਪ੍ਰਭਾਵ ਪੈਂਦਾ ਹੈ :—

ਸਾਚਾ ਸਾਹਿਬ ਸਾਚੁ ਨਾਇ, ਭਾਖਿਆ ਭਾਉ ਅਪਾਰੁ।
ਆਖਹਿ ਮੰਗਹਿ ਦੇਹਿ ਦੇਹਿ, ਦਾਤਿ ਕਰੇ ਦਾਤਾਰੁ।
ਫੇਰਿ ਕਿ ਅਗੈ ਰਖੀਐ, ਜਿਤੁ ਦਿਸੈ ਦਰਬਾਰੁ।
ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ।

ਰੱਬੀ ਦਰਬਾਰ ਨੂੰ ਲੋਕਾਂ ਦੀ ਚੇਤਨਤਾ ਵਿਚ ਡੂੰਘਾ ਵਸਾ ਦੇਣ ਨਾਲ ਉਨ੍ਹਾਂ ਦੇ ਆਚਰਣ ਵਿਚ ਮਹੱਤਵ-ਪੂਰਨ ਪਲਟਾ ਲਿਆਂਦਾ ਜਾਂਦਾ ਸੀ। ਜਿਸ ਮਨੁੱਖ ਲਈ ਰੱਬੀ ਦਰਬਾਰ ਦੂਰ ਦਾ ਸੰਕਲਪ ਨਾ ਰਵ੍ਹੇ ਉਸ ਦੇ ਹਰ ਕਰਮ ਉਤੇ ਇਹ ਪ੍ਰਭਾਵ ਪਾਉਂਦਾ ਹੈ। ਇਸ ਦਰਬਾਰ ਦੀ ਇੱਛਾ ਪਾਲਣੀ ਉਸ ਲਈ ਇਕ ਲਾਜ਼ਮੀ ਕਾਨੂੰਨ ਦੀ ਪੂਰਤੀ ਦੇ ਬਰਾਬਰ ਹੋ ਜਾਂਦੀ ਹੈ। ਇਸ ਇੱਛਾ ਦੀ ਪਾਲਣਾ ਨਾਲ ਜੇ ਕਿਸੇ ਹੋਰ ਨਿਯਮ ਜਾਂ ਇੱਛਾ ਦੀ ਟੱਕਰ ਹੋ ਜਾਏ ਤਾਂ ਉਹ ਰੱਬੀ ਦਰਬਾਰ ਵਿਚ ਸੁਰਖ਼ਰੂ ਹੋਣ ਨੂੰ ਤਰਜੀਹ ਦੇਂਦਾ ਹੈ। ਇਸ ਤਰਜੀਹ ਲਈ ਕਈ ਵਾਰੀ ਸੰਕਟਾਂ ਤੇ ਸ਼ਹੀਦੀ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਰੱਬੀ ਦਰਬਾਰ ਵਿਚ ਪਤ ਪਾਉਣ ਦੇ ਇੱਛਕ ਨੂੰ ਇਸ ਦੀ ਖ਼ਾਤਰ ਕੋਈ ਮੁਲ ਤਾਰਨਾ ਵੀ ਵੱਡਾ ਨਹੀਂ ਲਗਦਾ। ਅਠਾਰ੍ਹਵੀਂ ਸਦੀ ਦੇ ਸਿਖ ਜਦੋਂ ਮੁਗ਼ਲਾਂ ਨਾਲ ਜੰਗ ਵਿਚ ਕੁੱਦਦੇ ਸਨ ਤਾਂ ਉਨ੍ਹਾਂ ਨੂੰ ਮੌਤ ਤੋਂ ਬੇਫ਼ਿਕਰ ਕਰਨ ਵਾਲੀ ਸੋਚ ਇਹ ਹੁੰਦੀ ਸੀ ਕਿ ਜੇ ਉਹ ਜੰਗ ਵਿਚ ਸ਼ਹੀਦੀ ਪਰਾਪਤ ਕਰ ਗਏ ਤਾਂ ਅਰਸ਼ਾਂ ਵਿਚ ਸਜੇ ਕਲਗੀਆਂ ਵਾਲੇ ਦੇ ਦਰਬਾਰ ਵਿਚ ਉਨ੍ਹਾਂ ਨੂੰ ਮਾਣ ਮਿਲੇਗਾ। ਇਸ ਅਰਸ਼ੀ ਦਰਬਾਰ ਦਾ ਸੰਕਲਪ ਡੂੰਘੇ ਨਿਸਚੇ ਦਾ ਰੂਪ ਧਾਰਨ ਕਰ ਲੈਣ ਬਾਅਦ ਉਨ੍ਹਾਂ ਦੇ ਮਨੋਭਾਵਾਂ ਨੂੰ ਉਚਿਆ ਦੇਣ ਦੀ ਸਮਰੱਥਾ ਰਖਦਾ ਸੀ। ਜਿਹੜੇ ਮਨੁੱਖ ਰਹੱਸਵਾਦੀ ਜੀਵਨ ਦੇ ਉਚੇ ਪੜਾਵਾਂ ਉਤੇ ਪਹੁੰਚ ਜਾਂਦੇ ਸਨ ਉਨ੍ਹਾਂ ਲਈ ਤਾਂ ਰੱਬੀ ਦਰਬਾਰ ਦਾ ਸੰਕਲਪ ਇਸੇ ਜੀਵਨ ਵਿਚ ਅਨੁਭਵ ਦੇ ਦਰਜੇ ਤੇ ਪੁਜ ਜਾਂਦਾ ਸੀ ਤੇ ਉਹ ਜੰਗ ਵਿਚ ਲੜਨ ਸਮੇਂ ਜਾਂ ਸ਼ਹੀਦੀ ਪਰਾਪਤ ਕਰਨ ਸਮੇਂ ਵੀ ਇਸ ਦਰਬਾਰ ਵਿਚ ਆਪਣੀ ਹਾਜ਼ਰੀ ਤੇ ਸ਼ੋਭਾ ਮਹਿਸੂਸ ਕਰਦੇ ਸਨ। ਰਹੱਸਵਾਦੀਆਂ ਲਈ ਰੱਬੀ ਦਰਬਾਰ ਦੀ ਹਜ਼ੂਰੀ ਨੂੰ ਮਹਿਸੂਸ ਕਰਨਾ ਕੋਈ ਕਾਲਪਨਕ ਅਨੁਭਵ ਨਹੀਂ ਹੁੰਦਾ। ਉਨ੍ਹਾਂ ਨੂੰ ਇਹ ਅਨੁਭਵ ਯਥਾਰਥਵਾਦੀ ਵਸਤਾਂ ਦੇ ਇੰਦ੍ਰਿਆਂ ਰਾਹੀਂ ਹਾਸਲ ਕੀਤੇ ਗਿਆਨ ਤੋਂ ਵਧੇਰੇ ਅਸਲ ਪਰਤੀਤ ਹੁੰਦਾ ਹੈ। ਇਸ ਅਨੁਭਵ ਦੀ ਅਸਲੀਅਤ ਨੂੰ ਉਹ ਜਿਸ ਗੰਭੀਰਤਾ ਨਾਲ ਪਰਵਾਨ ਕਰਦੇ ਹਨ ਜਾਂ ਜਿਸ ਤੀਬਰਤਾ ਨਾਲ ਇਸ ਦਾ ਐਲਾਨ ਕਰਦੇ ਹਨ ਉਸ ਦਾ ਪ੍ਰਭਾਵ ਉਨ੍ਹਾਂ ਦੇ ਸਰੋਤਿਆਂ ਜਾਂ ਪਾਠਕਾਂ ਦੀ ਚੇਤਨਤਾ ਨੂੰ ਵੀ ਕਿਸੇ ਹੱਦ ਤਕ ਆਪਣੇ ਨਿਸਚੇ ਵਿਚ ਰੰਗ ਲੈਂਦਾ ਹੈ। ਕਲਪਨਾ ਜਾਂ ਸੁਪਨਿਆਂ ਦੀ ਦੁਨੀਆਂ ਨੂੰ ਅਸਲ ਮੰਨ ਕੇ ਕਿਸੇ ਭਰਮ-ਜਾਲ ਵਿਚ ਫਸੇ ਰਹਿਣ ਵਾਲੇ ਮਨੁੱਖ ਦੇ ਆਚਰਨ ਤੇ ਕਰਮ ਵਿਚ ਉਸ ਤਰ੍ਹਾਂ ਦੀਆਂ ਬੁਨਿਆਦੀ ਜਾਂ ਉਸਾਰੂ ਤਬਦੀਲੀਆਂ ਪੈਦਾ ਨਹੀਂ ਹੁੰਦੀਆਂ ਜਿਸ ਤਰ੍ਹਾਂ ਦੀਆਂ ਰੱਬੀ ਦਰਬਾਰ ਨੂੰ ਚੇਤਨਤਾ ਵਿਚ ਡੂੰਘਾ ਵਸਾ ਲੈਣ ਵਾਲੇ ਰਹੱਸਵਾਦੀ ਵਿਚ ਵਾਪਰਦੀਆਂ ਹਨ।

ਪੰਜਾਬ ਦੇ ਗੁਰੂਆਂ ਤੇ ਸੂਫ਼ੀਆਂ ਨੇ ਇਸ ਪ੍ਰਾਂਤ ਦੇ ਇਤਿਹਾਸ ਉਤੇ ਜੋ ਪ੍ਰਭਾਵ ਪਾਇਆ ਹੈ, ਉਸ ਦਾ ਮਨੋ ਵਿਗਿਆਨਕ ਵਿਸ਼ਲੇਸ਼ਨ ਕੀਤਿਆਂ ਇਹ ਪਰਤੱਖ ਹੁੰਦਾ ਹੈ ਕਿ ਪੰਜਾਬੀ ਲੋਕਾਂ ਦੇ ਮਨੋਭਾਵਾਂ ਨੂੰ ਸਨਾਤਨੀ ਵੀਚਾਰਾਂ ਦੇ ਬੋਝ ਹੇਠੋਂ ਸੁਤੰਤਰ ਕਰਨ ਲਈ ਰੱਬ ਦੀ ਸਹਾਇਤਾ ਦੀ ਓਟ ਵਿਚ ਉਨ੍ਹਾਂ ਦਾ ਭਰੋਸਾ ਅਤਿਅੰਤ ਸਾਰਥਕ ਸਾਬਤ ਹੁੰਦਾ ਰਿਹਾ ਤੇ ਉਨ੍ਹਾਂ ਨੂੰ ਜੀਵਨ-ਖੇਤਰ ਵਿਚ ਅਦੁੱਤੀ ਕਾਰਨਾਮੇ ਦਿਖਾਉਣ ਲਈ ਉਭਾਰਦਾ ਰਿਹਾ। ਜਿਹੜੇ ਲੋਕ ਪਦਵੀਆਂ ਤੇ ਅਧਿਕਾਰਾਂ ਦੇ ਸੁਆਮੀਆਂ ਦੇ ਭੈ ਤੇ ਰੋਅਬ ਨੂੰ ਸੁਤੇ-ਸਿਧ ਪਰਵਾਨ ਕਰੀ ਜਾਂਦੇ ਸਨ, ਉਨ੍ਹਾਂ ਨੂੰ ਬਾਰ ਬਾਰ ਹਲੂਣ ਕੇ ਸੁਚੇਤ ਕਰਵਾਇਆ ਗਿਆ ਕਿ ਉੱਚੇ ਤੋਂ ਉੱਚੇ ਅਧਿਕਾਰੀ ਜਾਂ ਨੇਤਾ ਰੱਬ ਦੇ ਦਰਬਾਰ ਵਿਚ ਦੁਰਕਾਰੇ ਜਾਂਦੇ ਹਨ ਜੇ ਉਹ ਰੱਬੀ ਇੱਛਾ ਅਨੁਸਾਰ ਜ਼ਿੰਦਗੀ ਨਹੀਂ ਬਿਤਾਉਂਦੇ। ਦੁਨੀਆਂ ਦੇ ਸ਼ਕਤੀਵਰ ਲੋਕਾਂ ਨੂੰ ਰੱਬ ਦੇ ਦਰਬਾਰ ਵਿਚ ਬੇਬਸ, ਲਾਚਾਰ ਤੇ ਕੋਝੇ ਰੂਪ ਵਿਚ ਦਰਸਾਉਣਾ ਉਨ੍ਹਾਂ ਦੀ ਸ਼ਾਨ-ਸ਼ੌਕਤ, ਰੋਅਬ ਦਾਬ ਤੇ ਭੈ ਦੀ ਅਸਲੀਅਤ ਨੂੰ ਮਿਰਗਛਲੀ ਜਿਹਾ ਫ਼ਰੇਬੀ ਮਹਿਸੂਸ ਕਰਵਾਉਣਾ ਸੀ, ਜਿਸ ਦਾ ਫਲ-ਸਰੂਪ ਲੋਕੀ ਰੱਬ ਨੂੰ ਸ਼ਕਤੀਵਰਾਂ ਦਾ ਵਿਰੋਧੀ ਤੇ ਆਪਣਾ ਪੱਖੀ ਮੰਨਣ ਲਗ ਪਏ। ਫ਼ਰੀਦ ਜੀ ਦਾ ਸਲੋਕ 'ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ, ਅਗੈ ਗਏ ਸਿੰਞਾਪਸਨ ਚੋਟਾਂ ਖਾਸੀ ਕਉਣੁ' ਪਦਾਰਥਾਂ ਦੀ ਬਹੁਲਤਾ ਵਿਚ ਵਿਚਰਨ ਵਾਲਿਆਂ ਦੀ ਐਸ਼-ਇਸ਼ਰਤ ਨੂੰ ਰੱਬੀ ਕਰੋਪੀ ਦਾ ਪਾਤਰ ਦਰਸਾ ਕੇ ਅਮੀਰੀ ਜੀਵਨ ਦਾ ਗੌਰਵ ਘਟਾਉਂਦਾ ਹੈ। ਗੁਰੂ ਨਾਨਕ ਦੀ 'ਆਸਾ ਦੀ ਵਾਰ' ਵਿਚ ਅਮੀਰੀ ਕੀਮਤਾਂ ਦਾ ਖੰਡਨ ਬਹੁਤ ਭਰਪੂਰ ਹੋਣ

ਕਰ ਕੇ ਹੀ ਸ਼ਾਇਦ ਰੋਜ਼ਾਨਾ ਕੀਰਤਨ ਦੇ ਪ੍ਰੋਗਰਾਮ ਵਿਚ ਇਸ ਵਾਰ ਨੂੰ ਸ਼ਿਰੋਮਣੀ ਥਾਂ ਦਿਤੀ ਗਈ। ਰੋਜ਼ ਰੋਜ਼ ਇਸ ਦੇ ਪ੍ਰਭਾਵ ਨੂੰ ਗ੍ਰਹਿਣ ਕਰਨ ਵਾਲਿਆਂ ਦੇ ਮਨਾਂ ਵਿਚ ਉੱਚਤਾ ਤੇ ਨੀਚਤਾ ਦੀਆਂ ਆਮ ਕਸੌਟੀਆਂ ਬਦਲ ਜਾਂਦੀਆਂ ਸਨ ਤੇ ਮਨੁੱਖੀ ਕਾਨੂੰਨ ਨਾਲੋਂ ਰੱਬੀ ਕਾਨੂੰਨ ਦੀ ਪ੍ਰਬਲਤਾ ਦਾ ਨਿਸਚਾ ਪੱਕਾ ਹੋ ਜਾਂਦਾ ਸੀ*। ਇਸ ਵਾਰ ਦੀਆਂ ਪਹਿਲੀਆਂ ਤਿੰਨ ਪਉੜੀਆਂ ਤਾਂ ਰੱਬੀ ਦਰਬਾਰ ਦੇ ਦ੍ਰਿਸ਼ ਨੂੰ ਐਸੀ ਕਲਾ-ਪ੍ਰਬੀਨਤਾ ਨਾਲ ਉਘਾੜਦੀਆਂ ਹਨ ਕਿ ਦੁਨੀਆਂ ਦੇ ਵੱਡੇ ਲੋਕਾਂ ਦੀ ਤੁਛਤਾ ਇਕ ਚਿੱਤਰ ਦੀ ਤਰ੍ਹਾਂ ਸਾਕਾਰ ਹੋ ਕੇ ਅੱਖਾਂ ਸਾਹਮਣੇ ਆ ਜਾਂਦੀ ਹੈ। ਇਸ ਵਾਰ ਦਾ ਸਮੁੱਚਾ ਪ੍ਰਭਾਵ ਜਾਚਣ ਲਈ ਤੀਸਰੀ ਪਉੜੀ ਦਾ ਪਰਮਾਣ ਦੇਣਾ ਕਾਫ਼ੀ ਹੈ—

ਆਪੀਨੈ ਭੋਗ ਭੋਗਿਕੈ, ਹੋਇ ਭਸਮੜਿ ਭਉਰੁ ਸਿਧਾਇਆ।
ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ ਚਲਾਇਆ।
ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ।
ਥਾਉ ਨ ਹੋਵੀ ਪਉਦੀਈ, ਹੁਣਿ ਸੁਣਿਐ ਕਿਆ ਰੂਆਇਆ।
ਮਨਿ ਅੰਧੈ ਜਨਮੁ ਗਵਾਇਆ। ੩।

ਵਿਸ਼ਵਾਰਥੀ ਇੱਛਾ ਨਾਲ ਇਕਸੁਰਤਾ ਦੀ ਪੂਰਨ ਅਵਸਥਾ ਬੜੇ ਘਟ ਮਨੁੱਖਾਂ ਨੂੰ ਪਰਾਪਤ ਹੁੰਦੀ ਹੈ, ਪਰ ਇਸ ਇਕਸੁਰਤਾ ਦੀ ਲਗਨ ਘਟ ਜਾਂ ਵਧ ਮਾਤਰਾ ਵਿਚ, ਅਚੇਤ ਜਾਂ ਸੁਚੇਤ ਤੌਰ ਤੇ ਆਮ ਮਨੁੱਖਾਂ ਵਿਚ ਵੀ ਮੌਜੂਦ ਹੁੰਦੀ ਹੈ। ਇਸ ਲਗਨ ਦਾ ਇਕ ਸਾਧਾਰਨ ਰੂਪ ਆਤਮਾਂ ਦੀ ਆਵਾਜ਼ ਜਾਂ ਜ਼ਮੀਰ ਤੋਂ, ਚੌਕੰਨੇ ਹੋਣਾ ਹੈ। ਜਿਹੜੇ ਲੋਕ ਆਪਣੇ ਜੀਵਨ ਨੂੰ ਸਦਾਚਾਰਕ ਉੱਚਤਾ ਦੇ ਜ਼ਬਤ ਵਿਚ ਰਖਣ ਵਾਲੇ ਜਾਂ ਆਪਣੇ ਫ਼ਰਜ਼ਾਂ ਨੂੰ ਦਿਲ ਦੀ ਸਚਾਈ ਨਾਲ ਪੂਰਾ ਕਰਨ ਉਤੇ ਜ਼ੋਰ ਦੇਣ ਵਾਲੇ ਹੁੰਦੇ ਹਨ, ਉਹ ਭਾਵੇਂ ਸੁਚੇਤ ਤੌਰ ਤੇ ਵਿਸ਼ਵਾਰਥੀ ਮਨ ਦੀ ਹੋਂਦ ਵਿਚ ਯਕੀਨ ਨਾ ਕਰਦੇ ਹੋਣ ਉਨ੍ਹਾਂ ਦਾ ਝੁਕਾ ਵਿਸ਼ਵਾਰਥੀ ਇੱਛਾ ਦੇ ਅਨਕੂਲ ਚਲਣ ਵਾਲਾ ਹੁੰਦਾ ਹੈ। ਜਿਹੜਾ ਮਨੁੱਖ ਆਪਣੇ ਮਨ ਦੇ ਮੂੰਹ-ਜ਼ੋਰ ਘੋੜਿਆਂ ਜਾਂ ਕੁਦਰਤੀ ਰੁਚੀਆਂ ਨੂੰ ਕਿਸੇ ਤਰ੍ਹਾਂ ਵੀ ਲਗਾਮਾਂ ਪਾਉਂਦਾ ਹੈ, ਉਹ ਆਤਮਕ ਵਿਕਾਸ਼ ਵਿਚ ਉੱਚਾ ਚੜ੍ਹਦਾ ਜਾਂਦਾ ਹੈ। ਮਨੁੱਖੀ ਕੀਮਤਾਂ ਨੂੰ ਅਪਨਾਉਣ ਵਾਲਾ ਹਰ ਮਨੁੱਖ ਆਤਮਕ ਚੇਤਨਤਾ ਦੀ ਕੁਝ ਨਾ ਕੁਝ ਅੰਸ਼ ਰਖਦਾ ਹੈ। ਸੂਫ਼ੀ ਸਾਹਿਤ ਵਿਚ ਮਿਜਾਜ਼ੀ ਆਸ਼ਕਾਂ ਦੀ ਵਡਿਆਈ ਜਾਂ ਗੁਰੂ ਨਾਨਕ ਦੀ ਕਵਿਤਾ ਵਿਚ ਜੋਧਿਆਂ, ਮਹਾਂਬਲੀ ਸੂਰਮਿਆਂ ਦਾ ਦੈਵੀ ਜਾਂ ਧਾਰਮਕ ਹਸਤੀਆਂ ਵਿਚ ਪ੍ਰਸ਼ੰਸਾ-ਭਰਪੂਰ ਜ਼ਿਕਰ ਇਸ ਸਚਾਈ ਦੀ ਪ੍ਰੋੜ੍ਹਤਾ ਕਰਦਾ ਹੈ†। ਵਿਸ਼ਵਾਰਥੀ ਇੱਛਾ ਦੀ ਲਗਨ ਜਿਸ ਮਨੁੱਖ ਵਿਚ ਸੁਚੇਤ ਤੇ ਤੀਬਰ ਹੋ ਜਾਵੇ, ਉਹ ਰੂਹਾਨੀ ਜੀਵਨ ਦੀਆਂ ਜੁਗਤੀਆਂ ਦਾ ਮੁਤਲਾਸ਼ੀ ਹੋ ਜਾਂਦਾ ਹੈ। ਕਈਆਂ ਮਨੁੱਖਾਂ ਵਿਚ ਰਹੱਸਵਾਦੀ ਜੀਵਨ ਦਾ ਆਰੰਭ ਕਿਸੇ ਵਿਸ਼ੇਸ਼ ਘਟਨਾ ਦੇ ਚਾਣਚਕ ਅਸਰ ਨਾਲ ਹੁੰਦਾ ਹੈ ਤੇ ਕਈਆਂ ਦੀ ਸਦਾਚਾਰਕ ਜਾਂ ਮਨੁੱਖਵਾਦੀ ਚੇਤਨਤਾ ਅਥਵਾ ਅੰਦਰਲੀ ਆਵਾਜ਼ ਦੀ ਸੋਝੀ ਦੇ ਸਹਿਜੇ ਸਹਿਜੇ ਵਿਕਾਸ ਕਰਕੇ, ਵਿਸ਼ਾਲ ਹੋ ਕੇ। ਰਹੱਸਵਾਦੀ ਜੀਵਨ ਦੀ ਤਾਂਘ ਤਦੇ ਕਿਸੇ ਮਨੁੱਖ ਨੂੰ ਪੱਕੇ ਤੌਰ ਤੇ ਆਪਣੀ ਲਪੇਟ ਵਿਚ ਲੈਂਦੀ ਹੈ ਜਦੋਂ ਉਸ ਨੂੰ ਇਹ ਸੋਝੀ ਹੋ ਜਾਵੇ ਕਿ ਬ੍ਰਹਿਮੰਡੀ ਨਿਜ਼ਾਮ ਕਿਸੇ ਚੇਤਨ ਇੱਛਾ ਦੀ ਵਿਉਂਤ ਅਧੀਨ ਵਿਕਾਸ ਕਰ ਰਿਹਾ ਹੈ। ਇਹ ਸੋਝੀ ਭਾਵੇਂ ਰਹੱਸਵਾਦੀ ਜੀਵਨ ਦਾ ਮੁੱਢ ਹੁੰਦੀ ਹੈ ਪਰ ਮਨੁੱਖੀ ਸ਼ਖ਼ਸੀਅਤ ਦੇ ਸਾਧਾਰਨ ਵਿਕਾਸ ਵਿਚ ਇਹ ਕਾਫ਼ੀ ਉੱਚੇ ਦਰਜੇ ਦੀ ਸੂਚਕ ਹੈ। ਸਭ

* ਸਿਖ ਇਤਿਹਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਮੈਦਾਨੇ ਜੰਗ ਵਿਚ ਵੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਦੀ ਮਰਯਾਦਾ ਨੂੰ ਕਾਇਮ ਰੱਖਣ ਤੇ ਜ਼ੋਰ ਦੇਣਾ ਉਪਰੋਕਤ ਅਨੁਮਾਨ ਦੀ ਪ੍ਰੋੜ੍ਹਤਾ ਕਰਦਾ ਹੈ।

† 'ਅਸੰਖ ਸੂਰ ਮੁਹ ਭਖ ਸਾਰ' ਤੁਕ ਵਿਚ ਸੂਰਮਿਆਂ ਦਾ ਜ਼ਿਕਰ ਹੈ, ਪਰ ਇਹ ਤੁਕ ਜਪੁਜੀ ਦੀ ਜਿਸ ਪਉੜੀ ਵਿਚ ਸ਼ਾਮਲ ਹੈ, ਉਸ ਵਿਚ ਹੋਰ ਜਿਨ੍ਹਾਂ ਵਿਅੱਕਤੀਆਂ ਦੀ ਲਿਸਟ ਹੈ, ਉਹ ਸਭ ਧਾਰਮਕ ਹਨ। 'ਸੋਦਰ' ਵਾਲੀ ਪਉੜੀ ਵਿਚ 'ਜੋਧ ਮਹਾਂ ਬਲਿ ਸੂਰਾ' ਤੇ 'ਵੀਰ ਕਰਾਰੇ' ਵੀ ਬਹੁਤੇ ਦੈਵੀ ਲੋਕਾਂ ਨਾਲ ਰਲੇ ਪਏ ਹਨ।

ਰਹੱਸਵਾਦੀ ਜੁਗਤੀਆਂ ਦਾ ਫਲ ਇਸ ਸੋਝੀ ਨੂੰ ਡੂੰਘਾ ਤੇ ਸਦੀਵੀ ਬਣਾਉਣਾ ਹੁੰਦਾ ਹੈ। ਜਿਸ ਮਨੁੱਖ ਵਿਚ ਸੋਝੀ ਜਾਗ ਪਵੇ ਉਸ ਨੂੰ ਇਸ ਦੀ ਖਿੱਚ ਹਮੇਸ਼ਾਂ ਬੇਚੈਨ ਰੱਖਦੀ ਹੈ। ਮਨੁੱਖ ਦੇ ਮਨ ਅੰਦਰ ਵਿਸ਼ਵਾਰਥੀ ਇੱਛਾ ਦੀ ਹੋਂਦ ਦਾ ਖ਼ਿਆਲ ਜਾਗ ਪੈਣ ਨੂੰ ਰਹੱਸਵਾਦੀ ਸਾਹਿਤ ਵਿਚ 'ਰੱਬ ਨਾਲ ਨੇਹੁ ਲਗ ਜਾਣਾ' ਕਿਹਾ ਜਾਂਦਾ ਹੈ। ਇਹ ਖ਼ਿਆਲ ਨਿਰਾ ਦਿਮਾਗ਼ੀ ਮਨੌਤ ਨਹੀਂ ਹੁੰਦਾ, ਇਸ ਦਾ ਪ੍ਰਭਾਵ ਕੁਝ ਮਜਬੂਰੀ ਦੀ ਅੰਸ਼ ਰਖਦਾ ਹੈ, ਜਿਸ ਤਰ੍ਹਾਂ ਕਿਸੇ ਸੁੰਦਰ ਇਸਤਰੀ ਦਾ ਪ੍ਰਭਾਵ ਪੁਰਸ਼ ਮਨ ਨੂੰ ਉਸ ਵਲ ਝੁਕਣ ਲਈ ਮਜਬੂਰ ਕਰ ਦੇਂਦਾ ਹੈ। ਇਹ ਮਜਬੂਰੀ ਜਾਂ ਖਿੱਚ ਜਦ ਜਾਗ ਪੈਂਦੀ ਹੈ ਤਾਂ ਇਸ ਨੂੰ ਸਿਰੇ ਚੜ੍ਹਨ ਤੋਂ ਰੋਕਣ ਵਾਲੇ ਕਈ ਵਿਘਨ ਪੈਂਦੇ ਰਹਿੰਦੇ ਹਨ। ਕੋਈ ਮਨੁੱਖ ਰਹੱਸਵਾਦੀ ਜੀਵਨ ਦੀ ਘਾਲ ਸ਼ੁਰੂ ਨਹੀਂ ਕਰਦਾ ਜਿਸ ਅੰਦਰ ਵਿਸ਼ਵਾਰਥੀ ਇੱਛਾ ਜਾਂ ਰੱਬੀ ਹੁਕਮ ਦੀ ਚੇਤਨਤਾ ਪੈਦਾ ਨਾ ਹੋਵੇ ਤੇ ਇਸ ਨਾਲ ਇਕਸੁਰਤਾ ਜੀਵਨ ਦੀ ਪਰਫੁੱਲਤਾ ਨਾ ਭਾਸੇ। ਜਿਸ ਨੂੰ ਵਿਸ਼ਵਾਰਥੀ ਇੱਛਾ ਦਾ ਮਾੜਾ-ਮੋਟਾ ਝਾਉਲਾ ਵੀ ਪੈ ਜਾਵੇ ਉਸ ਨੂੰ ਪਰਤੱਖ ਹੋ ਜਾਂਦਾ ਹੈ ਕਿ ਇਸ ਇੱਛਾ ਨਾਲ ਇਕਸੁਰਤਾ ਦਾ ਜੀਵਨ ਚੈਨ, ਅਨੰਦ, ਟਿਕਾ ਤੇ ਅਮਨ ਦਾ ਜੀਵਨ ਹੈ ਤੇ ਇਸ ਤੋਂ ਬਗ਼ੈਰ ਆਪਣੀ ਇੱਛਾ ਜਾਂ ਹਉਮੈ ਦਾ ਜੀਵਨ ਨੀਰਸ ਤੇ ਨਿਰਾਰਥਕ ਹੈ। ਪਰ ਆਪਣੀ ਇੱਛਾ ਅਨੁਸਾਰ ਜੀਵਨ ਜੀਊਣ ਦਾ ਢੰਗ ਤਿਆਗ ਕੇ ਰੱਬੀ ਹੁਕਮ ਅਨੁਸਾਰ ਜੀਵਨ ਨੂੰ ਢਾਲਣਾ ਇਕ ਦੀਰਘ ਮੁਹਿੰਮ ਫ਼ਤਹ ਕਰਨ ਦੇ ਤੁਲ ਹੈ। ਸਾਧਾਰਨ ਜੀਵਨ ਦੇ ਕਈ ਕੰਮ ਇਸ ਮੁਹਿੰਮ ਵਿਚ ਸਹਾਈ ਹੁੰਦੇ ਹਨ ਤੇ ਕਈ ਵਿਘਨਕਾਰੀ। ਰਹੱਸਵਾਦੀ ਸਾਧਕ ਹਰ ਕੰਮ ਨੂੰ ਬਰੀਕੀ ਨਾਲ ਵਿਸ਼ਵਾਰਥੀ ਇੱਛਾ ਦੀ ਕਸੌਟੀ ਤੇ ਪਰਖਦਾ ਰਹਿੰਦਾ ਹੈ। ਜਦੋਂ ਉਹ ਕੋਈ ਐਸਾ ਕੰਮ ਕਰਦਾ ਹੈ ਜਿਹੜਾ ਵਿਸ਼ਵਾਰਥੀ ਇੱਛਾ ਦੇ ਪ੍ਰਤਿਕੂਲ ਹੋਵੇ ਤਾਂ ਉਸ ਦੀ ਚੇਤਨਤਾ ਵਿੱਚੋਂ ਇਸ ਇੱਛਾ ਦੀ ਹੋਂਦ ਦਾ ਖ਼ਿਆਲ ਮੱਧਮ ਪੈ ਜਾਂਦਾ ਹੈ ਤੇ ਉਹ ਇਕ ਮਿੱਠੀ ਯਾਦ ਜਾਂ ਸੁੰਦਰ ਆਦਰਸ਼ ਦੀ ਤਾਂਘ ਤੋਂ ਵਾਂਜਿਆ ਗਿਆ ਮਹਿਸੂਸ ਕਰਦਾ ਹੈ। ਸਿਮਰਨ ਜਾਂ ਭਗਤੀ ਦਾ ਪ੍ਰਯੋਜਨ ਵਿਸ਼ਵਾਰਥੀ ਇੱਛਾ ਦੇ ਸੰਕਲਪ ਨੂੰ ਲਗਾਤਾਰ ਚੇਤਨਤਾ ਵਿਚ ਵਸਾਉਣਾ ਹੁੰਦਾ ਹੈ। ਹਰ ਘਟਨਾ ਰੱਬ ਦੇ ਹੁਕਮ ਵਿਚ ਹੋ ਰਹੀ ਹੈ – ਇਹ ਚੇਤਨਤਾ ਮਨੁੱਖ ਦੇ ਵਤੀਰੇ ਵਿਚ ਹਰ ਸਮੇਂ ਫ਼ਰਕ ਪਾਉਂਦੀ ਹੈ। ਜੇ ਕੋਈ ਸੁਖਦਾਈ ਘਟਨਾ ਵਾਪਰੇ ਤਾਂ ਉਹ ਸੁਖ ਦੀ ਪਰਾਪਤੀ ਰੱਬ ਦੀ ਇੱਛਾ ਅਨੁਸਾਰ ਹੋਈ ਮੰਨ ਕੇ ਸ਼ੁਕਰ ਦੇ ਭਾਵਾਂ ਵਿਚ ਆਉਂਦਾ ਹੈ, ਜੇ ਦੁਖਦਾਈ ਘਟਨਾ ਵਾਪਰੇ ਤਾਂ ਰੱਬ ਦਾ ਹੁਕਮ ਅਟੱਲ ਸਮਝ ਕੇ ਸਬਰ ਕਰਦਾ ਹੈ। ਇਸ ਚੇਤਨਤਾ ਬਿਨਾਂ ਸੁਖ ਜਾਂ ਦੁੱਖ ਬਹੁਤੀ ਵਾਰੀ ਅਭਿਮਾਨ ਜਾਂ ਨਿੰਮੋਝੂਣਤਾ ਦੀ ਅਵਸਥਾ ਪੈਦਾ ਕਰਦੇ ਹਨ। ਖ਼ੁਦਗਰਜ਼ੀ, ਨਫ਼ਰਤ, ਈਰਖਾ, ਲੋਭ ਆਦਿਕ ਦੇ ਆਧਾਰ ਤੇ ਕੀਤੇ ਕੰਮ ਉਸ ਨੂੰ ਰੱਬ ਦੀ ਇੱਛਾ ਦੇ ਪ੍ਰਤਿਕੂਲ ਭਾਸਦੇ ਹਨ ਤੇ ਪ੍ਰੇਮ, ਪ੍ਰਸੰਸਾ, ਕੁਰਬਾਨੀ ਦੇ ਜਤਨ ਇਸ ਦੇ ਅਨਕੂਲ ਲਗਦੇ ਹਨ। ਪੰਜਾਬ ਦੇ ਗੁਰੂਆਂ ਤੇ ਸੂਫ਼ੀਆਂ ਨੇ ਰਹੱਸਵਾਦੀ ਜੀਵਨ ਦੀ ਸਾਧਨਾ ਨੂੰ ਬੜੀ ਸੂਝ ਨਾਲ ਪਰਚਾਰਿਆ ਸੀ। ਉਨ੍ਹਾਂ ਨੇ ਆਤਮਕ ਜੀਵਨ ਤੇ ਵਿਹਾਰਕ ਜਾਂ ਦੁਨਿਆਵੀ ਜੀਵਨ ਨੂੰ ਦੋ ਸੁਤੰਤਰ ਦਾਇਰਿਆਂ ਵਿਚ ਨਹੀਂ ਵੰਡਿਆ, ਵਿਹਾਰਕ ਜੀਵਨ ਦੀ ਹਰ ਘਟਨਾ ਜਾਂ ਕਿਰਿਆ ਨੂੰ ਆਤਮਕ ਜੀਵਨ ਦੀ ਬਿਰਤੀ ਨਾਲ ਦੇਖਣ ਜਾਂ ਨਜਿੱਠਣ ਦਾ ਉਪਦੇਸ਼ ਦਿੱਤਾ। ਜਦ ਇਕ ਮਾਂ ਬੱਚੇ ਦੀ ਖ਼ੁਸ਼ੀ ਦੀ ਖ਼ਾਤਰ ਆਪਣਾ ਸਮਾਂ, ਆਰਾਮ ਜਾਂ ਸਾਮਾਨ ਕੁਰਬਾਨ ਕਰਦੀ ਹੈ ਤਾਂ ਇਕ ਤਰ੍ਹਾਂ ਨਾਲ ਆਪਣੀ ਹਉਮੈਂ ਨੂੰ ਪਤਲਾ ਕਰਦੀ ਹੈ। ਪਤੀ ਪਤਨੀ ਜਦ ਇਕ ਦੂਜੇ ਦੀ ਖਿੱਝ, ਵਧੀਕੀ ਤੇ ਕ੍ਰੋਧ ਨੂੰ ਸਬਰ ਨਾਲ ਬਰਦਾਸ਼ਤ ਕਰਦੇ ਹਨ ਤਾਂ ਆਪਣੇ ਹੰਕਾਰ ਨੂੰ ਵਧਣ ਤੋਂ ਰੋਕਦੇ ਹਨ। ਸਿਪਾਹੀ ਦੇਸ਼ ਦੀ ਰੱਖਿਆ ਦੀ ਖ਼ਾਤਰ ਆਪਣੀ ਜਾਨ ਤੋਂ ਬੇਪਰਵਾਹ ਹੋ ਜੰਗ ਵਿਚ ਕੁਦਦਾ ਹੈ ਤਾਂ ਆਪਾ ਭਾਵ' ਨੂੰ ਪਿੱਛੇ ਸੁੱਟਦਾ ਹੈ। ਘਰੋਗੀ ਜਾਂ ਵਿਹਾਰਕ ਜੀਵਨ ਵਿਚ ਮਨੁੱਖ ਦਾ ਬੇਗ਼ਰਜ਼, ਉਸਾਰੂ ਜਾਂ ਮਨੁੱਖੀ ਰਵੱਈਆ ਆਤਮਕ ਗੁਣਾਂ ਦੇ ਵਿਕਾਸ ਵਿਚ ਸਹਾਈ ਹੁੰਦਾ ਹੈ ਤੇ ਵਿਅੱਕਤੀਵਾਦੀ, ਕਠੋਰ ਜਾਂ ਜ਼ਿੱਦੀ ਵਤੀਰਾ ਬਾਧਕ। ਸਾਧਾਰਨ ਜੀਵਨ ਵਿਚ ਹਉਮੈਂ ਦੇ ਦਬਾਅ ਨੂੰ ਘਟਾਉਣ ਦੇ ਬਹੁਤ ਮੌਕੇ ਆਉਂਦੇ ਰਹਿੰਦੇ ਹਨ। ਜਿਹੜੇ ਮਨੁੱਖ ਸਮਾਜਕ ਚੇਤਨਤਾ ਨਾਲ ਭਰਪੂਰ ਹੁੰਦੇ ਹਨ ਤੇ ਸਮੂਹਕ ਜੀਵਨ ਨੂੰ ਨਰੋਆ ਬਣਾਉਣ ਹਿਤ ਆਪਣਾ ਜੀਵਨ ਅਰਪਣ ਕਰਦੇ ਜਾਂ ਵਾਰਦੇ ਹਨ, ਉਹ ਹਉਮੈਂ ਦੀਆਂ ਤੰਦਾਂ ਨੂੰ ਬਹੁਤ ਵੱਡੀ ਗਿਣਤੀ ਵਿਚ ਤੋੜਦੇ ਤੇ ਹੁਕਮ ਦੇ

ਜੀਵਨ ਲਈ ਆਪਣੀ ਸਮਰੱਥਾ ਵਧਾਉਂਦੇ ਹਨ। ਕਲਾਤਮਕ ਜਾਂ ਸੱਭਿਆਚਾਰਕ ਜੀਵਨ ਦੀ ਸੂਖਮਤਾ ਵੀ ਹਉਮੈ ਦੇ ਗ਼ੁਬਾਰ ਘਟਣ ਨਾਲ ਹੀ ਸੰਭਵ ਹੁੰਦੀ ਹੈ। ਜਿਹੜਾ ਮਨੁੱਖ ਸਾਥੀਆਂ ਸੰਗੀਆਂ ਦੇ ਔਗੁਣ ਘੋਖਣ ਦੀ ਬਜਾਏ ਉਨ੍ਹਾਂ ਦੇ ਗੁਣਾਂ ਨੂੰ ਦੇਖਦਾ, ਸਲਾਹੁੰਦਾ ਤੇ ਉਭਾਰਦਾ ਹੈ ਉਹ ਉੱਤਮ ਸੱਭਿਆਚਾਰਕ ਜੀਵਨ ਦਾ ਹੀ ਨਹੀਂ, ਆਤਮਕ ਜੀਵਨ ਦਾ ਨੇੜ ਵੀ ਪਰਾਪਤ ਕਰ ਰਿਹਾ ਹੈ। ਵੰਡ ਕੇ ਖਾਣ, ਦੁਖ ਸੁਖ ਵਿਚ ਇਕ ਦੂਜੇ ਦੀ ਸੇਵਾ ਕਰਨ, ਰਲ ਕੇ ਕੰਮ ਕਰਨ ਤੇ ਸੁਚੱਜਤਾ ਨਾਲ ਸਾਂਝੇ ਫ਼ੈਸਲੇ ਕਰਨ ਦੀ ਸਿਖਲਾਈ ਸਿਖ ਗੁਰੂ ਆਪਣੇ ਸਮੇਂ ਦੇ ਪੰਜਾਬੀਆਂ ਨੂੰ ਬੜੀ ਮਿਹਨਤ ਨਾਲ ਦੇਂਦੇ ਰਹੇ । ਉਨ੍ਹਾਂ ਦੀ ਦ੍ਰਿਸ਼ਟੀ ਅਨੁਸਾਰ ਘਰੋਗੀ, ਵਿਹਾਰਕ ਭਾਈਚਾਰਕ ਤੇ ਸਮਾਜਕ ਜੀਵਨ ਵਿਚ ਸਹੀ ਵਤੀਰਾ ਅਖ਼ਤਿਆਰ ਕਰਨ ਵਾਲਾ ਮਨੁੱਖ ਐਸਾ ਸੰਸਾਰੀ ਜੀਵ ਨਹੀਂ ਜੋ ਆਤਮਕ ਜਗਿਆਸੂ ਤੋਂ ਉਲਟੇ ਰਾਹ ਤੇ ਚਲ ਰਿਹਾ ਹੈ – ਉਸ ਦੀ ਸੇਧ ਸਹੀ ਹੈ ਜੇ ਉਹ ਆਪਣੀ ਹਉਮੈ ਉਤੇ ਹਰ ਵਕਤ ਪਹਿਰਾ ਦੇਂਦਾ ਹੈ ਤੇ ਇਸ ਨੂੰ ਪੱਠੇ ਪਾਉਣ ਵਾਲੇ ਹਰ ਕਰਮ ਤੋਂ ਸੰਕੋਚ ਕਰਦਾ ਹੈ। ਪਰ ਹਉਮੈ ਤੋਂ ਪੂਰਨ ਤੌਰ ਤੇ ਮੁਕਤ ਹੋਣ ਲਈ ਗੁਰੂ ਸਾਹਿਬ ਜਾਂ ਸੂਫ਼ੀ ਸੰਸਾਰੀ ਜੀਵਨ ਦੀ ਸੁਚੱਜਤਾ ਨੂੰ ਕਾਫ਼ੀ ਨਹੀਂ ਮੰਨਦੇ। ਰੱਬੀ ਹੁਕਮ ਅਨੁਸਾਰ ਢਲਣ ਵਾਲੇ ਜੀਵਨ ਦੇ ਪੰਧ ਵਿਚ, ਹਉਮੈ ਨੂੰ ਮਾਤ ਪਾਉਣ ਵਾਲਾ ਸਦਾਚਾਰਕ ਜਾਂ ਸ਼ੁਧ ਸਮਾਜਕ ਜੀਵਨ ਮੁੱਢਲੇ ਪੜਾਵਾਂ ਉਤੇ ਜ਼ਰੂਰ ਸਹਾਇਤਾ ਕਰਦਾ ਹੈ, ਪਰ ਅੰਤਲੇ ਪੜਾਵਾਂ ਵਿਚ ਹੋਰ ਵਧੀਕ ਸੂਖਮ ਸਾਧਨਾਂ ਦੀ ਸਹਾਇਤਾ ਲੈਣੀ ਜ਼ਰੂਰੀ ਹੋ ਜਾਂਦੀ ਹੈ। ਇਕ ਨੇਕ ਆਦਮੀ ਕਿਸੇ ਦੁਖੀ ਨਾਲ ਦਰਦ ਵੰਡਾਉਂਦਾ ਹੋਇਆ ਜਾਂ ਅਸੂਲ ਦੀ ਖ਼ਾਤਰ ਦੁਖ ਝੱਲਦਾ ਹੋਇਆ ਆਤਮਕ ਗੁਣਾਂ ਲਈ ਜ਼ਮੀਨ ਜ਼ਰੂਰ ਤਿਆਰ ਕਰਦਾ ਹੈ, ਪਰ ਇਸ ਜ਼ਮੀਨ ਵਿਚ ਆਤਮਕ ਜੀਵਨ ਦਾ ਬੀਜ ਤਦ ਪਵੇਗਾ ਜਦ ਉਸ ਦੀ ਚੇਤਨਤਾ ਵਿਚ ਇਹ ਸਚਾਈ ਵੀ ਉਜਾਗਰ ਹੋਵੇਗੀ ਕਿ ਉਸ ਦੀ ਨੇਕੀ ਰੱਬ ਦੀ ਇੱਛਾ ਦਾ ਹੀ ਫਲ ਹੈ । ਸਦਾਚਾਰਕ ਜਾਂ ਸਮਾਜਕ ਗੁਣਾਂ ਨੂੰ ਸ੍ਵੈ-ਕਾਬੂ ਜਾਂ ਮਿਹਨਤ ਨਾਲ ਧਾਰਨ ਕਰਨ ਬਾਅਦ ਉਨ੍ਹਾਂ ਦੀ ਹੋਂਦ ਦੀ ਵਡਿਆਈ ਆਪਣੀ ਵਿਚਾਰ, ਅਕਲ ਜਾਂ ਹਿੰਮਤ ਨੂੰ ਦੇਣ ਦੀ ਬਜਾਏ ਹੁਕਮ ਨੂੰ ਦੇਣ ਵਿਚ ਜੋ ਸ੍ਵੈ-ਅਰਪਣ ਦੀ ਬਿਰਤੀ ਪ੍ਰਫੁੱਲਤ ਹੁੰਦੀ ਹੈ, ਉਹ ਆਤਮਕ ਜੀਵਨ ਦੀ ਵਿਸ਼ਸ਼ਤਾ ਹੈ। ਰਹੱਸਵਾਦੀ ਜੀਵਨ ਵਿਚ ਸਦਾਚਾਰਕ ਜਾਂ ਸਮਾਜਕ ਗੁਣ ਘਟ ਮਹੱਤਤਾ ਰਖਦੇ ਹਨ ਜਦ ਤਕ ਉਨ੍ਹਾਂ ਨੂੰ ਵਿਅਕਤੀਵਾਦੀ ਆਪਾ ਭਾਵ ਨਾਲੋਂ ਨਿਰਸੰਬੰਧਤ ਕਰਕੇ ਵਿਸ਼ਵਾਰਥੀ ਨਜ਼ਾਮ ਦਾ ਭਾਗ ਨਾ ਮੰਨਿਆ ਜਾਏ। ਗੁਰੂ ਤੇਗ ਬਹਾਦਰ ਜੀ ਦਾ ਹੇਠਲਾ ਸਲੋਕ ਨਿਰੋਲ ਸਦਾਚਾਰ ਤੇ ਆਤਮਕ ਬਿਰਤੀ ਦੇ ਧਾਰਨੀ ਸਦਾਚਾਰ ਦਾ ਫ਼ਰਕ ਭਲੀ ਭਾਂਤ ਨਿਰੂਪਣ ਕਰਦਾ ਹੈ :—

ਤੀਰਥ ਬਰਤ ਅਰੁ ਦਾਨ ਕਰਿ, ਮਨ ਮਹਿ ਧਰਹਿ ਗੁਮਾਨੁ ।
ਨਾਨਕ ਨਿਹਫਲ ਜਾਤ ਤਿਹਿ, ਜਿਉ ਕੁੰਚਰ ਇਸਨਾਨੁ ।

ਕਈ ਸੂਫ਼ੀਆਂ ਦੇ ਜੀਵਨਾਂ ਵਿਚ ਕਠਨ ਸਰੀਰਕ ਤਪੱਸਿਆ ਦਾ ਜ਼ਿਕਰ ਮਿਲਦਾ ਹੈ । ਕਿਹਾ ਜਾਂਦਾ ਹੈ, ਬਾਬਾ ਫਰੀਦ ਨੇ ਵਰ੍ਹਿਆਂ-ਬੱਧੀਂ ਬੜੇ ਸਖ਼ਤ ਜ਼ੁਹਦ ਕਮਾਏ। ਜਦ ਸੂਫ਼ੀ ਨੂੰ ਰੱਬ ਨਾਲ ਇਸ਼ਕ ਲਗ ਜਾਂਦਾ ਹੈ ਤਾਂ ਉਹ ਆਪਣੇ ਜੀਵਨ ਦੀ ਹਰ ਕਿਰਿਆ ਨੂੰ ਰੱਬੀ ਇੱਛਾ ਦੇ ਅਨੁਸਾਰੀ ਬਣਾਉਣਾ ਚਾਹੁੰਦਾ ਹੈ । ਕਈ ਵਾਰੀ ਉਸ ਦੇ ਸਰੀਰ ਦੀ ਸੁਸਤੀ ਉਸ ਨੂੰ ਅਜੇਹਾ ਨਹੀਂ ਕਰਨ ਦੇਂਦੀ, ਜਾਂ ਕਦੀ ਕਾਮ ਦੀ ਖਿਚ ਉਸ ਨੂੰ ਰੱਬ ਤੋਂ ਮੂੰਹ ਮੋੜਨ ਲਈ ਮਜਬੂਰ ਕਰ ਦੇਂਦੀ ਹੈ। ਇਨ੍ਹਾਂ ਜਾਂ ਅਜੇਹੀਆਂ ਹੋਰ ਹਾਲਤਾਂ ਵਿਚ ਸੂਫ਼ੀ ਨੂੰ ਸੁਸਤੀ, ਕਾਮ ਜਾਂ ਕੋਈ ਹੋਰ ਕਮਜ਼ੋਰੀ ਆਪਣੇ ਇਸ਼ਕ ਦਾ ਧ੍ਰੋਹੀ ਜਾਪਣ ਲਗ ਪੈਂਦੀ ਹੈ ਤੇ ਉਹ ਇਸ ਨੂੰ ਕਰੜੇ ਹੱਥਾਂ ਨਾਲ ਖ਼ਤਮ ਕਰਨ ਦਾ ਉੱਦਮ ਕਰਦਾ ਹੈ। ਇਹ ਉੱਦਮ ਬਹੁਤ ਵਾਰੀ ਸਰੀਰ ਜਾਂ ਮਨ ਉਤੇ ਭੁਖ, ਗਰਮੀ, ਸਰਦੀ ਜਾਂ ਹੋਰ ਕਸ਼ਟਾਂ ਦੇ ਰੂਪ ਵਿਚ ਸਖਤੀ ਵਰਤਾਉਣ ਦਾ ਰੁਖ ਫੜਦਾ ਹੈ ਤੇ ਇਸ ਤਰ੍ਹਾਂ ਦੇ ਜ਼ੁਹਦਾਂ ਰਾਹੀਂ ਸੂਫ਼ੀ ਆਪਣੇ ਇਸ਼ਕ ਨਾਲ ਸੱਚੀ ਵਫ਼ਾ ਪਾਲਣ ਦਾ ਪ੍ਰਣ ਕਰਦਾ ਹੈ। ਜਦ ਸੂਫ਼ੀ ਦਾ ਪ੍ਰਣ ਪੂਰਾ ਹੋਣ ਲਗਦਾ ਹੈ ਤੇ ਉਹ ਆਪਣੇ ਮਨ ਦੀਆਂ ਕਮਜ਼ੋਰੀਆਂ ਨੂੰ ਜਿੱਤ ਲੈਂਦਾ ਹੈ ਤਾਂ ਰੱਬ ਦੇ ਦੀਦਾਰ ਹੋਣ ਵਿਚ ਇਕ ਹੋਰ ਰੁਕਾਵਟ ਖੜੀ ਹੋ ਜਾਂਦੀ ਹੈ। ਮਨ ਨੂੰ ਜਿੱਤਣ ਲਈ ਕਰੜੀਆਂ

ਘਾਲਾਂ ਘਾਲਣ ਬਾਅਦ ਉਸ ਨੂੰ ਇਹ ਕਹਿਣਾ ਬਣਦਾ ਹੈ ਕਿ ਸਭ ਘਾਲ ਰੱਬ ਦੀ ਇੱਛਾ ਅਨੁਸਾਰ ਉਸ ਪਾਸੋਂ ਹੋਈ ਹੈ। ਜੇ ਉਸਦੇ ਮਨ ਵਿਚ ਲੇਸ਼ ਮਾਤਰ ਵੀ ਆਪਣੇ ਜਤਨ ਦਾ ਮਾਣ ਆ ਜਾਏ ਤਾਂ ਰਹੱਸਵਾਦੀ ਕਸੌਟੀ ਉਤੇ ਉਸ ਦੀ ਘਾਲ ਹੌਲੀ ਉਤਰਦੀ ਹੈ ਤੇ ਉਸ ਦਾ ਇਸ਼ਕ ਪਰਵਾਨ ਨਹੀਂ ਚੜ੍ਹਦਾ। 'ਨੇਕੀ ਕਰ ਦਰਿਆ ਮੇਂ ਡਾਲ' ਦੇ ਅਖਾਣ ਵਾਂਙ ਉਸ ਦੀ ਸਫ਼ਲਤਾ ਦੀ ਸ਼ਰਤ ਇਹ ਹੁੰਦੀ ਹੈ ਕਿ ਉਹ ਪਹਿਲੇ ਮਨ ਦੇ ਵਿਕਾਰਾਂ ਦਾ ਤਿਆਗ ਕਰੇ ਤੇ ਫਿਰ ਇਸ ਤਿਆਗ ਦੇ ਮਾਣ ਦਾ ਤਿਆਗ ਵੀ ਕਰੇ। ਇਹ ਤਿਆਗ ਦਾ ਤਿਆਗ ਤਪੱਸਿਆ ਨਾਲੋਂ ਵੀ ਕਠਨ ਪੜਾ ਹੁੰਦਾ ਹੈ ਤੇ ਬਹੁਤੇ ਸੂਫ਼ੀਆਂ ਦੇ ਰਹੱਸਵਾਦੀ ਵਿਕਾਸ ਨੂੰ ਵਰ੍ਹਿਆਂ-ਬੱਧੀ ਰੋਕੀ ਰੱਖਦਾ ਹੈ। ਜ਼ੁਹਦ ਦੇ ਨਾਲ ਸਵੈ-ਅਰਪਣ ਦਾ ਗੁਣ ਰਲਾਉਣ ਨਾਲ ਹੀ ਇਸ਼ਕ ਦੇ ਜੀਵਨ ਵਿਚ ਜ਼ੁਹਦ ਦਾ ਮੁਲ ਪੈਂਦਾ ਹੈ। ਗੁਰੂ ਸਾਹਿਬਾਂ ਨੇ ਸਰੀਰਕ ਜ਼ੁਹਦਾਂ ਦੀ ਬਜਾਏ ਸਮਾਜਕ ਕਰਮ ਨੂੰ ਮਾਨਸਕ ਵਿਕਾਰ ਜਿਤਣ ਦਾ ਚੰਗੇਰਾ ਸਾਧਨ ਕਰਾਰ ਦਿਤਾ, ਪਰ ਸਮਾਜਕ ਕਰਮ ਦਾ ਵੀ ਅਭਿਮਾਨ ਤਿਆਗਣ ਦੀ ਤਾਕੀਦ ਪੂਰੇ ਜ਼ੋਰ ਨਾਲ ਕੀਤੀ। ਇਕਾਂਤ ਵਿਚ ਰਹਿ ਕੇ ਇਕੱਲੇ ਤਪ ਕਰਨ ਨਾਲੋਂ ਸੰਗਤ ਵਿਚ ਇਕ ਦੂਜੇ ਦੀ ਸੇਵਾ ਕਰਨ ਨਾਲ ਮਨ ਦਾ ਮਾਣ ਜਲਦੀ ਕਾਬੂ ਵਿਚ ਆ ਸਕਦਾ ਹੈ, ਚਾਹੇ ਚੁਕੰਨੇ ਰਹਿਣ ਦੀ ਲੋੜ ਫਿਰ ਵੀ ਰਹਿੰਦੀ ਹੈ। ਸਵੈ-ਅਰਪਣ ਜਾਂ ਨਿਰਮਾਣਤਾ ਤੋਂ ਹੀਣ ਜ਼ੁਹਦੀ ਦਰਵੇਸ਼ ਦੀ ਅਸਫ਼ਲਤਾ ਦ੍ਰਿੜ੍ਹ ਕਰਾਉਣ ਲਈ ਸ਼ਾਇਦ ਫ਼ਰੀਦ ਜੀ ਨੇ ਇਹ ਸ਼ਲੋਕ ਲਿਖਿਆ ਸੀ :—

ਨਾਤੀ ਧੋਤੀ ਸੰਬਹੀ, ਸੁਤੀ ਆਇ ਨਚਿੰਦੁ।
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ, ਗਈ ਕਥੂਰੀ ਗੰਧੁ।੩੩।

ਆਪਣੇ ਜਤਨ ਦੇ ਮਾਣ ਦਾ ਸਵੈ-ਅਰਪਨ ਸੁਖ ਦੀ ਅਵਸਥਾ ਵਿਚ ਸ਼ੁਕਰ, ਦੁਖ ਸਮੇਂ ਰਜ਼ਾ ਦੇ ਭਾਵਾਂ ਹੇਠ ਸਬਰ, ਉਸ ਮਨੁਖ ਦੇ ਜੀਵਨ ਵਲ, ਵਖੋ ਵਖ ਵਤੀਰੇ ਹਨ ਜਿਸ ਦਾ ਨਿਸਚਾ ਬੱਝ ਜਾਂਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਤੇ ਵਿਕਾਸ ਰੱਬ ਦੇ ਬ੍ਰਹਮੰਡੀ ਹੁਕਮ ਹੇਠ ਹੁੰਦੇ ਹਨ ਤੇ ਹਰ ਵਸਤ ਤੇ ਜੀਵ ਉਸ ਹੁਕਮ ਦਾ ਪਰਕਾਸ਼ ਹਨ। ਅਜੇਹਾ ਮਨੁਖ ਪਹਿਲੇ ਆਪਣੇ ਜੀਵਨ ਦੀ ਹਰ ਘਟਨਾ ਨੂੰ ਹੁਕਮ ਦੀ ਤਜਵੀਜ਼ ਦਾ ਭਾਗ ਪਰਤੀਤ ਕਰਦਾ ਹੈ, ਪਰ ਬਾਅਦ ਵਿਚ ਦੂਜਿਆਂ ਦੇ ਜੀਵਨ ਨੂੰ ਵੀ ਉਸੇ ਹੁਕਮ ਦੀ ਪੈਰਵੀ ਵਿਚ ਬੱਝੇ ਪਰਤੱਖ ਕਰ ਲੈਂਦਾ ਹੈ। ਆਪਣੇ ਮਨ ਤੇ ਜੀਵਨ ਨੂੰ ਰੱਬ ਦੀ ਇੱਛਾ ਦੇ ਅਨਕੂਲ ਬਣਾਉਣ ਸਮੇਂ ਉਸ ਅੰਦਰ ਜੋ ਅਨੁਭਵ ਜਾਗਦਾ ਹੈ, ਉਸ ਵਿਚ ਪਰਧਾਨ ਭਾਵ ਪ੍ਰੇਮ ਦਾ ਹੁੰਦਾ ਹੈ। ਰਹੱਸਵਾਦੀ ਸ਼ਬਦਾਵਲੀ ਵਿਚ ਹੁਕਮ ਦੀ ਕਾਰ ਕਰ ਕੇ ਉਹ ਰੱਬ ਦੀ ਪ੍ਰਸੰਨਤਾ ਜਿਤਦਾ ਹੈ ਤੇ ਉਸਦੇ ਪਿਆਰ ਦਾ ਪਾਤਰ ਬਣਦਾ ਹੈ। ਦੂਜਿਆਂ ਦੇ ਜੀਵਨ ਨੂੰ ਰੱਬ ਦੇ ਹੁਕਮ ਵਿਚ ਚਲਦਾ ਵੇਖ ਕੇ ਉਸ ਦੇ ਅੰਦਰ ਨਿਰਭੈਤਾ ਦੇ ਭਾਵ ਉਤਪੰਨ ਹੁੰਦੇ ਹਨ। ਜਿਹੜਾ ਰੱਬ ਉਸ ਉਤੇ ਪਰਸੰਨ ਹੈ, ਉਹ ਦੁਨੀਆਂ ਦੇ ਅਨਿਆਈ, ਧੱਕੇਖ਼ੋਰ ਤੇ ਸੀਨਾਜ਼ੋਰੀ ਕਰਨ ਵਾਲੇ ਦੁਸ਼ਟਾਂ ਤੋਂ ਵੀ ਬਲਵਾਨ ਹੈ। ਇਸ ਤੋਂ ਅਗੇ ਜਦ ਰਹੱਸਵਾਦੀ ਸਾਰੀ ਕੁਦਰਤ ਨੂੰ ਵੀ ਕਾਦਰ ਦੇ ਭੈ ਜਾਂ ਹੁਕਮ ਅਨੁਸਾਰ ਕੰਮ ਕਰ ਰਹੀ ਅਨੁਭਵ ਕਰਦਾ ਹੈ ਤਾਂ ਵਿਸਮਾਦਕ ਭਾਵ ਉਸਦੀ ਕਲਪਨਾ, ਬੁਧੀ ਤੇ ਹਿਰਦੇ ਨੂੰ ਚੱਕ੍ਰਿਤ ਕਰਦੇ ਹਨ। ਜਿਹੜਾ ਰੱਬ ਕਰੋੜਾਂ ਖੰਡਾਂ, ਬ੍ਰਹਮੰਡਾਂ ਨੂੰ ਆਪਣੀ ਬੇਅੰਤ ਸ਼ਕਤੀ ਨਾਲ ਪੂਰੀ ਤਰ੍ਹਾਂ ਸੂਤ ਕਰ ਕੇ ਚਲਾ ਰਿਹਾ ਹੈ, ਉਹ ਬੇਅੰਤ ਤੇ ਵਚਿਤਰ ਹੈ। ਪ੍ਰੇਮ ਭਾਵ ਤੇ ਵਿਸਮਾਦਕ ਭਾਵ ਰਹੱਸਵਾਦੀ ਜੀਵਨ ਦੇ ਵਿਕਾਸ ਵਿਚ ਸਭ ਤੋਂ ਵਧੀਕ ਮਾਤਰਾ ਵਿਚ ਉਤਪੰਨ ਹੋਣ ਵਾਲੇ ਭਾਵ ਹਨ। ਪੰਜਾਬ ਦੇ ਰਹੱਸਵਾਦੀ ਸਾਹਿਤ ਵਿਚ ਇਨ੍ਹਾਂ ਭਾਵਾਂ ਨੂੰ ਕਈ ਪੈਂਤੜੇ ਬਦਲ ਬਦਲ ਕੇ ਪਰਗਟਾਇਆ ਗਿਆ ਹੈ। ਗੁਰੂ ਨਾਨਕ ਸਾਹਿਬ ਦੀ ਕਵਿਤਾ ਨੂੰ ਇਸ ਸਾਹਿਤ ਵਿਚ ਜੋ ਉੱਚ ਪਦਵੀ ਪਰਾਪਤ ਹੈ, ਉਸ ਦਾ ਕਾਰਨ ਇਹੀ ਹੈ ਕਿ ਇਹ ਸਾਰੇ ਭਾਵ ਤੇ ਇਨ੍ਹਾਂ ਦਾ ਆਧਾਰ ਬਣਨ ਲਈ ਜੋ ਅਧਿਆਤਮਕ ਸਿਧਾਂਤ ਅਵੱਸ਼ ਹਨ, ਸਭ ਇਸ ਕਵਿਤਾ ਵਿਚ ਬੜੇ ਨਿਖੜਵੇਂ ਢੰਗ ਨਾਲ ਸਾਕਾਰ ਹੋਏ ਹਨ। ਵਿਸਮਾਦਕ ਭਾਵਾਂ ਦੇ ਪ੍ਰਗਟਾ ਵਿਚ ਤਾਂ ਗੁਰੂ ਨਾਨਕ ਨਾਲ ਤੁਲਨਾ ਬਹੁਤ ਹੀ ਘਟ ਕੋਈ ਹੋਰ ਕਵੀ ਕਰਦਾ ਹੈ। ਉਨ੍ਹਾਂ ਦੀ ਸਭ ਤੋਂ ਪਰਸਿੱਧ ਰਚਨਾ ਜਪੁਜੀ ਵਿਚ ਮੁਖ ਸਥਾਨ ਇਨ੍ਹਾਂ ਭਾਵਾਂ ਨੂੰ ਪਰਾਪਤ ਹੈ। ਗੁਰੂ ਅਰਜਨ ਨੇ ਰੱਬ ਦੀ ਓਟ ਤੇ ਸੰਸਾਰੀ ਅਧਿਕਾਰੀਆਂ ਤੋਂ ਨਿਰਭੈਤਾ ਦੇ ਭਾਵ ਉਪਜਾਉਣ ਵਾਲੀ

ਕਵਿਤਾ ਵਡੀ ਮਾਤਰਾ ਵਿਚ ਰਚੀ। ਉਨ੍ਹਾਂ ਦੀ ਸੁਖਮਨੀ ਸਾਹਿਬ ਸਭ ਤਰ੍ਹਾਂ ਦੀਆਂ ਚਿੰਤਾਵਾਂ ਦੂਰ ਕਰ ਕੇ ਆਸ਼ਾਵਾਦੀ ਭਾਵ ਉਤਪੰਨ ਕਰਨ ਵਾਲੀ ਅਦੁਤੀ ਰਚਨਾ ਹੈ। ਪੰਜਾਬੀ ਸੂਫ਼ੀਆਂ ਦੀ ਬਹੁਤੀ ਕਵਿਤਾ ਸਮੁਚੇ ਤੌਰ ਉੱਤੇ ਪ੍ਰੇਮ-ਭਾਵਾਂ ਦੇ ਪਰਕਾਸ਼ ਲਈ ਰਚੀ ਗਈ ਹੈ ਚਾਹੇ ਕਰਮਕਾਂਡੀ ਲੋਕਾਂ ਵਿਰੁਧ ਵਿਦ੍ਰੋਹ ਦਾ ਵਿਸ਼ਾ ਕਿਤੇ ਕਿਤੇ ਇਸ ਵਿਚ ਨਿਰਭੈਤਾ ਦੇ ਭਾਵ ਸ਼ਾਮਲ ਕਰਦਾ ਹੈ। ਵਿਸਮਾਦਕ ਭਾਵਾਂ ਦੀ ਕਵਿਤਾ ਦੇ ਉੱਤਮ ਨਮੂਨੇ ਸੂਫ਼ੀ ਸਾਹਿਤ ਵਿਚ ਘਟ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਰਹੱਸਵਾਦੀ ਭਾਵਾਂ ਤੇ ਸਿਧਾਂਤਾਂ ਨੂੰ ਵਿਸ਼ਵਾਰਥੀ ਇੱਛਾ ਨਾਲ ਇਕ-ਸੁਰਤਾ ਦੇ ਧੁਰੇ ਦੁਆਲੇ ਘੁਮਾਉਂਦੀ ਹੋਈ ਵੀ ਉਨ੍ਹਾਂ ਨੂੰ, ਸਮਾਜਕ ਮਨੋਰਥਾਂ ਦੀ ਪੂਰਤੀ ਲਈ, ਸਭ ਤੋਂ ਵਧ ਵਰਤੋਂ ਵਿਚ ਲਿਆਉਂਦੀ ਹੈ। ਆਧੁਨਕ ਜੁਗ ਦੇ ਰਹੱਸਵਾਦੀ ਝੁਕਾਵਾਂ ਵਾਲੇ ਕਵੀ, ਇਸ ਪੱਖ ਵਿਚ ਉਨ੍ਹਾਂ ਨਾਲ ਸਾਵੇਂ ਨਹੀਂ ਉੱਤਰ ਸਕਦੇ, ਚਾਹੇ ਉਹ ਰਹੱਸਵਾਦੀ ਭਾਵਾਂ ਤੇ ਵੀਚਾਰਾਂ ਦੀ ਵਧ ਤੋਂ ਵਧ ਵੰਨਗੀ ਆਪਣੀ ਕਵਿਤਾ ਵਿਚ ਰੂਪਮਾਨ ਕਰਦੇ ਹਨ।

ਪੰਜਾਬੀ ਗੁਰੂਆਂ, ਸੂਫ਼ੀਆਂ ਤੇ ਸੰਤਾਂ ਦਾ ਸਾਹਿਤ ਹਰ ਦੇਸ ਦੇ ਗੰਭੀਰ ਸਾਹਿਤ ਦੀ ਪਰਧਾਨ ਸਮੱਸਿਆ ਮਨੁੱਖੀ ਦੁਖ ਦਾ ਦਾਰੂ ਕਰਨ ਦੀ ਚਾਹ ਵਿੱਚੋਂ ਪੈਦਾ ਹੋਇਆ ਹੈ। ਮਨੁਖੀ ਦੁਖ ਦੇ ਬਾਹਰਮੁਖੀ ਤੇ ਅੰਤਰਮੁਖੀ ਦੋਹਾਂ ਤਰ੍ਹਾਂ ਦੇ ਕਾਰਨਾਂ ਨੂੰ ਸਮਝਣ ਤੇ ਸਿੱਝਣ ਦੀ ਇਹ ਜਾਚ ਦਸਦਾ ਹੈ। ਮਨੁਖੀ ਦਰਦ ਦਾ ਜੋ ਡੂੰਘਾ ਅਨੁਭਵ ਇਸ ਸਾਹਿਤ ਵਿਚ ਵਰਣਨ ਕੀਤਾ ਗਿਆ ਹੈ, ਉਹ ਇਸ ਦੀ ਅਪੀਲ ਨੂੰ ਅਤਿ ਵਿਸ਼ਾਲ ਬਣਾਉਂਦਾ ਹੈ। ਮਨੁਖੀ ਜੀਵਨ ਦੀਆਂ ਡੂੰਘੀਆਂ ਤੈਹਾਂ ਤੇ ਸੂਖਮ ਤਲਾਂ ਨੂੰ ਜਿਸ ਨਿਪੁੰਨਤਾ ਨਾਲ ਪੰਜਾਬੀ ਰਹੱਸਵਾਦੀ ਕਵੀਆਂ ਨੇ ਸ਼ਬਦਾਂ ਦਾ ਜਾਮਾ ਦਿਤਾ ਹੈ, ਉਹ ਉਨ੍ਹਾਂ ਨੂੰ ਮਨੁਖੀ ਦਿਲਾਂ ਦੇ ਪਰਤੀਨਿਧ ਕਹਾਉਣ ਦਾ ਹੱਕ ਦੇਂਦਾ ਹੈ। ਇਸ਼ਕ ਦੇ ਵਿਜੋਗ ਦੀ ਕਸਕ ਤੋਂ ਲੈ ਕੇ ਰਾਜਸੀ ਜਬਰ ਦੀ ਕੁਰਲਾਹਟ ਤਕ ਇਸਤਰੀ, ਮਰਦ, ਜਵਾਨ, ਬਜ਼ੁਰਗ, ਧਨੀ, ਨਿਰਧਨ, ਓਮੀ, ਪੰਡਿਤ, ਸਭ ਦੇ ਦੁਖਾਂ ਦੀ ਵੰਨਗੀ ਇਸ ਸਾਹਿਤ ਵਿਚ ਮਿਲਦੀ ਹੈ। ਪੰਜਾਬੀ ਜੀਵਨ ਦੀਆਂ ਸਤ ਹੀ ਅਸਲੀਅਤਾਂ ਦੇ ਹੇਠਾਂ ਮਾਨਸਕ ਡੂੰਘਾਣਾਂ ਵਿਚ ਵਰਤ ਰਹੀਆਂ ਧਾਰਨਾਵਾਂ, ਮਨੋਬਿਰਤੀਆਂ ਤੇ ਸ਼ਕਤੀਆਂ ਨੂੰ ਕਿਸੇ ਨੇ ਜੇ ਹਮਦਰਦੀ ਨਾਲ ਵਾਚਣਾ ਹੋਵੇ ਤਾਂ ਇਸ ਸਾਹਿਤ ਦਾ ਅਧਿਐਨ ਕਰੇ। ਪਰ ਦੁਖ ਦਾ ਵਰਣਨ ਅਧਿਕ ਹੋਣ ਦੇ ਬਾਵਜੂਦ ਇਹ ਸਾਹਿਤ ਨਿਰਾਸ਼ਾਵਾਦੀ ਪ੍ਰਭਾਵ ਪੈਦਾ ਨਹੀਂ ਕਰਦਾ। ਇਸ ਸਾਹਿਤ ਦੇ ਮੁੱਢਲੇ ਦਿਨਾਂ ਤੋਂ ਲੈ ਕੇ *ਹੁਣ ਤਕ ਇਸ ਦਾ ਸੁਭਾ ਮਨੁੱਖ ਵਿਚ ਮਨੁਖੀ ਗੁਣਾਂ ਤੇ ਕੀਮਤਾਂ ਦਾ ਵਾਧਾ ਕਰਨਾ ਰਿਹਾ ਹੈ। ਮਨੁੱਖ ਨੂੰ ਰੱਬ ਦੇ ਨੇੜੇ ਲਿਜਾਣ ਦਾ ਜਤਨ ਕਰਦਾ ਇਹ ਮਨੁੱਖਾਂ ਨੂੰ ਇਕ ਦੂਜੇ ਤੋਂ ਦੂਰ ਨਹੀਂ ਲਿਜਾਂਦਾ। ਮਨੁੱਖਾਂ ਵਿਚ ਨਿਰੋਲ ਮਨੁੱਖੀ ਸਾਂਝ ਦਾ ਅਹਿਸਾਸ ਪੈਦਾ ਕਰਨ ਦਾ ਜਤਨ ਇਸ ਦੀ ਬਲਵਾਨ ਰੁਚੀ ਹੈ। ਇਕ ਰੱਬ ਦੇ ਨਾਂ ਤੇ ਹਾਰਦਿਕ ਸਚਾਈ ਨਾਲ ਮਨੁੱਖਾਂ ਨੂੰ ਅਪੀਲ ਕਰਨ ਕਰਕੇ ਇਸ ਦਾ ਅਸਰ ਸਦਾ ਮਨੁੱਖੀ ਏਕਤਾ ਦੇ ਭਾਵਾਂ ਨੂੰ ਜਗਾਉਣਾ ਤੇ ਪਾਲਣਾ ਰਿਹਾ ਹੈ। ਭਾਵੇਂ ਇਸ ਦੇ ਇਕ ਭਾਗ ਵਿੱਚੋਂ ਅਨਿਆਂ, ਜਬਰ ਤੇ ਤਸ਼ੱਦਦ ਅੱਗੇ ਸਿਰ ਨਿਵਾਉਣ ਤੋਂ ਇਨਕਾਰ ਕਰਨ ਦੀ ਪ੍ਰਬਲ ਪਰੇਰਨਾ ਮਿਲਦੀ ਹੈ ਫਿਰ ਵੀ ਇਸ ਦੇ ਸਭ ਭਾਗਾਂ ਦੀ ਨਿਸਚਿਤ ਰੁਚੀ ਮਨੁੱਖੀ ਜੀਵਨ ਵਿਚ ਮਿਲਵਰਤਨ, ਮਿਠਾਸ ਤੇ ਅਮਨ ਵਰਤਾਉਣਾ ਹੈ। ਜਿਥੇ ਗੁਰੂਆਂ, ਸੂਫ਼ੀਆਂ

* ਨਿਰਾਸ਼ਵਾਦ ਦਾ ਭੁਲੇਖਾ ਪਾਉਣ ਵਾਲੇ ਕੁਝ ਸਲੋਕਾਂ ਦੇ ਬਾਵਜੂਦ ਹੇਠ ਲਿਖੇ ਸਲੋਕਾਂ ਤੇ ਰਚਨਹਾਰੇ ਫ਼ਰੀਦ ਨੂੰ ਨਿਰਾਸ਼ਾਵਾਦੀ ਨਹੀਂ ਕਿਹਾ ਜਾ ਸਕਦਾ:—

(ੳ) ਕਿਝੁ ਨ ਬੁਝੈ ਕਿਝੁ ਨ ਸੁਝੈ, ਦੁਨੀਆਂ ਗੁਝੀ ਭਾਹਿ
ਸਾਈਂ ਮੇਰੇ ਚੰਗਾ ਕੀਤਾ ਨਹੀਂ ਤ ਹੰਭੀ ਦਝਾਂ ਆਹਿ।

(ਅ) ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸੁ। ਇਹ ਤਨ ਲਹਰੀਂ ਗਡ ਥੀਆ ਸਚੇ ਤੇਰੀ ਆਸ।

(ੲ) ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆਂ ਸੁਖ ਹੋਇ। ਫਰੀਦਾ ਜੇ ਤੂੰ ਮੇਰਾ ਹੋਇ ਰਹੇਂ, ਸਭੁ ਜਗ ਤੇਰਾ ਹੋਇ।

ਤੇ ਸੰਤਾਂ ਦੇ ਜੀਵਨ ਚੜ੍ਹਦੀਆਂ ਕਲਾਂ, ਆਸ਼ਾਵਾਦ ਤੇ ਉਸਾਰੂ ਬਿਰਤੀਆਂ ਦੇ ਨਮੂਨੇ ਸਨ, ਉਥੇ ਉਨ੍ਹਾਂ ਦੀਆਂ ਲਿਖਤਾਂ ਵੀ ਪਾਠਕਾਂ ਨੂੰ ਗੰਭੀਰ, ਸੱਚੀਆਂ ਤੇ ਉਤਮ ਕੀਮਤਾਂ ਅਪਣਾਉਣ ਦੀ ਪਰੇਰਨਾ ਦੇਣ ਵਾਲੀਆਂ ਸਾਬਤ ਹੋਈਆਂ ਤੇ ਅੱਜ ਵੀ ਪੰਜਾਬੀ ਜੀਵਨ-ਭੰਡਾਰੇ ਵਿਚ ਸਭ ਤੋਂ ਅਨਮੋਲ ਰਤਨ ਇਹ ਸਾਹਿਤ ਹੀ ਹੈ।

ਪਿਛਲੇ ਅਠ ਸੌ ਸਾਲਾਂ ਵਿਚ ਪੰਜਾਬ ਅੰਦਰ ਜਿੰਨੀ ਸਾਹਿਤ-ਰਚਨਾ ਹੋਈ ਹੈ ਉਸ ਦਾ ਉਤਮ ਭਾਗ ਉਹ ਹੀ ਹੈ ਜੋ ਕਿਸੇ ਨ ਕਿਸੇ ਤਰ੍ਹਾਂ ਪੰਜਾਬ ਦੇ ਰਹੱਸਵਾਦੀ ਮਹਾਂ ਪੁਰਖਾਂ ਤੋਂ ਪ੍ਰਭਾਵਤ ਹੋਇਆ ਹੈ। ਪੰਜਾਬੀ ਗੁਰੂਆਂ ਤੇ ਸੂਫ਼ੀਆਂ ਦੇ ਉਪਦੇਸ਼ਾਂ ਨੇ ਪੰਜਾਬੀ ਲੋਕਾਂ ਦੇ ਮਨਾਂ ਵਿਚ ਐਸੀਆਂ ਕੀਮਤਾਂ ਭਰੀਆਂ ਕਿ ਉਹ ਸਦਾ ਮਨੁੱਖੀ ਭਾਵਾਂ ਦੇ ਧਾਰਨੀ ਸਾਹਿਤ ਨੂੰ ਹੀ ਸਭ ਤੋਂ ਵਧ ਮਾਣਦੇ ਰਹੇ। ਦਮੋਦਰ, ਵਾਰਸਸ਼ਾਹ, ਕਾਦਰਯਾਰ ਸ਼ਾਹਮੁਹੰਮਦ ਭਾਵੇਂ ਸਿਧੇ ਤੌਰ ਤੇ ਰਹੱਸਵਾਦੀ ਜੀਵਨ ਦਾ ਪ੍ਰਗਟਾ ਜਾਂ ਪਰਚਾਰ ਕਰਨ ਵਾਲੇ ਕਵੀ ਨਹੀਂ ਸਨ, ਫਿਰ ਵੀ ਇਨ੍ਹਾਂ ਦੇ ਸਾਹਿਤ ਵਿਚ ਜੋ ਮਨੁੱਖੀ ਕੀਮਤਾਂ ਮੌਜੂਦ ਹਨ ਉਨ੍ਹਾਂ ਦਾ ਸੰਬੰਧ ਕਿਸੇ ਨਾ ਕਿਸੇ ਤਰ੍ਹਾਂ ਰਹੱਸਵਾਦੀਆਂ ਦੇ ਆਦਰਸ਼ਾਂ ਨਾਲ ਜਾ ਜੁੜਦਾ ਹੈ। ਭਾਰਤ ਦੇ ਹੋਰ ਕਈ ਪ੍ਰਾਂਤਾਂ ਦੀ ਤਰ੍ਹਾਂ ਪੰਜਾਬ ਵਿਚ ਵੀ ਬਹੁਤੀਆਂ ਮਨੁਖਵਾਦੀ ਧਾਰਨਾਵਾਂ ਦਾ ਜਨਮ ਤੇ ਪ੍ਰਪੱਕਤਾ ਰਹੱਸਵਾਦੀਆਂ ਦੇ ਜੀਵਨਾਂ ਤੇ ਸਾਹਿਤ ਰਾਹੀਂ ਹੀ ਹੋਏ। ਦਮੋਦਰ, ਵਾਰਸ, ਆਦਿਕ ਲਿਖਾਰੀਆਂ ਦੇ ਸਾਹਿਤ ਵਿਚ ਪੰਜਾਬ ਦੀ ਮੁਸਲਮਾਨ ਤੇ ਗ਼ੈਰ ਮੁਸਲਮਾਨ ਵਸੋਂ ਨੂੰ ਇਕ ਦੂਜੇ ਦੀਆਂ ਸਾਹਿਤਕ, ਸਮਾਜਕ, ਸਭਿਆਚਾਰਕ ਤੇ ਧਾਰਮਕ ਰਵਾਇਤਾਂ ਤੋਂ ਜਾਣੂ ਕਰਵਾਉਣ ਵਾਲਾ ਜੋ ਅੰਸ਼ ਹੈ, ਉਹ ਉਸ ਵਾਤਾਵਰਨ ਦੀ ਪੈਦਾਵਾਰ ਹੈ ਜਿਸ ਨੂੰ ਫ਼ਰੀਦ, ਗੁਰੂਨਾਨਕ, ਗੁਰੂ ਅਰਜਨ, ਬੁਲ੍ਹੇਸ਼ਾਹ ਵਰਗੀਆਂ ਰਹੱਸਵਾਦੀ ਵਿਅਕਤੀਆਂ ਪੈਦਾ ਕਰਨ ਦਾ ਜਤਨ ਕਰਦੀਆਂ ਰਹੀਆਂ ਸਨ। ਸਿਖ ਗੁਰੂ ਹਿੰਦੂ ਜਨਤਾ ਵਿਚ ਤੇ ਸੂਫ਼ੀ ਦਰਵੇਸ਼ ਮੁਸਲਮਾਨ ਜਨਤਾ ਵਿਚ ਮਾਨਵਵਾਦੀ ਵਿਚਾਰ ਤੇ ਸਹਿਨਸ਼ੀਲਤਾ ਦੇ ਭਾਵ ਫੈਲਾਉਣ ਲਈ ਕਈ ਸਦੀਆਂ ਜੁੱਟੇ ਰਹੇ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਦੇ ਲੋਕਾਂ ਨੇ ਕੱਟੜਪੰਥੀ ਆਗੂਆਂ ਤੋਂ ਜਿੰਨੀ ਖ਼ਲਾਸੀ ਪਾਈ, ਉਹ ਸ਼ਾਇਦ ਅਕਬਰ ਦੇ ਰਾਜ ਤੋਂ ਬਾਅਦ ਪਹਿਲੀ ਵਾਰੀ ਉਨ੍ਹਾਂ ਨੂੰ ਨਸੀਬ ਹੋਈ ਸੀ। ਅਕਬਰ ਦੇ ਰਵਈਏ ਨੂੰ ਦੇਖ ਕੇ ਆਮ ਹਿੰਦੂ ਜਨਤਾ ਨੂੰ ਵਿਸ਼ਵਾਸ ਆਇਆ ਸੀ ਕਿ ਮੁਸਲਮਾਨ ਸਾਰੇ ਹੀ ਹਿੰਦੂਆਂ ਨੂੰ ਨਫ਼ਰਤ ਕਰਨ ਵਾਲੇ ਜਾਂ ਨਿਰਾਦਰ ਕਰਨ ਵਾਲੇ ਨਹੀਂ ਹੁੰਦੇ। ਅਕਬਰ ਤੋਂ ਪਹਿਲੋਂ ਵੀ ਕਈ ਵਾਰੀ ਟਾਵੇਂ ਟਾਵੇਂ ਹਿੰਦੂ, ਮੁਸਲਮਾਨ ਫ਼ਕੀਰਾਂ ਦਰਵੇਸ਼ਾਂ ਦੀ ਸੁਹਿਰਦਤਾ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦਾ ਸਤਿਕਾਰ ਕਰਦੇ ਆਏ ਸਨ, ਪਰ ਅਜੇਹੇ ਫ਼ਕੀਰਾਂ ਦੇ ਨਿਕਟਵਰਤੀ ਕੁਝ ਹਿੰਦੂਆਂ ਤੋਂ ਛੁਟ ਆਮ ਹਿੰਦੂ, ਮੁਸਲਮਾਨਾਂ ਨੂੰ ਓਪਰੀ ਤੇ ਸੰਕੋਚ-ਭਰੀ ਨਜ਼ਰ ਨਾਲ ਹੀ ਦੇਖਦੇ ਸਨ। ਮੁਸਲਮਾਨ ਸੂਫ਼ੀ ਇਕ ਪਾਸੇ ਹਿੰਦੂਆਂ ਨੂੰ ਭਰੋਸਾ ਦਿਵਾਉਣ ਦਾ ਜਤਨ ਕਰਦੇ ਰਹੇ ਕਿ ਇਸਲਾਮ ਦਾ ਰੋਲ ਭਾਰਤ-ਵਾਸੀਆਂ ਦੀਆਂ ਆਤਮਕ ਤੇ ਸਮਾਜਕ ਉੱਨਤੀ ਦੀਆਂ ਧਾਰਾਂ ਨੂੰ ਸੀਮਤ ਕਰਨਾ ਨਹੀਂ, ਵਿਸ਼ਾਲ ਕਰਨਾ ਹੈ। ਦੂਸਰੇ ਪਾਸੇ ਮੁਸਲਮਾਨ ਹਾਕਮਾਂ ਤੇ ਆਪਣੇ ਹਮਮਜ਼ਹਬ ਕੱਟੜਪੰਥੀਆਂ ਨੂੰ ਉਪਦੇਸ਼ ਦੇਂਦੇ ਰਹੇ ਕਿ ਇਸਲਾਮ ਦੀ ਸਹੀ ਸਪਿਰਿਟ ਅਨੁਸਾਰ ਤਸ਼ੱਦਦ, ਤਅੱਸਬ ਤੇ ਰਾਜ-ਅਭਿਮਾਨ ਨੂੰ ਕਿਸੇ ਸੂਰਤ ਵਿਚ ਵੀ ਜਾਇਜ਼ ਕਰਾਰ ਨਹੀਂ ਦਿਤਾ ਜਾ ਸਕਦਾ। ਇਹ ਜਤਨ ਹੌਲੇ ਹੌਲੇ ਸਫ਼ਲ ਹੁੰਦੇ ਰਹੇ ਤੇ ਸਿਖ ਗੁਰੂਆਂ ਦੇ ਸਮੇਂ ਤਕ, ਉਨ੍ਹਾਂ ਦੀ ਪ੍ਰੌੜ੍ਹਤਾ ਦਾ ਸਦਕਾ, ਇਨ੍ਹਾਂ ਦਾ ਅਸਰ ਕਾਫ਼ੀ ਵਧ ਗਿਆ। ਅਕਬਰ ਦੀ ਸੂਝ ਤੇ ਸਿਆਸਤ ਨੇ ਇਨ੍ਹਾਂ ਅਸਰਾਂ ਦੀ ਹੌਂਸਲਾ-ਅਫ਼ਜ਼ਾਈ ਕਰਨੀ ਯੋਗ ਸਮਝੀ ਤੇ ਉਸ ਦੇ ਰਾਜ ਵਿਚ ਸੂਫ਼ੀ ਵਿਚਾਰ ਤੇ ਵਤੀਰੇ ਕਾਫ਼ੀ ਪ੍ਰਭਾਵ ਪਰਾਪਤ ਕਰ ਗਏ। ਅਕਬਰ ਤੋਂ ਬਾਅਦ ਦੇ ਮੁਗ਼ਲ ਸ਼ਹਿਨਸ਼ਾਹਾਂ ਦੇ ਰਾਜ ਵਿਚ ਕੱਟੜਪੰਥੀਆਂ ਦਾ ਹੱਥ ਬਹੁਤ ਉਚਾ ਹੋਣਾ ਸ਼ੁਰੂ ਹੋ ਗਿਆ ਤੇ ਸੂਫ਼ੀ ਝੁਕਾਵਾਂ ਦੀ ਹੌਂਸਲਾ-ਅਫ਼ਜ਼ਾਈ ਬੰਦ ਹੋ ਗਈ। ਬੁਲ੍ਹੇਸ਼ਾਹ ਦੇ ਸਮੇਂ ਤਕ ਇਸਲਾਮ ਵਿਚ ਕੱਟੜਪੰਥੀਆਂ ਦਾ ਜ਼ੋਰ ਬਹੁਤ ਵਧ ਚੁਕਾ ਲਗਦਾ ਹੈ, ਪਰ ਸੂਫ਼ੀ ਵੀ ਆਪਣੇ ਆਦਰਸ਼ਾਂ ਦਾ ਪਰਚਾਰ ਕਰਨ ਵਿਚ ਵਧੇਰੇ ਦਲੇਰ ਹੋ ਗਏ, ਸਿਧ ਹੁੰਦੇ ਹਨ। ਤਅੱਸਬੀ ਮੁਸਲਮਾਨਾਂ ਵਲੋਂ ਜਦ ਗ਼ੈਰ ਮੁਸਲਮਾਨਾਂ ਉਤੇ ਫ਼ਤਵੇਬਾਜ਼ੀ ਦਾ ਦੌਰ ਬਹੁਤ ਗਰਮ ਹੋ ਗਿਆ ਤਾਂ ਇਸਲਾਮ ਦੀਆਂ ਰਹੱਸਵਾਦੀ ਰਵਾਇਤਾਂ ਨੂੰ ਜੀਉਂਦਿਆਂ

ਰਖਣ ਦੇ ਚਾਹਵਾਨ ਮੁਸਲਮਾਨ ਭਾਰਤ ਦੇ ਸਿਆਸੀ ਇਸਲਾਮ ਤੋਂ ਉਕਤਾ ਜਹੇ ਗਏ ਤੇ ਮੁੱਢਲੇ ਦਿਨਾਂ ਵਿਚ ਭਾਰਤ ਦੇ ਆਤਮਕ ਤੇ ਸਮਾਜਕ ਜੀਵਨ ਨੂੰ ਉਭਾਰਨ ਵਾਲਾ ਜੋ ਇਸਲਾਮ ਦਾ ਰੋਲ ਸ਼ੁਰੂ ਹੋਇਆ ਸੀ, ਉਸ ਦੀ ਸਮਰੱਥਾ ਖ਼ਤਮ ਹੋ ਗਈ ਮਹਿਸੂਸ ਕਰਨ ਲਗ ਪਏ। ਬੁਲ੍ਹੇਸ਼ਾਹ ਨਾਲ ਸਬੰਧਤ ਇਹ ਸ਼ਬਦ, 'ਬੁਲ੍ਹਿਆ, ਤੈਨੂੰ! ਕਾਫ਼ਰ ਕਾਫ਼ਰ ਆਖਦੇ, ਤੂੰ ਆਹੋ ਆਹੋ ਆਖ' ਉਸ ਦੇ ਸਮੇਂ ਦੇ ਸੂਫ਼ੀਆਂ ਦੀ, ਫ਼ਤਵੇਬਾਜ਼ਾਂ ਵਿਰੁਧ ਦਲੇਰ ਰਾਏ ਵੱਲ ਸੰਕੇਤ ਕਰਦੇ ਹਨ। ਜੇ ਗ਼ੈਰਮੁਸਲਮਾਨਾਂ ਨਾਲ ਰਵਾਦਾਰੀ ਦਾ ਉਪਦੇਸ਼ ਦੇਣਾ ਕੁਫਰ ਸੀ ਤਾਂ ਬੁੱਲ੍ਹਾ ਕਾਫ਼ਰ ਕਹਾਉਣ ਲਈ ਤਿਆਰ ਸੀ। ਪੰਜਾਬ ਦੇ ਸੂਫ਼ੀਆਂ ਦੇ ਇਸਤਕਲਾਲ, ਘਾਲ, ਕੁਰਬਾਨੀ ਤੇ ਆਦਰਸ਼ਾਂ ਨਾਲ ਸੱਚੀ ਵਫ਼ਾ ਦਾ ਸਿੱਟਾ ਸੀ ਕਿ ਰਣਜੀਤ ਸਿੰਘ ਦੇ ਸਮੇਂ ਪੰਜਾਬੀ ਮੁਸਲਮਾਨ ਨ ਸਿਰਫ਼ ਸਿਖਾਂ ਦੇ ਵਿਰੋਧੀ ਨ ਰਹੇ ਬਲਕਿ ਉਨ੍ਹਾਂ ਦੇ ਹਾਰਦਿਕ ਪ੍ਰਸੰਸਕ ਬਣ ਗਏ। ਕੱਟੜਪੰਥੀਆਂ ਦਾ ਅਸਰ ਰਸੂਖ ਮੁਸਲਮਾਨ ਹਕੂਮਤ ਦੇ ਬਲਬੋਤੇ ਤੇ ਖੜਾ ਹੋਣ ਕਰਕੇ ਉਸ ਹਕੂਮਤ ਦੇ ਡਿਗਣ ਨਾਲ ਹੀ ਖ਼ਤਮ ਹੋ ਗਿਆ ਤੇ ਸੂਫ਼ੀਆਂ ਦੀ ਪੈਦਾ ਕੀਤੀ ਸਪਿਰਿਟ ਉਭਾਰ ਵਿਚ ਆਉਣੀ ਸ਼ੁਰੂ ਹੋ ਗਈ। ਪੰਜਾਬ ਵਿਚ ਕਈ ਸਦੀਆਂ ਬਾਅਦ ਪੰਜਾਬੀ ਕੌਮੀਅਤ ਦਾ ਅਹਿਸਾਸ ਪੈਦਾ ਹੋਣਾ ਸ਼ੁਰੂ ਹੋਇਆ, ਜਿਸ ਨੂੰ ਜੇ ਬਰਤਾਨਵੀ ਸਾਮਰਾਜ ਦੇ ਖ਼ਤਰੇ ਦੀ ਅਗੇਤਰੀ ਸੋਝੀ ਕਰਵਾ ਕੇ ਸਮੇਂ ਸਿਰ ਪੂਰੀ ਤਰ੍ਹਾਂ ਮਜ਼ਬੂਤ ਕਰਨ ਦਾ ਹੀਲਾ ਕਰ ਲਿਆ ਜਾਂਦਾ ਤਾਂ ਸ਼ਾਇਦ ਪੰਜਾਬ ਦੀ ਸੁਤੰਤਰਤਾ ਉਸ ਸਾਮਰਾਜ ਤੋਂ ਇਨੀ ਜਲਦੀ ਜਿਤ ਨ ਹੁੰਦੀ। ਹਾਸ਼ਮ, ਕਾਦਰ ਯਾਰ, ਸ਼ਾਹਮੁਹੰਮਦ ਆਦਿਕ ਕਵੀਆਂ ਦਾ ਸਿਖਾਂ ਵਲ ਵਤੀਰਾ ਨਿਰਾ ਅਧਿਕਾਰੀ ਸ਼੍ਰੇਣੀ ਦੀ ਖ਼ੁਸ਼ਨੂਦੀ ਹਾਸਲ ਕਰਨ ਦੀ ਚਾਹ ਵਿੱਚੋਂ ਹੀ ਪੈਦਾ ਨਹੀਂ ਸੀ ਹੋਇਆ ਬਲਕਿ ਸੂਫ਼ੀ ਰਵਾਇਤਾਂ ਦਾ ਪ੍ਰਭਾਵ ਕਬੂਲਣ ਕਰਕੇ ਵੀ ਉਹ ਸਿਖਾਂ ਦੇ ਮਾਨਵਵਾਦੀ ਗੁਣਾਂ ਦੇ ਪ੍ਰਸੰਸਕ ਬਣੇ ਸਨ। ਇਹ ਪ੍ਰਭਾਵ ਭਾਵੇਂ ਉਨ੍ਹਾਂ ਨੇ ਚੇਤੰਨ ਹੋ ਕੇ ਕਬੂਲਿਆ ਤੇ ਭਾਵੇਂ ਆਪਣੇ ਵਾਤਾਵਰਨ ਵਿੱਚੋਂ ਸੁਭਾਵਕ ਤੌਰ ਤੇ ਗ੍ਰਹਿਣ ਕੀਤਾ, ਇਸ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਾਬਾ ਫ਼ਰੀਦ ਦੇ ਸਮੇਂ, ਸੂਫ਼ੀਆਂ ਦਾ ਜੋ ਕਰਤੱਵ, ਗ਼ੈਰ-ਮੁਸਲਮਾਨਾਂ ਨੂੰ ਬ੍ਰਾਹਮਣ ਕੱਟੜਪੰਥੀਆਂ ਤੇ ਕਰਮਕਾਂਡੀਆਂ ਦੇ ਪੰਜੇ ਵਿੱਚੋਂ ਮੁਕਤ ਕਰਕੇ, ਆਤਮਕ ਤੇ ਸਮਾਜਕ ਉੱਨਤੀ ਦੇ ਵਧੇਰੇ ਖੁਲ੍ਹੇ ਮੌਕੇ ਦੇਣ ਵਾਲੇ ਇਸਲਾਮੀ ਦਾਇਰੇ ਵਿਚ ਸ਼ਾਮਲ ਕਰਨਾ ਸੀ, ਉਸ ਦਾ ਰੂਪ ਬਦਲ ਕੇ ਹੁਣ, ਮੁਸਲਮਾਨਾਂ ਨੂੰ ਗ਼ੈਰਮੁਸਲਮਾਨਾਂ ਵਿਚ ਚਲ ਰਹੀ ਮਾਨਵਵਾਦੀ ਲਹਿਰ ਨਾਲ ਮਿਲਵਰਤਣ ਕਰਨ ਦੀ ਪਰੇਰਨਾ ਦੇਣਾ, ਬਣ ਗਿਆ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੇ ਸਿਖ ਆਗੂ ਜੇ ਗੁਰੂ ਸਾਹਿਬਾਂ ਦੇ ਆਦਰਸ਼ਾਂ ਨਾਲ ਸਚੀ ਵਫ਼ਾ ਪਾਲਦੇ ਤਾਂ ਪੰਜਾਬੀ ਕੌਮੀਅਤ ਦਾ ਅਹਿਸਾਸ ਤੇ ਪੰਜਾਬੀ ਸਭਿਆਚਾਰ ਦਾ ਵਿਕਾਸ ਤੇਜ਼ੀ ਨਾਲ ਡੂੰਘਾ ਤੇ ਪੱਕਾ ਹੋ ਜਾਂਦਾ।

ਗੁਰੂ ਨਾਨਕ ਦੇ ਜੀਵਨ ਤੇ ਸਾਹਿਤ ਦਾ ਪਰਧਾਨ ਤੇ ਬੁਨਿਆਦੀ ਪੱਖ ਰਹੱਸਵਾਦੀ ਅਨੁਭਵ ਨੂੰ ਵਧ ਤੋਂ ਵਧ ਲੋਕਾਂ ਦੀ ਪਹੁੰਚ ਵਿਚ ਲਿਆਉਣਾ ਸੀ। ਹਿੰਦੂ ਮੁਸਲਮਾਨਾਂ ਦੇ ਸੰਬੰਧਾਂ ਨੂੰ ਸਾਂਵਿਆਂ ਕਰਨ ਵਾਸਤੇ ਵੀ ਉਹ ਦੋਹਾਂ ਵਿਚ ਰੱਬ ਦੇ ਭੈ ਤੇ ਪ੍ਰੇਮ ਦਾ ਅਹਿਸਾਸ ਵਧਾਉਣ ਨੂੰ ਸਭ ਤੋਂ ਸਾਰਥਕ ਢੰਗ ਸਮਝਦੇ ਸਨ। ਸਾਧਾਰਨ ਜਨਤਾ ਸਦਾ ਰਹੱਸਵਾਦੀ ਅਨੁਭਵ ਵਾਲੀਆਂ ਵਿਅਕਤੀਆਂ ਨੂੰ ਆਪਣਾ ਹਿਤੂ ਤੇ ਪੱਖੀ ਮੰਨਦੀ ਰਹੀ ਹੈ ਕਿਉਂਕਿ ਜਿਥੇ ਸ਼ੋਸ਼ਕ ਸ਼੍ਰੇਣੀ ਲੋਕਾਂ ਨੂੰ ਨਰੋਏ ਵਿਚਾਰਾਂ ਤੋਂ ਵਾਂਝਿਆਂ ਰੱਖਣ ਦਾ ਜਤਨ ਕਰਦੀ ਹੈ, ਉਥੇ ਅਜੇਹੀਆਂ ਵਿਅਕਤੀਆਂ ਉਨ੍ਹਾਂ ਨੂੰ ਆਪਣੇ ਆਪ ਤੇ ਦੂਸਰੇ ਮਨੁਖਾਂ ਨੂੰ ਸਮਝਣ ਲਈ ਵਧੀਆ ਕਸੌਟੀਆਂ ਦੇ ਕੇ ਉਨ੍ਹਾਂ ਵਿਚ ਜਾਗਰਤ ਪੈਦਾ ਕਰਦੀਆਂ ਹਨ। ਰਹੱਸਵਾਦੀ ਵਿਅਕਤੀਆਂ ਦੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਦਾ ਇਕਰਾਰ ਕਰਕੇ, ਭੇਖੀ ਧਾਰਮਕ ਆਗੂ ਉਨ੍ਹਾਂ ਨੂੰ ਨਿਸਫਲ ਕਰਮ-ਕਾਂਡ ਵਿਚ ਰੁਝਾਈ ਰਖਦੇ ਹਨ। ਰਹੱਸਵਾਦੀ ਵਿਚਾਰਾਂ ਦੀ ਜੋ ਪ੍ਰਬਲ ਭੁਖ ਮਨੁਖਤਾ ਨੂੰ ਸਦਾ ਅਤ੍ਰਿਪਤ ਰਖਦੀ ਹੈ ਉਸਦਾ ਸਦਕਾ ਅਨੇਕਾਂ ਦੰਭੀ ਪੁਰਸ਼ ਲੋਕਾਂ ਪਾਸੋਂ ਆਪਣੀ ਸੁਆਰਥ-ਸਿਧੀ ਕਰਦੇ ਰਹਿੰਦੇ ਹਨ। ਅਜੇਹੇ ਪੁਰਸ਼ ਰਹੱਸਵਾਦੀ ਵਿਚਾਰਾਂ ਦਾ ਜ਼ਿਕਰ ਤਾਂ ਲੋਕਾਂ ਵਿਚ ਕਰਦੇ ਹਨ, ਪਰ ਉਨ੍ਹਾਂ ਵਿਚਾਰਾਂ ਨੂੰ ਅਨੁਭਵ ਦੀ ਪੱਧਰ ਤੇ ਪਹੁੰਚਾਉਣ ਲਈ ਤੇ ਜ਼ਿੰਦਗੀ ਦਾ ਢਾਂਚਾ ਉਨ੍ਹਾਂ ਦੇ ਅਨੁਕੂਲ ਢਾਲਣ ਲਈ ਜਿਨ੍ਹਾਂ ਉਸਾਰੂ ਤੇ ਉਭਾਰੂ

ਕੰਮਾਂ ਦੀ ਲੋੜ ਹੁੰਦੀ ਹੈ, ਉਨ੍ਹਾਂ ਬਾਬਤ ਜਾਣ-ਬੁਝ ਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ । ਰਹੱਸਵਾਦੀ, ਵਿਅਕਤੀਆਂ ਅਜੇਹੇ ਦੰਭੀ ਪੁਰਸ਼ਾਂ ਦੇ ਭਰਮਜਾਲ ਨੂੰ ਉਘਾੜ ਕੇ ਦੁਬਾਰਾ ਆਤਮਕ ਤੇ ਸਮਾਜਕ ਜੀਵਨ ਦੀਆਂ ਸਹੀ ਜੁਗਤੀਆਂ ਤੇ ਸੰਸਥਾਵਾਂ ਪਰਚਲਤ ਕਰਦੀਆਂ ਹਨ । ਪੱਛਮੀ ਏਸ਼ੀਆ ਤੇ ਹਿੰਦੁਸਤਾਨ ਦੇ ਸੂਫ਼ੀ ਆਗੂਆਂ ਨੇ ਰਹੱਸਵਾਦੀ ਜੁਗਤੀਆਂ ਦੀ ਖੋਜ ਕਰਨ, ਉਨ੍ਹਾਂ ਦੇ ਤਜਰਬੇ ਕਰਨ ਤੇ ਉਨ੍ਹਾਂ ਦੀ ਸਿਖਲਾਈ ਦੇਣ ਲਈ ਜਿਸ ਲਗਨ, ਮੌਲਕਤਾ ਤੇ ਦ੍ਰਿੜ੍ਹਤਾ ਤੋਂ ਕੰਮ ਲਿਆ, ਉਹ ਰਹੱਸਵਾਦੀ ਇਤਿਹਾਸ ਵਿਚ ਇਕ ਅਸਚਰਜਤਾ ਤੇ ਪ੍ਰਸ਼ੰਸਾ-ਭਰਿਆ ਕਾਂਡ ਹੈ । ਗੁਰੂ ਨਾਨਕ ਤੇ ਉਨ੍ਹਾਂ ਤੋਂ ਬਾਅਦ ਗੁਰੂਆਂ ਨੇ ਸੂਫ਼ੀ ਆਗੂਆਂ ਤੇ ਹੋਰ ਭਾਰਤੀ ਰਹੱਸਵਾਦੀਆਂ ਦੇ ਤਜਰਬਿਆਂ ਦਾ ਡੂੰਘੀ ਸੂਝ ਨਾਲ ਮੁਤਾਲਿਆ ਕੀਤਾ ਤੇ ਆਪਣੇ ਅਭਿਆਸ ਦੀ ਕਸੌਟੀ ਤੇ ਪਰਖ ਕੇ ਨਰੋਈਆਂ, ਸਰਲ ਤੇ ਸਾਰਥਕ ਜੁਗਤੀਆਂ ਤੇ ਸੰਸਥਾਵਾਂ ਨੂੰ ਵਧ ਤੋਂ ਵਧ ਗਿਣਤੀ ਦੇ ਲੋਕਾਂ ਤਕ ਪਹੁੰਚਾਉਣ ਲਈ ਇਕ ਸਿਲਸਿਲੇਵਾਰ ਜਤਨ ਆਰੰਭ ਕੀਤਾ । ਸ਼ਾਇਦ ਪੱਛਮੀ ਏਸ਼ੀਆ ਤੇ ਭਾਰਤ ਦੇ ਕਈ ਖੰਡਾਂ ਵਿਚ, ਗੁਰੂ ਨਾਨਕ ਦੇ ਚਿਰੰਕਾਲ ਰਟਨ ਦਾ ਇਕ ਪ੍ਰਯੋਜਨ ਰਹੱਸਵਾਦੀ ਜੁਗਤੀਆਂ ਦਾ ਗਿਆਨ ਪਰਾਪਤ ਕਰਨਾ ਹੀ ਸੀ । ਪੰਜਾਬ ਦੇ ਲੋਕਾਂ ਵਿਚ, ਪੱਛਮੀ ਏਸ਼ੀਆ ਦੀ ਤਰ੍ਹਾਂ ਇਕ ਚਿਰੰਜੀਵ ਰਹੱਸਵਾਦੀ ਲਹਿਰ ਵਿਆਪਕ ਕਰਨ ਲਈ ਗੁਰੂ ਸਾਹਿਬ ਨੇ ਕਈ ਵਿਉਂਤਾਂ ਵਰਤੀਆਂ ਤਾਂਕਿ ਉਨ੍ਹਾਂ ਦੇ ਜਤਨ ਚੰਦ ਲੋਕਾਂ ਨੂੰ ਕੁਝ ਸਮੇਂ ਲਈ ਪ੍ਰਭਾਵਤ ਕਰ ਕੇ ਖ਼ਤਮ ਨਾ ਹੋ ਜਾਣ ਬਲਕਿ ਸਮੁੱਚੇ ਪੰਜਾਬ ਦੀ ਜਨਤਾ ਵਿਚ ਨਵੇਂ ਜੀਵਨ ਲਈ ਉਤਸ਼ਾਹ ਪੈਦਾ ਕਰ ਸਕਣ । ਨਵੇਂ ਰਹੱਸਵਾਦੀ ਵਿਚਾਰਾਂ, ਵਿਸ਼ਵਾਸਾਂ, ਸਿਧਾਂਤਾਂ ਤੇ ਜੁਗਤੀਆਂ ਰਾਹੀਂ ਉਹ ਪੰਜਾਬੀਆਂ ਵਿਚ ਨਵਾਂ ਆਚਰਨ ਪੈਦਾ ਕਰਦੇ ਰਹੇ । ਜਿਹੜੇ ਸੂਫ਼ੀ ਰਹੱਸਵਾਦੀ ਪੰਜਾਬੀ ਜਨਤਾ ਨੂੰ ਰੂਹਾਨੀ ਜੀਵਨ ਦੀ ਸਿਖਲਾਈ ਦੇ ਰਹੇ ਸਨ ਉਹ ਸਿੱਖ ਗੁਰੂਆਂ ਨੂੰ ਆਪਣੇ ਸਾਥੀ ਤੇ ਸਹਾਇਕ ਮਹਿਸੂਸ ਹੁੰਦੇ ਸਨ ਤੇ ਉਨ੍ਹਾਂ ਦੇ ਮਿਲਵਰਤਨ ਨੂੰ ਉਹ ਸਦਾ ਜ਼ਰੂਰੀ ਸਮਝਦੇ ਰਹੇ । ਸਿੱਖ ਗੁਰੂਆਂ ਤੇ ਸੂਫ਼ੀਆਂ ਦੇ ਕੰਮ ਕਰਨ ਦੇ ਖੇਤਰਾਂ ਵਿਚ ਹੌਲੀ ਹੌਲੀ ਇਕ ਮੋਟੀ ਜਹੀ ਵੰਡ ਹੋ ਗਈ । ਪੰਜਾਬ ਦੇ ਮੁਸਲਮਾਨ ਬਣ ਚੁਕੇ ਲੋਕਾਂ ਵਿਚ ਜੋ ਮੌਲਵੀ, ਕਾਜ਼ੀ ਰੱਬ ਨਾਲ ਇਸ਼ਕ ਤੇ ਇਨਸਾਨਾਂ ਨਾਲ ਰਵਾਦਾਰੀ ਦੀ ਬਜਾਏ ਫੋਕਾ ਕਰਮਕਾਂਡ ਤੇ ਕੱਟੜਪੁਣਾ ਫੈਲਾ ਰਹੇ ਸਨ ਉਨ੍ਹਾਂ ਦੇ ਦੰਭ ਨੂੰ ਉਘਾੜਨ ਲਈ ਮੁਸਲਮਾਨ ਸੂਫ਼ੀ ਹੀ ਭਲੀਭਾਂਤ ਸਫਲ ਹੋ ਸਕਦੇ ਸਨ । ਦੂਜੇ ਪਾਸੇ ਹਿੰਦੂ ਧਾਰਮਕ ਅਧਿਕਾਰੀਆਂ, ਬ੍ਰਾਹਮਣਾਂ, ਜੋਗੀਆਂ, ਜੈਨੀਆਂ ਆਦਿਕ ਦੇ ਪੰਜਿਆਂ ਵਿਚੋਂ ਗ਼ੈਰ ਮੁਸਲਮ ਜਨਤਾ ਨੂੰ ਕੱਢਣ ਦੀ ਜ਼ਿੰਮੇਵਾਰੀ ਸਿੱਖ ਗੁਰੂਆਂ ਨੇ ਆਪਣੇ ਸਿਰ ਲਈ । ਜਨਤਾ ਦੇ ਜੀਵਨ, ਆਚਰਣ ਤੇ ਮਨੁਖੀ ਰਿਸ਼ਤਿਆਂ ਨੂੰ ਬਦਲਣ ਲਈ ਜਿਸ ਰਹੱਸਵਾਦੀ ਦਿਸ਼ਾ ਵਲ ਸੂਫ਼ੀ ਤੇ ਗੁਰੂ ਲੋਕਾਂ ਨੂੰ ਲਿਜਾਣਾ ਚਾਹੁੰਦੇ ਸਨ ਉਸ ਵਲ ਲੋਕ ਤਦ ਹੀ ਜਾ ਸਕਦੇ ਸਨ ਜੇ ਉਹ ਭੇਖੀ ਧਾਰਮਕ ਆਗੂਆਂ ਨੂੰ ਉਨ੍ਹਾਂ ਦੇ ਅਸਲ ਰੰਗ ਵਿਚ ਦੇਖ ਲੈਂਦੇ । ਆਪਣੀ ਅਸਲੀਅਤ ਵਲੋਂ ਲੋਕਾਂ ਦਾ ਧਿਆਨ ਹਟਾਉਣ ਲਈ ਅਜੇਹੇ ਆਗੂ ਜਨਤਾ ਦੇ ਇਕ ਭਾਗ ਨੂੰ ਦੂਜੇ ਨਾਲ ਲੜਨ-ਝਗੜਨ ਵਿਚ ਰੁਝਾਈ ਰਖਦੇ ਸਨ । ਹਿੰਦੂਆਂ ਮੁਸਲਮਾਨਾਂ ਦੀ ਪਰਸਪਰ ਖਿਚੋਤਾਣ ਤੇ ਤਅੱਸਬ ਦੋਹਾਂ ਸ਼ਰੇਣੀਆਂ ਤੇ ਆਗੂਆਂ ਦੇ ਹਿਤਾਂ ਨੂੰ ਪਾਲਦੀ ਸੀ । ਮੁਸਲਮਾਨ ਆਗੂ ਹਿੰਦੂਆਂ ਦੇ ਇਸ਼ਟਾਂ, ਰਹੁ ਰੀਤਾਂ ਤੇ ਸਮਾਜਕ ਸੰਬੰਧਾਂ ਨੂੰ ਪਛੜੇ ਹੋਏ, ਗੁੰਝਲਦਾਰ ਤੇ ਅਨਿਆਂ ਉਤੇ ਅਧਾਰਤ ਦਸ ਕੇ ਆਪਣੇ ਹਮ-ਮਜ਼ਹਬਾਂ ਦੇ ਅਭਿਮਾਨ-ਭਾਵਾਂ ਨੂੰ ਉਭਾਰਦੇ ਰਹਿੰਦੇ ਸਨ । ਜੇ ਬ੍ਰਾਹਮਣ, ਜੋਗੀ ਆਦਿ ਹਿੰਦੂ ਧਾਰਮਕ ਆਗੂ ਹਿੰਦੂ ਜਨਤਾ ਦੇ ਆਤਮਕ ਤੇ ਸਮਾਜਕ ਵਿਕਾਸ ਦੀ ਜ਼ਿੰਮੇਵਾਰੀ ਮਹਿਸੂਸ ਕਰਦੇ ਤਾਂ ਉਹ ਇਸ ਕਠੋਰ ਆਲੋਚਨਾ ਦਾ ਉਲਾਂਭਾ ਲਾਹੁਣ ਲਈ ਆਪਣੀ ਤੇ ਆਪਣੇ ਮਤਾਂ ਦੀ ਪੜਚੋਲ ਕਰ ਕੇ ਨਵੇਂ ਜੀਵਨ ਦੇ ਰਾਹ ਪੈਂਦੇ, ਪਰ ਇਸ ਰਾਹੇ ਪੈਣ ਦੀ ਬਜਾਏ ਉਨ੍ਹਾਂ ਨੇ ਮੁਸਲਮਾਨ ਆਲੋਚਕਾਂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿਤੀ । ਗੁਰੂ ਸਾਹਿਬਾਂ ਨੇ ਮੁਸਲਮਾਨਾਂ ਦੀ ਨੁਕਤਾਚੀਨੀ ਦਾ ਸਹੀ ਉੱਤਰ ਹਿੰਦੂ ਜੀਵਨ ਨੂੰ ਬਦਲਣਾ ਕਰਾਰ ਦਿੱਤਾ ਤੇ ਇਸ ਤਬਦੀਲੀ ਲਈ ਨਾ ਸਿਰਫ਼ ਆਪਣੇ ਦੇਸ ਦੀਆਂ ਪੁਰਾਤਨ ਪਰੰਪਰਾਵਾਂ ਤੇ ਸੰਸਕ੍ਰਿਤੀ ਵਿਚੋਂ ਲਾਭਦਾਇਕ ਅੰਗ ਚੁਣੇ ਬਲਕਿ ਇਸਲਾਮੀ ਦੇਸਾਂ ਦੀਆਂ ਰਵਾਇਤਾਂ ਤੇ ਸਭਿਆਚਾਰ ਤੋਂ ਵੀ ਫ਼ਾਇਦਾ ਉਠਾਉਣ ਤੋਂ ਸੰਕੋਚ ਨਾ ਕੀਤਾ । ਇਤਿਹਾਸ ਦਸਦਾ ਹੈ, ਮੁਸਲਮਾਨ ਕੱਟੜਪੰਥੀਆਂ ਨਾਲ ਸਿੱਝਣ ਦਾ ਇਹ ਢੰਗ

ਵਧੇਰੇ ਸਫ਼ਲ ਸਾਬਤ ਹੋਇਆ। ਗੁਰੂ ਸਾਹਿਬਾਂ ਦੇ ਸਾਹਿਤ ਵਿਚ ਮੁਸਲਮਾਨ ਮਜ਼ਹਬੀ ਆਗੂਆਂ ਦੇ ਅਭਿਮਾਨ ਦਾ ਖੰਡਨ ਘਟ ਹੈ, ਪਰ ਹਿੰਦੂ ਧਾਰਮਕ ਨੇਤਾਵਾਂ ਦੀ ਸੁਆਰਥੀ ਬਿਰਤੀ ਨੂੰ ਪੂਰੀ ਤਰ੍ਹਾਂ ਨੰਗਿਆਂ ਕੀਤਾ ਹੈ ਤਾਂ ਕਿ ਪੰਜਾਬ ਦੀ ਹਿੰਦੂ ਜਨਤਾ ਮੁਸਲਮਾਨਾਂ ਦੀ ਆਲੋਚਨਾ ਤੋਂ ਚਿੜਨ ਦੀ ਬਜਾਏ ਆਪਣੀ ਸਵੈ-ਪੜਚੋਲ ਕਰਨ ਵਲ ਵਧੇਰੇ ਧਿਆਨ ਦੇਵੇ। ਅਜੇਹਾ ਉਸਾਰੂ ਵਤੀਰਾ ਧਾਰਨ ਕਰ ਕੇ ਗੁਰੂਆਂ ਨੇ ਪੰਜਾਬ ਵਿਚ ਹਿੰਦੂ ਵਸੋਂ ਦੇ ਚੋਖੇ ਭਾਗ ਨੂੰ ਰਹੱਸਵਾਦੀ ਸਿਖਲਾਈ ਰਾਹੀਂ ਇੰਨਾ ਉਚਿਆ ਲਿਆ ਕਿ ਨਾ ਮੁਸਲਮਾਨ ਉਨ੍ਹਾਂ ਨੂੰ ਮਜ਼ਹਬੀ ਜਾਂ ਭਾਈਚਾਰਕ ਤੌਰ ਤੇ ਨੀਵੀਂ ਨਜ਼ਰ ਨਾਲ ਦੇਖ ਸਕਣ ਤੇ ਨ ਉਹ ਇਸਲਾਮੀ ਜੀਵਨ ਦੇ ਟਾਕਰੇ ਵਿਚ ਆਪਣੇ ਆਪ ਨੂੰ ਘਟੀਆ ਮਹਿਸੂਸ ਕਰਨ। ਜਦ ਗੁਰੂ ਸਾਹਿਬ ਸਾਰੇ ਪੰਜਾਬ ਦੀ ਗ਼ੈਰ ਮੁਸਲਮਾਨ ਵਸੋਂ ਨੂੰ ਇਸ ਤਰੀਕੇ ਨਾਲ ਉਚਿਆ ਤੇ ਆਪਣੇ ਪੈਰਾਂ ਉਤੇ ਖੜਾ ਕਰਨ ਦੇ ਜਤਨਾਂ ਵਿਚ ਸਫਲ ਹੁੰਦੇ ਨਜ਼ਰ ਆਉਣ ਲਗੇ ਤਾਂ ਕਈ ਪਾਸਿਆਂ ਤੋਂ ਸਖ਼ਤੀ ਨਾਲ ਉਨ੍ਹਾਂ ਦੀ ਵਿਰੋਧਤਾ ਹੋਣੀ ਸ਼ੁਰੂ ਹੋ ਗਈ। ਮੁਸਲਮਾਨ ਸੂਫ਼ੀ ਇਨ੍ਹਾਂ ਜਤਨਾਂ ਦੇ ਵਿਰੋਧੀ ਸਨ ਕਿਉਂਕਿ ਮਨੁਖੀ ਜੀਵਨ ਨੂੰ ਉਚਿਆਉਣ ਦਾ ਹਰ ਜਤਨ ਉਨ੍ਹਾਂ ਦੇ ਆਪਣੇ ਮੰਤਵਾਂ ਦੀ ਹੀ ਪੂਰਤੀ ਸੀ, ਪਰ ਕੱਟੜਪੰਥੀ ਮੁਸਲਮਾਨਾਂ ਨੂੰ ਇਹ ਜਤਨ ਜਲਦੀ ਹੀ ਰੜਕਣ ਲਗ ਪਏ। ਜੇ ਸੂਫ਼ੀ ਪੀਰਾਂ ਦਾ ਅਸਰ ਰਸੂਖ਼ ਮੁਸਲਮਾਨੀ ਵਸੋਂ ਵਿਚ ਕਾਇਮ ਰਹਿੰਦਾ ਤਾਂ ਪੰਜਾਬ ਦੀ ਵਸੋਂ ਦੇ ਦੋਵੇਂ ਭਾਗ ਇਕ ਦੂਜੇ ਦੇ ਬਹੁਤ ਨੇੜੇ ਆਉਂਦੇ ਜਾਂਦੇ ਤੇ ਉਨ੍ਹਾਂ ਦੀ ਮਿਲਵਰਤਣ ਨਾਲ ਪੰਜਾਬੀ ਜੀਵਨ ਦੀਆਂ ਸੰਭਾਵਨਾਵਾਂ ਬਹੁਤ ਵਧ ਜਾਂਦੀਆਂ। ਸੂਫ਼ੀਆਂ ਤੇ ਗੁਰੂਆਂ ਦਾ ਆਦਰਸ਼ ਇਕ ਸਾਂਝਾ, ਅਮਨ-ਭਰਪੂਰ, ਖ਼ੁਸ਼ਹਾਲ, ਉਸਾਰੂ ਰੁਚੀਆਂ ਵਾਲਾ ਤੇ ਅੰਦਰੂਨੀ ਤ੍ਰੇੜਾਂ ਤੋਂ ਰਹਿਤ ਪੰਜਾਬ ਹੋਂਦ ਵਿਚ ਲਿਆਉਣਾ ਸੀ ਤੇ ਇਸ ਆਦਰਸ਼ ਦੀ ਪੂਰਤੀ ਲਈ ਉਹ ਬੇਅੰਤ ਕਠਨਾਈਆਂ ਦੇ ਬਾਵਜੂਦ ਕਈ ਸਦੀਆਂ ਜਤਨ ਕਰਦੇ ਰਹੇ। ਪੰਜਾਬ ਵਿਚ ਸਾਂਝਾ, ਨਰੋਆ ਤੇ ਉਸਾਰੂ ਜੀਵਨ ਉਭਾਰਨ ਦੇ ਜਤਨ ਉਨ੍ਹਾਂ ਲੋਕਾਂ ਦੇ ਹਿਤਾਂ ਉੱਤੇ ਸਿੱਧਾ ਵਾਰ ਕਰਦੇ ਸਨ ਜੋ ਪੰਜਾਬੀ ਜਨਤਾ ਨੂੰ ਸਦਾ ਲਈ ਆਪਣੇ ਅਧੀਨ ਰੱਖਣਾ ਚਾਹੁੰਦੇ ਸਨ। ਰਹੱਸਵਾਦ ਦਾ ਪਰਚਾਰ ਲੋਕਾਂ ਵਿਚ ਜਾਗਰਿਤ ਪੈਦਾ ਕਰਨ ਦਾ ਨਿਹਾਇਤ ਕਾਮਯਾਬ ਹਥਿਆਰ ਹੋਣ ਕਰ ਕੇ ਇਸ ਦੀ ਵਿਰੋਧਤਾ ਨਾ ਕੇਵਲ ਦੰਭੀ ਧਾਰਮਕ ਆਗੂਆਂ ਵਲੋਂ ਹੁੰਦੀ ਸੀ ਬਲਕਿ ਆਰਥਕ ਤੇ ਰਾਜਸੀ ਅਧਿਕਾਰਾਂ ਦੇ ਮਾਲਕਾਂ ਵਲੋਂ ਵੀ, ਜਿਨ੍ਹਾਂ ਲਈ ਲੋਕਾਂ ਦਾ ਜਾਗਣਾ ਚਿੰਤਾਜਨਕ ਸੀ। ਜਿਵੇਂ ਜਿਵੇਂ ਸੂਫ਼ੀ ਤੇ ਗੁਰੂ ਲੋਕਾਂ ਨੂੰ ਉਭਾਰਨ ਵਿਚ ਸਫਲ ਹੁੰਦੇ ਗਏ ਤਿਵੇਂ ਤਿਵੇਂ ਧਾਰਮਕ ਅਧਿਕਾਰੀ ਤੇ ਰਾਜਸੀ ਅਥਵਾ ਆਰਥਕ ਅਧਿਕਾਰੀ, ਲੋਕ-ਹਿਤੂ ਆਗੂਆਂ ਦੀ ਵਿਰੋਧਤਾ ਦੇ ਜਤਨਾਂ ਵਿਚ ਇਕ ਦੂਜੇ ਦੇ ਨੇੜੇ ਆਉਂਦੇ ਗਏ। ਪੰਜਾਬ ਦੀ ਰਾਜਸੀ ਵਾਗ-ਡੋਰ ਮੁਗ਼ਲ ਹਕੂਮਤ ਦੇ ਹੱਥ ਹੋਣ ਕਰ ਕੇ ਇਹ ਵਿਰੋਧਤਾ ਇਸਦੀ ਛੱਤਰ-ਛਾਇਆ ਹੇਠ ਕੇਂਦਰਿਤ ਹੋਣ ਲਗ ਪਈ। ਮੁਸਲਮਾਨ ਕੱਟੜਪੰਥੀ ਵਡੀ ਗਿਣਤੀ ਵਿਚ ਤੇ ਹਿੰਦੂ ਕੱਟੜਪੰਥੀ ਥੋੜੀ ਗਿਣਤੀ ਵਿਚ ਇਸ ਹਕੂਮਤ ਨੂੰ ਸ਼ਹਿ ਜਾਂ ਸਹਾਇਤਾ ਦੇਣ ਲਈ ਮੈਦਾਨ ਵਿਚ ਆ ਗਏ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਤਕ ਮੁਗ਼ਲ ਹਕੂਮਤ ਕੱਟੜਪੰਥੀਆਂ ਦੀ ਸਹਾਇਤਾ ਦੀ ਲੋੜ ਮਹਿਸੂਸ ਨਹੀਂ ਸੀ ਕਰਦੀ, ਪਰ ਬਾਅਦ ਵਿਚ ਦਿਨ-ਬਦਿਨ ਵਧ ਰਹੇ ਰਹੱਸਵਾਦੀ ਪਰਚਾਰ ਨੂੰ ਰੋਕਣ ਲਈ ਦੰਭੀ ਧਾਰਮਕ ਆਗੂਆਂ ਦੀ ਹੌਂਸਲਾ-ਅਫ਼ਜ਼ਾਈ ਕਰਨੀ ਹਕੂਮਤ ਲਈ ਜ਼ਰੂਰੀ ਹੋ ਗਈ ਤਾਂ ਕਿ ਜਨਤਾ ਨੂੰ ਅਸਲ ਰਹੱਸਵਾਦ ਦੀ ਬਜਾਏ, ਰਹੱਸਵਾਦੀ ਜੀਵਨ ਨਾਲ ਮਿਲਦੇ-ਜੁਲਦੇ, ਪਰ ਨਿਰਾਰਥਕ, ਪੂਜਾ ਪਾਠਾਂ ਦੇ ਭੁਲੇਖਿਆਂ ਵਿਚ ਮਹਿਵ ਰੱਖ ਕੇ ਨਵੇਂ ਜੀਵਨ ਦੀ ਸ਼ਕਤੀ ਪਰਾਪਤ ਕਰਨ ਤੋਂ ਦੂਰ ਕੀਤਾ ਜਾਵੇ। ਮੁਗ਼ਲ ਹਕੂਮਤ ਰਹੱਸਵਾਦੀ ਪਰਚਾਰ ਦਾ ਮੁਕਾਬਲਾ ਮਜ਼ਹਬੀ ਨੇਤਾਵਾਂ ਰਾਹੀਂ ਵੀ ਤੇ ਰਾਜਸੀ ਸ਼ਕਤੀ ਦੀ ਵਰਤੋਂ ਨਾਲ ਵੀ ਕਰਨਾ ਚਾਹੁੰਦੀ ਸੀ। ਹਕੂਮਤ ਦੀ ਨਜ਼ਰ ਵਿਚ ਗੁਰੂ ਤੇ ਸੂਫ਼ੀ ਰਾਜ-ਭੈ ਤੋਂ ਬੇਪਰਵਾਹ ਹੋਈਆਂ ਵਿਅੱਕਤੀਆਂ ਹੀ ਨਹੀਂ ਸਨ ਬਲਕਿ ਉਹ ਜਾਗਰਿਤ ਹੋ ਰਹੇ ਲੋਕਾਂ ਦੇ ਲੀਡਰ ਵੀ ਸਨ ਜਿਨ੍ਹਾਂ ਵਲੋਂ ਅਵੇਸਲੇ ਹੋਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ ਸੀ। ਜਹਾਂਗੀਰ ਦੇ ਸਮੇਂ ਭਾਰਤੀ ਇਸਲਾਮ ਵਿਚ ਕੰਮ ਕਰ ਰਹੇ ਸੂਫ਼ੀ ਤੇ ਕਾਜ਼ੀ ਮੌਲਵੀਆਂ ਦੀ ਤੱਕੜੀ ਦਾ ਕੱਟੜਪਥੀ ਪਲੜਾ ਬਹੁਤ ਭਾਰਾ ਹੋਣਾ

ਸ਼ੁਰੂ ਹੋਇਆ। ਜਦ ਤਕ ਮੁਗ਼ਲ ਹਕੂਮਤ ਸੂਫ਼ੀਆਂ ਦਾ ਸਤਿਕਾਰ ਕਰਦੀ ਰਹੀ ਪੰਜਾਬ ਦੇ ਲੋਕਾਂ ਦੇ ਜੀਵਨ ਦਾ ਵਿਕਾਸ ਸਰਲਤਾ ਨਾਲ ਹੁੰਦਾ ਰਿਹਾ, ਪਰ ਜਦੋਂ ਹਕੂਮਤ ਨੇ ਸੂਫ਼ੀਆਂ ਵੱਲੋਂ ਮੂੰਹ ਮੋੜ ਕੇ ਕੱਟੜਪੰਥੀਆਂ ਵਲ ਰੁਖ਼ ਕਰ ਲਿਆ ਤਾਂ ਜਨਤਾ ਦੇ ਜੀਵਨ-ਵਿਕਾਸ ਨਾਲ ਹਕੂਮਤ ਦੀ ਹਮਦਰਦੀ ਘਟ ਗਈ ਤੇ ਜਨਤਾ ਦੇ ਲੀਡਰਾਂ ਉਤੇ ਰਾਜ-ਸ਼ਕਤੀ ਦੇ ਵਾਰ ਸ਼ੁਰੂ ਹੋ ਗਏ। ਸਭ ਤੋਂ ਪਹਿਲਾ ਵਾਰ ਗੁਰੂ ਅਰਜਨ ਉਤੇ ਹੋਇਆ, ਜਿਸ ਨੇ ਪੰਜਾਬ ਦੇ ਜਾਗਰਿਤ ਲੋਕਾਂ ਦੀ ਵੱਡੀ ਗਿਣਤੀ ਨੂੰ ਇਕ ਸਮਾਜਕ ਸ਼ਕਤੀ ਬਣਾਉਣ ਵਿਚ ਸਫਲਤਾ ਪਰਾਪਤ ਕਰ ਲਈ ਸੀ। ਸੰਨ ੧੬੦੬ ਈ: ਵਿਚ ਲਾਹੌਰ ਦੇ ਕਿਲ੍ਹੇ ਪਾਸ ਗੁਰੂ ਅਰਜਨ ਦੀ ਸ਼ਹੀਦੀ ਪੰਜਾਬ ਦੇ ਇਤਿਹਾਸ ਵਿਚ ਇਕ ਨਿਰਣਾਜਨਕ ਘਟਨਾ ਸੀ। ਇਹ ਇਸ ਗੱਲ ਦੀ ਸੂਚਨਾ ਸੀ ਕਿ ਪੰਜਾਬ ਦੇ ਰਹੱਸਵਾਦੀ ਮਹਾਂ ਪੁਰਖਾਂ ਨੇ ਪੰਜਾਬੀ ਲੋਕਾਂ ਦੇ ਆਤਮਕ, ਸਮਾਜਕ ਤੇ ਵਿਹਾਰਕ ਜੀਵਨ ਨੂੰ ਬਲਵਾਨ ਕਰਨ ਦੇ ਜੋ ਜਤਨ ਅਰੰਭੇ ਸਨ, ਉਹ ਕਾਫ਼ੀ ਹੱਦ ਤਕ ਸਫ਼ਲ ਹੋ ਰਹੇ ਸਨ ਤੇ ਹਕੂਮਤ ਨੂੰ ਯਕੀਨ ਹੋ ਗਿਆ ਸੀ ਕਿ ਰਹੱਸਵਾਦੀਆਂ ਦਾ ਪਰਚਾਰ ਨਿਰਾ ਲੋਕਾਂ ਦੇ ਰੂਹਾਨੀ ਜੀਵਨ ਨੂੰ ਹੀ ਪ੍ਰਫੁੱਲਤ ਨਹੀਂ ਕਰਦਾ, ਸਮਾਜਕ ਤੇ ਵਿਹਾਰਕ ਪੱਖ ਵਿਚ ਵੀ ਨਵੀਆਂ ਸ਼ਕਤੀਆਂ ਨੂੰ ਉਭਾਰਦਾ ਹੈ, ਜਿਨ੍ਹਾਂ ਦਾ ਅਹਿਸਾਸ ਲੋਕਾਂ ਵਿਚ ਮਨੁੱਖੀ ਕਸੌਟੀਆਂ ਤੇ ਪੂਰੇ ਨਾ ਉਤਰਨ ਵਾਲੇ ਹਰ ਕਾਨੂੰਨ, ਪੁਰਸ਼ ਜਾਂ ਸੰਸਥਾ ਨੂੰ ਵੰਗਾਰਨ ਦੀ ਸਮਰੱਥਾ ਪੈਦਾ ਕਰਦਾ ਹੈ। ਇਸ ਵੰਗਾਰ ਦੇ ਚਿੰਨ੍ਹ ਉਘੜਦੇ ਵੇਖ ਕੇ ਜਹਾਂਗੀਰ ਨੇ ਗੁਰੂ ਅਰਜਨ ਨੂੰ ਸਾਧਾਰਨ ਫ਼ਕੀਰ ਮੰਨਣਾ ਭੁਲੇਖਾ ਸਮਝ ਕੇ ਉਨ੍ਹਾਂ ਦੀਆਂ ਰਹੱਸਵਾਦੀ ਕਾਰਵਾਈਆਂ ਤੋਂ ਤੌਖਲਾ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਤੇ ਅੰਤ ਵਿਚ ਉਨ੍ਹਾਂ ਨੂੰ ਬੰਦ ਕਰਨ ਦਾ ਫ਼ੈਸਲਾ ਕਰ ਲਿਆ। ਜਿਸ ਜ਼ਮਾਨੇ ਵਿਚ ਹਕੂਮਤਾਂ ਨੂੰ ਆਪਣੇ ਰਾਜ ਖੁਸ ਜਾਣ ਦਾ ਖ਼ਤਰਾ ਕਿਸੇ ਹਮਲਾਵਰ ਲੁਟੇਰਾ ਫ਼ੌਜ ਜਾਂ ਗਵਾਂਢੀ ਹਾਕਮ ਤੋਂ ਹੀ ਹੁੰਦਾ ਸੀ ਜਾਂ ਕਦੀਂ-ਕਦਾਈਂ ਤਖ਼ਤ ਦੇ ਦਾਅਵੇਦਾਰ ਰਿਸ਼ਤੇਦਾਰਾਂ ਦੀ ਸਾਜ਼ਸ਼ ਤੋਂ, ਉਸ ਜ਼ਮਾਨੇ ਵਿਚ ਰਹੱਸਵਾਦੀ ਵਿਅੱਕਤੀਆਂ ਦੀ ਅਗਵਾਈ ਹੇਠ ਜਾਗੇ ਲੋਕਾਂ ਵਲੋਂ ਹਕੂਮਤ ਨੂੰ ਭੈ ਪਰਤੀਤ ਹੋਣ ਲਗ ਜਾਣਾ ਇਕ ਅਤਿਅੰਤ ਅਸਾਧਾਰਨ ਘਟਨਾ ਸੀ ਤੇ ਭਾਰਤ ਵਿਚ ਤਾਂ ਸ਼ਾਇਦ ਮੱਧ ਕਾਲ ਦੀ ਕੁੱਖ ਵਿਚ ਆਧੁਨਕ ਕਾਲ ਦੇ ਪਰਵੇਸ਼ ਕਰ ਚੁਕੇ ਹੋਣ ਦਾ ਸੰਕੇਤ ਸੀ। ਗੁਰੂ ਅਰਜਨ ਦੀ ਸ਼ਹੀਦੀ ਨੇ ਜਾਗਰਿਤ ਹੋਏ ਲੋਕਾਂ ਨੂੰ ਯਕੀਨ ਕਰਾ ਦਿੱਤਾ ਕਿ ਜੇ ਉਹ ਬਾਕਾਇਦਾ ਢੰਗ ਨਾਲ ਜਥੇਬੰਦ ਹੋ ਕੇ ਹਕੂਮਤ ਨੂੰ ਵੰਗਾਰਾਂ ਪਾਉਣੀਆਂ ਸ਼ੁਰੂ ਕਰ ਦੇਣ ਤਾਂ ਹਕੂਮਤ ਦਾ ਵਕਾਰ ਤੇ ਰੋਅਬ ਘਟਦਾ ਜਾਵੇਗਾ ਤੇ ਲੋਕਾਂ ਵਿਚ ਜਾਗਰਿਤੀ ਵਧਦੀ ਜਾਵੇਗੀ। ਗੁਰੂ ਹਰਗੋਬਿੰਦ ਦੀਆਂ ਮੁਗ਼ਲ ਫ਼ੌਜਾਂ ਨਾਲ ਲਈਆਂ ਝੜਪਾਂ ਨੇ ਪੰਜਾਬੀਆਂ ਦੇ ਹੌਂਸਲੇ ਬਹੁਤ ਵਧਾ ਦਿੱਤੇ। ਗੁਰੂ ਨਾਨਕ ਦੇ ਸਮੇਂ ਤੋਂ ਉਨ੍ਹਾਂ ਦੀ ਚਲਾਈ ਲਹਿਰ ਵਿਚ ਰਹੱਸਵਾਦੀ ਜਾਗਰਿਤ ਦੇ ਨਾਲ ਨਾਲ ਜਿਵੇਂ ਪੰਜਾਬ ਦੇ ਸਮਾਜਕ ਨਿਯਮਾਂ ਤੇ ਸੰਸਥਾਵਾਂ ਨੂੰ ਬਦਲਣ ਦਾ ਜਤਨ ਹੁੰਦਾ ਆ ਰਿਹਾ ਸੀ ਤਿਵੇਂ ਹੁਣ ਪੰਜਾਬ ਦੀਆਂ ਬੀਰਤਾ ਦੀਆਂ ਰੁਚੀਆਂ ਨੂੰ ਪਰਚੰਡ ਕਰਨ ਦੇ ਹੀਲੇ ਵੀ ਆਰੰਭ ਹੋ ਗਏ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਰੁਚੀਆਂ ਨੂੰ ਪਾਲਣ, ਸਿਖਾਉਣ ਤੇ ਬਲਵਾਨ ਕਰਨ ਲਈ ਉਚੇਰਾ ਪ੍ਰੋਗ੍ਰਾਮ ਬਣਾਇਆ ਤੇ ਜਨਤਾ ਦੇ ਸ੍ਵੈ-ਭਰੋਸੇ ਨੂੰ ਸਿਖ਼ਰ ਤੇ ਪੁਚਾ ਦਿੱਤਾ। ਉਨ੍ਹਾਂ ਦੇ ਪ੍ਰੋਗ੍ਰਾਮਾਂ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਮੁਗ਼ਲ ਹਕੂਮਤ ਨਾਲ ਸਾਵੇਂ ਤੁਲਣ ਦੀ ਸ਼ਕਤੀ ਪੰਜਾਬੀਆਂ ਵਿਚ ਪਰਵੇਸ਼ ਕਰ ਚੁਕੀ ਹੈ ਤੇ ਉਹ ਇਕ ਨਾ ਇਕ ਦਿਨ ਪੰਜਾਬ ਵਿਚ ਪੰਜਾਬੀ ਜਨਤਾ ਨੂੰ ਸਭ ਅਧਿਕਾਰਾਂ ਦੇ ਸੁਆਮੀ ਬਣਾਉਣ ਵਿਚ ਸਫ਼ਲ ਹੋ ਜਾਣਗੇ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਲੋਕ-ਲਹਿਰ ਦੇ ਬਾਲਗ਼ ਹੋਣ ਦੀ ਸੂਚਨਾ, ਤੇ ਇਸ ਨੂੰ ਰਾਜਸੀ ਸੇਧ ਦਿੱਤੀ ਸੀ। ਗੁਰੂ ਹਰਿਗੋਬਿੰਦ ਦੇ ਜੰਗੀ ਸਾਜ਼ੋ-ਸਾਮਾਨ ਇਕੱਤਰ ਕਰਨ ਤੇ ਵਰਤਣ ਦੇ ਜਤਨਾਂ ਨੇ ਲੋਕਾਂ ਨੂੰ ਜੰਗੀ ਸਿਖਲਾਈ ਦੇ ਕੇ ਇਸ ਲਹਿਰ ਨੂੰ ਇਨਕਲਾਬੀ ਸੰਗਰਾਮ ਦੇ ਰਾਹ ਪਾਇਆ। ਗੁਰੂ ਗੋਬਿੰਦ ਸਿੰਘ ਨੇ ਇਸ ਸੰਗਰਾਮ ਨੂੰ ਤਿੱਖਾ ਕਰਨ ਵਿਚ ਐਸੀ ਸਫ਼ਲਤਾ ਪਰਾਪਤ ਕੀਤੀ ਕਿ ਉਨ੍ਹਾਂ ਦੇ ਚਲਾਣੇ ਤੋਂ ਬਾਅਦ ਇਕ ਸਦੀ ਦੇ ਅੰਦਰ ਅੰਦਰ ਪੰਜਾਬੀ ਜਨਤਾ ਆਪਣੀ ਸੁਤੰਤਰਤਾ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਤਤਪਰ ਹੋ ਗਈ ਤੇ ਕੁਝ ਦਹਾਕਿਆਂ ਦੇ ਅੰਦਰ ਹੀ ਪਜਾਬੀ ਕੌਮੀਅਤ ਦੇ

ਭਾਵਾਂ ਨੂੰ ਪ੍ਰਫੁਲਤ ਕਰਨ ਵਾਲੇ ਹਾਲਾਤ ਪੈਦਾ ਹੋ ਗਏ। ਪੰਜਾਬੀ ਕੌਮੀਅਤ ਦੀ ਉਸਾਰੀ ਨੂੰ ਗੁਰੂ ਅਰਜਨ ਦੇ ਆਦਰਸ਼ਾਂ ਵਿਚ ਵੱਡੀ ਥਾਂ ਪਰਾਪਤ ਸੀ। ਇਸ ਦਾ ਸਬੂਤ ਉਨ੍ਹਾਂ ਦੇ ਜੀਵਨ-ਕਰਤੱਵਾਂ ਤੋਂ ਭਲੀ ਭਾਂਤ ਲਗ ਜਾਂਦਾ ਹੈ। ਜਹਾਂਗੀਰ ਨੇ ਆਪਣੀ 'ਤੋਜ਼ਕਿ ਜਹਾਂਗੀਰੀ' ਵਿਚ ਇਸ਼ਾਰਾ ਕੀਤਾ ਹੈ ਕਿ ਗੁਰੂ ਅਰਜਨ ਦੇ ਸੰਬੰਧ ਪੰਜਾਬੀ ਵਸੋਂ ਦੇ ਹਿੰਦੂ ਤੇ ਮੁਸਲਮਾਨ ਦੋਹਾਂ ਭਾਗਾਂ ਨਾਲ ਸਨ। ਸੂਫ਼ੀ ਦਰਵੇਸ਼ ਮੀਆਂ ਮੀਰ ਨਾਲ ਉਨ੍ਹਾਂ ਦੀ ਦੋਸਤੀ ਤਾਂ ਪੰਜਾਬ ਦੇ ਬਹੁਤ ਲੋਕਾਂ ਵਿਚ ਇਕ ਪਰਸਿੱਧ ਰਵਾਇਤ ਦਾ ਦਰਜਾ ਪਰਾਪਤ ਕਰ ਚੁਕੀ ਹੈ। ਕਿਹਾ ਜਾਂਦਾ ਹੈ ਕਿ ਅੰਮ੍ਰਿਤਸਰ ਦੇ ਹਰਿਮੰਦਰ ਦੀ ਨੀਂਹ ਰਖਾਉਣ ਵੇਲੇ ਗੁਰੂ ਅਰਜਨ ਨੂੰ ਮੀਆਂ ਮੀਰ ਹੀ ਪੰਜਾਬ ਦੀ ਸਭ ਤੋਂ ਪਵਿੱਤਰ ਹਸਤੀ ਨਜ਼ਰ ਆਈ। ਅਜੇਹੀਆਂ ਰਵਾਇਤਾਂ ਤੋਂ ਇਹ ਅਨੁਮਾਨ ਬਣਾਉਣਾ ਬੇਜਾ ਨਹੀਂ ਕਿ ਉਸ ਸਮੇਂ ਗੁਰੂ ਅਰਜਨ ਦੇ ਸ਼ਰਧਾਲੂ ਗ਼ੈਰ ਮੁਸਲਮਾਨ ਪੰਜਾਬੀਆਂ ਤੇ ਸਾਈਂ ਮੀਆਂ ਮੀਰ ਦੇ ਸ਼ਰਧਾਲੂ ਮੁਸਲਮਾਨ ਪੰਜਾਬੀਆਂ ਵਿਚ ਨਿੱਘੇ ਰਿਸ਼ਤੇ ਪੈਦਾ ਹੋ ਚੁੱਕੇ ਸਨ। ਅਜੇਹੇ ਨਿੱਘੇ ਰਿਸ਼ਤਿਆਂ ਦਾ ਮੁੱਢ ਪੰਜਾਬੀ ਜਨਤਾ ਦੀ ਤਰੱਕੀ ਲਈ ਪੱਕੀਆਂ ਬੁਨਿਆਦਾਂ ਕਾਇਮ ਕਰ ਰਿਹਾ ਸੀ। ਇਕ ਹੋਰ ਰਵਾਇਤ ਅਨੁਸਾਰ ਜਦ ਗੁਰੂ ਅਰਜਨ ਨੂੰ ਜਹਾਂਗੀਰ ਦੇ ਹੁਕਮ ਮੁਤਾਬਕ ਸਖ਼ਤ ਤਸੀਹੇ ਦਿੱਤੇ ਜਾ ਰਹੇ ਸਨ ਤਾਂ ਮੀਆਂ ਮੀਰ ਨੇ ਉਨ੍ਹਾਂ ਨੂੰ ਮਿਲ ਕੇ ਪੁੱਛਿਆ ਸੀ ਕਿ ਜੇ ਆਗਿਆ ਦਿਓ ਤਾਂ ਮੈਂ ਲਾਹੌਰ ਤੇ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦਿਆਂ। ਇਸ ਤੋਂ ਮੀਆਂ ਮੀਰ ਦੇ ਜਹਾਂਗੀਰ ਪ੍ਰਤੀ ਕਰੜੇ ਭਾਵਾਂ ਤੇ ਗੁਰੂ ਅਰਜਨ ਪ੍ਰਤੀ ਡੂੰਘੇ ਸਤਿਕਾਰ ਦਾ ਪਤਾ ਲਗਦਾ ਹੈ। ਇਹ ਰਵਾਇਤ ਗੁਰੂ ਅਰਜਨ ਦੀ ਮੁਗ਼ਲ-ਰਾਜ ਨਾਲ ਟੱਕਰ ਵਿਚ ਸੂਫੀਆਂ ਦੀ ਉਨ੍ਹਾਂ ਨਾਲ ਹਮਦਰਦੀ ਦਾ ਪ੍ਰਤੀਕ ਹੈ। ਗੁਰੂ ਅਰਜਨ ਨੇ ਜਿਸ ਆਦਰ ਨਾਲ ਫ਼ਰੀਦ ਜੀ ਦੀ ਕਵਿਤਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਸੀ, ਉਸ ਤੋਂ ਵੀ ਸੂਫ਼ੀਆਂ ਤੇ ਗੁਰੂਆਂ ਦੀ ਮਿਲਵਰਤਣ ਦੀ ਝਲਕ ਮਿਲਦੀ ਹੈ। ਉਸ ਸਮੇਂ ਦੇ ਪੰਜਾਬ ਵਿਚ ਗੁਰੂ ਤੇ ਸੂਫ਼ੀ ਹੀ ਲੋਕਾਂ ਦੇ ਧੜੇ ਦੇ ਸਨ, ਬਾਕੀ ਹਿੰਦੂ ਕਰਮਕਾਂਡੀ ਜਾਂ ਵਿਦਵਾਨ ਨੇਤਾ, ਮੁਸਲਮਾਨ ਮਜ਼ਹਬੀ ਨੇਤਾ ਜਾਂ ਆਲਮ ਤੇ ਰਾਜ ਸ਼ਰੇਣੀ ਦੇ ਅਧਿਕਾਰੀ ਸਭ ਲੋਕਾਂ ਦੇ ਹਿਤਾਂ ਨੂੰ ਆਪਣੇ ਹਿਤਾਂ ਤੋਂ ਵਾਰਨ ਵਾਲੇ ਸੁਆਰਥੀ ਮਨੁੱਖ ਸਨ। ਗੁਰੂ ਅਰਜਨ ਦੇ ਜਹਾਂਗੀਰ ਨਾਲ ਸੰਬੰਧਾਂ ਤੋਂ ਉਨ੍ਹਾਂ ਦੇ ਸਾਰੇ ਮੁਸਲਮਾਨਾਂ ਨਾਲ ਸੰਬੰਧਾਂ ਬਾਬਤ ਸਹੀ ਕਿਆਸ ਨਹੀਂ ਬਣਾਇਆ ਜਾ ਸਕਦਾ। ਉਹ ਜਹਾਂਗੀਰ ਦੇ ਮੁਸਲਮਾਨ ਹੋਣ ਕਰਕੇ ਉਸ ਤੋਂ ਬਾਗ਼ੀ ਨਹੀਂ ਸਨ ਹੋਏ ਭਾਵੇਂ ਜਹਾਂਗੀਰ ਦੇ ਦਿਲ ਵਿਚ, ਉਨ੍ਹਾਂ ਦਾ ਗ਼ੈਰ ਮੁਸਲਮਾਨ ਹੋਣਾ ਵੀ ਉਨ੍ਹਾਂ ਪ੍ਰਤੀ ਵਿਰੋਧ-ਭਾਵ ਪੈਦਾ ਕਰਨ ਦਾ ਇਕ ਕਾਰਨ ਸੀ। ਮਜ਼ਹਬੀ ਤਅੱਸਬ ਦੇ ਉਹ ਸ਼ਿਕਾਰ ਤਾਂ ਬਣੇ ਪਰ ਆਪ ਇਸ ਤਅੱਸਬ ਤੋਂ ਪਾਕ ਰਹੇ। ਕਿਸੇ ਵੀ ਗੁਰੂ ਸਾਹਿਬ ਦੇ ਦਿਲ ਵਿਚ ਇਸਲਾਮ ਜਾਂ ਮੁਗ਼ਲ ਹਕੂਮਤ ਬਾਬਤ ਮਜ਼ਹਬੀ ਪੱਖਪਾਤ ਕਰਕੇ ਵਿਰੋਧ ਨਹੀਂ ਸੀ। ਇਸੇ ਕਰਕੇ ਜਿੱਥੇ ਇਕ ਪਾਸੇ ਬਹੁਤੇ ਗੁਰੂ ਸਾਹਿਬ ਮੁਗ਼ਲ ਰਾਜ ਨੂੰ ਕਮਜ਼ੋਰ ਕਰਨ ਲਈ ਕਾਰਵਾਈਆਂ ਕਰਦੇ ਰਹੇ, ਉਥੇ ਦੂਜੇ ਪਾਸੇ ਸੂਫ਼ੀ ਸਪਿਰਿਟ ਨੂੰ ਪਰਵਾਨ ਕਰਨ ਵਾਲੇ ਮੁਸਲਮਾਨਾਂ ਨਾਲ ਸਾਂਝਾਂ ਵਧਾ ਕੇ ਪੰਜਾਬ ਦੇ ਸਮਾਜ ਨੂੰ ਇਕਾਗਰ ਤੇ ਮਜ਼ਬੂਤ ਬਣਾਉਣ ਵਲ ਵੀ ਪੂਰਾ ਧਿਆਨ ਦੇਂਦੇ ਰਹੇ। ਜਦ ਮੁਗ਼ਲ ਹਕੂਮਤ ਪੰਜਾਬ ਵਿਚੋਂ ਖ਼ਤਮ ਹੋ ਗਈ ਤਾਂ ਜਨਤਾ ਵਿਚ ਮੁਸਲਮਾਨਾਂ ਤੇ ਗ਼ੈਰ ਮੁਸਲਮਾਨਾਂ ਦੀ ਖਿਚੋਤਾਣ ਬੜੀ ਜਲਦੀ ਠੰਢੀ ਪੈ ਗਈ ਤੇ ਪੰਜਾਬ ਸਾਂਝੇ ਅਮਨ ਤੇ ਖ਼ੁਸ਼ਹਾਲੀ ਵਲ ਵਧਣ ਲਗ ਪਿਆ। ਸਿਖ ਗੁਰੂਆਂ ਤੇ ਸੂਫ਼ੀ ਦਰਵੇਸ਼ਾਂ ਦੀਆਂ ਪਰਚਲਤ ਕੀਤੀਆਂ ਰਵਾਇਤਾਂ ਪੰਜਾਬ ਦੀ ਆਤਮਾਂ ਨੂੰ ਮਨੁੱਖੀ ਵਤੀਰਾ ਧਾਰਨ ਕਰਨ ਲਈ ਸਦਾ ਖਿਚਦੀਆਂ ਰਹੀਆਂ ਹਨ। ਤੇ ਪੰਜਾਬ ਦੇ ਸਿਹਤਮੰਦ ਭਵਿੱਖਤ ਦੇ ਚਾਹਵਾਨ ਪੰਜਾਬੀਆਂ ਨੂੰ ਇਹ ਰਵਾਇਤਾਂ ਸਦਾ ਉਤਸ਼ਾਹ ਦੇਂਦੀਆਂ ਰਹਿਣਗੀਆਂ। ਪੰਜਾਬੀ ਗੁਰੂਆਂ ਸੂਫ਼ੀਆਂ ਤੇ ਸੰਤਾਂ ਦਾ ਲਿਖਿਆ ਸਾਹਿਤ ਪੰਜਾਬ ਦੀ ਆਤਮਾ ਨੂੰ ਸਦਾ ਪਾਲਦਾ ਰਹੇਗਾ ਤੇ ਉਚੇਰੀ ਮਨੁੱਖਤਾ ਦੇ ਗੁਣਾਂ ਵਲ ਖਿੱਚਦਾ ਰਹੇਗਾ।

# ਬਾਬਾ ਫ਼ਰੀਦ

(੧੧੭੩ — ੧੨੬੬ ਈ:)

ਜਦੋਂ ਉੱਤਰੀ ਭਾਰਤ ਵਿਚ ਮੁਸਲਮਾਨ ਫ਼ੌਜਾਂ ਪਹਿਲੀ ਵਾਰੀ ਦਾਖ਼ਲ ਹੋਈਆਂ ਤਾਂ ਭਾਰਤਵਾਸੀਆਂ ਦਾ ਵਾਹ ਨਵੀਆਂ ਕੌਮਾਂ ਨਾਲ ਪਿਆ ਜਿਨ੍ਹਾਂ ਨੂੰ ਉਹ ਸਮੁੱਚੇ ਤੌਰ ਤੇ 'ਤੁਰਕ' ਕਹਿੰਦੇ ਸਨ। ਇੱਥੋਂ ਦੀਆਂ ਕਈ ਐਸੀਆਂ ਸੰਪ੍ਰਦਾਵਾਂ ਨੇ ਜੋ ਭਾਰਤੀ ਅਧਿਕਾਰੀ ਸ਼੍ਰੇਣੀਆਂ ਦੇ ਸਲੂਕ ਤੋਂ ਸਤੀਆਂ ਪਈਆਂ ਸਨ, ਤੁਰਕਾਂ ਦੇ ਆਉਣ ਦਾ ਬਹੁਤਾ ਦੁਖ ਨਾ ਮਨਾਇਆ। ਬਦੇਸੀ ਫ਼ੌਜਾਂ ਭਾਰਤੀ ਫ਼ੌਜਾਂ ਨਾਲ ਲੜੀਆਂ ਤੇ ਜਿੱਤ ਗਈਆਂ। ਜਦੋਂ ਨਵੀਆਂ ਫ਼ੌਜਾਂ ਦੇ ਲੀਡਰਾਂ ਨੇ ਰਾਜ-ਪਰਬੰਧ ਸੰਭਾਲ ਲਿਆ ਤਾਂ ਕੁਝ ਲੋਕ ਉਨ੍ਹਾਂ ਨਾਲ ਮਿਲਵਰਤਣ ਕਰਨ ਲਗ ਪਏ, ਕੁਝ ਝੱਖੜ ਲੰਘ ਜਾਣ ਬਾਦ ਟਿਕਾ ਹੋ ਜਾਣ ਤੇ ਪਹਿਲੇ ਦੀ ਤਰ੍ਹਾਂ ਆਪਣੇ ਕੰਮਾਂ ਵਿਚ ਰੁੱਝ ਕੇ ਰਾਜ ਦੀ ਤਬਦੀਲੀ ਨੂੰ ਭੁੱਲ ਗਏ ਤੇ ਕੁਝ ਦੇਸ ਦੀ ਅਧੋਗਤੀ ਉੱਤੇ ਝੁਰਨ ਲਗ ਪਏ। ਨਵੀਆਂ ਫ਼ੌਜਾਂ ਦਾ ਤਜਰਬਾ ਤਾਂ ਉੱਤਰ-ਪੱਛਮੀ ਭਾਰਤ ਨੂੰ ਅੱਗੇ ਵੀ ਬਹੁਤ ਵਾਰੀ ਹੁੰਦਾ ਰਿਹਾ ਸੀ, ਪਰ ਐਤਕੀਂ ਦੀਆਂ ਫ਼ੌਜਾਂ ਨਾਲ ਇਕ ਨਵਾਂ ਤੇ ਸ਼ਕਤੀਸ਼ਾਲੀ ਮਜ਼ਹਬ ਵੀ ਉੱਤਰ-ਪੱਛਮ ਵੱਲੋਂ ਭਾਰਤ ਵਿਚ ਦਾਖ਼ਲ ਹੋਇਆ। ਨਵੇਂ ਆਏ ਤੁਰਕਾਂ ਵਿਚ ਕਾਫ਼ੀ ਅਜੇਹੇ ਸਨ ਜਿਨ੍ਹਾਂ ਵਿਚ ਆਪਣੇ ਮਜ਼ਹਬ ਦੇ ਪਰਚਾਰ ਕਰਨ ਦਾ ਤੀਬਰ ਉਤਸ਼ਾਹ ਸੀ। ਆਪਣੀ ਮਰਜ਼ੀ, ਆਪਣੇ ਖ਼ਿਆਲ ਤੇ ਆਪਣਾ ਜੀਵਨ-ਢੰਗ ਦੂਸਰਿਆਂ ਉੱਤੇ ਲਾਗੂ ਕਰਨ ਤੋਂ ਮਨੁੱਖ ਦੇ ਅਭਿਮਾਨੀ ਭਾਵਾਂ ਦੀ ਸੰਤੁਸ਼ਟਤਾ ਹੁੰਦੀ ਹੈ, ਪਰ ਇਹ ਸੰਤੁਸ਼ਟਤਾ ਵੀ ਇਸ ਉਤਸ਼ਾਹ ਦਾ ਆਧਾਰ ਨਹੀਂ ਸੀ। ਬਹੁਤੇ ਮੁਸਲਮਾਨ ਇਹ ਮਹਿਸੂਸ ਕਰਦੇ ਸਨ ਕਿ ਭਾਰਤਵਾਸੀ ਜ਼ਿੰਦਗੀ ਦੀ ਸਚਾਈ ਤੋਂ ਨਾਵਾਕਫ਼ ਆਪਣੇ ਜੀਵਨ ਨੂੰ ਬੇਅਰਥ ਜ਼ਾਇਆ ਕਰ ਰਹੇ ਹਨ। ਅਰਬ ਦੇਸ ਦੇ ਪਛੜੇ ਹੋਏ, ਫਟੇ ਹੋਏ ਤੇ ਭਰਮ-ਗ੍ਰਸੇ ਲੋਕਾਂ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਜਿਨ੍ਹਾਂ ਵਿਚਾਰਾਂ, ਢੰਗਾਂ ਤੇ ਜ਼ਬਤਾਂ ਨਾਲ ਉਭਾਰ ਕੇ ਇਕ ਸੁਲਝੀ ਹੋਈ, ਇਕਾਗਰ ਤੇ ਬਲਵਾਨ ਕੌਮ ਦਾ ਰੂਪ ਦਿੱਤਾ ਸੀ, ਉਨ੍ਹਾਂ ਦਾ ਸਿੱਕਾ ਐਸੀ ਡੂੰਘੀ ਤਰ੍ਹਾਂ ਮੁਸਲਮਾਨ ਕਲਪਣਾ ਉੱਤੇ ਜੰਮ ਗਿਆ ਸੀ ਕਿ ਉਹ ਹਰ ਪਛੜੇ ਹੋਏ ਦੇਸ ਦੇ ਕਰੂਪ ਜੀਵਨ ਨੂੰ ਦੇਖ ਕੇ ਛਿੱਥੇ ਪੈ ਜਾਂਦੇ ਸਨ ਕਿ ਜਿਸ ਦਵਾਈ ਨੇ ਅਰਬੀ ਕੌਮ ਦੇ ਸਭ ਰੋਗ ਕੱਟ ਦਿੱਤੇ ਸਨ ਉਸ ਦੀ ਵਰਤੋਂ ਕਰ ਕੇ ਹੋਰ ਰੋਗੀ ਕੌਮਾਂ ਕਿਉਂ ਸਿਹਤਯਾਬ ਨਹੀਂ ਹੋ ਜਾਂਦੀਆਂ। ਇਸ ਦਵਾਈ ਦੇ ਗਿਆਨ ਨੂੰ ਰੋਗੀ ਕੌਮਾਂ ਤਕ ਪਹੁੰਚਾਉਣ ਵਿਚ ਉਹ ਦੁਨੀਆਂ ਦਾ ਭਲਾ ਕਰਨ ਦੇ ਭਾਵਾਂ ਤੋਂ ਪਰੇਰਤ ਹੋ ਰਹੇ ਮਹਿਸੂਸ ਕਰਦੇ ਸਨ ਤੇ ਉਹ ਇਨ੍ਹਾਂ ਭਾਵਾਂ ਦੇ ਜੋਸ਼ ਵਿਚ ਰੋਗੀ ਕੌਮਾਂ ਉੱਤੇ ਕੁਝ ਜਬਰ ਵਰਤ ਕੇ ਇਸਲਾਮ ਦੀ ਦਵਾਈ ਪਿਲਾਉਣ ਨੂੰ ਬੁਰਾ ਤਸੱਵਰ ਨਹੀਂ ਸਨ ਕਰਦੇ। ਭਾਰਤ ਦੀ ਉਪਨਿਸ਼ਦ-ਕਾਲ ਦੀ ਸੰਸਕ੍ਰਿਤੀ ਜਾਂ ਬੁਧ ਮਤ ਦੇ ਸਮਾਜਕ ਇਨਕਲਾਬ ਨੂੰ ਮੁਖ ਰੱਖ ਕੇ ਇਸ ਦੇਸ ਨੂੰ ਪਛੜਿਆ ਹੋਇਆ ਕਹਿਣਾ ਭਾਵੇਂ ਦਰੁਸਤ ਨਹੀਂ ਸੀ, ਪਰ ਤੁਰਕਾਂ ਦੇ ਹੱਲਿਆਂ ਵੇਲੇ ਇੱਥੋਂ ਦੀਆਂ ਧਾਰਮਕ, ਸਮਾਜਕ ਤੇ ਰਾਜਸੀ ਅਧਿਕਾਰੀ ਸ਼੍ਰੇਣੀਆਂ ਨੇ ਜਨਸਾਧਾਰਨ ਨੂੰ ਦਿਮਾਗ਼ੀ ਭੁਲੇਖਿਆਂ ਵਿਚ ਫਸਾ ਕੇ ਐਸੀ ਬੁਰੀ ਤਰ੍ਹਾਂ ਆਪਣੀ ਅਧੀਨਤਾ ਵਿਚ ਜਕੜਿਆ ਹੋਇਆ ਸੀ ਕਿ ਆਦਰਸ਼ਕ ਵਿਚਾਰਾਂ ਨਾਲ ਵਾਕਫ਼ੀ ਰੱਖਣ ਵਾਲੇ ਹਰ ਮਨੁੱਖ ਨੂੰ ਰੋਹ ਆ ਜਾਂਦਾ ਸੀ ਕਿ ਉਹ ਇਨ੍ਹਾਂ ਸ਼੍ਰੇਣੀਆਂ ਦੀ ਰੁਕਾਵਟ ਤੋੜ ਕੇ ਦੱਬੇ ਹੋਏ ਲੋਕਾਂ ਤਕ ਨਵੇਂ ਵਿਚਾਰਾਂ ਨੂੰ ਪੁਜਾ ਦੇਵੇ। ਹਿੰਦੁਸਤਾਨ ਵਿਚ ਇਸਲਾਮ ਦਾ ਪਰਚਾਰ ਭਾਵੇਂ ਤਲਵਾਰ ਨਾਲ ਹੋਇਆ ਭਾਵੇਂ ਦਲੀਲ ਨਾਲ, ਹਰ ਹਾਲਤ ਵਿਚ ਇਸਤਰ੍ਹਾਂ ਦੇ ਮਨੁੱਖੀ ਹਿੱਤਾਂ ਨੂੰ ਮਹਿਸੂਸਣ ਵਾਲੇ ਰੋਹ ਦਾ ਅੰਸ਼ ਵਧ ਜਾਂ ਘਟ ਮਾਤਰਾ ਵਿਚ ਹਮੇਸ਼ਾ ਇਸ ਦੀ ਪਰੇਰਕ ਸ਼ਕਤੀ ਹੁੰਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਨਿਰੋਲ ਰਾਜਸੀ ਮੰਤਵਾਂ ਜਾਂ ਮਜ਼ਹਬੀ ਜਨੂੰਨ ਅਧੀਨ ਵੀ ਕੁਝ ਭਾਰਤੀਆਂ ਨੂੰ ਮੁਸਲਮਾਨ ਬਣਾਇਆ ਗਿਆ ਹੋਵੇਗਾ, ਪਰ ਧਰਮ ਦੀ ਤਬਦੀਲੀ ਦੀ

ਸਮੁੱਚੀ ਵਾਰਤਾ ਵਿਚ ਅਜੇਹੇ ਸਾਧਨਾਂ ਦੀ ਵਰਤੋਂ ਦੀ ਟਾਵੀਂ ਟਾਵੀਂ ਘਟਨਾ ਹੀ ਹੁੰਦੀ ਸੀ। ਦੂਸਰੇ ਪਾਸੇ ਇਸਲਾਮੀ ਹੱਲਿਆਂ ਵੇਲੇ ਕਈ ਐਸੀਆਂ ਉੱਤਮ ਵਿਅਕਤੀਆਂ ਵੀ ਹਿੰਦ ਵਿਚ ਆਈਆਂ ਜਿਹੜੀਆਂ ਮਜ਼ਹਬੀ ਤਅੱਸਬ, ਦੁਨਿਆਵੀ ਕੀਮਤਾਂ ਤੇ ਜ਼ੋਰ ਜਬਰ ਦੇ ਭਾਵਾਂ ਤੋਂ ਉੱਕਾ ਹੀ ਪਾਕ ਸਨ, ਪਰ ਫਿਰ ਵੀ ਇਸਲਾਮ ਦੇ ਪਰਚਾਰ ਨੂੰ ਭਾਰਤੀ ਜਨਤਾ ਦੇ ਸੁਖ ਦਾ ਸੋਮਾਂ ਸਮਝਦੀਆਂ ਸਨ। ਅਜੇਹੀਆਂ ਵਿਅਕਤੀਆਂ ਦਾ ਇਸਲਾਮ-ਪਰਚਾਰ ਨਾ ਅਭਿਮਾਨ-ਭਾਵਾਂ ਦਾ ਪਰਗਟਾ ਸੀ, ਨਾ ਅਣਵਿਚਾਰੇ ਰੋਹ ਦਾ। ਉਹ ਨਿਰੋਲ ਭਾਰਤੀਆਂ ਦੇ ਜੀਵਨ-ਅਨੁਭਵ ਨੂੰ ਡੂੰਘਾ ਕਰਨ ਲਈ ਇਸਲਾਮੀ ਦੇਸਾਂ ਵਿਚ ਅਜ਼ਮਾਈਆਂ ਕੁਝ ਰੂਹਾਨੀ ਜੀਵਨ-ਜੁਗਤੀਆਂ ਦੀ ਸਿਖਲਾਈ ਉਨ੍ਹਾਂ ਨੂੰ ਦੇਣਾ ਚੰਗਾ ਸਮਝਦੇ ਸਨ। ਉਨ੍ਹਾਂ ਦੀ ਨਜ਼ਰ ਵਿਚ ਇਸਲਾਮ ਦਾ ਉਹ ਪੱਖ ਵੀ ਭਾਰਤੀ ਜੀਵਨ ਦੇ ਮੌਲਣ ਵਿਚ ਮਦਦਗਾਰ ਸਾਬਤ ਹੋ ਸਕਦਾ ਸੀ ਜਿਹੜਾ ਰਹੱਸਵਾਦੀ ਅਨੁਭਵਾਂ ਨੂੰ ਪੱਕਾ ਕਰਨ ਦੀ ਸਮਰੱਥਾ ਰਖਦਾ ਸੀ। ਇਸਲਾਮੀ ਮੁਲਕਾਂ ਦੇ ਰਹੱਸਵਾਦੀਆਂ ਨੇ ਉਨ੍ਹਾਂ ਚਾਰ ਪੰਜ ਸਦੀਆਂ ਵਿਚ ਰੂਹਾਨੀ ਜੀਵਨ ਦੇ ਵਿਕਾਸ ਨੂੰ ਐਸੀ ਸਫਲਤਾ ਨਾਲ ਲੋਕਾਂ ਵਿਚ ਦ੍ਰਿੜ੍ਹ ਕਰਾਇਆ ਸੀ ਕਿ ਅਨੇਕਾਂ ਲੋਕਾਂ ਨੇ ਰਹੱਸਵਾਦੀ ਅਨੁਭਵ ਦੇ ਆਦਰਸ਼ ਨੂੰ ਆਪਣਾ ਜੀਵਨ ਅਰਪਣ ਕਰ ਦਿੱਤਾ ਸੀ ਤੇ ਇਸ ਦੀ ਪੂਰਤੀ ਲਈ ਉੱਤਰੀ ਅਫਰੀਕਾ, ਦੱਖਣੀ ਯੂਰਪ ਤੇ ਪੱਛਮੀ ਏਸ਼ੀਆ ਦੇ ਦੇਸ਼ਾਂ ਵਿਚ ਕਈ ਪ੍ਰਭਾਵਸ਼ਾਲੀ ਰੂਹਾਨੀ ਪਰੰਪਰਾਵਾਂ ਚਲ ਪਈਆਂ ਸਨ, ਜਿਨ੍ਹਾਂ ਵਿੱਚੋਂ ਕਈ ਭਾਰਤ ਵਿਚ ਵੀ ਪੁੱਜੀਆਂ। ਇਨ੍ਹਾਂ ਰਹੱਸਵਾਦੀ ਪਰੰਪਰਾਵਾਂ ਨੇ ਮੁਸਲਮ ਜਗਤ ਵਿਚ ਗੰਭੀਰ ਕੀਮਤਾਂ ਦਾ ਪਰਵੇਸ਼ ਕਰਾਉਣ ਤੇ ਮਨੁੱਖੀ ਜੀਵਨ ਦਾ ਸਤਿਕਾਰ ਵਧਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਸੀ ਤੇ ਕਈ ਵਾਰੀ ਸਚਾਈ ਦਾ ਝੰਡਾ ਉੱਚਾ ਕਰਨ ਕਰਕੇ ਇਨ੍ਹਾਂ ਦੇ ਕਈ ਪ੍ਰਤੀਨਿਧਾਂ ਨੂੰ ਆਪਣੇ ਸਮਕਾਲੀ ਮੁਸਲਮਾਨ ਅੰਧ-ਵਿਸ਼ਵਾਸੀਆਂ ਦੇ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ ਸੀ। ਮਿਸਰ, ਸਪੇਨ, ਇਰਾਕ, ਤੇ ਈਰਾਨ ਜਹੇ ਕਈ ਦੇਸਾਂ ਵਿਚ ਅਜੇਹੀਆਂ ਪਰੰਪਰਾਵਾਂ ਦੇ ਵਾਯੂ-ਮੰਡਲ ਦਾ ਸਦਕਾ ਸਾਹਿਤ, ਫ਼ਿਲਾਸਫ਼ੀ, ਕਲਾ ਆਦਿ ਦੀਆਂ ਐਸੀਆਂ ਉਚਾਈਆਂ ਛੁਹੀਆਂ ਗਈਆਂ ਸਨ ਕਿ ਉਨ੍ਹਾਂ ਦਾ ਰੁਤਬਾ ਹੁਣ ਤਕ ਸੰਸਾਰ-ਸਾਹਿਤ, ਫ਼ਿਲਾਸਫ਼ੀ ਆਦਿ ਵਿਚ ਪਹਿਲੇ ਦਰਜੇ ਦਾ ਮੰਨਿਆ ਜਾਂਦਾ ਹੈ। ਉਸ ਸਮੇਂ ਦੇ ਇਤਿਹਾਸ ਵਿਚ ਸਭ ਤੋਂ ਵਧ ਪ੍ਰਭਾਵਸ਼ਾਲੀ ਤੇ ਉੱਤਮ ਸ਼ਖ਼ਸੀਅਤਾਂ ਇਨ੍ਹਾਂ ਪਰੰਪਰਾਵਾਂ ਦੀ ਉਪਜ ਸਨ ਤੇ ਉਨ੍ਹਾਂ ਦਾ ਪ੍ਰਭਾਵ ਦੂਰ ਦੂਰ ਤਕ ਫੈਲਦਾ ਸੀ। ਇਸਲਾਮੀ ਧਾਰਾ ਦਾ ਰਹੱਸਵਾਦ ਉਸ ਸਮੇਂ ਦਾ ਸਭ ਤੋਂ ਵਿਸ਼ਾਲ ਤੇ ਅੱਗਰਗਾਮੀ ਰਹੱਸਵਾਦ ਸੀ ਤੇ ਜਿੱਥੇ ਵੀ ਇਹ ਪੁੱਜਾ ਜ਼ਿੰਦਗੀ ਦੀ ਤੋਰ ਨੂੰ ਤਿੱਖਾ ਕਰਨ ਤੇ ਮਨੁਖੀ ਭਾਵਾਂ ਨੂੰ ਬਲਵਾਨ ਬਣਾਉਣ ਵਿਚ ਕਾਮਯਾਬ ਹੋਇਆ। ਭਾਰਤ ਵਿਚ ਇਸ ਦਾ ਪਰਵੇਸ਼ ਇਸ ਦੇਸ ਲਈ ਸੁਭਾਗ ਸਾਬਤ ਹੋਇਆ ਤੇ ਇੱਥੋਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾਉਣ ਦਾ ਸਾਧਨ ਬਣਿਆ। ਬਾਹਰੋਂ ਆਏ ਮੁਸਲਮਾਨ ਰਹੱਸਵਾਦੀਆਂ ਨੇ ਇਸ ਦੇਸ ਦੇ ਸਭਿਆਚਾਰ ਦੀਆਂ ਵਧੀਆ ਰਵਾਇਤਾਂ ਨਾਲ ਆਪਣੀ ਸਾਂਝ ਮਹਿਸੂਸ ਕੀਤੀ ਤੇ ਉਨ੍ਹਾਂ ਨੂੰ ਸਤਿਕਾਰ ਨਾਲ ਵਰਤਣ ਦਾ ਜਤਨ ਕੀਤਾ। ਬਾਬਾ ਫ਼ਰੀਦ ਨੇ ਅਜੇਹੇ ਰਹੱਸਵਾਦੀਆਂ ਦੀ ਸੰਗਤ ਵਿਚ ਰਹਿ ਕੇ ਭਾਰਤੀ ਲੋਕਾਂ ਦੇ ਜੀਵਨ ਨੂੰ ਪਰਫੁਲਤ ਕਰਨ ਦੀ ਪਰੇਰਨਾ ਪਰਾਪਤ ਕੀਤੀ ਤੇ ਆਪਣਾ ਸਾਰਾ ਜੀਵਨ ਉਨ੍ਹਾਂ ਦੀ ਸੇਵਾ ਵਿਚ ਅਰਪਣ ਕਰ ਦਿੱਤਾ। ਪੰਜਾਬ ਜਿਹੜਾ ਕਿ ਬਹੁਤੀ ਦੇਰ ਬਾਬਾ ਜੀ ਦਾ ਕਾਰਜ-ਖੇਤਰ ਬਣਿਆ ਰਿਹਾ, ਹੁਣ ਤਕ ਉਨ੍ਹਾਂ ਦੀ ਸੇਵਾ ਨੂੰ ਡੂੰਘੇ ਧੰਨਵਾਦ ਨਾਲ ਯਾਦ ਕਰਦਾ ਹੈ ਤੇ ਸੱਚੇ ਦਿਲੋਂ ਉਨ੍ਹਾਂ ਦੀ ਉੱਚਤਾ ਦਾ ਕਾਇਲ ਹੈ। ਬਾਬਾ ਜੀ ਦੀ ਨਿੱਘੀ ਸ਼ਖ਼ਸੀਅਤ ਉਸ ਸਮੇਂ ਦੇ ਆਮ ਕਠੋਰ ਵਾਤਾਵਰਨ ਵਿਚ ਪੰਜਾਬੀ ਲੋਕਾਂ ਨੂੰ ਇੰਨੀ ਭਾ ਗਈ ਕਿ ਉਨ੍ਹਾਂ ਦੀ ਕਲਪਣਾ ਨੇ ਬਾਬਾ ਜੀ ਨੂੰ ਕੁਦਰਤ ਦਾ ਇਕ ਅਨੋਖਾ ਕਰਿਸ਼ਮਾ ਮੰਨ ਕੇ ਕਈ ਅਸਚਰਜ ਕੌਤਕ ਉਨ੍ਹਾਂ ਦੇ ਨਾਂ ਨਾਲ ਸੰਬੰਧਤ ਕਰ ਲਏ। ਫ਼ਰੀਦ ਜੀ ਦਾ ਨਾਂ ਪੰਜਾਬ ਦੇ ਰਹੱਸਵਾਦੀਆਂ ਵਿਚ ਇਕ ਵਿਸ਼ੇਸ਼ ਪਦਵੀ ਦਾ ਮਾਲਕ ਹੈ ਤੇ ਉਹ ਮੁਸਲਮਾਨ ਤੇ ਗ਼ੈਰ-ਮੁਸਲਮਾਨ ਦੋਹਾਂ ਵਿਚ ਇੱਕੋ ਜੇਹੇ ਪਿਆਰੇ ਜਾਂਦੇ ਹਨ।

ਬਾਬਾ ਫ਼ਰੀਦ ਨੇ ਪੰਜਾਬੀ ਆਚਰਨ ਨੂੰ ਜਿਸ ਨਮੂਨੇ ਤੇ ਚਲਾਉਣ ਦਾ ਜਤਨ ਕੀਤਾ ਉਸ ਵਿਚ ਇਸਲਾਮੀ ਤੇ ਭਾਰਤੀ ਰਵਾਇਤਾਂ ਦਾ ਬੜਾ ਸੁੰਦਰ ਸੁਮੇਲ ਹੈ। ਆਪਣੇ ਸਾਹਿਤ ਵਿਚ ਉਨ੍ਹਾਂ ਨੇ ਇਸ ਨਮੂਨੇ ਨੂੰ 'ਦਰਵੇਸ਼' ਤੇ 'ਭਗਤ' ਦੋਹਾਂ ਨਾਵਾਂ ਨਾਲ ਸੰਬੰਧਤ ਕੀਤਾ ਹੈ । ਇਸ ਆਚਰਨ ਦਾ ਇਕ ਵੱਡਾ ਲੱਛਣ ਆਤਮਕ ਦ੍ਰਿੜ੍ਹਤਾ ਹੈ । ਉਂਜ ਤਾਂ ਪਿਆਰ ਦਾ ਸੁਭਾ ਹੀ ਮਨੁੱਖੀ ਸ਼ਖ਼ਸੀਅਤ ਦੇ ਸਾਰੇ ਅੰਗਾਂ ਨੂੰ ਇੱਕੋ ਕੇਂਦਰ ਦੁਆਲੇ ਇਕਾਗਰ ਕਰਨਾ ਹੈ, ਪਰ ਜਿਸ ਦ੍ਰਿੜ੍ਹਤਾ ਨਾਲ ਫ਼ਰੀਦ ਜੀ ਨੇ ਰੱਬੀ ਪ੍ਰੇਮ ਦੀ ਖ਼ਾਤਰ ਹੋਰ ਸਭ ਪਾਸਿਉਂ ਮੂੰਹ ਮੋੜਿਆ, ਉਹ ਪੰਜਾਬੀ ਆਚਰਨ ਦੀ ਅਮੋੜਤਾ ਦੀ ਝਲਕ ਮਾਰਦਾ ਪਰਤੀਤ ਹੁੰਦਾ ਹੈ ਤੇ ਬਲਵਾਨ ਪੰਜਾਬੀ ਇਸ਼ਕ ਲਈ ਲੀਹਾਂ ਤਿਆਰ ਕਰ ਗਿਆ ਹੈ। 'ਪੈਰੀ ਥਕਾਂ ਸਿਰਿ ਜੁਲਾਂ, ਜੇ ਮੂੰ ਪਿਰੀ ਮਿਲੰਨਿ ।' ਜਾਂ 'ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ' ਵਰਗੀਆਂ ਸਤਰਾਂ ਐਸੀ ਮਾਨਸਕ ਅਵਸਥਾ ਦੀਆਂ ਸੂਚਕ ਹਨ ਜਿਸ ਵਿਚ ਆਤਮਕ ਕੀਮਤਾਂ ਨੂੰ ਅਪਣਾਉਣ ਦੀ ਅਥਾਹ ਜੁਰਅਤ ਤੇ ਉਨ੍ਹਾਂ ਨੂੰ ਕਮਾਉਣ ਦੀ ਬੇਅੰਤ ਦਲੇਰੀ ਮੌਜੂਦ ਹੈ। ਬਾਬਾ ਫ਼ਰੀਦ ਦਾ ਮਨ ਦੁਚਿੱਤੀਆਂ ਤੇ ਸ਼ੰਕਿਆਂ ਤੋਂ ਪੂਰੀ ਤਰ੍ਹਾਂ ਰਹਿਤ ਹੋ ਕੇ ਇਸ਼ਕ ਦਾ ਲੜ ਫੜਦਾ ਹੈ ਤੇ ਇਕ ਵਾਰੀ ਇਸ ਪਾਸੇ ਕਦਮ ਵਧਾ ਕੇ ਫਿਰ ਪਿਛਾਂਹ ਮੁੜਨ ਦਾ ਨਾਂ ਨਹੀਂ ਸੁਣਨਾ ਚਾਹੁੰਦਾ। ਜੇ ਉਸਦਾ ਮਨ ਲੋਭ, ਕ੍ਰੋਧ, ਜ਼ਬਾਨ ਦੇ ਸੁਆਦ ਜਾਂ ਸੁਸਤੀ ਅਧੀਨ ਪਿਆਰ ਦੇ ਕਰਤੱਵਾਂ ਤੋਂ ਜ਼ਰਾ ਵੀ ਕੰਨੀ ਕਤਰਉਂਦਾ ਹੈ ਤਾਂ ਉਹ ਐਸੇ ਸਖ਼ਤ ਹੱਥਾਂ ਨਾਲ ਉਸ ਨੂੰ ਚੰਡਦਾ ਹੈ ਕਿ ਮੁੜ ਉਸਦੀ ਬਗ਼ਾਵਤ ਨਾ-ਮੁਮਕਿਨ ਹੋ ਜਾਵੇ, ਜਿਵੇਂ :—

ਜੋ ਸਿਰੁ ਸਾਈਂ ਨ ਨਿਵੈ ਸੋ ਸਿਰੁ ਕੀਜੇ ਕਾਇ ।
ਕੁੰਨੇ ਹੇਠਿ ਜਲਾਈਏ ਬਾਲਣ ਸੰਦੈ ਥਾਇ । ੭੨ ।

ਪਜਾਬੀ ਜਨਤਾ ਨੂੰ ਇਸ ਤਰ੍ਹਾਂ ਦਾ ਧੜੱਲੇਦਾਰ ਪਿਆਰ ਕਰਨਾ ਸਿਖਾ ਕੇ ਫ਼ਰੀਦ ਜੀ ਉਨ੍ਹਾਂ ਦੇ ਮਨਾਂ ਵਿੱਚੋਂ ਸਭ ਤਰ੍ਹਾਂ ਦੀਆਂ ਕਮਜ਼ੋਰੀਆਂ ਦੂਰ ਕਰਦੇ ਰਹੇ । ਅਜੇਹੇ ਪ੍ਰੇਮ ਦੇ ਅਭਿਆਸ ਵਿਚ ਜਿੱਥੇ ਇਕ ਪਾਸੇ ਉਹ ਇਸਲਾਮੀ ਰਹੱਸਵਾਦ ਵਿਚੋਂ ਨਮਾਜ਼, ਤੌਬਾ, ਤਵੱਕੁਲ, ਸਬਰ ਆਦਿਕ ਦੇ ਕਰਮ ਜਾਂ ਗੁਣ ਧਾਰਨ ਕਰਨ ਦਾ ਉਪਦੇਸ਼ ਦੇਂਦੇ ਸਨ, ਉੱਥੇ ਦੂਸਰੇ ਪਾਸੇ ਭਾਰਤੀ ਸੰਸਕ੍ਰਿਤੀ ਵਿੱਚੋਂ ਖਿਮਾ, ਮਿਠਾਸ, ਨਿੰਮ੍ਰਤਾ, ਅਹਿੰਸਾ ਆਦਿਕ ਦੇ ਵਤੀਰੇ ਅਪਣਾਉਣ ਦੀ ਵੀ ਬੜੇ ਜ਼ੋਰ ਨਾਲ ਸਫ਼ਾਰਸ਼ ਕਰਦੇ ਸਨ। ਜੇ ਕਰਤੇ ਦਾ ਨਾਂ ਨਾ ਦੱਸਿਆ ਜਾਏ ਤਾਂ ਹੇਠਲੇ ਸਲੋਕ ਦੇ ਲਿਖਾਰੀ ਨੂੰ ਗ਼ੈਰ-ਮੁਸਲਮਾਨ ਮੰਨਣ ਲਈ ਬਹੁਤ ਲੋਕ ਜ਼ਿਦ ਕਰਨਗੇ :—

ਮਤਿ ਹੋਂਦੇ ਹੋਇ ਇਆਣਾ,
ਤਾਣ ਹੋਦੇ ਹੋਇ ਨਿਤਾਣਾ ।
ਅਣ ਹੋਦਾ ਆਪੁ ਵੰਡਾਏ ।
ਕੋਈ ਐਸਾ ਭਗਤੁ ਸਦਾਏ । ੨੮ ।

ਫ਼ਰੀਦ ਜੀ ਦੀ ਬੋਲੀ ਵੀ ਆਪਣੇ ਆਪ ਵਿਚ ਉਨ੍ਹਾਂ ਦੀ ਸਹਿਨਸ਼ੀਲਤਾ ਤੇ ਸੁਹਿਰਦਤਾ ਦੀ ਲਖਾਇਕ ਹੈ। ਇਸਲਾਮੀ ਰਹੱਸਵਾਦ ਦਾ ਪਰਚਾਰ ਕਰਨ ਵਾਸਤੇ ਲੋਕਾਂ ਦੀ ਸਾਦੀ ਤੇ ਨਿਮਾਣੀ ਬੋਲੀ ਨੂੰ ਵਰਤਣਾ ਪਰਗਟ ਕਰਦਾ ਹੈ ਕਿ ਉਨ੍ਹਾਂ ਦਾ ਅਸਲ ਮੰਤਵ ਇਨ੍ਹਾਂ ਰਵਾਇਤਾਂ ਦੀ ਸਹਾਇਤਾ ਨਾਲ ਰੱਬ ਦੇ ਪ੍ਰੇਮ ਦੀ ਰੋਸ਼ਨੀ ਲੋਕਾਂ ਦੇ ਅੰਦਰ ਜਗਾਉਣੀ ਸੀ। ਆਪਣੇ ਮਜ਼ਹਬ ਦੇ ਵਾੜੇ ਵਿਚ ਦੂਜਿਆਂ ਨੂੰ ਘੇਰ ਕੇ ਲਿਆਉਣ ਵਾਲੇ ਪਰਚਾਰਕ ਬਹੁਤ ਵਾਰੀ ਉਸ ਮਜ਼ਹਬ ਦੀ ਬੋਲੀ ਦੂਜਿਆਂ ਨੂੰ ਸਿਖਾਉਣ ਵਿਚ ਬਹੁਤ ਦਿਲਚਸਪੀ ਲੈਂਦੇ ਹਨ। ਰੂਹਾਨੀ ਅਸਲੀਅਤ ਦੀ ਬਜਾਏ ਧਰਮ ਦੇ ਸਤਈ ਅੰਗਾਂ ਨੂੰ ਮਹੱਤਤਾ ਦੇਣ ਕਰਕੇ ਉਹ ਆਪਣੇ ਮਜ਼ਹਬ ਦੀ ਬੋਲੀ ਨੂੰ ਮੁਤਬੱਰਕ ਸਮਝਦੇ ਹਨ ਤੇ ਕਿਸੇ ਹੋਰ ਬੋਲੀ ਨੂੰ ਰੂਹਾਨੀ ਸਚਾਈਆਂ ਦ੍ਰਿੜ੍ਹ ਕਰਵਾ ਸਕਣ ਦੇ ਕਾਬਲ ਨਹੀਂ ਮੰਨਦੇ। ਬਾਬਾ ਫ਼ਰੀਦ ਦਾ ਮੰਤਵ ਡੂੰਘੇਰਾ ਹੋਣ ਕਰਕੇ ਉਹ ਲੋਕਾਂ ਦੇ ਜੀਵਨ ਦੀਆਂ ਅੰਦਰਲੀਆਂ ਤਹਿਆਂ

ਤਕ ਪਹੁੰਚਣ ਦਾ ਜਤਨ ਕਰਦੇ ਸਨ। ਉਨ੍ਹਾਂ ਦੀ ਬੋਲੀ ਵਿਚ ਇਸਲਾਮੀ ਸ਼ਬਦਾਵਲੀ ਦੇ ਕੁਝ ਸ਼ਬਦ (ਦੋਜ਼ਕ, ਫ਼ਰੇਸ਼ਤਾ, ਦਰਵੇਸ਼, ਗੋਰ, ਸ਼ੇਖ਼, ਬੰਦਗੀ, ਰੂਹ, ਸ਼ੈਤਾਨ, ਮੁਹੱਬਤ, ਇਸ਼ਕ, ਖ਼ੁਦਾਇ, ਪਰਵਦਗਾਰ, ਖ਼ੈਰ, ਅਲਹ, ਮੁਰੀਦ, ਹਯਾਤੀ ਆਦਿ) ਆ ਜਾਣੇ ਸੁਭਾਵਕ ਸਨ ਕਿਉਂਕਿ ਉਨ੍ਹਾਂ ਦੀ ਰੂਹਾਨੀ ਸਿਖਲਾਈ ਮੁਸਲਮਾਨ ਸੂਫ਼ੀਆਂ ਪਾਸੋਂ ਹੋਈ ਸੀ, ਪਰ ਕੁਝ ਧਾਰਮਕ ਸ਼ਬਦਾਂ ਨੂੰ ਛੱਡ ਕੇ ਉਨ੍ਹਾਂ ਦੀ ਬੋਲੀ ਦਾ ਆਮ ਰੂਪ ਪੰਜਾਬੀ ਲੋਕ-ਸਾਹਿਤ ਤੋਂ ਪ੍ਰਭਾਵਤ ਹੋਇਆ ਜਾਪਦਾ ਹੈ ਜਿਸ ਕਰਕੇ ਪੰਜਾਬੀ ਕਲਪਨਾ ਨੂੰ ਉਨ੍ਹਾਂ ਦੀ ਕਵਿਤਾ ਕਿਸੇ ਓਪਰੀ ਸੰਸਕ੍ਰਿਤੀ ਦੇ ਵਾਤਾਵਰਨ ਵਿਚ ਗੁਮਕਦੀ ਪਰਤੀਤ ਨਹੀਂ ਹੁੰਦੀ। ਫ਼ਰੀਦ ਜੀ ਦੇ ਸਲੋਕਾਂ ਤੇ ਸ਼ਬਦਾਂ ਵਿੱਚੋਂ ਉਸ ਦਿਲ ਦੀ ਸਚਾਈ ਦਾ ਭਰਵਾਂ ਪ੍ਰਭਾਵ ਟਪਕਦਾ ਹੈ ਜਿਸ ਨੂੰ ਗੁਰੂ ਅਮਰਦਾਸ ਨੇ 'ਨੀਅਤ ਰਾਸ' ਕਹਿ ਕੇ ਰੱਬ ਦੇ ਮਿਲਾਪ ਦੀ ਜ਼ਰੂਰੀ ਸ਼ਰਤ ਦੱਸਿਆ ਸੀ। ਇਹ ਸਚਾਈ ਉਨ੍ਹਾਂ ਦੇ ਵਸਤੂ ਦੀ ਗੰਭੀਰਤਾ ਤੇ ਡੂੰਘੀ ਹੂਕ ਦਾ ਹੀ ਕਾਰਨ ਨਹੀਂ, ਉਨ੍ਹਾਂ ਦੀ ਬੋਲੀ ਦੀ ਸਰਲਤਾ, ਨਿਘ ਤੇ ਨਿਰਪੱਖਤਾ ਦਾ ਵੀ ਸੋਮਾਂ ਹੈ। ਹੇਠਲੀਆਂ ਸਤਰਾਂ ਉਨ੍ਹਾਂ ਦੀ ਹਿੰਦੂ ਮੁਸਲਿਮ ਮਿਲਾਪ ਦੀ ਚਾਹ ਨੂੰ ਬੋਲੀ ਦੇ ਪੱਖ ਵਿਚ, ਕੈਸੀ ਸੁੰਦਰਤਾ ਨਾਲ ਰੂਪਮਾਨ ਕਰਦੀਆਂ ਹਨ :—

(ੳ) ਜੋ ਗੁਰੁ ਦਸੇ, ਵਾਟ ਮੁਰੀਦਾ ਜੋਲੀਐ।
(ਅ) ਪਰਵਦਗਾਰ ਅਪਾਰ, ਅਗਮ ਬੇਅੰਤ ਤੂੰ।
(ੲ) ਰਤੇ ਇਸ਼ਕ ਖ਼ੁਦਾਇ ਰੰਗਿ ਦੀਦਾਰ ਕੇ।
ਵਿਸਰਿਆ ਜਿਨ ਨਾਮੁ ਤੇ ਭੁਇ ਭਾਰ ਥੀਏ।
(ਸ) ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ।
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।

ਬਾਬਾ ਫ਼ਰੀਦ ਦੀ ਕਵਿਤਾ ਵਿਚ ਦੰਭੀ ਤੇ ਅਮੀਰ ਸ਼ਰੇਣੀ ਉੱਤੇ ਟੀਕਾ-ਟਿਪਣੀ ਕਰਨ ਦੀ ਰੁਚੀ ਪਰਤੱਖ ਹੈ। ਅਮੀਰਾਂ ਦੀ ਸ਼ਾਨ ਸ਼ੌਕਤ, ਸਾਜ਼ੋ ਸਾਮਾਨ, ਲੋੜ ਤੋਂ ਵਧ ਅੰਨ ਧਨ ਉਜਾੜਨ ਤੇ ਸੁਹਲਪੁਣੇ ਨੂੰ ਗੁਣ ਸਮਝਣ ਦੀ ਨਿਖੇਧੀ ਉਨ੍ਹਾਂ ਨੇ ਨਿਸ਼ੰਗ ਹੋ ਕੇ ਕੀਤੀ। ਅਹਿੰਸਾ ਧਾਰਨ ਦੀ ਤਾਕੀਦ ਕਰਨ ਵਾਲੇ ਸਲੋਕ ਉਨ੍ਹਾਂ ਮੁਸਲਮਾਨਾਂ ਨੂੰ ਉਪਦੇਸ਼ ਦੇਣ ਲਈ ਉਚਾਰੇ ਗਏ ਜਾਪਦੇ ਹਨ ਜਿਹੜੇ ਹਿੰਦੂਆਂ ਨਾਲ ਨਫ਼ਰਤ, ਕ੍ਰੋਧ ਤੇ ਵਧੀਕੀ ਦਾ ਸਲੂਕ ਵਰਤਣਾ ਇਸਲਾਮੀ ਸਪਿਰਿਟ ਦੇ ਪ੍ਰਤੀਕੂਲ ਨਹੀਂ ਸਮਝਦੇ ਸਨ। ਮੁਸਲਮਾਨ ਜਨਤਾ ਤੇ ਹਾਕਮਾਂ ਵਿਚ ਫ਼ਰੀਦ ਜੀ ਨੂੰ ਇਕ ਪ੍ਰਮਾਣੀਕ ਮੁਸਲਮਾਨ ਆਗੂ ਦੇ ਤੌਰ ਤੇ ਜੋ ਪਦਵੀ ਪਰਾਪਤ ਹੋ ਚੁਕੀ ਸੀ ਉਸ ਦਾ ਲਾਭ ਉਠਾਉਂਦਿਆਂ ਹੋਇਆਂ ਉਨ੍ਹਾਂ ਨੇ ਹਿੰਦੂਆਂ ਉੱਤੇ ਹੋਣ ਵਾਲੇ ਜਬਰ ਨੂੰ ਠਲ੍ਹ ਪਾਉਣ ਦਾ ਜਤਨ ਕੀਤਾ। ਹਾਕਮਾਂ ਨੇ ਉਨ੍ਹਾਂ ਦਾ ਜਤਨ ਕਬੂਲਿਆ ਹੋਵੇ ਭਾਵੇਂ ਨਾ, ਪਰ ਮੁਸਲਮਾਨ ਬਣ ਰਹੀ ਜਨਤਾ ਨੂੰ ਉਨ੍ਹਾਂ ਨੇ ਹਿੰਦੂਆਂ ਨਾਲ ਮਨੁਖੀ ਸਲੂਕ ਕਰਨ ਦੇ ਰਾਹ ਪਾ ਦਿੱਤਾ ਜਿਸ ਦਾ ਸਦਕਾ ਪੰਜਾਬ ਦੇ ਪਿੰਡਾਂ ਵਿਚ ਦੋਹਾਂ ਮਜ਼ਹਬਾਂ ਨੂੰ ਬਰਦਾਸ਼ਤ ਕਰਨ ਦੀ ਰਵਾਇਤ ਜੜ੍ਹ ਪਕੜਨ ਲੱਗ ਪਈ ਜੋ ਪਿਛਲੇਰੇ ਸੂਫ਼ੀਆਂ ਦੇ ਹੱਥਾਂ ਵਿਚ ਪਲਦੀ ਰਹੀ। ਹਾਕਮਾਂ ਤੇ ਅਮੀਰਾਂ ਨੂੰ ਰੱਬ ਦੀ ਦਰਗਾਹ ਦਾ ਇਨਸਾਫ਼ ਯਾਦ ਦਿਵਾ ਕੇ ਉਹ ਜੋ ਤੀਬਰ ਤਾੜਨਾ ਕਰਦੇ ਰਹੇ ਉਸਦਾ ਅਸਰ ਵੀ ਸਿੱਧੇ ਜਾਂ ਅਸਿਧੇ ਢੰਗ ਨਾਲ ਲੋਕਾਂ ਦੇ ਜੀਵਨ ਅਵਸਰ ਵਧਾਉਣਾ ਹੁੰਦਾ ਸੀ। ਉਨ੍ਹਾਂ ਦੀ ਬਾਣੀ ਵਿਚ ਅਮੀਰ ਜੀਵਨ ਤੇ ਸਾਧਾਰਨ ਜੀਵਨ ਦੋਹਾਂ ਦੀ ਝਲਕ ਮਿਲਦੀ ਹੈ ਪਰ ਦਰਵੇਸ਼ ਜਾਂ ਭਗਤ ਨੂੰ ਉਹ ਜਿਸ ਸੱਚੇ ਵਿਚ ਢਾਲਣਾ ਚਾਹੁੰਦੇ ਸਨ, ਤੇ ਜਿਸ ਸੱਚੇ ਵਿਚ ਉਨ੍ਹਾਂ ਦਾ ਆਪਣਾ ਜੀਵਨ ਢਲਿਆ ਹੋਇਆ ਸੀ, ਉਹ ਕਿਰਤ ਕਰਨ ਵਾਲੇ ਤੇ ਜੀਵਨ-ਔਕੜਾਂ ਵਿਚ ਗ੍ਰਸੇ, ਪਰ ਉਨ੍ਹਾਂ ਦਾ ਮੁਕਾਬਲਾ ਕਰਨ ਵਾਲੇ, ਮਿਹਨਤੀ ਲੋਕਾਂ ਨਾਲ ਬਹੁਤ ਸਾਂਝ ਰਖਦਾ ਹੈ। ਅਗਲੇ ਸਲੋਕ ਵਿਚ ਦਰਵੇਸ਼ੀ ਜੀਵਨ ਦੀ ਜਿਸ ਅਵਸਥਾ ਦਾ ਵਰਣਨ ਹੈ, ਉਜੇਹੀ ਅਵਸਥਾ ਵਿਚ ਗ਼ਰੀਬੀ ਜੀਵਨ ਦੀ ਅਸਲੀਅਤ ਦਾ ਡੂੰਘਾ ਅਹਿਸਾਸ ਹੋ ਜਾਣਾ ਬਿਲਕੁਲ ਸੁਭਾਵਕ ਹੈ :—

ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ, ਬਿਰਹਿ ਵਿਛਾਵਣੁ ਲੇਫੁ ।
ਏਹੁ ਹਮਾਰਾ ਜੀਵਣਾ, ਤੂ ਸਾਹਿਬ ਸਚੇ ਵੇਖੁ ।

ਬਾਬਾ ਫ਼ਰੀਦ ਦੀ ਸਾਰੀ ਕਵਿਤਾ ਜੀਵਨ ਤੇ ਮੌਤ ਦੀ ਅਸਲੀਅਤ ਦ੍ਰਿੜ੍ਹ ਕਰਾਉਣ ਦਾ ਇਕ ਡੂੰਘਾ ਤਰਲਾ ਹੈ । ਮੌਤ ਜ਼ਿੰਦਗੀ ਦੀ ਇਕ ਬੜੀ ਕਠੋਰ ਅਸਲੀਅਤ ਹੈ ਜਿਸ ਨੂੰ ਧਿਆਨ ਵਿਚ ਰੱਖੇ ਬਿਨਾਂ ਜ਼ਿੰਦਗੀ ਦੀ ਕੋਈ ਸਹੀ ਯੋਜਨਾ ਤਿਆਰ ਨਹੀਂ ਹੋ ਸਕਦੀ । ਮੌਤ ਦੀ ਸੰਭਾਵਨਾ ਨੂੰ ਹਰ ਤਜਵੀਜ਼ ਬਣਾਉਣ ਵੇਲੇ ਯਾਦ ਰੱਖਣ ਨਾਲ ਮਨੁੱਖ ਵਿਚ ਗੰਭੀਰਤਾ ਵਧ ਜਾਂਦੀ ਹੈ ਤੇ ਜ਼ਿੰਦਗੀ ਦੇ ਮਨੋਰਥਾਂ ਨੂੰ ਪੂਰਾ ਕਰਨ ਲਈ ਤੀਬਰਤਾ ਮਹਿਸੂਸ ਹੁੰਦੀ ਹੈ । ਬਾਬਾ ਫ਼ਰੀਦ ਨੇ ਨਿਗੂਣੇ ਮਨੋਰਥਾਂ ਦੀ ਖ਼ਾਤਰ ਸਮਾਂ ਗੁਆਉਣ ਵਾਲੇ ਮਨੁੱਖਾਂ ਨੂੰ ਮੌਤ ਦੀ ਯਾਦ ਦਿਵਾ ਕੇ ਉਚੇਰੀਆਂ ਕੀਮਤਾਂ ਅਪਣਾਉਣ ਦੀ ਪਰੇਰਨਾ ਦਿਤੀ । ਜੇ ਮੌਤ ਨੂੰ ਅਵੇਸਲੇ ਜਹੇ ਹੋ ਕੇ ਯਾਦ ਕੀਤਾ ਜਾਵੇ ਤਾਂ ਇਹ ਭੈ, ਨਿੰਮੋਝੂਣਤਾ ਜਾਂ ਗ਼ੈਰਜ਼ਿਮੇਵਾਰੀ ਦੇ ਭਾਵ ਜਗਾ ਸਕਦੀ ਹੈ, ਪਰ ਦਲੇਰੀ ਤੇ ਗੰਭੀਰਤਾ ਨਾਲ ਇਸ ਦੀ ਯਾਦ ਨੂੰ ਜੀਵਨ-ਜਾਚ ਦਾ ਭਾਗ ਬਣਾਉਣ ਨਾਲ ਇਸ ਦਾ ਪ੍ਰਭਾਵ ਨਰੋਆ ਪੈਂਦਾ ਹੈ । ਫ਼ਰੀਦ ਜੀ ਮੌਤ ਨੂੰ ਪਾਠਕਾਂ ਦੇ ਧਿਆਨ-ਗੋਚਰੇ ਕਰਨ ਲਈ ਕਲਾ ਦੀ ਪੂਰੀ ਸਮਰੱਥਾ ਵਰਤਦੇ ਹਨ । ਉਨ੍ਹਾਂ ਦੇ ਹੁਨਰ ਨੇ ਤਾਂ ਮਾਨੋ ਮੌਤ ਨੂੰ ਜਿਵਾ ਦਿੱਤਾ ਹੈ । ਜਦੋਂ ਕਦੀ ਸਾਡੇ ਨਜ਼ਦੀਕੀਆਂ ਵਿਚ ਕੋਈ ਮੌਤ ਵਾਪਰੇ ਤਾਂ ਜਿਹੜੇ ਅਸਲ ਭਾਵ ਮੌਤ ਦੇ ਰੂਬਰੂ ਸਾਨੂੰ ਅਨੁਭਵ ਹੁੰਦੇ ਹਨ ਉਹ ਫ਼ਰੀਦ ਦੀ ਕਵਿਤਾ ਦੇ ਪਾਠ ਨਾਲ ਸਾਡੇ ਮਨ ਵਿਚ ਪੈਦਾ ਹੋ ਜਾਂਦੇ ਹਨ । ਹੇਠਲੀਆਂ ਸਤਰਾਂ ਵਿੱਚੋਂ ਮੌਤ ਦੀ ਚਾਣਚਕਤਾ ਦਾ ਅਹਿਸਾਸ ਐਸੀ ਪੂਰਨਤਾ ਨਾਲ ਉਪਜਦਾ ਹੈ ਕਿ ਪੰਜਾਬ ਵਿਚ ਅਚਾਨਕ ਹਈ ਮੌਤ ਉੱਤੇ ਇਨ੍ਹਾਂ ਨੂੰ ਅਨੇਕਾਂ ਵਾਰੀ ਲੋਕ ਦੁਹਰਾਂਦੇ ਸੁਣੇ ਜਾਂਦੇ ਹਨ :—

ਫ਼ਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ।
ਕੇਲ ਕਰੇਦੇ ਹੰਝ ਨੋ, ਅਚਿੰਤੇ ਬਾਜ ਪਏ ।
ਬਾਜ ਪਏ ਤਿਸੁ ਰੱਬ ਦੇ, ਕੇਲਾਂ ਵਿਸਰੀਆਂ ।
ਜੋ ਮਨਿ ਚਿਤਿ ਨ ਚੇਤੇ ਸਨਿ, ਸੋ ਗਾਲੀ ਰਬ ਕੀਆਂ ।੯੯।

ਕਦੀ ਮੌਤ ਦਾ ਸੀਨ ਅੱਖਾਂ ਅੱਗੇ ਲਿਆਂਦਾ ਗਿਆ ਹੈ, ਕਦੀ ਆ ਰਹੀ ਮੌਤ ਦੀਆਂ ਨਿਸ਼ਾਨੀਆਂ ਗਿਣੀਆਂ ਗਈਆਂ ਹਨ ਤੇ ਕਦੀ ਸਮੁੱਚੀ ਜ਼ਿੰਦਗੀ ਦੀ ਨਾਸ਼ਮਾਨਤਾ ਦ੍ਰਿੜ੍ਹ ਕਰਵਾਈ ਗਈ ਹੈ । ਹਰ ਢੰਗ ਨਾਲ ਮੌਤ ਦੀ ਹੋਂਦ ਨੂੰ ਅਤਿਅੰਤ ਨਿਕਟ ਮਹਿਸੂਸ ਕਰਵਾ ਕੇ ਬਾਬਾ ਫ਼ਰੀਦ ਮਨੁੱਖੀ ਰੁਚੀ ਨੂੰ ਮਹਾਨ ਜੀਵਨ-ਆਦਰਸ਼ਾਂ ਵਲ ਮੋੜਦੇ ਹਨ । ਮੌਤ ਦੀ ਨਿਕਟਤਾ ਦਾ ਅਜੇਹਾ ਕਲਾਮਈ ਪ੍ਰਭਾਵ ਮਰਨ ਦਾ ਭੈ ਦੂਰ ਕਰਨ ਵਿਚ ਕਿੱਥੋਂ ਤਕ ਸਹਾਈ ਹੁੰਦਾ ਹੈ, ਇਹ ਮਨੋਵਿਗਿਆਨਕ ਖੋਜ ਦਸ ਸਕਦੀ ਹੈ ।

## ਗੁਰੂ ਨਾਨਕ

(੧੪੬੯ — ੧੫੩੯ ਈ:)

ਗੁਰੂ ਨਾਨਕ ਪੰਜਾਬ ਦੀ ਸੰਸਾਰ ਨੂੰ ਅਦੁਤੀ ਦੇਣ ਹੈ । ਗੁਰੂ ਨਾਨਕ ਰਾਹੀਂ ਪੰਜਾਬ ਸਾਰੇ ਭਾਰਤ ਤੇ ਦੁਨੀਆਂ ਦੀ ਸੰਸਕ੍ਰਿਤੀ ਵਿਚ ਆਪਣਾ ਅਤਿਅੰਤ ਕੀਮਤੀ ਭਾਗ ਪੇਸ਼ ਕਰਨ ਦੇ ਸਮਰੱਥ ਹੋਇਆ ਹੈ । ਪੰਜਾਬ ਦੀ ਧਰਤੀ ਨੇ ਗੁਰੂ ਨਾਨਕ ਵਰਗੇ ਸਪੁੱਤਰ ਨੂੰ ਜਨਮ ਦੇ ਕੇ ਆਪਣੇ ਉਪਜਾਊ ਤੱਤਾਂ ਦੀ ਮਹਾਨ ਸ਼ਕਤੀ ਦਾ ਸਬੂਤ ਦਿੱਤਾ । ਪੰਜਾਬ ਦਾ ਸਭਿਆਚਾਰਕ ਵਾਯੂ-ਮੰਡਲ ਕਈਆਂ ਸਦੀਆਂ ਦੇ ਜਿਨ੍ਹਾਂ ਜੀਵਨ-ਵਧਾਊ ਅੰਸ਼ਾਂ ਨੂੰ ਸਾਂਭਦਾ ਆ ਰਿਹਾ ਸੀ ਉਹ ਪੰਜਾਬ ਦੇ ਇਸ ਸਪੁੱਤਰ ਨੂੰ ਇਕ ਵਡਮੁੱਲੇ ਵਿਰਸੇ ਦੇ ਰੂਪ ਵਿਚ ਪਰਾਪਤ ਹੋਏ ਤੇ ਉਸ ਦੇ ਹੱਥਾਂ ਵਿਚ ਕਈ ਗੁਣਾਂ ਵਧ ਫੂਲ ਕੇ ਬਾਦ ਦੇ ਪੰਜਾਬੀ ਸਭਿਆਚਾਰ ਨੂੰ ਅਮੀਰ ਕਰਨ ਵਿਚ ਅਤੀ ਸਫ਼ਲ ਬਣੇ । ਉਂਜ

ਤਾਂ ਹਰ ਮਹਾਂਪੁਰਖ ਸਾਰੀ ਮਨੁੱਖਤਾ ਦੀ ਸਾਂਝੀ ਦੌਲਤ ਹੁੰਦਾ ਹੈ, ਪਰ ਆਪਣੇ ਜੀਵਨ ਵਿਚ ਉਹ ਕਿਸੇ ਖ਼ਾਸ ਵਡੇ ਜਾਂ ਛੋਟੇ ਇਲਾਕੇ ਦੇ ਲੋਕਾਂ ਨੂੰ ਆਪਣੀ ਸੇਵਾ ਦਾ ਪਾਤਰ ਬਣਾਉਂਦਾ ਹੈ ਤੇ ਉਹ ਲੋਕ ਸਭ ਦੁਨੀਆਂ ਨਾਲੋਂ ਵਧ ਉਸ ਦੇ ਰਿਣੀ ਮਹਿਸੂਸ ਕਰਦੇ ਹਨ। ਗੁਰੂ ਨਾਨਕ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਪੰਜਾਬੋਂ ਬਾਹਰ ਭਾਰਤ ਦੇ ਉੱਤਰ, ਦੱਖਣ ਤੇ ਪੂਰਬ ਵਿਚ ਰਟਨ ਕਰਨ ਜਾਂ ਪੱਛਮੀ ਏਸ਼ੀਆ ਦੇ ਕੁਝ ਦੇਸਾਂ ਦੀ ਯਾਤਰਾ ਕਰਨ ਵਿਚ ਖ਼ਰਚ ਕੀਤਾ ਤੇ ਹਰ ਥਾਂ ਉਹ ਆਪਣੇ ਵਿਚਾਰਾਂ ਨਾਲ ਕਈ ਵਿਅਕਤੀਆਂ ਦੇ ਜੀਵਨ ਨੂੰ ਪਲਟਣ ਵਿਚ ਸਫ਼ਲ ਹੁੰਦੇ ਰਹੇ ਜਿਸ ਕਰਕੇ ਉਨ੍ਹਾਂ ਨੂੰ ਭਾਰਤ ਜਾਂ ਏਸ਼ੀਆ ਦਾ ਹਮਦਰਦ ਨੇਤਾ ਕਹਿਣਾ ਗ਼ਲਤ ਨਹੀਂ ਹੋ ਸਕਦਾ। ਪਰ ਪੰਜਾਬ ਨਾਲ ਉਨ੍ਹਾਂ ਦੇ ਨਾਂ ਨੂੰ ਜੋ ਖ਼ਾਸ ਤੌਰ ਤੇ ਸੰਬੰਧਤ ਕੀਤਾ ਜਾਂਦਾ ਹੈ ਉਸ ਦਾ ਕਾਰਨ ਇਹ ਹੈ ਕਿ ਇਸ ਪ੍ਰਾਂਤ ਦੇ ਲੋਕਾਂ ਨੇ ਆਪਣੇ ਨਾਲ ਉਨ੍ਹਾਂ ਦੀ ਉਚੇਚੀ ਦਿਲਚਸਪੀ ਮਹਿਸੂਸ ਕੀਤੀ ਤੇ ਇਸੇ ਲਈ ਸਭ ਤੋਂ ਵਧ ਉਨ੍ਹਾਂ ਦਾ ਪ੍ਰਭਾਵ ਕਬੂਲ ਕੀਤਾ। ਗੁਰੂ ਨਾਨਕ ਨੂੰ 'ਜਗਤ ਗੁਰੂ' ਕਹਿਣ ਵਿਚ ਵੀ ਭਾਵੇਂ ਇਸ ਹਦ ਤਕ ਸਚਾਈ ਹੈ ਕਿ ਉਨ੍ਹਾਂ ਦੇ ਉਪਦੇਸ਼ ਸਭ ਦੇਸਾਂ ਲਈ ਗੁਣਕਾਰੀ ਹੋ ਸਕਦੇ ਹਨ, ਪਰ ਪੰਜਾਬ ਦੇ ਤਾਂ ਉਹ ਨਿਰੇ ਉਪਦੇਸ਼-ਦਾਤਾ ਹੀ ਨਹੀਂ ਸਨ ਬਲਕਿ ਅਮਲੀ ਮਿਸਾਲਾਂ ਨਾਲ ਇੱਥੋਂ ਦੇ ਲੋਕਾਂ ਨੂੰ ਨਵੇਂ ਰਾਹ ਤੇ ਚਲਾਉਣ ਲਈ ਉਪਰਾਲੇ ਕਰਦ ਰਹਿੰਦੇ ਸਨ। ਹਰਦੁਆਰ ਜਾ ਕੇ ਪੱਛਮ ਵਲ ਪਾਣੀ ਉਛਾਲਣਾ ਜਾਂ ਮੱਕੇ ਪਹੁੰਚ ਕੇ ਕਾਬੇ ਵਲ ਪੈਰ ਕਰ ਕੇ ਸੌਂ ਜਾਣਾ ਉਨ੍ਹਾਂ ਦੇ ਉਪਦੇਸ਼ ਦੇਣ ਦੇ ਕੇਵਲ ਨਾਟਕੀ ਢੰਗ ਸਨ, ਪਰ ਉਮਰ ਦੇ ਮੁੱਢ ਵਿਚ ਮੋਦੀਖ਼ਾਨੇ ਦਾ ਕਿੱਤਾ ਨਿਭਾ ਕੇ ਤੇ ਅੰਤਲੇ ਸਾਲ ਖੇਤੀ ਵਿਚ ਖ਼ਰਚ ਕਰ ਕੇ ਉਨ੍ਹਾਂ ਨੇ ਪੰਜਾਬ ਨੂੰ ਨੌਕਰੀ ਤੇ ਕਿਰਸਾਣੀ ਦੇ ਆਦਰਸ਼ਕ ਨਮੂਨੇ ਦੱਸੇ ਤੇ ਜੀਵਨ-ਜਾਚ ਦੇ ਦੋਵੇਂ ਪੱਖ ਸਿਖਾਏ। ਪੰਜਾਬ ਉਨ੍ਹਾਂ ਦੀ ਜਨਮ-ਭੂਮੀ ਹੋਣ ਕਰਕੇ ਹੀ ਉਨ੍ਹਾਂ ਨੂੰ ਨਹੀਂ ਅਪਣਾਉਂਦਾ ਸਗੋਂ ਇਸ ਕਰਕੇ ਵੀ ਕਿ ਆਪਣੇ ਅਨੁਭਵ, ਸੋਚ, ਸਫ਼ਰ, ਮੇਲ ਜੋਲ ਤੇ ਵਿਚਾਰ-ਵਟਾਂਦਰੇ ਤੋਂ ਜੋ ਕੁਝ ਉਨ੍ਹਾਂ ਨੇ ਜੀਵਨ ਨੂੰ ਸਾਰਥਕ ਬਣਾਉਣ ਲਈ ਸਿਖਿਆ ਉਸ ਸਭ ਕਾਸੇ ਦਾ ਨਿਚੋੜ ਪੰਜਾਬ ਦੇ ਲੋਕਾਂ ਨੂੰ ਚੰਗੇਰੇ ਜੀਵਨ ਦੇ ਕਾਬਲ ਬਣਾਉਣ ਲਈ ਵਰਤਿਆ। ਉਨ੍ਹਾਂ ਦੇ ਸਭ ਉਪਦੇਸ਼ਾਂ ਦਾ ਆਧਾਰ ਰੱਬ ਦੀ ਹੋਂਦ ਤੇ ਸ੍ਰਿਸ਼ਟੀ ਦੀ ਆਤਮਕ ਏਕਤਾ ਸੀ ਤੇ ਪੰਜਾਬੋਂ ਬਾਹਰ ਉਹ ਥਾਂ ਥਾਂ ਇਹੋ ਉਪਦੇਸ਼ ਦੇਂਦੇ ਰਹੇ, ਪਰ ਇਨ੍ਹਾਂ ਬੁਨਿਆਦੀ ਨਿਸਚਿਆਂ ਨੂੰ ਧਾਰਨ ਕਰਨ ਵਾਲੇ ਮਨੁੱਖ ਦੇ ਹੋਰਨਾਂ ਮਨੁੱਖਾਂ ਨਾਲ ਸਮਾਜਕ ਰਿਸ਼ਤਿਆਂ ਵਿਚ ਜੋ ਤਬਦੀਲੀਆਂ ਅਵੱਸ਼ ਹੋ ਜਾਂਦੀਆਂ ਹਨ, ਪੰਜਾਬ ਵਿਚ ਉਨ੍ਹਾਂ ਤਬਦੀਲੀਆਂ ਨੂੰ ਵਰਤਾਉਣ ਲਈ ਉਹ ਨਵੀਆਂ ਸਮਾਜਕ ਸੰਸਥਾਵਾਂ ਦਾ ਮੁੱਢ ਵੀ ਬੰਨ੍ਹਦੇ ਰਹੇ, ਜਿਸ ਕਰਕੇ ਪੰਜਾਬ ਵਿਚ ਉਨ੍ਹਾਂ ਦਾ ਪ੍ਰਭਾਵ ਬਹੁਤ ਚਿਰ ਬਾਦ ਤਕ ਵੀ ਕਾਇਮ ਰਿਹਾ, ਤੇ ਇਥੋਂ ਦੇ ਸਮਾਜਕ ਜੀਵਨ ਉੱਤੇ ਵੀ ਉਨ੍ਹਾਂ ਦੇ ਵਿਚਾਰਾਂ ਦਾ ਡੂੰਘਾ ਅਸਰ ਪਿਆ। ਸਾਰੇ ਜਗਤ, ਏਸ਼ੀਆ ਜਾਂ ਭਾਰਤ ਲਈ ਉਹ ਇਕ ਰਹੱਸਵਾਦੀ ਮਹਾਂ ਪੁਰਖ ਸਨ, ਪਰ ਪੰਜਾਬ ਦੇ ਕੌਮੀ ਜੀਵਨ ਦਾ ਤਾਂ ਉਨ੍ਹਾਂ ਨੂੰ ਉਸਰੱਈਆ ਤੇ ਆਗੂ ਮੰਨਣਾ ਪੈਂਦਾ ਹੈ।

ਮੁਸਲਮਾਨੀ ਰਾਜ ਤੋਂ ਪਹਿਲੋਂ ਭਾਰਤੀ ਸਮਾਜ ਵਿਚ ਮਨੁੱਖੀ ਸੰਬੰਧਾਂ ਨੂੰ ਤਰਤੀਬ ਦੇਣ ਦੇ ਜੋ ਨਿਯਮ ਸਨ ਉਹ ਨੀਅਤ ਭਾਵੇਂ ਵਿਚਾਰਵਾਨ ਸ਼੍ਰੇਣੀ ਵੱਲੋਂ ਹੁੰਦੇ ਹੋਣ ਲੇਕਿਨ ਪਰਚਲਤ, ਰਾਜ-ਅਧਿਕਾਰੀਆਂ ਦੀ ਸ਼ਕਤੀ ਨਾਲ ਹੀ ਹੁੰਦੇ ਸਨ। ਜਦ ਤਕ ਰਾਜ-ਅਧਿਕਾਰੀ ਲੋਕਾਂ ਦੇ ਹਿਤਾਂ ਨੂੰ ਮੁਖ ਰਖਦੇ ਰਹਿੰਦੇ, ਅਜੇਹੇ ਨਿਯਮ ਬਦਲਦੀਆਂ ਸਮਾਜਕ ਲੋੜਾਂ ਦੇ ਨਾਲ ਨਾਲ ਤਬਦੀਲ ਹੁੰਦੇ ਜਾਂਦੇ। ਮੁਸਲਮਾਨਾਂ ਦੇ ਆਉਣ ਬਾਦ ਭਾਰਤ ਵਿਚ ਜਿੱਥੇ ਜਿੱਥੇ ਹਿੰਦੂ ਰਾਜ ਖ਼ਤਮ ਹੋ ਗਿਆ, ਉੱਥੇ ਉੱਥੇ ਹਿੰਦੂ ਸਮਾਜ ਦੇ ਨਿਯਮ ਬਦਲਣ ਦੀ ਮਸ਼ੀਨਰੀ ਬੰਦ ਹੋ ਗਈ। ਮੁਸਲਮਾਨ ਲੋਕਾਂ ਲਈ ਸਮਾਜਕ ਕਾਨੂੰਨ ਇਸਲਾਮੀ ਸ਼ਰ੍ਹਾ ਅਨੁਸਾਰ ਨੀਅਤ ਕੀਤੇ ਜਾਂਦੇ ਸਨ ਤੇ ਮੌਲਵੀਆਂ ਤੇ ਕਾਜ਼ੀਆਂ ਦੀ ਅਗਵਾਈ ਹੇਠ ਮੁਸਲਮ ਹਕੂਮਤ ਵੱਲੋਂ ਲਾਗੂ ਕੀਤੇ ਜਾਂਦੇ ਸਨ। ਮੁਸਲਮਾਨ ਹਕੂਮਤ ਹਿੰਦੂ ਸਮਾਜ ਦੇ ਕਾਨੂੰਨ ਬਦਲਣ ਵਿਚ ਦਿਲਚਸਪੀ ਨਹੀਂ ਲੈਂਦੀ ਸੀ। ਮੁਹੰਮਦ ਸਾਹਿਬ ਦੇ ਸਮੇਂ ਤੋਂ ਇਕ ਰਵਾਇਤ ਚਲਦੀ ਆ ਰਹੀ ਸੀ ਕਿ ਮੁਸਲਮਾਨ ਫ਼ੌਜਾਂ ਜਦ ਕਿਸੇ ਦੇਸ ਵਿਚ ਇਸਲਾਮੀ ਹਕੂਮਤ ਸਥਾਪਤ ਕਰਦੀਆਂ ਤਾਂ ਪਰਜਾ ਨੂੰ

ਇਸਲਾਮੀ ਸ਼ਰ੍ਹਾ ਦੇ ਕਾਨੂੰਨ ਅਪਣਾਉਣ ਜਾਂ ਆਪਣੇ ਪੁਰਾਣੇ ਕਾਨੂੰਨ ਵਰਤਣ ਦੀ ਖੁਲ੍ਹ ਦੇ ਦੇਂਦੀਆਂ। ਭਾਰਤ ਦੇ ਜਿਨ੍ਹਾਂ ਲੋਕਾਂ ਨੇ ਇਸਲਾਮ ਧਾਰਨ ਕਰ ਲਿਆ ਉਹ ਸ਼ਰ੍ਹਾ ਦੇ ਕਾਨੂੰਨਾਂ ਦੇ ਲਾਭਾਂ ਜਾਂ ਹਾਨਾਂ ਦੇ ਹੱਕਦਾਰ ਹੋ ਗਏ, ਪਰ ਬਾਕੀ ਲੋਕ ਪੁਰਾਣੇ ਸ਼ਾਸਤਰੀ ਨਿਯਮਾਂ ਅਨੁਸਾਰ ਹੀ ਜੀਵਨ ਬਤੀਤ ਕਰਦੇ ਰਹੇ। ਸ਼ਾਸਤਰੀ ਕਾਨੂੰਨਾਂ ਨੂੰ ਪਰਚਲਤ ਕਰਨ ਵਾਲੀ ਰਾਜਸੀ ਸ਼ਕਤੀ ਖ਼ਤਮ ਹੋ ਜਾਣ ਕਰਕੇ ਇਨ੍ਹਾਂ ਵਿਚ ਤਬਦੀਲੀ ਹੋਣੀ ਬੰਦ ਹੋ ਗਈ। ਹੌਲੀ ਹੌਲੀ ਇਹ ਨਿਯਮ ਜੀਵਨ ਰੌ ਤੋਂ ਬਹੁਤ ਪਿੱਛੇ ਰਹਿ ਗਏ ਤੇ ਹਿੰਦੂ ਸਮਾਜ ਦੇ ਪੈਰਾਂ ਨੂੰ ਬੋਝਲ ਕਰਨ ਲਗ ਪਏ। ਇਨ੍ਹਾਂ ਨਿਯਮਾਂ ਦੀ ਵਿਆਖਿਆ ਕਰਨ ਦਾ ਅਧਿਕਾਰ ਬ੍ਰਾਹਮਣਾਂ ਦੇ ਹੱਥ ਆ ਚੁਕਾ ਸੀ ਜਿਨ੍ਹਾਂ ਨੇ ਇਨ੍ਹਾਂ ਨੂੰ ਐਸੀ ਰੰਗਤ ਦਿੱਤੀ ਕਿ ਉਨ੍ਹਾਂ ਦੇ ਆਪਣੇ ਹੱਕ ਅੱਗੇ ਨਾਲੋਂ ਵਧ ਗਏ ਤੇ ਹੇਠਲੀਆਂ ਸ਼ਰੇਣੀਆਂ ਦਾ ਦਰਜਾ ਹੋਰ ਨੀਵਾਂ ਹੋ ਗਿਆ। ਕਿਰਤੀਆਂ ਤੇ ਇਸਤਰੀਆਂ ਲਈ ਇਹ ਨਿਯਮ ਅਤਿਅੰਤ ਕਠੋਰ ਬਣਾ ਦਿੱਤੇ ਗਏ। ਇਸ ਦਾ ਸਿੱਟਾ ਇਹ ਨਿਕਲਿਆ ਕਿ ਹਿੰਦੂਆਂ ਦੀਆਂ ਕਿਰਤੀ ਸ਼ਰੇਣੀਆਂ ਨੂੰ ਇਸਲਾਮੀ ਕਾਨੂੰਨਾਂ ਦੀ ਖਿੱਚ ਪੈਣੀ ਸ਼ੁਰੂ ਹੋ ਗਈ ਤੇ ਉਨ੍ਹਾਂ ਦਾ ਲਾਭ ਉਠਾਉਣ ਲਈ ਉਹ ਇਸਲਾਮ ਧਾਰਨ ਕਰਨ ਲਗ ਪਏ। ਹਿੰਦੂ ਸਮਾਜ ਵਿਚ ਰਹਿਣ ਵਾਲੇ ਲੋਕਾਂ ਦਾ ਜੀਵਨ ਇਕ ਪੀਡੇ ਸ਼ਿਕੰਜੇ ਵਿਚ ਕੱਸਿਆ ਹੋਇਆ ਸੀ। ਗੁਰੂ ਨਾਨਕ ਤੇ ਹੋਰ ਗੁਰੂਆਂ ਨੇ ਪੰਜਾਬ ਦੇ ਹਿੰਦੂ ਸਮਾਜ ਨੂੰ ਬ੍ਰਾਹਮਣਾਂ ਦੀ ਕੈਦ ਵਿੱਚੋਂ ਮੁਕਤ ਕਰਕੇ ਐਸੇ ਸਮਾਜਕ ਵਤੀਰੇ ਪਰਚਲਤ ਕਰਨ ਦਾ ਜਤਨ ਕੀਤਾ ਜੋ ਨਵੇਂ ਹਾਲਾਤ ਦੇ ਵਧੇਰੇ ਅਨਕੂਲ ਸਨ। ਗੁਰੂ ਨਾਨਕ ਦਾ ਭਾਰਤ ਤੋਂ ਬਾਹਰ ਜਾਣਾ ਹੀ ਬ੍ਰਾਹਮਣੀ ਨਿਯਮਾਂ ਵਿਰੁਧ ਜਿਨ੍ਹਾਂ ਵਿਚ ਪਰਦੇਸ-ਯਾਤਰਾ ਵਿਵਰਜਤ ਸੀ, ਇਕ ਵਿਦ੍ਰੋਹ-ਭਰਿਆ ਕਦਮ ਸੀ। ਬ੍ਰਾਹਮਣ ਦ੍ਰਿਸ਼ਟੀ ਅਨੁਸਾਰ ਭਾਰਤ ਦੇ ਮੁਕਾਬਲੇ ਤੇ ਬਾਕੀ ਸਭ ਦੇਸਾਂ ਦੇ ਲੋਕ ਭ੍ਰਿਸ਼ਟ ਸਨ ਜਿਨ੍ਹਾਂ ਨਾਲ ਵਰਤਣਾ ਨੀਚਤਾ ਦੇ ਭਾਗੀ ਹੋਣਾ ਸੀ। ਇਸੇ ਦ੍ਰਿਸ਼ਟੀ ਨੇ ਬਾਹਰੋਂ ਆਏ ਸਭ ਮੁਸਲਮਾਨਾਂ ਨੂੰ ਬਗ਼ੈਰ ਚੰਗੇ ਮੰਦੇ ਦੀ ਪਰਖ ਕੀਤੇ, 'ਮਲੇਛ' ਕਰਾਰ ਦੇ ਦਿੱਤਾ ਸੀ। ਮੁਸਲਮਾਨਾਂ ਨਾਲ ਇਹ ਨਫ਼ਰਤ ਉਨ੍ਹਾਂ ਦੇ ਰਾਜਸੀ ਜਬਰ ਦਾ ਇੰਨਾ ਪ੍ਰਤੀਕਰਮ ਨਹੀਂ ਸੀ ਕਿਉਂਕਿ ਦੇਸ-ਪ੍ਰੇਮ ਦੇ ਭਾਵ ਬ੍ਰਾਹਮਣ-ਸ਼ਰੇਣੀ ਵਿਚ ਤੀਬਰ ਨਹੀਂ ਸਨ। ਇਸ ਨਫ਼ਰਤ ਦਾ ਆਧਾਰ ਉਹ ਘਾਟਾ ਸੀ ਜੋ ਹੇਠਲੀਆਂ ਸ਼ਰੇਣੀਆਂ ਨੂੰ ਇਸਲਾਮ ਦੀ ਖਿਚ ਪੈ ਜਾਣ ਕਰਕੇ ਬ੍ਰਾਹਮਣੀ ਹਿਤਾਂ ਨੂੰ ਪੈ ਰਿਹਾ ਸੀ। ਗੁਰੂ ਨਾਨਕ ਨੇ ਮੁਸਲਮਾਨੀ ਦੇਸਾਂ ਦੀ ਯਾਤਰਾ ਕਰ ਕੇ ਨਾ ਸਿਰਫ਼ ਅੰਤਰ-ਰਾਸ਼ਟਰੀ ਮੇਲ ਜੋਲ ਦੀ ਬਾਧਕ ਤੰਗ ਦ੍ਰਿਸ਼ਟੀ ਦਾ ਵਿਰੋਧ ਕੀਤਾ ਬਲਕਿ ਮੁਸਲਮਾਨਾਂ ਨੂੰ ਮਲੇਛ ਕਹਿਣ ਵਾਲੀ ਬਿਰਤੀ ਦੀ ਵੀ ਨਿਖੇਧੀ ਕੀਤੀ। ਗੁਰੂ ਨਾਨਕ ਦੀ ਚਲਾਈ ਲਹਿਰ ਵਿਚ ਗੁਰੂ ਦੀ ਸੰਸਥਾ ਜਿਸ ਜ਼ੋਰ ਨਾਲ ਸਥਾਪਤ ਕੀਤੀ ਗਈ ਉਸ ਦਾ ਇਕ ਮਕਸਦ ਹਿੰਦੂ ਸਮਾਜ ਦੀ ਅਗਵਾਈ ਬ੍ਰਾਹਮਣਾਂ ਦੇ ਹੱਥੋਂ ਕੱਢਣਾ ਸੀ। ਹਿਦੂ ਸਮਾਜਕ ਜੀਵਨ ਵਿੱਚੋਂ ਬ੍ਰਾਹਮਣਾਂ ਦਾ ਰੁਤਬਾ ਘਟਾਏ ਬਗ਼ੈਰ ਇਸ ਵਿਚ ਕੋਈ ਬੁਨਿਆਦੀ ਤਬਦੀਲੀਆਂ ਨਹੀਂ ਲਿਆਂਦੀਆਂ ਜਾ ਸਕਦੀਆਂ ਸਨ। ਗੁਰੂ ਨਾਨਕ ਦੇ ਚਲਾਏ ਲੰਗਰ ਵਿਚ ਨੀਚ ਜਾਤੀਆਂ ਨੂੰ ਉੱਚ ਜਾਤੀਆਂ ਨਾਲ ਬੈਠਣ ਦਾ ਅਧਿਕਾਰ ਤਦੇ ਮਿਲ ਸਕਦਾ ਸੀ ਜੇ ਲੋਕ ਗੁਰੂ ਦੇ ਹੁਕਮ ਨੂੰ ਬ੍ਰਾਹਮਣਾਂ ਦੇ ਉਪਦੇਸ਼ਾਂ ਤੋਂ ਵਧੀਕ ਪ੍ਰਮਾਣੀਕ ਮੰਨਦੇ। ਬ੍ਰਾਹਮਣ ਆਪਣੇ ਉਪਦੇਸ਼ਾਂ, ਨਿਯਮਾਂ ਤੇ ਰੀਤਾਂ ਦੀ ਪ੍ਰੋੜ੍ਹਤਾ ਵੇਦਕ ਸਿਧਾਂਤਾਂ ਦੇ ਆਧਾਰ ਤੇ ਕਰਦੇ ਸਨ ਜਿਨ੍ਹਾਂ ਨੂੰ ਈਸ਼ਵਰੀ ਹੁਕਮ ਮੰਨ ਕੇ ਸਤਿਕਾਰਿਆ ਜਾਂਦਾ ਸੀ। ਗੁਰੂ ਨਾਨਕ ਨੇ ਵੇਦਾਂ ਦੀ ਵਿਆਖਿਆ ਦੇ ਅਧਿਕਾਰ ਬ੍ਰਾਹਮਣਾਂ ਦੇ ਹੱਥੋਂ ਕੱਢਣ ਲਈ ਲੋਕਾਂ ਦੀ ਬੋਲੀ ਵਿਚ ਕਵਿਤਾ ਰਚੀ ਤੇ ਉਸ ਨੂੰ ਵੇਦਾਂ ਦੀ ਅਸਲ ਸਪਿਰਿਟ ਦਾ ਸਾਕਾਰ ਰੂਪ ਦਸਿਆ। ਗੁਰੂ ਨਾਨਕ ਦੇ ਸਮੇਂ ਤੋਂ ਹੀ ਗੁਰਬਾਣੀ ਦੀ ਮਹੱਤਤਾ ਦ੍ਰਿੜ੍ਹ ਕਰਾਉਣ ਦਾ ਸਮਾਜਕ ਮੰਤਵ, ਬ੍ਰਾਹਮਣਾਂ ਦਾ ਅਸਰ ਰਸੂਖ਼ ਖ਼ਤਮ ਕਰਨਾ ਸੀ। ਗੁਰੂ ਦੀ ਸ਼ਖ਼ਸੀਅਤ ਤੇ ਗੁਰਬਾਣੀ ਨੂੰ ਲੋਕਾਂ ਵਿਚ ਬ੍ਰਾਹਮਣਾਂ ਤੇ ਵੇਦਾਂ ਜਿੰਨਾ ਪ੍ਰਮਾਣੀਕ ਦਰਜਾ ਦਿਵਾਏ ਬਗ਼ੈਰ ਜਾਤ ਪਾਤ, ਛੂਤ ਛਾਤ, ਇਸਤਰੀ ਦੇ ਸਥਾਨ, ਸ਼ਾਦੀ ਆਦਿਕ ਬਾਬਤ ਹਿੰਦੂ ਸਮਾਜ ਦੇ ਨਿਯਮ ਤੇ ਵਰਤਾਰੇ ਬਦਲੇ ਨਹੀਂ ਸਨ ਜਾ ਸਕਦੇ ਨਾ ਲੰਗਰ ਤੇ ਸੰਗਤ ਵਰਗੀਆਂ ਸੰਸਥਾਵਾਂ ਕਾਮਯਾਬ ਹੋ ਸਕਦੀਆਂ ਸਨ। ਭਾਰਤ ਦੀ ਭਗਤੀ ਲਹਿਰ ਦੇ ਹੋਰ ਕਿਸੇ ਭਾਗ ਵਿਚ ਸਿੱਖ ਲਹਿਰ ਦੀ ਤਰ੍ਹਾਂ ਸਮਾਜਕ ਵਤੀਰਿਆਂ ਵਿਚ

ਤਬਦੀਲੀਆਂ ਨਹੀਂ ਆਈਆਂ। ਕਿਉਂਕਿ ਗੁਰੂ ਦੀ ਸੰਸਥਾ ਹੋਰ ਕਿਧਰੇ ਵੀ ਉਸ ਗੰਭੀਰਤਾ, ਨਿਰੰਤਰਤਾ ਤੇ ਦ੍ਰਿੜ੍ਹਤਾ ਨਾਲ ਕਾਇਮ ਨਹੀਂ ਕੀਤੀ ਗਈ ਜਿਸ ਨਾਲ ਇਸ ਲਹਿਰ ਵਿਚ, ਤੇ ਕਿਧਰੇ ਵੀ ਇਸ ਸੰਸਥਾ ਦਾ ਵਿਕਾਸ ਉਸ ਤਰ੍ਹਾਂ ਦੀ ਮਾਨਵਵਾਦੀ ਸੇਧ ਵਿਚ ਨਹੀਂ ਹੋ ਸਕਿਆ ਜਿਸ ਤਰ੍ਹਾਂ ਪੰਜਾਬ ਵਿਚ ਹੋਇਆ। ਗੁਰੂ ਨਾਨਕ ਨੇ ਆਸਾ ਦੀ ਵਾਰ ਵਿਚ ਜਿਸ ਵਿਸਥਾਰ ਨਾਲ ਬ੍ਰਾਹਮਣਾਂ ਦੇ ਦੰਭੀ ਤੇ ਆਚਾਰਹੀਨ ਜੀਵਨ ਦਾ ਪਾਜ ਉਘਾੜਿਆ ਉਹ ਸਮਾਜਕ ਕੁਰੀਤੀਆਂ ਦੇ ਸੁਧਾਰ ਕਰਨ ਨਾਲੋਂ ਵੀ ਵਧ ਸਮਾਜ ਦੀ ਇਸ ਪਰਧਾਨ ਸ਼ਰੇਣੀ ਦਾ ਜਾਦੂ ਲੋਕਾਂ ਦੇ ਸਿਰੋਂ ਉਤਾਰਨ ਦੇ ਨਿਸ਼ਾਨੇ ਨੂੰ ਮੁਖ ਰਖ ਕੇ ਕੀਤਾ ਗਿਆ ਲਗਦਾ ਹੈ।

ਬ੍ਰਾਹਮਣਾਂ ਦੀਆਂ ਵਰਨ-ਆਸ਼ਰਮੀ ਵਧੀਕੀਆਂ ਵਿਰੁਧ ਬੁਧ ਮਤ ਨੇ ਜੋ ਸਾਧਾਰਨ ਜਨਤਾ ਦਾ ਪੱਖ ਲਿਆ ਸੀ, ਉਸ ਰਵਾਇਤ ਨੂੰ ਮੁਸਲਮਾਨੀ ਸਮੇਂ ਵਿਚ ਚਲਦਿਆਂ ਰੱਖਣ ਵਾਲੀ ਇਕ ਸੰਪ੍ਰਦਾ ਨਾਥ ਜੋਗੀਆਂ ਦੀ ਸੀ ਜਿਸ ਦੀ ਸ਼ੈਵ ਮਤ ਨਾਲ ਸਾਂਝ ਦਾ ਆਧਾਰ ਵੀ ਸ਼ਾਇਦ ਦੋਹਾਂ ਵਿਚ ਵਰਨ-ਆਸ਼ਰਮ ਦੀ ਅਸਵੀਕਾਰਤਾ ਹੀ ਸੀ। ਨਾਥ ਜੋਗੀਆਂ ਦਾ ਪ੍ਰਭਾਵ ਕਿਰਤੀ ਸ਼ਰੇਣੀਆਂ ਉੱਤੇ ਬਹੁਤ ਵਧ ਜਾਂਦਾ ਤੇ ਉਨ੍ਹਾਂ ਨੂੰ ਇਸਲਾਮ ਦੀ ਸ਼ਰਨ ਲੈਣ ਦੀ ਲੋੜ ਬਹੁਤ ਘਟ ਮਹਿਸੂਸ ਹੋਣ ਦੇਂਦਾ ਜੇ ਇਨ੍ਹਾਂ ਵਿਚ ਕਿਰਤੀ ਤੇ ਗ੍ਰਹਿਸਤੀ ਜੀਵਨ ਨੂੰ ਉਸੇ ਤਰ੍ਹਾਂ ਸਤਿਕਾਰ ਦਿੱਤਾ ਜਾਂਦਾ ਜਿਸ ਤਰ੍ਹਾਂ ਇਸਲਾਮ ਵਿਚ ਮਿਲਦਾ ਸੀ। ਗੁਰੂ ਨਾਨਕ ਨੇ ਜੋਗੀਆਂ ਦੇ ਵਰਨ-ਆਸ਼ਰਮ ਤੋਂ ਮੁਕਤੀ ਪਰਾਪਤ ਕਰਨ ਦੇ ਪ੍ਰੋਗਰਾਮ ਨੂੰ ਅਪਣਾ ਲਿਆ, ਪਰ ਉਨ੍ਹਾਂ ਦੇ ਵਿਹਾਰਕ ਤੇ ਘਰੋਗੀ ਜੀਵਨ ਤੋਂ ਉਦਾਸੀਨਤਾ ਦੇ ਉਪਦੇਸ਼ ਨੂੰ ਪੂਰੀ ਤਰ੍ਹਾਂ ਨਿਖੇਧਿਆ, ਜਿਵੇਂ :—

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ।

ਆਸਾ ਦੀ ਵਾਰ ਵਿਚ ਜਿੱਥੇ ਬ੍ਰਾਹਮਣਾਂ ਦੇ ਪ੍ਰਭਾਵ ਨੂੰ ਲੋਕਾਂ ਦੇ ਮਨਾਂ ਵਿੱਚੋਂ ਕੱਢਣ ਦਾ ਜਤਨ ਹੈ, ਉੱਥੇ ਜੋਗੀਆਂ ਦੀ ਲੀਡਰਸ਼ਿਪ ਨੂੰ ਵੀ ਕਾਫ਼ੀ ਸੱਟਾਂ ਲਾਈਆਂ ਗਈਆਂ ਹਨ। ਪੰਜਾਬ ਵਿਚ ਕਈ ਸਦੀਆਂ ਇਸ ਸੰਪ੍ਰਦਾ ਦਾ ਬੋਲ ਬਾਲਾ ਰਹਿ ਚੁਕਾ ਸੀ ਤੇ ਇਸ ਨੂੰ ਵੀ ਘਟਾਏ ਬਗੈਰ ਕਈ ਸਮਾਜਕ ਕੀਮਤਾਂ ਨੂੰ ਬਦਲਣਾ ਕਠਨ ਸੀ। ਸਮਾਜਕ ਦ੍ਰਿਸ਼ਟੀਕੋਣ ਤੋਂ ਆਸਾ ਦੀ ਵਾਰ ਦਾ ਪਾਠ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਡਤਾਂ, ਜੋਗੀਆਂ, ਅਵਤਾਰ-ਪੂਜਕਾਂ ਤੇ ਹੋਰ ਕਈ ਤਰ੍ਹਾਂ ਦੇ ਧਾਰਮਕ ਆਗੂਆਂ ਦੇ ਮੁਕਾਬਲੇ ਤੇ ਗੁਰੂ ਦੀ ਉੱਤਮਤਾ ਦ੍ਰਿੜ੍ਹ ਕਰਾਉਣ ਦਾ ਅਸਲ ਪਰਯੋਜਨ ਨਵੇਂ ਸਮਾਜਕ ਨਿਯਮਾਂ ਤੇ ਰਿਵਾਜਾਂ ਦੀ ਪਰਚਲਤਤਾ ਲਈ ਲੋਕਾਂ ਵਿਚ ਪ੍ਰਮਾਣੀਕਤਾ ਪਰਾਪਤ ਕਰਨਾ ਸੀ।

ਗੁਰੂ ਨਾਨਕ ਨੇ ਦੇਸ਼ਵਾਸੀ ਤੇ ਪਰਦੇਸੀ, ਬ੍ਰਾਹਮਣ ਤੇ ਸ਼ੂਦਰ, ਹਿੰਦੂ ਤੇ ਮੁਸਲਮਾਨ, ਇਸਤਰੀ ਤੇ ਮਰਦ, ਧਨੀ ਤੇ ਨਿਰਧਨ ਨੂੰ ਸਮਾਨ ਸਤਿਕਾਰ ਦੇਣ ਦਾ ਆਧਾਰ ਰੱਬ ਦੀ ਵਿਆਪਕਤਾ ਦੇ ਸਿਧਾਂਤ ਨੂੰ ਬਣਾਇਆ। ਇਹ ਸਿਧਾਂਤ ਵੇਦਕ ਕਾਲ ਦੇ ਅੰਤਲੇ ਸਮੇਂ ਤੋਂ ਭਾਰਤ ਵਿਚ ਚਲਦਾ ਆ ਰਿਹਾ ਸੀ ਤੇ ਕਈ ਵਾਰੀ ਇਸ ਨੂੰ ਮਨੁੱਖ ਮਾਤਰ ਦੀ ਏਕਤਾ ਦ੍ਰਿੜ੍ਹ ਕਰਾਉਣ ਲਈ ਵਰਤਿਆ ਜਾ ਚੁਕਾ ਸੀ। ਗੁਰੂ ਨਾਨਕ ਨੇ ਜਿੱਥੇ ਇਸ ਦੇ ਆਧਾਰ ਉੱਤੇ ਮਾਨਵ-ਵਾਦੀ ਸਮਾਜਕ ਸੰਸਥਾਵਾਂ ਖੜੀਆਂ ਕਰਨ ਵਲ ਅੱਗੇ ਨਾਲੋਂ ਬਹੁਤ ਵਧ ਤੇ ਬਾਕਾਇਦਾ ਧਿਆਨ ਦਿੱਤਾ, ਉੱਥੇ ਇਸ ਸਿਧਾਂਤ ਨੂੰ ਆਪਣੇ ਸਾਹਿਤ ਵਿਚ ਵਰਣਨ ਕਰਨ ਲਗਿਆਂ ਇਸ ਦੇ ਐਸੇ ਪੱਖਾਂ ਨੂੰ ਉਘਾੜਿਆ ਜਿਹੜੇ ਨਵੀਆਂ ਸੰਸਥਾਵਾਂ ਦੀ ਉਸਾਰੀ ਵਿਚ ਆਸਾਨੀ ਨਾਲ ਕੰਮ ਆ ਸਕਣ। ਵਿਆਪਕ ਰੱਬ ਸ੍ਰਿਸ਼ਟੀ ਦੇ ਕਣ ਕਣ ਵਿਚ ਮੌਜੂਦ ਹੈ ਇਸ ਲਈ ਮਨੁੱਖ ਦੇ ਅੰਦਰ ਵੀ ਮੌਜੂਦ ਹੈ। ਕੁਦਰਤ ਤੇ ਸਮਾਜ ਦੀ ਹਰ ਵਸਤ ਤੇ ਹਰ ਘਟਨਾ ਜਿਸ ਰੱਬ ਦੇ ਅਧੀਨ ਹੈ, ਉਹ ਮਨੁੱਖ ਦੇ ਧੁਰ ਅੰਦਰਲੇ ਆਪੇ ਵਿਚ ਵਰਤ ਰਿਹਾ ਹੈ। ਜਦੋਂ ਸਮਾਜ ਦੀਆਂ ਪਰਧਾਨ ਸ਼ਰੇਣੀਆਂ ਮਨੁੱਖ ਨੂੰ ਬਲਹੀਨ ਬਣਾਉਣ ਵਿਚ ਰੁੱਝੀਆਂ ਹੋਣ ਉਦੋਂ ਅੰਤਰ-ਵਿਆਪੀ ਰੱਬ ਦਾ ਸਿਧਾਂਤ ਲੋਕਾਂ ਵਿਚ ਸ੍ਵੈ-ਭਰੋਸਾ ਪੈਦਾ ਕਰਨ ਦਾ ਉੱਤਮ ਵਿਚਾਰ ਸਾਬਤ ਹੁੰਦਾ ਹੈ। ਬਲਵਾਨ ਸ਼ਰੇਣੀ ਦਾ ਪਰਚਾਰ ਲੋਕਾਂ ਵਿਚ ਐਸੇ ਵਿਚਾਰ ਫੈਲਾਉਂਦਾ ਹੈ ਜਿਹੜੇ ਜੀਵਨ ਦੀ ਨਿਰਣਾ-ਜਨਕ ਸ਼ਕਤੀ ਨੂੰ ਮਨੁੱਖ ਤੋਂ ਬਾਹਰਲੇ ਕਿਸੇ ਕੇਂਦਰ ਵਿਚ

ਸੀਮਤ ਦਰਸਾਉਣ। ਕਿਸਮਤ ਦਾ ਵਿਚਾਰ ਮਨੁੱਖ ਦੇ ਜੀਵਨ ਨੂੰ ਆਪਣੇ ਤੋਂ ਬਾਹਰਲੀ ਸ਼ਕਤੀ ਦੇ ਪੂਰੀ ਤਰ੍ਹਾਂ ਅਧੀਨ ਸਿੱਧ ਕਰਦਾ ਹੈ। ਇਸ ਵਿਚਾਰ ਨਾਲ ਆਪਣੀ ਬੇਬਸੀ ਦੇ ਜੋ ਸੰਸਕਾਰ ਮਨੁੱਖ ਦੇ ਮਨ ਵਿਚ ਉਪਜਦੇ ਰਹਿੰਦੇ ਹਨ, ਉਹ ਰਾਜਾ ਜਾਂ ਬ੍ਰਾਹਮਣ ਦੇ ਹੁਕਮ ਅੱਗੇ ਮਨੁੱਖ ਨੂੰ ਬੇਬਸ ਮਹਿਸੂਸ ਕਰਾਉਣ ਵਿਚ ਡੂੰਘੀ ਸਹਾਇਤਾ ਕਰਦੇ ਹਨ ਤੇ ਇਨ੍ਹਾਂ ਅਹਿਸਾਸਾਂ ਦੇ ਆਸਰੇ ਹੀ ਅਧਿਕਾਰੀਆਂ ਦਾ ਰੋਹਬ ਕਾਇਮ ਰਹਿੰਦਾ ਹੈ। ਜਦੋਂ ਕੋਈ ਗ਼ਰੀਬ ਜਾਂ ਛੋਟੀ ਜ਼ਾਤ ਦਾ ਮਨੁੱਖ ਆਪਣੇ ਆਪ ਨੂੰ ਵੱਡੇ ਲੋਕਾਂ ਦੀ ਧੱਕੇਸ਼ਾਹੀ ਅੱਗੇ ਮਜਬੂਰ ਮਹਿਸੂਸ ਕਰਦਾ ਹੈ ਤਾਂ ਕਿਸਮਤ ਦੇ ਸਿਰ ਦੋਸ਼ ਮੜ੍ਹ ਕੇ ਸਬਰ ਦਾ ਘੁਟ ਭਰ ਛਡਦਾ ਹੈ। ਬੇਬਸੀ ਵਿੱਚੋਂ ਪੈਦਾ ਹੋਏ ਅਜੇਹੇ ਸਬਰ ਨੂੰ ਸਮਾਜਕ ਸਿਹਤ ਲਈ ਹਾਨੀਕਾਰਕ ਮੰਨ ਕੇ ਰਹੱਸਵਾਦੀ ਪੁਰਸ਼ ਇਸ ਦਾ ਹਮੇਸ਼ਾ ਖੰਡਨ ਕਰਦੇ ਰਹੇ ਹਨ। ਬਾਦਸ਼ਾਹ ਆਦਿ ਅਧਿਕਾਰੀ ਵਿਅਕਤੀ ਸ਼ਕਤੀ ਦਾ ਇਕ ਐਸਾ ਕੇਂਦਰ ਹੈ ਜਿਸ ਉੱਤੇ ਸਾਧਾਰਨ ਮਨੁੱਖ ਦਾ ਕੋਈ ਵਸੀਕਾਰ ਨਹੀਂ, ਜਿਵੇਂ ਕਿਸਮਤ ਅੱਗੇ ਉਸ ਦਾ ਜ਼ੋਰ ਨਹੀਂ, ਪਰ ਰੱਬ ਸ਼ਕਤੀ ਦਾ ਸਭ ਤੋਂ ਵੱਡਾ ਕੇਂਦਰ ਹੁੰਦਾ ਹੋਇਆ ਵੀ ਮਨੁੱਖ ਦੇ ਆਪਣੇ ਅੰਦਰ ਹੈ ਤੇ ਉਸ ਦੀ ਸ਼ਕਤੀ ਮਨੁੱਖ ਦੀ ਪਹੁੰਚ ਵਿਚ ਹੈ। ਗੁਰੂ ਨੇ ਆਪਣੇ ਵਿਚਾਰਾਂ ਦੇ ਤੱਤਸਾਰ ਨੂੰ ਪਰਗਟ ਕਰਨ ਵਾਲੀ ਬਾਣੀ-ਜਪੁਜੀ ਵਿਚ ਸਭ ਸ਼ਕਤੀਆਂ ਦੇ ਸੋਮੇਂ ਨਾਲ ਮਨੁੱਖ ਦੇ ਦਿਲੀ ਸੰਬੰਧ ਕਾਇਮ ਹੋ ਸਕਣ ਦੀ ਸੰਭਾਵਨਾ ਨੂੰ ਦ੍ਰਿੜ੍ਹ ਕਰਾਉਣ ਦਾ ਜਤਨ ਕੀਤਾ। ਜਿਹੜਾ ਨਿਤਾਣਾ ਮਨੁੱਖ ਕਦੀ ਵੀ, ਉੱਪਰਲੀ ਸ਼੍ਰੇਣੀ ਦੇ ਮੈਂਬਰਾਂ ਤਕ ਸੀਮਤ ਸਮਾਜਕ ਸ਼ਕਤੀ ਦਾ ਭਾਈਵਾਲ ਬਣਨ ਦੀ ਆਸ ਨਹੀਂ ਕਰ ਸਕਦਾ ਸੀ, ਉਸ ਨੂੰ ਸ਼ਕਤੀ ਦੇ ਇਕ ਐਸੇ ਸੋਮੇਂ ਦਾ ਖੁਲ੍ਹਾ ਦਰ ਦਿਖਾ ਦਿੱਤਾ ਗਿਆ ਜਿਸ ਅੰਦਰ ਦਾਖ਼ਲ ਹੋ ਕੇ ਉਹ ਬੇਅੰਤ ਸ਼ਕਤੀ ਦਾ ਮਾਲਕ ਬਣ ਸਕਦਾ ਸੀ ਤੇ ਆਪਣੀ ਨਿਤਾਣਤਾ ਦੇ ਅਹਿਸਾਸ ਤੋਂ ਮੁਕਤ ਹੋ ਸਕਦਾ ਸੀ। 'ਜਪੁਜੀ' ਦਾ ਬਹੁਤਾ ਭਾਗ ਰੱਬ ਦੀ ਸ਼ਕਤੀ ਦੀ ਬੇਅੰਤਤਾ ਦਾ ਪ੍ਰਭਾਵ ਪਾਉਣ ਵਾਲੀਆਂ ਕਲਾਮਈ ਕਵਿਤਾਵਾਂ ਦਾ ਸੰਗ੍ਰਹਿ ਹੈ। ਸ਼ਕਤੀ ਦੇ ਇਸ ਕੇਂਦਰ ਦੀ ਤੁਲਨਾ ਦੁਨਿਆਵੀ ਸ਼ਕਤੀ-ਕੇਂਦਰਾਂ ਨਾਲ ਕਰ ਕੇ ਇਸ ਦੀ ਸਮਰੱਥਾ ਨੂੰ ਅਤਿਅੰਤ ਵਿਸ਼ਾਲ ਮਹਿਸੂਸ ਕਰਵਾਇਆ ਗਿਆ ਹੈ:—

(ੳ) ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।
ਕਰਿ ਕਰਿ ਵੇਖੈ ਕੀਤਾ ਆਪਣਾ, ਜਿਵ ਤਿਸ ਦੀ ਵਡਿਆਈ।
ਜੋ ਤਿਸੁ ਭਾਵੈ ਸੋਈ ਕਰਸੀ, ਹੁਕਮੁ ਨ ਕਰਣਾ ਜਾਈ।
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ, ਨਾਨਕ ਰਹਣੁ ਰਜਾਈ।੨੭।

(ਅ) ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।
ਨਾਨਕ ਉਤਮੁ ਨੀਚੁ ਨ ਕੋਇ।੩੩। (ਜਪੁਜੀ)

ਜਿਸ ਸ਼ਕਤੀਵਰ ਰੱਬ ਅੱਗੇ ਕਿਸੇ ਜ਼ੋਰਾਵਰ ਮਨੁੱਖ ਦੀ ਕੋਈ ਪਾਇਆਂ ਨਹੀਂ ਉਸ ਨੂੰ ਸਾਧਾਰਨ ਮਨੁੱਖ ਆਪਣਾ ਮਿੱਤਰ, ਦਰਦੀ, ਪ੍ਰਿਤਪਾਲਕ ਮਹਿਸੂਸ ਕਰ ਸਕਦਾ ਹੈ। 'ਜਪੁਜੀ' ਵਿਚ ਜਿਹੜਾ ਰੱਬ ਅਨੇਕਾਂ ਸ੍ਰਿਸ਼ਟੀਆਂ, ਧਰਤੀਆਂ, ਜੀਆਂ ਜੰਤਾਂ ਤੇ ਮਨੁੱਖਾਂ ਦਾ ਰਚਣਹਾਰਾ ਹੋਣ ਕਰਕੇ ਬੇਅੰਤ ਸ਼ਕਤੀ ਦਾ ਮਾਲਕ ਹੈ ਉਹ ਹੀ ਹਰ ਮਨੁੱਖ ਦੇ ਅੰਦਰ ਵੱਸਿਆ ਹੋਣ ਕਰਕੇ ਉਸ ਨੂੰ ਆਪਣਾ ਦਾਤਾਰ, ਦਇਆਲੂ ਤੇ ਪ੍ਰੇਮੀ ਪਰਤੀਤ ਹੁੰਦਾ ਹੈ। ਸ੍ਰਿਸ਼ਟੀ ਵਿਚ ਵਿਆਪਕ ਰੱਬ ਦੇ ਸ਼ਕਤੀ-ਸਰੂਪ ਨੂੰ ਮਨੁੱਖ ਦੇ ਹਿਰਦੇ ਵਿਚ ਪ੍ਰਵੇਸ਼ਕ ਪ੍ਰੇਮ-ਸਰੂਪ ਰੱਬ ਵਿਚ ਪਲਟ ਦੇਣਾ 'ਜਪੁਜੀ' ਦੀ ਕਲਾ ਦਾ ਅਸਲ ਮਨੋਰਥ ਹੈ। ਜਦੋਂ ਮਨੁੱਖ ਆਪਣੇ ਅੰਦਰ ਬ੍ਰਹਿਮੰਡੀ ਸ਼ਕਤੀ ਅਨੁਭਵ ਕਰਨ ਲਗ ਜਾਵੇ, ਉਹ ਨਿਰਭੈ ਹੋ ਜਾਂਦਾ ਹੈ ਤੇ ਦੁਨਿਆਵੀ ਜਬਰ ਅੱਗੇ ਸਬਰ ਕਰਨ ਦੀ ਮਜਬੂਰੀ ਵਿਚ ਨਹੀਂ ਰਹਿੰਦਾ। ਰੱਬ ਦੇ ਸਰੂਪ ਨੂੰ ਜਿਸ ਹੁਨਰ ਦੀ ਪਕਿਆਈ ਨਾਲ ਗੁਰੂ ਨਾਨਕ ਨੇ ਤੇਜੱਸਵੀ ਸ਼ਕਤੀ ਦਾ ਚਿੱਤਰ ਦਿੱਤਾ ਉਹ 'ਪੰਜਾਬੀ' ਸਾਹਿਤ ਵਿਚ ਇਕ ਅਣਛੂਹ ਸਿਖਰ ਹੈ ਤੇ ਸ਼ਾਇਦ ਸਮੁੱਚੇ ਭਾਰਤੀ ਸਾਹਿਤ ਦੀ ਵੀ ਇਕ ਵਿਸ਼ੇਸ਼ ਕਲਾਤਮਕ ਪਰਾਪਤੀ। ਬੇਅੰਤ ਸ਼ਕਤੀ ਦੇ ਇਹ ਚਿੱਤਰ ਮਨੁੱਖ ਦੀ ਕਲਪਣਾ ਨੂੰ ਹੁਲਾਰੇ ਵਿਚ ਲਿਆ ਕੇ ਵਿਸਮਾਦਕ ਭਾਵਾਂ ਦੀ ਉਤਪਤੀ ਦਾ

ਕਾਰਨ ਬਣਦੇ ਹਨ ਤੇ ਇਹ ਭਾਵ ਮਨੁੱਖੀ ਬੁੱਧੀ ਦੀ ਤੁੱਛਤਾ ਪਰਤੀਤ ਕਰਵਾ ਕੇ ਨਿੰਮ੍ਰਤਾ ਦੀ ਅਵਸਥਾ ਰਾਹੀਂ ਪ੍ਰੇਮ-ਭਾਵਾਂ ਨੂੰ ਉਭਾਰਦੇ ਹਨ ਜਿਨ੍ਹਾਂ ਦਾ ਸਦਕਾ ਮਨੁੱਖ ਅਨੰਤ ਸ਼ਕਤੀ ਨਾਲ ਅਭੇਦ ਹੋ ਸਕਦਾ ਹੈ :—

ਏਹੁ ਲੇਖਾ ਲਿਖਿ ਜਾਣੈ ਕੋਇ ।
ਲੇਖਾ ਲਿਖਿਆ ਕੇਤਾ ਹੋਇ ।
ਕੇਤਾ ਤਾਣੁ ਸੁਆਲਿਹੁ ਰੂਪੁ ।
ਕੇਤੀ ਦਾਤਿ ਜਾਣੈ ਕੋਣੁ ਕੂਤੁ ।
ਕੀਤਾ ਪਸਾਉ ਏਕੋ ਕਵਾਉ ।
ਤਿਸ ਤੇ ਹੋਏ ਲਖ ਦਰੀਆਉ ।
ਕੁਦਰਤਿ ਕਵਣ ਕਹਾ ਵੀਚਾਰੁ ।
ਵਾਰਿਆ ਨ ਜਾਵਾ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ ।
ਤੂ ਸਦਾ ਸਲਾਮਤਿ ਨਿਰੰਕਾਰ । ੧੬ ।

'ਜਪੁਜੀ' ਵਿਚ ਇਕ ਪਾਸੇ ਰੱਬ ਦੀ ਬੇਅੰਤ ਸ਼ਕਤੀ ਦਾ ਵਰਣਨ ਕਰ ਕੇ ਵਿਸਮਾਦਕ ਭਾਵਾਂ ਦੁਆਰਾ ਮਨੁੱਖ ਅੰਦਰ ਪ੍ਰੇਮ-ਭਾਵ ਜਗਾਉਣ ਦਾ ਜਤਨ ਹੈ ਤੇ ਦੂਸਰੇ ਪਾਸੇ ਰੱਬ ਨੂੰ ਸਭ ਕੀਮਤਾਂ ਦਾ ਸੋਮਾ ਦਸ ਕੇ ਹੋਰ ਵੀ ਵਧੇਰੇ ਖਿੱਚ ਨਾਲ ਮਨੁੱਖ ਨੂੰ ਉਸ ਦਾ ਪ੍ਰੇਮੀ ਬਣਾਉਣ ਦਾ। ਪ੍ਰੇਮ-ਭਾਵਾਂ ਨੂੰ ਜਗਾਉਣ ਦਾ ਪਰਯੋਜਨ ਇਹ ਜਾਪਦਾ ਹੈ ਕਿ ਬ੍ਰਹਿਮੰਡਾਂ ਵਿਚ ਵਿਆਪ ਰਹੇ ਰੱਬ ਨੂੰ ਮਨੁੱਖ ਦੂਰ ਨਾ ਮਹਿਸੂਸ ਕਰੇ ਤੇ ਆਪਣੇ ਨਾਲ ਸੰਬੰਧਤ ਸਮਝੇ। ਰੱਬ ਦੀ ਸ਼ਕਤੀ ਤਕ ਪਹੁੰਚਣ ਲਈ ਮਨੁੱਖ ਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ ਸਿਵਾ ਇਸ ਅਸਲੀਅਤ ਤੋਂ ਚੇਤੰਨ ਹੋ ਜਾਣ ਦੇ ਕਿ ਉਹ ਸ਼ਕਤੀ ਉਸ ਦੇ ਅੰਦਰ ਮੌਜੂਦ ਹੈ। ਉਸ ਨੇ ਬਾਹਰੋਂ ਆਪਣੇ ਅੰਦਰ ਕੁਝ ਨਹੀਂ ਲਿਆਉਣਾ, 'ਰਤਨ ਜਵਾਹਰ ਮਾਣਿਕ' ਵਰਗੀਆਂ ਕੀਮਤੀ ਵਸਤਾਂ ਦੇ ਸੋਮੇਂ ਨੂੰ ਆਪਣੇ ਅੰਦਰ ਮੰਨ ਲੈਣਾ ਹੈ ਤੇ ਇਸ ਯਕੀਨ ਨੂੰ ਲਗਾਤਾਰ ਮਨ ਵਿਚ ਟਿਕਾਉਣਾ ਹੈ। ਇਸ ਤਰ੍ਹਾਂ ਦੀ ਲਗਾਤਾਰ ਚੇਤੰਨਤਾ ਮਨੁੱਖ ਦੀ ਕਾਇਆਂ ਪਲਟਦੀ ਹੈ। ਰੱਬ ਦੀ ਯਾਦ ਮਨੁੱਖ ਦੇ ਸ਼ਖ਼ਸੀ ਜੀਵਨ ਤੇ ਸਮਾਜਕ ਵਤੀਰੇ ਨੂੰ ਪਲਟਾ ਦੇਂਦੀ ਹੈ, ਜੇ ਰੱਬ ਦਾ ਕੋਈ ਜੀਉਂਦਾ ਤਸੱਵਰ ਉਸ ਦੇ ਅੰਦਰ ਸਮਾਇਆ ਹੋਵੇ। ਗੁਰੂ ਨਾਨਕ ਨੇ ਰੱਬ ਨੂੰ ਸਭ ਕੀਮਤਾਂ ਦਾ ਦਾਤਾ ਦਰਸਾਉਣ ਦੇ ਨਾਲ ਨਾਲ ਉਸ ਦੀ ਯਾਦ ਨੂੰ ਵੀ ਪਦਾਰਥਕ ਤੇ ਪਰਮਾਰਥਕ ਮਨੋਰਥਾਂ ਦੀ ਸਿੱਧੀ ਦਾ ਸਰਬੋਤਮ ਢੰਗ ਦਸਿਆ। ਨਾਮ, ਸਿਮਰਨ ਜਾਂ ਜਪ ਕੋਈ ਗੁਪਤ ਮੰਤਰ ਨਹੀਂ, ਮਨੁੱਖ ਦਾ ਆਪਣੇ ਵਿਰਾਸਤੀ ਖ਼ਜ਼ਾਨਿਆਂ ਤੋਂ ਹਰ ਵਕਤ ਜਾਣੂ ਰਹਿਣ ਦਾ ਪ੍ਰਜਤਨ ਹੈ, ਕਿਉਂਕਿ ਇਨ੍ਹਾਂ ਨੂੰ ਭੁੱਲ ਕੇ ਉਹ ਆਪਣੇ ਆਪ ਨੂੰ ਬਲਹੀਨ, ਮਜਬੂਰ, ਚਿੰਤਾਤੁਰ ਤੇ ਪਰਾਧੀਨ ਸਮਝਣ ਲਗ ਪੈਂਦਾ ਹੈ ਤੇ ਮਾਮੂਲੀ ਕੀਮਤਾਂ ਦੀ ਪਰਾਪਤੀ ਲਈ ਪ੍ਰਭੁਤਾ ਦੇ ਸੁਆਮੀ ਮਨੁੱਖਾਂ ਅੱਗੇ ਆਪ ਨੂੰ ਜ਼ਲੀਲ ਕਰਦਾ ਹੈ ਜਾਂ ਅਪਰਾਪਤੀ ਦੀ ਹਾਲਤ ਵਿਚ ਉਨ੍ਹਾਂ ਨਾਲ ਲੁੜੀਂਦੀ ਟੱਕਰ ਲੈਣੋਂ ਡਰਦਾ ਹੈ। ਸ਼ਕਤੀ-ਸਰੂਪ ਤੇ ਪ੍ਰੇਮ-ਸਰੂਪ ਰੱਬ ਦੀ ਅੰਤਰ-ਵਿਆਪਕਤਾ ਦਾ ਸਿੱਧਾਂਤ ਮਨੁੱਖ ਨੂੰ ਆਸ਼ਾਵਾਦੀ, ਉਤਸ਼ਾਹ-ਭਰਪੂਰ, ਦਲੇਰ, ਨਿਰਭੈ ਤੇ ਨਿਰਵੈਰ ਬਣਾਉਣ ਲਈ ਅਤਿਅੰਤ ਸਾਰਥਕ ਔਜ਼ਾਰ ਹੈ।

ਗੁਰੂ ਦੀ ਪ੍ਰਮਾਣੀਕਤਾ ਤੇ ਰੱਬ ਦੀ ਸ਼ਕਤੀ ਦੇ ਐਸੇ ਵਿਚਾਰ ਸਨ ਜਿਹੜੇ ਗੁਰੂ ਨਾਨਕ ਨੇ ਧਾਰਮਕ ਤੇ ਰਾਜਸੀ ਦਮਨ ਦੇ ਭੈ ਦੂਰ ਕਰਨ ਲਈ ਸਫ਼ਲਤਾ ਨਾਲ ਵਰਤੇ। ਉਨ੍ਹਾਂ ਦਾ ਸਮੁੱਚਾ ਸਾਹਿਤ ਗੁਰੂ ਤੇ ਰੱਬ ਦੇ ਦੋ ਸਿਰਿਆਂ ਦੇ ਦਰਮਿਆਨ ਚਲਦਾ ਰਹਿੰਦਾ ਹੈ। ਪਰ ਇਸ ਸਾਹਿਤ ਦਾ ਅੰਤਮ ਮਨੋਰਥ ਕੇਵਲ ਪੰਜਾਬ ਦੇ ਕੌਮੀ ਜਾਂ ਸਮਾਜਕ ਜੀਵਨ ਦੀ ਉਸਾਰੀ ਕਰਨਾ ਨਹੀਂ ਸੀ। ਗੁਰੂ ਨਾਨਕ ਦੇ ਮਿਸ਼ਨ ਦੇ ਸਮਾਜਕ ਪੱਖ ਨੂੰ ਉਨ੍ਹਾਂ ਦੇ ਜੀਵਨ ਜਾਂ ਸਾਹਿਤ ਦਾ ਇਕ ਉਪ-ਪੱਖ ਹੀ ਮੰਨਿਆਂ ਜਾ ਸਕਦਾ ਹੈ, ਪਰਧਾਨ ਪੱਖ ਨਹੀਂ। ਪਰਧਾਨ ਪੱਖ ਉਹੋ ਬਾਬਾ

ਫ਼ਰੀਦ ਵਾਲਾ ਸੀ – ਰਹੱਸਵਾਦੀ ਅਨੁਭਵ ਨੂੰ ਵਧ ਤੋਂ ਵਧ ਮਨੁੱਖਾਂ ਅੰਦਰ ਪਰਜ੍ਵਲਤ ਕਰਨਾ। ਰਹੱਸਵਾਦ ਨੂੰ ਗੁਰੂ ਨਾਨਕ ਨੇ ਕੇਵਲ ਸਮਾਜਕ ਵਿਕਾਸ ਦਾ ਸਾਧਨ ਮੰਨ ਕੇ ਨਹੀਂ ਪਰਚਾਰਿਆ, ਸੱਚ ਦੀ ਪਰਾਪਤੀ ਦੀ ਖ਼ਾਤਰ ਅਪਣਾਇਆ ਹੈ। ਸ੍ਰਿਸ਼ਟੀ ਦੀ ਅਸਲੀਅਤ ਜਾਂ ਸੱਚ ਨੂੰ ਉਹ ਆਤਮਕ ਰੂਪ ਵਿਚ ਸਵੀਕਾਰ ਕਰਦੇ ਸਨ, ਪਦਾਰਥਕ ਰੂਪ ਵਿਚ ਨਹੀਂ। ਉਹ ਮਨੁੱਖੀ ਜੀਵਨ ਦਾ ਮਨੋਰਥ ਨਾ ਪਦਾਰਥਕ ਲੋੜਾਂ ਦੀ ਤ੍ਰਿਪਤੀ ਮੰਨਦੇ ਸਨ, ਨਾ ਸਮਾਜਕ ਤਰੱਕੀ। ਪਦਾਰਥਕ ਤੇ ਸਮਾਜਕ ਪੱਖਾਂ ਦੀ ਮਹੱਤਤਾ ਸਵੀਕਾਰ ਕਰਨ ਦੇ ਬਾਵਜੂਦ ਉਹ ਸਭ ਤੋਂ ਵਧ ਜ਼ੋਰ ਵਿਸ਼-ਵਾਰਥੀ ਇੱਛਾ ਨਾਲ ਮਨੁੱਖ ਦੀ ਇਕਸੁਰਤਾ ਜਾਂ ਰੱਬ ਨਾਲ ਅਭੇਦਤਾ ਉੱਤੇ ਦਿੰਦੇ ਸਨ। ਇਸ ਇਕਸੁਰਤਾ ਜਾਂ ਅਭੇਦਤਾ ਦੇ ਸਾਧਨਾਂ ਨੂੰ ਉਨ੍ਹਾਂ ਨੇ ਐਸੀ ਵਿਉਂਤ ਦਿੱਤੀ ਕਿ ਜਿਸ ਨਾਲ ਪਦਾਰਥਕ ਤੇ ਸਮਾਜਕ ਜੀਵਨ ਵੀ ਮੌਲ ਸਕੇ, ਪਰ ਇਹ ਮੌਲਣਾ ਰਹੱਸਵਾਦੀ ਜੀਵਨ ਦਾ ਇਕ ਫਲ ਸੀ, ਨਿਸ਼ਾਨਾ ਨਹੀਂ ਸੀ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਸਾਹਿਤ ਦੇ ਤਕਰੀਬਨ ਸਾਰੇ ਭਾਗ ਨਿਰੋਲ ਰਹੱਸਵਾਦੀ ਸਿਧਾਂਤਾਂ, ਜੁਗਤੀਆਂ ਤੇ ਉਪਦੇਸ਼ਾਂ ਨੂੰ ਮੁੱਖ ਰੱਖ ਕੇ ਰਚੇ ਗਏ ਹਨ, ਸਮਾਜਕ ਸਮੱਸਿਆਵਾਂ ਨਾਲ ਸਿੱਧਾ ਸੰਬੰਧ ਰੱਖਣ ਵਾਲੇ ਭਾਗ ਨਿਹਾਇਤ ਥੋੜੇ ਹਨ। ਉਨ੍ਹਾਂ ਦੇ ਸਾਹਿਤ ਤੋਂ ਪਤਾ ਲਗਾ ਹੈ ਕਿ ਉਨ੍ਹਾਂ ਨੂੰ ਜੀਵਨ ਦੇ ਅਨੇਕਾਂ ਪੱਖਾਂ ਦਾ ਅਨੁਭਵ ਸੀ – ਕੁਦਰਤ ਦੀਆਂ ਵੰਨਗੀਆਂ, ਇਸਤਰੀ ਦੀ ਸੁੰਦਰਤਾ, ਕੋਮਲਤਾ ਤੇ ਪਿਆਰ-ਬਿਹਬਲਤਾ, ਹਾਕਮ ਸ਼੍ਰੇਣੀ ਦੀ ਐਸ਼ ਇਸ਼ਰਤ, ਬਦੇਸੀ ਜਰਵਾਣਿਆਂ ਦੇ ਹੱਲਿਆਂ ਵੇਲੇ ਲੋਕਾਂ ਦੀ ਕੁਰਲਾਹਟ ਤੇ ਧਾਰਮਕ ਅਧਿਕਾਰੀਆਂ ਦੀ ਗਿਰਾਵਟ, ਇਨ੍ਹਾਂ ਸਭ ਦਾ ਉਨ੍ਹਾਂ ਨੂੰ ਨਿੱਜੀ ਤੌਰ ਤੇ ਡੂੰਘਾ ਗਿਆਨ ਜਾਂ ਅਹਿਸਾਸ ਸੀ। ਅਜੇਹੇ ਅਨੁਭਵਾਂ ਨੂੰ ਸਿਰਫ਼ ਇਨ੍ਹਾਂ ਦੀ ਆਪਣੀ ਖ਼ਾਤਰ ਪਰਗਟਾਉਣਾ ਸ਼ਾਇਦ ਹੀ ਉਨ੍ਹਾਂ ਨੇ ਆਪਣੀ ਕਿਸੇ ਕਵਿਤਾ ਦਾ ਵਿਸ਼ਾ ਬਣਾਇਆ ਹੋਵੇ। ਉਹ ਹਰ ਅਜੇਹਾ ਅਨੁਭਵ ਰੱਬ ਜਾਂ ਗੁਰੂ ਨੂੰ ਵਡਿਆਉਣ, ਸ਼ਕਤੀਵਰ ਨੂੰ ਦ੍ਰਿੜ੍ਹ ਕਰਾਉਣ ਜਾਂ ਮਨੁੱਖੀ ਹਿਰਦੇ ਵਿਚ ਵਸਾਉਣ ਦਾ ਸਹਾਇਕ ਬਣਾ ਕੇ ਵਰਤਦੇ ਰਹੇ। ਐਮਨਾਬਾਦ ਉੱਤੇ ਬਾਬਰ ਦੇ ਹਮਲੇ ਵੇਲੇ ਭਾਰਤੀ ਇਸਤਰੀਆਂ ਮਰਦਾਂ ਦੀ ਦੁਰਦਸ਼ਾ ਦੇਖ ਕੇ ਉਹ ਆਪ ਤੜਪ ਉੱਠੇ ਸਨ ਤੇ ਰੱਬ ਦਾ ਭਾਣਾ ਮੰਨਣ ਦੀ ਬਜਾਇ ਉਸ ਨੂੰ ਉਲਾਂਭਾ ਦੇਣ ਦੀ ਹੱਦ ਤਕ ਵੀ ਪਹੁੰਚ ਗਏ ਸਨ ਜਿਹਾ ਕਿ ਉਨ੍ਹਾਂ ਦੀ ਸਭ ਤੋਂ ਵਧ ਪਰਸਿੱਧ ਸਤਰ ਤੋਂ ਪਰਤੱਖ ਹੈ :–

ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨਾ ਆਇਆ।

ਪਰ ਇਹ ਤੁਕ ਜਿੱਥੇ ਉਨ੍ਹਾਂ ਦੀ ਦੁਖੀ ਮਨੁੱਖਤਾ ਨਾਲ ਸਾਂਝ ਦਾ ਸਬੂਤ ਹੈ, ਉੱਥੇ ਉਨ੍ਹਾਂ ਦੇ ਅਧਿਆਤਮਕ ਦ੍ਰਿਸ਼ਟੀਕੋਣ ਦੀ ਵੀ ਲਖਾਇਕ ਹੈ ਕਿ ਜ਼ਿੰਦਗੀ ਦੀ ਹਰ ਘਟਨਾ ਅੰਤਮ ਨਿਖੇੜੇ ਵਿਚ ਰੱਬ ਦੀ ਇੱਛਾ ਅਧੀਨ ਹੈ। ਉਨ੍ਹਾਂ ਦਾ ਰੱਬ ਦਾ ਭਾਣਾ ਮੰਨਣ ਦਾ ਅਸੂਲ ਕੋਈ ਦਿਮਾਗ਼ੀ ਮਨੌਤ ਤਾਂ ਸੀ ਨਹੀਂ ਕਿ ਉਹ ਇਸ ਦਾ ਖ਼ਿਆਲ ਕਰ ਕੇ ਮਨੁੱਖੀ ਦੁਖ ਵੱਲੋਂ ਅੱਖਾਂ ਮੀਟ ਛਡਦੇ। ਜੀਉਂਦਾ ਅਸੂਲ ਹਮੇਸ਼ਾ ਮਨੁੱਖ ਨੂੰ ਜੀਵਨ ਦੀਆਂ ਘਟਨਾਵਾਂ ਤੇ ਅਸਲੀਅਤਾਂ ਵਲ ਸਹੀ ਪ੍ਰਤੀਕਰਮ ਧਾਰਨ ਦੇ ਯੋਗ ਬਣਾਉਂਦਾ ਹੈ। ਇਸ ਤੁਕ ਵਿਚ ਉਨ੍ਹਾਂ ਦੇ ਹਿਰਦੇ ਦੀ ਵੇਦਨਾ ਤੇ ਰੱਬੀ ਇੱਛਾ ਦੀ ਪਰਧਾਨਤਾ ਦੇ ਦੋਵੇਂ ਭਾਵ ਇਕੱਠੇ ਸਾਕਾਰ ਹੋਏ ਹਨ। ਇਹ ਤੁਕ ਉਨ੍ਹਾਂ ਦੇ ਸਮੁੱਚੇ ਸਾਹਿਤ ਦੀ ਸਪਿਰਿਟ ਦੀ, ਇਕ ਤਰ੍ਹਾਂ ਨਾਲ, ਪ੍ਰਤੀਨਿਧਤਾ ਕਰਦੀ ਹੈ। ਉਨ੍ਹਾਂ ਦਾ ਜੀਵਨ ਤੇ ਸਾਹਿਤ ਦੋਵੇਂ ਇਹ ਦ੍ਰਿੜ੍ਹ ਕਰਾਉਣ ਦਾ ਉਪਰਾਲਾ ਸਨ ਕਿ ਰੱਬ ਦੇ ਹੁਕਮ, ਉਸ ਦੀ ਨਦਰ, ਉਸ ਦੀ ਬਖ਼ਸ਼ੀਸ਼ ਜਾਂ ਉਸ ਦੇ ਪ੍ਰੇਮ ਦੀ ਆਰਾਧਨਾ ਕਰਨ ਵਾਲੇ ਰਹੱਸਵਾਦੀ, ਮਨੁੱਖੀ ਦਰਦ ਤੇ ਇਸ ਦੀ ਨਵਿਰਤੀ ਵੱਲੋਂ ਬੇਪਰਵਾਹ ਨਹੀਂ ਹੋ ਸਕਦੇ। ਰਹੱਸਵਾਦ ਮਨੁੱਖਵਾਦ ਦਾ ਸਾਧਨ ਭਾਵੇਂ ਨਹੀਂ, ਪਰ ਮਨੁੱਖਵਾਦ ਸੁੱਚੇ ਰਹੱਸਵਾਦ ਦੀ ਪਰਖ ਜ਼ਰੂਰ ਹੈ।

# ਗੁਰੂ ਅੰਗਦ ਤੋਂ ਗੁਰੂ ਅਰਜਨ ਤਕ

ਗੁਰੂ ਨਾਨਕ ਨੇ ਪੰਜਾਬ ਦੇ ਲੋਕਾਂ ਨੂੰ ਸੱਚੇ, ਸੁੱਚੇ ਤੇ ਸਾਰਥਕ ਜੀਵਨ ਦਾ ਜੋ ਰਾਹ ਦੱਸਿਆ ਸੀ ਤੇ ਜਿਸ ਰਾਹ ਤੋਂ ਉਨ੍ਹਾਂ ਨੂੰ ਭਟਕਾਉਣ ਵਾਲੇ ਧਾਰਮਕ ਜਾਂ ਰਾਜਸੀ ਆਗੂਆਂ ਦੀ ਉਨ੍ਹਾਂ ਨੇ ਵਾਰ ਵਾਰ ਨਿਧੜਕ ਨਿਖੇਧੀ ਕੀਤੀ ਸੀ ਉਸ ਰਾਹ ਉੱਤੇ ਲੋਕਾਂ ਦੀ ਵੱਡੀ ਗਿਣਤੀ ਨੂੰ ਚਲਦੇ ਰੱਖਣ ਲਈ ਜ਼ਰੂਰੀ ਸੀ ਕਿ ਕੁਝ ਵਿਅਕਤੀਆਂ ਉਸ ਰਾਹ ਦੀ ਸੇਧ ਨੂੰ ਪੱਕੀ ਤਰ੍ਹਾਂ ਦ੍ਰਿੜ੍ਹ ਕਰ ਲੈਣ ਤਾਂ ਕਿ ਸੁਆਰਥੀ ਲੋਕਾਂ ਦੀਆਂ ਭੁਲੇਖੇ-ਉਪਜਾਊ ਚਾਲਾਂ ਸਫਲ ਨਾ ਹੋ ਸਕਣ। ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿਚ ਆਪ ਵਸਾਏ ਨਗਰ, 'ਕਰਤਾਰਪੁਰ' ਵਿਚ ਨਿਵਾਸ ਸਮੇਂ ਉਨ੍ਹਾਂ ਨੇ ਉਚੇਚਾ ਧਿਆਨ ਦੇ ਕੇ ਐਸੇ ਨਵੇਂ ਆਗੂ ਤਿਆਰ ਕਰਨ ਦਾ ਜਤਨ ਕੀਤਾ ਜੋ ਉਨ੍ਹਾਂ ਦੇ ਆਦਰਸ਼, ਪ੍ਰੋਗਰਾਮ, ਵੀਚਾਰਧਾਰਾ ਤੇ ਸਪਿਰਿਟ ਨੂੰ ਸਹੀ ਤੋਰ ਤੇ ਸਮਝ ਤੇ ਸਵੀਕਾਰ ਕਰ ਲੈਣ। ਨਵੇਂ ਆਗੂਆਂ ਵਿੱਚੋਂ ਸਭ ਤੋਂ ਸਿਰਕੱਢ ਭਾਈ ਲਹਿਣਾ ਸੀ ਜਿਸ ਦਾ ਉਨ੍ਹਾਂ ਨਾਲ ਅਤੁੱਟ ਪ੍ਰੇਮ ਸੀ। ਗੁਰੂ ਨਾਨਕ ਦੀ ਸ਼ਖ਼ਸੀਅਤ ਦੀ ਵਡਿਆਈ ਦਾ ਇਕ ਇਹ ਪਰਮਾਣ ਹੈ ਕਿ ਜਿੱਥੇ ਉਨ੍ਹਾਂ ਨੇ ਆਪਣੇ ਜੀਵਨ-ਕਰਤਵ ਨੂੰ ਪਹਿਲੋਂ ਸਾਰੇ ਭਾਰਤ ਤੇ ਪੱਛਮੀ ਏਸ਼ੀਆ ਦੇ ਵਿਸ਼ਾਲ ਘੇਰੇ ਤੱਕ ਫੈਲਾਉਣ ਦੀ ਜੁਗਤ ਵਰਤੀ, ਉੱਥੇ ਪਿੱਛੋਂ ਇਕ ਵਿਅਕਤੀ ਦੀ ਸਿਖਲਾਈ ਤੇ ਆਚਰਨ-ਉਸਾਰੀ ਉੱਤੇ ਆਪਣੇ ਧਿਆਨ ਨੂੰ ਤੇ ਸਮੇਂ ਨੂੰ ਡੂੰਘੀ ਤਰ੍ਹਾਂ ਕੇਂਦਰਤ ਕੀਤਾ ਤਾਂ ਕਿ ਉਨ੍ਹਾਂ ਦਾ ਸ਼ੁਰੂ ਕੀਤਾ ਕੰਮ ਜਾਰੀ ਰਹੇ। ਭਾਈ ਲਹਿਣੇ ਨੇ ਰੱਬ ਤੇ ਗੁਰੂ ਨੂੰ ਆਪਣੇ ਜੀਵਨ ਵਿਚ ਪਰਧਾਨ ਥਾਂ ਦੇ ਕੇ ਹੋਰ ਸਭ ਐਸੇ ਅਸਰਾਂ ਤੋਂ ਆਪਣੇ ਆਪਨੂੰ ਮੁਕਤ ਕਰ ਲਿਆ ਜੋ ਉਸਦੇ ਮਨ ਨੂੰ ਦੁਚਿਤੀ ਵਿਚ ਪਾ ਸਕਦੇ ਸਨ। ਇਸ ਪੰਜਾਬੀ ਨੇ ਗੁਰੂ ਨਾਨਕ ਦੀ ਸਿਖਿਆ ਨੂੰ ਗ੍ਰਹਿਣ ਕਰ ਕੇ ਜਿਸ ਤੀਬਰਤਾ ਨਾਲ ਪੁਰਾਣੇ ਵੀਚਾਰਾਂ, ਰਸਮਾਂ ਤੇ ਆਗੂਆਂ ਤੋਂ ਪਲਾ ਛੁਡਾਇਆ ਉਹ ਬਾਦ ਦੀਆਂ ਨਸਲਾਂ ਦੇ ਅਨੇਕਾਂ ਪੰਜਾਬੀਆਂ ਲਈ ਇਕ ਮਿਸਾਲ ਬਣ ਗਿਆ। ਗੁਰੂ ਨਾਨਕ ਦੇ ਜੀਵਨ ਬਾਦ ਵੀ, ਉਨ੍ਹਾਂ ਦੇ ਜਾਨਸ਼ੀਨ ਦੇ ਰੂਪ ਵਿਚ, ਗੁਰੂ ਅੰਗਦ ਬਣ ਕੇ, ਉਸ ਨੇ ਪੰਜਾਬ ਵਿਚ ਆਪਣੇ ਗੁਰੂ ਦੇ ਨਾਂ ਦਾ ਸਤਿਕਾਰ ਵਧਾਉਣ ਵਲ ਹੀ ਬਹੁਤਾ ਧਿਆਨ ਦਿੱਤਾ ਤਾਂ ਕਿ ਲੋਕ ਨਵੇਂ ਜੀਵਨ ਦੇ ਨਿਆਰੇਪਣ ਨੂੰ ਭੁੱਲ ਨਾ ਜਾਣ। ਗੁਰੂ ਨਾਨਕ ਦੇ ਸੁਨੇਹੇ ਨੂੰ ਜੀਉਂਦਿਆਂ ਰੱਖਣ ਲਈ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਲੋਕਾਂ ਦੀ ਚੇਤੰਨਤਾ ਵਿਚ ਡੂੰਘੀ ਥਾਂ ਦਿਵਾਉਣੀ ਬਹੁਤ ਜ਼ਰੂਰੀ ਸੀ। ਸੁਆਰਥੀ ਧਾਰਮਕ ਆਗੂਆਂ ਦੇ ਅਸਰ ਤੋਂ ਉਸ ਮਿਕਦਾਰ ਵਿਚ ਹੀ ਲੋਕਾਂ ਨੂੰ ਬਚਾਇਆ ਜਾ ਸਕਦਾ ਸੀ ਜਿਸ ਜ਼ੋਰ ਨਾਲ ਉਹ ਮਾਨਸਕ ਤੇ ਭਾਵਕ ਤੌਰ ਤੇ ਗੁਰੂ ਨਾਨਕ ਦੀ ਬਲਵਾਨ ਸ਼ਖ਼ਸੀਅਤ ਵਲ ਖਿੱਚ ਖਾਂਦੇ ਰਹਿੰਦੇ। ਗੁਰੂ ਅੰਗਦ ਨੇ ਗੁਰੂ ਨਾਨਕ ਨੂੰ ਪੰਜਾਬ ਦੀ ਇਕ ਜੀਉਂਦੀ ਰਵਾਇਤ ਬਣਾਉਣ ਵਿਚ ਬਹੁਤ ਵੱਡਾ ਹਿੱਸਾ ਅਦਾ ਕੀਤਾ। ਗੁਰੂ ਨਾਨਕ ਦੀ ਤੇਜਸੱਵੀ ਸ਼ਖ਼ਸੀਅਤ ਨੇ ਪੰਜਾਬ ਦੀਆਂ ਅੱਖਾਂ ਨੂੰ ਚੁੰਧਿਆ ਦਿੱਤਾ ਸੀ। ਦੇਸ ਪਰਦੇਸ ਵਿਚ ਉਨ੍ਹਾਂ ਦੀਆਂ ਰਾਜਿਆਂ, ਨਵਾਬਾਂ, ਪੀਰਾਂ, ਪੰਡਤਾਂ ਤੇ ਕਿਰਤੀ ਕਿਸਾਨਾਂ ਨਾਲ ਹੋਈਆਂ ਗੱਲਾਂ ਤੇ ਗੋਸ਼ਟੀਆਂ ਨੂੰ ਪੰਜਾਬ ਦੇ ਬਹੁਤ ਲੋਕ ਫ਼ਖ਼ਰ ਨਾਲ ਯਾਦ ਕਰਦੇ ਸਨ। ਉਨ੍ਹਾਂ ਦੇ ਇਸ ਵਤਨੀ ਦੀ ਪਰਸਿੱਧੀ ਨੇ ਸਭ ਦਾ ਸਿਰ ਉੱਚਾ ਕੀਤਾ ਸੀ। ਗੁਰੂ ਅੰਗਦ ਨੇ ਗੁਰੂ ਨਾਨਕ ਦੀਆਂ ਗੱਲਾਂ ਤੇ ਗੋਸ਼ਟੀਆਂ ਦੀ ਯਾਦ ਨੂੰ ਪੱਕਿਆਂ ਕਰਨ ਦਾ ਉਪਰਾਲਾ ਕੀਤਾ ਤੇ ਉਨ੍ਹਾਂ ਨੂੰ ਸਹੀ ਰੰਗ ਵਿਚ ਸਮਝਣ ਦਾ ਵੱਲ ਵੀ ਲੋਕਾਂ ਨੂੰ ਸਿਖਾਇਆ। ਗੁਰੂ ਨਾਨਕ ਦੀ ਪਰਸਿੱਧੀ ਬਹੁਤ ਤੇਜ਼ੀ ਨਾਲ ਹੋਣ ਕਰਕੇ ਐਨ ਸੰਭਵ ਸੀ ਕਿ ਉਨ੍ਹਾਂ ਦੇ ਉਪਦੇਸ਼ਾਂ ਨੂੰ ਪੁਰਾਣੇ ਵੀਚਾਰਾਂ ਦੇ ਚੌਖਟਿਆਂ ਵਿਚ ਹੀ ਜੜਿਆ ਜਾਂਦਾ। ਗੁਰੂ ਅੰਗਦ ਵਰਗੇ ਪੱਕੀ ਤਰ੍ਹਾਂ ਸੁਸਿਖਿਅਤ ਹੋਏ ਚੈਤੰਨ ਪੈਰੋਕਾਰ ਹੀ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਪੁਰਾਣੇ ਵਿਚਾਰਾਂ ਨਾਲ ਰਲਗੱਡ ਹੋਣੋਂ ਬਚਾ ਸਕਦੇ ਸਨ। ਇਸ ਮੰਤਵ ਲਈ ਗੁਰੂ ਅੰਗਦ ਨੇ ਗੁਰੂ ਨਾਨਕ ਦੀ ਬਾਣੀ ਦੀ ਸੰਭਾਲ ਕਰਨ, ਉਨ੍ਹਾਂ ਦੀਆਂ ਜੀਵਨ-ਕਥਾਵਾਂ ਇਕੱਤਰ ਕਰਨ ਤੇ ਦੋਹਾਂ ਨੂੰ ਵਧ ਤੋਂ ਵਧ ਲੋਕਾਂ ਵਿਚ ਫੈਲਾਉਣ ਦਾ ਉੱਦਮ ਆਰੰਭਿਆ। ਇਸ ਉੱਦਮ ਨਾਲ ਗੁਰੂ ਨਾਨਕ ਦੇ ਵੀਚਾਰ ਤੇ ਮਿਸਾਲਾਂ ਸਦੀਆਂ ਤਕ ਪੰਜਾਬ ਦੇ ਜੀਵਨ ਦੀ ਉਸਾਰੀ ਕਰਨ ਲਈ ਸੁਰੱਖਿਅਤ ਹੋ ਗਏ। ਗੁਰੂ ਅੰਗਦ ਤੋਂ ਬਾਦ

ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਤੇ ਭਾਈ ਗੁਰਦਾਸ ਨੇ ਪੰਜਾਬੀ ਲੋਕਾਂ ਨੂੰ ਇਹ ਯਕੀਨ ਕਰਵਾਉਣ ਦੇ ਜਤਨ ਜਾਰੀ ਰੱਖੇ ਕਿ ਗੁਰੂ ਨਾਨਕ ਇਕ ਸਾਧਾਰਨ ਸਾਧੂ, ਤਪਾ ਜਾਂ ਫ਼ਕੀਰ ਨਹੀਂ ਸੀ ਬਲਕਿ ਪੰਜਾਬ ਦੇ ਇਤਿਹਾਸ ਦੀ ਸਭ ਤੋਂ ਮਹਾਨ ਤੇ ਅਲੌਕਿਕ ਵਿਅਕਤੀ ਸੀ ਜਿਸ ਦੇ ਉਪਦੇਸ਼ ਨਿਰਾਲੇ, ਨਰੋਏ ਤੇ ਸਭ ਤੋਂ ਸ੍ਰੇਸ਼ਟ ਸਨ। ਬ੍ਰਾਹਮਣਾਂ, ਜੋਗੀਆਂ ਆਦਿ ਦਾ ਜੋ ਸਨਮਾਨ ਤੇ ਡਰ ਲੋਕਾਂ ਦੇ ਦਿਲਾਂ ਤੇ ਛਾਇਆ ਹੋਇਆ ਸੀ ਉਸ ਨੂੰ ਉਤਾਰਨ ਲਈ ਹਰ ਗੁਰੂ ਨੂੰ ਸਖ਼ਤ ਤਰੱਦਦ ਕਰਨਾ ਪਿਆ। ਗੁਰੂ ਵਿਅਕਤੀਆਂ ਦਾ ਸਤਿਕਾਰ ਲੋਕਾਂ ਦੀ ਸਮੂਹਕ ਸ਼ਖ਼ਸੀਅਤ ਦਾ ਸਤਿਕਾਰ ਵਧਾਉਣ ਵਿਚ ਬਹੁਤ ਸਹਾਈ ਹੋਇਆ। ਬ੍ਰਾਹਮਣ ਕਿਰਤੀਆਂ ਨਾਲੋਂ ਤੇ ਜੋਗੀ ਗ੍ਰਹਿਸਤੀਆਂ ਨਾਲੋਂ ਆਪਣੇ ਆਪ ਨੂੰ ਵਧੀਆ ਮੰਨਦੇ ਸਨ ਤੇ ਉਨ੍ਹਾਂ ਦੀ ਅਗਵਾਈ ਕਰਨੀ ਆਪਣਾ ਹੱਕ ਸਮਝਦੇ ਸਨ। ਲੋਕ ਗੁਰੂ ਸਾਹਿਬਾਂ ਦਾ ਸਤਿਕਾਰ ਭਾਵੇਂ ਬ੍ਰਾਹਮਣਾਂ ਤੇ ਜੋਗੀਆਂ ਦੀ ਤਰ੍ਹਾਂ ਹੀ ਕਰਨ ਲਗ ਪਏ, ਪਰ ਗੁਰੂ ਸਾਹਿਬ ਲੋਕਾਂ ਦਾ ਦਰਜਾ ਆਪਣੇ ਤੋਂ ਨੀਵਾਂ ਕਰਾਰ ਨਹੀਂ ਦੇਂਦੇ ਸਨ। ਬਲਕਿ ਹਰ ਸੰਭਵ ਢੰਗ ਨਾਲ ਉਨ੍ਹਾਂ ਨੂੰ ਉਚਿਆਉਂਦੇ ਰਹਿੰਦੇ ਸਨ। ਗੁਰੂ ਨਾਨਕ ਨੇ ਭਾਈ ਲਹਿਣੇ ਨੂੰ ਗੱਦੀ ਦੇਣ ਲੱਗਿਆਂ ਉਸ ਦੇ ਪੈਰਾਂ ਤੇ ਮੱਥਾ ਟੇਕ ਕੇ ਆਪਣੇ ਸਮਕਾਲੀਆਂ ਨੂੰ ਹੈਰਾਨ ਕੀਤਾ ਸੀ। ਅਜੇਹੀਆਂ ਨਵੀਆਂ ਲੀਹਾਂ ਪੈਂਦੀਆਂ ਦੇਖ ਕੇ ਬ੍ਰਾਹਮਣ ਬਹੁਤ ਘਬਰਾਉਂਦੇ ਸਨ। ਉਨ੍ਹਾਂ ਨੇ ਗੁਰੂ ਸਾਹਿਬਾਂ ਦੇ ਪਰਚਾਰ ਨੂੰ ਰੋਕਣ, ਬਦਨਾਮ ਕਰਨ ਤੇ ਰਾਹੋਂ ਘੁਸਾਉਣ ਦੇ ਅਨੇਕਾਂ ਜਤਨ ਕੀਤੇ। ਸੰਗਤ ਤੇ ਲੰਗਰ ਵਿਚ ਛੂਤ ਛਾਤ ਤੇ ਸੁੱਚ ਭਿੱਟ ਦੇ ਨਿਯਮਾਂ ਦੀ ਜਿਸ ਦਲੇਰੀ ਨਾਲ ਉਲੰਘਣਾ ਹੋ ਰਹੀ ਸੀ ਉਸ ਵਿਚ ਬ੍ਰਾਹਮਣਾਂ ਨੂੰ ਆਪਣੀਆਂ ਪਦਵੀਆਂ ਦੀ ਮੌਤ ਨਜ਼ਰ ਆਉਂਦੀ ਸੀ। ਲੰਗਰ ਵਿਚ ਤੇ ਹੋਰ ਕਈ ਤਰ੍ਹਾਂ ਨਾਲ ਸੰਗਤ ਦੀ ਹੱਥਾਂ ਨਾਲ ਸੇਵਾ ਕਰਨ ਦਾ ਰਿਵਾਜ ਟੋਰ ਕੇ ਕਿਰਤ ਤੇ ਕਿਰਤੀਆਂ ਦੀ ਹੌਸਲਾ-ਵਧਾਈ ਕੀਤੀ ਜਾ ਰਹੀ ਸੀ। ਗੁਰੂ ਸਾਹਿਬਾਨ ਖ਼ੁਦ ਸੰਗਤਾਂ ਦੀ ਸੇਵਾ ਕਰ ਕੇ ਜਾਤ-ਅਭਿਮਾਨੀਆਂ ਨੂੰ ਸ਼ਰਮਿੰਦਾ ਕਰ ਰਹੇ ਸਨ। ਦਰਅਸਲ ਗੁਰੂ ਨਾਨਕ ਦੇ ਸਮੇਂ ਤੋਂ ਹੀ ਜਿੱਥੇ ਇਕ ਪਾਸੇ ਗੁਰੂ ਦੀ ਸੰਸਥਾ ਦਾ ਸਨਮਾਨ ਵਧਾ ਕੇ ਸਮਾਜਕ ਅਗਵਾਈ ਬ੍ਰਾਹਮਣਾਂ ਜੋਗੀਆਂ ਦੇ ਹੱਥੋਂ ਕੱਢੀ ਜਾ ਰਹੀ ਸੀ, ਉੱਥੇ ਦੂਸਰੇ ਪਾਸੇ ਸਿੱਖ ਜਾਂ ਗੁਰਮੁਖ ਦਾ ਜਸ ਤੇ ਵਡਿਆਈ ਕਰ ਕੇ ਇਹ ਅਗਵਾਈ ਗੁਰੂਆਂ ਦੇ ਹੱਥੋਂ ਵੀ ਹੌਲੀ ਹੌਲੀ ਜਾਗਰਤ ਜਨਤਾ ਨੂੰ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਸੀ। ਗੁਰੂ ਅੰਗਦ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਸਾਹਿਤ ਤੇ ਜੀਵਨ-ਕਥਾ ਦੀ ਸੰਭਾਲ ਤੋਂ ਛੁੱਟ ਉਨ੍ਹਾਂ ਦੇ ਪ੍ਰਭਾਵ ਹੇਠ ਆਏ ਸਿੱਖਾਂ ਨਾਲ ਮੇਲ-ਜੋਲ ਜਾਰੀ ਰੱਖਣ ਤੇ ਉਨ੍ਹਾਂ ਨਾਲ ਵੀਚਾਰ ਸਾਂਝੇ ਕਰਨ ਦਾ ਸਿਲਸਿਲਾ ਵੀ ਤੋਰਿਆ। ਗੁਰੂ ਅਮਰਦਾਸ ਜੀ ਨੇ ਇਸ ਸਿਲਸਿਲੇ ਨੂੰ ਅੱਗੇ ਵਧਾਉਂਦੇ ਹੋਇਆਂ ਦੂਰ ਦੂਰ ਖਿੰਡੀਆਂ ਹੋਈਆਂ ਸੰਗਤਾਂ ਨੂੰ ਇਕ ਜੱਥੇਬੰਦੀ ਦੀ ਲੜੀ ਵਿਚ ਪਰੋਣ ਦਾ ਜਤਨ ਆਰੰਭ ਕੀਤਾ। ਭਾਈ ਗੁਰਦਾਸ ਵਰਗੇ ਸਿਆਣੇ ਸਿੱਖਾਂ ਨੇ ਇਨ੍ਹਾਂ ਜਤਨਾਂ ਨੂੰ ਸਫਲ ਕਰਨ ਲਈ ਲੰਮੇ ਲੰਮੇ ਸਫ਼ਰ ਕੀਤੇ ਤੇ ਉਮਰ ਦਾ ਬਹੁਤਾ ਭਾਗ ਜੱਥੇਬੰਦੀ ਕਾਇਮ ਕਰਨ ਲਈ ਅਰਪਣ ਕੀਤਾ। ਗੁਰੂ ਰਾਮਦਾਸ ਨੇ ਅੰਮ੍ਰਿਤਸਰ ਦੇ ਹਰੀਮੰਦਰ ਦੀ ਵਿਉਂਤ ਜਿਸ ਢੰਗ ਨਾਲ ਬਣਾਈ ਉਸ ਤੋਂ ਮਲੂਮ ਹੁੰਦਾ ਹੈ ਕਿ ਬ੍ਰਾਹਮਣਾਂ ਦੇ ਤੀਰਥਾਂ ਵੱਲੋਂ ਲੋਕਾਂ ਦੀ ਰੁਚੀ ਹਟਾਉਣ ਲਈ ਇਕ ਨਵੀਂ ਕਿਸਮ ਦਾ ਤੀਰਥ ਹੋਂਦ ਵਿਚ ਲਿਆਂਦਾ ਜਾ ਰਿਹਾ ਸੀ ਜਿਸ ਦੇ ਦੁਆਲੇ ਵਰਨ-ਆਸ਼ਰਮਾਂ ਤੋਂ ਰਹਿਤ ਭਾਈਚਾਰੇ ਦਾ ਇਕ ਨਮੂਨਾ ਪੈਦਾ ਕੀਤਾ ਜਾ ਸਕਦਾ ਸੀ। ਹੱਥੀਂ ਸੇਵਾ, ਦੇਸ ਪਰਦੇਸ ਦੀਆਂ ਸੰਗਤਾਂ ਨਾਲ ਤਾਲ-ਮੇਲ ਤੇ ਇਕ ਕੇਂਦਰੀ ਤੀਰਥ ਦੀ ਰਚਨਾ ਸਭ ਨਵੇਂ ਧਰਮ ਦੇ ਪਰਚਾਰ ਦੇ ਵੀ ਸਾਧਨ ਸਨ, ਪਰ ਇਨ੍ਹਾਂ ਰਾਹੀਂ ਗੁਰੂ ਨਾਨਕ ਦੇ ਪੈਰੋਕਾਰਾਂ ਵਿਚ ਇਕ ਸਮੂਹਕ ਚੇਤਨਤਾ ਪੈਦਾ ਹੋ ਰਹੀ ਸੀ ਤੇ ਇਸ ਤਰ੍ਹਾਂ ਇਕਾਗਰ ਹੋਣ ਬਾਦ ਉਹ ਆਪਣੇ ਵਿਚ ਸਮੂਹਕ ਸ਼ਕਤੀ ਦਾ ਪਰਵੇਸ਼ ਮਹਿਸੂਸ ਕਰਨ ਲਗ ਪਏ ਸਨ।

ਗੁਰੂ ਅਮਰਦਾਸ ਜੀ ਨੇ ਇਸਤਰੀਆਂ ਦੀਆਂ ਸਮੱਸਿਆਵਾਂ ਵਲ ਧਿਆਨ ਦੇ ਕੇ ਉਨ੍ਹਾਂ ਵਿਚ ਵੀ ਨਵੀਂ ਲਹਿਰ ਲਈ ਉਤਸ਼ਾਹ ਪੈਦਾ ਕਰ ਦਿੱਤਾ। ਕਿਰਤ, ਇਸਤਰੀ ਤੇ ਗ੍ਰਿਸਤ ਦਾ ਦਰਜਾ ਉੱਚਾ ਹੋਣ ਨਾਲ ਸਾਧਾਰਨ ਮਨੁੱਖ ਦੇ ਅਹਿਸਾਸਾਂ ਵਿਚ ਬੁਨਿਆਦੀ ਤਬਦੀਲੀਆਂ ਆ ਰਹੀਆਂ ਸਨ। ਸਰੀਰਕ ਤੌਰ ਤੇ ਅਤਿਅੰਤ ਬਲਵਾਨ ਤੇ

ਅਰੋਗ ਪੰਜਾਬੀਆਂ ਨੂੰ ਬ੍ਰਾਹਮਣਾਂ ਤੇ ਜੋਗੀਆਂ ਦੇ ਪਰਚਾਰ ਨੇ ਘਟੀਆਪਣ ਤੇ ਤੁੱਛਤਾ ਦੇ ਅਹਿਸਾਸਾਂ ਨਾਲ ਭਰ ਛਡਿਆ ਸੀ। ਇਨ੍ਹਾਂ ਅਹਿਸਾਸਾਂ ਨੇ ਉਨ੍ਹਾਂ ਦੀਆਂ ਸ਼ਕਤੀ-ਸੰਭਾਵਨਾਵਾਂ ਨੂੰ ਡੱਕਾ ਲਾਇਆ ਹੋਇਆ ਸੀ ਜਿਸ ਕਰਕੇ ਉਨ੍ਹਾਂ ਦੀ ਕਿਰਤ ਕਰਨ ਦੀ ਸਮਰੱਥਾ ਤੇ ਜੰਗੀ ਸਪਿਰਿਟ ਕਮਜ਼ੋਰ ਹੋ ਚੁਕੀ ਸੀ। ਗੁਰੂ ਸਾਹਿਬਾਂ ਨੇ ਇਨ੍ਹਾਂ ਸਨਮਾਨ-ਹੀਣ ਕਿਰਤੀਆਂ ਤੇ ਗ੍ਰਹਿਸਤੀਆਂ ਵਿਚੋਂ ਨਿਗੂਣਤਾ ਦੇ ਵੀਚਾਰ ਕੱਢ ਕੇ ਉਨ੍ਹਾਂ ਵਿਚ ਸ੍ਵੈ-ਸਨਮਾਨ ਦੇ ਭਾਵ ਉਤਪੰਨ ਕਰਨ ਲਈ ਕਈ ਤਰੀਕੇ ਵਰਤੇ। ਗੁਰਮੁਖ ਦੇ ਦਰਜੇ ਨੂੰ ਗੁਰੂ ਜਾਂ ਰੱਬ ਦੇ ਬਰਾਬਰ ਦ੍ਰਿੜ੍ਹ ਕਰਾਉਣ ਵਾਲੇ ਅਨੇਕਾਂ ਵਾਕ ਉਨ੍ਹਾਂ ਦੇ ਸਾਹਿਤ ਵਿਚ ਮਿਲਦੇ ਹਨ। ਨੀਵਿਆਂ ਵਿੱਚੋਂ ਨੀਵਾਂ ਮਨੁੱਖ ਵੀ ਆਪਣੀ ਸੁਤੰਤਰ ਚੋਣ ਨਾਲ ਜਦੋਂ ਚਾਹੇ ਗੁਰੂ ਦੀ ਅਗਵਾਈ ਤੇ ਆਪਣੇ ਜਤਨ ਨਾਲ ਗੁਰਮੁਖ ਬਣ ਸਕਦਾ ਸੀ। ਜਨਮ, ਜਾਇਦਾਦ ਜਾਂ ਵਿਦਿਆ ਦੀਆਂ ਕਸੌਟੀਆਂ ਉੱਤੇ ਹੋਲੇ ਉਤਰਨ ਵਾਲੇ ਮਨੁੱਖਾਂ ਨੂੰ ਬੜੀ ਗੰਭੀਰਤਾ ਨਾਲ ਆਪਣਾ ਗੌਰਵ ਮਹਿਸੂਸ ਕਰਨ ਦੀ ਪਰੇਰਨਾ ਦਿੱਤੀ ਗਈ। ਸਮਾਜ ਵਿਚ 'ਕੀੜੇ ਕਿਰਮ' ਸਮਝੇ ਜਾਣ ਵਾਲੇ ਮਨੁੱਖਾਂ ਵਿਚ 'ਸੇਖ ਪੀਰ ਪਾਤਸ਼ਾਹ' ਬਣ ਸਕਣ ਦਾ ਸੰਕਲਪ ਜਗਾਇਆ ਗਿਆ। ਇਕ ਪਾਸੇ ਸ਼ਕਤੀ-ਸਰੂਪ ਰੱਬ ਦੀ ਹੋਂਦ ਨੂੰ ਵਿਅਕਤੀ ਦੇ ਅੰਦਰ ਅਨੁਭਵ ਕਰਵਾ ਕੇ ਤੇ ਦੂਸਰੇ ਪਾਸੇ ਅਨੇਕਾਂ ਵਿਅਕਤੀਆਂ ਨੂੰ ਇਕ ਸੰਘਣੀ ਤਰ੍ਹਾਂ ਪਰੋਤੀ ਹੋਈ ਜੱਥੇਬੰਦੀ ਵਿਚ ਇਕਾਗਰ ਕਰ ਕੇ ਉਨ੍ਹਾਂ ਨੂੰ ਮਹਿਸੂਸ ਕਰਵਾ ਦਿੱਤਾ ਕਿ ਉਹ ਇਕ ਐਸੀ ਸਮਾਜਕ ਤਾਕਤ ਹਨ ਜੋ ਆਪਣੇ ਜੀਵਨ ਦੀ ਵਾਗ ਡੋਰ ਆਪਣੇ ਹੱਥਾਂ ਵਿਚ ਲੈ ਸਕਦੀ ਹੈ। ਨਿਤਾਣਤਾ ਦੇ ਭਾਵਾਂ ਤੋਂ ਜ਼ਿੰਮੇਵਾਰੀ ਦੇ ਅਹਿਸਾਸਾਂ ਤੱਕ ਪਹੁੰਚਣਾ ਲੋਕਾਂ ਲਈ ਇੱਕ ਲੰਮਾ ਸਫ਼ਰ ਸੀ। ਗੁਰੂ ਨਾਨਕ ਦੇ ਵੇਲੇ ਉੱਚੀ ਮਨੁੱਖਤਾ ਨੂੰ ਛੋਹਣ ਵਾਲੀਆਂ ਵਿਅਕਤੀਆਂ ਤਾਂ ਕਾਫ਼ੀ ਗਿਣਤੀ ਵਿਚ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ ਸਨ, ਪਰ ਸਿੱਖ ਲਹਿਰ ਵਿਚ ਸਮੂਹਕ ਸ਼ਕਤੀ ਦਾ ਅਹਿਸਾਸ ਗੁਰੂ ਅਰਜਨ ਦੇ ਸਮੇਂ ਹੀ ਪੈਦਾ ਹੋਇਆ ਸਹੀ ਹੁੰਦਾ ਹੈ। ਦਿੱਲੀ ਦੀ ਸੰਗਤ ਵੱਲੋਂ ਗੁਰੂ ਅਰਜਨ ਨੂੰ ਆਪਣੇ ਲੜਕੇ ਹਰਗੋਬਿੰਦ ਦੀ ਮੰਗਣੀ ਮਨਸੂਖ਼ ਕਰ ਦੇਣ ਦਾ ਫ਼ੈਸਲਾ ਲਿਖ ਭੇਜਣਾ ਗੁਰੂਆਂ ਦੇ ਜਨਤਾ ਵਿਚ ਸ੍ਵੈ-ਭਰੋਸਾ ਪੈਦਾ ਕਰਨ ਦੇ ਜਤਨਾਂ ਦੀ ਸਫਲਤਾ ਦਾ ਚਿੰਨ੍ਹ ਸੀ। 'ਗੁਰੂ ਵੀਹ ਵਿਸਵੇ ਦੇ ਸੰਗਤ ਇੱਕੀ ਵਿਸਵੇ' ਦਾ ਅਸੂਲ ਅਮਲ ਵਿਚ ਵਰਤ ਕੇ ਗੁਰੂ ਸਾਹਿਬ ਜਨਤਾ ਦੀ ਮਹੱਤਤਾ ਵਧਾ ਰਹੇ ਸਨ। ਜਨਤਾ ਨੂੰ ਜੱਥੇਬੰਦ ਕਰ ਕੇ ਸਮੂਹਕ ਸ਼ਕਤੀ ਮਹਿਸੂਸ ਕਰਨ ਦੇ ਯੋਗ ਬਣਾਉਣ ਲਈ ਗੁਰੂ ਵਿਅਕਤੀਆਂ ਸ਼ੁਰੂ ਵਿਚ ਇਕ ਕੇਂਦਰ ਦਾ ਕੰਮ ਦੇਂਦੀਆਂ ਰਹੀਆਂ, ਪਰ ਜਿਵੇਂ ਜਿਵੇਂ ਜਨਤਾ ਆਪਣੀ ਮਹੱਤਤਾ ਪਛਾਣਨ ਦੇ ਕਾਬਲ ਹੁੰਦੀ ਗਈ, ਇਸ ਕੇਂਦਰ ਦੀ ਲੋੜ ਘਟਦੀ ਗਈ। ਗੁਰੂ ਅਰਜਨ ਤੋਂ ਬਾਦ ਗੁਰੂ ਵਿਅਕਤੀਆਂ ਨੇ ਆਪਣਾ ਬਹੁਤਾ ਧਿਆਨ ਲੋਕਾਂ ਦੀ ਜੱਥੇਬੰਦੀ ਨੂੰ ਸਮਾਜਕ ਮਨੋਰਥਾਂ ਦੀ ਸੇਧ ਦੇਣ ਵਲ ਲਾਇਆ। ਗੁਰੂ ਨਾਨਕ ਦੇ ਸਮੇਂ ਸੰਗਤਾਂ ਬਣਨੀਆਂ ਸ਼ੁਰੂ ਹੋਈਆਂ ਸਨ, ਤੇ ਗੁਰੂ ਅਮਰਦਾਸ ਦੇ ਸਮੇਂ ਖਿੰਡੀਆਂ ਹੋਈਆਂ ਸੰਗਤਾਂ ਨੂੰ ਜੱਥੇਬੰਦ ਕਰਨ ਦੇ ਜਤਨ ਸ਼ੁਰੂ ਹੋਏ ਸਨ। ਗੁਰੂ ਅਰਜਨ ਜੀ ਨੇ ਆਪਣੀ ਸ਼ਹੀਦੀ ਦੁਆਰਾ ਰਾਜਸੀ ਤਾਕਤ ਨਾਲ ਮੱਥਾ ਡਾਹ ਕੇ ਸੰਗਤਾਂ ਦੀ ਜੱਥੇਬੰਦੀ ਨੂੰ ਰਾਜਸੀ ਦਿਸ਼ਾ ਵਲ ਝੁਕਾ ਦਿੱਤਾ। ਜਨਤਾ ਵਿਚ ਆਪਣੀ ਸ਼ਕਤੀ ਦਾ ਅਹਿਸਾਸ ਪੈਦਾ ਕਰਨਾ ਤੇ ਉਨ੍ਹਾਂ ਨੂੰ ਠੀਕ ਸੇਧ ਦੇਣਾ ਉਨ੍ਹਾਂ ਦੇ ਸ੍ਵੈ-ਰਾਜ ਦੇ ਸਫ਼ਰ ਵਿਚ ਦੋ ਬੜੇ ਵੱਡੇ ਮੀਲ-ਪੱਥਰ ਸਨ। ਕੌਮੀ ਜਾਗਰਤ, ਕੌਮੀ ਇਕਾਗਰਤਾ ਤੇ ਕੌਮੀ ਸੰਗਰਾਮ ਦੀ ਜੋ ਵਿਉਂਤ ਸਮੁੱਚੇ ਤੌਰ ਤੇ ਗੁਰੂ ਸਾਹਿਬਾਂ ਨੇ ਵਰਤੀ, ਉਹ ਦੁਨੀਆਂ ਦੇ ਸਮਾਜਕ ਇਤਿਹਾਸ ਵਿਚ ਇਕ ਸਿਰਕੱਢਵੀਂ ਮਿਸਾਲ ਹੈ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਨਿਕਟ ਕਾਰਨ ਭਾਵੇਂ ਕੁਝ ਹੋਣ, ਅਸਲ ਤੇ ਡੂੰਘਾ ਕਾਰਨ ਲੋਕਾਂ ਵਿਚ ਵਧ ਰਿਹਾ ਸਮੂਹਕ ਸ਼ਕਤੀ ਦਾ ਅਹਿਸਾਸ ਤੇ ਸ੍ਵੈ-ਭਰੋਸਾ ਸੀ ਜਿਸ ਤੋਂ ਘਾਬਰ ਕੇ ਜਹਾਂਗੀਰ ਨੇ ਲੋਕਾਂ ਦੇ ਆਗੂ ਤੋਂ ਬਦਲਾ ਲੈਣ ਦਾ ਪ੍ਰਣ ਧਾਰ ਲਿਆ। ਪਰ ਹੁਣ ਲੋਕ ਆਪਣੇ ਆਗੂ ਦੀ ਸ਼ਹੀਦੀ ਤੋਂ ਸਹਿਮ ਖਾਣ ਦੀ ਅਵਸਥਾ ਤੋਂ ਬਹੁਤ ਉੱਪਰ ਉਠ ਚੁਕੇ ਸਨ। ਗੁਰੂ ਅਰਜਨ ਨੇ ਉਨ੍ਹਾਂ ਦੀ ਚੇਤੰਨਤਾ ਨੂੰ ਐਸੀ ਪਾਣ ਚੜ੍ਹਾਈ ਸੀ ਕਿ ਉਹ ਵੱਡੀ ਤੋਂ ਵੱਡੀ ਤਾਕਤ ਨੂੰ ਵੀ ਆਪਣੇ ਤੇ ਭਾਰੂ ਨਹੀਂ ਸਮਝਦੇ ਸਨ ਤੇ ਰੱਬ ਨੂੰ ਆਪਣੇ ਨਾਲ ਜਾਂ ਅੰਦਰ ਅਨੁਭਵ ਕਰਨ ਕਰਕੇ ਉਹ ਬੇਅੰਤ ਉਤਸ਼ਾਹ ਵਿਚ ਰਹਿੰਦੇ। ਗੁਰੂ ਸਾਹਿਬ ਨੇ ਰੱਬ ਨੂੰ

ਉਨ੍ਹਾਂ ਦੇ ਜੀਵਨ ਦੇ ਸਭ ਪੱਖਾਂ ਨਾਲ ਬਹੁਤ ਡੂੰਘੀ ਤਰ੍ਹਾਂ ਜੋੜ ਦਿੱਤਾ ਸੀ । ਰੱਬ ਦੇ ਹੁਕਮ ਦੇ ਵੀਚਾਰ ਨੂੰ ਜਿਸ ਨਿਪੁੰਨਤਾ ਨਾਲ ਗੁਰੂ ਅਰਜਨ ਸਾਹਿਬ ਨੇ ਵਿਸਥਾਰ-ਪੂਰਬਕ ਆਪਣੀ ਕਵਿਤਾ ਵਿਚ ਵਿਆਖਿਆ ਤੇ ਜਿਸ ਸਪਸ਼ਟਤਾ ਨਾਲ ਆਪਣੇ ਨਿਜੀ ਜੀਵਨ ਨੂੰ ਰੱਬ ਦੇ ਹੁਕਮ ਨਾਲ ਉਨ੍ਹਾਂ ਨੇ ਸੰਬੰਧਤ ਕਰ ਕੇ ਦੱਸਿਆ, ਉਸ ਤਰ੍ਹਾਂ ਘਟ ਹੀ ਕਿਸੇ ਕਵੀ ਨੇ ਕੀਤਾ ਹੋਵੇਗਾ । ਆਪਣੇ ਘਰ ਵਿਚ ਲੜਕੇ ਦਾ ਜਨਮ, ਉਸਦਾ ਰੋਗ ਤੋਂ ਛੁਟਕਾਰਾ, ਘਰੋਗੀ ਈਰਖਾ ਦੇ ਕਾਰਨ ਵਾਪਰੇ ਸਰਕਾਰੀ ਕਸ਼ਟਾਂ ਤੋਂ ਸੁਰਖਰੂਈ ਸਭ ਰੱਬ ਦੀ ਮਿਹਰ ਦਾ ਫਲ ਦਰਸਾਏ ਗਏ । ਬਿਲਾਵਲ, ਸੋਰਠ ਤੇ ਗੂਜਰੀ ਰਾਗ ਵਿਚ ਉਨ੍ਹਾਂ ਦੀ ਰਚੀ ਕਵਿਤਾ ਦਾ ਪਾਠ ਮਨੁੱਖ ਦੇ ਮਨ ਨੂੰ ਅਤਿਅੰਤ ਸੰਤੁਸ਼ਟਤਾ ਤੇ ਆਸ਼ਾ ਦੇ ਭਾਵਾਂ ਨਾਲ ਭਰਦਾ ਹੈ । 'ਸੁਖਮਨੀ' ਵਿਚ ਉਨ੍ਹਾਂ ਨੇ ਮਨੁੱਖ ਦੇ ਖਾਣ ਪੀਣ, ਪਹਿਰਣ, ਘਰੋਗੀ ਅਨੰਦ ਮਾਣਨ, ਜਸ ਪਰਾਪਤ ਕਰਨ ਤੇ ਸ਼ਕਤੀਵਰ ਹੋਣ ਨੂੰ ਨਿੰਦਿਆ ਨਹੀਂ, ਪਰ ਅਜੇਹੇ ਸਭ ਸੁਖ ਸਾਧਨਾਂ ਦਾ ਸੋਮਾਂ ਰੱਬ ਨੂੰ ਮੰਨ ਕੇ ਉਸ ਨੂੰ ਧੰਨਵਾਦ ਦੇ ਭਾਵਾਂ ਨਾਲ ਯਾਦ ਕਰਨ ਦਾ ਉਪਦੇਸ਼ ਦਿੱਤਾ ਹੈ । ਇਸ ਉਪਦੇਸ਼ ਦਾ ਸਿੱਧਾ ਮੰਤਵ ਤਾਂ ਮਨੁੱਖ ਨੂੰ ਵਿਸ਼ਵਾਰਥੀ ਇੱਛਾ ਦਾ ਵਿਸ਼ਵਾਸੀ ਤੇ ਅਨੁਭਵੀ ਬਣਾਉਣਾ ਹੀ ਸੀ, ਪਰ ਸਮਾਜਕ ਜੀਵਨ ਵਿਚ ਇਸ ਦਾ ਫਲ ਇਹ ਸੀ ਕਿ ਗੁਰੂ ਅਰਜਨ ਸਾਹਿਬ ਜੀ ਦੇ ਸਿੱਖ ਆਰਥਕ ਕੀਮਤਾਂ ਲਈ ਆਪਣੇ ਆਪ ਨੂੰ ਦੁਨਿਆਵੀ ਅਧਿਕਾਰੀਆਂ ਤੋਂ ਬੇਮੁਹਤਾਜ ਮੰਨਦੇ ਸਨ ਤੇ ਰਾਜਸੀ ਤਾਕਤ ਵੱਲੋਂ ਕਸ਼ਟ ਮਿਲਣ ਤੇ ਘਬਰਾਉਂਦੇ ਨਹੀਂ ਸਨ, ਕਿਉਂਕਿ ਸੁਖ ਦੁਖ ਦੋਹਾਂ ਦਾ ਸੋਮਾਂ ਰੱਬ ਸੀ । ਉਨ੍ਹਾਂ ਨੂੰ ਯਕੀਨ ਹੁੰਦਾ ਸੀ ਕਿ ਉਨ੍ਹਾਂ ਦੇ ਬਰਦਾਸ਼ਤ ਕੀਤੇ ਕਸ਼ਟਾਂ ਦਾ ਅੰਤਮ ਸਿੱਟਾ ਉਨ੍ਹਾਂ ਦੀ ਜਿਤ ਹੋਵੇਗਾ ਕਿਉਂਕਿ ਰੱਬ ਆਪਣੇ ਸੇਵਕਾਂ ਨੂੰ ਨਿਰਾਰਥਕ ਕਸ਼ਟ ਵਿਚ ਨਹੀਂ ਪਾਉਂਦਾ । ਪੰਜਾਬੀ ਚੇਤਨਤਾ ਨੇ ਗੁਰੂ ਅਰਜਨ ਦੀ ਸ਼ਹੀਦੀ ਦੇ ਜਿਸ ਪੱਖ ਨੂੰ ਸਭ ਤੋਂ ਵਧ ਸੰਭਾਲ ਨਾਲ ਯਾਦ ਰਖਿਆ ਹੈ ਉਹ ਉਨ੍ਹਾਂ ਦਾ ਰੱਬ ਦੇ ਭਾਣੇ ਵਿਚ ਅਡੋਲ ਰਹਿਣਾ ਹੈ । ਗੁਰੂ ਅਰਜਨ ਸਾਹਿਬ ਜੀ ਦੀ ਅਡੋਲਤਾ ਰੱਬ ਦੇ ਹੁਕਮ ਨਾਲ ਉਨ੍ਹਾਂ ਦੀ ਇਕਸੁਰਤਾ ਦਾ ਪਰਤੱਖ ਸਬੂਤ ਤੇ ਲੋਕ-ਲਹਿਰ ਦੀ ਅੰਤਮ ਸਫਲਤਾ ਵਿਚ ਉਨ੍ਹਾਂ ਦੇ ਦ੍ਰਿੜ੍ਹ ਵਿਸ਼ਵਾਸ਼ ਦਾ ਫਲ ਸੀ, ਤੇ ਇਸ ਮਿਸਾਲ ਨੇ ਪੰਜਾਬੀ ਜਨਤਾ ਦੀ ਮਾਨਸਕਤਾ ਨੂੰ ਸਹਿਮ ਛੱਡਾਉਣ ਤੇ ਭੈੜੇ ਭਾਵਾਂ ਤੋਂ ਮੁਕਤ ਕਰਨ ਵਿਚ ਬੇਹਦ ਅਸਰ ਪਾਇਆ । ਗੁਰੂ ਅਰਜਨ ਦੇ ਸਾਹਿਤ ਤੇ ਸ਼ਹੀਦੀ ਦੋਵੇਂ ਗ਼ੈਰ-ਮੁਸਲਮ ਪੰਜਾਬ ਨੂੰ ਇਸਲਾਮ ਨਾਲ ਵੈਰ-ਭਾਵ ਸਿਖਾਏ ਬਗ਼ੈਰ, ਕੱਟੜਪੰਥੀ ਮੁਗ਼ਲ ਹਕੂਮਤ ਨਾਲ ਸਾਵੇਂ ਤੁਲਣ ਲਈ ਤਿਆਰ ਕਰਦੇ ਰਹੇ । ਉਨ੍ਹਾਂ ਦੀ ਸ਼ਹੀਦੀ ਤੋਂ ਵੀ ਵਧ ਮਹਾਨ ਕੰਮ ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸੰਪਾਦਨ ਕਰਨਾ ਸੀ ਜਿਸ ਵਿਚ ਸੰਪ੍ਰਦਾਇਕ ਨਿਰਪੱਖਤਾ ਦੇ ਅਸੂਲ ਨੂੰ ਪੂਰੀ ਤਰ੍ਹਾਂ ਵਰਤ ਕੇ ਪੰਜਾਬੀਆਂ ਨੂੰ ਸਾਂਝੇ ਜੀਵਨ ਦਾ ਆਦਰਸ਼ ਦ੍ਰਿੜ੍ਹ ਕਰਾਉਣ ਦਾ ਚਿਰੰਜੀਵ ਸਾਧਨ ਹੋਂਦ ਵਿਚ ਲਿਆਂਦਾ ਗਿਆ ਤੇ ਨਵੀਂ ਲਹਿਰ ਨੂੰ ਆਪਣੇ ਸਿਧਾਂਤ ਨਿਖਰਵੇਂ ਰੂਪ ਵਿਚ ਜਾਣਨ ਦੀ ਸਹੂਲਤ ਮੁਹੱਈਆ ਕਰ ਕੇ ਉਸ ਦੇ ਦੁਬਾਰਾ ਬ੍ਰਾਹਮਣੀ ਹੜ੍ਹ ਵਿਚ ਰੁੜ੍ਹ ਜਾਣ ਤੋਂ ਬਚਣ ਦਾ ਪਰਬੰਧ ਕਰ ਦਿੱਤਾ ਗਿਆ ।

## ਸ਼ਾਹ ਹੁਸੈਨ

(੧੫੩੮ — ੧੫੯੯ ਈ,)

ਸ਼ਾਹ ਹੁਸੈਨ, ਲਾਹੌਰ ਦਾ ਵਸਨੀਕ, ਅਕਬਰ ਤੇ ਗੁਰੂ ਅਰਜਨ ਦਾ ਸਮਕਾਲੀ ਸੀ । ਇਹ ਵੀ ਰੱਬ ਦੇ ਪ੍ਰੇਮ ਦਾ ਪਰਚਾਰ ਬੜੇ ਧੜੱਲੇਦਾਰ ਤਰੀਕੇ ਨਾਲ ਕਰਦਾ ਰਿਹਾ । ਮੁਸਲਮਾਨੀ ਰਵਾਇਤਾਂ ਵਿੱਚੋਂ ਉਸ ਨੂੰ ਸਭ ਤੋਂ ਬਹੁਤੀ ਖਿੱਚ ਇਸਲਾਮ ਦੇ ਰਹੱਸਵਾਦੀ ਪੱਖ ਦੀ ਪਈ, ਬਾਕੀ ਇਸਲਾਮੀ ਰਾਜ, ਨਿਯਮਾਵਲੀ ਤੇ ਦੀਨੀ ਪਰਚਾਰ ਤੋਂ ਉਹ ਜ਼ਰਾ ਵੀ ਪ੍ਰਭਾਵਤ ਨਾ ਹੋ ਸਕਿਆ । ਪਰਸਿੱਧ ਰਹੱਸਵਾਦੀ ਸ਼ੇਖ਼ ਬਹਿਲੋਲ ਪਾਸੋਂ ਰੂਹਾਨੀ ਸਿੱਖਿਆ ਪਰਾਪਤ ਕਰਨ ਕਰਕੇ ਉਸ ਨੂੰ ਮਜ਼ਹਬ ਦੇ ਸੱਚ ਤੇ ਝੂਠ ਦੀ ਬਿਬੇਕ ਪਰਾਪਤ ਹੋ ਗਈ ਸੀ ਤੇ ਉਹ ਬੜੀ ਨਿਸਚਿੰਤਤਾ ਨਾਲ

ਰੂਹਾਨੀ ਇਸ਼ਕ ਦੀ ਪ੍ਰੋੜ੍ਹਤਾ ਤੇ ਭੇਖੀ ਦੀਨ ਦਾ ਖੰਡਨ ਕਰਨ ਲਗ ਪਿਆ ਸੀ। ਸਿਖ ਗੁਰੂਆਂ ਦੇ ਪ੍ਰਭਾਵ ਨੇ ਉਸਨੂੰ ਹੋਰ ਵੀ ਨਿਸ਼ੰਗ ਕਰ ਦਿੱਤਾ। ਗੁਰੂ ਨਾਨਕ ਹਿੰਦੂ ਧਾਰਮਕ ਭੇਖਾਂ ਤੇ ਰਹੁ-ਰੀਤਾਂ ਦਾ ਮਖ਼ੌਲ ਉਡਾਉਣ ਲਈ ਕਦੇ ਇਕ ਭੇਖ ਕਦੀ ਦੂਸਰਾ ਭੇਖ ਧਾਰਨ ਕਰਦੇ ਤੇ ਕਦੀ ਕਈਆਂ ਨੂੰ ਰਲਾ ਮਿਲਾ ਕੇ ਵਰਤਦੇ ਰਹੇ ਸਨ। ਸ਼ਾਹ ਹੁਸੈਨ ਨੇ ਮੁਸਲਮਾਨੀ ਧਾਰਮਕ ਚਿੰਨ੍ਹਾਂ ਤੇ ਰਹੁ-ਰੀਤਾਂ ਦਾ ਮਖ਼ੌਲ ਉਡਾਉਣਾ ਸ਼ੁਰੂ ਕਰ ਦਿੱਤਾ ਤਾਂ ਕਿ ਇਸਲਾਮ ਦਾ ਰੂਹਾਨੀ ਤੇ ਸਮਾਜਕ ਰੋਲ ਭੁਲਦੇ ਜਾਂਦੇ ਮੁਸਲਮਾਨਾਂ ਨੂੰ ਝੰਜੋੜ ਕੇ ਜਗਾ ਸਕੇ। ਫ਼ਰੀਦ ਦੇ ਸਮੇਂ ਪੰਜਾਬ ਨੂੰ ਡੂੰਘੇ ਤੇ ਅਮਲੀ ਜੀਵਨ ਦਾ ਸੁਨੇਹਾ ਦੇਣ ਦਾ ਜੋ ਬੋਝ ਮੁਸਲਮਾਨ ਰਹੱਸਵਾਦੀਆਂ ਨੇ ਆਪਣੇ ਸਿਰ ਲਿਆ ਸੀ, ਹੁਣ ਸਿਖ ਗੁਰੂ ਉਸੇ ਕਰਤੱਵ ਨੂੰ ਵਧੇਰੀ ਲਗਨ ਤੇ ਸਿਆਣਪ ਨਾਲ ਪਾਲ ਰਹੇ ਸਨ ਤੇ ਰਸਮੀ ਇਸਲਾਮ ਦੇ ਧਾਰਨੀ ਕਈ ਮੁਸਲਮਾਨ ਉਨ੍ਹਾਂ ਦੇ ਜਤਨਾਂ ਦੀ ਵਿਰੋਧਤਾ ਕਰ ਰਹੇ ਸਨ। ਸ਼ਾਹ ਹੁਸੈਨ ਨੇ ਹੋਰ ਅਜੇਹੇ ਕੱਟੜਪੰਥੀ ਮੁਸਲਮਾਨਾਂ ਦੇ ਫ਼ੋਕਟ ਇਸਲਾਮ ਦਾ ਗੱਜ ਵੱਜ ਕੇ ਵਿਰੋਧ ਕਰਨ ਨੂੰ ਸਮੇਂ ਦੀ ਮੰਗ ਮਹਿਸੂਸ ਕੀਤਾ ਤਾਂਕਿ ਇਸਲਾਮ ਦਾ ਉਸਾਰੂ ਪ੍ਰਭਾਵ ਪੰਜਾਬ ਦੇ ਜੀਵਨ ਨੂੰ ਸਿੰਜਦਾ ਰਹੇ। ਅਕਬਰ ਦੇ ਰਾਜ ਵਿਚ ਭਾਰਤੀ ਮੁਸਲਮਾਨਾਂ ਵਿਚ ਵਿਦਵਤਾ ਦੀ ਪਰਫੁਲਤਾ ਵੱਡੇ ਪੈਮਾਨੇ ਤੇ ਹੋਣੀ ਸ਼ੁਰੂ ਹੋ ਗਈ ਸੀ, ਜਿਸ ਦਾ ਇਕ ਸਿੱਟਾ ਹਿੰਦੂ ਗ੍ਰੰਥਾਂ ਦੇ ਫ਼ਾਰਸੀ ਅਨੁਵਾਦ ਹੋਣ ਕਰਕੇ ਮੁਸਲਮਾਨਾਂ ਦਾ ਹਿੰਦੂਆਂ ਨਾਲ ਨੇੜ ਵਧਣਾ ਸੀ ਤੇ ਦੂਸਰਾ ਪੱਖ ਨਿਰੋਲ ਇਸਲਾਮੀ ਪੁਸਤਕਾਂ ਦੀ ਵੀਚਾਰ ਵਿਆਖਿਆ ਦੇ ਅਵਸਰ ਵਧ ਜਾਣ ਕਰਕੇ ਮੁਸਲਮਾਨ ਆਲਮਾਂ ਦਾ ਇਕ ਐਸਾ ਟੋਲਾ ਪੈਦਾ ਹੋ ਜਾਣਾ ਸੀ ਜੋ ਇਸਲਾਮੀ ਸਿਧਾਂਤਾਂ ਦੀ ਸ਼ੁੱਧਤਾ ਦਾ ਝੰਡਾ ਖੜਾ ਕਰਨ ਲਗ ਪਿਆ ਸੀ। ਸ਼ਾਹ ਹੁਸੈਨ ਵਰਗੇ ਰਹੱਸਵਾਦੀ, ਜੋ ਭਾਰਤੀ ਮਤਾਂ ਤੇ ਸਭਿਆਚਾਰ ਤੋਂ ਰੱਬ ਦੇ ਇਸ਼ਕ ਵਿਚ ਸਹਾਇਤਾ ਕਰਨ ਵਾਲਾ ਹਰ ਸਬਕ ਪੜ੍ਹਨ ਲਈ ਤਿਆਰ ਸਨ, ਅਜੇਹੇ ਆਲਮਾਂ ਨੂੰ ਬਹੁਤ ਰੜਕਦੇ ਸਨ। ਜਦੋਂ ਸ਼ਾਹ ਹੁਸੈਨ ਨੇ ਨਿਧੜਕ ਹੋ ਕੇ ਮੁਸਲਮਾਨੀ ਭੇਖਾਂ ਤੇ ਰਹੁ-ਰੀਤਾਂ ਦੀ ਵਿਰੋਧਤਾ ਸ਼ੁਰੂ ਕੀਤੀ ਤਾਂ ਇਸ ਧੜੇ ਵੱਲੋਂ ਉਸ ਨੂੰ ਬਦਨਾਮ ਤੇ ਸ਼ਰਮਸਾਰ ਕਰਨ ਦੀ ਜ਼ੋਰਦਾਰ ਮੁਹਿੰਮ ਸ਼ੁਰੂ ਹੋ ਗਈ। ਸ਼ਾਹ ਹੁਸੈਨ ਰੱਬ ਦੇ ਭਰੋਸੇ ਤੇ ਅਡੋਲ ਆਪਣੇ ਰਾਹ ਤੇ ਕੱਟੜ ਧੜੇ ਦਾ ਦਲੇਰੀ ਨਾਲ ਮੁਕਾਬਲਾ ਕਰਦਾ ਰਿਹਾ। ਉਸ ਨੂੰ ਬਦਨਾਮ ਕਰਨ ਵਾਲਿਆਂ ਦੀ ਨਿਸਫ਼ਲਤਾ ਦਾ ਝਲਕਾ ਉਸ ਦੀਆਂ ਕਾਫ਼ੀਆਂ ਵਿੱਚੋਂ ਵੀ ਪੈਂਦਾ ਹੈ।

ਲੋਕਾਂ ਸੁਣਿਆ, ਦੇਸਾਂ ਸੁਣਿਆ, ਹੀਰ ਬੈਰਾਗਨ ਹੋਈ
ਇਕ ਸੁਣੇਂਦਾ ਲੱਖ ਸੁਣੇ, ਮੇਰਾ ਕਹਾਂ ਕਰੇਗਾ ਕੋਈ।

ਬਾਬਾ ਫ਼ਰੀਦ ਦੀ ਕਵਿਤਾ ਵਿਚ ਦੰਭੀ ਦਰਵੇਸ਼ਾਂ ਦਾ ਕੁਝ ਖੰਡਨ ਜ਼ਰੂਰ ਮਿਲਦਾ ਹੈ ਪਰ ਕੱਟੜਪਥੀ ਲੋਕਾਂ ਵੱਲੋਂ ਉਸਦੀ ਵਿਰੋਧਤਾ ਹੋਣ ਦੀ ਤੇ ਉਸਦੇ ਆਪਣੇ ਬਚਾ ਕਰਨ ਦੀ ਕੋਈ ਨਿਸ਼ਾਨੀ ਨਹੀਂ ਮਿਲਦੀ। ਇਸਲਾਮੀ ਜਗਤ ਦੇ ਇਸ ਖ਼ਿੱਤੇ ਵਿਚ ਸ਼ਾਇਦ ਸ਼ਾਹ ਹੁਸੈਨ ਪਹਿਲਾ ਰਹੱਸਵਾਦੀ ਸੀ ਜਿਸ ਨੇ ਦਲੇਰੀ ਨਾਲ ਲੋਕ-ਹਿਤਾਂ ਤੋਂ ਅਵੇਸਲੀ ਹੁੰਦੀ ਜਾਂਦੀ ਮੁਸਲਮਾਨ ਮਜ਼ਹਬੀ ਸ਼੍ਰੇਣੀ ਵਿਰੁਧ ਬਗਾਵਤ ਦਾ ਝੰਡਾ ਖੜਾ ਕੀਤਾ ਤੇ ਇਸਲਾਮ ਦੀ ਅਸਲ ਸਪਿਰਿਟ ਨੂੰ ਜਾਗ੍ਰਤ ਰਖਿਆ। ਭਾਰਤੀ ਭਗਤੀ ਲਹਿਰ, ਸਿਖ ਲਹਿਰ ਤੇ ਇਸਲਾਮੀ ਰਵਾਇਤਾਂ ਦੇ ਨਰੋਏ ਅੰਸ਼ਾਂ ਦੇ ਇਕ ਸਾਂਝੇ ਜਹੇ ਮੁਰੱਕਬ ਦਾ ਉਪਦੇਸ਼ ਉਸਦੀ ਕਵਿਤਾ ਦਾ ਵਿਸ਼ਾ ਬਣਿਆ। ਹਰ ਦੇਸ ਦੇ ਸੂਫ਼ੀ ਉੱਥੋਂ ਦੇ ਸਥਾਨਕ ਪ੍ਰਭਾਵਾਂ ਨੂੰ ਇਸਲਾਮ ਨਾਲ ਰਲਾਉਣ ਮਿਲਾਉਣ ਦੇ ਹਾਮੀ ਰਹੇ ਹਨ। ਫ਼ਰੀਦ ਨੇ ਭਾਰਤ ਵਿਚ ਇਸ ਪਰੰਪਰਾ ਦਾ ਮੁੱਢ ਬੰਨ੍ਹਿਆ ਤੇ ਸ਼ਾਹ ਹੁਸੈਨ ਨੇ ਇਸ ਨੂੰ ਅੱਗੇ ਟੋਰਿਆ। ਬੁਲ੍ਹੇ ਸ਼ਾਹ ਦੇ ਸਮੇਂ ਇਹ ਪਰੰਪਰਾ ਬਹੁਤ ਮਜ਼ਬੂਤ ਪੈਰਾਂ ਤੇ ਖਲੋਤੀ ਸਹੀ ਹੁੰਦੀ ਹੈ। ਸ਼ਾਹ ਹੁਸੈਨ ਦੀ ਕਵਿਤਾ ਦਾ ਇਹ ਸਾਂਝੇ ਭਾਵਾਂ ਵਾਲਾ ਗੁਣ ਉਸਦੀ ਕੀਮਤ ਨੂੰ ਬਹੁਤ ਉੱਚਾ ਕਰਦਾ ਹੈ।

# ਭਾਈ ਗੁਰਦਾਸ

(੧੫੫੧ — ੧੬੨੯ ਈ:)

ਗੁਰੂ ਵਿਅਕਤੀਆਂ ਨੇ ਪੰਜਾਬ ਦੇ ਲੋਕਾਂ ਵਿਚ ਜ਼ਿੰਮੇਵਾਰੀ ਦਾ ਅਹਿਸਾਸ ਪੈਦਾ ਕਰ ਕੇ ਉਨ੍ਹਾਂ ਨੂੰ ਜਿਸ ਗੰਭੀਰ ਤੇ ਸੰਗਠਤ ਜੀਵਨ ਦੇ ਸਮਰੱਥ ਬਣਾਇਆ ਸੀ, ਉਸ ਦੇ ਕੁਝ ਪੱਖਾਂ ਦਾ ਖ਼ਾਕਾ ਭਾਈ ਗੁਰਦਾਸ ਦੀ ਕਵਿਤਾ ਵਿੱਚੋਂ ਮਿਲਦਾ ਹੈ। ਇਹ ਪੰਜਾਬੀ ਇਕ ਤਰ੍ਹਾਂ ਨਾਲ ਉਨ੍ਹਾਂ ਸਭ ਪੰਜਾਬੀਆਂ ਦੀ ਪਰਤੀਨਿਧਤਾ ਕਰਦਾ ਹੈ ਜਿਨ੍ਹਾਂ ਨੇ ਗੁਰੂਆਂ ਦਾ ਅਸਰ ਡੂੰਘੀ ਤਰ੍ਹਾਂ ਕਬੂਲਿਆ। ਭਾਈ ਗੁਰਦਾਸ ਤੀਸਰੇ ਤੇ ਛੇਵੇਂ ਗੁਰੂ ਸਾਹਿਬਾਨ ਦਾ ਸਮਕਾਲੀ ਰਿਹਾ ਇਸ ਲਈ ਉਸ ਨੂੰ ਸਿਖ ਲਹਿਰ ਦੇ ਮੁਖ ਝੁਕਾਵਾਂ ਨੂੰ ਸਮਝਣ ਤੇ ਜੀਉਣ ਦਾ ਕਾਫ਼ੀ ਅਵਸਰ ਮਿਲਦਾ ਰਿਹਾ। ਉਸ ਸਮੇਂ ਦੇ ਸਿੱਖ ਗੁਰੂ-ਵਿਅਕਤੀਆਂ ਨੂੰ ਕਿਸੇ ਦ੍ਰਿਸ਼ਟੀ ਨਾਲ ਵੇਖਦੇ ਤੇ ਉਨ੍ਹਾਂ ਦੇ ਉਪਦੇਸ਼ਾਂ ਦੀ ਸਪਿਰਿਟ ਨੂੰ ਕਿੰਨਾ ਕੁ ਸਹੀ ਰੂਪ ਵਿਚ ਕਬੂਲਦੇ ਸਨ, ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਲਈ ਇਸ ਲਿਖਾਰੀ ਦਾ ਸਾਹਿਤ ਕਾਫ਼ੀ ਸਹਾਇਤਾ ਕਰਦਾ ਹੈ। ਸਿੱਖ ਰਵਾਇਤ ਭਾਈ ਗੁਰਦਾਸ ਨੂੰ ਗੁਰੂਆਂ ਦੀ ਕਵਿਤਾ ਦਾ ਵਿਆਖਿਆਕਾਰ ਮੰਨਦੀ ਹੈ, ਪਰ ਉਸਦੀ ਵਿਆਖਿਆ ਤੋਂ ਉਸਦੇ ਸਮਕਾਲੀ ਸਿੱਖਾਂ ਦੇ ਗੁਰੂਆਂ ਵਲ ਪ੍ਰਤੀਕਰਮ ਬਾਬਤ ਵਧੇਰੇ ਜਾਣਕਾਰੀ ਪਰਾਪਤ ਹੁੰਦੀ ਹੈ। ਗੁਰੂ ਨਾਨਕ ਨੇ ਬ੍ਰਾਹਮਣ ਸ਼੍ਰੇਣੀ, ਜੋ ਜਗਤ-ਗੁਰੂ ਮੰਨੀ ਜਾਂਦੀ ਸੀ, ਦੀ ਥਾਂ ਤੇ ਗ਼ੈਰ ਬ੍ਰਾਹਮਣ ਵਿਅਕਤੀਆਂ ਨੂੰ ਜਗਤ-ਗੁਰੂ ਸਥਾਪਤ ਕਰਨ ਦੇ ਜਤਨ ਅਰੰਭੇ ਸਨ। ਭਾਈ ਗੁਰਦਾਸ ਦੀ ਕਵਿਤਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀ ਗ਼ੈਰ-ਮੁਸਲਮ ਜਨਤਾ ਨੇ ਗੁਰੂਆਂ ਨੂੰ ਬ੍ਰਾਹਮਣਾਂ, ਜੋਗੀਆਂ ਆਦਿ ਤੋਂ ਉਚੇਰੇ ਸਤਿਕਾਰ ਦੇ ਪਾਤਰ ਸਵੀਕਾਰ ਕਰ ਲਿਆ ਸੀ। ਜਿਸ ਭਰਪੂਰ ਲਹਿਜੇ ਨਾਲ ਇਸ ਗੁਰੂ-ਪ੍ਰੇਮੀ ਨੇ ਪਹਿਲੀ ਵਾਰ ਵਿਚ ਗੁਰੂ ਨਾਨਕ ਦੀਆਂ ਭੇਖੀ ਜੋਗੀਆਂ ਪੀਰਾਂ ਉੱਤੇ ਜਿੱਤਾਂ ਦਾ ਵਰਣਨ ਕੀਤਾ ਹੈ, ਉਸ ਤੋਂ ਸਿੱਧ ਹੈ ਕਿ ਉਸ ਦੇ ਭਾਵ ਨਿਜੀ ਨਹੀਂ, ਸਮੂਹਕ ਹਨ ਤੇ ਉਸ ਦੇ ਸ੍ਰੋਤੇ ਵੀ ਗੁਰੂ ਨਾਨਕ ਨੂੰ ਪੂਜ [ਬ੍ਰਾਹਮਣ ਦੇ ਇਸ਼ਟਾਂ, ਅਵਤਾਰਾਂ, ਦੇਵਤਿਆਂ, ਰਿਸ਼ੀਆਂ ਆਦਿਕ ਤੇ ਤੁਲ ਮੰਨਣ ਲਗ ਪਏ ਸਨ। ਗੁਰੂ-ਕੇਂਦਰ ਦੁਆਲੇ ਇਕਾਗਰ ਹੋਣ ਕਰਕੇ ਸਿੱਖਾਂ ਵਿਚ ਜੋ ਸਮੂਹਕ ਚੇਤਨਤਾ ਪੈਦਾ ਹੋ ਰਹੀ ਸੀ, ਉਸ ਦੀਆਂ ਕਈ ਨਿਸ਼ਾਨੀਆਂ ਇਸ ਕਵਿਤਾ ਵਿਚ ਮਿਲ ਜਾਂਦੀਆਂ ਹਨ। ਭਾਈ ਗੁਰਦਾਸ ਨੇ ਨਾ ਕੇਵਲ ਕਾਫ਼ੀ ਗਿਣਤੀ ਦੇ ਸਿੱਖਾਂ ਜਾਂ ਗੁਰਮੁਖਾਂ ਦੇ ਨਾਵਾਂ ਨੂੰ ਹੀ ਡੂੰਘੇ ਸਤਿਕਾਰ ਨਾਲ ਯਾਦ ਕੀਤਾ ਹੈ, ਬਲਕਿ ਉਨ੍ਹਾਂ ਦੇ ਸਮਸਤ ਸਰੂਪ, ਗੁਰਮੁਖ ਪੰਥ ਦੀ ਵੀ ਬਹੁਤ ਵਡਿਆਈ ਕੀਤੀ ਹੈ। ਇਸ ਤੋਂ ਅਨੁਮਾਨ ਬਣਦਾ ਹੈ ਕਿ ਪੰਜਵੇਂ, ਛੇਵੇਂ ਗੁਰੂ ਦੇ ਸਮੇਂ ਤਕ ਗੁਰੂ ਸਾਹਿਬਾਂ ਦੇ ਪੈਰੋਕਾਰਾਂ ਵਿਚ ਬ੍ਰਾਹਮਣੀ ਸਮਾਜ ਤੋਂ ਵੱਖਰੀ ਇਕ ਨਵੀਂ ਸਮਾਜਕ ਇਕਾਈ ਦੇ ਮੈਂਬਰ ਹੋਣ ਦਾ ਤਿੱਖਾ ਅਹਿਸਾਸ ਪੈਦਾ ਹੋ ਚੁਕਾ ਸੀ। ਭਾਈ ਗੁਰਦਾਸ ਨੇ ਗੁਰੂ ਨਾਨਕ ਦੀ ਮਿਸਾਲ ਨੂੰ ਕਾਇਮ ਰਖਦੇ ਹੋਏ ਪੁਰਾਤਨ ਸਮਾਜ ਤੇ ਬੁਨਿਆਦੀ ਵਰਤਾਰਿਆਂ, ਸੁਭਾਵਾਂ, ਰੀਤਾਂ, ਵਹਿਮਾਂ, ਸਿਧਾਂਤਾਂ, ਗ੍ਰੰਥਾਂ ਤੇ ਇਸ਼ਟਾਂ ਦੀ ਬੜੀ ਕਰੜੀ ਪੜਚੋਲ ਤੇ ਆਲੋਚਨਾ ਕੀਤੀ ਤੇ ਉਸ ਨਾਲ ਗੁਰਮੁਖ ਪੰਥ ਦੀ ਤੁਲਨਾ ਕਰ ਕੇ ਨਵੇਂ ਸਮਾਜ ਦੇ ਅੰਗਾਂ ਨੂੰ ਸੱਚੇ ਦਿਲੋਂ ਸਲਾਹਿਆ। ਹੇਠਲੀਆਂ ਦੋ ਪਉੜੀਆਂ ਵਿਚ ਗੁਰਮੁਖ ਪੰਥ ਦੇ, ਇਕ ਸੁਤੰਤਰ ਹਸਤੀ ਧਾਰਨ ਕਰਨ ਦੇ ਜਤਨਾਂ ਦਾ, ਬੜਾ ਸਪਸ਼ਟ ਵਰਣਨ ਹੈ :—

(ੳ) ਗੁਰਮੁਖ ਹੋਵੈ ਸਾਧ ਸੰਗ ਹੋਰਤ ਸੰਗ ਕੁਸੰਗ ਨ ਰਚੈ।
ਗੁਰਮੁਖ ਪੰਥ ਸੋਹੇਲੜਾ ਬਾਰਹ ਪੰਥ ਨਾ ਖੇਚਲ ਖਚੈ।
ਗੁਰਮੁਖ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਪਰਚੈ।
ਗੁਰਮੁਖ ਨਿਹਚਲ ਮਤਿ ਹੈ ਦੂਜੈ ਭਾਇ ਲੁਭਾਇ ਨ ਪਚੈ
ਗੁਰਮੁਖ ਭਾਇ ਭਗਤਿ ਚਹਿ ਮਚੈ। ੧। [ਵਾਰ ੫

www.PunjabiLibrary.com

(ਅ) ਜਤ ਸਤ ਸੰਜਮ ਹੋਮ ਜੱਗ, ਜਪ ਤਪ ਦਾਨ ਪੁੰਨ ਬਹੁਤੇਰੇ
ਰਿਧ ਸਿਧ ਨਿਧ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ
ਵੀਰਾਰਾਧਣ ਜੋਗਣੀ, ਮੜੀ ਮਸਾਣ ਵਿਡਾਣ ਘਨੇਰੇ
ਪੂਰਕ ਕੁੰਭਕ ਰੇਚਕਾ, ਨਿਵਲੀ ਕਰਮ ਭੁਇਅੰਗਮ ਘੇਰੇ
ਸਿੱਧਾਸਨ ਪਰਚੇ ਘਨੇ, ਹਠ ਨਿਗ੍ਰਹ ਕਉਤਕ ਲਖ ਹੇਰੇ
ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ।
ਪੁਰਾ ਵਰਤ ਉਪਾਰਣੇ ਵਰ ਸਰਾਪ ਸ਼ਿਵ ਸ਼ਕਤਿ ਲਾਵੇਰੇ।
ਸਾਧ ਸੰਗਤ ਗੁਰ ਸ਼ਬਦ ਵਿਣ ਥਾਉ ਨ ਪਾਇਨ ਭਲੇ ਭਲੇਰੇ।
ਕੂੜ ਇਕ ਗੰਢੀਂ ਸਉ ਫੇਰੇ। ੭। [ਵਾਰ ੫

ਉਪਰੋਕਤ ਪਰਕਾਰ ਦੀ ਕਵਿਤਾ ਤੋਂ ਪੰਜਾਬ ਦੇ ਲੋਕਾਂ ਦਾ ਇਕ ਸਰਬੋਤਮ, ਸੁਤੰਤਰ ਤੇ ਸਭ ਜੀਵਨ ਔਕੜਾਂ ਦਾ ਹੱਲ ਕਰਨ ਵਾਲੀ ਸਮਾਜਕ ਜਥੇਬੰਦੀ ਵਿਚ ਪੱਕ ਰਿਹਾ ਵਿਸ਼ਵਾਸ਼ ਟਪਕਦਾ ਹੈ। ਇਸ ਦ੍ਰਿੜ੍ਹ ਵਿਸ਼ਵਾਸ਼ ਤੇ ਸਮੂਹਕ ਸ਼ਕਤੀ ਦੇ ਅਹਿਸਾਸ ਦਾ ਸਦਕਾ ਉਹ ਆਪਣੇ ਅੰਦਰ ਸਮਾਜ ਦੀਆਂ ਪਰਧਾਨ ਸ਼ਰੇਣੀਆਂ ਨਾਲ ਟੱਕਰ ਲੈਣ ਦੀ ਸਮਰੱਥਾ ਪੈਦਾ ਕਰ ਚੁਕੇ ਸਨ। ਗੁਰੂ ਅਰਜਨ ਦੇ ਵੇਲੇ ਤਕ ਬ੍ਰਾਹਮਣਾਂ ਤੇ ਜੋਗੀਆਂ ਦਾ ਰਸੂਖ ਕਾਫ਼ੀ ਘਟ ਗਿਆ ਲਗਦਾ ਹੈ ਤੇ ਸਿਖ ਸੰਗਤਾਂ ਦੇ ਹੌਂਸਲੇ ਕਾਫ਼ੀ ਵਧੇ ਹੋਏ ਹਨ। ਭਾਈ ਗੁਰਦਾਸ ਗੁਰੂ-ਵਿਰੋਧੀਆਂ ਦੀ ਅਸਫ਼ਲਤਾ ਬਿਆਨ ਕਰਨ ਉਪਰੰਤ ਉਨ੍ਹਾਂ ਦੇ ਸਿੱਖਾਂ ਦੀ ਦਿਨ ਬਦਿਨ ਵਧ ਰਹੀ ਗਿਣਤੀ ਵੇਖ ਕੇ ਪਰਸੰਨਤਾ ਦੇ ਭਾਵ ਪਰਗਟ ਕਰਦਾ ਹੈ :

(ੳ) ਗੁਰ ਸਿਖ ਸਾਸ ਅਸੰਖ ਜਗ,
ਧਰਮਸਾਲ ਥਾਇ ਥਾਇ ਸੁਹਾਇਆ।
(ਅ) ਇਕ ਸਿਖ ਦੁਇ ਸਾਧ ਸੰਗ, ਪੰਜੀਂ ਪਰਮੇਸਰ।
ਨਗਰ ਨਗਰ ਮਹਿ ਸਹੰਸ ਸਿਖ ਦੇਸ ਦੇਸ ਲਖੇਸਰ।

ਗੁਰੂ ਦੀ ਮਹੱਤਤਾ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਹੈ ਤੇ ਗੁਰਮੁਖ ਦਾ ਦਰਜਾ ਵੀ ਉੱਥੇ ਬਹੁਤ ਉਚਿਆ ਕੇ ਦੱਸਿਆ ਗਿਆ ਹੈ। ਭਾਈ ਗੁਰਦਾਸ ਨੇ ਵੀ ਗੁਰੂ ਤੇ ਗੁਰਮੁਖ ਦੀ ਬਹੁਤ ਵਡਿਆਈ ਕੀਤੀ ਹੈ ਪਰ ਗੁਰਮੁਖਾਂ ਦੀ ਸਮੂਹਕ ਹਸਤੀ ਦਾ ਜਸ ਜਿਸ ਤੀਬਰਤਾ ਨਾਲ ਇਸ ਕਵੀ ਦੀ ਲੇਖਣੀ ਵਿਚ ਆਇਆ ਹੈ, ਉਸ ਤੋਂ ਪਹਿਲਾਂ ਉਸ ਤਰ੍ਹਾਂ ਦਾ ਨਹੀਂ ਆਇਆ। ਭਾਰਤ ਵਿਚ ਪੁਰਾਣੇ ਸਮੇਂ ਤੋਂ ਅਵਤਾਰਾਂ ਨੂੰ ਰੱਬ ਦਾ ਸਰੂਪ ਮੰਨਿਆ ਜਾਂਦਾ ਸੀ ਤੇ ਧਾਰਮਕ ਗ੍ਰੰਥ ਵੀ ਰੱਬੀ ਬਾਣੀ ਮੰਨ ਕੇ ਪੂਜੇ ਜਾਂਦੇ ਸਨ। ਗੁਰੂ ਤੇ ਗੁਰਬਾਣੀ ਦੇ ਸਤਿਕਾਰ ਰਾਹੀਂ ਇਹ ਦੋਵੇਂ ਰਵਾਇਤਾਂ ਨਵਾਂ ਰੂਪ ਧਾਰ ਕੇ ਸਿੱਖਾਂ ਵਿਚ ਪਰਚਲਤ ਹੋ ਗਈਆਂ ਸਨ, ਪਰ ਗੁਰਮੁਖਾਂ ਦੀ ਸੰਗਤ ਨੂੰ ਰੱਬ ਦਾ ਸਰੂਪ ਜਾਂ ਰੱਬ ਦਾ ਸਥਾਨ ਮੰਨਣ ਦਾ ਵੀਚਾਰ ਨਵੇਂ ਸਮੇਂ ਵਿਚ ਉਪਜ ਰਹੇ ਲੋਕਵਾਦੀ ਝੁਕਾਵਾਂ ਦਾ ਸੂਚਕ ਸੀ। ਭਾਈ ਗੁਰਦਾਸ ਨੇ ਇਸ ਵੀਚਾਰ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰਵਾਇਆ ਹੈ :—

(ੳ) ਸਾਧ ਸੰਗਤ ਸਚੁ ਖੰਡ ਹੈ ਭਾਉ ਭਗਤਿ ਅਭਿਆਸੀ।
ਚਹੁ ਵਰਨਾਂ ਉਪਦੇਸ਼ ਕਰਿ ਗੁਰਮਤਿ ਪਰਗਾਸੀ।
(ਅ) ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰ ਸਾਧ ਸੰਗਤ ਵਿਚ ਵਸੇ।
ਸ਼ਬਦ ਸੁਰਤਿ ਆਰਾਧੀਐ, ਭਾਇ ਭਗਤਿ ਭੈ ਸਹਜ ਵਿਗਸੇ।
ਨਾ ਉਹ ਮਰੈ ਨ ਸੋਗ ਹੋਇ, ਦੇਂਦਾ ਰਹੇ ਨ ਭੋਗ ਵਿਣਸੈ
ਗੁਰੂ ਸਮਾਣਾ ਆਖੀਐ ਸਾਧ ਸੰਗਤਿ ਅਬਨਾਸੀ ਹਸੇ।

ਛਿਅਵੀਂ ਪੀੜੀ ਗੁਰੂ ਦੀ, ਗੁਰ ਸਿਖਾਂ ਪੀੜੀ ਕੋ ਦਸੇ।
ਸਚ ਨਾਉ ਸਚ ਦਰਸ਼ਨੋ, ਸੱਚ ਖੰਡ ਸਤਿਸੰਗ ਸਰਸੈ।
ਪਿਰਮ ਪਿਆਲਾ ਸਾਧ ਸੰਗਿ, ਭਗਤ ਵਛਲ ਪਾਰਸ ਪਰਸੈ।
ਨਿਰੰਕਾਰ ਅਕਾਰ ਕਰ, ਹੋਇ ਅਕਾਲ ਅਜੋਨੀ ਜਸੈ।
ਸਚਾ ਸਚ ਕਸਉਟੀ ਕਸੈ। ੧੨। [ਵਾਰ ੩੯

ਗੁਰੂ ਹਰਗੋਬਿੰਦ ਦੇ ਸਮੇਂ ਦੇ ਸਿੱਖ ਆਪਣੀ ਸਮੂਹਕ ਹਸਤੀ ਦੇ ਮਾਣ ਨਾਲ ਭਰੇ, ਪੁਰਾਣੇ ਲੀਡਰਾਂ ਤੋਂ ਸੁਤੰਤਰਤਾ ਪਰਾਪਤ ਕਰ ਚੁਕੇ ਤੇ ਨਵੇਂ ਜੀਵਨ ਦੀ ਉੱਤਮਤਾ ਨੂੰ ਮਹਿਸੂਸ ਕਰ ਰਹੇ ਗੁਰੂ ਨਾਨਕ ਦੇ ਵਿਸ਼ਵਾਰਥੀ ਦ੍ਰਿਸ਼ਟੀਕੋਣ ਨੂੰ ਅਪਨਾਉਂਦੇ ਸਨ ਜਾਂ ਇਕ ਵੱਖਰੀ ਸੰਪ੍ਰਦਾ ਵਿਚ ਸੀਮਤ ਹੋਣ ਤੇ ਹੋਰਨਾਂ ਸੰਪ੍ਰਦਾਵਾਂ ਪ੍ਰਤੀ ਵਿਰੋਧ ਭਾਵ ਰੱਖਣ ਵਾਲੇ ਰਾਹ ਤੇ ਚਲ ਰਹੇ ਸਨ, ਇਹ ਜਾਚਣ ਲਈ ਵੀ ਭਾਈ ਗੁਰਦਾਸ ਦੀ ਕਵਿਤਾ ਕੁਝ ਮੱਦਦ ਕਰਦੀ ਹੈ। ਇਹ ਲਿਖਾਰੀ ਸਿੱਖਾਂ ਨੂੰ ਨਿੰਮ੍ਰਤਾ ਦੇ ਗੁਣ ਧਾਰਨ ਦੀ ਬਹੁਤ ਤਾਕੀਦ ਕਰਦਾ ਹੈ ਤੇ ਹਿੰਦੂ ਮੁਸਲਮਾਨ ਨੂੰ ਸਮ-ਦ੍ਰਿਸ਼ਟੀ ਨਾਲ ਦੇਖਣਾ ਵੀ ਉਨ੍ਹਾਂ ਦਾ ਇਕ ਕਰਤੱਵ ਗਿਣਦਾ ਹੈ। ਪਰ ਬਾਵਜੂਦ ਅਜੇਹੇ ਅੰਗਾਂ ਦੇ ਉਸ ਦੀ ਕਵਿਤਾ ਤੋਂ ਸਮੁੱਚਾ ਪ੍ਰਭਾਵ ਇਹ ਪੈਂਦਾ ਹੈ ਕਿ ਉਹ ਗੁਰੂ ਸਾਹਿਬਾਂ ਦੀਆਂ ਸ਼ਖ਼ਸੀਅਤਾਂ, ਉਨ੍ਹਾਂ ਦੀ ਬਾਣੀ ਤੇ ਉਨ੍ਹਾਂ ਦੇ ਧਰਮ ਦੀ, ਬਾਕੀ ਧਰਮਾਂ, ਉਨ੍ਹਾਂ ਦੇ ਗ੍ਰੰਥਾਂ ਤੇ ਉਨ੍ਹਾਂ ਦੇ ਮੋਢੀਆਂ ਤੋਂ ਉੱਤਮਤਾ ਦਾ ਪੱਕਾ ਵਿਸ਼ਵਾਸੀ ਸੀ ਤੇ ਇਸ ਵਿਸ਼ਵਾਸ਼ ਅਧੀਨ ਕਈ ਵਾਰੀ ਹੋਰਨਾਂ ਮਤਾਂ ਦਾ ਜ਼ਿਕਰ ਕੁਝ ਵਧੇਰੇ ਹੀ ਤਿੱਖੇ ਢੰਗ ਨਾਲ ਕਰ ਜਾਂਦਾ ਸੀ :

(ੳ) ਮਨ ਬਚ ਕਰਮ ਸਿ ਭਰਮਦੇ ਸਾਧ ਸੰਗਤ ਸਤਿਗੁਰ ਨ ਸਿਞਾਣੈ।
ਫਕੜ ਹਿੰਦੂ ਮੁਸਲਮਾਣੈ। ੧੬। [ਵਾਰ ੨੩

(ਅ) ਸੁਖ ਸਾਗਰ ਗੁਰ ਛਡ ਕੇ, ਭਵਜਲ ਅੰਦਰ ਭੰਭਲ ਭੂਸੇ।
ਲਹਰੀ ਨਾਲ ਪਛਾੜੀਅਨਿ, ਹਉਮੈਂ ਅਗਨੀ ਅੰਦਰ ਲੂਸੇ।
ਜਮ ਦਰ ਬਧੇ ਮਾਰੀਅਨਿ, ਜਮਦੂਤਾਂ ਦੇ ਧਕੇ ਧੂਸੇ।
ਗੋਇਲ ਵਾਸਾ ਚਾਰ ਦਿਨ, ਨਾਉ ਧਰਾਇਨਿ ਈਸੇ ਮੂਸੇ।
ਘਟ ਨ ਕੋਇ ਅਖਾਇੰਦਾ, ਆਪੋ ਧਾਪੀ ਹੋਰਤ ਹੂਸੇ।
ਸਾਇਰ ਦੇ ਮਰਜੀਵੜੇ, ਕਰਨਿ ਮਜੂਰੀ ਖੇਚਲ ਖੂਸੇ।
ਗੁਰੁ ਪੂਰੇ ਵਿਣ ਡਾਂਗ ਡੰਗੂਸੇ। ੧੩। [ਵਾਰ ੧੫

ਸ਼ਾਇਦ ਇਸ ਤਿੱਖੇਪਣ ਦਾ ਕਾਰਨ ਇਹ ਸੀ ਕਿ ਉਸ ਸਮੇਂ ਸਿੱਖ ਪੰਥ ਦਿਨ ਬਦਿਨ ਅੱਗੇ ਵਧਣ ਦੇ ਬਾਵਜੂਦ ਦੁਸ਼ਮਨਾਂ ਨਾਲ ਘਿਰਿਆ ਹੋਇਆ ਸੀ ਤੇ ਆਪਣੀ ਹਸਤੀ ਨੂੰ ਕਾਇਮ ਰੱਖਣ ਲਈ ਬੜੀ ਕਠਨ ਜਦੋ ਜਹਿਦ ਕਰ ਰਿਹਾ ਸੀ। ਜਦੋ ਜਹਿਦ ਦੇ ਵਾਯੂਮੰਡਲ ਵਿਚ ਵਿਰੋਧੀਆਂ ਪ੍ਰਤੀ ਕਠੋਰ ਸ਼ਬਦ ਵਰਤੇ ਜਾਣੇ ਕੁਝ ਸੁਭਾਵਕ ਹੁੰਦੇ ਹਨ। ਵੈਸੇ ਵੀ ਉਸ ਸਮੇਂ ਪੰਜਾਬੀਆਂ ਦੀਆਂ ਆਮ ਧਾਰਮਕ ਸੰਪ੍ਰਦਾਵਾਂ ਮਨੁੱਖੀ ਗੁਣਾਂ ਤੋਂ ਇੰਨੀਆਂ ਕੋਰੀਆਂ ਸਨ ਕਿ ਹਰ ਮਨੁੱਖਵਾਦੀ ਨੂੰ ਉਨ੍ਹਾਂ ਦਾ ਖੋਲ੍ਹ ਕੇ ਖੰਡਨ ਕਰਨਾ ਪੈਂਦਾ ਸੀ। ਗੁਰੂ ਨਾਨਕ ਦੀ ਤਰ੍ਹਾਂ ਭਾਈ ਗੁਰਦਾਸ ਦੇ ਖੰਡਨ ਦਾ ਮੰਤਵ ਤਾਂ ਦੰਭੀ ਕੱਟੜਪੰਥੀ ਤੇ ਆਚਾਰਹੀਣ ਧਾਰਮਕ ਆਗੂਆਂ ਦੇ ਅਸਰ ਹੇਠੋਂ ਪੰਜਾਬ ਦੀ ਜਨਤਾ ਨੂੰ ਆਜ਼ਾਦ ਕਰ ਕੇ ਸਾਂਝੀ ਕੌਮੀਅਤ ਲਈ ਉਨ੍ਹਾਂ ਨੂੰ ਤਿਆਰ ਕਰਨਾ ਹੀ ਸੀ, ਪਰ ਪਹਿਲੇ ਗੁਰੂ ਵਰਗੀ ਸੰਭਲੀ ਹੋਈ ਸ਼ਬਦਾਵਲੀ ਨਾ ਵਰਤ ਸਕਣ ਕਰਕੇ ਭਾਈ ਗੁਰਦਾਸ ਗੁਰੂਆਂ ਦੇ ਸਮਾਜਕ ਮੰਤਵਾਂ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਨਹੀਂ ਕਰ ਸਕਿਆ। ਗੁਰੂ ਸਾਹਿਬਾਂ ਦੀ ਸਪਿਰਿਟ ਨੂੰ ਪੂਰਨ ਰੂਪ ਵਿਚ ਸਭ ਸਿੱਖ ਨਹੀਂ ਧਾਰ ਸਕਦੇ ਸਨ। ਆਪੋ ਆਪਣੇ ਵਿਤ ਤੇ ਜਤਨ ਅਨੁਸਾਰ ਕੋਈ ਉਨ੍ਹਾਂ ਦੇ ਆਦਰਸ਼ਾਂ ਨੂੰ ਬਹੁਤ ਹਦ ਤੀਕ ਆਪਣੇ ਜੀਵਨ ਵਿਚ ਢਾਲ

ਲੈਂਦਾ ਸੀ, ਕੋਈ ਘਟ। ਭਾਈ ਗੁਰਦਾਸ ਵਧੀਆ ਸਿੱਖਾਂ ਵਿੱਚੋਂ ਸੀ, ਪਰ ਗੁਰੂਆਂ ਜਿੰਨਾ ਪੂਰਨ ਨਹੀਂ ਸੀ। ਉਸ ਦੀ ਸਿੱਧੀ ਤੇ ਕਈ ਵਾਰੀ ਖੁਲ੍ਹੀ-ਡੁਲ੍ਹੀ ਬੋਲੀ ਪੰਜਾਬੀ ਜਨਤਾ ਦੇ ਤੇਜ਼ ਤੇ ਨਿਰਸੰਕੋਚ ਸੁਭਾ ਦੀ ਯਾਦ ਕਰਵਾ ਦੇਂਦੀ ਹੈ, ਭਾਵੇਂ ਸਿਖ ਆਦਰਸ਼ਾਂ ਦੀ ਵਿਆਖਿਆ ਦੇ ਸੰਬੰਧ ਵਿਚ ਭੁਲੇਖਾ ਉਪਜਾਉਣ ਦਾ ਕਾਰਨ ਵੀ ਬਣ ਜਾਂਦੀ ਹੋਵੇ।

(ੳ) ਕਿਆ ਨੀਸਾਣੀ ਮੀਣਿਆ ਖੋਟਸਾਲੀ ਸਿਕੈ।
ਸਿਰੇ ਸਿਰ ਪਾਹਣੀ ਮਾਰੀਅਨ, ਓਇ ਪੀਰ ਫਿਟਿਕੇ। ੮। [ਵਾਰ ੩੬

(ਅ) ਜਿਉ ਮੂਹ ਭੰਨੇ ਗਰੀ ਦੇ, ਨਲੀਏਰ ਨੀਸਾਣੀ
ਬੇਮੁਖ ਲੋਹਾ ਸਾਧੀਐ, ਵਗਦੀ ਵਾਦਾਣੀਂ। ੧੩। [ਵਾਰ ੩੪

ਗੁਰੂ ਨਾਨਕ ਦੀਆਂ ਸਤਰਾਂ 'ਮੂਰਖ ਗੰਢੁ ਪਵੈ ਮੁਹਿ ਸਾਰ' ਜਾਂ 'ਫਿਕਾ ਮੂਰਖੁ ਆਖੀਐ ਪਾਣਾ ਲਹੇ ਸਜਾਇ' ਜਾਂ ਗੁਰੂ ਅਰਜਨ ਦੀ 'ਸੰਤ ਕੇ ਨਿੰਦਕ' ਦੀ ਨਿਖੇਧੀ ਦੀ ਤਰ੍ਹਾਂ, ਉਪਰੋਕਤ ਸਤਰਾਂ ਵਿਚਲੀ ਤੁਰਸ਼ੀ ਦਾ ਅਸਲ ਮੰਤਵ ਤਾਂ ਔਗੁਣਹਾਰਿਆਂ ਨੂੰ ਝੰਜੋੜ ਕੇ ਸਿੱਧੇ ਰਾਹ ਪਾਉਣਾ ਜਾਂ ਸਿੱਖਾਂ ਨੂੰ ਉਨ੍ਹਾਂ ਦੀ ਸੰਗਤ ਤੋਂ ਵਰਜਣਾ ਹੈ, ਪਰ ਇਨ੍ਹਾਂ ਤੋਂ ਗੁਰੂ-ਆਕੀਆਂ ਨਾਲ ਤਸ਼ੱਦਦ ਵਰਤਣ ਦੀ ਉਕਸਾਹਟ ਮਿਲਣੀ ਵੀ ਐਨ ਸੰਭਵ ਹੈ। ਮੁਗ਼ਲ ਸਾਮਰਾਜ ਦੀ ਕਰੋਪੀ ਦੇ ਸ਼ਿਕਾਰ ਬਣ ਰਹੇ ਸਿੱਖਾਂ ਵਿਚ ਆਪਣੀਆਂ ਸਫ਼ਾਂ ਨੂੰ ਮਜ਼ਬੂਤ ਰੱਖਣ ਦੀ ਲਾਲਸਾ ਬਹੁਤ ਤੀਬਰ ਸੀ ਤੇ ਇਨ੍ਹਾਂ ਵਿਚ ਤੇੜਾਂ ਪਾਉਣ ਵਾਲਿਆਂ ਨੂੰ ਕਦਾਚਿਤ ਬਰਦਾਸ਼ਤ ਨਹੀਂ ਸੀ ਕੀਤਾ ਜਾ ਸਕਦਾ। ਗੁਰੂ ਅਰਜਨ ਨੇ ਆਪਣੇ ਵੱਡੇ ਭਰਾ ਦੀ ਦੁਸ਼ਮਣੀ ਨੂੰ ਜਿਸ ਸਬਰ, ਸ਼ਾਂਤੀ ਤੇ ਅਹਿੰਸਾ ਦੀ ਸਪਿਰਿਟ ਨਾਲ ਨਜਿੱਠਿਆ ਸੀ, ਉਹ ਉਨ੍ਹਾਂ ਦੇ ਆਪਣੇ ਆਦਰਸ਼ਾਂ ਦੇ ਬਿਲਕੁਲ ਅਨੁਕੂਲ ਸੀ, ਪਰ ਸਮਾਜਕ ਸੂਝ ਵਿਚ ਦਿਨ-ਬਦਿਨ ਪੱਕੇ ਹੋ ਰਹੇ ਸਿੱਖ ਪ੍ਰਿਥੀ ਚੰਦ ਆਦਿਕਾਂ ਦੀਆਂ ਮੁਗ਼ਲਾਂ ਨਾਲ ਸਾਜ਼ਸ਼ਾਂ ਨੂੰ ਆਪਣੀ ਸਮੂਹਕ ਹਸਤੀ ਲਈ ਚੈਲੰਜ ਸਮਝਦੇ ਸਨ ਤੇ ਉਨ੍ਹਾਂ ਪ੍ਰਤੀ ਬੜੇ ਕਠੋਰ ਭਾਵਾਂ ਨਾਲ ਭਰੇ ਹੋਏ ਸਨ। ਭਾਈ ਗੁਰਦਾਸ ਦੀ ਕਵਿਤਾ ਵਿੱਚੋਂ ਉਸ ਸਮਾਜਕ ਸੂਝ ਦੀ ਕਿਤੇ ਕਿਤੇ ਝਲਕ ਮਿਲ ਜਾਂਦੀ ਹੈ ਚਾਹੇ ਉਸ ਦੇ ਲਫ਼ਜ਼ ਗੁਰੂ ਸਾਹਿਬ ਦੀਆਂ ਕਸੌਟੀਆਂ ਉੱਤੇ ਪੂਰੇ ਨਹੀਂ ਉਤਰਦੇ ਜਾਪਦੇ। ਪਰ ਬਾਵਜੂਦ ਗੁਰੂ-ਆਕੀਆਂ ਜਾਂ ਅਨਮਤੀਆਂ ਪ੍ਰਤੀ ਖਰ੍ਹਵੇ ਸ਼ਬਦ ਵਰਤਣ ਦੇ, ਭਾਈ ਗੁਰਦਾਸ ਅਜੇਹੇ ਵਿਸ਼ਿਆਂ ਵਿਚ ਉੱਨੀ ਡੂੰਘੀ ਦਿਲਚਸਪੀ ਨਹੀਂ ਲੈਂਦਾ ਜਿੰਨੀ ਸਿੱਖਾਂ ਦੇ ਸਦਾਚਾਰਕ ਤੇ ਰਹੱਸਵਾਦੀ ਜੀਵਨ ਨੂੰ ਉਚਿਆਉਣ ਵਿਚ। ਉਸ ਦੀ ਕਵਿਤਾ ਦਾ ਵੀ ਬਹੁਤ ਘਟ ਭਾਗ ਸਿੱਧੇ ਤੌਰ ਤੇ ਸਿੱਖ ਜੀਵਨ ਦੇ ਸਮਾਜਕ ਪੱਖਾਂ ਨਾਲ ਸਬੰਧਤ ਹੈ। ਉਸ ਦਾ ਸਭ ਤੋਂ ਪਰਧਾਨ ਵਿਸ਼ਾ ਸ਼ਾਇਦ ਸ਼ਬਦ ਸੁਰਤਿ ਦਾ ਸੰਜੋਗ ਹੈ। ਜਿਸ ਸੂਖਮਤਾ ਤੇ ਸੁਗਮਤਾ ਨਾਲ ਉਹ ਆਤਮਕ ਵਿਕਾਸ ਦੇ ਕਈ ਅੰਗ ਇੱਕੋ ਕਵਿਤਾ ਵਿਚ ਦਸ ਜਾਂਦਾ ਹੈ ਉਸ ਤੋਂ ਇਸ਼ਾਰਾ ਮਿਲਦਾ ਹੈ ਕਿ ਉਸ ਦੀ ਕਵਿਤਾ ਦਾ ਆਧਾਰ ਕੇਵਲ ਗੁਰਬਾਣੀ ਦੀ ਬੌਧਕ ਸਮਝ ਹੀ ਨਹੀਂ, ਕਿਸੇ ਚੰਗੇ ਪੱਧਰ ਦਾ ਆਤਮਕ ਅਨੁਭਵ ਵੀ ਸੀ।

ਰਾਗ ਨਾਦ ਵਿਸਮਾਦ ਹੋਇ ਗੁਣ ਗਹਿਰ ਗੰਭੀਰਾ।
ਸ਼ਬਦ ਸੁਰਤ ਲਿਵ ਲੀਨ ਹੋਇ, ਅਨਹਦ ਧੁਨ ਧੀਰਾ।
ਜੰਤ੍ਰੀ ਜੰਤ੍ਰ ਵਜਾਇੰਦਾ, ਮਨ ਉਨਮਨ ਚੀਰਾ
ਵਜ ਵਜਾਇ ਸਮਾਇ ਲੈ, ਗੁਰ ਸ਼ਬਦ ਵਜੀਰਾ।
ਅੰਤਰਯਾਮੀ ਜਾਣੀਐ, ਅੰਤਰਿ ਗਤਿ ਪੀਰਾ।
ਗੁਰ ਚੇਲਾ ਚੇਲਾ ਗੁਰੂ, ਬੇਧ ਹੀਰੇ ਹੀਰਾ। ੮। [ਵਾਰ ੯

ਉਹ ਭਾਵੇਂ ਸਿੱਖ ਲਹਿਰ ਦੇ ਵਿਕਾਸ ਵਿਚ ਇਕ ਬੜੇ ਮਹੱਤਵ-ਪੂਰਨ ਮੋੜ (ਰਾਜਸੀ ਝੁਕਾਵਾਂ ਦੀ ਉਤਪਤੀ) ਦਾ ਦਰਸ਼ਕ ਸੀ ਤੇ ਉਸ ਦਾ ਸਹਾਈ ਵੀ, ਪਰ ਉਸ ਨੂੰ ਇਹ ਡੂੰਘਾ ਯਕੀਨ ਸੀ ਕਿ ਇਸ ਲਹਿਰ ਦੀਆਂ ਬੁਨਿਆਦਾਂ ਰਹੱਸਵਾਦੀ ਜੀਵਨ ਵਿਚ ਹਨ ਤੇ ਉਨ੍ਹਾਂ ਨੂੰ ਪੱਕਿਆਂ ਕੀਤੇ ਬਗ਼ੈਰ ਇਸ ਦਾ ਸਮਾਜਕ ਅਥਵਾ ਰਾਜਸੀ ਰੋਲ ਨਿਭ

ਨਹੀਂ ਸਕੇਗਾ। ਰਾਜਸੀ ਸਰਗਰਮੀਆਂ ਦੇ ਭਖੇ ਹੋਏ ਵਾਤਾਵਰਨ ਵਿਚ ਲਿਖਦਾ ਤੇ ਆਪਣੀ ਸ਼ੈਲੀ ਰਾਹੀਂ ਇਸ ਵਾਤਾਵਰਨ ਨੂੰ ਪ੍ਰਤੀਬਿੰਬਦਾ ਵੀ, ਉਹ ਆਪਣੇ ਧਿਆਨ ਦਾ ਕੇਂਦਰ ਵਧ ਤੋਂ ਵਧ ਪੰਜਾਬੀਆਂ ਦੀ ਰੱਬ ਨਾਲ ਅਭੇਦਤਾ ਨੂੰ ਰਖਦਾ ਹੈ, ਤੇ ਗੁਰੂਆਂ ਦਾ ਸਭ ਤੋਂ ਵਧ ਕ੍ਰਿਤੱਗ ਇਸ ਲਈ ਹੁੰਦਾ ਹੈ ਕਿ ਉਹ ਇਸ ਮਨੋਰਥ ਦੀ ਪੂਰਤੀ ਲਈ ਪੰਜਾਬੀਆਂ ਨੂੰ ਸੁਚੱਜੀ ਅਗਵਾਈ ਦੇ ਰਹੇ ਹਨ :—

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਯਾ।
ਭਉਜਲ ਵਿਚੋਂ ਕਢ ਕੇ, ਮੁਕਤਿ ਪਦਾਰਥ ਮਾਹਿ ਸਮਾਯਾ।
ਜਨਮ ਮਰਨ ਭਉ ਕਟਿਆ, ਸੰਸਾ ਰੋਗ ਵਿਜੋਗ ਮਿਟਾਯਾ।
ਸੰਸਾ ਇਹ ਸੰਸਾਰ ਹੈ, ਜਨਮ ਮਰਨ ਵਿਚ ਦੁਖੁ ਸਬਾਯਾ।
ਜਮਦੰਡ ਸਿਰੋਂ ਨ ਉਤਰੇ, ਸਾਕਤ ਦੁਰਜਨ ਜਨਮ ਗਵਾਯਾ।
ਚਰਨ ਗਹੇ ਗੁਰਦੇਵ ਕੇ ਸਤਿ ਸਬਦ ਦੇ ਮੁਕਤ ਕਰਾਯਾ।
ਭਾਉ ਭਗਤਿ ਗੁਰਪੁਰਬ ਕਰੁ, ਨਾਮ ਦਾਨ ਇਸ਼ਨਾਨ ਦ੍ਰਿੜਾਯਾ।
ਜੇਹਾ ਬੀਉ ਤੇਹਾ ਫਲ ਪਾਯਾ। ੧। [ਵਾਰ ੧

ਗੁਰੂਆਂ ਦੇ ਰੂਹਾਨੀ ਪ੍ਰਭਾਵ ਨੂੰ ਡੂੰਘਾਈ ਨਾਲ ਕਬੂਲਣ ਕਰਕੇ ਭਾਈ ਗੁਰਦਾਸ ਨੂੰ ਪਜਾਬ ਦੇ ਸੰਤ-ਕਵੀਆਂ ਵਿਚ ਸਤਿਕਾਰ ਦਾ ਦਰਜਾ ਪਰਾਪਤ ਹੈ।

## ਗੁਰੂ ਹਰਗੋਬਿੰਦ ਤੋਂ ਗੁਰੂ ਗੋਬਿੰਦ ਸਿੰਘ ਤਕ

ਗੁਰੂ ਅਰਜਨ ਦੀ ਸ਼ਹੀਦੀ ਨੇ ਉਨ੍ਹਾਂ ਨੂੰ ਪ੍ਰੇਮ ਕਰਨ ਵਾਲੇ ਜਾਗ੍ਰਤ ਪੰਜਾਬੀ ਲੋਕਾਂ ਦੇ ਦਿਲਾਂ ਵਿਚ ਨਿਰਾਸਤਾ ਜਾਂ ਸਹਿਮ ਦੇ ਭਾਵ ਪੈਦਾ ਨਾ ਕੀਤੇ। ਅਪਣੇ ਪਿਆਰੇ ਗੁਰੂ ਨੂੰ ਭਿਆਨਕ ਤਸੀਹੇ ਝੱਲਦਿਆਂ ਦੇਖ ਕੇ ਉਨ੍ਹਾਂ ਦਾ ਆਪਣਾ ਦਿਲ ਉਸ ਤੋਂ ਜਾਨਾਂ ਵਾਰ ਦੇਣ ਨੂੰ ਕਰਦਾ ਹੋਵੇਗਾ, ਪਰ ਜਿਸ ਤਰ੍ਹਾਂ ਦੀ ਸਮਾਜਕ ਸੋਝੀ ਉਨ੍ਹਾਂ ਅੰਦਰ ਪੈਦਾ ਹੋ ਚੁਕੀ ਸੀ, ਉਹ ਉਨ੍ਹਾਂ ਨੂੰ ਗੰਭੀਰ ਬਣਾ ਕੇ ਉਸ ਸ਼ਹੀਦੀ ਦੇ ਕਾਰਨਾਂ ਨੂੰ ਸੋਚਣ ਤੇ ਸਮਝਣ ਦਾ ਰੁਖ਼ ਦੇ ਗਈ। ਉਨ੍ਹਾਂ ਨੇ ਆਪਣੀਆਂ ਸ਼ਕਤੀਆਂ ਨੂੰ ਉਪਭਾਵਕ ਤੇ ਉਛਾਲੂ ਢੰਗਾਂ ਨਾਲ ਗਵਾਉਣ ਦੀ ਬਜਾਏ ਜੱਥੇਬੰਦ ਤੇ ਸੁਲਝੇ ਹੋਏ ਢੰਗ਼ਾ ਨਾਲ ਵਰਤਣ ਦਾ ਪ੍ਰਣ ਧਾਰਿਆ ਤਾਂ ਕਿ ਗੁਰੂ ਅਰਜਨ ਦੇ ਆਦਰਸ਼ਾਂ ਦੀ ਪੂਰਤੀ ਨੂੰ ਨੇੜੇ ਲਿਆਂਦਾ ਜਾ ਸਕੇ। ਗੁਰੂ ਹਰਗੋਬਿੰਦ ਨੇ ੧੬੦੬ ਈ: ਵਿਚ ਗੁਰੂ ਅਰਜਨ ਦੀ ਗੱਦੀ ਸੰਭਾਲਦਿਆਂ ਹੀ ਇਨਕਲਾਬੀ ਪ੍ਰੋਗਰਾਮ ਦਾ ਮੁੱਢ ਬੰਨ੍ਹਦਿ ਤਾ। ਉਨ੍ਹਾਂ ਦਾ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣਾ ਇਹ ਪਰਤੱਖ ਕਰਨਾ ਸੀ ਕਿ ਸਿੱਖ ਲਹਿਰ ਮੀਰੀ ਅਥਵਾ ਰਾਜਸੀ ਸ਼ਕਤੀ ਦੀ ਪਰਾਪਤੀ ਨੂੰ ਪੀਰੀ ਅਥਵਾ ਰਹੱਸਵਾਦੀ ਜੀਵਨ ਦੇ ਪਰਤਿਕੂਲ ਨਹੀਂ ਮੰਨਦੀ। ਪੰਜਾਬ ਵਿਚ ਨਵੇਂ ਰਾਜ ਅਸਥਾਪਨ ਕਰਨ ਦੇ ਇਰਾਦੇ ਨੇ ਹੀ 'ਮੀਰੀ' ਸ਼ਬਦ ਦੀ ਵਰਤੋਂ ਕਰਵਾਈ ਸੀ। ਪੀਰੀ ਦੀ ਤਲਵਾਰ ਧਾਰਨ ਕਰਨ ਦਾ ਮੰਤਵ ਇਹ ਸੂਚਨਾ ਦੇਣਾ ਸੀ ਕਿ ਪੰਜਾਬ ਦੇ ਲੋਕਾਂ ਨੂੰ ਰਹੱਸਵਾਦੀ ਜੀਵਨ ਦੀ ਅਗਵਾਈ ਦੇਣ ਲਈ ਵੀ ਤਲਵਾਰ ਦੀ ਵਰਤੋਂ ਅਵੱਸ਼ ਹੋ ਗਈ ਹੈ। ਲੋਕਾਂ ਦੀਆਂ ਰਹੱਸਵਾਦੀ ਲੋੜਾਂ ਦੀ ਪੂਰਤੀ ਨੂੰ ਸਿੱਖ ਗੁਰੂ ਮਜ਼ਬੂਤੀ ਤੇ ਇਸਤਕਲਾਲ ਨਾਲ ਸਿਰੇ ਚੜ੍ਹਾ ਰਹੇ ਸਨ। ਰਹੱਸਵਾਦੀ ਜੀਵਨ ਦੀ ਪਰਫੁਲਤਾ ਵਿਚ ਹੀ ਉਹ ਸਥਾਈ ਅਮਨ ਤੇ ਮਨੁੱਖਤਾ ਦੀਆਂ ਸੰਪੂਰਨ ਸੰਭਾਵਨਾਵਾਂ ਦੇ ਵਿਕਾਸ਼ ਦੀ ਗਰੰਟੀ ਮੰਨਦੇ ਸਨ। ਰਹੱਸਵਾਦੀ ਜੀਵਨ ਵੱਡੀ ਗਿਣਤੀ ਦੇ ਪੰਜਾਬੀਆਂ ਦੀ ਪਹੁੰਚ ਵਿਚ ਆ ਜਾਣ ਕਰਕੇ ਹੀ ਉਨ੍ਹਾਂ ਵਿਚ ਸਮਾਜਕ ਸੁਧਾਰ ਤੇ ਰਾਜਸੀ ਇਨਕਲਾਬ ਦੀ ਲਗਨ ਉਪਜੀ ਸੀ। ਪੰਜਾਬ ਵਿਚ ਲੋਕ-ਹਿਤੂ ਰਾਜ ਅਸਥਾਪਨ ਕਰਨ ਦਾ ਪ੍ਰਣ ਰਹੱਸਵਾਦੀ ਲਹਿਰ ਦੇ ਬਲਵਾਨ ਹੋ ਜਾਣ ਦਾ ਇਕ ਫਲ ਵੀ ਸੀ ਤੇ ਇਸ ਨੂੰ

ਬੇਰੋਕ ਜਾਰੀ ਰੱਖਣ ਦਾ ਇਕ ਸਾਧਨ ਵੀ। ਗੁਰੂ ਹਰਗੋਬਿੰਦ ਦੀਆਂ ਦੋ ਤਲਵਾਰਾਂ ਸਿੱਖ ਲਹਿਰ ਵਿਚ ਰਹੱਸਵਾਦੀ ਤੇ ਸਮਾਜਕ ਪੱਖਾਂ ਦੀ ਸਮਾਨ-ਮਹੱਤਤਾ ਦਾ ਚਿੰਨ੍ਹ ਸਨ। ਉਨ੍ਹਾਂ ਦੀ ਮੀਰੀ ਕਿਸੇ ਇਕ-ਪੁਰਖੀ ਰਾਜ ਦਾ ਸੰਕਲਪ ਨਹੀਂ ਸੀ ਬਲਕਿ ਮੁਗ਼ਲ ਸਮਰਾਟਾਂ ਦੀ ਤਾਕਤ ਨੂੰ ਪੰਜਾਬ ਦੇ ਸੁਸਿਖਿਅਤ ਲੋਕਾਂ ਵਿਚ ਵੰਡ ਦੇਣ ਦਾ ਸੁਪਨਾ ਸੀ। ਉਨ੍ਹਾਂ ਦੀ ਪੀਰੀ ਲੋਕ-ਰਾਜ ਤੋਂ ਵੀ ਅੱਗੇ ਲੋਕਾਂ ਲਈ ਵਿਸ਼ਵਾਰਥੀ ਜੀਵਨ ਦੀ ਪਰਾਪਤੀ ਦਾ ਸੰਕਲਪ ਸੀ। ਸਿੱਖ ਲਹਿਰ ਦੀ ਵਿਸ਼ੇਸ਼ਤਾ ਕੇਵਲ ਇਨਕਲਾਬੀ ਪ੍ਰੋਗਰਾਮ ਨੂੰ ਇਸ ਲਹਿਰ ਦੇ ਮਨੋਰਥਾਂ ਵਿਚ ਸ਼ਾਮਲ ਕਰਨਾ ਹੀ ਨਹੀਂ ਸੀ ਬਲਕਿ ਇਹ ਸਿੱਧ ਕਰਨਾ ਸੀ ਕਿ ਰਹੱਸਵਾਦੀ ਜੀਵਨ ਇਨਕਲਾਬੀ ਜ਼ਹਿਨੀਅਤ ਤੇ ਸੰਤੁਸ਼ਟ ਸਮਾਜ ਪੈਦਾ ਕਰਨ ਦੀ ਸਮਰੱਥਾ ਰਖਦਾ ਹੈ। ਜੇ ਇਸ ਦਾ ਵਿਕਾਸ਼ ਉੱਚੇ ਪੱਧਰਾਂ ਤਕ ਪਹੁੰਚ ਜਾਵੇ। ਗੁਰੂ ਹਰਗੋਬਿੰਦ ਤੇ ਉਨ੍ਹਾਂ ਤੋਂ ਬਾਦ ਦੇ ਗੁਰੂ ਪੰਜਾਬੀ ਲੋਕਾਂ ਨੂੰ ਰਹੱਸਵਾਦੀ ਬੁਨਿਆਦਾਂ ਤੋਂ ਅਵੇਸਲੇ ਹੋਣ ਵਿਰੁੱਧ ਸਦਾ ਤਾੜਨਾ ਕਰਦੇ ਰਹੇ ਭਾਵੇਂ ਲੋਕ-ਰਾਜ ਲਈ ਜਦੋ ਜਹਿਦ ਉਨ੍ਹਾਂ ਨੂੰ ਕਿੰਨਾਂ ਹੀ ਰੁਝੇਵੇਂ ਵਿਚ ਰਖਦੀ ਹੋਵੇ। ਪਰ ਜਿਹੜਾ ਰਹੱਸਵਾਦ ਲੋਕਾਂ ਦੀ ਸਪਿਰਿਟ ਨੂੰ ਬਲਵਾਨ ਬਣਾਉਣ ਵਿਚ ਸਹਾਈ ਨਾ ਹੋਵੇ ਉਸ ਨੂੰ ਉਹ ਖੋਟਾ ਸਿਕਾ ਕਰਾਰ ਦੇਂਦੇ ਸਨ। ਸਿੱਖ ਗੁਰੂਆਂ ਦੀ ਤਲਵਾਰ ਧਾਰਨ ਦੀ ਨੀਤੀ ਨਾ ਤਾਂ ਰਹੱਸਵਾਦੀ ਆਦਰਸ਼ਾਂ ਦੀ ਪਕੜ ਢਿੱਲੀ ਪੈਣ ਦੀ ਸੂਚਕ ਸੀ ਤੇ ਨਾ ਨਿਰੋਲ ਧਰਮ ਦੀ ਰੱਖਿਆ ਦਾ ਵਸੀਲਾ। ਉਹ ਫ਼ਕੀਰੀ ਜੀਵਨ ਤੋਂ ਮੂੰਹ ਮੋੜ ਕੇ ਸੰਸਾਰੀ ਕੀਮਤਾਂ ਨੂੰ ਤਰਜੀਹ ਦੇਣ ਵਾਲੇ ਰਾਜਸੀ ਮਨੁੱਖ ਨਹੀਂ ਹੋ ਗਏ ਸਨ, ਨਾ ਹੀ ਧਰਮ ਦੇ ਪਰਚਾਰ ਦੀਆਂ ਰੁਕਾਵਟਾਂ ਦੂਰ ਕਰਨ ਲਈ ਲੜਨ ਵਾਲੇ ਧਾਰਮਕ ਜੋਧੇ। ਉਹ ਮਨੁੱਖੀ ਜੀਵਨ ਦੀ ਚਾਲ ਨੂੰ ਕੁਦਰਤੀ ਧੂਹ ਅਨੁਸਾਰ ਅੱਗੇ ਵਧਣ ਦੇ ਵਧ ਤੋਂ ਵਧ ਅਵਸਰ ਦੇਣ ਦੇ ਇੱਛਕ ਸਨ। ਇਹ ਧੂਹ ਰੂਹਾਨੀ ਜੀਵਨ, ਸਮੂਹਕ ਚੇਤਨਤਾ ਤੇ ਰਾਜਸੀ ਸੁਤੰਤਰਤਾ ਦੀ ਚਾਹ ਆਪਣੇ ਆਪ ਉਪਜਾਉਂਦੀ ਜਾਂਦੀ ਹੈ ਜੇ ਇਸ ਦੇ ਸੋਮੇ ਹਰਕਤ ਵਿਚ ਲੈ ਆਂਦੇ ਜਾਣ। ਗੁਰੂ ਗੋਬਿੰਦ ਸਿੰਘ ਨੇ ਜੀਵਨ ਦੀ ਅਜੇਹੀ ਚਾਲ ਨੂੰ ਆਪਣੇ ਜੀਵਨ-ਕਰੱਤਬਾਂ ਰਾਹੀਂ ਸਭ ਤੋਂ ਵਧ ਤੀਬਰਤਾ ਨਾਲ ਸਾਕਾਰ ਕੀਤਾ। ਲੋਕ-ਜੀਵਨ ਦੇ ਜਿੰਨੇ ਪੱਖਾਂ ਦੀ ਉਸਾਰੀ ਵਲ ਉਨ੍ਹਾਂ ਨੇ ਧਿਆਨ ਦਿੱਤਾ ਉਸ ਤੋਂ ਇਸ਼ਾਰਾ ਮਿਲਦਾ ਹੈ ਕਿ ਉਨ੍ਹਾਂ ਨੂੰ ਮਨੁੱਖੀ ਜੀਵਨ ਦੀਆਂ ਸੰਭਾਵਨਾਵਾਂ ਦੀ ਵਿਸ਼ਾਲਤਾ ਦਾ ਡੂੰਘਾ ਗਿਆਨ ਸੀ ਤੇ ਉਹ ਰਹਸਵਾਦੀ ਲੋਕਾਂ ਦਾ ਰਾਜਸੀ ਸੁਤੰਤਰਤਾ ਤੇ ਕੌਮੀਅਤ ਦੀ ਸਥਾਪਨਾ ਲਈ ਜਦੋ ਜਹਿਦ ਕਰਨਾ ਜ਼ਿੰਦਗੀ ਦਾ ਸੁਭਾਵਕ ਗੁਣ ਮੰਨਦੇ ਸਨ। ਲੋਕਾਂ ਲਈ ਰਾਜ ਦੀ ਪਰਾਪਤੀ ਦੀ ਲਾਲਸਾ ਨੂੰ ਉਹ ਆਤਮਕ ਦ੍ਰਿਸ਼ਟੀਕੋਣ ਤੋਂ ਕੋਈ ਅਯੋਗ ਜਾਂ ਗੌਣ ਇੱਛਾ ਨਹੀਂ ਸਮਝਦੇ ਸਨ ਬਲਕਿ ਜੀਵਨ ਦੀ ਸਹੀ ਸੇਧ ਦਾ ਇਕ ਸਬੂਤ ਮੰਨਦੇ ਸਨ। ਗੁਰੂ ਅਰਜਨ ਦੀ ਸ਼ਹੀਦੀ ਨੇ ਜੋ ਰਾਜਸੀ ਸੇਧ ਸਿੱਖ ਲਹਿਰ ਨੂੰ ਦਿੱਤੀ ਸੀ ਤੇ ਜਿਸ ਦੇ ਇਸ਼ਾਰੇ ਗੁਰੂ ਨਾਨਕ ਦੇ ਜੀਵਨ ਤੇ ਸਾਹਿਤ ਵਿਚ ਵੀ ਮਿਲਦੇ ਹਨ, ਉਸਦਾ ਸਭ ਤੋਂ ਨਿਖਰਿਆ ਹੋਇਆ ਪਰਗਟਾ ਗੁਰੂ ਗੋਬਿੰਦ ਸਿੰਘ ਦੇ ਜੀਵਨ ਵਿਚ ਹੋਇਆ, ਜਦੋਂ ਉਨ੍ਹਾਂ ਨੇ ਪੰਜਾਬ ਦੀ ਨਿਗੂਣੀ ਸਮਝੀ ਜਾਂਦੀ ਜਨਤਾ ਦਾ ਸੁਤੰਤਰਤਾ ਮਾਣਨ ਦਾ ਹੱਕ ਨਿਰਸੰਕੋਚ ਹੋ ਕੇ ਦ੍ਰਿੜ੍ਹ ਕਰਵਾਇਆ। ਗਿਆਨੀ ਗਿਆਨ ਸਿੰਘ ਨੇ ਉਨ੍ਹਾਂ ਦੇ ਭਾਵਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :—

ਨਾਮ ਗਰੀਬ ਨਿਵਾਜ਼ ਹਮਾਰਾ। ਹੈ ਜਗ ਮੇਂ ਪਰਸਿਧ ਅਪਾਰਾ।
ਸੋ ਸਫ਼ਲ ਜਗ ਮੇਂ ਤਬ ਥੈਹੈ। ਲਘੂ ਜਾਤਨ ਕੋ ਬਡਪਣ ਦੈਹੈ!
ਜਿਨ ਕੀ ਜਾਤ ਬਰਣ ਕੁਲ ਮਾਹੀ। ਸਰਦਾਰੀ ਕਹਿੰ ਭਈ ਕਦਾਂਈ।
ਇਨ ਹੀ ਕੋ ਸਰਦਾਰ ਬਨਾਵੋਂ। ਤਬੀ ਗੋਬਿੰਦ ਸਿਘ ਨਾਮ ਕਹਾਵੋਂ।

ਗੁਰੂ ਨਾਨਕ ਤੋਂ ਬਾਦ ਚਾਰ ਗੁਰੂਆਂ ਦੀਆਂ ਸਰਗਰਮੀਆਂ ਦਾ ਖੇਤਰ ਕੇਂਦਰੀ ਪੰਜਾਬ ਰਿਹਾ ਸੀ ਤੇ ਇਸ ਇਲਾਕੇ ਦੀ ਗ਼ੈਰ-ਮੁਸਲਿਮ ਜਨਤਾ ਅੰਦਰ ਨਵੇਂ ਜੀਵਨ ਦੀ ਇੱਛਾ ਪੈਦਾ ਕਰਨ ਵਿਚ ਉਹ ਬਹੁਤ ਹਦ ਤਕ ਸਫਲ ਰਹੇ ਸਨ। ਗੁਰੂ ਹਰਗੋਬਿੰਦ ਦੇ ਸਮੇਂ ਤੋਂ ਕੇਂਦਰੀ ਪੰਜਾਬ ਦੇ ਨਾਲ ਨਾਲ, ਬਲਕਿ ਇਸ ਤੋਂ ਕੁਝ ਵਧ ਹੀ, ਪੰਜਾਬ ਦੇ ਪੂਰਬੀ

ਉੱਤਰੀ ਤੇ ਦੱਖਣ-ਪੂਰਬੀ ਇਲਾਕਿਆਂ ਨੂੰ ਸਿੱਖ ਲਹਿਰ ਦੇ ਪ੍ਰਭਾਵ ਹੇਠ ਲਿਆਉਣ ਦੇ ਜਤਨ ਹੋਏ। ਗੁਰੂ ਹਰਗੋਬਿਦ ਜੀ ਨੇ ਮਾਲਵੇ ਦੇ ਸੂਰਬੀਰ ਲੋਕਾਂ ਵਿਚ ਸਿੱਖ ਲਹਿਰ ਦੇ ਆਦਰਸ਼ ਫੈਲਾਉਣ ਵਲ ਉਚੇਚਾ ਧਿਆਨ ਦਿਤਾ ਤੇ ਉਨ੍ਹਾਂ ਤੋਂ ਪਿੱਛੋਂ ਪਹਾੜੀ ਪੰਜਾਬ ਨਾਲ ਮਿਲਦੇ ਉੱਤਰੀ ਇਲਾਕਿਆਂ ਨੂੰ ਵੀ ਇਸ ਲੜੀ ਵਿਚ ਪਰੋਤਾ ਗਿਆ। ਗੁਰੂ ਹਰਿਗੋਬਿੰਦ ਨੇ ਮੁਗ਼ਲ ਫ਼ੌਜਾਂ ਨਾਲ ਛੋਟੀਆਂ ਛੋਟੀਆਂ ਲੜਾਈਆਂ ਕਰ ਕੇ ਪੰਜਾਬ ਦੇ ਲੋਕਾਂ ਵਿਚ ਰਾਜਸੀ ਇਨਕਲਾਬ ਦੇ ਸੁਪਨੇ ਜਗਾਉਣੇ ਸ਼ੁਰੂ ਕਰ ਦਿੱਤੇ ਸਨ। ਇਸ ਇਨਕਲਾਬ ਦੀ ਸਫ਼ਲਤਾ ਲਈ ਮਾਲਵੇ ਦੇ ਜੰਗਲੀ ਕਬੀਲਿਆਂ ਤੇ ਪਹਾੜੀ ਇਲਾਕਿਆਂ ਦੀਆਂ ਹਿੰਦੂ ਰਿਆਸਤਾਂ ਦੀ ਮਿਲਵਰਤਣ ਬਹੁਤ ਲਾਭਦਾਇਕ ਸਾਬਤ ਹੋ ਸਕਦੀ ਸੀ। ਗੁਰੂ ਸਾਹਿਬ ਗ਼ੈਰ-ਮੁਸਲਿਮ ਪੰਜਾਬ ਦੇ ਸਾਰੇ ਭਾਗਾਂ ਨੂੰ ਇਨਕਲਾਬੀ ਜਦੋ ਜਹਿਦ ਵਿਚ ਸ਼ਾਮਲ ਕਰਨਾ ਚਾਹੁੰਦੇ ਸਨ। ਉਹ ਤਾਂ ਸਗੋਂ ਜਿਹੜੇ ਮੁਸਲਮਾਨ, ਰਹੱਸਵਾਦੀ ਝੁਕਾਵਾਂ ਅਧੀਨ ਮੁਗ਼ਲ ਹਕੂਮਤ ਦੇ ਉਪੱਦਰਾਂ ਨੂੰ ਇਸਲਾਮ ਨਾਲ ਧਰੋਹ ਸਮਝਦੇ ਸਨ, ਉਨ੍ਹਾਂ ਦੀਆਂ ਹਮਦਰਦੀਆਂ, ਤੇ ਜੇ ਹੋ ਸਕੇ ਤਾਂ ਸਹਾਇਤਾ ਵੀ, ਹਾਸਲ ਕਰਨ ਦੇ ਹੱਕ ਵਿਚ ਸਨ। ਗੁਰੂ ਹਰਿਗੋਬਿੰਦ ਦਾ ਨਵੇਂ ਵਸਾਏ ਨਗਰ ਵਿਚ ਮੁਸਲਮਾਨਾਂ ਲਈ ਮਸੀਤ ਬਣਾਉਣਾ, ਪੀਰ ਬੁੱਧੂ ਸ਼ਾਹ ਨੇ ਆਪਣੇ ਮੁਰੀਦਾਂ ਤੇ ਬੇਟਿਆਂ ਨੂੰ ਗੁਰੂ ਗੋਬਿੰਦ ਸਿੰਘ ਦੀ ਫ਼ੌਜ ਵਿਚ ਲੜਨ ਲਈ ਭੇਜਣਾ, ਚਮਕੌਰ ਦੀ ਜੰਗ ਬਾਦ ਗੁਰੂ ਜੀ ਨੂੰ ਦੋ ਮੁਸਲਮਾਨਾਂ ਨੇ ਉੱਚ ਦਾ ਪੀਰ ਬਣਾ ਕੇ ਮੁਗ਼ਲ ਫ਼ੌਜਾਂ ਪਾਸੋਂ ਬਚਾ ਕੇ ਹਿਫ਼ਾਜ਼ਤ ਵਾਲੀ ਥਾਂ ਤੇ ਪੁਜਾਉਣਾ, ਇਹ ਸਭ ਨਿਸ਼ਾਨੀਆਂ ਹਨ ਸੁਹਿਰਦ ਸਿੱਖਾਂ ਤੇ ਮੁਸਲਮਾਨਾਂ ਦੀ ਮਨੁੱਖੀ ਸਾਂਝ ਵਧਦੇ ਜਾਣ ਦੀਆਂ। ਸਿੱਖ ਲਹਿਰ ਦੇ ਨਿਰੋਲ ਮਨੁੱਖਵਾਦੀ ਭਾਵਾਂ ਦਾ ਅਤਿ ਨਿੱਖਰਵਾਂ ਪਰਗਟਾ ਭਾਈ ਕਨ੍ਹਈਆ ਦੀ ਵਾਰਤਾ ਰਾਹੀਂ ਹੋਇਆ ਜਿਸ ਨੂੰ ਜੰਗ ਵਿਚ ਜ਼ਖ਼ਮੀ ਹੋਏ ਮੁਸਲਮਾਨ ਸਿਪਾਹੀ, ਸਾਮਰਾਜੀ ਹਿਤਾਂ ਲਈ ਲੜਨ ਦੀ ਅਵਸਥਾ ਵਿੱਚੋਂ ਨਿਕਲ ਜਾਣ ਕਰਕੇ, ਦੁਸ਼ਮਣ ਨਹੀਂ, ਮਨੁੱਖੀ ਭਾਈਚਾਰੇ ਦੇ ਅੰਗ ਦਿਸਦੇ ਸਨ। ਨਵਾਬ ਮਲੇਰ ਕੋਟਲੇ ਨੇ ਸਰਹਿੰਦ ਦੇ ਦਰਬਾਰ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਦੀਵਾਰ ਵਿਚ ਚਿਣੇ ਜਾਣ ਦੀ ਸਜ਼ਾ ਦੇ ਵਿਰੁੱਧ ਆਹ ਦਾ ਨਾਅਰਾ ਲਾ ਕੇ ਭਾਈ ਕਨ੍ਹਈਏ ਦਾ ਅਹਿਸਾਨ ਲਾਹ ਦਿੱਤਾ। ਗੁਰੂ ਸਾਹਿਬਾਂ ਦੀ ਮਨੁੱਖਵਾਦੀ ਦ੍ਰਿਸ਼ਟੀ ਦਾ ਸਭ ਤੋਂ ਵਧੀਆ ਸਬੂਤ ਉਨ੍ਹਾਂ ਦੇ ਬ੍ਰਾਹਮਣਾਂ ਨਾਲ ਸਲੂਕ ਤੋਂ ਮਿਲਦਾ ਹੈ। ਗੁਰੂ ਸੰਸਥਾ ਦੀ ਸਿੱਧੀ ਟੱਕਰ ਬ੍ਰਾਹਮਣੀ ਸ਼੍ਰੇਣੀ ਨਾਲ ਹੋਣ ਤੇ ਉਨ੍ਹਾਂ ਦੀਆਂ ਰਹੁ-ਰੀਤਾਂ ਦਾ ਕਈ ਸਦੀਆਂ ਖੰਡਨ ਕਰਦੇ ਰਹਿਣ ਦੇ ਬਾਵਜੂਦ ਜਦ ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਤੇਗ਼ ਬਹਾਦੁਰ ਪਾਸ ਔਰੰਗਜ਼ੇਬੀ ਅਤਿਆਚਾਰਾਂ ਵਿਰੁੱਧ ਸਹਾਇਤਾ ਲਈ ਅਪੀਲ ਕੀਤੀ ਤਾਂ ਉਹ ਮਜ਼ਲੂਮਾਂ ਦੇ ਸਮਾਜਕ ਔਗੁਣਾਂ ਨੂੰ ਵਿਚਾਰੇ ਬਗ਼ੈਰ ਗੁਰੂ ਨਾਨਕ ਦੀ 'ਤੈਂ ਕੀ ਦਰਦ ਨਾ ਆਇਆ' ਵਾਲੀ ਬਿਰਤੀ ਨੂੰ ਧਾਰਦੇ ਹੋਏ, ਕੇਵਲ ਮਨੁਖੀ ਦਰਦ ਨਾਲ ਪਸੀਜ ਕੇ ਉਨ੍ਹਾਂ ਦੀ ਖ਼ਾਤਰ ਸੀਸ ਵਾਰਨ ਲਈ ਤਤਪਰ ਹੋ ਗਏ। ਮਨੁੱਖੀ ਆਜ਼ਾਦੀ ਦੀ ਸੱਚੀ ਲਗਨ ਰੱਖਣ ਵਾਲਾ ਹਰ ਮਨੁੱਖ, ਜਿਸ ਵਿਰੋਧੀ ਦੇ ਵਿਚਾਰਾਂ ਨਾਲ ਮਤਭੇਦ ਰਖਦਾ ਹੈ ਉਸ ਵਿਰੋਧੀ ਦੇ ਆਪਣੇ ਵਿਚਾਰ ਕਾਇਮ ਰੱਖਣ ਦੇ ਅਧਿਕਾਰ ਲਈ ਕੁਰਬਾਨੀ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਆਪਣੇ ਮਤ ਤੋਂ ਵੱਖਰੀ ਰਹੁ-ਰੀਤ ਵਾਲੇ ਫ਼ਰੀਦ ਦੀ ਕਵਿਤਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਕੇ ਗੁਰੂ ਅਰਜਨ ਨੇ ਜਿਸ ਹਾਰਦਿਕ ਵਿਸ਼ਾਲਤਾ ਦਾ ਪਰਮਾਣ ਦਿੱਤਾ ਸੀ, ਉਸ ਤੋਂ ਵੀ ਵਧੀਕ ਵਿਸ਼ਾਲਤਾ ਦਾ ਪਰਗਟਾ ਗੁਰੂ ਤੇਗ ਬਹਾਦੁਰ ਨੇ ਬ੍ਰਾਹਮਣੀ ਰਹੁ-ਰੀਤਾਂ ਦੀ, (ਜਿਨ੍ਹਾਂ ਨੂੰ ਉਹ ਤਿਆਗਣ ਦੇ ਹਾਮੀ ਸਨ) ਰੱਖਿਆ ਕਰ ਕੇ ਕੀਤਾ, ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੀ ਸ਼ਹੀਦੀ ਦੀ ਵਿਆਖਿਆ ਕਰਦਿਆਂ ਇਸ ਸਪਿਰਿਟ ਨੂੰ ਸਹੀ ਤਰ੍ਹਾਂ ਦ੍ਰਿੜ੍ਹ ਕਰਾਇਆ :-

> ਤਿਲਕ ਜੰਞੂ ਰਾਖਾ ਪ੍ਰਭ ਤਾਕਾ।
> ਕੀਨੋ ਬਡੋ ਕਲੂ ਮਹਿ ਸਾਕਾ।

ਅਜੇਹੇ ਪਰਮਾਣਾਂ ਤੋਂ ਇਹ ਸਿੱਟਾ ਕੱਢਣਾ ਜਾਇਜ਼ ਹੈ ਕਿ ਗੁਰੂ ਹਰਿਗੋਬਿੰਦ ਦੇ ਸਮੇਂ ਤੋਂ ਸਿੱਖ ਲਹਿਰ ਵਿਚ ਜੋ ਤਬਦੀਲੀ ਆਈ, ਉਹ ਨਿਰੋਲ ਰਾਜਸੀ ਸ਼ਕਤੀ ਦੀ ਹਵਸ ਦਾ ਫਲ ਨਹੀਂ ਸੀ; ਮਨੁੱਖੀ ਆਜ਼ਾਦੀ

ਦੇ ਉਸ ਸੰਗਰਾਮ ਦਾ ਹੀ ਇਕ ਪੈਂਤੜਾ ਸੀ ਜਿਸ ਦਾ ਮੁੱਢ ਪਹਿਲੇ ਗੁਰੂ ਬੰਨ੍ਹ ਚੁਕੇ ਸਨ ਤੇ ਜੋ ਸਮੂਹਕ ਰਹੱਸਵਾਦੀ ਜੀਵਨ ਦੇ ਵਿਕਾਸ਼ ਦੀ ਇਕ ਕੜੀ ਸੀ । ਗੁਰੂ ਤੇਗ਼ ਬਹਾਦੁਰ ਨੇ ਆਪਣੀ ਕਵਿਤਾ ਵਿਚ ਦੁਨੀਆਂ ਦੀ ਨਾਸ਼ਮਾਨਤਾ ਨੂੰ ਧਿਆਨ ਗੋਚਰੇ ਕਰਵਾ ਕੇ ਦੁਨਿਆਵੀ ਕੀਮਤਾਂ ਦੀ ਜੋ ਭਰਪੂਰ ਨਿਖੇਧੀ ਕੀਤੀ ਸੀ, ਉਸ ਦਾ ਉਸ ਸਮੇਂ ਦੂਹਰਾ ਪ੍ਰਭਾਵ ਪੈਂਦਾ ਸੀ । ਇਕ ਪਾਸੇ ਇਹ ਕਵਿਤਾ ਜਨਤਾ ਦੇ ਸ੍ਵੈ-ਰਾਜ ਦੇ ਸੰਗਰਾਮ ਨੂੰ ਜਾਗੀਰਦਾਰੀ ਪਦਾਰਥਵਾਦੀ ਨੀਹਾਂ ਉੱਤੇ ਪੈ ਜਾਣ ਦੇ ਖ਼ਤਰੇ ਵਿਰੁੱਧ ਜ਼ੋਰਦਾਰ ਚਿਤਾਵਨੀ ਦਿੰਦੀ ਰਹੀ । ਦੂਸਰੇ ਪਾਸੇ ਇਸ ਸੰਗਰਾਮ ਵਿਚ ਕੁੱਦਣ ਵਾਲਿਆਂ ਦੇ ਮਨਾਂ ਉੱਤੇ ਘਰ, ਜਾਇਦਾਦ ਤੇ ਨਿੱਜੀ ਸਾਕਾਂ ਸਨਬੰਧੀਆਂ ਦੀ ਪਕੜ ਢਿੱਲੀ ਕਰ ਕੇ ਉਨ੍ਹਾਂ ਨੂੰ ਸਮਾਜਕ ਹਿਤਾਂ ਲਈ ਵਧੇਰੇ ਤਤਪਰ ਕਰਦੀ ਰਹੀ । ਗੁਰੂ ਗੋਬਿੰਦ ਸਿੰਘ ਨੂੰ ਪੰਜਾਬ ਦੇ ਲੋਕਾਂ ਨੇ, ਹਕੂਮਤ ਨਾਲ ਉਨ੍ਹਾਂ ਦੀ ਜੰਗ ਛਿੜਨ ਬਾਦ ਜੋ ਵਧ ਚੜ੍ਹ ਕੇ ਮਿਲਵਰਤਣ ਦਿੱਤੀ, ਉਸ ਦੀਆਂ ਬੁਨਿਆਦਾਂ ਪਹਿਲੇ ਤਿਆਰ ਹੋ ਚੁੱਕੀਆਂ ਸਨ । ਖ਼ਾਲਸੇ ਦੀ ਸਾਜਨਾ ਵੇਲੇ ਦਸਵੇਂ ਗੁਰੂ ਨੇ ਉੱਪਰਲੀਆਂ ਹੇਠਲੀਆਂ ਸ਼੍ਰੇਣੀਆਂ ਨੂੰ ਸਮਾਨ ਪ੍ਰਤੀਨਿਧਤਾ ਦੇ ਕੇ ਇਸ ਮਿਲਵਰਤਣ ਦਾ ਦਾਇਰਾ ਬਹੁਤ ਖੁਲ੍ਹਾ ਕਰ ਲਿਆ । ਜੇ ਸਿਖ ਲਹਿਰ ਨਿਰੋਲ ਹੇਠਲੀਆਂ ਸ਼੍ਰੇਣੀਆਂ ਦੀ ਲਹਿਰ ਬਣ ਜਾਂਦੀ ਤਾਂ ਇਸ ਦੀ ਕੌਮੀ ਜਾਗ੍ਰਤ ਤੇ ਸੰਗਠਨ ਦੀ ਸਮਰੱਥਾ ਘਟ ਜਾਂਦੀ । ਗੁਰੂ ਗੋਬਿੰਦ ਸਿੰਘ ਨੇ ਬ੍ਰਾਹਮਣਾਂ ਦੀ ਮਿਲਵਰਤਣ ਲੈਣ ਦੇ ਵੀ ਸਦਾ ਜਤਨ ਕੀਤੇ ਜੇ ਉਹ ਖ਼ਾਲਸੇ ਦੇ ਹਿਤਾਂ ਉੱਤੇ ਪਲਣ ਦੀ ਬਜਾਏ ਉਨ੍ਹਾਂ ਦੀ ਬੌਧਕ ਸੇਵਾ ਕਰ ਕੇ ਉਨ੍ਹਾਂ ਨਾਲ ਜੀਵਨ-ਸਾਂਝ ਪਾਉਣ ਦੀ ਸ਼ਰਤ ਪਰਵਾਨ ਕਰਦੇ । ਪਰ ਉਨ੍ਹਾਂ ਦੇ ਉਚੇਚੇ ਅਧਿਕਾਰਾਂ ਨੂੰ ਖ਼ਤਮ ਕਰਨ ਦੇ ਪ੍ਰੋਗਰਾਮ ਵਿਚ ਗੁਰੂ ਸਾਹਿਬ ਨੇ ਕਦੇ ਕਮਜ਼ੋਰੀ ਨਾ ਆਉਣ ਦਿੱਤੀ । ਉਨ੍ਹਾਂ ਦੀ ਕਵਿਤਾ ਵਿਚ ਖ਼ਾਲਸੇ ਦੀ ਜੋ ਸੱਚੇ ਦਿਲੋਂ ਨਿਕਲੀ ਪਰਸੰਸਾ ਹੈ, ਉਹ ਪੰਜਾਬੀ ਜਨਤਾ ਦੇ ਦਿਨ ਬਦਿਨ ਬਲਵਾਨ ਹੋ ਰਹੇ ਸਮੂਹਕ ਜੀਵਨ ਉੱਤੇ ਉਨ੍ਹਾਂ ਦੇ ਡੂੰਘੇ ਭਰੋਸੇ ਦੀ ਲਖਾਇਕ ਹੈ । ਖ਼ਾਲਸੇ ਨੇ ਚਮਕੌਰ ਦੀ ਗੜ੍ਹੀ ਵਿਚ ਤੇ ਹੋਰ ਕਈ ਵਾਰੀ ਆਪਣੇ ਸੁਤੰਤਰ ਫ਼ੈਸਲੇ ਆਪਣੇ ਗੁਰੂ ਤੋਂ ਮਨਵਾ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਗੁਰੂਆਂ ਦੇ ਆਦਰਸ਼ਾਂ ਨੂੰ ਭਲੀ ਭਾਂਤ ਗ੍ਰਹਿਣ ਕਰ ਲਿਆ ਹੈ । ਗੁਰੂ ਗ੍ਰੰਥ ਵਿਚ ਅੰਕਿਤ ਕੀਤੇ ਰਹੱਸਵਾਦੀ ਉਪਦੇਸ਼ਾਂ ਦੀ ਬੁਨਿਆਦ ਉੱਤੇ ਆਪਣੇ ਨਵੇਂ ਜੀਵਨ ਦੀ ਉਸਾਰੀ ਕਰਦੇ ਹੋਏ ਉਹ ਜੀਵਨ ਦੇ ਸਭ ਪੱਖਾਂ ਵਿਚ ਅੱਗੇ ਵਧਣ ਲਈ ਕਮਰਕਸੇ ਕਰ ਚੁਕੇ ਸਨ । ਮੁਗ਼ਲ ਸਾਮਰਾਜ ਨੂੰ ਖ਼ਤਮ ਕਰਨ ਦਾ ਉਨ੍ਹਾਂ ਦਾ ਪ੍ਰੋਗਰਾਮ ਸਹੀ ਅਰਥਾਂ ਵਿਚ ਤਾਂ ਹੀ ਸਫ਼ਲ ਹੋ ਸਕਦਾ ਸੀ ਜੇ ਉਹ ਰਹੱਸਵਾਦੀ ਜੀਵਨ ਰਾਹੀਂ ਮਨੁੱਖੀ ਏਕਤਾ ਤੇ ਸਮਾਨਤਾ ਦੇ ਆਦਰਸ਼ਾਂ ਨੂੰ ਸਦਾ ਮੁਖ ਰਖਦੇ । ਇਨ੍ਹਾਂ ਆਦਰਸ਼ਾਂ ਦੀ ਖਿੱਚ ਬਗ਼ੈਰ ਨਾ ਪੰਜਾਬ ਵਿਚ ਕੌਮੀ ਜੀਵਨ ਦੀ ਪਰਫੁਲਤਾ ਹੋ ਸਕਦੀ ਸੀ ਤੇ ਨਾ ਸਭ ਸ਼੍ਰੇਣੀਆਂ ਤੇ ਸੰਪਰਦਾਵਾਂ ਦੀ ਸੁਤੰਤਰਤਾ ਸੁਰੱਖਿਅਤ ਰਹਿ ਸਕਦੀ ਸੀ । ਖ਼ਾਲਸੇ ਨੂੰ ਰਹੱਸਵਾਦੀ ਜੀਵਨ ਨੂੰ ਧਿਆਨ ਦਾ ਕੇਂਦਰ ਬਣਾਈ ਰੱਖਣ ਦੀ ਤਾਕੀਦ ਕਰ ਕੇ ਗੁਰੂ ਗੋਬਿੰਦ ਸਿੰਘ ਨੇ ਗੁਰੂ-ਵਿਅਕਤੀਆਂ ਦਾ ਸਿਲਸਿਲਾ ਖ਼ਤਮ ਕਰ ਦਿੱਤਾ ।

## ਬੁਲ੍ਹੇਸ਼ਾਹ

(੧੬੮੦ — ੧੭੫੮ ਈ:)

ਅਕਬਰ ਦੇ ਸਮੇਂ ਸੰਸਕ੍ਰਿਤ ਗ੍ਰੰਥਾਂ ਦੇ ਫ਼ਾਰਸੀ ਅਨੁਵਾਦਾਂ ਨੇ ਮੁਸਲਮਾਨ ਵੀਚਾਰਵਾਨਾਂ ਲਈ ਭਾਰਤੀ ਸਭਿਆਚਾਰ ਤੋਂ ਪ੍ਰਭਾਵਤ ਹੋਣ ਦਾ ਜੋ ਰਾਹ ਤਿਆਰ ਕੀਤਾ ਸੀ, ਉਹ ਆਉਣ ਵਾਲੇ ਸਮੇਂ ਵਿਚ ਬਹੁਤ ਚੌੜਾ ਹੁੰਦਾ ਰਿਹਾ ਹੈ । ਦਾਰਾਸ਼ਿਕੋਹ ਵਰਗੇ ਵਿਦਵਾਨਾਂ ਨੇ ਇਸਲਾਮ ਨੂੰ ਦੁਨੀਆਂ ਦਾ ਇੱਕੋ ਇਕ ਸੱਚਾ ਮਜ਼ਹਬ ਕਹਿਣ ਵਾਲੇ ਮੁਸਲਮਾਨਾਂ ਨੂੰ ਝੂਠਾ ਸਾਬਤ ਕਰਨ ਲਈ ਸੰਸਕ੍ਰਿਤ ਸਾਹਿਤ ਦਾ ਡੂੰਘਾ ਅਧਿਐਨ ਕਰ ਕੇ ਇਸਲਾਮ ਦੇ ਮੁਖ ਸਿਧਾਂਤਾਂ ਨਾਲ ਮਿਲਦੇ ਸਿਧਾਂਤ ਹਿੰਦੂ ਗ੍ਰੰਥਾਂ ਵਿਚ ਮੌਜੂਦ ਦਸ ਦਿੱਤੇ । ਇਸ ਰਵਾਇਤ ਨੂੰ ਜਾਰੀ ਰੱਖਣ ਵਾਲਾ ਇਕ

ਹੋਰ ਵਿਦਵਾਨ ਸ਼ਾਹ ਅਨਾਇਤ ਕਾਦਰੀ ਸੀ, ਜਿਸ ਤੋਂ ਬੁਲ੍ਹੇ ਸ਼ਾਹ ਨੇ ਸੂਫ਼ੀ ਜੀਵਨ ਦੀ ਸਿਖਲਾਈ ਲਈ। ਬੁਲ੍ਹੇ ਸ਼ਾਹ ਦੇ ਰਹੱਸਵਾਦੀ ਅਨੁਭਵ ਨੇ ਜੋ ਮਨੁੱਖਵਾਦੀ ਭਾਵ ਉਸ ਦੇ ਹਿਰਦੇ ਵਿਚ ਪੈਦਾ ਕੀਤੇ ਉਨ੍ਹਾਂ ਦੀ ਪ੍ਰੋੜ੍ਹਤਾ ਕਰਨ ਲਈ ਵਿਦਵਾਨਾਂ ਦੀ ਇਹ ਰਵਾਇਤ ਉਸ ਨੂੰ ਬੜੀ ਮੁਫ਼ੀਦ ਲੱਗੀ। ਇਸ ਰਵਾਇਤ ਦੀ ਉਪਜ ਵਿਚ ਗੁਰੂ ਨਾਨਕ ਦੀ ਮਿਸਾਲ ਦਾ ਵੀ ਅਸਰ ਸੀ, ਇਹ ਮੰਨਣਾ ਅਵੱਸ਼ ਹੈ। ਗੁਰੂ ਸਾਹਿਬ ਨੇ ਰੱਬ ਦੀ ਵਿਆਪਕਤਾ ਦੇ ਸਿਧਾਂਤ ਦੇ ਅਧਾਰ ਉੱਤੇ ਸੰਪ੍ਰਦਾਇਕ ਵਿਤਕਰਿਆਂ ਦੀ ਚੇਭਨਤਾ ਨੂੰ ਮੱਧਮ ਪਾਉਣ ਦੇ ਜਤਨ ਕੀਤੇ ਸਨ। ਬੁਲ੍ਹੇ ਸ਼ਾਹ ਨੇ ਇਸ ਢੰਗ ਨੂੰ ਬੜੀ ਸਫਲਤਾ ਨਾਲ ਵਰਤਿਆ ਲਗਦਾ ਹੈ। ਹਿੰਦੂ ਮੁਸਲਮ ਭਿੰਨ-ਭੇਦਾਂ ਨੂੰ ਮਿਟਾ ਕੇ ਇਕ ਰੱਬ ਦੇ ਪਰਕਾਸ਼ ਦੀਆਂ ਵੰਨਗੀਆਂ ਦ੍ਰਿੜ੍ਹ ਕਰਾਉਣ ਵਾਲੀਆਂ ਉਸ ਦੀਆਂ ਕਾਫ਼ੀਆਂ ਗੁਰੂ ਗੋਬਿੰਦ ਸਿੰਘ ਦੇ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਵਰਗੀਆਂ ਸਤਰਾਂ ਦੀ ਗੂੰਜ ਜਾਪਦੀਆਂ ਹਨ। ਜਿਸ ਤਰ੍ਹਾਂ ਸ਼ਾਹ ਹੁਸੈਨ ਦੀ ਕਵਿਤਾ ਉੱਤੇ ਗੁਰੂਆਂ ਦੇ ਸਾਹਿਤ ਦਾ ਪ੍ਰਭਾਵ ਪਰਤੱਖ ਹੈ, ਉਸ ਤਰ੍ਹਾਂ ਬੁਲ੍ਹੇ ਸ਼ਾਹ ਦੀ ਕਵਿਤਾ ਉੱਤੇ ਨਹੀਂ, ਪਰ ਉਸ ਦੇ ਲਹਿਜੇ ਦੀ ਸਮਾਨਤਾ ਗੁਰੂ ਗੋਬਿੰਦ ਸਿੰਘ ਨਾਲ ਇੰਨੀ ਸਪਸ਼ਟ ਹੈ ਕਿ ਦੋਹਾਂ ਨੂੰ ਇਕੱਠਿਆਂ ਸੋਚਣਾ ਬਹੁਤ ਸੁਭਾਵਕ ਲਗਦਾ ਹੈ। ਲਹਿਜੇ ਤੋਂ ਛੁੱਟ ਉਸ ਦੀ ਸਪਿਰਿਟ ਵਿਚ ਕੱਟੜਪੰਥੀਆਂ ਦੇ ਨਿਧੜਕ ਖੰਡਨ ਦੀ ਜੋ ਸ਼ਕਤੀ ਹੈ, ਉਹ ਵੀ ਗੁਰੂ ਗੋਬਿੰਦ ਸਿੰਘ ਦੀ ਯਾਦ ਤਾਜ਼ਾ ਕਰਦੀ ਹੈ। ਫ਼ਰੀਦ ਤੇ ਸ਼ਾਹ ਹੁਸੈਨ ਨਾਲੋਂ ਮੁਰਸ਼ਦ ਦੀ ਪਰਸੰਸਾ ਅਤੇ ਸ਼ੁਕਰਾਨੇ ਦਾ ਬਹੁਤ ਜ਼ਿਆਦਾ ਪਰਗਟਾ ਭਾਈ ਗੁਰਦਾਸ ਨਾਲ ਉਸਦੀ ਸਾਂਝ ਪਰਗਟ ਕਰਦਾ ਹੈ ਜਿਸ ਨਾਲ ਉਸ ਦੀ ਸ਼ੈਲੀ ਦਾ ਤਿੱਖਾਪਣ ਵੀ ਮਿਲਦਾ ਹੈ। ਜਿਸ ਤਰ੍ਹਾਂ ਭਾਈ ਗੁਰਦਾਸ ਸਿੱਖ ਲਹਿਰ ਨਾਲ ਬੇਵਫ਼ਾਈ ਕਰਨ ਵਾਲੇ ਗ਼ੈਰ ਮੁਸਲਮਾਨ ਮਨੁੱਖਾਂ ਉੱਤੇ ਰੋਹ ਵਿਚ ਆ ਜਾਂਦਾ ਸੀ ਉਸ ਤਰ੍ਹਾਂ ਬੁਲ੍ਹਾ ਸ਼ਾਹ ਵੀ ਇਸਲਾਮੀ ਸਮਾਜਕ ਆਦਰਸ਼ਾਂ ਤੋਂ ਬੇਮੁਖ ਹੋਣ ਵਾਲੇ ਮੁਸਲਮਾਨਾਂ ਨਾਲ ਬੇਸਬਰਾ ਹੁੰਦਾ ਰਿਹਾ। ਕਈ ਵਾਰੀ ਤਾਂ ਇਹ ਸ਼ੱਕ ਪੈਣ ਲਗ ਜਾਂਦਾ ਹੈ ਕਿ ਬੁਲ੍ਹਾ ਅਜੇਹੇ ਮੁਸਲਮਾਨਾਂ ਦੇ ਕੁਕਰਮਾਂ ਤੋਂ ਕੌੜ ਖਾ ਕੇ ਮੁਸਲਮਾਨ ਕਹਾਉਣ ਤੋਂ ਇਨਕਾਰ ਕਰਨ ਦੀ ਹੱਦ ਤਕ ਪੁਜ ਗਿਆ ਹੋਵੇਗਾ, ਪਰ ਸੂਫ਼ੀਆਂ ਦੀ ਮੱਧਮ ਪੈ ਰਹੀ, ਲੇਕਿਨ ਹਾਲੇ ਤਕ ਜੀਊਂਦੀ, ਲਹਿਰ ਨੇ ਉਸ ਨੂੰ ਇਸਲਾਮੀ ਘੇਰੇ ਤੋਂ ਬਾਹਰ ਜਾਣ ਦੀ ਮਜਬੂਰੀ ਮਹਿਸੂਸ ਨਾ ਹੋਣ ਦਿੱਤੀ। ਕੁਰਾਨ ਦੀ ਮੁਤਬੱਰਕਤਾ ਤੋਂ ਮੂੰਹ ਫੇਰੇ ਬਗ਼ੈਰ ਉਹ ਇਸ ਵਿੱਚੋਂ ਐਸੇ ਸਿਧਾਂਤ ਲਭ ਲੈਂਦਾ ਰਿਹਾ ਜੋ ਉਸ ਦੇ ਭਾਵਾਂ ਦੀ ਪ੍ਰੋੜ੍ਹਤਾ ਕਰ ਸਕਣ। ਇਸ ਢੰਗ ਨਾਲ ਉਹ ਇਸਲਾਮੀ ਦਾਇਰਿਆਂ ਵਿਚ ਮਨੁੱਖਵਾਦੀ ਪ੍ਰਭਾਵ ਪਾਉਣ ਦੇ ਵਧੇਰੇ ਕਾਬਲ ਬਣਦਾ ਰਿਹਾ ਤੇ ਆਪਣੇ ਸਮੇਂ ਦੀ ਇਕ ਮਹਾਨ ਸਮੱਸਿਆ ਦੇ ਹੱਲ ਵਿਚ ਪਰਸੰਸਾ-ਯੋਗ ਹਿੱਸਾ ਪਾ ਗਿਆ।

# ਬੋਲੀ ਤੇ ਲਿਪੀ

# ਪੰਜਾਬੀ ਬੋਲੀ

ਜਿਸ ਸਹਿਜ ਨਾਲ ਗੁਲਾਬ ਦੀ ਪੱਤੀ ਉਤੇ ਤ੍ਰੇਲ ਉਤਰਦੀ ਹੈ, ਤਕਰੀਬਨ ਉਸੇ ਨਾਲ ਬਾਲ-ਆਤਮਾ ਵਿਚ ਬੋਲੀ ਦਾ ਪ੍ਰਵੇਸ਼ ਹੁੰਦਾ ਹੈ। ਮਾਪਿਆਂ, ਘਰ ਦੇ ਹੋਰ ਜੀਆਂ ਤੇ ਸੰਗੀਆਂ ਸਾਥੀਆਂ ਪਾਸੋਂ, ਸੁਤੇ ਹੀ, ਪਰਾਪਤ ਹੋਈ ਭਾਸ਼ਾ ਬੱਚੇ ਦੀ ਅਸਲੀ, ਮੁੱਢਲੀ ਭਾਸ਼ਾ ਹੁੰਦੀ ਹੈ। ਜਿਨ੍ਹਾਂ ਤੋਂ ਬੱਚਾ ਭਾਸ਼ਾ ਗ੍ਰਹਿਣ ਕਰਦਾ ਹੈ, ਉਨ੍ਹਾਂ ਨੂੰ ਇਹ ਦਾਤ ਅੱਗੋਂ ਆਪਣੇ ਮਾਪਿਆਂ ਤੇ ਸੰਗੀਆਂ ਸਾਥੀਆਂ ਤੋਂ ਮਿਲੀ ਹੁੰਦੀ ਹੈ ਤੇ ਇਸੇ ਤਰ੍ਹਾਂ ਉਨ੍ਹਾਂ ਦੇ ਵਡੇਰਿਆਂ ਨੇ ਆਪਣੇ ਪੂਰਵਜਾਂ ਤੋਂ ਪਰਾਪਤ ਕੀਤੀ ਹੁੰਦੀ ਹੈ। ਭਾਸ਼ਾਈ ਆਦਾਨ-ਪ੍ਰਦਾਨ ਦਾ ਇਹ ਅਮਲ ਸਦਾ ਚਲਦਾ ਰਹਿੰਦਾ ਹੈ ਤੇ ਇਸ ਦੀ ਪ੍ਰੌੜ੍ਹਤਾ ਆਪ-ਬੀਤੀ ਤੋਂ ਉਸੇ ਤਰ੍ਹਾਂ ਹੁੰਦੀ ਹੈ, ਜਿਵੇਂ ਜਗ-ਬੀਤੀ ਤੋਂ। ਪਰ ਇਉਂ ਪੁਸ਼ਤ ਦਰ ਪੁਸ਼ਤ ਤੁਰਦੀ ਬੋਲੀ ਹਰ ਪੀੜ੍ਹੀ ਵਿਚ ਉਹੀ ਨਹੀਂ ਰਹਿੰਦੀ, ਜਿਹੜੀ ਪਿਛਲੀ ਪੀੜ੍ਹੀ ਵਿਚ ਸੀ। ਸਮਾਜ ਦੀ ਅੰਦਰਲੀ ਗਤੀ ਜਾਂ ਬਾਹਰਲੇ ਪ੍ਰਭਾਵਾਂ ਕਰਕੇ ਉਚਾਰਣ, ਵਿਆਕਰਣ ਤੇ ਸ਼ਬਦ-ਸਮੂਹ ਵਿਚ ਕੁਝ ਘਾਟੇ ਜਾਂ ਵਾਧੇ ਹਮੇਸ਼ਾਂ ਹੁੰਦੇ ਹੀ ਰਹਿੰਦੇ ਹਨ। ਇਹ ਘਾਟੇ ਵਾਧੇ ਜਿਹੜੇ ਕਿ ਪਹਿਲਾਂ ਅਸਲੋਂ ਮਾਮੂਲੀ ਹੁੰਦੇ ਹਨ, ਸੈਂਕੜੇ ਸਾਲਾਂ ਪਿਛੋਂ ਇੰਨੇ ਵਧ ਜਾਂਦੇ ਹਨ ਕਿ ਕਈ ਵਾਰੀ ਇਕੋ ਭਾਸ਼ਾ ਦੇ ਅੱਡ ਅੱਡ ਪੜਾ, ਬਲਕਿ ਉਸ ਦੀਆਂ ਆਪਣੀਆਂ ਹੀ ਕਬਾਇਲੀ ਜਾਂ ਸਥਾਨਕ ਸ਼ਾਖਾਂ ਸੁਤੰਤਰ ਬੋਲੀਆਂ ਦੀ ਪਦਵੀ ਧਾਰ ਲੈਂਦੀਆਂ ਹਨ। ਫੇਰ ਵੀ ਹਰ ਥਾਂ ਤੇ ਸਮੇਂ ਦੀ ਬੋਲੀ ਆਪਣੇ ਅੰਦਰ ਭਾਸ਼ਾਈ ਸਾਕਾਂ, ਆਪਣੇ ਪਹਿਲੇ ਪੜਾਵਾਂ ਤੇ ਬਾਹਰਲੇ ਪ੍ਰਭਾਵਾਂ ਦੀਆਂ ਇਤਨੀਆਂ ਗਵਾਹੀਆਂ ਲੁਕਾਈ ਬੈਠੀ ਹੁੰਦੀ ਹੈ ਕਿ ਉਨ੍ਹਾਂ ਦੀ ਮੱਦਦ ਨਾਲ ਉਸ ਦੇ ਇਤਿਹਾਸ ਦੀ ਸਾਰੀ ਨਹੀਂ ਤਾਂ ਅੱਧ-ਪਚੱਧ ਰੂਪ-ਰੇਖਾ ਜ਼ਰੂਰ ਉਘੜ ਸਕਦੀ ਹੈ। ਇਹੀ ਹਾਲ ਸਾਡੀ ਬੋਲੀ ਦਾ ਹੈ। ਹੁਣ ਦੀ ਪੰਜਾਬੀ, ਪਿਛਲੀ ਪੰਜਾਬੀ ਦਾ ਪਰਿਵਰਤਿਤ ਰੂਪ ਹੈ ਤੇ ਪਿਛਲੀ ਪੰਜਾਬੀ ਆਪਣੇ ਤੋਂ ਪਹਿਲੀ ਭਾਸ਼ਾ ਦਾ। ਪੰਜਾਬੀ ਕਿਸ ਭਾਸ਼ਾ-ਪਰਵਾਰ ਦੀ ਲਾਡਲੀ ਹੈ ? ਇਹ ਕਿਹੜੇ ਪੜਾਵਾਂ ਵਿਚੋਂ ਲੰਘ ਕੇ ਵਰਤਮਾਨ ਅਵਸਥਾ ਉਤੇ ਪਹੁੰਚੀ ਹੈ ? ਇਸ ਉਤੇ ਕਿਹੜੇ ਭਿੰਨ ਭਿੰਨ ਪ੍ਰਭਾਵ ਪੈਂਦੇ ਰਹੇ ? ਹੁਣ ਅਸੀਂ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਲੱਭਣ ਦੇ ਜਤਨ ਕਰਦੇ ਹਾਂ।

ਆਪਣੇ ਸਰੀਰ ਦੇ ਵੱਖ ਵੱਖ ਅੰਗਾਂ ਲਈ ਪੰਜਾਬੀ ਲੋਕ ਕਿਨ੍ਹਾਂ ਸ਼ਬਦਾਂ ਦੀ ਵਰਤੋਂ ਕਰਦੇ ਹਨ ? ਕੇਸ, ਸਿਰ, ਨੈਣ, ਨਾਸ, ਹੋਠ, ਦੰਦ, ਤਾਲੂ, ਗੱਲ੍ਹ, ਗਲ ਜਾਂ ਗਲਾ, ਅਰਕ, ਉਂਗਲੀ, ਅੰਗੂਠਾ, ਪਿੱਠ, ਗਰਭ, ਆਦਿ। ਇਹ ਸਾਰੇ ਸ਼ਬਦ ਅਸਲੋਂ ਨਿਰੱਖਰ ਪੰਜਾਬੀ ਪੇਂਡੂਆਂ ਦੀ ਸ਼ਬਦਾਵਲੀ ਵਿਚ ਵੀ ਮਿਲਦੇ ਹਨ। ਸਰੀਰ ਤੋਂ ਵਧ ਨੇੜੇ ਦੀ ਤੇ ਨਿੱਜੀ ਮਲਕੀਅਤ ਕੋਈ ਨਹੀਂ ਤੇ ਇਸ ਦਿਆਂ ਅੰਗਾਂ ਲਈ ਇਹ ਸ਼ਬਦ ਸਾਰਿਆਂ ਪੰਜਾਬੀਆਂ ਵਿਚ ਪਰਚਲਿਤ ਹੋਣ ਦਾ ਅਰਥ ਇਕੋ ਹੀ ਸਕਦਾ ਹੈ ਕਿ ਇਹ ਸ਼ਬਦ ਉਨ੍ਹਾਂ ਦੀ ਆਪਣੀ ਭਾਸ਼ਾ, ਪੰਜਾਬੀ ਦੇ ਹਨ। ਪਰ ਸੰਸਕ੍ਰਿਤ ਵਿਚ ਵੀ ਇਨ੍ਹਾਂ ਅੰਗਾਂ ਲਈ ਇਹੀ, ਜਾਂ ਤਕਰੀਬਨ ਇਹੀ ਸ਼ਬਦ ਮਿਲਦੇ ਹਨ।

| ਪੰਜਾਬੀ | ਸੰਸਕ੍ਰਿਤ |
|---|---|
| ਕੇਸ | ਕੇਸ਼ |
| ਸਿਰ | ਸ਼ਿਰ |
| ਨੈਣ | ਨਯਨ |
| ਨਾਸ | ਨਾਸ ਜਾਂ ਨਾਸਿਕਾ |

| | |
|---|---|
| ਹੋਠ | ਓਸ਼ਠ |
| ਦੰਦ | ਦੰਤ |
| ਤਾਲੂ | ਤਾਲੁ |
| ਗਲ, ਗਲਾ | ਗਲ |
| ਗੱਲ੍ਹ | ਗੱਲ |
| ਅਰਕ | ਅਰਕ |
| ਉਂਗਲੀ | ਅੰਗੁਲਿ |
| ਅੰਗੂਠਾ | ਅੰਗੁਸ਼ਠ |
| ਪਿੱਠ | ਪ੍ਰਿਸ਼ਠ |
| ਗਰਭ | ਗਰਭ |

ਸਪਸ਼ਟ ਹੈ ਕਿ ਅਜੇਹੀ ਸਮਾਨਤਾ ਐਵੇਂ ਸਬੱਬ ਨਾਲ ਨਹੀਂ ਹੋ ਸਕਦੀ। ਇਸ ਦੇ ਪਿੱਛੇ ਇਕ ਬੜੀ ਭਾਰੀ ਸਾਂਝ ਹੋਵੇਗੀ। ਕੁਝ ਹੋਰ ਸ਼ਬਦ ਵੇਖ ਲਈਏ : ਖੋਪਰੀ, ਜੂੜਾ, ਮੱਥਾ, ਭਰਵੱਟੇ, ਅੱਖ, ਮੂੰਹ, ਜੀਭ, ਕੰਨ, ਹੱਥ, ਬਾਂਹ, ਆਦਿ। ਸੰਸਕ੍ਰਿਤ ਸ਼ਬਦ-ਕੋਸ਼ ਵਿਚ, ਇਹ ਸਾਰੇ ਸ਼ਬਦ ਵੀ, ਬਹੁਤ ਥੋੜ੍ਹੇ ਧੁਨੀ-ਭੇਦਾਂ ਨਾਲ ਮੌਜੂਦ ਹਨ :

| | |
|---|---|
| ਖੋਪਰੀ | ਖਰਪਰ |
| ਜੂੜਾ | ਜੂਟ |
| ਮੱਥਾ | ਮਸਤ ਜਾਂ ਮਸਤਕ |
| ਭਰਵੱਟਾ | ਭਰੂਵਰੱਤ |
| ਅੱਖ | ਅਕਸ਼ਿ |
| ਮੂੰਹ | ਮੁਖ |
| ਜੀਭ | ਜਿਹਵਾ |
| ਕੰਨ | ਕਰਣ |
| ਬਾਂਹ | ਬਾਹੁ |
| ਹੱਥ | ਹਸਤ |

ਨਿਰਸੰਦੇਹ ਇਹ ਸਾਰੇ ਸ਼ਬਦ ਸੰਸਕ੍ਰਿਤ ਵਾਲੇ ਹਨ। ਇਸੇ ਤਰ੍ਹਾਂ ਸਰੀਰ (ਸੰ: ਸ਼ਰੀਰ) ਦਿਆਂ ਹੋਰ ਅਨੇਕਾਂ ਅੰਗਾਂ ਦੇ ਸ਼ਬਦ ਵੀ ਸੰਸਕ੍ਰਿਤ ਵਾਲੇ (ਤਤਸਮ) ਜਾਂ ਸੰਸਕ੍ਰਿਤ-ਮੂਲਕ (ਤਦਭਵ) ਹਨ। ਸਰੀਰ ਤੋਂ ਬਿਨਾਂ ਸਾਡਾ ਸੰਬੰਧ ਮਾਂ ਪਿਉ, ਭੈਣ ਭਰਾ ਆਦਿ ਨਾਲ ਸਭ ਤੋਂ ਵੱਧ ਨੇੜੇ ਦਾ ਤੇ ਮੁੱਢਲਾ ਹੁੰਦਾ ਹੈ, ਇਸ ਲਈ ਇਨ੍ਹਾਂ ਸ਼ਬਦਾਂ ਦੇ ਮੂਲ ਵੀ ਵੇਖ ਲੈਣੇ ਚਾਹੀਦੇ ਹਨ।

| | |
|---|---|
| ਮਾਂ, ਮਾਤਾ | ਮਾਤਾ |
| ਅੰਮਾਂ | ਅੰਬਾ |
| ਪਿਉ, ਪਿਤਾ | ਪਿਤਾ |
| ਭਰਾ, ਭ੍ਰਾਤਾ | ਭ੍ਰਾਤਾ |
| ਭੈਣ | ਭਗਿਨੀ |
| ਮਾਮਾ | ਮਾਮ, ਮਾਤੁਲ |
| ਵਹੁਟੀ | ਵਧੂਟੀ |

| | |
|---|---|
| ਸੱਸ | ਸ਼ਸ਼ |
| ਸਹੁਰਾ | ਸ਼ਸਰ |
| ਸਾਲਾ | ਸ਼ਯਾਲ |
| ਸਾਲੀ | ਸ਼ਯਾਲ਼ੀ |
| ਨਿਨਾਣ | ਨਨਾਂਦਾ |
| ਦੇਉਰ | ਦੇਵਰ |
| ਜੇਠ | ਜਯੇਸ਼ਠ |

ਇਸੇ ਤਰ੍ਹਾਂ, ਜ਼ਰਾ ਗਿਣਤੀ ਵੱਲ ਵੀ ਨਿਗਾਹ ਮਾਰ ਲੈਣੀ ਚਾਹੀਦੀ ਹੈ :

| | |
|---|---|
| ਇਕ | ਇਕ ਜਾਂ ਏਕ |
| ਦੋ | ਦ੍ਵੌ |
| ਤਿੰਨ, ਤ੍ਰੈ | ਤ੍ਰਯ |
| ਚਾਰ | ਚਤ੍ਵਾਰ |
| ਪੰਜ | ਪੰਚ |
| ਛੇ | ਸ਼ਟ |
| ਸੱਤ | ਸਪਤ |
| ਅੱਠ | ਅਸ਼ਟ |
| ਨੌਂ | ਨਵ |
| ਦਸ | ਦਸ਼ |

ਉੱਪਰ-ਲਿਖਤ ਉਦਾਹਰਣ ਇਹ ਸਿੱਧ ਕਰਨ ਲਈ ਕਾਫ਼ੀ ਹਨ ਕਿ ਪੰਜਾਬੀ ਭਾਸ਼ਾ ਦੇ ਸ਼ਬਦ-ਸਮੂੰਹ ਦਾ ਸੰਸਕ੍ਰਿਤ ਭਾਸ਼ਾ ਨਾਲ ਬੜਾ ਮੁੱਢਲਾ ਤੇ ਨੇੜੇ ਦਾ ਸਾਕ ਹੈ, ਵਰਨਾ ਸਰੀਰ ਦਿਆਂ ਅੰਗਾਂ ਤੇ ਸਾਕ-ਸਕੀਰੀ ਤੇ ਗਿਣਤੀ ਦਿਆਂ ਸ਼ਬਦਾਂ ਦੀ ਏਨੀ ਵੱਡੀ ਮਾਤਰਾ ਸੰਸਕ੍ਰਿਤ-ਮੂਲਕ ਕਦੀ ਨਾ ਹੋ ਸਕਦੀ ।*

ਥਾਂ ਦੀ ਥੁੜ੍ਹ ਕਰ ਕੇ ਵਿਸਤ੍ਰਾਰਨ ਦੀ ਲੋੜ ਨਹੀਂ, ਵਰਨਾ ਤੁਲਨਾਵਾਂ ਨਾਲ ਇਹ ਸਪਸ਼ਟ ਕਰਨਾ ਮੁਸ਼ਕਲ ਨਹੀਂ ਕਿ ਸਿੰਧੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਲਾ, ਉੜੀਆ, ਅਸਮੀਆ ਆਦਿ ਉੱਤਰੀ ਭਾਰਤ ਦੀਆਂ ਭਾਸ਼ਾਵਾਂ ਦੇ ਮੁੱਢਲੇ ਸ਼ਬਦ-ਸਮੂਹ ਦਾ ਸੰਸਕ੍ਰਿਤ ਨਾਲ ਉਹੀ ਸੰਬੰਧ ਹੈ ਜਿਹੜਾ ਅਸੀਂ ਪੰਜਾਬੀ ਸ਼ਬਦ-ਸਮੂਹ ਦਾ ਸਿੱਧ ਕਰ ਚੁੱਕੇ ਹਾਂ। ਇਸ ਤਰ੍ਹਾਂ, ਉੱਤਰੀ-ਭਾਰਤ ਵਿਚ ਇੱਕੋ ਭਾਸ਼ਾਈ ਪਰਿਵਾਰ ਪਸਰਿਆ ਹੋਇਆ ਦਿਸਦਾ ਹੈ, ਜਿਸ ਦੀ ਵਡੇਰੀ ਸੰਸਕ੍ਰਿਤ ਸੀ।

ਸੰਸਕ੍ਰਿਤ ਉਨ੍ਹਾਂ ਆਰੀਆ ਜਾਤੀ ਦੇ ਲੋਕਾਂ ਦੀ ਭਾਸ਼ਾ ਦਾ ਨਾਂ ਹੈ, ਜਿਨ੍ਹਾਂ ਨੇ ਸਾਡੇ ਇਤਿਹਾਸ ਦੇ ਆਰੰਭ ਵਿਚ ਉੱਤਰ-ਭਾਰਤ ਨੂੰ ਆਪਣਾ ਵਸੇਬਾ ਬਣਾਇਆ । ਇਨ੍ਹਾਂ ਦੀ ਭਾਸ਼ਾ ਦਾ ਸਭ ਤੋਂ ਪਹਿਲਾ ਨਮੂਨਾ ਰਿਗ ਵੇਦ ਵਿਚੋਂ ਮਿਲਦਾ ਹੈ, ਜਿਸ ਦਾ ਰਚਣ-ਕਾਲ ੧੨੦੦–੧੦੦੦ ਪੂਰਵ-ਈਸਾ ਮੰਨਿਆ ਜਾਂਦਾ ਹੈ। ਈਰਾਨ ਦੀ ਪੁਰਾਣੀ ਰਚਨਾ 'ਅਵਸਤਾ' ਦਾ ਰਿਗ ਨਾਲ ਬਹੁਤ ਨੇੜੇ ਦਾ ਭਾਸ਼ਾਈ ਸੰਬੰਧ ਹੈ। ਇਥੋਂ ਤਕ ਕਿ 'ਅਵਸਤਾ' ਦੇ ਪਰਾਚੀਨਤਮ ਭਾਗ ਵਿਚ ਅਜੇਹੀਆਂ ਤੁਕਾਂ ਲੱਭਣੀਆਂ ਸੰਭਵ ਹਨ ਜਿਨ੍ਹਾਂ ਵਿਚ ਬੱਝੇ ਨਿਯਮਾਂ ਅਨੁਸਾਰ ਧੁਨੀਆਤਮਕ ਤਬਦੀਲੀਆਂ

* ਡਾ: ਮੋਹਨ ਸਿੰਘ ਜੀ ਨੇ 'ਭਾਰਤੀਯ ਵਾਂਙਮਯ' ( ਸੰਪਾਦਕ ਡਾ: ਨਗੇਂਦ੍ਰ ) ਸਾਹਿਤਯ ਸਦਨ, ਚਿਰਗਾਂਵ, ਝਾਂਸੀ, ੨੦੧੫ ਵਿ. ਵਿਚ ੫੦੦ ਸੰਸਕ੍ਰਿਤ-ਮੂਲਕ ਪੰਜਾਬੀ ਸ਼ਬਦਾਂ ਦੀ ਸੂਚੀ ਦਿੱਤੀ ਹੈ।

ਕਰ ਕੇ ਸਮਝ ਆ ਸਕਣ ਵਾਲੀ ਸੰਸਕ੍ਰਿਤ ਬਣਾਈ ਜਾ ਸਕਦੀ ਹੈ।† ਭਾਰਤ ਤੇ ਈਰਾਨ ਤੋਂ ਬਿਨਾਂ ਏਸ਼ੀਆ ਤੇ ਯੂਰਪ ਦੇ ਹੋਰ ਅਨੇਕਾਂ ਦੇਸਾਂ ਵਿਚ ਜਿਥੇ ਜਿਥੇ ਆਰੀਆ ਜਾਤੀ ਦੇ ਲੋਕ ਪਹੁੰਚੇ, ਆਪਣੀ ਭਾਸ਼ਾ ਨਾਲ ਲੈ ਗਏ। ਇਨ੍ਹਾਂ ਦੀ ਤੁਲਨਾ ਕਰ ਕੇ ਵਿਦਵਾਨਾਂ ਨੇ ਸਿੱਧ ਕੀਤਾ ਹੈ ਕਿ ਭਾਰੋਪੀ (ਭਾਰਤੀ-ਯੂਰਪੀ) ਤੇ ਭਾਰਤੀ-ਆਰੀਆਈ ਭਾਸ਼ਾਵਾਂ ਵਿਚ ਰਿਗ ਵੇਦ ਤੋਂ ਪਹਿਲਾਂ ਦੇ ਸਮੇਂ ਵਿਚ ਹੀ ਉਪਭਾਸ਼ਾਵਾਂ ਮੌਜੂਦ ਸਨ। ਰਿਗ ਵਿਚ ਭਾਸ਼ਾਈ ਪ੍ਰਯੋਗਾਂ ਦੀ ਅਨੇਕਤਾ ਤੋਂ ਵੀ ਇਹੀ ਨਤੀਜਾ ਨਿਕਲਦਾ ਹੈ। ਮਿਸਾਲ ਵਜੋਂ, ਸੰਪਰਦਾਨ ਕਾਰਕ ਵਾਸਤੇ ਵੈਦਿਕ ਵਿਚ ਤੇਰ੍ਹਾਂ ਪ੍ਰੱਤੈ ਪਰਾਪਤ ਹਨ : ਤਵੈ, ਤਵੇ, ਧਜੈ, ਤੁਮਨ, ਆਦਿ; ਕਰਤਾ ਕਾਰਕ ਦੇ ਬਹੁਵਚਨ ਦੋ ਤਰ੍ਹਾਂ ਬਣਾਏ ਜਾਂਦੇ ਸਨ : 'ਦੇਵਾ :' ਤੇ 'ਦੇਵਾਸ', ਤੇ ਇਸੇ ਤਰ੍ਹਾਂ ਕਰਣ ਕਾਰਕ ਦੇ ਬਹੁਵਚਨਾਂ ਦੇ ਵੀ ਦੋ ਰੂਪ ਪਰਾਪਤ ਹਨ : 'ਦੇਵੈ :' ਤੇ 'ਦੇਵੇਭਿ'। ਇਹ ਅਨੇਕਤਾ 'ਲੌਕਿਕ ਸੰਸਕ੍ਰਿਤ' ਵਿਚ ਬਹੁਤ ਘਟ ਮਿਲਦੀ ਹੈ ਕਿਉਂਕਿ ਪਾਣਿਨੀ, ਕਾਤਯਾਯਨ ਤੇ ਪਤੰਜਲੀ ਵਰਗੇ ਵਿਦਵਾਨਾਂ ਨੇ ਉਚਾਰਣ, ਵਿਆਕਰਣ ਤੇ ਸ਼ਬਦਾਵਲੀ ਨੂੰ ਸਥਿਰ ਕਰਨ ਲਈ ਅਜੇਹੇ ਬਲਵਾਨ ਜਤਨ ਕੀਤੇ ਤੇ ਐਸੇ ਪੱਕੇ ਨਿਯਮ ਘੜੇ ਕਿ ਇਸ ਬੋਲੀ ਵਿਚ ਪਰਿਵਰਤਨ ਦੀ ਰੁਚੀ ਨੂੰ ਠੱਲ੍ਹ ਪੈ ਗਈ। ਸੰਸਕ੍ਰਿਤ, ਸਿੱਕੇਬੰਦ, ਵਿਆਕਰਣ-ਅਨੁਸਾਰੀ ਅਤੇ ਸਥਾਨਕ ਤੇ ਸਾਮਿਅਕ ਪ੍ਰਭਾਵਾਂ ਦੀ ਸੰਪੂਰਣ ਤੌਰ ਉਤੇ ਉਪੇਖਿਆ ਕਰਨ ਵਾਲੀ ਭਾਸ਼ਾ ਬਣ ਗਈ, ਇਉਂ ਲੌਕਿਕ ਸੰਸਕ੍ਰਿਤ ਨੇ ਵਿਭਕਤੀਆਂ ਤੇ ਕ੍ਰਿਆ-ਰੂਪਾਂ ਵਿਚ ਬਹੁਤ ਸਾਰੀ ਛਾਂਟੀ ਕਰ ਦਿੱਤੀ, ਵੈਦਿਕ ਵਾਲੇ ਕਈ ਸ਼ਬਦ ਤਿਆਗ ਦਿਤੇ ਗਏ ਤੇ ਨਵੀਂ ਸ਼ਬਦਾਵਲੀ ਲਈ ਉਪਸਰਗਾਂ ਤੇ ਪ੍ਰੱਤੈਆਂ ਦੀ ਵਰਤੋਂ ਬੇਹੱਦ ਵਧ ਗਈ। ਸਮਾਸ ਤੇ ਸੰਧੀ ਰਾਹੀਂ ਕਈ ਕਈ ਸ਼ਬਦਾਂ ਨੂੰ ਜੋੜ ਕੇ ਇਕ ਬਣਾਉਣ ਦੀਆਂ ਜੁਗਤੀਆਂ ਵਿਚ ਬਹੁਤ ਵਾਧਾ ਹੋਇਆ। ਸਾਰੇ ਭਾਰਤ ਦੇ ਸਾਹਿੱਤਕਾਰਾਂ, ਕਲਾਕਾਰਾਂ, ਗਿਆਨੀਆਂ, ਵਿਗਿਆਨੀਆਂ, ਰਿਸ਼ੀਆਂ, ਮੁਨੀਆਂ, ਸਿੱਧਾਂ ਤੇ ਸਾਧਕਾਂ ਦੇ ਸਾਹਿੱਤਕ ਅਭਿਆਸ ਦਾ ਮਾਧਿਅਮ ਬਣ ਜਾਣ ਦੇ ਕਾਰਨ ਇਸ ਭਾਸ਼ਾ ਦੀਆਂ ਪਰਾਪਤੀਆਂ ਨਿਰਸੰਦੇਹ ਅਦੁਤੀ ਤੇ ਸਿਖਰੀ ਹਨ। ਸੰਸਕ੍ਰਿਤ ਦੇ ਇਕ ਲੇਖਕ 'ਬਾਣ' ਬਾਰੇ ਕਹਾਵਤ ਹੈ ਕਿ ਸ਼ਾਹਿੱਤ ਦੀ ਸਾਰੀ ਸ੍ਰਿਸ਼ਟੀ ਉਸ ਦੀ ਜੂਠੀ ਕੀਤੀ ਹੋਈ ਹੈ — ਉਸ ਤੋਂ ਪਿਛੋਂ ਕੋਈ ਸੁੱਚੀ, ਕੋਈ ਨਵੀਂ ਗੱਲ ਨਹੀਂ ਕਹੀ ਜਾ ਸਕਦੀ। ਇਉਂ ਵਿਦਵਾਨ ਬ੍ਰਾਹਮਣਾਂ ਦਾ ਸਾਰਾ ਜ਼ੋਰ ਤਾਂ ਇਕ ਸੋਧੇ ਸਵਾਰੇ, ਸ੍ਰੇਸ਼ਟ, ਮਰਯਾਦਾ-ਨਿਪੁਨ ਸਾਹਿੱਤਕ ਮਾਧਿਅਮ ਦੀ ਪਰਾਪਤੀ ਵੱਲ ਲਗਦਾ ਰਿਹਾ ਤੇ ਇਸ ਵਿਚ ਉਹ ਬੇਹੱਦ ਸਫ਼ਲ ਵੀ ਹੋਏ, ਪਰ ਲੋਕਾਂ ਦੀ ਭਾਸ਼ਾ ਦਾ ਗਤੀ-ਪ੍ਰਵਾਹ ਕਿਵੇਂ ਰੁਕ ਸਕਦਾ ਸੀ ? ਘਰ ਦੀ ਤੇ ਬਾਜ਼ਾਰ ਦੀ ਭਾਸ਼ਾ ਵਿਚ ਉਸੇ ਤਰ੍ਹਾਂ ਤਬਦੀਲੀਆਂ ਵਾਪਰਦੀਆਂ ਰਹੀਆਂ, ਜਿਵੇਂ ਲੌਕਿਕ ਸੰਸਕ੍ਰਿਤ ਦੀ ਘਾੜਤ ਤੋਂ ਪਹਿਲਾਂ ਵਾਪਰ ਰਹੀਆਂ ਸਨ ਤੇ ਇਸ ਤਰ੍ਹਾਂ ਵਿਭਾਸ਼ਾਈ ਅੰਸ਼ਾਂ ਵਿਚ ਵਾਧਾ ਹੁੰਦਾ ਗਿਆ।

ਇਹ ਪਰਗਟ ਹੋ ਗਿਆ ਹੋਵੇਗਾ ਕਿ ਅਸੀਂ ਰਿਗ ਤੋਂ ਪਾਣਿਨੀ ਜਾਂ ਪਤੰਜਲੀ ਤਕ ਪਹੁੰਚਣ ਵਾਲੀ ਸਮੁੱਚੀ ਸਾਹਿੱਤਕ ਭਾਸ਼ਾ ਨੂੰ 'ਸੰਸਕ੍ਰਿਤ' ਕਹਿ ਲਿਆ ਹੈ। ਇਸੇ ਤਰ੍ਹਾਂ ਰਿਗ ਤੋਂ ਜਾਤਕਾਂ, ਅਸ਼ੋਕੀ ਸ਼ਿਲਾ-ਲੇਖਾਂ ਤੇ ਸੰਸਕ੍ਰਿਤ ਨਾਟਕਾਂ ਦੇ ਸਾਧਾਰਨ ਪਾਤਰਾਂ ਰਾਹੀਂ ਪਰਗਟ ਹੋਣ ਵਾਲੀ ਬੋਲੀ ਨੂੰ ਅਸੀਂ 'ਪ੍ਰਾਕ੍ਰਿਤ' ਕਹਿੰਦੇ ਹਾਂ। ਪ੍ਰਾਕ੍ਰਿਤ ਜਨ-ਸਾਧਾਰਨ ਦੀ ਬੋਲ ਚਾਲ ਦੇ ਨੇੜੇ ਦੀ ਭਾਸ਼ਾ ਸੀ, ਇਸ ਲਈ ਉਹ, ਸੰਸਕ੍ਰਿਤ ਵਾਂਙ, ਵਿਭਾਸ਼ਾਈ ਭੇਦਾਂ ਤੋਂ ਤ੍ਰਹਿੰਦੀ ਨਹੀਂ ਸੀ। ਸੰਸਕ੍ਰਿਤ ਉੱਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਤਕ ਇਕੋ ਸੀ, ਪਰ ਅਸ਼ੋਕ ਦੇ ਸ਼ਿਲਾ-ਲੇਖਾਂ ਵਿਚੋਂ ਹੀ ਤਿੰਨ ਤਰ੍ਹਾਂ ਦੀਆਂ ਪ੍ਰਾਕ੍ਰਿਤਾਂ ਪਰਾਪਤ ਹਨ। ਈਸਾ ਤੋਂ ਕੋਈ ਅੱਧੀ ਸਹੰਸ੍ਰਾਬਦੀ ਪਹਿਲਾਂ ਜੈਨ ਤੇ ਬੁੱਧ ਮੱਤ ਨੇ ਸਥਾਪਿਤ ਬ੍ਰਾਹਮਣੀ ਜਾਂ ਵੈਦਿਕ ਮੱਤ ਦੇ ਵਿਰੁਧ ਬਗ਼ਾਵਤ ਕੀਤੀ। ਉਸ ਸਮੇਂ ਬਣਾਉਟੀ ਤੇ ਕਿਰਤਮ ਸੰਸਕ੍ਰਿਤ ਬ੍ਰਾਹਮਣੀ ਛੱਪੇ ਦਾ ਸੰਕੇਤ ਬਣੀ ਤੇ ਜਨ-ਸਾਧਾਰਨ ਦੇ ਨੇੜੇ ਦੀ ਭਾਸ਼ਾ, ਵਧੇਰੇ ਲੋਕ-ਵਾਦੀ ਮੰਨੀ ਜਾਣ ਲਗ ਪਈ। ਜੈਨੀਆਂ ਤੇ ਬੋਧੀਆਂ ਦਾ ਸਾਰਾ ਮੁੱਢਲਾ ਸਾਹਿਤ ਪ੍ਰਾਕ੍ਰਿਤਾਂ ਵਿਚ ਹੀ ਮਿਲਦਾ ਹੈ। ਜਿਸ ਪ੍ਰਾਕ੍ਰਿਤ ਦੀ ਸਰਪ੍ਰਸਤੀ

† The Sanskrit Languagle, by T. Burrow.

ਮਹਾਤਮਾ ਬੁੱਧ ਤੇ ਉਸ ਦੇ ਅਨੁਯਾਈਆਂ ਨੇ ਕੀਤੀ ਉਸ ਦਾ ਨਾਂ 'ਪਾਲੀ' ਕਰ ਕੇ ਪਰਸਿੱਧ ਹੈ। ਇਹੀ, ਇਕ ਤਰ੍ਹਾਂ, ਪਹਿਲੀ ਪ੍ਰਾਕ੍ਰਿਤ ਮੰਨੀ ਜਾਂਦੀ ਹੈ। ਇਸ ਤੋਂ ਬਿਨਾਂ ਜਿਨ੍ਹਾਂ ਵੱਡੀਆਂ ਵੱਡੀਆਂ ਪ੍ਰਾਕ੍ਰਿਤਾਂ ਦਾ ਵਿਆਕਰਣਾਂ ਵਿਚ ਵੇਰਵਾ ਮਿਲਦਾ ਹੈ, ਉਹ ਹਨ ਮਹਾਰਾਸ਼ਟ੍ਰੀ, ਸ਼ੌਰਸੈਨੀ, ਮਾਗਧੀ, ਅਰਧ-ਮਾਗਧੀ ਤੇ ਪੈਸ਼ਾਚੀ ਆਦਿ। ਇਨ੍ਹਾਂ ਸਾਰੀਆਂ ਦੀ ਆਪੋ-ਵਿੱਚੀ ਕਾਫ਼ੀ ਸਾਂਝ ਸੀ ਕਿਉਂਕਿ ਬਹੁਤ ਹੱਦ ਤਕ, ਇਹ ਉਨ੍ਹਾਂ ਵਿਭਾਸ਼ਾਵਾਂ ਦਾ ਹੀ ਵਿਗਸਿਤ ਰੂਪ ਸਨ, ਜਿਨ੍ਹਾਂ ਦੀ ਹੋਂਦ ਅਸੀਂ ਰਿਗ ਤੋਂ ਵੀ ਪਹਿਲਾਂ ਮੰਨੀ ਹੈ। ਅਸੀਂ ਇਹ ਦੱਸ ਚੁੱਕੇ ਹਾਂ ਕਿ ਪ੍ਰਾਕ੍ਰਿਤਾਂ ਜਕੜਬੰਦ ਲਿਖਤੀ ਰੂਪ ਨਾਲੋਂ ਮੌਖਿਕ ਰੂਪਾਂ ਦੀ ਪ੍ਰਤਿਨਿਧਤਾ ਵਧੇਰੇ ਕਰਦੀਆਂ ਹਨ, ਪਰ ਕਿਉਂਕਿ ਮੌਖਿਕ ਰੂਪ ਹਮੇਸ਼ਾ ਤਰਲ ਤੇ ਪਰਿਵਰਤਨਸ਼ੀਲ ਹੁੰਦੇ ਹਨ, ਇਸ ਲਈ ਜਿਉਂ ਜਿਉਂ ਸਾਹਿੱਤਕਾਰ ਪ੍ਰਾਕ੍ਰਿਤਾਂ ਨੂੰ ਸਾਹਿੱਤ-ਰਚਨਾ ਦਾ ਮਾਧਿਅਮ ਬਣਾਉਂਦੇ ਗਏ, ਤਿਉਂ ਤਿਉਂ ਇਨ੍ਹਾਂ ਦੇ ਲੱਛਣਾਂ ਵਿਚ ਵੀ ਉਹੀ ਸੰਸਕ੍ਰਿਤ ਵਾਲੀ ਸਥਿਰਤਾ ਆਉਣੀ ਆਰੰਭ ਹੋ ਗਈ; ਤੇ ਇਸ ਸਥਿਰਤਾ ਜਾਂ ਪ੍ਰਮਾਣੀਕਰਨ ਦਾ ਨਤੀਜਾ, — ਅਸੀਂ ਸੰਸਕ੍ਰਿਤ ਦੀ ਹਾਲਤ ਵਿਚ ਵੇਖ ਆਏ ਹਾਂ, ਲੋਕਾਂ ਤੋਂ ਦੂਰੀ ਵਿਚ ਨਿਬੜਦਾ ਹੈ। ਸ਼ਾਇਦ ਡਾਕਟਰ ਸ੍ਰੀਟ ਦਾ ਕਥਨ ਹੈ, ਤੇ ਕਿੰਨਾ ਠੀਕ ਹੈ, ਕਿ ਕਿਸੇ ਵੀ ਭਾਸ਼ਾ ਦਾ ਪਹਿਲਾ ਵਿਆਕਰਣ ਉਸ ਦੀ ਮੌਤ ਦਾ ਸੂਚਕ ਹੁੰਦਾ ਹੈ! ਪ੍ਰਾਕ੍ਰਿਤਾਂ, ਸੰਸਕ੍ਰਿਤ ਦੀ ਜਕੜਬੰਦੀ ਦੇ ਵਿਰੁਧ ਸਨ ਤੇ ਨਿਯਮ-ਪਾਲ, ਸ਼ੁੱਧ ਸੰਸਕ੍ਰਿਤੱਗਾਂ ਦੀ ਘਿਰਣਾ ਤੇ ਹਾਸ-ਵਿਅੰਗ ਦੇ ਬਾਵਜੂਦ, ਆਪਣੀ ਹੋਂਦ ਨੂੰ ਜਤਾਉਣ ਵਿਚ ਸੰਗਦੀਆਂ ਨਹੀਂ ਸਨ, ਪਰ ਨਿੱਤ-ਵਰਤੋਂ ਦੀ ਭਾਸ਼ਾ ਨੂੰ ਸਾਹਿੱਤ ਦਾ ਆਧਾਰ ਬਣਾਉਣ ਵਾਲੇ ਲੋਕ-ਵਾਦੀਆਂ ਦੀ ਜਿਹੜੀ ਦੁੱਖੀ-ਦਸ਼ਾ ਸਦਾ ਹੁੰਦੀ ਹੈ, ਉਹੀ ਪ੍ਰਾਕ੍ਰਿਤ ਵਾਲਿਆਂ ਦੀ ਵੀ ਹੋਈ। ਨਿੱਤ ਦੀ ਭਾਸ਼ਾ ਬਦਲਨੀ ਸ਼ੁਰੂ ਹੋ ਗਈ, ਜਿਸ ਕਰ ਕੇ ਉਨ੍ਹਾਂ ਨੂੰ ਉਸ ਦੇ ਗਤੀ-ਰੋਧ ਲਈ ਹੱਥ ਪੈਰ ਮਾਰਨੇ ਪਏ। ਗਤੀਰੋਧ ਹੋਇਆ ਤਾਂ ਲੋਕਾਂ ਤੋਂ ਦੂਰ ਹੋ ਗਈ ਤੇ ਜੇ ਲੋਕਾਂ ਤੋਂ ਦੂਰ ਦਾ ਹੀ ਸਾਹਿੱਤਕ ਮਾਧਿਅਮ ਬਣਾਉਣਾ ਸੀ ਤਾਂ ਸੰਸਕ੍ਰਿਤ ਸਾਰੇ ਭਾਰਤ ਵਿਚ ਸਮਝੀ ਜਾਣ ਵਾਲੀ ਅਨੂਪਮ ਭਾਸ਼ਾ ਮੌਜੂਦ ਸੀ, ਸੋ ਅਸ਼੍ਵਘੋਸ਼ ਵਰਗੇ ਕਈ ਮਹਾਨ ਬੋਧੀ ਚਿੰਤਕਾਂ ਨੇ ਮੁੜ ਕੇ ਸੰਸਕ੍ਰਿਤ ਧਾਰ ਲਈ। ਦੂਜੇ ਪਾਸੇ ਉਹ ਲੋਕਵਾਦੀ ਨਿੱਤਰੇ ਜਿਨ੍ਹਾਂ ਨੇ ਵਿਆਕਰਣ-ਬੱਧ ਪ੍ਰਾਕ੍ਰਿਤਾਂ ਨਾਲੋਂ ਬਦਲ ਚੁੱਕੀਆਂ ਲੋਕ-ਭਾਸ਼ਾਵਾਂ ਨੂੰ ਤਰਜੀਹ ਦਿੱਤੀ। ਲੋਕ-ਭਾਸ਼ਾਵਾਂ ਦੇ ਇਸ ਰੂਪ ਨੂੰ 'ਅਪਭ੍ਰੰਸ਼' ਕਿਹਾ ਗਿਆ ਹੈ, ਜਿਸ ਨੂੰ ਉਤਰੀ ਭਾਰਤ ਦੀਆਂ ਆਧੁਨਿਕ ਬੋਲੀਆਂ ਦੇ ਸੰਪੂਰਣ ਨਿਖਾਰ ਤੋਂ ਝੱਟ ਹੀ ਪਹਿਲਾਂ ਦਾ ਰੂਪ ਸਮਝਣਾ ਚਾਹੀਦਾ ਹੈ।

ਪਰਾਚੀਨ ਭਾਰਤੀ ਆਰੀਆ ਭਾਸ਼ਾ ਨੇ ਪਾਲੀ, ਸਾਹਿੱਤਕ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਤਕ ਦੇ ਪੜਾ, ਬਹੁਤ ਹੱਦ ਤਕ, ਨਿਸ਼ਚਿਤ ਭਾਸ਼ਾਈ ਨਿਯਮਾਂ ਅਨੁਸਾਰ ਤੈ ਕੀਤੇ ਪਰਤੀਤ ਹੁੰਦੇ ਹਨ। ਪਾਲੀ ਦੇ ਕਈ ਲੱਛਣ ਵੈਦਿਕ ਭਾਸ਼ਾ ਨਾਲ ਸਾਂਝੇ, ਪਰ ਲੌਕਿਕ ਸੰਸਕ੍ਰਿਤ ਤੋਂ ਭਿੰਨ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਪਾਲੀ ਦਾ ਸੰਬੰਧ ਚਾਲੂ ਭਾਸ਼ਾ-ਪਰਵਾਹ ਨਾਲ ਵਧੇਰੇ ਨੇੜੇ ਦਾ ਹੈ। ਪਾਲੀ ਸਾਹਿੱਤ ਦੇ ਅਧਿਐਨ ਨਾਲ ਪਤਾ ਲਗਦਾ ਹੈ ਕਿ ਚਾਲੂ ਰੀਤ ਅਨੁਸਾਰ ਸੰਸਕ੍ਰਿਤ ਦੀਆਂ 'ਐ' ਤੇ 'ਔ' ਧੁਨੀਆਂ ਬਦਲ ਕੇ 'ਏ' ਤੇ 'ਓ' ਬਣ ਚੁੱਕੀਆਂ ਸਨ। 'ਗੌਤਮ' ਨੂੰ ਜਦੋਂ ਅਸੀਂ 'ਗੋਤਮ' ਉਚਾਰਦੇ ਹਾਂ ਜਾਂ ਪੋਠੋਹਾਰੀ ਵੀਰ ਜਦੋਂ 'ਸੌ' ਨੂੰ 'ਸੋ' ਬੋਲਦੇ ਹਨ ਤਾਂ ਇਸੇ ਧੁਨੀ-ਪਰਿਵਰਤਨ ਦਾ ਵਿਖਾਲਾ ਹੁੰਦਾ ਹੈ। ਸੰਯੁਕਤ ਵਿਅੰਜਨਾਂ ਤੋਂ ਪਹਿਲੇ ਦੀਰਘ ਸੁਰ, ਹ੍ਰਸਵ ਵਿਚ ਬਦਲਣ ਲਗ ਪਿਆ, ਜਿਵੇਂ ਮਾਰਗ ਦੀ ਥਾਂ ਮੱਗ (ਮੰਨੈ ਮਗੁ ਨ ਚਲੈ ਪੰਥੁ—ਜਪੁਜੀ), ਦੋ ਤੋਂ ਵਧ ਵਿਅੰਜਨਾਂ ਦਾ ਪਰਯੋਗ ਪਾਲੀ ਨੇ ਤਿਆਗ ਦਿੱਤਾ। ਤਿੰਨਾਂ ਵਚਨਾਂ ਦੀ ਥਾਂ ਦੋ — ਇਕ ਵਚਨ ਤੇ ਬਹੁ ਵਚਨ – ਰਹਿ ਗਏ, ਦ੍ਵਿ-ਵਚਨ ਲੋਪ ਹੋ ਗਿਆ। ਰਿ, ਲ੍ਰਿ ਤੇ ਵਿਸਰਗਾਂ ਦੀ ਵਰਤੋਂ ਵੀ ਪਾਲੀ ਵਿਚ ਨਹੀਂ ਮਿਲਦੀ। ਦੁਹਾਂ ਸ਼ੱਸਿਆਂ ( श ਤੇ ष ) ਦੀ ਥਾਂ ਵੀ ਸੱਸਾ ਹੀ ਕੰਮ ਸਾਰਦਾ ਸੀ। ਸੰਯੁਕਤ ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਸ਼ਬਦਾਂ ਵਿਚ ਅਗ੍ਰਗਾਮ ਹੁੰਦਾ ਸੀ, ਜਿਵੇਂ, ਸ੍ਰੀ = ਇਸਤ੍ਰੀ = ਇਥੀ। ਅਘੋਸ਼ ਵਿਅੰਜਨਾਂ (ਕ, ਚ, ਟ, ਤ ਆਦਿ) ਦੀ ਥਾਂ ਸਘੋਸ਼ (ਲਾਟ = ਲਾਡ) ਦੀ ਵਰਤੋਂ ਵੀ ਆਮ ਹੋ ਗਈ ਸੰਯੁਕਤ ਵਿਅੰਜਨਾਂ ਵਿਚ ਵਿਅੰਜਨ-ਸਮੀਕਰਣ ਦੀ ਰੁਚੀ ਦਾ ਪਰਿਦਰਸ਼ਨ ਬਹੁਤ ਹੁੰਦਾ ਹੈ — ਪੁਤ੍ਰ = ਪੁੱਤ,

ਧਰਮ = ਧੰਮ ।

ਪਾਲੀ ਤੋਂ ਪਿੱਛੋਂ ਸਾਹਿੱਤਕ ਪ੍ਰਾਕ੍ਰਿਤਾਂ ਵਿਚ ਪਰਿਵਰਤਨ ਦੀ ਰੁਚੀ ਦੇ ਹੋਰ ਨਮੂਨੇ ਬਹੁਤ ਮਿਲਦੇ ਹਨ । ਅਸੀਂ ਦੱਸ ਆਏ ਹਾਂ ਕਿ ਅਘੋਸ਼ ਵਿਅੰਜਨਾਂ ਦੀ ਥਾਂ ਸਘੋਸ਼ ਵਿਅੰਜਨਾਂ ਦੀ ਵਰਤੋਂ ਸ਼ੁਰੂ ਹੋ ਚੁੱਕੀ ਸੀ, ਪ੍ਰਾਕ੍ਰਿਤਾਂ ਵਿਚ ਸਘੋਸ਼ ਮਹਾਪ੍ਰਾਣ ਵਿਅੰਜਨਾਂ (ਖ, ਘ, ਠ, ਥ, ਆਦਿ) ਦੀ ਥਾਂ 'ਹ' ਨੇ ਆ ਮੱਲੀ (ਮੁਖ = ਮੂਹ, ਕਥਾ = ਕਹਾ) । ਸੰਯੁਕਤ ਵਿਅੰਜਨਾਂ ਵਿਚੋਂ ਮ੍, ਣ੍, ਤੇ ਲ੍ ਤੋਂ ਬਿਨਾਂ ਹੋਰ ਸਭ ਦਾ ਸਮੀਕਰਣ ਹੋਣ ਲਗ ਪਿਆ । ਦੋ ਸੁਰਾਂ ਦੇ ਵਿਚਕਾਰ ਦੇ ਸਪਰਸ਼ ਵਿਅੰਜਨ ਦਾ ਲੋਪ ਪ੍ਰਾਕ੍ਰਿਤਾਂ ਦਾ ਵਿਸ਼ੇਸ਼ ਲੱਛਣ ਹੈ : ਕਾਕः = ਕਾਉ, ਕਥਿ = ਕਹਇ, ਨਦੀ = ਨਈ । ਅਨੇਕ ਸੁਰਾਂ ਦਾ ਇਕੱਠਾ ਪਰਯੋਗ ਇਸ ਸਮੇਂ ਦੀਆਂ ਪ੍ਰਾਕ੍ਰਿਤਾਂ ਦਾ ਇਕ ਹੋਰ ਲੱਛਣ ਹੈ, ਜੋ ਪਾਲੀ ਵਿਚ ਹੀ ਪਰਗਟ ਹੋਣ ਲਗ ਪਿਆ ਸੀ । ਕ੍ਰਿਆ-ਰੂਪਾਂ, ਸ਼ਬਦ-ਰੂਪਾਂ ਤੇ ਕਾਰਕਾਂ ਵਿਚ ਹੋਰ ਸਰਲਤਾ ਆ ਗਈ ਤੇ ਆਧੁਨਿਕ ਭਾਸ਼ਾਵਾਂ ਵਾਲੇ ਅਨੁਸਰਗ ਤੇ ਪਰਸਰਗ ਬੀਜ ਰੂਪ ਵਿਚ ਪਰਗਟ ਹੋਣ ਲਗ ਪਏ ।*

ਸਾਹਿੱਤਕ ਪ੍ਰਾਕ੍ਰਿਤਾਂ ਤੋਂ ਪਿਛੋਂ ਤੇ ਆਧੁਨਿਕ ਬੋਲੀਆਂ ਦੀ ਉਤਪੱਤੀ ਤੋਂ ਪਹਿਲਾਂ ਜਿਸ ਭਾਸ਼ਾ ਦਾ ਪਰਚਾਰ ਹੋਇਆ, ਉਸ ਨੂੰ 'ਅਪਭ੍ਰੰਸ਼' ਕਿਹਾ ਜਾਂਦਾ ਹੈ । ਕਿਸੇ ਬੋਲੀ ਲਈ ਅਪਭ੍ਰੰਸ਼ ਸ਼ਬਦ ਦੀ ਰਚਨਾ ਹੀ ਦਸਦੀ ਹੈ ਕਿ ਸਾਹਿੱਤਕ ਜਾਂ ਪ੍ਰਮਾਣਿਕ ਬੋਲੀ ਵਰਤਣ ਵਾਲੇ ਸਾਧਾਰਨ ਲੋਕਾਂ ਦੀ ਭਾਸ਼ਾ ਨੂੰ ਕਿਨੀ ਨਫ਼ਰਤ ਨਾਲ ਵੇਖਦੇ ਹੋਣਗੇ। ਪਤੰਜਲੀ ਸੰਸਕ੍ਰਿਤ ਦੇ ਅਪ੍ਰਮਾਣਿਕ, ਵਿਕ੍ਰਿਤ ਰੂਪ ਨੂੰ 'ਅਪਭੰਸ਼' ਕਹਿੰਦਾ ਹੈ ਮਗਰੋਂ ਇਸ ਦਾ ਜ਼ਿਕਰ ਆਭੀਰਾਂ ਜਾਂ 'ਅਹੀਰਾਂ ਦੀ ਬੋਲੀ' ਦੇ ਰੂਪ ਵਿਚ ਆਉਂਦਾ ਹੈ (ਮਹਾਂਭਾਰਤ ਵਿਚ ਇਸ ਜਾਤੀ ਦੇ ਸੰਬੰਧ ਵਿਚ ਆਏ ਹਵਾਲਿਆਂ ਤੋਂ ਪਰਗਟ ਹੈ ਕਿ ਇਹ ਲੋਕ ਉਦੋਂ ਭਾਰਤ ਦੇ ਪੱਛਮੋਤਰੀ ਭਾਗ ਜਾਂ ਪੰਜਾਬ ਵਿਚ ਰਹਿੰਦੇ ਸਨ) । ਨੌਂਵੀਂ ਸਦੀ ਤੋਂ ਅਪਭ੍ਰੰਸ਼ ਸਰਬ ਸਾਧਾਰਨ ਦੀ ਭਾਸ਼ਾ ਦੀ ਹੈਸੀਅਤ ਵਿਚ ਸਾਹਮਣੇ ਆਉਂਦੀ ਹੈ ਤੇ ਯਾਰ੍ਹਵੀਂ ਵਿਚ ਇਹ ਮੰਨਿਆ ਜਾਣਾ ਸ਼ੁਰੂ ਹੁੰਦਾ ਹੈ ਕਿ ਇਸ ਦੇ ਕਈ ਸਥਾਨ-ਭੇਦ ਹਨ । ਇਸ ਭਾਸ਼ਾ ਦੇ ਕੁਝ ਲੱਛਣ ਇਹ ਹਨ :

ਕਈ ਵਾਰੀ ਆਦਿ ਸੁਰ ਲੋਪ ਹੋ ਜਾਂਦਾ ਹੈ, ਜਿਵੇਂ 'ਅਪਿ' ਦਾ 'ਪਿ' ਜਾਂ 'ਵਿ' ਜੋ ਪੰਜਾਬੀ ਵਿਚ 'ਵੀ' ਬਣ ਗਿਆ ਹੈ । ਪਹਿਲੇ ਅੱਖਰ ਦੇ ਸੁਰ ਨੂੰ ਕੁਝ ਸ਼ਬਦਾਂ ਵਿਚ ਜਿਉਂ ਦਾ ਤਿਉਂ ਰੱਖਣ ਦੀ ਰੁਚੀ ਹੈ, ਜਿਵੇਂ 'ਗੰਭੀਰ' ਦਾ 'ਗਹਿਰ', 'ਬਹੁਤ੍ਰ' ਦਾ 'ਬਹੁਤ' । ਕਈ ਥਾਂ ਗ਼ੈਰ ਅਨੁਨਾਸਿਕ ਧੁਨੀਆਂ ਨੂੰ ਅਨੁਨਾਸਿਕ ਬਣਾਇਆ ਗਿਆ ਹੈ, ਜਿਵੇਂ ਪਕਿਸ਼ਨ = ਪੱਖਿ ਜਾਂ ਪੱਛਿ = ਪੰਖਿ ਜਾਂ ਪੰਛਿ, ਜਿਸ ਨੂੰ ਅਸੀਂ 'ਪੰਛੀ' ਲਿਖਦੇ ਹਾਂ । ਪ੍ਰਾਕ੍ਰਿਤਾਂ ਵਾਂਙ ਵਿਚਕਾਰਲੇ ਵਿਅੰਜਨ ਦਾ ਅਪਭ੍ਰੰਸ਼ ਵਿਚ ਲੋਪ ਹੋ ਜਾਂਦਾ ਹੈ ਤੇ ਮਹਾਪ੍ਰਾਣ ਵਿਅੰਜਨਾਂ ਦੀ ਥਾਂ 'ਹ' ਰਹਿ ਜਾਂਦਾ ਹੈ, ਜਿਵੇਂ 'ਰਾਜਨ' ਦਾ 'ਰਾਅ', 'ਚਤੁਰਥ' ਦਾ 'ਚਉਥ', 'ਸਖਿ' ਦਾ 'ਸਹਿ' (ਪੰਜਾਬੀ, ਸਹੀ) ਕਿਤੇ ਕਿਤੇ ਲੋਪ ਹੋਣ ਵਾਲੇ ਵਿਚਕਾਰਲੇ ਵਿਅੰਜਨ ਦੀ ਥਾਂ 'ਯ' ਜਾਂ 'ਵ' ਬਣ ਜਾਂਦਾ ਹੈ, ਜਿਵੇਂ 'ਲੋਚਨ' ਤੋਂ ਲੋਯਣ (ਜਿਨ ਲੋਇਣ ਜਗ ਮੋਹਿਆ......) । ਸੰਯੁਕਤ ਅੱਖਰ 'ਕ੍ਸ਼' ਦਾ 'ਖ੍' ਜਾਂ 'ਛ੍', ਬਣ ਜਾਂਦਾ ਹੈ, ਜਿਵੇਂ ਪਹਿਲਾਂ ਪ੍ਰਾਕ੍ਰਿਤਾਂ ਵਿਚ ਹੁੰਦਾ ਸੀ, 'ਦ੍ਵ' ਦਾ 'ਬ' ਬਣ ਗਿਆ, ਜਿਵੇਂ 'ਦ੍ਵਾਦਸ਼ = ਬਾਰਹ = ਪੰ. ਬਾਰਾਂ, 'ਦ੍ਵਾਰ = 'ਬਾਰ' । ਸੰਯੁਕਤ 'ਰ' ਦਾ ਲੋਪ ਹੋ ਜਾਂਦਾ ਹੈ ਤੇ ਸ਼ਣ (ਸ਼੍ਣ) ਨ੍ਹ ਦਾ ਰੂਪ ਧਾਰ ਲੈਂਦਾ ਹੈ, ਜਿਵੇਂ ਕ੍ਰਿਸ਼ਣ = ਕਾਨ੍ਹ । ਅਪਭ੍ਰੰਸ਼ ਵਿਚ ਨਿਪੁੰਸਕ ਲਿੰਗ ਨਹੀਂ ਸੀ ਰਿਹਾ ।

ਅਪਭ੍ਰੰਸ਼ ਵਾਲੇ ਪੜਾ ਤੋਂ ਪਿਛੋਂ ਅਸੀਂ ਆਧੁਨਿਕ ਬੋਲੀਆਂ ਵਾਲੇ ਪੜਾ ਉਤੇ ਪਹੁੰਚ ਜਾਂਦੇ ਹਾਂ ।

ਹੁਣ ਤਕ ਅਸੀਂ ਦਸ ਬੈਠੇ ਹਾਂ ਕਿ ਮੂਲ ਵਜੋਂ, ਪੰਜਾਬੀ ਭਾਸ਼ਾ, ਭਾਰਤੀ-ਆਰੀਆਈ ਭਾਸ਼ਾ-ਪਰਵਾਰ ਨਾਲ

* ਵਿਸਤਾਰ ਲਈ ਵੇਖੋ (੧) ਸਾਮਾਨਜ ਭਾਸ਼ਾ ਵਿਗਯਾਨ, ਡਾ. ਬਾਬੂ ਰਾਮ ਸਕਸੈਨਾ, ਹਿੰਦੀ ਸਾਹਿਤ, ਸੰਮੇਲਨ, ਪ੍ਰਯਾਗ, ੨੦੦੬ ਵਿ. ਤੇ

(੨) ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ, ਉਦਯ ਨਾਰਾਇਣ ਤਿਵਾਰੀ, ਭਾਰਤੀ ਭੰਡਾਰ, ਪ੍ਰਯਾਗ, ੨੦੧੨ ਵਿ.

ਸੰਬੰਧਿਤ ਹੈ ਤੇ ਇਸ ਦਾ ਪਿੱਛਾ ਪਰਾਪਤ ਸਾਹਿੱਤਕ ਗਵਾਹੀਆਂ ਦੀ ਮੱਦਦ ਨਾਲ, ਉੱਤਰ-ਪੱਛਮੀ ਭਾਰਤ ਦੀ ਭਾਸ਼ਾ ਦੇ ਪਰਾਚੀਨਤਮ ਨਮੂਨੇ, ਰਿਗ ਵੇਦ ਨਾਲ ਜਾ ਜੁੜਦਾ ਹੈ। ਇਸ ਨੂੰ ਅਸੀਂ 'ਵੈਦਿਕ ਸੰਸਕ੍ਰਿਤ ਕਹਿ ਲਿਆ ਹੈ। ਅਸੀਂ ਇਹ ਵੀ ਵੇਖ ਚੁੱਕੇ ਹਾਂ ਕਿ ਜਦੋਂ ਵਿਦਵਾਨ ਵਿਆਕਰਣੀਏ ਇਸ ਬੋਲ-ਚਾਲ ਦੀ ਸੰਸਕ੍ਰਿਤ ਨੂੰ ਸੋਧ ਸਵਾਰ ਕੇ ਇਕ ਸਾਹਿੱਤਕ ਤੇ ਪ੍ਰਮਾਣਿਕ ਭਾਸ਼ਾਈ ਮਾਧਿਅਮ ਬਣਾਉਣ ਦਾ ਜਤਨ ਕਰ ਰਹੇ ਸਨ, ਜਿਸ ਨੂੰ 'ਲੌਕਿਕ 'ਸੰਸਕ੍ਰਿਤ' ਦਾ ਨਾਂ ਦਿੱਤਾ ਗਿਆ ਹੈ, ਓਦੋਂ, ਸਾਧਾਰਨ ਲੋਕ ਅਨੇਕ ਕੁਦਰਤੀ ਕਾਰਨਾਂ ਕਰ ਕੇ ਬਦਲ ਚੁੱਕੀ ਤੇ ਕਾਫ਼ੀ ਵੱਡੀਆਂ ਉਪਭਾਸ਼ਾਵਾਂ ਵਿਚ ਵੰਡੀ ਜਾ ਚੁੱਕੀ ਬੋਲੀ ਦੀ ਵਰਤੋਂ ਕਰ ਰਹੇ ਸਨ। ਇਨ੍ਹਾਂ ਨੂੰ 'ਪ੍ਰਾਕ੍ਰਿਤਾਂ' ਕਹਿ ਲਿਆ ਜਾਂਦਾ ਹੈ। ਜਦੋਂ ਪ੍ਰਾਕ੍ਰਿਤਾਂ ਸਾਹਿੱਤਕ ਤੇ ਬੱਝਵਾਂ ਰੂਪ ਧਾਰ ਰਹੀਆਂ ਸਨ, ਓਦੋਂ ਲੋਕਾਂ ਵਿਚ ਇਨ੍ਹਾਂ ਦੇ ਵਧੇਰੇ ਲੋਕ-ਨਿਕਟੀ ਤੇ ਵਿਗਸਿਤ ਰੂਪ 'ਅਪਭ੍ਰੰਸ਼' ਪ੍ਰਚੱਲਿਤ ਸਨ। ਮੁਲਤਾਨ ਦੇ ਜੁਲਾਹੇ-ਕਵੀ ਅੱਦਹਮਾਣ ਦਾ ਗ੍ਰੰਥ ਸੰਨੇਹ ਰਾਸਇ (ਸੰਦੇਸ਼ ਰਾਸਕ) ਜਿਸ ਦੀ ਰਚਨਾ ੧੧੭੫ ਵਿ: ਤੋਂ ੧੨੨੫ ਵਿ: ਦੇ ਅੰਦਰ ਅੰਦਰ ਹੋਈ ਮਿੱਥੀ ਗਈ ਹੈ, ਉਸ ਸਮੇਂ ਦੀ ਪੰਜਾਬ ਦੀ ਅਪਭ੍ਰੰਸ਼ ਦਾ ਨਮੂਨਾ ਮੰਨਿਆ ਜਾ ਸਕਦਾ ਹੈ। ਇਸ ਤੋਂ ਪਿੱਛੋਂ ਬਾਬਾ ਫ਼ਰੀਦ ਤੇ ਗੁਰੂ ਨਾਨਕ ਦੀ ਬੋਲੀ ਆ ਜਾਂਦੀ ਹੈ, ਜਿਸ ਨੂੰ ਅਸੀਂ ਪੰਜਾਬੀ ਕਹਿੰਦੇ ਹਾਂ।

ਹੁਣ ਪੰਜਾਬ ਬਾਰੇ ਦੋ ਤਿੰਨ ਗੱਲਾਂ ਨੂੰ, ਜਿਨ੍ਹਾਂ ਨੇ ਇਸ ਦੀ ਭਾਸ਼ਾ ਦੇ ਸੁਭਾ ਨੂੰ ਨਿਸਚਿਤ ਕੀਤਾ ਹੈ, ਜ਼ਰੂਰ ਯਾਦ ਰੱਖਣ ਦੀ ਲੋੜ ਹੈ :

(੧) ਪੱਛਮੀ ਪੰਜਾਬ ਪਰਾਚੀਨ ਆਰੀਆ ਸੰਸਕ੍ਰਿਤੀ ਦਾ ਘਰ ਸੀ। ਸੰਸਕ੍ਰਿਤ ਕਿਸੇ ਵੇਲੇ ਏਥੋਂ ਦੇ ਸਾਧਾਰਨ ਲੋਕਾਂ ਦੀ ਭਾਸ਼ਾ ਸੀ। ਇਹੀ ਕਾਰਨ ਹੈ ਕਿ ਪੰਜਾਬੀ ਵਿਚ, ਖ਼ਾਸ ਕਰਕੇ, ਪੱਛਮੀ ਪੰਜਾਬੀ ਵਿਚ, ਪ੍ਰਾਚੀਨ ਸੰਸਕ੍ਰਿਤ ਵਾਲੇ ਸ਼ਬਦ ਤੇ ਸੁਰਾਂ ਜਾਂ ਵਿਅੰਜਨਾਂ ਦੇ ਉਚਾਰਣ ਕਾਫ਼ੀ ਵੱਡੀ ਮਾਤਰਾ ਵਿਚ ਮਿਲਦੇ ਹਨ। ਜਿਥੇ ਕੋਈ ਤਬਦੀਲੀ ਹੋਈ ਹੈ, ਉਥੇ ਵੀ ਸੋਮੇ ਦਾ ਨੇੜ ਸਪਸ਼ਟ ਦਿਸ ਪੈਂਦਾ ਹੈ, ਜਿਵੇਂ ਸੰ. 'ਪੁੱਤ੍ਰ' ਪੱਛਮੀ ਪੰਜਾਬੀ 'ਪੁੱਤ੍ਰ' ਪੂਰਬੀ ਪੰ. 'ਪੁੱਤ' ਜਾਂ ਸੰ. 'ਕੁੰਭਕਾਰ', ਪੱਛਮੀ ਪੰ. 'ਕੁੰਭਾਰ' ਜਾਂ 'ਕੁੰਭਾਰ' ਪੂ. ਪੰ. ਕੁਮ੍ਹਾਰ ਜਾਂ ਕੁਮ੍ਹਿਆਰ। ਇਸੇ ਤਰ੍ਹਾਂ ਬਹੁਤ ਸੂਰਤਾਂ ਵਿਚ ਪੰਜਾਬੀ ਸ਼ਬਦਾਵਲੀ ਪ੍ਰਾਕ੍ਰਿਤ ਵਾਲੇ ਪੜਾ ਉਤੇ ਖੜੀ ਹੈ। ਮਸਲਨ ਉਹ ਸੰਯੁਕਤ ਦਾ ਦੂਤ ਬਣਾ ਲੈਂਦੀ ਹੈ, ਪਰ ਇਸ ਤੋਂ ਅੱਗੇ ਦੋਹਾਂ ਵਿਅੰਜਨਾਂ ਦੇ ਵਿਚਕਾਰਲੇ ਹ੍ਰਸ੍ਵ ਸੁਰ ਨੂੰ ਲੰਮਿਆਂ ਕੇ ਦੀਰਘ ਸੁਰ ਬਣਾਉਣ ਤੇ ਦੁੱਤ ਨੂੰ ਹਟਾਉਣ ਦਾ ਲਾਲਚ ਨਹੀਂ ਕਰਦੀ, ਜਿਵੇਂ ਸੰ: ਲਕਸ਼ ਪ੍ਰਾ. ਤੇ ਪੰ: ਲੱਖ, ਪਰ ਹਿੰ: ਲਾਖ, ਸੰ: ਦੁਗਧ ਪ੍ਰਾ: ਤੇ ਪੰ: ਦੁੱਧ, ਪਰ ਹਿੰਦੀ ਦੂਧ, ਸੰ. ਅਸ਼ਟ, ਪ੍ਰਾ. ਤੇ ਪੰ. ਅੱਠ ਪਰ ਹਿੰ. ਆਠ, ਸੰ: ਕਰਮ, ਪ੍ਰਾ: ਤੇ ਪੰ: ਕੰਮ, ਪਰ ਹਿੰ: ਕਾਮ, ਆਦਿ। ਉਂਞ ਤਾਂ ਪਰਿਵਰਤਨ ਦੀ ਵਿਆਪਕ ਰੁਚੀ ਦੇ ਬਾਵਜੂਦ ਹਰ ਬੋਲੀ ਖਾਸੀ ਰੂੜ੍ਹੀਵਾਦੀ ਹੁੰਦੀ ਹੈ, ਪਰ ਪੰਜਾਬੀ ਵਿਚ ਹਜ਼ਾਰਾਂ ਵਰ੍ਹੇ ਪਹਿਲਾਂ ਦੇ ਉਨ੍ਹਾਂ ਸ਼ਬਦ-ਰੂਪਾਂ ਦੀ ਸੁਰੱਖਿਆ, ਜਿਹੜੇ ਗਵਾਂਢੀ ਬੋਲੀਆਂ ਵਿਚ ਬਦਲ ਚੁੱਕੇ ਹਨ, ਇਕ ਰਹੱਸ-ਭਰਿਆ ਨਜ਼ਾਰਾ ਹੈ, ਤੇ ਬਹੁਤਾ ਰਹੱਸ ਇਸ ਗੱਲ ਵਿਚ ਹੈ ਕਿ ਜਿਹੜੀ ਉਥੱਲ-ਪੁਥੱਲ ਪੰਜਾਬ ਵਿਚ ਹੁੰਦੀ ਰਹੀ ਹੈ, ਉਹ ਹੋਰ ਥਾਵਾਂ ਉਤੇ ਬਹੁਤ ਘਟ ਹੋਈ ਹੈ।

(੨) ਪੰਜਾਬ ਦੀ ਪਰਾਚੀਨ ਆਰੀਆ ਜਾਤੀ, ਜਿਵੇਂ ਕਿ ਮਹਾਂਭਾਰਤ ਤੋਂ ਪਰਗਟ ਹੈ, ਕਬੀਲਿਆਂ ਵਿਚ ਵੰਡੀ ਹੋਈ ਸੀ ਤੇ ਹਰ ਕਬੀਲੇ ਦੀ ਭਾਸ਼ਾ ਦਾ ਦੂਜੇ ਕਬੀਲੇ ਦੀ ਭਾਸ਼ਾ ਨਾਲ ਮਤ-ਭੇਦ ਜ਼ਰੂਰ ਹੁੰਦਾ ਸੀ। ਇਸ ਤੋਂ ਬਿਨਾਂ ਪੰਜਾਬ ਦੇ ਉਤਰ-ਪੱਛਮ ਵਲ ਦੇ ਪਹਾੜੀ ਦੱਰਿਆਂ ਰਾਹੀਂ ਅਨੇਕ ਆਰੀਆ ਤੇ ਅਨਾਰੀਆ ਜਾਤੀਆਂ ਸਮੇਂ ਸਮੇਂ ਪੰਜਾਬ ਵਿਚ ਦਾਖ਼ਲ ਹੁੰਦੀਆਂ ਰਹੀਆਂ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਪੰਜਾਬ ਦੇ ਖ਼ਾਸ ਖ਼ਾਸ ਇਲਾਕਿਆਂ ਵਿਚ ਸੰਗਠਿਤ ਰੂਪ ਵਿਚ ਵੱਸ ਗਈਆਂ ਤੇ ਕੁਝ ਪੰਜਾਬ ਤੇ ਪੰਜਾਬ ਤੋਂ ਅਗਾਂਹ ਸਾਰੇ ਉਤਰੀ ਭਾਰਤ ਵਿਚ ਖਿਲਰ ਗਈਆਂ। ਦੂਜੇ ਪਾਸੇ, ਜੈਸਲਮੇਰ ਦੇ ਇਲਾਕੇ

ਵਿਚੋਂ ਸਿੱਧੂ ਬਰਾੜ, ਸੇਖੋਂ ਆਦਿ ਗੋਤਾਂ ਦੀਆਂ ਪਰਛੱਲਾਂ ਪੰਜਾਬ ਵਿਚ ਹੇਠਲੇ ਪਾਸਿਓਂ ਆ ਪਈਆਂ। ਦੇਸ, ਕਾਲ ਤੇ ਰਾਜਸੀ ਅਤੇ ਪਰਬੰਧਕ ਵੰਡਾਂ ਕਰਕੇ ਉਪਜੇ ਭੇਦਾਂ ਤੋਂ ਬਿਨਾਂ ਉਪਰੋਕਤ ਕਾਰਨ ਵੀ ਪੰਜਾਬ ਵਿਚ ਉਪਭਾਸ਼ਾਈ ਭੇਦ ਪਰਚਲਿਤ ਕਰਨ ਦੇ ਜ਼ਿੰਮੇਵਾਰ ਸਨ। ਪਰਸਿੱਧ ਵਰਤਮਾਨ ਉਪਭਾਸ਼ਾਵਾਂ ਹਿੰਦਕੋ, ਮੁਲਤਾਨੀ, ਪੋਠੋਹਾਰੀ, ਮਾਝੀ, ਮਲਵਈ, ਪੁਆਧੀ, ਦੁਆਬੀ, ਡੋਗਰੀ, ਪਹਾੜੀ ਆਦਿ ਵਿਚੋਂ ਕਈਆਂ ਦਾ ਇਤਿਹਾਸ ਭਾਰਤ ਦੀਆਂ ਅਨੇਕ ਆਧੁਨਿਕ ਭਾਸ਼ਾਵਾਂ ਜਿੰਨਾ ਹੀ ਪੁਰਾਣਾ ਹੈ ਤੇ ਕਈਆਂ ਵਿਚ ਸਦੀਆਂ ਪੁਰਾਣਾ ਜ਼ਬਾਨੀ ਤੇ ਲਿਖਤੀ ਸਾਹਿਤ ਵੀ ਮਿਲਦਾ ਹੈ। ਮੁਲਤਾਨੀ ਬਾਰੇ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੇ ਰਾਜਸੀ ਹਾਲਾਤ ਸਾਜ਼ਗਾਰ ਰਹਿੰਦੇ ਤੇ ਗੁਰੂ ਨਾਨਕ ਸਾਹਿਬ ਆਪ ਜਾਂ ਉਨ੍ਹਾਂ ਵਰਗਾ ਕੋਈ ਹੋਰ ਸਾਹਿੱਤਕਾਰ ਇਸ ਉਪਭਾਸ਼ਾ ਨੂੰ ਅਪਨਾ ਲੈਂਦਾ ਤਾਂ ਇਹ ਇਕ ਮੁਕੰਮਲ ਭਾਸ਼ਾ ਬਣ ਸਕਦੀ ਸੀ। ਅਨੇਕ ਇਤਿਹਾਸਕ ਤੇ ਰਾਜਸੀ ਕਾਰਨਾਂ ਕਰਕੇ, ਨਾ ਮੁਲਤਾਨੀ ਤੇ ਨਾ ਕੋਈ ਹੋਰ ਉਪਭਾਸ਼ਾ ਸੁਤੰਤਰ ਭਾਸ਼ਾ ਦਾ ਰੂਪ ਧਾਰ ਸਕੀ ਤੇ ਨਾ, ਜਿੰਨੀ ਛੇਤੀ ਚਾਹੀਦਾ ਸੀ, ਇਨ੍ਹਾਂ ਸਾਰੀਆਂ ਉਪਭਾਸ਼ਾਵਾਂ ਦਾ ਇਕ ਕੇਂਦਰੀ ਪ੍ਰਮਾਣਿਕ ਪੰਜਾਬੀ ਰੂਪ ਉਘੜ ਸਕਿਆ ਤੇ ਇਹੀ ਕਾਰਨ ਹੈ ਕਿ ਪਜਾਬ ਵਿਚ ਹੀ ਪਜਾਬੀ ਦਾ ਸਥਾਨ ਮਸਾਂ ਮਸਾਂ ਬਣਿਆ ਹੈ। ਰਾਜ-ਪਰਬੰਧਕ ਵੰਡਾਂ ਨੇ ਪੰਜਾਬ ਵਿਚ ਪੰਜਾਬੀ ਕੌਮੀਅਤ ਦਾ ਇਤਿਹਾਸ ਪੈਦਾ ਨਹੀਂ ਹੋਣ ਦਿਤਾ, ਜਿਸ ਕਰਕੇ ਇਕੋ ਕੇਂਦਰੀ ਮੁਹਾਵਰੇ ਨੂੰ ਸਥਿਰ ਹੋਣ ਵਿਚ ਕਾਫ਼ੀ ਦੇਰ ਲੱਗੀ ਹੈ।

(੩) ਬਾਹਰੋਂ ਆਕ੍ਰਮਣ ਕਰ ਕੇ ਆਉਣ ਵਾਲਿਆਂ ਵਿਚ ਕੁਝ ਇਹੋ ਜਿਹੇ ਲੋਕ ਸਨ, ਜਿਨ੍ਹਾਂ ਦੀ ਬੋਲੀ ਵਿਚ ਪ੍ਰਭਾਵ-ਪਾਉਣੀ ਸ਼ਕਤੀ ਹੈ ਹੀ ਨਹੀਂ ਸੀ। ਹੂਣਾਂ ਨੂੰ ਅਸੀਂ ਅਜੇਹੇ ਲੋਕਾਂ ਵਿਚ ਹੀ ਗਿਣ ਸਕਦੇ ਹਾਂ ਪਰ ਕੁਝ ਹੋਰ ਸਨ ਜਿਨ੍ਹਾਂ ਨਾਲ ਸਾਡਾ ਸੰਪਰਕ ਬੜਾ ਪੱਕਾ ਤੇ ਵਿਸ਼ਾਲ ਰਿਹਾ ਹੈ ਤੇ ਜਿਨ੍ਹਾਂ ਦੀਆਂ ਬੋਲੀਆਂ ਵੀ ਅਵਿਗਸਿਤ ਨਹੀਂ ਸਨ। ਇਨ੍ਹਾਂ ਵਿਚੋਂ ਮੁਸਲਮਾਨ ਤੇ ਅੰਗ੍ਰੇਜ਼ ਵਰਣਨ-ਯੋਗ ਹਨ। ਮੁਸਲਮਾਨਾਂ ਨਾਲ ਅਰਬੀ, ਫ਼ਾਰਸੀ ਤੇ ਨਾਂ-ਮਾਤਰ ਤੁਰਕੀ ਆਈ, ਤੇ ਅੰਗ੍ਰੇਜ਼ਾਂ ਨਾਲ ਅੰਗ੍ਰੇਜ਼ੀ। ਇਨ੍ਹਾਂ ਬੋਲੀਆਂ ਦੇ ਅਸਰ ਪਜਾਬੀ ਸਾਹਿੱਤ ਵਾਂਙ ਸਾਡੀ ਬੋਲੀ ਉਤੇ ਵੀ ਹੋਏ ਹਨ। ਫ਼ਾਰਸੀ ਤੇ ਅੰਗ੍ਰੇਜ਼ੀ ਨੇ ਸਾਡੇ ਵਿਆਕਰਣ-ਵਾਕ-ਵਿਉਂਤ, ਸ਼ਬਦ-ਰੂਪਾਂ, ਕ੍ਰਿਆ-ਰੂਪਾਂ ਆਦਿ ਉਤੇ ਕੋਈ ਪ੍ਰਭਾਵ ਨਹੀਂ ਪਾਇਆ ਪਰ ਸ਼ਬਦ-ਕੋਸ਼ ਵਧਾਉਣ ਵਿਚ ਬੜੀ ਸੇਵਾ ਕੀਤੀ ਹੈ। ਰਾਜ-ਪਰਬੰਧ, ਧਰਮ, ਆਦਿ ਦੇ ਜਿਹੜੇ ਸ਼ਬਦ ਪੰਜਾਬੀ ਲਈ ਨਵੇਂ ਸਨ, ਉਨ੍ਹਾਂ ਤੋਂ ਛੁੱਟ, ਅਰਬੀ, ਫ਼ਾਰਸੀ ਦੇ ਅਜੇਹੇ ਨਿੱਤ ਦੇ ਘਰੋਗੀ ਸ਼ਬਦ ਵੀ ਪਰਚਲਿਤ ਹੋ ਗਏ, ਜਿਨ੍ਹਾਂ ਵਾਸਤੇ ਸਾਡੇ ਪਾਸ ਅੱਗੇ ਹੀ ਕਾਫ਼ੀ ਸ਼ਾਬਦਿਕ ਮਸਾਲਾ ਮੌਜੂਦ ਸੀ। ਜੇ ਬਾਹਰੋਂ ਆਏ ਮੁਸਲਮਾਨਾਂ ਨੇ ਪੰਜਾਬ ਨੂੰ ਆਪਣਾ ਘਰ ਬਣਾਇਆ ਤਾਂ ਬਹੁਤ ਸਾਰੇ ਹਿੰਦੁਸਤਾਨੀ ਆਪ ਵੀ ਮੁਸਲਮਾਨ ਬਣ ਗਏ। ਇਕ ਪਾਸੇ ਇਸਲਾਮ, ਰਾਜ-ਗੱਦੀ ਉਤੇ ਬੈਠਾ ਹੋਇਆ ਸੀ, ਦੂਜੇ ਪਾਸੇ ਉਸ ਨੇ ਪਿੰਡਾਂ ਵਿਚ ਜਾ ਜੜ੍ਹਾਂ ਗੱਡੀਆਂ। ਫੇਰ ਬੋਲੀ ਉਤੇ ਅਸਰ ਕਿਵੇਂ ਨਾ ਪੈਂਦਾ? ਅੰਗ੍ਰੇਜ਼ ਗੱਦੀ ਉਤੇ ਤਾਂ ਬੈਠਾ, ਪਰ ਪਿੰਡ ਵਿਚ ਨਾ ਉਹ ਆਪ ਪਹੁੰਚਿਆ, ਨਾ ਉਸ ਦਾ ਧਰਮ। ਇਸ ਕਰਕੇ ਅੰਗ੍ਰੇਜ਼ੀ ਦਾ ਪ੍ਰਭਾਵ ਪੰਜਾਬੀ ਉਤੇ, ਬਹੁਤ ਕਰਕੇ, ਉਨ੍ਹਾਂ ਸ਼ਬਦਾਂ ਤਕ ਹੀ ਮਹਿਦੂਦ ਰਿਹਾ ਹੈ, ਜਿਹੜੇ ਰਾਜ ਜਾਂ ਸਮਾਜ-ਪਰਬੰਧ ਤੇ ਗਿਆਨ ਵਿਗਿਆਨ ਦੇ ਨਵੇਂ ਸੰਕਲਪ ਪੇਸ਼ ਕਰਦੇ ਹਨ।

ਹੁਣ ਪਾਕਿਸਤਾਨ ਬਣਨ ਨਾਲ ਪੰਜਾਬ ਭਾਸ਼ਾਈ ਤੌਰ ਉਤੇ ਵੀ ਵੰਡਿਆ ਜਾ ਚੁੱਕਾ ਹੈ। ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਨੂੰ ਕੋਈ ਸਰਕਾਰੀ ਸਵੀਕਾਰਤਾ ਅਜੇ ਨਹੀਂ ਮਿਲੀ ਹੋਈ ਤੇ ਨਾ ਉਸ ਵਿਚ ਕੋਈ ਉਚੇਰੀ ਲਿਖਾਈ ਪੜ੍ਹਾਈ ਹੀ ਹੋ ਰਹੀ ਹੈ। ਰੋਮਾਨੀ ਗੀਤਾਂ ਤੇ ਹਲਕੀਆਂ ਕਹਾਣੀਆਂ ਦੀ ਪੱਧਰ ਵਾਲੇ ਸਾਹਿਤ ਲਈ ਜਿਹੋ ਜਿਹੀ ਬੋਲੀ ਲੋੜੀਂਦੀ ਹੈ, ਉਸ ਤੋਂ ਉਪਰ ਉਠਣ ਦੇ ਮੌਕੇ ਪੱਛਮੀ ਪੰਜਾਬ ਦੀ ਬੋਲੀ ਨੂੰ ਨਹੀਂ ਮਿਲ ਰਹੇ। ਜਦੋਂ ਕਦੀ

ਪਾਰਿਭਾਸ਼ਿਕ ਸ਼ਬਦਾਂ ਦੀ ਲੋੜ ਪੈਂਦੀ ਹੈ, ਅਰਬੀ ਫ਼ਾਰਸੀ ਨੂੰ ਆਧਾਰ ਬਣਾਇਆ ਜਾਂਦਾ ਹੈ, ਪਰ ਕਿਉਂਕਿ ਇਹ ਲੋੜ ਪੈਂਦੀ ਹੀ ਘਟ ਵਧ ਹੈ, ਇਸ ਲਈ ਇਉਂ ਸਮਝਣਾ ਚਾਹੀਦਾ ਹੈ ਕਿ ਬੋਲੀ ਨੂੰ ਅਜੋਕੀਆਂ ਦਿਮਾਗ਼ੀ ਲੋੜਾਂ ਪੂਰੀਆਂ ਕਰਨ ਦੇ ਯੋਗ ਬਣਾਉਣ ਲਈ ਕੋਈ ਬਾਕਾਇਦਾ ਉਦਮ ਨਹੀਂ ਹੋ ਰਿਹਾ। ਜੇ ਇਹੀ ਹਾਲ ਲਗਾਤਾਰ ਚਾਲ੍ਹੀ, ਪੰਜਾਹ ਵਰ੍ਹੇ ਇਸੇ ਤਰ੍ਹਾਂ ਰਹਿ ਜਾਵੇ ਤਾਂ ਪੱਛਮੀ ਤੇ ਪੂਰਬੀ ਪੰਜਾਬ ਵਿਚ ਬੋਲੀਆਂ ਦੀ ਵਿੱਥ ਦਾ ਵਧ ਜਾਣਾ ਅਸਲੋਂ ਸੁਭਾਵਕ ਹੋਵੇਗਾ।

ਇਸ ਦੇ ਮੁਕਾਬਲੇ ਉਤੇ ਭਾਰਤੀ ਪੰਜਾਬ ਵਿਚ ਪੰਜਾਬੀ ਛਾਲਾਂ ਮਾਰ ਕੇ ਅੱਗੇ ਵਧ ਰਹੀ ਹੈ। ਹਠ ਤੇ ਅਗਿਆਨ ਉਤੇ ਆਧਾਰਿਤ ਵਿਰੋਧ ਕਾਫ਼ੀ ਹੱਦ ਤਕ ਮੁਕ ਚੁੱਕਾ ਹੈ। ਪੰਜਾਬੀ ਦਾ ਇਕ ਟਕਸਾਲੀ, ਸਾਹਿੱਤਕ ਰੂਪ ਬੱਝ ਚੁੱਕਾ ਹੈ, ਸੰਪਰਦਾਇਕਤਾ ਲੋਪ ਹੋ ਰਹੀ ਹੈ। ਯੂਨੀਵਰਸਿਟੀ ਤੇ ਸਰਕਾਰ ਵਿਚ ਚਾਹੇ ਪੂਰੀ ਨਹੀਂ, ਪਰ ਅਧੂਰੀ ਮਾਨਤਾ ਜ਼ਰੂਰ ਮਿਲ ਗਈ ਹੈ। ਸਾਇੰਸ ਦੀਆਂ ਮੁੱਢਲੀਆਂ ਕਿਤਾਬਾਂ ਛਪਣ ਲਗ ਪਈਆਂ ਹਨ। ਪੰਜਾਬੀ ਲੇਖਕ ਹਾਬੜਿਆਂ ਹੋਇਆਂ ਵਾਂਙ ਸੰਸਕ੍ਰਿਤ ਦਾ ਸ਼ਬਦ-ਭੰਡਾਰ ਫਰੋਲਣ ਲਗ ਪਏ ਹਨ। ਕਾਹਲੀ ਲੋੜ ਵਿਚ ਕਈ ਲੋਕ ਸੰਸਕ੍ਰਿਤ ਦੀ ਸ਼ਬਦਾਵਲੀ ਨੂੰ ਗ਼ਲਤ-ਮਲਤ ਵੀ ਵਰਤ ਰਹੇ ਹਨ, ਪਰ ਇਹ ਤਾਂ ਇਕ ਤਰ੍ਹਾਂ ਸਾਡੀ ਨਵੀਂ ਜਾਗੀ ਭੁੱਖ ਦੀ ਨਿਸ਼ਾਨੀ ਹੈ ਜੋ ਅਲਗ਼ਮ-ਸਲਗਮ ਨੂੰ ਹਜ਼ਮ ਕਰੀ ਜਾ ਰਹੀ ਹੈ। ਸਾਡਾ ਵਿਸ਼ਵਾਸ਼ ਅਡੋਲ ਹੈ ਕਿ ਬਹੁਤ ਛੇਤੀ ਪਜਾਬੀ ਭਾਸ਼ਾ ਭਾਰਤੀ ਬੋਲੀਆਂ ਦੇ ਪਿੜ ਵਿਚ ਮੁੜ ਕੇ ਉਹ ਸਥਾਨ ਪਰਾਪਤ ਕਰ ਲਵੇਗੀ ਜਿਹੜਾ ਕਦੀ ਉਸ ਦੀ ਸਿੱਧੀ ਵਡਿੱਕੀ ਦਾ ਸੀ।

# ਗੁਰਮੁਖੀ ਲਿਪੀ

ਗੁਰਮੁਖੀ ਲਿਪੀ ਦੀ ਉਤਪੱਤੀ ਬਾਰੇ ਸਿੱਖ-ਗ੍ਰੰਥਾਂ ਵਿਚ ਤਿੰਨ ਪੁਰਾਣੇ ਮੱਤਾਂ ਦੇ ਹਵਾਲੇ ਮਿਲਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਪੁਰਾਣਾ ਮੱਤ ਗੁਰੂ ਅੰਗਦ ਦੇਵ ਜੀ ਨੂੰ ਇਸ ਲਿਪੀ ਦਾ ਘਾੜਾ ਮੰਨਦਾ ਹੈ। ਇਸ ਮੱਤ ਦੀ ਸਭ ਤੋਂ ਪਹਿਲੀ ਗਵਾਹੀ ਬਾਬਾ ਮੋਹਨ ਜੀ ਦੇ ਨਾਂ ਹੇਠ ਪਰਚਲਿਤ ਇਕ ਪੋਥੀ ਵਿਚੋਂ ਮਿਲਦੀ ਹੈ ਜਿਹੜੀ ਅੱਜ ਕੱਲ ਪਟਿਆਲੇ ਵਿਚ ਸੁਰੱਖਿਅਤ ਹੈ। ਇਸ ਪੋਥੀ ਵਿਚ ਦੋ ਬੜੀਆਂ ਸੁਆਦਲੀਆਂ ਟੂਕਾਂ ਦਰਜ ਹੋਈਆਂ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਪਹਿਲੀ ਪੱਤਰਾ ੯੩ ਦੇ ਖੱਬੇ ਹਾਸ਼ੀਏ ਉਤੇ ਹੈ :

"ਗਲਮ ਮਸਤ ਤਡ ਜਠ ਚਦ"

ਜੇ ਇਨ੍ਹਾਂ ਸ਼ਬਦਾਂ ਨੂੰ ਲਗਾਂ-ਮਾਤਰਾਂ ਲਾ ਕੇ ਠੀਕ ਤਰ੍ਹਾਂ ਪੜ੍ਹਿਆ ਜਾਏ ਤਾਂ ਇਸ ਦਾ ਪਾਠ ਇਉਂ ਬਣਨਾ ਚਾਹੀਦਾ ਹੈ :

"ਗ਼ੁਲਾਮ ਮਸਤ ਤੈਂਡਾ ਜੇਠ ਚੰਦ"

'ਜੇਠਾ', ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ ਸੀ, ਸੋ ਅਨੁਮਾਨ ਹੈ ਕਿ ਇਹ ਦਸਖ਼ਤ ਉਨ੍ਹਾਂ ਦੇ ਹੀ ਹੋਣਗੇ। 'ਸਾਖੀਆਂ ਗੁਰੂ ਅਮਰ ਦਾਸ ਭੱਲੇ ਕੀਆਂ' ਵਿਚ ਇਨ੍ਹਾਂ ਪੋਥੀਆਂ ਦਾ ਆਰੰਭ ਸੰਮਤ ੧੬੨੨ ਜਾਂ ਸੰਨ ੧੫੬੫ ਈ: ਵਿਚ ਹੋਇਆ ਲਿਖਿਆ ਹੈ ਗੁਰੂ ਰਾਮਦਾਸ ਜੀ ਸੰਨ ੧੫੭੪ ਈ. ਵਿਚ ਗੁਰੂ ਬਣੇ। ਇਸ ਤਰ੍ਹਾਂ ਗੁਰੂ ਰਾਮਦਾਸ ਵਾਲੇ ਦਸਖ਼ਤਾਂ ਦੀ ਤਾਰੀਖ਼ ੧੫੬੫ ਈ: ਤੋਂ ੧੫੭੪ ਈ: ਦੇ ਅੰਦਰ ਅੰਦਰ ਦੀ ਬਣਦੀ ਹੈ ਤੇ ਗੁਰੂ ਨਾਨਕ ਸਾਹਿਬ ਦੇ ਦੇਹਾਂਤ ਤੋਂ ਕੁੱਲ ੨੭ ਤੋਂ ਲੈ ਕੇ ੩੬ ਵਰ੍ਹੇ ਬਾਅਦ ਦੀ।

ਸਾਡੇ ਕੰਮ ਦੀ ਦੂਜੀ ਟੂਕ ਪੱਤਰਾ ੨੧੫ ਅ ਦੇ ਖੱਬੇ ਪਾਸੇ ਉਤੇ ਹੈ :

"ਗੁਰੂ ਅੰਗਦੁ ਗੁਰਮੁਖੀ ਅਖਰੁ ਬਾਨਾਏ ਬਾਬੇ ਦੇ ਅਗੇ ਸਬਦੁ ਭੇਟ ਕੀਤਾ"*

ਇਸ ਦੀ ਠੀਕ ਸੇਧ ਵਿਚ ਸੱਜੇ ਪਾਸੇ ਲਿਖਿਆ ਹੈ :

"੧ਓ ਸਤਿਗੁਰ ਪਰਸਾਦੁ ਬਬ ਨਨਿ ਵੇਦੀ ਪਤਿਸਹੁ ਦੀਨ ਦੁਨੀਆ ਕੀ ਟੇਕ।"

ਇਸ ਲੇਖ ਦਾ ਸੰਪੂਰਣ ਪਾਠ ਇਹ ਹੈ :

"੧ਓ ਸਤਿਗੁਰੁ ਪਰਸਾਦੁ ਬਾਬਾ ਨਾਨਿ (ਕ) ਵੇਦੀ ਪਾਤਸਾਹੁ ਦੀਨ ਦੁਨੀਆ ਕੀ ਟੇਕ।"

ਇਸ ਦੇ ਥੱਲੇ ਰਾਗ ਸਾਰੰਗ ਦੱਖਣੀ ੨ ਦਾ ਸਿਰਲੇਖ ਦੇ ਕੇ ਇਹ ਸ਼ਬਦ ਲਿਖਿਆ ਹੈ:–

"ਪੂਰਨ ਪਰਾਨ ਜੋਤਿ ਪਰਮੇਸਰ ਪ੍ਰੀਤਮ ਪਰਾਨ ਹਮਾਰੇ।

* ਭਾਈ ਵੀਰ ਸਿੰਘ ਜੀ ਆਪਣੇ ਗ੍ਰੰਥ ਸ੍ਰੀ ਅਸ਼ਟ ਗੁਰ ਚਮਤਕਾਰ, ਭਾਗ ੧ (ਸੈਂਚੀ ੧, ੨, ਤੇ ੩), ੧੯੫੨ ਦੇ ਸਫ਼ਾ ੧੪੦ ਉਤੇ ਇਸ ਲਿਖਤ ਦਾ ਹਵਾਲਾ ਦੇ ਕੇ ਇਸ ਦੇ ਅਰਥ ਇਹ ਦੱਸਦੇ ਹਨ : "ਅਰਥਾਤ ਗੁਰੂ ਨਾਨਕ ਦੇਵ ਜੀ ਦੀ ਆਗਿਆ ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਵਿਉਂਤੇ ਤੇ ਪਹਿਲਾ ਸ਼ਬਦ ਉਨ੍ਹਾਂ ਅੱਖਰਾਂ ਵਿਚ ਲਿਖ ਕੇ ਗੁਰੂ ਜੀ ਨੂੰ ਇਹ ਦਿਖਲਾਇਆ ਸੀ।"

ਮੋਹਨਿ ਮੋਹਿ ਲੀਓ ਮਨੁ ਮੋਰਾ ਸਮਝੈ ਸਬਦੁ ਵੀਚਾਰੇ । ੧ ।
ਅਪੁਨੇ ਠਾਕਰ ਕੀ ਹਉ ਚੇਰੀ ।
ਚਰਨ ਗਹੇ ਜਗ ਜੀਵਨ ਪਰਭੁ ਕੇ ਹਉਮੈ ਮਾਰਿ ਨਿਬੇਰੀ । ੧ । ਰਹਾਉ"

ਗੁਰਮੁਖੀ ਅੱਖਰਾਂ ਦੀ ਵਿਉਂਤ ਬਾਰੇ ਇਹ ਪਹਿਲਾ ਹਵਾਲਾ ਹੈ । ਹੋਰ ਵੀ ਅਨੇਕਾਂ ਨਵੇਂ ਤੇ ਪੁਰਾਣੇ ਸਿੱਖ ਗ੍ਰੰਥਕਾਰ ਇਸੇ ਸਿੱਧਾਂਤ ਦੇ ਧਾਰਨੀ ਹਨ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਸਾਹਿਬ ਜੀ ਦੇ ਹੀ ਸਾਜੇ ਹੋਏ ਹਨ, ਜਿਵੇਂ ਕਵੀ ਸਾਹਿਬ ਸਿੰਘ 'ਮ੍ਰਿਗਿੰਦ' 'ਗੁਰਮੁਖੀ ਮਾਰਗ ਗ੍ਰੰਥ' (੧੮੬੩ ਈ:) ਦੇ ਖਰੜੇ ਦੇ ਪੰਨਾ ੩-੪ ਉਤੇ ਲਿਖਦਾ ਹੈ:—

"ਇਸੀ ਹੇਤੁ ਕੋ ਸਮਝ ਕਰ ਸ੍ਰੀ ਗੁਰੂ ਜੀ ਮਹਾਰਾਜ ਕਰਨ ਕਾਰਨ ਜੋਤੀ ਸਰੂਪ ਗ਼ਰੀਬ ਨਿਵਾਜ ਸ੍ਰੀ ਗੁਰੂ ਅੰਗਦ ਜੀ ਦੂਸਰੇ ਸਾਚੇ ਪਾਤਸ਼ਾਹ ਜੀ ਨੇ ਇਸ **ਦੇਸ ਦੀ ਭਾਖਾ ਕੇ ਅਨੁਸਾਰ ਗੁਰਮੁਖੀ ਬਰਨਾ ਕੀ ਰਚਨਾ ਕਰ ਪੈਂਤੀਸ ਅਖਰੋਂ ਕਾ ਨਿਬੰਧ ਕੀਆ ।** ਸ੍ਰੀ ਗੁਰੂ ਜੀ ਕੇ ਸ੍ਰੀ ਮੁਖ ਵਾਕ ਤੇ ਉਤਪਤਿ ਹੋਣੇ ਕਰ ਹੀ ਇਨ ਅਖਰੋਂ ਕਾ ਨਾਮ ਗੁਰਮੁਖੀ ਪ੍ਰਸਿੱਧ ਹੂਆ......।"*

ਗਿਆਨੀ ਗਿਆਨ ਸਿੰਘ ਜੀ (੧੮੨੨—੧੯੨੭ ਈ.) ਇਤਿਹਾਸਕਾਰ ਸਨ, ਉਨ੍ਹਾਂ ਨੇ ਤਾਂ ਇਨ੍ਹਾਂ ਅੱਖਰਾਂ ਦੀ ਘਾੜਤ ਦਾ ਸੰਨ ਸੰਮਤ ਵੀ ਦੇ ਦਿੱਤਾ ਹੈ । ਉਹ ਫ਼ੁਰਮਾਉਂਦੇ ਹਨ :—

"ਗੁਰਮੁਖੀ ਅੱਖਰ ਜੋ ਇਨ੍ਹਾਂ ਨੇ (ਭਾਵ, ਗੁਰੂ ਅੰਗਦ ਸਾਹਿਬ ਜੀ ਨੇ) **ਸੰਮਤ ੧੫੯੮ ਨੂੰ ਬਣਾਏ ਸੇ** ਉਨ੍ਹਾਂ ਵਿਚ ਬਾਬੇ ਜੀ ਦੇ ਸ਼ਬਦ (ਜੋ ਪ੍ਰੇਮੀ ਲੋਕਾਂ ਨੇ ਨਾਗਰੀ, ਫ਼ਾਰਸੀ, ਤੋਰਕੀ, ਟਾਕਰੇ ਅੱਖਰਾਂ ਵਿਚ ਲਿਖੇ ਹੋਏ ਸੇ) ਲਿਖਵਾਉਂਦੇ ਰਹਿੰਦੇ ਤੇ ਭਾਈ ਬਾਲੇ ਦੀ ਬਣਾਈ ਹੋਈ ਕਥਾ (ਜਿਸ ਦਾ ਨਾਮ ਹੁਣ ਜਨਮ-ਸਾਖੀ ਹੈ) ਭਾਈ ਪੈੜੇ ਮੋਖੇ ਖੱਤਰੀ ਤੋਂ (ਜੋ ਸਾਰੇ ਇਲਮ ਜਾਣਦਾ ਸੀ) ਲਿਖਵਾਈ ਤੇ ੧੬੦੨ ਬਿਕਰਮੀ ਨੂੰ ਜਿਲਦ ਕਰਾਈ.........!"†

ਇਉਂ ਗਿਆਨੀ ਜੀ ਅਨੁਸਾਰ ਸੰਮਤ ੧੫੯੮ ਜਾਂ ਈਸਵੀ ਸੰਨ ੧੫੪੧ ਵਿਚ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਬਣਾਏ । ਗਿਆਨੀ ਜੀ ਦੇ ਕਥਨ ਦੇ ਵਿਚੋਂ ਹੀ ਇਸ਼ਾਰਾ ਮਿਲਦਾ ਹੈ ਕਿ ਉਨ੍ਹਾਂ ਨੇ ਆਪਣੇ ਨਤੀਜੇ ਦੀ ਬੁਨਿਆਦ, ਭਾਈ ਬਾਲੇ ਵਾਲੀ ਜਨਮ-ਸਾਖੀ ਦੇ ਬਿਆਨ ਉਤੇ ਰੱਖੀ ਹੈ । ਇਸ ਜਨਮ-ਸਾਖੀ ਵਿਚ ਜਦੋਂ ਗੁਰੂ ਅੰਗਦ ਸਾਹਿਬ ਜੀ ਪਾਸ ਗੁਰੂ ਨਾਨਕ ਸਾਹਿਬ ਜੀ ਦੀ ਜਨਮ-ਪੱਤ੍ਰੀ ਪਹੁੰਚਦੀ ਹੈ :

"......ਤਾਂ ਹਥ ਵਿਚ ਲੈ ਕਰਿ ਜਨਮਿ ਪਤ੍ਰੀ ਚੁੰਮੀ ॥ ਅਤੇ ਅਖੀਆ ਤੇ ਸਿਰ ਤੇ ਰਖੀ ॥ ਤਾ ਕਿਆ ਦੇਖਨੁ ॥ ਜੋ ਅਖਰ ਸਾਸਤ੍ਰੀ ਹਨ ॥ ਤਾ ਗੁਰੂ ਅੰਗਦ ਜੀ ਬੀਚਾਰ ਕੀਤਾ ਜੋ ਕੋਈ ਅਜੇਹਾ ਭੀ ਸਿਖ ਹੋਵੈ ਜੋ ਦੋਵੇਂ ਅਖਰ ਪੜ੍ਹਿਆ ਹੋਵੈ ਤਾ ਮਹਿਮਾ ਖਹਰਾ ਜਟੁ ਬੋਲਿਆ ਜਿਸ ਦੇ ਘਰਿ ਗੁਰੂ ਅੰਗਦ ਜੀ ਰਹਿੰਦਾ ਸੀ ॥ ਜੀ ਸੁਲਤਾਨਪੁਰ ॥ ਪੈੜਾ ਮੋਖਾ ਖਤ੍ਰੀ ਹੈ ॥ ਜੀ ਓਹੁ ਦੋਵੈ ਅਖਰੁ ਪੜਿਆ ਹੋਇਆ ਹੈ । ਅਤੇ ਦੋਵੈ ਵਾਚਦਾ ਹੈ ॥ ਤਾ ਗੁਰੂ ਅੰਗਦ ਜੀ ਆਖਿਆ ਭਾਈ ਮਹਿਮਾ ਆਂਦਾ ਚਾਹੀਐ ॥ ਤਾ ਮਹਿਮੇ ਕਹਿਆ ॥ ਭਲਾ ਜੀ ॥ ਹਉ ਲਿਆਵਦਾ ਹਾਂ ॥ ਮੇਰੇ ਆਖੇ ਝਬ ਆਵੇਗਾ ॥ ਤਾ ਮਹਿਮਾ ਸੁਲਤਾਨ ਪੁਰੋ ਪੈੜੇ ਮੋਖੇ ਨੂੰ ਲੈ ਆਇਆ ॥ ਤਾ ਗੁਰੂ ਅੰਗਦ ਜੀ ਉਸ ਤਾਈ ਜਨਮ ਪਤ੍ਰੀ ਦਿਖਾਈ ॥ ਤਾ ਉਹ ਤਾੜ ਤਾੜ ਵਾਚ ਗਇਆ । ਤਾ ਗੁਰੂ ਅੰਗਦ ਜੀ ਬਹੁਤ ਖੁਸੀ ਹੋਇਆ ॥ ਤਾ ਗੁਰੂ ਅੰਗਦ ਜੀ ਕਹਿਆ ॥ ਭਾਈ ਪੈੜਾ ਏਹ ਅਸਾਨੂੰ ਗੁਰਮੁਖੀਆ ਅਖਰਾ ਵਿਚ ਲਿਖ ਦੇਹੁ ॥ ਤਾ ਪੈੜੇ ਕਹਿਆ ਭਲਾ ਜੀ...।"‡

* ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ, ਦੀ ਹੱਥ-ਲਿਖੀ ਨੰ: ੨੧੯੭ ।
† ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੧, ਨੰਬਰ ੨, ਪੰਜਵੀਂ ਵਾਰ, ਸਫ਼ਾ ੫੩੧ (ਖ਼ਾਲਸਾ ਨੈਸ਼ਨਲ ਏਜੰਸੀ ਅੰਮ੍ਰਿਤਸਰ) ।
‡ ਡਾ: ਗੰਡਾ ਸਿੰਘ ਦੇ ਸੰਮਤ ੧੮੮੫ ਜਾਂ ਸੰਨ ੧੮੨੮ ਈ: ਦੇ ਖਰੜੇ ਦਾ ਪੱਤਰਾ ੪੧ ਅ ।

ਇਸ ਟੂਕ ਤੋਂ ਇਹ ਨਤੀਜਾ ਤਾਂ ਸੁਭਾਵਕ ਹੀ ਨਿਕਲ ਸਕਦਾ ਸੀ ਕਿ ਗੁਰੂ ਅੰਗਦ ਸਾਹਿਬ ਜੀ ਦੇ ਸਮੇਂ ਸ਼ਾਸਤ੍ਰੀ (ਨਾਗਰੀ) ਤੇ ਗੁਰਮੁਖੀ ਅੱਖਰ ਇਕੋ ਸਮੇਂ ਨਾਲੋਂ ਨਾਲ ਮੌਜੂਦ ਸਨ ਤੇ ਗੁਰੂ ਸਾਹਿਬ ਕੇਵਲ ਗੁਰਮੁਖੀ ਅੱਖਰ ਜਾਣਦੇ ਸਨ ਤੇ ਇਨ੍ਹਾਂ ਅੱਖਰਾਂ ਵਿਚ ਉਨ੍ਹਾਂ ਦੀ ਉਚੇਚੀ ਦਿਲਚਸਪੀ ਸੀ, ਪਰ ਇਹ ਸਮਝ ਨਹੀਂ ਆਈ ਕਿ ਗਿਆਨੀ ਜੀ ਨੇ ਇਸ ਟੂਕ ਦੇ ਅਰਥ ਇਹ ਕਿਵੇਂ ਕੱਢ ਲਏ ਕਿ ਗੁਰੂ ਅੰਗਦ ਸਾਹਿਬ ਨੇ ਸੰਨ ੧੫੪੧ ਵਿਚ ਇਸ ਲਿਪੀ ਦੇ ਸਾਰੇ ਦੇ ਸਾਰੇ ਅੱਖਰ ਆਪ ਉਚੇਚੇ ਘੜੇ ਸਨ। ਇਸ ਖਰੜੇ ਵਿਚ, ਗੁਰਮੁਖੀ ਦੇ ਕਿਸੇ ਵਿਉਂਤਕਾਰ ਬਾਰੇ ਕੋਈ ਸਪੱਸ਼ਟ ਵਿਚਾਰ ਨਿਸਚਿਤ ਨਹੀਂ ਕੀਤਾ ਗਿਆ, ਪਰ ਇਸ ਜਨਮ-ਸਾਖੀ ਦੀ ਮੁਫ਼ੀਦਿ ਆਮ ਪ੍ਰੈਸ, ਲਾਹੌਰ ਵਾਲੀ ਛਾਪ ਵਿਚ ਇਸੇ ਸਾਖੀ ਦੇ ਅੰਤ ਵਿਚ, ਉਸ ਦੇ ਅਗਿਆਤ ਪਰ ਆਧੁਨਿਕ ਸੰਪਾਦਕ ਵੱਲੋਂ, ਇਹ ਫ਼ਾਲਤੂ ਸਤਰਾਂ ਛਪੀਆਂ ਹੋਈਆਂ ਮਿਲਦੀਆਂ ਹਨ:—

> "ਅੱਗੇ ਅੱਖਰ ਸ਼ਾਸਤ੍ਰੀ ਸਾਰੇ ਸੰਸਾਰ ਮੇਂ ਪਰਸਿਧ ਹੈਗੇ ਸਨ ਏਹ ਗੁਰਮੁਖੀ ਅੱਖਰ ਸ੍ਰੀ ਗੁਰੂ ਨਾਨਕ ਜੀ ਬਣਾਏ ਅਤੇ ਸ੍ਰੀ ਗੁਰੂ ਅੰਗਦ ਜੀ ਜਗਤ ਵਿਚ ਵਰਤਾਏ। ਐਸੇ ਪਰਉਪਕਾਰੀ ਗੁਰੂ ਜੀ ਨੇ ਜਗਤ ਦੇ ਉਧਾਰ ਕਰਨ ਦੇ ਵਾਸਤੇ ਗੁਰਮੁਖੀ ਅੱਖਰ ਬਣਾਏ ਕਿਉਂ ਜੋ ਸੰਸਕ੍ਰਿਤ ਸਮਝਨੀ ਪੜ੍ਹਨੀ ਬਡੀ ਔਖੀ ਸੀ ਅਤੇ ਗੁਰਮੁਖੀ ਸੁਖੈਨ ਹੀ ਸਮਝੀ ਜਾਂਦੀ ਹੈ ਕਲਜੁਗੀ ਜੀਵਾਂ ਦੀ ਬੁੱਧ-ਮੋਟੀ ਜਾਨ ਕੇ ਸ੍ਰੀ ਗੁਰੂ ਨਾਨਕ ਜੀ ਗੁਰਮੁਖੀ ਅੱਖਰ ਰਚ ਦੀਏ ਹੈਨ, ਸੀਧਾ ਗਾਡੀ ਰਸਤਾ ਬਨਾ ਦੀਆ ਹੈ......।"

ਇਨ੍ਹਾਂ ਸ਼ਬਦਾਂ ਦਾ ਮੂਲ ਲੇਖਕ ਜੋ ਕੋਈ ਵੀ ਸੀ, ਉਸ ਨੇ ਗੁਰਮੁਖੀ ਅੱਖਰਾਂ ਦੀ ਵਿਉਂਤ ਦਾ ਮਾਣ ਗੁਰੂ ਅੰਗਦ ਸਾਹਿਬ ਦੀ ਥਾਂ ਗੁਰੂ ਨਾਨਕ ਸਾਹਿਬ ਨੂੰ ਬਖ਼ਸ਼ਿਆ ਹੈ ਤੇ ਗੁਰੂ ਅੰਗਦ ਸਾਹਿਬ ਨੂੰ ਇਨ੍ਹਾਂ ਅੱਖਰਾਂ ਦਾ ਪਰ-ਚਾਰਕ ਬਣਾਇਆ ਹੈ। ਇਸ ਨਾਲ ਅਸੀਂ ਗੁਰਮੁਖੀ ਦੀ ਉਤਪੱਤੀ ਬਾਰੇ ਦੂਜੇ ਪਰਵਿਰਤ ਮੱਤ ਉਤੇ ਪਹੁੰਚ ਜਾਂਦੇ ਹਾਂ।

ਇਸ ਮੱਤ ਦਾ ਪੁਰਾਣੇ ਤੋਂ ਪੁਰਾਣਾ ਹਵਾਲਾ, ਜਿਹੜਾ ਸਾਨੂੰ ਮਿਲ ਸਕਿਆ ਹੈ, ਉਹ ਕੰਕਨ ਨਾਂ ਵਾਲੇ ਕਵੀ ਦੀ ਅਣਛਪੀ ਰਚਨਾ 'ਸੰਖੇਪ ਤੇ ਦਸ ਗੁਰ ਕਥਾ' (ਨੰਬਰ ਬ-੨੨੬, ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ) ਵਿਚ ਹੈ। ਉਹ ਗੁਰੂ ਨਾਨਕ ਸਾਹਿਬ ਦੀ ਉਸਤਤ ਕਰਦਿਆਂ ਪੱਤਰਾ ੧ ਉਤੇ ਇਹ ਸਵੱਯਾ ਲਿਖਦਾ ਹੈ:—

> "ਏਹ ਕੀਆ ਉਪਕਾਰ ਬਡਾ ਗੁਰ ਅੱਛਰ ਬੇਦਨ ਕੇ ਪਲਟਾਏ।
> ਗੁਰਮਖਿ ਅਖਯਰ ਕੀਨੇ ਤਬੈ ਜਬ ਕੈ ਸਿਉਂ ਕੋ ਨਰ ਕਸ਼ਟ ਨ ਪਾਏ।
> ਐਸੀ ਹੁਤੀ ਜਗ ਮੈ ਨ ਕਦਾਚਿਤ, ਮੋ ਸੇ ਗਰੀਬ ਕੋ ਕੌਨ ਸਿਖਾਏ।
> ਖਸਟ ਹੀ ਮਾਸ ਮੈ ਹੋਤ ਪ੍ਰਾਪਤਿ ਬੁਧਿ ਬਿਹੀਨ ਕੋ ਕੌਨ ਬਤਾਏ। ੫।
>
> ਦੋਹਰਾ
>
> ਧੰਨ ਧੰਨ ਨਾਨਕ ਗੁਰੂ, ਕੀਨਾ ਪਰਉਪਕਾਰ॥
> ਅੱਛਰ ਕਾ ਪੁਲ ਬਾਂਧਕੇ, ਸ੍ਰਿਸਟਿ ਉਤਾਰੀ ਪਾਰ॥ ੬॥

ਕੰਕਨ ਅਨੁਸਾਰ ਗੁਰਮੁਖੀ ਅੱਖਰ ਗੁਰੂ ਨਾਨਕ ਸਾਹਿਬ ਜੀ ਨੇ 'ਕੀਨੇ'। ਇਹੀ ਮੱਤ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦੀ ਹੱਥ-ਲਿਖੀ ਭਾਈ ਦਿਆਲ ਹਰਿ ਕ੍ਰਿਤ 'ਉਥਾਨਕਾ ਗ੍ਰੰਥ ਸਾਹਿਬ ਜੀ ਕੀ' ਵਿਚ ਮਿਲਦਾ ਹੈ। ਨਿਰੰਕਾਰ, ਗੁਰੂ ਨਾਨਕ ਸਾਹਿਬ ਨੂੰ ਕਹਿੰਦਾ ਹੈ:

> "ਮੈਂ ਤੈਨੂੰ ਤੀਨ ਲੋਕ ਦਿੱਤੇ। ਤੇਰੀ ਆਗਿਆ ਮੈ ਚਲਣਗੇ। ਕਲਜੁਗ ਦਾ ਰਾਜ ਤੇ ਕਰਾਮਾਤ ਤੇ ਮੈ ਆਪਣਾ ਸਤਿਨਾਮ ਤੈਨੂੰ ਬਖ਼ਸ਼ਿਆ, ਤੂ ਜਾਇਕੇ ਖਟਦਰਸ਼ਨੀ ਭੇਖ ਤੇ ਨਾਮ ਜਪਾਉ।"

ਅੱਗੋਂ ਗੁਰੂ ਨਾਨਕ ਸਾਹਿਬ ਹੱਥ ਬੰਨ੍ਹ ਕੇ ਬੇਨਤੀ ਕਰਦੇ ਹਨ:

> "ਖਟ ਦਰਸ਼ਨੀ ਭੇਖ ਸਭ ਤੇਰਾ ਨਾਮ ਪੜ੍ਹਦੇ ਸੁਣਦੇ ਹੈਂ।
> ਸਤਿਨਾਮ ਤੇਰੇ ਸਭ ਹੈਨ। ਸਭ ਜਪਤੇ ਹੈਨ ਸੰਸਾਰ ਕੇ ਵਿਚ।

ਜੋ ਤੁਸੀਂ ਸਤਿਨਾਮ ਕਿਹਾ ਹੈ, ਜਪਾਉ ਸੰਸਾਰ ਵਿਚ ਸੋ ਮੈਂ ਨਹੀਂ ਜਾਣਦਾ ਹਾਂ ਜੀ।
ਕੈਸਾ ਤੇਰਾ ਸਤਿਨਾਮ ਹੈ। ਸੋ ਕਿਰਪਾ ਕਰ ਕੇ ਸੁਣਾਉ ਜੀ।"

ਤਾਂ ਨਿਰੰਕਾਰ ਪ੍ਰਸੰਨ ਹੋ ਕੇ ਆਪਣਾ 'ਸਤਿਨਾਮ' ਗੁਰੂ ਨਾਨਕ ਸਾਹਿਬ ਨੂੰ ਇਉਂ ਬਖ਼ਸ਼ਦਾ ਹੈ :—

"ਹੇ ਨਾਨਕ ਨਿਰੰਕਾਰੀ ਸਤਿਨਾਮ ਮੇਰਾ ਏਹੁ ਹੈ, ਸੋ ਤੂੰ ਸੁਣ।
ਤਬ ਨਿਰੰਕਾਰਿ ਸਲੋਕ ਬੋਲਿਆ। ਆਪਣੇ ਮੁਖ ਤੇ ਗੁਰ-ਮੰਤ੍ਰ ਉਪਦੇਸ਼ ॥

ਸਲੋਕ ਨਿਰੰਕਾਰ ਜੀ,

ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥

ਹੇ ਨਾਨਕ ਨਿਰੰਕਾਰੀ। ਏਹੁ ਸਲੋਕ ਜਪ ਜਪਾਉ ਸੰਸਾਰ ਵਿਚ। ਇਹ ਮੂਲ ਹੈ। ਪੈਂਤੀਆਂ ਅੱਖਰਾਂ ਦਾ ਸਲੋਕ ਹੈ। **ਸੋ ਤੂੰ ਸੰਸਾਰ ਵਿਚ ਜਾਇ ਕੇ ਪੈਂਤੀ ਅੱਖਰ ਕਰ।** ਏਨਾਂ ਪੈਂਤੀਆਂ ਅੱਖਰਾਂ ਦੇ ਸਲੋਕ ਭਾਖਾ ਬਾਣੀ ਵਿਚ ਖਟਦਰਸ਼ਨੀ ਸਾਧ ਸੰਗਤਿ ਨੂੰ ਉਪਦੇਸ਼ ਸ਼ਬਦ ਸਲੋਕ ਪਉੜੀਆਂ ਕਰਕੇ ਸੁਣਾਉ......" *

ਏਥੇ ਇਹ ਦੱਸ ਦੇਣਾ ਚਾਹੀਦਾ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਗੁਰਮੁਖੀ ਦਾ ਨਿਰਮਾਤਾ ਮੰਨਣ ਵਾਲੇ ਸਾਰੇ ਆਧੁਨਿਕ ਵਿਦਵਾਨ, ਗੁਰੂ ਨਾਨਕ ਸਾਹਿਬ ਦੀ 'ਪਟੀ' ਨਾਂ ਦੀ ਰਚਨਾ ਵਿਚਲੇ ਪੈਂਤੀ ਅੱਖਰਾਂ ਨੂੰ (ਜਿਹੜੇ ਗੁਰਮੁਖੀ ਵਾਲੇ ਹੀ ਹਨ) ਆਪਣੀ ਸਭ ਤੋਂ ਵੱਡੀ ਦਲੀਲ ਬਣਾਉਂਦੇ ਹਨ।

ਤੀਜਾ ਮੱਤ ਭਾਈ ਕੇਸਰ ਸਿੰਘ ਛਿੱਬਰ ਦੇ ਗ੍ਰੰਥ 'ਬੰਸਾਵਲੀ-ਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਲੱਭਦਾ ਹੈ। ਇਹ ਗ੍ਰੰਥ, ਲੇਖਕ ਦੀ ਆਪਣੀ ਦੱਸ ਅਨੁਸਾਰ 'ਸੰਬਤ ਅਠਾਰਾਂ ਸੈ ਛਬੀਸ ਮੈ ਸਾਵਨ ਸੁਦਿ ਦਸ ਚਾਰ, ਜੰਮੂ ਨਗਰੀ ਕੇ ਬਿਖੇਂ' ਰਚਿਆ ਗਿਆ। ਇਹੋ ਕਿਤਾਬ ਦੂਜੀ ਵਾਰੀ ਲੇਖਕ ਨੂੰ ਦਸ ਸਾਲ ਪਿੱਛੋਂ ਫੇਰ ਰਚਣੀ ਪਈ। ਜਿਸ ਸੈਂਚੀ ਤੋਂ ਇਹ ਤੁਕਾਂ ਲਈਆਂ ਗਈਆਂ ਹਨ, ਉਹ ਸੰਮਤ ੧੯੦੨ ਜਾਂ ਸੰਨ ੧੮੪੫ ਈ: ਦਾ ਉਤਾਰਾ ਹੈ। ਉਸ ਦੇ ਪੱਤਰਾ ੨੫੧ ਉੱਤੇ ਇਉਂ ਲਿਖਿਆ ਹੋਇਆ ਹੈ :—

ਜੈਸੇ ਸਾਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਏ
ਅਗੇ ਸਾਸਤ੍ਰੀ, ਪਾਰਸੀ, ਟਾਕਰੇ ਆਹੇ
ਕਰਮ ਸੁਭਾਉ ਹੈ ਸਭ ਪਰ ਬਲਿਵਾਨਿ
ਉਤਮ ਮਧਮੁ ਨੀਚ ਸਭ ਕਰਮ ਹੀ ਕਰਾਨ ॥੭੯॥

* * *

ਸ੍ਰੀ ਚੰਦ ਸਾਹਿਬ ਉਤਮੁ ਕਰਮ ਠਹਿਰਾਇਆ
ਅਖਰ ਗੁਰਮੁਖੀ ਦਿਤੇ ਵਰਤਾਇਆ
ਕਰਮ ਸੁਭਾਉ ਵਸਿ ਸਾਰਾ ਸੰਸਾਰ
ਉਤਮ ਮਧਮੁ ਨੀਚ ਕਰਾਵਣਹਾਰ ॥੮੧॥

ਭਾਈ ਕੇਸਰ ਸਿੰਘ ਛਿੱਬਰ ਨੇ ਅਠਾਰ੍ਹਵੀਂ ਸਦੀ ਦੇ ਛੇਵੇਂ ਜਾਂ ਸੱਤਵੇਂ ਦਹਾਕੇ ਵਿਚ ਗੁਰਮੁਖੀ ਦੀ ਉਤਪੱਤੀ ਨਾਲ ਬਾਬਾ ਸ੍ਰੀ ਚੰਦ ਜੀ ਦਾ ਸੰਬੰਧ ਕਿਸ ਪਰਮਾਣ ਦੇ ਆਸਰੇ ਜੋੜ ਦਿੱਤਾ ? ਇਹ ਇਕ ਗੁੰਝਲ ਹੈ, ਕਿਉਂਕਿ ਉਨ੍ਹਾਂ

* ਇਹ ਹਵਾਲਾ 'ਜੀਵਨ ਭਾਈ ਗੁਰਦਾਸ ਭੱਲਾ' ਕ੍ਰਿਤ ਭਾਈ ਰਣਧੀਰ ਸਿੰਘ ਦੇ ਟਾਈਪ-ਸ਼ੁਦਾ ਖਰੜੇ ਵਿੱਚੋਂ ਉਧ੍ਰਿਤ ਹੈ। ਵਿਦਵਾਨ ਲੇਖਕ ਦੇ ਖ਼ਿਆਲ ਵਿਚ ਇਹ ਗ੍ਰੰਥ 'ਗੁਰਪ੍ਰਤਾਪ ਸੂਰਜ' ਤੇ 'ਗੁਰਬਿਲਾਸ ਪਾ. ੬' ਤੋਂ ਪਹਿਲਾਂ ਦੀ ਰਚਨਾ ਹੈ।

ਤੋਂ ਬਿਨਾਂ ਇਸ ਗੱਲ ਦੀ ਦੱਸ ਕਿਸੇ ਲੇਖਕ ਨੇ ਨਹੀਂ ਪਾਈ। ਸਾਡਾ ਖ਼ਿਆਲ ਹੈ ਕਿ ਇਹ ਗੱਲ ਛਿੱਬਰ ਜੀ ਨੇ ਐਵੇਂ ਤੱਕ ਨਾਲ ਹੀ ਕਹਿ ਦਿੱਤੀ ਹੈ, ਕਿਸੇ ਪਰਮਾਣਿਕ ਆਧਾਰ ਉੱਤੇ ਨਹੀਂ ਟਿਕਾਈ। ਸ਼ਾਇਦ ਉਨ੍ਹਾਂ ਦੇ ਅਨੁਮਾਨ ਦਾ ਆਧਾਰ ਬਾਬਾ ਸ੍ਰੀ ਚੰਦ ਜੀ ਦੇ ਨਾਂ ਹੇਠ ਪਰਚਲਿਤ 'ਮਾਤਰਾ' ਦੀਆਂ ਇਨ੍ਹਾਂ ਤੁਕਾਂ ਵਿਚ ਆਏ ਇਕ ਦੋ ਸ਼ਬਦ ਹੋਣ:

"ਓਅੰ ਗੁਰ ਅਬਨਾਸ਼ੀ ਖੇਲ ਰਚਾਇਆ
ਅਗਮ ਨਿਗਮ ਕਾ ਪੰਥ ਬਤਾਇਆ
ਗਿਆਨ ਕੀ ਗੋਦੜੀ, ਖਿਮਾ ਕੀ ਟੋਪੀ
ਜਤ ਕਾ ਆੜਬੰਧ, ਸੀਲ ਲੰਗੋਟੀ
ਅਕਾਲ ਖਿੰਥਾ, ਨਿਰਾਸ ਝੋਲੀ
ਜਗਤ ਕਾ ਟੋਪ, **ਗੁਰਮੁਖੀ ਬੋਲੀ**।"

ਇਹ ਸਨ ਤਿੰਨ ਮੱਤ, ਜਿਨ੍ਹਾਂ ਵੱਲ ਮੈਂ ਮੁੱਢ ਵਿਚ ਹੀ ਸੰਕੇਤ ਕੀਤਾ ਸੀ। ਇਹ ਤਿੰਨੇ ਮੱਤ ਇਕ ਚਿੱਤ ਹੋ ਕੇ ਮੰਨਦੇ ਹਨ ਕਿ 'ਗੁਰਮੁਖੀ ਅੱਖਰ' ਮੁੱਢੋਂ 'ਬਣਾਏ' ਗਏ। ਇਸ ਦਾ ਸਾਧਾਰਨ ਅਰਥ ਇਹੋ ਹੋ ਸਕਦਾ ਹੈ ਕਿ ਇਹ 'ਅੱਖਰ' ਪਹਿਲਾਂ ਮੌਜੂਦ ਨਹੀਂ ਸਨ ਤੇ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਜਾਂ ਬਾਬਾ ਸ੍ਰੀ ਚੰਦ ਜੀ ਵਿੱਚੋਂ ਕਿਸੇ ਇਕ ਨੇ ਬੜੀ ਸੋਚ ਵਿਚਾਰ ਦੇ ਉਪਰੰਤ ਇਨ੍ਹਾਂ ਨੂੰ ਹੋਂਦ ਵਿਚ ਲਿਆਂਦਾ। ਵੱਡਾ ਅਫ਼ਸੋਸ ਇਹ ਹੈ ਕਿ ਇਨ੍ਹਾਂ ਤਿੰਨਾਂ ਮਹਾਂਪੁਰਖਾਂ ਵਿਚੋਂ ਕਿਸੇ ਇਕ ਦੀ ਵੀ ਪ੍ਰਮਾਣਿਕ ਹੱਥ-ਲਿਖਤ ਸਾਡੇ ਤੱਕ ਨਹੀਂ ਪਹੁੰਚੀ। ਜੇ ਇਹ ਲਿਖਤਾਂ ਮੌਜੂਦ ਹੁੰਦੀਆਂ ਤਾਂ ਨਤੀਜੇ ਕੱਢਣ ਵਿਚ ਬੜਾ ਸੌਖ ਹੁੰਦਾ, ਪਰ ਇਕ ਗੱਲ ਬਾਰੇ ਕੋਈ ਝਗੜਾ ਨਹੀਂ ਕਿ ਗੁਰੂ-ਘਰ ਨਾਲ ਸੰਬੰਧਿਤ ਪੁਰਾਣੀ ਤੋਂ ਪੁਰਾਣੀ ਗੁਰਮੁਖੀ ਵਿਚ ਜਿਹੜੇ ਅੱਖਰ-ਰੂਪ ਪਰਾਪਤ ਹਨ, ਉਨ੍ਹਾਂ ਵਿੱਚੋਂ ਕਿਸੇ ਉੱਤੇ, ਕਿਸੇ ਇਕ ਵਿਅਕਤੀ ਦੀ ਚੇਤੰਨ ਘਾੜਤ ਦੇ ਨਿਸ਼ਾਨ ਨਹੀਂ ਮਿਲਦੇ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਗੁਰਮੁਖੀ ਅੱਖਰਾਂ ਦਾ ਰੂਪਕ ਮੁਤਾਲਿਆ ਕਰਨ ਵਾਲਿਆਂ ਨੂੰ ਅਜੇਹੇ ਲੱਛਣ ਬੜੇ ਘੱਟ ਮਿਲਦੇ ਹਨ ਜਿਹੜੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਪਹਿਲਾਂ ਹੀ ਹੋਂਦ ਵਿਚ ਨਹੀਂ ਸਨ ਆ ਚੁੱਕੇ।

ਗੁਰਮੁਖੀ ਦਿਆਂ ਤਕਰੀਬਨ ਸਾਰਿਆਂ ਅੱਖਰਾਂ ਦੀ, ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਦੇ ਪੰਜਾਬੀ ਅੱਖਰਾਂ ਨਾਲ ਬੜੀ ਹੀ ਸਪਸ਼ਟ ਸਮਾਨਤਾ ਹੈ। ਕਾਰਨ ਇਹ ਹੈ ਕਿ ਭਾਰਤ ਦੀਆਂ ਤਕਰੀਬਨ ਸਾਰੀਆਂ ਲਿੱਪੀਆਂ ਦੇ ਅੱਖਰ ਅਸ਼ੋਕ ਦੇ ਸਮੇਂ ਦੀ 'ਬ੍ਰਾਹਮੀ' ਲਿਪੀ ਦੇ ਅੱਖਰਾਂ ਦੇ ਹੀ ਵਿਗਸਿਤ ਰੂਪ ਹਨ ਤੇ ਗੁਰਮੁਖੀ ਅੱਖਰਾਂ ਦੀਆਂ ਸ਼ਕਲਾਂ ਨਿਰਸੰਦੇਹ ਇਹ ਸਾਬਤ ਕਰਦੀਆਂ ਹਨ ਕਿ ਇਨ੍ਹਾਂ ਅੱਖਰਾਂ ਦੀ ਪੜ-ਮਾਂ ਵੀ ਇਹੀ ਬ੍ਰਾਹਮੀ ਸੀ। ਇਹ ਕਥਨ ਵਿਦਵਾਨਾਂ ਵੱਲੋਂ ਇੰਨਾ ਕਿੰਤੂ-ਮੁਕਤ ਹੈ ਕਿ ਇਸ ਦੀ ਸਿਧੀ ਵਿਚ ਸਮਾਂ ਨਸ਼ਟ ਕਰਨ ਦੀ ਥਾਂ ਇਹ ਸਿੱਧਾ ਦਾਅਵਾ ਕੀਤਾ ਜਾ ਸਕਦਾ ਹੈ ਕਿ ਜਿੱਥੋਂ ਤੱਕ ਗੁਰਮੁਖੀ ਅੱਖਰਾਂ ਦੀਆਂ ਧੁਨੀਆਂ ਦਾ ਸੰਬੰਧ ਹੈ, ਉਹ ਕਿਸੇ ਦੀ ਕਾਢ ਨਹੀਂ ਹਨ। ਉਹ ਪਹਿਲਾਂ ਤੋਂ ਹੀ ਇਸੇ ਤਰ੍ਹਾਂ ਤੁਰੀਆਂ ਆ ਰਹੀਆਂ ਹਨ ਤੇ ਜਿੱਥੋਂ ਤੱਕ ਇਨ੍ਹਾਂ ਅੱਖਰਾਂ ਦੀਆਂ ਸ਼ਕਲਾਂ ਦਾ ਸੰਬੰਧ ਹੈ, ਉਹ ਬ੍ਰਾਹਮੀ ਤੋਂ ਸ਼ੁਰੂ ਹੋ, ਵਿਕਾਸ ਦੇ ਇਤਿਹਾਸਕ ਪੜਾ ਲੰਘ ਕੇ, ਹੁਣ ਵਾਂਙ ਬਣ ਗਈਆਂ ਹਨ — ਕਿਸੇ ਇਕ ਖ਼ਾਸ ਵਿਅਕਤੀ ਦੇ ਬਣਾਇਆਂ ਨਹੀਂ ਬਣੀਆਂ।

ਅਸੀਂ ਸਿੱਖ ਗ੍ਰੰਥਕਾਰਾਂ ਦੇ ਇਸ ਸਿੱਧਾਂਤ ਦਾ ਖੰਡਨ ਕੀਤਾ ਹੈ ਕਿ ਗੁਰਮੁਖੀ ਅੱਖਰ ਕਿਸੇ ਇਕ ਮਹਾਂਪੁਰਖ ਦੀ ਈਜਾਦ ਸਨ, ਪਰ ਹੋ ਸਕਦਾ ਹੈ ਕਿ 'ਅੱਖਰਾਂ' ਤੋਂ ਸਾਰੇ ਪੁਰਾਣੇ ਲੇਖਕਾਂ ਦਾ ਭਾਵ 'ਅੱਖਰ-ਮਾਲਾ' ਜਾਂ ਇਕ ਲਿੱਪੀ-ਇਕਾਈ ਹੋਵੇ। ਇਸ ਲਈ ਹੁਣ ਇਸ ਨਿਰਣੇ ਦੀ ਲੋੜ ਹੈ ਕਿ ਜਿਸ ਵਰਣ-ਮਾਲਾ-ਵਿਸ਼ੇਸ਼ ਨੂੰ 'ਗੁਰਮੁਖੀ' ਕਿਹਾ ਜਾਂਦਾ ਹੈ, ਉਸ ਦੇ ਨਿੱਖੜਵੇਂ ਲੱਛਣ ਕਿਹੜੇ ਹਨ ਤੇ ਇਨ੍ਹਾਂ ਵਿੱਚੋਂ ਕਿਹੜੇ ਪੂਰਵ-ਨਾਨਕ ਕਾਲ ਤੇ ਕਿਹੜੇ ਉੱਤਰ-ਨਾਨਕ ਕਾਲ ਦੀ ਉਪਜ ਮੰਨੇ ਜਾ ਸਕਦੇ ਹਨ। ਗੁਰੂ ਨਾਨਕ ਸਾਹਿਬ ਜਾਂ ਉਨ੍ਹਾਂ ਤੋਂ ਬਾਅਦ ਦੇ ਕਿਸੇ ਵਿਅਕਤੀ ਦੀ ਦੇਣ ਕੇਵਲ ਉਹੀ ਲੱਛਣ ਮੰਨੇ ਜਾ ਸਕਦੇ ਹਨ ਜਿਹੜੇ ਉਨ੍ਹਾਂ ਤੋਂ ਪਹਿਲਾਂ ਮੌਜੂਦ ਨਹੀਂ ਸਨ, ਸੋ

ਇਸ ਵਰਣ-ਮਾਲਾ ਦੇ ਜਿਹੜੇ ਲੱਛਣ ਇਸ ਨੂੰ ਹੋਰ ਦੇਸੀ ਮਾਲਾਵਾਂ ਤੋਂ ਨਿਖੇੜਦੇ ਹਨ, ਉਨ੍ਹਾਂ ਦਾ ਬਿਉਰਾ ਦੇਣਾ ਜ਼ਰੂਰੀ ਹੈ। ਸਾਡੇ ਵਿਚਾਰ ਵਿਚ ਇਹ ਲੱਛਣ ਕੁਝ ਇਸ ਤਰ੍ਹਾਂ ਦੇ ਹਨ :

(1) ਸੁਰ-ਅੱਖਰਾਂ ਵਿੱਚੋਂ ਊੜੇ ਦੀ ਪ੍ਰਥਮਤਾ।
(2) ਮਾਤਰਾ-ਹੀਣ ਊੜੇ ਤੇ ਈੜੀ ਦਾ ਨਿਰਧੁਨੀ ਹੋਣਾ।
(3) ਸੁਰਾਂ ਦਾ ਵਿਸ਼ੇਸ਼ ਵਿਧਾਨ।
(4) ਅੱਖਰਾਂ ਦੀ ਕੁਲ ਗਿਣਤੀ।
(5) ਦੁੱਤ ਤੇ ਸੰਯੁਕਤ ਦਾ ਅਪੂਰਣ ਪਰਬੰਧ, ਤੇ
(6) ਲਿਪੀ ਦਾ ਨਾਂ।

ਹੁਣ ਅਸੀਂ ਆਪਣੀ ਲਿਪੀ ਦੇ ਉਪਰਕਤ ਵਿਲੱਛਣ ਨੁਕਤਿਆਂ ਨੂੰ ਇੱਕ ਇੱਕ ਕਰ ਕੇ ਵਿਚਾਰ-ਅਧੀਨ ਲਿਆਉਂਦੇ ਹਾਂ ਤਾਂ ਜੁ ਇਸ ਦੇ ਸਾਜਣ ਵਿਚ ਗੁਰੂ ਸਾਹਿਬਾਨ ਜਾਂ ਕਿਸੇ ਹੋਰ ਦਾ ਜਿੰਨਾ ਭਾਗ ਹੈ, ਉਸ ਉੱਤੇ ਉਂਗਲੀ ਟਿਕਾਈ ਜਾ ਸਕੇ।

## (1) ਊੜੇ ਦੀ ਪ੍ਰਥਮਤਾ

ਗੁਰਮੁਖੀ ਵਿਚ ਪਹਿਲਾ ਅੱਖਰ ਊੜਾ ਹੈ। ਦੇਵਨਾਗਰੀ ਤੇ ਭਾਰਤ ਦੀਆਂ ਹੋਰ ਪਰਸਿੱਧ ਲਿਪੀਆਂ ਵਿਚ 'ਅ' ਪਹਿਲਾਂ ਆਉਂਦਾ ਹੈ। ਪਰਾਚੀਨ ਲਿਪੀਆਂ ਦੀਆਂ ਮੁਕੰਮਲ ਵਰਣਮਾਲਾਵਾਂ ਜਿੱਥੇ ਕਿਤੇ ਮਿਲੀਆਂ ਹਨ, ਉਨ੍ਹਾਂ ਵਿਚ ਵੀ 'ਅ' ਹੀ ਮੁਖੀ ਹੈ। ਇਹੀ ਕੁਝ ਪਾਣਿਨੀ ਵਿਚ ਹੈ। ਐੜੇ ਦੀ ਪ੍ਰਥਮਤਾ ਨੂੰ ਵਿਆਪਕ ਵੇਖ ਕੇ ਪਾਦਰੀ ਜੌਨ ਨਿਊਟਨ ਸਾਹਿਬ ਨੇ ਆਪਣੀ ਕਿਤਾਬ 'ਪੰਜਾਬੀ-ਗ੍ਰਾਮਰ (੧੮੫੧) ਵਿਚ ਚੇਤੰਨ ਤੌਰ ਉੱਤੇ, ਊੜੇ ਵਾਲੀ ਥਾਂ ਐੜੇ ਨੂੰ ਦੇ ਕੇ 'ਅ, ੲ, ੳ' ਵਾਲਾ ਅੱਖਰ-ਕ੍ਰਮ ਅਪਣਾਇਆ। ੧੮੫੪ ਈ: ਵਿਚ ਪਾਦਰੀਆਂ ਦੇ ਤਿਆਰ ਕੀਤੇ ਕੋਸ਼ 'A Dictionary of the Panjabi Language' ਵਿਚ ਵੀ ਇਹੀ ਅੱਖਰ-ਕ੍ਰਮ ਮਿਲਦਾ ਹੈ। ਪਰ ਈਸਾਈ ਪਾਦਰੀਆਂ ਦੇ ਜਤਨਾਂ ਦੇ ਬਾਵਜੂਦ ਗੁਰਮੁਖੀ ਦੀ ਵਰਣਮਾਲਾ ਵਿਚ ਵਰਣ-ਕ੍ਰਮ ਉਹੀ ੳ, ਅ, ੲ ਵਾਲਾ ਚਲਿਆ ਆ ਰਿਹਾ ਹੈ। ਇਹ ਪਰਤੱਖ ਹੈ ਕਿ ਅ, ੲ, ੳ ਦੇ ਸਰਬ-ਪਰਵਾਨ ਕ੍ਰਮ ਨੂੰ ਗੁਰਮੁਖੀ ਵਰਣਮਾਲਾ ਵਿਚ ਭੰਗ ਕੀਤਾ ਗਿਆ ਹੈ ਤੇ ਊੜੇ ਨੂੰ ਤੀਜੀ ਥਾਂ ਤੋਂ ਚੁਕ ਕੇ ਮੋਹਰੀ ਬਣਾ ਦਿਤਾ ਗਿਆ ਹੈ। ਇਹ ਇਕ ਚੇਤੰਨ ਕਰਮ ਲਗਦਾ ਹੈ, ਜਿਸ ਦੇ ਪਿੱਛੇ ਊੜੇ ਦੀ ਮਹੱਤਤਾ ਦੀ ਚੇਤਨਾ ਕੰਮ ਕਰਦੀ ਲੱਭੀ ਜਾ ਸਕਦੀ ਹੈ। ਊੜੇ ਵਿਚ ਕਿਹੜੀ ਐਸੀ ਮਹੱਤਤਾ ਸੀ ਜਿਸ ਕਰ ਕੇ ਵਿਉਂਤਕਾਰ ਨੇ ਇਸਨੂੰ ਪ੍ਰਥਮ ਸੁਰ ਮੰਨਿਆ ? ਸੁਰਗਵਾਸੀ ਪੰਡਤ ਕਰਤਾਰ ਸਿੰਘ 'ਦਾਖਾ' ਜੀ ਨੇ ਆਪਣੀ ਪੁਸਤਕ 'ਗੁਰਮੁਖੀ-ਹਿੰਦੀ ਦਾ ਟਾਕਰਾ' ਵਿਚ ਇਸ ਪ੍ਰਸ਼ਨ ਦਾ ਇਕ ਵਿਗਿਆਨਕ ਉੱਤਰ ਲੱਭਣ ਦਾ ਜਤਨ ਕੀਤਾ ਹੈ। ਉਹ ਲਿਖਦੇ ਹਨ :-

> "ੳ, ਨਾਭਿ ਵਿਚ ਬੋਲਣ ਕਰ ਕੇ ਮੁਦ੍ਰਾ ਧੁਨੀ ਦਾ ਪ੍ਰਤਿਨਿਧ ਹੈ, ਤਾਂ ਤੇ ਇਹ ਸਭ ਤੋਂ ਪਹਿਲੇ ਥਾਂ ਅਤੇ 'ਅ' ਮਧਮ ਲਈ ਹੋਣ ਕਰ ਕੇ ਦੂਜੇ ਥਾਂ (ਕੰਠ ਵਿਚ) ਅਤੇ 'ਈ' ਤੀਬਰ ਧੁਨੀ ਲਈ, ਤਾਲੂ ਦੇ ਵਿਚਕਾਰ ਬੋਲਣ ਵਾਲੀ ਹੋਣ ਕਰ ਕੇ ਤੀਜੀ ਥਾਂ ਰੱਖੀ ਗਈ ... ...।"
>
> (ਸਫ਼ਾ ੪੭-੪੮)

ਪਰ ਇਹ ਵਿਆਖਿਆ ਸੰਤੋਖਜਨਕ ਹੁੰਦੀ ਜੇ ਊੜੇ ਦੀ ਕੋਈ ਸੁਤੰਤਰ ਧੁਨੀ ਹੁੰਦੀ ਜਾਂ ਗੁਰੂ ਨਾਨਕ ਸਾਹਿਬ ਨੇ, ਜਿਨ੍ਹਾਂ ਨੂੰ ਉਹ ਗੁਰਮੁਖੀ ਦਾ ਕਰਤਾ ਮੰਨਦੇ ਹਨ, ਆਪਣੀ ਬਾਣੀ 'ਪੱਟੀ' ਵਿਚ ਊੜੇ ਨੂੰ ਪ੍ਰਥਮਤਾ ਦਿੱਤੀ ਹੁੰਦੀ। 'ਪੱਟੀ' 'ਸ' ਵਿਅੰਜਨ ਨਾਲ ਆਰੰਭ ਹੁੰਦੀ ਹੈ ਤੇ ਸੁਰਾਂ ਵਿੱਚੋਂ ਸਭ ਤੋਂ ਪਹਿਲਾਂ 'ਈਵੜੀ' ਦਾ ਨਾਂ

ਆਉਂਦਾ ਹੈ। ਇਕ ਧਿਆਨ-ਯੋਗ ਗੱਲ ਇਹ ਵੀ ਹੈ ਕਿ 'ਬਾਲ-ਬੋਧਨੀਆਂ' ਵਿਚ ਅੱਖਰਾਂ ਵਾਲੇ ਪਹਿਲੇ ਸਬਕ ਤੋਂ ਬਾਅਦ ਜਿਉਂ ਹੀ ਮੁਹਾਰਨੀ ਉੱਤੇ ਪਹੁੰਚੀਦਾ ਹੈ, ਸੁਰ-ਕ੍ਰਮ ਫੇਰ ਬਦਲ ਜਾਂਦਾ ਹੈ ਤੇ ਊੜਾ ਆਪਣੇ ਟਿਕਾਣੇ ਸਿਰ ਜਾ ਪਹੁੰਚਦਾ ਹੈ; ਅ, ਆ, ਇ, ਈ, ਉ, ਊ, ... ... ।

ਇਸ ਲਈ ਪੰਡਿਤ ਜੀ ਦੀ ਵਿਆਖਿਆ ਆਲਿਮਾਨਾ ਹੋਣ ਦੇ ਬਾਵਜੂਦ ਸਚਾਈ ਤੋਂ ਲਾਂਭੇ ਹੋ ਗਈ ਲਗਦੀ ਹੈ। ਇਸ ਦੇ ਮੁਕਾਬਲੇ ਉੱਤੇ ਸਰਦਾਰ ਜੀ. ਬੀ. ਸਿੰਘ ਦਾ ਅਨੁਮਾਨ ਕਾਫ਼ੀ ਠੀਕ ਲਗਦਾ ਹੈ ਕਿਉਂਕਿ ਉਨ੍ਹਾਂ ਨੇ ਗੁਰਮੁਖੀ ਦੀ ਇਸ ਵਿਲੱਛਣਤਾ ਦਾ ਕਾਰਨ ਧਨੀ-ਗਿਆਨ ਵਿੱਚੋਂ ਭਾਲਣ ਦੀ ਥਾਂ, ਉਸ ਸਮੇਂ ਦੀ ਧਾਰਮਿਕ ਪਰਪਾਟੀ ਵਿੱਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ :

> "... ... ... ਉੱਪਰਲੀਆਂ ਸਾਰੀਆਂ ਲਿਪੀਆਂ ਨੇ 'ੳ' ਨੂੰ 'ੴ' ਵਿਚ ਆਉਣ ਕਰਕੇ ਵਰਣ-ਮਾਲਾ ਵਿਚ ਸਭ ਅੱਖਰਾਂ ਤੋਂ ਪਹਿਲੇ ਰੱਖਿਆ ਹੈ ਅਤੇ 'ਅ' ਤੇ 'ੲ' ਨੂੰ ਪਿੱਛੋਂ, ਨਾਗਰੀ ਵਾਂਙ ਉਪਜ-ਸਥਾਨ ਅਨੁਸਾਰ ਨਹੀਂ ਰਖਿਆ।"*

ਅਸੀ ਸਰਦਾਰ ਜੀ. ਬੀ. ਸਿੰਘ ਜੀ ਦੇ ਵਿਚਾਰ ਨਾਲ ਸਹਿਮਤ ਹਾਂ ਕਿਉਂਕਿ ਇਹ ਪੂਰੀ ਤਰ੍ਹਾਂ ਨਿਆਇ-ਯੁਕਤ ਹੈ। ਚੰਬੇ ਤੋਂ ਮਿਲੇ ਕਰੀਬ ਕਰੀਬ ਸਭ ਸ਼ਿਲਾ-ਲੇਖਾਂ ਤੇ ਤਾਮਰ-ਪੱਤਰਾਂ ਵਿਚ ਆਰੰਭਕ ਮੰਗਲ 'ਓ ਸੁਸਤਿ' ਆਉਂਦਾ ਹੈ ਤੇ ਧਿਆਨ-ਯੋਗ ਨੁਕਤਾ ਇਹ ਹੈ ਕਿ 'ਓਮ' ਊੜੇ ਨਾਲ ਲਿਖਿਆ ਹੋਇਆ ਹੈ ਜਿਸ ਉੱਤੇ ਹੋੜੇ ਦਾ ਚਿੰਨ੍ਹ ਪਿਆ ਹੈ,† ਗੁਰੂ ਗ੍ਰੰਥ ਸਾਹਿਬ ਵਿਚ ਵੀ ਸਭ ਤੋਂ ਪਹਿਲਾ ਅੱਖਰ ਊੜਾ ਹੀ ਹੈ, ਤੇ ਜਿਸ ਰੂਪ ਵਿਚ ਉਹ ਆਉਂਦਾ ਹੈ, ਉਸ ਦਾ ਉੱਚਾਰਣ ਕਈ ਵਿਦਵਾਨ (ਖ਼ਾਸ ਕਰ ਕੇ, ਨਿਰਮਲੇ) 'ਓਮ' ਕਰਦੇ ਹਨ; ੧ ਓ – ਇਕ ਓਮ। ਅੱਗੇ ਚੱਲ ਕੇ ਸਾਨੂੰ ਇਸ ਅੱਖਰ ਉੱਤੇ ਹੋਰ ਵਿਚਾਰ ਦਾ ਅਵਸਰ ਵੀ ਮਿਲੇਗਾ।

ਇਉਂ ਊੜੇ ਦੀ ਮਹੱਤਤਾ ਦਾ ਕਾਰਨ ਤਾਂ ਸਿੱਧਾ ਹੈ, ਪਰ ਅਜੇ ਇਸ ਪ੍ਰਸ਼ਨ ਦਾ ਉੱਤਰ ਨਹੀਂ ਆਇਆ ਕਿ ਊੜਾ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੀ ਵਰਣਮਾਲਾ ਵਿਚ ਪਰਧਾਨ ਬਣ ਚੁੱਕਾ ਸੀ ਕਿ ਉਨ੍ਹਾਂ ਨੇ ਆਪ ਇਸ ਉੱਤੇ ਕਿਰਪਾ ਕੀਤੀ। ਇਸ ਸੰਬੰਧ ਵਿਚ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਟਾਕਰੀ ਵਿਚ ਵੀ ਊੜਾ ਪਹਿਲਾ ਅੱਖਰ ਹੈ। ਟਾਕਰੀ, ਗੁਰਮੁਖੀ ਵਿੱਚੋਂ ਉਪਜੀ ਲਿਪੀ ਨਹੀਂ ਹੈ, ਇਸ ਲਈ ਊੜੇ ਦਾ ਇਸ ਲਿਪੀ ਦੇ ਮੁੱਢ ਵਿਚ ਹੋਣਾ ਜ਼ਾਹਰ ਕਰਦਾ ਹੈ ਕਿ ਆਰੰਭਕ ਊੜੇ ਵਾਲੀਆਂ ਵਰਣਮਾਲਾਵਾਂ ਪੰਜਾਬ ਦੇ ਪੱਧਰੇ ਤੇ ਪਰਬਤੀ ਇਲਾਕੇ ਵਿਚ ਇਕਸਾਰ ਪਰਚਲਿਤ ਸਨ ਤੇ ਇਸ ਤੱਥ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਗੁਰਮੁਖੀ ਨੇ ਊੜੇ ਦੀ ਪ੍ਰਥਮਤਾ ਵਿਰਸੇ ਵਿਚ ਪਰਾਪਤ ਕੀਤੀ। ਗੁਰਮੁਖੀ ਵਿਚ ਇਸ ਲੱਛਣ ਦੀ ਹੋਂਦ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਜਾਂ ਕਿਸੇ ਹੋਰ ਪਰਸਿੱਧ ਵਿਅੱਕਤੀ ਦੇ ਨਾਂ ਨਾਲ ਜੋੜਨੀ ਨਾ ਇਤਿਹਾਸ-ਯੁਕਤ ਹੈ ਨਾ ਪਰਮਾਣ-ਸਿੱਧ।

* ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬ ਯੂਨੀਵਰਸਿਟੀ, ੧੯੫੦, ਸਫ਼ਾ ੧੦੫।

† ਉਦਾਹਰਣ ਲਈ ਵੇਖੋ Antiquities of Chamba State ,Part II, Edited by Dr B. Ch. Chhabra, Govt. of India Press, New Delhi, ੧੯੫੭ ਦੀ ਪਲੇਟ 1A (ਸੰਨ ੧੩੩੦ ਈ:) ਤੇ IV B (੫੪੪੬ ਈ:)।

## ( 2 ) ਊੜੇ ਤੇ ਈੜੀ ਦੀ ਧੁਨੀ-ਹੀਨਤਾ

ਗੁਰਮੁਖੀ ਵਿਚ ਮਾਤਰਾ-ਹੀਣ 'ੳ' ਤੇ 'ੲ' ਦੀ ਕੋਈ ਸੁਤੰਤਰ ਧੁਨੀ ਨਹੀਂ ਹੁੰਦੀ। ਦੇਵ ਨਾਗਰੀ ਵਿਚ 'ਉਸ' ਲਿਖਣ ਲਈ ਊੜੇ ਨੂੰ ਔਂਕੜ ਨਹੀਂ ਲਾਉਣਾ ਪੈਂਦਾ (उस) ਤੇ ਨਾ 'ਇਸ' ਲਿਖਣ ਲਈ ਈੜੀ ਨੂੰ ਸਿਹਾਰੀ ਲਾਉਣੀ ਪੈਂਦੀ ਹੈ (इस), ਪਰ ਗੁਰਮੁਖੀ ਵਿਚ ਇਉਂ ਨਹੀਂ ਹੈ। ਕੀ ਊੜੇ ਤੇ ਈੜੀ ਦਾ ਇਹ ਸੁਭਾ ਪਹਿਲੇ ਤੋਂ ਤੁਰਿਆ ਆ ਰਿਹਾ ਸੀ ? ਸਾਡੀ ਨਿਸ਼ਾ ਲਿਖਤੀ ਸਬੂਤਾਂ ਨਾਲ ਹੀ ਹੋ ਸਕਦੀ ਹੈ, ਇਸ ਲਈ ਫੇਰ ਸ਼ਿਲਾ-ਲੇਖਾਂ ਤੇ ਤਾਮਰ-ਪੱਤਰਾਂ ਨੂੰ ਹੀ ਫਰੋਲਨਾ ਚਾਹੀਦਾ ਹੈ। ਡਾ: ਛਾਬੜਾ ਦਾ ਸੰਪਾਦਿਤ ਗ੍ਰੰਥ, ਜਿਸ ਤੋਂ ਅਸੀਂ ਅੱਗੇ ਵੀ ਹਵਾਲਾ ਦੇ ਚੁੱਕੇ ਹਾਂ, ਇਸ ਸੰਬੰਧ ਵਿਚ ਸਾਡੀ ਕੁੱਝ ਮੱਦਦ ਕਰਦਾ ਹੈ।

ਸਾਨੂੰ ਇਹ ਪਤਾ ਹੈ ਕਿ ਗੁਰਮੁਖੀ ਦੀ ਈੜੀ ਦਾ ਚਿਨ੍ਹ (ੲ) ਅਸਲ ਵਿਚ 'ਏ' (ए) ਦੀ ਧੁਨੀ ਵਾਲੇ ਪਰਾਚੀਨ ਚਿੰਨ੍ਹ ਤੋਂ ਹੀ ਵਿਗਸਿਆ ਹੋਇਆ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ 'ਏ' ਦੀ ਧੁਨੀ ਵਾਲੇ ਪੁਰਾਣੇ ਚਿੰਨ੍ਹ ਨੂੰ, ਨਾਗਰੀ ਦੇ ਟੂਣ ਦੇ 'ਏ' (ए) ਵਾਂਙ, ਲਾਂ ਦੀ ਮਾਤਰਾ ਨਹੀਂ ਸੀ ਲਗਦੀ, ਕਿਉਂਕਿ ਇਹ ਚਿੰਨ੍ਹ, ਆਪਣੇ ਆਪ ਵਿਚ, ਸੁਤੰਤਰ ਧੁਨੀ ਦਾ ਮਾਲਕ ਮੰਨਿਆ ਜਾਂਦਾ ਸੀ। ਪਰ ਮਾਲੂਮ ਹੁੰਦਾ ਹੈ ਕਿ ਲਿੱਪੀ ਦੇ ਇਤਿਹਾਸ ਵਿਚ ਇਕ ਅਜੇਹਾ ਸਮਾਂ ਆਇਆ ਜਦੋਂ 'ਏ' ਦੇ ਚਿਨ੍ਹ ਨੂੰ ਲਾਂ ਤੋਂ ਬਿਨਾਂ ਬੇ-ਆਵਾਜ਼ ਮੰਨਿਆਂ ਜਾਣ ਲਗ ਪਿਆ। ਸੰਨ ੧੩੩੦ ਈ. ਦੇ ਪੂਰਵ-ਕਥਿਤ ਤਾਮਰ-ਪੱਤਰ (ਪਲੇਟ ੧ ਏ) ਵਿਚ, 'ਏ' ਦੀ ਧੁਨੀ ਉਪਜਾਉਣ ਲਈ, 'ਏ' ਦੇ ਚਿੰਨ੍ਹ ਨੂੰ ਲਾਂ ਲੱਗੀ ਹੋਈ ਮਿਲਦੀ ਹੈ। ੧੩੯੬ ਈ: ਦੀ ਲਿਖਤ ਵਿਚ ਲਾਂ ਵਾਲਾ 'ਏ' ਵੀ ਮਿਲਦਾ ਹੈ ਤੇ ਲਾਂ-ਹੀਨ ਵੀ (ਪਲੇਟ ੧ ਬੀ)। ਇਹੀ ਹਾਲ ੧੪੪੬ ਈ: ਵਾਲੇ ਲੇਖ (ਪਲੇਟ ੪ ਬੀ) ਵਿਚ ਹੈ। ੧੪੮੧ ਵਾਲੇ ਪੱਤਰ (ਪਲੇਟ ੫ ਬੀ) ਵਿਚ ਫੇਰ ਲਾਂ ਵਾਲੀ 'ਏ' ਹੀ ਵਰਤੀ ਹੋਈ ਹੈ। ਇਨ੍ਹਾਂ ਉਦਾਹਰਣਾਂ ਤੋਂ ਇਹ ਸਪਸ਼ਟ ਹੈ ਕਿ ਕਿਤੇ ਚੌਧਵੀਂ ਸਦੀ ਦੇ ਮੁੱਢ ਵਿਚ ਹੀ, ਚਮਿਆਲੀ ਲਿੱਪੀ ਦੀ ਇਕ ਸ਼ੈਲੀ ਵਿਚ, 'ਏ' ਵਾਲੇ ਚਿੰਨ੍ਹ ਦੀ ਅਸਲੀ ਧੁਨੀ-ਸ਼ਕਤੀ ਅਲੋਪ ਹੋ ਰਹੀ ਸੀ ਤੇ ਉਸ ਨੂੰ ਧੁਨੀ-ਯੁਕਤ ਬਣਾਉਣ ਲਈ ਲਾਂ ਵਰਤਣ ਦਾ ਰਿਵਾਜ ਪੈ ਚੁੱਕਾ ਸੀ। ਗੁਰਮੁਖੀ ਵਿਚ 'ਏ' ਦੀ ਧੁਨੀ ਲਈ ਇਸੇ ਪੁਰਾਣੇ ਚਿੰਨ੍ਹ ਤੋਂ ਵਿਗਸਿਆ ਅੱਖਰ ਮੌਜੂਦ ਹੈ (ਅਸੀਂ ਉਸ ਨੂੰ 'ਈੜੀ' ਕਹਿੰਦੇ ਹਾਂ) ਤੇ ਜਿੰਨਾ ਚਿਰ ਉਸ ਨਾਲ ਲਾਂ ਵਾਲੀ ਮਾਤਰਾ ਨਾ ਲੱਗੇ, ਅੱਖਰ, ਧੁਨੀ ਪ੍ਰਗਟਾਉਣ ਦੇ ਯੋਗ ਨਹੀਂ ਬਣਦਾ। ਇਸ ਦਾ ਮਤਲਬ ਸਪਸ਼ਟ ਹੈ ਕਿ ਅੱਖਰ ਆਪਣੇ ਆਪ ਵਿਚ ਕਿਸੇ ਧੁਨੀ ਦਾ ਪ੍ਰਤੀਕ ਨਹੀਂ; ਧੁਨੀ-ਯੋਗ, ਉਹ ਮਾਤਰਾ ਲੱਗਣ ਤੋਂ ਪਿੱਛੋਂ ਬਣਦਾ ਹੈ। ਪਰ ਗੁਰਮੁਖੀ ਦਾ ਵੱਡਾ ਸੁਆਦਲਾ ਲੱਛਣ ਇਹ ਹੈ ਕਿ 'ਇ' (इ) ਲਈ ਜਿਹੜਾ ਪਰਾਚੀਨ ਅੱਖਰ ਪਰੰਪਰਾ ਤੋਂ ਤੁਰਿਆ ਆ ਰਿਹਾ ਸੀ ਤੇ ਜਿਹੜਾ ਵਿਗਸ ਵਿਗਸ ਕੇ ਅੱਡ ਅੱਡ ਲਿਪੀਆਂ ਵਿਚ ਅਡ ਅਡ ਰੂਪ ਧਾਰ ਗਿਆ ਹੈ, ਇਸ ਲਿੱਪੀ ਵਿਚ ਮੂਲੋਂ ਹੀ ਨਹੀਂ ਮਿਲਦਾ। ਉਸ ਦੀ ਥਾਂ 'ਏ' (ए) ਵਾਲੇ ਚਿੰਨ੍ਹ ਤੋਂ ਹੀ ਕੰਮ ਲਿਆ ਗਿਆ ਹੈ: ਬਲਕਿ ਬੁਨਿਆਦੀ ਤੌਰ ਉਤੇ ਇਸੇ ਨੂੰ (ਭਾਵ, ਈੜੀ ਨੂੰ) 'ਇ' (इ) ਮੰਨਿਆ ਗਿਆ ਹੈ ਤੇ 'ਏ' ਦੀ ਧੁਨੀ ਲਈ, ਇਸੇ ਆਧਾਰ ਨੂੰ, ਲਾਂ ਦੀ ਮਾਤਰਾ ਲਾਈ ਜਾਂਦੀ ਹੈ। ਚਮਿਆਲੀ ਵਿਚ 'ਇ' (इ) ਲਈ ਵੱਖਰਾ ਤੇ ਬੜਾ ਪਰਾਚੀਨ ਚਿਨ੍ਹ ਮੌਜੂਦ ਹੈ ਤੇ ਉਸ ਦੇ ਕਈ ਰੂਪਾਂਤਰ ਪੁਰਾਣੇ ਤਾਮਰ-ਪੱਤਰਾਂ ਜਾਂ ਸਿਲਾ-ਲੇਖਾਂ ਵਿਚ ਆਮ ਮਿਲਦੇ ਹਨ। ਹਨੂਰ ਵਿਚ ਰਾਏ ਫ਼ੀਰੋਜ਼ ਦੇ ਮਕਬਰੇ ਦੇ ਨਾਂ ਹੇਠ ਮੌਜੂਦ ਪੁਰਾਣੀ ਇਮਾਰਤ ਦੇ ਪਲਸਤਰ ਉੱਤੇ ਮਿਲਦੇ ਅਨੇਕਾਂ ਲੇਖਾਂ ਵਿਚੋਂ ਸਾਨੂੰ ਕੇਵਲ ਸੰਮਤ ੧੫੭੩ ਬਿ: ਜਾਂ ੧੫੧੬ ਈ: ਵਾਲੇ ਲੇਖ ਵਿਚ 'ਇ' (इ) ਦਾ ਚਿੰਨ੍ਹ ਵਰਤਿਆ ਹੋਇਆ ਮਿਲਿਆ ਤੇ ਉਹ ਉਸ ਸਮੇਂ ਦੇ ਚਮਿਆਲੀ ਲੇਖਾਂ ਨਾਲ ਬਿਲਕੁਲ ਮਿਲਦਾ ਹੈ। ਦੋ ਗੋਲ ਸਿਫ਼ਰਾਂ ਦੇ ਥੱਲੇ ਨਾਗਰੀ ਦਾ ਔਂਕੜ। ਗੁਰਮੁਖੀ ਦੇ ਕਿਸੇ ਹੋਰ ਲੇਖ ਜਾਂ ਗ੍ਰੰਥ ਵਿਚ 'ਇ' (इ) ਦਾ ਇਹ ਪੁਰਾਣਾ ਚਿੰਨ੍ਹ ਅਜੇ ਸਾਡੇ ਵੇਖਣ ਵਿਚ ਨਹੀਂ ਆਇਆ।

ਹੁਣ ਲਵੋ ਊੜਾ। ਗੁਰਮੁਖੀ ਦਾ ਊੜਾ, ਜਿਵੇਂ ਕਿ ਅਸੀਂ ਅੱਗੇ ਦੱਸ ਆਏ ਹਾਂ, ਬੇ-ਆਵਾਜ਼ ਰਹਿੰਦਾ

ਹੈ, ਜਿੰਨਾ ਚਿਰ ਉਸ ਨਾਲ ਔਂਕੜ ਦੀ ਮਾਤਰਾ ਨਹੀਂ ਲੱਗ ਜਾਂਦੀ। ਦੇਵਨਾਗਰੀ ਵਿਚ 'ਉ' ਦੀ ਆਵਾਜ਼ ਲਈ ਔਂਕੜ ਦੀ ਲੋੜ ਨਹੀਂ ਹੁੰਦੀ (उ)। 'ਇ' (इ) ਦੇ ਪੁਰਾਣੇ ਚਿੰਨ੍ਹ ਵਾਂਙ 'ੳ' (उ) ਦੇ ਪੁਰਾਣੇ ਚਿੰਨ੍ਹ ਦੀ ਵੀ ਇਕ ਸੁਤੰਤਰ ਧੁਨੀ ਹੁੰਦੀ ਸੀ ਤੇ ਉਸ ਨਾਲ ਕਈ ਲਗ ਨਹੀਂ ਸੀ ਲਾਉਣੀ ਪੈਂਦੀ। ਚੰਬੇ ਜਾਂ ਪੰਜਾਬ ਦੇ ਨਾਲ ਲਗਦੇ ਕਿਸੇ ਹੋਰ ਇਲਾਕੇ ਤੋਂ ਮਿਲੀਆਂ ਪੁਰਾਣੀਆਂ ਲਿਖਤਾਂ ਵਿਚ ਸਾਨੂੰ ਊੜੇ ਦਾ ਇਹ ਲੱਛਣ ਕਿਤੇ ਨਜ਼ਰ ਨਹੀਂ ਆਇਆ। ਹਰ ਥਾਂ ਊੜੇ ਨੂੰ ਧੁਨੀ ਵਾਲਾ ਮੰਨਿਆ ਗਿਆ ਹੈ। ਹਠੂਰ ਦੀਆਂ ਲਿਖਤਾਂ ਵਿਚ ਊੜਾ ਮਿਲਦਾ ਹੈ, ਉਸ ਦਾ ਮੂੰਹ ਉਤੋਂ ਖੁਲ੍ਹਾ ਹੈ, ਪਰ ਔਂਕੜ ਉਸ ਨਾਲ ਕੋਈ ਨਹੀਂ ਲੱਗਾ ਹੋਇਆ, ਹਾਲਾਂਕਿ ਬਾਬਾ ਮੋਹਨ ਦੀਆਂ ਪੋਥੀਆਂ ਤੇ ਗੁਰੂ ਸਾਹਿਬਾਨ ਦੇ ਆਪਣੇ ਨਿਸ਼ਾਨਾਂ ਵਿਚ ਇਹ ਔਂਕੜ ਆਮ ਹੈ। ਇਸ ਦਾ ਮਤਲਬ ਇਹ ਹੋਇਆ ਕਿ 'ਇ' ਵਾਂਙ 'ਉ' ਦਾ ਸੁਭਾ ਵੀ ਗੁਰਮੁਖੀ ਦਾ ਨਿੱਖੜਵਾਂ ਲੱਛਣ ਹੈ। ਕੀ ਇਨ੍ਹਾਂ ਦੁਹਾਂ ਅੱਖਰਾਂ ਦਾ ਇਹ ਸੁਭਾ ਕਿਸੇ ਇਕ ਵਿਅਕਤੀ ਨੇ ਨਿਸਚਿਤ ਕੀਤਾ ?

ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਸੂਰਾਂ ਦੇ ਸਮੁੱਚੇ ਪ੍ਰਕਰਣ ਨੂੰ ਛੋਹ ਲੈਣਾ ਅਯੋਗ ਨਹੀਂ ਹੋਵੇਗਾ।

## ( 3 ) ਸੂਰਾਂ ਦਾ ਵਿਸ਼ੇਸ਼ ਵਿਧਾਨ

ਗੁਰਮੁਖੀ ਵਿਚ, ਸਾਧਾਰਨ ਤੌਰ ਤੇ, ਤਿੰਨ ਸੂਰ ਮੰਨੇ ਜਾਂਦੇ ਹਨ :– ੳ, ਅ ਤੇ ੲ, ਪਰ ਅਸਲ ਵਿਚ ਹਨ ਵੱਧ ਕਿਉਂਕਿ ਇਨ੍ਹਾਂ ਤਿੰਨਾਂ ਨੂੰ ਆਧਾਰ ਮੰਨ ਕੇ ਅਸੀਂ ਬਾਕੀ ਦੇ ਸੂਰ ਪੈਦਾ ਕਰ ਲੈਂਦੇ ਹਾਂ। ਗੁਰਮੁਖੀ ਦੀ 'ਸਾਂਝੀ ਸਤਰ' ਇਉਂ ਚੱਲਦੀ ਹੈ :—

ਅ ਆ, ਇ ਈ, ਉ ਊ, ਏ ਐ, ਓ, ਔ।

ਇਸ ਸਾਂਝੀ ਸਤਰ ਵਿਚ ਪਹਿਲੀ ਵਿਚਾਰ-ਯੋਗ ਗੱਲ, ਜਿਸ ਵੱਲ ਅੱਗੇ ਵੀ ਇਸ਼ਾਰਾ ਹੋ ਚੁੱਕਾ ਹੈ, ਇਹ ਹੈ ਕਿ ਇਹ ਊੜੇ ਤੋਂ ਸ਼ੁਰੂ ਨਹੀਂ ਹੁੰਦੀ, ਐੜੇ ਤੋਂ ਸ਼ੁਰੂ ਹੁੰਦੀ ਹੈ। ਇਹ ਕ੍ਰਮ (ਅ, ੲ, ੳ) ਅਨੇਕ ਭਾਰਤੀ ਲਿਪੀਆਂ ਦਾ ਪਰਵਾਨ ਕ੍ਰਮ ਹੈ। ਪਰ ੳ, ਅ, ੲ, ਦੀ ਤਰਤੀਬ ਵਾਲੀ ਇਸ ਲਿਪੀ ਦੀ ਸਾਂਝੀ ਸਤਰ ਉ, ਊ, ਅ, ਆ, ਇ, ਈ ਦੀ ਥਾਂ ਅ, ਆ, ਇ, ਈ, ਉ, ਊ............ਹੈ। ਇਸ ਤੋਂ ਕੀ ਨਤੀਜੇ ਨਿਕਲ ਸਕਦੇ ਹਨ ? ਇਕ ਨਤੀਜਾ ਇਹ ਹੈ ਕਿ ੳ, ਅ, ੲ ਤੋਂ ਲੈ ਕੇ ੜ ਤੱਕ ਵਾਲੀ ਲਿਪੀ, ਲੰਡਿਆਂ ਵਾਂਙ, ਲਗਾਂ ਮਾਤਰਾਂ ਤੋਂ ਬਿਨਾਂ ਹੀ ਹੁੰਦੀ ਸੀ ਤੇ ਉਸ ਨੂੰ ਮੁਕੰਮਲ ਬਣਾਉਣ ਲਈ ਅ, ਆ, ਇ, ਈ, ਵਾਲੀ ਸਾਂਝੀ ਸਤਰ ਉਸ ਨਾਲ ਵਧਾ ਦਿਤੀ ਗਈ। ਸਾਧੂ ਸਰੂਪ ਦਾਸ ਭੱਲਾ ਆਪਣੇ ਗ੍ਰੰਥ 'ਮਹਿਮਾ ਪ੍ਰਕਾਸ਼' ਵਿਚ ਕੁਝ ਇਸੇ ਤਰ੍ਹਾਂ ਦੇ ਮੱਤ ਨੂੰ ਸ੍ਵੀਕਾਰ ਕਰਦਾ ਲਗਦਾ ਹੈ, ਜਦੋਂ ਉਹ ਲਿਖਦਾ ਹੈ :—

"ਸ੍ਰੀ ਅੰਗਦ ਜੀ ਗ੍ਰਿਹਿ ਆਏ
ਸਿੰਘਾਸਨ ਬੈਠੇ ਆਨੰਦ ਛਾਏ
ਤਬ ਇਕ ਪੰਡਤ ਲੀਓ ਬੁਲਾਈ
ਅੱਛਰ ਲਿਖ ਤਿਨ ਮਾਤ੍ਰਾ ਲਾਈ
ਗੁਰਮੁਖੀ ਅੱਖਰ ਨਾਮੁ ਤਿਨ ਧਰਾ
ਸ੍ਰੀ ਮੁਖ ਬਾਨੀ ਲਿਖ ਪੋਥੀ ਕਰਾ।

(ਹੱਥ ਲਿਖਤ ਖਰੜਾ, ਭਾਸ਼ਾ ਵਿਭਾਗ ਲਾਇਬ੍ਰੇਰੀ, ਪਟਿਆਲਾ)

ਗੁਰਮੁਖੀ ਦੀ ਵਿਉਂਤ ਬਾਰੇ ਸਾਧੂ ਸਰੂਪ ਦਾਸ ਜੀ ਦੇ ਮਤ ਨੂੰ ਕਈ ਦੇਸੀ ਤੇ ਬਿਦੇਸੀ ਵਿਦਵਾਨਾਂ ਨੇ

ਪਰਵਾਨ ਕੀਤਾ ਹੈ ਤੇ ਜੇ ੳ, ਅ, ੲ ਦੇ ਹੁੰਦਿਆਂ ਅ, ਆ, ਇ, ਈ, ਉ, ਊ, ਵਾਲੀ ਸਾਂਝੀ ਸਤਰ ਦੇ ਰਹੱਸ ਉਤੇ ਵਿਚਾਰ ਕਰਨ ਲਗ ਪਈਏ ਤਾਂ ਇਹ ਅਨੁਮਾਨ ਖ਼ਾਸਾ ਮੰਨਣ-ਯੋਗ ਲਗਦਾ ਹੈ। ਕੇਵਲ ਜਵਾਬ ਇਸ ਗੱਲ ਦਾ ਦੇਣਾ ਪਏਗਾ ਕਿ ਜੇ ਗੁਰੂ ਨਾਨਕ ਦੇਵ ਜੀ ਜਾਂ ਕਿਸੇ ਹੋਰ ਨੇ ਸੂਰਾਂ ਵਾਲੀ ਘਾਟ ਪੂਰੀ ਕੀਤੀ ਤਾਂ ਇਹ ਸੂਰ ਉਨ੍ਹਾਂ ਕਿੱਥੋਂ ਲਏ ? ਇਕ ਗੱਲ ਸਪੱਸ਼ਟ ਹੈ ਕਿ ਨਾਗਰੀ ਵਾਲਾ ਸੂਰ-ਪਰਬੰਧ ਉਨ੍ਹਾਂ ਲਿਆ ਨਹੀਂ। ਇਹ ਗੱਲ ਨਹੀਂ ਕਿ ਪਜਾਬ ਵਿਚ ਨਾਗਰੀ ਮੌਜੂਦ ਨਹੀਂ ਸੀ। ਹਠੂਰ ਵਿਚ, ਗੁਰਮੁਖੀ ਦੇ ਲੇਖਾਂ ਤੋਂ ਬਹੁਤ ਪਹਿਲਾਂ ਦੀਆਂ ਨਾਗਰੀ ਲਿਖਤਾਂ ਮਿਲਦੀਆਂ ਹਨ। ਇਨ੍ਹਾਂ ਤੋਂ ਵੀ ਪਹਿਲਾਂ ਦੀਆਂ ਹੋਰ ਅਨੇਕਾਂ ਗਵਾਹੀਆਂ ਸਿਲਾਂ ਤੇ ਤਾਮਰ-ਪੱਤਰਾਂ ਉਤੇ ਸਾਂਭੀਆਂ ਪਈਆਂ ਹਨ। ਇਨ੍ਹਾਂ ਸਾਰੀਆਂ ਦੇ ਅਧਿਐਨ ਤੋਂ ਪਰਗਟ ਹੁੰਦਾ ਹੈ ਕਿ ਗੁਰਮੁਖੀ ਦਾ ਸੂਰ-ਪ੍ਰਬੰਧ ਨਾਗਰੀ ਦੇ ਸੂਰ-ਪ੍ਰਬੰਧ ਤੋਂ ਉਧਾਰਾ ਲਿਆ ਹੋਇਆ ਨਹੀਂ ਹੈ। ਮਿਸਾਲ ਵਜੋਂ ਹੋੜੇ ਤੇ ਕਨੌੜੇ ਦਾ ਵਿਧਾਨ ਲਿਆ ਜਾ ਸਕਦਾ ਹੈ ( ਪੰ: ੋ, ਨਾ. ो ) । ਤਾਂ ਕੀ ਇਹ ਪ੍ਰਬੰਧ ਉਸ ਸਮੇਂ ਦੀ ਚਮਿਆਲੀ ਤੋਂ ਪਰਾਪਤ ਹੋਇਆ ? ਜਿਸ ਸ਼ਾਰਦਾ, ਦੇਵਾਸ਼ੇਸ਼, ਟਾਕਰੀ ਜਾਂ ਚਮਿਆਲੀ ਦੇ ਨਮੂਨੇ ਡਾ: ਬਿਊਹਲਰ, ਡਾ. ਫ਼ੋਗਲ ਤੇ ਡਾ: ਛਾਬੜਾ ਨੇ ਸਾਡੇ ਸਾਹਮਣੇ ਲਿਆਂਦੇ ਹਨ, ਉਨ੍ਹਾਂ ਤੋਂ ਤਾਂ ਇਉਂ ਲਗਦਾ ਹੈ ਕਿ ਗੁਰਮੁਖੀ ਦਾ ਸੂਰ-ਪ੍ਰਬੰਧ ਪੂਰੀ ਤਰ੍ਹਾਂ ਉਨ੍ਹਾਂ ਵਾਲਾ ਵੀ ਨਹੀਂ ਹੈ। ਇਸ ਭਿੰਨਤਾ ਦਾ ਥੋੜ੍ਹਾ ਥੋੜ੍ਹਾ ਵਿਸਤਾਰ ਅਸੀਂ ਅੱਗੇ ਚੱਲ ਕੇ ਹਰ ਸੂਰ ਦੇ ਵੇਰਵੇ ਵਿਚ ਦੇ ਦਿੱਤਾ ਹੈ। ਫੇਰ ਕੀ ਇਸ ਦਾ ਮਤਲਬ ਇਹ ਕੱਢਿਆ ਜਾਏ ਕਿ ਪਹਿਲੇ ਜਾਂ ਦੂਜੇ ਗੁਰੂ ਸਾਹਿਬ ਨੇ ਕੁਝ ਅੰਸ਼ ਇਕ ਤੋਂ ਤੇ ਕੁਝ ਦੂਜੇ ਤੋਂ ਪਰਾਪਤ ਕੀਤੇ ? ਪੁਰਾਣੀਆਂ ਗੁਰਮੁਖੀ ਲਿਖਤਾਂ ਦੇ ਪਰਸਪਰ ਮੇਲ ਤੇ ਟਕਰਾਉ ਤੋਂ ਪਿੱਛੋਂ ਸਾਨੂੰ ਇਹ ਵਿਆਖਿਆ ਤਸੱਲੀ-ਬਖ਼ਸ਼ ਨਹੀਂ ਲਗਦੀ। ਫੇਰ ਕੀ ਇਸ ਦਾ ਇਹ ਮਤਲਬ ਹੈ ਕਿ ਕਈ ਤਰ੍ਹਾਂ ਦੇ ਸੂਰ-ਪ੍ਰਬੰਧ ਉਨ੍ਹਾਂ ਦੇ ਆਸ ਪਾਸ ਮੌਜੂਦ ਸਨ ਤੇ ਉਨ੍ਹਾਂ ਨੇ ਕੋਈ ਇਕ ਸੰਪੂਰਣ ਪ੍ਰਬੰਧ ਧਾਰਨ ਕਰ ਲਿਆ ? ਸ਼ਾਇਦ ਇਹ ਅਨੁਮਾਨ ਹੋਰਾਂ ਨਾਲੋਂ ਸਚਾਈ ਦੇ ਵਧੇਰੇ ਨੇੜੇ ਹੋਵੇ; ਪਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁਰਮੁਖੀ ਵਾਲਾ ਸੂਰ-ਪ੍ਰਬੰਧ ਅੱਗੇ ਹੀ ਸੰਪੂਰਣ ਰੂਪ ਵਿਚ ਮੌਜੂਦ ਸੀ ਤਾਂ ਸਮੁੱਚੀ ਗੁਰਮੁਖੀ ਲਿਪੀ ਦੀ ਹੋਂਦ ਤੋਂ ਕਿਵੇਂ ਇਨਕਾਰ ਹੋ ਸਕਦਾ ਹੈ ਜਦ ਕਿ ਅੱਖਰਾਂ ਦੀ ਹੋਂਦ ਪਹਿਲਾਂ ਹੀ ਮੰਨੀ ਜਾ ਚੁੱਕੀ ਹੈ ? ਇਸ ਮਨੌਤ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਪੁਰਾਣੀਆਂ ਲਿਖਤੀ ਗਵਾਹੀਆਂ ਦੀ ਅਣਹੋਂਦ ਦੇ ਕਾਰਨ ਬਹੁਤ ਕੁਝ ਫ਼ਰਜ਼ ਹੀ ਕਰਨਾ ਪੈਂਦਾ ਹੈ। ਦਰ ਅਸਲ ਪੁਰਾਣੀਆਂ ਤੋਂ ਪੁਰਾਣੀਆਂ ਗੁਰਮੁਖੀ ਲਿਖਤਾਂ ਵਿਚ ਲਗਾਂ-ਮਾਤਰਾਂ ਦੀ ਅਧੂਰੀ ਵਰਤੋਂ, ਜੋ ਹੌਲੀ ਹੌਲੀ, ਸਾਹਿੱਤਕ ਕਿਰਤਾਂ ਵਿਚ, ਸੰਪੂਰਣਤਾ ਵੱਲ ਵਧਦੀ ਜਾਂਦੀ ਹੈ, ਇਹ ਸਿੱਧ ਕਰਦੀ ਹੈ ਕਿ ਇਹ ਸੂਰ-ਪ੍ਰਬੰਧ ਇਕ ਵਿਕਾਸ ਦਾ ਸਿੱਟਾ ਹੈ, ਕਿਸੇ ਇਕ ਵਿਅੱਕਤੀ ਦੀ ਦੇਣ ਨਹੀਂ, ਵਰਨਾ ਸ਼ੁਰੂ ਤੋਂ ਹੀ ਸੂਰ-ਮਾਤਰਾਂ ਦੇ ਮੁਕੰਮਲ ਸੈੱਟ ਦੀ ਵਰਤੋਂ ਪਰਾਪਤ ਹੁੰਦੀ।

ਹੁਣ ਸਮੁੱਚੀ ਵਿਚਾਰ ਦੇ ਉਪਰੰਤ ਅਸੀਂ ਸਾਂਝੀ ਸਤਰ ਦਾ ਅੱਖਰਵਾਰ ਵੇਰਵਾ ਦੇਣ ਦਾ ਜਤਨ ਕਰਦੇ ਹਾਂ :

'ਅ', 'ਆ' ਦਾ ਵਿਧਾਨ ਸਰਬ-ਪਰਵਾਨ ਅਸੂਲਾਂ ਵਾਲਾ ਹੈ — ਐੜੇ ਨੂੰ ਕੰਨਾ ਆ। ਪਰ ਗੁਰਮੁਖੀ ਦੀਆਂ ਪੁਰਾਣੀਆਂ ਲਿਖਤਾਂ ਵਿਚ ਹੁਣ ਵਾਲਾ ਕੰਨਾ ਵਰਤਿਆ ਹੋਇਆ ਨਹੀਂ ਮਿਲਦਾ। ਹਠੂਰ ਦੇ ਸੰਮਤ ੧੫੩੬ ਵਾਲੇ ਲੇਖ ਵਿਚ ਅੱਖਰ ਦੇ ਅੱਗੇ ਇਕ ਬਿੰਦੀ ਲਾ ਕੇ ਆ ਦੀ ਆਵਾਜ਼ ਪੈਦਾ ਕੀਤੀ ਗਈ ਹੈ। ਇਹੀ ਢੰਗ ਬਾਬਾ ਮੋਹਨ ਜੀ ਦੀਆਂ ਪੋਥੀਆਂ, ਗੁਰੂ ਅਰਜਨ ਸਾਹਿਬ ਦੇ ਹਸਤਾਖਰਾਂ, ਕਰਤਾਰਪੁਰ ਵਾਲੀ ਬੀੜ ਵਿਚ ਚੇਪੇ ਹੋਏ ਪਾਰਾ ਮਾਰਨ ਦੇ ਨੁਸਖ਼ੇ, ਗੁਰੂ ਹਰਗੋਬਿੰਦ ਸਾਹਿਬ ਦੇ ਹੁਕਮਨਾਮੇ ਤੇ ਕਿਤੇ ਕਿਤੇ ਭਾਈ ਪੈਂਦੇ ਵਾਲੀ ਬੀੜ ਵਿਚ ਵਰਤਿਆ ਹੋਇਆ ਮਿਲਦਾ ਹੈ। ਦੂਜਾਂ ਢੰਗ ਹਠੂਰ ਦੀਆਂ ਸੰਮਤ ੧੫੫੭ ਤੇ ੧੫੫੮ ਵਾਲੀਆਂ ਲਿਖਤਾਂ ਵਿਚ ਵਰਤਿਆ ਮਿਲਦਾ ਹੈ। ਇਸ ਅਨੁਸਾਰ ਅੱਖਰ ਦੀ ਸਿਰੋ-ਰੇਖਾ ਸੱਜੇ ਪਾਸੇ ਵੱਲ ਵਧਾ ਕੇ ਉਸ ਨਾਲ ਦੋ ਛੋਟੀਆਂ ਛੋਟੀਆਂ ਬਾਹੀਆਂ ਲਟਕਾ ਕੇ ਹੇਠਲੇ ਪਾਸਿਉਂ ਇਸ ਤਰ੍ਹਾਂ ਜੋੜੀਆਂ ਜਾਂਦੀਆਂ ਹਨ ਕਿ ਇਕ ਨਿੱਕੀ ਜਿਹੀ ਤ੍ਰਿਕੋਨ ਬਣ ਜਾਂਦੀ ਹੈ। ਚਮਿਆਲੀ ਲਿਖਤਾਂ ਵਿਚ ਇਸ ਢੰਗ ਦੀਆਂ ਕਈ ਵੰਨਗੀਆਂ ਵੇਖੀਆਂ ਜਾ ਸਕਦੀਆਂ ਹਨ।

ਤੇ ਇਸ ਦੀਆਂ ਕਈ ਬੜੀਆਂ ਸੁੰਦਰ ਮਿਸਾਲਾਂ ਭਾਈ ਪੈਂਦੇ ਵਾਲੀ ਬੀੜ ਵਿਚ ਵੀ ਮੌਜੂਦ ਹਨ। ਭਾਈ ਪੈਂਦੇ ਵਾਲੀ ਬੀੜ ਵਿਚ ਇਕ ਹੋਰ ਤਰੀਕਾ ਵੀ ਮਿਲਦਾ ਹੈ, ਉਹ ਹੈ ਅੱਖਰ ਦੇ ਅੱਗੇ, ਵਿਚਕਾਰ ਜਹੇ, ਗੋਲ ਸਿਫ਼ਰ ਪਾ ਦੇਣ ਵਾਲਾ– o। ਇਸ ਨੂੰ ਉਪਰਲੀ ਤਿਕੋਨ ਦੀ ਹੀ ਇਕ ਵੰਨਗੀ ਮੰਨਿਆ ਜਾ ਸਕਦਾ ਹੈ। ਗੁਰਮੁਖੀ ਦੀਆਂ ਕਿਤਾਬਾਂ ਵਿਚ ਕੰਨੇ ਲਈ ਇਹ ਗੋਲ ਸਿਫ਼ਰ ਸਾਡੇ ਸਮੇਂ ਦੇ ਬਹੁਤ ਨੇੜੇ ਤਕ ਪਰਚਲਿਤ ਰਹੀ ਹੈ, ਪਰ ਇਸ ਦੀ ਵਰਤੋਂ ਕੇਵਲ ਹਾਸ਼ੀਏ ਦੇ ਨਾਲ-ਲਗਦੇ ਅੰਤਲੇ ਅੱਖਰ ਦੇ ਕੰਨੇ ਨੂੰ ਪਰਗਟ ਕਰਨ ਲਈ ਸੀਮਿਤ ਹੋ ਗਈ ਸੀ। ਇਨ੍ਹਾਂ ਲਿਖਤਾਂ ਵਿਚ ਇਹ ਚਿੰਨ੍ਹ ਹਮੇਸ਼ਾ ਹਾਸ਼ੀਏ ਦੀਆਂ ਲੀਕਾਂ ਦੇ ਬਾਹਰਵਾਰ ਲਾਇਆ ਮਿਲਦਾ ਹੈ। ਭਾਈ ਬੰਨੋਂ ਵਾਲੀ ਬੀੜ ਵਿਚ ਅੱਜਕੱਲ ਵਰਗਾ ਕੰਨਾ ਮਿਲਦਾ ਹੈ ਤੇ ਇਹੀ ਕੰਨਾ ਸ਼ਾਰਦਾ ਦਿਆਂ ਲੇਖਾਂ ਵਿਚ ਬਲਕਿ ਉਸ ਤੋਂ ਵੀ ਪਹਿਲਾਂ ਦਿਆਂ ਲੇਖਾਂ ਵਿਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਤੋਂ ਬਿਨਾਂ ਹਠੂਰ ਦੀਆਂ ਲਿਖਤਾਂ ਵਿਚ, ਤੇ ਹੁਕਮਨਾਮਿਆਂ ਤੇ ਕਈ ਹੋਰ ਫ਼ੁਟਕਲ ਲਿਖਤਾਂ ਵਿਚ, ਕੰਨੇ ਦੀ ਜਾਂ ਤਾਂ ਵਰਤੋਂ ਹੋਈ ਹੀ ਨਹੀਂ ਹੁੰਦੀ ਤੇ ਜੇ ਹੋਈ ਹੁੰਦੀ ਹੈ ਤਾਂ ਸਾਰੀ ਲਿਖਤ ਵਿਚ ਪੂਰੀ ਸ਼ੁੱਧਤਾ ਨਾਲ ਨਹੀਂ ਹੋਈ ਹੁੰਦੀ। ਇਹ ਇਕਸਾਰਤਾ ਤੇ ਸ਼ੁੱਧਤਾ ਗੁਰਬਾਣੀ ਦੇ ਗ੍ਰੰਥਾਂ ਵਿਚ ਵਡੀ ਮਾਤਰਾ ਵਿਚ ਮੌਜੂਦ ਹੈ। ਇਨ੍ਹਾਂ ਸਾਰੇ ਭਿੰਨ ਭਿੰਨ ਪ੍ਰਯੋਗਾਂ ਦੀ ਇੱਕੋ ਵੇਲੇ ਪਰਾਪਤੀ ਦਾ ਭਾਵ ਇਹੀ ਹੋ ਸਕਦਾ ਹੈ ਕਿ ਉਸ ਵੇਲੇ ਲਿਖਤ ਦੀਆਂ ਅੱਡ ਅੱਡ ਪੱਧਰ ਦੀਆਂ ਕਈ ਪੱਧਤੀਆਂ ਮੌਜੂਦ ਸਨ ਤੇ ਇਹ ਦਸ਼ਾ ਵਿਕਾਸ ਦੇ ਅਮਲ ਵਿਚ ਆਮ ਵੇਖੀ ਜਾਂਦੀ ਹੈ।

'ਇ' ਤੇ 'ਈ' — ਉਤੇ ਕੁੱਝ ਵਿਚਾਰ ਹੋ ਚੁੱਕੀ ਹੈ। ਅੱਗੋਂ ਈੜੀ ਨੂੰ ਨਿਰ-ਆਵਾਜ਼ ਮੰਨ ਕੇ ਉਸ ਨਾਲ ਦੀਰਘ 'ਈ' ( ੀ ) ਦੀ ਮਾਤ੍ਰਾ (ਬਿਹਾਰੀ) ਜੋੜ ਕੇ 'ਈ' ਬਣਾ ਲਿਆ ਗਿਆ — ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿਸੇ ਵਿਅੰਜਨ ਵਿਚ ਇਹ ਆਵਾਜ਼ ਪੈਦਾ ਕਰਨ ਲਈ ਕੀਤਾ ਜਾਂਦਾ ਹੈ। ਇਸ ਵਿਧਾਨ ਨੂੰ ਵੀ ਅਸੀਂ ਵਿਲੱਛਣ ਨਹੀਂ ਕਹਿ ਸਕਦੇ।

'ਉ' ਤੇ 'ਊ' — 'ਉ' ਬਾਰੇ ਦੱਸਿਆ ਜਾ ਚੁੱਕਾ ਹੈ। 'ਊ' ਦੀ ਵਿਉਂਤ 'ਈ' ਵਾਲੇ ਨਮੂਨੇ ਉਤੇ ਹੋਈ ਦਿੱਸਦੀ ਹੈ, ਇਸ ਲਈ ਇਸ ਉਤੇ ਬਹੁਤਾ ਸਮਾਂ ਗਵਾਉਣ ਦੀ ਲੋੜ ਨਹੀਂ। ਕੇਵਲ ਇਹੀ ਪਤਾ ਹੋਣਾ ਚਾਹੀਦਾ ਹੈ ਕਿ ਪਹਿਲਾਂ ਗੁਰਮੁਖੀ ਵਿਚ 'ਉ' ਦੀ ਮਾਤਰਾ ਦੀ ਸ਼ਕਲ ਨਾਗਰੀ ਦੀ ਵਰਤਮਾਨ ਮਾਤਰਾ ( ੁ ) ਵਰਗੀ ਹੁੰਦੀ ਸੀ।

'ਏ' — ਦੀ ਕਥਾ ਕੁਝ ਨ ਕੁਝ ਹੋ ਹੀ ਚੁੱਕੀ ਹੈ।

'ਐ' — ਇਸ ਸੂਰ ਨੂੰ ਵਿਲੱਛਣ ਕਿਹਾ ਜਾ ਸਕਦਾ ਹੈ।

ਪਰਾਚੀਨ ਲੇਖਾਂ ਤੋਂ ਪਰਗਟ ਹੈ ਕਿ ਆਮ ਤੌਰ ਉਤੇ, 'ਏ' ਦੇ ਸੂਰ ਨੂੰ ਲਾਂ ਵਾਲਾ ਚਿੰਨ੍ਹ ਲਾ ਕੇ 'ਐ' ਦੀ ਧੁਨੀ ਪੈਦਾ ਕੀਤੀ ਜਾਂਦੀ ਸੀ, ਜਿਵੇਂ ਚਮਿਆਲੀ ਵਿਚ। ਨਾਗਰੀ ਵਿਚ ਵੀ ਇਹੀ ਗੱਲ ਹੈ (ऐ), ਪਰ ਗੁਰਮੁਖੀ ਵਿਚ 'ਅ' ਨੂੰ ਆਧਾਰ ਬਣਾ ਕੇ ਦੁਲਾਈਆਂ ਲਾ ਦਿੱਤੀਆਂ ਗਈਆਂ ਹਨ। ਇਹ ਵਿਸ਼ੇਸ਼ ਲੱਛਣ ਗੁਰਮੁਖੀ ਤੋਂ ਬਿਨ੍ਹਾਂ ਹੋਰ ਕਿਤੇ ਨਹੀਂ ਮਿਲਦਾ। ਹਠੂਰ ਦੀਆਂ ਲਿਖਤਾਂ ਵਿਚ ਇਸ ਅੱਖਰ ਦੀ ਵਰਤੋਂ ਹੋਈ ਨਹੀਂ ਮਿਲਦੀ, ਪਰ ਗੁਰਮੁਖੀ ਦੇ ਸਾਰੇ ਪੁਰਾਣੇ ਨਮੂਨਿਆਂ ਵਿਚ 'ਐ' ਵਾਸਤੇ ਐੜੇ ਉਤੇ ਦੁਲਾਈਆਂ ਲਾਈਆਂ ਮਿਲਦੀਆਂ ਹਨ। ਇਸ ਅੱਖਰ ਦੀ ਵਿਉਂਤ, ਗੁਰਮੁਖੀ ਦੇ 'ਇ' ਤੇ 'ਉ' ਵਾਂਙ ਗੁਰਮੁਖੀ ਦੀ ਆਪਣੀ ਹੈ।

'ੴ' — 'ੴ' ਦਾ ਕੰਮ ਵੀ ਸੁਆਦਲਾ ਹੈ। ਨਾਗਰੀ ਵਿਚ 'ੴ' ਦਾ ਆਧਾਰ ਐੜਾ ਬਣਦਾ ਹੈ (ओ) ਪਰ ਗੁਰਮੁਖੀ ਵਿਚ ਊੜੇ ਨੂੰ ਹੋੜਾ ਲਗਦਾ ਹੈ। ਇਸ ਹੋੜੇ ਦਾ ਸੰਬੰਧ, ਜਿਵੇਂ ਕਿ ਅੱਗੇ ਇਸ਼ਾਰਾ ਹੋ ਚੁੱਕਾ ਹੈ, 'ਓਮ' ਸ਼ਬਦ ਨਾਲ ਹੈ। ਚਮਿਆਲੀ ਤਾਮਰ-ਪੱਤਰਾਂ ਦਾ ਅਧਿਐਨ ਇਸ ਸੰਬੰਧ ਵਿਚ ਬੜੀ ਸਹਾਇਤਾ ਕਰਦਾ ਹੈ।

ਡਾ: ਫ਼ੋਗਲ ਨੂੰ 'ਓਮ' ਸ਼ਬਦ ਤੋਂ ਬਿਨਾਂ 'ਮੁੱਢਲੇ' 'ਓ' ਵਾਲੇ ਸ਼ਬਦ ਦੀ ਕੋਈ ਮਿਸਾਲ, ਚਮਿਆਲੀ ਲੇਖਾਂ ਵਿਚੋਂ ਨਹੀਂ ਸੀ ਲੱਭੀ, ਪਰ ਡਾ: ਛਾਬੜਾ ਦੇ ਗ੍ਰੰਥ ਵਿਚ ਇਸ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ। ਡਾ: ਸਾਹਿਬ ਲਿਖਦੇ ਹਨ :

"ਇਹ ਅੱਖਰ ਇਕ ਵਾਧੇ ਨਾਲ ਮੁੱਢਲੇ 'ੳ' ਵਰਗਾ ਹੈ; ਵਾਧਾ ਇਹ ਹੈ ਕਿ ਸਿਰੋ-ਰੇਖਾ ਦੀ ਖੱਬੀ ਨੁੱਕਰ ਤੋਂ ਇਕ ਕੰਨਾਂ ਥੱਲੇ ਵੱਲ ਲਟਕਿਆ ਹੁੰਦਾ ਹੈ — ਇਕ ਥਾਂ ਹੇਠਲਾ ਘੇਰਾ ਘੱਟ ਕਰ ਕੇ ਕੰਨੇ ਨੂੰ ਓਸੇ ਨਿਸਬਤ ਨਾਲ ਹੋਰ ਥੱਲੇ ਲਮਕਾਇਆ ਹੋਇਆ ਹੈ......'ਓਮ' ਦੇ ਚਿੰਨ੍ਹ ਉੱਤੇ ਅਨੁਸਵਾਰ ਤੋਂ ਬਿਨਾਂ ਇਕ ਅਰਧ-ਚੱਕਰ ਵੀ ਮਿਲਦਾ ਹੈ ਜਾਂ ਦੂਜੇ ਸ਼ਬਦਾਂ ਵਿਚ ਇਸ ਉੱਤੇ ਮੂਧਾ ਅਨੁਨਾਸਕ ਪਿਆ ਹੋਇਆ ਹੈ।*

ਗੁਰਮੁਖੀ ਵਿਚ ਹੋਇਆ ਇਹ ਹੈ ਕਿ ਹੇਠਲਾ ਘੇਰਾ ਤੇ ਉੱਪਰਲਾ ਕੰਨਾ ਆਪਸ ਵਿਚ ਜੁੜ ਗਏ ਹਨ ਤੇ ਸਿਰੋ-ਰੇਖਾ ਦੇ ਉੱਪਰ ਦਾ ਮੂਧਾ ਅਨੁਨਾਸਕ ਹੇਠੋਂ ਉੱਪਰ ਵੱਲ ਆਉਂਦੇ ਘੇਰੇ ਨਾਲ ਜੁੜ ਕੇ ਇਕ ਅੱਖਰ ਬਣ ਗਿਆ ਹੈ। ਭਾਈ ਪੈਂਦੇ ਵਾਲੀ ਬੀੜ ਵਿਚ ਇਸ ਤਰ੍ਹਾਂ ਦਾ ਊੜਾ ਮੌਜੂਦ ਹੈ, ਜਿਥੇ ਹੇਠਲਾ ਘੇਰਾ ਸਿਰੋ-ਰੇਖਾ ਨਾਲ ਤਾਂ ਜੁੜ ਜਾਂਦਾ ਹੈ, ਪਰ ਉਸ ਤੋਂ ਉੱਪਰ ਨਹੀਂ ਉੱਠਦਾ ਤੇ ਜਿੱਥੇ ਹੋੜੇ ਦੀ ਲੋੜ ਪੈਂਦੀ ਹੈ ਉਥੇ ਉਸ ਦੇ ਉੱਤੇ, ਓਸੇ ਤਰ੍ਹਾਂ ਦਾ ਵੱਖਰਾ ਹੋੜਾ ਲੱਗਾ ਹੋਇਆ ਮਿਲਦਾ ਹੈ, ਜਿਵੇਂ ਵਿਅੰਜਨਾਂ ਨਾਲ ਲੱਗਾ ਹੁੰਦਾ ਹੈ।

'ਔ' — ਸੰਨ ੧੩੩੦ ਦੇ ਤਾਮਰ-ਪੱਤਰ ਵਿਚ ਇਕ ਸ਼ਬਦ 'ਔਰੋ' ਆਇਆ ਹੈ। ਇਸ ਵਿਚ 'ਔ' ਦੀ ਵਿਉਂਤ ਊੜੇ ਉਤੇ ਕਨੌੜਾ ਪਾ ਕੇ ਕੀਤੀ ਗਈ ਹੈ। ਪਰ ਨਾਗਰੀ ਵਿਚ ਸੁਰ ਦਾ ਆਧਾਰ, ਗੁਰਮੁਖੀ ਵਾਂਙ, ਐੜਾ ਹੀ ਬਣਦਾ ਹੈ। ਇਸ ਅੱਖਰ ਦੀ ਚਮਿਆਲੀ ਨਾਲ ਭਿੰਨਤਾ ਤੇ ਨਾਗਰੀ ਨਾਲ ਸਮਤਾ ਇਕ ਸੁਆਦਲੀ ਗੱਲ ਹੈ। ਕਨੌੜੇ ਵਾਲੀ ਮਾਤਰਾ ਥੋੜ੍ਹੇ ਬਹੁਤ ਭੇਦ ਨਾਲ ਚਮਿਆਲੀ ਲੇਖਾਂ ਵਿਚ ਪਰਾਪਤ ਹੈ।

'ਅੰ' — ਬਾਬੇ ਮੋਹਨ ਦੀ ਪਟਿਆਲੇ ਵਾਲੀ ਪੋਥੀ ਵਿਚ ਐੜੇ ਉੱਤੇ ਟਿੱਪੀ ਮੌਜੂਦ ਹੈ, ਪਰ ਕਈ ਲਿਖਤਾਂ ਵਿਚ ਟਿੱਪੀ ਦੀ ਵਰਤੋਂ ਘੱਟ ਤੇ ਬਿੰਦੀ ਦੀ ਵਰਤੋਂ ਆਮ ਦਿੱਸਦੀ ਹੈ। ਇਸ ਚਿੰਨ੍ਹ ਵਿਚ ਕੋਈ ਵਿਲੱਛਣਤਾ ਨਹੀਂ ਹੈ।

ਹੁਣ ਅਸੀਂ ਸੁਰਾਂ ਵਾਲੀ ਪੰਗਤੀ ਉੱਤੇ ਸਮੁੱਚੀ ਦ੍ਰਿਸ਼ਟੀ ਸੁੱਟ ਸਕਦੇ ਹਾਂ :—

ਪੰਜਾਬ ਵਿਚ ਗੁਰਮੁਖੀ ਦੇ ਵਿਦਿਆਰਥੀਆਂ ਨੂੰ ਪੈਂਤੀ-ਅੱਖਰੀ ਤੋਂ ਮਗਰੋਂ ਅ, ਆ, ਇ, ਈ, ਉ, ਊ,...... ਵਾਲਾ ਸਬਕ ਦਿੱਤਾ ਜਾਂਦਾ ਸੀ। ਪਾਂਧੇ ਸੁਰਾਂ ਦੀ ਇਸ ਪੰਗਤੀ ਨੂੰ 'ਸਾਂਝੀ ਸਤਰ' ਕਹਿੰਦੇ ਹੁੰਦੇ ਸਨ। ਕੀ 'ਸਾਂਝੀ ਸਤਰ' ਦਾ ਇਹ ਮਤਲਬ ਹੈ ਕਿ ਇਹੀ ਸਤਰ ਕਿਸੇ ਹੋਰ ਲਿੱਪੀ ਵਿਚ ਵੀ ਮਿਲਦੀ ਹੈ ? ਬੇਸ਼ੱਕ ਸੁਰਾਂ ਦੀ ਮੁਹਾਰਨੀ ਵਾਲੀ ਸਤਰ ਅਨੇਕਾਂ ਦੇਸੀ ਲਿੱਪੀਆਂ ਵਿਚ ਇਹੀ ਹੈ, ਪਰ ਜੇ ਇਸ ਸੁਰ-ਪੰਗਤੀ ਨੂੰ ਹੋਰ ਧਿਆਨ ਨਾਲ ਵੇਖਿਆ ਜਾਵੇ ਤਾਂ ਅਸੀਂ ਪਾਂਧਿਆਂ ਦੇ 'ਸਾਂਝੀਵਾਲਤਾ' ਵੱਲ ਦੇ ਇਸ਼ਾਰੇ ਦੇ ਅਰਥ ਸਮਝ ਸਕਦੇ ਹਾਂ :

ਆ, ਇ, ਈ, ਉ, ਊ, ਏ, ਐ, ਓ, ਔ – ਇਹ ਕੁੱਲ ੯ ਅੱਖਰ ਬਣਦੇ ਹਨ ਤੇ ਇਨ੍ਹਾਂ ਦੀ ਵਿਉਂਤ ਵਿਚ ਅਸੂਲ ਇਹ ਰੱਖਿਆ ਗਿਆ ਹੈ ਕਿ ੳ, ਅ, ੲ, ਵਿੱਚੋਂ ਹਰ ਇਕ ਤਿੰਨਾਂ ਧੁਨੀਆਂ ਦਾ ਆਧਾਰ ਬਣ ਜਾਵੇ।

ਆ, ਐ, ਤੇ ਔ, ਲਈ ਐੜਾ<br>
ਇ, ਈ, ਤੇ ਏ, ਲਈ ਈੜੀ<br>
ਅਤੇ ਉ, ਊ ਤੇ ਓ, ਲਈ ਊੜਾ।

ਇਸ ਸੁਤੋਲ ਵਾਲੀ ਰੁਚੀ ਦਾ ਪ੍ਰਭਾਵ ਸਾਰੀ ਲਿਪੀ ਨੂੰ ਪਾਂਜਿਆਂ ਵਿਚ ਵੰਡਣ ਵਾਲੇ ਤੱਥ ਤੋਂ ਵੀ ਸਪਸ਼ਟ ਹੈ। ਨਾਗਰੀ ਵਾਂਙ, ਸੁਰਾਂ ਵਾਲੀ ਪੰਗਤੀ ਜਾਂ ਸਾਂਝੀ ਸਤਰ, ਮੁੱਢ ਵਿਚ ਰੱਖੀ ਜਾ ਸਕਦੀ ਸੀ, ਪਰ ਇਸ ਤਰ੍ਹਾਂ ਪੰਜ ਪੰਜ

* Antiquities of Chamba State, Part II, ਸਫ਼ਾ ੫।

ਦੀ ਪੰਗਤੀ ਵਾਲੇ ਸੁਤੋਲ ਵਿਚ ਵਿਘਨ ਪੈ ਜਾਣਾ ਸੀ !

ਏਥੇ ਪਾਂਜਿਆਂ ਦੀ ਵੰਡ ਦਾ ਹਵਾਲਾ ਤਾਂ ਐਂਵੇਂ ਰਾਹ-ਜਾਂਦਿਆਂ ਆ ਗਿਆ ਹੈ, ਅਸੀਂ ਗੱਲ ਕਰ ਰਹੇ ਸਾਂ ਸੂਰਾਂ ਦੀ। ਹੁਣ ਤੱਕ ਦੇ ਵਿਚਾਰ ਪਿੱਛੋਂ ਅਸੀਂ ਗੁਰਮੁਖੀ ਸੂਰਾਂ ਦੇ ਉਨ੍ਹਾਂ ਵਿਸ਼ੇਸ਼ ਲੱਛਣਾਂ ਉੱਤੇ ਉਂਗਲੀ ਟਿਕਾ ਸੱਕਣ ਜੋਗੇ ਹੋ ਗਏ ਹਾਂ, ਜਿਨ੍ਹਾਂ ਬਾਰੇ (ਹੋਰ ਸਾਮਗਰੀ ਦੀ ਅਣਹੋਂਦ ਕਰ ਕੇ) ਇਹ ਕਿਹਾ ਜਾ ਸਕਦਾ ਹੈ ਕਿ ਸ਼ਾਇਦ ਉਹ ਪੰਧਰ੍ਹਵੀਂ ਸਦੀ ਤੋਂ ਪਹਿਲਾਂ ਮੌਜੂਦ ਨਹੀਂ ਸਨ। ਅਜੇ ਤਕ ਸਾਡੀ ਨਜ਼ਰ ਵਿਚ ਸੋਲ੍ਹਵੀਂ ਸਦੀ ਤੋਂ ਪਹਿਲਾਂ ਦੀ ਕੋਈ ਐਸੀ ਲਿਖਤ ਨਹੀਂ ਲੰਘੀ ਜਿਸ ਵਿਚ ਅੱਗੇ ਦੱਸੇ ਲੱਛਣ ਮੌਜੂਦ ਹੋਣ, ਪਰ ਇਸ ਖ਼ਿਆਲ ਨਾਲ ਕਿ ਪੁਰਾਣੀ ਗੁਰਮੁਖੀ ਦੇ ਪਰਾਪਤ ਨਮੂਨੇ ਕਿਸੇ ਪਿੱਛੋਂ ਤੁਰੀ ਆ ਰਹੀ ਪ੍ਰਥਾ ਦੇ ਅਨੁਯਾਈ ਹੀ ਹੋ ਸਕਦੇ ਹਨ, ਅਸੀਂ ਇਨ੍ਹਾਂ ਲੱਛਣਾਂ ਦੀ ਉਮਰ ਆਪਣੇ ਵੱਲੋਂ ਇਕ ਸਦੀ ਹੋਰ ਵਧਾ ਕੇ ਦੱਸੀ ਹੈ। ਸਾਂਝੀ ਸਤਰ ਵਿੱਚੋਂ ਉਪਜੇ ਇਹ ਵਿਸ਼ੇਸ਼ ਨੁਕਤੇ ਜਿਹੜੇ, ਸਾਡੇ ਖ਼ਿਆਲ ਵਿਚ, ਵਰਤਮਾਨ ਗੁਰਮੁਖੀ ਦੀ ਉਮਰ ਨਿਸਚਿਤ ਕਰ ਸਕਦੇ ਹਨ, ਇਹ ਹਨ :–

(i) ਪੁਰਾਣੀ 'ਇ' ( ੲ ) ਵਾਲੇ ਚਿੰਨ੍ਹ ਦੀ ਥਾਂ ਪੁਰਾਣੇ ਏ ( ੲ ) ਦੇ ਚਿੰਨ੍ਹ ਦੀ ਵਰਤੋਂ । ਈ ( ਈ ) ਦਾ ਜ਼ਿਕਰ ਵੱਖਰਾ ਛੇੜਨ ਦੀ ਲੋੜ ਨਹੀਂ, ਉਹ ਇਸ ਦੇ ਵਿਚ ਹੀ ਆ ਸਕਦੀ ਹੈ।

(ii) ਉੜੇ ਦੇ ਪੁਰਾਣੇ ਚਿੰਨ੍ਹ ਦੇ ਹੇਠਾਂ ਔਂਕੜ ਲਾ ਕੇ 'ਉ' ਦੀ ਆਵਾਜ਼ ਪੈਦਾ ਕਰਨ ਦਾ ਰਿਵਾਜ ਤੇ ਇਸੇ ਤਰ੍ਹਾਂ ਊ ਲਈ ਊੜੇ ਨੂੰ ਦੁਲੈਂਕੜੇ ਲਾਉਣ ਦਾ।

(iii) ਅ, ਇ, ੳ ਦੀ ਥਾਂ ਉ, ਅ, ੲ, ਦਾ ਵਿਧਾਨ।

(iv) ਐ ਲਈ ਐੜੇ ਨੂੰ ਆਧਾਰ ਬਣਾ ਕੇ ਉਸ ਉੱਤੇ ਦੁਲਾਈਆਂ ਦੀ ਵਰਤੋਂ।

ਗੁਰਮੁਖੀ ਲਿਪੀ ਦੇ ਇਨ੍ਹਾਂ ਵਿਲੱਛਣ ਅੰਗਾਂ ਦੇ ਮੋਢੀ ਪਹਿਲੇ ਗੁਰੂ ਸਾਹਿਬ ਸਨ ਜਾਂ ਦੂਜੇ ? ਜਾਂ ਕੋਈ ਹੋਰ ? ਅਸਲ ਵਾਕਿਆ ਇਹ ਹੈ ਕਿ ਸਾਡੇ ਪਾਸ ਨਾ ਪਹਿਲੇ ਗੁਰੂ ਸਾਹਿਬ ਦੇ ਪ੍ਰਮਾਣਿਕ ਹਸਤਾਖਰਾਂ ਦਾ ਨਮੂਨਾ ਹੈ ਨਾ ਦੂਜੇ ਗੁਰੂ ਸਾਹਿਬ ਦਾ। ਇਸ ਲਈ ਸਾਡੀ ਨਿਰਭਰਤਾ ਜਾਂ ਤਾਂ ਉਸ ਸਮੇਂ ਦੀਆਂ ਤੇ ਉਸ ਤੋਂ ਪਹਿਲਾਂ ਦੀਆਂ ਲਿਖਤਾਂ ਉੱਤੇ ਹੋ ਸਕਦੀ ਹੈ ਤੇ ਜਾਂ ਲੋਕਾਂ ਦੀ ਮੰਨਤਾ ਉਤੇ । ਪੁਰਾਣੇ ਲੇਖਾਂ ਤੋਂ ਜੋ ਕੁਝ ਮਿਲ ਸਕਿਆ ਹੈ ਉਹ ਅਸੀਂ ਪਿੱਛੇ ਦੱਸ ਹੀ ਆਏ ਹਾਂ। ਰਹਿ ਗਈ ਮੰਨਤਾ, ਸੋ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਇਕ ਮਹਾਂਪੁਰਖ ਬਾਰੇ ਨਹੀਂ, ਘੱਟ ਤੋਂ ਘੱਟ ਤਿੰਨਾਂ ਬਾਰੇ ਹੈ। ਇਨ੍ਹਾਂ ਵਿਚੋਂ ਇਤਬਾਰ-ਯੋਗ ਸਭ ਤੋਂ ਪੁਰਾਣੀ ਹੀ ਹੋ ਸਕਦੀ ਹੈ ਤੇ ਜਿਵੇਂ ਕਿ ਅਸੀਂ ਅੱਗੇ ਵੇਖ ਆਏ ਹਾਂ ਉਹ ਗੁਰੂ ਅੰਗਦ ਦੇਵ ਜੀ ਬਾਰੇ ਹੈ। ਪਰ ਸਾਧਾਰਣ ਬੁੱਧੀ ਲਈ ਇਹ ਮੰਨਣਾ ਕਠਿਨ ਹੈ ਕਿ ਗੁਰੂ ਅੰਗਦ ਦੇਵ ਜੀ ਨੂੰ, ਕਿਸੇ ਕਾਰਨ, ਕੇਵਲ ਉਪਰੋਕਤ ਚਾਰ ਤਬਦੀਲੀਆਂ ਲਿਆਉਣ ਉੱਤੇ ਮਜਬੂਰ ਹੋਣਾ ਪਿਆ ਹੋਵੇਗਾ। ਆਖ਼ਰ ਕਿਉਂ ? ਉਸ ਵੇਲੇ ਦੀ ਜਿਸ ਲਿਪੀ ਵਿਚ ਹੁਣ ਦੀ ਗੁਰਮੁਖੀ ਵਾਲੇ ਬਾਕੀ ਸਾਰੇ ਸੂਰ ਅੱਗੇ ਹੀ ਮੌਜੂਦ ਸਨ (ਜਿਨ੍ਹਾਂ ਵਰਗੇ ਰੂਪ ਸਾਨੂੰ ਚੰਬੇ ਦੀ ਸ਼ਾਰਦਾ ਤੇ ਦੇਵਾਸ਼ੇਸ਼ ਆਦਿ ਲਿਪੀਆਂ ਵਿਚੋਂ ਮਿਲ ਪਏ ਹਨ), ਕੀ ਉਸ ਲਿਪੀ ਵਿਚ ਗੁਰਮੁਖੀ ਵਾਲੇ ਇ, ਉ, ਤੇ ਐ ਦਿਆਂ ਚਿੰਨ੍ਹਾਂ ਦਾ ਕੋਈ ਬੰਦੋਬਸਤ ਨਹੀਂ ਸੀ ?

ਖ਼ਿਆਲ ਇਹ ਹੈ ਕਿ ਇਹ ਬੰਦੋਬਸਤ ਮੌਜੂਦ ਹੋਵੇਗਾ ਤੇ ਪਾਂਧਿਆਂ ਦੀਆਂ ਲਿਪੀਆਂ ਵਿਚੋਂ ਕਿਸੇ ਇਕ ਵਿਚ, ਜਿਸ ਨੂੰ ਗੁਰਬਾਣੀ ਲਿਖਣ ਲਈ ਅਪਣਾਇਆ ਗਿਆ, ਇਹ ਸਾਰਾ ਵਿਧਾਨ ਜਿਉਂ ਦਾ ਤਿਉਂ ਜ਼ਰੂਰ ਮੌਜੂਦ ਸੀ, ਪਰ ਕਿਉਂਕਿ ਨਮੂਨਾ ਕੋਈ ਨਹੀਂ ਮਿਲਦਾ, ਇਸ ਲਈ ਹੋਰ ਅਨੁਮਾਨਾਂ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਹੋ ਸਕਦਾ। ਏਥੇ ਇਹ ਗੱਲ ਫੇਰ ਸਪਸ਼ਟ ਕਰ ਦੇਣ ਦੀ ਲੋੜ ਹੈ ਕਿ ਇਨ੍ਹਾਂ ਸੰਭਵ ਅਨੁਮਾਨਾਂ ਵਿਚ ਕਿਸੇ ਮਹਾਂਪੁਰਸ਼ ਦੀ ਘਾੜਤ ਵਾਲੇ ਸਿੱਧਾਂਤ ਨੂੰ ਅਸੀਂ ਸ਼ਾਮਲ ਨਹੀਂ ਕਰਦੇ।

## ( 4 ) ਅੱਖਰਾਂ ਦੀ ਗਿਣਤੀ

ਗੁਰਮੁਖੀ ਅੱਖਰਾਂ ਦੀ ਗਿਣਤੀ ਝਪ ਪਰਸਿਧ ਹੈ। ਏਥੋਂ ਤਕ ਕਿ ਇਸ ਲਿੱਪੀ ਦਾ ਨਾਂ ਹੀ ਕਈਆਂ ਵਾਸਤੇ 'ਪੈਂਤੀ' ਹੈ। 'ਪੈਂਤੀ-ਅੱਖਰੀ' ਦਾ ਮਤਲਬ ਝੱਟ ਗੁਰਮੁਖੀ ਅੱਖਰਾਂ ਦੇ ਆਧਾਰ ਉਤੇ ਬਣੀ ਕਵਿਤਾ ਲਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੀ ਰਾਗ ਆਸਾ ਵਿਚ ਲਿਖੀ ਪੱਟੀ, ਇਕ ਪੈਂਤੀ-ਅੱਖਰੀ ਹੈ ਤੇ ਇਸੇ ਕਰਕੇ ਉਸ ਨੂੰ ਗੁਰਮੁਖੀ ਅੱਖਰਾਂ ਉਤੇ ਆਧਾਰਿਤ ਮੰਨਿਆ ਜਾਂਦਾ ਹੈ। ਉਸ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਅੱਖਰੀਆਂ ਵੀ ਆਈਆਂ ਹਨ ਤੇ ਅੱਖਰਾਂ ਦੀ ਗਿਣਤੀ ਦੇ ਪ੍ਰਕਰਣ ਵਿਚ ਉਨ੍ਹਾਂ ਦਾ ਮੁਤਾਲਿਆ ਬੜਾ ਲਾਭਦਾਇਕ ਹੋ ਸਕਦਾ ਹੈ। ਗਉੜੀ ਪੂਰਬੀ ਰਾਗ ਵਿਚ ਕਬੀਰ ਜੀ ਦੀ ਇਕ 'ਬਾਵਨ ਅੱਖਰੀ' ਮਿਲਦੀ ਹੈ। ਇਸ ਬਾਣੀ ਦੇ ਅੰਦਰ ਵੀ ਅੱਖਰਾਂ ਦੀ ਗਿਣਤੀ ਦਾ ਜ਼ਿਕਰ ਆਇਆ ਹੈ। ਜਿਵੇਂ :—

'ਬਾਵਨ ਅਛਰ ਲੋਕ ਤ੍ਰੈ, ਸਭੁ ਕਛੁ ਇਨ ਹੀ ਮਾਹਿ !'*

ਜਾਂ

'ਬਾਵਨ ਅਖਰ ਜੋਰੇ ਆਨਿ। ਸਕਿਆ ਨ ਅਖਰੁ ਏਕੁ ਪਛਾਨਿ।'

ਇਸ ਬਾਵਨ-ਅੱਖਰੀ ਵਿਚ ਅੱਖਰਾਂ ਦੀ ਤਰਤੀਬ ਇਹ ਹੈ :—

( ੴ ), ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ (ਦੋ ਵਾਰੀ), ਯ, ਰ, ਲ, ਵ, ਸ (ਸ਼), ਖ (ਸ਼), ਸ, ਹ, ਲ, ਤੇ ਖ (ਕ੍ਸ਼)। †

ਇਸ ਅੱਖਰੀ ਵਿਚ ਸੁਰ-ਅੱਖਰਾਂ ਦੀ ਅਣਹੋਂਦ ਹੈ (ਜੇ 'ਓਅੰਕਾਰ' ਦੇ ੴ ਨੂੰ ਨਜ਼ਰ-ਅੰਦਾਜ਼ ਕਰ ਦੇਈਏ), ਤਾਲਵੀ ਤੇ ਮੂਰਧਨੀ 'ਸ਼' ਦਾ ਵੇਰਵਾ ਮੌਜੂਦ ਹੈ, ਲ ਤੇ ਲ਼ ਦਾ ਭੇਦ ਵੀ ਹੈ, ਬਲਕਿ 'ਕ੍ਸ਼' ਵਾਲਾ ਸੰਯੁਕਤ ਅੱਖਰ ਵੀ, ਪਰ ਇਹ ਬਾਵਨੀ, ਅਸਲ ਵਿਚ, 'ਬਾਵਨੀ' ਨਹੀਂ, 'ਪੈਂਤੀ-ਅੱਖਰੀ' ਹੈ ਕਿਉਂਕਿ ਅੱਖਰਾਂ ਦੀ ਕੁੱਲ ਗਿਣਤੀ ਇਹੀ ਬਣਦੀ ਹੈ (ਜੇ 'ੴ' ਦਾ ਊੜਾ ਗਿਣ ਲਈਏ ਤਾਂ ਇਕ ਅੱਖਰ ਵਧ ਜਾਵੇਗਾ)। ਭਗਤ ਰਵਿਦਾਸ ਜੀ ਰਾਗ ਮਾਰੂ ਦੇ ਇਕ ਸ਼ਬਦ ਵਿਚ ਅੱਖਰਾਂ ਦੀ ਗਿਣਤੀ ਵੱਲ ਇਸ਼ਾਰਾ ਕਰਦੇ ਹਨ :—

"ਨਾਨਾ ਖਿਆਨ ਪੁਰਾਨ ਬੇਦ ਬਿਧਿ, ਚਉਤੀਸ ਅਛਰ ਮਾਹੀ"।

ਇਸ ਦਾ ਮਤਲਬ ਇਹੀ ਨਿਕਲ ਸਕਦਾ ਹੈ ਕਿ ਬਾਵਨ ਅੱਖਰੀਆਂ ਦੇ ਨਾਲ ਚੌਂਤੀ ਜਾਂ ਪੈਂਤੀ ਅੱਖਰਾਂ ਵਾਲੀਆਂ ਲਿਪੀਆਂ ਪੰਜਾਬ ਤੇ ਪੰਜਾਬ ਤੋਂ ਬਾਹਰ ਸਾਧਾਰਨ ਲੋਕਾਂ ਵਿਚ ਪਰਚਲਿਤ ਸਨ, ਚਾਹੇ ਇਨ੍ਹਾਂ ਵਿਚ ਅੱਖਰ ਸਮਾਨ ਨਹੀਂ ਸਨ ਹੁੰਦੇ। ਮਿਸਾਲ ਵਜੋਂ, ਕਬੀਰ ਜੀ ਦੇ ਪੈਂਤੀ ਅੱਖਰਾਂ ਦਾ ਮੁਕਾਬਲਾ ਗੁਰੂ ਨਾਨਕ

*'ਕਾਮਧੇਨੁਤੰਤ੍ਰ' ਵਿਚ ਸ਼ਿਵ ਜੀ ਕਾਲੀ ਦੇਵੀ ਨੂੰ ਦੱਸਦੇ ਹਨ " 'ਅ' ਤੋਂ ਲੈ ਕੇ 'ਕ' ਤਕ ਦੇ ਅੱਖਰ ਪਰਮਕੁੰਡਲੀ ਦਾ ਸਰੂਪ ਹਨ, ਸਾਰਾ ਚੱਲ ਤੇ ਅਚੱਲ ਬ੍ਰਹਿਮੰਡ ਯਕੀਨਨ ਅੱਖਰਾਂ ਤੋਂ ਹੀ ਉਪਜਦਾ ਹੈ। ਸਭ ਸ਼ਾਸਤ੍ਰਾਂ, ਪੁਰਾਣਾਂ, ਇਤਿਹਾਸਾਂ, ਵੇਦਾਂ ਤੇ ਸਿੰਮ੍ਰਿਤੀਆਂ ਦਾ ਸੋਮਾ ਵੀ ਇਹੀ ਅੱਖਰ ਹਨ। ਏਥੋਂ ਤੱਕ ਕਿ ਪਾਰਬ੍ਰਹਮ ਆਪ ਵੀ ਇਨ੍ਹਾਂ ਦੀ ਹੀ ਉਪਜ ਹੈ।"

†ਸ੍ਰੀ ਸ਼ਿਆਮ ਸੁੰਦਰ ਦਾਸ, ਸੰਪਾਦਿਤ 'ਕਬੀਰ ਗ੍ਰੰਥਾਵਲੀ, (ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ, ਚੌਥਾ ਸੰਸਕਰਣ, ੨੦੦੮ ਵਿਕਰਮੀ) ਵਿਚ, ਸੰਮਤ ੧੯੯੧ ਦੀ ਪ੍ਰਤੀ ਤੋਂ ਜਿਸ 'ਬਾਵਨੀ' ਦਾ ਉਤਾਰਾ ਦਿਤਾ ਹੋਇਆ ਹੈ, ਉਹ ਅਸਲ ਵਿਚ ਗੁਰੂ ਗ੍ਰੰਥ ਸਾਹਿਬ ਵਾਲੀ 'ਬਾਵਨ ਅੱਖਰੀ' ਹੀ ਹੈ ਜਿਸ ਵਿਚ ਪਾਠਾਂਤਰ ਤੇ ਹਸਤਾਖੇਪ ਹੋਏ ਹੋਏ ਹਨ। ਉਸ ਵਿਚ ਙ ਦੀ ਥਾਂ ਨ, ਤੇ ਯ ਦੀ ਥਾਂ ਜ ਹੈ ਜਸ ਨੂੰ ਕੇਵਲ ਲਿਖਤ ਦਾ ਭੇਦ ਸਮਝਣਾ ਚਾਹੀਦਾ ਹੈ 'ਹ' ਤੋਂ ਪਿੱਛੋਂ ਇਕ ਹੋਰ ਫ਼ਾਲਤੂ 'ਸ' ਵੀ ਹੈ।

ਸਾਹਿਬ ਦੀ ਪੱਟੀ ਵਿਚਲੇ ਪੈਂਤੀ ਅੱਖਰਾਂ ਨਾਲ ਕਰੋ। ਪੱਟੀ ਦੇ ਅੱਖਰਾਂ ਦਾ ਕ੍ਰਮ ਇਹ ਹੈ :—

ਸ, ੲ, ੳ, ਙ, ਕ, ਖ, ਗ, ਘ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ, ਹ, ਅ।

ਅੱਖਰਾਂ ਦੀ ਗਿਣਤੀ ੩੫, ਤਾਲਵੀ ਤੇ ਮੂਰਧਨੀ 'ਸ਼' ਤੇ ਸੰਯੁਕਤ ਅੱਖਰਾਂ ਦੀ ਅਣਹੋਂਦ, ਲ ਇਕੋ (ਚਾਹੇ ਵੈਦਿਕ ਲ਼ ਪੰਜਾਬੀ ਵਿਚ ਬਹੁਤ ਵਰਤਿਆ ਜਾਂਦਾ ਹੈ ਤੇ ਲੁਧਿਆਣੇ ਦੇ ਪਾਦਰੀਆਂ ਨੂੰ, ਇਸ ਦੀ ਧੁਨੀ ਪ੍ਰਗਟਾਉਣ ਲਈ ਸਾਧਾਰਨ ਲੱਲੇ ਦੇ ਹੇਠਾਂ ਬਿੰਦੀ ਲਾ ਕੇ ਇਕ ਨਵਾਂ ਚਿੰਨ੍ਹ-ਘੜਨਾ ਪਿਆ) ਅਤੇ ਤਿੰਨ ਸੁਰ ਅੱਖਰਾਂ ਦੀ ਹੋਂਦ, ਇਸ ਅੱਖਰੀ ਦੇ ਕੁਝ ਲੱਛਣ ਹਨ ਜਿਹੜੇ ਕਬੀਰ ਵਾਲੀ ਅੱਖਰੀ ਤੋਂ ਭਿੰਨ ਹਨ। ਨਾ ਕਬੀਰ ਜੀ ਆਪਣੀ ਅੱਖਰੀ ਵਿਚ ਕਿਸੇ ਲਿਪੀ ਦਾ ਨਾਂ ਲੈਂਦੇ ਹਨ ਨਾ ਗੁਰੂਨਾਨਕ ਸਾਹਿਬ ਹੀ ਪੱਟੀ ਵਾਲੀ ਅੱਖਰੀ ਦਾ ਕੋਈ ਨਾਂ ਦੱਸਦੇ ਹਨ, ਪਰ ਇਕ ਪੱਟੀ ਗੁਰੂ ਨਾਨਕ ਸਾਹਿਬ ਨੇ ਰਾਗ ਰਾਮਕਲੀ ਵਿਚ ਰਚੀ ਹੈ, ਜਿਸ ਦਾ ਨਾਂ ਪੱਟੀ ਨਹੀਂ 'ਓਅੰਕਾਰ' ਹੈ, ਭਾਵੇਂ ਇਸ ਦੇ ਅੰਤ ਵਿਚ ਆਉਂਦਾ ਹੈ :

"ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰ
ਨਾਨਕ ਸੋ ਪੜਿਆ ਸੋ ਪੰਡਿਤ ਬੀਨਾ ਜਿਸ ਰਾਮ ਨਾਮ ਗਲਿ ਹਾਰ।"

ਅੱਖਰਾਂ ਦਾ ਵੇਰਵਾ ਇਉਂ ਹੈ :—

[ੳ, ਸ, ਧ, ਙ, ਏ (=ਯ)] ਇ, ਏ, (=ਈ) ਊ, ਉ, ਰ (=ਰਿ) ਰ (=ਰੀ), ਲ (=ਲ੍ਰਿ), ਲ (=ਲ੍ਰੀ), ਅ (=ਏ) ਜ (=ਯ=ਐ), ਵ (=ਓ), ਗ (=ਙ=ਅੰ), ਕ, ਖ, ਗ, ਘ, ਗ (=ਙ), ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਜ, (=ਯ), ਰ, ਲ, ਬ(=ਵ), ੜ, ਸ, (ਸ਼), ਖ (ਸ਼), ਸ, ਹ, ਲ (=ਲ)।

ਗੁਰੂ ਅਮਰਦਾਸ ਜੀ ਦੀ ਪਟੀ, ਗੁਰੂ ਨਾਨਕ ਸਾਹਿਬ ਦੀ ਪੱਟੀ ਵਾਂਙ, ਰਾਗ ਆਸਾ ਵਿਚ ਹੈ, ਇਸ ਲਈ ਇਸ ਦੇ ਅੱਖਰਾਂ ਦੀ ਤਰਤੀਬ ਤੇ ਗਿਣਤੀ ਦਾ ਮੁਤਾਲਿਆ ਵੀ ਕਰਨਾ ਚਾਹੀਦਾ ਹੈ। ਇਸ ਪੱਟੀ ਦੇ ਅੱਖਰਾਂ ਦੀ ਭਾਲ ਦਾ ਕੰਮ ਖ਼ਾਸਾ ਔਖਾ ਹੈ। ਸਾਡੀ ਸੂਚੀ ਇਉਂ ਬਣਦੀ ਹੈ :—

ਅ, ੲ, ੳ, ਅੰ, ਅ:, ਕ, ਖ, ਘ, ਙ, ਰਿ, ਰੀ, ਲ੍ਰਿ, ਲ੍ਰੀ, ਨ, ਛ, ਬ, ਜ, ਸ, ਮ, ਕ, ਤ, ਧ, ਘ, ਦ, ਪ, ਭ, ਵ, ਝ, ਧ, ਗ, ਹ, ਰ।

ਜਿਵੇਂ ਗੁਰੂ ਨਾਨਕ ਸਾਹਿਬ ਦੇ ਓਅੰਕਾਰ ਵਿਚ ਬਵੰਜਾ ਅੱਖਰਾਂ ਵਾਲੇ ਸੁਰ-ਪ੍ਰਬੰਧ ਦੀਆਂ ਨਿਸ਼ਾਨੀਆਂ ਸਾਫ਼ ਦਿੱਸਦੀਆਂ ਹਨ, ਉਸੇ ਤਰ੍ਹਾਂ ਗੁਰੂ ਅਮਰਦਾਸ ਜੀ ਦੀ ਪੱਟੀ ਵਿਚ ਵੀ ਬਾਵਨ-ਅੱਖਰੀਆਂ ਵਾਲੇ ਸੁਰ-ਪ੍ਰਬੰਧ ਦੀਆਂ ਨਿਸ਼ਾਨੀਆਂ ਮੌਜੂਦ ਹਨ। ਪਰ ਇਨ੍ਹਾਂ ਅੱਖਰੀਆ ਵਿੱਚੋਂ ਕਿਸੇ ਇਕ ਵਿਚ ਵੀ ਅੱਖਰਾਂ ਦੀ ਗਿਣਤੀ ਪੂਰੀ ੫੨ ਨਹੀਂ ਬਣਦੀ। ਕਬੀਰ ਜੀ ਦੀ ਬਾਵਨ-ਅੱਖਰੀ ਰਾਗ ਗਉੜੀ ਵਿਚ ਸੀ। ਇਸੇ ਰਾਗ ਵਿਚ ਗੁਰੂ ਅਰਜਨ ਸਾਹਿਬ ਦੀ ਇਕ ਬਾਵਨ ਅੱਖਰੀ ਮਿਲਦੀ ਹੈ। ਉਸ ਵਿਚ ਵੀ ਅੱਖਰ ੫੨ ਨਹੀਂ ਬਣਦੇ। ਉਸ ਦਾ ਅੱਖਰ-ਕ੍ਰਮ ਇਉਂ ਹੈ :—

(ੳ, ਸ, ਧ, ਙ), ਏ (=ਇ ?), ਏ (=ਈ ?) ਰੇ (=ਰਿ), ਰਾ (=ਰੀ), ਲ (=ਲ੍ਰਿ), ਲ(=ਲ੍ਰੀ), ਆ (=ਏ ?), ਯ (=ਐ ?), ਙ (=ਅ), ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, (ਦੋ ਵਾਰੀ) ਯ, ਰ, ਲ, ਵ, ੜ, ਸ (ਸ਼), ਖ (ਥ) ਸ, ਹ, ਲ, ਖ (ਕ੍ਸ਼), ਅ, ਹ।

ਇਨ੍ਹਾਂ ਅੱਖਰਾਂ ਦਾ ਵਿਸ਼ਲੇਸ਼ਣ ਕੀਤਿਆਂ ਇਹ ਨਤੀਜੇ ਸਾਹਮਣੇ ਆਉਂਦੇ ਹਨ :—

( i ) ਕਿਸੇ ਬਵੰਜਾ ਅੱਖਰਾਂ ਵਾਲੀ ਆਦਰਸ਼ਕ ਤੇ ਮੁਕੰਮਲ ਵਰਣ-ਮਾਲਾ ਦੀ ਹੋਂਦ ਸਿਧ ਹੁੰਦੀ ਹੈ ਜਿਸ ਵਿਚ ਸੰਸਕ੍ਰਿਤ ਦੀਆਂ ਇਕਹਿਰੀਆਂ ਤੇ ਦੂਹਰੀਆਂ ਧੁਨੀਆਂ ਪਰਗਟਾਉਣ ਲਈ ਅੱਡ ਅੱਡ ਅੱਖਰ ਮੌਜੂਦ ਸਨ, ਜਿਵੇਂ ਨਾਗਰੀ ਵਿਚ ਹੁਣ ਹਨ।

(ii) ਕਵੀਆਂ ਵਿਚ ਇਨ੍ਹਾਂ ਵਰਣਮਾਲਾਵਾਂ ਉੱਤੇ ਆਧਾਰਿਤ ਬਾਵਨ-ਅੱਖਰੀਆਂ ਤਿਆਰ ਕਰਨ ਦੀ ਪ੍ਰਥਾ ਪ੍ਰਚਲਿਤ ਸੀ।

(iii) ਭਗਤਾਂ ਨੇ, ਤੇ ਗੁਰੂ ਸਾਹਿਬਾਨ ਨੇ ਜਦੋਂ ਬਾਵਨ-ਅੱਖਰੀਆਂ ਰਚੀਆਂ ਤਾਂ ਉਨ੍ਹਾਂ ਨੇ ਆਪਣੇ ਤੋਂ ਪਹਿਲਾਂ ਦੇ ਸਾਹਿੱਤਕ ਭਾਂਡੇ ਨੂੰ ਅਪਨਾਇਆ, ਪਰ ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਨੇ ਬਾਵਨ-ਅੱਖਰੀਆਂ ਲਿਖਣ ਲੱਗਿਆਂ ਜ਼ਰੂਰ ੫੨ ਅੱਖਰਾਂ ਵਾਲੀ ਵਰਣਮਾਲਾ ਨੂੰ ਹੀ ਵਰਤਿਆ। ਉਨ੍ਹਾਂ ਨੇ ਆਪਣੇ ਸਮੇਂ ਤੇ ਇਲਾਕੇ ਵਿਚ ਪਰਚਲਿਤ ਘੱਟ ਅੱਖਰਾਂ ਵਾਲੀਆਂ ਅੱਖਰੀਆਂ ਨੂੰ ਆਧਾਰ ਬਣਾ ਲਿਆ, ਚਾਹੇ ਨਾਂ ਉਸ ਹਾਲਤ ਵਿਚ 'ਬਾਵਨ-ਅੱਖਰੀ' ਹੀ ਰੱਖਿਆ। ਜਿਵੇਂ ਸੀ-ਹਰਫ਼ੀ ਦਾ ਮਤਲਬ ਹੁੰਦਾ ਹੈ 'ਤੀਹ-ਅੱਖਰੀ' ਤੇ ਇਸ ਹਿਸਾਬ ਨਾਲ ਅਰਬੀ ਦੇ ਤੀਹ ਅੱਖਰਾਂ ਉੱਤੇ ਉਸਰੀ ਕਵਿਤਾ ਹੀ ਸੀ-ਹਰਫ਼ੀ ਹੋਣੀ ਚਾਹੀਦੀ ਹੈ: ਪਰ ਉਰਦੂ ਵਿਚ ਅੱਖਰਾਂ ਦੀ ਗਿਣਤੀ ਵੱਧ ਹੈ ਤੇ ਕਈ ਸੀ-ਹਰਫ਼ੀਆਂ ਵਿਚ ਇਸੇ ਵਧ ਗਿਣਤੀ ਵਾਲੀ ਲਿੱਪੀ ਅਨੁਸਾਰ ਕਵਿਤਾ ਬਣਾਈ ਜਾਂਦੀ ਹੈ, ਫੇਰ ਵੀ ਕਾਵਿ-ਰੂਪ ਦਾ ਨਾਂ ਸੀ-ਹਰਫ਼ੀ ਹੀ ਤੁਰਿਆ ਆਉਂਦਾ ਹੈ ਇਸੇ ਤਰ੍ਹਾਂ ਬਾਵਨ-ਅੱਖਰੀਆਂ, ਗੁਰੂ ਸਾਹਿਬਾਨ ਨੇ. ਤੇ ਹੋਰਨਾਂ ਨੇ ਲਿਖੀਆਂ, ਪਰ ਉਨ੍ਹਾਂ ਦੇ ੫੨ ਅੱਖਰ ਨਾ ਹਣ ਤੇ ਵੀ, ਪਰੰਪਰਾ-ਅਧੀਨ ਉਨ੍ਹਾਂ ਦਾ ਨਾਂ ਬਾਵਨ-ਅੱਖਰੀ ਹੀ ਪੈਂਦਾ ਰਿਹਾ।

(iv) ਇਨ੍ਹਾਂ ਅੱਖਰੀਆਂ ਵਿਚ, ਆਮ ਤੌਰ ਤੇ, ਵਿਅੰਜਨਾਂ ਦਾ ਵਿਧਾਨ ਪੂਰਾ ਤੇ ਸੁਰਾਂ ਦਾ ਅਧੂਰਾ ਹੁੰਦਾ ਸੀ। ਇਸ ਤੋਂ ਅਨੁਮਾਨ ਲਗ ਸਕਦਾ ਹੈ ਕਿ ਜਿਨ੍ਹਾਂ ਵਰਣਮਾਲਾਵਾਂ ਵਿਚ ਕਵੀ ਆਪ ਲਿਖ ਰਹੇ ਸਨ ਉਨ੍ਹਾਂ ਵਿਚ ਸੁਰ-ਪ੍ਰਬੰਧ ਕੁਝ ਘੱਟ ਮੁਕੰਮਲ ਸਨ। ਇਹ ਘੱਟ ਸੁਰ-ਪ੍ਰਬੰਧ ਵਾਲੀਆਂ, ਸਥਾਨਕ ਜਾਂ ਪ੍ਰਾਂਤਕ ਵਰਣਮਾਲਾਵਾਂ ਵੱਡੀਆਂ ਮਾਲਾਵਾਂ ਤੋਂ ਬਣੀਆ ਹੁੰਦੀਆਂ ਸਨ ਤੇ ਪਾਂਧੇ ਬੱਚਿਆਂ ਨੂੰ, ਸ਼ੁਰੂ ਵਿਚ, ਇਨ੍ਹਾਂ ਛੋਟੀਆਂ ਵਰਣਮਾਲਾਵਾਂ ਦੀ ਹੀ ਸਿੱਖਿਆ ਦੇਂਦੇ ਹੁੰਦੇ ਸਨ। ਇਨ੍ਹਾਂ ਦੀ ਗਿਣਤੀ ੩੪, ੩੫, ੩੬, ਦੇ ਆਸ-ਪਾਸ ਹੁੰਦੀ ਸੀ। ਅਮਲੀ ਤੌਰ ਉਤੇ, ਕੀ ਪੰਜਾਬ ਤੇ ਕੀ ਉਸ ਦੇ ਨਾਲ ਲਗਦੇ ਹੋਰ ਪ੍ਰਾਂਤਾਂ ਵਿਚ, ਕੁ-ਵਰਗ ਤੋਂ ਲੈ ਕੇ ਪ-ਵਰਗ ਦੇ 'ਵ' ਤਕ ਸਾਰੇ ਵਿਅੰਜਨ ਸਾਂਝੇ ਸਨ। ਉਸ ਤੋਂ ਪਿੱਛੋਂ ਉਸ਼ਮੀ ਅੱਖਰਾਂ ਸ਼ (श), ਸ਼ (ष) ਤੇ ਸ, ਪਹਿਲੇ ਦੂਹਾਂ ਦਾ ਉੱਚਾਰਣ ਤਾਂ ਸਦੀਆਂ ਤੋਂ ਹੀ ਸਾਧਾਰਨ ਲੋਕਾਂ ਵਿਚ ਸ਼ੁਧ ਸੰਸਕ੍ਰਿਤ ਵਾਲਾ ਨਹੀਂ ਸੀ ਰਿਹਾ (ਗੁਰੂ ਗ੍ਰੰਥ ਸਾਹਿਬ ਦੀਆਂ ਅੱਖਰੀਆਂ ਤੋਂ ਹੀ ਇਹ ਬਿਲਕੁਲ ਸਪਸ਼ਟ ਹੈ), ਇਸ ਲਈ ਸਾਧਾਰਨ ਲਿੱਪੀ ਵਿਚ ਕੇਵਲ 'ਸ' ਹੀ ਪਰਚਲਿਤ ਸੀ। 'ਹ' ਦੀ ਵੀ ਸਭ ਨੂੰ ਲੋੜ ਸੀ। ਇਸ ਤਰ੍ਹਾਂ ਕੁੱਲ ਗਿਣਤੀ ਬਣੀ :— ੩੧

ਕਵਰਗ = ੫
ਚਵਰਗ = ੫
ਟਵਰਗ = ੫
ਤਵਰਗ = ੫
ਪਵਰਗ = ੫
ਤੇ ਯ, ਰ, ਲ, ਵ, ਸ, ਹ ੬

ਇਸ ਤਰ੍ਹਾਂ, ਸਾਧਾਰਨ ਵਰਤੋਂ ਵਾਲੀ ਅਮਲੀ ਵਰਣਮਾਲਾ ਵਿਚ ਇਹ ੩੧ ਅੱਖਰ ਜ਼ਰੂਰ ਹੁਦੇ ਸਨ। ਬਾਕੀ ਰਹਿ ਗਏ ਸੁਰ :—

ਅ, ਆ, ਇ, ਈ, ਉ, ਊ, ਰਿ, ਰੀ, ਲ੍ਰਿ, ਲ੍ਰੀ, ਏ, ਐ, ਓ, ਔ, ਅੰ, ਅः

ਇਨ੍ਹਾਂ ਵਿਚੋਂ ਰਿ, ਰੀ, ਲ੍ਰਿ, ਲ੍ਰੀ, ਤੇ ਅः (ਅਹ) ਆਮ ਬੋਲ ਚਾਲ ਵਿਚ ਨਹੀਂ ਸੀ ਵਰਤੇ ਜਾਂਦੇ ਤੇ ਜਿਥੇ

ਲੋੜ ਪੈਂਦੀ ਸੀ, ਉੱਥੇ ਜਿਸ ਤਰ੍ਹਾਂ ਅਸੀਂ ਲਿਖਿਆ ਹੈ ਉਸ ਤਰ੍ਹਾਂ ਲਿਖ ਕੇ ਕੰਮ ਸਾਰਿਆ ਜਾ ਸਕਦਾ ਸੀ (ਗੁਰੂ ਗ੍ਰੰਥ ਸਾਹਿਬ ਵਿਚਲੀਆਂ ਅੱਖਰੀਆਂ ਤੋਂ ਸਿੱਧ ਹੈ ਕਿ ਇਨ੍ਹਾਂ ਦੀ ਸ਼ੁੱਧ ਵਰਤੋਂ ਕਿਤੇ ਵੀ ਨਹੀਂ ਹੋਈ)। ਸੋ ਅ, ਆ, ਇ, ਈ, ਉ, ਊ, ਏ, ਐ, (ਤੇ ਅ) ਰਹਿ ਜਾਂਦੇ ਹਨ। ਹਰ ਚੰਗੀ ਵਰਣਮਾਲਾ ਨੂੰ ਇਨ੍ਹਾਂ ਸੂਰਾਂ ਦੀ ਲੋੜ ਸੀ ਕਿਉਂਕਿ ਸਾਡੀਆਂ ਬੋਲੀਆਂ ਵਿਚ ਇਹ ਸਾਰੀਆਂ ਸਪਸ਼ਟ ਆਵਾਜ਼ਾਂ ਮੌਜੂਦ ਸਨ। ਜਦੋਂ ਬਵੰਜਾ ਅੱਖਰ ਗਿਣੇ ਜਾਂਦੇ ਹਨ ਤਾਂ ਇਨ੍ਹਾਂ ਸਾਰੇ ਸੂਰਾਂ ਨੂੰ ਸੁਤੰਤਰ ਅੱਖਰ ਮੰਨਿਆਂ ਜਾਂਦਾ ਹੈ। ਇਸ ਤਰ੍ਹਾਂ, ਇਨ੍ਹਾਂ ਨੂੰ ਸੁਤੰਤਰ ਅੱਖਰ ਮੰਨਿਆਂ ਇਨ੍ਹਾਂ ਦੀ ਗਿਣਤੀ ੧੧ ਬਣਦੀ ਹੈ। ਕੁਲ ਜੋੜ ੩੧+੧੧=੪੨ ਅਖਰ ਐਸੇ ਬਣਦੇ ਹਨ ਜਿਹੜੇ ਹਰ ਉਸ ਵਰਣਾਵਲੀ ਨੂੰ ਚਾਹੀਦੇ ਸਨ ਜਿਹੜੀ ਲਿਖਤੀ ਕੰਮਾਂ ਲਈ ਵਰਤੀ ਜਾਣੀ ਸੀ। ਗੁਰਮੁਖੀ ਵਿਚ 'ੜ' ਵਧ ਸੀ, ਜਿਸ ਨਾਲ ਉਸ ਵਿਚ ੩੨+੧੧=੪੩ ਅੱਖਰ ਬਣ ਜਾਣੇ ਚਾਹੀਦੇ ਸਨ; ਸੋ ਅਸਲ ਵਿਚ, ਗੁਰਮੁਖੀ ਦੇ ਇਤਨੇ ਹੀ ਅੱਖਰ ਹਨ। ਇਹ ੪੩ ਅਖਰ ਅਸੀਂ ਏਥੇ ਫ਼ੇਰ ਗਿਣਾ ਦੇਂਦੇ ਹਾਂ ;

ਅ, ਆ, ਇ, ਈ, ਉ, ਊ, ਏ, ਐ, ਓ, ਔ, ਅੰ, ਸ, ਹ=੧੩

ਕ, ਖ, ਗ, ਘ, ਙ,
ਚ, ਛ, ਜ, ਝ, ਞ,
ਟ, ਠ, ਡ, ਢ, ਣ,
ਤ, ਥ, ਦ, ਧ, ਨ,
ਪ, ਫ, ਬ, ਭ, ਮ,
ਯ, ਰ, ਲ, ਵ, ੜ, = ੩੦

ਕੁੱਲ ਗਿਣਤੀ = ੧੩+੩੦ = ੪੩

ਇਨ੍ਹਾਂ ੪੩ ਅੱਖਰਾਂ ਨੂੰ ਇਕੋ ਕਿਸ਼ਤ ਵਿਚ ਸਿਖਾਉਣ ਦੀ ਥਾਂ ਗੁਰਮੁਖੀ ਵਾਲੇ ਦੋ ਕਿਸ਼ਤਾਂ ਵਿਚ ਵੰਡ ਕੇ ਸਿਖਾਉਂਦੇ ਹਨ। ਪਹਿਲੀ ਪੈਂਤੀ ਅੱਖਰਾਂ ਦੀ ਕਿਸ਼ਤ ਤੇ ਦੂਜੀ ਸਾਂਝੀ ਸਤਰ ਵਾਲੀ।

## (5) ਸੰਸਕ੍ਰਿਤ ਤੇ ਗੁਰਮੁਖੀ

ਗੁਰਮੁਖੀ ਦੇ ਸੂਰ-ਪ੍ਰਬੰਧ ਬਾਰੇ ਦਸਦਿਆਂ ਇਹ ਇਸ਼ਾਰੇ ਦਿੱਤੇ ਜਾ ਚੁਕੇ ਹਨ ਕਿ ਇਸ ਲਿੱਪੀ ਦਾ ਆਯੋਜਨ ਸੰਸਕ੍ਰਿਤ ਉਚਾਰਣ ਨੂੰ ਉੱਤਮ ਢੰਗ ਨਾਲ ਪਰਗਟਾ ਸਕਣ ਦੇ ਆਦਰਸ਼ ਦੀ ਪੂਰਤੀ ਦੇ ਖ਼ਿਆਲ ਨਾਲ ਨਹੀਂ ਹੋਇਆ। ਇਸ ਕਥਨ ਦੀ ਪ੍ਰੋੜ੍ਹਤਾ ਲਈ ਬਹੁਤ ਕੁਝ ਕਹਿਣ ਦੀ ਲੋੜ ਨਹੀਂ ਕਿਉਂਕਿ ਇਹ ਹਰ ਤਰ੍ਹਾਂ ਸਿੱਧ ਹੈ। ਛੋਟੀ 'ਰੀ' ਤੇ ਵੱਡੀ 'ਰੀ' ਲਈ ਗੁਰਮੁਖੀ ਵਿਚ ਕੋਈ ਚਿੰਨ੍ਹ ਨਹੀਂ ਹਨ : ਛੋਟੀ ਲ੍ਰਿ ਤੇ ਵੱਡੀ ਲ੍ਰੀ ਦਾ ਵੀ ਕੋਈ ਪਰਬੰਧ ਨਹੀਂ ਹੈ : ਵਿਸਰਗਾਂ ਦੀ ਮੁਕੰਮਲ ਅਣਹੋਂਦ ਹੈ ਤੇ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਅੱਖਰੀਆਂ ਤੋਂ ਸ਼ਪੱਸ਼ਟ ਹੈ ਕਿ ਜਾਂ ਤਾਂ ਇਨ੍ਹਾਂ ਦੀ ਵਰਤੋਂ ਹੀ ਨਹੀਂ ਹੋਈ ਤੇ ਜਿਥੇ ਕਿਤੇ ਇਨ੍ਹਾਂ ਅੱਖਰਾਂ ਤੋਂ ਕੰਮ ਲਿਆ ਵੀ ਹੈ, ਉਥੇ ਸੂਰ ਦੀ ਥਾਂ ਵਿਅੰਜਨ ਬਣਾ ਕੇ ਹੀ ਕੰਮ ਲਿਆ ਹੈ। ਰ੍ਰਿ ਤੇ ਰ੍ਰੀ ਨੂੰ ਰਾਰੇ ਦੀ ਥਾਂ ਵਰਤਿਆ ਹੈ ਤੇ ਲ੍ਰਿ ਤੇ ਲ੍ਰੀ ਨੂੰ ਲੱਲੇ ਦੀ ਥਾਂ, 'ਅ:' ਦੀ ਥਾਂ 'ਹ' ਵਰਤਿਆ ਮਿਲਦਾ ਹੈ। ਅਸਲ ਗੱਲ ਇਹ ਹੈ ਕਿ ਇਨ੍ਹਾਂ ਸੂਰਾਂ ਦਾ ਸ਼ੁੱਧ ਉਚਾਰਣ, ਸਾਧਾਰਣ ਪੰਜਾਬੀਆਂ ਲਈ ਸੌਖਾ ਨਹੀਂ। ਇਸੇ ਤਰ੍ਹਾਂ ਤਾਲਵੀ ਤੇ ਮੂਰਧਨੀ (श ਤੇ ष) ਦਾ ਤਿਆਗ ਵੀ ਇਸੇ ਲੜੀ ਦੀ ਕੜੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਤਾਲਵੀ 'ਸ਼' ਲਈ ਸੱਸਾ ਤੇ ਮੂਰਧਨੀ ਲਈ ਖੱਖਾ ਵਰਤਿਆ ਗਿਆ ਹੈ। ਇਨ੍ਹਾਂ ਦੇ ਸ਼ੁੱਧ ਉਚਾਰਣ ਵਾਲੀ ਘਾਟੀ ਵੀ, ਪੰਜਾਬੀਆਂ ਨੂੰ, ਬਲਕਿ ਹੋਰ ਸਾਰੀਆਂ ਨਵੀਆਂ ਭਾਰਤੀ-ਆਰਿਆਈ ਭਾਸ਼ਾਵਾਂ ਨੂੰ ਬੜੀ ਬਿਖਮ ਲਗਦੀ ਹੈ। ਦੂੱਤ ਤੇ ਸੰਯੁਕਤ ਅੱਖਰਾਂ ਦੀ ਵਿਉਂਤ ਵਿਚ ਗੁਰਮੁਖੀ ਕੁਝ ਬੇਧਿਆਨ ਹੀ

ਰਹਿੰਦੀ ਹੈ। ਪੁਰਾਣੀਆਂ ਲਿਖਤਾਂ ਵਿਚ ਦੁੱਤ ਦਰਸਾਉਣ ਲਈ ਕੋਈ ਚਿੰਨ੍ਹ ਨਹੀਂ ਸੀ ਤੇ ਅੱਖਰਾਂ ਵਿਚ ਹੀ ਕੋਈ ਰੂਪਕ ਵਿਕਾਰ ਪੈਦਾ ਕੀਤਾ ਜਾਂਦਾ ਸੀ, ਪਰ ਹੁਣ 'ਅਧਕ' ਨਾਂ ਦਾ ਇਕ ਚਿੰਨ੍ਹ ਲਾਇਆ ਜਾਂਦਾ ਹੈ। ਇਹ ਚਿੰਨ੍ਹ, ਜਿਸ ਨੂੰ ਸ: ਜੀ: ਬੀ: ਸਿੰਘ ਫ਼ਾਰਸੀ ਸ਼ੱਦ ਦਾ ਰੂਪਾਂਤਰ ਮੰਨਦੇ ਹਨ, ਕੋਈ ਬਹੁਤਾ ਪੁਰਾਣਾ ਨਹੀਂ। ਇਹ ਅੰਗਰੇਜ਼ੀ ਸਮੇਂ ਦੀ ਕਾਢ ਤੇ ਹੈ ਵੀ ਕਾਫ਼ੀ ਸੌਖੀ ਤੇ ਲਾਭਦਾਇਕ, ਪਰ ਇਸ ਦੀ ਸ਼ੁੱਧ ਵਰਤੋਂ ਬੜੀ ਦੁਰਲੱਭ ਹੈ। ਜਿੱਥੋਂ ਤਕ ਸੰਯੁਕਤ ਅੱਖਰਾਂ ਦਾ ਸੰਬੰਧ ਹੈ, ਗੁਰਮੁਖੀ ਇਨ੍ਹਾਂ ਦਾ ਪੂਰੀ ਤਰ੍ਹਾਂ ਬਾਈਕਾਟ ਨਹੀਂ ਕਰਦੀ। ਹ, ਯ, ਰ ਤੇ ਵ, ਲੋੜ ਪੈਣ ਉਤੇ (ਕਈ ਵਾਰੀ ਲੋੜ ਤੋਂ ਬਿਨਾਂ ਵੀ) ਸੰਯੁਕਤ-ਅੱਖਰਾਂ ਵਾਲਾ ਰੂਪ ਧਾਰ ਲੈਂਦੇ ਹਨ। ਇਹ ਢੰਗ ਨਾਗਰੀ ਦੇ ਸੰਯੁਕਤਾਂ ਨਾਲੋਂ ਬਿਲਕੁਲ ਭਿੰਨ ਹੈ। ਇਨ੍ਹਾਂ ਤੋਂ ਬਿਨਾਂ ਹੋਰ ਕਿਸੇ ਅੱਖਰ ਵਿਚ ਜੇ ਸੰਯੁਕਤ ਦੀ ਲੋੜ ਪੈ ਜਾਏ ਤਾਂ ਬੇਸ਼ਕ ਪਈ ਰਹੇ, ਲਿੱਪੀ ਆਪਣੇ ਅੱਖਰਾਂ ਨੂੰ ਭੰਨਣ ਤੋੜਨ ਲਈ ਤਿਆਰ ਨਹੀਂ ਹੁੰਦੀ। 'ਮਸ੍ਤ' ਨੂੰ ਅਸੀਂ 'ਮਸਤ' ਹੀ ਲਿਖਾਂਗੇ ਤੇ ਸ੍ਪਸ਼ਟ ਨੂੰ 'ਸਪਸ਼ਟ'।

ਗੁਰਮੁਖੀ ਦੇ ਇਹ ਸਾਰੇ ਲੱਛਣ ਇਕੋ ਨਤੀਜੇ ਵਲ ਇਸ਼ਾਰਾ ਕਰਦੇ ਹਨ ਕਿ ਇਹ ਲਿੱਪੀ ਆਪਣੇ ਮੂਲ-ਰੂਪ ਵਿਚ ਸੰਸਕ੍ਰਿਤ ਭਾਸ਼ਾ ਨੂੰ ਲਿਖਤ ਵਿਚ ਲਿਆਉਣ ਲਈ ਨਹੀਂ ਵਰਤੀ ਜਾਂਦੀ। ਪੰਜਾਬ ਵਿਚ ਹੁਣ ਵੀ ਦੇਵਨਾਗਰੀ ਨੂੰ 'ਸ਼ਾਸਤ੍ਰੀ' ਕਿਹਾ ਜਾਂਦਾ ਹੈ। ਇਸ ਦਾ ਭਾਵ ਇਹੋ ਹੋ ਸਕਦਾ ਹੈ ਕਿ 'ਸ਼ਾਸਤ੍ਰੀ ਲਿੱਪੀ' ਪੰਜਾਬ ਵਿਚ ਪੰਡਤਾਈ ਵਾਲੇ ਕੰਮਾਂ ਜਾਂ ਸੰਸਕ੍ਰਿਤ ਸਾਹਿੱਤ ਦੇ ਲਿਖਣ ਲਈ ਵਰਤੀ ਜਾਂਦੀ ਸੀ। ਗੁਰੂ ਸਾਹਿਬਾਨ ਨੇ ਗੁਰਬਾਣੀ ਲਈ ਜਾਂ ਹੋਰ ਕੰਮ ਕਾਰ ਲਈ 'ਸ਼ਾਸਤ੍ਰੀ' ਦੀ ਥਾਂ ਗੁਰਮੁਖੀ ਲਿਪੀ ਨੂੰ ਕਿਉਂ ਅਪਣਾਇਆ? ਇਸ ਦਾ ਇਤਿਹਾਸਕ ਕਾਰਨ ਇਹੀ ਪਰਤੀਤ ਹੁੰਦਾ ਹੈ ਕਿ ਦੇਵਨਾਗਰੀ ਨੂੰ ਪ੍ਰਤਿਗਾਮੀ ਬ੍ਰਾਹਮਣਵਾਦ ਦਾ ਚਿੰਨ੍ਹ ਸਮਝਿਆ ਗਿਆ। ਇਹ ਗੱਲ ਕਿਸੇ ਵਿਸਤਾਰ ਦੀ ਮੁਥਾਜ ਨਹੀਂ ਕਿ ਗੁਰੂ ਸਾਹਿਬਾਨ, ਬਲਕਿ ਬਹੁਤ ਸਾਰੇ ਭਗਤ; ਕੱਟੜ ਬ੍ਰਾਹਮਣਵਾਦ ਦੇ ਵਿਰੋਧੀ ਸਨ। ਗੁਰੂ ਅਮਰ ਦਾਸ ਜੀ ਪਾਸ ਪੰਡਿਤ ਲੋਕਾਂ ਦਾ, ਸੰਸਕ੍ਰਿਤ ਦੇ ਹੱਕ ਵਿਚ, ਇਕ ਵਫ਼ਦ ਲੈ ਕੇ ਆਉਣ ਤੇ ਗੁਰੂ ਸਾਹਿਬ ਦਾ ਸੰਸਕ੍ਰਿਤ ਨੂੰ ਖੂਹ ਤੇ ਲੋਕ-ਭਾਸ਼ਾ ਨੂੰ ਮੀਂਹ ਨਾਲ ਤੁਲਨਾ ਦੇਣ ਵਾਲੇ ਕਰਮ, ਇਨ੍ਹਾਂ ਵਿਰੋਧੀ ਰੁਚੀਆਂ ਦੇ ਪ੍ਰਤੀਕ ਹਨ। 'ਦਬਿਸਤਾਨਿ ਮਜ਼ਾਹਿਬ' ਦਾ ਸੁਯੋਗ ਲੇਖਕ, ਜੋ ਗੁਰੂ ਹਰਗੋਬਿੰਦ ਸਾਹਿਬ ਦਾ ਸਮਕਾਲੀ ਸੀ ਤੇ ਉਨ੍ਹਾਂ ਦੇ ਮੇਲੀ ਗੇਲੀ ਹੋਣ ਦਾ ਦਾਅਵਾ ਕਰਦਾ ਹੈ, ਲਿਖਦਾ ਹੈ (ਫ਼ਾਰਸੀ ਤੋਂ ਅਨੁਵਾਦ):—

"ਗੁਰੂ ਨਾਨਕ ਦੀ ਬਾਣੀ, ਭਾਵ ਗੁਰੂ ਦੀ ਕਵਿਤਾ. ਆਦਰਸ਼ਾਂ, ਨਸੀਹਤਾਂ ਤੇ ਸਿੱਖਿਆਵਾਂ ਨਾਲ ਭਰੀ ਪਈ ਹੈ। ਉਸ ਦੀ ਬਹੁਤੀ ਕਵਿਤਾ ਰੱਬ ਦੀ ਵਡਿਆਈ ਤੇ ਉਸ ਦੀ ਪਵਿੱਤਰਤਾ ਬਾਰੇ ਹੈ ਤੇ ਉਹ ਸਾਰੀ ਪੰਜਾਬ ਦੇ ਜੱਟਾਂ ਦੀ ਬੋਲੀ ਵਿਚ ਹੈ ਤੇ ਜੱਟ ਪੰਜਾਬੀ ਜ਼ਬਾਨ ਵਿਚ ਪੇਂਡੂ ਕਿਰਸਾਣ ਨੂੰ ਕਹਿੰਦੇ ਹਨ। **ਉਸ ਦੇ ਸਿੱਖਾਂ ਨੂੰ ਸੰਸਕ੍ਰਿਤ ਨਾਲ ਕੋਈ ਸਨੇਹ ਨਹੀਂ।"***

ਇਸੇ ਪੁਸਤਕ ਦੇ ਸਫ਼ਾ ੨੩੯ ਉਤੇ ਫੇਰ ਲਿਖਿਆ ਹੈ:

"ਮੁੱਕਦੀ ਗੱਲ ਇਹ ਕਿ ਨਾਨਕ ਦੇ ਸਿੱਖ ਬੁੱਤਾਂ ਨੂੰ ਘਿਰਣਾਂ ਕਰਦੇ ਹਨ ਤੇ ਜਿਵੇਂ ਅੱਗੇ ਦਸਿਆ ਗਿਆ ਹੈ, ਇਨ੍ਹਾਂ ਦਾ ਵਿਸ਼ਵਾਸ਼ ਹੈ ਕਿ ਸਾਰੇ ਗੁਰੂ, ਨਾਨਕ ਹੀ ਹਨ। ਉਹ ਹਿੰਦੂਆਂ ਵਾਲੇ ਮੰਤਰ ਨਹੀਂ ਪੜ੍ਹਦੇ, ਨਾ ਉਨ੍ਹਾਂ ਦੇ ਮੰਦਰਾਂ ਦਾ ਹੀ ਸਨਮਾਨ ਕਰਦੇ ਹਨ ਤੇ ਅਵਤਾਰਾਂ ਨੂੰ ਅਸਲੋਂ ਨਹੀਂ ਮੰਨਦੇ। **ਉਹ ਸੰਸਕ੍ਰਿਤ ਤੋਂ, ਜਿਹੜੀ ਹਿੰਦੂਆਂ ਦੇ ਕਥਨ ਅਨੁਸਾਰ ਦੇਵ-ਭਾਸ਼ਾ ਹੈ, ਅਸਲੋਂ ਅਭਿੱਜ ਹਨ।"**

ਮੂਲ ਰੂਪ ਵਿਚ ਗੁਰਮੁਖੀ ਸੰਸਕ੍ਰਿਤ ਲਿਖਣ ਦੀ ਯੋਗਤਾ ਤੋਂ ਵਾਂਝੀ ਹੈ। ਚਮਿਆਲੀ ਲੇਖਾਂ ਵਿਚ ਸੰਸਕ੍ਰਿਤ ਜਿੱਥੇ ਕਿਤੇ ਮਿਲਦੀ ਹੈ ਬਹੁਤੇ ਸ਼ੁੱਧ ਰੂਪ ਵਿਚ ਨਹੀਂ ਮਿਲਦੀ। ਵਿਦਵਾਨਾਂ ਨੇ ਇਕ ਗੱਲ ਉਚੇਚੀ ਨੋਟ ਕੀਤੀ ਹੈ ਕਿ ਜਿੰਨਾ ਪੁਰਾਣਾ ਕੋਈ ਲੇਖ ਹੋਵੇਗਾ, ਓਨੀ ਹੀ ਉਸ ਦੀ ਲਿਖਾਈ ਸ਼ੁੱਧ ਹੋਵੇਗੀ; ਪਰ ਚਮਿਆਲੀ ਦੀ ਲਿਖਤ ਭਾਵੇਂ

* ਦਬਿਸਤਾਨਿ ਮਜ਼ਾਹਿਬ, ਨਵਲ ਕਿਸ਼ੋਰ ਕਾਨ੍ਹਪੁਰ, ਸਫ਼ਾ ੨੨੫।

ਸ਼ੁੱਧ ਨਹੀਂ, ਉਸ ਲਿਪੀ ਦੀ ਸੰਸਕ੍ਰਿਤ ਲਿਖਣ ਦੀ ਯੋਗਤਾ ਤੋਂ ਕੋਈ ਬਹੁਤਾ ਇਨਕਾਰ ਨਹੀਂ ਹੋ ਸਕਦਾ, ਕਿਉਂਕਿ ਉਸ ਵਿਚ ਸੰਸਕ੍ਰਿਤ ਲਈ ਲੋੜੀਂਦੇ ਸਾਰੇ ਖ਼ਾਸ ਅੱਖਰ ਮਿਲ ਜਾਂਦੇ ਹਨ। ਗੁਰਮੁਖੀ ਦੀ ਇਸ ਮੂਲ ਅਯੋਗਤਾ ਤੋਂ ਵੀ ਉਨ੍ਹਾਂ ਨਤੀਜਿਆਂ ਦੀ ਪ੍ਰੋੜ੍ਹਤਾ ਹੁੰਦੀ ਹੈ, ਜਿਹੜੇ ਅਸੀਂ ਅੱਗੇ ਕੱਢ ਆਏ ਹਾਂ।

ਗੁਰੂ-ਮੱਤ ਨੇ ਪੰਜਾਬ ਵਿਚ ਸਾਹਿੱਤਕ ਤੇ ਸਾਂਸਕ੍ਰਿਤਿਕ ਪੁਨਰ-ਸੁਰਜੀਤੀ ਲਿਆਂਦੀ ਸੀ ਤੇ ਗੁਰਮੁਖੀ ਇਸ ਸਾਰੇ ਮਹਾਨ ਅੰਦੋਲਨ ਦੇ ਪਰਗਟਾਉ ਦਾ ਸਾਧਨ ਬਣੀ, ਇਸ ਲਈ ਇਸ ਦੇ ਸਾਹਮਣੇ ਕਿਸੇ ਹੋਰ ਲਿਪੀ ਦਾ ਠਹਿਰਨਾ ਮੁਸ਼ਕਲ ਹੋ ਗਿਆ। ਨਾਗਰੀ ਜਨਮ-ਪੱਤ੍ਰੀਆਂ ਤੇ ਸ਼ਾਸਤ੍ਰਾਂ ਜੋਗੀ ਰਹਿ ਗਈ ਤੇ ਲੰਡੇ ਵਹੀਆਂ ਖਾਤਿਆਂ ਵਿਚ ਬੰਦ ਹੋ ਗਏ, ਪਰ ਗੁਰਮੁਖੀ, ਪੰਜਾਬੀ ਤੇ ਹਿੰਦੀ ਦੀਆਂ ਰਚਨਾਵਾਂ ਲਈ ਰਾਖਵੀਂ ਹੋ ਗਈ। ਜਦੋਂ ਇਸ ਲਿਪੀ ਦੇ ਐਸ਼ਵਰਜ ਦਾ ਸਮਾਂ ਆਇਆ ਤਾਂ ਇਸ ਵਿਚ ਸੰਸਕ੍ਰਿਤ ਲਿਖਣ ਦੇ ਵੀ ਕਈ ਜਤਨ ਹੋਏ। ਸੈਂਟਰਲ ਲਾਇਬ੍ਰੇਰੀ ਪਟਿਆਲਾ ਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿਖ-ਇਤਿਹਾਸ ਅਨੁਸੰਧਾਨ ਵਿਭਾਗ ਦੀ ਲਾਇਬ੍ਰੇਰੀ ਵਿਚ ਸੰਸਕ੍ਰਿਤ ਦੀਆਂ ਕਈ ਗੁਰਮੁਖੀ ਵਿਚ ਲਿਖੀਆਂ ਹੋਈਆਂ ਕਿਤਾਬਾਂ ਪਈਆਂ ਹਨ। ਸਾਡੇ ਆਪਣੇ ਪੁਸਤਕਾਲੇ ਵਿਚ ਵੀ ਅਜੇਹੀਆਂ ਕੁਝ ਹੱਥ-ਲਿਖੀਆਂ ਮੌਜੂਦ ਹਨ। ਇਕ ਵਾਰੀ ਸੁਰਗਵਾਸੀ ਸ: ਗੁਰਬਖ਼ਸ਼ ਸਿੰਘ ਜੀ 'ਕੇਸਰੀ' ਆਪਣੇ ਪਿਤਾ ਜੀ ਦੇ ਹੱਥਾਂ ਦੀ ਗੁਰਮੁਖੀ ਅੱਖਰਾਂ ਵਿਚ ਲਿਖੀ ਸੰਸਕ੍ਰਿਤ ਦੀ ਗੀਤਾ ਸਾਨੂੰ ਦਿਖਾਉਣ ਲਿਆਏ ਸਨ। ਮਾਲਵੇ ਦੇ ਕਈ ਉਦਾਸੀ ਤੇ ਨਿਰਮਲੇ ਡੇਰਿਆਂ ਵਿਚ ਇਸ ਤਰ੍ਹਾਂ ਦੇ ਅਨੇਕਾਂ ਗ੍ਰੰਥ ਹੁਣ ਵੀ ਵੇਖੇ ਜਾ ਸਕਦੇ ਹਨ। ਪੰਡਿਤ ਤਾਰਾ ਸਿੰਘ ਨਰੋਤਮ ਜੀ ਨੇ ਆਪਣੇ ਗ੍ਰੰਥ 'ਗੁਰੂ ਗਿਰਾਰਥ ਕੋਸ਼' (ਰਾਜਿੰਦਰ ਪ੍ਰੈਸ, ਪਟਿਆਲਾ, ੧੮੯੮) ਦੇ ਪੰਨਿਆਂ ੩੮੫-੮੬ ਉਤੇ ਗੁਰਮੁਖੀ ਨੂੰ ਸੰਸਕ੍ਰਿਤ ਭਾਸ਼ਾ ਦੇ ਯੋਗ ਬਣਾਉਣ ਲਈ ਬਹੁਤ ਸਾਰੇ ਅਮਲੀ ਸੁਝਾਉ ਦਿੱਤੇ ਹਨ ਤੇ ਆਪ ਆਪਣੇ ਗ੍ਰੰਥ ਵਿਚ ਉਨ੍ਹਾਂ ਵਿੱਚੋਂ ਅਨੇਕਾਂ ਵਰਤੇ ਵੀ ਹਨ। ਕੁਝ ਇਸੇ ਤਰ੍ਹਾਂ ਦਾ ਕੰਮ ਭਾਈ ਕਾਨ੍ਹ ਸਿੰਘ ਜੀ ਨਾਭਾ ਵਾਲਿਆਂ ਨੇ ਆਪਣੇ 'ਸ੍ਰੀ ਗੁਰੂ ਸ਼ਬਦ ਰਤਨਾਕਰ ਕੋਸ਼' ਵਿਚ ਕੀਤਾ।

ਇਨ੍ਹਾਂ ਸਾਰੇ ਜਤਨਾਂ ਨੂੰ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਗੁਰਮੁਖੀ ਵਿਚ ਸੰਸਕ੍ਰਿਤ ਦਾ ਲਿਖਣਾ ਸੰਭਵ ਹੈ, ਪਰ ਇਸ ਨਾਲ ਸਾਡਾ ਮੁੱਢਲਾ ਕਥਨ ਝੂਠਾ ਨਹੀਂ ਹੁੰਦਾ।

ਇਸ ਤੋਂ ਪਹਿਲਾਂ ਕਿ ਅਸੀਂ ਗੁਰਮੁਖੀ ਲਿਪੀ ਦੇ ਨਾਂ ਉਤੇ ਵਿਚਾਰ ਕਰੀਏ, ਇਸ ਦੇ ਅੱਖਰ-ਵਿਕਾਸ ਬਾਰੇ ਕੁੱਝ ਦੱਸਣਾ ਜ਼ਰੂਰੀ ਭਾਸਦਾ ਹੈ। ਹਜ਼ੂਰੀ ਲਿਖਤਾਂ, ਤੇ ਬਾਬੇ ਮੋਹਨ ਦੀ ਪਟਿਆਲੇ ਵਾਲੀ ਪੋਥੀ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਪੈਂਤੀਆਂ ਵਿੱਚੋਂ ਤਕਰੀਬਨ ਪੰਝੀ ਅੱਖਰਾਂ ਵਿਚ ਉੱਕਾ ਕੋਈ ਰੂਪ-ਪਰਿਵਰਤਨ ਨਹੀਂ ਆਇਆ। ਬਾਕੀ ਦੇ ਦਸ, ਜਿਨ੍ਹਾਂ ਨੇ ਥੋੜ੍ਹਾ ਜਾਂ ਬਹੁਤਾ ਰੂਪ ਵਟਾਇਆ ਹੈ, ਇਹ ਹਨ : ਅ, ੲ, ਹ, ਙ, ਚ, ਝ, ਞ, ਠ, ਣ ਤੇ ਲ।

ਅਸੀਂ ਇਨ੍ਹਾਂ ਅੱਖਰਾਂ ਦੇ ਰੂਪ-ਵਿਕਾਸ ਬਾਰੇ ਕੁੱਝ ਦੱਸਣ ਦਾ ਜਤਨ ਕਰਦੇ ਹਾਂ :—

ਅ = ਹਜ਼ੂਰ ਦੇ ੧੫੦੬ ਬਿਕਰਮੀ (੧੪੪੯ ਈ:) ਦੇ ਲੇਖ ਵਿਚ 'ਅ' ਸਿਰੋ-ਰੇਖਾ ਤੋਂ ਬਿਨਾਂ ਮਿਲਦਾ ਹੈ, ਪਰ ਸੰਮਤ ੧੫੩੬, ੧੫੫੪, ੧੫੭੩ ਤੇ ੧੬੦੭ ਬਿਕਰਮੀ ਵਾਲੇ ਲੇਖਾਂ ਵਿਚ ਸਿਰੋ-ਰੇਖਾ ਨਾਲ ਕੱਜਿਆ ਐੜਾ ਹੀ ਮਿਲਦਾ ਹੈ। ਬਾਬੇ ਮੋਹਨ ਦੀ ਪਟਿਆਲੇ ਵਾਲੀ ਪੋਥੀ ਵਿਚ ਵੀ ਐੜਾ ਕੱਜਿਆ ਹੋਇਆ ਹੀ ਮਿਲਦਾ ਹੈ। ਗੁਰੂ ਅਰਜਨ ਸਾਹਿਬ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਨੀਸ਼ਾਣਾਂ ਵਿਚ ਐੜਾ ਸਿਰੋਰੇਖਾ ਵਾਲਾ ਤੇ ਭਾਈ ਬੰਨੋਂ ਵਾਲੀ ਬੀੜ ਵਿਚ ਸਿਰੋਰੇਖਾ ਤੋਂ ਬਿਨਾਂ ਹੈ। ਭਾਈ ਪੈਂਦੇ ਵਾਲੀ ਬੀੜ ਵਿਚ ਦੋਵੇਂ ਰੂਪ ਪਰਾਪਤ ਹਨ, ਪਰ ਬਹੁਤਾ ਸਿਰੋਰੇਖਾ ਵਾਲਾ ਹੈ। ਹੁਣ ਵਾਲਾ ਸਿਰੋਰੇਖਾ-ਹੀਨ ਗੁਰਮੁਖੀ ਐੜਾ, ਜਿਸ ਦੇ ਤਿੰਨ ਦੰਦੇ ਉਪਰੋਂ ਇੱਕੋ ਸੇਧ ਵਿਚ ਨਿਕਲੇ ਹੁੰਦੇ ਹਨ, ਪੁਰਾਣੀਆਂ ਲਿਖਤਾਂ ਵਿਚ ਘੱਟ ਮਿਲਦਾ ਹੈ। ੧੬੬੭ ਬਿਕਰਮੀ ਦੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਾਲੀ ਬੀੜ ਵਿਚ ਅੱਜ ਦੇ ਐੜੇ ਦੇ ਨੇੜੇ ਤੇੜੇ ਦੀ ਸ਼ਕਲ ਦੇਖੀ ਜਾ ਸਕਦੀ ਹੈ।

ੲ = ੧੫੭੩ ਬਿਕਰਮੀ ਦੀ ਹਜ਼ੂਰੀ ਈੜੀ ਦਾ ਜ਼ਿਕਰ ਅਸੀਂ ਅੱਗੇ ਕਰ ਚੁੱਕੇ ਹਾਂ — ਦੋ ਗੋਲ ਸਿਫ਼ਰਾਂ ਦੇ

ਹੇਠਾਂ ਨਾਗਰੀ ਦਾ ਐਂਕੜ। ਇਹ ਈੜੀ ਗੁਰਮੁਖੀ ਵਿਚ ਪਰਚਲਿਤ ਨਹੀਂ ਹੋਈ। ਬਾਬਾ ਮੋਹਨ ਵਾਲੀ ਪੋਥੀ ਵਿਚ ਇਸ ਦੀ ਸ਼ਕਲ ਕੁਝ ਇਸ ਤਰ੍ਹਾਂ ਦੀ ਹੈ ਜਿਵੇਂ ਨਾਗਰੀ ਦਾ ਸ਼ ਆਪਣੀ ਸਿੱਧੀ ਖੜੀ ਡੰਡੀ ਤੋਂ ਬਿਨਾਂ ਹੋਵੇ। ੧੬੬੭ ਬਿਕਰਮੀ ਵਾਲੀ ਬੀੜ ਵਿਚ ਅੱਜ ਵਰਗੀ ਈੜੀ ਮਿਲਦੀ ਹੈ। ਭਾਈ ਪੈਂਦੇ ਵਾਲੀ ਬੀੜ ਵਿਚ ਅਜ ਵਰਗੀ ਈੜੀ ਵੀ ਹੈ ਤੇ ਬਾਬੇ ਮੋਹਨ ਵਾਲੀ ਪੋਥੀ ਵਰਗੀ ਵੀ।

ਹ = ਹਜ਼ੂਰ ਦੇ ਸੰਮਤ ੧੫੪੭, ੧੫੫੪ ਤੇ ੧੬੦੭ ਬਿਕਰਮੀ ਵਾਲੇ ਲੇਖਾਂ ਵਿਚ ਹਾਹੇ ਦੀ ਸ਼ਕਲ ਕਰੀਬ ਕਰੀਬ ਤੱਤੇ ਵਰਗੀ ਹੈ, ਪਰ ਇਸੇ ਥਾਂ ਤੇ ੧੫੫੮, ੧੫੭੨ ਤੇ ੧੫੭੩ ਵਾਲੇ ਲੇਖਾਂ ਵਿਚ ਇਸ ਦੀ ਸ਼ਕਲ ਕੁਝ ਇਸ ਤਰ੍ਹਾਂ ਦੀ ਹੈ ਜਿਵੇਂ ਹੇਠਲੀ ਗੰਢ ਤੋਂ ਬਿਨਾਂ ਗੁਰਮੁਖੀ ਦਾ ਡੰਡਾ ਹੋਵੇ। ਬਾਬਾ ਮੋਹਨ ਵਾਲੀ ਪੋਥੀ ਵਿਚ ਉਪਰ-ਦੱਸਿਆ ੧੫੪੭ ਬਿਕਰਮੀ ਵਰਗਾ ਹਾਹਾ ਤੇ ਕਰਤਾਰ ਪੁਰੀ ਬੀੜ ਵਿਚ ਚੇਪੇ ਹੋਏ 'ਪਾਰਾ ਮਾਰਨ' ਦੇ ਨੁਸਖ਼ੇ ਵਿਚ ੧੫੫੮ ਬਿਕਰਮੀ ਵਰਗਾ, ੧੬੬੭ ਬਿਕਰਮੀ ਵਾਲੀ ਬੀੜ ਵਿਚ ਨਾਗਰੀ ਦੇ ਊੜੇ ਵਰਗਾ ਤੇ ਭਾਈ ਬੰਨੋਂ ਵਾਲੀ ਬੀੜ ਵਿਚ ਮੁੜ ਕੇ ਤੱਤੇ ਵਰਗਾ। ਚੌਧਰੀ ਲੰਗਾਹ ਦੇ ਪੋਤਰੇ ਪਾਖਰ ਮੱਲ ਢਿੱਲੋਂ ਦੀ ਲਿਖੀ ਤਰਨਤਾਰਨੀ ਬੀੜ (ਸੰਮਤ ੧੭੪੫ ਬਿ:) ਵਿਚ ਅੱਜ ਵਾਲਾ ਹਾਹਾ ਮਿਲਦਾ ਹੈ।

ਙ = ੧੬੬੭ ਬਿਕਰਮੀ ਵਾਲੀ ਬੀੜ ਵਿਚ ਨਾਗਰੀ ਦੀ ਈੜੀ ( ङ ) ਵਰਗਾ "ਙ" ਮਿਲਦਾ ਹੈ। ਇਸੇ ਤਰ੍ਹਾਂ ਦਾ ਭਾਈ ਪੈਂਦੇ ਦੀ ਬੀੜ ਵਿਚ ਕਈ ਥਾਂ ਹੈ, ਪਰ ਉਸ ਵਿਚ ਕੁਝ ਥਾਵਾਂ ਉਤੇ ਅੱਜ ਵਾਲਾ ਰੂਪ ਵੀ ਵੇਖਿਆ ਜਾ ਸਕਦਾ ਹੈ।

ਚ = ਹਜ਼ੂਰ ਦੇ ਸੰਮਤ ੧੫੪੦, ੧੫੪੭, ੧੫੫੪ ਤੇ ੧੫੫੮ ਬਿਕਰਮੀ ਵਾਲੇ ਲੇਖਾਂ ਵਿਚ ਚੱਚੇ ਦੀ ਸ਼ਕਲ ਚਿਤਵਣ ਲਈ ਅੰਗਰੇਜ਼ੀ ਦਾ ਕੈਪੀਟਲ ਯੂ (U) ਲੈ ਕੇ ਉਸ ਦੀ ਖੱਬੀ ਬਾਹੀ ਦੇ ਹੇਠੋਂ ਖੱਬੇ ਪਾਸੇ ਵੱਲ ਇਕ ਗੰਢ (ਜਿਹੋ ਜਿਹੀ ਚੱਚੇ ਦੀ ਵਿਕਕਾਰਲੀ ਡੰਡੀ ਵਿਚ ਹੁੰਦੀ ਹੈ) ਵਧਾ ਲਉ ਤੇ ਅੱਖਰ ਦੇ ਉਪਰ ਸਿਰੋਰੇਖਾ ਲਾ ਕੇ ਉਸ ਦਾ ਮੂੰਹ ਬੰਦ ਕਰ ਦਿਉ। ਮੋਹਨ ਜੀ ਦੀਆਂ ਪੋਥੀਆਂ ਵਿਚ ਤੇ ਪਾਰੇ ਵਾਲੇ ਨੁਸਖ਼ੇ ਵਿਚ ਇਹੀ ਹਜ਼ੂਰੀ ਚੱਚਾ ਪਰਾਪਤ ਹੈ। ੧੬੬੭ ਬਿਕਰਮੀ ਵਾਲੀ ਬੀੜ ਵਿਚ ਇਸ ਦਾ ਅੱਜ ਵਾਲਾ ਰੂਪ ਮਿਲਦਾ ਹੈ। ਭਾਈ ਪੈਂਦੇ ਵਾਲੀ ਬੀੜ ਵਿਚ ਦੋਵੇਂ ਰੂਪ ਮਿਲਦੇ ਹਨ, ਮੋਹਨ ਜੀ ਵਾਲਾ ਵੀ ਤੇ ਅੱਜ ਵਾਲਾ ਵੀ।

ਝ = ਇਹ ਅੱਖਰ ਹਜ਼ੂਰ ਵਿਚ ਨਹੀਂ ਮਿਲਿਆ। ਬਾਬਾ ਮੋਹਨ ਵਾਲੀ ਪੋਥੀ ਵਿਚ ਇਸ ਅੱਖਰ ਦਾ ਉੱਪਰਲਾ ਹਿੱਸਾ ਈੜੀ ਵਾਂਗ ਬੰਦ ਨਹੀਂ, ਖੁਲ੍ਹਾ ਹੈ। ਅੱਖਰ ਦਾ ਬਾਕੀ ਦਾ ਹਿਸਾ ਅੱਜ ਵਰਗਾ ਹੀ ਹੈ। ਭਾਈ ਪੈਂਦੇ ਵਾਲੀ ਬੀੜ ਵਿਚ ਦੋ ਤਿੰਨ ਰੂਪ ਮਿਲਦੇ ਹਨ ਜਿਨ੍ਹਾਂ ਵਿੱਚੋਂ ਇਕ ਦਾ ਰੂਪ ਅੱਜ ਵਾਲਾ ਹੈ ਤੇ ਇੱਕ ਹੋਰ ਦਾ ਨਾਗਰੀ ਦੀ ਈੜੀ ( ङ ) ਵਰਗਾ। ਸੰਮਤ ੧੬੬੭ ਵਾਲੀ ਬੀੜ ਵਿਚ ਵਰਤਮਾਨ ਰੂਪ ਮਿਲਦਾ ਹੈ।

ਞ = ਭਾਈ ਪੈਂਦੇ ਵਾਲੀ ਬੀੜ ਵਿਚ ਦੋ ਬਿਲਕੁਲ ਭਿੰਨ ਸ਼ਕਲਾਂ ਮਿਲਦੀਆਂ ਹਨ, ਇੱਕ ਨਾਗਰੀ ਦੀ 'ਞ' ਵਰਗੀ ਹੈ (ਜਿਵੇਂ ਝ ਦੀ ਸੀ) ਤੇ ਦੂਜੀ ਬ੍ਰਾਹਮੀ ਦੇ "ਞ" ਨਾਲ ਕੁਝ ਮਿਲਦੀ-ਜੁਲਦੀ (੧੭੬੨ ਬਿਕਰਮੀ ਦੇ "ਗ੍ਰੰਥ ਹਰੀਆ ਜੀ" ਵਿਚ ਵੀ "ਞ" ਦੀ ਇਹੋ ਪਰਾਚੀਨ ਸ਼ਕਲ ਮਿਲਦੀ ਹੈ)। ੧੬੬੭ ਬਿਕਰਮੀ ਵਾਲੀ ਬੀੜ ਵਿਚ ਅੱਜ ਵਾਲਾ ਰੂਪ ਪਰਾਪਤ ਹੈ।

ਠ = ੧੫੩੬, ੧੫੫੮ ਤੇ ੧੫੭੩ ਬਿਕਰਮੀ ਦੀਆਂ ਹਜ਼ੂਰੀ ਲਿਖਤਾਂ ਵਾਲੇ ਠੱਠੇ ਦੀ ਸ਼ਕਲ ਬਣਾਉਣ ਲਈ ਅੰਗਰੇਜ਼ੀ ਦੇ ਕੈਪੀਟਲ ਯੂ (U) ਉੱਤੇ ਸਿਰੋਰੇਖਾ ਰੱਖ ਦਿਉ। ਬਾਬਾ ਮੋਹਨ ਜੀ ਦੀ ਪੋਥੀ ਵਿਚ ਇਹ ਚੌੜਾ ਰੂਪ ਵੀ ਮਿਲਦਾ ਹੈ ਤੇ ਉੱਤੋਂ ਸੌੜੇ ਮੂੰਹ ਵਾਲਾ ਵੀ। ੧੬੬੭ ਬਿਕਰਮੀ ਵਾਲੀ

ਬੀੜ ਵਿਚ ਇਹੋ ਉੱਪਰੋਂ ਸੁੰਗੜਿਆ 'ਯੂ' ਅੱਜ ਦੇ ਠੱਠੇ ਦੀ ਸ਼ਕਲ ਧਾਰਨ ਕਰਦਾ ਦਿਸਦਾ ਹੈ। ਭਾਈ ਪੈਂਦੇ ਦੀ ਬੀੜ ਵਾਲੇ ਠੱਠੇ ਦਾ ਰੂਪ ਅੱਜ ਵਾਲਾ ਹੀ ਹੈ।

ਣ = ੧੫੫੪ ਤੇ ੧੫੭੩ ਬਿਕਰਮੀ ਵਾਲੇ ਹਠੂਰੀ ਲੇਖਾਂ ਵਿਚ ਣਾਣੇ ਦੀ ਸ਼ਕਲ ਵਰਤਮਾਨ ਣਾਣੇ ਨਾਲੋਂ ਕੁਝ ਭਿੰਨ ਹੈ। ਬਾਬਾ ਮੋਹਨ ਵਾਲੀ ਪੋਥੀ ਵਿਚ ਵਰਤਮਾਨ ਤੇ ਹਠੂਰੀ ਰੂਪ ਦੇ ਵਿਚਕਾਰ ਦੀ ਸ਼ਕਲ ਮਿਲਦੀ ਹੈ। ਕਰਤਾਰਪੁਰੀ ਬੀੜ ਵਿਚ ਮਿਲਦੇ ਪਾਰਾ ਮਾਰਨ ਦੇ ਨੁਸਖੇ ਵਾਲਾ ਣਾਣਾ ਹਠੂਰੀ ਣਾਣੇ ਦਾ ਹੀ ਇਕ ਰੂਪਾਂਤਰ ਹੈ। ੧੬੬੭ ਬਿ: ਵਾਲੀ ਬੀੜ ਦੇ ਣਾਣੇ ਦਾ ਰੂਪ ਬਾਕੀ ਸਭ ਤੋਂ ਭਿੰਨ ਹੈ, ਪਰ ਹੁਣ ਤਕ ਦੱਸੀਆਂ ਸਾਰੀਆਂ ਸ਼ਕਲਾਂ ਦੇ ਨਮੂਨੇ ਭਾਈ ਪੈਂਦੇ ਦੀ ਬੀੜ ਵਿੱਚੋਂ ਮਿਲ ਜਾਂਦੇ ਹਨ। ਤਰਨਤਾਰਨ ਵਾਲੀ ੧੭੪੫ ਬਿਕਰਮੀ ਵਾਲੀ ਬੀੜ ਵਿਚ ਅੱਜ ਵਾਲਾ ਸੰਪੂਰਣ ਣਾਣਾ ਮੌਜੂਦ ਹੈ।

ਲ = ੧੫੩੬ ਬਿਕਰਮੀ ਦੇ ਹਠੂਰੀ ਲੇਖ ਵਿਚ ਲੱਲੇ ਦੀ ਸ਼ਕਲ ਇਸ ਤਰ੍ਹਾਂ ਦੀ ਹੈ ਜਿਵੇਂ ਨਾਗਰੀ ਦੇ ਲ ਦੀ ਸੱਜੇ ਹੱਥ ਵਾਲੀ ਖੜੀ ਰੇਖਾ ਲਾਹ ਲਈ ਗਈ ਹੋਵੇ ਤੇ ਉਸਦੀ ਸਿਰੋਰੇਖਾ ਕੁਝ ਵਿੱਥ ਉੱਤੇ ਉੱਪਰ ਹੀ ਪਈ ਰਹਿਣ ਦਿੱਤੀ ਜਾਵੇ। ੧੫੫੪ ਬਿਕਰਮੀ ਵਾਲੇ ਹਠੂਰੀ ਲੇਖ ਵਿਚ ਇਹੀ ਅੱਖਰ ਸਿਰੋਰੇਖਾ ਤੋਂ ਬਿਨਾਂ ਹੁੰਦਾ ਹੈ। ੧੫੫੮ ਵਾਲੇ ਇਕ ਲੇਖ ਵਿਚ ਸਿਰੋਰੇਖਾ ਤੋਂ ਹੀਨ ਤੇ ਦੂਜੇ ਵਿਚ ਸਿਰੋਰੇਖਾ ਸਮੇਤ ਮਿਲਦਾ ਹੈ। ਬਾਬਾ ਮੋਹਨ ਜੀ ਦੀ ਪੋਥੀ ਵਿਚ ਸਿਰੋਰੇਖਾ ਹੈ ਤੇ ਮੁਹਾਂਦਰਾ ਹਠੂਰੀ ਅੱਖਰ ਨਾਲ ਮਿਲਦਾ-ਜੁਲਦਾ ਹੈ। ੧੬੬੭ ਬਿਕਰਮੀ ਵਾਲੀ ਬੀੜ ਵਿਚ ਸਿਰੋਰੇਖਾ ਵਾਲਾ ਤੇ ਸਿਰੋਰੇਖਾ ਤੋਂ ਬਿਨਾਂ ਦੋਹਾਂ ਤਰ੍ਹਾਂ ਦਾ ਲੱਲਾ ਮਿਲਦਾ ਹੈ।

ਉਪਰੋਕਤ ਅੱਖਰਾਂ ਤੋਂ ਬਿਨਾਂ ਦੋ ਤਿੰਨ ਹੋਰ ਅੱਖਰ ਵੀ ਅਜੇਹੇ ਕਹੇ ਜਾ ਸਕਦੇ ਹਨ, ਜਿਨ੍ਹਾਂ ਵਿਚ ਕੁਝ ਰੂਪ-ਵਿਕਾਸ ਹੋਇਆ, ਪਰ ਉਹ ਵਿਕਾਸ ਇਤਨਾ ਮਾਮੂਲੀ ਹੈ ਕਿ ਉਸ ਦਾ ਵੇਰਵਾ ਦੱਸਣ ਦੀ ਲੋੜ ਨਹੀਂ ਇਨ੍ਹਾਂ ਅੱਖਰਾਂ ਵਿੱਚੋਂ ਊੜੇ ਦਾ ਜ਼ਿਕਰ ਪਹਿਲਾਂ ਹੋ ਚੁੱਕਾ ਹੈ, ਬਾਕੀ ਹਨ : ਛ, ਡ ਤੇ ਯ।

ਅੰਗਰੇਜ਼ੀ ਕਾਲ ਵਿਚ ਗੁਰਮੁਖੀ ਲਿਪੀ ਵਿਚ ਸ਼, ਖ਼, ਗ਼, ਜ਼, ਤੇ ਫ਼ ਵਾਲੀ ਇਕ ਪੰਗਤੀ ਹੋਰ ਵਧ ਗਈ। ਇਸ ਵਾਧੇ ਦੀ ਪਰੇਰਨਾ ਉਰਦੂ ਫ਼ਾਰਸੀ ਆਵਾਜ਼ਾਂ ਨੂੰ ਤਤਸਮ ਰੂਪ ਵਿਚ ਪਰਗਟਾਉਣ ਦੀ ਰੁਚੀ ਵਿੱਚੋਂ ਮਿਲੀ ਕਹੀ ਜਾ ਸਕਦੀ ਹੈ। ਅੱਖਰ ਦੇ ਥੱਲੇ ਇੱਕ ਬਿੰਦੀ ਲਾ ਕੇ ਨਵੀਂ ਆਵਾਜ਼ ਪੈਦਾ ਕਰਨ ਦਾ ਇੱਕ ਨਵਾਂ ਤੇ ਅਸਲੋਂ ਸੌਖਾ ਢੰਗ ਲੱਭਿਆ ਗਿਆ ਹੈ। ਪਾਦਰੀਆਂ ਨੇ ੧੮੫੪ ਈ: ਵਿਚ ਜਿਹੜਾ ਪੰਜਾਬੀ ਕੋਸ਼ ਛਾਪਿਆ, ਉਸ ਵਿਚ "ਸ਼" ਲਈ ਸੱਸੇ ਦੀ ਸੱਜੇ ਪਾਸੇ ਵੱਲ ਦੀ ਖੜੀ ਰੇਖਾ ਨੂੰ ਹੇਠਲੇ ਪਾਸਿਉਂ ਜ਼ਰਾ ਕੁ ਬਾਹਰ ਵੱਲ ਮੋੜ ਕੇ ਕੰਮ ਸਾਰਿਆ ਸੀ। ਤਾਲਵੀ "ਲ" ਪਰਗਟਾਉਣ ਲਈ ਵੀ ਪਾਦਰੀਆਂ ਨੇ ਇਹੀ ਢੰਗ ਵਰਤਿਆ, ਪਰ ਇਸ "ਲ" ਦੀ ਵਰਤੋਂ ਗੁਰਮੁਖੀ ਦੇ ਲਿਖਾਰੀਆਂ ਵਿਚ ਪਰਚਲਿਤ ਨਹੀਂ ਹੋ ਸਕੀ।

## (6) ਲਿਪੀ ਦਾ ਨਾਂ

ਲਿਪੀ ਦਾ ਨਾਂ ਗੁਰਮੁਖੀ ਹੈ। ਇਸ ਨਾਂ ਦਾ ਸਭ ਤੋਂ ਪਹਿਲਾ ਹਵਾਲਾ ਬਾਬਾ ਮੋਹਨ ਦੀਆਂ ਪੋਥੀਆਂ ਵਿਚ ਆਇਆ ਹੈ, ਜਿਸ ਤੋਂ ਪਰਤੀਤ ਹੁੰਦਾ ਹੈ ਕਿ ਇਹ ਨਾਂ ਗੁਰੂ ਅਮਰ ਦਾਸ ਜੀ ਦੇ ਵੇਲੇ ਮੌਜੂਦ ਸੀ। ਪਰ ਇਸਦਾ ਨਾਂ ਗੁਰੂ ਅੰਗਦ ਸਾਹਿਬ ਵੇਲੇ ਜਾਂ ਉਨ੍ਹਾਂ ਤੋਂ ਪਹਿਲਾਂ ਕੀ ਸੀ ? ਇਸ ਦੀ ਭਾਲ ਵੀ ਗੁਰਮੁਖੀ ਦੀ ਉਤਪੱਤੀ ਬਾਰੇ ਕਈ ਪ੍ਰਸ਼ਨਾਂ ਦੇ ਹੱਲ ਲੱਭਣ ਵਿਚ ਸਹਾਈ ਹੋ ਸਕਦੀ ਹੈ। ਇਸ ਭਾਲ ਲਈ ਸਾਨੂੰ ਸਿੱਖਾਂ ਦੇ ਗ੍ਰੰਥ ਫਰੋਲਨੇ ਚਾਹੀਦੇ ਹਨ। ਸਭ ਤੋਂ ਪਹਿਲਾਂ ਲਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਗੁਰੂ ਨਾਨਕ ਸਾਹਿਬ ਆਪਣੀ ਬਾਣੀ 'ਓਅੰਕਾਰ' ਵਿਚ ਸਾਨੂੰ ਇਕ ਲਿਪੀ ਦਾ ਨਾਂ ਲੈਂਦੇ ਪਰਤੀਤ ਹੁੰਦੇ ਹਨ। ਉਹ ਕਹਿੰਦੇ ਹਨ :

ਓਨਮ ਅਖਰ ਸੁਣਹੁ ਬੀਚਾਰੁ
ਓਨਮ ਅਖਰੁ ਤ੍ਰਿਭਵਣ ਸਾਰੁ । ੧ ।
ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ । ੧ ।

ਇਸ ਤੋਂ ਅਗਲੇ ਬੰਦ ਸੱਸੇ, ਧਧੇ ਤੇ ਙੰਙੇ ਨਾਲ ਸ਼ੁਰੂ ਹੁੰਦੇ ਹਨ । ਇਸ ਦਾ ਭਾਵ ਇਹੀ ਹੈ ਕਿ ਵਰਣਮਾਲਾ ਆਰੰਭ ਕਰਨ ਤੋਂ ਪਹਿਲਾਂ ਇਕ ਤਰ੍ਹਾਂ 'ਓਮ ਨਮ: ਸਿੱਧਮ' ਵਾਲਾ ਮੰਗਲ ਲਿਖਿਆ ਗਿਆ ਹੈ । ਪਾਂਧੇ ਜਿਸ ਵੇਲੇ ਤਖ਼ਤੀ ਉਤੇ ਵਰਣਮਾਲਾ ਲਿਖਣ ਦਾ ਵੱਲ ਸਿਖਾਉਂਦੇ ਸਨ ਤਾਂ ਪਹਿਲਾਂ 'ਓਮ ਨਮ: ਸਿੱਧਮ' ਦੀ ਸੰਥਾ ਦਿਆ ਕਰਦੇ ਸਨ ਤੇ ਪਿੱਛੋਂ ਅੱਖਰ-ਗਿਆਨ ਆਰੰਭ ਹੁੰਦਾ ਸੀ । ਪੁਰਾਤਨ ਜਨਮ ਸਾਖੀ ਵਿਚ ਪੱਟੀ ਵਾਲੀ ਸਾਖੀ ਲਿਖਦਿਆਂ ਲੇਖਕ ਨੇ ਕੇਵਲ ਇਹੋ ਕੁਝ ਲਿਖਿਆ ਹੈ :

"ਜਬ ਬਾਬਾ ਬਰਸਾਂ ਸਤਾਂ ਦਾ ਹੋਇਆ
ਤਬ ਕਾਲੂ ਕਹਿਆ, "ਨਾਨਕ ! ਤੂੰ ਪੜ੍ਹ ।
ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ
ਗਇਆ । ਕਾਲੂ ਕਹਿਆ, "ਪਾਂਧੇ ! ਇਸ
ਨੂੰ ਪੜ੍ਹਾਇ, ਤਬ ਪਾਂਧੇ ਪੱਟੀ ਲਿਖ ਦਿੱਤੀ ਅੱਖਰਾਂ
ਪੈਂਤੀਸ ਦੀ ਮੁਹਾਰਣੀ, ਤਬ ਗੁਰੂ ਨਾਨਕ
ਲੱਗਾ ਪੜ੍ਹਨ, ਰਾਗ ਆਸਾ ਵਿਚ ਪਟੀ,
ਆਦਿ ਬਾਣੀ ਹੋਈ......" *

ਪਰ ਭਾਈ ਬਾਲੇ ਦੇ ਨਾਂ ਹੇਠ ਪਰਚਲਿਤ ਜਨਮ ਸਾਖੀ ਦਾ ਕਰਤਾ ਇਸੇ ਕਥਾ ਵਿਚ ਗੁਰੂ ਨਾਨਕ ਸਾਹਿਬ ਦੇ ਇੱਕ ਪ੍ਰਸ਼ਨ ਦੇ ਉੱਤਰ ਵਿਚ ਪਾਂਧੇ ਦੇ ਮੂੰਹੋਂ ਇਹ ਸ਼ਬਦ ਅਖਵਾਉਂਦਾ ਹੈ :

'ਤਾਂ ਪਾਂਧੇ ਕਹਿਆ ਮੈਂ ਸਭੁ ਕਿਛੁ ਪੜਿਆ ਹਾਂ ।
ਓਨਮੋਸਿਧਹਾ । ਬੈਰਾਖੜੀ । ਜਿਮੀ ਕਛਣ ਦਾ ਹਿਸਾਬ......।"

ਇਸ ਥਾਂ 'ਓਨਮੋਸਿਧਹਾ' ਇਕ ਵਰਣਮਾਲਾ ਦੇ ਨਾਂ ਦੇ ਤੌਰ ਤੇ ਵਰਤਿਆ ਲਗਦਾ ਹੈ — ਉਸੇ ਤਰ੍ਹਾਂ, ਜਿਵੇਂ ਗੁਰੂ ਨਾਨਕ ਨੇ ਓਅੰਕਾਰ ਵਿਚ ਇਸੇ ਦਾ ਸੰਖਿਪਤ ਰੂਪ 'ਓਨਮ' ਇਕ ਲਿਪੀ ਲਈ ਵਰਤਿਆ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜਾ ਮੰਤਰ ਕਦੀ ਆਰੰਭਕ ਮੰਗਲ ਹੁੰਦਾ ਹੋਵੇਗਾ, ਉਹ ਹੌਲੀ ਹੌਲੀ ਲਿਪੀ ਦਾ ਨਾਂ ਬਣ ਗਿਆ ।

ਕੁਝ ਵਰ੍ਹੇ ਹੋਏ ਲੇਖਕ ਗੁਰਮੁਖੀ ਲਿਪੀ ਦੀ ਖੋਜ ਦੇ ਸੰਬੰਧ ਵਿਚ ਹਠੂਰ ਗਿਆ ਸੀ । ਓਥੇ ਇਕ ਬਿਰਧ ਸਰਾਫ਼ ਲਾਲਾ ਲਛਮਣ ਦਾਸ ਪਾਸੋਂ ਹਠੂਰੀ ਲੰਡਿਆਂ ਦਾ ਵੇਰਵਾ ਪੁਛਦਿਆਂ ਇਕ ਬੜੀ ਸੁਆਦਲੀ ਗੱਲ ਦਾ ਪਤਾ ਲੱਗਾ । ਉਸ ਨੇ ਦੱਸਿਆ ਕਿ ਲੰਡੇ ਦੋ ਤਰ੍ਹਾਂ ਹੁੰਦੇ ਹਨ : ਇਕ, 'ਓਨਾ ਮੋਸੀ ਧੌਣ' ਤੇ ਦੂਜੇ 'ਸੱਸਾ ਧੱਧਾ' । ਪਰਤੱਖ ਹੈ ਕਿ 'ਓਨਾ ਮੋਸੀ ਧੌਣ', 'ਓਮ ਨਮ : ਸਿੱਧਮ' ਦਾ ਹੀ ਅਪਭ੍ਰੰਸ਼ ਰੂਪ ਹੈ । ਰਹਿ ਗਿਆ 'ਸੱਸਾ ਧੱਧਾ' ਇਸ ਬਾਰੇ ਮੇਰਾ ਅਨੁਮਾਨ ਹੈ ਕਿ ਇਹ 'ਸਿੱਧਮ' ਸ਼ਬਦ ਦਾ ਸੂਚਕ ਹੈ । ਖ਼ਾਲਸਾ ਕਾਲਿਜ, ਅੰਮ੍ਰਿਤਸਰ ਵਿਚ 'ਸ੍ਰੀ ਮਿਹਰਵਾਨ ਜੀ ਕੀ ਪੋਥੀ' ਨਾਂ ਦੀ ਇਕ ਜਨਮ ਸਾਖੀ ਪਈ ਹੋਈ ਹੈ ਉਸ ਦੀ ਪੱਟੀ ਵਾਲੀ ਸਾਖੀ ਵਿਚ, ਭਾਈ ਬਾਲੇ ਦੀ ਜਨਮ ਸਾਖੀ ਵਾਂਗ, 'ਓਨਮੋਸਿਧਹਾ' ਦਾ ਕੋਈ ਜ਼ਿਕਰ ਨਹੀਂ । ਉਸ ਵਿਚ ਕਹਾਣੀ ਇਉਂ ਤੁਰਦੀ ਹੈ :

* ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਤੀਜੀ ਐਡੀਸ਼ਨ), ਖ਼ਾਲਸਾ ਸਮਾਚਾਰ, ਅੰਮ੍ਰਿਤਸਰ; ਨਵੰਬਰ ੧੯੪੮, ਸਫ਼ਾ ੧ ।

"ਜਬ ਸਤਾ ਬਰਸਾ ਕਾ ਹੂਆ ਗੁਰੂ ਬਾਬਾ ਨਾਨਕ ਜੀ ਤਬ ਪਾਂਧੇ ਕੋ ਦਾਦੇ ਕਾਲੂ ਪੜਣੈ ਬਾਹਿਆ। ਤਬ ਬਾਬੇ ਨਾਨਕ ਜੀ ਕਹਿਆ ਜੇ ਬਾਬਾ ਜੀ ਭਲਾ ਹੋਵੈ। ਤਬ ਪਾਂਧੇ ਗੁਰੂ ਬਾਬੇ ਨਾਨਕ ਜੀ ਕਉ ਪੱਟੀ ਲਿਖਿ ਦਿਤੀ । ਤਬ ਲਗਾ ਮੁਹਾਰਣੀ ਦੇਣੈ ਬਾਬੇ ਨਾਨਕ ਜੀ ਕਉ। ਪਟੀ ਲਿਖ ਦਿਤੀਅਸੁ ਜੇ ਪੜੁ ਨਾਨਕ ਜੀ ਸਿਧੋਙਾਂਇਆ। ਤਬ ਗੁਰੂ ਬਾਬਾ ਨਾਨਕ ਜੀ ਚੁੱਪ ਕਰਿ ਰਹਿਆ । ਤਬ ਗੁਰੂ ਬਾਬੇ ਨਾਨਕ ਕਉ ਪਾਂਧੈ ਕਹਿਆ ਜਿ ਏ ਨਾਨਕ ਤੂ ਪੜਤਾ ਕਿਉਂ ਨਾਹੀਂ ਬਾਪਿ ਪੜਣੈ ਬਾਹਿਆ ਹੈ। ਤਬ ਗੁਰੂ ਨਾਨਕ ਜੀ ਕਹਿਆ ਜੀ ਏ ਪਾਂਧਾ ਜੀ ਤੂ ਕਿਛ ਆਪਿ ਭੀ ਪੜਿਆ ਹੈ ਜਿ ਤੂ ਮੇਰੇ ਤਾਈਂ ਪੜਾਇਆ ਚਾਹੀਦਾ ਹੈ। ਤਬ ਪਾਂਧੇ ਕਹਿਆ ਜਿ ਏ ਨਾਨਕ ਮੈਂ ਸਭ ਕਿਛ ਪੜਿਆ ਹਾਂ। ਸਿਧੋਙਾਂਇਆ ਬੇਰਾਖੜੀ ਪੜਿਆ ਹਾਂ......।"

ਇਹੀ ਸ਼ਬਦ 'ਸਿਧੋਙਾਂਇਆ' ਗੁਰੂ ਅਮਰ ਦਾਸ ਜੀ ਦੀ ਰਾਗ ਆਸਾ ਵਾਲੀ ਪੱਟੀ ਵਿਚ ਵੀ ਮੌਜੂਦ ਹੈ :

"ਸਿਧੋਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ
ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਿਸ ਪਾਕੜਿਆ" ॥੨॥

ਸਾਨੂੰ 'ਸਿਧੋਙਾਂਇਆ' ਤੇ ਸਿੱਧਮ' ਇੱਕੋ ਨਾਂ ਦੇ ਰੂਪ ਲਗਦੇ ਹਨ। ਡਾ. ਰਘੁਵੀਰ ਨੇ ਚੀਨ ਤੇ ਜਾਪਾਨ ਵਿਚ ਇਕ ਭਾਰਤੀ ਲਿਪੀ 'ਸਿੱਧਮ'* ਦੀ ਹੋਂਦ ਬਾਰੇ ਇਕ ਬੜਾ ਵਾਕਫ਼ੀ-ਭਰਿਆ ਲੇਖ ਨਵੰਬਰ ੧੯੫੪ ਦੇ ਮਾਸਕ ਪਤਰ 'ਸਪਤ-ਸਿੰਧੂ' ਵਿਚ ਛਾਪਿਆ ਹੈ ਤੇ ਪਰਾਪਤ ਅੱਖਰਾਂ ਦੀਆਂ ਮਿਸਾਲਾਂ ਵੀ ਦਿੱਤੀਆਂ ਹਨ।

ਇਉਂ ਇਕ ਪਾਸੇ 'ਓਨਾ ਮੋਸੀ ਧੌਣ' ਜਾਂ 'ਓਨਮ' ਤੇ ਦੂਜੇ ਪਾਸੇ 'ਸਿੱਧੋਙਾਂਇਆ' 'ਸਿੱਧਮ' ਜਾਂ 'ਸੱਸਾ ਧੱਧਾ' ਦੋ ਅੱਡ ਅੱਡ ਲਿਪੀਆਂ ਲਗਦੀਆਂ ਹਨ ਤੇ ਅੱਗੇ ਅਸੀਂ ਆਪ ਵੀ ਇਸੇ ਮੱਤ ਦੇ ਧਾਰਨੀ ਸਾਂ, ਪਰ ਦੀਰਘ ਵਿਚਾਰ ਉਪਰੰਤ ਅਸੀਂ ਇਸ ਨਤੀਜੇ ਉਤੇ ਪਹੁੰਚੇ ਹਾਂ ਕਿ ਸ਼ਾਇਦ ਇਹ ਇਕੋ ਲਿਪੀ ਦੇ ਨਾਂ ਹੋਣ । 'ਓਨਮਃ ਸਿੱਧਮ ਦਾ ਪਹਿਲਾ ਭਾਗ 'ਓਨਮੁ:' ਹੈ ਤੇ ਅੰਤਲਾ 'ਸਿੱਧਮ'। ਇਨ੍ਹਾਂ ਵਿੱਚੋਂ ਵਧੇਰੇ ਪਰਸਿੱਧ 'ਸਿੱਧਮ' ਨਾਂ 'ਸਿੱਧਮਾਤ੍ਰਿਕਾ' ਹੈ। ਇਨ੍ਹਾਂ ਹਵਾਲਿਆਂ ਤੋਂ ਝੱਟ ਇਸ ਤੱਤ ਉਤੇ ਪਹੁੰਚ ਜਾਣਾ ਕਿ ਇਹ ਸਭ ਨਾਂ ਗੁਰਮੁਖੀ ਦੇ ਹੀ ਪੁਰਾਣੇ ਨਾਂ ਸਨ, ਸ਼ਾਇਦ ਪੂਰੀ ਤਰ੍ਹਾਂ ਠੀਕ ਨਾ ਹੋਵੇ, ਪਰ ਬਹੁਤ ਸੰਭਲ ਕੇ, ਇਕ ਦਾਅਵਾ ਕੀਤਾ ਜਾ ਸਕਦਾ ਹੈ ਕਿ ਇਸ ਲਿਪੀ ਦਾ ਪੁਰਾਣਾ ਨਾਂ, ਜੇ ਕੋਈ ਹੈ ਸੀ, ਤਾਂ ਇਨ੍ਹਾਂ ਵਿੱਚੋਂ ਹੀ ਹੋਵੇਗਾ ਤੇ ਇਉਂ ਪੰਜਾਬ ਤੇ ਪਰਬਤ ਦੀਆਂ ਕਈ ਹੋਰ ਲਿਪੀਆਂ ਵਾਂਗ, ਇਸ ਲਿਪੀ ਦਾ ਸੰਬੰਧ ਵੀ ਪਰਾਚੀਨ ਸਮੇਂ ਦੀ ਪਰਸਿੱਧ ਲਿਪੀ 'ਸਿੱਧਮ' ਜਾਂ 'ਸਿੱਧ ਮਾਤ੍ਰਿਕਾ' ਨਾਲ ਜਾ ਜੁੜਦਾ ਹੈ। ਜੇ ਕਦੀ ਤੁਲਨਾ ਲਈ 'ਸਿੱਧ ਮਾਤ੍ਰਿਕਾ' ਜਾਂ 'ਕੁਟਿਲ' ਅੱਖਰ (ਜੋ ਗੁਪਤ ਅੱਖਰਾਂ ਦੀ ਔਲਾਦ ਸਨ) ਆਪਣੇ ਸਾਹਮਣੇ ਰੱਖ ਲਏ ਜਾਣ ਤਾਂ ਉਨ੍ਹਾਂ ਦੀ ਗੁਰਮੁਖੀ ਅੱਖਰਾਂ ਤੇ ਸੁਰ-ਚਿੰਨ੍ਹਾਂ ਦੇ ਆਕਾਰਾਂ ਨਾਲ ਸਮਾਨਤਾ, ਹੈਰਾਨ ਕਰ ਦੇਣ ਵਾਲੀ ਲਗਦੀ ਹੈ : ਅਸਲ ਵਿਚ 'ਸਿੱਧ ਮਾਤ੍ਰਿਕਾ' ਜਾਂ 'ਸਿੱਧਮ' ਤੋਂ ਕਈ ਇਲਾਕਾਈ, ਵਪਾਰੀ ਜਾਂ ਸਾਹਿੱਤਕ ਲਿਪੀਆਂ ਨੇ ਜਨਮ ਲਿਆ, ਉਨ੍ਹਾਂ ਵਿਚੋਂ ਕਈਆਂ ਨੂੰ, ਜਿਹੜੀਆਂ ਵਿਦਵਤਾ ਨਾਲੋਂ ਉਪਯੋਗਤਾ ਨੂੰ

* ਲਾਲਾ ਸੰਤ ਰਾਮ ਅਨੁਵਾਦਿਤ 'ਇ-ਤਸਿੰਗ ਕੀ ਭਾਰਤ ਯਾਤ੍ਰਾ' ਇੰਡੀਅਨ ਪ੍ਰੈਸ, ਲਿਮਿਟਿਡ, ਪ੍ਰਯਾਗ (੧੯੨੫) ਦੇ ਸਫ਼ਾ ੨੬੨ ਉੱਤੇ ਇਕ ਫ਼ੁਟ ਨੋਟ ਵਿਚ ਸੰਨ ੯੯੦ ਈ: ਦੇ ਇਕ ਗ੍ਰੰਥ 'ਸਿੱਧ ਪਿਟਕ' ਦਾ ਹਵਾਲਾ ਦਿੱਤਾ ਹੈ ਜਿਸ ਅਨੁਸਾਰ 'ਸਿੱਧਾਮ' ਦਾ ਭਾਵ ਵਰਣਮਾਲਾ ਦਾ ਸੁਰਾਂ ਵਾਲਾ ਪਹਿਲਾ ਭਾਗ ਹੈ। ਸਫ਼ਾ ੨੬੩ ਉੱਤੇ ਸੰਪਾਦਕ ਦੇ ਫ਼ੁਟ-ਨੋਟ ਵਿਚ ਇਹ ਸ਼ਬਦ ਆਉਂਦੇ ਹਨ : "ਸਿੱਧਮ ਕਾ ਅਰਥ ਜਿਸੇ ਬਹੁਤ ਬਾਰ ਸਿੱਧਾਮ ਲਿਖਾ ਹੈ, ਅਸ਼ੁੱਧ ਆਕ਼ਯ ਮੇਂ, ਵਰਣਮਾਲਾ ਹੈ।' ਇ-ਤਸਿੰਗ ਦਾ ਭ੍ਰਮਣ-ਕਾਲ ੬੭੧ ਈ: ਤੋਂ ੬੯੫ ਈ: ਸੀ। ਅਲਬੇਰੂਨੀ ਆਪਣੀ ਕਿਤਾਬ 'ਕਿਤਾਬੁਲ-ਹਿੰਦ' (ਉਰਦੂ ਤਰਜੁਮਾ, ਜਿਲਦ ਔਵਲ, ਅੰਜੁਮਨਿ ਤਰੱਕੀ ਇ-ਉਰਦੂ ਹਿੰਦ, ਦਿੱਲੀ) ੧੯੪੧, ਦੇ ਸਫ਼ਾ ੨੨੬-੨੨੭ ਉਤੇ ਕਹਿੰਦਾ ਹੈ :

"ਇਸ ਕੇ ਮਸ਼ਹੂਰ ਰਸਮਿ ਖ਼ਤ ਕਾ ਨਾਮ 'ਸਿੱਧਮਾਤ੍ਰਿਕ' ਹੈ।" 'ਸਿੱਧਮ' ਤੇ 'ਸਿੱਧਮਾਤ੍ਰਿਕਾ' ਦੀ ਪਰਸਪਰ ਸਾਂਝ ਲੱਭਣੀ ਸਾਡੇ ਲਈ ਔਖੀ ਨਹੀਂ ਹੋਣੀ ਚਾਹੀਦੀ।

ਤਰਜੀਹ ਦੇਂਦੀਆਂ ਸਨ, ਸਾਰੇ ਸੰਸਕ੍ਰਿਤ ਸੁਰਾਂ ਦੀ ਲੋੜ ਨਹੀਂ ਸੀ; ਕੁਝ ਹੋਰ ਅਜੇਹੀਆਂ ਸਨ, ਜਿਨ੍ਹਾਂ ਵਿਚ ਸੰਸਕ੍ਰਿਤ ਵਾਲਾ ਸਾਰਾ ਲਟਾ ਪਟਾ ਮੌਜੂਦ ਸੀ। ਗੁਰਮੁਖੀ ਪਹਿਲੀ ਵੰਨਗੀ ਦੀਆਂ ਲਿਪੀਆਂ ਵਿੱਚੋਂ ਹੀ ਇਕ ਸਮਝਣੀ ਚਾਹੀਦੀ ਹੈ। ਇਸ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ, 'ਸਿੱਧ ਮਾਤ੍ਰਿਕਾ' ਦੀ ਉਸ ਵੰਸ਼ਜ ਦਾ ਸਿੱਖ-ਨਾਂ ਹੈ ਜਿਸ ਨੂੰ ਪੰਜਾਬ ਦੀ ਨਵੀਂ ਆਰੀਆਈ ਭਾਸ਼ਾ ਦੇ ਪਰਗਟਾਉ ਦਾ ਮਾਧਿਅਮ ਬਣਾਇਆ ਗਿਆ। ਇਸ ਲਿਪੀ ਤੇ ਭਾਸ਼ਾ ਦਾ ਸੁਜੋੜ ਕਿੰਨੇ ਸ਼ੁਭ ਅਵਸਰ ਉੱਤੇ ਹੋਇਆ ਕਿ ਜਿੱਥੇ ਪੰਜਾਬ ਤੇ ਉਸ ਦੇ ਨਾਲ-ਲਗਦੇ ਪਰਬਤੀ ਪ੍ਰਦੇਸ਼ ਦੇ ਪਿੜ ਵਿੱਚੋਂ ਸਿੱਧ ਮਾਤ੍ਰਿਕਾ ਦੀਆਂ ਸ਼ਾਰਦਾ, ਦੇਵਾਸ਼ੇਸ਼ ਤੇ ਟਾਕਰੀ ਵਰਗੀਆਂ ਪੁੱਤਰੀਆਂ ਪੋਤਰੀਆਂ ਦੀ ਹੋਂਦ ਤਕਰੀਬਨ ਮਿਟ ਚੁਕੀ ਹੈ, ਗੁਰਮੁਖੀ ਦੀ ਵੇਲ ਵਾਧੇ ਉੱਤੇ ਹੈ।

# ਸਾਹਿੱਤ

www.PunjabiLibrary.com

# ਪੰਜਾਬੀ ਸਾਹਿੱਤ

ਪੰਜਾਬੀ ਸਾਹਿਤ ਦਾ ਇਤਿਹਾਸ ਬਿਆਨ ਕਰਨ ਤੋਂ ਪਹਿਲਾਂ ਇਸ ਦਾ ਖੇਤਰ ਮਿਥ ਲੈਣਾ ਜ਼ਰੂਰੀ ਹੈ। ਭਾਰਤ ਦਾ ਬੂਹਾ ਹੋਣ ਦੇ ਕਾਰਨ ਪੰਜਾਬ ਦੀਆਂ ਰਾਜਸੀ ਹੱਦਾਂ ਮੁੱਢ ਕਦੀਮ ਤੋਂ ਹੀ ਬਦਲਦੀਆਂ ਚਲੀਆਂ ਆਈਆਂ ਹਨ। ਰਿਗ ਵੇਦ ਦੇ ਜ਼ਮਾਨੇ ਵਿਚ ਪੰਜਾਬ ਵਿਚ ਉਹ ਸਾਰਾ ਇਲਾਕਾ ਸ਼ਾਮਲ ਸੀ ਜਿਸ ਨੂੰ ਸੱਤ ਨਦੀਆਂ-ਸਿੰਧੂ, ਵਿਤਸਤਾ (ਜਿਹਲਮ), ਅਸਕਨੀ ਜਾਂ ਚੰਦਰਭਾਗਾ (ਝਨਾਂ), ਪਰੁਸ਼ਨੀ (ਰਾਵੀ), ਵਿਪਾਸ਼ਾ (ਬਿਆਸਾ), ਸ਼ਤਦ੍ਰ (ਸਤਲੁਜ) ਅਤੇ ਸਰਸੁਤੀ (ਜੋ ਹੁਣ ਸੁਕ ਚੁਕੀ ਹੈ) ਸਿੰਜਦੀਆਂ ਸਨ। ਉਸ ਸਮੇਂ ਇਸ ਨੂੰ 'ਸਪਤ ਸਿੰਧੂ' ਜਾਂ ਬ੍ਰਹਮਾਵਰਤ ਆਖਦੇ ਸਨ ਅਤੇ ਇਸ ਵਿਚ ਪੰਜ ਵਡੇ ਕਬੀਲੇ ਜਾਂ ਪੰਚ-ਜਨ-ਆਣੂ, ਪੁਰੂ, ਭਰਤ, ਯਾਦਵ ਅਤੇ ਤੁਰਵਾਸੂ ਆਬਾਦ ਸਨ। ਜਦ ਪੰਜਾਬ ਯੂਨਾਨੀਆਂ ਦੇ ਅਧਿਕਾਰ ਥੱਲੇ ਆਇਆ ਤਾਂ ਉਨ੍ਹਾਂ ਨੇ ਇਸ ਦੇਸ ਦਾ ਨਾਂ ਪੈਂਟਾਪੋਟੇਮੀਆਂ ਭਾਵ 'ਪੰਜ ਨਦੀਆਂ ਦਾ ਦੇਸ਼' ਰੱਖਿਆ। ਕਨਿੰਘਮ ਨੇ ਆਪਣੀ ਪਰਸਿੱਧ ਪੁਸਤਕ 'ਐਨੀਸ਼ਿਐਂਟ ਜੁਗਰਾਫੀ ਆਫ ਇੰਡੀਆ' ਵਿਚ ਲਿਖਿਆ ਹੈ ਕਿ ਕਈ ਸਦੀਆਂ ਤੀਕ ਪੰਜਾਬ ਦਾ ਨਾਂ 'ਟੱਕੀ' ਵਜਦਾ ਰਿਹਾ ਹੈ ਕਿਉਂਕਿ ਟੱਕ ਨਾਂ ਦਾ ਇਕ ਬਲਵਾਨ ਕਬੀਲਾ ਇਸ ਉਤੇ ਰਾਜ ਕਰਦਾ ਰਿਹਾ ਸੀ। ਦਿੱਲੀ ਦੀ ਸੁਲਤਾਨਸ਼ਾਹੀ ਦੇ ਸਮੇਂ ਪੰਜਾਬ ਦੀ ਸੀਮਾਂ ਪਿਸ਼ੌਰ ਤੀਕ ਪਹੁੰਚ ਗਈ ਸੀ। ਮੁਗਲਾਂ ਦੇ ਸਮੇਂ, ਸਾਧਾਰਨ ਤੌਰ ਤੇ, ਪੰਜਾਬ ਵਿਚ ਸਿੰਧ ਅਤੇ ਸਤਲੁਜ ਦੇ ਵਿਚਾਲੇ ਦੀ ਭੂਮੀ ਹੀ ਗਿਣੀ ਜਾਂਦੀ ਸੀ। ਜਦ ਸਿਖਾਂ ਦੀ ਰਾਜਸੀ ਸ਼ਕਤੀ ਸਿਖਰ ਤੇ ਪੁੱਜੀ ਤਾਂ ਪਜਾਬ ਦੀਆਂ ਹੱਦਾਂ ਵਿਚ ਫਿਰ ਅਦਲਾ-ਬਦਲੀ ਹੋਈ ਅਤੇ ਇਸ ਦਾ ਪਸਾਰਾ ਸਤਲੁਜ ਨਦੀ ਤੋਂ ਲੈ ਕੇ ਦੱਰਾ ਖ਼ੈਬਰ ਤੀਕ ਹੋ ਗਿਆ। ੧੮੪੯ ਵਿਚ ਲਾਰਡ ਡਲਹੌਜ਼ੀ ਨੇ ਇਸ ਨੂੰ ਬਰਤਾਨਵੀ ਰਾਜ ਵਿਚ ਸ਼ਾਮਲ ਕਰ ਲਿਆ। ਪਰ ੧੮੫੭ ਦੇ ਮਹਾਂ ਵਿਦਰੋਹ ਦੇ ਮਗਰੋਂ, ਅੰਗਰੇਜ਼ਾਂ ਨੇ ਪੰਜਾਂ ਦਰਿਆਵਾਂ ਦੇ ਦੇਸ਼ ਦੇ ਨਾਲ ਹਰਿਆਣਾ ਤੇ ਦਿੱਲੀ ਦੇ ਇਲਾਕੇ ਟਾਂਕ ਕੇ ਇਸ ਦੀਆਂ ਹੱਦਾਂ ਨੂੰ ਇਕ ਨਵੀਂ ਸ਼ਕਲ ਦੇ ਕੇ ਪੰਜਾਬ ਦਾ ਨਵਾਂ ਪ੍ਰਾਂਤ ਕਾਇਮ ਕੀਤਾ। ੧੯੦੧ ਵਿਚ ਲਾਰਡ ਕਰਜ਼ਨ ਨੇ ਸੂਬਾ ਸਰਹੱਦ ਦਾ ਨਿਰਮਾਣ ਕਰਕੇ ਪੰਜਾਬ ਵਿਚੋਂ ਲਗਭਗ ਚਾਲੀ ਹਜ਼ਾਰ ਵਰਗ ਮੀਲ ਦਾ ਇਲਾਕਾ ਕੱਟ ਦਿਤਾ। ਦਸ ਸਾਲਾਂ ਮਗਰੋਂ ਦਿੱਲੀ ਨੂੰ ਵੀ ਪੰਜਾਬ ਨਾਲੋਂ ਨਿਖੇੜ ਲਿਆ ਗਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇਸ਼ ਦੀਆਂ ਉਪਰੋਕਤ ਨਿਤ ਬਦਲਦੀਆਂ ਰਾਜਸੀ ਹੱਦਬੰਦੀਆਂ ਨੇ, ਇਸ ਨੂੰ ਉਹ ਟਿਕਾਉ ਨਸੀਬ ਨਹੀਂ ਹੋਣ ਦਿੱਤਾ ਜੋ ਟਿਕਾਉ ਕਿ ਇਸ ਨੂੰ ਵੇਦਕ ਸਮਿਆਂ ਵਿਚ ਕਾਫ਼ੀ ਲੰਮੇ ਸਮੇਂ ਲਈ ਪਰਾਪਤ ਹੋਇਆ ਸੀ। ਸ਼ਾਇਦ ਇਹੋ ਕਾਰਨ ਹੈ ਕਿ ਵੇਦ-ਰਚਨਾ ਦੇ ਸਮੇਂ ਤੋਂ ਲੈ ਕੇ ਬਾਰ੍ਹਵੀਂ ਸਦੀ ਤੀਕ ਪੰਜਾਬੀ ਲੋਕਾਂ ਦੀ ਪ੍ਰਤਿਭਾ ਸਾਹਿਤ ਦੇ ਖੇਤਰ ਵਿਚ ਕੋਈ ਉੱਘੀ ਤੇ ਜ਼ੋਣਜੋਗੀ ਰਚਨਾ ਪੇਸ਼ ਨਹੀਂ ਕਰ ਸਕੀ, ਪਰ ਇਸ ਦੇ ਬਾਵਜੂਦ ਪੰਜਾਬ ਦੀਆਂ ਉਪਰੋਕਤ ਰਾਜਸੀ ਹੱਦਬੰਦੀਆਂ ਵਿਚ ਇਕ ਗੱਲ ਸਾਂਝੀ ਰਹੀ ਹੈ ਕਿ ਇਨ੍ਹਾਂ ਤਬਦੀਲੀਆਂ ਦੇ ਕਾਰਨ ਪੰਜਾਬ ਦੀਆਂ ਪੰਜ ਨਦੀਆਂ ਦੇ ਦੇਸ ਦੀ ਇਲਾਕਾਈ ਇਕਾਈ ਬਹੁਤ ਕਰਕੇ ਕਾਇਮ ਰਹੀ ਹੈ। ਪਰ ੧੯੪੭ ਵਿਚ ਜਦ ਬਰਤਾਨਵੀ ਸਾਮਰਾਜ ਨੇ ਪੰਜਾਬ ਦੇ ਐਨ ਵਿਚਾਲਿਓਂ ਲੀਕ ਵਾਹ ਕੇ ਇਸ ਨੂੰ ਦੋ ਟੋਟਿਆਂ ਵਿਚ ਵੰਡ ਦਿੱਤਾ, ਤਾਂ ਇਸ ਦੀ ਇਲਾਕਾਈ ਤੇ ਭਾਸ਼ਾਈ ਇਕਾਈ ਉੱਤੇ ਇਤਿਹਾਸ ਵਿਚ ਪਹਿਲੀ ਵਾਰ ਇਕ ਬਹੁਤ ਕਰੜੀ ਤੇ ਜ਼ਾਲਮ ਸੱਟ ਵੱਜੀ, ਜਿਸ ਨੇ ਇਸ ਸਾਂਝੀ ਬੋਲੀ ਬੋਲਦੇ, ਸਾਂਝੇ ਰਸਮਾਂ ਰਿਵਾਜਾਂ, ਮੇਲਿਆਂ ਤਿਉਹਾਰਾਂ ਅਤੇ ਸਾਂਝੀ ਕਲਾ ਤੇ ਸਾਹਿਤ ਉੱਤੇ ਮਾਣ ਕਰਨ ਵਾਲੇ ਪੰਜਾਬੀਆਂ ਦੀ ਸਭਿਅਤਾ ਨੂੰ ਐਨ ਵਿਚਾਲਿਓਂ ਕਟ ਕੇ ਸੁੱਟ ਦਿੱਤਾ।

ਭਾਵੇਂ ਪੰਜਾਬ ਦੇ ਉਪਰੋਕਤ ਸੀਮਾ-ਪਰਿਵਰਤਨ ਨੇ ਪੰਜਾਬੀ ਸਾਹਿਤ ਨੂੰ ਇਕ ਹੋਰ ਦ੍ਰਿਸ਼ਟੀ ਤੋਂ ਪ੍ਰਭਾਵਤ ਕੀਤਾ ਹੈ, ਪਰ ਇਨ੍ਹਾਂ ਤਬਦੀਲੀਆਂ ਨਾਲ ਪੰਜਾਬੀ ਸਾਹਿਤ ਦੇ ਖੇਤਰ ਵਿਚ ਕੋਈ ਬਹੁਤਾ ਫ਼ਰਕ ਨਹੀਂ ਪਿਆ। ਕਿਉਂਕਿ ਪੰਜਾਬ ਦੇ ਰਾਜਸੀ ਖੇਤਰ ਨਾਲੋਂ, ਪੰਜਾਬੀ ਸਾਹਿਤ ਦਾ ਸੰਬੰਧ ਪੰਜਾਬੀ ਬੋਲੀ ਦੇ ਖੇਤਰ ਨਾਲ ਵਧੇਰੇ ਰਿਹਾ ਹੈ। ਸੋ ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ ਵਰਣਨ ਕਰਨ ਲਗਿਆਂ ਅਸਾਂ ਪੰਜਾਬੀ ਬੋਲੀ ਵਿਚ ਰਚੇ ਗਏ ਉਸ ਸਾਰੇ ਸਾਹਿਤ ਨੂੰ ਲੈਣਾ ਹੈ ਜੋ ਦਸਵੀਂ ਸਦੀ ਤੋਂ ਪੰਜਾਬੀ ਬੋਲੀ ਵਿਚ ਰਚਿਆ ਜਾਂਦਾ ਰਿਹਾ ਹੈ, ਅਤੇ ਇਸ ਗੱਲ ਦਾ ਵਿਤਕਰਾ ਨਹੀਂ ਕਰਨਾ ਕਿ ਇਸ ਨੂੰ ਰਚਣ ਵਾਲੇ ਕਿਹੜੀ ਲਿੱਪੀ ਵਰਤਦੇ ਰਹੇ ਹਨ ਅਤੇ ਅਜ ਦੋਹਾਂ ਪੰਜਾਬਾਂ ਵਿਚੋਂ ਕਿਹੜੇ ਪੰਜਾਬ ਵਿਚ ਵਸ ਰਹੇ ਹਨ।

## ੧. ਉਦੈ ਕਾਲ

(੮੫੦—੧੫੨੦ ਈ:)

ਪੰਜਾਬੀ ਸਾਹਿਤ ਦੇ ਉਦੈ-ਕਾਲ ਸਮੇਂ ਪੰਜਾਬ ਦੀ ਰਾਜਸੀ ਹਾਲਤ ਬਹੁਤ ਉਘੜੀ-ਦਘੜੀ ਸੀ। ਅਸਲ ਵਿਚ ਤਾਂ ੬੪੮ ਈਸਵੀ ਵਿਚ ਹਰਸ਼ ਦੀ ਮੌਤ ਨਾਲ ਹੀ ਪੰਜਾਬ ਦਾ ਅਮਨ ਖ਼ਰਾਬ ਹੋਣਾ ਸ਼ੁਰੂ ਹੋ ਗਿਆ ਸੀ। ਕੇਂਦਰੀ ਸੱਤਾ ਦੇ ਖ਼ਤਮ ਹੋ ਜਾਣ ਦੇ ਕਾਰਨ ਭਾਰਤ ਦਾ ਉੱਤਰ-ਪੱਛਮੀ ਹਿੱਸਾ ਛੋਟੀਆਂ ਛੋਟੀਆਂ ਸਰਦਾਰੀਆਂ ਤੇ ਰਜਵਾੜਾ ਸ਼ਾਹੀਆਂ ਵਿਚ ਵੰਡੀਜਣਾ ਸ਼ੁਰੂ ਹੋ ਗਿਆ ਸੀ । ੮੦੦ ਈਸਵੀ ਤੋਂ ਲੈ ਕੇ ੧੨੦੬ ਈਸਵੀ ਤਕ, ਜਿਨ੍ਹਾਂ ਵਰ੍ਹਿਆਂ ਵਿਚ ਕਿ ਪੰਜਾਬੀ ਸਾਹਿਤ ਦੇ ਨਖ-ਸ਼ਿਖ ਦੀ ਘਾੜਤ ਸ਼ੁਰੂ ਸੀ, ਭਾਰਤ ਦੀ ਹਰ ਰਿਆਸਤ ਉੱਤੇ ਕੋਈ ਨਾ ਕੋਈ ਰਾਜਪੂਤ ਘਰਾਣਾ ਹੀ ਰਾਜ ਕਰ ਰਿਹਾ ਸੀ, ਜਿਥੋਂ ਤੀਕ ਉੱਤਰ ਪੱਛਮੀ ਭਾਰਤ ਦਾ ਸਬੰਧ ਹੈ ਚੋਹਾਨਾਂ ਦਾ ਅਜਮੇਰ ਉੱਤੇ, ਤੋਮਾਰਾਂ ਦਾ ਦਿੱਲੀ ਤੇ ਹਿਸਾਰ ਉੱਤੇ, ਅਤੇ ਹਿੰਦੂ ਸ਼ਾਹੀਆਂ ਦਾ ਕਾਬਲ ਤੇ ਪੰਜਾਬ ਉੱਤੇ ਰਾਜ ਸੀ। ਦਸਵੀਂ ਸਦੀ ਵਿਚ ਪੰਜਾਬ ਉੱਤੇ ਜੈਪਾਲ ਦਾ ਰਾਜ ਸੀ ਜਿਸ ਦੀ ਰਾਜਧਾਨੀ ਬਠਿੰਡਾ ਸੀ । ਉਸ ਦਾ ਰਾਜ ਸਰਹੰਦ ਤੋਂ ਲਮਗ਼ਾਨ ਤੇ ਕਸ਼ਮੀਰ ਤੋਂ ਮੁਲਤਾਨ ਤੀਕ ਫੈਲਿਆ ਹੋਇਆ ਸੀ । ੯੮੬ ਈ: ਵਿਚ ਸਬੁਕਤਗੀਨ ਨੇ ਉਸ ਤੋਂ ਸਿੰਧ ਤੋਂ ਪਾਰਲਾ ਸਭ ਇਲਾਕਾ ਖੋਹ ਲਿਆ ਸੀ। ਫਿਰ ਮਹਿਮੂਦ ਗ਼ਜ਼ਨਵੀ ਨੇ ੧੦੦੦ ਈਸਵੀ ਤੋਂ ਲੈ ਕੇ ੧੦੨੬ ਈਸਵੀ ਤਕ ਭਾਰਤ ਉੱਤੇ ਸਤਾਰਾਂ ਹਮਲੇ ਕੀਤੇ। ੧੦੦੧ ਵਿਚ ਜੈਪਾਲ ਹਾਰ ਗਿਆ ਅਤੇ ਅਣਖ ਦਾ ਮਾਰਿਆ ਬਲਦੀ ਚਿਤਾ ਵਿਚ ਸੜ ਕੇ ਮਰ ਗਿਆ। ਉਸ ਦੇ ਮਗਰੋਂ ਉਸ ਦਾ ਪੁਤਰ ਅਨੰਦਪਾਲ ੨੦ ਸਾਲ ਲਗਾਤਾਰ ਮੁਸਲਮਾਨ ਹਮਲਾਵਰਾਂ ਦੇ ਵਿਰੁਧ ਲੜ ਕੇ ਹਾਰ ਖਾ ਗਿਆ ਅਤੇ ਅੰਤ ਗੌਰੀ, ਖਿਲਜੀ, ਤੁਗ਼ਲਕ, ਸੱਯਦ ਤੇ ਲੋਧੀ ਬੰਸਾਂ ਨੇ ਵਾਰੋ ਵਾਰੀ ਪੰਜਾਬ ਉੱਤੇ ਆਪਣਾ ਰਾਜ ਕੀਤਾ। ਪਰ ੧੫੧੯ ਤੋਂ ਜਦ ਬਾਬਰ ਦੇ ਭਾਰਤ ਉੱਤੇ ਲਗਾਤਾਰ ਹੱਲੇ ਸ਼ੁਰੂ ਹੋ ਗਏ ਤਾਂ ਆਖ਼ਰ ੧੫੨੬ ਵਿਚ ਇਬਰਾਹੀਮ ਲੋਧੀ ਨੂੰ ਮੁਗ਼ਲਾਂ ਦੀ ਸ਼ਕਤੀ ਅੱਗੇ ਹਥਿਆਰ ਸੁੱਟਣੇ ਪਏ ਅਤੇ ਭਾਰਤ ਉੱਤੇ ਮੁਗ਼ਲ ਰਾਜ ਸਥਾਪਤ ਹੋ ਗਿਆ।

ਇਸ ਰਾਜਸੀ ਪਿਛੋਕੜ ਦਾ ਪੰਜਾਬੀ ਦੇ ਮੁੱਢਲੇ ਸਾਹਿਤ ਨਾਲ ਬੜਾ ਡੂੰਘਾ ਸਬੰਧ ਹੈ, ਕਿਉਂਕਿ ਇਸ ਨੇ ਸਿੱਧੇ ਜਾਂ ਵਿੰਗੇ ਤਰੀਕੇ ਨਾਲ ਉਸ ਸਮੇਂ ਦੇ ਪੰਜਾਬੀ ਸਾਹਿਤ ਨੂੰ ਬਹੁਤ ਪ੍ਰਭਾਵਤ ਕੀਤਾ ਹੈ।

ਇਨ੍ਹਾਂ ਪੰਜ ਸੌ ਸਾਲਾਂ ਵਿਚ ਜੋ ਰਾਜਸੀ ਪਰੀਵਰਤਨ ਆਏ, ਉਨ੍ਹਾਂ ਦਾ ਸਪਸ਼ਟ ਨਤੀਜਾ ਇਹ ਨਿਕਲਿਆ ਕਿ ਹਿੰਦੂਆਂ ਦੀ ਰਾਜਸੀ ਸੱਤਾ ਖੁੱਸ ਗਈ ਅਤੇ ਅਰਬੀ, ਫ਼ਾਰਸੀ ਤੇ ਤੁਰਕੀ ਬੋਲੀਆਂ ਬੋਲਣ ਵਾਲੇ, ਵਖਰੇ ਰਸਮਾਂ ਰਿਵਾਜਾਂ, ਰਹਿਣੀ ਬਹਿਣੀ, ਖਾਣੀ ਪੀਣੀ ਤੇ ਪਹਿਨਣੀ, ਅਤੇ ਸਭ ਤੋਂ ਵਧ ਕੇ ਵੱਖਰੇ ਸਭਿਆਚਾਰ ਤੇ ਧਰਮ ਦੇ ਧਾਰਨੀ ਲੋਕ, ਪੰਜਾਬ ਦੇ ਮੈਦਾਨਾਂ ਉੱਤੇ ਇਕ ਹੜ੍ਹ ਵਾਂਙ ਛਾ ਗਏ। ਇਸ ਹੜ੍ਹ ਨੇ ਜਿਵੇਂ ਕਿ ਹਰ ਹੜ੍ਹ ਦਾ ਖ਼ਾਸਾ ਹੈ, ਪਹਿਲਾਂ ਤਾਂ ਪੰਜਾਬ ਦੇ ਸਮਾਜਕ ਤੇ ਸਭਿਆਚਾਰਕ ਜੀਵਨ ਵਿਚ ਕਾਫ਼ੀ ਤਬਾਹੀ ਲਿਆਂਦੀ, ਪਰ ਪਿੱਛੋਂ ਜਦ

ਇਹ ਹੌਲੀ ਹੌਲੀ ਇਥੋਂ ਦੀ ਧਰਤੀ ਵਿਚ ਸਿੰਜਰ ਗਿਆ, ਤਾਂ ਇਸ ਨੇ ਪੰਜਾਬ ਦੇ ਜੀਵਨ ਵਿਚ ਇਕ ਨਵੀਂ ਉਪਜਾਊ ਸ਼ਕਤੀ ਪੈਦਾ ਕਰ ਦਿੱਤੀ, ਮੁਸਲਮਾਨਾਂ ਦਾ ਪੰਜਾਬ ਵਿਚ ਪੱਕੇ ਤੌਰ ਤੇ ਵਸ ਜਾਣਾ ਅਤੇ ਇਥੋਂ ਦੀ ਬੋਲੀ ਨੂੰ ਅਪਣਾ ਕੇ ਇਸ ਵਿਚ ਸਾਹਿਤ ਰਚਣਾ, ਇਸ ਕਾਲ ਦੇ ਰਾਜਸੀ-ਪਰਿਵਰਤਨ ਦਾ ਇਤਨਾ ਮਹੱਤਪੂਰਣ ਕਾਰਨਾਮਾ ਹੈ ਜੋ ਅਜ ਤੀਕ ਪੰਜਾਬੀ ਸਾਹਿਤ ਨੂੰ ਪ੍ਰਭਾਵਿਤ ਕਰ ਰਿਹਾ ਹੈ।

## ਮੁੱਢਲਾ ਸਾਹਿਤ

ਇਸ ਕਾਲ ਦੀ ਕੋਈ ਵਾਰਤਕ ਰਚਨਾ ਨਹੀਂ ਮਿਲਦੀ, ਬਹੁਤਾ ਸਾਹਿਤ ਕਵਿਤਾ ਵਿਚ ਹੀ ਹੈ। ਭਾਵੇਂ ਡਾਕਟਰ ਮੋਹਨ ਸਿੰਘ ਨੇ ਅਮੀਰ ਖ਼ੁਸਰੋ ਦੀਆਂ ਬੁਝਾਰਤਾਂ ਤੇ 'ਤੁਗ਼ਲਕ ਸ਼ਾਹ ਤੇ ਖੁਸਰੋਂ ਖ਼ਾਨ ਦੀ ਵਾਰ', ਮਾਸਊਦ ਦੇ ਦੀਵਾਨ ਅਤੇ ਚੰਦ ਬਰਦਾਈ ਦੇ 'ਪ੍ਰਿਥਵੀ ਰਾਜ ਰਾਸੋ' ਨੂੰ ਵੀ ਇਸ ਸਮੇਂ ਦੇ ਪੰਜਾਬੀ ਸਾਹਿਤ ਵਿਚ ਸ਼ਾਮਲ ਕੀਤਾ ਹੈ, ਪਰ ਇਸ ਰਾਏ ਨੂੰ ਪ੍ਰਮਾਣੀਕ ਨਹੀਂ ਮੰਨਿਆ ਗਿਆ, ਡਾਕਟਰ ਸਾਹਿਬ ਨੇ ਕਬੀਰ ਤੇ ਜਮਾਲ ਦੀਆਂ ਕੁਝ ਰਚਨਾਵਾਂ ਨੂੰ ਵੀ ਪੰਜਾਬੀ ਕਿਰਤਾਂ ਆਖਿਆ ਹੈ, ਪਰ ਇਸ ਰਾਏ ਨੂੰ ਵੀ ਕਿਸੇ ਪਰਵਾਨ ਨਹੀਂ ਕੀਤਾ। ਕਾਰਨ ਇਹ ਹੈ ਕਿ ਅਮੀਰ ਖ਼ੁਸਰੋ ਦੀ ਵਾਰ ਤੇ ਮਾਸਊਦ ਦਾ ਪੰਜਾਬੀ ਦੀਵਾਨ ਤਾਂ ਮਿਲਦੇ ਹੀ ਨਹੀਂ ਅਤੇ ਕਬੀਰ ਤੇ ਚੰਦ ਬਰਦਾਈ ਦੀ ਬੋਲੀ ਨੂੰ ਕਿਸੇ ਹਾਲਤ ਵਿਚ ਪੰਜਾਬੀ ਨਹੀਂ ਆਖਿਆ ਜਾ ਸਕਦਾ।

ਕਾਫ਼ੀ ਦੇਰ ਤਕ ਪੰਜਾਬੀ ਸਾਹਿਤ ਦੇ ਖੋਜੀਆਂ ਦੀ ਰਾਏ ਰਹੀ ਹੈ ਕਿ ਫ਼ਰੀਦ ਸ਼ਕਰਗੰਜ (੧੧੭੩–੧੨੬੫) ਹੀ ਪੰਜਾਬੀ, ਸਾਹਿਤ ਦਾ ਮੋਢੀ ਹੈ। ਪਰ ਵਧੇਰੇ ਖੋਜ ਤੇ ਅਧਿਐਨ ਦੇ ਆਧਾਰ ਤੇ ਹੁਣ ਹੌਲੀ ਹੌਲੀ ਇਹ ਰਾਏ ਬਣਦੀ ਜਾ ਰਹੀ ਹੈ ਕਿ ਫ਼ਰੀਦ ਤੋਂ ਦੋ ਸਦੀਆਂ ਪਹਿਲੇ ਹੀ ਚਰਪਟ ਤੇ ਗੋਰਖਨਾਥ ਨੇ ਪੰਜਾਬੀ ਸਾਹਿਤ ਦੀ ਰਚਨਾ ਸ਼ੁਰੂ ਕਰ ਦਿਤੀ ਸੀ ਭਾਵੇਂ ਇਨ੍ਹਾਂ ਦੀ ਬੋਲੀ ਉਤੇ ਸਾਧ-ਭਾਖਾ ਦੀ ਗੂੜ੍ਹੀ ਰੰਗਣ ਚੜ੍ਹੀ ਹੋਈ ਹੈ।

### ਗੋਰਖ ਨਾਥ

ਗੋਰਖਨਾਥ ਦਾ ਜਨਮ ਦਸਵੀਂ ਸਦੀ ਦੇ ਮੁੱਢ ਵਿਚ, ਪਿਡ ਗੋਰਖਪੁਰ, ਜ਼ਿਲਾ ਰਾਵਲਪਿੰਡੀ ਵਿਖੇ ਹੋਇਆ। ਭਾਵੇਂ ਜੋਗ ਮਤ ਦੀ ਜੁਗਤੀ ਬੜੀ ਪੁਰਾਣੀ ਹੈ ਅਤੇ ਇਸ ਦੀ ਚਰਚਾ ਉਪਨਿਸ਼ਦਾਂ ਤੇ ਗੀਤਾ ਵਿਚ ਮਿਲਦੀ ਹੈ, ਪਰ ਗੋਰਖਨਾਥ ਨੂੰ ਦਸਵੀਂ ਸਦੀ ਵਿਚ ਇਸ ਮਤ ਦਾ ਸਭ ਤੋਂ ਵਡਾ ਵਿਆਖਿਆਕਾਰ ਤੇ ਪਰਚਾਰਕ, ਕਿਹਾ ਜਾ ਸਕਦਾ ਹੈ।

ਗੋਰਖਨਾਥ ਨੇ ਜੋਗ ਪੰਥ ਦੇ ਬੂਹੇ ਸਭ ਜ਼ਾਤੀਆਂ ਲਈ ਖੋਲ੍ਹੇ ਅਤੇ ਹਿੰਦੂਆਂ ਦੇ ਇਲਾਵਾ ਮੁਸਲਮਾਨਾਂ ਨੂੰ ਵੀ ਆਪਣੇ ਪੰਥ ਵਿਚ ਸ਼ਾਮਲ ਕੀਤਾ। ਉਸ ਨੇ ਵਰਣ-ਭੇਦ ਨੂੰ ਮਿਟਾਉਣ ਲਈ ਪੂਰੀ ਵਾਹ ਲਾਈ, ਇਥੋਂ ਤੀਕ ਕਿ ਆਪਣੇ ਭੰਡਾਰੇ ਵਿਚ ਉਹ ਹਰ ਜਾਤੀ ਦੇ ਲੋਕਾਂ ਦੀ ਹੱਥੀਂ ਸੇਵਾ ਕਰਦਾ ਹੁੰਦਾ ਸੀ। ਉਸ ਨੇ ਨਿੱਜੀ ਸੰਜਮ, ਜਤ ਸਤ, ਤੇ ਅਲਪ ਅਹਾਰ ਉਤੇ ਬਹੁਤਾ ਜ਼ੋਰ ਦਿਤਾ ਹੈ ਕਿਉਂਕਿ ਉਹ ਇਨ੍ਹਾਂ ਨੂੰ ਜੋਗ-ਸਾਧਨਾ ਦਾ ਮੂਲ ਆਧਾਰ ਸਮਝਦਾ ਸੀ। ਗੋਰਖ ਨਾਥ ਇਸਤਰੀ ਨੂੰ ਆਤਮਕ ਉੱਨਤੀ ਦੇ ਰਾਹ ਵਿਚ ਇਕ ਵੱਡੀ ਰੋਕ ਸਮਝਦਾ ਸੀ, ਇਸੇ ਲਈ ਉਸ ਨੇ ਇਸਤਰੀ ਨੂੰ ਥਾਂ ਥਾਂ ਭੰਡਿਆ ਹੈ ਅਤੇ 'ਬਾਘਨ' ਤੀਕ ਕਹਿ ਗਿਆ ਹੈ।

ਗੋਰਖ ਦੀ ਦੂਜੀ ਦੇਣ ਇਹ ਹੈ ਕਿ ਉਸ ਨੇ ਆਪਣੇ ਵਿਚਾਰਾਂ ਦੇ ਪਰਗਟਾ ਲਈ ਇਕ ਨਵੇਂ ਪਰਕਾਰ ਦੀ ਸ਼ਬਦਾਵਲੀ ਤੇ ਬਿੰਬਾਵਲੀ ਨੂੰ ਵਰਤਿਆ ਹੈ ਜਿਵੇਂ ਅਲਖ, ਨਿਰੰਜਨ, ਅਗਮ, ਪਰਾ, ਅਮੂਰਤ, ਸੁੰਨ, ਨਿਰੰਕਾਰ, ਨਾਦ, ਬਿੰਦ, ਜੋਤੀ, ਨਿਰਵਾਨ ਪਦ, ਧਿਆਨ, ਸਤਿਗੁਰੂ, ਜੀਵਨ-ਮੁਕਤ ਆਦਿ। ਲਗਭਗ ਇਹ ਸਾਰੇ ਸ਼ਬਦ ਹੀ ਪਿਛੋਂ ਗੁਰੂ ਸਾਹਿਬਾਂ ਤੇ ਭਗਤੀ ਕਾਲ ਦੇ ਸੰਤਾਂ ਨੇ ਵੀ ਅਪਣਾਏ ਤੇ ਵਰਤੇ ਹਨ।

### ਚਰਪਟ ਨਾਥ

ਡਾਕਟਰ ਮੋਹਣ ਸਿੰਘ ਨੇ ਚਰਪਟ ਦਾ ਸਮਾਂ ੮੯੦ ਈ: ਤੋਂ ੯੮੦ ਈਸਵੀ ਤਕ ਦਸਿਆ ਹੈ। ਕਈ ਇਸ ਨੂੰ ਗੋਰਖ ਦਾ ਚੇਲਾ ਤੇ ਕਈ ਗੁਰਭਾਈ ਮੰਨਦੇ ਹਨ। ਚਰਪਟਨਾਥ ਚੰਬੇ ਰਿਆਸਤ ਦੇ ਰਾਜੇ ਦਾ ਗੁਰੂ ਬਣਿਆ। ਇਸ ਰਿਆਸਤ ਦੇ ਸਿੱਕੇ ਉਤੇ ਮੁੰਦਰਾਂ ਦੇ ਨਿਸ਼ਾਨ ਮਿਲਦੇ ਹਨ। ਪਿਛਲੀਆਂ ਕੁਝ ਸਦੀਆਂ ਵਿਚ ਜੋਗੀਆਂ ਦੇ ਆਚਰਨ ਵਿਚ ਜੋ ਗਿਰਾਵਟ ਆ ਚੁੱਕੀ ਸੀ ਅਤੇ ਜਿਸ ਕਾਰਨ ਉਹ ਨਿਰੇ 'ਭੇਖ' ਨੂੰ ਹੀ ਜੋਗ ਸਮਝਣ ਲਗ ਗਏ ਸਨ, ਚਰਪਟ ਨੇ ਉਸ ਨੂੰ ਖ਼ੂਬ ਨਿੰਦਿਆ ਹੈ, ਉਹ ਸਾਫ਼ ਕਹਿੰਦਾ ਹੈ :—

ਬਾਹਿਰ ਉਲਟਿ ਉਨਿ ਨਹੀਂ ਜਾਉਂ, ਕਾਹੇ ਕਾਰਨ ਕਾਨਿ ਕਾ ਚੀਰਾ ਖਾਉਂ।
ਬਿਭੂਤਿ ਨਾ ਲਗਾਉਂ, ਜਿਉਂ ਤਾਰਿ ਉਤਰਿ ਜਾਇ, ਖਰ ਜਿਉਂ ਧੂੜ ਲੇਟੇ ਮੇਰੀ ਬਲਾਇ।
ਸੇਲੀ ਨਾ ਬਾਂਧੋ, ਲੇਵੌਂ ਨਾ ਮਿਰਗਾਨੀ, ਓਢੌਂ ਨਾ ਖਿੰਥਾ ਜਿ ਹੋਇ ਪੁਰਾਨੀ।
ਪਤ੍ਰ ਨਾ ਪੂਜੋਂ, ਡੰਡ ਨਾ ਉਠਾਵਉ, ਕੁਤੇ ਕੀ ਨਿਆਈਂ ਮਾਂਗਨੇ ਨਾ ਜਾਉਂ।
ਭੇਖਿ ਕਾ ਜੋਗੀ ਮੈਂ ਨਾ ਕਹਾਉਂ, ਆਤਮਾ ਕਾ ਜੋਗੀ ਚਰਪਟ ਨਾਉਂ।

## ਲੋਕ-ਵਾਰਾਂ

ਇਸ ਕਾਲ ਦੀ ਰਾਜਸੀ ਸਥਿਤੀ ਨੇ ਕੁਝ ਬੀਰ ਰਸੀ ਵਾਰਾਂ ਨੂੰ ਜਨਮ ਦਿਤਾ ਹੈ। ਜਿਨ੍ਹਾਂ ਲੋਕ-ਵਾਰਾਂ ਦੀਆਂ ਧੁਨੀਆਂ ਉਤੇ ਗੁਰੂ ਸਾਹਿਬਾਂ ਦੀਆਂ ਰਚਿਤ ਵਾਰਾਂ ਗਾਉਣ ਦੀ ਸੂਚਨਾ ਗੁਰੂ ਅਰਜਨ ਦੇਵ ਜੀ ਨੇ ਦਿਤੀ ਹੈ, ਉਹ ਇਸੇ ਕਾਲ ਵਿਚ ਹੀ ਲਿਖੀਆਂ ਗਈਆਂ ਸਨ। ਇਨ੍ਹਾਂ ਵਿਚੋਂ ਕੁਝ ਤਾਂ ਸਪਸ਼ਟ ਤੌਰ 'ਤੇ ਜਹਾਂਗੀਰ ਤੇ ਅਕਬਰ ਦੇ ਸਮੇਂ ਨਾਲ ਸਬੰਧ ਰਖਦੀਆਂ ਹਨ, ਕੁਝ ਮੁਗ਼ਲ ਕਾਲ ਤੋਂ ਪਹਿਲੇ ਸਮੇਂ ਦੀਆਂ ਮੰਨਣੀਆਂ ਪੈਂਦੀਆਂ ਹਨ ਜਿਵੇਂ ਕਿ ਰਾਏ ਕਮਾਲ ਦੀ ਮੌਜਦੀ ਕੀ ਵਾਰ, ਟੁੰਡੇ ਅਸ ਰਾਜੇ ਕੀ ਵਾਰ, ਲਲਾ ਬਹਿਲੀਮਾ ਕੀ ਵਾਰ ਆਦਿ। ਇਨ੍ਹਾਂ ਵਾਰਾਂ ਦੀ ਬੋਲੀ ਉਤੇ ਸਾਧ-ਭਾਖਾ ਦਾ ਕੋਈ ਪ੍ਰਭਾਵ ਨਹੀਂ ਅਤੇ ਅਸੀਂ, ਇਨ੍ਹਾਂ ਨੂੰ ਠੇਠ ਪੰਜਾਬੀ ਵਿਚ ਰਚੇ ਗਏ ਇਸ ਸਮੇਂ ਦੇ ਮੁੱਢਲੇ ਨਮੂਨੇ ਆਖ ਸਕਦੇ ਹਾਂ। ਇਹ ਵਾਰਾਂ ਪੂਰੀਆਂ ਨਹੀਂ ਮਿਲਦੀਆਂ, ਪਰ ਇਨ੍ਹਾਂ ਵਿਚਲੀਆਂ ਕਹਾਣੀਆਂ ਤੇ ਛੰਦਾਂ ਦੇ ਨਮੂਨੇ ਮਾਤਰ ਟੋਟੇ 'ਬਾਣੀ ਬਿਉਰਾ' ਪੁਸਤਕ ਵਿਚ ਦਿਤੇ ਹੋਏ ਹਨ।

### ਬਾਬਾ ਫ਼ਰੀਦ (੧੧੭੬-੧੨੬੫)

ਫ਼ਰੀਦ ਦਾ ਜਨਮ ਮੁਲਤਾਨ ਦੇ ਇਕ ਪਿੰਡ ਖੋਤਵਾਲ ਵਿਖੇ ਹੋਇਆ, ਉਹ ਭਾਰਤ ਤੋਂ ਬਾਹਰ ਜਾ ਕੇ ਅਰਬ ਦੇ ਫ਼ਕੀਰਾਂ ਤੇ ਸੂਫ਼ੀਆਂ ਨੂੰ ਮਿਲਿਆ ਅਤੇ ਹਾਂਸੀ ਤੇ ਦਿੱਲੀ ਵਿਚ ਵੀ ਰਿਹਾ। ਦਿੱਲੀ ਵਿਖੇ ਉਹ ਪਰਸਿਧ ਪਠਾਣ ਰਹੱਸਵਾਦੀ ਕੁਤਬੁਦੀਨ ਬਖ਼ਤਿਆਰ ਕਾਕੀ ਦਾ ਮੁਰੀਦ ਬਣਿਆ। ਫ਼ਰੀਦ ਨੇ ਪਾਕਪਟਨ ਵਿਖੇ ਆਪਣਾ ਡੇਰਾ ਕਾਇਮ ਕੀਤਾ ਜਿਥੋਂ ਉਸ ਨੇ ਆਪਣੇ ਵਿਚਾਰਾਂ ਦਾ ਪਰਚਾਰ ਸ਼ੁਰੂ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫ਼ਰੀਦ ਬਹੁਤ ਵੱਡਾ ਮਿਸ਼ਨਰੀ ਸੀ। ਉਸ ਦੇ ਪਰਚਾਰ ਦਾ ਰਸਤਾ ਪ੍ਰੇਮ, ਨਿੰਮਰਤਾ ਤੇ ਮਿੱਠਤ ਵਾਲਾ ਸੀ। ਇਸ ਮਿੱਠਤ ਦੇ ਕਾਰਨ ਹੀ ਉਸ ਨੂੰ 'ਸ਼ੱਕਰਗੰਜ' ਭਾਵ ਸ਼ੱਕਰ ਦਾ ਖ਼ਜ਼ਾਨਾ ਕਿਹਾ ਗਿਆ ਹੈ। ਭਾਵੇਂ ਬਾਬਾ ਫ਼ਰੀਦ ਨੇ ਆਪਣੀ ਮਿੱਠਤ ਤੇ ਉਚੀ ਸ਼ਖ਼ਸੀਅਤ ਦੇ ਪ੍ਰਭਾਵ ਨਾਲ ਲੱਖਾਂ ਹਿਦੂਆਂ ਨੂੰ ਇਸਲਾਮ ਦੇ ਘੇਰੇ ਵਿਚ ਲੈ ਆਂਦਾ ਸੀ,

ਪੰਜਾਬੀ ਸਾਹਿਤ ਵਿਚ ਉਨ੍ਹਾਂ ਦੀ ਮਹਾਨਤਾ ਦੇ ਕਾਰਨ ਅਸਲੋਂ ਤਿੰਨ ਹਨ :—

(੧) ਫ਼ਰੀਦ ਦੀ ਪਹਿਲੀ ਮਹੱਤਾ ਇਹ ਹੈ ਕਿ ਉਸ ਨੇ ਸਭ ਤੋਂ ਪਹਿਲਾਂ ਪੰਜਾਬੀ ਬੋਲੀ ਵਿਚ ਠੇਠ, ਗੁੱਟ, ਭਾਵਪੂਰਤ ਤੇ ਸੁਲਝੀ ਹੋਈ ਕਵਿਤਾ ਦੀ ਰਚਨਾ ਕੀਤੀ।

(੨) ਜਿਥੇ ਉਰਦੂ ਕਵੀਆਂ ਨੇ ਫ਼ਾਰਸੀ ਤੇ ਅਰਬੀ ਦੇ ਪ੍ਰਭਾਵ ਥੱਲੇ ਆਪਣੇ ਵਿਚਾਰਾਂ ਦੇ ਪਰਗਟਾ ਲਈ ਨਾ ਕੇਵਲ ਫ਼ਾਰਸੀ ਤੇ ਅਰਬੀ ਬਹਿਰਾਂ ਨੂੰ ਹੀ ਅਪਣਾ ਲਿਆ ਸੀ, ਸਗੋਂ ਆਪਣੀਆਂ ਰਚਨਾਵਾਂ ਦੇ ਪੇਟ ਬਦੇਸ਼ੀ ਸ਼ਬਦਾਵਲੀ ਤੇ ਬਿੰਬਾਵਲੀ ਨਾਲ ਤੂੜ ਦਿਤੇ ਸਨ, ਉਥੇ ਬਾਬਾ ਫ਼ਰੀਦ ਦੀ ਸਿਆਣੀ ਤੇ ਪ੍ਰੌਢ ਬੁੱਧੀ ਨੇ ਫ਼ੌਰਨ ਹੀ ਭਾਂਪ ਲਿਆ ਸੀ ਕਿ ਫ਼ਾਰਸੀ ਤੇ ਅਰਬੀ ਬਹਿਰਾਂ ਪੰਜਾਬੀ ਦੇ ਸੁਭਾ ਨੂੰ ਰਾਸ ਨਹੀਂ ਆ ਸਕਦੀਆਂ, ਸੋ ਉਨ੍ਹਾਂ ਨੇ ਪਰਾਚੀਨ ਭਾਰਤੀ ਛੰਦਾਂ ਦਾ ਅਧਿਐਨ ਕਰ ਕੇ ਦੋਹਰੇ ਆਦਿ ਦੇਸੀ ਤੇ ਪਰਚਲਤ ਛੰਦਾਂ ਨੂੰ ਆਪਣੇ ਵਿਚਾਰਾਂ ਲਈ ਚੁਣਿਆ। ਇਸ ਤੋਂ ਬਿਨਾਂ ਬਿਦੇਸੀ ਸ਼ਬਦਾਵਲੀ ਤੇ ਬਿੰਬਾਵਲੀ ਦੀ ਥਾਂ ਜਿਥੋਂ ਤੀਕ ਹੋ ਸਕਿਆ, ਪੰਜਾਬੀ ਜੀਵਨ ਦੀਆਂ ਆਮ ਤੇ ਜਾਣੀਆਂ-ਪਛਾਣੀਆਂ ਵਸਤਾਂ, ਤਿਲ, ਕਮਾਦ, ਘੜੀ, ਲੱਜ, ਹਿੰਗ, ਕਥੂਰੀ, ਬਾਲਣ, ਤੰਦੂਰ, ਸਰਵਰ, ਹੰਸ, ਕਾਗ, ਬਗਲਾ, ਕੱਤਕ ਕੂੰਜਾਂ, ਚੇਤ ਡਉਂ ਆਦਿ ਉਪਮਾਵਾਂ ਤੇ ਰੂਪਕ ਚੁਣੇ ਹਨ, ਫ਼ਰੀਦ ਦੀ ਪਾਈ ਇਹ ਲੀਹ ਬੜੀ ਮਹੱਤਾ ਵਾਲੀ ਹੈ ਕਿਉਂਕਿ ਪਿਛੋਂ ਆਉਣ ਵਾਲੇ ਸਭ ਕਵੀਆਂ ਨੇ ਇਸੇ ਲੀਹ ਉਤੇ ਚਲ ਕੇ ਪੰਜਾਬੀ ਕਵਿਤਾ ਨੂੰ ਇਕ ਓਪਰੀ ਤੇ ਮਸਨੂਈ ਜਿਹੀ ਬਣਾਉਣ ਦੀ ਥਾਂ ਸਾਦਾ, ਸੁਭਾਵਕ ਤੇ ਜੀਉਂਦੀ-ਜਾਗਦੀ ਵਸਤੂ ਬਣਾ ਦਿਤਾ ਹੈ। ਇਸੇ ਪ੍ਰਥਾ ਦੇ ਅਧੀਨ ਸ਼ਾਹ ਹੁਸੈਨ ਤੇ ਬੁਲ੍ਹੇ ਸ਼ਾਹ ਨੇ ਗ਼ਜ਼ਲ ਦੀ ਥਾਂ ਕਾਫ਼ੀ ਨੂੰ ਅਤੇ ਸੁਲਤਾਨ ਬਾਹੂ ਤੇ ਹਾਸ਼ਮ ਨੇ ਰੁਬਾਈ ਦੀ ਥਾਂ ਦੋਹੜੇ ਨੂੰ ਵਰਤਿਆ ਹੈ। ਬਿਆਨੀਆ ਕਵਿਤਾ ਲਈ ਵੀ ਮੁਕਬਲ, ਵਾਰਿਸ, ਪੀਲੂ ਆਦਿ ਨੇ ਮਸਨਵੀ ਦੀਆਂ ਫ਼ਾਰਸੀ ਬਹਿਰਾਂ ਨੂੰ ਨਹੀਂ ਵਰਤਿਆ ਸਗੋਂ ਪੰਜਾਬ ਵਿਚ ਪਰਚਲਤ ਦੇਸੀ ਛੰਦਾਂ ਨੂੰ ਹੀ ਅਪਣਾਇਆ ਹੈ।

(੩) ਫ਼ਰੀਦ ਦੀ ਤੀਜੀ ਮਹੱਤਾ ਇਸ ਗੱਲ ਵਿਚ ਹੈ ਕਿ ਉਹ ਪੰਜਾਬੀ ਸਾਹਿਤ ਵਿਚ ਸੂਫ਼ੀ ਵਿਚਾਰਧਾਰਾ ਦਾ ਪਹਿਲਾ ਪਰਚਾਰਕ ਕਿਹਾ ਜਾ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸ਼ਾਹ ਹੁਸੈਨ ਤੇ ਬੁਲ੍ਹੇ ਵਾਂਙ ਸ਼ਰੀਅਤ ਤੋਂ ਨਾਬਰ ਨਹੀਂ ਹੈ ਤੇ ਕੇਵਲ ਇਸ਼ਕ ਰਾਹੀਂ ਪਰਮਾਤਮਾ ਤੀਕ ਪਹੁੰਚਣ ਦਾ ਰਸਤਾ ਨਹੀਂ ਫੜਦਾ, ਪਰ ਉਹ ਸੂਫ਼ੀ ਮਤ ਦੇ ਪਹਿਲੇ ਦੌਰ ਦੇ ਅਸੂਲਾਂ ਤੌਬਾ, ਪਰਹੇਜ਼ਗਾਰੀ, ਤਪ, ਜ਼ੁਹਦ, ਸੇਵਾ, ਨਿੰਮਰਤਾ, ਹਲੀਮੀ ਆਦਿ ਉਤੇ ਜ਼ੋਰ ਦੇਂਦਾ ਹੈ। ਭਾਵੇਂ ਉਹ ਆਮ ਤੌਰ ਤੇ ਰੱਬ ਨੂੰ ਡਾਢਾ ਬੇਪਰਵਾਹ, ਪਾਪਾਂ ਦੀ ਕਰੜੀ ਸਜ਼ਾ ਦੇਣ ਵਾਲਾ ਵੀ ਮੰਨਦਾ ਹੈ, ਪਰ ਕਦੀ ਕਦੀ ਰੱਬ ਉਸ ਨੂੰ 'ਸ਼ੱਕਰ, ਖੰਡ, ਨਬਾਤ, ਗੁੜ, ਮਾਖਿਉਂ, ਮਾਝਾ ਦੁੱਧ' ਵਰਗਾ ਮਿੱਠਾ ਲਗਦਾ ਹੈ, ਸਗੋਂ ਇਨ੍ਹਾਂ ਤੋਂ ਵੀ ਵਧ ਮਿੱਠਾ।

ਫ਼ਰੀਦ ਦੇ ੧੧੨ ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜੋ ਫ਼ਰੀਦ ਦੀ ਮਹਾਨਤਾ ਪਰਗਟ ਕਰਦੇ ਹਨ।

## ੨. ਚੜ੍ਹਦਾ ਮੁਗ਼ਲ ਕਾਲ
### (੧੫੨੦-੧੭੦੮ ਈ:)

ਇਸ ਕਾਲ ਦੇ ਮੁੱਢ ਵਿਚ ਰਾਜਸੀ ਅਕੇਂਦਰੀਕਰਨ ਦਾ ਝੁਕਾ ਜ਼ੋਰਾਂ ਤੇ ਸੀ। ਪੰਜਾਬ ਵਿਚ ਤਿੰਨ ਰਾਜਸੀ ਤਾਕਤਾਂ ਦੀ ਤਿਕੋਨੀ ਜੰਗ ਜਾਰੀ ਸੀ, ਇਹ ਤਾਕਤਾਂ ਸਨ, ਦਿੱਲੀ ਦਾ ਸ਼ਹਿਨਸ਼ਾਹ ਇਬਰਾਹੀਮ ਲੋਧੀ, ਪੰਜਾਬ ਦੇ ਪਠਾਣ ਸਰਦਾਰ ਅਤੇ ਮੁਗ਼ਲ ਸਮਰਾਟ ਬਾਬਰ, ਜਿਸ ਨੂੰ ਆਖ਼ਰ ਜਿੱਤ ਪਰਾਪਤ ਹੋਈ ਅਤੇ ੧੫੨੬ ਤੋਂ ਪੰਜਾਬ ਜਿਸ ਦੇ ਅਧੀਨ ਹੋ ਗਿਆ। ਭਾਵੇਂ ਇਸ ਕਾਲ ਦੇ ਸ਼ੁਰੂ ਵਿਚ ਪੰਜਾਬੀਆਂ ਨੂੰ ਬੇਅੰਤ ਤਸੀਹੇ ਸਹਿਣੇ ਪਏ, ਜਿਵੇਂ ਕਿ ਗੁਰ ਨਾਨਕ ਦੇਵ ਜੀ ਨੇ ਆਪਣੇ 'ਬਾਬਰਵਾਣੀ' ਦੇ ਸ਼ਬਦਾਂ ਵਿਚ ਦੱਸਿਆ ਹੈ। ਸੋਲ੍ਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ

ਪੰਜਾਬ ਵਿਚ ਬੜੀ ਹਫੜਾ-ਦਫੜੀ ਫ਼ੈਲੀ ਹੋਈ ਸੀ, ਕਿਸੇ ਦਾ ਜਾਨ ਮਾਲ ਮਹਿਫ਼ੂਜ਼ ਨਹੀਂ ਸੀ। ਪਰਜਾ ਦੀ ਕਤਲਾਮ ਤੇ ਸ਼ਹਿਰਾਂ ਦੀ ਸਾੜ ਫ਼ੂਕ ਮਾਮੂਲੀ ਗੱਲ ਸਮਝੀ ਜਾਂਦੀ ਸੀ। ਭਾਈ ਗੁਰਦਾਸ ਦੇ ਕਥਨ ਅਨੁਸਾਰ, 'ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕੋ ਖਾਈ'। 'ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹਕ ਗਵਾਈ।' ਵਾਲੇ ਹਾਲਾਤ ਸਨ। ਹਿੰਦੂਆਂ ਦੀ ਹਾਲਤ ਬਹੁਤ ਤਰਸ-ਯੋਗ ਸੀ। ਉਨ੍ਹਾਂ ਉਤੇ ਜਜ਼ੀਏ ਦੇ ਇਲਾਵਾ ਯਾਤਰਾ-ਟੈਕਸ ਵੀ ਲਾਇਆ ਜਾਂਦਾ ਸੀ। ਜ਼ਬਰਦਸਤੀ ਮੁਸਲਮਾਨ ਬਣਾਉਣ ਦੀ ਨੀਤੀ ਆਮ ਸੀ। 'ਤਾਰੀਖੇ ਦਾਊਦੀ' ਦਾ ਕਰਤਾ ਅਬਦੁੱਲਾ ਕਹਿੰਦਾ ਹੈ 'ਸਿਕੰਦਰ ਲੋਧੀ ਦੇਵੀ ਦੇਵਤਿਆਂ ਦੇ ਬੁੱਤ ਤੋੜ ਦੇਂਦਾ ਸੀ ਤੇ ਉਨ੍ਹਾਂ ਦੇ ਵੱਟੇ ਬਣਾਉਣ ਲਈ ਕਸਾਈਆਂ ਨੂੰ ਦੇ ਦੇਂਦਾ ਸੀ।'

ਇਸ ਰਾਜਸੀ ਤੇ ਸਮਾਜਕ ਪਿਛੋਕੜ ਦਾ ਪ੍ਰਤਿਕਰਮ ਕੁਦਰਤੀ ਸੀ। ਇਸ ਦੇ ਫਲ ਰੂਪ ਭਾਰਤ ਵਿਚ ਇਕ ਅਧਿਆਤਮਕ ਤੇ ਸਮਾਜਕ ਚੇਤਨਤਾ ਦੀ ਲਹਿਰ ਉਤਪੰਨ ਹੋ ਗਈ ਜਿਸ ਨੇ ਇਸ ਕਾਲ ਦੇ ਲੇਖਕਾਂ ਨੂੰ ਬੇਹਦ ਪ੍ਰਭਾਵਤ ਕੀਤਾ। ਭਗਤੀ ਲਹਿਰ ਦੇ ਨਾਲ ਨਾਲ ਹੀ ਸੂਫ਼ੀ ਮਤ ਦੀ ਲਹਿਰ ਨੇ ਵੀ ਵਿਕਾਸ ਕੀਤਾ ਅਤੇ ਸਹਿਜੇ ਸਹਿਜੇ ਦੋਹਾਂ ਲਹਿਰਾਂ ਦੀਆਂ ਧੁਨੀਆਂ ਤੇ ਪ੍ਰਤਿਧੁਨੀਆਂ ਇਕ ਦੂਜੀ ਵਿਚ ਸੁਣੀਣੀਆਂ ਸ਼ੁਰੂ ਹੋ ਗਈਆਂ। ਜਿਥੇ ਭਗਤੀ ਲਹਿਰ ਨੇ ਸੂਫ਼ੀ ਮਤ ਉਤੋਂ ਸ਼ਰੀਅਤ ਦੀ ਪਕੜ ਨੂੰ ਢਿੱਲਿਆਂ ਕਰ ਕੇ ਇਸ ਦੇ ਘੇਰੇ ਨੂੰ ਵਿਸ਼ਾਲ ਕੀਤਾ, ਉਥੇ ਸੂਫ਼ੀ ਲਹਿਰ ਦੇ ਪ੍ਰਭਾਵ ਵੀ ਭਗਤੀ ਲਹਿਰ ਉਤੇ ਪਏ। ਸੋ ਇਸ ਕਾਲ ਦੇ ਸਾਹਿਤ ਨੂੰ ਸਮਝਣ ਲਈ ਇਨ੍ਹਾਂ ਦੋਹਾਂ ਲਹਿਰਾਂ ਦੇ ਵਿਕਾਸ਼ ਤੇ ਆਸ਼ਿਆਂ ਨੂੰ ਸਮਝ ਲੈਣਾ ਲਾਭਕਾਰੀ ਹੋਵੇਗਾ।

## ਸੂਫ਼ੀ ਮਤ

ਸੂਫ਼ੀ ਮਤ ਰਹੱਸਵਾਦ ਦਾ ਇਕ ਰੂਪ ਹੈ, ਇਸ ਲਈ ਰਹੱਸਵਾਦ ਦੇ ਸਰੂਪ ਨੂੰ ਸਮਝਣਾ ਜ਼ਰੂਰੀ ਹੈ। ਅੰਤਮ ਸੱਚ ਨੂੰ ਸਮਝਣ ਲਈ ਜਾਂ ਅਲਖ ਨੂੰ ਲਖਣ ਲਈ ਦੋ ਰਸਤੇ ਮੰਨੇ ਗਏ ਹਨ – ਇਕ ਹੈ ਤਰਕ ਤੇ ਬੁੱਧੀ ਦਾ ਰਸਤਾ, ਦੂਜਾ ਹੈ ਸੂਝ ਤੇ ਅੰਦਰ ਦੇ ਚਾਨਣ ਦਾ ਰਸਤਾ, ਇਸ ਦੂਜੇ ਰਸਤੇ ਨੂੰ 'ਰਹੱਸਵਾਦ' ਕਿਹਾ ਗਿਆ ਹੈ। ਸ਼ੰਕਰ ਨੇ ਪਹਿਲੇ ਰਸਤੇ ਨੂੰ 'ਅਪਰਾ ਵਿਦਿਆ' ਭਾਵ ਨੀਵਾਂ ਗਿਆਨ ਅਤੇ ਦੂਜੇ ਰਸਤੇ ਨੂੰ 'ਪਰਾ ਵਿਦਿਆ' ਭਾਵ ਉਚਾ ਗਿਆਨ ਆਖਿਆ ਹੈ। ਵਿਗਿਆਨੀ ਹੌਲੀ ਹੌਲੀ ਇਕ ਇਕ ਅੰਗ ਨੂੰ ਨਿਖੇੜ ਕੇ ਅਤੇ ਉਸ ਦੇ ਸਾਰੇ ਪੱਖਾਂ ਨੂੰ ਘੋਖ ਕੇ, ਇਕ ਪੀੜ੍ਹੀ ਵਿਚ ਹੀ ਨਹੀਂ, ਸਗੋਂ ਕਈ ਪੀੜ੍ਹੀਆਂ ਵਿਚ ਕਿਸੇ ਤੱਥ ਨੂੰ ਲੱਭਦਾ ਹੈ। ਉਸ ਦੇ ਮੁਕਾਬਲੇ ਵਿਚ ਰਹੱਸਵਾਦੀ ਅੰਦਰਲੀ ਸੂਝ ਦੀ ਸਹਾਇਤਾ ਨਾਲ ਇਕ ਨਿਮਖ ਵਿਚ ਬਿਜਲੀ ਦੀ ਤੇਜ਼ੀ ਨਾਲ ਸ੍ਰਿਸ਼ਟੀ ਤੇ ਉਸ ਦੇ ਪਿਛੇ ਲੁਕੇ ਅੰਤਮ ਸੱਚ ਦੇ ਦਰਸ਼ਨ ਕਰ ਲੈਂਦਾ ਹੈ।

ਰਹੱਸਵਾਦ ਦੀ ਈਰਾਨੀ ਸ਼ਕਲ ਨੂੰ ਸੂਫ਼ੀ ਮਤ ਕਹਿੰਦੇ ਹਨ। ਇਸ ਦੇ ਨਿਕਾਸ ਬਾਰੇ ਕਈ ਰਾਵਾਂ ਹਨ। ਇਸ ਵਿਚ ਸ਼ੱਕ ਨਹੀਂ ਕਿ ਸੂਫ਼ੀਆਂ ਦੇ ਵਿਚਾਰਾਂ ਵਿਚ ਇਸਲਾਮੀ, ਈਸਾਈ, ਯੂਨਾਨੀ ਜਾਂ ਨਵਅਫ਼ਲਾਤੂਨੀ, ਵੇਦਾਂਤੀ ਤੇ ਬੋਧੀ ਪ੍ਰਭਾਵਾਂ ਦੇ ਕਈ ਤੱਤ ਰਲੇ ਮਿਲੇ ਨਜ਼ਰ ਆਉਂਦੇ ਹਨ, ਪਰ ਇਹ ਮੰਨਣਾ ਪਵੇਗਾ ਕਿ ਸੂਫ਼ੀ ਮਤ ਦਾ ਜਨਮ ਇਸਲਾਮ ਦੇ ਨਾਲ ਹੀ ਹੋਇਆ। ਮੁਹੰਮਦ ਸਾਹਿਬ ਦੇ ਨਿਕਟ-ਵਰਤੀ ਮੁਸਲਮਾਨ ਹੀ ਜੋ ਘਰਬਾਰ ਛਡ ਕੇ ਮਸੀਤ ਵਿਚ ਹੀ ਸੌਂਦੇ ਸਨ, ਮੁੱਢਲੇ ਸੂਫ਼ੀ ਆਖੇ ਜਾ ਸਕਦੇ ਸਨ। ਨਿਕਲਸਨ ਦੇ ਵਿਚਾਰ ਵਿਚ ਸੂਫ਼ੀ ਮਤ ਹਜ਼ਰਤ ਮੁਹੰਮਦ ਦੀ ਮੌਤ ਪਿੱਛੋਂ ਛੇਤੀ ਹੀ ਹੋਂਦ ਵਿਚ ਆ ਗਿਆ। ਮੁੱਢਲੇ ਸੂਫ਼ੀ ਬੜੇ ਸੰਜਮੀ, ਪਰਹੇਜ਼ਗਾਰ ਤੇ ਕੁਰਾਨ ਦੇ ਅੱਖਰ ਅੱਖਰ ਨੂੰ ਮੰਨਣ ਵਾਲੇ ਸਨ। ਸੋ ਸੂਫ਼ੀ ਮਤ ਦੀ ਅਸਲੀ ਜਨਮਭੂਮੀ ਅਰਬ ਦੇਸ ਹੈ, ਭਾਵੇਂ ਇਸ ਦਾ ਫੈਲਾਉ ਤੇ ਵਿਕਾਸ ਈਰਾਨ, ਇਰਾਕ ਤੇ ਮਿਸਰ ਵਿਚ ਹੋਇਆ। ਮੁੱਢਲੇ ਸੂਫ਼ੀ ਮਤ ਦੇ ਵੱਡੇ ਲੱਛਣ ਦੋ ਸਨ – ਗੁਨਾਹ ਦੀ ਤੀਬਰ ਚੇਤਨਤਾ ਅਤੇ ਮੌਤ ਤੇ ਰੱਬੀ ਦੰਡ ਦਾ ਭੈ। ਪਹਿਲੇ ਸੂਫ਼ੀ ਰੱਬ ਕੋਲੋਂ ਡਰਦੇ ਸਨ, ਉਸ ਨੂੰ ਪਿਆਰ ਨਹੀਂ ਸਨ ਕਰਦੇ।

ਸੂਫ਼ੀ ਮਤ ਉਤੇ ਸਭ ਤੋਂ ਪਹਿਲਾਂ ਪ੍ਰਭਾਵ ਈਸਾਈ ਰਹੱਸਵਾਦ ਦਾ ਪਿਆ। ਨਿੰਮਰਤਾ, ਹਲੀਮੀ, ਤਿਆਗ, ਦੁੱਖ ਵਿਚ ਸੁਖ ਮਨਾਉਣ, ਜਪ ਤਪ, ਤੇ ਬ੍ਰਹਮਚਰਜ ਦੇ ਪ੍ਰਭਾਵ ਈਸਾਈ ਰਹੱਸਵਾਦ ਤੋਂ ਹੀ ਆਏ ਹਨ। ਦੂਜਾ ਪ੍ਰਭਾਵ ਬੋਧੀਆਂ ਦਾ ਹੈ। ਦਾਇਰਿਆਂ ਤੇ ਤਕੀਆਂ ਦੀ ਪ੍ਰਥਾ ਬੋਧੀ ਮਠਾਂ ਦੀ ਨਕਲ ਹੀ ਜਾਪਦੀ ਹੈ। ਮਾਲਾ ਫੇਰਨ ਦਾ ਰਿਵਾਜ ਵੀ ਬੋਧੀ ਅਸਰ ਹੀ ਹੈ, ਸੂਫ਼ੀਆਂ ਦੇ ਮੁਕਾਮ ਭਾਵ ਆਤਮਕ ਉੱਨਤੀ ਦੇ ਪੜਾ ਵੀ ਬੋਧੀਆਂ ਦੀਆਂ ਪੰਜ ਭੂਮੀਆਂ ਜਾਂ ਪੰਜ ਅਵਸਥਾਵਾਂ ਦੇ ਸੂਚਕ ਹੀ ਹਨ। ਨਵ-ਅਫ਼ਲਾਤੂਨੀਆਂ ਤੋਂ ਸੂਫ਼ੀ ਮਤ ਨੇ ਸੰਸਾਰ ਤੋਂ ਉਪਰਾਮਤਾ, ਸਵੈ-ਪ੍ਰਕਾਸ਼ ਤੇ ਸੌਂਦਰਯ ਦੇ ਸਿਧਾਂਤਾਂ ਨੂੰ ਅਪਣਾਇਆ, ਸੂਫ਼ੀਆਂ ਵਿਚ ਹੁਸਨ ਪ੍ਰਸਤੀ ਦਾ ਵਿਕਾਸ਼ ਵੀ ਇਸੇ ਪ੍ਰਭਾਵ ਦਾ ਸਿੱਟਾ ਹੈ, ਪੰਜਾਬੀ ਸੂਫ਼ੀਆਂ ਵਿਚ ਹੁਸੈਨ ਮਾਧੋ ਲਾਲ ਦੇ ਇਸ਼ਕ ਦੀ ਮਿਸਾਲ ਪਰਤੱਖ ਹੈ। ਪਰ ਇਨ੍ਹਾਂ ਸਾਰੇ ਪ੍ਰਭਾਵਾਂ ਨਾਲੋਂ ਡੂੰਘਾ ਤੇ ਵੱਡਾ ਪ੍ਰਭਾਵ ਸੂਫ਼ੀ ਮਤ ਉਤੇ ਹਿੰਦੂ ਵਿਚਾਰਧਾਰਾ ਦਾ ਪਿਆ, ਸੂਫ਼ੀਆਂ ਦੇ 'ਹਮਾ ਅਜ਼ੋਸਤ' ਅਤੇ 'ਹਮਾ ਓਸਤ' ਦੇ ਸਿਧਾਂਤ ਵੇਦਾਂਤ ਦੇ ਪ੍ਰਭਾਵ ਦਾ ਨਤੀਜਾ ਹੀ ਹਨ। ਨੌਸ਼ੇਰਵਾਂ ਬਾਦਸ਼ਾਹ ਦੇ ਜ਼ਮਾਨੇ ਵਿਚ ਹੀ ਹਿੰਦ ਵੀ ਤੇ ਈਰਾਨੀ ਵਿਚਾਰਾਂ ਦਾ ਵਟਾਂਦਰਾ ਸ਼ੁਰੂ ਹੋ ਗਿਆ ਸੀ। ਸੂਫ਼ੀਆਂ ਵਿਰ ਗੁਰੂ ਜਾਂ ਮੁਰਸ਼ਦ ਉਤੇ ਜ਼ੋਰ ਦੇਣਾ ਹਿੰਦੂ ਪ੍ਰਭਾਵਾਂ ਦਾ ਨਤੀਜਾ ਹੈ। ਇਸੇ ਤਰ੍ਹਾਂ ਸੰਗੀਤ ਤੇ ਨਾਚ ਨਾਲ ਪ੍ਰੇਮ ਵੀ ਹਿੰਦੀ ਪ੍ਰਭਾਵ ਹੈ। ਰੱਬ ਦੀ ਇੱਜ਼ਤ ਤੇ ਭੈ ਨੂੰ ਛੱਡ ਕੇ ਰੱਬ ਦੀ ਭਗਤੀ ਤੇ ਇਸ਼ਕ ਉਤੇ ਜ਼ੋਰ ਦੇਣਾ ਵੀ ਭਾਰਤੀਆਂ ਦੇ ਪ੍ਰੇਮ-ਮਾਰਗ ਦਾ ਹੀ ਅਸਰ ਹੈ। ਪ੍ਰਾਣਾਯਾਮ, ਜਿਸ ਨੂੰ ਸੂਫ਼ੀ ਲੋਕ 'ਹਬਸੇ ਦਮ' ਕਹਿੰਦੇ ਹਨ, ਵੀ ਭਾਰਤੀ ਜੋਗੀਆਂ ਤੋਂ ਲਿਆ ਗਿਆ ਹੈ। ਪਿਛਲੇਰੇ ਸੂਫ਼ੀਆਂ ਦੇ ਵਿਚਾਰ ਸ਼ੰਕਰ ਦੇ ਅਦਵੈਤਵਾਦ ਨਾਲ ਬਹੁਤ ਰਲਦੇ ਹਨ। ਸ਼ੰਕਰ ਦੇ ਵਿਚਾਰ ਵਿਚ ਆਤਮਾ ਤੀਕ ਪੁੱਜਣ ਲਈ ਪਹਿਲੀ ਰੁਕਾਵਟ ਸਰੀਰ ਹੈ, ਜਿਸ ਨੂੰ ਉਹ 'ਦੇਹ-ਅਭਿਮਾਨ' ਕਹਿੰਦਾ ਹੈ। ਸ਼ੰਕਰ ਦੇ ਵਿਚਾਰ ਵਿਚ ਆਤਮਾ, ਇੰਦਰੀਆਂ, ਮਨ ਤੇ ਬੁੱਧੀ ਤੋਂ ਕਿਤੇ ਡੂੰਘੇਰੇ ਤਲ ਉਤੇ ਨਿਵਾਸ ਕਰਦੀ ਹੈ। ਆਤਮਾ ਦੇ ਧੁਰ ਅੰਦਰਲੇ ਵਿਚ ਬ੍ਰਹਿਮ ਦਾ ਨਿਵਾਸ ਹੈ, ਪਰ ਅਹੰਕਾਰ ਆਤਮਾ ਤੀਕ ਪਹੁੰਚਣ ਨਹੀਂ ਦੇਂਦਾ। ਸੋ ਹਉਮੈ ਜਾਂ ਖ਼ੁਦੀ ਦਾ ਤਿਆਗ ਕਰਕੇ ਹੀ ਆਤਮਾ ਜਾਂ ਨਫ਼ਸ ਤਕ ਪਹੁੰਚਿਆ ਜਾ ਸਕਦਾ ਹੈ। ਸੂਫ਼ੀਆਂ ਦੇ ਪਰਸਿੱਧ ਸਿਧਾਂਤ 'ਮਨ ਅਰਫ਼ਾ ਨਫ਼ਸ ਹੀ ਅਰਫ਼ਾ ਰੱਬਹੀ' ਦਾ ਇਹੋ ਭਾਵ ਹੈ। ਸ਼ੰਕਰ ਦੇ ਵਿਚਾਰ ਵਿਚ ਆਤਮਾ ਨੂੰ ਬੌਧਿਕ ਵਿਚਾਰਾਂ ਤੇ ਇੰਦਰੀਆਂ ਤੋਂ ਇਕ ਪਾਸੇ ਕਰ ਲੈਣਾ ਚਾਹੀਦਾ ਹੈ ਭਾਵ ਬਾਹਰਲੀ ਦੁਨੀਆਂ ਤੋਂ ਅੰਦਰਲੀ ਦੁਨੀਆਂ ਵਲ ਲੈ ਜਾਣਾ ਚਾਹੀਦਾ ਹੈ ਤਾਂ ਹੀ ਆਤਮਾ ਚਮਕ ਸਕਦੀ ਹੈ ਅਤੇ ਤ੍ਰੈਹਤੇ ਵਿਰੋਧ ਅਰਥਾਤ — ਗਿਆਤਾ, 'ਗਿਆਨ ਤੇ ਗਯੇਜ' ਤੋਂ ਮੁਕਤ ਹੋ ਸਕਦਾ ਹੈ। ਇਥੇ ਪਹੁੰਚ ਕੇ ਆਤਮਾ ਨਿਰਾ ਨੂਰ ਹੋ ਜਾਂਦੀ ਹੈ, ਅਚਰਜ ਰੂਪ ਹੋ ਜਾਂਦੀ ਹੈ। ਆਤਮਾ ਤੇ ਬ੍ਰਹਮ ਦੀ ਇਸੇ ਇਕ-ਸੁਰਤਾ ਨੂੰ ਉਹ ਫ਼ਨਾਫਿੱਲਾ ਕੇ ਬਕਾ ਬਿਲਾ ਦੇ ਨਾਂ ਦਿੰਦੇ ਹਨ। ਸੂਫ਼ੀ ਲੋਕਾਂ ਦਾ ਇਹ ਵਿਚਾਰ ਵੀ ਕਿ ਦੁਨੀਆਂ ਅਤੇ ਇਸ ਵਿਚਲੀਆਂ ਸਭ ਚੀਜ਼ਾਂ ਫ਼ਾਨੀ ਹਨ, ਮਾਇਆ ਦੇ ਸਿਧਾਂਤ ਦੀ ਇਕ ਪ੍ਰਤਿਧੁਨੀ ਹੈ। ਸ਼ੰਕਰ ਦੇ ਵਿਚਾਰ ਅਨੁਸਾਰ ਦੁਨੀਆਂ ਦੀਆਂ ਵਸਤਾਂ ਤੇ ਭਿੰਨਤਾ ਦਾ ਕਾਰਨ ਅਵਿਦਿਆ ਹੈ। ਉਹ ਦਿਸਦੇ ਸੰਸਾਰ ਨੂੰ 'ਪਰਪੰਚ' ਕਹਿੰਦੇ ਹਨ। ਇਸੇ ਵਿਚਾਰ ਦੇ ਅਧੀਨ ਹੀ ਗੁਰੂਆਂ ਨੇ ਵੀ ਕਿਹਾ ਹੈ 'ਜਿਉਂ ਸੁਪਨਾ ਅਰ ਪੇਖਨਾ ਐਸੇ ਜਗ ਕੋ ਜਾਨ' ਸ਼ੰਕਰ ਦਾ ਮਾਇਆ ਸੰਬੰਧੀ ਪਰਸਿੱਧ ਸੂਤਰ ਇਹ ਹੈ, 'ਸ੍ਰਿਸ਼ਟੀ ਦੀ ਸਮੂਹ ਭਿੰਨਤਾ, ਜੋ ਨਾਮ ਰੂਪ ਥੱਲੇ ਵਿੱਦਮਾਨ ਹੈ, ਸਤਿ ਹੈ, ਪਰ ਆਪਣੇ ਆਪ ਵਿਚ ਇਹ ਅਸੱਤ ਹੈ।'

ਸੋ ਨੌਵੀਂ, ਦਸਵੀਂ ਸਦੀ ਵਿਚ ਆ ਕੇ ਸੂਫ਼ੀ ਮਤ ਜ਼ੁਹਦ, ਤਪੱਸਿਆ, ਗੁਨਾਹ ਦੀ ਚੇਤਨਤਾ ਤੇ ਰੱਬ ਦੇ ਭੈ ਦੀ ਮੁੱਢਲੀ ਅਵਸਥਾ ਵਿਚੋਂ ਨਿਕਲ ਕੇ, ਈਰਾਨੀ, ਬੋਧੀ ਤੇ ਵੇਦਾਂਤੀ ਪ੍ਰਭਾਵਾਂ ਦੇ ਅਧੀਨ ਫ਼ਨ੍ਹਾ ਤੇ ਇਸ਼ਕ ਦੀਆਂ ਬੁਲੰਦੀਆਂ ਤੇ ਪਹੁੰਚ ਗਿਆ। ਬਾਯਜ਼ੀਦ ਨੇ ਸਭ ਤੋਂ ਪਹਿਲਾਂ ਫ਼ਨਾ-ਫਿੱਲਾ ਦੇ ਸਿਧਾਂਤ ਨੂੰ ਅਪਣਾਇਆ, 'ਉਸ ਨੇ ਸਭ ਤੋਂ ਪਹਿਲਾਂ ਸ਼ਰੀਅਤ ਤੋਂ ਬਗ਼ਾਵਤ ਕਰ ਕੇ ਕਿਹਾ "ਮੇਰੀ ਸ਼ਾਨ ਕਿਤਨੀ ਵੱਡੀ ਹੈ।" ਇਸੇ ਪ੍ਰਥਾ ਉਤੇ ਚਲਦਿਆਂ ਹੋਇਆਂ ਮਨਸੂਰ ਨੇ ਅਨਲਹੱਕ ਦਾ ਨਾਅਰਾ ਲਾਇਆ। ਇਹੋ ਕਾਰਨ ਹੈ ਕਿ ਬਾਯਜ਼ੀਦ ਨੂੰ ਦੇਸ਼-ਨਿਕਾਲਾ ਦਿੱਤਾ ਗਿਆ ਅਤੇ ਮਨਸੂਰ ਨੂੰ ਸੂਲੀ ਉਤੇ ਟੰਗਿਆ ਗਿਆ। ਬਾਯਜ਼ੀਦ ਨੇ ਖੁਲ੍ਹਮ-ਖੁਲ੍ਹਾ ਮੁਹੰਮਦ ਸਾਹਿਬ ਦੇ ਬਰਾਬਰ

ਹੋਣ ਦਾ ਦਾਅਵਾ ਕੀਤਾ ਸੀ ਅਤੇ ਕਿਆਮਤ ਤੇ ਬਹਿਸ਼ਤ ਦੇ ਖ਼ਿਆਲਾਂ ਦਾ ਹਾਸਾ ਉਡਾਇਆ ਸੀ।

ਮਜ਼ਹਬ ਤੇ ਸੂਫ਼ੀ ਮਤ ਵਿਚਲੀ ਦਿਸ ਰਹੀ ਇਸ ਦੁਸ਼ਮਣੀ ਤੇ ਕਸ਼ਮਕਸ਼ ਨੂੰ ਦੇਖ ਕੇ ਅੱਮਾਮ ਗ਼ਜ਼ਾਲੀ ਨੇ ਗਿਆਰ੍ਹਵੀਂ ਸਦੀ ਵਿਚ; ਆਪਣੀ ਵਿਦਵਤਾ ਦੇ ਬਲ ਨਾਲ ਇਸਲਾਮ ਤੇ ਸੂਫ਼ੀ ਮਤ ਦੇ ਵਿਚਾਲੇ ਇਕ ਸੁਮੇਲ ਪੈਦਾ ਕਰ ਦਿੱਤਾ। ਉਸ਼ ਨੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਵਿਚ ਸੂਫ਼ੀਆਂ ਲਈ ਗੁੱਝ ਭਾਵ ਕੱਢੇ ਅਤੇ ਉਸੇ ਦੇ ਜਤਨਾਂ ਨਾਲ ਬਹੁਤੇ ਸੂਫ਼ੀਆਂ ਨੇ ਮੁਹੰਮਦ ਨੂੰ ਆਪਣਾ ਆਦਰਸ਼ ਮੰਨਣਾ ਸ਼ੁਰੂ ਕਰ ਦਿੱਤਾ।

ਪੰਜਾਬ ਵਿਚ ਸੂਫ਼ੀ ਮਤ ਹਮਲਾਵਰਾਂ ਦੇ ਨਾਲ ਹੀ ਆਇਆ। ਦਾਤਾ ਗੰਜ ਬਖ਼ਸ਼, ਮਹਿਮੂਦ ਦੇ ਪੁੱਤਰ ਮਸਊਦ ਦੀਆਂ ਫ਼ੌਜਾਂ ਦੇ ਨਾਲ ਹੀ ਲਾਹੌਰ ਵਿਚ ਆ ਕੇ ਟਿਕ ਗਏ ਸਨ। ਦੂਜੇ ਪਰਸਿੱਧ ਸੂਫ਼ੀ ਬਾਬਾ ਫ਼ਰੀਦ ਸਨ। ਇਨ੍ਹਾਂ ਦੋਹਾਂ ਨੇ ਪੰਜਾਬ ਦੇ ਜੀਵਨ ਉੱਤੇ ਬੇਹੱਦ ਪ੍ਰਭਾਵ ਪਾਇਆ ਹੈ। ਪਰ ਇਨ੍ਹਾਂ ਵੇਦਾਂਤ ਦੇ ਪ੍ਰਭਾਵ ਨੂੰ ਕਬੂਲ ਨਹੀਂ ਕੀਤਾ, ਇਸੇ ਲਈ ਅਸੀਂ ਫ਼ਰੀਦ ਨੂੰ ਮੁੱਢਲੇ ਸੂਫ਼ੀ ਮਤ ਦਾ ਅਨੁਸਾਰੀ ਹੀ ਮੰਨਦੇ ਹਾਂ। ਉਸ ਨੇ ਆਪਣੇ ਆਪ ਨੂੰ ਸ਼ਰੀਅਤ ਤਕ ਹੀ ਸੀਮਤ ਰੱਖਿਆ ਹੈ। ਸ਼ਾਹ ਹੁਸੈਨ ਦਾ ਦ੍ਰਿਸ਼ਟੀਕੋਣ ਫ਼ਰੀਦ ਨਾਲੋਂ ਬਹੁਤ ਮੋਕਲਾ ਤੇ ਵਿਸ਼ਾਲ ਸੀ। ਸਤਾਰ੍ਹਵੀਂ ਸਦੀ ਵਿਚ ਸੁਲਤਾਨ ਬਾਹੂ ਨੇ ਸੂਫ਼ੀ ਵਿਚਾਰਾਂ ਦਾ ਪਰਚਾਰ ਕੀਤਾ ਤੇ ਸ਼ਰੀਅਤ ਨਾਲੋਂ ਇਸ਼ਕ ਦੇ ਦਰਜੇ ਨੂੰ ਉਚੇਰਾ ਮੰਨਿਆ, ਪਰ ਜਿਵੇਂ ਕਿ ਅਸੀਂ ਅਗੇ ਚਲ ਕੇ ਪੜ੍ਹਾਂਗੇ, ਪੰਜਾਬ ਵਿਚ ਸੂਫ਼ੀ ਮਤ ਦੀ ਸਿਖਰ ਸੱਯਦ ਬੁਲ੍ਹੇ ਸ਼ਾਹ ਨਾਲ ਅਠਾਰ੍ਹਵੀਂ ਸਦੀ ਵਿਚ ਕਾਇਮ ਹੋਈ।

## ਭਗਤੀ ਲਹਿਰ

ਜਿਵੇਂ ਕਿ ਅਸੀਂ ਦਸ ਚੁਕੇ ਹਾਂ ਮੱਧ ਕਾਲ ਵਿਚ ਹਿੰਦੂਆਂ ਦੀ ਸਮਾਜਕ ਤੇ ਧਾਰਮਕ ਸਥਿਤੀ ਬੜੀ ਤਰਸਯੋਗ ਸੀ। ਸਰ ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ 'ਧਰਮ ਦਾ ਸੋਮਾ ਭੈੜੀਆਂ ਰੀਤਾਂ, ਅੰਧ-ਵਿਸ਼ਵਾਸ਼ਾਂ, ਪਰੋਹਤਾਂ ਦੇ ਸੁਆਰਥ ਅਤੇ ਲੋਕਾਂ ਦੀ ਉਦਾਸੀਨਤਾ ਦੇ ਮਲਬੇ ਥੱਲੇ ਦਬ ਗਿਆ ਸੀ। ਗੀਤਾ ਤੇ ਉਪਨਿਸ਼ਦਾਂ ਦੇ ਉਚੇ ਆਦਰਸ਼ ਤੋਂ ਡਿਗ ਕੇ ਧਰਮ ਨਿਰਾ ਢੋਂਗ ਤੇ ਪਾਖੰਡ ਬਣ ਕੇ ਰਹਿ ਗਿਆ ਸੀ'। ਅਜੇਹੇ ਭਾਰਤ ਵਿਚ ਇਸਲਾਮ ਦੇ ਪਰਵੇਸ਼ ਨਾਲ ਹਿੰਦੂ ਧਰਮ ਲਈ ਇਕ ਨਵਾਂ ਖ਼ਤਰਾ ਪੈਦਾ ਹੋ ਗਿਆ ਸੀ। ਮੁਸਲਮ ਸਾਮਰਾਜ ਵਿਚ ਉਹ ਸਾਰੇ ਔਗੁਣ ਮੌਜੂਦ ਸਨ ਜੋ ਹਰ ਸਾਮਰਾਜ ਦਾ ਖ਼ਾਸਾ ਹੁੰਦੇ ਹਨ। ਪਰ ਮੁਸਲਮਾਨ ਵਿਜਈ ਆਪਣੇ ਨਾਲ ਕੁਝ ਗੁਣ ਵੀ ਲਿਆਏ। ਇਕ ਤਾਂ ਉਹ ਸਮਾਜਕ ਬਰਾਬਰੀ ਵਿਚ ਵਿਸ਼ਵਾਸ਼ ਰਖਦੇ ਸਨ ਅਤੇ ਵਰਣਵੰਡ ਦੇ ਸਖ਼ਤ ਖ਼ਿਲਾਫ਼ ਸਨ। ਦੂਜੇ ਮੁਸਲਮਾਨ ਭਾਰਤ ਵਿਚ ਪਹਿਲੇ ਲੋਕ ਸਨ ਜਿਨ੍ਹਾਂ ਨੇ ਆਪਣੀਆਂ ਮਸੀਤਾਂ ਤੇ ਦਰਸਗਾਹਾਂ ਦੇ ਬੂਹੇ ਸਭ ਸ਼ਰੇਣੀਆਂ ਨੂੰ ਵਿਦਿਆ ਦੇਣ ਲਈ ਖੁਲ੍ਹੇ ਛੱਡ ਦਿੱਤੇ ਸਨ। ਇਨ੍ਹਾਂ ਦੋਹਾਂ ਗੁਣਾਂ ਨੇ ਭਾਰਤ ਦੀਆਂ ਦਲਿਤ ਤੇ ਪਤਿਤ ਸ਼ਰੇਣੀਆਂ ਦੇ ਲੱਖਾਂ ਲੋਕਾਂ ਨੂੰ ਆਪਣੇ ਵੱਲ ਖਿੱਚ ਲਿਆ। ਇਨ੍ਹਾਂ ਹਾਲਾਤ ਦਾ ਪ੍ਰਤਿਕਰਮ ਕੁਦਰਤੀ ਸੀ। ਸਾਰੇ ਭਾਰਤ ਵਿਚ ਹੀ ਉਸ ਸਮੇਂ ਦੇ ਭਾਵੁਕ ਤੇ ਚੇਤੰਨ ਬੁੱਧੀਮਾਨਾਂ ਅਨੁਭਵ ਕੀਤਾ ਕਿ ਨਿਕੰਮੀਆਂ ਰੀਤਾਂ ਤੇ ਅੰਧ ਵਿਸ਼ਵਾਸ਼ਾਂ ਦੇ ਜਾਲ ਵਿਚ ਜਕੜੇ ਹੋਏ ਹਿੰਦੂ ਸਮਾਜ ਦੇ ਬੰਧਨ ਕੱਟ ਕੇ ਉਨ੍ਹਾਂ ਵਿਚ ਇਕ ਨਵੀਂ ਚੇਤਨਤਾ ਤੇ ਜਾਗ੍ਰਤੀ ਪੈਦਾ ਕਰਨ ਦੀ ਲੋੜ ਹੈ। ਪੁਰਾਤਨ ਗ੍ਰੰਥਾਂ ਵਿਚੋਂ ਉਨ੍ਹਾਂ ਨੂੰ ਸੁਧਾਰ ਦੇ ਤਿੰਨ ਢੰਗ ਲੱਭੇ, ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ। ਕਿਉਂਕਿ ਇਨ੍ਹਾਂ ਤਿੰਨਾਂ ਮਾਰਗਾਂ ਵਿਚੋਂ ਕੇਵਲ ਭਗਤੀ ਮਾਰਗ ਹੀ ਇਸਲਾਮ ਦੇ ਵਧਦੇ ਪ੍ਰਭਾਵ ਨਾਲ ਵਾਰੇ ਆ ਸਕਦਾ ਸੀ, ਉਸ ਵੇਲੇ ਦੇ ਹਿੰਦ ਸੁਧਾਰਕਾਂ ਨੇ ਇਸੇ ਮਾਰਗ ਨੂੰ ਅਪਣਾਇਆ। ਭਗਤੀ ਲਹਿਰ ਦੇ ਵਿਕਾਸ਼ ਦੀ ਕਥਾ ਇਸ ਦੋਹੇ ਵਿਚ ਬੰਦ ਹੈ—

ਭਗਤੀ ਦ੍ਰਾਵੜ ਊਪਜੀ, ਉਤਰ ਰਾਮਾਨੰਦ,
ਪਰਗਟ ਕੀਉ ਕਬੀਰ ਨੇ, ਸਪਤ ਦੀਪ ਨਵ ਖੰਡ।

ਭਾਵ ਭਗਤੀ ਲਹਿਰ ਦਰਾਵੜ (ਦੱਖਣ) ਵਿਚ ਪੈਦਾ ਹੋਈ, ਰਾਮਾਨੰਦ ਉਸ ਨੂੰ ਉਤਰ ਵਲ ਲਿਆਇਆ ਅਤੇ ਕਬੀਰ

ਨੇ ਇਸ ਨੂੰ ਨਵਾਂ ਖੰਡਾਂ ਭਾਵ ਸਾਰੇ ਸੰਸਾਰ ਵਿਚ ਫੈਲਾ ਦਿੱਤਾ। ਇਸ ਭਗਤੀ ਮਾਰਗ ਦੇ ਮੁੱਖ ਸਿਧਾਂਤ ਇਹ ਸਨ :—

(੧) ਪ੍ਰਭੂ ਭਗਤੀ (੨) ਗੁਰੂ ਭਗਤੀ (੩) ਆਤਮ-ਸਮਰਪਨ (੪) ਮਨੁਖੀ ਭਾਈਚਾਰੇ ਦੀ ਬਰਾਬਰੀ, ਜ਼ਾਤ ਪਾਤ ਤੇ ਊਚ ਨੀਚ ਦੇ ਵਤੀਰੇ ਦਾ ਖੰਡਨ। (੫) ਮੂਰਤੀ-ਪੂਜਾ ਦੀ ਨਿਖੇਧੀ। (੬) ਫੋਕੇ ਕਰਮ ਕਾਂਡ ਤ ਰਹੁ ਰੀਤਾਂ ਦਾ ਤਿਆਗ। (੭) ਸਿਮਰਨ ਉਤੇ ਜ਼ੋਰ। (੮) ਕੋਈ ਭਾਸ਼ਾ ਦੇਵਬਾਣੀ ਨਹੀਂ, ਸਭ ਬੋਲੀਆਂ ਪਵਿੱਤਰ ਹਨ।

# (੪) ਗੁਰੂ-ਸਾਹਿਤ

## ਗੁਰੂ ਨਾਨਕ (੧੪੬੯–੧੫੩੯)

ਗੁਰੂ ਸਾਹਿਤ ਤੋਂ ਸਾਡਾ ਭਾਵ ਉਹ ਸਾਹਿਤ ਹੈ ਜੋ ਦਸਾਂ ਵਿਚੋਂ ਸੱਤਾਂ ਗੁਰੂਆਂ ਨੇ ਰਚਿਆ। ਇਸ ਸਾਹਿਤ ਦੀ ਵਿਚਾਰਧਾਰਾ ਸਹਿਜ-ਮਾਰਗ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀਆਂ ਪਰਚਲਤ ਵਿਚਾਰ-ਧਾਰਾਵਾਂ ਜੋਗ-ਮਾਰਗ, ਭਗਤੀ ਮਾਰਗ, ਕਰਮ ਮਾਰਗ ਅਤੇ ਪੱਛਮ ਵੱਲੋਂ ਆਏ ਇਸਲਾਮ ਤੇ ਸੂਫ਼ੀਮਤ ਨੂੰ ਆਪਣੇ ਅਨੁਭਵ ਦੀ ਕੁਠਾਲੀ ਵਿਚ ਢਾਲ ਕੇ ਇਨ੍ਹਾਂ ਵਿਚ ਸਦੀਆਂ ਤੋਂ ਰਲੀ ਮੈਲ ਨੂੰ ਵਖਰਿਆ ਕੇ, ਗ੍ਰਹਿਣ-ਤਿਆਗ ਦੀ ਬਰੀਕ ਸੂਝ ਦੀ ਸਹਾਇਤਾ ਨਾਲ, ਨਿਖੇੜੀ, ਵਿਕਾਸੀ ਤੇ ਅਪਣਾਈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜ ਤੋਂ ਹਜ਼ਾਰਾਂ ਸਾਲ ਪਹਿਲੇ ਭਗਵਾਨ ਕ੍ਰਿਸ਼ਨ ਨੇ ਗੀਤਾ ਵਿਚ ਗਿਆਨ, ਕਰਮ ਤੇ ਪ੍ਰੇਮ ਮਾਰਗਾਂ ਵਿਚ ਸੁਮੇਲ ਕਰਕੇ ਸਹਿਜ ਮਾਰਗ ਦਾ ਬੀ ਪਾਇਆ ਸੀ, ਪਰ ਗੁਰੂ ਜੀ ਨੇ ਸਹਿਜ ਮਾਰਗ ਨੂੰ ਇਕ ਸਪਸ਼ਟ ਤੇ ਨਿਖੜਵੀਂ ਸ਼ਕਲ ਦਿੱਤੀ ਅਤੇ ਫਿਰ ਉਨ੍ਹਾਂ ਤੇ ਉਨ੍ਹਾਂ ਦੇ ਪਿੱਛੋਂ ਹੋਣ ਵਾਲੇ ਗੁਰੂਆਂ ਨੇ ਅਨੂਪਮ ਛੰਦ-ਪ੍ਰਬੰਧਾਂ ਤੇ ਵਿਚਿਤਰ ਕਾਵਿ-ਰੂਪਾਂ ਵਿਚ ਗੁੰਦ ਕੇ ਇਸ ਨੂੰ ਸਾਧਾਰਨ ਜਨਤਾ ਤੀਕ ਪਹੁੰਚਾਇਆ।

ਗੁਰੂ ਨਾਨਕ ਦੇਵ ਆਪਣੇ ਸਮੇਂ ਦੇ ਇਕ ਪ੍ਰੌਢ ਬੁਧੀਮਾਨ ਹੋਏ ਹਨ, ਜਿਨ੍ਹਾਂ ਨੇ ਆਪਣੇ ਸਮੇਂ ਦਿਆਂ ਪਰਚਲਤ ਮਤਾਂ ਵਿਚੋਂ ਸਾਰੇ ਉਲਾਰ ਕੱਢ ਕੇ ਇਕ ਸਾਵਾਂ-ਪੱਧਰਾ ਤੇ ਸੰਤੁਲਤ ਜੀਵਨ-ਦਰਸ਼ਨ ਸਾਨੂੰ ਦਿੱਤਾ, ਭਾਵ 'ਹਸੰਦਿਆਂ, ਖਿਡੰਦਿਆਂ, ਪਹਿਨੰਦਿਆਂ. ਖਾਵੰਦਿਆਂ, ਵਿਚੇ ਹੋਵੈ ਮੁਕਤਿ'।

ਇਹ ਪ੍ਰੌਢਤਾ ਉਨ੍ਹਾਂ ਨੇ ਪੁਰਾਣੇ ਗ੍ਰੰਥਾਂ ਦੇ ਅਧਿਐਨ ਤੋਂ ਹੀ ਹਾਸਲ ਨਹੀਂ ਕੀਤੀ, ਸਗੋਂ ਆਪਣੀਆਂ ਉਦਾ-ਸੀਆਂ ਵਿਚ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰ ਕੇ ਅਤੇ ਹਰ ਤਰ੍ਹਾਂ ਦੇ ਸੰਤਾਂ, ਸਾਧੂਆਂ, ਸਿੱਧਾਂ ਜੋਗੀਆਂ, ਸੂਫ਼ੀਆਂ-ਬੈਰਾਗੀਆਂ, ਪੰਡਤਾਂ, ਮੁਲਾਣਿਆਂ, ਬੋਧੀਆਂ, ਜੈਨੀਆਂ, ਜਾਦੂਗਰਾਂ, ਬਾਦਸ਼ਾਹਾਂ ਸ਼ਹਿਜ਼ਾਦਿਆਂ, ਅਤੇ ਕਿਰਤੀਆਂ ਕਿਸਾਨਾਂ ਦੇ ਵਿਚ ਵਿਚਰ ਕੇ ਅਤੇ ਸਮਾਜ ਦੇ ਉਚੇ ਨੀਵੇਂ ਸਾਰੇ ਤਬਕਿਆਂ ਦੇ ਜੀਵਨ ਨੂੰ ਘੋਖ ਕੇ ਪਰਾਪਤ ਕੀਤੀ ਸੀ।

ਉਦਾਸੀਆਂ ਤੋਂ ਬਾਦ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ ਆਣ ਟਿਕੇ। ਉਨ੍ਹਾਂ ਨੇ ਸਾਧ ਬਾਣਾ ਲਾਹ ਦਿੱਤਾ ਅਤੇ 'ਅੰਜਨ ਮਾਹਿ ਨਿਰੰਜਨ' ਜਾਂ 'ਗ੍ਰਹਿਸਤ ਵਿਚ ਉਦਾਸ' ਰਹਿਣ ਦੇ ਅਸੂਲ ਉਤੇ ਆਪ ਅਮਲ ਕਰ ਕੇ ਦਿਖਾਇਆ :

ਗੁਰੂ ਨਾਨਕ ਦੇਵ ਜੀ ਨੇ ਲਗਭਗ ੧੯ ਰਾਗਾਂ ਵਿਚ ਕਵਿਤਾ ਰਚੀ ਜੋ ੪੦,੦੦੦ ਤੁਕਾਂ, ਵਿਕੋਲਿਤਰੇ ਛੰਦ-ਪ੍ਰਬੰਧਾਂ ਤੇ ਲੋਕ-ਪ੍ਰਬੰਧਾਂ ਵਿਚ ਉਚਾਰੀ ਗਈ ਹੈ। ਸਿੱਧ-ਗੋਸ਼ਟ ਤੇ ਜਪੁਜੀ ਨੂੰ ਆਪ ਦੀ ਪ੍ਰਤੀਨਿਧ ਬਾਣੀ ਕਿਹਾ ਜਾ ਸਕਦਾ ਹੈ। ਆਪ ਦੀ ਕਵਿਤਾ ਵਿਚ ਜਮਾਲੀ ਤੇ ਜਲਾਲੀ ਦੋਵੇਂ ਰੰਗ ਮੌਜੂਦ ਹਨ। ਇਸ ਵਿਚ ਕੇਵਲ ਅਧਿਆਤਮਕ ਉਚਾਈਆਂ ਦਾ ਵਰਣਨ ਹੀ ਨਹੀਂ ਸਗੋਂ ਬੜੀ ਬਲਵਾਨ, ਦਲੇਰ ਤੇ ਡੂੰਘੀ ਸਮਾਜਕ ਚੇਤਨਾ ਵੀ ਹੈ, ਆਸਾ ਦੀ ਵਾਰ ਵਿਚ ਨਿੰਦਨੀ ਰਸਮਾਂ ਰੀਤਾਂ ਤੇ ਵਹਿਮਾਂ ਭਰਮਾਂ ਦਾ ਖੰਡਨ ਅਤੇ ਬਾਬਰਵਾਣੀ ਦੇ ਸ਼ਬਦਾਂ ਵਿਚ

ਮੁਗ਼ਲ ਜਰਵਾਣੇ ਦੇ ਜਬਰ ਵਿਰੁਧ ਖੁਲ੍ਹਾ ਵਿਦਰੋਹ ਆਪ ਨੂੰ ਨਿਰੇ ਭਗਤਾਂ ਦੀ ਪੱਧਰ ਤੋਂ ਉਚਾ ਚੁੱਕ ਕੇ ਇਕ ਕ੍ਰਾਂਤੀਕਾਰੀ ਨੇਤਾ ਦੇ ਤਲ ਤੇ ਪੁਚਾ ਦੇਂਦਾ ਹੈ। ਆਪ ਦੀ ਸਿੱਖਿਆ ਦਾ ਤੱਤ ਹੈ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ।

## ਗੁਰੂ ਅਰਜਨ ਦੇਵ (੧੫੬੫-੧੬੦੬)

ਗੁਰੂ ਸਾਹਿਤ ਵਿਚ ਆਪ ਦਾ ਹਿੱਸਾ ਸਭ ਤੋਂ ਵਧ ਹੈ। ਆਪ ਨੇ ਲਗਭਗ ੬੦,੦੦੦ ਤੁਕਾਂ ਸਾਨੂੰ ਦਿੱਤੀਆਂ ਹਨ। ਫ਼ੁਟਕਲ ਸ਼ਬਦਾਂ ਤੋਂ ਇਲਾਵਾ ਆਪ ਨੇ ਕੁਝ ਲੰਮੇਰੀਆਂ ਕਵਿਤਾਵਾਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ਸੁਖਮਨੀ ਬਹੁਤ ਪਰਸਿੱਧ ਤੇ ਮਹੱਤਤਾ-ਪੂਰਣ ਰਚਨਾ ਹੈ। ਆਪ ਦੀ ਸਭ ਤੋਂ ਵਡੀ ਦੇਣ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਹੈ, ਜੋ ਉਨ੍ਹਾਂ ਨੇ ਰਾਮਸਰ ਕੰਢੇ ਕੀਤੀ। ਇਹ ਗ੍ਰੰਥ ੧੬੦੪ ਵਿਚ ਤਿਆਰ ਹੋਇਆ। ਭਾਈ ਗੁਰਦਾਸ ਇਸ ਦੇ ਪਹਿਲੇ ਲਿਖਾਰੀ ਸਨ। ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਮੱਧ ਕਾਲ ਦਾ ਸਭ ਤੋਂ ਮਹਾਨ ਤੇ ਧਾਰਮਕ, ਸਭਿਆਚਾਰਕ ਕਾਵਿਕ ਤੇ ਭਾਸ਼ਾਈ ਦ੍ਰਿਸ਼ਟੀਕੋਣ ਤੋਂ ਬੇਹਦ ਲਾਭਦਾਇਕ ਤੇ ਮਹੱਤਾ-ਪੂਰਣ ਰਚਨਾ ਆਖ ਸਕਦੇ ਹਾਂ। ਇਸ ਵਿਚ ਗੁਰੂ ਸਾਹਿਬਾਂ ਦੀ ਬਾਣੀ ਤੋਂ ਇਲਾਵਾ ੧੨ਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਦੇ ਅੱਡ ਅੱਡ ਪ੍ਰਾਂਤਾਂ ਦੇ ਭਗਤਾਂ ਦੀ ਬਾਣੀ ਬਿਨਾਂ ਮਜ਼ੁਬ, ਜਾਤ ਪਾਤ ਤੇ ਬੋਲੀ ਦੇ ਵਿਤਕਰੇ ਦੇ ਦਰਜ ਕੀਤੀ ਗਈ ਹੈ। ਕੇਵਲ ਇਕੋ ਗੱਲ ਦੇਖੀ ਗਈ ਹੈ ਕਿ ਕੋਈ ਬਾਣੀ ਸਤ-ਪਰਾਇਣ ਹੈ ਤੇ ਲੋਕ-ਹਿਤੈਸ਼ੀ ਹੈ।

## ਗੁਰੂ ਗੋਬਿੰਦ ਸਿੰਘ (੧੬੬੬-੧੭੦੮)

ਆਪ ਸਤਾਰ੍ਹਵੀਂ ਸਦੀ ਦੇ ਇਕ ਬੜੇ ਸਰਬ-ਪੱਖੀ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਆਪਣੀ ਤੀਖਣ-ਬੁੱਧੀ, ਦੂਰਦਰਸ਼ਤਾ, ਉਚੀ ਸੁਚੀ ਕਥਨੀ ਤੇ ਕਰਣੀ ਦੁਆਰਾ ਸਾਹਿਤਕ, ਰਾਜਨੀਤਕ, ਧਾਰਮਕ, ਤੇ ਸਮਾਜਕ ਚੌਹਾਂ ਤਲਾਂ ਉਤੇ ਕ੍ਰਾਂਤੀਕਾਰੀ ਕੰਮ ਕਰ ਕੇ ਪੰਜਾਬੀ ਜੀਵਨ ਵਿਚ ਇਕ ਨਵੀਂ ਉਸਾਰੂ ਇਨਕਲਾਬੀ ਸ਼ਕਤੀ ਦਾ ਸੰਚਾਰ ਕੀਤਾ ਆਪ ਨੇ ਮੁਗ਼ਲਾਂ ਦੇ ਰਾਜਨੀਤਕ ਸਾਮਰਾਜ ਤੇ ਪ੍ਰੋਹਤਾਂ ਦੇ ਅਧਿਆਤਮਕ ਸਾਮ੍ਰਾਜ ਦੇ ਵਿਰੁਧ ਟੱਕਰ ਲੈ ਕੇ ਦੋਹਾਂ ਨੂੰ ਪੈਰਾਂ ਤੋਂ ਉਖੇੜ ਦਿੱਤਾ। ੧੬੯੯ ਈ: ਵਿਚ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਪੰਜਾਬ ਦੇ ਦਲਿਤ ਤੇ ਨੀਵੇਂ ਤਬਕੇ ਦੇ ਲੋਕਾਂ ਵਿਚ ਸਦੀਆਂ ਤੋਂ ਗਵਾਚੇ ਹੋਏ ਸਵੈਮਾਨ ਨੂੰ ਜਗਾਇਆ। ਭਾਵੇਂ ਆਪ ਦਾ ਸਾਰਾ ਜੀਵਨ ਜ਼ੋਰ ਜਬਰ ਦੇ ਵਿਰੁਧ ਜੁੱਧ ਕਰਨ ਵਿਚ ਹੀ ਬਤੀਤ ਹੋਇਆ, ਪਰ ਇਤਨੇ ਰਾਜਸੀ ਝਮੇਲਿਆਂ ਦੇ ਬਾਵਜੂਦ ਵੀ ਗੁਰੂ ਸਾਹਿਬ ਨੇ ਪੰਜਾਬ ਵਿਚ ਅਨੰਦਪੁਰ ਵਿਚ ਇਕ ਬੜਾ ਵੱਡਾ ਸਾਹਿਤਕ ਤੇ ਸਭਿਆਚਾਰਕ ਕੇਂਦਰ ਕਾਇਮ ਕੀਤਾ ਅਤੇ ਆਪਣੇ ਦਰਬਾਰ ਵਿਚ ੫੨ ਕਵੀਆਂ ਨੂੰ ਰਖ ਕੇ ਉਨ੍ਹਾਂ ਕੋਲੋਂ ਸਾਹਿਤ-ਰਚਨਾ ਕਰਵਾਈ। ਆਪ ਨੇ ਪੰਜਾਬੀ, ਬ੍ਰਿਜੀ ਤੇ ਫ਼ਾਰਸੀ ਆਦਿ ਕਈ ਭਾਸ਼ਾਵਾਂ ਵਿਚ ਕਵਿਤਾ ਰਚ ਕੇ ਭਾਸ਼ਾਵਾਂ ਸੰਬੰਧੀ ਵਿਸ਼ਾਲ ਦ੍ਰਿਸ਼ਟੀਕੋਣ ਰੱਖਣ ਦੇ ਪੂਰਨੇ ਪਾਏ। ਆਪ ਦੀਆਂ ਰਚਨਾਵਾਂ ਵਿਚੋਂ ਜਾਪ ਸਾਹਿਬ, ਅਕਾਲ ਉਸਤਤਿ, ਬਚਿੱਤਰ ਨਾਟਕ, ਚੰਡੀ ਚਰਿੱਤ੍ਰ ਅਤੇ ਚੰਡੀ ਦੀ ਵਾਰ ਪਰਸਿੱਧ ਹਨ।

ਚੰਡੀ ਦੀ ਵਾਰ ਪੰਜਾਬੀ ਵਿਚ ਹੈ। ਇਹ ਇਕ ਚਿੰਨ੍ਹਾਤਮਕ ਕਵਿਤਾ ਹੈ ਜਿਸ ਵਿਚ ਭਗੌਤੀ ਤੇ ਮਹਿਖਾਸੁਰ ਨੂੰ ਨੇਕੀ ਤੇ ਬਦੀ ਦੇ ਪ੍ਰਤੀਕ ਮਿੱਥ ਕੇ ਦੋਹਾਂ ਦਾ ਯੁੱਧ ਕਰਵਾ ਕੇ ਦੈਂਤੀ ਸ਼ਕਤੀਆਂ ਦੀ ਖੈ ਅਤੇ ਦੈਵੀ ਸ਼ਕਤੀਆਂ ਦੀ ਜੈ ਕਰਵਾਈ ਹੈ, ਇਸ ਕਵਿਤਾ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਸੰਸਾਰ ਵਿਚ ਜੋ ਨੇਕੀ ਤੇ ਬਦੀ ਦੀਆਂ ਸ਼ਕਤੀਆਂ ਦਾ ਸੰਗਰਾਮ ਸਦੀਵ ਕਾਲ ਤੋਂ ਜਾਰੀ ਹੈ, ਉਸ ਵਿਚ ਅੰਤ ਜੈ ਨੇਕੀ ਦੀਆਂ ਸ਼ਕਤੀਆਂ ਦੀ ਹੀ ਹੋਵੇਗੀ।

### ਭਾਈ ਗੁਰਦਾਸ (੧੫੫੧-੧੬੨੯)

ਆਪ ਚੌਥੇ ਤੇ ਪੰਜਵੇਂ ਛੇਵੇਂ ਗੁਰੂਆਂ ਦੇ ਸੰਬੰਧੀ ਤੇ ਨਿਕਟਵਰਤੀ ਸਨ। ਅਤੇ ਗੁਰੂ ਗ੍ਰੰਥ ਦੇ ਲਿਖਾਰੀ ਤੇ ਗੁਰਬਾਣੀ ਸਭ ਤੋਂ ਚੰਗੇ ਵਿਆਖਿਆਕਾਰ ਦੇ ਤੌਰ ਤੇ ਪਰਸਿੱਧ ਹਨ। ਆਪ ਫ਼ਾਰਸੀ ਤੇ ਬ੍ਰਿਜੀ ਦੇ ਵਿਦਵਾਨ ਸਨ। ਆਪ ਨੇ ਕਾਬਲ ਤੇ ਬਨਾਰਸ ਤੀਕ ਸਫ਼ਰ ਕੀਤੇ। ਆਪ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ।

ਆਪ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਆਪ ਨੇ ਸਭ ਤੋਂ ਪਹਿਲਾਂ ਸ਼ੁੱਧ, ਭਾਵਪੂਰਤ ਦੇ ਗੁਟ ਕੇਂਦਰੀ ਪੰਜਾਬੀ ਵਿਚ ਕਵਿਤਾ ਰਚੀ। ਆਪ ਦੀਆਂ ਵਾਰਾਂ ਬੋਲੀ ਦੇ ਸੰਘਣੇਪਣ, ਅਤੇ ਛੰਦਾਬੰਦੀ ਦੀ ਨਿਪੁੰਨਤਾ ਵਿਚ ਆਪਣਾ ਜੋੜ ਨਹੀਂ ਰਖਦੀਆਂ। ਆਪ ਦੀ ਰਚਨਾ ਦਾ ਵਡਾ ਗੁਣ ਇਹ ਹੈ ਕਿ ਆਪ ਨੇ ਪੰਜਾਬ ਦੇ ਸਾਧਾਰਨ ਜੀਵਨ ਵਿਚ ਗੁੜ, ਬਿਰਛ, ਗੰਨੇ, ਆਦਿ ਵਰਗੀਆਂ ਜਾਣੀਆਂ-ਪਛਾਣੀਆਂ ਵਸਤਾਂ ਨੂੰ ਪ੍ਰਤੀਕ ਦੇ ਤੌਰ ਤੇ ਵਰਤ ਕੇ ਗੁਰਬਾਣੀ ਦੇ ਡੂੰਘੇ ਤੋਂ ਡੂੰਘੇ ਸਿਧਾਂਤਾਂ ਨੂੰ ਸਪਸ਼ਟ ਕਰ ਦਿਤਾ ਹੈ। ਇਸ ਕਾਲ ਵਿਚ ਸੱਤੇ ਬਲਵੰਡ ਆਦਿ ਭੱਟਾਂ, ਛੱਜੂ, ਪੀਲੂ, ਕਾਹ੍ਨਾ ਆਦਿ ਭਗਤਾਂ, ਕੁਝ ਉਦਾਸੀ ਸਾਧੂਆਂ ਅਤੇ ਜੱਲ੍ਹਣ ਜੱਟ ਦੀ ਰਚਨਾ ਵੀ ਨਜ਼ਰੋਂ ਉਹਲੇ ਨਹੀਂ ਕੀਤੀ ਜਾ ਸਕਦੀ।

## (ਅ) ਸੂਫ਼ੀ ਸਾਹਿਤ

### ਸ਼ਾਹ ਹੁਸੈਨ (੧੫੩੯-੧੫੯੩)

ਇਸ ਕਾਲ ਦਾ ਸਭ ਤੋਂ ਵਡਾ ਸੂਫ਼ੀ ਕਵੀ ਸ਼ਾਹਹੁਸੈਨ ਹੋਇਆ ਹੈ। ਉਹ ਲਾਹੌਰ ਦਾ ਵਸਨੀਕ ਤੇ ਜਾਤ ਦਾ ਜੁਲਾਹਿਆ ਸੀ। ਹੁਸੈਨ ਨੇ ਆਪਣੇ ਸੂਫ਼ੀ ਵਿਚਾਰਾਂ ਦੇ ਪਰਗਟਾ ਲਈ 'ਕਾਫ਼ੀ' ਨੂੰ ਚੁਣਿਆ ਅਤੇ ਈਰਾਨੀ ਸੂਫ਼ੀਆਂ ਦੇ ਸ਼ਰਾਬ ਦੇ ਚਿੰਨ੍ਹ ਦਾ ਤਿਆਗ ਕਰ ਕੇ ਭੰਗ ਦੇ ਚਿੰਨ੍ਹ ਨੂੰ ਵਰਤਿਆ। ਫਿਰ ਚਰਖੇ ਤੇ ਖੱਡੀ ਦੇ ਚਿੰਨ੍ਹਾਂ ਦੀ ਵਰਤੋਂ ਕੀਤੀ। ਉਸ ਦੀ ਵੱਡੀ ਦੇਣ, ਸੂਫ਼ੀ ਅਨੁਭਵਾਂ ਨੂੰ ਨਿਰੋਲ ਪੰਜਾਬੀ ਰੰਗਣ ਵਿਚ ਪੇਸ਼ ਕਰਨ ਵਿਚ ਹੈ, ਉਹ ਵਿਸ਼ੇਸ਼ ਕਰਕੇ ਵਿਛੋੜੇ ਦਾ ਕਵੀ ਹੈ ਅਤੇ ਸੋਜ਼ ਵਿਚ ਹੋਰ ਕੋਈ ਕਵੀ ਉਸ ਦੇ ਨਾਲ ਵਾਰਾ ਨਹੀਂ ਖਾ ਸਕਦਾ।

### ਸੁਲਤਾਨ ਬਾਹੂ (੧੬੩੧-੯੧)

ਬਾਹੂ ਨੂੰ ਭਾਰਤ ਦੇ ਮਹਾਨ ਰਹੱਸਵਾਦੀਆਂ ਵਿਚ ਗਿਣਿਆ ਜਾਂਦਾ ਹੈ, ਉਹ ਬੜੀ ਵੱਡੀ ਸ਼ਾਨ ਸ਼ੌਕਤ ਵਾਲਾ ਸੂਫ਼ੀ ਸੀ। ਉਸ ਦੀਆਂ ਚਾਰ ਵਹੁਟੀਆਂ ਤੇ ਸਤਾਰਾਂ ਰਖੇਲੀਆਂ ਸਨ। 'ਤਾਰੀਖ਼ੇ ਸੁਲਤਾਨ ਬਾਹੂ' ਵਿਚ ਲਿਖਿਆ ਹੈ ਕਿ ਬਾਹੂ ਨੇ ਅਰਬੀ ਤੇ ਫ਼ਾਰਸੀ ਵਿਚ ੧੪੦ ਪੁਸਤਕਾਂ ਲਿਖੀਆਂ, ਪੰਜਾਬੀ ਵਿਚ ਤਾਟੰਕ ਛੰਦ ਵਿਚ ਲਿਖੇ ਹੋਏ ਉਸ ਦੇ ਕੁਝ ਦੋਹੜੇ ਵੀ ਮਿਲਦੇ ਹਨ ਜਿਨ੍ਹਾਂ ਦੀ ਬੋਲੀ ਲਹਿੰਦੀ ਹੈ। ਇਸ ਸਮੇਂ ਦਾ ਇਕ ਹੋਰ ਪਰਸਿੱਧ ਸੂਫ਼ੀ ਸ਼ਾਹ ਸ਼ਰਫ਼ ਸੀ।

## (ੲ) ਕਿੱਸਾ-ਕਾਵਿ

ਪੰਜਾਬੀ ਵਿਚ ਕਿੱਸਾ-ਕਾਵਿ ਦੀ ਪ੍ਰਥਾ ਈਰਾਨੀ ਕਵੀਆਂ ਤੋਂ ਲਈ ਗਈ ਹੈ। ਈਰਾਨ ਵਿਚ ਹਰ ਵਡੇ ਕਵੀ ਦਾ ਜਤਨ ਹੁੰਦਾ ਸੀ ਕਿ ਉਹ ਪੰਜ ਲੰਬੇ ਕਿੱਸੇ ਲਿਖੇ ਜਿਨ੍ਹਾਂ ਨੂੰ 'ਖ਼ਮਸਾ' ਕਿਹਾ ਜਾਂਦਾ ਸੀ। ਈਰਾਨ ਵਿਚ ਨਜ਼ਾਮੀ

ਅਤੇ ਭਾਰਤ ਵਿਚ ਅਮੀਰ ਖ਼ੁਸਰੋ ਦੇ ਖ਼ਮਸੇ ਪਰਸਿਧ ਹਨ। ਇਹ ਕਿੱਸੇ ਕੇਵਲ ਇਸ਼ਕੀਆ ਹੀ ਨਹੀਂ ਸਨ ਹੁੰਦੇ, ਸਗੋਂ ਦਾਰਸ਼ਨਿਕ ਵੀ ਹੋਇਆ ਕਰਦੇ ਸਨ, ਪੰਜਾਬੀ ਵਿਚ ਵੀ ਜਦ ਮੁਕਬਲ, ਅਹਿਮਦ, ਵਾਰਸ, ਆਦਿ ਨੇ ਕਿੱਸੇ ਲਿਖੇ ਤਾਂ ਉਨ੍ਹਾਂ ਨੇ ਕਿੱਸਿਆਂ ਦੇ ਆਦਿ,ਮੱਧ ਤੇ ਅੰਤ ਨੂੰ ਈਰਾਨੀ ਪ੍ਰਥਾ ਅਨੁਸਾਰ ਹੀ ਢਾਲਿਆ। ਪਰ ਹੈਰਾਨੀ ਦੀ ਗੱਲ ਹੈ ਕਿ ਜਿਥੇ, ਦੋਹਰੇ ਜਾਂ ਦੋਹੜੇ, ਕਾਫ਼ੀ ਆਦਿ ਬਾਕੀ ਸਭ ਰੂਪਾਂ ਦਾ ਮੁੱਢ ਬੰਨ੍ਹਣ ਵਾਲੇ ਮੁਸਲਮਾਨ ਕਵੀ ਹੀ ਹੋਏ ਹਨ, ਉਥੇ ਕਿੱਸਾਕਾਰੀ ਦਾ ਮੁੱਢ ਝੰਗ ਦੇ ਵਸਨੀਕ ਦਮੋਦਰ ਨੇ ਬੰਨ੍ਹਿਆ ਜੋ ਹਿੰਦੂ ਸੀ ਅਤੇ ਉਸ ਦੇ ਹੀਰ ਦੇ ਕਿੱਸੇ ਦਾ ਪਾਠ ਕਰ ਕੇ ਇਹ ਮੰਨਣਾ ਪਵੇਗਾ ਕਿ ਸਿਵਾਏ ਵਾਰਿਸ ਦੇ, ਉਹ ਵੀ ਠੇਠ ਕੇਂਦਰੀ ਪੰਜਾਬੀ ਵਿਚ ਹੀਰ ਦਾ ਕਿੱਸਾ ਲਿਖਣ ਕਰਕੇ, ਹੋਰ ਕੋਈ ਕਿੱਸਾਕਾਰ ਅਜ ਤੀਕ ਦਮੋਦਰ ਦੇ ਵਾਰੇ ਨਹੀਂ ਆ ਸਕਿਆ। ਉਸ ਨੇ ਹੀਰ ਦਾ ਕਿੱਸਾ ਦਵਈਏ ਛੰਦ ਵਿਚ ਅਤੇ ਲਹਿੰਦੀ ਬੋਲੀ ਵਿਚ ਲਿਖਿਆ ਹੈ। ਬਿਆਨ ਦੀ ਸਾਦਗੀ, ਵੇਰਵੇ ਦੀ ਬਰੀਕੀ, ਆਪਣੇ ਵੇਲੇ ਦੇ ਸਮਾਜ ਦੀ ਯਥਾਰਥਕ ਪ੍ਰਿਸ਼ਠ ਭੂਮੀ ਪੇਸ਼ ਕਰਨ, ਅਤੇ ਇਸ਼ਕ ਦੀਆਂ ਹਰ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਬਿਆਨ ਕਰਨ ਵਿਚ, ਦਮੋਦਰ ਦੀ ਕਲਾ-ਪ੍ਰਬੀਨਤਾ ਨੂੰ ਮੰਨਣਾ ਪੈਂਦਾ ਹੈ। ਚੂੰਕਿ ਹਿੰਦੂ ਸਮਾਜ ਵਿਚ ਦੁਖਾਂਤ ਦੇ ਖ਼ਿਆਲ ਦਾ ਸਦਾ ਹੀ ਅਭਾਵ ਰਿਹਾ ਹੈ, ਇਸ ਲਈ ਪਰਾਚੀਨ ਭਾਰਤੀ ਪ੍ਰਥਾ ਅਨੁਸਾਰ ਉਸ ਨੇ ਵੀ ਹੀਰ ਦੇ ਕਿੱਸੇ ਨੂੰ ਸੁਖਾਂਤ ਹੀਂ ਬਣਾਇਆ।

ਇਸ ਨਾਲ ਦਾ ਦੂਜਾ ਪਰਸਿੱਧ ਕਿੱਸਾਕਾਰ ਪੀਲੂ ਹੋਇਆ ਹੈ ਜਿਸ ਨੇ ਪੰਜਾਬੀ ਵਿਚ ਸਭ ਤੋਂ ਪਹਿਲਾਂ ਮਿਰਜ਼ੇ ਸਾਹਿਬਾਂ ਦਾ ਕਿੱਸਾ ਲਿੱਖਿਆ ਹੈ। ਪੀਲੂ ਨੇ ਸਾਹਿਬਾਂ ਦੇ ਦਿਲ ਵਿਚ ਭਰਾ ਤੇ ਪ੍ਰੇਮੀ ਦੇ ਦੁਵੱਲੀ ਪਿਆਰ ਦੀ ਟੱਕਰ ਨੂੰ ਬੜੀ ਸੁਚੱਜਤਾ ਨਾਲ ਚਿਤਰਿਆ ਹੈ। ਪੰਜਾਬ ਦੇ ਪਿੰਡਾਂ ਵਿਚ ਇਹ ਕਿੱਸਾ ਬਹੁਤ ਮਕਬੂਲ ਹੈ। ਪੀਲੂ ਦੇ ਮਗਰੋਂ ਹਾਫ਼ਜ਼ ਬਰਖ਼ੁਰਦਾਰ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਇਸੇ ਚਾਲ ਵਿਚ ਲਿਖਿਆ। ਹਾਫ਼ਜ਼ ਬਰਖ਼ੁਰਦਾਰ ਜਹਾਂਗੀਰ ਤੇ ਸ਼ਾਹਜਹਾਂ ਦਾ ਸਮਕਾਲੀ ਸੀ ਅਤੇ ਤਖ਼ਤ ਹਜ਼ਾਰੇ ਦਾ ਵਸਨੀਕ ਸੀ, ਇਸ ਲਈ ਉਸ ਦੀ ਬੋਲੀ ਉਤੇ ਲਹਿੰਦੀ ਦਾ ਪ੍ਰਭਾਵ ਹੋਣਾ ਕੁਦਰਤੀ ਸੀ। ਮਿਰਜ਼ਾ ਸਾਹਿਬਾਂ ਦੇ ਇਲਾਵਾ ਉਸ ਨੇ ਯੂਸਫ਼ ਜ਼ੁਲੈਖਾਂ ਤੇ ਸੱਸੀ ਪੁੰਨੂੰ ਦੇ ਕਿੱਸੇ ਵੀ ਲਿਖੇ ਹਨ।

ਇਸੇ ਕਾਲ ਵਿਚ ਅਹਿਮਦ ਕਵੀ ਨੇ, ਜੋ ਔਰੰਗਜ਼ੇਬ ਦਾ ਸਮਕਾਲੀ ਸੀ, ਹੀਰ ਦਾ ਕਿੱਸਾ ਬੈਂਤਾਂ ਵਿਚ ਲਿਖਿਆ, ਅਹਿਮਦ ਦੀ ਬੋਲੀ ਠੇਠ ਕੇਂਦਰੀ ਪੰਜਾਬੀ ਹੈ, ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਅਹਿਮਦ ਤੋਂ ਪਹਿਲਾਂ, ਪੰਜਾਬੀ ਦੇ ਹਰਮਨ ਪਿਆਰੇ ਛੰਦ ਬੈਂਤ ਦਾ ਕੋਈ ਨਮੂਨਾ ਸਾਨੂੰ ਨਹੀਂ ਮਿਲਦਾ ਅਤੇ ਇਸ ਦੇ ਬੈਂਤਾਂ ਦਾ ਛੰਦ ਵਰਣਿਕ ਸਵੱਈਏ ਦਾ ਹੀ ਬਦਲਿਆ ਹੋਇਆ ਰੂਪ ਹੈ।

ਕਿੱਸਾਕਾਰੀ ਦੇ ਇਲਾਵਾ ਇਸ ਕਾਲ ਵਿਚ ਕੁਝ ਵਾਰਾਂ ਵੀ ਲਿਖੀਆਂ ਗਈਆਂ।

## (ਸ) ਵਾਰਤਕ

ਇਸ ਕਾਲ ਦੀ ਵਾਰਤਕ ਵਿਚ ਅਸੀਂ, ਬਚਨਾਂ ਸਾਖੀਆਂ ਟੀਕਿਆਂ ਪਰਮਾਰਥਾਂ, ਗੋਸ਼ਟਾਂ ਅਤੇ ਪੁਰਾਤਨ ਰਚਨਾਵਾਂ ਦੇ ਅਨੁਵਾਦਾਂ ਨੂੰ ਗਿਣ ਸਕਦੇ ਹਾਂ। ਸਭ ਤੋਂ ਮਹੱਤਾਪੂਰਣ ਵਾਰਤਕ ਰਚਨਾ ਪੁਰਾਤਨ ਜਨਮ ਸਾਖੀ ਹੈ ਜੋ ਲਹਿੰਦੀ ਬੋਲੀ ਵਿਚ ਲਿੱਖੀ ਹੋਈ ਹੈ। ਮੈਕਾਲਫ਼ ਸਾਹਿਬ ਅਨੁਸਾਰ ਇਹ ੧੫੮੮ ਦੀ ਰਚਨਾ ਹੈ ਅਤੇ ਇਸ ਦੇ ਲੰਡਨ ਆਫ਼ਿਸ਼ ਵਾਲੇ ਖਰੜੇ ਦੀ ਮਿਤੀ ਡਾਕਟਰ ਮੋਹਨ ਸਿੰਘ ਅਨੁਸਾਰ ੧੬੨੩ ਹੈ। ਚੂੰਕਿ ਪ੍ਰੋ: ਸਾਹਿਬ ਸਿੰਘ ਜੀ ਨੇ ਜਨਮ ਸਾਖੀਆਂ ਦਾ ਵਿਸ਼ੇਸ਼ ਅਧਿਐਨ ਕੀਤਾ ਹੈ, ਇਸ ਲਈ ਉਨ੍ਹਾਂ ਦੀ ਸਿੱਧ ਕੀਤੀ ਤਾਰੀਖ਼ ੧੬੩੫ ਈ: ਨੂੰ ਹੀ ਪਰਮਾਣੀਕ ਮੰਨਣਾ ਠੀਕ ਹੈ।

ਦੂਜੀ ਮਹਤਾ-ਪੂਰਣ ਵਾਰਤਕ ਰਚਨਾ ਭਾਈ ਬਿਧੀ ਚੰਦ ਵਾਲੀ ਸਾਖੀ ਹੈ, ਜੋ ੧੬੪੦ ਦੀ ਕਿਰਤ ਹੈ।

ਡਾਕਟਰ ਮੋਹਨ ਸਿੰਘ ਜੀ ਦਾ ਖ਼ਿਆਲ ਹੈ ਕਿ ਭਾਈ ਬਾਲੇ ਵਾਲੀ ਸਾਖੀ ਇਸੇ ਦੇ ਆਧਾਰ ਉਤੇ, ਗੁਰੂ ਗੋਬਿੰਦ ਸਿਘ ਜੀ ਦੇ ਸਮੇਂ ਲਿਖੀ ਗਈ, ਭਾਵੇਂ ਆਮ ਰਵਾਇਤ ਇਹੋ ਰਹੀ ਹੈ ਕਿ ਭਾਈ ਬਾਲੇ ਵਾਲੀ ਸਾਖੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਲਿੱਖੀ ਗਈ ਸੀ ।

ਇਨ੍ਹਾਂ ਦੇ ਇਲਾਵਾ ਤੀਹ 'ਆਦਿ ਸਾਖੀਆਂ' ਵੀ ਹਨ ਜਿਨ੍ਹਾਂ ਵਿਚੋਂ ਇਕ ਸਾਖੀ ਅਕਬਰ ਨੂੰ ਵੀ ਸੁਣਾਈ ਗਈ ਦੱਸੀ ਗਈ ਹੈ ।

## ੩. ਢਲਦਾ ਮੁਗ਼ਲ ਕਾਲ

(੧੭੦੮—੧੮੦੦ ਈ:)

ਇਸ ਵਿਚ ਕੋਈ ਸ਼ੱਕ ਨਹੀਂ ਕਿ ੧੮ਵੀਂ ਸਦੀ ਰਾਜਸੀ ਦ੍ਰਿਸ਼ਟੀ ਤੋਂ ਮੁਗ਼ਲ ਰਾਜ ਦੀ ਢਹਿੰਦੀ ਕਲਾ ਦੀ ਸਦੀ ਸੀ । ਸਗੋਂ ਆਰਥਕ ਤੇ ਸਦਾਚਾਰਕ ਨੁਕਤੇ ਤੋਂ ਵੀ ਇਹ ਸੌ ਸਾਲ ਅਧੋਗਤੀ ਤੇ ਪਤਨ ਦੇ ਸਾਲ ਹੀ ਸਨ । ਪਰ ਕਈ ਆਲੋਚਕਾਂ ਦੀ ਰਾਏ ਹੈ ਕਿ ਢਹਿੰਦੇ ਤੇ ਅਧੋਗਤੀ ਦੇ ਸਮੇਂ ਦਾ ਸਾਹਿਤ ਵੀ ਨੀਵਾਂ ਤੇ ਨਿਘਰਿਆ ਹੋਇਆ ਹੀ ਹੁੰਦਾ ਹੈ । ਇਹ ਗੱਲ ਠੀਕ ਨਹੀਂ ਕਿਉਂਕਿ ਇਸ ਕਾਲ ਵਿਚ ਬੁਲ੍ਹੇ ਤੇ ਵਾਰਿਸ ਵਰਗੇ ਮਹਾਨ ਕਵੀਆਂ ਦੀਆਂ ਰਚਨਾਵਾਂ ਤੋਂ ਇਲਾਵਾ ਕਈ ਹੋਰ ਸਾਹਿਤਕ ਕੰਮ ਵੀ ਹੋਏ । ਇਸੇ ਕਾਲ ਵਿਚ ਨਜਾਬਤ ਨੇ ਨਾਦਰਸ਼ਾਹ ਦੀ ਵਾਰ ਲਿਖੀ ਜੋ ਚੰਡੀ ਦੀ ਵਾਰ ਨੂੰ ਛਡ ਕੇ ਪੰਜਾਬੀ ਬੀਰ ਰਸੀ ਕਾਵਿ ਵਿਚ ਆਪਣਾ ਜੋੜ ਨਹੀਂ ਰਖਦੀ ।

## (ੳ) ਸੂਫ਼ੀ ਸਾਹਿਤ

ਇਸ ਕਾਲ ਵਿਚ ਫ਼ਰੀਦ ਦਾ ਮੁੱਢਲਾ ਜਪ ਤਪ ਸੰਜਮ ਵਾਲਾ ਸੂਫ਼ੀ ਮਤ ਅਤੇ ਸ਼ਾਹ ਹੁਸੈਨ ਦਾ 'ਕੌਠੀ ਚਾਹੀਏ ਭੰਗ ਦੀ, ਬੇਮਿਣਤੀ ਚਾਹੀਏ ਰੰਗ ਦੀ' ਵਾਲਾ ਰਿਦਾਨਾ ਸੂਫ਼ੀ ਮਤ, ਬੁਲ੍ਹੇਸ਼ਾਹ ਦਾ ਅਦਵੈਤਵਾਦੀ ਸੂਫ਼ੀ ਮਤ ਵਿਚ ਇਕ ਨਵੀਂ ਸਿਖਰ ਨੂੰ ਛੂੰਹਦਾ ਨਜ਼ਰ ਆਉਂਦਾ ਹੈ ।

### ਬੁਲ੍ਹੇ ਸ਼ਾਹ (੧੬੮੦–੧੭੫੨)

ਬੁਲ੍ਹੇ ਸ਼ਾਹ ਦਾ ਜਨਮ ਕਸੂਰ ਦੇ ਲਾਗੇ ਪੰਡੋਕੀ ਨਾਂ ਦੇ ਇਕ ਪਿੰਡ ਵਿਚ ਹੋਇਆ । ਮੁਢਲੀ ਵਿਦਿਆ ਪਰਾਪਤ ਕਰਨ ਪਿਛੋਂ ਉਹ ਲਾਹੌਰ ਦੇ ਫ਼ਕੀਰ ਇਨਾਇਤਸ਼ਾਹ ਦਾ ਮੁਰੀਦ ਬਣ ਗਿਆ । ਸ਼ਾਹ ਇਨਾਇਤ ਫ਼ਾਰਸੀ ਤੇ ਅਰਬੀ ਦਾ ਵਿਦਵਾਨ ਸੀ ਅਤੇ ਕਾਦਰੀ ਫ਼ਿਰਕੇ ਦਾ ਖ਼ਲੀਫ਼ਾ ਮੰਨਿਆ ਜਾਂਦਾ ਸੀ । ਆਪਣੀ ਪੁਸਤਕ 'ਦਸਤੂਰ-ਉਲ ਅਮਲ' ਵਿਚ ਸ਼ਾਹ ਇਨਾਇਤ ਨੇ ਉਨ੍ਹਾਂ ਸੱਤ ਰਸਤਿਆਂ ਦਾ ਵਰਣਨ ਕੀਤਾ ਹੈ ਜੋ ਪੁਰਾਤਨ ਹਿੰਦੂ ਰੀਤ ਅਨੁਸਾਰ 'ਪਰਮ ਹੰਸ' ਦੀ ਉਚੀ ਪਦਵੀ ਤੇ ਪੁਜਣ ਲਈ ਵਰਤੇ ਜਾਂਦੇ ਸਨ । ਸ਼ਾਹ ਇਨਾਇਤ ਦੇ ਵਿਚਾਰ ਵਿਚ ਸਿਕੰਦਰ ਦੇ ਸੈਨਿਕ ਇਸ ਗਿਆਨ ਨੂੰ ਯੂਨਾਨ ਲੈ ਗਏ, ਜਿਥੋਂ ਈਰਾਨ ਦੇ ਮੁਸਲਮਾਨ ਸੂਫ਼ੀਆਂ ਨੇ ਇਨ੍ਹਾਂ ਨੂੰ ਗ੍ਰਹਿਣ ਕੀਤਾ, ਸੋ ਬੁਲ੍ਹੇਸ਼ਾਹ ਦੇ ਵਿਚਾਰਾਂ ਉਤੇ ਪ੍ਰਾਚੀਨ ਹਿੰਦੂ ਰਹੱਸਵਾਦ ਦਾ ਪ੍ਰਭਾਵ ਕੁਦਰਤੀ ਸੀ । ਇਸ ਪ੍ਰਭਾਵ ਦਾ ਸਿੱਟਾ ਹੈ ਕਿ ਉਸ ਨੇ ਈਰਾਨੀ ਸੂਫ਼ੀਆਂ ਦੇ ਬੁਲਬੁਲ, ਚਮਨ, ਸ਼ਰਾਬ, ਪਿਆਲੇ ਦੇ ਪ੍ਰਤੀਕਾਂ ਨੂੰ ਛਡ ਕੇ ਨਿਰੋਲ ਦੇਸੀ ਪ੍ਰਤੀਕਾਂ ਨੂੰ ਵਰਤਿਆ ਅਤੇ ਕ੍ਰਿਸ਼ਨ, ਮੁਰਲੀ, ਬਿਦਰਾਬਨ, ਗਊਆਂ ਆਦਿ ਦਾ ਜ਼ਿਕਰ ਕੀਤਾ । ਵੈਸ਼ਨਵ ਭਗਤਾਂ ਦੀ ਰੀਸੇ ਉਸ ਨੇ ਆਪਣੇ ਆਪ ਨੂੰ ਪਤਨੀ ਤੇ ਰੱਬ ਨੂੰ ਪਤੀ ਦੇ ਰੂਪ ਵਿਚ ਦੇਖਿਆ ਜਾਂ ਫਿਰ ਨਿਰੋਲ

ਪੰਜਾਬੀ ਬਿੰਬਾਵਲੀ ਨੂੰ ਵਰਤਦਿਆਂ ਆਪਣੇ ਆਪ ਨੂੰ ਹੀਰ ਤੇ ਰੱਬ ਨੂੰ ਰਾਂਝਾ ਕਰ ਕੇ ਉਸ ਲਈ ਤੜਪ ਪਰਗਟ ਕੀਤੀ। ਇਥੇ ਬਸ ਨਹੀਂ, ਉਸ ਨੇ ਪੰਜਾਬੀ ਜੀਵਨ ਵਿਚੋਂ ਤ੍ਰਿੰਜਣ, ਚਰਖੇ, ਪੱਤਣ, ਖੂਹ, ਲੱਜ, ਘੜਾ ਘੜੋਲੀ ਆਦਿ ਜਾਣੀਆਂ-ਪਛਾਣੀਆਂ ਵਸਤਾਂ ਨੂੰ ਚਿੰਨ੍ਹ ਬਣਾ ਕੇ ਸੂਫ਼ੀ ਮਤ ਨੂੰ ਨਿਰੋਲ ਪੰਜਾਬੀ ਰੰਗਣ ਵਿਚ ਰੰਗ ਦਿੱਤਾ।

## ਅਲੀ ਹੈਦਰ (੧੬੯੦-੧੭੮੫)

ਅਲੀ ਹੈਦਰ ਦਾ ਜਨਮ ਮੁਲਤਾਨ ਦੇ ਇਕ ਪਿੰਡ ਕਾਜ਼ੀਆਂ ਵਿਚ ਹੋਇਆ। ਬੁਲ੍ਹੇ ਸ਼ਾਹ ਵਾਂਙ ਉਸ ਦਾ ਸਬੰਧ ਵੀ ਕਾਦਰੀ ਫ਼ਿਰਕੇ ਨਾਲ ਸੀ। ਉਸ ਦਾ ਕਲਾਮ ਲਹਿੰਦੀ ਬੋਲੀ ਵਿਚ ਹੈ ਅਤੇ ਉਸ ਦੀਆਂ ਸੀਹਰਫ਼ੀਆਂ ਵਿਚ ਕਹਿਰਾਂ ਦੀ ਰਵਾਨੀ ਹੈ। ਆਮ ਤੌਰ ਤੇ ਸੂਫ਼ੀਆਂ ਦੀਆਂ ਮਜਲਸਾਂ ਵਿਚ ਨਾਚ ਨਾਲ ਢੋਲ ਵਜਾ ਕੇ ਘੁੰਮਰ ਪਾਉਂਦੇ ਸੂਫ਼ੀ ਲੋਕ ਉਸ ਦੇ ਕਲਾਮ ਨੂੰ ਗਾਉਂਦੇ ਹਨ। ਫ਼ਰਦ ਫ਼ਕੀਰ ਇਸ ਸਮੇਂ ਦਾ ਇਕ ਹੋਰ ਸੂਫ਼ੀ ਫ਼ਕੀਰ ਹੈ, ਪਰ ਉਸ ਦੀ ਰਚਨਾ ਬੁਲ੍ਹੇ ਤੇ ਅਲੀ ਹੈਦਰ ਦੇ ਹੁਨਰ ਨੂੰ ਨਹੀਂ ਪਹੁੰਚਦੀ, ਉਸ ਦੀ ਪੁਸਤਕ 'ਕਸਬ-ਨਾਮਾ ਬਾਫ਼ਿੰਦਗਾਂ' ਹੈ, ਜਿਸ ਵਿਚ ਉਸ ਨੇ ਜੁਲਾਹਿਆਂ ਦਾ ਪ੍ਰਤੀਕ ਵਰਤ ਕੇ ਜੁਲਾਹਿਆਂ ਦੀ ਉਪਮਾ ਤੇ ਉਨ੍ਹਾਂ ਉਤੇ ਜ਼ੁਲਮ ਕਰਨ ਵਾਲੇ ਹਾਕਮਾਂ ਦੀ ਨਿਖੇਧੀ ਕੀਤੀ ਹੈ। ਇਸ ਕਾਲ ਦਾ ਇਕ ਹੋਰ ਸੂਫ਼ੀ ਕਵੀ ਵਜੀਦ ਹੋਇਆ ਹੈ ਜਿਸ ਨੇ ਆਪਣੇ ਛੰਦਾਂ ਵਿਚ ਉਸ ਸਮੇਂ ਦੇ ਰਾਜਸੀ ਤੇ ਸਦਾਚਾਰਕ ਹਾਲਤ ਉਤੇ ਖ਼ੂਬ ਕਟਾਕਸ਼ ਕੀਤੇ ਹਨ।

# *(ਅ) ਕਿੱਸਾ ਸਾਹਿੱਤ*

ਸੂਫ਼ੀ ਸਾਹਿੱਤ ਵਾਂਙ ਇਸ ਕਾਲ ਦਾ ਕਿੱਸਾ ਸਾਹਿਤ ਵੀ ਸਿਖਰਾਂ ਛੂੰਹਦਾ ਨਜ਼ਰ ਆਉਂਦਾ ਹੈ। ਇਸ ਕਾਲ ਦਾ ਪਹਿਲਾ ਕਿੱਸਾਕਾਰ ਮੁਕਬਲ ਹੈ ਜਿਸ ਨੇ ਵਾਰਸ ਤੋਂ ਪਹਿਲੇ ਹੀਰ ਦਾ ਕਿੱਸਾ ਚਾਰ ਚਾਰ ਜੁੱਟਾਂ ਵਾਲੇ ਬੈਂਤਾਂ ਵਿਚ ਲਿਖਿਆ। ਵਾਰਸਸ਼ਾਹ ਦੀ ਹੀਰ ਨੂੰ ਧਿਆਨ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਵਾਰਸ ਨੇ ਮੁਕਬਲ ਦੀ ਹੀਰ ਪੜ੍ਹੀ ਹੋਈ ਸੀ ਕਿਉਂਕਿ ਉਸ ਨੇ ਮੁਕਬਲ ਦੀਆਂ ਕਈ ਤੁਕਾਂ, ਤਰਕੀਬਾਂ ਤੇ ਜ਼ਮੀਨਾਂ ਆਪਣੀ 'ਹੀਰ' ਵਿਚ ਵਰਤੀਆਂ ਹਨ। ਹੀਰ ਤੋਂ ਇਲਾਵਾ ਮੁਕਬਲ ਨੇ ਇਕ ਜੰਗਨਾਮਾ ਵੀ ਲਿਖਿਆ, ਜੋ ਸੰਨ ੧੭੪੭ ਈ: ਵਿਚ ਪੂਰਾ ਹੋਇਆ। ਮੁਕਬਲ ਦਾ ਪੂਰਾ ਨਾਂ ਸ਼ਾਹ ਜਹਾਨ ਸੀ ਅਤੇ ਉਹ ਅੱਖਾਂ ਤੋਂ ਅੰਨ੍ਹਾ ਸੀ।

## ਵਾਰਸ ਸ਼ਾਹ (੧੭੩੫-੧੭੯੦)

ਵਾਰਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖਾਂ, ਜ਼ਿਲਾ ਸ਼ੇਖ਼ੂਪੁਰੇ ਵਿਚ ਹੋਇਆ। ਉਸ ਨੇ ਆਪਣੀ ਵਿਦਿਆ ਪਹਿਲੋਂ ਕਸੂਰ ਤੇ ਪਾਕਪਟਨ ਦੀਆਂ ਦਰਸਗਾਹਾਂ ਵਿਚ ਪਰਾਪਤ ਕੀਤੀ। ਇਕ ਰਵਾਇਤ ਅਨੁਸਾਰ ਉਹ ਠੱਟੇ ਜ਼ਾਹਦ ਦੀ ਇਕ ਸੁੰਦਰੀ ਭਾਗਭਰੀ ਉਤੇ ਆਸ਼ਕ ਹੋ ਗਿਆ ਸੀ, ਪਰ ਅੱਤ ਉਪਰਾਮ ਹੋ ਕੇ ਉਹ ਲੰਮੇ ਦੇ ਇਲਾਕੇ ਵਿਚ ਮਲਕ ਹਾਂਸ ਨਾਂ ਦੇ ਪਿੰਡ ਵਿਚ ਜਾ ਟਿਕਿਆ ਜਿਥੇ ਮਸੀਤ ਵਿਚ ਬੈਠ ਕੇ ਉਸ ਨੇ 'ਹੀਰ' ਦੇ ਕਿੱਸੇ ਨੂੰ ਪੂਰਨ ਕੀਤਾ, ਇਹ ਉਹ ਜ਼ਮਾਨਾ ਸੀ ਜਦ ਅਹਿਮਦ ਸ਼ਾਹ ਅਬਦਾਲੀ, ਦਿੱਲੀ ਦੇ ਮੁਗਲਾਂ ਤੇ ਸਿੱਖਾਂ ਨੇ ਪੰਜਾਬ ਨੂੰ ਇਕ ਤਿਕੋਨੀ ਜੰਗ ਦਾ ਅਖਾੜਾ ਬਣਾਇਆ ਹੋਇਆ ਸੀ। ਵਾਰਸ ਦੀ 'ਹੀਰ' ਉਤੇ ਥਾਂ ਥਾਂ ਇਨ੍ਹਾਂ ਰਾਜਸੀ ਹਾਲਾਤ ਦਾ ਪਰਛਾਵਾਂ ਪਿਆ ਨਜ਼ਰ ਆਉਂਦਾ ਹੈ।

ਵਾਰਸ ਤੋਂ ਪਹਿਲ ਦਮੋਦਰ, ਅਹਿਮਦ, ਤੇ ਮੁਕਬਲ ਤਿੰਨ ਪਰਸਿੱਧ ਕਵੀ ਹੀਰ ਦੇ ਕਿੱਸੇ ਉਤੇ

ਹੱਥ ਅਜ਼ਮਾ ਚੁੱਕੇ ਸਨ ਅਤੇ ੧੭੬੦ ਵਿਚ ਗੁਰਦਾਸ ਖ਼ਤਰੀ ਨੇ ਵੀ ਹਿੰਦੀ ਕਵਿਤਾ ਵਿਚ ਹੀਰ ਦੀ ਕਹਾਣੀ ਨੂੰ ਕਲਮਬੰਦ ਕੀਤਾ ਸੀ, ਪਰ ਜੋ ਸਫ਼ਲਤਾ ਵਾਰਸ ਨੂੰ ਪਰਾਪਤ ਹੋਈ ਹੈ, ਉਹ ਹੋਰ ਕਿਸੇ ਨੂੰ ਨਸੀਬ ਨਹੀਂ ਹੋਈ। ਅਹਿਮਦ ਤੇ ਮੁਕਬਲ ਉਂਞ ਵਾਰਸ ਨਾਲੋਂ ਛੁਟੇਰੇ ਕਵੀ ਸਨ। ਦਮੋਦਰ ਜ਼ਰੂਰ ਵਾਰਸ ਦੀ ਟੱਕਰ ਦਾ ਸੀ, ਪਰ ਉਸ ਦਾ ਕਿੱਸਾ ਢੇਰ ਲਹਿੰਦੀ ਵਿਚ ਹੋਣ ਕਰ ਕੇ ਤੇ ਲਹਿੰਦੇ ਮੁਹਾਵਰੇ ਦੇ ਦਿਨੋਂ ਦਿਨ ਘਟਦੇ ਜਾਣ ਦੇ ਕਾਰਨ, ਇਤਨਾ ਲੋਕ-ਪ੍ਰਿਯ ਨਾ ਰਹਿ ਸਕਿਆ। ਵਾਰਸਸ਼ਾਹ ਦੀ ਵਡਿਆਈ ਦਾ ਕੇਵਲ ਇਹੀ ਕਾਰਣ ਨਹੀਂ, ਉਂਜ ਵੀ ਪੰਜਾਬੀ ਵਾਤਾਵਰਣ, ਪੰਜਾਬੀ ਰਹਿਣੀ ਬਹਿਣੀ ਅਤੇ ਸਭ ਤੋਂ ਵਧ ਕੇ ਪੰਜਾਬੀ ਬੋਲੀ ਦਾ ਗਿਆਤਾ ਹੋਣ ਕਰਕੇ ਉਸ ਦਾ ਕਿੱਸਾ, ਪੰਜਾਬੀ ਕਿੱਸਿਆਂ ਵਿਚ ਸ਼ਿਰੋਮਣੀ ਮੰਨਿਆ ਗਿਆ ਹੈ, ਵਾਰਿਸਸ਼ਾਹ ਦੀ ਹੀਰ ਉਸ ਵੇਲੇ ਦੇ ਪੰਜਾਬ ਦਾ ਸ਼ੀਸ਼ਾ ਹੈ, ਜਿਸ ਵਿਚ ਵੇਲੇ ਦੇ ਰਾਜਸੀ, ਸਮਾਜਕ ਤੇ ਸਭਿਆਚਾਰਕ ਹਾਲਾਤ ਸਪਸ਼ਟ ਨਜ਼ਰ ਆਉਂਦੇ ਹਨ। ਵਾਰਸ ਦੀ ਦੂਜੀ ਖ਼ੂਬੀ ਸੁਚੱਜੀ ਪਾਤਰ-ਉਸਾਰੀ ਹੈ, ਉਸ ਦੇ ਹੱਥਾਂ ਵਿਚੋਂ ਲੰਘ ਕੇ ਹੀਰ, ਰਾਂਝਾ, ਸਹਿਤੀ ਤੇ ਕੈਦੋ ਆਦਿ ਪਾਤਰ ਸਦਾ ਲਈ ਅਮਰ ਹੋ ਗਏ ਹਨ। ਇਸੇ ਕਾਲ ਵਿਚ ਹਾਮਦ ਸ਼ਾਹ ਅੱਬਾਸੀ ਨੇ ਵੀ ਹੀਰ ਦਾ ਕਿੱਸਾ ਲਿਖਿਆ, ਜੋ ਉਸ ਨੇ ੧੭੮੩ ਈ: ਤੋਂ ਸ਼ੁਰੂ ਕਰਕੇ ੧੮੦੫ ਵਿਚ ਸੰਪੂਰਨ ਕੀਤਾ।

## (ੲ) ਵਾਰ-ਸਾਹਿਤ

ਇਸ ਸਮੇਂ ਪੰਜਾਬ ਵਿਚ ਕਈ ਜੁਗਗਰਦੀਆਂ ਹੋਈਆਂ, ਇਸ ਲਈ ਕਿਸੇ ਨਾ ਕਿਸੇ ਬੀਰ-ਰਸੀ ਕਵੀ ਦਾ ਪੈਦਾ ਹੋਣਾ ਕੁਦਰਤੀ ਸੀ। ਇਸ ਕਾਲ ਵਿਚ ਸਭ ਤੋਂ ਪਹਿਲੇ ਮੁਕਬਲ ਨੇ 'ਜੰਗਨਾਮਾ' ਲਿਖ ਕੇ ਬੀਰ-ਰਸੀ ਕਾਵਿ ਦਾ ਮੁੱਢ ਬੰਨ੍ਹਿਆ, ਪਰ ਇਸ ਜੰਗਨਾਮੇ ਦਾ ਪੰਜਾਬ ਦੇ ਇਸ ਕਾਲ ਤੇ ਰਾਜਸੀ ਹਾਲਾਤ ਦਾ ਕੋਈ ਸਬੰਧ ਨਹੀਂ, ਇਸ ਵਿਚ ਹਸਨ ਹੁਸੈਨ ਦੀ ਬਹਾਦਰੀ ਤੇ ਸ਼ਹਾਦਤ ਦਾ ਵਰਨਨ ਹੈ।

ਇਸ ਸਮੇਂ ਦੀ ਅਗਲੀ ਪਰਤਿਨਿਧ ਬੀਰ ਰਸੀ ਕਵਿਤਾ ਨਜਾਬਤ ਦੀ ਲਿਖੀ ਨਾਦਰਸ਼ਾਹ ਦੀ ਵਾਰ ਹੈ। ਇਸ ਵਿਚ ੧੭੩੮-੩੯ ਵਿਚ ਹੋਏ ਨਾਦਰਸ਼ਾਹ ਦੇ ਹੱਲੇ ਦਾ ਵਰਨਨ ਹੈ, ਇਸ ਵਾਰ ਵਿਚ ਨਜਾਬਤ ਨੇ ਈਰਾਨੀਆਂ ਤੇ ਅਫ਼ਗ਼ਾਨਾਂ ਦੀ ਥਾਂ, ਜੋ ਬਿਦੇਸ਼ੀ ਜਰਵਾਣੇ ਸਨ, ਦਿੱਲੀ ਦੀ ਮੁਗ਼ਲ ਤਾਕਤਾਂ ਨਾਲ ਆਪਣੀ ਹਮਦਰਦੀ ਦਿਖਾਈ ਹੈ, ਪਰ ਨਾਲ ਹੀ ਉਨ੍ਹਾਂ ਦੀ ਦੁਫ਼ੇੜ ਤੇ ਕੁਟਲ-ਨੀਤੀ ਦੀ ਨਿਖੇਧੀ ਕੀਤੀ ਹੈ। ਇਸ ਵਾਰ ਵਿਚ ਦਿੱਲੀ ਦੇ ਕਤਲਾਮ ਦਾ ਉੱਕਾ ਜ਼ਿਕਰ ਨਹੀਂ, ਕੇਵਲ ਕਰਨਾਲ ਦੀ ਲੜਾਈ ਨੂੰ ਹੀ ਬਿਆਨ ਕੀਤਾ ਗਿਆ ਹੈ। ਇਹ ਵਾਰ ਪਰਾਚੀਨ ਭਾਰਤੀ-ਵਾਰ-ਪ੍ਰਥਾ ਅਨੁਸਾਰ ਕਲ ਤੇ ਨਾਰਦ ਦੇ ਝਗੜੇ ਨਾਲ ਸ਼ੁਰੂ ਹੁੰਦੀ ਹੈ। ਇਤਿਹਾਸਕ ਮਹਾਨਤਾ ਨਾਲੋਂ ਵੀ ਇਸ ਵਾਰ ਦੀ ਕਾਵਿਕ ਮਹਾਨਤਾ ਵਧੇਰੇ ਹੈ। ਸ਼ਬਦਾਂ ਦੀ ਚੋਣ, ਗੌਂਦ ਤੇ ਉਸਾਰੀ ਵਿਚ ਇਹ ਵਾਰ ਆਪਣਾ ਸਾਨੀ ਨਹੀਂ ਰੱਖਦੀ। ਬੋਲੀ ਵੀ ਬੜੀ ਸਾਦੀ ਸੰਘਣੀ ਤੇ ਤਾਕਤਵਰ ਵਰਤੀ ਹੈ। ਬੋਲੀ ਕੇਵਲ ਬਿਰਤਾਂਤੀ ਹੀ ਨਹੀਂ, ਸਗੋਂ ਨਾਟਕੀ ਗੁਣ ਵੀ ਰਖਦੀ ਹੈ। ਕਈ ਵਾਰੀ ਇਕ ਫਿਕੀ ਜਹੀ ਤੁਕ ਵਿਚ ਨਜਾਬਤ ਇਕ ਲੰਬੇ ਕਰਮ ਨੂੰ ਦਿਖਾ ਜਾਂਦਾ ਹੈ ਜਿਵੇਂ:—

ਉਸ ਹੰਨੇ ਹਥ, ਰਕਾਬ ਪੈਰ, ਮੂੰਹ ਦੁਆ ਬਖਾਨੇ।

੧੭੩੪ ਈ: ਵਿਚ ਹਕੀਕਤ ਰਾਏ ਦੀ ਦਰਦਨਾਕ ਸ਼ਹੀਦੀ ਹੋਈ। ਇਸ ਸਾਕੇ ਨੇ ਅਗਰੇ ਕਵੀ ਨੂੰ ਵਾਰ ਲਿਖਣ ਦੀ ਪਰੇਰਨਾ ਦਿਤੀ। ਇਹ ਵਾਰ ਦਵੱਦੀਏ ਛੰਦ ਵਿਚ ਹੈ ਅਤੇ ਇਸ ਦੇ ਕੁਲ ੨੧੨ ਬੰਦ ਹਨ। ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਵੀ ਇਸੇ ਕਾਲ ਵਿਚ ਲਿਖੀ ਗਈ, ਇਸ ਵਿਚ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਦੀ ਗੁਲਾਮ ਮੁਹੰਮਦ ਚੱਠੇ ਦੇ ਵਿਰੁਧ ਜੰਗ ਦਾ ਵਰਨਨ ਹੈ, ਇਹ ਵਾਰ ਪਉੜੀਆਂ ਵਿਚ ਲਿਖੀ ਗਈ ਹੈ, ਬੋਲੀ ਬੜੀ ਠੇਠ ਤੇ ਜ਼ੋਰਦਾਰ ਹੈ।

ਜਸ਼ੋਧਾਂ ਨੰਦਨ ਦੀ ਲਵਕੁਸ਼ ਦੀ ਵਾਰ ਵੀ ਅਠਾਰ੍ਹਵੀਂ ਸਦੀ ਵਿਚ ਲਿਖੀ ਗਈ, ਇਸੇ ਤਰ੍ਹਾਂ ਦੇਵੀਦਾਸ ਨੇ ਵੀ ਇਕ 'ਲਵ ਕੁਸ਼ ਦੀ ਵਾਰ' ਲਿਖੀ ਹੈ, ਇਹ ਦੋਵੇਂ ਵਾਰਾਂ ਪ੍ਰੋ: ਪਿਆਰਾ ਸਿਘ ਪਦਮ ਸੰਪਾਦਿਤ 'ਪੰਜਾਬੀ ਵਾਰਾਂ' ਵਿਚ ਪਰਾਪਤ ਹਨ।

## (ਸ) ਗੱਦ ਸਾਹਿਤ

ਇਸ ਕਾਲ ਵਿਚ ਗੱਦ-ਰਚਨਾ ਵੀ ਢੇਰ ਲਿਖੀ ਗਈ। ਪਿਛਲੇ ਕਾਲ ਨਾਲੋਂ ਸ਼ੈਲੀ ਵਿਚ ਵੀ ਵਧੇਰੇ ਨਿਖਾਰ ਆਇਆ ਜਾਪਦਾ ਹੈ। ਇਸ ਕਾਲ ਵਿਚ ਹਿੰਦੂਆਂ, ਸਿਖਾਂ ਤੇ ਮੁਸਲਮਾਨਾਂ ਤਿੰਨਾਂ ਨੇ ਹੀ ਗੱਦ ਰਚਨਾ ਵਲ ਧਿਆਨ ਦਿਤਾ। ਭਾਈ ਮਨੀ ਸਿੰਘ ਜੀ (ਮਿਰਤੂ ੧੭੩੭) ਨੂੰ ਇਸ ਸਮੇਂ ਦੇ ਸ਼ਿਰੋਮਣੀ ਵਾਰਤਕ ਲੇਖਕ ਕਿਹਾ ਜਾ ਸਕਦਾ ਹੈ। ਆਪ ਆਪਣੇ ਸਮੇਂ ਦੇ ਬਹੁਤ ਉਘੇ ਵਿਦਵਾਨ ਸਨ। ਆਪ ਨੇ ਹੀ ਦਸਮ ਗ੍ਰੰਥ ਦੀ ਬੀੜ ਤਿਆਰ ਕੀਤੀ ਸੀ। ਬ੍ਰਿਜਭਾਸ਼ਾ, ਫ਼ਾਰਸੀ ਤੇ ਸੰਸਕ੍ਰਿਤ ਦੇ ਵਿਦਵਾਨ ਹੋਣ ਦੇ ਕਾਰਨ ਆਪ ਦੀ ਬੋਲੀ ਉਤੇ ਇਨ੍ਹਾਂ ਭਾਸ਼ਾਵਾਂ ਦਾ ਪ੍ਰਭਾਵ ਪਰਤੱਖ ਹੈ। ਫਿਰ ਵੀ ਆਪ ਦੀ ਸ਼ੈਲੀ ਬੜੀ ਮਿੱਠੀ, ਕਾਵਿਮਈ ਤੇ ਸਪਸ਼ਟ ਹੈ, 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਆਪ ਦੀਆਂ ਪਰਸਿੱਧ ਵਾਰਤਕ ਪੁਸਤਕਾਂ ਹਨ।

ਇਸ ਕਾਲ ਦੀ ਇਕ ਹੋਰ ਮਹੱਤਾ-ਪੂਰਨ ਪੁਸਤਕ 'ਪ੍ਰੇਮ-ਸੁਮਾਰਗ' ਹੈ। ਇਹ ਪੁਸਤਕ ਇਕ ਸਦਾਚਾਰਕ ਨੇਮਾਵਲੀ ਦੀ ਸ਼ਕਲ ਵਿਚ ਲਿੱਖੀ ਗਈ ਹੈ ਜਿਸ ਵਿਚ ਘਟ ਖਾਓ, ਘਟ ਗੱਲਾਂ ਕਰੋ, ਘਟ ਸਵੋਂ, ਜੇ ਦੁਸ਼ਮਣ ਅਤਿਆਚਾਰ ਕਰੇ ਤਾਂ ਯੁੱਧ ਵਿਚ ਜੂਝ ਮਰੋ ਆਦਿ ਹਦਾਇਤਾਂ ਅੰਕਿਤ ਹਨ।

ਇਸ ਕਾਲ ਵਿਚ ਅੱਡਣਸ਼ਾਹ ਦੀ ਵਾਰਤਕ ਵਿਸ਼ੇਸ਼ ਮਹੱਤਾ ਰਖਦੀ ਹੈ ਆਪ ਅਠਾਰ੍ਹਵੀਂ ਸਦੀ ਦੇ ਇਕ ਪਰਸਿੱਧ ਸੇਵਾਪੰਥੀ ਸਾਧੂ ਹੋਏ ਹਨ। ਆਪ ਦੇ ਜੀਵਨ ਤੇ ਰਚਨਾ ਬਾਰੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਨੇ ਖੋਜ ਕੀਤੀ ਹੈ, 'ਉਨ੍ਹਾਂ ਦੇ ਕੱਢੇ ਸਿੱਟਿਆਂ ਅਨੁਸਾਰ ਆਪ ਦਾ ਜਨਮ ਪਿੰਡ ਲਊ, ਜ਼ਿਲਾ ਝੰਗ ਵਿਚ ਹੋਇਆ, ਭਾਈ ਸੇਵਾਰਾਮ ਜੀ ਨੇ ਆਪ ਨੂੰ ਆਪਣਾ ਸ਼ਿਸ਼ ਬਣਾਇਆ ਅਤੇ ਸੇਵਾ-ਪੰਥੀਆਂ ਦੀ ਸੰਪਰਦਾ ਵਿਚ ਦਾਖ਼ਲ ਕੀਤਾ। ਇਸ ਸੰਪਰਦਾ ਦਾ ਪਿੱਛਾ ਭਾਈ ਕਨ੍ਹਈਏ ਜੀ ਨਾਲ ਜਾ ਮਿਲਦਾ ਹੈ, ਅੱਡਣ ਸ਼ਾਹ ਦੀ ਮਿਰਤੂ ੧੭੫੭ ਈ: ਵਿਚ ਹੋਈ।

ਆਪ ਦੇ ਨਾਂ ਨਾਲ ਦੋ ਪੁਸਤਕਾਂ, ਪਾਰਸ ਭਾਗ ਤੇ ਸਾਖੀਆਂ ਨੂੰ ਜੋੜਿਆ ਜਾਂਦਾ ਹੈ, ਪ੍ਰੋ: ਪ੍ਰੀਤਮ ਸਿੰਘ ਜੀ ਦੀ ਖੋਜ ਅਨੁਸਾਰ 'ਸਾਖੀਆਂ' ਅੱਡਣ ਸ਼ਾਹ ਦੀ ਰਚਨਾ ਨਹੀਂ ਸਗੋਂ ਉਨ੍ਹਾਂ ਬਾਰੇ ਲਿਖੀਆਂ ਗਈਆਂ ਹਨ। ਉਨ੍ਹਾਂ ਦੀ ਆਪਣੀ ਰਚਨਾ 'ਪਾਰਸ ਭਾਗ' ਹੀ ਹੈ। ਇਹ ਪੁਸਤਕ ਫ਼ਾਰਸੀ ਦੇ ਪਰਸਿਧ ਲੇਖਕ ਅਮਾਮ ਗ਼ੱਜ਼ਾਲੀ ਦੀ ਪੁਸਤਕ 'ਕੀਮੀਆਏ ਸਆਦਤ' ਦਾ ਅਨੁਵਾਦ ਹੈ। ਬੋਲੀ ਬੜੀ ਮਿੱਠੀ, ਨਾਟਕੀ ਤੇ ਭਾਵ-ਪੂਰਤ ਹੈ।

## ੪. ਰਣਜੀਤ ਸਿੰਘ ਕਾਲ

(੧੮੦੦-੧੮੪੦ ਤਕ)

ਭਾਵੇਂ ਰਣਜੀਤ ਸਿੰਘ ਕਾਲ ਵਿਚ ਪੰਜਾਬ ਨਿਵਾਸੀਆਂ ਨੂੰ ਲਗਭਗ ਤੀਹ ਚਾਲੀ ਸਾਲ ਸ਼ਾਂਤੀ ਦੇ ਨਸੀਬ ਹੋਏ, ਫਿਰ ਵੀ ਪੰਜਾਬੀ ਸਾਹਿਤ ਨੂੰ ਕੋਈ ਖ਼ਾਸ ਉਤਸ਼ਾਹ ਨਹੀਂ ਮਿਲਿਆ। ਸਿਵਾਏ ਹਾਸ਼ਮ ਨੂੰ ਥੋੜ੍ਹੀ ਬਹੁਤੀ ਜਾਗੀਰ ਤੇ ਕਾਦਰਯਾਰ ਨੂੰ ਇਕ ਅੱਧਾ ਖੂਹ ਇਨਾਮ ਮਿਲਣ ਦੇ ਪੰਜਾਬੀਆਂ ਦੀ ਆਪਣੀ ਸਰਕਾਰ ਨੇ ਪੰਜਾਬੀ ਬੋਲੀ ਤੇ ਸਾਹਿਤ ਨੂੰ ਅੱਗੇ ਲਿਜਾਣ ਲਈ ਕੋਈ ਉਚੇਚਾ ਕਦਮ ਨਹੀਂ ਚੁਕਿਆ, ਇਸ ਸਮੇਂ ਵਿਚ ਵੀ ਰਾਜਸੀ ਤੇ ਸਮਾਜਕ ਹਾਲਤ ਜਾਗੀਰਦਾਰੀ ਪ੍ਰਥਾ ਵਾਲੇ ਹੀ ਰਹੇ ਅਤੇ ਰਾਜ-ਕਾਜ ਦੀ ਬੋਲੀ ਵੀ ਫ਼ਾਰਸੀ ਹੀ ਰਹੀ। ਇਸ ਕਾਲ ਦੇ

ਪਰਮੁੱਖ ਲੇਖਕ ਕਿੱਸਾਕਾਰ ਹੀ ਹੋਏ ਹਨ ਅਤੇ ਉਨ੍ਹਾਂ ਦੇ ਉਦਮ ਨਾਲ ਪੰਜਾਬੀ ਵਿਚ ਕੁਝ ਨਵਿਆਂ ਕਿੱਸਿਆਂ ਦਾ ਪ੍ਰਵੇਸ਼ ਵੀ ਹੋਇਆ ।

## (ੳ) ਕਿੱਸਾ ਸਾਹਿਤ

### ਹਾਸ਼ਮ ਸ਼ਾਹ

ਇਸ ਕਾਲ ਦਾ ਪਹਿਲਾ ਕਿੱਸਾਕਾਰ ਹਾਸ਼ਮ ਸ਼ਾਹ ਸੀ । ਉਸ ਨੇ ਸੱਸੀ ਪੁੰਨੂੰ, ਸੋਹਣੀ ਮਹੀਂਵਾਲ, ਤੇ ਸ਼ੀਰੀਂ ਫ਼ਰਿਹਾਦ ਦੇ ਕਿੱਸੇ ਲਿਖੇ, ਉਸ ਦੇ ਕਿੱਸਿਆਂ ਦਾ ਵੱਡਾ ਗੁਣ ਸੰਖੇਪਤਾ ਹੈ, ਉਸ ਵਿਚ ਵਾਰਸ ਵਰਗੇ ਬੇਲੋੜੇ ਵੇਰਵੇ ਨਹੀਂ, ਦਵੱਈਆਂ ਛੰਦ ਉਸ ਨੂੰ ਬਹੁਤ ਪਿਆਰਾ ਹੈ । ਇਹੋ ਕਾਰਨ ਹੈ ਕਿ ਕਿੱਸਿਆਂ ਦੇ ਇਲਾਵਾ ਉਸ ਨੇ ਆਪਣੇ ਦੋਹੜਿਆਂ ਲਈ ਵੀ ਏਸੇ ਛੰਦ ਨੂੰ ਵਰਤਿਆ ਹੈ । ਭਾਵੇਂ ਉਸ ਦੇ ਸਾਰੇ ਕਿੱਸੇ ਚੰਗੀ ਪੱਧਰ ਦੇ ਹਨ, ਪਰ ਸੱਸੀ ਪੁੰਨੂੰ ਦਾ ਕਿੱਸਾ ਸਭਾ ਤੋਂ ਚੰਗਾ ਮੰਨਿਆ ਹੈ । ਕਿੱਸਿਆਂ ਦੇ ਇਲਾਵਾ ਹਾਸ਼ਮ ਨੇ ਦੋਹੜੇ ਤੇ ਡਿਉਢਾਂ ਵੀ ਲਿਖੀਆਂ ਹਨ । 'ਹਾਸ਼ਮ ਰਚਨਾਵਲੀ' ਸੰਪਾਦਿਤ ਸ: ਪਿਆਰਾ ਸਿੰਘ 'ਪਦਮ' ਵਿਚ ਇਹ ਸਮੂਹ ਰਚਨਾਵਾਂ ਇਕੱਠੀਆਂ ਪ੍ਰਕਾਸ਼ਤ ਕੀਤੀਆਂ ਮਿਲਦੀਆਂ ਹਨ । ਸਾਡੀ ਰਾਏ ਵਿਚ ਹਾਸ਼ਮ ਦੇ ਦੋਹੜੇ ਉਸ ਦੇ ਸਾਰੇ ਕਿੱਸਿਆਂ ਨਾਲੋਂ ਵਡੇਰੀ ਸਾਹਿਤਕ ਮਹਾਨਤਾ ਰਖਦੇ ਹਨ । ਦੋਹੜਿਆਂ ਦੀ ਪ੍ਰਥਾ ਪੰਜਾਬੀ ਵਿਚ ਕੁਝ ਮੁਲਤਾਨੀ ਕਵੀਆਂ ਤੇ ਸੁਲਤਾਨ ਬਾਹੂ ਨੇ ਸ਼ੁਰੂ ਕੀਤੀ ਸੀ ਜਿਸ ਨੂੰ ਹਾਸ਼ਮ ਨੇ ਸੰਪੂਰਨਤਾ ਦੀ ਸਿਖਰ ਤੇ ਪਹੁੰਚਾਇਆ ।

### ਕਾਦਰ ਯਾਰ

ਕਾਦਰਯਾਰ ਜਾਤ ਦਾ ਸੰਧੂ ਜੱਟ ਸੀ । ਉਹ ਪਿੰਡ ਮਾਛੀ ਕੇ, ਜ਼ਿਲ੍ਹਾ ਸ਼ੇਖ਼ੂਪੁਰੇ ਦਾ ਵਸਨੀਕ ਸੀ ਉਹ ਰਣਜੀਤ ਸਿੰਘ ਦੇ ਰਾਜ ਦੇ ਅੰਤਲੇ ਦਿਨਾਂ ਵਿਚ ਹੋਇਆ ਹੈ, ਉਸ ਨੂੰ ਸਿੱਖ ਸਰਦਾਰਾਂ ਦੀ ਸਰਪ੍ਰਸਤੀ ਹਾਸਲ ਸੀ । ਸੋਹਣੀ ਮਹੀਂਵਾਲ ਦੇ ਪੁਰਾਣੇ ਕਿੱਸੇ ਤੋਂ ਇਲਾਵਾ, ਕਾਦਰਯਾਰ ਨੇ ਰਾਜਾ ਰਸਾਲੂ ਤੇ ਪੂਰਨ ਭਗਤ ਦੇ ਦੋ ਨਵੇਂ ਕਿੱਸੇ ਵੀ ਸਾਨੂੰ ਦਿੱਤੇ । ਕਾਦਰਯਾਰ ਦੀ ਬੋਲੀ ਵਿਚ ਬਹੁਤੀ ਅੜਕ ਮੜਕ ਨਹੀਂ । ਕਿੱਸਿਆਂ ਦੇ ਇਲਾਵਾ ਉਸ ਨੇ 'ਹਰੀ ਸਿੰਘ ਨਲਵੇ ਦੀ ਵਾਰ' ਵੀ ਬੈਂਤਾਂ ਵਿਚ ਲਿਖੀ ਹੈ । ਕਾਦਰਯਾਰ ਦੀ ਹਰਮਨ-ਪਿਆਰਤਾ ਦੇ ਦੋ ਕਾਰਨ ਹਨ, ਬੋਲੀ ਦੀ ਸਾਦਗੀ ਅਤੇ ਪੂਰਨ, ਰਸਾਲੂ, ਨਲਵਾ ਆਦਿ ਦੇਸੀ ਵਰਿਆਮਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਉਣਾ ।

### ਅਹਿਮਦ ਸ਼ਾਹ

ਜੇ ਗਿਣਤੀ ਹੀ ਕਿਸੇ ਚੀਜ਼ ਦਾ ਮਾਪ ਹੋਵੇ ਤਾਂ ਅਹਿਮਦ-ਸ਼ਾਹ ਨੂੰ 'ਕਿੱਸਿਆਂ ਦਾ ਬਾਦਸ਼ਾਹ' ਕਹਿ ਸਕਦੇ ਹਾਂ, ਉਸ ਨੇ ਲਗਭਗ ਪੈਂਤੀ ਕਿੱਸੇ ਲਿਖੇ ਹਨ ਜਿਨ੍ਹਾਂ ਵਿਚੋਂ ਹਾਤਮਤਾਈ, ਯੂਸਫ਼ ਜ਼ੁਲੈਖ਼ਾਂ, ਲੈਲਾ ਮਜਨੂੰ, ਸੈਫ਼ੁਲਮਲੂਕ, ਕਾਮ ਰੂਪ, ਰਾਜ ਬੀਬੀ, ਸੱਸੀ ਪੁੰਨੂੰ, ਚੰਦਰ ਬਦਨ ਤੇ ਸੋਹਣੀ ਮਹੀਂਵਾਲ ਆਦਿ ਪਰਸਿੱਧ ਹਨ । ਅਹਿਮਦਯਾਰ ਪੰਜਾਬੀ ਦਾ ਪਹਿਲਾ ਆਲੋਚਕ ਹੋਣ ਕਰ ਕੇ ਵੀ ਪਰਸਿੱਧ ਹੈ ਕਿਉਂਕਿ ਉਸ ਨੇ ਸਭ ਤੋਂ ਪਹਿਲਾਂ ਹੋ ਗੁਜ਼ਰੇ ਕਵੀਆਂ, ਹਾਫ਼ਜ਼ ਬਰਖ਼ੁਰਦਾਰ, ਪੀਲੂ, ਮੁਕਬਲ, ਹਾਮਦ, ਵਾਰਸ, ਹਾਸ਼ਮ ਆਦਿ ਦੇ ਕਾਵਿ-ਗੁਣਾਂ ਨੂੰ ਹਾੜਿਆ ਤੋਲਿਆ ਹੈ ।

ਇਸੇ ਕਾਲ ਵਿਚ ਅਮਾਮ ਬਖ਼ਸ਼ ਨੇ ਲੇਲਾ ਮਜਨੂੰ, ਚੰਦਰ ਬਦਨ, ਗੁਲ ਬਦਨ, ਗੁਲ ਸਨੌਬਰ, ਸ਼ਾਹ ਬਹਿਰਾਮ ਆਦਿ ਕਿੱਸੇ ਲਿਖੇ। ਮੁਹੰਮਦ ਬਖ਼ਸ਼ ਦਾ ਪਰਸਿੱਧ ਤੇ ਸੁੰਦਰ ਕਿੱਸਾ 'ਸੈਫੁਲ ਮਲੂਕ' ਵੀ ਇਸੇ ਨਾਲ ਦੀ ਕਿਰਤ ਹੈ

## (ਅ) ਦੇਸ ਭਗਤੀ ਦਾ ਸਾਹਿਤ

ਕਿੱਸਾਕਾਰਾਂ ਦੇ ਇਲਾਵਾ ਇਸ ਕਾਲ ਵਿਚ ਸ਼ਾਹ ਮੁਹੰਮਦ, ਮਟਕ, ਆਦਿ ਨੇ ਦੇਸ਼ ਭਗਤੀ ਦੀ ਕਵਿਤਾ ਰਚੀ ਹੈ। ਮਟਕ ਨੇ ਕੁਝ ਸਿੱਖ ਆਗੂਆਂ ਦੀ ਗ਼ਦਾਰੀ ਨੂੰ ਭੰਡਿਆ ਹੈ। ਸ਼ਾਹ ਮੁਹੰਮਦ (੧੭੮੨-੧੮੬੨) ਇਸ ਰਸ ਦਾ ਪ੍ਰਮੁਖ ਕਵੀ ਮੰਨਿਆ ਜਾਂਦਾ ਹੈ, ਉਹ ਵਡਾਲਾ, ਜ਼ਿਲਾ ਅਮ੍ਰਿਤਸਰ ਦਾ ਰਹਿਣ ਵਾਲਾ ਸੀ। ਉਸ ਦੀ ਰਚਨਾ 'ਜੰਗ ਸਿੰਘਾਂ ਤੇ ਫ਼ਰੰਗੀਆਂ' ਨੂੰ ਕਾਵਿਕ ਤੇ ਇਤਿਹਾਸਕ ਦੋਹਾਂ ਦ੍ਰਿਸ਼ਟੀਕੋਣਾਂ ਤੋਂ ਬੜੀ ਮਹਾਨਤਾ ਦਿੱਤੀ ਗਈ ਹੈ। ਇਹੋ ਕਾਰਨ ਹੈ ਕਿ ਪਹਿਲੋਂ ਡਾਕਟਰ ਗੰਡਾ ਸਿੰਘ ਜੀ ਨੇ ਤੇ ਫਿਰ ਪ੍ਰੋ: ਸੀਤਾ ਰਾਮ ਕੋਹਲੀ ਨੇ ਉਸ ਦੀ ਰਚਨਾ ਨੂੰ ਬੜੇ ਵਿਸਥਾਰ ਪੂਰਬਕ ਤਾਰੀਖੀ ਹਵਾਲਿਆਂ ਤੇ ਟਿੱਪਣੀਆਂ ਸਹਿਤ ਸੰਪਾਦਤ ਕੀਤਾ ਹੈ। ਸ਼ਾਹ ਮੁਹੰਮਦ ਦੀ ਕਵਿਤਾ ਦਾ ਵੱਡਾ ਗੁਣ ਪੰਜਾਬੀਆਂ ਵਿਚ ਵਤਨ-ਪ੍ਰਸਤੀ ਤੇ ਸਾਂਝ ਦੇ ਜਜ਼ਬੇ ਨੂੰ ਪੈਦਾ ਕਰਨਾ ਹੈ। ਉਹ ਹਿੰਦੂਆਂ ਮੁਸਲਮਾਨਾਂ ਨੂੰ ਭਰਾ ਤੇ ਅੰਗਰੇਜ਼ ਸਾਮਰਾਜੀਆਂ ਨੂੰ 'ਤੀਸਰੀ ਜ਼ਾਤ' ਕਹਿਦਾ ਹੈ। ਸ਼ਾਹ ਮੁਹੰਮਦ ਦੇ ਕਿੱਸੇ ਵਿਚ ਇਤਿਹਾਸਕ ਪੱਖ ਤੋਂ ਕਈ ਕਮਜ਼ੋਰੀਆਂ ਹਨ ਕਿਉਂਕਿ ਉਹ ਰਾਣੀ ਜਿੰਦਾਂ ਨੂੰ ਲੜਾਈ ਦਾ ਮੂਲ ਕਾਰਨ ਦਸਦਾ ਹੈ।

## (ੲ) ਵਾਰਤਕ ਸਾਹਿਤ

ਇਸ ਕਾਲ ਵਿਚ ਕੋਈ ਵਿਸ਼ੇਸ਼ ਵਾਰਤਕ ਰਚਨਾ ਨਹੀਂ ਹੋਈ। ਮਹਾਰਾਜਾ ਰਣਜੀਤ ਸਿੰਘ ਸਮੇਂ ਦੀ ਪੰਜਾਬੀ ਵਿਚ ਲਿਖੀ ਇਕ ਡਾਇਰੀ ਨੂੰ ਹੀ ਇਸ ਕਾਲ ਦੀ ਵਾਰਤਕ ਦਾ ਨਮੂਨਾ ਸਮਝ ਸਕਦੇ ਹਾਂ। ਇਸ ਦੇ ਇਲਾਵਾ ੧੮੧੫ ਵਿਚ, ਈਸਾਈ ਪਾਦਰੀਆਂ ਦੇ ਜਤਨ ਨਾਲ ਬਾਈਬਲ ਦਾ ਅਨੁਵਾਦ ਪਜਾਬੀ ਵਿਚ ਹੋਇਆ। ਫਿਰ ੧੮੫੪ ਵਿਚ ਲੁਧਿਆਣਾ ਮਿਸ਼ਨ ਵਾਲਿਆਂ ਨੇ ਪੰਜਾਬੀ ਦਾ ਕੋਸ਼ ਵੀ ਤਿਆਰ ਕੀਤਾ। ਇਸ ਸਮੇਂ ਹੀ ਭਾਈ ਮਹਿਤਾਬ ਸਿਘ ਸ਼ੇਰੂਵਾਲੀਏ ਨੇ 'ਅਦਲੇ ਅਕਬਰੀ' ਨਾਂ ਦੀ ਵੱਡੀ ਪੁਸਤਕ ਦਾ ਅਨੁਵਾਦ ਪੰਜਾਬੀ ਵਿਚ ਕੀਤਾ।

## ੫. ਪਰਿਵਰਤਨ ਕਾਲ

(੧੮੬੦–੧੯੦੦ ਈ:)

### ਪਿਛੋਕੜ

ਜਿਵੇਂ ਅਸੀਂ ਪਿੱਛੇ ਦਸ ਆਏ ਹਾਂ ੧੮੪੯ ਵਿਚ ਹੀ ਪੰਜਾਬ ਬਰਤਾਨਵੀ ਸਾਮਰਾਜ ਦਾ ਭਾਗ ਬਣ ਚੁਕਾ ਸੀ। ਖੁਲ੍ਹੇ ਤੌਰ ਤੇ ਸੋਚੀਏ ਤਾਂ ੧੮੪੯ ਤੋਂ ਹੀ ਆਧੁਨਿਕ ਕਾਲ ਦਾ ਆਰੰਭ ਮਿੱਥ ਸਕਦੇ ਹਾਂ ਕਿਉਂਕਿ ਪੰਜਾਬ ਵਿਚ ਅੰਗਰੇਜ਼ ਦੇ ਪੈਰ ਜੰਮਣ ਨਾਲ ਹੀ ਪੰਜਾਬ ਦੇ ਰਾਜਸੀ, ਸਮਾਜਕ ਤੇ ਸਾਹਿਤਕ ਖੇਤਰਾਂ ਉਤੇ ਆਧੁਨਿਕਤਾ ਦੇ ਪ੍ਰਭਾਵ ਪੈਣੇ ਸ਼ੁਰੂ ਹੋ ਗਏ ਸਨ, ਪਰ ਬਰੀਕ ਦ੍ਰਿਸ਼ਟੀ ਨਾਲ ਦੇਖਿਆਂ ਉਨ੍ਹੀਵੀਂ ਸਦੀ ਦੇ ਦੂਜੇ ਪੰਜਾਹੇ ਨੂੰ ਆਧੁਨਿਕ ਕਾਲ ਦਾ ਨਾਂ ਨਹੀਂ ਦਿੱਤਾ ਜਾ ਸਕਦਾ। ਇਸ ਕਾਲ ਵਿਚ ਆਧੁਨਿਕਤਾ ਦਾ ਬੀਜ ਜ਼ਰੂਰ ਪਿਆ, ਪਰ ਇਹ ਸਾਰਾ ਪੰਜਾਹਾ ਹੀ ਇਸ ਬੀਜ ਦੇ ਫੁਟਣ, ਉਗਣ ਤੇ ਨਿਸਰਨ ਉਤੇ ਹੀ ਲਗ ਗਿਆ। ਆਧੁਨਿਕਤਾ ਦੇ ਬਿਰਛ ਨੂੰ ਫੁਲ ਤੇ

ਫਲ ਵੀਹਵੀਂ ਸਦੀ ਦੇ ਮੁੱਢ ਤੋਂ ਹੀ ਲਗਣੇ ਸ਼ੁਰੂ ਹੋਏ।

ਇਸ ਸਮੇਂ ਨੂੰ ਪਰਿਵਰਤਨ ਕਾਲ ਕਹਿਣਾ ਵਧੇਰੇ ਯੋਗ ਹੈ। ਕਿਉਂਕਿ ਇਨ੍ਹਾਂ ਪੰਜਾਹ ਸਾਲਾਂ ਵਿਚ ਦੋ ਸਭਿਅਤਾਵਾਂ ਦਾ ਪਹਿਲੋਂ ਟਕਰਾਉ ਤੇ ਫਿਰ ਮਿਸ਼ਰਣ ਹੋਇਆ। ਭਾਵੇਂ ੧੮੫੭ ਦੇ ਗ਼ਦਰ ਦੇ ਬਾਅਦ ਅੰਗਰੇਜ਼ਾਂ ਦਾ ਜਬ੍ਹਾ ਮੁਕੰਮਲ ਤੌਰ ਤੇ ਕਾਇਮ ਹੋ ਗਿਆ ਸੀ, ਫਿਰ ਵੀ ਉਨ੍ਹਾਂ ਨੂੰ ਪੰਜਾਬੀਆਂ ਦੇ ਬਾਹੂਬਲ ਤੇ ਦੇਸ਼ ਭਗਤੀ ਦਾ ਪਤਾ ਸੀ। ਉਨ੍ਹਾਂ ਨੂੰ ਤੌਖਲਾ ਸੀ ਕਿ ਇਹ ਅੱਗ ਕਿਤੇ ਫੇਰ ਨਾ ਭੜਕ ਉਠੇ ਜਿਵੇਂ ਕਿ ੧੮੭੨ ਵਿਚ ਬਾਬਾ ਰਾਮ ਸਿੰਘ ਨਾਮਧਾਰੀ ਨੇ ਭੜਕਾਈ ਸੀ ਅਤੇ ਅੰਗਰੇਜ਼ੀ ਵਸਤਾਂ, ਅੰਗਰੇਜ਼ੀ ਅਦਾਲਤਾਂ ਤੇ ਅੰਗਰੇਜ਼ੀ ਬੋਲੀ ਦੇ ਬਾਈਕਾਟ ਦਾ ਨਾਹਰਾ ਲਾਇਆ ਸੀ। ਸੋ ਚਤਰ ਅੰਗਰੇਜ਼ਾਂ ਨੇ ਪੰਜਾਬੀਆਂ ਦਾ ਧਿਆਨ ਰਾਜਸੀ ਪਾਸੇ ਵਲੋਂ ਹਟਾ ਕੇ ਧਾਰਮਕ, ਵਿਦਿਅਕ ਤੇ ਸਭਿਆਚਾਰਕ ਪਾਸੇ ਵਲ ਲਾਉਣ ਦੀ ਸਕੀਮ ਬਣਾਈ। ਉਨ੍ਹਾਂ ਨੇ ਹਿੰਦੂ, ਮੁਸਲਮਾਨ ਤੇ ਸਿਖ ਲੀਡਰਾਂ ਨੂੰ ਉਤਸ਼ਾਹ ਦੇ ਕੇ ਵਿਦਿਅਕ ਮੁਆਮਲਿਆਂ ਵਿਚ ਦਿਲਚਸਪੀ ਲੈਣ ਦੀ ਪ੍ਰੇਰਨਾ ਦਿੱਤੀ। ਕਈ ਹਾਲਤਾਂ ਵਿਚ ਅੰਗਰੇਜ਼ਾਂ ਨੇ ਮਾਇਕ ਸਹਾਇਤਾ ਦੇ ਕੇ ਜਾਂ ਵੱਡੇ ਜਾਗੀਰਦਾਰਾਂ ਤੇ ਮਹਾਰਾਜਿਆਂ ਕੋਲੋਂ ਸਹਾਇਤਾ ਦਿਵਾ ਕੇ ਵਿਦਿਅਕ ਸੰਸਥਾਵਾਂ ਕਾਇਮ ਕਰਵਾਈਆਂ, ਖ਼ਾਲਸਾ ਕਾਲਜ ਅੰਮ੍ਰਿਤਸਰ ਤੇ ਅਲੀ ਗੜ੍ਹ ਕਾਲਜ ਇਸ ਗੱਲ ਦੀਆਂ ਪਰਤੱਖ ਮਿਸਾਲਾਂ ਹਨ।

ਭਾਵੇਂ ਹਿੰਦੂ, ਸਿਖ ਤੇ ਮੁਸਲਮਾਨ ਇਸ ਪਾਸੇ ਵਲ ਲਗ ਗਏ, ਪਰ ਗ਼ੁਲਾਮੀ ਦੇ ਜ਼ਖ਼ਮ ਤਾਜ਼ਾ ਹੋਣ ਕਰ ਕੇ ਉਨ੍ਹਾਂ ਦੀ ਆਤਮਾ ਅਜੇ ਪਰੇਸ਼ਾਨ ਸੀ। ਸੈਨਿਕ ਬਲ ਖ਼ਤਮ ਹੋ ਜਾਣ ਦੇ ਕਾਰਨ ਉਹ ਅੰਗਰੇਜ਼ੀ ਰਾਜ ਨੂੰ ਮੁਕਾ ਨਹੀਂ ਸਨ ਸਕਦੇ। ਅੰਗਰੇਜ਼ੀ ਰਾਜ ਇਕ ਹਕੀਕਤ ਬਣ ਚੁਕਾ ਸੀ। ਸੋ ਕੁਦਰਤੀ ਤੌਰ ਤੇ ਉਨ੍ਹਾਂ ਨੇ ਆਪਣੀ ਪੁਰਾਤਨ ਸੂਰਬੀਰਤਾ ਤੇ ਸੰਸਕ੍ਰਿਤੀ ਵਿਚ ਪਨਾਹ ਭਾਲੀ ਅਤੇ ਆਪਣੇ ਪੁਰਾਣੇ ਧਰਮ, ਸਮਾਜ, ਕਲਾ, ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕਰਨ ਦੇ ਉਪਰਾਲੇ ਅਰੰਭ ਦਿੱਤੇ। ਭੂਤ ਕਾਲ ਨੂੰ ਉਚਿਆਣ ਤੇ ਆਦਰਸ਼ਿਆਣ ਦੀ ਇਹ ਰੁਚੀ ਉਨ੍ਹਾਂ ਦਿਨਾਂ ਵਿਚ ਸਾਰੇ ਭਾਰਤ ਵਰਸ਼ ਵਿਚ ਹੀ ਕੰਮ ਕਰ ਰਹੀ ਸੀ। ਬੰਗਾਲ ਵਿਚ ਇਸਨੇ ਬ੍ਰਹਿਮੋ ਸਮਾਜ ਦੀ ਸ਼ਕਲ ਧਾਰਨ ਕੀਤੀ ਅਤੇ ਮੁਸਲਮਾਨਾਂ ਵਿਚ ਇਹ ਅਲੀਗੜ੍ਹ ਲਹਿਰ ਦੇ ਰੂਪ ਵਿਚ ਪਰਗਟ ਹੋਈ। ਇਸੇ ਤਰ੍ਹਾਂ ਪੰਜਾਬ ਦੇ ਹਿੰਦੂਆਂ ਵਿਚ ਆਰੀਆ ਸਮਾਜ ਲਹਿਰ ਤੇ ਸਿੱਖਾਂ ਵਿਚ ਸਿੰਘ ਸਭਾ ਲਹਿਰ ਦੀ ਸ਼ਕਲ ਵਿਚ ਇਹ ਰੁਚੀ ਪਰਤੱਖ ਹੋਈ।

ਪੰਜਾਬ ਦੇ ਆਰੀਆ ਸਮਾਜੀ ਅੰਗਰੇਜ਼ ਵਿਰੋਧੀ ਸਨ। ਨਾਮਧਾਰੀਆਂ ਵਾਂਗ ਉਨ੍ਹਾਂ ਵੀ ਅੰਗਰੇਜ਼ੀ ਵਿਦਿਆ ਦੇ ਵਿਰੁਧ ਪਰਚਾਰ ਕੀਤਾ। ਪਰ ਬੰਗਾਲ ਵਿਚੋਂ ਅੰਗਰੇਜ਼ ਕਈ ਬਾਬੂਆਂ ਨੂੰ ਨੌਕਰ ਬਣਾ ਕੇ ਪੰਜਾਬ ਵਿਚ ਲੈ ਆਏ ਸਨ। ਉਹ ਬ੍ਰਹਿਮੋ ਸਮਾਜ ਦੇ ਪ੍ਰਭਾਵ ਆਪਣੇ ਨਾਲ ਲੈ ਆਏ। ਬ੍ਰਹਿਮੋ ਸਮਾਜੀਆਂ ਦਾ ਉਦੇਸ਼ ਪੁਰਾਣੀ ਸਭਿਅਤਾ ਨੂੰ ਆਦਰਸ਼ਿਆਉਣ ਦੇ ਨਾਲ ਨਾਲ ਅੰਗਰੇਜ਼ੀ ਵਿਦਿਆ ਪਰਾਪਤ ਕਰਨਾ ਵੀ ਸੀ। ਉੱਧਰ ਅਲੀਗੜ੍ਹ ਲਹਿਰ ਦੇ ਪ੍ਰਭਾਵ ਥੱਲੇ ਪੰਜਾਬ ਦੇ ਮੁਸਲਮਾਨ ਵੀ ਅੰਗਰੇਜ਼ੀ ਵਿਦਿਆ ਦੇ ਹੱਕ ਵਿਚ ਹੋ ਗਏ ਸਨ। ਸੋ ਆਰੀਆ ਸਮਾਜ ਦੇ ਬਾਨੀ, ਸਵਾਮੀ ਦਯਾਨੰਦ ਦੀ ਮ੍ਰਿਤੂ ਪਿਛੋਂ, ਆਰੀਆ ਸਮਾਜ ਦੇ ਇਕ ਧੜੇ ਨੇ, ਜਿਸਨੂੰ "ਕਾਲਜ-ਵਿਭਾਗ" ਕਿਹਾ ਜਾਂਦਾ ਹੈ, ਅੰਗਰੇਜ਼ੀ ਵਿਦਿਆ ਫੈਲਾਉਣ ਨੂੰ ਆਪਣੇ ਮਨੋਰਥਾਂ ਵਿਚ ਸ਼ਾਮਲ ਕਰ ਲਿਆ।

ਇਨ੍ਹਾਂ ਲਹਿਰਾਂ ਦਾ ਵੱਡਾ ਪ੍ਰਭਾਵ ਇਹ ਹੋਇਆ ਕਿ ਕੁਝ ਸਾਲਾਂ ਵਿਚ ਹੀ ਪੰਜਾਬ ਵਿਚ ਸੰਪਰਦਾਇਕ ਸਕੂਲਾਂ ਕਾਲਜਾਂ ਦਾ ਜਾਲ ਵਿਛ ਗਿਆ। ਹਿੰਦੂ ਹਿੰਦੀ ਤੇ ਸੰਸਕ੍ਰਿਤ, ਮੁਸਲਮਾਨ ਉਰਦੂ ਤੇ ਫ਼ਾਰਸੀ ਅਤੇ ਸਿੱਖ ਪੰਜਾਬੀ ਉਤੇ ਜ਼ੋਰ ਦੇਣ ਲੱਗ ਪਏ। ਅੰਗਰੇਜ਼ਾਂ ਨੇ ਇਸ ਵਖੇਵੇਂ ਨੂੰ ਹੋਰ ਹਵਾ ਦਿੱਤੀ ਕਿਉਂਕਿ ਬੋਲੀਆਂ ਤੇ ਧਰਮਾਂ ਦੇ ਵਖੇਵੇਂ ਜਿਉਂ ਜਿਉਂ ਵਧਦੇ ਸਨ ਉਨ੍ਹਾਂ ਦੇ ਰਾਜ ਦੀਆਂ ਜੜ੍ਹਾਂ ਤਿਉਂ ਤਿਉਂ ਪੱਕੀਆਂ ਹੁੰਦੀਆਂ ਸਨ।

ਇਸ ਕਾਲ ਵਿਚ ਜੋ ਉਨ੍ਹੀਵੀਂ ਸਦੀ ਦੇ ਅੰਤ ਤੀਕ ਚਲਦਾ ਹੈ, "ਪੰਜਾਬ ਦੀ ਰਾਜਸੀ, ਸਮਾਜਕ, ਵਿਦਿਅਕ ਤੇ ਸਭਿਆਚਾਰਕ ਪ੍ਰਥਾਂ ਵਿਚ ਹੋਰ ਤਬਦੀਲੀਆਂ ਹੋਈਆਂ। ੧੮੬੦ ਵਿਚ ਮਹਿਕਮਾ ਤਾਲੀਮ ਦਾ ਦਫ਼ਤਰ ਪੰਜਾਬ

ਵਿਚ ਖੁਲ੍ਹ ਗਿਆ, ਜਿਸਨੇ ਉਰਦੂ ਨੂੰ ਵਿਦਿਆ ਦਾ ਮਾਧਿਅਮ ਕਰਾਰ ਦਿੱਤਾ। ੧੮੬੪ ਵਿਚ ਓਰੀਐਂਟਲ ਕਾਲਜ ਲਾਹੌਰ ਖੋਲ੍ਹਿਆ ਗਿਆ ਜਿਥੇ ਡਾਕਟਰ ਲਾਈਟਨਰ ਦੇ ਉੱਦਮ ਨਾਲ ਪੰਜਾਬੀ ਦੀਆਂ ਪਹਿਲੀਆਂ ਜਮਾਤਾਂ ੧੮੭੭ ਵਿਚ ਚਾਲੂ ਕੀਤੀਆਂ ਗਈਆਂ। ਈਸਾਈ ਪਾਦਰੀਆਂ ਦੇ ਉੱਦਮ ਨਾਲ ਗੁਰਮੁਖੀ ਟਾਈਪ ਬਣਿਆ ਅਤੇ ਛਾਪੇ ਖ਼ਾਨਿਆਂ ਦਾ ਰਵਾਜ ਸ਼ੁਰੂ ਹੋਇਆ। ੧੮੬੪ ਵਿਚ ਭਾਈ ਮਈਆ ਸਿੰਘ ਜੀ ਤੋਂ ਪੰਜਾਬੀ ਅੰਗਰੇਜ਼ੀ ਕੋਸ਼ ਤਿਆਰ ਕਰਵਾਇਆ ਗਿਆ। ਪਹਿਲੋਂ ੧੮੭੩ ਵਿਚ ਅੰਮ੍ਰਿਤਸਰ ਵਿਖੇ ਸਿੰਘ ਸਭਾ ਕਾਇਮ ਹੋਈ, ਫਿਰ ੧੮੭੯ ਵਿਚ ਲਾਹੌਰ ਵਿਖੇ ਇਕ ਹੋਰ ਸਿੰਘ ਸਭਾ ਸਥਾਪਤ ਹੋਈ ਭਾਵੇਂ ਪਿਛੋਂ ਜਾ ਕੇ ਇਹ ਦੋਵੇਂ ਸਿੰਘ ਸਭਾਵਾਂ ਰਲ ਕੇ ਇਕ ਬਣ ਗਈਆਂ। ੧੮੮੦ ਵਿਚ 'ਗੁਰਮੁਖੀ' ਨਾਂ ਦਾ ਸਭ ਤੋਂ ਪਹਿਲਾ ਅਖ਼ਬਾਰ ਨਿਕਲਿਆ ਅਤੇ ਫਿਰ ੧੮੯੯ ਵਿਚ ਭਾਈ ਵੀਰ ਸਿੰਘ ਜੀ ਨੇ 'ਖ਼ਾਲਸਾ ਸਮਾਚਾਰ' ਨਾਂ ਦਾ ਸਪਤਾਹਿਕ ਜਾਰੀ ਕੀਤਾ ਜੋ ਅਜ ਤੀਕ ਚਲ ਰਿਹਾ ਹੈ। ੧੮੯੨ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ।'

ਇਨ੍ਹਾਂ ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦੇ ਕਾਰਨ ਹੀ ਅਸਾਂ ਉਨ੍ਹੀਵੀਂ ਸਦੀ ਦੇ ਦੂਜੇ ਪੰਜਾਹੇ ਨੂੰ ਪਰਿਵਰਤਨ ਕਾਲ ਦਾ ਨਾਂ ਦੇਣਾ ਮੁਨਾਸਬ ਸਮਝਿਆ ਹੈ ਕਿਉਂਕਿ ਇਸ ਸਮੇਂ ਵਿਚ ਸਾਡੇ ਸਾਹਿਤ ਤੋਂ ਪਿਛਲੀ ਕੂੰਜ ਲੱਥੀ ਤੇ ਪੱਛਮੀ ਰੰਗ ਵਾਲੀ ਨਵੀਂ ਕੂੰਜ ਚੜ੍ਹੀ। ਇਹ ਸਮਾਂ ਬੁਰਜ਼ਵਾ ਨਜ਼ਾਮ ਦੇ ਉਥਾਨ ਤੇ ਸਾਮੰਤੀ ਨਜ਼ਾਮ ਦੇ ਪਤਨ ਅਤੇ ਪੇਂਡੂ ਸਭਿਅਤਾ ਦੇ ਖੇਰੂੰ ਖੇਰੂੰ ਹੋਣ ਅਤੇ ਸ਼ਹਿਰੀ ਸਭਿਅਤਾ ਦੇ ਵਿਕਾਸ਼ ਦਾ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਪੰਜਾਹ ਸਾਲਾਂ ਵਿਚ ਬੰਬਈ, ਮਦਰਾਸ ਤੇ ਕਲਕੱਤੇ ਵਰਗੇ ਸ਼ਹਿਰ ਜੋ ਪਹਿਲੋਂ ਭਾਰਤ ਦੇ ਪਿੰਡੇ ਉਤੇ ਨੁਕਤਿਆਂ ਤੋਂ ਵਧ ਹੈਸੀਅਤ ਨਹੀਂ ਸਨ ਰਖਦੇ, ਬੁਰਜ਼ਵਾ ਸਭਿਅਤਾ ਦੇ ਵਿਕਾਸ਼ ਨਾਲ ਵਧ ਕੇ ਅਤੇ ਵੱਡੇ ਸ਼ਹਿਰਾਂ ਦਾ ਰੂਪ ਧਾਰਨ ਕਰ ਗਏ, ਪਰ ਅੰਗਰੇਜ਼ਾਂ ਨੇ ਸਾਮੰਤਸ਼ਾਹੀ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਮੁਨਾਸਬ ਨਾ ਸਮਝਿਆ ਅਤੇ ਸੈਂਕੜੇ ਨਿੱਕੀਆਂ ਵੱਡੀਆਂ ਰਿਆਸਤਾਂ ਤੇ ਰਜਵਾੜਾਸ਼ਾਹੀਆਂ ਨੂੰ ਆਪਣੇ ਲਾਭ ਹਿੱਤ, ਕਾਇਮ ਰਹਿਣ ਦਿੱਤਾ। ਇਹੋ ਕਾਰਨ ਹੈ ਕਿ ਇਸ ਪੰਜਾਹੇ ਵਿਚ ਪੰਜਾਬੀ ਵਾਰਤਕ ਤੇ ਕਵਿਤਾ ਨੇ ਭਾਵੇਂ ਸਾਹਿੱਤ ਦੇ ਆਧੁਨਿਕ ਰੂਪਾਂ ਨੂੰ ਧਾਰਨ ਕਰ ਲਿਆ, ਪਰ ਵਸਤੂ ਉਤੇ ਸਾਮੰਤੀ ਪ੍ਰਭਾਵਾਂ ਦੀ ਛਾਪ ਉਸੇ ਤਰ੍ਹਾਂ ਕਾਇਮ ਰਹੀ।

## (ੳ) ਕਾਵਿ-ਸਾਹਿੱਤ

ਇਸ ਵੇਲੇ ਤਕ ਪੰਜਾਬੀ ਕਵਿਤਾ ਦੇ ਕਰਤੱਵ ਦਾ ਪਾਲਨ, ਬਹੁਤ ਕਰ ਕੇ, ਮੁਸਲਮਾਨ ਕਵੀ ਹੀ ਕਰਦੇ ਰਹੇ ਸਨ। ਸਿੱਖ ਦੋ ਤਿੰਨ ਸਦੀਆਂ ਤੋਂ ਰਾਜਸੀ ਘੋਲਾਂ ਵਿਚ ਰੁੱਝੇ ਰਹੇ ਸਨ। ਸੋ, ਉਹ ਕਵਿਤਾ ਆਦਿ ਵਲ ਬਹੁਤਾ ਧਿਆਨ ਨਹੀਂ ਸਨ ਦੇ ਸਕੇ, ਹਿੰਦੂਆਂ ਨੇ ਵੀ ਇਸ ਪਾਸੇ ਵਲ ਘਟ ਹੀ ਧਿਆਨ ਕੀਤਾ ਸੀ। ਇਸ ਸਮੇਂ ਵਿਚ ਚਲੀਆਂ ਅੱਧੀਆਂ ਧਾਰਮਿਕ ਤੇ ਅੱਧੀਆਂ ਸਭਿਆਚਾਰਕ ਲਹਿਰਾਂ ਨੇ "ਪਿਉਦਾਦੇ ਦੇ ਖ਼ਜ਼ਾਨੇ ਨੂੰ ਫੋਲਣ" ਦੀ ਜੋ ਪ੍ਰਥਾ ਚਲਾਈ ਉਸਨੇ ਹਿੰਦੂਆਂ ਤੇ ਸਿੱਖਾਂ ਨੂੰ ਮੁੜ ਕੇ ਸਾਹਿੱਤ-ਰਚਨਾ ਵਲ ਪਰੇਰਿਆ। ਇਹੋ ਕਾਰਨ ਹੈ ਕਿ ਇਸ ਪੰਜਾਹੇ ਵਿਚ ਕਈ ਹਿੰਦੂ ਤੇ ਸਿੱਖ ਕਵੀ ਪੈਦਾ ਹੋ ਗਏ ਜਿਵੇਂ ਕਿ ਸਾਧੂ ਸਦਾ ਰਾਮ, ਸਾਧੂ ਦਯਾ ਸਿੰਘ, ਸਾਧੂ ਈਸ਼ਰ ਦਾਸ, ਭਗਵਾਨ ਸਿੰਘ, ਲਾਹੌਰਾ ਸਿੰਘ, ਦੌਲਤ ਰਾਮ, ਕਿਸ਼ਨ ਸਿੰਘ ਆਰਿਫ਼; ਸੰਤਰੇਣ, ਗਿਆਨੀ ਦਿੱਤ ਸਿੰਘ, ਗੰਗਾ ਰਾਮ ਤੇ ਕਾਲੀਦਾਸ ਗੁਜਰਾਂਵਾਲੀਆ ਆਦਿ। ਇਨ੍ਹਾਂ ਵਿਚੋਂ ਕੁਝ ਕਵੀਆਂ ਨੇ ਪ੍ਰੀਤ-ਕਿੱਸੇ ਵੀ ਲਿਖੇ ਹਨ, ਪਰ ਬਹੁਤਿਆਂ ਨੇ ਪੁਨਰ ਜੀਵਨ ( **Revivalism** ) ਦੀ ਲਹਿਰ ਦੇ ਅਧੀਨ ਪੁਰਾਤਨ ਹਿਦੂ ਮਹਾਂਪੁਰਸ਼ਾਂ, ਸੂਰਬੀਰਾਂ ਤੇ ਨਾਇਕਾਂ ਬਾਰੇ ਕਿੱਸੇ ਲਿਖੇ ਜਿਵੇਂ ਕਿ ਗੋਪੀ ਚੰਦ, ਭਰਥਰੀ ਹਰੀ, ਰਾਜਾ ਰਸਾਲੂ, ਪੂਰਨ ਭਗਤ, ਧ੍ਰ ਭਗਤ, ਹਕੀਕਤ ਰਾਏ ਆਦਿ। ਕਿੱਸਿਆਂ ਦੇ ਇਲਾਵਾ ਇਨ੍ਹਾਂ ਸਾਧੂ-ਕਵੀਆਂ ਨੇ ਸੂਫ਼ੀ ਪ੍ਰਥਾ ਦੇ ਮੁਕਾਬਲੇ ਵਿਚ, " ਵੇਦਾਂਤੀ ਵਿਚਾਰਾਂ ਦਾ ਪਰਚਾਰ ਕਾਫ਼ੀਆਂ, ਸੀਹਰਫ਼ੀਆਂ, ਪੈਂਤੀਸ ਅੱਖਰੀਆਂ, ਪੱਤਲਾਂ, ਜੰਦਾਂ, ਚਰਖ਼ਿਆਂ, ਕੁੰਡਲੀਆਂ, ਦੋਹੜਿਆਂ, ਸਤਵਾਰਿਆਂ,

ਅਠਵਾਰਿਆਂ ਅਤੇ ਮਾਝਾਂ ਆਦਿ ਦੇਸੀ ਕਾਵਿ-ਰੂਪਾਂ ਰਾਹੀਂ ਕੀਤਾ ।

ਇਸ ਸਮੇਂ ਪੰਜਾਬੀ ਕਵਿਤਾ ਵਿਚ ਇਕ ਹੋਰ ਪ੍ਰਥਾ ਦਾ ਪ੍ਰਵੇਸ਼ ਵੀ ਹੋਇਆ, ਮੌਲਾਨਾ ਮੁਹੰਮਦ ਹੁਸੈਨ ਆਜ਼ਾਦ, ਮਹਿਕਮਾ ਤਾਲੀਮ, ਪੰਜਾਬ ਦੇ ਦਫ਼ਤਰ ਵਿਚ ਮੁਲਾਜ਼ਮ ਆਣ ਹੋਏ, ਉਨ੍ਹਾਂ ਨੇ ਪੰਜਾਬ ਵਿਚ ਉਰਦੂ ਨੂੰ ਹਰਦਿਲ ਅਜ਼ੀਜ਼ ਬਣਾਉਣ ਲਈ, ਮੁਸ਼ਾਇਰਿਆਂ ਦਾ ਰਵਾਜ ਸ਼ੁਰੂ ਕੀਤਾ । ਇਸ ਦਾ ਅਸਰ ਪੰਜਾਬੀ ਕਵਿਤਾ ਉਤੇ ਵੀ ਪਿਆ ਅਤੇ ਉਨ੍ਹਾਂ ਨੇ ਨਿਰੋਲ ਪੰਜਾਬੀ ਦੇ ਮੁਸ਼ਾਇਰੇ ਵੀ ਸ਼ੁਰੂ ਕਰ ਦਿੱਤੇ । ਇਉਂ ਪੰਜਾਬ ਵਿਚ ਉਸਤਾਦੀ-ਸ਼ਾਗਿਰਦੀ ਦੇ ਕਈ ਸਿਲਸਿਲੇ ਕਾਇਮ ਹੋ ਗਏ ਜਿਨ੍ਹਾਂ ਵਿਚੋਂ ਪਿਆਰੇ ਸਾਹਿਬ, ਮੌਲਵੀ ਫ਼ਰੀਦੁਦੀਨ ਮੁਜ਼ੰਗੀ ਤੇ ਬਾਬਾ ਸਾਦਕ ਦੇ ਸਕੂਲ ਪਰਸਿੱਧ ਹਨ । ਇਸ ਦੇ ਦੋ ਲਾਭ ਹੋਏ : ਇਕ ਤਾਂ ਪੰਜਾਬੀ ਕਵਿਤਾ ਆਮ ਲੋਕਾਂ ਵਿਚ ਮਕਬੂਲ ਹੋਣ ਲਗ ਪਈ, ਦੂਜੇ ਕਵਿਤਾ ਦੇ ਰੂਪ ਵਲ ਵਧੇਰੇ ਧਿਆਨ ਦਿੱਤਾ ਜਾਣ ਲਗ ਪਿਆ ।

## ਸੱਯਦ ਫ਼ਜ਼ਲ ਸ਼ਾਹ (੧੮੨੭–੧੮੯੦)

ਫ਼ਜ਼ਲ ਸ਼ਾਹ ਦਾ ਜਨਮ ਨਵਾਂ ਕੋਟ (ਲਾਹੌਰ) ਵਿਚ ਹੋਇਆ । ਉਸ ਦੇ ਪਿਤਾ ਦਾ ਨਾਂ ਸੱਯਦ ਕੁਤਬ ਸ਼ਾਹ ਸੀ । ਇਕ ਮੁਟਿਆਰ ਨਾਲ ਇਸ਼ਕ ਹੋ ਜਾਣ ਦੇ ਕਾਰਨ ਮਾਪਿਆਂ ਨੇ ਮਾਰ ਕੇ ਘਰੋਂ ਕੱਢ ਦਿੱਤਾ । ਉਹ ਫ਼ਾਈਨੈਨਸ਼ਲ ਕਮਿਸ਼ਨਰ ਲਾਹੌਰ ਦੇ ਮਹਿਕਮੇ ਵਿਚ ਦਫ਼ਤਰੀ ਦਾ ਕੰਮ ਕਰਦਾ ਰਿਹਾ ਅਤੇ ਅੰਤ ੧੧ ਫ਼ਰਵਰੀ ੧੮੯੦ ਨੂੰ ਰਾਮ ਨੂੰ ਪਿਆਰਾ ਹੋ ਗਿਆ ।

ਉਸ ਦੀ ਸਭ ਤੋਂ ਪਹਿਲੀ ਪੁਸਤਕ ਦਾ ਨਾਂ 'ਤੁਹਫ਼ਾਏ ਫ਼ਜ਼ਲ' ਹੈ । ਫ਼ਜ਼ਲ ਸ਼ਾਹ ਨੇ ਭਾਵੇਂ ਹੀਰ ਰਾਂਝਾ, ਸੱਸੀ ਪੁੰਨੂੰ, ਲੇਲਾ ਮਜਨੂੰ ਤੇ ਯੂਸਫ਼ ਜ਼ੁਲੇਖਾਂ ਆਦਿ ਕਿੱਸੇ ਵੀ ਲਿਖੇ, ਪਰ ਉਸ ਦਾ ਸੋਹਣੀ ਮਹੀਂਵਾਲ ਦਾ ਕਿੱਸਾ ਹੀ ਸਭ ਤੋਂ ਵਧ ਕੇ ਮਕਬੂਲ ਹੋਇਆ । ਫ਼ਾਰਸੀ ਤੇ ਅਰਬੀ ਦਾ ਵਿਦਵਾਨ ਹੋਣ ਦੇ ਕਾਰਨ ਉਸ ਦੀ ਕਵਿਤਾ ਵਿਚ ਔਖੇ ਸ਼ਬਦਾਂ ਦੀ ਭਰਮਾਰ ਹੈ, ਹਰਨਾਮ ਸਿੰਘ ਸ਼ਾਨ ਦੇ ਸ਼ਬਦਾਂ ਵਿਚ ਫ਼ਜ਼ਲ ਸ਼ਾਹ ਸਭ ਤੋਂ ਵੱਡਾ 'ਸ਼ਬਦ-ਕਲੋਲੀ' ਹੈ, ਉਹ ਸ਼ਬਦ ਅਲੰਕਾਰਾਂ ਦੀ ਬਹੁਤ ਵਰਤੋਂ ਕਰਦਾ ਹੈ ਜਿਸ ਨੇ ਉਸ ਦੀ ਕਵਿਤਾ ਨੂੰ ਰੁੱਖਾ ਤੇ ਬੋਝਲ ਬਣਾ ਦਿੱਤਾ ਹੈ ।

## ਮੀਆਂ ਮੁਹੰਮਦ ਬਖ਼ਸ਼ (੧੮੨੯–੧੯੦੬)

ਮੀਆਂ ਸਾਹਿਬ ਦਾ ਜਨਮ ਜਿਹਲਮ ਦੇ ਇਕ ਪਿੰਡ 'ਠਾਕਰ' ਵਿਚ ਹੋਇਆ । ਆਪ ਦਾ ਸਿਲਸਿਲਾ ਹਜ਼ਰਤ ਉਮਰ ਨਾਲ ਜਾ ਮਿਲਦਾ ਹੈ । ਆਪ ਦੇ ਪਿਤਾ ਪੀਰ ਦਮੜੀ ਵਾਲਾ ਦੇ ਗੱਦੀਦਾਰ ਸਨ । ਇਸੇ ਕਾਰਨ ਮੀਆਂ ਸਾਹਿਬ ਨੇ ਸਾਰੀ ਉਮਰ ਇਕ ਫੱਕਰ ਵਾਂਗ ਗੁਜ਼ਾਰ ਦਿੱਤੀ । ਆਪ ਨੇ ਸੋਹਣੀ ਮਹੀਂਵਾਲ, ਸ਼ੀਰੀਂ ਫ਼ਰਹਾਦ, ਮਿਰਜ਼ਾ ਸਾਹਿਬਾਂ ਆਦਿ ਕਈ ਕਿੱਸੇ ਲਿਖੇ, ਪਰ ਉਨ੍ਹਾਂ ਦੇ ਨਾਂ ਨੂੰ ਜੀਉਂਦਿਆਂ ਰਖਣ ਵਾਲੀ ਰਚਨਾ 'ਸੈਫ਼ੁਲ ਮਲੂਕ' ਦਾ ਕਿੱਸਾ ਹੈ । ਇਹ ਕਿੱਸਾ ਆਪ ਨੇ ਦਵਈਆ ਛੰਦ ਵਿਚ ਰਚਿਆ ਹੈ ਜਿਸ ਵਿਚ ਇਕ ਸ਼ਾਹਜ਼ਾਦੇ ਤੇ ਪਰੀ ਦੀ ਕਹਾਣੀ ਨੂੰ ਕਲਮਬੰਦ ਕੀਤਾ ਹੈ । ਬੋਲੀ ਦੀ ਠੇਠਤਾ ਤੇ ਰਵਾਨੀ ਵਿਚ ਪੰਜਾਬੀ ਦਾ ਕੋਈ ਵਿਰਲਾ ਕਿੱਸਾ ਹੀ ਸੈਫ਼ੁਲ ਮਲੂਕ ਨੂੰ ਅਪੜਦਾ ਹੈ ।

## ਭਾਈ ਭਗਵਾਨ ਸਿੰਘ

ਭਾਈ ਭਗਵਾਨ ਸਿੰਘ ਫ਼ੀਰੋਜ਼ਪੁਰ ਦੇ ਪਿੰਡ ਮਹ੍ਰਾਜ ਦਾ ਵਸਨੀਕ ਸੀ । ਉਸ ਨੇ ਕਿੱਸਿਆਂ ਨੂੰ ਬੈਂਤ ਤੇ ਦਵਈਆਂ ਆਦਿ ਛੰਦਾਂ ਦੀ ਪ੍ਰਥਾ ਵਿਚੋਂ ਕੱਢ ਕੇ ਮਾਲਵੇ ਦੇ ਪੁਰਾਤਨ ਕਵੀਸ਼ਰਾਂ ਵਾਂਗ ਦੋਹਰਿਆਂ ਤੇ ਕਬਿੱਤਾਂ ਆਦਿ ਛੰਦ ਰੂਪਾਂ ਵਿਚ ਬੰਨ੍ਹਿਆਂ । ਭਗਵਾਨ ਸਿਘ ਨੇ ਹੀਰ ਰਾਂਝਾ, ਸੋਹਣੀ ਮਹੀਂਵਾਲ ਦੇ ਕਿਸੇ ਵੀ ਲਿਖੇ ਹਨ, ਪਰ ਇਹ ਉਸ ਦੇ ਕਿੱਸਾ ਹੀਰ ਤੇ ਚਿੱਠਾ ਜੀਊਣਾ ਮੌੜ ਜਿਤਨੇ ਲੋਕ-ਪ੍ਰਿਯ ਨਹੀਂ ਹੋ ਸਕੇ ।

## ਹਦਾਇਤੁੱਲਾ

ਹਦਾਇਤੁਲਾ, ਗਲੀ ਚਾਬਕ ਸਵਾਰਾਂ, ਲਾਹੌਰ ਦਾ ਰਹਿਣ ਵਾਲਾ ਸੀ । ਕੰਮ ਦਰਜ਼ੀਆਂ ਦਾ ਕਰਦਾ ਸੀ । ਉਹ ਆਪਣੀ ਸੀਹਰਫ਼ੀ ਵਿਚ ਲਿਖਦਾ ਹੈ 'ਕੰਮ ਦਰਜ਼ੀ ਦਾ ਕਰੇ ਹਦਾਇਤੁੱਲਾ, ਗਲੀ ਚਾਬਕ ਸਵਾਰਾਂ ਦੀ ਵਸਦਾ ਜੇ ।' ਉਹ ਲਾਹੌਰ ਦੇ ਪਰਸਿੱਧ ਉਸਤਾਦ ਪਿਆਰੇ ਸਾਹਿਬ ਦੇ ਪੁੱਤਰ ਵਲੀ ਅੱਲਾ ਸੱਜਨ ਦਾ ਸ਼ਾਗਿਰਦ ਸੀ । ਉਸ ਨੇ ਹੋਰ ਕਵੀਆਂ ਵਾਂਗ ਕੋਈ ਲੰਬਾ ਕਿੱਸਾ ਨਹੀਂ ਲਿਖਿਆ । ਹਾਂ, ਵਾਰਿਸ ਸ਼ਾਹ ਦੀ ਹੀਰ ਵਿਚ ਦੋ ਢਾਈ ਸੌ ਸ਼ਿਅਰ ਆਪਣੇ ਕੋਲੋਂ ਲਿਖ ਕੇ ਜ਼ਰੂਰ ਵਧਾਏ ਹਨ । ਉਸ ਦੇ ਆਪਣੇ ਨਾਂ ਥਲੇ ਛਪੇ ਹੋਏ ਕਲਾਮ ਵਿਚ ਗਿਆਰਾਂ ਸੀਹਰਫ਼ੀਆਂ ਤੇ ਇਕ ਬਾਰਾਂਮਾਹ ਮਿਲਦਾ ਹੈ, ਕਵੀ ਨੇ ਆਪਣੀ ਰਚਨਾ ੧੯੬੬ ਦੇ ਲਾਗੇ ਚਾਗੇ ਕੀਤੀ ਹੈ ।

ਹਦਾਇਤੁੱਲਾ ਦਾ ਮੁਖ ਵਿਸ਼ਾ ਇਸ਼ਕ ਹੈ : ਉਸ ਨੇ ਇਸ਼ਕ ਦੇ ਹੋਰ ਮੁਕਾਮਾਂ ਦਾ ਬਿਆਨ ਵੀ ਕੀਤਾ ਹੈ, ਪਰ ਬਿਰਹੋਂ ਦੀਆਂ ਕਸਕਾਂ ਤੇ ਪੀੜਾਂ ਦਾ ਵਰਣਨ ਬਹੁਤ ਉੱਤਮ ਹੈ :

ਜੇਠ ਮਹੀਨੇ ਹੇਠ ਗ਼ਮਾਂ ਦੇ ਸੱਥਰ ਵਾਂਗ ਵਿਛਾਈਆਂ ਮੈਂ ।
ਬਿਰਹੋਂ ਜਦ ਲਗਾ ਲੜ ਮੇਰੇ ਵਾਂਗ ਕਣਕ ਦੇ ਗਾਹੀਆਂ ਮੈਂ ।
ਸਿਰ ਤੇ ਜੋਗ ਗ਼ਮਾਂ ਦੀ ਫਿਰਦੀ ਜੁਦਾ ਜੁਦਾ ਕਰਵਾਈਆਂ ਮੈਂ ।
ਆਖ ਹਦਾਇਤ ਇਸ਼ਕ ਤੇਰੇ ਨੇ ਛੱਜੀਂ ਪਾ ਉਡਾਈਆਂ ਮੈਂ ।

## ਮੁਹੰਮਦ ਬੂਟਾ

ਮੁਹੰਮਦ ਬੂਟਾ ਗੁਜਰਾਤ ਦਾ ਰਹਿਣ ਵਾਲਾ ਸੀ, ਉਸਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਤਿਨ ਸਾਲ ਪਹਿਲਾਂ ਹੋਇਆ । ਭਾਵੇਂ ਮੁਹੰਮਦ ਬੂਟੇ ਨੇ ਸ਼ੀਰੀਂ ਫ਼ਰਿਹਾਦ ਦਾ ਕਿੱਸਾ ਵੀ ਲਿਖਿਆ ਹੈ, ਪਰ ਉਸ ਦੀ ਵੱਡੀ ਪਰਸਿੱਧਤਾ 'ਪੰਜ ਗੰਜ' ਨਾਲ ਹੋਈ । ਇਸ ਵਿਚ ਕਵੀ ਦੀਆਂ ਪਜ ਸੀਹਰਫ਼ੀਆਂ ਹਨ ਜਿਨ੍ਹਾਂ ਦਾ ਮੁਖ-ਵਿਸ਼ਾ ਮਾਰਫ਼ਤ ਹੈ । ਬੂਟੇ ਦੇ ਵਿਚਾਰ ਵਿਚ ਅਕਲ ਨਾਲੋਂ ਇਸ਼ਕ ਦਾ ਰਾਹ ਚੰਗੇਰਾ ਹੈ, ਭਾਵੇਂ ਅਤ ਬਿਖੜਾ ਤੇ ਦੁਰਗਮ ਹੈ । ਹੋਰ ਸੂਫ਼ੀ ਕਵੀਆਂ ਤੋਂ ਉਲਟ ਬੂਟੇ ਨੇ ਆਪਣੇ ਸੂਫ਼ੀ ਵਿਚਾਰਾਂ ਦੇ ਪਰਗਟਾ ਲਈ ਬੈਂਤ ਨੂੰ ਚੁਣਿਆ ਹੈ ।

## ਕਿਸ਼ਨ ਸਿੰਘ ਆਰਿਫ਼

ਆਰਿਫ਼ ਪਰਿਵਰਤਨ ਕਾਲ ਦਾ ਇਕ ਹੋਰ ਪਰਸਿੱਧ ਕਵੀ ਹੈ । ਉਹਦੇ ਪਿਤਾ ਦਾ ਨਾਂ ਨਾਰਾਇਣ ਸਿਘ ਸੀ । ਉਹ ਅੰਮ੍ਰਿਤਸਰ ਵਿਚ ਚਿਟੇ ਅਖਾੜੇ ਲਾਗੇ ਰਹਿਦਾ ਤੇ ਕਿਤਾਬਾਂ ਵੇਚਣ ਦਾ ਕੰਮ ਕਰਦਾ ਸੀ । ਉਹ

ਗੁਲਾਬ ਦਾਸੀ ਸੰਪਰਦਾ ਦੇ ਸੰਚਾਲਕ ਸੰਤ ਗੁਲਾਬ ਸਿੰਘ ਦਾ ਚੇਲਾ ਸੀ।

ਕਿਸ਼ਨ ਸਿੰਘ ਆਰਿਫ਼ ਨੇ ਬਹੁਤ ਲਿਖਿਆ ਹੈ, ਹੀਰ ਰਾਂਝਾ, ਸ਼ੀਰੀਂ ਫ਼ਰਿਹਾਦ, ਪੂਰਨ ਭਗਤ, ਭਰਤਰੀ ਹਰੀ, ਰਾਜਾ ਰਸਾਲੂ, ਦੁੱਲਾ ਭੱਟੀ ਨਾਮਕ ਕਿੱਸਿਆਂ ਦੇ ਇਲਾਵਾ ਉਸ ਨੇ ਅਨੇਕਾਂ ਕੋਰੜੇ, ਕੁੰਡਲੀਏ, ਖਟਪਦੇ, ਬਾਰਾਮਾਂਹ, ਸਤਵਾਰੇ, ਹੋਲੀਆਂ, ਸੀਹਰਫ਼ੀਆਂ ਤੇ ਕਾਫ਼ੀਆਂ ਵੀ ਲਿਖੀਆਂ ਹਨ। ਸੋ ਉਸ ਦੀ ਕਵਿਤਾ ਕੇਵਲ ਅਕਾਰ ਵਿਚ ਹੀ ਬਹੁਤੀ ਨਹੀਂ, ਉਸ ਵਿਚ ਰੂਪਕ ਭਿੰਨਤਾ ਵੀ ਬਹੁਤ ਹੈ।

ਕਿਸ਼ਨ ਸਿੰਘ ਦੇ ਵਿਚਾਰ ਗੁਰਮਤ, ਤਸੱਵਫ਼ ਤੇ ਵੇਦਾਂਤ ਦਾ ਮਿਲਗੋਭਾ ਹਨ। ਭਾਵੇਂ ਆਪਣੇ ਕਿੱਸਿਆਂ ਵਿਚ ਉਸ ਨੇ ਹੁਸਨ ਇਸ਼ਕ ਦਾ ਵਰਣਨ ਵੀ ਕੀਤਾ ਹੈ, ਪਰ ਬਹੁਤਾ ਜ਼ੋਰ ਉਸ ਨੇ ਗਿਆਨ ਉਤੇ ਹੀ ਦਿੱਤਾ ਹੈ। ਉਹ ਜਜ਼ਬੇ ਦੀ ਘਾਟ ਨੂੰ ਗਿਆਨ ਦੀ ਚਾਟ ਨਾਲ ਪੂਰਾ ਕਰਦਾ ਹੈ, ਇਉਂ ਉਸ ਦੀ ਰਚਨਾ ਗਿਆਨ, ਅਖੌਤਾਂ, ਸਚਿਆਈਆਂ ਤੇ ਤੱਤਾਂ ਦੀ ਪੋਟਲੀ ਬਣ ਕੇ ਹੀ ਰਹਿ ਜਾਂਦੀ ਹੈ। ਆਰਿਫ਼ ਦਾ ਗਿਆਨ ਪ੍ਰਮਾਰਥਕ ਛਾਪ ਵਾਲਾ ਹੀ ਸੀ। ਸਮਾਜਕ ਤੇ ਰਾਜਸੀ ਤੌਰ ਤੇ ਉਹ ਬੜਾ ਘਟ ਚੇਤੰਨ ਸੀ। ਇਹੋ ਕਾਰਨ ਹੈ ਕਿ ਉਸ ਨੇ ਆਪਣੇ ਹੀਰ ਦੇ ਕਿੱਸੇ ਵਿਚ ਰਾਣੀ ਜਿੰਦਾਂ ਨੂੰ ਨਿੰਦਿਆ ਹੈ ਅਤੇ ਅੰਗਰੇਜ਼ੀ ਰਾਜ ਦੇ ਤਪ ਤੇਜ ਦੀ ਮਹਿਮਾ ਕੀਤੀ ਹੈ। ਆਰਿਫ਼ ਨੇ ਹੀਰ ਦਾ ਕਿੱਸਾ ੧੮੮੯ ਈ: ਵਿਚ ਸਮਾਪਤ ਕੀਤਾ।

## ਗ਼ੁਲਾਮ ਰਸੂਲ

ਗ਼ੁਲਾਮ ਰਸੂਲ ਹੁਸ਼ਿਆਰ ਪੁਰ ਦੀ ਗੁੱਠ ਦਸੂਹੇ ਦਾ ਰਹਿਣ ਵਾਲਾ ਸੀ। ਉਹ ਫ਼ਾਰਸੀ ਅਰਬੀ ਦਾ ਚੰਗਾ ਵਿਦਵਾਨ ਸੀ। ਸੀਹਰਫ਼ੀਆਂ, ਯੂਸਫ਼ ਜ਼ੁਲੈਖਾਂ ਤੇ ਚਿਠੀਆਂ ਉਸਦੀਆਂ ਪਰਸਿੱਧ ਰਚਨਾਵਾਂ ਹਨ। ਚਿਠੀਆਂ ਦੀ ਬੋਲੀ ਬੜੀ ਮਿਠੀ ਤੇ ਰਸਦਾਰ ਹੈ। ਕਿੱਸਾ ਯੂਸਫ਼ ਜ਼ੁਲੈਖਾਂ ਵਿਚ ਵਿਸ਼ੇਸ਼ ਕਰ ਕੇ ਉਪਮਾ ਤੇ ਰੂਪਕ ਅਲੰਕਾਰਾਂ ਦੀ ਭਰਮਾਰ ਹੈ।

## ਸਾਧੂ ਦਯਾ ਸਿੰਘ

ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਸੂਫ਼ੀ ਵਿਚਾਰਾਂ ਦੇ ਮੁਕਾਬਲੇ ਵਿਚ ਵੇਦਾਂਤੀ ਵਿਚਾਰਾਂ ਦਾ ਜ਼ੋਰ ਵਧਣਾ ਸ਼ੁਰੂ ਹੋ ਗਿਆ ਸੀ। ਇਸ ਸਮੇਂ ਦੇ ਤਿੰਨ ਸਾਧ-ਕਵੀ ਪਰਸਿੱਧ ਹਨ : ਸੰਤ ਰੇਣ ਜੀ, ਈਸ਼ਰ ਦਾਸ ਜੀ ਤੇ ਸਾਧੂ ਦਯਾ ਸਿੰਘ ਜੀ। ਸਾਧੂ ਦਯਾ ਸਿੰਘ ਦੀਆਂ ਰਚਨਾਵਾਂ ਵਿਚੋਂ 'ਫ਼ਨਾਹ ਦਾ ਮਕਾਮ' ਪਰਸਿੱਧ ਹੈ। ਦਯਾ ਸਿੰਘ ਦੁਨੀਆਂ ਨੂੰ ਮਿਥਿਆ ਤੇ ਫ਼ਨਾਹ ਦਾ ਮੁਕਾਮ ਹੀ ਸਮਝਦਾ ਹੈ ਅਤੇ ਹੰਕਾਰ ਨੂੰ ਤਿਆਗ ਕੇ ਨਿੰਮਰਤਾ ਨੂੰ ਧਾਰਨ ਕਰਨ ਦਾ ਉਪਦੇਸ਼ ਦੇਂਦਾ ਹੈ। ਉਸ ਨੇ ਮੁਸਲਮਾਨ ਕਵੀਆਂ ਵਾਂਗ ਆਪਣੀਆਂ ਸੀਹਰਫ਼ੀਆਂ ਨੂੰ ਕੇਵਲ ਬੈਂਤਾਂ ਵਿਚ ਹੀ ਨਹੀਂ ਲਿਖਿਆ, ਸਗੋਂ ਤਾਟੰਕ ਛੰਦ ਦੀ ਵਰਤੋਂ ਵੀ ਕੀਤੀ ਹੈ। ਦਯਾ ਸਿਘ ਦੀ ਬੋਲੀ ਵਿਚ ਮੁਸਲਮਾਨ ਸੂਫ਼ੀਆਂ ਤੇ ਹਿੰਦੂ ਸਾਧਾਂ ਦੋਹਾਂ ਦੀ ਮਿਲਵੀਂ ਰੰਗਣ ਹੈ।

## ਪੰਡਤ ਮਾਨ ਸਿੰਘ 'ਕਾਲੀਦਾਸ' (੧੮੬੫-੧੯੪੪)

ਆਪ ਦਾ ਜਨਮ ੧੯੨੨ ਬਿਕਰਮੀ ਵਿਚ ਗੁਜਰਾਂ ਵਾਲੇ ਵਿਖੇ ਹੋਇਆ। ਆਪ ਦੇ ਪਿਤਾ ਪੰਡਤ ਜੈ ਦਿਆਲ ਜੀ ਮਹਾਰਾਜਾ ਸ਼ੇਰ ਸਿੰਘ ਦੇ ਅਹਿਲਕਾਰ ਸਨ। ਸਤਾਰਾਂ ਸਾਲ ਦੀ ਉਮਰ ਵਿਚ ਆਪ ਦਾ ਗੁਰੂ ਘਰ ਨਾਲ ਪ੍ਰੇਮ

ਹੋ ਗਿਆ ਅਤੇ ਆਪ ਅੰਮ੍ਰਿਤ ਪਾਨ ਕਰ ਕੇ ਮਾਨ ਸਿੰਘ ਬਣ ਗਏ।

ਆਪ ਨੇ ਅਨੇਕਾਂ ਕਿੱਸੇ ਰਚੇ ਜਿਵੇਂ ਕਿ ਰੂਪ ਬਸੰਤ, ਰਾਜਾ ਹਰੀਚੰਦ, ਪੂਰਨ ਭਗਤ, ਗੋਪੀ ਚੰਦ, ਰਾਜਾ ਰਸਾਲੂ, ਹਕੀਕਤ ਰਾਏ, ਭੌਰ ਕਲੀ,ਪ੍ਰਹਿਲਾਦ ਭਗਤ ਆਦਿ। ਆਪ ਨੇ ਕਿੱਸਾਕਾਰੀ ਦੀ ਪ੍ਰਥਾ ਵਿਚ ਇਕ ਨਵਾਂ ਮੋੜ ਲਿਆਂਦਾ, ਉਨ੍ਹਾਂ ਤੋਂ ਪਹਿਲੇ ਕਿੱਸਿਆਂ ਦਾ ਮੁਖ ਵਿਸ਼ਾ 'ਇਸ਼ਕ' ਹੀ ਹੋਇਆ ਕਰਦਾ ਸੀ, ਪਰ ਕਵੀ ਕਾਲੀ ਦਾਸ ਜੀ ਨੇ ਕਿੱਸਿਆਂ ਨੂੰ ਧਾਰਮਕ ਤੇ ਸਦਾਚਾਰਕ ਵਿਸ਼ਿਆਂ ਦਾ ਵਾਹਨ ਬਣਾਇਆ।

### ਦੌਲਤ ਰਾਮ

ਕਾਲੀਦਾਸ ਗੁਜਰਾਂਵਾਲੀਏ ਵਾਂਗ, ਦੌਲਤ ਰਾਮ ਨੇ ਵੀ ਇਸ਼ਕ ਹੁਸਨ ਦੇ ਕਿੱਸਿਆਂ ਨੂੰ ਛਡ ਕੇ ਧਾਰਮਕ ਤੇ ਪਰਮਾਰਥਕ ਕਥਾਵਾਂ ਨੂੰ ਹੀ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਕਵੀ ਨੇ ਰਵਾਇਤੀ ਕਹਾਣੀਆਂ ਨੂੰ ਭਗਤੀ ਮਾਰਗ ਤੇ ਵੇਦਾਂਤੀ ਵਿਚਾਰਾਂ ਨੂੰ ਪਰਗਟਾਣ ਲਈ ਵਰਤਿਆ ਹੈ। ਦੌਲਤ ਰਾਮ ਦੇ ਪਰਸਿੱਧ ਕਿੱਸੇ ਪੂਰਨ ਭਗਤ ਰਾਜਾ ਰਸਾਲੂ, ਰੂਪ ਬਸੰਤ, ਰਾਜਾ ਸਰਪਾਲ, ਰਾਜਾ ਹਰੀ ਚੰਦ ਆਦਿ ਹਨ। ਕਵੀ ਨੇ ਰਾਜਾ ਰਸਾਲੂ ਦਾ ਕਿੱਸਾ ਬੈਂਤਾਂ ਵਿਚ ਲਿਖਿਆ ਹੈ। ਬੋਲੀ ਉਤੇ ਸਾਧ-ਭਾਖਾ ਦੀ ਰੰਗਣ ਪਰਤੱਖ ਹੈ।

ਇਸ ਕਾਲ ਦੇ ਕੁਝ ਹੋਰ ਨਾਂ ਲੈਣ-ਜੋਗੇ ਕਵੀ ਬਰਦਾ, ਜੋਗ ਸਿੰਘ, ਲਾਹੌਰਾ ਸਿੰਘ ਤੇ ਸਾਧੂ ਈਸ਼ਰਦਾਸ ਹਨ।

## (ਅ) ਵਾਰਤਿਕ ਸਾਹਿਤ

ਪਰਿਵਰਤਨ ਕਾਲ ਤੋਂ ਪਹਿਲੇ ਬਹੁਤੀ ਵਾਰਤਕ ਸਾਖੀਆਂ, ਗੋਸ਼ਟਾਂ, ਟੀਕਿਆਂ, ਹੁਕਮਨਾਮਿਆਂ, ਰਹਿਤਨਾਮਿਆਂ ਆਦਿ ਦੀ ਸ਼ਕਲ ਵਿਚ ਹੀ ਹੁੰਦੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਰਤਾ ਪੁਰਾਤਨ ਜਨਮ ਸਾਖੀ, ਅੱਡਣ ਸ਼ਾਹ ਤੇ ਭਾਈ ਮਨੀ ਸਿੰਘ ਆਦਿ ਨੇ ਪੰਜਾਬੀ ਵਾਰਤਕ ਦੀ ਸ਼ੈਲੀ ਨੂੰ ਕਾਫ਼ੀ ਸੁਲਝਾਇਆ, ਪਰ ਅਜੇ ਤੀਕ ਸਪਸ਼ਟ, ਸੰਜਮ ਭਰੀ, ਵਿਗਿਆਨਕ ਗੱਦ ਹੋਂਦ ਵਿਚ ਨਹੀਂ ਸੀ ਆਈ। ਪਰ ਪਰਿਵਰਤਨ ਕਾਲ ਦੇ ਗੱਦ ਲੇਖਕਾਂ ਦੇ ਉੱਦਮ ਨਾਲ ਵਾਰਤਕ ਦੀ ਸ਼ੈਲੀ ਵਿਚ ਢੇਰ ਉੱਨਤੀ ਹੋਈ ਅਤੇ ਇਸ ਵਿਚ ਆਧੁਨਿਕ ਵਾਰਤਕ ਦੇ ਲੱਛਣ ਪਰਗਟ ਹੋਣੇ ਸ਼ੁਰੂ ਹੋ ਗਏ।

### ਸਰਧਾ ਰਾਮ ਫਿਲੌਰੀ

ਸਰਧਾ ਰਾਮ ਫਿਲੌਰੀ ਨੂੰ ਅਸੀਂ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਕਹਿ ਸਕਦੇ ਹਾਂ, ਉਨ੍ਹਾਂ ਦਿਨਾਂ ਵਿਚ ਅੰਗਰੇਜ਼ ਪੰਜਾਬੀ ਭਾਸ਼ਾ ਨੂੰ ਸਿਖਣ ਦੀ ਤੀਬਰ ਲੋੜ ਅਨੁਭਵ ਕਰ ਰਹੇ ਸਨ, ਸੋ ਸਰਧਾ ਰਾਮ ਨੇ ਅੰਗਰੇਜ਼ ਕਰਮਚਾਰੀਆਂ ਦੇ ਕਹਿਣ ਤੇ ਦੋ ਪੁਸਤਕਾਂ ਲਿਖੀਆਂ — ਸਿਖਾਂ ਦੇ ਰਾਜ ਦੀ ਵਿਥਿਆ ਤੇ ਪੰਜਾਬੀ ਬਾਤ ਚੀਤ। ਪਹਿਲੀ ਪੁਸਤਕ ਵਿਚ ਉਹਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤ ਤੀਕ ਦਾ ਹਾਲ ਅੰਕਿਤ ਕੀਤਾ ਹੈ। ਦੂਜੀ ਪੁਸਤਕ ਵਿਚ ਉਸ ਨੇ ਪੰਜਾਬ ਦੇ ਵਖ ਵਖ ਇਲਾਕਿਆਂ ਦੀਆਂ ਉਪ-ਭਾਖਾਵਾਂ ਵਿਚ ਲੋਕ-ਕਥਾਵਾਂ ਤੇ ਰਸਮ ਰੀਤਾਂ ਨੂੰ ਬਿਆਨ ਕੀਤਾ ਹੈ। ਦੁਆਬੇ ਦਾ ਵਸਨੀਕ ਹੋਣ ਕਰਕੇ ਉਸ ਦੀ ਬੋਲੀ ਵਿਚ ਦੁਆਬੀ ਦੀ ਮਿੱਸ ਪਰਤਖ ਨਜ਼ਰ ਆਉਂਦੀ ਹੈ।

## ਗਿਆਨੀ ਗਿਆਨ ਸਿੰਘ

ਗਿਆਨੀ ਗਿਆਨ ਸਿੰਘ ਇਸ ਕਾਲ ਦਾ ਦੂਜਾ ਪਰਸਿੱਧ ਗੱਦਕਾਰ ਹੈ । ਉਸ ਦੀ ਵਾਰਤਕ ਸ਼ਰਧਾ ਰਾਮ ਨਾਲੋਂ ਵਧ ਸੁਲਝੀ ਹੋਈ ਤੇ ਆਧੁਨਿਕ ਹੈ । ਤਵਾਰੀਖ ਗੁਰੂ ਖ਼ਾਲਸਾ ਤੇ ਸ਼ਮਸ਼ੇਰ ਖ਼ਾਲਸਾ ਉਹਦੀਆਂ ਪਰਸਿੱਧ ਰਚਨਾਵਾਂ ਹਨ ਜਿਨ੍ਹਾਂ ਵਿਚ ਉਸਨੇ ਸਿਖ ਇਤਿਹਾਸ ਨੂੰ ਬੜੇ ਸਾਦਾ ਤੇ ਲੋਕ-ਪ੍ਰਿਯ ਢੰਗ ਨਾਲ ਅੰਕਿਤ ਕੀਤਾ ਹੈ ।

## ਬਿਹਾਰੀ ਲਾਲ ਪੁਰੀ

ਆਪ ਨੇ ਵਿਦਿਆ ਰਤਨਾਕਰ, ਚਰਿਤ੍ਰਾਵਲੀ ਤੇ ਅਨੇਕ ਦਰਸ਼ਨ ਆਦਿ ਪੁਸਤਕਾਂ ਵਿਦਿਆਰਥੀਆਂ ਦੀ ਪੜ੍ਹਾਈ ਲਈ ਲਿਖੀਆਂ, ਇਨ੍ਹਾਂ ਦੇ ਨਾਲਵਾਰ ਇਕ ਵਿਆਕਰਣ ਤੇ ਪਿੰਗਲ ਦੀ ਰਚਨਾ ਵੀ ਕੀਤੀ, ਆਪ ਦੀ ਬੋਲੀ ਬੜੀ ਸਰਲ ਤੇ ਵਿਆਕਰਣ-ਬੱਧ ਹੈ ।

## ਭਾਈ ਦਿੱਤ ਸਿੰਘ

ਆਪ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ, ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਉਤੇ ਇਸ ਲਹਿਰ ਦਾ ਪ੍ਰਭਾਵ ਪੈਣਾ ਕੁਦਰਤੀ ਸੀ । ਆਪ ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਸਨ । ਕੁਝ ਚਿਰ ਖ਼ਾਲਸਾ ਅਖ਼ਬਾਰ ਦੇ ਸੰਪਾਦਕ ਵੀ ਰਹੇ । ਨੀਤੀ ਪਰਕਾਸ਼, ਧਰਮ ਦਰਪਨ, ਸ੍ਰੀ ਗੁਰੂ ਨਾਨਕ ਪ੍ਰਬੋਧ, ਆਰਤੀ ਪ੍ਰਬੋਧ, ਗੁਰੂ ਅਰਜਨ ਪ੍ਰਬੋਧ, ਗੁਰਬਾਣੀ ਪ੍ਰਬੋਧ, ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ, ਦੁਰਗਾ ਪ੍ਰਬੋਧ, ਗੁਗਾ ਗਪੌੜਾ ਆਦਿ ਆਪ ਦੀਆਂ ਪਰਸਿੱਧ ਵਾਰਤਕ ਰਚਨਾਵਾਂ ਹਨ ।

## ਡਾਕਟਰ ਚਰਨ ਸਿੰਘ

ਭਾਈ ਵੀਰ ਸਿੰਘ ਜੀ ਦੇ ਪਿਤਾ ਹੋਣ ਦੇ ਇਲਾਵਾ ਆਪ ਆਧੁਨਿਕ ਵਾਰਤਕ ਦੇ ਇਕ ਉਘੇ ਮੋਢੀ ਹੋਏ ਹਨ । ਮਹਾਰਾਣੀ ਸ਼ਰਾਬ ਕੌਰ, ਜੰਗ ਮੜੌਲੀ, ਬਾਣੀ ਬਿਉਰਾ ਤੇ ਹੀਰ ਭਾਈ ਗੁਰਦਾਸ ਨਾਮ ਦੀਆਂ ਪਰਸਿੱਧ ਰਚਨਾਵਾਂ ਹਨ । ਆਪ ਨੇ ਪੰਜਾਬੀ ਵਾਰਤਕ ਦਾ ਮੂੰਹ ਮੱਥਾ ਡੌਲਣ ਅਤੇ ਉਸਨੂੰ ਮਾਂਜ ਲਿਸ਼ਕਾ ਕੇ ਆਧੁਨਿਕ ਸ਼ਕਲ ਦੇਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ । ਆਪ ਦੀ ਵਾਰਤਕ ਰੋਮਾਂਚਕ ਤੇ ਫੈਲਰਵੀਂ ਨਹੀਂ, ਸਗੋਂ ਗੁਟ, ਸੰਘਣੀ ਤੇ ਰਸ-ਭਰੀ ਹੈ ।

## ਬਾਬਾ ਰਾਮ ਸਿੰਘ

ਭਾਵੇਂ ਆਪ ਨੇ ਵਾਰਤਕ ਦੀ ਕੋਈ ਬਾਕਾਇਦਾ ਪੁਸਤਕ ਨਹੀਂ ਲਿਖੀ, ਪਰ ਰੰਗੂਨ ਜੇਲ੍ਹ ਵਿਚੋਂ ਆਪ ਜੀ ਨੇ ਜੋ ਅਰਦਾਸਾਂ ਜਾਂ ਚਿਠੀਆਂ ਆਪਣੇ ਸਿਖਾਂ ਨੂੰ ਲਿਖੀਆਂ ਹਨ ਉਨ੍ਹਾਂ ਦੀ ਸ਼ੈਲੀ ਬੜੀ ਪ੍ਰਭਾਵ ਪਾਉਣ ਵਾਲੀ ਹੈ । ਇਹ ਚਿਠੀਆਂ ਗਿਣਤੀ ਵਿਚ ੯੦ ਹਨ ।

ਕਰਨਲ ਭੋਲਾ ਨਾਥ ਕਰਤਾ ਲਾਹੌਰ ਦਾ ਇਤਿਹਾਸ, ਗਿਆਨੀ ਹਜ਼ਾਰਾ ਸਿੰਘ ਤੇ ਗਿਆਨੀ ਗੁਰਮੁਖ ਸਿੰਘ ਇਸ ਕਾਲ ਦੇ ਕੁਝ ਹੋਰ ਉੱਘੇ ਗੱਦ ਲੇਖਕ ਹੋਏ ਹਨ ।

# ੬. ਆਧੁਨਿਕ ਕਾਲ
(੧੯੦੧ ਤੋਂ ... ...)

## ਪਿਛੋਕੜ

ਪੰਜਾਬੀ ਸਾਹਿਤ ਦਾ ਆਧੁਨਿਕ ਕਾਲ ਵੀਹਵੀਂ ਸਦੀ ਦੇ ਮੁੱਢ ਤੋਂ ਲੈ ਕੇ ਹੁਣ ਤੀਕ ਚਲ ਰਿਹਾ ਹੈ। ਆਧੁਨਿਕਤਾ ਦਾ ਪਹਿਲਾ ਮੀਲ-ਪੱਥਰ ੧੯੦੫ ਵਿਚ ਗੱਡਿਆ ਗਿਆ ਜਦ ਵਰਤਮਾਨ ਪੰਜਾਬੀ ਕਵਿਤਾ ਦੇ ਮੋਢੀ ਭਾਈ ਵੀਰ ਸਿੰਘ ਜੀ ਨੇ ਆਪਣਾ ਮਹਾਂਕਾਵਿ "ਰਾਣਾ ਸੂਰਤ ਸਿੰਘ" ਪਰਕਾਸ਼ਤ ਕੀਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਵੀਰ ਸਿੰਘ ਜੀ ਦੀ ਸਾਰੀ ਰਚਨਾ ਉੱਤੇ ਸਿੰਘ ਸਭਾ ਲਹਿਰ ਦੀ ਛਾਪ ਹੈ ਅਤੇ ਉਨ੍ਹਾਂ ਨੇ ਪੁਰਾਣੇ ਸਿੱਖ ਨਾਇਕਾਂ ਤੇ ਗੁਰਮਤ ਦੇ ਆਸ਼ਿਆਂ ਨੂੰ ਹੀ ਆਪਣੀ ਕਲਾ ਦਾ ਵਿਸ਼ਾ ਬਣਾਇਆ ਹੈ, ਪਰ ਆਪ ਪਹਿਲੇ ਲੇਖਕ ਹਨ ਜਿਨ੍ਹਾਂ ਘਟੋ ਘਟ ਰੂਪਕ ਪੱਖ ਤੋਂ ਆਧੁਨਿਕ ਕਵਿਤਾ ਤੇ ਵਾਰਤਕ ਲਿਖਣ ਦੀ ਪ੍ਰਥਾ ਤੋਰੀ।

ਇਸ ਸਮੇਂ ਵਿਚ ਪਹਿਲੇ ਮਹਾਂ ਯੁੱਧ ਦੇ ਮਗਰੋਂ ਪੰਜਾਬ ਵਿਚ ਅਕਾਲੀ ਲਹਿਰ, ਗ਼ਦਰ ਲਹਿਰ, ਬੱਬਰ ਲਹਿਰ, ਤੇ ਇਨ੍ਹਾਂ ਸਾਰੀਆਂ ਲਹਿਰਾਂ ਨੂੰ ਸਮੇਟ ਕੇ ਇਕ ਬੜੀ ਤਕੜੀ ਤੇ ਭਰਵੀਂ ਕੌਮੀ ਲਹਿਰ ਚੱਲੀ। ਇਸ ਲਹਿਰ ਨੇ ਸਾਹਿਤ ਦੇ ਵਿਸ਼ੇ-ਖੇਤਰ ਨੂੰ ਇਕਦਮ ਵਿਸ਼ਾਲ ਕਰ ਦਿਤਾ। ਸਮੇਂ ਦੀ ਲੋੜ ਅਨੁਸਾਰ ਅਨੇਕਾਂ ਰਾਜਸੀ ਪੱਤਰ ਹੋਂਦ ਵਿਚ ਆ ਗਏ ਜਿਨ੍ਹਾਂ ਨੇ ਪੰਜਾਬੀ ਗੱਦ ਵਿਚ ਨਵੀਂ ਸ਼ਬਦਾਵਲੀ ਦਾ ਵਾਧਾ ਕਰਨ ਦੇ ਇਲਾਵਾ ਵਤਨਪ੍ਰਸਤੀ ਦੇ ਜਜ਼ਬੇ ਨੂੰ ਉਭਾਰਿਆ। ਕਵਿਤਾ ਵੀ ਛੇਤੀ ਹੀ ਇਸ ਰੰਗ ਵਿਚ ਰੰਗੀ ਗਈ। ਇਸ ਰੰਗ ਵਿਚ ਲਿਖਣ ਵਾਲੇ ਕਵੀਆਂ ਵਿੱਚੋਂ ਗਿਆਨੀ ਹੀਰਾ ਸਿੰਘ 'ਦਰਦ', ਗਿਆਨੀ ਗੁਰਮੁਖ ਸਿੰਘ 'ਮੁਸਾਫ਼ਰ' ਤੇ ਮੋਹਨ ਸਿੰਘ ਦੇ ਨਾਂ ਉੱਘੇ ਹਨ। ਦੋਹਾਂ ਗਿਆਨੀਆਂ ਦੇ ਬੰਦੀ-ਕਾਵਿ ਤੇ ਮੋਹਨ ਸਿੰਘ ਦੀਆਂ ਤਨਜ਼ ਭਰੀਆਂ ਕਵਿਤਾਵਾਂ ਨੇ ਇਸ ਰੰਗ ਨੂੰ ਉਘਾੜ ਕੇ ਅੰਗਰੇਜ਼-ਵਿਰੋਧੀ ਪੱਖ ਨੂੰ ਪੂਰਿਆ।

ਇਨ੍ਹਾਂ ਦਿਨਾਂ ਵਿਚ ਹੀ ਕਿਰਤੀ ਕਿਸਾਨ ਲਹਿਰ ਜ਼ੋਰ ਪਕੜ ਗਈ, ਜਿਸ ਨੇ, ਕੁਦਰਤੀ ਤੌਰ ਤੇ, ਬੁਧੀਮਾਨ ਲੇਖਕਾਂ ਤੇ ਕਵੀਆਂ ਦਾ ਧਿਆਨ ਆਪਣੀ ਵਲ ਖਿੱਚ ਲਿਆ। ਇਨ੍ਹਾਂ ਦਿਨਾਂ ਵਿਚ ਹੀ ਪੱਛਮ ਵਲੋਂ ਅੱਗਰਗਾਮੀ ਵਿਚਾਰਾਂ ਦੇ ਲੰਮੇ ਪਰਛਾਵੇਂ ਵੀ ਦੇਸ ਉੱਤੇ ਪੈਣੇ ਸ਼ੁਰੂ ਹੋ ਗਏ ਸਨ। ੧੯੩੫ ਵਿਚ ਪੈਰਿਸ ਵਿਖੇ ਸਾਰੇ ਸੰਸਾਰ ਦੇ ਅਗਾਂਹ-ਵਧੂ ਲੇਖਕਾਂ ਨੇ ਇਕੱਤਰ ਹੋ ਕੇ ਅਗਾਂਹ ਵਧੂ ਲੇਖਕ ਸੰਘ (P. W. A.) ਦੀ ਨੀਂਹ ਰਖੀ ਅਤੇ ਦੁਨੀਆਂ ਭਰ ਦੇ ਲੇਖਕਾਂ ਨੂੰ ਉਨ੍ਹਾਂ ਦੇ ਕਰਤੱਵ ਤੋਂ ਜਾਣੂ ਕਰਾਉਣ ਲਈ ਇਕ ਐਲਾਨ ਜਾਰੀ ਕੀਤਾ। ਛੇਤੀ ਹੀ ਭਾਰਤ ਵਿਚ ਵੀ ਪੀ. ਡਬਲੀਊ. ਏ. ਦੀ ਸਥਾਪਨਾ ਹੋ ਗਈ ਅਤੇ ਪਜਾਬ ਦੇ ਲੇਖਕਾਂ ਨੇ ਵੀ ਲਾਹੌਰ ਤੇ ਅੰਮ੍ਰਿਤਸਰ ਵਿਖੇ ਜੁੜਨਾ ਤੇ ਮਿਲ ਬਹਿਣਾ ਸ਼ੁਰੂ ਕਰ ਦਿੱਤਾ। ਜਿੱਥੇ ਕੌਮੀ ਲਹਿਰ ਨੇ ਲੇਖਕਾਂ ਨੂੰ ਰਵਾਇਤੀ ਸਾਹਿਤ ਦੀ ਜਿੱਲ੍ਹਣ ਵਿੱਚੋਂ ਕੱਢ ਕੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਰਾਸ਼ਟਰੀ ਸੇਧ ਦਿੱਤੀ ਸੀ, ਉਥੇ ਇਸ ਅੱਗਰਗਾਮੀ ਲਹਿਰ ਨੇ ਲੇਖਕਾਂ ਦੇ ਦ੍ਰਿਸ਼ਟੀਕੋਣ ਨੂੰ ਹੋਰ ਮੋਕਲਾ ਕਰ ਕੇ ਅੰਤਰ-ਰਾਸ਼ਟਰੀ ਸੇਧ ਦਿਤੀ। ਇਹ ਲਹਿਰ ਇਤਨੀ ਪ੍ਰਬਲ ਸੀ ਕਿ ਇਸਨੇ ਲਗਭਗ ਪੰਜਾਬੀ ਦੇ ਸਾਰੇ ਆਧੁਨਿਕ ਲੇਖਕਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਲਹਿਰ ਦਾ ਸਦਕਾ ਪੰਜਾਬੀ ਸਾਹਿਤ ਵਿਚ ਯਥਾਰਥਵਾਦ ਪ੍ਰਵੇਸ਼ ਹੋਇਆ ਅਤੇ ਪਰਾਚੀਨ ਅਧਿਆਤਮਵਾਦੀ ਤੇ ਆਦਰਸ਼ਵਾਦੀ ਵਿਚਾਰ ਫਿੱਕੇ ਪੈਣੇ ਸ਼ੁਰੂ ਹੋ ਗਏ।

ਇਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਲਹਿਰ ਵੀ ਚੱਲੀ ਜਿਸ ਨੇ ਪੰਜਾਬੀ ਸਾਹਿਤ ਨੂੰ ਇਕ ਨਵੀਂ ਉਤੇਜਨਾ ਦਿਤੀ। ਇਸ ਲਹਿਰ ਨੂੰ ਅਸੀਂ ਨਿਰੋਲ ਪੰਜਾਬੀ ਪਰਚਾਰ ਦੀ ਲਹਿਰ ਕਹਿ ਸਕਦੇ ਹਾਂ। ਇਹ ਲਹਿਰ ਇਕ ਤਰ੍ਹਾਂ ਨਾਲ ਸੰਪਰਦਾਇਕ ਜੱਥੇਬੰਦੀਆਂ ਤੇ ਫ਼ਿਰਕੂ ਕਵੀ ਦਰਬਾਰਾਂ ਦਾ ਪ੍ਰਤਿਕਰਮ ਸੀ, ਇਸ ਦਾ ਮਨੋਰਥ ਹਿੰਦੂਆਂ ਸਿਖਾਂ ਤ

ਮੁਸਲਮਾਨਾਂ ਵਿਚ ਪੰਜਾਬੀ ਦਾ ਪਰਚਾਰ ਸੀ ਇਸ ਦਾ ਦੂਜਾ ਮਨੋਰਥ ਅਜੇਹਾ ਸਾਹਿਤ ਪੈਦਾ ਕਰਨਾ ਸੀ ਜੋ ਸਾਂਝਾ ਪੰਜਾਬੀ ਸਾਹਿਤ ਅਖਵਾ ਸਕੇ। ਇਸ ਲਹਿਰ ਨੂੰ ਅੰਮ੍ਰਿਤਸਰ ਵਿਚ ਲਾਲਾ ਧਨੀ ਰਾਮ ਚਾਤ੍ਰਿਕ, ਚਰਨ ਸਿੰਘ ਸ਼ਹੀਦ, ਹੀਰਾ ਸਿੰਘ ਦਰਦ ਤੇ ਮੌਲਾ ਬਖ਼ਸ਼ ਕੁਸ਼ਤਾ ਨੇ ਜੱਥੇਬੰਦ ਕੀਤਾ। ਇਸੇ ਤਰ੍ਹਾਂ ਲਾਹੌਰ ਵਿਚ ਇਸਦੇ ਮੋਢੀ ਚੌਧਰੀ ਸ਼ਹਾਬੁੱਦੀਨ, ਕਰਨਲ ਭੋਲਾ ਨਾਥ, ਬਾਵਾ ਬੁੱਧ ਸਿੰਘ, ਜੋਸ਼ੂਆ ਫ਼ਜ਼ਲ ਦੀਨ, ਤੇ ਪ੍ਰਾਸ਼ਰ ਭਰਾ ਸਨ। ਪੰਜਾਬੀ ਨੂੰ ਗ਼ੈਰ ਸਿਖਾਂ ਤਕ ਪਹੁੰਚਾਣ ਲਈ 'ਸਾਰੰਗ' ਤੇ 'ਪੰਜਾਬੀ ਦਰਬਾਰ' ਨਾਂ ਦੇ ਉਰਦੂ ਅੱਖਰਾਂ ਵਿਚ ਦੋ ਮਾਸਕ ਪੱਤਰ ਵੀ ਜਾਰੀ ਕੀਤੇ ਗਏ। ਇਸ ਲਹਿਰ ਨੇ ਹਿੰਦੂ ਮੁਸਲਮ ਏਕਤਾ ਨੂੰ ਵਧਾਇਆ। ਇਸ ਲਹਿਰ ਦਾ ਸਦਕਾ ਸੰਪਰਦਾਇਕ ਰੰਗਣ ਵਾਲਾ ਸਾਹਿਤ ਪਿੱਛੇ ਪੈ ਗਿਆ ਅਤੇ ਨਿਰੋਲ ਸਾਹਿਤਕ ਰੰਗਣ ਵਾਲੇ ਸਾਹਿਤ ਦੀ ਵੇਲ ਵਧੀ।

ਅਜ ਪੰਜਾਬੀ ਸਾਹਿਤ ਹੱਦਾਂ ਵਿਤਕਰਿਆਂ ਤੋਂ ਅੱਗੇ ਲੰਘ ਕੇ ਅਤੇ ਸੰਪਰਦਾਇਕਤਾ ਦੇ ਉਛਾੜਾਂ ਨੂੰ ਲਾਹ ਕੇ ਖੁਲ੍ਹੇ ਮੈਦਾਨਾਂ ਵਿਚ ਵਿਚਰ ਰਿਹਾ ਹੈ ਅਤੇ ਇਸ ਦੇ ਨੈਣਾਂ ਵਿਚ ਮਨੁੱਖੀ ਸਾਂਝ, ਬਰਾਬਰੀ ਤੇ ਭਰਾਵਲੀ ਦੇ ਸੁਹਾਵਣੇ ਸੁਪਨੇ ਲਟਕ ਰਹੇ ਹਨ।

ਇਸ ਕਾਲ ਦੀ ਇਕ ਹੋਰ ਮਹੱਤ-ਪੂਰਣ ਘਟਨਾ ਪੰਜਾਬ ਦੀ ਵੰਡ ਹੈ, ਜੋ ੧੯੪੭ ਵਿਚ ਹੋਈ। ਇਸ ਮਗਰੋਂ ਭਾਰਤ ਦੇ ਵਿਧਾਨ ਵਿਚ ਪੰਜਾਬੀ ਨੂੰ ਭਾਰਤ ਦੀਆਂ ਚੌਦਾਂ ਰਾਸ਼ਟਰੀ ਭਾਸ਼ਾਵਾਂ ਵਿਚ ਗਿਣ ਲਿਆ ਗਿਆ ਜਿਸਦਾ ਫਲ ਰੂਪ ਪੰਜਾਬ ਵਿਚ ਇਸਦਾ ਸਥਾਨ ਉੱਚਾ ਹੋ ਗਿਆ ਹੈ ਅਤੇ ਪੰਜਾਬ ਯੂਨੀਵਰਸਿਟੀ ਅਤੇ ਭਾਸ਼ਾ ਵਿਭਾਗ ਆਦਿ ਹੋਰ ਸਰਕਾਰੀ ਸੰਸਥਾਵਾਂ ਵਲੋਂ ਪੰਜਾਬੀ ਸਾਹਿਤ ਨੂੰ ਨਵੀਂ ਉਤੇਜਨਾ ਮਿਲਣੀ ਸ਼ੁਰੂ ਹੋ ਗਈ ਹੈ, ਸਾਹਿਤ ਅਕਾਦਮੀ ਦਿੱਲੀ ਵਲੋਂ ਪ੍ਰਮੁਖ ਪੰਜਾਬੀ ਰਚਨਾਵਾਂ ਨੂੰ ਪੁਰਸਕਾਰ ਮਿਲਣ ਅਤੇ ਅਤਿ ਉੱਤਮ ਪੁਸਤਕਾਂ ਦੇ ਭਾਰਤ ਦੀਆਂ ਹੋਰ ਬੋਲੀਆਂ ਵਿਚ ਅਨੁਵਾਦ ਕਰਾ ਕੇ ਛਾਪਣ ਨਾਲ ਪੰਜਾਬੀ ਸਾਹਿਤ ਦੀ ਮਹੱਤਾ ਅੰਤਰ-ਪ੍ਰਾਂਤੀ ਪੱਧਰ ਤੇ ਅਪੜ ਗਈ ਹੈ।

## (ੳ) ਕਾਵਿ-ਸਾਹਿਤ

### ਭਾਈ ਵੀਰ ਸਿੰਘ (੧੮੭੩-੧੯੫੭)

ਦੋਹਾਂ ਸਭਿਅਤਾਵਾਂ ਦੇ ਮਿਸ਼ਰਣ ਦੀ ਉਪਜ ਹੋਣ ਦੇ ਕਾਰਨ ਭਾਈ ਵੀਰ ਸਿੰਘ ਦੀ ਰਚਨਾ, ਵਿਸ਼ੇਸ਼ ਕਰ ਕੇ ਕਵਿਤਾ ਵਿਚ, ਨਵੀਨਤਾ ਤੇ ਪਰਾਚੀਨਤਾ ਦਾ ਮੇਲ ਕੁਦਰਤੀ ਸੀ। ਆਪ ਦੀ ਰਚਨਾ ਇਕ ਪੁਲ ਵਾਂਗ ਹੈ ਜੋ ਸਾਹਿਤ ਦੀਆਂ ਪੂਰਬੀ ਤੇ ਪੱਛਮੀ ਕੜੀਆਂ ਦੇ ਵਿਚਾਲੇ ਬੱਝਾ ਹੋਇਆ ਹੈ। ਵਿਚਾਰਧਾਰਾ ਦੇ ਦ੍ਰਿਸ਼ਟੀਕੋਣ ਤੋਂ ਭਾਈ ਵੀਰ ਸਿੰਘ ਜੀ ਆਦਰਸ਼ਵਾਦੀ ਹਨ। ਭਾਵੇਂ ਭਾਰਤ ਦਾ ਆਦਰਸ਼ਵਾਦੀ ਸਾਹਿਤ ਜੋ ਸੁਹਜਵਾਦੀ, ਰਹੱਸਵਾਦੀ ਅਧਿਆਤਮ-ਵਾਦ ਦੇ ਕਣੇ ਉੱਤੇ ਖਲੋਤਾ ਹੈ ਇਕੋ ਪਰਕਾਰ ਦਾ ਹੈ, ਫਿਰ ਵੀ ਉਹ ਸਿਖ ਗੁਰੂਆਂ ਦੇ ਮਹਾਨ ਅਧਿਆਤਮਵਾਦੀ ਅਨੁਭਵ ਦੇ ਕਾਰਨ ਥੋੜੀ ਜਹੀ ਵਖਰੀ ਰੰਗਣ ਧਾਰਨ ਕਰ ਗਿਆ ਸੀ। ਭਾਈ ਵੀਰ ਸਿੰਘ ਜੀ ਨੇ ਆਪਣੀ ਕਵਿਤਾ ਵਿਚ ਇਸ ਵਿਸ਼ੇਸ਼ ਰੰਗਣ ਵਾਲੇ ਅਧਿਆਤਮਵਾਦ ਨੂੰ ਹੀ ਵਿਅਕਤ ਕੀਤਾ ਹੈ। ਸਿਖ ਗੁਰੂਆਂ ਨੇ ਭਾਰਤ ਦੇ ਪ੍ਰਾਚੀਨ ਮਾਰਗਾਂ – ਗਿਆਨ ਮਾਰਗ, ਯੋਗ ਮਾਰਗ ਤੇ ਪ੍ਰੇਮ ਮਾਰਗ – ਵਿਚ ਸੰਤੁਲਨ ਉਤਪੰਨ ਕਰ ਕੇ ਇਕ ਨਵੇਂ ਮਾਰਗ ਦਾ ਪਰਚਾਰ ਕੀਤਾ ਸੀ ਜਿਸ ਨੂੰ ਸਹਿਜ ਮਾਰਗ ਦਾ ਨਾਂ ਦਿੱਤਾ ਗਿਆ। ਭਾਵੇਂ ਗੁਰੂਆਂ ਤੋਂ ਹਜ਼ਾਰਾਂ ਸਾਲ ਪਹਿਲੇ ਗੀਤਾ-ਕਰਤਾ ਨੇ ਵੀ ਇਨ੍ਹਾਂ ਦੋ ਤਿੰਨਾਂ ਮਾਰਗਾਂ ਦਾ ਮਿਸ਼ਰਣ ਕਰ ਕੇ ਤਿੰਨਾਂ ਦੀ ਯੋਗ ਮਾਤਰਾ ਵਿਚ ਲੋੜ ਨੂੰ ਜਤਲਾਇਆ ਸੀ, ਪਰ ਸਿਖ ਗੁਰੂਆਂ ਨੇ ਇਸ ਨੂੰ ਸਪਸ਼ਟ ਰੂਪ ਦੇ ਕੇ ਇਕ ਸਾਵੀਂ ਪੱਧਰੀ ਜ਼ਿੰਦਗੀ ਦਾ ਰਾਹ "ਗੁਰਮੁਖ ਗਾਡੀ ਰਾਹ ਚਲਾਇਆ" – ਦਸਿਆ ਸੀ। ਸਿਖ ਦਾ ਮਨੋਰਥ ਮੁਕਤੀ ਜਾਂ ਕੇਵਲਤਾ ਨਹੀਂ, ਸਗੋਂ ਇਸੇ

ਜੀਵਨ ਵਿਚ ਇਕ ਸੰਤੁਲਤ ਮਾਨਸਕ ਸਹਿਜ ਅਵਸਥਾ ਦੀ ਪਰਾਪਤੀ ਹੈ। ਇਸੇ ਸਹਿਜ ਅਵਸਥਾ ਨੂੰ ਗੁਰੂਆਂ ਨੇ 'ਆਨੰਦ' ਦਾ ਨਾਂ ਦਿੱਤਾ ਹੈ। ਭਾਈ ਵੀਰ ਸਿੰਘ ਜੀ ਇਸ ਸਿਖੀ ਆਦਰਸ਼ ਦੇ ਸਭ ਤੋਂ ਵੱਡੇ ਵਿਆਖਿਆਕਾਰ ਆਖੇ ਜਾ ਸਕਦੇ ਹਨ। ਆਪ ਨੇ ਇਸ ਅਵਸਥਾ ਨੂੰ ਖੇੜੇ ਦਾ ਨਾਂ ਦਿੱਤਾ ਹੈ, ਜਿਵੇਂ ਇਕ ਫੁਲ ਦੀ ਸਭ ਤੋਂ ਉੱਚੀ ਅਵਸਥਾ ਖੇੜੇ ਵਿਚ ਆਉਣਾ ਅਤੇ ਆਪਣੇ ਚੌਗਿਰਦੇ ਨੂੰ ਮਹਿਕ ਨਾਲ ਭਰਨਾ ਹੈ, ਇਸੇ ਤਰ੍ਹਾਂ ਇਕ ਵਿਅਕਤੀ ਦੀ ਉੱਚਤਮ ਮਾਨਸਕ ਅਵਸਥਾ ਖੇੜੇ ਦੀ ਅਵਸਥਾ ਵਿਚ ਪਹੁੰਚ ਕੇ ਮਨੁੱਖੀ ਸਮਾਜ ਵਿਚ ਆਪਣੀ ਸੁਗੰਧ ਨੂੰ ਖਿੰਡਾਉਣਾ ਹੈ। 'ਜੀਵਨ ਕੀ ਹੈ ?' ਅਤੇ 'ਪਦਮ ਬ੍ਰਿੱਛ' ਆਦਿ ਕਵਿਤਾਵਾਂ ਵਿਚ ਭਾਈ ਸਾਹਿਬ ਨੇ ਇਸੇ ਅਵਸਥਾ ਦਾ ਬਿਆਨ ਕੀਤਾ ਹੈ।

ਆਪ ਦੇ ਮਤ ਅਨੁਸਾਰ ਇਸ ਅਵਸਥਾ ਦੀ ਪਰਾਪਤੀ ਕਿਤਾਬੀ ਜਾਂ ਦੁਨਿਆਵੀ ਗਿਆਨ ਰਾਹੀਂ ਨਹੀਂ ਹੋ ਸਕਦੀ, ਇਸੇ ਲਈ ਉਨ੍ਹਾਂ ਦਾ ਮੁਖ ਉਪਦੇਸ਼ ਦੋਹਾਂ ਨੂੰ ਤਿਆਗ ਕੇ ਮਸਤੀ ਦਾ ਰਾਹ ਫੜਨਾ ਹੈ। ਉਹ ਦੁਨਿਆਵੀ ਗਿਆਨ ਨੂੰ "ਜੂਠ ਨਾਲ ਭਰਿਆ ਠੂਠਾ" ਹੀ ਕਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਅਕਲ ਤੇ ਚਤਰਾਈ ਨਾਲ ਕੁਝ ਨਹੀਂ ਲਭਦਾ। ਸੋ, ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਜੀ ਇਕ ਵਾਕ ਵਿਚ ਸੁਹਜਵਾਦੀ, ਰਹੱਸਵਾਦੀ ਆਦਰਸ਼ਵਾਦ ਦੇ ਧਾਰਨੀ ਕਹੇ ਜਾ ਸਕਦੇ ਹਨ। ਸੁਹਜਵਾਦੀ ਰਹੱਸਵਾਦੀ ਕਵੀ ਵਿਸ਼ੇਸ਼ ਕਰ ਕੇ ਵਿਅਕਤੀ-ਵਾਦੀ ਹੀ ਹੁੰਦੇ ਹਨ। ਉਹ ਇਕ ਤਰ੍ਹਾਂ ਦੇ ਅਧਿਆਤਮਕ ਵਿਅਕਤੀਗਤ ਆਨੰਦ ਵਿਚ ਲਿਪਤ ਹੋ ਕੇ ਰਹਿ ਜਾਂਦੇ ਹਨ। ਉਨ੍ਹਾਂ ਦਾ ਮਨ ਆਪਣੇ ਪਿਆਰੇ ਵਿਚ ਜੁੜਿਆ ਰਹਿੰਦਾ ਹੈ ਅਤੇ ਅਕਲ, ਸੁਆਦਾਂ, ਝਰਨਾਟਾਂ, ਕੰਬਣੀਆਂ ਤੇ ਸੁਪਨਿਆਂ ਦੇ ਦੇਸ਼ ਦੀ ਧੁੰਦਲੀ ਸਵਰਨਮਈ ਦੁਨੀਆਂ ਹੀ ਉਨ੍ਹਾਂ ਦੀ ਦੁਨੀਆਂ ਬਣ ਕੇ ਰਹਿ ਜਾਂਦੀ ਹੈ। ਉਹ ਬਹੁਤ ਕਰ ਕੇ ਚੇਤਨ ਤੇ ਅੰਤਰ ਚੇਤਨ ਵਿਚ ਹੀ ਵਿਚਰਦੇ ਹਨ। ਜੀਵਨ ਦੀ ਚੇਤਨ ਸੱਤਾ ਤੇ ਉਸ ਦੀਆਂ ਲੋੜਾਂ ਹਨ ਕੀ ਭਾਵ ਬਾਹਰ ਮੁਖੀ ਦੁਨੀਆਂ ਵਿਚ ਕੀ ਹੋ ਰਿਹਾ ਹੈ, ਇਸ ਨਾਲ ਉਹ ਆਪਣੇ ਚੇਤਨ ਮਨ ਨੂੰ ਨਹੀਂ ਲੋੜਦੇ। ਇਸ ਦਾ ਨਤੀਜਾ ਇਕ ਅਨੂਪਮ, ਸੁੰਦਰ ਤੇ ਵਿਚਿੱਤਰ ਰਚਨਾ ਤਾਂ ਹੁੰਦਾ ਹੈ, ਪਰ ਉਹ ਰਚਨਾ ਲੋਕਾਂ ਦੀ ਬਾਹਰਮੁਖੀ ਰਾਜਸੀ ਤੇ ਆਰਥਕ ਸਥਿਤੀ ਨੂੰ ਸੁਧਾਰਨ ਸੰਵਾਰਨ ਤੇ ਸੇਧ ਦੇਣ ਵਾਲੀ ਨਹੀਂ ਹੁੰਦੀ।

ਸੋ ਵਿਚਾਰਾਂ ਦੇ ਦ੍ਰਿਸ਼ਟੀਕੋਣ ਤੋਂ ਭਾਈ ਵੀਰ ਸਿੰਘ ਜੀ ਦੀ ਰਚਨਾ ਪਰਾਚੀਨ ਆਦਰਸ਼ਵਾਦ ਦੀ ਛਾਪ ਵਾਲੀ ਹੈ। ਪਰ ਰੂਪਕ ਪੱਖ ਤੋਂ ਭਾਈ ਸਾਹਿਬ ਨੇ ਪੱਛਮੀ ਸਾਹਿੱਤ ਦੇ ਪ੍ਰਭਾਵ ਥੱਲੇ ਪੰਜਾਬੀ ਕਵਿਤਾ ਨੂੰ ਆਧੁਨਿਕ ਸੱਚਿਆਂ ਵਿਚ ਢਾਲਿਆ ਹੈ। ਉਨ੍ਹਾਂ ਨੇ ਕਿੱਸਾਕਾਰੀ ਦੀ ਪਰਾਚੀਨ ਲੀਹ ਨੂੰ ਛਡ ਕੇ ਪੱਛਮੀ ਰੁਚੀ ਅਨੁਸਾਰ ਮਹਾਂ ਕਾਵਿ ਦੀ ਰਚਨਾ ਕੀਤੀ ਹੈ। ਇਸੇ ਤਰ੍ਹਾਂ ਛੋਟੀਆਂ ਕਵਿਤਾਵਾਂ ਲਿਖਣ ਦਾ ਮੁੱਢ ਬੰਨ੍ਹਿਆ ਹੈ। ਰੂਪਕ ਪੱਖ ਤੋਂ ਭਾਈ ਵੀਰ ਸਿੰਘ ਜੀ ਪੰਜਾਬੀ ਕਵਿਤਾ ਦੇ ਪਹਿਲੇ ਆਧੁਨਿਕ ਕਵੀ ਆਖੇ ਜਾ ਸਕਦੇ ਹਨ। ਰਾਣਾ ਸੂਰਤ ਸਿੰਘ (੧੯੦੫) ਲਹਿਰਾਂ ਦੇ ਹਾਰ (੧੯੨੧) ਮਟਕ ਹੁਲਾਰੇ (੧੯੨੫) ਬਿਜਲੀਆਂ ਦੇ ਹਾਰ (੧੯੨੭) ਅਤੇ ਮੇਰੇ ਸਾਈਆਂ ਜੀਉ (੧੯੫੩) ਆਪ ਦੇ ਪਰਸਿੱਧ ਕਾਵਿ ਗ੍ਰੰਥ ਹਨ।

## ਲਾਲਾ ਧਨੀ ਰਾਮ ਚਾਤ੍ਰਿਕ (੧੮੭੬–੧੯੫੪)

ਚਾਤ੍ਰਿਕ ਜੀ ਦਾ ਜਨਮ ਪੱਸੀਆਂ ਵਾਲਾ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ੧੮੯੨ ਵਿਚ ਆਪ ਭਾਈ ਵੀਰ ਸਿੰਘ ਜੀ ਦੇ ਪ੍ਰੈਸ ਵਿਚ ਨੌਕਰ ਹੋ ਗਏ। ਏਥੇ ਆਪ ਨੂੰ ਦੋ ਚੇਟਕਾਂ ਲਗ ਗਈਆਂ : ਕਵਿਤਾ ਲਿਖਣ ਦੀ ਚੇਟਕ ਤੇ ਗੁਰਮੁਖੀ ਦੇ ਟਾਈਪ ਬਣਾਉਣ ਦੀ ਚੇਟਕ। ਚਾਤ੍ਰਿਕ ਜੀ ਨੇ ਇਨ੍ਹਾਂ ਦੋਹਾਂ ਹੁਨਰਾਂ ਨੂੰ ਸਫ਼ਲਤਾ ਦੀ ਟੀਸੀ ਤਕ ਪਹੁੰਚਾਇਆ।

ਸ਼ੁਰੂ ਸ਼ੁਰੂ ਵਿਚ ਆਪ ਨੇ ਰਵਾਇਤੀ ਰੰਗ ਵਿਚ ਭਰਤਰੀਹਰੀ ਤੇ ਨਲ ਦਮਯੰਤੀ ਆਦਿ ਕਿੱਸੇ ਲਿਖੇ, ਪਰ

ਪਿਛੋਂ ਉਨ੍ਹਾਂ ਨੇ ਨਵੇਂ ਰੰਗ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ੧੯੩੧ ਵਿਚ ਆਪ ਦੀਆਂ ਕਵਿਤਾਵਾਂ ਦਾ ਪਹਿਲਾ ਸੰਗ੍ਰਹਿ 'ਚੰਦਨ ਵਾੜੀ' ਦੇ ਨਾਂ ਹੇਠ ਛਪਿਆ। ਇਸ ਮਗਰੋਂ ਆਪ ਨੇ ਸਾਨੂੰ ਕੇਸਰ ਕਿਆਰੀ, ਨਵਾਂ ਜਹਾਨ ਤੇ ਸੂਫ਼ੀ ਖ਼ਾਨਾ ਆਦਿ ਪੁਸਤਕਾਂ ਦਿਤੀਆਂ। ਆਪ ਦੀ ਕਵਿਤਾ ਦਾ ਵੱਡਾ ਗੁਣ ਛੰਦਾਬੰਦੀ ਦੀ ਨਿਪੁਨਤਾ, ਬੋਲੀ ਦੀ ਠੇਠਤਾ ਤੇ ਮੁਹਾਵਰੇ ਦੀ ਬਰਜਸਤਗੀ ਹੈ। ਆਪ ਦੀ ਸ਼ੈਲੀ ਵਿਚ ਕਲਾ ਦੀ ਪੁਖ਼ਤਗੀ ਹੈ। ਵਿਸ਼ੇ ਦੇ ਨੁਕਤੇ ਤੋਂ ਚਾਤ੍ਰਿਕ ਜੀ ਨੇ ਦੇਸ਼ ਪਿਆਰ, ਭਾਰਤੀਆਂ ਦੀ ਏਕਤਾ ਅਤੇ ਆਚਰਨ ਦੀ ਉਚਿਆਈ ਉਤੇ ਬੜਾ ਜ਼ੋਰ ਦਿੱਤਾ ਹੈ। ਆਪ ਦੀ ਬਹੁਤੀ ਕਵਿਤਾ ਸਿੱਖਿਆਦਾਇਕ ਤੇ ਸਦਾਚਾਰਕ ਵੰਨਗੀ ਦੀ ਹੈ।

ਚਾਤ੍ਰਿਕ ਜੀ ਨੇ ਪੰਜਾਬੀ ਦੀ ਉੱਨਤੀ ਲਈ ਵੀ ਢੇਰ ਕੰਮ ਕੀਤਾ ਹੈ। ਮਰਨ ਤੋਂ ਕੁਝ ਚਿਰ ਪਹਿਲਾਂ ਉਨ੍ਹਾਂ ਨੂੰ ਇਕ ਅਤਿ ਸੁੰਦਰ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ, ਜਿਸ ਵਿਚ ਉਨ੍ਹਾਂ ਦੇ ਜੀਵਨ, ਰਚਨਾ ਤੇ ਕਲਾ ਬਾਰੇ ਲੋੜੀਂਦੀ ਵਾਕਫ਼ੀਅਤ ਇਕੱਤਰ ਕੀਤੀ ਗਈ ਹੈ।

## ਪ੍ਰੋ: ਪੂਰਨ ਸਿੰਘ (੧੮੮੧–੧੯੩੧)

ਪੰਜਾਬੀ ਕਵੀਆਂ ਵਿਚ ਪੂਰਨ ਸਿੰਘ ਦੀ ਵਿਸ਼ੇਸ਼ ਥਾਂ ਹੈ। ਉਹ ਬਦੇਸ਼ਾਂ ਵਿਚ ਤੁਰਿਆ ਫਿਰਿਆ, ਪੜ੍ਹਿਆ ਗੁੜ੍ਹਿਆ ਅਤੇ ਬੜੀ ਦਿੱਬ ਤੇ ਵਿਸ਼ਾਲ ਦ੍ਰਿਸ਼ਟੀ ਵਾਲਾ ਮਨੁੱਖ ਸੀ। ਹੈਰਾਨੀ ਦੀ ਗੱਲ ਹੈ ਕਿ ਦਰਸ਼ਨ ਤੇ ਵਿਗਿਆਨ ਦੇ ਲਗਾਤਾਰ ਅਧਿਐਨ ਨੇ ਵੀ ਉਸ ਨੂੰ ਇਕ ਖ਼ੁਸ਼ਕ ਪਦਾਰਥਵਾਦੀ ਨਹੀਂ ਬਣਾਇਆ, ਨਾ ਹੀ ਉਸ ਦੇ ਜਜ਼ਬਿਆਂ ਦੇ ਸੋਮੇ ਨੂੰ ਸੁਕਾਇਆ ਹੈ। ਉਲਟਾ, ਉਸ ਦੇ ਜਜ਼ਬੇ ਬੁੱਧੀ ਦੇ ਕੜ ਨੂੰ ਪਾੜ ਕੇ ਇਕ ਜ਼ੋਰਦਾਰ ਵਹਿਣ ਵਾਂਗ ਵਹਿ ਤੁਰੇ ਸਨ। ਉਸ ਦੇ ਮਨੋਵੇਗ ਇਤਨੇ ਪ੍ਰਬਲ ਸਨ ਕਿ ਉਨ੍ਹਾਂ ਨੂੰ ਸਨਾਤਨੀ ਕਾਵਿ-ਰੂਪਾਂ ਵਿਚ ਸੰਭਾਲਣਾ ਮੁਸ਼ਕਲ ਸੀ। ਇਹੋ ਕਾਰਨ ਹੈ ਕਿ ਪੂਰਨ ਸਿੰਘ ਨੇ ਅਮਰੀਕਾ ਦੇ ਪਰਸਿੱਧ ਕਵੀ ਵਾਲਟ ਵਿੱਟਮੈਨ ਵਾਂਗ ਇਕ ਖੁੱਲ੍ਹੇ, ਮੁਕਤ ਤੇ ਸੈਲਾਨੀ ਜਿਹੇ ਛੰਦ ਵਿਚ ਆਪਣੀ ਕਵਿਤਾ ਰਚੀ ਹੈ। ਪੂਰਨ ਸਿੰਘ ਛੰਦਾਬੰਦੀ ਨੂੰ 'ਕੋਟ ਪਤਲੂਣ ਦੀ ਨਵਾਬੀ ਕੈਦ' ਆਖਦਾ ਹੈ। ਇਸੇ ਲਈ ਉਸ ਨੇ ਆਪਣੇ ਕਾਵਿ-ਸੰਗ੍ਰਹਿਆਂ ਦਾ ਨਾਂ ਵੀ ਖੁਲ੍ਹੇ ਮੈਦਾਨ ਹੀ ਰਖਿਆ ਹੈ।

ਪੂਰਨ ਸਿੰਘ ਦੀ ਕਵਿਤਾ ਦਾ ਵੱਡਾ ਗੁਣ ਦੇਸ ਦਾ ਪਿਆਰ ਹੈ। ਉਹ ਆਮ ਕਵੀਆਂ ਵਾਂਗ ਦੇਸ਼ ਪਿਆਰ ਦਾ ਉਪਦੇਸ਼ ਨਹੀਂ ਦੇਂਦਾ, ਸਗੋਂ ਦੇਸ਼ ਦੇ ਪਿੱਪਲਾਂ, ਬੋਹੜਾਂ, ਝਾੜ ਤੇ ਝਾੜੀਆਂ, ਚਾਟੀਆਂ ਤੇ ਮਧਾਣੀਆਂ, ਮਜ਼ੂਰਾਂ ਤੇ ਮਜ਼ੂਰਨੀਆਂ ਨੂੰ ਪਿਆਰ ਕਰਦਾ ਹੈ। ਪੰਜਾਬ ਦੇ ਦਰਿਆ ਉਸ ਦੇ ਸੁਫ਼ਨਿਆਂ ਵਿਚ ਖਾੜ ਖਾੜ ਚਲਦੇ ਹਨ। ਉਸ ਦੀ ਕਵਿਤਾ ਦਾ ਧੁਰਾ ਗਿਆਨ ਨਹੀਂ, ਪਿਆਰ ਹੈ, ਉਹ ਪੰਜਾਬੀ ਨੂੰ ਵੱਡੇ ਪਿਆਰ ਕਰਨ ਵਾਲੇ ਸਮਝਦਾ ਹੈ। ਇਸੇ ਲਈ ਉਹ ਉਨ੍ਹਾਂ ਨੂੰ 'ਰੇਝੇਟੇ ਦੇ ਨਿਕੇ ਵੱਡੇ ਭਰਾ ਸਾਰੇ' ਆਖਦਾ ਹੈ।

## ਇਸ ਪੀੜ੍ਹੀ ਦੇ ਹੋਰ ਕਵੀ

ਇਸ ਪੀੜ੍ਹੀ ਦੇ ਹੋਰ ਕਵੀਆਂ ਵਿਚੋਂ ਲਾਲਾ ਕਿਰਪਾ ਸਾਗਰ (੧੮੭੯—੧੯੩੯) ਦਾ ਜਨਮ ਪਿਪਨਾਖਾ, ਜ਼ਿਲ੍ਹਾ ਸਿਆਲਕੋਟ ਵਿਚ ਹੋਇਆ। ਜੰਮੂ ਦੀ ਨੌਕਰੀ ਸਮੇਂ ਉਸ ਨੂੰ ਉਥੋਂ ਦੇ ਸਥਾਨਕ ਵੇਰਵੇ, ਪਹਾੜੀ ਲੋਕਾਂ ਦੇ ਰਹਿਣ ਸਹਿਣ ਤੇ ਰਸਮ ਰਵਾਜ ਦਾ ਕਾਫ਼ੀ ਗਿਆਨ ਹੋ ਗਿਆ। ਜਿਸ ਨੇ ਉਸ ਦੇ ਦਿਲ ਵਿਚ ਇਸ ਇਲਾਕੇ ਨੂੰ ਪਿਛੋਕੜ ਵਿਚ ਰਖ ਕੇ ਇਕ ਲੰਮੀ ਕਵਿਤਾ ਲਿਖਣ ਦਾ ਖ਼ਿਆਲ ਪੈਦਾ ਕਰ ਦਿੱਤਾ। ਇਸ ਲਈ ਉਸ ਨੇ ਪੰਜਾਬ ਦੇ ਇਤਿਹਾਸ ਦਾ ਡੂੰਘਾ ਮੁਤਾਲਿਆ ਕੀਤਾ ਅਤੇ ੧੯੦੬ ਵਿਚ ਸਰ ਵਾਲਟਰ ਸਕਾਟ ਦੇ ਪਰਸਿੱਧ ਕਥਾ-ਕਾਵਿ Lady of the Lake ਦੇ ਆਧਾਰ ਉਤੇ ਲਕਸ਼ਮੀ ਦੇਵੀ ਦੀ ਰਚਨਾ ਸ਼ੁਰੂ ਕੀਤੀ, ਜੋ ੧੯੧੪ ਵਿਚ ਸਮਾਪਤ ਹੋਈ।

ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੰਦਰਾਲ ਦੇਸ਼ ਦੇ ਜਿੱਤਣ ਦਾ ਵਰਣਨ ਹੈ। ਸ਼ੈਲੀ ਦੀ ਸਾਦਗੀ, ਦ੍ਰਿਸ਼ ਵਰਣਨ, ਰਿਤੂ ਵਰਣਨ ਤੇ ਕਹਾਣੀ ਦੀ ਰੌਚਕਤਾ ਵਿਚ ਪੰਜਾਬੀ ਦਾ ਕੋਈ ਹੋਰ ਕਥਾ-ਕਾਵਿ ਲਕਸ਼ਮੀ ਦੇਵੀ ਨੂੰ ਨਹੀਂ ਅਪੜਦਾ ।

ਚਰਨ ਸਿੰਘ ਸ਼ਹੀਦ (੧੮੯੧-੧੯੩੫) ਇਸ ਪੀੜ੍ਹੀ ਦਾ ਇਕ ਹੋਰ ਪਰਸਿੱਧ ਕਵੀ ਹੋਇਆ ਹੈ। ਉਸ ਨੇ ਪੰਜਾਬੀ ਕਵਿਤਾ ਵਿਚ ਹਾਸ ਰਾਸ ਦੀ ਪ੍ਰਥਾ ਦਾ ਵਿਕਾਸ਼ ਕੀਤਾ। ਵਿਅੰਗ ਤੇ ਕਟਾਕਸ਼ ਵਿਚ ਅਸੀਂ ਉਸ ਨੂੰ ਪੰਜਾਬੀ ਦਾ ਇਬਨੇ ਯਮੀਂ ਆਖ ਸਕਦੇ ਹਾਂ। ਉਸ ਦੀਆਂ ਹਾਸ ਰਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਬਾਦਸ਼ਾਹੀਆਂ' ਦੇ ਨਾਂ ਹੇਠ ਛਪਿਆ ।

ਗਿਆਨੀ ਗੁਰਮੁਖ ਸਿੰਘ ਮੁਸਾਫ਼ਰ (੧੮੯੯-) ਅਤੇ ਗਿਆਨੀ ਹੀਰਾ ਸਿੰਘ ਦਰਦ (੧੮੮੯-) ਇਸ ਪੀੜ੍ਹੀ ਦੇ ਦੋ ਉਘੇ ਦੇਸ਼ ਭਗਤ ਕਵੀ ਹਨ। ਪਹਿਲੇ ਦਾ ਜਨਮ ਅਧਵਾਲ ਜ਼ਿਲ੍ਹਾ ਅਟਕ ਅਤੇ ਦੂਜੇ ਦਾ ਘਘਰੋਟ, ਜ਼ਿਲ੍ਹਾ ਰਾਵਲਪਿੰਡੀ ਵਿਚ ਹੋਇਆ। ਦੋਹਾਂ ਨੇ ਅੰਗ੍ਰੇਜ਼-ਵਿਰੋਧੀ ਸੰਗ੍ਰਾਮ ਵਿਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਵੀ ਕੀਤੀ ਜਿਥੇ ਉਨ੍ਹਾਂ ਨੇ ਰਾਜਸੀ ਰੰਗਣ ਵਾਲੀਆਂ ਕਵਿਤਾਵਾਂ ਰਚੀਆਂ। ਅਜੇਹੀਆਂ ਕਵਿਤਾਵਾਂ ਨੂੰ ਫ਼ਾਰਸੀ ਵਿਚ "ਹਬਸੀਆਤ" ਭਾਵ ਬੰਦੀ-ਕਾਵਿ ਕਿਹਾ ਜਾਂਦਾ ਹੈ। ਵਿਧਾਤਾ ਸਿੰਘ ਤੀਰ (੧੯੦੦—) ਦਾ ਜਨਮ ਵੀ ਦਰਦ ਜੀ ਦੇ ਪਿੰਡ ਘਘਰੋਟ ਵਿਖੇ ਹੋਇਆ। ਸਭ ਤੋਂ ਪਹਿਲੇ ਉਸ ਨੇ ਅਕਾਲੀ ਲਹਿਰ ਦੇ ਪ੍ਰਭਾਵ ਥਲੇ ਕਵਿਤਾ ਲਿਖਣੀ ਸ਼ੁਰੂ ਕੀਤੀ। ਉਸ ਦੀ ਪਹਿਲੀ ਪੁਸਤਕ "ਤੀਰ ਤਰੰਗ" ਦੇ ਨਾਂ ਹੇਠ ਛਪੀ। ਪਿਛੋਂ ਨਵੇਂ ਨਿਸ਼ਾਨੇ, ਗੁੰਗੇ ਗੀਤ, ਕਾਲ ਕੂਕਾਂ, ਮਿੱਠੇ ਮੇਵੇ ਆਦਿ ਕਾਵਿ-ਸੰਗ੍ਰਹਿ ਪਰਕਾਸ਼ਤ ਹੋਏ। ਇਨ੍ਹਾਂ ਦੇ ਇਲਾਵਾ ਤੀਰ ਜੀ ਨੇ ਬੰਦਾ ਸਿੰਘ ਬਹਾਦਰ, ਦਸ਼ਮੇਸ਼ ਦਰਸ਼ਨ, ਰੂਪ ਰਾਣੀ ਸ਼ਕੁੰਤਲਾ ਤੇ ਨਲ ਦਮਯੰਤੀ ਆਦਿ ਲੰਬੇ ਕਿੱਸੇ ਵੀ ਲਿਖੇ ਹਨ। ਤੀਰ ਜੀ ਦਾ ਲਿਖਣ ਢੰਗ ਕਲਾਸਕੀ ਹੈ ਅਤੇ ਛੰਦਾਬੰਦੀ ਦੀ ਪਰਬੀਨਤਾ ਦੇ ਕਾਰਨ ਕਈ ਦਰਬਾਰੀ ਕਵੀ ਉਸ ਨੂੰ "ਉਸਤਾਦ" ਕਹਿ ਕੇ ਸਤਿਕਾਰਦੇ ਹਨ।

ਇਸ ਪੀੜ੍ਹੀ ਦਾ ਇਕ ਹੋਰ ਪ੍ਰਮੁਖ ਕਵੀ ਡਾਕਟਰ ਮੋਹਨ ਸਿੰਘ ਦੀਵਾਨਾ (੧੮੯੯—) ਹੈ ਜਿਸ ਦਾ ਜਨਮ ਦੇਵੀ, ਜ਼ਿਲਾ ਰਾਵਲਪਿੰਡੀ ਵਿਚ ਹੋਇਆ। ਧੁਪ ਛਾਂ ਉਸਦੀ ਪਹਿਲੀ ਕਾਵਿ ਪੁਸਤਕ ਹੈ ਜੋ ੧੯੨੯ ਵਿਚ ਪ੍ਰਕਾਸ਼ਤ ਹੋਈ। ਇਸਦੇ ਮਗਰੋਂ ਨੀਲ ਧਾਰਾ, ਜਗਤ ਤਮਾਸ਼ਾ, ਨਿਰੰਕਾਰੀ ਸਾਖੀਆਂ, ਮਸਤੀ, ਪਤਝੜ ਤੇ ਸੋਮਰਸ ਆਦਿ ਰਚਨਾਵਾਂ ਪ੍ਰਕਾਸ਼ਤ ਹੋਈਆਂ। ਦੀਵਾਨਾ ਜੀ ਦੀ ਬਹੁਤ ਸਾਰੀ ਕਵਿਤਾ ਉਸਦੇ ਵਿਸ਼ਾਲ ਅਧਿਐਨ, ਨਿੱਜੀ ਅਨੁਭਵ, ਫ਼ਕੀਰੀ ਸੁਭਾ ਤੇ ਮਨ ਦੀ ਮੌਜ ਦੀ ਉਪਜ ਹੈ। ਇਹ ਕਈ ਪ੍ਰਭਾਵਾਂ ਦਾ ਮਿਸ਼ਰਣ ਹੈ ਜਿਸ ਵਿਚ ਰਹੱਸਵਾਦੀ, ਦਾਰਸ਼ਨਕ ਅਧਿਆਤਮਕ, ਰੋਮਾਂਚਕ ਤੇ ਆਧੁਨਿਕ ਰੰਗਾਂ ਦਾ ਮੇਲ ਹੈ ਤੇ ਹਿੰਦੀ, ਅੰਗਰੇਜ਼ੀ, ਤੇ ਉਰਦੂ ਫ਼ਾਰਸੀ ਦੀ ਸ਼ਬਦਾਵਲੀ ਤੇ ਬਿੰਬਾਵਲੀ ਦਾ ਰਲਾ ਹੈ।

ਡਾਕਟਰ ਦੀਵਾਨ ਸਿੰਘ ਕਾਲੇ ਪਾਣੀ ਦੀ ਪੂਰਨ ਸਿੰਘ ਦੇ ਰੰਗ ਵਿਚ ਲਿਖੀ ਪੁਸਤਕ ਵਗਦੇ ਪਾਣੀ, ਹਰਿੰਦਰ ਸਿੰਘ ਰੂਪ ਦੀਆਂ ਦੇਸ਼ ਭਗਤੀ ਤੇ ਸਿੱਖ ਇਤਿਹਾਸ ਦੇ ਜਜ਼ਬੇ ਨਾਲ ਧੜਕਦੀਆਂ ਵਾਰਾਂ ਅਤੇ ਮੌਲਾ ਬਖ਼ਸ਼ ਕੁਸ਼ਤਾ ਦੇ ਦੀਵਾਨੇ ਕੁਸ਼ਤਾ ਤੇ ਹੀਰ ਕੁਸ਼ਤਾ ਦੇ ਜ਼ਿਕਰ ਨਾਲ ਇਸ ਪੀੜ੍ਹੀ ਦੇ ਨਾਂ ਲੈਣ-ਜੋਗੇ ਕਵੀਆਂ ਦਾ ਵਰਣਨ ਸਮਾਪਤ ਹੋ ਜਾਂਦਾ ਹੈ।

## ਪ੍ਰੋ: ਮੋਹਨ ਸਿੰਘ (੧੯੦੫—)

ਆਧੁਨਿਕ ਪੰਜਾਬੀ ਕਵਿਤਾ ਦੀ ਦੂਜੀ ਪੀੜ੍ਹੀ ਪ੍ਰੋਫ਼ੈਸਰ ਮੋਹਨ ਸਿੰਘ ਨਾਲ ਸ਼ੁਰੂ ਹੁੰਦੀ ਹੈ। ਪ੍ਰੋਫ਼ੈਸਰ ਕ੍ਰਿਪਾਲ ਸਿੰਘ ਕਸੇਲ ਦੇ ਸ਼ਬਦਾਂ ਵਿਚ — "ਪੰਜਾਬੀ ਦੇ ਆਧੁਨਿਕ ਕਾਵਿ-ਸਾਹਿਤ ਵਿਚ ਪ੍ਰੋ: ਮੋਹਨ ਸਿੰਘ ਦੀ ਇਕ ਵਿਸ਼ੇਸ਼,

ਮਹੱਤਾਪੂਰਨ ਤੇ ਗੌਰਵਤਾ ਵਾਲੀ ਥਾਂ ਹੈ। ਨਵੀਨ ਪੰਜਾਬੀ ਕਵਿਤਾ ਦੇ ਮੋਢੀ ਹੋਣ ਦੀ ਹੈਸੀਅਤ ਵਿਚ ਭਾਈ ਵੀਰ ਸਿੰਘ ਨੇ ਜਿਸ ਪਰੰਪਰਾ ਨੂੰ ਜਨਮ ਦਿੱਤਾ, ਉਸ ਦਾ ਪ੍ਰਭਾਵ ਆਪਣੇ ਸਮਕਾਲੀ ਉਤੇ ਪ੍ਰਤੀਕਾਲੀ ਕਵੀਆਂ ਤੇ ਵੀ ਪਿਆ। ਮੋਹਨ ਸਿੰਘ ਪਹਿਲਾ ਕਵੀ ਹੈ ਜੋ ਭਾਈ ਵੀਰ ਸਿੰਘ ਦੀ ਪਰੰਪਰਾ ਤੋਂ ਪੂਰੇ ਤੌਰ ਤੇ ਸੁਤੰਤਰ ਹੁੰਦਾ ਹੈ ਅਤੇ ਜਿਹੜੇ ਨਵੇਂ ਝੁਕਾ ੧੯੩੦ ਈ: ਤੋਂ ਬਾਦ ਪੰਜਾਬੀ ਕਵਿਤਾ ਵਿਚ ਆਏ ਹਨ, ਮੋਹਨ ਸਿੰਘ ਨੂੰ ਉਨ੍ਹਾਂ ਦਾ ਮੋਢੀ ਕਿਹਾ ਜਾ ਸਕਦਾ ਹੈ। ਜਿਹੜੇ ਭਾਵ ਜਾਂ ਖ਼ਿਆਲ ਲੋਕਾਂ ਦੇ ਮਨਾਂ ਵਿਚ ਅੱਗੇ ਵਧ ਰਹੇ ਸਨ, ਉਹ ਮੋਹਨ ਸਿੰਘ ਦੀ ਕਵਿਤਾ ਵਿਚ, ਨਿੱਜੀ ਰੰਗਤ ਵਿਚ ਰੰਗੇ, ਭਾਵਾਂ ਦੀ ਗਰਮੀ ਨਾਲ ਭਖਦੇ ਚਮਕਦੇ ਮਿਲਦੇ ਹਨ। ਪਾਠਕ ਉਨ੍ਹਾਂ ਭਾਵਾਂ ਨਾਲ ਸਾਂਝ ਤੇ ਅਪਣੱਤ ਜਿਹੀ ਮਹਿਸੂਸ ਕਰਦਾ ਹੈ, ਤੇ ਇਹ ਚੀਜ਼ ਉਸਦੀ ਕਵਿਤਾ ਨੂੰ ਲੋਕ-ਪ੍ਰਿਯ ਬਣਾਉਂਦੀ ਹੈ। ਨਵੇਂ ਛੰਦਾਂ ਨੂੰ ਢਾਲਣਾ ਤੇ ਪ੍ਰਚਲਤ ਛੰਦਾਂ ਨੂੰ ਕਲਾਮਈ ਢੰਗ ਨਾਲ ਨਵਾਂ ਰੂਪ ਦੇਣਾ, ਸ਼ਬਦਾਂ ਦੀ ਸੁਚੱਜੀ ਚੋਣ ਤੇ ਉਨ੍ਹਾਂ ਨੂੰ ਢੁਕਵੀਂ ਤਰਤੀਬ ਵਿਚ ਸਜਾਉਣਾ, ਰਾਗ ਤੇ ਸੰਗੀਤ ਦੀ ਸੂਝ, ਵਲਵਲੇ ਦੀ ਬਹੁਲਤਾ, ਸੁਭਾਵਕ ਤੇ ਆਮੁਹਾਰਾ ਵੇਗ, ਅਲੰਕਾਰਾਂ ਦੀ ਮੌਲਿਕਤਾ ਤੇ ਨਵੀਨਤਾ, ਨਾਦ-ਚਿਤਰਾਂ, ਦ੍ਰਿਸ਼-ਚਿਤਰਾਂ ਤੇ ਭਾਵ-ਚਿਤਰਾਂ ਦੀ ਸੁਚੱਜੀ ਗੋਂਦ ਅਤੇ ਰੋਮਾਂਚਕ ਵਾਯੂਮੰਡਲ ਵਿਚ ਭਿਜਿਆ ਇਹ ਸਭ ਕੁਝ ਉਸਦੀ ਕਵਿਤਾ ਦੇ ਕੁਝ ਕੁ ਪਰਤੱਖ ਰੂਪਕ ਗੁਣ ਹਨ।"

ਮੋਹਨ ਸਿਘ ਦਾ ਜਨਮ, ਮਰਦਾਨ ਸੂਬਾ ਸਰਹੱਦ ਵਿਖੇ ਹੋਇਆ। ਉਸਦਾ ਜੱਦੀ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ ਹੈ। ੧੯੩੬ ਵਿਚ ਉਸਦਾ ਪਹਿਲਾ ਕਾਵਿ-ਸੰਗ੍ਰਹਿ 'ਸਾਵੇ ਪੱਤਰ' ਦੇ ਨਾਂ ਹੇਠ ਛਪਿਆ ਜਿਸਦੀਆਂ ਪੰਜਾਹ ਹਜ਼ਾਰ ਤੋਂ ਉੱਪਰ ਕਾਪੀਆਂ ਹੁਣ ਤੀਕ ਵਿਕ ਚੁਕੀਆਂ ਹਨ, ਇਸ ਮਗਰੋਂ ਉਸ ਨੇ ਕਸੁੰਭੜਾ, ਅਧਵਾਟੇ, ਕਚ ਸਚ, ਆਵਾਜ਼ਾਂ ਤੇ ਵੱਡਾ ਵੇਲਾ ਨਾਂ ਦੇ ਕਾਵਿ ਸੰਗ੍ਰਹਿ ਪ੍ਰਕਾਸ਼ਤ ਕੀਤੇ। ੧੯੬੦ ਵਿਚ ਭਾਰਤੀ ਸਾਹਿਤ ਅਕਾਦਮੀ ਵਲੋਂ "ਵੱਡਾ ਵੇਲਾ" ਨੂੰ ਪਿਛਲੇ ਤਿੰਨ ਸਾਲਾਂ ਦੀ ਅਤੀ ਉੱਤਮ ਰਚਨਾ ਮੰਨ ਕੇ ਪੰਜ ਹਜ਼ਾਰ ਰੁਪਏ ਦਾ ਪੁਰਸਕਾਰ ਦਿੱਤਾ ਗਿਆ। ੧੯੬੫ ਵਿਚ ਉਸਨੇ ਐਡਵਿਨ ਆਰਨਲਡ ਦੀ ਜਗਤ-ਪਰਸਿੱਧ ਪੁਸਤਕ **Light of Asia** ਦਾ ਕਵਿਤਾ ਵਿਚ ਅਨੁਵਾਦ 'ਏਸ਼ੀਆ ਦਾ ਚਾਨਣ' ਦੇ ਨਾਂ ਥੱਲੇ ਪ੍ਰਕਾਸ਼ਤ ਕੀਤਾ।

## ਅਵਤਾਰ ਸਿੰਘ ਆਜ਼ਾਦ (੧੯੦੬—)

ਮੋਹਨ ਸਿੰਘ ਤੋਂ ਇਕ ਸਾਲ ਮਗਰੋਂ ਆਜ਼ਾਦ ਦਾ ਜਨਮ ਗੰਡੀ ਵਿੰਡ, ਜ਼ਿਲਾ ਅਮ੍ਰਿਤਸਰ ਵਿਚ ਹੋਇਆ, ਉਸਦੀ ਪਹਿਲੀ ਕਾਵਿ ਪੁਸਤਕ "ਕੈਦੀ-ਵੀਰ" ਦੇ ਨਾਂ ਹੇਠ ਛਪੀ ਜਿਸ ਵਿਚ ਇਨਕਲਾਬੀ ਰੰਗ ਵਾਲੀਆਂ ਕਵਿਤਾਵਾਂ ਹਨ। ਇਸ ਮਗਰੋਂ ਉਸ ਨੇ ਸਾਨੂੰ ਅੱਧੀ ਦਰਜਨ ਤੋਂ ਉਪਰ ਕਾਵਿ-ਸੰਗ੍ਰਹਿ ਦਿੱਤੇ ਹਨ, ਪਰ ਆਜ਼ਾਦ ਜੀ ਦੀ ਕਾਵਿ ਸ਼ਕਤੀ ਦਾ ਪੂਰਨ ਚਮਤਕਾਰਾ ਉਦੋਂ ਪਰਗਟ ਹੋਇਆ ਜਦ ਉਨ੍ਹਾਂ ਨੇ ਵੰਡ ਤੋਂ ਮਗਰੋਂ ਉਤੋੜਿੱਤੀ ਤਿੰਨ ਮਹਾਂਕਾਵਿ ਸਾਨੂੰ ਦਿੱਤੇ — ਮਰਦ ਅਗੰਮੜਾ, ਵਿਸ਼ਵ ਨੂਰ ਤੇ ਮਹਾਂਬਲੀ ਜਿਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ ਤੇ ਮਹਾਰਾਜਾ ਰਣਜੀਤ ਸਿੰਘ ਦੀਆਂ ਮਹਾਨ ਵਿਅਕਤੀਆਂ ਤੇ ਉਨ੍ਹਾਂ ਦੀਆਂ ਪਰਾਪਤੀਆਂ ਦਾ ਵਰਣਨ ਹੈ। ਇਨ੍ਹਾਂ ਆਜ਼ਾਦ ਜੀ ਦੀ ਪੱਧਰ ਨੂੰ ਇਕ ਦਮ ਉੱਚਾ ਕਰ ਦਿੱਤਾ ਹੈ ਅਤੇ ਆਉਣ ਵਾਲੇ ਕਾਫ਼ੀ ਲੰਮੇ ਭਵਿਸ਼ ਵਿਚ, ਮਹਾਕਾਵਿ ਦੀ ਪ੍ਰਥਾ ਵਿਚ ਆਜ਼ਾਦ ਤੋਂ ਅੱਗੇ ਲੰਘਣਾ ਸੌਖਾ ਕੰਮ ਨਹੀਂ।

## ਪ੍ਰੀਤਮ ਸਿੰਘ ਸਫ਼ੀਰ (੧੯੧੬—)

ਸਫ਼ੀਰ ਦਾ ਜਨਮ ਮੱਲ ਪੁਰ, ਜ਼ਿਲਾ ਰਾਵਲਪਿੰਡੀ ਵਿਚ ਹੋਇਆ। ਉਸ ਦੀ ਕਵਿਤਾ ਸਮਕਾਲੀ ਕਵੀਆਂ ਨਾਲੋਂ ਵਿਲੱਖਣ ਤੇ ਨਿੱਜੀ ਛਾਪ ਵਾਲੀ ਹੈ। ਲਗਭਗ ਸਾਰੇ ਆਲੋਚਕਾਂ ਨੇ ਸਫ਼ੀਰ ਦੀ ਕਵਿਤਾ ਬਾਰੇ ਆਪਣੀ ਰਾਏ

ਦਿਤੀ ਹੈ, ਪਰ ਕੋਈ ਵੀ ਉਸ ਦਾ ਯੋਗ ਸਥਾਨ ਨਿਸਚਿਤ ਨਹੀਂ ਕਰ ਸਕਿਆ। ਪ੍ਰੋ: ਕਸੇਲ ਦੇ ਕਥਨ ਅਨੁਸਾਰ "ਸਫ਼ੀਰ ਦਾ ਜੀਵਨ ਬਾਰੇ ਕੋਈ ਇਕ ਬੱਝਵਾਂ ਦ੍ਰਿਸ਼ਟੀਕੋਣ ਨਹੀਂ ਬਣਿਆ। ਅਰਥਾਤ ਉਹਦੀ ਫਿਲਾਸਫ਼ੀ ਕਿਸੇ ਇਕ ਕੇਂਦਰ ਦੁਆਲੇ ਨਹੀਂ ਘੁਮਦੀ, ਉਹ ਪ੍ਰਭਾਵਵਾਦੀ ਕਵੀ ਹੈ ਅਤੇ ਅੱਡ ਅੱਡ ਵਿਚਾਰਾਂ ਦੇ ਪ੍ਰਭਾਵ ਥਲੇ, ਉਸ ਨੇ ਅੱਡ ਅੱਡ ਸਮੇਂ ਕਵਿਤਾਵਾਂ ਕਹੀਆਂ ਹਨ।' ਪ੍ਰੋ: ਸੰਤ ਸਿੰਘ ਦੇ ਕਥਨ ਅਨੁਸਾਰ ਸਫ਼ੀਰ ਦੀ ਕਵਿਤਾ ਦਾ ਵੱਡਾ ਲੱਛਣ 'ਭਾਵਾਂ ਤੇ ਵਿਚਾਰਾਂ ਦੀ ਤਰਲਤਾ ਹੈ।' ਆਮ ਤੌਰ ਤੇ ਸਫ਼ੀਰ ਨੂੰ ਬੌਧਿਕ ਕਵੀ ਕਿਹਾ ਜਾਂਦਾ ਹੈ। ਅਸੀਂ ਸਫ਼ੀਰ ਨੂੰ ਕਿਸੇ ਹਦ ਤੀਕ ਬੌਧਿਕ ਰਹੱਸਵਾਦੀ ਤਾਂ ਕਹਿ ਸਕਦੇ ਹਾਂ, ਪਰ ਬੌਧਿਕ ਕਵੀ ਨਹੀਂ ਕਹਿ ਸਕਦੇ। ਸਾਡੀ ਰਾਏ ਵਿਚ ਸਫ਼ੀਰ ਨੂੰ ਬੌਧਿਕ ਕਵੀ ਕਹਿਣਾ ਇਕ ਭ੍ਰਾਂਤੀ ਹੈ, ਕਿਉਂਕਿ ਸਫ਼ੀਰ ਚੇਤਨ ਨਾਲੋਂ ਕਿਤੇ ਵਧ ਕੇ ਨਿਮਨ ਚੇਤਨ ਦਾ ਕਵੀ ਹੈ। ਉਹ ਅਸਲ ਵਿਚ ਕਵੀ ਵਧੇਰੇ ਤੇ ਕਲਾਕਾਰ ਘਟ ਹੈ। ਉਹ ਨਿਮਨ ਚੇਤਨ ਦੀਆਂ ਖਾਣਾਂ ਵਿਚ ਅਨੁਭਵ ਦੀ ਸਮੱਗਰੀ ਨੂੰ ਆਪਣੀ ਮੁੱਢਲੀ ਕੱਚੀ ਸ਼ਕਲ ਵਿਚ ਹੀ ਕੱਢ ਕੇ ਸਾਡੇ ਸਾਹਮਣੇ ਰਖ ਦੇਂਦਾ ਹੈ, ਇਕ ਚੇਤਨ ਕਲਾਕਾਰ ਵਾਂਗ ਉਸ ਨੂੰ ਚੇਤਨਤਾ ਦੀ ਭੱਠੀ ਵਿਚ ਢਾਲ ਕੇ ਉਸ ਤੋਂ ਲਗ ਲਥੇੜ ਵਖ ਨਹੀਂ ਕਰਦਾ, ਇਸ ਲਗ ਵਿਚ ਉਹ ਆਦਿਮ ਕਵੀ ਦੇ ਨੇੜੇ ਅਤੇ ਇਕ ਬੌਧਿਕ ਤੇ ਚੇਤਨ ਕਲਾਕਾਰ ਤੋਂ ਪਰੇਡੇ ਹੈ। ਚੇਤਨ ਕਲਾਕਾਰ ਨਿਮਨ ਚੇਤਨ ਵਿਚੋਂ ਲਿਆਂਦੇ ਹਰ ਅਨੁਭਵ ਨੂੰ ਚੇਤੰਨ ਦੁਨੀਆਂ ਨਾਲ ਜੋੜਨ ਲਈ ਉਸਨੂੰ ਐਸੇ ਵਸਤਰ ਪਹਿਨਾਂਦਾ ਹੈ, ਜੋ ਚੇਤਨ ਦੁਨੀਆਂ ਵਿਚ ਜਾਣੇ-ਪਛਾਣੇ ਹੋਣ। ਸਫ਼ੀਰ ਇਉਂ ਨਹੀਂ ਕਰਦਾ। ਇਸੇ ਕਾਰਨ ਉਸ ਦੀ ਕਵਿਤਾ ਕਈ ਥਾਵਾਂ ਤੇ ਧੁੰਦਲੀ, ਅਸਪਸ਼ਟ ਤੇ ਓਪਰੀ ਲਗਦੀ ਹੈ। ਸੁਪਨੇ ਦੀਆਂ ਦੁਨੀਆਂ ਵਾਂਗ ਉਸਦੀ ਕਵਿਤਾ ਵਿਚਲੇ ਪਰਸਪਰ ਰਿਸ਼ਤੇ ਨੂੰ ਲੱਭਣਾ ਮੁਸ਼ਕਲ ਹੋ ਜਾਂਦਾ ਹੈ। ਉਸਦੀ ਛੜੱਪੇ-ਮਾਰ ਸ਼ੈਲੀ ਵਿਚ ਇਕ ਅਜਬ ਤਰ੍ਹਾਂ ਦਾ ਗੌਰਵ ਹੈ ਜੋ ਇਕ ਡੂੰਘੀ ਤਰ੍ਹਾਂ ਦੀ ਤਰਕਹੀਨਤਾ ਵਿਚ ਹੁੰਦਾ ਹੈ। ਕੱਤਕ ਕੂੰਜਾਂ, ਪਾਪ ਦੇ ਸੋਹਿਲੇ, ਰਕਤ ਬੂੰਦਾਂ, ਰਾਗ ਰਿਸ਼ਮਾਂ ਤੇ ਆਦਿ ਜੁਗਾਦਿ ਸਫ਼ੀਰ ਦੀਆਂ ਪਰਸਿੱਧ ਕਾਵਿ-ਪੁਸਤਕਾਂ ਹਨ।

## ਅੰਮ੍ਰਿਤਾ ਪ੍ਰੀਤਮ (੧੯੧੯—)

ਅੰਮ੍ਰਿਤਾ ਪ੍ਰੀਤਮ ਪੰਜਾਬ ਦੀ ਲੋਕ-ਪ੍ਰਿਯ ਕਵਿਤਰੀ ਹੈ। ਉਸ ਦੀ ਸ਼ੁਹਰਤ ਦੋਹਾਂ ਪੰਜਾਬਾਂ ਦੀ ਹੱਦ ਨੂੰ ਟਪ ਕੇ ਭਾਰਤ ਦੀਆਂ ਦੁਰਾਡੀਆਂ ਹੱਦਾਂ ਤੀਕ ਪਹੁੰਚ ਚੁਕੀ ਹੈ। ਪ੍ਰਿੰ: ਤੇਜਾ ਸਿੰਘ ਜੀ ਨੇ ਉਸਨੂੰ ਠੀਕ ਹੀ 'ਪੰਜਾਬ ਦੀ ਆਵਾਜ਼' ਕਿਹਾ ਹੈ, ਭਾਵੇਂ ਅਜ ਉਹ ਸਮੁੱਚੀ ਮਨੁਖਤਾ ਦੀ ਆਵਾਜ਼ ਬਣ ਚੁਕੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਕੋਈ ਬਾਰਾਂ ਕਾਵਿ-ਸੰਗ੍ਰਹਿ ਸਾਨੂੰ ਦਿਤੇ ਹਨ। ਇਨ੍ਹਾਂ ਵਿਚੋਂ ਲੋਕ ਪੀੜ, ਪੱਥਰ ਗੀਟੇ, ਲੰਮੀਆਂ ਵਾਟਾਂ, ਸਰਘੀ ਵੇਲਾ, ਸੁਨੇਹੜੇ, ਅਸ਼ੋਕਾ ਚੇਤੀ ਤੇ ਕਸਤੂਰੀ ਬਹੁਤ ਪਰਸਿੱਧ ਹਨ। ਅੰਮ੍ਰਿਤਾ ਦੀ ਕਵਿਤਾ ਦਾ ਧੁਰਾ ਪਿਆਰ ਹੈ, ਭਾਵੇਂ ਇਹ ਨਿੱਜੀ ਪੱਧਰ ਉਤੇ ਹੋਵੇ ਯਾ ਲੋਕ-ਪੱਧਰ ਉਤੇ। ਅਸਲ ਵਿਚ ਨਿੱਜੀ ਤੇ ਸਮਾਜਕ ਪਿਆਰ ਵਿਚ ਹੱਦਾਂ ਪਾਉਣੀਆਂ ਠੀਕ ਨਹੀਂ। ਨਿਜੀ-ਪਿਆਰ ਲੋਕ-ਪਿਆਰ ਦੀ ਪੌੜੀ ਹੀ ਤਾਂ ਹੈ। ਅੰਮ੍ਰਿਤਾ ਇਸ ਪੌੜੀ ਦੇ ਸਾਰੇ ਡੰਡੇ ਚੜ੍ਹ ਕੇ ਲੋਕ-ਪਿਆਰ ਦੇ ਉਤਲੇ ਡੰਡੇ ਤੇ ਪੁਜ ਗਈ ਹੈ, ਪਰ ਅਜੇ ਵੀ ਉਸਨੂੰ ਨਿੱਜੀ ਪਿਆਰ ਦਾ ਸਭ ਤੋਂ ਹੇਠਲਾ ਡੰਡਾ ਉਤਨਾ ਹੀ ਪਿਆਰਾ ਹੈ।

ਅੰਮ੍ਰਿਤਾ ਦੀ ਕਵਿਤਾ ਦੀ ਸਭ ਤੋਂ ਵੱਡੀ ਸ਼ਕਤੀ ਉਸਦੀ ਦਰਿਆ ਵਾਂਗ ਵਗਦੀ, ਭਰਵੀਂ ਤੇ ਡੂੰਘੀ ਸ਼ੈਲੀ ਵਿਚ ਹੈ ਜਿਸ ਦੇ ਕੰਢਿਆਂ ਉਤੇ ਕਲਪਨਾ-ਚਿਤਰਾਂ ਦੇ ਜੁਗਨੂੰ ਅਨੂਪਮ ਚਮਕਾਂ ਮਾਰਦੇ ਦਿਖਾਈ ਦਿੰਦੇ ਹਨ। ਉਸਦੀ ਦੂਜੀ ਸ਼ਕਤੀ ਸਰੋਦੀ ਗੁਣ ਹੈ ਜੋ ਉਸਨੂੰ ਇਕ ਮਹਾਨ ਗੀਤਕਾਰ ਬਣਾਂਦੀ ਹੈ।

## ਬਾਵਾ ਬਲਵੰਤ (੧੯੧੫—)

ਬਾਵਾ ਬਲਵੰਤ ਦਾ ਜਨਮ ਨੇਸ਼ਟਾ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਉਹ ਮਹਾਂ ਨਾਚ, ਜਵਾਲਾ ਮੁਖੀ, ਅਮਰ ਗੀਤ, ਬੰਦਰ ਗਾਹ ਤੇ ਸੁਗੰਧ ਸਮੀਰ ਪੰਜ ਕਾਵਿ-ਸੰਗ੍ਰਹਿ ਸਾਨੂੰ ਦੇ ਚੁਕਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਵਾ ਬਲਵੰਤ ਨੇ ਪਿਆਰ ਬਾਰੇ ਵੀ ਕੁਝ ਕਵਿਤਾਵਾਂ ਲਿਖੀਆਂ ਹਨ, ਪਰ ਮੁਖ ਤੌਰ ਤੇ ਉਹ ਇਕ ਕ੍ਰਾਂਤੀਕਾਰੀ ਕਵੀ ਹੈ। ਉਹ ਮੌਜੂਦਾ ਨਜ਼ਾਮ ਨਾਲ ਸੰਤੁਸ਼ਟ ਨਹੀਂ। ਉਹ ਇਸਨੂੰ ਬਦਲਣ ਲਈ ਬੇਕਰਾਰ ਹੈ। ਆਪਣੀ ਕਵਿਤਾ 'ਸ਼ਿਵ ਨਾਚ' ਵਿਚ ਉਸ ਨੇ ਕ੍ਰਾਂਤੀ ਦੇ ਨਜ਼ਰੀਏ ਨੂੰ ਪੇਸ਼ ਕੀਤਾ ਹੈ।

ਬਾਵਾ ਬਲਵੰਤ ਨੇ ਉਰਦੂ ਅਦਬ ਦਾ ਵਿਸ਼ੇਸ਼ ਮੁਤਾਲਿਆ ਕੀਤਾ ਹੈ। ਇਹੋ ਕਾਰਨ ਹੈ ਕਿ ਉਸਦੀ ਕਵਿਤਾ ਉਤੇ ਉਰਦੂ ਰੰਗਣ ਪਰਤੱਖ ਨਜ਼ਰ ਆਉਂਦੀ ਹੈ। ਉਸਦੀ ਕਵਿਤਾ ਵਿਚ ਕੇਵਲ ਉਰਦੂ ਫ਼ਾਰਸੀ ਦੇ ਸ਼ਬਦ ਤੇ ਤਰਕੀਬਾਂ ਹੀ ਨਹੀਂ ਆਉਂਦੀਆਂ ਸਗੋਂ ਉਸਦੀ ਸਮੁੱਚੀ ਸ਼ੈਲੀ ਤੇ ਸੋਚਣ-ਢੰਗ ਵੀ ਉਰਦੂ ਕਵੀਆਂ ਵਾਲਾ ਹੈ।

## ਦੂਜੀ ਪੀੜ੍ਹੀ ਦੇ ਹੋਰ ਕਵੀ

ਆਧੁਨਿਕ ਕਵਿਤਾ ਦੀ ਦੂਜੀ ਪੀੜ੍ਹੀ, ਜੋ ਮਹਨ ਸਿੰਘ ਤੋਂ ਸ਼ੁਰੂ ਹੋ ਕੇ ਅੰਮ੍ਰਿਤਾ ਪ੍ਰੀਤਮ ਤੀਕ ਚਲਦੀ ਹੈ, ਨੇ ਪੰਜਾਬੀ ਕਵਿਤਾ ਦੇ ਵਿਕਾਸ ਤੇ ਨਿਖਾਰ ਵਿਚ ਬਹੁਤ ਹਿੱਸਾ ਪਾਇਆ ਹੈ। ਇਸ ਪੀੜ੍ਹੀ ਵਿਚ ਕੁਝ ਹੋਰ ਅਜੇਹੇ ਕਵੀ ਵੀ ਹਨ ਜਿਨ੍ਹਾਂ ਨੂੰ ਅਸੀਂ ਪਰਯੋਗਵਾਦੀ ( Experimentalists ) ਕਹਿ ਸਕਦੇ ਹਾਂ। ਇਨ੍ਹਾਂ ਵਿਚੋਂ ਹਰ ਇਕ ਨੇ ਵਖੋ ਵਖਰੇ ਰੰਗਾਂ ਵਿਚ ਲਿਖਿਆ ਹੈ। ਹਰ ਇਕ ਦੀ ਸ਼ੈਲੀ ਇਤਨੀ ਭਿੰਨ ਹੈ ਕਿ ਇਕ ਦਾ ਮੁਹਾਂਦਰਾ ਦੂਜੀ ਨਾਲ ਨਹੀਂ ਰਲਦਾ। ਚੰਨਣ ਸਿੰਘ ਜੇਠੂ ਵਾਲੀਏ ਨੇ ਬੁਢੇਵਾਰੇ ਕਵਿਤਾ ਦੀ ਰਚਨਾ ਸ਼ੁਰੂ ਕੀਤੀ ਅਤੇ 'ਮਨ ਆਈਆਂ' ਤੇ 'ਆਪ ਮੁਹਾਰੀਆਂ' ਨਾਂ ਦੇ ਦੋ ਕਾਵਿ ਸੰਗ੍ਰਹਿ ਸਾਨੂੰ ਦਿਤੇ। ਹਰਦਿਆਲ ਸਿੰਘ ਸੀਕਰੀ ਨੇ ਆਪਣੇ ਇਕੋ ਇਕ ਪੁਸਤਕ 'ਫੁਟਦੇ ਸੋਮੇ' ਵਿਚ ਵਿਅੰਗ-ਕਾਵਿ ਦਾ ਤਜਰਬਾ ਕੀਤਾ। ਡਾਕਟਰ ਗੋਪਾਲ ਸਿੰਘ ਦਰਦੀ ਨੇ 'ਝਨਾਂ' ਤੇ 'ਹਨੇਰੇ ਸਵੇਰੇ' ਵਿਚ ਵਿਅੰਗ-ਕਾਵਿ ਦੀ ਪ੍ਰਥਾ ਨੂੰ ਹੋਰ ਅਗੇਰੇ ਲਿਆਂਦਾ। ਪ੍ਰਭਜੋਤ ਨੇ ਚਾਰ ਕਾਵਿ-ਸੰਗ੍ਰਹਿ ਸਾਨੂੰ ਦਿਤੇ ਹਨ ਅਤੇ ਪੰਜਾਬੀ ਵਿਚ ਕੁਝ ਅੱਤ ਮਿੱਠੇ ਤੇ ਕੋਮਲ ਗੀਤਾਂ ਦਾ ਵਾਧਾ ਕੀਤਾ ਹੈ। ਨਰਿੰਦਰਪਾਲ ਸਿੰਘ ਨੇ 'ਅਗੰਮੀ ਵਹਿਣ' ਅਤੇ 'ਕਿੱਲ ਤੇ ਕਾਮੇ' ਕਾਵਿ-ਸੰਗ੍ਰਹਿ ਵਿਚ ਪੂਰਨ ਸਿੰਘ ਦੀ ਸ਼ੈਲੀ ਨੂੰ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਹੈ। ਪਿਆਰਾ ਸਿੰਘ ਸਹਿਰਾਈ ਤੇ ਈਸ਼ਵਰ ਚਿਤ੍ਰਕਾਰ ਇਸ ਪੀੜ੍ਹੀ ਦੇ ਦੋ ਉਘੇ ਕਵੀ ਹਨ। ਪਹਿਲੇ ਨੇ ਗੀਤਕਾਰੀ ਤੇ ਵਾਰਕਾਰੀ ਵਿਚ ਚੰਗਾ ਨਾਂ ਪੈਦਾ ਕੀਤਾ ਹੈ ਅਤੇ ਦੂਜੇ ਨੇ ਗ਼ਜ਼ਲ ਦੇ ਕਾਵਿ-ਰੂਪ ਨੂੰ ਨਿਖਾਰਨ ਅਤੇ ਉਸ ਵਿਚ ਬਰੀਕੀ ਲਿਆਉਣ ਵਿਚ ਪਹਿਲ ਕੀਤੀ ਹੈ। ਇਸ ਪੀੜ੍ਹੀ ਦੇ ਪ੍ਰਯੋਗਵਾਦੀਆਂ ਵਿਚੋਂ ਕੋਈ ਹੋਰ ਕਵੀ ਦੁਗਲ ਤੇ ਦੇਵਿੰਦਰ ਸਤਿਆਰਥੀ ਨੂੰ ਨਹੀਂ ਪੁਜਦਾ। ਦੂਜੇ ਨੇ 'ਲੱਕ ਟੁਣੂੰ ਟੁਣੂੰ' ਤੇ ਪਹਿਲੇ ਨੇ 'ਬੰਦ ਦਰਵਾਜ਼ੇ' ਨਾਮੀ ਕਾਵਿ-ਸੰਗ੍ਰਹਿ ਵਿਚ ਅਤੀ ਆਧੁਨਿਕਵਾਦ ਦੇ ਪ੍ਰਯੋਗ ਕੀਤੇ ਹਨ। ਰਣਧੀਰ ਸਿੰਘ ਇਸ ਪੀੜ੍ਹੀ ਦਾ ਇਕ ਹੋਰ ਪਰਯੋਗ-ਵਾਦੀ ਹੋਇਆ ਹੈ। ਉਸ ਦੀ ਇਕੋ ਇਕ ਪੁਸਤਕ 'ਰਾਹਾਂ ਦੀ ਧੂੜ' ਨੂੰ ਇਕ ਕਾਫ਼ੀ ਦਲੇਰ ਤਜਰਬਾ ਕਿਹਾ ਜਾ ਸਕਦਾ ਹੈ।

ਦੂਜੀ ਪੀੜ੍ਹੀ ਵਿਚ ਕਵੀਆਂ ਦੀ ਇਕ ਹੋਰ ਪਰਸਿੱਧ ਢਾਣੀ ਵੀ ਨਜ਼ਰ ਆਉਂਦੀ ਹੈ। ਇਨ੍ਹਾਂ ਕਵੀਆਂ ਨੇ ਲੋਕਾਂ ਦੇ ਅੱਤ ਨੇੜੇ ਹੋ ਕੇ ਸਟੇਜ ਰਾਹੀਂ ਨਾ ਕੇਵਲ ਪੰਜਾਬੀ ਬੋਲੀ ਨੂੰ ਲੱਖਾਂ ਪੰਜਾਬੀਆਂ ਵਿਚ ਹਰਮਨ ਪਿਆਰਿਆਂ ਬਣਾਇਆ ਹੈ, ਸਗੋਂ ਕਵਿਤਾ ਦੇ ਸਨਾਤਨੀ ਰੂਪਾਂ ਅਤੇ ਛੰਦਾਬੰਦੀ ਦੇ ਨਿਯਮਾਂ ਉਤੇ ਵੀ ਪਹਿਰਾ ਦਿਤਾ ਹੈ। ਇਸ ਢਾਣੀ ਵਿਚੋਂ ਉਸਤਾਦ ਹਮਦਮ, ਉਸਤਾਦ ਦਾਮਨ, ਉਸਤਾਦ ਕਰਮ, ਉਸਤਾਦ ਗਾਮ, ਦੇਵੀ ਦਾਸ ਹਿੰਦੀ, ਕਿਰਪਾ ਰਾਮ

ਨਾਜ਼ਮ, ਸੁੰਦਰ ਦਾਸ ਆਸੀ, ਦੇ ਨਾਂ ਪੁਰਾਣਿਆਂ ਵਿਚੋਂ, ਅਤੇ ਫ਼ੀਰੋਜ਼ਦੀਨ ਸ਼ਰਫ਼, ਨੰਦ ਲਾਲ ਨੂਰ ਪੁਰੀ, ਤੇਜਾ ਸਿੰਘ ਸਾਬਰ, ਦਰਸ਼ਨ ਸਿੰਘ ਅਵਾਰਾ, ਗੁਰਦਿੱਤ ਸਿੰਘ ਕੁੰਦਨ' ਕਰਤਾਰ ਸਿੰਘ ਬਲੱਗਣ, ਬਿਸ਼ਨ ਸਿੰਘ ਉਪਾਸ਼ਕ, ਹਜ਼ਾਰਾ ਸਿੰਘ ਗੁਰਦਾਸਪੁਰੀ, ਜਸਵੰਤ ਰਾਏ 'ਰਾਏ' ਤੇ ਬਰਕਤ ·ਰਾਮ ਯੁਮਨ ਦੇ ਨਾਂ ਨਵਿਆਂ ਵਿਚੋਂ ਪਰਸਿੱਧ ਹਨ।

## ਤੀਜੀ ਪੀੜ੍ਹੀ ਦੇ ਕਵੀ

ਆਧੁਨਿਕ ਕਵਿਤਾ ਦੀ ਤੀਜੀ ਪੀੜ੍ਹੀ ਪੰਜਾਬ ਦੀ ਵੰਡ ਦੇ ਮਗਰੋਂ ਹੀ ਸ਼ੁਰੂ ਹੁੰਦੀ ਹੈ। ਇਸ ਕਵੀਆਂ ਦੀ ਪੀੜ੍ਹੀ ਨੂੰ ਦੋ ਢਾਣੀਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਢਾਣੀ ਅੱਗਰਗਾਮੀ ਪ੍ਰਥਾ ਦੀ ਅਨੁਸਾਰੀ ਹੈ। ਨਿਰਸੰਦੇਹ ਸੰਤੋਖ ਸਿੰਘ ਧੀਰ ਇਸ ਢਾਣੀ ਦਾ ਮੋਹਰੀ ਹੈ ਜਿਸ ਕਵਿਤਾ ਦੀ ਅੱਗਰਗਾਮੀ ਪ੍ਰਥਾ ਦੇ ਵਿਕਾਸ ਵਿਚ ਢੇਰ ਹਿੱਸਾ ਪਾਇਆ ਹੈ। ਉਸਦੀ ਕਵਿਤਾ ਦਾ ਵੱਡਾ ਗੁਣ ਵਸਤੂ ਤੇ ਭਾਂਡੇ ਵਿਚ ਸੰਤੁਲਨ ਪੈਦਾ ਕਰਨਾ ਹੈ। ਕਲਾ-ਨਿਪੁੰਨਤਾ ਵਿਚ ਉਹ ਮੋਹਨ ਸਿੰਘ ਦੇ ਬਹੁਤ ਨੇੜੇ ਹੈ। ਹਰਨਾਮ ਸਿੰਘ ਨਾਜ਼, ਸੁਖਬੀਰ, ਗੁਰਚਰਨ ਰਾਮਪੁਰੀ, ਅਜਾਇਬ ਚਿਤ੍ਰਕਾਰ ਇਸ ਢਾਣੀ ਵਿਚ ਕੁਝ ਹੋਰ ਪਰਸਿੱਧ ਕਵੀ ਹਨ।

ਦੂਜੀ ਢਾਣੀ ਰੂਪਵਾਦੀ ਕਵੀਆਂ ਦੀ ਹੈ। ਇਹ ਕਵੀ ਹੌਲੀ ਹੌਲੀ ਅੱਗਰਗਾਮੀ ਪ੍ਰਥਾ ਨਾਲੋਂ ਨਿਖੜ ਰਹੇ ਹਨ ਅਤੇ ਕਵਿਤਾ ਦੇ ਵਿਸ਼ੇ ਨਾਲੋਂ ਕਵਿਤਾ ਦੇ ਰੂਪ ਵਲ ਵਧੇਰੇ ਧਿਆਨ ਦੇਣ ਲਗ ਪਏ ਹਨ। ਇਸ ਢਾਣੀ ਵਿਚ ਤਖ਼ਤ ਸਿੰਘ, ਹਰਿਭਜਨ ਸਿੰਘ, ਗਿਆਨ ਸਿੰਘ ਤੇ ਹਸਰਤ ਦੇ ਨਾਂ ਪਰਸਿੱਧ ਹਨ। ਤਖ਼ਤ ਸਿੰਘ ਤੇ ਹਰਿਭਜਨ ਸਿੰਘ ਇਸ ਢਾਣੀ ਦੇ ਆਗੂ ਹਨ। ਤਖ਼ਤ ਸਿੰਘ ਦਾ ਰੂਪਵਾਦ ਫ਼ਾਰਸੀ ਤੇ ਉਰਦੂ ਕਵਿਤਾ ਦੇ ਰੂਪਵਾਦ ਵਾਂਗ ਰਵਾਇਤੀ ਪੁਖ਼ਤਗੀ ਵਾਲਾ ਹੈ ਜੋ ਇਕ ਮਾਤਰਾ ਦੇ ਵਾਧ ਘਾਟ ਨੂੰ ਵੀ ਬਰਦਾਸ਼ਤ ਨਹੀਂ ਕਰਦਾ। ਹਰਿਭਜਨ ਸਿੰਘ ਵੀ ਰੂਪਵਾਦੀ ਹੈ, ਪਰ ਉਸਦਾ ਰੂਪਵਾਦ ਬੜਾ ਨਵੀਨ, ਲਚਕਦਾਰ ਤੇ ਵਸਤੂ ਦੇ ਅਨੁਸਾਰ ਢਲ ਜਾਣ ਵਾਲਾ ਹੈ। ਤਖ਼ਤ ਸਿੰਘ ਪਿਛਲੇ ਦੋ ਸਾਲਾਂ ਵਿਚ ਸਾਨੂੰ ਚਾਰ ਕਾਵਿ-ਸੰਗ੍ਰਹਿ ਦੇ ਚੁਕਾ ਹੈ। ਹਰਿਭਜਨ ਸਿੰਘ ਨੇ ਕੇਵਲ ਦੋ ਕਾਵਿ ਪੁਸਤਕਾਂ ਹੀ ਸਾਨੂੰ ਦਿਤੀਆਂ ਹਨ, ਲਾਸਾਂ ਅਤੇ ਤਾਰ ਤੁਪਕਾ। ਤਾਰ ਤੁਪਕਾ ਇਕ ਕਾਵਿ-ਨਾਟ ਹੈ ਜਿਸ ਵਿਚ ਉਸ ਨੇ ਅਜੋਕੇ ਮਨੁਖੀ ਸੰਕਟ ਨੂੰ ਪੇਸ਼ ਕੀਤਾ ਹੈ ਅਤੇ ਦਸਿਆ ਹੈ ਕਿ ਅਜੋਕਾ ਮਨੁਖ ਕਿਵੇਂ ਤਾਰ ਦੇ ਨਾਲ ਲਟਕਦੇ ਤੁਪਕੇ ਵਾਂਗ ਇਕ ਅਤੀ ਭਿਆਨਕ ਸੰਕਟ ਦੇ ਮੂੰਹ ਆਇਆ ਹੋਇਆ ਹੈ। ਤਖ਼ਤ ਸਿੰਘ ਆਸ਼ਾਵਾਦੀ ਅਤੇ ਮਨੁਖ ਦੇ ਚਮਕਦਾਰ ਭਵਿਸ਼ ਵਿਚ ਵਿਸ਼ਵਾਸ ਰਖਦਾ ਹੈ ਤੇ ਹਰਿਭਜਨ ਸਿੰਘ ਨਿਰਾਸਾਵਾਦੀ ਹੈ ਅਤੇ ਉਸਨੂੰ ਮਨੁਖੀ ਭਵਿਸ਼ ਬਾਰੇ ਬੜਾ ਤੌਖਲਾ ਹੈ।

# (ਅ) ਨਾਟਕ ਤੇ ਇਕਾਂਗੀ

ਭਾਰਤੀਆਂ ਲਈ ਨਾਟਕ ਕਲਾ ਕੋਈ ਓਪਰੀ ਚੀਜ਼ ਨਹੀਂ। ਪਰਾਚੀਨ ਕਾਲ ਵਿਚ, ਵਿਸ਼ੇਸ਼ ਕਰ ਕੇ ਕਾਲੀਦਾਸ ਤੇ ਗੁਪਤ ਸਮਰਾਟਾਂ ਦੇ ਸਮੇਂ ਨਾਟ-ਕਲਾ ਆਪਣੇ ਪੂਰੇ ਨਿਖਾਰ ਵਿਚ ਪਹੁੰਚ ਚੁਕੀ ਸੀ। ਕਈ ਆਲੋਚਕ ਇਕਾਂਗੀ ਨਾਟਕਾਂ ਨੂੰ ਵੀਹਵੀਂ ਸਦੀ ਦੀ ਉਪਜ ਮੰਨਦੇ ਹਨ ਅਤੇ ਕਿਹਾ ਜਾਂਦਾ ਹੈ ਕਿ "ਬਾਂਦਰ ਦਾ ਪੰਜਾ" ਜੋ ਦਰਅਸਲ **Curtain Rargir** ਦੇ ਤੌਰ ਤੇ ਲਿਖਿਆ ਗਿਆ ਸੀ, ਪੱਛਮ ਦਾ ਸਭ ਤੋਂ ਪਹਿਲਾ ਇਕਾਂਗੀ ਸੀ, ਪਰ ਨਵੀਂ ਖੋਜ ਤੋਂ ਸਿੱਧ ਹੁੰਦਾ ਹੈ ਕਿ ਭਾਰਤ ਵਿਚ ਅਜ ਤੋਂ ਹਜ਼ਾਰ ਸਾਲ ਪਹਿਲਾਂ ਅਤੇ ਜਾਪਾਨ ਵਿਚ ਇਸ ਤੋਂ ਵੀ

ਪਹਿਲਾਂ ਇਕਾਂਗੀ ਨਾਟਕ ਹੋਂਦ ਵਿਚ ਆ ਚੁਕੇ ਸਨ। ਭਾਰਤ ਵਿਚ ਨਾਟਕਾਰ ਕਲਾ ਅਤੇ ਮੰਚ ਕਲਾ ਬਾਰੇ ਕਈ ਗ੍ਰੰਥ ਲਿਖੇ ਗਏ ਜਿਨ੍ਹਾਂ ਵਿਚ ਭਰਤ ਮੁਨੀ ਦਾ 'ਨਾਟ ਸ਼ਾਸਤਰ' ਬਹੁਤ ਪਰਸਿੱਧ ਹੈ।

ਪਰ ਮੁਸਲਮਾਨਾਂ ਦੇ ਆਉਣ ਨਾਲ ਭਾਰਤ ਦੀ ਨਾਟ ਕਲਾ ਨੂੰ ਕਾਫ਼ੀ ਕਰਾਰੀ ਸੱਟ ਵੱਜੀ ਅਤੇ ਰੰਗ ਮੰਚ ਦਾ ਲਗਭਗ ਨਾਸ ਹੀ ਹੋ ਗਿਆ। ਚੌਧਵੀਂ ਸਦੀ ਵਿਚ ਜਦ ਭਗਤੀ ਲਹਿਰ ਨੇ ਜ਼ੋਰ ਫੜਿਆ ਤਾਂ ਕ੍ਰਿਸ਼ਨ ਲੀਲ੍ਹਾ ਤੇ ਰਾਮ ਲੀਲ੍ਹਾ ਦੀ ਸ਼ਕਲ ਵਿਚ ਨਾਟ ਕਲਾ ਮੁੜ ਸੁਰਜੀਤ ਹੋਈ। ਅੰਗ੍ਰੇਜ਼ੀ ਦੇ ਭਾਰਤ ਵਿਚ ਆਉਣ ਨਾਲ ਨਾਟ ਕਲਾ ਨੂੰ ਇਕ ਨਵੀਂ ਉਤੇਜਨਾ ਮਿਲਣ ਅਤੇ ਆਧੁਨਿਕ ਕਾਲ ਵਿਚ ਇਸ ਦੀ ਰਚਨਾ ਵਲ ਵੀ ਧਿਆਨ ਖਿਚੀਣਾ ਸ਼ੁਰੂ ਹੋਇਆ, ਸ਼ੁਰੂ ਸ਼ੁਰੂ ਵਿਚ ਦੇਸੀ ਤੇ ਬਦੇਸ਼ੀ ਨਾਟਕਾਂ ਦੇ ਕੁਝ ਅਨੁਵਾਦ ਹੋਏ ਜਿਨ੍ਹਾਂ ਵਿੱਚੋਂ ਡਾਕਟਰ ਚਰਨ ਸਿੰਘ ਦਾ ਸ਼ਕੁੰਤਲਾ, ਮਾਨ ਸਿੰਘ ਦਾ ਵਿਕ੍ਰਮੋਰਵਸ਼ੀ, ਪ੍ਰੋ: ਬਹਿਲ ਦਾ ਮਾਲਵਿਕਾਗਨੀ ਮਿਤ੍ਰ, ਸ਼ਮਸ਼ੇਰ ਸਿੰਘ ਅਸ਼ੋਕ ਦਾ ਮੁੱਦਰਾ ਰਾਕਸ, ਨਰੈਣ ਸਿੰਘ ਦਾ ਲਾਲ ਬਾਦਸ਼ਾਹ, ਬਲਵੰਤ ਸਿੰਘ ਦਾ ਦੁਖੀ ਰਾਜਾ, ਨਿਹਾਲ ਸਿੰਘ ਰਸ ਦਾ ਜਿਉਂ ਭਾਵੇ, ਗੁਰਦਿਆਲ ਸਿੰਘ ਖੋਸਲਾ ਦਾ ਚਾਂਦੀ ਦਾ ਡੱਬਾ ਤੇ ਗੁਰਦਿਆਲ ਸਿੰਘ ਫੁਲ ਦਾ ਨਾਰੀ ਦੀ ਜਾਗ ਕਾਫ਼ੀ ਸਫ਼ਲ ਅਨੁਵਾਦ ਹਨ ਜੋ ਮੂਲ ਸੰਸਕ੍ਰਿਤ ਅਤੇ ਅੰਗ੍ਰੇਜ਼ੀ ਨਾਟਕਾਂ ਤੋਂ ਕੀਤੇ ਗਏ। ਪ੍ਰੋ: ਨੰਦਾ ਦਾ ਸ਼ਾਮੂ ਸ਼ਾਹ, ਐਸ. ਐਸ. ਅਮੋਲ ਦਾ ਸਮੇਂ ਦੇ ਤਿੰਨ ਰੰਗ ਆਦਿ ਕੁਝ ਸਫ਼ਲ ਆਧਾਰਤ ਨਾਟਕ ਵੀ ਪ੍ਰਕਾਸ਼ਤ ਹੋਏ।

## ਪ੍ਰੋ: ਆਈ. ਸੀ. ਨੰਦਾ

ਪ੍ਰੋ: ਆਈ. ਸੀ. ਨੰਦਾ ਨੂੰ ਆਧੁਨਿਕ ਪੰਜਾਬੀ ਨਾਟਕ ਦਾ ਪਿਤਾ ਕਿਹਾ ਜਾ ਸਕਦਾ ਹੈ। ਭਾਵੇਂ ਨੰਦਾ ਜੀ ਤੋਂ ਪਹਿਲਾਂ ਭਾਈ ਵੀਰ ਸਿੰਘ (ਰਾਜਾ ਲਖਦਾਤਾ ਸਿੰਘ) ਤੇ ਬਾਵਾ ਬੁਧ ਸਿੰਘ ਜੀ (ਮੁੰਦਰੀ ਛਲ ਨਾਟਕ) ਨੇ ਨਾਟਕ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ, ਪਰ ਇਹ ਰਚਨਾਵਾਂ ਕੇਵਲ ਕਹਿਣ ਨੂੰ ਹੀ ਨਾਟਕ ਸਨ। ਪਰ ਸਭ ਤੋਂ ਪਹਿਲਾ ਕਾਮਯਾਬ ਤੇ ਮਚ-ਸ਼ੀਲ ਨਾਟਕ ਪ੍ਰੋ: ਨੰਦਾ ਨੇ ਹੀ ਦਿੱਤੇ ਹਨ। 'ਸੁਭੱਦਰਾ' ਤੇ 'ਲਿਲੀ ਦਾ ਵਿਆਹ' ਉਨ੍ਹਾਂ ਦੇ ਪੂਰੇ ਨਾਟਕ ਹਨ ਜਿਨ੍ਹਾਂ ਨੂੰ ਕਰਤਾ ਨੇ ਸਟੇਜ ਉੱਤੇ ਕਈ ਵਾਰ ਆਪ ਖੇਡ ਕੇ ਉਨ੍ਹਾਂ ਨੂੰ ਮੰਚ ਦੀ ਦ੍ਰਿਸ਼ਟੀ ਤੋਂ ਸੋਧ ਸੋਧ ਕੇ ਅੰਤਿਮ ਸ਼ਕਲ ਵਿਚ ਲਿਆਂਦਾ ਹੈ। ਸੁਭੱਦਰਾ ਵਿਚ ਵਿਧਵਾ-ਵਿਵਾਹ ਦੇ ਪੱਖ ਨੂੰ ਪੂਰਿਆ ਗਿਆ ਹੈ ਅਤੇ ਲਿਲੀ ਦੇ ਵਿਆਹ ਵਿਚ ਪ੍ਰੀਤ-ਵਿਆਹ ਦਾ ਪਰਚਾਰ ਕੀਤਾ ਹੈ। ਨੰਦੇ ਦੇ ਨਾਟਕਾਂ ਵਿਚ ਪੁਰਾਣੇ ਜਾਗੀਰ-ਦਾਰੀ ਸਮਾਜ ਤੇ ਨਵੇਂ ਉਠ ਰਹੇ ਸ਼ਹਿਰੀ ਸਮਾਜ ਦੀ ਟੱਕਰ ਦਿਖਾਈ ਗਈ ਹੈ।

ਇਕਾਂਗੀ ਕਲਾ ਵਿਚ ਵੀ ਨੰਦਾ ਹੀ ਮੋਢੀ ਹੈ, ਉਸ ਨੇ ਆਪਣਾ ਪਹਿਲਾ ਇਕਾਂਗੀ ਦੁਲਹਨ ੧੯੧੩ ਵਿਚ ਲਿਖਿਆ। ਮਗਰੋਂ ਉਹਨੇ ਝਲਕਾਰੇ ਤੇ ਲਿਸ਼ਕਾਰੇ ਦੋ ਹੋਰ ਇਕਾਂਗੀ-ਸੰਗ੍ਰਹਿ ਵੀ ਪ੍ਰਕਾਸ਼ਤ ਕੀਤੇ।

## ਹਰਚਰਨ ਸਿੰਘ

ਹਰਚਰਨ ਸਿੰਘ ਦੇ ਨਾਟਕਾਂ ਦੀ ਵਿਉਂਤ ਵੀ ਨੰਦੇ ਵਰਗੀ ਹੈ, ਅਤੇ ਨੰਦੇ ਵਾਂਗ ਆਪਣੇ ਨਾਟਕਾਂ ਨੂੰ ਆਪ ਖੇਡਣ ਵਿਚ ਵਿਸ਼ਵਾਸ ਰਖਦਾ ਹੈ। ਹਰਚਰਨ ਸਿੰਘ ਹੁਣ ਤੀਕ ਸਾਨੂੰ ਇਕ ਦਰਜਨ ਤੋਂ ਉੱਤੇ ਨਾਟਕ ਤੇ ਇਕਾਂਗੀ ਸੰਗ੍ਰਹਿ ਦੇ ਚੁਕਾ ਹੈ। ਪ੍ਰੋ: ਕਸੇਲ ਦੇ ਸ਼ਬਦਾਂ ਵਿਚ "ਹਰਚਰਨ ਸਿੰਘ ਹੇਠਲੀ ਮਧ-ਸ਼ਰੇਣੀ ਦਾ ਲੇਖਕ ਹੈ। ਪਿੰਡ ਦਾ ਜੰਮਪਲ ਹੋਣ ਕਰ ਕੇ ਅਤੇ ਸ਼ਹਿਰਾਂ ਵਿਚ ਰਹਿਣ ਕਰ ਕੇ ਉਹ ਇਨ੍ਹਾਂ ਦੋਹਾਂ ਜੀਵਨ-ਧਾਰਾਵਾਂ ਦੀਆਂ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਵਿਚ ਲਿਆਉਣ ਤੇ ਵਾਸਤਵਿਕ ਢੰਗ ਨਾਲ ਨਿਪਟਾਉਣ ਵਿਚ ਸਫ਼ਲ ਹੈ। ਸੇਖੋਂ ਤੇ ਗਾਰਗੀ ਵਾਂਗ ਉਹ ਸਮਾਜਵਾਦੀ ਵਿਚਾਰਧਾਰਾ ਨੂੰ ਰਸਾ ਨਹੀਂ ਸਕਿਆ ਭਾਵੇਂ ਉਹ ਇਸ ਤੋਂ ਬਿਲਕੁਲ ਅਛੋਹ ਤੇ ਅਭਿਜ ਵੀ ਨਹੀਂ।"

ਹਰਚਰਨ ਸਿੰਘ ਨੇ ਸਮਾਜਕ ਨਾਟਕ ਵੀ ਲਿਖੇ ਹਨ ਅਤੇ ਇਤਿਹਾਸਕ ਵੀ, ਦੁਖਾਂਤਕ ਵੀ ਤੇ ਸੁਖਾਂਤਕ ਵੀ। ਉਸ ਦੇ ਸਮਾਜਕ ਨਾਟਕਾਂ ਵਿਚ 'ਅਨਜੋੜ' ਤੇ ਇਤਿਹਾਸਕ ਨਾਟਕਾਂ ਵਿੱਚੋਂ 'ਪੂੰਨਿਆਂ ਦਾ ਚਾਨਣ' ਕਾਫ਼ੀ ਸਫ਼ਲ ਕਹੇ ਜਾ ਸਕਦੇ ਹਨ।

## ਸੰਤ ਸਿੰਘ ਸੇਖੋਂ

ਪ੍ਰੋ: ਸੰਤ ਸਿੰਘ ਇਕ ਬੜਾ ਸ਼ਕਤੀਸ਼ਾਲੀ ਤੇ ਸਰਬ-ਪੱਖੀ ਪੰਜਾਬੀ ਲੇਖਕ ਹੈ। ਉਸ ਨੇ ਨਾਵਲ, ਕਹਾਣੀ ਨਾਟਕ, ਇਕਾਂਗੀ, ਕਵਿਤਾ, ਆਲੋਚਨਾ ਸਾਹਿਤ ਦੇ ਸਾਰੇ ਅੰਗਾਂ ਉੱਤੇ ਹੱਥ ਅਜ਼ਮਾਇਆ ਹੈ। ਸੰਤ ਸਿੰਘ ਨੇ ਪੰਜਾਬੀ ਨਾਟਕ ਵਿਚ ਇਕ ਨਵੀਂ ਡੂੰਘਾਣ, ਤੇ ਬੌਧਿਕ ਸ਼ਕਤੀ ਲਿਆਂਦੀ ਹੈ, ਉਸਦੇ ਹੱਥਾਂ ਵਿਚ ਆ ਕੇ ਨਾਟਕ ਕੇਵਲ ਜੀ ਪਰਚਾਵੇ ਦੀ ਵਸਤੂ ਨਹੀਂ ਰਿਹਾ ਸਗੋਂ ਅਤਿ ਜਟਿਲ, ਸਮਾਜਕ ਤੇ ਇਤਿਹਾਸਕ ਸਮਸਿਆਵਾਂ ਨੂੰ ਹੱਲ ਕਰਨ ਦਾ ਸਾਧਨ ਬਣ ਗਿਆ ਹੈ। ਕਲਾਕਾਰ ਵਿਚ ਉਸ ਨੇ ਕਲਾ ਬਾਰੇ ਸਮਾਜਵਾਦੀ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਨਾਰਕੀ ਵਿਚ ਉਸ ਨੇ ਵੰਡ ਤੋਂ ਪਿੱਛੋਂ ਪੈਦਾ ਹੋਈ ਚੋਰ ਬਾਜ਼ਾਰੀ ਨੂੰ ਭੰਡਿਆ ਹੈ। 'ਭੂਦਾਨ' ਵਿਚ ਉਸ ਨੇ ਭੂਦਾਨ ਲਹਿਰ ਦੀ ਲਾਭ-ਹੀਣਤਾ ਨੂੰ ਉਘਾੜਿਆ ਹੈ, ਵਾਰਿਸ, ਬੇੜਾ ਬੰਧ ਨਾ ਸਕਿਉ ਤੇ ਮੋਇਆਂ ਸਾਰ ਨਾ ਕਾਈ ਉਸ ਦੇ ਇਤਿਹਾਸਕ ਨਾਟਕ ਹਨ ਜਿਨ੍ਹਾਂ ਤੋਂ ਚੰਗੇਰੇ ਇਤਿਹਾਸਕ ਨਾਟਕ ਅਜੇ ਪੰਜਾਬੀ ਵਿਚ ਲਿਖੇ ਨਹੀਂ ਗਏ।

ਇਕਾਂਗੀਆਂ ਦੇ ਖੇਤਰ ਵਿਚ ਵੀ ਸੰਤ ਸਿੰਘ ਦੀ ਦੇਣ ਅਮੁਲ ਹੈ। ਛੇ ਘਰ ਤੇ ਨਾਟ ਸੁਨੇਹੇ ਉਸ ਦੇ ਇਕਾਂਗੀਆਂ ਦੇ ਸੰਗ੍ਰਹਿ ਹਨ।

## ਬਲਵੰਤ ਗਾਰਗੀ

ਗਾਰਗੀ ਸਾਡੇ ਸਮੇਂ ਦਾ ਪਰਤਿਨਿਧ ਨਾਟਕਕਾਰ ਹੈ। ਰੂਸ, ਚੀਨ ਤੇ ਯੂਰਪੀਨ ਦੇਸ਼ਾਂ ਦੀ ਯਾਤਰਾ ਸਮੇਂ ਉਸ ਨੇ ਭਿੰਨ ਭਿੰਨ ਦੇਸ਼ਾਂ ਦੀ ਨਾਟ ਕਲਾ ਤੇ ਮੰਚ ਕਲਾ ਦਾ ਵਿਸ਼ੇਸ਼ ਅਧਿਐਨ ਕੀਤਾ ਹੈ। ਰੂਸ ਦੇ ਜਿਪਸੀ ਥੀਏਟਰ ਅਤੇ ਜਰਮਨੀ ਦੇ ਬ੍ਰੈਸ਼ਟ ਥੀਏਟਰਾਂ ਵਲੋਂ ਉਸ ਦੇ ਦੋ ਨਾਟਕ ਸੋਹਣੀ ਤੇ ਕੇਸਰੋ ਨੂੰ ਬੜੀ ਸਫ਼ਲਤਾ ਨਾਲ ਖੇਡਿਆ ਗਿਆ ਹੈ। ਉਹ ਉੱਥੋਂ ਦੇ ਸੂਤਰਧਾਰਾਂ ਦੇ ਨਾਲ ਰਲ ਕੇ ਆਪਣੇ ਨਾਟਕਾਂ ਦੀ ਡਾਇਰੈਕਸ਼ਨ ਕਰਦਾ ਰਿਹਾ ਹੈ ਜਿਸ ਨਾਲ ਮੰਚ ਦੀ ਟੈਕਨੀਕ ਵਿਚ ਬਹੁਤ ਪ੍ਰਬੀਨ ਹੋ ਗਿਆ ਹੈ, ਇਹੋ ਕਾਰਨ ਹੈ ਕਿ ਉਸ ਦੇ ਨਾਟਕ ਸੇਖੋਂ ਦੇ ਨਾਟਕਾਂ ਵਾਂਗ ਨਿਰੇ ਕਿਤਾਬੀ ਤੇ ਬੌਧਕ ਨਹੀਂ, ਸਗੋਂ ਜਜ਼ਬੇ ਦੇ ਸੇਕ ਨਾਲ ਨਿੱਘੇ ਤੇ ਧੜਕਦੇ ਹੁੰਦੇ ਹਨ। ਉਸ ਨੇ ਆਪਣੇ ਨਵੇਂ ਨਾਟਕਾਂ 'ਸੋਹਣੀ' ਤੇ ਕਣਕ ਦੀ ਬੱਲੀ ਵਿਚ ਕਈ ਥਾਂ ਗੀਤਾਂ ਦੀ ਪਿਉਂਦ ਲਗਾ ਕੇ ਉਨ੍ਹਾਂ ਦੀ ਰੌਚਕਤਾ ਵਿਚ ਵਾਧਾ ਕੀਤਾ ਹੈ। ਪੂਰੇ ਨਾਟਕਾਂ ਦੇ ਇਲਾਵਾ ਗਾਰਗੀ ਸਾਨੂੰ ਦੋ ਪਾਸੇ, ਪੱਤਣ ਦੀ ਬੇੜੀ, ਬੇਬੇ ਆਦਿ ਕਈ ਇਕਾਂਗੀ ਵੀ ਦੇ ਚੁਕਾ ਹੈ।

ਨਾਟਕ ਦੇ ਖੇਤਰ ਵਿਚ, ਗਾਰਗੀ ਦਾ ਸਥਾਨ ਨਿਰਸੰਦੇਹ ਸ਼ਿਰੋਮਣੀ ਹੈ।

## ਕਰਤਾਰ ਸਿੰਘ ਦੁੱਗਲ

ਸੰਤ ਸਿੰਘ ਸੇਖੋਂ ਵਾਂਗ ਦੁੱਗਲ ਵੀ ਬਹੁਪੱਖੀ ਪ੍ਰਤਿਭਾ ਦਾ ਸੁਆਮੀ ਹੈ, ਕਹਾਣੀ ਲੇਖਕ ਦੇ ਤੌਰ ਤੇ ਉਹ ਅੱਗੇ ਹੀ ਸ਼ਿਰੋਮਣੀ ਮੰਨਿਆ ਜਾ ਚੁਕਾ ਹੈ, ਪਰ ਆਪਣੇ ਨਵੇਂ ਨਾਟਕਾਂ ਖ਼ਾਲੀ ਬੋਤਲਾਂ, ਮਿੱਠਾ ਪਾਣੀ ਤੇ ਕੋਹਕਨ ਵਿਚ ਉਸਨੇ ਉਹ ਨਿਪੁੰਨਤਾ ਵਿਖਾਈ ਹੈ ਕਿ ਆਲੋਚਕਾਂ ਲਈ ਇਹ ਨਿਰਣਾ ਕਰਨਾ ਔਖਾ ਹੋ ਗਿਆ ਹੈ ਕਿ ਦੁਗਲ ਵੱਡਾ

ਕਹਾਣੀਕਾਰ ਹੈ ਕਿ ਵੱਡਾ ਨਾਟਕਕਾਰ। ਭਾਵੇਂ ਕਹਾਣੀ ਲਿਖੇ ਭਾਵੇਂ ਨਾਟਕ, ਦੁੱਗਲ ਮਹੱਤਤਾਪੂਰਨ ਵਿਸ਼ਾ ਚੁਣਨ ਵਿਚ ਬੜਾ ਸਿੱਧਹਸਤ ਹੈ। ਵਿਸ਼ੇ ਦੇ ਨਿਭਾ ਵਿਚ ਵੀ ਉਹ ਬੜਾ ਨਿਪੁੰਨ ਹੈ।

### ਹੋਰ ਨਾਟਕਕਾਰ

ਉਤਲੇ ਪੰਜ ਸ਼ਿਰੋਮਣੀ ਨਾਟਕਕਾਰਾਂ ਦੇ ਇਲਾਵਾ ਪੁਰਾਣਿਆਂ ਵਿਚੋਂ ਲਾਲਾ ਕਿਰਪਾ ਸਾਗਰ ਤੇ ਗੁਰਬਖ਼ਸ਼ ਸਿਘ ਅਤੇ ਨਵਿਆਂ ਵਿਚੋਂ ਗੁਰਦਿਆਲ ਸਿਘ ਖੋਸਲਾ, ਗੁਰਦਿਆਲ ਸਿਘ ਫੁਲ, ਰੋਸ਼ਨ ਲਾਲ ਅਹੂਜਾ, ਹਰਸਰਨ ਸਿੰਘ, ਕਪੂਰ ਸਿੰਘ, ਅਮਰੀਕ ਸਿੰਘ, ਗੁਰਚਰਨ ਸਿੰਘ ਜਸੂਜਾ ਤੇ ਪਿਆਰਾ ਸਿੰਘ ਭੋਗਲ ਦੀ ਦੇਣ ਸ਼ਲਾਘਾ ਯੋਗ ਹੈ।

## (ੲ) ਗਲਪ-ਸਾਹਿੱਤ

ਪੰਜਾਬੀ ਵਿਚ ਨਾਵਲ ਦਾ ਪ੍ਰਵੇਸ਼ ਵੀਹਵੀਂ ਸਦੀ ਤੋਂ ਹੀ ਸ਼ੁਰੂ ਹੋਇਆ। ਸਾਹਿੱਤ ਦਾ ਇਹ ਰੂਪ ਵੀ ਪੱਛਮੀ ਪ੍ਰਭਾਵ ਦਾ ਨਤੀਜਾ ਹੈ। ਨਾਟਕ ਵਾਂਗ ਨਾਵਲ ਵੀ ਪਹਿਲੋ ਪਹਿਲ ਉਲਥਿਆਂ ਤੋਂ ਅਰੰਭ ਹੋਇਆ।

### ਭਾਈ ਵੀਰ ਸਿੰਘ

ਪੰਜਾਬੀ ਵਿਚ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਜੀ ਨੇ ਨਾਵਲ ਲਿਖਣੇ ਸ਼ੁਰੂ ਕੀਤੇ ਅਤੇ ੧੮੯੮ ਵਿਚ ਸੁੰਦਰੀ, ੧੮੯੯ ਵਿਚ ਬਿਜੈ ਸਿੰਘ ਤੇ ੧੯੦੦ ਵਿਚ ਸਤਵੰਤ ਕੌਰ ਪ੍ਰਕਾਸ਼ਤ ਕੀਤਾ। ੧੯੦੭ ਵਿਚ ਆਪ ਨੇ ਆਪਣਾ ਸਭ ਤੋਂ ਚੰਗਾ ਨਾਵਲ ਬਾਬਾ ਨੌਧ ਸਿੰਘ ਲਿਖਿਆ। ਇਨ੍ਹਾਂ ਨਾਵਲਾਂ ਵਿਚ ਆਦਰਸ਼ਕ ਸਿੰਘਾਂ ਤੇ ਸਿੰਘਣੀਆਂ ਦਾ ਵਰਣਨ ਕਰ ਕੇ ਉਨ੍ਹਾਂ ਨੇ ਪ੍ਰਾਚੀਨ ਸਿੱਖ ਇਤਿਹਾਸ ਦੀ ਆਭਾ ਨਾਲ ਸਾਡੀਆਂ ਅੱਖਾਂ ਵਿਚ ਇਕ ਨਵੀਂ ਚਮਕ ਪੈਦਾ ਕਰਨ ਅਤੇ ਢਹਿੰਦੀ ਕਲਾ ਵਿਚ ਜਾ ਰਹੇ ਮਨਾਂ ਨੂੰ ਇਕ ਨਵਾਂ ਗੌਰਵ ਦੇਣ ਦਾ ਯਤਨ ਕੀਤਾ ਹੈ, ਪਰ ਇਹ ਕਹਿਣਾ ਪਏਗਾ ਕਿ ਤਕਨੀਕ ਦੇ ਪੱਖ ਤੋਂ ਇਹ ਨਾਵਲ ਬਹੁਤੇ ਸਫ਼ਲ ਨਹੀਂ ਕਹੇ ਜਾ ਸਕਦੇ।

ਭਾਈ ਵੀਰ ਸਿੰਘ ਦੇ ਨਾਲ ਹੀ ਉਨ੍ਹਾਂ ਦੇ ਸਮਕਾਲੀ ਭਾਈ ਮੋਹਨ ਸਿੰਘ ਜੀ ਵੈਦ ਨੇ ਸਮਾਜਕ ਤੇ ਧਾਰਮਕ ਲਹਿਰਾਂ ਤੋਂ ਪ੍ਰਭਾਵਤ ਹੋ ਕੇ ਕੁਝ ਨਾਵਲ ਲਿਖੇ। ਇਕ ਸਿੱਖ ਘਰਾਣਾ ਸੁਸ਼ੀਲ ਵਿਧਵਾ, ਸੁਭਾਗ ਕੌਰ, ਦੰਪਤੀ ਪਿਆਰ ਆਪ ਦੇ ਕੁਝ ਪਰਸਿੱਧ ਨਾਵਲ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਸਮਾਜਕ ਸਮੱਸਿਆਵਾਂ ਨੂੰ ਸੁਲਝਾਉਣ ਦਾ ਜਤਨ ਕੀਤਾ ਹੈ। ਆਪ ਦੇ ਮਗਰੋਂ ਚਰਨ ਸਿੰਘ ਸ਼ਹੀਦ ਨੇ ਨਾਵਲਕਾਰੀ ਦੀ ਪ੍ਰਥਾ ਨੂੰ ਅੱਗੇ ਲਿਜਾਣ ਵਿਚ ਚੋਖਾ ਹਿੱਸਾ ਪਾਇਆ ਅਤੇ ਦਲੇਰ ਕੌਰ, ਰਣਜੀਤ ਕੌਰ, ਸ਼ਰਾਬ ਕੌਰ ਆਦਿ ਨਾਵਲ ਸਾਨੂੰ ਦਿੱਤੇ। ਪਹਿਲੋਂ ਨਾਲੋਂ ਆਪ ਦੇ ਨਾਵਲ ਵਧੇਰੇ ਯਥਾਰਥਵਾਦੀ ਰੰਗਣ ਵਾਲੇ ਹਨ। ਮਾਸਟਰ ਤਾਰਾ ਸਿੰਘ ਦੇ ਨਾਵਲਾਂ ਪ੍ਰੇਮ ਲਗਨ ਤੇ ਬਾਬਾ ਤੇਗ਼ਾ ਸਿੰਘ, ਆਈ. ਸੀ. ਨੰਦਾ ਦੇ ਨਾਵਲ ਮੁਰਾਦ, ਮੀਰਾ ਬਖਸ਼ ਮਿਨਹਾਸ ਦੇ ਨਵਾਬ ਖਾਂ ਤੇ ਪ੍ਰਿੰਸੀਪਲ ਨਰਿੰਜਨ ਸਿੰਘ ਦੇ ਨਾਵਲ ਪ੍ਰੇਮ ਕਣੀ ਨਾਲ ਨਾਵਲਕਾਰੀ ਦਾ ਇਹ ਪਹਿਲਾ ਦੌਰ ਖ਼ਤਮ ਹੋ ਜਾਂਦਾ ਹੈ।

### ਨਾਨਕ ਸਿੰਘ

ਪੰਜਾਬੀ ਦਾ ਸਭ ਤੋਂ ਸ੍ਰੇਸ਼ਟ ਨਾਵਲਕਾਰ, ਜੋ ਅਜ ਤੀਕ ਇਸ ਮੈਦਾਨ ਨੂੰ ਮੱਲੀ ਬੈਠਾ ਹੈ, ਭਾਈ ਨਾਨਕ ਸਿੰਘ ਹੀ ਹੈ। ਆਪ ਦੋ ਦਰਜਨਾਂ ਤੋਂ ਉਪਰ ਨਾਵਲ ਸਾਨੂੰ ਦੇ ਚੁਕੇ ਹਨ। ਭਾਵੇਂ ਨਾਨਕ ਸਿੰਘ ਨੇ ਚਿੱਟਾ ਲਹੂ ਆਦਿ

ਵਿਚ ਪੇਂਡੂ ਜੀਵਨ ਤੇ ਉਸਦੀਆਂ ਸਮੱਸਿਆਵਾਂ ਦਾ ਵਰਣਨ ਵੀ ਕੀਤਾ ਹੈ, ਪਰ ਬਹੁਤ ਕਰ ਕੇ ਉਹ ਸ਼ਹਿਰਾਂ ਦੀ ਛੋਟੀ ਮੱਧ ਸ਼ਰੇਣੀ ਦੇ ਜੀਵਨ ਦਾ ਵਿਆਖਿਆਕਾਰ ਹੀ ਹੈ। ਆਪਣੀ ਪੁਸਤਕ 'ਮੇਰੀ ਦੁਨੀਆਂ' ਵਿਚ ਉਸਨੇ ਆਪਣੀ ਨਾਵਲ ਕਲਾ ਦੇ ਵਿਕਾਸ ਨੂੰ ਤਿੰਨਾਂ ਕਾਲਾਂ ਵਿਚ ਵੰਡਿਆ ਹੈ। ਮੁੱਢਲਾ ਕਾਲ ਜੋ ੧੯੩੮ ਤੀਕ ਚਲਦਾ ਹੈ ਅਤੇ ਚਿੱਟਾ ਲਹੂ ਜਿਸਦੀ ਸਿਖਰ ਹੈ। ਪ੍ਰੀਤ ਨਗਰ ਕਾਲ ਜੋ ੧੯੩੮ ਤੋਂ ੧੯੪੫ ਤੀਕ ਚਲਦਾ ਹੈ, ਗ਼ਰੀਬ ਦੀ ਦੁਨੀਆਂ ਤੇ ਅੱਧ ਖਿੜਿਆ ਫੁਲ ਇਸ ਕਾਲ ਦੇ ਪ੍ਰਤਿਨਿਧ ਨਾਵਲ ਕਹੇ ਜਾ ਸਕਦੇ ਹਨ। ਵੰਡ ਤੋਂ ਪਿਛੋਂ ਦਾ ਸਮਾਂ ਜਿਸ ਵਿਚ ਉਸਦੀ ਉਗਦੀ ਨਾਵਲ ਕਲਾ ਨੇ ਵਿਸ਼ੇਸ਼ ਵਿਕਾਸ਼ ਕੀਤਾ ਹੈ, ਅੱਗ ਦੀ ਖੇਡ, ਮੰਝਧਾਰ, ਚਿੱਤ੍ਰਕਾਰ, ਆਦਮ ਖੋਰ, ਸੰਗਮ ਤੇ ਪੁਜਾਰੀ ਇਸ ਕਾਲ ਦੇ ਪ੍ਰਤਿਨਿਧ ਨਾਵਲ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਨਕ ਸਿੰਘ ਦੀ ਬੋਲੀ ਸਾਧਾਰਨ ਪੱਧਰ ਤੋਂ ਉੱਪਰ ਨਹੀਂ ਉਠਦੀ ਅਤੇ ਉਸਦੇ ਨਾਵਲਾਂ ਵਿਚ ਉਪਭਾਵੁਕਤਾ ਤੇ ਮੌਕਾ-ਮੇਲਾਂ ਦੀ ਅਸਾਧਾਰਨ ਵਰਤੋਂ ਦੀਆਂ ਕਮਜ਼ੋਰੀਆ ਆਮ ਹਨ, ਫਿਰ ਵੀ ਮੰਨਣਾ ਪੈਂਦਾ ਹੈ ਕਿ ਕਹਾਣੀ ਘੜਨ ਅਤੇ ਰੌਚਕਤਾ ਪੈਦਾ ਕਰਨ ਵਿਚ ਹੋਰ ਕੋਈ ਨਾਵਲਕਾਰ ਉਸ ਨਾਲ ਬਰਾਬਰ ਨਹੀਂ ਉੱਤਰ ਸਕਿਆ।

ਨਾਨਕ ਸਿੰਘ ਨੇ ਕਹਾਣੀਆਂ ਵੀ ਕਾਫ਼ੀ ਲਿਖੀਆਂ ਹਨ, ਪਰ ਸੇਖੋਂ, ਦੁੱਗਲ ਤੇ ਵਿਰਕ ਦੀਆਂ ਕਹਾਣੀਆਂ ਵਾਲੀ ਗੱਲ ਉਨ੍ਹਾਂ ਵਿਚ ਨਹੀਂ।

## ਸੁਰਿੰਦਰ ਸਿੰਘ ਨਰੂਲਾ

ਸੁਰਿੰਦਰ ਸਿੰਘ ਨਰੂਲਾ ਨੇ ਸਭ ਤੋਂ ਪਹਿਲਾਂ ਨਾਵਲ ਨੂੰ ਸੁਧਾਰਵਾਦ ਦੀ ਜਿੱਲ੍ਹਣ ਚੋਂ ਕੱਢ ਕੇ ਉਸ ਦੇ ਵਿਸ਼ੇ-ਖੇਤਰ ਨੂੰ ਚੌੜਿਆਂ ਕੀਤਾ ਹੈ। ਨਾਲ ਹੀ ਉਸ ਦੇ ਨਾਵਲ ਰੋਮਾਂਚਕ ਤੇ ਜਜ਼ਬਾਤੀ ਵੰਨਗੀ ਦੇ ਹਨ। ਪਿਉ ਪੁੱਤਰ, ਨੀਲੀ ਬਾਰ, ਰੰਗ ਮਹੱਲ, ਲੋਕ ਦੁਸ਼ਮਣ, ਦਿਲ-ਦਰਿਆ ਉਸ ਦੇ ਕੁਝ ਕੁ ਪਰਸਿੱਧ ਨਾਵਲ ਹਨ। ਬੋਲੀ ਦੀ ਕਚਿਆਈ ਨਰੂਲੇ ਦੀ ਕਮਜ਼ੋਰੀ ਤੇ ਯਥਾਰਥਵਾਦ ਉਸ ਦੀ ਸ਼ਕਤੀ ਹੈ। ਉਸ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ ਜੋ ਸਾਧਾਰਨ ਪੱਧਰ ਤੋਂ ਉਪਰ ਨਹੀਂ ਉਠ ਸਕੀਆਂ।

## ਜਸਵੰਤ ਸਿੰਘ ਕੰਵਲ

ਜਸਵੰਤ ਸਿੰਘ ਕੰਵਲ ਅੱਗਰਗਾਮੀ ਵਿਚਾਰ ਦਾ ਇਕ ਨੌਜੁਆਨ ਨਾਵਲਕਾਰ ਹੈ। ਸੱਚ ਨੂੰ ਫਾਂਸੀ, ਪੂਰਨਮਾਸ਼ੀ ਤੇ ਪਾਲੀ ਉਸ ਦੇ ਮੁੱਢਲੇ ਤਿੰਨ ਨਾਵਲ ਹਨ। ਭਾਵੇਂ ਇਨ੍ਹਾਂ ਵਿਚ ਯਥਾਰਥ ਦੀ ਘਾਟ ਹੈ, ਪਰ ਰਸ ਤੇ ਰੌਚਕਤਾ ਦੀ ਕਮੀ ਨਹੀਂ। ਆਪਣੇ ਨਵੇਂ ਨਾਵਲਾਂ – ਰਾਤ ਕਟ ਗਈ, ਸਿਵਲ ਲਾਈਨਜ਼ ਤੇ ਰੂਪ ਧਾਰਾ ਵਿਚ ਉਸ ਦਾ ਦ੍ਰਿਸ਼ਟੀਕੋਣ ਯਥਾਰਥਵਾਦੀ ਤੇ ਪਾਤਰ-ਉਸਾਰੀ ਵਧੇਰੇ ਨਿੱਗਰ ਤੇ ਸਪੱਸ਼ਟ ਹੋ ਗਈ ਹੈ।

## ਨਰਿੰਦਰ ਪਾਲ ਸਿੰਘ

ਕਰਨਲ ਨਰਿੰਦਰ ਪਾਲ ਸਿੰਘ ਨੇ ਥੋੜੇ ਸਮੇਂ ਵਿਚ ਹੀ ਮਲਾਹ, ਸੈਨਾਪਤੀ, ਸ਼ਕਤੀ, ਅਮਨ ਦੇ ਰਾਹ ਤੇ ਤ੍ਰੀਆ ਜਾਲ ਆਦਿ ਨਾਵਲ ਲਿਖ ਕੇ ਪੰਜਾਬੀ ਦੇ ਪਰਮੁਖ ਨਾਵਲਕਾਰਾਂ ਵਿਚ ਆਪਣੀ ਥਾਂ ਬਣਾ ਲਈ ਹੈ। ਨਰਿੰਦਰ ਪਾਲ ਸਿੰਘ ਦੇ ਨਾਵਲ ਦਾ ਸਭ ਤੋਂ ਵੱਡਾ ਗੁਣ ਵਿਸ਼ੇ-ਵਸਤੂ ਦੀ ਵਿਭਿੰਨਤਾ ਤੇ ਬਿਆਨ ਦੀ ਸਹਿਜ ਸੁਭਾਵਕਤਾ ਹੈ।

ਇਨ੍ਹਾਂ ਦੇ ਇਲਾਵਾ ਸੰਤ ਸਿੰਘ ਸੇਖੋਂ ਦਾ ਲਹੂ ਮਿੱਟੀ, ਕਰਤਾਰ ਸਿੰਘ ਦੁੱਗਲ ਦਾ ਆਂਦਰਾਂ ਤੇ ਨਹੁੰ ਤੇ ਮਾਸ, ਅੰਮ੍ਰਿਤਾ ਪ੍ਰੀਤਮ ਦਾ ਡਾਕਟਰ ਦੇਵ, ਪਿੰਜਰ, ਆਲ੍ਹਣਾ, ਅਸ਼ੂ ਤੇ ਇਕ ਸਵਾਲ, ਜੋਗੀ ਹਰਿੰਦਰ ਦਾ ਵੰਡਿਆ ਘਰ, ਰਾਮ ਸਿੰਘ ਦਤ ਦਾ ਨਦੀ ਕਿਨਾਰੇ ਅਤੇ ਕੇਸਰ ਸਿੰਘ ਦਾ ਲਹਿਰ ਵਧਦੀ ਗਈ ਨਾਵਲਕਾਰੀ ਦੇ ਚੰਗੇ ਤੇ ਵਿਭਿੰਨ ਨਮੂਨੇ ਪੇਸ਼ ਕਰਦੇ ਹਨ।

### ਕਹਾਣੀਕਾਰ

ਪਜਾਬੀ ਵਿਚ ਕਹਾਣੀ ਕਲਾ ਨੇ ਚਮਤਕਾਰੀ ਉੱਨਤੀ ਕੀਤੀ ਹੈ। ਭਾਈ ਨਾਨਕ ਸਿੰਘ ਤੇ ਗੁਰਬਖ਼ਸ਼ ਸਿੰਘ ਪੰਜਾਬੀ ਕਹਾਣੀ ਦੇ ਮੋਢੀ ਕਹੇ ਜਾ ਸਕਦੇ ਹਨ। ਵਿਸ਼ੇਸ਼ ਕਰਕੇ ਗੁਰਬਖ਼ਸ਼ ਸਿੰਘ ਦਾ ਕਹਾਣੀ ਦੇ ਮੁੱਢਲੇ ਵਿਕਾਸ਼ ਵਿਚ ਬਹੁਤ ਹੱਥ ਹੈ। ਪਰ ਦੁੱਗਲ ਦੀ ਸਵੇਰ ਸਾਰ, ਮੋਹਨ ਸਿੰਘ ਦੀ ਨਿਕੀ ਨਿਕੀ ਵਾਸ਼ਨਾ ਅਤੇ ਸੰਤ ਸਿੰਘ ਸੇਖੋਂ ਦੇ ਪਹਿਲੇ ਕਹਾਣੀ-ਸੰਗ੍ਰਹਿ ਸਮਾਚਾਰ ਨਾਲ ਕਹਾਣੀ ਆਪਣੇ ਅਸਲੀ ਆਧੁਨਿਕ ਰੂਪ ਵਿਚ ਹੋਂਦ ਵਿਚ ਆਈ। ਮੋਹਨ ਸਿੰਘ ਇਕੋ ਸੰਗ੍ਰਹਿ ਦੇ ਕੇ ਕਵਿਤਾ ਜੋਗਾ ਹੀ ਰਹਿ ਗਿਆ, ਪਰ ਦੁੱਗਲ ਤੇ ਸੇਖੋਂ ਦਾ ਵਿਕਾਸ ਜਾਰੀ ਰਿਹਾ। ਸਮਾਚਾਰ ਮਗਰੋਂ ਸੰਤ ਸਿੰਘ ਨੇ ਕਾਮੇ ਤੇ ਯੋਧੇ, ਅੱਧੀ ਵਾਟ ਤੇ ਤੀਜਾ ਪਹਿਰ ਤਿੰਨ ਹੋਰ ਕਹਾਣੀ-ਸੰਗ੍ਰਹਿ ਦਿੱਤੇ। ਸੇਖੋਂ ਦੀਆਂ ਕਹਾਣੀਆਂ ਦਾ ਵੱਡਾ ਗੁਣ ਵਿਸ਼ੇ ਦੀ ਮਹੱਤਾ ਤੇ ਉਸ ਦਾ ਬੌਧਿਕ ਵਿਸ਼ਲੇਸ਼ਣ ਹੈ। ਦੁੱਗਲ ਨੇ ਸਵੇਰ ਸਾਰ ਮਗਰੋਂ ਪਿੱਪਲ ਪੱਤੀਆਂ, ਕੁੜੀ ਕਹਾਣੀ ਕਰਦੀ ਗਈ, ਡੰਗਰ, ਅੱਗ ਖਾਣ ਵਾਲੇ, ਨਵਾਂ ਘਰ, ਨਵਾਂ ਆਦਮੀ, ਟੋਏ ਟਿੱਬੇ, ਆਦਿ ਕਈ ਕਹਾਣੀ-ਸੰਗ੍ਰਹਿ ਦਿੱਤੇ ਹਨ। ਦੁੱਗਲ ਇਸ ਵਕਤ ਤਕ ਸੌ ਤੋਂ ਉਪਰ ਕਹਾਣੀਆਂ ਲਿਖ ਚੁਕਾ ਹੈ ਅਤੇ ਪੰਜਾਬੀ ਦਾ ਸ਼ਿਰੋਮਣੀ ਕਹਾਣੀਕਾਰ ਮੰਨਿਆ ਜਾਂਦਾ ਹੈ।

ਦੁਗਲ ਤੇ ਸੇਖੋਂ ਦੇ ਮਗਰੋਂ ਤਿੰਨ ਹੋਰ ਕਹਾਣੀਕਾਰ ਸਾਡਾ ਉਚੇਚਾ ਧਿਆਨ ਖਿਚਦੇ ਹਨ — ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ ਤੇ ਸੰਤੋਖ ਸਿੰਘ ਧੀਰ। ਇਨ੍ਹਾਂ ਤਿੰਨਾਂ ਨੇ ਕਹਾਣੀ ਕਲਾ ਵਿਚ ਇਕ ਨਵਾਂ ਨਿਖਾਰ ਪੈਦਾ ਕੀਤਾ ਹੈ। ਸੁਜਾਨ ਸਿੰਘ ਦੀਆਂ ਕਹਾਣੀਆਂ ਦੀ ਵਡੀ ਸ਼ਕਤੀ ਉਸ ਦੀਆਂ ਕਹਾਣੀਆਂ ਵਿਚਲੀ ਕਹਾਣੀ ਹੈ। ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਦੀ ਜਾਨ ਉਸ ਦੀ ਨਿਤ ਵਰਤੀਂਦੀ ਜਿਉਂਦੀ ਜਾਗਦੀ ਬੋਲੀ ਅਤੇ ਵਿਰਕ ਦੀਆਂ ਕਹਾਣੀਆਂ ਦਾ ਵਿਸ਼ੇਸ਼ ਗੁਣ ਉਸ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹੈ।

ਡਾਕਟਰ ਮੋਹਨ ਸਿਘ, ਜੋਸ਼ੁਵਾ ਫ਼ਜ਼ਲ ਦੀਨ, ਗੁਰਮੁਖ ਸਿੰਘ ਮੁਸਾਫ਼ਰ, ਬਲਵੰਤ ਸਿੰਘ ਚਤਰਥ, ਕੇਸਰ ਸਿੰਘ, ਅਭੇ ਸਿੰਘ, ਹੀਰਾ ਸਿੰਘ ਦਰਦ, ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਮਹਿੰਦਰ ਸਿੰਘ ਸਰਨਾ, ਤੇ ਨੌਰੰਗ ਸਿੰਘ ਵੀ ਪੰਜਾਬੀ ਦੇ ਮੰਨੇ ਹੋਏ ਲੇਖਕਾਂ ਵਿਚੋਂ ਹਨ।

ਨਵੇਂ ਕਹਾਣੀ ਲੇਖਕਾਂ ਵਿਚੋਂ ਨਵਤੇਜ ਸਿੰਘ, ਗੁਰਮੁਖ ਸਿਘ ਜੀਤ ਤੇ ਸੁਖਬੀਰ ਦੀ ਦੇਣ ਵੀ ਮਹੱਤਾਪੂਰਨ ਹੈ।

## (ਸ) ਵਾਰਤਕ-ਸਾਹਿਤ

ਇਸ ਵਿਚ ਸ਼ੱਕ ਨਹੀਂ ਕਿ ਆਧੁਨਿਕ ਵਾਰਤਕ ਦਾ ਮੁੱਢ ਸ਼ਰਧਾ ਰਾਮ ਫਿਲੌਰੀ ਨਾਲ ਹੀ ਬੱਝ ਚੁਕਾ ਸੀ, ਫਿਰ ਵੀ ਪੂਰੀ ਆਧੁਨਿਕ ਰੰਗਣ ਵਾਲੀ ਗੁੱਟ, ਸਾਹਿੱਤਕ ਤੇ ਵਿਗਿਆਨਕ ਰੰਗਣ ਵਾਲੀ ਵਾਰਤਕ ਵੀਹਵੀਂ ਸਦੀ ਦੇ ਉਦੇ ਨਾਲ ਹੀ ਹੋਂਦ ਵਿਚ ਆਈ। ਉਂਜ ਤਾਂ ਗਲਪ, ਇਤਿਹਾਸ ਤੇ ਨਾਟਕ ਆਦਿ ਸਭ ਵਾਰਤਕ ਦੇ ਖੇਤਰ ਵਿਚ ਹੀ ਆ ਜਾਂਦੇ ਹਨ, ਪਰ ਇਸ ਭਾਗ ਵਿਚ ਅਸੀਂ ਕੇਵਲ ਉਨ੍ਹਾਂ ਲੇਖਕਾਂ ਨੂੰ ਹੀ ਲਵਾਂਗੇ ਜਿਨ੍ਹਾਂ ਨੇ ਨਿਰੋਲ ਗੱਦ ਦੀ ਸ਼ੈਲੀ ਦਾ ਵਿਕਾਸ਼ ਕਰ ਕੇ ਆਪੋ ਆਪਣੇ ਨਿਵੇਕਲੇ ਰੰਗਾਂ ਵਿਚ ਵਾਰਤਕ ਦੀ ਰਚਨਾ ਕੀਤੀ ਹੈ।

## ਪਹਿਲੀ ਪੀੜ੍ਹੀ

ਆਧੁਨਿਕ ਕਵਿਤਾ ਵਾਂਗ ਆਧੁਨਿਕ ਵਾਰਤਕ ਦੇ ਮੋਢੀ ਵੀ ਭਾਈ ਵੀਰ ਸਿੰਘ ਜੀ ਹੀ ਹੋਏ ਹਨ, ਆਪ ਦੀ ਗਦ ਬਹੁ-ਭਾਂਤੀ ਹੈ ਜਿਸ ਵਿਚ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ, ਟੀਕੇ, ਭਗਤ ਮਾਲ, ਪੁਰਾਤਨ ਜਨਮ ਸਾਖੀ, ਭਾਈ ਗੁਰਦਾਸ ਦੀਆਂ ਵਾਰਾਂ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪਾਦਨਾ ਤੇ ਸੈਂਕੜੇ ਟ੍ਰੈਕਟ ਸ਼ਾਮਲ ਹਨ। ਆਪ ਦੀ ਸ਼ੈਲੀ ਸੁੰਦਰ ਤੇ ਰਸ-ਭਰੀ ਹੈ ਤੇ ਬੋਲੀ ਸਭ ਤੋਂ ਪਹਿਲੀ ਵਾਰ ਸ਼ੁਧ ਤੇ ਸੁਲਝੇ ਹੋਏ ਸਾਹਿੱਤ ਰੂਪ ਵਿਚ ਸਾਡੇ ਸਾਹਮਣੇ ਆਈ ਹੈ। ਆਪ ਮਗਰੋਂ ਭਾਈ ਮੋਹਨ ਸਿੰਘ ਵੈਦ ਇਸ ਪੀੜ੍ਹੀ ਦੇ ਸਭ ਤੋਂ ਵੱਡੇ ਵਾਰਤਕ ਲਿਖਾਰੀ ਗਿਣੇ ਜਾਂਦੇ ਹਨ, ਆਪ ਦੀ ਵਾਰਤਕ ਵੀ ਵਿਸ਼ੇ ਦੇ ਪੱਖ ਤੋਂ ਬਹੁ-ਭਾਂਤੀ ਹੈ। ਆਪ ਕਈ ਸਾਲ "ਦੂਖ ਨਿਵਾਰਨ" ਪੱਤਰ ਸੰਪਾਦਨ ਕਰਦੇ ਰਹੇ, ਆਪ ਜੀਵਨ ਭਰ ਰੋਜ਼ਨਾਮਚਾ ਵੀ ਲਿਖਦੇ ਰਹੇ ਜਿਸ ਦੀ ਸ਼ੈਲੀ ਬੜੀ ਸਾਦਾ ਤੇ ਸਪਸ਼ਟ ਹੈ।

ਪ੍ਰੋ: ਪੂਰਨ ਸਿੰਘ ਨੇ "ਖੁਲ੍ਹੇ ਲੇਖ" ਨਾਂ ਦੀ ਕੇਵਲ ਇਕੋ ਹੀ ਵਾਰਤਕ ਰਚਨਾ ਸਾਨੂੰ ਦਿੱਤੀ ਹੈ। ਆਪ ਨੇ ਪਹਿਲੀ ਵਾਰ ਪੰਜਾਬੀ ਵਿਚ ਨਿਬੰਧਕਾਰੀ ਸ਼ੁਰੂ ਕੀਤੀ ਅਤੇ ਡੂੰਘੇ ਦਾਰਸ਼ਨਿਕ ਵਿਸ਼ਿਆਂ ਨੂੰ ਛੋੜਿਆ। ਪਰ ਆਪ ਦੀ ਵਾਰਤਕ ਗੁੱਟ, ਤਰਕ-ਯੁਕਤ ਤੇ ਵਿਗਿਆਨਕ ਨਹੀਂ, ਇਸ ਲਈ ਅਸੀਂ ਉਸ ਨੂੰ ਆਦਰਸ਼ਵਾਦੀ ਵਾਰਤਕ ਦਾ ਨਮੂਨਾ ਹੀ ਕਹਿ ਸਕਦੇ ਹਾਂ।

ਚਰਨ ਸਿਘ ਸ਼ਹੀਦ ਨੇ ਪੰਜਾਬੀ ਵਿਚ ਇਕ ਨਵੀਂ ਗੱਦ ਸ਼ੈਲੀ ਦੀ ਲੀਹ ਤੋਰੀ ਜਿਸ ਨੂੰ ਅਸੀਂ ਵਿਨੋਦੀ ਤੇ ਮੌਜੀ ਸ਼ੈਲੀ ਦਾ ਨਾਂ ਦੇ ਸਕਦੇ ਹਾਂ। ਸ਼ਹੀਦ ਜੀ ਦੀ ਵਾਰਤਕ ਪੱਤਰਕਾਰੀ ਦੀ ਪੱਧਰ ਤੋਂ ਉੱਪਰ ਨਹੀਂ ਉੱਠ ਸਕੀ।

ਭਾਈ ਰਣਧੀਰ ਸਿੰਘ ਜੀ ਨੇ ਚਰਨ ਕੰਵਲ ਦੀ ਮੌਜ, ਸੱਚ ਖੰਡ ਦਰਸ਼ਨ, ਅਣਡਿੱਠੀ ਦੁਨੀਆਂ, ਗੁਰਮਤਿ ਵਿਵੇਕ, ਜੇਲ ਚਿੱਠੀਆਂ, ਨਾਮ ਅਭਿਆਸ ਕਮਾਈ ਆਦਿ ਪੁਸਤਕਾਂ ਵਿਚ ਦਾਰਸ਼ਨਿਕ ਤੇ ਅਧਿਆਤਮਕ ਛਾਪ ਵਾਲੀ ਵਾਰਤਕ ਦੀ ਰਚਨਾ ਕੀਤੀ ਹੈ।

## ਦੂਜੀ ਪੀੜ੍ਹੀ

ਪੰਜਾਬੀ ਵਾਰਤਕ ਦੇ ਵਿਕਾਸ਼ ਵਿਚ ਗੁਰਬਖ਼ਸ਼ ਸਿੰਘ ਇਕ ਮੀਲ ਪੱਥਰ ਹੈ, ਉਸ ਨਾਲ ਪੰਜਾਬੀ ਵਾਰਤਕ ਦੀ ਦੂਜੀ ਪੀੜ੍ਹੀ ਸ਼ੁਰੂ ਹੁੰਦੀ ਹੈ। ਗੁਰਬਖ਼ਸ਼ ਸਿੰਘ ਨੇ ਨਾ ਕੇਵਲ ਇਕ ਨਵੀਂ, ਰਸਭਰੀ, ਦਲੀਲ ਭਰੀ ਪਰ ਫਿਰ ਵੀ ਜਜ਼ਬਿਆਂ ਦੇ ਭਖਾ ਨਾਲ ਧੜਕਦੀ ਸ਼ੈਲੀ ਦਾ ਨਿਰਮਾਣ ਕੀਤਾ ਹੈ, ਸਗੋਂ ਵਾਰਤਕ ਦੇ ਖੇਤਰ ਨੂੰ ਇਕਦਮ ਵਿਸ਼ਾਲ ਕਰ ਕੇ ਇਸ ਨੂੰ ਨਵੀਂ ਸਮੱਗਰੀ ਤੇ ਦੇਸਾਂ ਪਰਦੇਸਾਂ ਵਿਚ ਭਰਮਣ ਕਰ ਕੇ ਇਕੱਤਰ ਕੀਤੇ ਨਵੇਂ ਗਿਆਨ ਤੇ ਨਵੇਂ ਅਨੁਭਵਾਂ ਨਾਲ ਮਾਲਾ ਮਾਲ ਕਰ ਦਿੱਤਾ ਹੈ। ਗੁਰਬਖ਼ਸ਼ ਸਿੰਘ ਅਗਾਂਹ ਵਧੂ ਤੇ ਵਿਵੇਕਵਾਦੀ ਵਿਚਾਰਾਂ ਦਾ ਧਾਰਨੀ ਹੈ, ਉਸ ਨੇ ਆਪਣੇ ਦਰਜਨ ਤੋਂ ਉਤੇ ਵਾਰਤਕ ਗ੍ਰੰਥਾਂ ਤੇ ਪ੍ਰੀਤਲੜੀ ਰਾਹੀਂ ਪੰਜਾਬੀ ਜਨਤਾ ਨੂੰ ਭਰਮਾਂ ਦੀ ਜਿਲ੍ਹਣ ਤੇ ਅੰਧ-ਵਿਸ਼ਵਾਸ਼ ਦੀਆਂ ਹਨੇਰੀਆਂ ਖੱਡਾਂ 'ਚੋਂ ਬਾਹਰ ਕੱਢ ਕੇ ਅੰਤਰਰਾਸ਼ਟਰੀ ਤੇ ਸਰਬ-ਲੌਕਿਕ ਵਿਚਾਰਾਂ ਦੇ ਚਾਨਣੇ ਮੈਦਾਨਾਂ ਵਿਚ ਲੈ ਆਂਦਾ ਹੈ। ਗੁਰਬਖ਼ਸ਼ ਸਿੰਘ ਦੀ ਵਾਰਤਕ ਦੀ ਮਹੱਤਾ ਸੁੰਦਰ ਸ਼ੈਲੀ ਕਰ ਕੇ ਹੀ ਨਹੀਂ, ਇਕ ਉੱਜਲ ਤੇ ਨਿਰੋਏ ਸੁਨੇਹੇ ਕਰ ਕੇ ਵੀ ਹੈ।

ਇਸ ਪੀੜ੍ਹੀ ਦਾ ਦੂਜਾ ਮਹਾਨ ਗੱਦਕਾਰ ਪ੍ਰਿੰਸੀਪਲ ਤੇਜਾ ਸਿੰਘ ਹੈ ਜਿਸ ਨੇ ਬੜੀ ਸੁਲਝੀ ਹੋਈ, ਸਾਦਾ ਤੇ ਸਪਸ਼ਟ ਵਾਰਤਕ ਸਾਨੂੰ ਦਿੱਤੀ ਹੈ। ਆਪ ਨੂੰ ਅਸੀਂ ਪੰਜਾਬੀ ਦਾ ਪਹਿਲਾ ਸਫ਼ਲ ਨਿਬੰਧਕਾਰ ਕਹਿ ਸਕਦੇ ਹਾਂ। ਆਪ ਸ਼ੁਧ ਤੇ ਟਕਸ਼ਾਲੀ ਪੰਜਾਬੀ ਦੇ ਬਹੁਤ ਵੱਡੇ ਹਿਮੈਤੀ ਸਨ ਅਤੇ ਇਸ ਗੱਲ ਵਲ ਲੇਖਕਾਂ ਦਾ ਧਿਆਨ ਦਿਵਾਉਣ

ਲਈ ਆਪ ਨੇ 'ਪੰਜਾਬੀ ਕਿਵੇਂ ਲਿਖੀਏ' ਨਾਂ ਦੀ ਪੁਸਤਕ ਵੀ ਲਿਖੀ ।

ਲਾਲ ਸਿੰਘ ਕਮਲਾ ਅਕਾਲੀ ਨੇ ਆਪਣੀਆਂ ਪੁਸਤਕਾਂ ਮੇਰਾ ਵਲਾਇਤੀ ਸਫ਼ਰ ਨਾਮਾ, ਮੌਤ ਰਾਣੀ ਦਾ ਘੁੰਡ, ਜੀਵਨ ਨੀਤੀ, ਸੈਲਾਨੀ ਦੇਸ਼ ਭਗਤ ਆਦਿ ਪੁਸਤਕਾਂ ਵਿਚ ਬਿਰਤਾਂਤੀ ਤੇ ਦਾਰਸ਼ਨਿਕ ਗੱਦ ਦੇ ਬਹੁਤ ਉੱਤਮ ਨਮੂਨੇ ਪੇਸ਼ ਕੀਤੇ ਹਨ । ਪ੍ਰੋ: ਸਾਹਿਬ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਐਸ. ਐਸ. ਅਮੋਲ, ਸਰਦਾਰ ਕਪੂਰ ਸਿੰਘ, ਹਰਿੰਦਰ ਸਿੰਘ ਰੂਪ, ਗੁਰਬਚਨ ਸਿੰਘ ਤਾਲਿਬ, ਪ੍ਰੋ: ਮੋਹਨ ਸਿੰਘ, ਹੀਰਾ ਸਿੰਘ ਦਰਦ, ਡਾਕਟਰ ਹਰਦਿੱਤ ਸਿੰਘ, ਡਾਕਟਰ ਸ਼ੇਰ ਸਿੰਘ, ਬਾਬਾ ਪ੍ਰੇਮ ਸਿੰਘ, ਡਾਕਟਰ ਗੰਡਾ ਸਿੰਘ, ਪ੍ਰੋ: ਜਗਦੀਸ਼ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਪਿਆਰਾ ਸਿੰਘ ਪਦਮ, ਤੇ ਨਰਿੰਦਰਪਾਲ ਸਿੰਘ ਇਸ ਪੀੜ੍ਹੀ ਦੇ ਕੁਝ ਹੋਰ ਉੱਘੇ ਗੱਦ-ਸ਼ੈਲੀਏ ਹਨ ਜਿਨ੍ਹਾਂ ਨੇ ਭਿੰਨ ਭਿੰਨ ਸ਼ੈਲੀਆਂ ਰਾਹੀਂ ਭਿੰਨ ਭਿੰਨ ਵਿਸ਼ਿਆਂ ਉਤੇ ਲਿਖ ਕੇ ਪੰਜਾਬੀ ਵਾਰਤਕ ਦੇ ਭੰਡਾਰੇ ਨੂੰ ਭਰਪੂਰ ਕੀਤਾ ਹੈ ।

## ਖੋਜ ਤੇ ਆਲੋਚਨਾ

ਅਸੀਂ ਸਰ ਰਿਚਰਡ ਟੈਂਪਲ ਕਰਤਾ 'ਲੀਜੈਂਡਜ਼ ਆਫ਼ ਦੀ ਪੰਜਾਬ' ਨੂੰ ਪੰਜਾਬੀ ਦਾ ਪਹਿਲਾ ਖੋਜੀ ਕਹਿ ਸਕਦੇ ਹਾਂ, ਪਰ ਪੰਜਾਬੀ ਸਾਹਿਤ ਦੀ ਬਾਕਾਇਦਾ ਖੋਜ ਬਾਵਾ ਬੁੱਧ ਸਿੰਘ ਨਾਲ ਸ਼ੁਰੂ ਹੋਈ ਜਿਨ੍ਹਾਂ ਨੇ ਆਪਣੀਆਂ ਲੱਭਤਾਂ ਤੇ ਸਿਟਿਆਂ ਨੂੰ ਹੰਸ ਚੋਗ, ਕੋਇਲ ਕੂ, ਬੰਬੀਹਾ ਬੋਲ ਵਿਚ ਇਕੱਤਰ ਕੀਤਾ । ਆਪ ਮਗਰੋਂ ਡਾਕਟਰ ਮੋਹਨ ਸਿੰਘ ਜੀ ਨੇ ਇਸ ਪਾਸੇ ਧਿਆਨ ਦਿੱਤਾ । ਆਪ ਦਾ ਕੰਮ ਵਧੇਰੇ ਵਿਗਿਆਨਕ ਹੈ, ਸਭ ਤੋਂ ਪਹਿਲੇ ਆਪ ਨੇ ਹੀ ਪੰਜਾਬੀ ਸਾਹਿਤ ਦੀ ਕਾਲ-ਵੰਡ ਕੀਤੀ । ਆਪ ਮਗਰੋਂ ਡਾਕਟਰ ਬਨਾਰਸੀ ਦਾਸ "ਪੰਜਾਬੀ ਜ਼ਬਾਨ ਤੇ ਉਹਦਾ ਲਿਟਰੇਚਰ" ਅਤੇ ਮੌਲਾ ਬਖ਼ਸ਼ ਕੁਸ਼ਤਾ ਨੇ "ਪੰਜਾਬ ਦੇ ਹੀਰੇ" ਨਾਂ ਦੀਆਂ ਬਹੁਮੁੱਲੀਆਂ ਪੁਸਤਕਾਂ ਸਾਨੂੰ ਦਿਤੀਆਂ । ਫਿਰ ਡਾਕਟਰ ਗੋਪਾਲ ਸਿੰਘ ਦਰਦੀ, ਕਿਰਪਾਲ ਸਿੰਘ ਕਸੇਲ, ਡਾ: ਸੁਰਿੰਦਰ ਸਿੰਘ ਕੋਹਲੀ, ਪ੍ਰੋ: ਸੁਰਿੰਦਰ ਸਿੰਘ ਨਰੂਲਾ ਤੇ ਗਿਆਨੀ ਹੀਰਾ ਸਿੰਘ ਦਰਦ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਲਿਖੇ । ਸ: ਜੀ. ਬੀ. ਸਿੰਘ ਤੇ ਪ੍ਰੋ: ਪ੍ਰੀਤਮ ਸਿੰਘ ਨੇ ਪੰਜਾਬੀ ਲਿਪੀ ਦੀ ਖੋਜ ਦੇ ਖੇਤਰ ਵਿਚ ਬੜਾ ਨਿੱਗਰ ਕੰਮ ਕੀਤਾ ਹੈ । ਸਭ ਤੋਂ ਪਹਿਲੇ ਪ੍ਰੋ: ਪਿਆਰਾ ਸਿੰਘ ਪਦਮ ਨੇ ਪੰਜਾਬੀ ਬੋਲੀ ਦਾ ਇਤਿਹਾਸ ਲਿਖਿਆ, ਮਗਰੋਂ ਪ੍ਰੋਫ਼ੈਸਰ ਵਿਦਿਆ ਭਾਸਕਰ ਅਰੁਣ ਤੇ ਸ: ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਬੋਲੀ ਦੇ ਇਤਿਹਾਸ ਪਰਕਾਸ਼ਤ ਕੀਤੇ ਜਿਨ੍ਹਾਂ ਵਿਚ ਕਈ ਨਵੀਆਂ ਗੱਲਾਂ ਉੱਤੇ ਚਾਨਣਾ ਪਾਇਆ ਗਿਆ ਹੈ । ਫਿਰ ਪੰਜਾਬੀ ਸਾਹਿਤ ਦੇ ਅੱਡ ਅੱਡ ਅੰਗਾਂ ਤੇ ਅੱਡ ਅੱਡ ਲੇਖਕਾਂ ਬਾਰੇ ਖੋਜ ਤੇ ਸਮੀਖਿਆ ਸ਼ੁਰੂ ਹੋਈ । ਅਜੇਹੇ ਲੇਖਕਾਂ ਵਿਚ ਪ੍ਰੋ: ਗੁਰਚਰਨ ਸਿੰਘ, ਪ੍ਰੋ: ਦੀਵਾਨ ਸਿੰਘ, ਗੁਰਮੁਖ ਸਿੰਘ ਜੀਤ, ਪ੍ਰੋ: ਬਲਬੀਰ ਸਿੰਘ ਦਿਲ ਆਦਿ ਦਾ ਕੰਮ ਸ਼ਲਾਘਾ ਯੋਗ ਹੈ, ਪ੍ਰੋ: ਸੰਤ ਸਿੰਘ ਨੇ ਪੰਜਾਬੀ ਸਾਹਿਤ ਦੇ ਮੁਲਅੰਕਣ ਵਿਚ ਸਭ ਤੋਂ ਵੱਡਾ ਭਾਗ ਪਾਇਆ ਹੈ, ਉਸਦੀ ਪੁਸਤਕ 'ਸਾਹਿਤਿਆਰਥ' ਸਾਹਿਤ ਸ਼ਾਸਤਰ ਉੱਤੇ ਇਕ ਬੇਨਜ਼ੀਰ ਰਚਨਾ ਹੈ ।

## ਲੋਕ-ਸਾਹਿਤ

ਪੰਜਾਬੀ ਲੋਕ-ਸਾਹਿਤ ਦਾ ਸਭ ਤੋਂ ਪਹਿਲਾ ਤੇ ਮਹਾਨ ਖੋਜੀ ਦੇਵਿੰਦਰ ਸਤਿਆਰਥੀ ਹੈ ਜਿਸ ਨੇ ਪੰਜਾਬੀ ਲੋਕ ਗੀਤਾਂ ਨੂੰ ਇਕੱਤਰ ਕਰਨ ਵਿਚ ਬਹੁਤ ਕੰਮ ਕੀਤਾ ਹੈ । ਉਸ ਮਗਰੋਂ ਪੰਡਤ ਰਾਮਸਰਨ (ਪੰਜਾਬ ਦੇ ਗੀਤ), ਕਰਤਾਰ ਸਿੰਘ ਸ਼ਮਸ਼ੇਰ (ਜੀਊਂਦੀ ਦੁਨੀਆ, ਗਾਉਂਦਾ ਪੰਜਾਬ), ਹਰਜੀਤ ਸਿੰਘ (ਨੈਂ ਝਨਾਂ) ਤੇ ਸ਼ੇਰ ਸਿੰਘ ਸ਼ੇਰ (ਬਾਰ ਦੇ ਢੋਲੇ) ਸ਼ਲਾਘਾ ਯੋਗ ਕੰਮ ਕੀਤਾ ਹੈ । ਪਰ ਪਿਛਲੇ ਕੁਝ ਸਾਲਾਂ ਤੋਂ ਡਾਕਟਰ ਐਮ. ਐਸ. ਰੰਧਾਵਾ ਨੇ ਨੇ ਇਸ ਖੇਤਰ ਵਿਚ ਬੜੇ ਵਿਗਿਆਨਕ ਤਰੀਕੇ ਨਾਲ ਲੋਕ-ਸਾਹਿਤ ਨੂੰ ਇਕੱਤਰ ਕਰਨ ਤੇ ਉਸਨੂੰ ਇਕ ਵਿਸ਼ੇਸ਼ ਤਰਤੀਬ ਵਿਚ ਪਰਕਾਸ਼ਤ

ਕਰਨ ਦਾ ਕੰਮ ਆਪਣੇ ਹੱਥਾਂ ਵਿਚ ਲਿਆ ਹੋਇਆ ਹੈ। ਆਪ ਹੁਣ ਤੀਕ ਪ੍ਰੀਤ ਕਹਾਣੀਆਂ, ਪੰਜਾਬੀ ਲੋਕ ਗੀਤ, ਕੁੱਲੂ ਦੇ ਲੋਕ ਗੀਤ, ਕਾਂਗੜਾ, ਹਰਿਆਣੇ ਦੇ ਲੋਕ ਗੀਤ ਆਦਿ ਅਤ ਸੁੰਦਰ ਛਪੀਆਂ ਪੁਸਤਕਾਂ ਸਾਨੂੰ ਦੇ ਚੁਕੇ ਹਨ।

## ਪਾਕਿਸਤਾਨ ਵਿਚ ਪੰਜਾਬੀ

ਜਿਦੇਂ ਕਿ ਅਸੀਂ ਜਾਣਦੇ ਹਾਂ ਮਹਾਰਾਜਾ ਰਣਜੀਤ ਸਿੰਘ ਕਾਲ ਤੀਕ ਪੰਜਾਬੀ ਸਾਹਿਤ ਦੀ ਮੁਖ ਰਚਨਾ ਮੁਸਲਮਾਨ ਕਵੀਆਂ ਰਾਹੀਂ ਹੀ ਹੁੰਦੀ ਰਹੀ ਸੀ। ਅੰਗਰੇਜ਼ਾਂ ਦੇ ਆਉਣ ਮਗਰੋਂ ਪੰਜਾਬੀ, ਹਿੰਦੀ, ਉਰਦੂ ਤੇ ਪੰਜਾਬੀ ਦੀ ਤੇਹਰੀ ਰੱਸਾ ਕਸ਼ੀ ਵਿਚ ਉਲਝ ਗਏ ਅਤੇ ਕੁਝ ਵਿਰਲੇ ਮੁਸਲਮਾਨ ਹੀ ਪੰਜਾਬੀ ਵਿਚ ਲਿਖਣ ਜੋਗੇ ਰਹਿ ਗਏ। ਪਾਕਿਸਤਾਨ ਮਗਰੋਂ ਜਦ ਹਿੰਦੀ ਵਿਚਾਲਿਉਂ ਨਿਕਲ ਗਈ ਅਤੇ ਕੇਵਲ ਉਰਦੂ ਤੇ ਹਿੰਦੀ ਦਾ ਸੁਆਲ ਹੀ ਬਾਕੀ ਰਹਿ ਗਿਆ ਤਾਂ ਪਾਕਿਸਤਾਨ ਦੇ ਦਾਨਸ਼ਵਰਾਂ ਨੂੰ ਪੰਜਾਬੀ ਦਾ ਯੋਗ ਸਥਾਨ ਨਿਰਮਾਣ ਕਰਨ ਦਾ ਖ਼ਿਆਲ ਆਇਆ। ਛੇਤੀ ਹੀ ਪੰਜਾਬੀ ਦੇ ਹੱਕ ਵਿਚ ਇਕ ਜ਼ਬਰਦਸਤ ਲਹਿਰ ਚਲ ਪਈ ਅਤੇ ਉਰਦੂ ਅੱਖਰਾਂ ਤੇ ਪੰਜਾਬੀ ਬੋਲੀ ਵਿਚ ਮਾਸਕ ਪੱਤਰ ਨਿਕਲਣੇ ਸ਼ੁਰੂ ਹੋ ਗਏ ਜਿਨ੍ਹਾਂ ਵਿਚ 'ਪੰਜਾਬੀ' ਮਾਸਕ ਪੱਤਰ (ਸੰਪਾਦਕ : ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਤੇ ਪ੍ਰੋ: ਸਾਲਿਕ),ਪੰਜ ਦਰਿਆ (ਸੰਪਾਦਕ : ਮੁਹੰਮਦ ਅਫ਼ਜ਼ਲ) ਤੇ 'ਪੰਜਾਬੀ ਅਦਬ' ਬੜੀ ਸਫ਼ਲਤਾ ਨਾਲ ਚਲ ਰਹੇ ਹਨ। ਕਈ ਨਵੇਂ ਲੇਖਕਾਂ ਨੇ ਵੀ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿਤਾ ਹੈ ਜਿਨ੍ਹਾਂ ਵਿੱਚੋਂ ਅਹਿਮਦ ਰਾਹੀ ਕਰਤਾ ਤ੍ਰਿੰਜਣ ਤੇ ਭੱਟੀ ਦੇ ਨਾਂ ਉਘੇ ਹਨ। ਪੰਜਾਬ ਯੂਨੀਵਰਸਿਟੀ ਨੇ ਵੀ ਪੰਜਾਬੀ ਨੂੰ ਬੀ. ਏ. ਤਕ ਦੀਆਂ ਪ੍ਰੀਖਿਆਵਾਂ ਵਿਚ ਸ਼ਾਮਲ ਕਰ ਲਿਆ ਹੈ। ਉਹ ਦਿਨ ਦੂਰ ਨਹੀਂ ਜਦ ਇਧਰਲੇ ਪੰਜਾਬ ਵਾਂਗ, ਉਧਰਲੇ ਪੰਜਾਬ ਵਿਚ ਵੀ ਪੰਜਾਬੀ ਨੂੰ ਮਾਤ ਭਾਸ਼ਾ ਵਾਲਾ ਪੂਰਾ ਤੇ ਯੋਗ ਅਸਥਾਨ ਪਰਾਪਤ ਹੋ ਹੀ ਜਾਵੇਗਾ।

# ਅਜੋਕੀ ਪੰਜਾਬੀ ਕਵਿਤਾ

www.PunjabiLibrary.com

# ਅਜੋਕੀ ਪੰਜਾਬੀ ਕਵਿਤਾ

ਇਕ ਉੜੀਆ ਕਵੀ ਦਾ ਆਖਣਾ ਹੈ :

ਵਿਸ਼ਾਲ ਨਦੀ ਦੇ ਭੰਵਰ ਵਿਚ
ਇਕ ਫੁੱਲ ਛਾਲ ਮਾਰਦਾ ਹੈ
ਇਕ ਤੇਜਸਵੀ ਫੁੱਲ
ਹਿੰਮਤ ਦਾ ਫੁੱਲ ।
ਝੱਲੇ ਤੂਫ਼ਾਨ ਦੇ ਹੋਠ ਚੁੰਮਦਾ ਹੈ
ਇਕ ਪੱਤਾ, ਇਕ ਹਰਿਆ ਪੱਤਾ,
ਤਜਰਬੇ ਦਾ ਪੱਤਾ ।
ਹਨੇਰੇ ਦੀ ਵੇਲ ਉਤੇ
ਇਕ ਕਲੀ ਖਿੜੀ
ਉਹ ਕਲੀ ਚਾਨਣ ਦੀ ।

ਜੇ ਇਸ ਗੱਲ ਨੂੰ ਪੰਜਾਬੀ ਸਾਹਿਤ ਦੀ ਉਪਜ ਉੱਤੇ ਢੁਕਾਇਆ ਜਾਏ ਤਾਂ ਇਹ ਸਭ ਤੋਂ ਵਧ ਪੰਜਾਬੀ ਕਵਿਤਾ ਦੀ ਜ਼ਿੰਦਗੀ ਉੱਤੇ ਢੁਕਦੀ ਹੈ । ਪੰਜਾਬੀ ਕਵਿਤਾ ਦੀ ਜਾਨ ਵਿਚ ਮੁੱਢ ਤੋਂ ਇਕ ਜੁਰਅਤ ਰਹੀ ਹੈ। ਇਸ ਦੇ ਤਜਰਬੇ ਨੇ ਤੂਫ਼ਾਨਾਂ ਦੇ ਹੋਠ ਚੁੰਮੇ ਹਨ ਅਤੇ ਜ਼ਿੰਦਗੀ ਦੀਆਂ ਹਨੇਰੀਆਂ ਕੀਮਤਾਂ ਦੀ ਵੇਲ ਉੱਤੇ ਨਰੋਈਆਂ ਕੀਮਤਾਂ ਦੇ ਚਾਨਣ ਦੀ ਕਲੀ ਨੂੰ ਖਿੜਨ ਵਿਚ ਇਹ ਹਮੇਸ਼ਾਂ ਸਹਾਈ ਰਹੀ ਹੈ ।

ਗੁਰੂ ਨਾਨਕ ਦੀ ਕਲਮ ਦੀ ਇਸੇ ਜੁਰਅਤ ਦਾ ਸਦਕਾ ਸਮੇਂ ਦੀਆਂ ਸਿਥਲ ਕੀਮਤਾਂ ਨੇ ਗੁਰੂ ਨਾਨਕ ਨੂੰ ਕੁਝ ਸਮੇਂ ਲਈ 'ਕੁਰਾਹੀਆ' ਕਹਿ ਦਿੱਤਾ । ਵਾਰਸ ਦੀ ਇਸੇ 'ਜੁਰਅਤ' ਦਾ ਸਦਕਾ ਵਾਰਸ ਦੇ ਗੁਰੂ ਨੇ ਵਾਰਸ ਦੀ ਰਚਨਾ ਨੂੰ 'ਮੁੰਜ ਦੀ ਰੱਸੀ' ਆਖ ਦਿੱਤਾ । ਭਾਵੇਂ ਪਿੱਛੋਂ ਉਸ ਨੇ ਮੰਨ ਲਿਆ ਕਿ ਵਾਰਸ ਨੇ ਮੁੰਜ ਦੀ ਰੱਸੀ ਵਿਚ ਮੋਤੀ ਪਰੋਏ ਹਨ ਅਤੇ ਸਮੇਂ ਨੇ ਕਬੂਲ ਲਿਆ ਕਿ ਗੁਰੂ ਨਾਨਕ ਇਕ ਸੱਚਾ ਰਹਿਨੁਮਾ ਹੈ । ਪੰਜਾਬੀ ਕਵੀਆਂ ਦੀ ਕਲਮ ਨੇ ਜੁਰਅਤ ਦੀ ਇਸ ਪਰੰਪਰਾ ਨੂੰ ਹਮੇਸ਼ਾ ਅੱਗੇ ਤੋਰਿਆ ਹੈ । ਸਮੇਂ ਦੀ ਲੋੜ ਰੰਗ ਵਟਾਂਦੀ ਰਹੀ ਹੈ, ਪਰ ਉਸ ਦੀ ਜੁਰਅਤ ਕਦੇ ਮਾਂਦੀ ਨਹੀਂ ਪਈ ।

ਭਾਈ ਵੀਰ ਸਿੰਘ ਦੇ ਆਤਮ-ਤਜਰਬੇ ਦਾ ਸੂਖਮ ਬਿਆਨ ਹਮੇਸ਼ਾ ਸਾਂਭਣ-ਜੋਗ ਰਹੇਗਾ :

ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ
ਖੁੰਬ ਚਾੜ੍ਹ ਰੰਗਣ ਭੀ ਧਰਿਆ, ਰੰਗ ਨਾ ਓਸ ਵਟਾਇਆ
ਵਿਛੜਿਆਂ ਕਾਲਖ ਸੀ ਆਈ, ਬਿਨ ਮਿਲਿਆਂ ਨਹੀਂ ਲਹਿੰਦੀ
ਅੰਗ ਅੱਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ ।

ਜਾਂ

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵੱਕੜੀ ਪਾਈ ।
ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ ।

www.PunjabiLibrary.com

ਧਨੀ ਰਾਮ ਚਾਤ੍ਰਿਕ ਦੀਆਂ 'ਦਿਲ' ਵਰਗੀਆਂ ਕਵਿਤਾਵਾਂ ਹਮੇਸ਼ਾਂ ਪੰਜਾਬੀ ਸਾਹਿਤ ਦੇ ਦਿਲ ਨੂੰ ਧੂਹ ਪਾਂਦੀਆਂ ਰਹਿਣਗੀਆਂ !

ਅਹੁ ਵੇਖ ਸੂਰਜ ਢਲ ਗਿਆ
ਗਊਆਂ ਦਾ ਚੌਣਾ ਆ ਗਿਆ,
ਸੁਣ ਤੇ ਸਹੀ ਵਾਜ ਆ ਗਈ,
ਔਹ ਬੰਸਰੀ ਵਜਦੀ ਪਈ,
ਸਦਕੇ ਗਈ ! ਓਹੋ ਹੀ ਹੈ,
ਹਾਂ, ਹਾਂ, ਉਹੋ ਹੀ ਵੇਖ ਲੈ ।
ਰੱਜ ਰੱਜ ਕੇ ਦੀਦੇ ਠਾਰ ਲੈ,
ਕੋਈ ਪੱਜ ਪਾ ਖਲਿਆਰ ਲੈ ।
ਵੇ ਸੋਹਣਿਆ ! ਐਧਰ ਤੇ ਆ,
ਵੱਛਾ ਮੇਰਾ ਫੜ ਲੈ ਜ਼ਰਾ,
ਮੈਂ ਧਾਰ ਕੱਢਣ ਲੱਗੀਆਂ ।

ਪੰਜਾਬੀ ਕਵਿਤਾ ਦਾ ਸੁਭਾ ਵੀ ਪੂਰਨ ਸਿੰਘ ਦੇ ਲਿਖੇ ਪੰਜਾਬੀ ਜਵਾਨਾਂ ਦੇ ਸੁਭਾ ਵਾਂਗ ਹੈ :

ਇਹ ਬੇਪ੍ਰਵਾਹ ਪੰਜਾਬ ਦੇ
ਮੌਤ ਨੂੰ ਮਖ਼ੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ ।

ਇਹ ਪੰਜਾਬੀ ਕਵਿਤਾ ਦਾ ਜੇਰਾ ਸੀ, ਜਿਸਨੇ ਹੀਰਾ ਸਿੰਘ ਦਰਦ ਕੋਲੋਂ ਲਿਖਵਾਇਆ :

ਸੋਨ ਸੁਰਾਹੀ ਵਾਲੇ ਸਾਕੀ, ਤੇਰਾ ਵੱਡਾ ਨਾਵਾਂ
ਤੈਨੂੰ ਵਿਚ ਅਕਾਸ਼ ਚੜ੍ਹਾਇਆ, ਤੇਰੀਆਂ ਸਿਫਤ ਹਵਾਵਾਂ
ਜੇ ਤੂੰ ਧਰਤੀ ਦਾ ਹੈਂ ਬੰਦਾ, ਆ ਖਾਂ ਪਲ ਕੁ ਹੇਠਾਂ
ਮੈਂ ਵੀ ਤੇਰੇ ਨਾਲ ਅੱਜ ਕੁਝ, ਗੱਲਾਂ ਕਰਨੀਆਂ ਚਾਹਵਾਂ ।

ਇਸੇ ਜੇਰੇ ਦਾ ਸਦਕਾ ਦੀਵਾਨ ਸਿੰਘ ਨੇ ਲਿਖਿਆ :

ਰੱਬ ਸਾਡਾ ਕਿਰਦਗਾਰ ਬਣਿਆ ਸੀ, ਪਰਵਰਦਗਾਰ
ਅਸੀਂ ਉਸਦੇ ਕਿਰਦਗਾਰ ਬਣੇ, ਪਰਵਰਦਗਾਰ
ਰੱਬ ਸਾਡਾ ਤਮਾਸ਼ਾ ਬਣਾਇਆ ਸੀ
ਅਸੀਂ ਉਸਦਾ ਤਮਾਸ਼ਾ ਬਣਾਇਆ ।

ਅਤੇ ਇਸੇ ਜੇਰੇ ਦੀ ਚਿਣਗ ਲੈਕੇ ਦਰਸ਼ਨ ਸਿੰਘ ਅਵਾਰਾ ਨੇ ਰੱਬ ਨੂੰ ਆਖਿਆ :

ਘੁੰਡ ਮੁੱਖੜੇ ਤੋਂ ਚਾ ਓਇ ਯਾਰ !
ਪਾ ਕੇ ਪਾਣੀ ਵਿਚ ਮਧਾਣੀ
ਐਵੇਂ ਕਿਉਂ ਪਈ ਬਾਂਹ ਥਕਾਣੀ
ਛੱਡ ਖ਼ਾਂ ਇੰਜ ਬੁਝਾਰਤ ਪਾਣੀ
ਸਿੱਧੀ ਛੋਹ ਦੇ ਪ੍ਰੀਤ ਕਹਾਣੀ
ਮੈਨੂੰ ਇਨ੍ਹਾਂ ਵਕੀਲਾਂ ਅੱਗੇ

ਨਾ ਚੱਟੀਆਂ ਭਰਵਾ ਓਇ ਯਾਰ
ਘੁੰਡ ਮੁੱਖੜੇ ਤੋਂ ਚਾ ਓਇ ਯਾਰ ।

ਪਾਏ ਨੀ ਜਿਹੜੇ ਵਿਚ ਵਿਚੋਲੇ
ਇਹਨਾਂ ਤੋਂ ਸੜ ਹੋ ਗਿਆ ਕੋਲੇ
ਉਪਰੋਂ ਦਿਸਦੇ ਭੋਲੇ ਭੋਲੇ
ਵਿਚੋਂ ਨੇ ਪਰ ਅੱਗ ਦੇ ਗੋਲੇ

ਮਿਲਣਾ ਈ ਤਾਂ ਸਿੱਧਾ ਮਿਲ
ਇਹਨਾਂ ਵਸ ਨਾ ਪਾ ਓਇ ਯਾਰ
ਘੁੰਡ ਮੁੱਖੜੇ ਤੋਂ ਚਾ ਓਇ ਯਾਰ ।

ਮੋਹਨ ਸਿੰਘ ਨੇ ਸ਼ਖਸੀ ਪਿਆਰ ਦੀ ਵਲਗਣ ਨੂੰ ਵੱਡਿਆਂ ਕੀਤਾ ਅਤੇ ਕਈਆਂ 'ਵਾਦਾਂ' ਦੇ ਖਿਲਰੇ ਤਿਣਕਿਆਂ ਨੂੰ ਇਕੱਠਿਆਂ ਕਰਕੇ 'ਉਡੀਕ' ਅਤੇ 'ਬੁਤਖ਼ਾਨਾ ਸਜਾਈਏ ਸਾਥੀਓ', ਵਰਗੀਆਂ ਕਵਿਤਾਵਾਂ ਲਿਖੀਆਂ :

ਡੂੰਘੀ ਆਥਣ ਹੋ ਗਈ, ਮਾਹੀਆ, ਲੱਥੀ ਸੰਝ ਚੁਫੇਰ ਵੇ
ਵਿਚ ਪੱਛਮ ਦੇ ਸੂਹੀ ਲਾਂਗੜ, ਸੂਰਜ ਦਿੱਤੀ ਖਲੇਰ ਵੇ ।
ਲੋਪ ਹੋਈ ਚਾਨਣ ਦੀ ਸੱਗੀ, ਸੰਘਣਾ ਹੋਇਆ ਹਨੇਰ ਵੇ ।
ਅੱਧ ਅਸਮਾਨੀ ਚੰਨ ਦਾ ਡੋਲਾ, ਤਾਰਿਆਂ ਭਰੀ ਚੰਗੇਰ ਵੇ ।
ਬੁੱਢੀਆਂ ਖਿਤੀਆਂ ਤਿੰਞਣ ਪਾਇਆ, ਰਿਸ਼ਮਾਂ ਰਹੀਆਂ ਅਟੇਰ ਵੇ ।
ਧਰਤੀ ਵਿਚ ਘਰੋਂਸੇ ਡੁੱਬੀ, ਅੰਬਰ ਰਿਹਾ ਉਘੇਰ ਵੇ ।
ਪਹਿਲਾ ਪਹਿਰ ਰਾਤ ਦਾ ਲੱਗਾ, ਵੱਜੀ ਫ਼ਜ਼ਰ ਦੀ ਭੇਹਰ ਵੇ ।
ਚੁਹਕੀ ਚਿੜੀ ਲਾਲੀ ਚਿਚਲਾਣੀ, ਲੱਗਾ ਹੋਣ ਮੁਨ੍ਹੇਰ ਵੇ ।
ਪੂਰਬ ਗੁਜਰੀ ਰਿੜਕਣ ਬੈਠੀ, ਛਿਟਾਂ ਉਡੀਆਂ ਢੇਰ ਵੇ ।
ਚਾਨਣ ਨਾਲ ਆਕਾਸ਼ ਭਰ ਗਏ, ਚੜ੍ਹ ਪਈ ਸੋਨ ਸਵੇਰ ਵੇ ।
ਇਤਨੀ ਵੀ ਕੀ ਦੇਰ ਵੇ ਮਾਹੀਆ, ਇਤਨੀ ਵੀ ਕੀ ਦੇਰ ਵੇ ।

ਆਉ ਬੁੱਤ ਨੂੰ ਛੱਡ ਕੇ, ਬੁਤਖਾਨਾ ਸਜਾਈਏ ਸਾਥੀਓ
ਸੋਹਣਿਆਂ ਨੂੰ ਸੋਹਣੀ ਦੁਨੀਆਂ, ਵਿਚ ਵਸਾਈਏ ਸਾਥੀਓ
ਆਉ ਹੱਥੀਂ ਵਾਹੀਏ ਕਿਸਮਤ ਦੀ ਮੁਸਕਾਂਦੀ ਲਕੀਰ
'ਲੇਖ ਮਿਟ ਸਕਦੇ ਸਖੀ' ਨੂੰ ਆਜ਼ਮਾਈਏ ਸਾਥੀਓ ।

ਪੰਜਾਬੀ ਕਵਿਤਾ ਨੇ 'ਮਿੱਤਰਾਂ ਦੇ ਗ਼ਮ' ਤੋਂ 'ਲੋਕਾਂ ਦੇ ਗ਼ਮ' ਤੱਕ ਪਹੁੰਚਣ ਦਾ ਪੰਧ ਕੱਟਿਆ । ਇਹ ਪੰਧ ਸੌਖਾ ਨਹੀਂ ਸੀ । ਕਈਆਂ ਦੇ ਪੈਰ ਥਿੜਕੇ ਕਈਆਂ ਦੇ ਪੈਰਾਂ ਅੱਗੋਂ ਰਾਹ ਗੁਆਚੇ । ਸਮਾਜਵਾਦ ਦੇ ਕਈ ਤਜਰਬੇ ਕੁਝ ਉਨ੍ਹਾਂ ਲੋਕਾਂ ਨੇ ਵੀ ਕੀਤੇ ਜਿਨ੍ਹਾਂ ਦੇ ਮਨ ਵਿਚ ਸਮੇਂ ਦੀ ਲੋੜ ਨੂੰ ਇਕ ਰਵਾਜ ਦੀ ਖ਼ਾਤਰ ਪੂਰਿਆਂ ਕਰਨ ਦਾ ਚਾਅ ਤਾਂ ਸੀ, ਪਰ ਦਿਲ ਦੇ ਲਹੂ ਦੀ ਇਕ ਬੂੰਦ ਵੀ ਉਨ੍ਹਾਂ ਦੇ ਸਮਾਜਵਾਦੀ ਖਿਆਲ ਵਿਚ ਨਹੀਂ ਸੀ

ਰਲੀ ਹੋਈ। ਪਰ ਵਕਤੀ ਧੂੜਾਂ ਲਹਿ ਜਾਂਦੀਆਂ ਹਨ ਅਤੇ ਸੱਚੀ ਸਮਾਜਕ ਵੇਦਨਾ ਸਮੇਂ ਦੀ ਛਾਤੀ ਵਿਚ ਚੀਸ ਪਾ ਦੇਂਦੀ ਹੈ। ਬਾਵਾ ਬਲਵੰਤ ਦੀ 'ਸਮਾਜਵਾਦ' ਵਰਗੀ ਤ੍ਰਿੱਖੀ ਕਵਿਤਾ ਅਜੇਹੀ ਚੀਸ ਦੀ ਗਵਾਹ ਹੈ :

ਜਨਮ ਤੋਂ ਪਹਿਲਾਂ ਮੇਰੇ ਇਕ ਜੋਤਸ਼ੀ ਕਹਿੰਦਾ ਰਿਹਾ
ਏਸ ਦੇ ਹੱਥੋਂ ਹੈ ਮਹਾਰਾਣੀ ਦੀ ਮੌਤ
ਇਸ ਲਈ ਰਾਣੀ ਦੇ ਰਾਖੇ, ਉਸਦੇ ਗੋਲੇ ਅਤੇ ਵਜ਼ੀਰ
ਉਸਦੇ ਕੁੱਤੇ, ਉਸਦੇ ਦਾਰੂਗੀਰ ਤੇ ਉਸਦੇ ਫ਼ਕੀਰ
ਜਨਮ ਦੇ ਦਿਨ ਹੀ ਮੇਰੇ ਮਾਰਣ ਨੂੰ ਆਈ ਇਹ ਵਹੀਰ
ਸੈਂਕੜੇ ਯਮ ਰੂਪ ਤੋਪਾਂ, ਗੋਲਿਆਂ, ਫ਼ੌਜਾਂ ਦੇ ਨਾਲ
ਬਦ ਲੈ ਆਏ ਮੇਰਾ ਕਾਲ
ਸਾਜ਼ਸ਼ੀ ਲੋਹੇ ਦੀ ਇਕ ਦੀਵਾਰ ਬਣਵਾਈ ਗਈ
ਘੇਰਿਆ ਵੱਖ ਵੱਖ ਮੁਲਕ ਗ਼ੁੱਸੇ ਦੀਆਂ ਕੜੀਆਂ ਦੇ ਨਾਲ
ਖ਼ੂਬ ਹੋਈਆਂ ਸਾਜ਼ਸ਼ਾਂ ਮੇਰੇ ਮਿਟਾਵਣ ਦੇ ਲਈ।

ਈਸ਼ਵਰ ਚਿਤ੍ਰਕਾਰ ਦੀ ਕਲਮ ਵਿਚ ਰੂਪ-ਚਿਤਰ ਅਤੇ ਸਮਾਜਵਾਦ ਇਕੱਠੇ ਹੋ ਕੇ ਮਿਲਦੇ ਹਨ :

ਤੇਰੀ ਉਡੀਕ ਨਾਲ ਇਉਂ ਕੀਲੀ ਗਈ ਏ ਕਲਪਨਾ
ਉਠ ਕੇ ਤਰੰਗ ਕੋਈ ਜਿਉਂ ਇਕੋ ਜਗ੍ਹਾ ਖੜੀ ਰਹੀ

ਅੰਦਰੇ ਅੰਦਰ ਲਹੂ ਹੈ ਵਹਿੰਦਾ,
ਟੱਕ ਮਾਰਿਆ ਜਿਉਂ ਕੋਈ ਬੂਟਾ
ਇਕੋ ਥਾਉਂ ਅਹਿਲ ਖੜਾ ਹੀ
ਉਮਰਾਂ ਤੀਕ ਹੈ ਰਿਸਦਾ ਰਹਿੰਦਾ।

ਭੁੱਖ ਦੀ ਕੁੱਖ 'ਚੋਂ' ਜੰਮੀ ਜਾਵਣ ਗਾਜ਼ੀ ਅਤੇ ਸ਼ਹੀਦ
ਭੁੱਖ ਬਣੀ ਦੀਵਾਲੀ ਸਾਂਝੀ, ਭੁੱਖ ਬਣੀ ਬਕਰੀਦ
ਹਰ ਜੀਵਨ ਦੇ ਖੇਤਰ ਅੰਦਰ ਭੁੱਖ ਬਣੀ ਪਰਧਾਨ
ਥਾਂ ਥਾਂ ਲੜਦਾ ਦਿਸੇ ਵਪਾਰ
ਸਾਮਰਾਜ ਦਾ ਕਲਸ ਸੁਨਹਿਰੀ ਕਿਵੇਂ ਬਚੇਗਾ ?

ਆਪੇ ਵਿਚ ਬੰਦ ਰਹਿਣ ਵਾਲੀ ਰੁਚੀ ਲੋਕ-ਰਾਹ ਉਤੇ ਕਦਮ ਰਖਦੀ ਰਹੀ; ਗੋਪਾਲ ਸਿੰਘ ਦਰਦੀ ਲਿਖਦਾ ਹੈ:—

ਪਹਿਲਾਂ ਦਿਲ ਸੀ ਕਿ ਰਵ੍ਹਾਂ ਮੀਟਿਆ ਸੀਟਿਆ
ਕੱਲਾ ਰੱਬ ਵਾਂਗ ਰਾਜ਼ ਵਿਚ ਔਲੀਆ ਜਿਹਾ
ਬੰਦ, ਕਲੀ ਹਾਰ, ਮੂਕ ਅਲਸਾਇਆ, ਸੁੱਤੜਾ
ਵਾਂਗ ਗੰਢ ਦੇ ਵਲ੍ਹੇਟੀ ਹੋਈ ਜ਼ਿੰਦੜੀ ਰਖਾਂ

ਆਪ ਨਸ਼ੇ ਵਿਚ ਚੂਰ ਘੁੱਟ ਵਾਂਗ ਭਰਿਆ
ਜੀਣ ਸੁਰ ਛੇੜਾਂ ਬੱਝੀ ਤਾਰ ਵਾਂਗ ਕਸਿਆ
ਕਿਸੇ ਵਿਚ ਜੇ ਗੁਆਚਾਂ ਝੱਟ ਜਾਵਾਂ ਲਭਿਆ
ਤੇ ਜਾਂ ਸੁੱਤਾ ਦਿਲ ਵਾਂਗ ਚਲਦਾ ਰਵ੍ਹਾਂ

ਹੁਣ ਦਿਲ ਹੈ ਕਿ ਖੁਲ੍ਹਾਂ ਡੋਲ੍ਹਾਂ ਗੁੰਮਾਂ, ਉਲਝਾਂ
ਲੀਰੋ ਲੀਰ ਕਰਾਂ ਹੋਂਦ ਜੋੜਾਂ ਫੇਰ ਟੋਟਿਆਂ
ਚਿਟੀ ਪੁੰਨ ਵਿਚੋਂ ਪਾਪ ਦੀ ਕਿਰਨ ਬਣ ਜਾਂ
ਹੋਵਾਂ ਇਕ ਤੋਂ ਅਨੇਕ ਨਾਲੇ ਇਕ ਵੀ ਰਵ੍ਹਾਂ

ਪ੍ਰੀਤਮ ਸਿੰਘ ਸਫ਼ੀਰ ਨੇ ਛਾਇਆਵਾਦ ਦਾ ਸਫ਼ਲ ਤਜਰਬਾ ਕੀਤਾ । 'ਕੱਖਾਂ ਦੀ ਕੁੱਲੀ' ਜੇਹੀਆਂ ਕਵਿਤਾਵਾਂ ਸਾਹਿਤ ਨੂੰ ਦਿਤੀਆਂ ! ਬਾਰਾਂ ਚੌਦਾਂ ਸਾਲਾਂ ਬਾਅਦ ਵੀ ਇਹ ਕਵਿਤਾ ਕਵੀ ਦੀ ਕਲਮ ਦੀ ਪ੍ਰਤੀਨਿਧਤਾ ਕਰਦੀ ਹੈ :—

ਕੱਖਾਂ ਦੀ ਕੁੱਲੀ ਮੇਰੀ ਸੁੰਞੀ ਸੁੰਞੀ ਲਗਦੀ ਇਹ ਨਾ ਅਜੇ ਮਤਵਾਲੀ
ਕੱਖ ਕੱਖ ਇਸਦਾ ਉਠਕੇ ਤੁਰ ਗਿਆ, ਕੋਈ ਸ਼ਕਤੀਸ਼ਾਲੀ
ਨਾ ਕੋਈ ਤੇਰੇ ਨੈਣ ਨਸ਼ੀਲੇ, ਇਸਦੀ ਜੋਤ ਜਗਾਵਣ
ਨਾ ਕੋਈ ਤੇਰੇ ਬੋਲ ਰਸੀਲੇ, ਇਸ ਦੀ ਰੂਹ ਉਕਸਾਵਣ
ਨਾ ਕੋਈ ਇਹ ਗੁੱਝੀਆਂ ਮੁਸਕਾਨਾਂ ਦੇ ਸੱਕੀਆਂ ਖੁਸ਼ਹਾਲੀ
ਬੀਤ ਗਏ ਜੁਗ ਸਿਕਦਿਆਂ ਸਿਕਦਿਆਂ; ਇਹ ਖ਼ਾਲੀ ਦੀ ਖ਼ਾਲੀ ।

ਦੇਵਿੰਦਰ ਸਤਿਆਰਥੀ ਦੇ ਕਾਵਿ-ਤਜਰਬੇ ਵਿਚ ਕਈ ਰੰਗਾਂ ਤੇ ਕਈ ਨਸਲਾਂ ਦੇ ਲੋਕ ਸਾਹ ਲੈਂਦੇ ਪਰਤੀਤ ਹੁੰਦੇ ਹਨ । ਉਸ ਦੀ ਯਾਤਰਾ ਵਿਚ ਘਾਟ ਘਾਟ ਦਾ ਪਾਣੀ ਹੈ:—

ਪਾਰੁਲ ਮੇਰੀ ਬੱਚੀ
ਨਵੇਂ ਤੁਰੇ ਬੇਰਾਂ ਦੀ ਹਾਣ
ਦੁੱਧ ਦੀ ਦੰਦੀ ਕੱਚੀ ।
ਬਿਸਕੁਟ ਵਾਂਗੂੰ ਭੁਰ ਭੁਰ ਪੈਂਦੀ ਪਾਰੁਲ ਦੀ ਮੁਸਕਾਨ
ਉਸਦੀਆਂ ਅੱਖੀਆਂ ਅੰਦਰ ਝਾਕੇ, ਪਿਛਲੀ ਕੋਈ ਪਛਾਣ
ਕੱਚਾ ਦੁਧ ਉਸਦਾ ਵਿਸ਼ਵਾਸ, ਘੁੱਟ ਘੁੱਟ ਚੁੰਘੇ ਮਾਂ ਦਾ ਥਣ

ਜਿਵੇਂ ਸਵਾਣੀ ਚਰਖਾ ਕੱਤਦੀ ਹੱਥ ਵਿਚ ਪੋਲੀ ਪੂਣੀ ਫੜਦੀ
ਮੈਂ ਵੀ ਕੱਢਾਂ ਹੌਲੇ ਹੌਲੇ ਲੋਕ-ਕਥਾ ਦਾ ਤੰਦ ਪੁਰਾਣਾ ।.........

ਅਤੇ ਅਗੋਂ ਸਤਿਆਰਥੀ ਆਪਣੀ ਕਵਿਤਾ ਵਿਚ ਬੰਗਾਲ ਦੀ ਇਕ ਲੋਕ-ਕਥਾ ਛੋਹ ਦੇਂਦਾ ਹੈ ।

ਸਾਡੇ ਅੱਜ ਦੇ ਕਵੀ ਸਮਾਜਵਾਦ ਦੀ ਡੂੰਘੀ ਝਨਾਂ ਨੂੰ ਆਪਣੇ ਪਿਆਰ-ਘੜੇ ਦੇ ਆਸਰੇ ਤਰਦੇ ਹਨ । ਕੱਚਿਆਂ ਘੜਿਆਂ ਦੀ ਕਹਾਣੀ ਡੁੱਬ ਜਾਂਦੀ ਹੈ, ਪਰ ਪੱਕਿਆਂ ਘੜਿਆਂ ਵਾਲੇ ਹੁਨਰ ਦੇ ਮਹੀਂਵਾਲ ਦਾ ਮੇਲ ਪਾ ਲੈਂਦੇ ਹਨ । ਦੂਸਰੇ ਲਫ਼ਜ਼ਾਂ ਵਿਚ ਸ਼ਖ਼ਸੀ ਮੁਹੱਬਤ ਦੀਆਂ ਕੀਮਤਾਂ ਨੂੰ ਜਿਨ੍ਹਾਂ ਨੇ ਪੁਰਾਣਾ ਸਿੱਕਾ ਆਖ ਕੇ ਸੁੱਟ ਨਹੀਂ ਪਾਇਆ, ਸਗੋਂ ਉਹਦੇ ਵਿਚ ਲੋਕ-ਪਿਆਰ ਦੀਆਂ ਕੀਮਤਾਂ ਨੂੰ ਰਲਾ ਕੇ ਉਸੇ ਸਿੱਕੇ ਨੂੰ ਸਮੇਂ ਦੀ ਲੋੜ ਅਨੁਸਾਰ ਬਣਾਇਆ

ਹੈ, ਤਵਾਰੀਖ਼ ਦੇ ਵਰਕਿਆਂ ਨੇ ਉਨ੍ਹਾਂ ਦੀਆਂ ਕਲਮਾਂ ਨੂੰ ਚੁੰਮ ਕੇ ਸਾਂਭ ਲਿਆ ਹੈ।

ਖ਼ਿਆਲ ਦੀ ਤੀਬਰਤਾ ਅਤੇ ਬੋਲੀ ਦੀ ਸਾਦਗੀ ਪੰਜਾਬੀ ਕਵਿਤਾ ਦਾ ਇਕ ਹੋਰ ਗੁਣ ਹੈ, ਜਿਵੇਂ ਵੀਅਤ-ਨਾਮ ਦੇ ਪਰਧਾਨ ਹੋ ਚੀ ਮਿੰਨ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਇਕ ਕਵਿਤਾ:—

ਇਹ ਕਵਣ ਸੁ ਰਾਜਾ ਸੁਣੀਂਦਾ ਇਹ ਕਵਣ ਸੁ ਜੋਗੀ ਆਖਦੇ
ਜਿਦ ਪਰੀ ਦੇ ਪੈਰਾਂ ਵਿਚੋਂ ਕੰਡਾ ਕਿਸ ਨੇ ਕੱਢਿਆ !
ਅੱਧੀ ਰਾਤੀਂ ਕਿਸਨੇ ਆ ਕੇ ਗ਼ਮ ਦੀ ਚੱਕੀ ਹੱਥ ਪੁਆਇਆ
ਨ੍ਹੇਰੇ ਦੀ ਪਗਡੰਡੀ ਉੱਤੋਂ ਦੀਵਾ ਲੰਘਦਾ ਵੇਖਿਆ।
ਵੀਅਤ ਨਾਮ ਦੀ ਧਰਤੀ ਕੋਲੋਂ ਪੌਣਾਂ ਵੀ ਅਜ ਪੁੱਛਣ ਪਈਆਂ
ਤਵਾਰੀਖ਼ ਦੀਆਂ ਗੱਲ੍ਹਾਂ ਉਤੋਂ ਅੱਥਰੂ ਕਿਸ ਨੇ ਪੂੰਝਿਆ !
ਧਰਤੀ ਨੂੰ ਅੱਜ ਪਿਛਲੀ ਰਾਤੇ ਇਕ ਹਰਿਆਉਲਾ ਸੁਪਨਾ ਆਇਆ
ਅੰਬਰ ਦੇ ਖੇਤਾਂ ਵਿਚ ਜਾ ਕੇ ਸੂਰਜ ਕਿਸ ਨੇ ਬੀਜਿਆ !
ਪਤਝੜ ਦੀ ਡੰਡੀ ਤੇ ਤੁਰਦੇ ਫੁੱਲਾਂ ਦੇ ਅਜ ਪੈਰ ਗੁਲਾਬੀ
ਕਵਣ ਸੁ ਇਸ਼ਕ ਮਨੁੱਖ ਦਾ ਇਹ ਕਵਣ ਸੁ ਅੱਖਰ ਬੋਲਿਆ।

ਅਸਲਵਾਦ ਦੀਆਂ ਖਿੰਡੀਆਂ ਜ਼ੁਲਫ਼ਾਂ ਨੂੰ ਬਣਾ ਸੁਆਰ ਕੇ ਉਨ੍ਹਾਂ ਵਿਚ ਰੋਮਾਂਸ ਦਾ ਰਾਂਗਲਾ ਫੁਲ ਟੰਗਣ ਵਾਲੇ ਪਿਆਰਾ ਸਿੰਘ ਸਹਿਰਾਈ, ਸੰਤੋਖ ਸਿੰਘ ਧੀਰ, ਸੁਖਬੀਰ ਅਤੇ ਨ: ਸ: ਦਿਓਲ ਨੇ ਕੁਝ ਪਿਆਰੇ ਤਜਰਬੇ ਕੀਤੇ ਹਨ:—

ਦੇਹ ਜ਼ਰਾ ਦਿਲ ਨੂੰ ਸਹਾਰਾ ਦੋਸਤਾ, ਦਿੱਸਣ ਵਾਲਾ ਮੂੰਹ ਪਿਆਰਾ ਦੋਸਤਾ।
ਪੈਰਾਂ ਦੇ ਛਾਲੇ ਵੀ ਮਹਿਕਾਂ ਛੱਡਦੇ, ਸਫ਼ਰ ਹੁਣ ਲਗਦਾ ਨਾ ਭਾਰਾ ਦੋਸਤਾ
ਖੁੱਲ੍ਹ ਗਏ ਨੇ ਭੇਤ ਸਾਰੇ ਖੁੱਲ੍ਹ ਗਏ, ਛਲ ਸਕੇ ਕੋਈ ਨਾ ਲਾਰਾ ਦੋਸਤਾ !
ਮੰਜ਼ਲ ਤਾਂ ਮੈਨੂੰ ਰਹੀ ਮੇਰੀ ਉਡੀਕ, ਮੰਝਧਾਰ ਇਹ ਨਹੀਉਂ ਕਿਨਾਰਾ ਦੋਸਤਾ
ਜਿਹੜੇ ਦਿਲ ਸੂਰਜ ਸਕਣ ਆਪੇ ਚੜ੍ਹਾ, ਲੋਚਣ ਕਿਵੇਂ ਜੁਗਨੂੰ ਸਹਾਰਾ ਦੋਸਤਾ
ਮੈਨੂੰ ਸੰਘਣੇ ਨ੍ਹੇਰਿਆਂ ਦਾ ਗ਼ਮ ਨਹੀਂ, ਹਰ ਪੈਰ ਤੇ ਚੜ੍ਹਿਆ ਸਿਤਾਰਾ ਦੋਸਤਾ
ਸਾਡੇ ਵੇਹੜੇ ਵੀ ਤਾਂ ਧੂੜਾਂ ਲਿਸ਼ਕੀਆਂ, ਤੱਕ ਚਾਨਣ ਦਾ ਪਸਾਰਾ ਦੋਸਤਾ
ਅੱਖੜੀ ਰੋਈ ਬੜੀ ਪਰ ਬਣ ਗਿਆ ਅੰਤਲਾ ਅੱਥਰੂ ਸਿਤਾਰਾ ਦੋਸਤਾ
ਹਰ ਥਾਂ ਹੁਣ ਮਹਿਕਣ ਸਵੇਰਾਂ ਸੁੱਚੀਆਂ, ਮੂਹ-ਝਾਖਰਾ ਕਰਦਾ ਇਸ਼ਾਰਾ ਦੋਸਤਾ

(ਪਿਆਰਾ ਸਿੰਘ ਸਹਿਰਾਈ)

ਖੋ ਗਈ ਕਿਧਰੇ ਦਿਲ ਦੀ ਟੁਕੜੀ ਖ਼ਾਕ ਥਲਾਂ ਦੀ ਰੋਲਾਂ ਮੈਂ
ਪਤ ਪਤ ਕਰ ਇਹ ਦੁਨੀਆਂ ਛਾਣੀ ਕਿਸ ਦੁਨੀਆਂ ਹੁਣ ਟੋਲਾਂ ਮੈਂ
ਰਾਤ ਦੀ ਕਫ਼ਨੀ ਦਾ ਲੜ ਚੁਕ ਨਾ ਮੇਰੇ ਮੂੰਹ ਤੋਂ ਪਰਭਾਤੇ
ਸੁੰਨੇ ਸੱਖਣੇ ਇਸ ਜਗ ਉਤੇ ਕੀਕਣ ਅੱਖੀਆਂ ਖੋਲ੍ਹਾਂ ਮੈਂ
ਬੁੱਲ੍ਹ ਨਹੀਂ ਮੁਸਕਾਇਆ ਕਰਦੇ ਦਿਲ ਮੁਸਕਾਇਆ ਕਰਦਾ ਹੈ
ਹੁਣ ਹੱਸਾਂ ਤਾਂ ਏਕਣ ਹੱਸਾਂ ਝੂਠ ਜਿਵੇਂ ਕੋਈ ਬੋਲਾਂ ਮੈਂ
ਅੱਜ ਦਿਲ ਉੱਤੇ ਭਾਰ ਹੈ ਏਨਾ ਸ੍ਰਿਸ਼ਟੀ ਵੀ ਤਾਂ ਝਲਦੀ ਨਹੀਂ
ਧਰਤ ਅੰਬਰ ਦੇ ਪੱਲੜੇ ਛੋਟੇ ਕਿਸ ਤੱਕੜੀ ਤੇ ਤੋਲਾਂ ਮੈਂ

ਸੀਨੇ ਵਿਚ ਗੁਲਾਬ ਖਿੜੇ ਸਨ ਮੈਂ ਖੁਸ਼ਬੋਆਂ ਵੰਡੀਆਂ ਸਨ
ਅਜ ਅੰਗੀਠਾ ਅੰਗਿਆਰਾਂ ਦਾ ਕਿਸ ਅੱਗੇ ਦਿਲ ਫੋਲਾਂ ਮੈਂ
ਇਕ ਤੇਰੇ ਦਮ ਨਾਲ ਕਿ ਸਾਜਨ ਮੈਂ ਦਰਿਆ ਮੈਂ ਸਾਗਰ ਸਾਂ
ਅਜ ਥਾਲੀ ਦੇ ਪਾਣੀ ਵਾਂਗੂ ਇਕ ਤੇਰੇ ਬਿਨ ਡੋਲਾਂ ਮੈਂ
ਇਹ ਦੁਨੀਆਂ ਰਸ ਭਰੀ ਕਟੋਰੀ ਇਕ ਪਾਸਾ ਸੀ ਮੂਰਤ ਦਾ
ਰਸ ਦੀ ਭਰੀ ਕਟੋਰੀ ਵਿਚ ਅੱਜ ਰੱਤ ਜਿਗਰ ਦੀ ਘੋਲਾਂ ਮੈਂ ।

(ਸੰਤੋਖ ਸਿੰਘ ਧੀਰ)

ਇਹ ਕੌਣ ਅਜ ਜਜ਼ਬਿਆਂ ਚੋਂ ਮੇਰੇ ਗੁਜ਼ਰ ਗਿਆ ਹੈ
ਕਿ ਗੁਲਸਿਤਾਂ ਮਹਿਕਿਆ ਹੈ ਰਾਹੀਂ ਹਿਨਾਈ ਜ਼ਖ਼ਮਾਂ ਦੇ ਫੁੱਲ ਲੈ ਕੇ
ਕਿਵੇਂ ਮੈਂ ਰਾਹਾਂ ਦੇ ਮੂੰਹ ਡੱਕ ਲਾਂ
ਕਿ ਫੇਰ ਮੁੜ ਆਣ ਦੂਰ ਹੋ ਰਹੇ ਕਿਸੇ ਦੀ ਪਾਇਲ ਦੇ ਬੋਲ ਟੁਟ ਕੇ
ਉਹ ਬੋਲ, ਜਿਨ੍ਹਾਂ 'ਚ ਅਲਵਿਦਾ ਦੀ ਕਹਾਣੀ ਰਹਿ ਰਹਿ ਕੇ ਕੰਬ ਰਹੀ ਹੈ ।

ਹਲ ਦੀ ਨੋਕ ਜਗਾ ਰਹੀ
ਬੰਜਰ ਧਰਤੀ ਦੇ ਸੁੱਤੇ ਹੋਏ ਸੁਪਨੇ
ਫੁੱਲਾਂ ਦੀ ਖੁਸ਼ਬੂ ਵਿਚ ਰਾਤਾਂ ਦੇ ਢਿਲਕੇ ਹੋਏ ਜੂੜੇ ਖੁਲ੍ਹਦੇ ।.........

ਝੁੱਗੀਆਂ ਵਿਚ ਬਚਪਨ ਪੀਲੇ ਸੁੱਕੇ ਫੁੱਲਾਂ ਵਾਂਗ ਪਤਝੜੀਂ ਫਾਥਾ
ਹਸਦੇ ਹੋਏ ਕਪਾਹ ਦੇ ਖੇਤਾਂ ਵਿਚ ਅਸਮਤਾਂ ਦੇ ਨੰਗੇ ਪਿੰਡੇ.........

ਰਾਤ ਤੇਰੀ ਅੱਜ ਯੁਗਾਂ ਲੰਬੀ ਉਮਰ ਹੋਏ
ਤੇ ਇਵੇਂ ਹੀ ਢਿਲਕਿਆ ਰਹੇ ਮਹਿਕਦੇ ਹੋਏ ਤੇਰੇ ਵਾਲਾਂ ਦਾ ਜੂੜਾ
ਕੋਈ ਮੇਰੇ ਸੁਪਨਿਆਂ ਵਿਚ ਆ ਰਿਹਾ ਹੈ
ਨ੍ਹੇਰਿਆਂ ਦੇ ਮਖ਼ਮਲੀ ਰਾਹ ਤੇ ਤਿਲਕ ਰਹੇ ਸੁਪਨਿਆਂ ਦੇ ਸੋਹਲ ਕਦਮ ।

ਰਾਤ ਇੰਜੇ ਹੀ ਰਹਿਣ ਦੇ
ਇਹ ਜੁ ਤੇਰੇ ਮੋਢਿਆਂ ਤੋਂ ਚਾਨਣੀ ਦਾ ਅੱਜ ਦੁਪੱਟਾ ਲਹਿ ਗਿਆ ਹੈ ।
ਬਹੁਤ ਸੋਹਣੇ ਕੁਝ ਕੁ ਪਲ ਨੇ ਇਹ
ਜ਼ਿੰਦਗੀ ਪਰਾਂ ਨੂੰ ਸਮੇਟ ਕੇ ਬੈਠ ਗਈ ਏ ਏਕਰ
ਜਿਵੇਂ ਕਿ ਪੰਛੀ ਹੈ ਆਲ੍ਹਣੇ ਵਿਚ ਆਰਾਮ ਕਰਦਾ ।

(ਸੁਖਬੀਰ)

ਵੰਝਲੀ ਵਰਗਾ ਯਾਰ ਛੁਹਾਇਆ ਬੁੱਲ੍ਹੀਆਂ ਨੂੰ
ਵੱਜੀ ਪਿਆਰ ਦੀ ਫੂਕ ਬੇਲਾ ਗੂੰਜ ਪਿਆ
ਚੂਰੀ ਛੰਨੇ ਦੀ ਗੱਲ ਲੁਕਾਈ ਕਰਦੀ ਰਹੀ ।

ਮਧੁਰ ਮਧੁਰ ਕੁਝ ਬੋਲ ਚੁੰਮਦੇ ਕੰਨਾਂ ਨੂੰ
ਹਿਰਦਾ ਪੂਰੇ ਨਾਦ ਨੱਚਣ ਰਾਗਣੀਆਂ
ਰੂਹ ਮੇਰੀ ਵਿਚ ਸੁਹਜ ਵੰਝਲੀ ਭਰਦੀ ਰਹੀ।

ਪੋਚ ਪਾਚ ਕੇ ਅੰਗਣ ਦਿਲ ਦਾ ਇਉਂ ਕੀਤਾ
ਜਿਉਂ ਸ਼ਿਵਜੀ ਦਾ ਮੰਦਰ ਦਿਹੁਰਾ ਮਸਜਦ ਦਾ
ਅੰਦਰ ਹੋਵੇ ਪਾਠ ਚੌਰ ਨੂੰ ਕਰਦੀ ਰਹੀ।

ਅੱਜ ਖੁੱਲ੍ਹਾ ਇਹ ਭੇਤ ਰਾਂਝਣ ਪੱਜ ਕਿਉਂ
ਸੂਲ ਸੁਰਾਹੀ ਕਾਹ ਤੋਂ ਖੰਜਰ ਪਿਆਲਾ ਕਿਉਂ
ਸੱਥਰ ਯਾਰ ਦੇ ਨਾਲ ਜਿੰਦ ਕਿਉਂ ਪਰਚੀ ਰਹੀ।

ਬੁੱਲ੍ਹਾ ਕਹੇ 'ਬਲਾਅ' ਇਸ਼ਕ ਨਾ ਕਰੀਓ ਕੋਅ
ਵਾਰਸ ਆਖੇ ਸੰਗ ਸਦਾ ਹੈ ਆਸ਼ਕ ਨੂੰ
ਜਿੰਦ ਮੇਰੀ ਸਤਕਾਰ ਉਸੇ ਦਾ ਕਰਦੀ ਰਹੀ।
ਸ਼ਾਕਰ ਰਹੁ ਜਿੰਦੜੀਏ ਆਪਣੀ ਹਸਤੀ ਤੇ
ਭੌਂਦੇ ਪਏ ਬ੍ਰਹਮੰਡ ਸੂਰਜ ਹਿਲਦਾ ਨਾ
ਪਾਣੀ ਸਦਾ ਖ਼ੁਦਾਈ ਇਸ਼ਕ ਦਾ ਭਰਦੀ ਰਹੀ।

ਵਸਲ ਯਾਰ ਜਿਹਾ ਹੱਜ ਹੈ ਨਾ ਮੱਕੇ ਵਿਚ
ਮਨ ਮੰਦਰ ਜਿਹਾ ਮੰਦਰ ਹੋਰ ਨਾ ਦੁਨੀਆਂ ਤੇ
ਐਵੇਂ ਰੋਜ਼ੇ ਤਾਜ ਅਮੀਰੀ ਘੜਦੀ ਰਹੀ।

(ਨ. ਸ. ਦਿਓਲ)

ਤਨਜ਼ ਦੀ ਤਿੱਖੀ ਤਲਵਾਰ ਨੂੰ ਲੋਕ-ਗੀਤਾਂ ਵਰਗੀ ਮਿੱਠੀ ਬੋਲੀ ਦੇ ਮਿਆਨ ਵਿਚ ਰੱਖ ਕੇ ਪੇਸ਼ ਕਰਨਾ ਵੀ ਅਜ ਦੀ ਪੰਜਾਬੀ ਕਵਿਤਾ ਦਾ ਇਕ ਗੁਣ ਹੈ:—

ਕਣਕਾਂ ਦੀ ਖ਼ੁਸ਼ਬੋ ਵੇ ਮਾਹੀਆ ਕਣਕਾਂ ਦੀ ਖ਼ੁਸ਼ਬੋ
ਸੀ ਪਾਲੀ ਧੀਆਂ ਵਾਂਗ ਵੇ ਅੱਜ ਗਈ ਪਰਾਈ ਹੋ। ... ...

ਇਸ਼ਕ ਠੋਹਕਰ ਤੇ ਮੁਸਕਰਾਉਂਦਾ ਹੈ
ਤਾਰਾ ਟੁਟਦਾ ਵੀ ਜਗਮਗਾਉਂਦਾ ਹੈ
ਇਕ ਜੁਗ ਇਕ ਦਰਦ ਸੁਲਾਉਂਦਾ ਹੈ
ਅਗਲਾ ਪਲ ਸੌ ਦਰਦ ਜਗੌਂਦਾ ਹੈ
ਹਿਜਰ ਦੀ ਰਾਤ ਨੀਂਦ ਕਦ ਆਉਂਦੀ
ਵਸਲ ਦੀ ਰਾਤ ਕੌਣ ਸੌਂਦਾ ਹੈ

ਮੋਰ ਨਚਦੇ ਵੀ ਰੋਂਦੇ ਰਹਿੰਦੇ ਨੇ
ਹੰਸ ਮਰਦੇ ਹੋਏ ਵੀ ਗੌਂਦਾ ਹੈ।

(ਗੁਰਚਰਨ ਰਾਮਪੁਰੀ)

ਅਜੇ ਵੀ ਰਾਤਾਂ ਜ਼ੁਲਫ਼ਾਂ ਜਹੀਆਂ, ਹੋਠਾਂ ਜਹੀਆਂ ਦੁਮੇਲਾਂ
ਅਜੇ ਵੀ ਫੁੱਲ ਰੁਖ਼ਸਾਰਾਂ ਵਰਗੇ ਹੰਝੂਆਂ ਵਾਂਗ ਤਰੇਲਾਂ
ਜ਼ੁਲਫ਼ਾਂ ਦੇ ਪਰਛਾਵੇਂ ਮਿਟ ਗਏ ਤੇ ਜ਼ੁਲਫ਼ਾਂ ਦੇ ਸਾਏ
ਤਪਦੇ ਥਲ ਤੇ ਲੰਮੜਾ ਪੈਂਡਾ ਕਿੰਜ ਕੋਈ ਮੰਜ਼ਲ ਪਾਏ
ਰਾਹਾਂ ਦੇ ਵਿਚ ਰਾਹ ਬਣ ਗਈਆਂ ਪ੍ਰੀਤਾਂ ਦੀਆਂ ਉਡੀਕਾਂ
ਨੂਰਾਂ ਦਾ ਦਿਲ ਦਾਗ਼ੀ ਹੋਇਆ ਵਫ਼ਾ ਦੇ ਮੂੰਹ ਤੇ ਲੀਕਾਂ।

(ਸੁਰਜੀਤ ਰਾਮਪੁਰੀ)

ਤਨਜ਼ ਦੀ ਤਲਵਾਰ ਨੂੰ ਹਰਿਭਜਨ ਸਿੰਘ ਨੇ ਜਿੱਥੇ ਵੀ ਪੇਸ਼ ਕੀਤਾ ਹੈ, ਸਾਣ ਚਾੜ੍ਹ ਕੇ ਪੇਸ਼ ਕੀਤਾ ਹੈ :—

ਸਾਡੇ ਯੁਗ ਦੇ ਰਥਵਾਨ ਕਬਰ ਜਹੇ ਮਾਨੁਖ
ਰਥ ਵਿਚ ਜੋੜੇ ਨੇ ਲੱਖ ਹੱਤਿਆ ਦੇ ਘੋੜੇ

ਨਾਸਾਂ ਚੋਂ ਸੁਟਦੇ ਮਹਾਂ ਅਗਨ ਦੀਆਂ ਲਾਟਾਂ
ਜਿਸ ਥਾਉਂ ਲੰਘਣ ਤ੍ਰਾਸ ਤ੍ਰਾਸ ਜੜ੍ਹ-ਚੇਤਨ
ਕੋਹਾਂ ਤਕ ਧਰਤੀ ਜੀਕਣ ਕੁੱਖ-ਤਰੂਈ
ਫੁੱਲ ਬੂਟੇ ਲੂਸਣ, ਭੁਰ ਭੁਰ ਭੋਂ ਤੇ ਡਿਗਣ
ਨਫ਼ਰਤ ਦੀਆਂ ਲੀਕਾਂ ਵਿਚ ਵੰਡੀ ਕੁਲ ਧਰਤੀ ... ... ...

ਹਰ ਬਾਲ ਨਵਾਂ ਜੋ ਧਰਤੀ ਤੇ ਆਉਂਦਾ ਏ
ਉਹ ਸਾਡੇ ਗ਼ਮ ਅੰਬਰ ਤੇ ਆਸ ਸਿਤਾਰਾ
ਹਰ ਪਲ ਅੰਬਰ ਤੋਂ ਟੁਟਦੇ ਰਹਿਣ ਸਿਤਾਰੇ
ਹਰ ਪਲ ਅੰਬਰ ਤੇ ਉਗਦੇ ਰਹਿਣ ਸਿਤਾਰੇ
ਹਾਲੇ ਕੁਦਰਤ ਮਾਯੂਸ ਨਹੀਂ ਆਦਮ ਤੋਂ
ਨਾਲੇ ਧਰਤੀ ਵੀ ਡਾਢੀ ਦਯਾ ਮਈ ਏ
ਜਿਸ ਥਾਂ ਡੁਲ੍ਹਦੀ ਹੈ ਬਾਲ-ਲਹੂ ਦੀ ਧਾਰਾ
ਜਿਸ ਥਾਂ ਸਿਰੀਆਂ ਦਾ ਛੱਟਾ ਦਿੱਤਾ ਜਾਂਦਾ
ਉਸ ਥਾਂ ਵੀ ਉਗ ਪੈਂਦੇ ਨੇ ਹਰ ਬਰਸਾਤੇ
ਸਾਵੇ ਘਾ, ਸੂਹੇ ਫੁੱਲ, ਉਨਾਬੀ ਬੂਟੇ
ਹਾਲੇ ਧਰਤੀ ਵੀ ਡਾਢੀ ਦਯਾਮਈ ਏ।

(ਹਰਿਭਜਨ ਸਿੰਘ)

ਜਸਵੰਤ ਸਿੰਘ ਨੇਕੀ ਵੀ ਤਨਜ਼ ਦਾ ਵਾਰ ਤਿੱਖਾ ਕਰਦਾ ਹੈ :—

ਬੀਤ ਰਹੇ ਜੁਗ ਚਾਰ
ਲੰਙੇ ਹੋ ਗਏ ਪੈਰ ਧਰਮ ਦੇ
ਮਰ ਰਹੀ ਹਾਹਾਕਾਰ
ਆਦਿ ਜੁਗਾਦਾਂ ਤੋਂ ਇਨਸ਼ਾਨ
ਆਪਣੇ ਚੌਗਿਰਦੇ ਦਾ ਬਰਦਾ, ਆਪਣੇ ਚੌਗਿਰਦੇ ਤੋਂ ਡਰਦਾ
ਜਿਸ ਚੌਗਿਰਦੇ ਦੇ ਵਿਚ ਵਿਚਰਦਾ,
ਉਸ ਦੀ ਬਹੁ ਰੰਗੀ ਸ਼ਕਤੀ ਦਾ ਕਰਨ ਲੱਗਾ ਸਨਮਾਨ
ਕੁਦਰਤ ਚੋਂ ਉਸ ਘੜੇ ਦੇਵਤੇ ਤਕੜੇ ਤੇ ਬਲਵਾਨ
ਜਿਸ ਨੂੰ ਉਸ ਨੇ ਬਾਹਵਾਂ ਲਾਈਆਂ ਦੋ ਦੀ ਥਾਂ ਤੇ ਚਾਰ
ਜਿਨ੍ਹਾਂ ਨੂੰ ਤਿੰਨ ਤਿੰਨ ਅੱਖਾਂ ਲਾਈਆਂ ਇਸ ਮਸਤਕ ਵਿਚਕਾਰ
ਫਿਰ ਉਸ ਲਈ ਵਾਹਨ ਬਣਾਏ, ਫਿਰ ਉਨ੍ਹਾਂ ਦੇ ਬੁੱਤ ਬਣਾਏ
ਇਕਲਵੰਝੇ ਜਹੇ ਫੇਰ ਇਹ ਬੁੱਤ ਕਿਸੇ ਥਾਂ ਆਣ ਟਿਕਾਏ
ਥਾਪ ਲਏ ਭਗਵਾਨ ।

ਤਾਰਾ ਸਿੰਘ ਦੀ ਤਨਜ਼ ਦਾ ਤਿੱਖਾ ਕੰਡਾ, ਕੂਲੀਆਂ ਪਿਆਰੀਆਂ ਤੁਲਨਾਵਾਂ ਦੇ ਫੁੱਲਾਂ ਵਿਚ ਕੱਜਿਆ ਹੁੰਦਾ ਹੈ :—

ਪਿਆਰ ਤੇਰਾ ਜੀਵਨ ਵਿਚ ਮੈਨੂੰ
ਕੁੱਲ ਏਨਾ ਚਿਰ ਮਿਲਿਆ
ਜੇਠ ਹਾੜ ਦੀ ਰੁੱਤੇ
ਜਿਉਂ ਥਲ ਭੁਜਦੇ ਸਿਖ਼ਰ ਦੁਪਹਿਰੇ
ਇਕ ਕਿਣਕੇ ਦੇ ਉਤੋਂ
ਅੱਕ-ਕੱਕੜੀ ਦਾ ਫੰਭਾ ਉਡਦਾ
ਪਲ ਛਿਣ ਛਾਂ ਕਰ ਜਾਵੇ ।
ਹੇ ਮੇਰੀ ਸਰਘੀ-ਮੁੱਖ ਚੰਨੀਏ
ਯਾਦ ਤੇਰੀ ਮੈਂ ਸਾਂਭ ਸਾਂਭ ਕੇ
ਇੰਜ ਦਿਲ ਅੰਦਰ ਰੱਖੀ
ਜਿਉਂ ਸਿਆਲੀ ਰੁੱਤੇ, ਟੁੱਟੇ ਹੋਏ ਛੱਪਰ ਦੇ ਉੱਤੇ
ਮੀਂਹ ਗੜੇ ਦਾ ਵਸਦਾ, ਛੱਪਰ ਚੋਵੇ
ਥੱਲੇ ਇੱਕ ਮੁਸਾਫ਼ਰ ਬੈਠਾ ਅੱਗ ਬਾਲ ਕੇ
ਤ੍ਰਿਪ ਤ੍ਰਿਪ ਚੋਂਦੇ ਮੀਂਹ ਦੇ ਟੇਪਿਉਂ
ਨਿੱਘ ਬਚਾਵਣ ਖ਼ਾਤਰ
ਰੋਕ ਪਿੱਠ ਤੇ ਗੰਧਲਾ ਪਾਣੀ
ਅੱਗ ਤੇ ਝੁਕਿਆ ਹੋਵੇ ।

ਸਮਾਜਕ ਸੂਝ ਅਤੇ ਕਾਵਿ-ਸ਼ਕਤੀ ਦੇ ਸੰਗਮ ਨੇ ਸਾਹਿਤ ਨੂੰ ਪਿਛਲੇ ਥੋੜੇ ਜਹੇ ਸਾਲਾਂ ਵਿਚ ਕਈ ਪਿਆਰੀਆਂ ਚੀਜ਼ਾਂ ਦਿੱਤੀਆਂ ਹਨ :—

ਦਿਲ ਦੀ ਲਾਲੀ ਨਾਲ ਗੀਤ ਅਜ ਰੰਗਣੇ ਚਾਹਵਾਂ
ਲਾਲ ਤੁਕਾਂ ਵਿਚ ਰੂਹ ਦੇ ਸ਼ੋਅਲੇ ਟੰਗਣੇ ਚਾਹਵਾਂ
ਨਾਗ ਮਨਾਂ ਦੇ ਕੱਲ ਜਿਨ੍ਹਾਂ ਸਨ ਸਹਿਜੇ ਕੀਲੇ
ਉਹੀਓ ਠੱਗ ਸਪਾਧੇ ਅੱਜ ਮੈਂ ਡੰਗਣੇ ਚਾਹਵਾਂ ।
ਗੌਣਾਂ ਲੋਚਾਂ ਬੈਠ ਗਗਨ-ਗੰਗਾ ਦੇ ਕੰਢੇ
ਬੱਦਲਾਂ ਦੇ ਗਲ ਪਾਣੇ ਸੋਚ ਦੇ ਬੰਗਣੇ ਚਾਹਵਾਂ ।
ਚੜ੍ਹਨਾ ਚਾਹਵਾਂ ਅਰਸ਼ ਦੀਆਂ ਅੰਤਮ ਸਿਖਰਾਂ ਤੇ
ਅਜ ਮਨ ਦੇ ਸਭ ਭਉ ਛਿੱਕਿਆਂ ਤੇ ਟੰਗਣੇ ਚਾਹਵਾਂ
ਬੈਠ ਕਿਸੇ ਦੁੱਧ ਚਿੱਟੀ ਲੋਅ ਦੀ ਖੰਭੜੀ ਉਤੇ
ਸੱਤ-ਰੰਗੀਆਂ ਪੀਂਘਾਂ ਦੇ ਪੱਤਣ ਲੰਘਣੇ ਚਾਹਵਾਂ ।

(ਤਖ਼ਤ ਸਿੰਘ)

ਅਜੇ ਮੈਂ ਤੇਰਾ ਪਿਆਰ ਕਿਵੇਂ ਅਪਣਾਵਾਂ
ਰੂਹ ਦੀ ਤੜਪਣ ਤਾਂ ਦੇਖਾਂ ਵਿੱਥਾਂ ਕਿੰਜ ਮਿਟਾਵਾਂ
ਅਜੇ ਤਾਂ ਗੂਹੜੇ ਬੱਦਲਾਂ ਦੇ ਪਰਛਾਵੇਂ
ਅਜੇ ਨਾ ਹੋਏ ਸੂਰਜ ਚੰਦਾ ਧਰਤ ਅੰਬਰ ਦੇ ਸਾਂਹਵੇਂ
ਅਜੇ ਪਿਆਰ ਦੇ ਪੈਰ ਜੰਜ਼ੀਰਾਂ ਨੈਣਾਂ ਉੱਤੇ ਪਹਿਰੇ
ਅਜੇ ਸਮਾਂ ਬੇਧੜਕ ਨਾ ਹੋਇਆ ਬਿੜਕਾਂ ਲੈ ਲੈ ਠਹਿਰੇ
ਅਜੇ ਪ੍ਰੀਤ ਦੁਬਧਾ ਵਿਚ ਡੁੱਬੀ ਟੋਹਣੇ ਪਏ ਸਹਾਰੇ
ਅੰਧਕਾਰ ਨੇ ਰਾਸ ਰਚਾਈ ਚਾਨਣ ਖੜਾ ਕਿਨਾਰੇ

(ਪ੍ਰਭਜੋਤ ਕੌਰ)

ਸਜਣ ਜੀ ਇਹ ਨਫ਼ਰਤ ਦੀ ਹੈ ਰਾਤੜੀ
ਆਓ ਪਲ ਛਿਣ ਪਿਆਰਾਂ ਦੇ ਦਰ ਢਹਿ ਪਈਏ
ਆਓ ਚੁੰਮੀਏਂ ਅੰਗਾਰਾਂ ਦੀ ਸ਼ੋਖੀ ਦਾ ਮੂੰਹ
ਆਓ ਸੂਲਾਂ ਦੀ ਸੇਜਾ ਨੂੰ ਗਲ ਲਾ ਲਈਏ ।

ਸਜਣ ਜੀ ਇਹ ਤੇਰੇ ਹੁਸਨ ਦੀ ਕਥਾ
ਅਸੀ ਸਦੀਆਂ ਤੋਂ ਹਸ ਹਸ ਸੁਣਾਉਂਦੇ ਰਹੇ
ਇਹਦੇ ਬਦਲੇ ਸ਼ਰੀਅਤ ਦੇ ਕੁਝ ਪਾਰਸਾ
ਸਾਨੂੰ ਸੂਲੀ ਤੇ ਟੰਗ ਮੁਸਕਰਾਉਂਦੇ ਰਹੇ ।......

ਸਜਣ ਜੀ ਇਹ ਧਰਤੀ ਦੀ ਕੁੱਖ ਦਾ ਅਮਲ
ਡੁਲ੍ਹ ਜਾਂਦਾ ਰਿਹਾ ਮਰੂ ਥਲਾਂ ਦੇ ਉੱਤੇ

ਰਾਸ ਆਈ ਨਾ ਜ਼ਿੰਦਗੀ ਨੂੰ ਇਸਦੀ ਅਦਾ
ਜੋ ਸੀ ਨਿਰਭਰ ਨਿਗੂਣੇ-ਪਲਾਂ ਦੇ ਉੱਤੇ......

ਸਜਣ ਜੀ ਕਿ ਨਫ਼ਰਤ ਦੇ ਇਹ ਪੈਂਤੜੇ
ਹੁਣ ਬਹੁਤ ਸਮਾਂ ਨਾ ਸਹੇ ਜਾਣਗੇ
ਇਹਨਾਂ ਉੱਤੇ ਮੁਹੱਬਤਾਂ ਦੇ ਫੁੱਲ ਟਹਿਕਣੇ
ਰਾਜ਼ ਸੁਖ ਤੇ ਅਮਨ ਦੇ ਕਹੇ ਜਾਣਗੇ
ਸਜਣ ਜੀ ਇਹ ਨਫ਼ਰਤ ਦੀ ਹੈ ਰਾਤੜੀ। (ਸੁਖਪਾਲਵੀਰ ਸਿੰਘ ਹਸਰਤ)

ਜਿਵੇਂ ਭਵਿੱਖ ਪ੍ਰਾਹੁਣਾ ਬਣ ਕੇ ਅੱਜ ਦੇ ਉਜੜੇ ਵਿਹੜੇ ਅੰਦਰ
ਇੱਕ ਝਾਤ ਪਾਉਣ ਲਈ ਆਏ, ਇੰਜ ਉਹ ਮੇਰੇ ਵਿਹੜੇ ਆਏ

ਜਿਉਂ ਔੜੀ ਧਰਤੀ ਦੇ ਉਤੇ ਠਹਿਰ ਠਹਿਰ ਕੇ ਛਾਏ ਬੱਦਲ
ਬੀਜਾਂ ਭਰੀ ਧਰਤ ਨੂੰ ਜਿੱਦਾਂ ਸਬਜ਼ ਜਿਹਾ ਕੋਈ ਸੁਪਨਾ ਆਏ

ਇੰਜ ਕਿਸੇ ਨਾ ਸੁਪਨੇ ਬੀਜੇ ਇੰਜ ਕਿਸੇ ਨਾ ਸੁਪਨੇ ਸਾਂਭੇ
ਸੁਪਨਿਆਂ ਦੀ ਇਸ ਫਸਲ ਦੇ ਉਤੇ ਇੰਜ ਕਿਸੇ ਨਾ ਗਾਹ ਗਹਾਏ। (ਹਰਨਾਮ ਸਿੰਘ ਨਾਜ਼)

ਇਸ਼ਕ ਮੇਰੇ ਦੀ ਕਹਾਣੀ ਹੈ ਪੁਰਾਣੀ ਤਾਂ ਬੜੀ
ਮੈਂ ਨਵੀਂ ਕਰਦਾ ਰਿਹਾ ਹਾਂ ਏਸ ਨੂੰ ਪਰ ਹਰ ਘੜੀ।
ਵੇਖਦੀ ਰਹੀ ਮੁਸਕਰਾ ਕੇ ਹਰ ਨਵੇਲੇ ਹੁਸਨ ਨੂੰ
ਇੱਕ ਨਵੀਂ ਸੂਰਤ ਮੇਰੇ ਦਿਲ ਦੇ ਬਨੇਰੇ ਤੇ ਖੜੀ।
ਉਤਨੀ ਵਾਰੀ ਇਸਦੀ ਹਿੰਮਤ ਹੋਰ ਵੀ ਪਕਦੀ ਗਈ।
ਜਿਤਨੀ ਵਾਰੀ ਜ਼ੁਲਮ ਦੀ ਭੱਠੀ ਦੇ ਅੰਦਰ ਉਹ ਸੜੀ।
ਗ਼ਮ ਤਾਂ ਹੈ ਕਿ ਛੁੱਟ ਗਈ ਕੰਨੀ ਕਿਸੇ ਦੇ ਸਾਥ ਦੀ
ਪਰ ਮੈਂ ਅਜ ਲੋਕਾਂ ਦੇ ਗ਼ਮ ਦੀ ਸੋਚ ਕੇ ਕੰਨੀ ਫੜੀ। (ਤੇਰਾ ਸਿੰਘ ਚੰਨ)

ਤਾਰਾ ਸਿੰਘ ਬਿਰਕ ਧਰਤੀ ਤੇ ਰੱਬ ਦਾ ਮੇਲ ਅਨੁਭਵ ਕਰ ਰਿਹਾ ਇਉਂ ਲਿਖਦਾ ਹੈ :—

ਖੁਲ੍ਹੀਆਂ ਜ਼ਮੀਨਾਂ, ਤੇ ਮੇਰੇ ਦਿਲ ਦਾ ਨਾਚ।
ਪੋਲੀ ਗੁਲਾਬੀ ਮਿਟੀ ਤੇ ਚੁਪ ਚਾਪ ਪੈਰਾਂ ਦੇ ਨਿਸ਼ਾਨ।
ਰੱਬ ਫਿਰਦਾ ਫਿਰਦਾ ਬਹਿ ਗਿਆ ਵਿਚ ਮੇਰੇ।

ਸਪੂਤਨਿਕ ਦੇ ਬਿਆਨ ਨੂੰ ਹਜ਼ਾਰਾ ਸਿੰਘ ਗੁਰਦਾਸਪੁਰੀ ਇੱਕ ਰਾਂਗਲੇ-ਗੀਤ ਵਾਂਗ ਲਿਖਦਾ ਹੈ :—

ਲੱਭੋ ਨੀ ਲੱਭੋ ਸਾਡਾ ਇਸ਼ਕ ਗਵਾਚੜਾ, ਹੁਣੇ ਸੀ ਨਚਦਾ ਨਚਾਰ
ਹੁਣੇ ਸੀ ਮੋਤੀਆਂ ਦਾ ਮੁਕਟ ਇਸ਼ਕ ਦਾ, ਨੈਣ-ਮਹਲਾਂ ਵਿਚਕਾਰ
ਹੁਣੇ ਸੀ ਰਾਂਝਣਾ ਹੁਣੇ ਸੀ ਕਾਹਨ, ਹੁਣੇ ਸੀ ਰਾਧਾ ਦਾ ਪਿਆਰ
ਹੁਣੇ ਸੀ ਜਿੰਦ ਵਿਚ ਲਟ ਲਟ ਖਿੜਿਆ, ਜਿੰਦੜੀ ਦੀ ਬਣਕੇ ਬਹਾਰ
ਹੁਣੇ ਸੀ ਅੰਬਰੀਂ ਤਾਰਾ ਚੜ੍ਹਿਆ ਮਿੱਟੀ ਵਿਚ ਰਿਸ਼ਮਾਂ ਖਿਲਾਰ

ਹੁਣੇ ਸੀ ਸਾਗਰੀਂ ਹੁਣੇ ਸੀ ਬੱਦਲੀਂ ਬਿਜਲੀ ਦੀ ਫੜਦਾ ਲਕਾਰ
ਲੱਭੋ ਨੀ ਲੱਭੋ ਸੱਤਾਂ ਦੀਪਾਂ 'ਚ ਲੱਭੋ, ਢੂੰਡੋ ਨੀ ਢੂੰਡੋ ਕੂੰਟਾਂ ਚਾਰ
ਕੱਲ੍ਹ ਤੇ ਨਚਦਾ ਸੀ ਧਰਤੀ ਦੇ ਤਲ ਤੇ ਅਜ ਗਲਵਕੜੀਓਂ ਪਾਰ

ਗਿਆਨ ਸਿੰਘ ਦੀ ਨਵੀਂ ਕਲਮ ਨਰੋਈ ਤੇ ਸੂਝਵਾਨ ਹੈ :—

ਮੇਰੀ ਅੰਮੜੀ, ਮੇਰੀ ਪ੍ਰਿਤਮਾ, ਮੇਰੀ ਵੀਰੀ, ਮੇਰੀ ਬੱਚੀ
ਚਾਰੇ ਰੂਪ ਨਾਰ ਦੇ ਵੇਖੇ, ਅਮਿਉਂ, ਮਦੁਰਾ, ਮਾਖਿਓਂ ।
ਕਦੇ ਮੇਰੀ ਅੰਮੜੀ ਦੀ ਲੋਰੀ, ਕਦੇ ਮੇਰੀ ਪ੍ਰਿਤਮਾ ਦਾ ਗਿੱਧਾ
ਕਦੇ ਮੇਰੀ ਵੀਰੀ ਦਾ ਤ੍ਰਿੰਞਣ, ਕਦੇ ਮਿਰੀ ਬੱਚੀ ਦਾ ਥਾਲ
ਮੁੜ ਮੁੜ ਨਵੇਂ ਨਵੇਂ ਰੂਪਾਂ ਵਿਚ ਇਕ ਗੀਤ ਜਨਮ ਲੈਂਦਾ ਹੈ।
ਇੱਕ ਪਹਾੜੀ ਝਰਨੇ ਦੀ ਲੈਅ, ਹਰ ਮੋੜ ਤੇ ਕੰਨੀਂ ਪੈਂਦੀ।
ਇਕੋ ਚੰਨ ਦੀ ਸੀਤ ਚਾਨਣੀ ਨਾਲ ਨਾਲ ਹੈ ਤੁਰਦੀ ਜਾਂਦੀ।

ਇੱਕ ਮੰਦਰ ਹੈ ਜਿਸਦੀ ਘੰਟੀ, ਮੁੜ ਮੁੜ ਰੂਹ ਵਿਚ ਕੇਸਰ ਘੋਲੇ
ਛਿਣ ਭਵਿਖ ਦੇ ਪਲ ਝਪਕਣ ਵਿਚ ਡੂੰਘੀ ਖੱਡ ਵਿਚ ਜਾ ਪੈਂਦੇ ਹਨ
ਬੰਨ੍ਹ ਲਵੋ ਜੇ ਬੰਨ੍ਹ ਸਕੋ ਤਾਂ, ਜਕੜ ਲਵੋ ਜੇ ਜਕੜ ਸਕੋ ਤਾਂ
ਵਰਤਮਾਨ ਦੇ ਦਿਉਤੇ ਕੋਲੋਂ ਜੋ ਵਰ ਮੰਗੋ ਮਿਲ ਸਕਦਾ ਹੈ।

ਨਵਤੇਜ ਭਾਰਤੀ, ਅਜੀਤ ਸਿੰਘ, ਅਮਰ ਚਿੱਤ੍ਰਕਾਰ ਅਸਲੋਂ ਨਵੇਂ ਕਵੀ ਹਨ, ਪਰ ਇਨ੍ਹਾਂ ਦੀਆਂ ਕਲਮਾਂ ਚੰਗੇ ਭਵਿੱਖ ਦਾ ਇਕਰਾਰ ਦੇਂਦੀਆਂ ਜਾਪਦੀਆਂ ਹਨ :—

ਗੀਤ ਛੇੜਦੀ ਸੜਕ ਨੀਲੜੀ
ਮੇਰੇ ਦਰ ਕੋਲੋਂ ਦੀ ਗੁਜ਼ਰੇ ਵਲ ਵਿੰਗ ਖਾ ਕੇ।
ਫੁੱਲ ਸੂਰਜ ਦਾ ਤੋੜ ਸੱਜਰਾ, ਸਰਘੀ ਸੂਹੇ ਹੱਥ ਵਧਾ ਕੇ
ਧਰਤ ਦੀਆਂ ਜ਼ੁਲਫਾਂ ਵਿਚ ਟੁੰਗੇ ਨਿੱਤ ਮੁਸਕਾ ਕੇ।
ਇੰਜ ਗੋਰੀਆਂ ਕੁੜੀਆਂ ਟਹਿਲਣ, ਜਿਵੇਂ ਤੇਰੀਆਂ ਜ਼ੁਲਫ਼ਾਂ ਉਤੇ
ਵਿਚਰਨ ਪੋਲੀ ਜਹੀ ਖ਼ੁਸ਼ਬੋਆਂ ਕਦਮ ਬਚਾ ਕੇ।
ਏਸ ਸੜਕ ਤੇ ਤੂੰ ਨਹੀਂ ਆਉਣਾ, ਫਿਰ ਵੀ ਮੇਰੀ ਹਸਰਤ ਟਹਿਲੇ
ਨਿੱਤ ਰਾਤ ਨੂੰ ਖ਼ਾਬਾਂ ਦੇ ਗਲ ਬਾਹਾਂ ਪਾ ਕੇ......
ਕੇਹਾ ਮੈਂ ਤੈਨੂੰ ਯਾਦ ਕੀਤਾ ਘੋਲ ਪੀਤੀ ਨਿੰਮੜੀ
ਸਕ ਲੀਤੀ ਜਿੰਦੜੀ ਮੈਂ ਕਾਲਜੇ ਦੀ ਅੱਗ ਬਾਲ
ਫੇਰ ਪੀੜਾਂ ਨਾਗਣਾਂ ਮੈਂ ਛੇੜ ਬੈਠਾ ਸੁੱਤੀਆਂ
ਝੋਲ ਸ਼ੋਹਲੇ ਪਾ ਲਏ ਤੇ ਅੱਗ ਪੀਤੀ ਬੱਟ ਨਾਲ।
ਤਪਦੇ ਥਲ ਚੋਂ ਤਿਲਕਦੀ ਜਿਉਂ ਤ੍ਰਭਕਦੀ ਬੱਦਲੀ ਦੀ ਛਾਂ
ਇੰਜ ਭਖਦੀ ਦਿਲ ਰੋਹੀ ਚੋਂ ਲੰਘਿਆ ਤੇਰਾ ਖ਼ਿਆਲ। (ਨਵਤੇਜ ਭਾਰਤੀ)

ਝੀਲ ਦੀ ਹਿੱਕ ਤੇ ਕੰਵਲ ਫੁੱਲ ਊਂਘਦੇ
ਨੀਲ ਵਿਚ ਪਲਕਾਂ ਸਿਤਾਰੇ ਮੁੰਦ ਕੇ

ਕਾਸ਼ਨੀ ਰਾਹਾਂ ਡੇ ਚੁੱਪ ਖੜੇ ਸਾਏ
ਹਵਾ ਦੇ ਹੋਠਾਂ ਤੇ ਹਾਸੇ ਹੂੰਘਦੇ ।
ਉਮਰਾਂ ਤੋਂ ਲੰਮਾਂ ਕਿਸੇ ਦਾ ਇੰਤਜ਼ਾਰ
ਨੀਰ ਵਿਚ ਮਛਲੀ ਜਹੀ ਉਛਲੀ ਕੋਈ
ਉੱਠੀ ਇੰਜ ਘਬਰਾ ਕੇ ਲਹਿਰਾਂ ਦੀ ਡਾਰ
ਜਿਸ ਤਰ੍ਹਾਂ ਮੇਰੀ ਨਜ਼ਰ ਦੇ ਭਾਰ ਹੇਠ
ਤਿਲ ਮਿਲਾ ਉਠਦੇ ਤੇਰੀ ਹਿਕ ਦੇ ਉਭਾਰ। (ਅਜੀਤ ਸਿੰਘ)

ਬੜੇ ਭਿਆਨਕ ਪਰਬਤ ਖਾਈਆਂ ਰਾਹ ਤੇਰੇ ਵਿਚ ਆਏ
ਮਾਨਯੋਗ ਤੇਰੀ ਜੁਰਅਤ ਜਿੰਦੇ ਜੋ ਸਭ ਨੂੰ ਲੰਘ ਆਈ
ਨਾ ਕਹੁ ਪੈਰ ਥੱਕੇ ਨੇ ਮੇਰੇ ਕੋਲ ਪੜਾਅ ਦੇ ਆ ਕੇ
ਹੁਣ ਰੁਕਦਾ ਇਕ ਪੈਰ ਵੀ ਜਿੰਦੇ ਸਿਦਕ ਦੀ ਹੈ ਰੁਸਵਾਈ। (ਅਮਰ ਚਿੱਤ੍ਰਕਾਰ)

ਕਿਸੇ ਲੋਕ-ਗੀਤ ਦੀ ਜ਼ਬਾਨੀ ਅੰਬਰ ਦਾ ਲਹਿੰਗਾ ਸਵਾ ਕੇ ਧਰਤੀ ਦੀ ਲੌਣ ਲਾਣ ਵਾਲੀ ਸਾਡੀ ਰਵਾਇਤ ਸਾਡੀਆਂ ਅੱਜ ਦੀਆਂ ਕਲਮਾਂ ਵਿਚ ਵੀ ਚਲੀ ਆਉਂਦੀ ਹੈ। ਸ਼ਾਇਦ ਇਸੇ ਰਵਾਇਤ ਦਾ ਸਦਕਾ ਅਸਲਵਾਦ ਦੇ ਨਵੇਂ ਖਹੁਰੇ ਤਜਰਬੇ ਪੰਜਾਬੀ ਕਵਿਤਾ ਵਿਚ ਹਮੇਸਾਂ ਰਾਂਗਲੇ ਤੇ ਸਫ਼ਲ ਰਹਿੰਦੇ ਹਨ । ਦੂਸਰੇ ਮੁਲਕਾਂ ਦੇ ਗੀਤਾਂ ਨੂੰ ਜਦੋਂ ਪੰਜਾਬੀ ਪੁਸ਼ਾਕ ਪੁਆ ਦੇਈਏ ਤਾਂ ਸ਼ਾਇਦ ਇਸੇ ਰਵਾਇਤ ਦਾ ਕਰਮ ਹੁੰਦਾ ਹੈ ਕਿ ਉਹਦੇ ਵਿਚ ਪਜਾਬੀ ਨੁਹਾਰ ਵੀ ਆ ਜਾਂਦੀ ਹੈ। ਜਿਵੇਂ ਵੀਅਤਨਾਮ ਦੇ ਇਕ ਲੋਕ-ਗੀਤ ਦਾ ਪੰਜਾਬੀ ਰੂਪ ਇਸ ਤਰ੍ਹਾਂ ਬਣਿਆ ਹੈ :—

ਆ ਨੀ ਜਿੰਦੇ ਧਾਗਾ ਵੱਟੀਏ
ਧਾਗਾ ਸ਼ਗਨਾਂ ਵਾਲਾ
ਲੀੜਾ ਸੱਜਣਾਂ ਦਾ।

ਖੱਡੀ ਦੇ ਵਿਚ ਪੱਟ ਉਣੀਂਦਾ
ਸੂਹੀਆਂ ਤੰਦਾਂ ਵਾਲਾ
ਲੀੜਾ ਸੱਜਣਾਂ ਦਾ ।

ਸੋਹਣੀ ਸੂਈ ਪਲਾਂਘਾਂ ਭਰਦੀ
ਰੱਤਾ ਲਾਲ ਦੁਸ਼ਾਲਾ
ਲੀੜਾ ਸਜਣਾਂ ਦਾ
ਲੈ ਨੀ ਜਿੰਦੇ ਭੇਜ ਸੁਗਾਤਾਂ
ਰੱਬ ਤੇਰਾ ਰਖਵਾਲਾ
ਲੀੜਾ ਸਜਣਾਂ ਦਾ ।

ਅੱਜ ਦੀ ਪੰਜਾਬੀ ਕਵਿਤਾ ਬਾਰੇ ਇਹ ਆਖਿਆ ਜਾ ਸਕਦਾ ਹੈ ਕਿ ਸਾਡੀ ਕਵਿਤਾ ਵਿਚ ਉਸ ਦੁਮੇਲ ਨੂੰ ਛੋਹਣ ਦਾ ਇਕਰਾਰ ਹੈ ਜਿੱਥੇ ਸਮਾਜਕ ਚੇਤਨਤਾ ਦੀ ਧਰਤੀ ਅਤੇ ਕਾਵਿ-ਸੁੰਦਰਤਾ ਦਾ ਅਸਮਾਨ ਇਕ ਦੂਸਰੇ ਨੂੰ ਮਿਲਦੇ ਨਜ਼ਰ ਆਉਂਦੇ ਹਨ ।

# ਕੁਝ ਹੋਰ ਢੋਲਣਵੀਆਂ ਕਵਿਤਾਵਾਂ

ਮੋਹਨ ਸਿੰਘ

## ਯਾਦ

ਨੀਲਮ ਦੇ ਖਰਲ ਅਦਰ
ਰਤਨਾ ਦੀ ਮਹਿੰਦੀ ਪੀਹ ਕੇ
ਪੱਛਮ ਦੇ ਤਲਵਿਆਂ ਨੂੰ
ਸੂਰਜ ਨੇ ਹੈ ਲਗਾਈ

ਸੋਨੇ ਦੀਆਂ ਖੜਾਵਾਂ
ਪੈਰਾਂ ਦੇ ਵਿਚ ਪਾ ਕੇ
ਹੈ ਯਾਦ ਤੇਰੀ ਆਈ।

ਗਗਨਾਂ ਦੇ ਪੀਂਹੜੇ ਉੱਤੇ
ਬਹਿ ਰਾਤ ਦੀ ਬਹੂ ਨੇ
ਜੜ ਤਾਰਿਆਂ ਦਾ ਚੰਬਾ
ਲਿਟ ਆਪਣੀ ਗੁੰਦਾਈ

ਚਾਂਦੀ ਦੀਆਂ ਖੜਾਵਾਂ
ਪੈਰਾਂ ਦੇ ਵਿਚ ਪਾ ਕੇ
ਹੈ ਯਾਦ ਤੇਰੀ ਆਈ।

ਪੂਰਬ ਦੀ ਖੋਹਲ ਬਾਰੀ
ਗੰਦੇ ਦੀ ਛਿੱਲ ਨਾਲੋਂ
ਪਤਲੇਰੇ ਘੁੰਡ ਵਿੱਚੋਂ
ਪਰਭਾਤ ਮੁਸਕਰਾਈ

ਚਾਨਣ ਦੀਆਂ ਖੜਾਵਾਂ
ਪੈਰਾਂ ਦੇ ਵਿਚ ਪਾ ਕੇ
ਹੈ ਯਾਦ ਤੇਰੀ ਆਈ।

ਅੰਮ੍ਰਿਤਾ ਪ੍ਰੀਤਮ

## ਚੇਤਰ

ਚੇਤਰ ਦਾ ਵਣਜਾਰਾ ਆਇਆ
ਬੁਚਕੀ ਮੋਢੇ ਚਾਈ ਵੇ
ਅਸਾਂ ਵਿਹਾਜੀ ਪਿਆਰ-ਕਥੂਰੀ
ਵੇਂਹਦੀ ਰਹੀ ਲੁਕਾਈ ਵੇ !

ਸਾਡਾ ਵਣਜ ਮੁਬਾਰਕ ਸਾਨੂੰ
ਕੱਲ੍ਹ ਹੱਸਦੀ ਸੀ ਜਿਹੜੀ ਦੁਨੀਆ
ਉਹ ਦੁਨੀਆ ਅੱਜ ਸਾਡੇ ਕੋਲੋਂ
ਚੁਟਕੀ ਮੰਗਣ ਆਈ ਵੇ।

ਬਿਰਹਾ ਦਾ ਇਕ ਖਰਲ ਬਲੌਰੀ
ਜਿੰਦੜੀ ਦਾ ਅਸਾਂ ਸੁਰਮਾ ਪੀਠਾ
ਰੋਜ਼ ਰਾਤ ਨੂੰ ਅੰਬਰ ਆ ਕੇ
ਮੰਗਦਾ ਇਕ ਸਲਾਈ ਵੇ।

ਦੋ ਅੱਖੀਆਂ ਦੇ ਪਾਣੀ ਅੰਦਰ
ਕੱਲ੍ਹ ਅਸਾਂ ਕੁਝ ਸੁਪਨੇ ਘੋਲੇ
ਇਹ ਧਰਤੀ ਅੱਜ ਸਾਡੇ ਵੇਹੜੇ
ਚੁੰਨੀ ਰੰਗਣ ਆਈ ਵੇ।

ਕੱਖ ਕਾਣ ਦੀ ਝੁੱਗੀ ਸਾਡੀ
ਜਿੰਦ ਦਾ ਮੂੜ੍ਹਾ ਕਿੱਥੇ ਡਾਹੀਏ
ਸਾਡੇ ਘਰ ਅੱਜ ਯਾਦ ਤੇਰੀ ਦੀ
ਚਿਣਗ ਪ੍ਰਾਹੁਣੀ ਆਈ ਵੇ।

ਸਾਡੀ ਅੱਗ ਮੁਬਾਰਕ ਸਾਨੂੰ
ਸੂਰਜ ਸਾਡੇ ਬੂਹੇ ਆਇਆ
ਉਸ ਨੇ ਅੱਜ ਇਕ ਕੋਲਾ ਮੰਗ ਕੇ
ਆਪਣੀ ਅੱਗ ਸੁਲਗਾਈ ਵੇ।

ਸੰਤੋਖ ਸਿੰਘ ਧੀਰ

## ਨਿੱਕੀ ਸਲੇਟੀ ਸੜਕ ਦਾ ਟੋਟਾ

ਨਿਕੀ ਸਲੇਟੀ ਸੜਕ ਕਿਨਾਰੇ, ਪਿੰਡ ਵਸਦਾ ਜਿੱਥੇ ਵਸਣ ਪਿਆਰੇ।

ਨਿੱਕੀ ਸਲੇਟੀ ਸੜਕ ਦਾ ਟੋਟਾ, ਉਂਜ ਪਿਆਰਾ ਕਿੰਨਾ ਛੋਟਾ
ਕੰਨੀਆਂ ਉੱਤੇ ਬਿਰਛ ਖਲੋਤੇ, ਲੰਮੇ, ਮਧਰੇ ਛਿਦਰੇ ਸੰਘਣੇ
ਸ਼ੀਹੋਂ, ਕਿੱਕਰ, ਧ੍ਰੇਕ ਫੁਲਾਹੀਆਂ, ਨਾਲ ਅੰਬਾਂ ਸਿਰ ਜੋੜ ਕੇ
ਕਿਤੇ ਕਿਤੇ ਹਿੱਲਣ ਮਧ-ਮੱਤੇ, ਸਾਗਵਾਨ ਦੇ ਚੌੜੇ ਪੱਤੇ।

ਘਣੀਆਂ ਘਣੀਆਂ ਗੂੜ੍ਹੀਆਂ ਛਾਵਾਂ, ਵਿਛੀਆਂ ਨੇ ਚਿਤਕਬਰੀਆਂ ਜਹੀਆਂ
ਲਗਰਾਂ ਵਿਚ ਜਦ ਬੁੱਲੇ ਖਹਿੰਦੇ, ਬੂਰ ਵਣਾਂ ਦੇ ਝੜ ਝੜ ਪੈਂਦੇ
ਖੇੜੇ ਦੀ ਅਲਸਾਈ ਰੁੱਤੇ – ਨਿੱਕੀ ਸਲੇਟੀ ਸੜਕ ਦੇ ਉੱਤੇ
ਨਿੱਕੀ ਸਲੇਟੀ ਸੜਕ ਕਿਨਾਰੇ, ਪਿੰਡ ਵਸਦਾ, ਜਿੱਥੇ ਵੱਸਣ ਪਿਆਰੇ।

ਪਹਿਲੀ ਵਾਰ ਚੇਤਰ ਦੀ ਰੁੱਤੇ, ਅਸੀਂ ਇਸ ਟੋਟੇ ਉੱਤੇ
ਠੁਮਕ ਠੁਮਕ ਤੁਰੀਆਂ ਤਰਕਾਲਾਂ, ਉੱਡਣ ਛੱਤੇ ਨਾਜ਼-ਵਿਗੁੱਤੇ
ਨੀਲੀ ਚੁੰਨੀ ਦੇ ਲੜ ਖਿਲਕੇ, ਬੁੱਕਲ ਵਿੱਚੋਂ ਝੜੇ-ਸਿਤਾਰੇ
ਸੱਜਣਾਂ ਦੇ ਝੁਰਮਟ ਵਿਚ ਕੀਲੇ, ਲੋਰ ਲੋਰ ਵਿਚ ਸੁੱਤ-ਉਨੀਂਦੇ
ਵਾਂਗ ਸ਼ਰਾਬੀ ਖਿੰਡ ਖਿੰਡ ਜਾਂਦੇ, ਹੱਥਾਂ ਦੇ ਨਾਲ ਹੱਥ ਛੁਹਾਂਦੇ
ਪਾ ਪਾ ਪੱਜ ਬਹਾਨੇ ਹੀਲੇ
ਨਿਕੀ ਸਲੇਟੀ ਸੜਕ ਦੇ ਉੱਤੇ, ਅਸੀਂ ਤੁਰੇ ਚੇਤਰ ਦੀ ਰੁੱਤੇ।

ਨਿਕੀ ਸਲੇਟੀ ਸੜਕ ਦੇ ਉੱਤੇ – ਫੇਰ ਤੁਰੇ ਭਾਦੋਂ ਦੀ ਰੁੱਤੇ
ਪਹੁ-ਨਣਦੀ ਨੇ ਛੇੜ ਛੇੜ ਕੇ ਸੀ ਭਾਬੋ-ਪ੍ਰਭਾਤ ਜਗਾਈ
ਸਿਰ ਤੇ ਲੈ ਅੰਬਰਸੀਆ ਲੀੜਾ, ਉੱਠੀ ਸਰਘੀ ਲੈ ਅੰਗੜਾਈ
ਸਿਰ ਤੇ ਰੱਖ ਚਾਨਣ ਦਾ ਭੱਤਾ, ਬੰਨੇ ਬੰਨੇ ਤੁਰੀ ਸਲੇਟੀ
ਅਸੀਂ ਤੁਰੇ ਭਾਦੋਂ ਦੀ ਰੁੱਤੇ, ਨਿੱਕੀ ਸਲੇਟੀ ਸੜਕ ਦੇ ਉੱਤੇ

ਇਕ ਸੱਜਣ ਸਾਡੇ ਸੱਜੇ ਪਾਸੇ, ਇਕ ਸੱਜਣ ਸਾਡੇ ਖੱਬੇ ਪਾਸੇ
ਇਕ ਮੁੱਖੜਾ ਜਿਹੜਾ ਹੱਸ ਹੱਸ ਪੈਂਦਾ, ਇਕ ਮੁਖੜਾ ਜਿਹਦੇ ਨਾਲ ਪ੍ਰੀਤਾਂ
ਤਰਦੇ ਤੋਰ ਲਟੋਰਾਂ ਵਾਲੀ, ਝਲ ਵਲੱਲੀਆਂ ਗੱਲਾਂ ਕਰਦੇ

ਪੱਛੋਂ ਦੇ ਸਾਹ ਨਿੱਕੇ ਨਿਕੇ, ਬਣ ਜਾਂਦੇ ਲਟਬੌਰੇ ਬੁੱਲੇ
ਹੰਸਾਂ ਵਾਂਗੂ ਫੜਕਣ ਲੀੜੇ ਨਿੱਕੀ ਸਲੇਟੀ ਸੜਕ ਦੇ ਉੱਤੇ

ਨਿੱਕੀ ਸਲੇਟੀ ਸੜਕ ਦਾ ਟੋਟਾ, ਜਿਸਦੇ ਉੱਤੇ ਗੂੜ੍ਹੀਆਂ ਛਾਵਾਂ
ਜਿਸ ਦੇ ਉੱਤੋਂ ਲੰਘਦੇ ਪ੍ਰੇਮੀ. ਜਿਸਦੇ ਦੁਆਲੇ ਗੁਟਕਣ ਪੰਛੀ
ਜਿੱਥੇ ਆਸ਼ਕ ਕੌਲ ਕਰੇਂਦੇ, ਜਿੱਥੇ ਪੁੱਗਣ ਅੱਖੀਆਂ ਲਾਈਆਂ
ਨਿੱਕੀ ਸਲੇਟੀ ਸੜਕ ਕਿਨਾਰੇ, ਪਿੰਡ ਵਸਦਾ ਜਿੱਥੇ ਵਸਣ ਪਿਆਰੇ।

ਕਦੇ ਕਦੇ ਇਸ ਟੋਟੇ ਉੱਤੋਂ, ਲੰਘੇ ਕਾਂ ਕੋਈ ਕੁਰਲਾਂਦਾ
ਕਦੇ ਕਦੇ ਕੋਈ ਇੱਲ੍ਹ ਮੰਡਲਾਂਦੀ ਮਾਰ ਮਾਰ ਲੰਮੀ ਕਲਕਾਰੀ
ਕਦੇ ਕਦੇ ਚਮਗਾਦੜ ਫੜਕੇ, ਕਦੇ ਕਦੇ ਕੋਈ ਬਿਸੀਅਰ ਲੰਘੇ
ਕਦੇ ਕਦੇ ਕੋਈ ਬਿਜਲੀ ਕੜਕੇ, ਕਦੇ ਕਦੇ ਕੋਈ ਬੱਦਲ ਘੇਰੇ

ਇਸ ਟੋਟੇ ਨੂੰ ਕਿੱਥੇ ਸਾਂਭਾਂ, ਇਸ ਟੋਟੇ ਨੂੰ ਕਿੱਥੇ ਲੁਕਾਵਾਂ
ਇਸ ਟੋਟੇ ਨੂੰ ਹਿੱਕ ਵਿਚ ਸਾਂਭਾਂ, ਇਸ ਟੋਟੇ ਨੂੰ ਦਿਲ ਵਿੱਚ ਪਾ ਲਾਂ
ਕਰੋ ਮਿਆਨਾਂ ਵਿਚ ਤਲਵਾਰਾਂ, ਠਾਕ ਦਿਉ ਰਫ਼ਲਾਂ ਦੇ ਕੁੰਦੇ
ਇਸ ਦੁਨੀਆਂ 'ਚੋਂ ਬੰਬ ਹਟਾਓ, ਇਸ ਦੁਨੀਆਂ 'ਚੋਂ ਜ਼ਹਿਰਾਂ ਚੂਸੋ।

ਇਹ ਦੁਨੀਆਂ ਤਾਂ ਬੜੀ ਪਿਆਰੀ, ਇਹ ਦੁਨੀਆਂ ਫੁੱਲਾਂ ਦੀ ਖਾਰੀ
ਇਸ ਦੁਨੀਆਂ ਵਿਚ ਦੇਸ ਸੱਜਣ ਦਾ, ਦੇਸ ਕਿ ਜਿਸਦੀ ਧੂੜ ਗੁਲਾਬੀ
ਦੇਸ ਕਿ ਜਿੱਥੇ ਝੁੰਡ ਅੰਬੀਆਂ ਦੇ, ਨਿੱਕੀ ਸਲੇਟੀ ਸੜਕ ਦਾ ਟੋਟਾ।

ਉਸ ਦੁਨੀਆਂ ਵਿਚ ਰੱਤ ਵਹੇਗੀ, ਜਿਸ ਦੁਨੀਆਂ ਵਿਚ ਦੇਸ ਸਜਣ ਦਾ
ਲਹੂਆਂ ਦੇ ਵਿਚ ਡੁੱਬ ਜਾਏਗਾ, ਨਿੱਕੀ ਸਲੇਟੀ ਸੜਕ ਦਾ ਟੋਟਾ।

ਜਦ ਤਕ ਸਾਡਾ ਸੀਸ ਤਲੀ ਤੇ, ਇਹ ਅਨਹੋਣੀ ਹੋ ਨਹੀਂ ਸਕਦੀ
ਜਦ ਤਕ ਦਿਲ ਆਸ਼ਕ ਦਾ ਧੜਕੇ ਪਿਆਰ ਦੀ ਸੁੱਚੀ ਧਰਤੀ ਉੱਤੇ
ਬੂੰਦ ਲਹੂ ਦੀ ਚੋ ਨਹੀਂ ਸਕਦੀ।

ਨਿੱਕੀ ਸਲੇਟੀ ਸੜਕ ਦਾ ਟੋਟਾ, ਓਨਾ ਪਿਆਰਾ ਜਿੰਨਾ ਛੋਟਾ
ਨਿੱਕੀ ਸਲੇਟੀ ਸੜਕ ਕਿਨਾਰੇ, ਪਿੰਡ ਵਸਦਾ ਜਿੱਥੇ ਵੱਸਣ ਪਿਆਰੇ।

ਪ੍ਰੀਤਮ ਸਿੰਘ ਸਫ਼ੀਰ

## ਹੀਰੋਸ਼ੀਮਾ ਨਾਗਾਸਾਕੀ

'ਹਿਰੋਸ਼ੀਮਾ !'
'ਕਿਸ ਲਈ ਜੀਵਾਂ ?'
'ਅਮਨ-ਲਹਿਰ ਲਈ !'
ਬੋਲ ਰਹੀ ਆਵਾਜ਼
ਨਾਗਾਸਾਕੀ

ਲਥ-ਪਥ ਹੋਈ ਮਾਨੁੱਖਤਾ ਦੀ
ਇਕ ਭੈਦਾਇਕ ਝਾਕੀ
ਕੂੜਾਂ ਕੂੜਾਂ ਨਜ਼ਰਾਂ ਸਾਂਹਵੇਂ
ਕਰ ਰਹੀ ਅਜ ਪਰਵਾਜ਼ ।
'ਨਾਗਾਸਾਕੀ'
'ਹਿਰੋਸ਼ੀਮਾ'

ਹਰ ਇਕ ਦਿਲ ਵਿਚ ਅਪਣਾ ਨਗਮਾ
ਛੇੜ ਛੇੜ ਕੇ ਕਹਿਣ,
'ਵਾਸ਼ਿੰਗਟਨ ਵਿਚ—ਹਰ ਥਾਵੇਂ ਹੀ
ਯਾਦ ਰਹੀਏ ਤਾਂ ਇਹ ਬੱਰੇ-ਆਜ਼ਮ
ਜੀਉਂਦੇ ਹਸਦੇ ਰਹਿਣ !
'ਹਿਰੋਸ਼ੀਮਾ'
'ਨਾਗਾਸਾਕੀ'

ਢਾਹ ਢਾਹ ਆਪਣੇ ਮਾੜੀ ਮੰਦਰ
ਪਾਉਂਦੇ ਹਾਲ ਪੁਕਾਰ
ਸੌ ਸੌ ਚੱਕਰ ਲਾਣ !
ਵਾਈਟ ਹਾਊਸ ਵਿਚ
ਸੁਪਨੇ ਬਣ ਬਣ
ਨੀਊਯਾਰਕ ਦੇ
ਵਾਸ਼ਿੰਗਟਨ ਦੇ
ਨਕਸ਼ੇ ਪਏ ਬਦਲਾਣ !

ਓਹ ਜਾਪਾਨੀ-ਹੁਸਨ ਗੁਆਚੇ
ਅਮਰੀਕਨ ਜ਼ੁਲਫ਼ਾਂ ਦੇ ਵਿੱਚੋਂ
ਬੋਲਣ ਲਿਸ਼ਕਾਂ-ਬੋਲ !
ਐਟਮ ਕਰਾਮਾਤ ਵਿਚ ਰੁੱਝੀਆਂ
ਜਦ ਕੋਈ ਪੱਥਰ ਨਜ਼ਰਾਂ ਜਾਗਣ
ਜੀਵਨ-ਸੁਪਨਿਆਂ ਕੋਲ !

ਸੂਰਜ ਚੰਦ ਸਿਤਾਰੇ ਸਾਰੇ
ਪਉਣ, ਪਾਣੀ, ਮਹਾਂਦੀਪ
ਸਭ ਕ੍ਰਿਸ਼ਮੇ ਇਕਸਾਰ ।
ਰਾਜਨੀਤ ਦੇ ਮੰਡਲ ਅੰਦਰ
ਨਾਗਾਸਾਕੀ ਹਿਰੋਸ਼ੀਮਾ
ਇਨਕਲਾਬ ਦਾ ਨਾਹਰਾ ਲਾ ਕੇ
ਪਾਉਣ ਹਾਲ ਪੁਕਾਰ !

ਦ੍ਰਿਸ਼ਟਮਾਨ, ਅਦ੍ਰਿਸ਼ਟਮਾਨ ਦੇ
ਅੰਤਰ ਦਾ ਪ੍ਰਭਾਵ
ਹਸਰਤ ਤੋਂ ਅਜ ਚੂਰ
ਐਟਮ ਬੰਬ ਤੇ ਹਾਈਡਰੋਜਨੋਂ
ਵੱਡਾ ਇਕ ਹਥਿਆਰ
ਸੋਚਣ ਤੇ ਮਜਬੂਰ !

ਜਨ-ਸ਼ਕਤੀ ਦੇ ਮਨ-ਅੰਤਰ ਵਿਚ
ਲੱਖ-ਬ੍ਰਹਿਮੰਡਾਂ ਦੀ ਦਿੱਬ-ਜਯੋਤੀ
ਇਕ ਰਸ ਪ੍ਰੀਵਰਤਨ ਅਸਥਿਤ ਹੋ
ਬਣ ਜਾਏ ਮਨ-ਮੰਤ !

'ਏਸ ਸਿਤਾਰੇ ਦੇ ਮੰਦਰ ਵਿਚ
ਐਟਮ ਬਣੇ ਅਮਨ-ਸਿਪ-ਮੋਤੀ
'ਨਾਗਾਸਾਕੀ'
'ਹਿਰੋਸ਼ੀਮਾ'
ਵਾਂਗ ਨਾ ਹੋਵੇ ਅੰਤ ।

ਅਵਤਾਰ ਸਿੰਘ ਆਜ਼ਾਦ

## ਵਿਸ਼ਵ-ਨਾਚ

ਡਮ ਡਮ ਡੌਰੂ ਡਮਕ ਰਿਹਾ ਹੈ
ਇਸ ਦੇ ਇਸ ਗੰਭੀਰ ਤਾਲ ਤੇ ਹੋਵੇ ਪਿਆ ਉਹ ਨਾਚ,
ਜਿਸ ਵਿਚ ਜਗ ਰਚਨਾ ਦੀ ਹਰ ਸ਼ੈ
ਆਪ-ਮੁਹਾਰੀ ਨੱਚ ਉੱਠੀ ਹੈ ਵਲਵਲੇ ਵਿਚ ਗਵਾਚ ।
ਨੱਚਣ ਆਕਾਸ਼ ਨੱਚਣ ਚੰਦ ਤਾਰੇ, ਨੱਚਣ ਦੇਵਤਾ ਹੋਸ਼ ਵਿਸਾਰੇ
ਨੱਚਣ ਆਦਮੀ ਨੱਚਣ ਮੋਹਣੀਆਂ, ਨੱਚਣ ਪਏ ਪਿਸ਼ਾਚ ।

ਖੁਲ੍ਹੀ ਸਮਾਧੀ ਆ ਰਿਸ਼ੀਆਂ ਦੀ
ਨੱਚ ਪਈ ਮਹਾਂ-ਕਾਲ ਦੀ ਜੋਤੀ ਨੱਚੇ ਸੁਰਗ ਪਤਾਲ ।
ਏਸ ਨਾਚ ਨੇ ਕਵਿ-ਹਿਰਦੇ ਵਿਚ ਲੈ ਆਂਦਾ ਭੂਚਾਲ ।

ਇਹ ਉਹ ਨਾਚ ਜਿਹਦੀ ਸਰਗਮ ਚੋਂ ਪਰਲੈ ਦੇ ਪਰਛਾਂਵੇ,
ਕਾਲ ਜੀਭ ਦਾ ਰੂਪ ਵਟਾ ਕੇ
ਬ੍ਰਹਮੰਡਾਂ ਨੂੰ ਲੈ ਰਹੇ ਹੈ ਨੇ ਆਪਣੇ ਵਿਚ ਕਲਾਵੇ ।

ਮੋਹ ਨਿੰਦਰਾ ਖੁਲ੍ਹ ਗਈ ਹੈ ਆਪੇ
ਸਾਜ ਸਮਾਜ ਪੁਰਾਤਨਤਾ ਦਾ ਗੁੰਮਦਾ ਗੁੰਮਦਾ ਜਾਪੇ ।
ਮਹਾਂ-ਅਸਤਾਚਲ ਦੀ ਕੁੱਖ ਖੁਲ੍ਹੀ
ਨੱਚਦੇ ਪੁਰੀਆਂ ਭਵਨ ਓਸ ਵਿਚ ਹੈਨ ਸਮਾਈ ਜਾਂਦੇ ।

ਹੋ ਰਹੇ ਨਿਰ-ਆਕਾਰ ਆਕਾਰੀ ਮਹਾਂ ਸੁੰਨ ਦੇ ਦੇਸ ਵਿਚਾਲੇ,
ਫਿਰ ਇਕ ਨਵੀਂ ਅਜ਼ਲ ਦੀ ਸੱਜਣੀ ਹੋਵੇ ਪਈ ਤਿਆਰੀ

ਏਸ ਨਾਚ ਵਿਚ ਨਚਦੇ ਨਚਦੇ
ਮਹਾਂ-ਜੋਤਿ ਵਿਚ ਰਚਦੇ ਰਚਦੇ ਆ ਛੇਤੀ ਗੁੰਮ ਜਾਈਏ ।
ਤੇ ਉਸ ਨਵੀਂ ਅਜ਼ਲ ਦੀ ਕਾਨੀ
ਪਿਛਲੇ ਬ੍ਰਹਮਾਂ ਪਾਸੋਂ ਖੋਹ ਕੇ, ਆਪਾਂ ਹੀ ਫੜ ਵਾਹੀਏ ।

ਨਵਾਂ ਜਗਤ ਨਵਾਂ ਦਸਤੂਰ
ਨਵੇਂ ਅਸੀਂ ਉਠ ਨਵ-ਪ੍ਰਭਾਤ ਵਿਚ ਨਵਿਆਂ ਲਈ ਬਣਾਈਏ ।

ਪਿਆਰਾ ਸਿੰਘ ਸਹਿਰਾਈ

## ਗੀਤ

ਸਾਡੇ ਵਿਹੜੇ ਉੱਗੇ ਫੁੱਲ ਤੂੰ ਨਾ ਘਰ ਰਾਂਝਣਾ
ਡੁੱਲ੍ਹ ਡੁੱਲ੍ਹ ਪਏ ਰੂਪ ਘੁੱਟ ਭਰ ਰਾਂਝਣਾ !

ਕਾਂਗਾਂ ਚੜ੍ਹੀਆਂ ਨੇ ਇੰਜ ਪਈਆਂ ਢਾਣ ਕੰਢਿਆਂ
ਮੇਰੇ ਨਾਲ ਇਹ ਝਨਾਵਾਂ ਅਜ ਤਰ ਰਾਂਝਣਾ !

ਮੇਰੇ ਦੁਆਲੇ ਅਜ ਖਿੰਡ ਮੁਸਕਾਨ ਖੇਡਦੀ
ਇਕ ਭਿੱਤ ਵੀ ਨਾ ਬੰਦ ਖੁੱਲ੍ਹੇ ਦਰ ਰਾਂਝਣਾ

ਤੇਰੇ ਰਾਹੀਂ ਵੇ ਮੈਂ ਇਕ ਵੀ ਨਾ ਹੰਝੂ ਕੇਰਿਆ
ਦਿੱਤਾ ਇਹਨਾਂ ਨੂੰ ਮੈਂ ਖ਼ਾਬਾਂ ਨਾਲ ਭਰ ਰਾਂਝਣਾ !

ਛੱਡ ਤਖ਼ਤ ਹਜ਼ਾਰਾ ਝੱਬ ਬਹੁੜ ਬੇਲੀਆ
ਮੇਰੇ ਬੇਲਿਆਂ 'ਚ ਪੈਰ ਕੇਰਾਂ ਧਰ ਰਾਂਝਣਾ ।

ਵੇ ਮੈਂ ਸਮਿਆਂ ਦੀ ਪੱਬਾਂ ਭਾਰ ਖੜੀ ਤੱਕਦੀ
ਤੇਰਾ ਰੂਪ ਦਏ ਨਜ਼ਰਾਂ ਇਹ ਭਰ ਰਾਂਝਣਾ !

ਸਾਡੇ ਵਿਹੜੇ ਉੱਗੇ ਫੁੱਲ ਤੂੰ ਨਾ ਘਰ ਰਾਂਝਣਾ
ਡੁੱਲ੍ਹ ਡੁੱਲ੍ਹ ਪਏ ਰੂਪ ਘੁੱਟ ਭਰ ਰਾਂਝਣਾ !

ਨ. ਸ. ਦਿਓਲ

## ਅਨਹਦ-ਸੱਦ

ਭਰ ਨੀ ਕਲਾਵਾ ਜਿੰਦੇ ਸੱਜਣਾਂ ਦੀ ਯਾਦ ਦਾ
ਗੰਧ ਭਰਪੂਰ ਪੌਣਾਂ ਵੱਗ ਚੱਲੀਆਂ ।

ਸੋਹਜ ਵਾਲੀ ਸੁੱਚ ਨਾਲ ਭਰੀਆਂ ਕਟੋਰੀਆਂ
ਬੁੱਲ੍ਹੀਆਂ ਦੇ ਕੋਲ ਕੋਲ ਲੱਗ ਚੱਲੀਆਂ ।

ਵੰਝਲੀ ਤੇ ਰਾਗਨੀ ਸ਼ਹਿਨਾਈਆਂ ਤੇਰੇ ਪਿਆਰ ਦੀਆਂ
ਦੇਹੀ ਦੇ ਦਿਹੁਰੇ ਵਿੱਚੋਂ ਵੱਜ ਚਲੀਆਂ ।

ਸੱਜਣਾਂ ਦੀ ਗੱਲ ਜਿਵੇਂ ਰੱਬ ਨਾਲ ਗੱਲ ਹੋਵੇ
ਬੰਦਿਆਂ ਚੋਂ ਬੰਦਗੀਆਂ ਲੱਭ ਚੱਲੀਆਂ ।

ਪੋਲੇ ਪੋਲੇ ਲੰਘਣਾ ਹੈ ਮਨ ਦੀ ਮਸੀਤ ਵਿਚੋਂ
ਮੁੱਲਾਂ ਨੂੰ ਸਲੇਟੜੀਆਂ ਠੱਗ ਚੱਲੀਆਂ ।

ਜਿਹੜੇ ਜਿਹੜੇ ਥਾਉਂ ਮੈਨੂੰ ਸੱਜਣਾ ਨੇ ਛੋਹ ਲਿਆ
ਲੂਈਂ ਲੂਈਂ ਵਿਚ ਜੋਤਾਂ ਜਗ ਚੱਲੀਆਂ ।

ਤਿੱਪ ਤਿੱਪ ਲਹੂ ਵਿੱਚ ਘੁਲੀਆਂ ਨੇ ਮਿਸਰੀਆਂ
ਸ਼ਹਦ-ਫੁਹਾਰਾਂ ਰਗ ਰਗ ਚੱਲੀਆਂ ।

ਮਿਤਰਾ ਪਿਆਰਿਆ ਵੇ ਆ ਤੇ ਹੰਢਾ ਲੈ ਜਿੰਦ
ਉਮਰਾਂ ਇਸ਼ਕ ਦੀਆਂ ਤੱਗ ਚੱਲੀਆਂ ।

ਅਨਹਦ-ਸੱਦ ਤੇਨੂੰ ਸੱਦ ਸੱਦ ਥੱਕੀ ਨਾ
ਥੱਕਿਆ ਜਹਾਨ ਅੱਖਾਂ ਲੱਗ ਚੱਲੀਆਂ ।

ਸੁਖਬੀਰ

## ਦੋ ਨੈਣਾਂ ਦੀ ਲੋਅ ਵਿਚ

ਦੀਵਾ ਬਲਦਾ ਪਿਆ ਹੈ ਅਜ ਚਿਰਾਕੀ ਰਾਤੇ
ਤੇਰੇ ਦੋ ਨੈਣਾਂ ਦੀਆਂ ਰੋਸ਼ਨੀਆਂ ਕੰਬ ਰਹੀਆਂ
ਪਰ ਮੈਂ ਕਿਉਂ ਇਸ ਕੂਲੀ ਲੋਅ ਵਿਚ ਦੇਖ ਰਿਹਾ ਹਾਂ
ਸੁੱਤੇ ਹੋਏ ਸ਼ਾਹ ਹਨੇਰੇ ।

ਲਹਿਰਾਉਂਦੀਆਂ ਪੱਕੀਆਂ ਫ਼ਸਲਾਂ ਦੀ ਹਾੜੀ ਸੌਣੀ ।
ਸੂਦ ਦੀਆਂ ਰਕਮਾਂ ਗਿਣਦੇ ਹੋਏ ਹੱਥ ਪਰਾਏ
ਆਖ਼ਰ ਹੂੰਝ ਕੇ ਲੈ ਜਾਂਦੇ ਹਨ ਬੋਹਲ ਉਚੇ
ਮਿਹਨਤ ਰੋ ਰੋ ਹੰਝੂ ਕੇਰੇ

ਕਿਹੋ ਜਿਹਾ ਇਹ ਚਹੁੰ ਕੰਧਾਂ ਦਾ ਜੇਲ ਦਾ ਘੇਰਾ
ਅਖੋਂ ਅੰਨ੍ਹਾਂ ਕੰਨੋਂ ਬੋਲਾ ਜ਼ੁਲਮ ਦਾ ਚਿਹਰਾ
ਸੂਰਜ ਚੜ੍ਹਦਾ, ਸੂਰਜ ਲਹਿੰਦਾ, ਪਰ ਇਹ ਥਾਂ ਏਂ
ਜਿਥੋਂ ਰੌਸ਼ਨੀਆਂ ਮੂੰਹ ਫੇਰੇ ।

ਕਾਲਾਂ ਦੇ ਪਰਛਾਵੇਂ ਧਰਤੀ ਤੋਂ ਲੰਘਦੇ ਪਏ
ਸੁੱਕ ਗਏ ਮਾਵਾਂ ਦੇ ਦੁੱਧ ਬੱਚੇ ਮਾਸ ਨੂੰ ਚੂੰਡਣ
ਬਾਂਝ ਹੋਈ ਧਰਤੀ ਦੀ ਕੁੱਖ ਵਿਚ ਸੁਪਨੇ ਮੋਏ
ਭੁੱਖਾਂ ਦੇ ਅਜ ਮੂੰਹ ਲੰਮੇਰੇ ।

ਨ੍ਹੇਰੀਆਂ ਕੋਠੜੀਆਂ ਵਾਂਗ ਕਿੰਨੇ ਜੀਵਨ ਧੁਆਂਖੇ
ਕਿੰਨੇ ਨੈਣ ਕਿਤਾਬਾਂ ਦੇ ਚਾਨਣ ਤੋਂ ਵਾਂਜੇ
ਰੌਸ਼ਨੀਆਂ ਭਾਵੇਂ ਅਜ ਵਿਕਦੀਆਂ ਸਰੇ ਬਾਜ਼ਾਰੀਂ
ਪਰ ਕਿਉਂ ਧੁਆਂਖੇ ਹੋਏ ਸਵੇਰੇ ?

ਤੇਰੇ ਦੋ ਨੈਣਾਂ ਦੀਆਂ ਰੌਸ਼ਨੀਆਂ ਕੰਬ ਰਹੀਆਂ
ਦੀਵਾ ਬਲਦਾ ਪਿਆ ਹੈ ਅਜ ਚਿਰਾਕੀ ਰਾਤੇ
ਆਖਰ ਚਾਨਣੀਆਂ ਚੋਂ ਲੰਘਦਿਆਂ ਵੀ ਮੈਂ ਤੱਕੇ
ਨ੍ਹੇਰਿਆਂ ਦੇ ਕਲ-ਮੂੰਹੇਂ ਚਿਹਰੇ ।

ਹਰਿਭਜਨ ਸਿੰਘ

## ਗੀਤ

ਜੋਬਨ ਦੀ ਰੁਤ ਕੋਈ ਨਾ ਮਾਹੀਆ
ਪਿਆਰਾਂ ਦਾ ਨਾ ਦਿਨ ਕੋਈ
ਜਿਸ ਪਲ ਸਾਡੀ ਦੇਹ ਝੁਣਿਆਏ
ਜੋਬਨ ਦਾ ਪਲ ਸੋਈ ।

ਹੰਝੂਆਂ ਦੀ ਵੀ ਰੁੱਤ ਵੇ ਮਾਹੀਆ
ਹਉਕੇ ਦੀ ਵੀ ਰੁੱਤ ਵੇ
ਕੀ ਜਾਣਾਂ ਕਦ ਲੂੰ ਲੂੰ ਸਾਡੇ
ਜਾਗੇ ਚਿਣਗ ਨਰੋਈ ।

ਪੌਣ ਪੁਰੇ ਦੀ ਹਉਕੇ ਭਰਦੀ
ਨਿੱਤ ਆਵੇ ਨਿੱਤ ਜਾਵੇ
ਉਹੋ ਪੂਰਾ ਜਿਹਦੇ ਵਿਚ ਜਾਗੇ
ਹਿਜਰਾਂ ਦੀ ਖ਼ੁਸ਼ਬੋਈ ।

ਲਖ ਪੁੰਨਿਆਂ ਦੇ ਚੰਨ ਤੋਂ ਸੋਹਣੀ
ਜਗਦਾ ਬੁਝਦਾ ਦੀਵਾ
ਜਿਸ ਦੀਵੇ ਇਕ ਤੰਦ ਰੂਪ ਦੀ
ਮੇਰੀ ਜਿੰਦ ਪਰੋਈ ।

ਅੰਬਰ ਤੋਂ ਲੱਖ ਡਾਰਾਂ ਲੰਘੀਆਂ
ਭੋਂ ਤੋਂ ਲੱਖ ਪਰਛਾਵੇਂ
ਔਹ ਜੋ ਖੰਭ ਚਿੜੀ ਦਾ ਡਿੱਗਾ
ਮੇਰਾ ਤਾਂ ਮਹਿਰਮ ਸੋਈ ।

ਸ਼ਾਮ ਹੋਈ ਪੱਛੋਂ ਦੇ ਬੁੱਲ੍ਹ ਤੇ
ਸੂਰਜ ਬੁੱਲ੍ਹ ਧਰ ਦਿਤੇ
ਉਮਰਾ ਦੀ ਢੰਦੀ ਤੇ ਵੀ
ਪਿਆਰਾਂ ਨੂੰ ਦੇਰ ਨਾ ਹੋਈ ।

ਗੁਰਚਰਨ ਰਾਮਪੁਰੀ

## ਚਾਨਣ ਦੇ ਖ਼ੂਹ

ਘੋਰ ਨ੍ਹੇਰੀ ਰਾਤ ਦੀ ਹਿਕੜੀ 'ਚ
ਇਹ ਮੇਰੀ ਨਿਮਾਣੀ ਦੀਵੜੀ
ਲਟ ਲਟਾ ਕੇ ਮਚ ਪਈ
ਮੇਰੇ ਘਰ ਦੀਆਂ ਖੁੰਦਰਾਂ ਵਿਚ
ਨੂਰ ਹੈ ਇਸਦਾ ਸਵਾਇਆ ਕੱਲ੍ਹ ਤੋਂ ।

ਮੱਸਿਆ ਦੀ ਰਾਤ ਨੂੰ ਅਜ
ਆਈ ਸੋਅ ਪੈਗ਼ੰਬਰਾਂ ਦੀ ਧਰਤੀਉਂ
ਜਾਗ ਪਏ ਚਾਨਣ ਅਤੇ ਅਗਨੀ ਦੇ ਖ਼ੂਹ
ਜਾਗ ਪਏ ਬਲ ਸੱਸੀਆਂ ਨੂੰ ਭੁੰਨਣ

ਭਟਕਦੇ ਮਜਨੂੰ ਜਿਨ੍ਹਾਂ ਵਿਚ ਸੁੱਕ ਤੀਲਾ ਹੋ ਗਏ
ਚਲਦੀਆਂ ਜਿਥੇ ਹਵਾਵਾਂ ਅਜ਼ਲ ਤੋਂ ਹੀ ਹਨ ਬਗ਼ਾਵਤ ਵਾਕਰਾਂ
ਜਾਗ ਪਏ ਬਾਜ਼ਾਰ ਜਿਥੇ ਸੀ ਕਦੇ
ਰੂਪ ਦਾ ਚੰਨ ਵਿਕ ਗਿਆ ਅੱਟੀ ਦੇ ਭਾਅ ।

ਜਾਗ ਪਏ ਜਿਨ੍ਹਾਂ ਨੇ ਦਿਤੀਆਂ ਸਭਿਅਤਾ ਨੂੰ ਲੋਰੀਆਂ
ਜਿਨ੍ਹਾਂ ਬਖ਼ਸ਼ੇ ਨੇ ਉਸਾਰੀ ਦੇ ਅਜੂਬੇ ਜੱਗ ਨੂੰ
ਹਸਦੀ ਜਿਨ੍ਹਾਂ ਦੇ ਖੇਤਾਂ ਦੀ ਕਪਾਹ ਕੁੜੀਆਂ ਦੇ ਵਾਂਗ
ਥਲ 'ਚ ਭੁਜਦੇ ਵੀ ਖਜੂਰਾਂ ਵਾਂਗਰਾਂ ਮਿੱਠੇ ਨੇ ਜੋ
ਸਿਦਕ ਜਿਨ੍ਹਾਂ ਦਾ ਹਿਜਰ ਦੀ ਰਾਤ ਜਹੀਆਂ ਲੰਮੀਆਂ ਵਾਟਾਂ ਨੇ ਆਪੂੰ ਸਿਰਜਿਆ
ਪਾਣ ਦਿੱਤੀ ਹੈ ਜਿਨ੍ਹਾਂ ਨੇ ਹੌਸਲੇ ਦੀ ਧਾਰ ਨੂੰ
ਆਪਣੇ ਮੁੜ੍ਹਕੇ ਦੇ ਨਾਲ ।

ਜਿਨ੍ਹਾਂ ਦੀ ਧਰਤੀ ਨੇ ਆਪਣੀ ਹਿੱਕ ਤੇ
ਪਾਪ ਲਾਮਾਂ ਦਾ ਸਹਿਆ ਗ਼ੈਰਾਂ ਲਈ
ਪਹੁੰਚ ਕੇ ਜਿਥੇ ਕਈ ਵਾਰ ਫ਼ਰੰਗੀ ਦੇ ਲਈ
ਲੁਟ ਗਿਆ ਪੰਜਾਬ ਦੀ ਧੀ ਦਾ ਸਹਾਗ
ਓਸ ਬਸਰੇ ਨੇ ਨਵੀਂ ਕਰਵਟ ਲਈ
ਚੋਰ ਸਭ ਪਹਿਚਾਣ ਲਏ ਬਗ਼ਦਾਦ ਨੇ
ਸੱਪ ਬੁੱਕਲ ਦੇ ਮੁਕਾ ਦਿਤੇ ਸਭੇ ।

ਭੁੱਖ ਦੇ ਥਲ ਵਿਚ ਕੋਈ ਗੂੰਜੀ ਮਹਾਂ ਲਲਕਾਰ ਹੈ
'ਅਣਖ ਧਰ ਕੇ ਦੇਸ ਦੀ ਗਹਿਣੇ
ਹੈ ਕਿਹੜਾ ਹੀਰਿਆਂ ਵਿਚ ਖੇਡਦਾ ?
'ਕੰਨ ਸੁਣਦੇ ਹਨ ਕਿਹਦੇ ਛਣਕਾਰ ਪਾਇਲ ਦੀ ਸਿਰਫ਼ ?
ਭੁਖਿਆਂ ਦੀ ਚੀਕ ਨਾ ਕਿਸਨੂੰ ਸੱਦੇ ?
'ਧਰਤ ਦੀ ਕੁੱਖ ਪਏ ਚਾਨਣ ਦੇ ਮਹਾਂ-ਭੰਡਾਰ ਨੂੰ
ਕੌਣ ਲੁਟਦਾ ਹੈ ਪਿਆ ?'

ਲੈ ਮਸ਼ਾਲਾਂ ਨਿਕਲ ਆਏ ਸੂਰਮੇ
ਅੰਬਰਾਂ ਦੇ ਤਾਰਿਆਂ ਨੂੰ ਲੱਗਿਆ
ਧਰਤ ਤੇ ਜੀਕਰ ਸਿਤਾਰੇ ਜਗ ਪਏ
ਉਨ੍ਹਾਂ ਨੇ ਰਿਸ਼ਮਾਂ ਦੇ ਹੱਥ ਹੇਠਾਂ ਸਲਾਮਾਂ ਭੇਜੀਆਂ ।

ਸੁਏਜ਼ ਦੀ ਹਿੱਕ ਵਿਚ ਉਤਰ ਆਏ ਉਹੋ
ਮੇਰੇ ਦੀਵੇ ਦਾ ਵੀ ਚਾਨਣ ਵਧ ਗਿਆ
ਕੰਬ ਗਈ ਮੱਸਿਆ ਦੀ ਰਾਤ
ਜਗ ਪਏ ਜਦ ਨੀਲ, ਦਜਲਾ ਤੇ ਫ਼ਰਾਤ ।

ਤਾਰਾ ਸਿੰਘ

## ਯਾਦ

ਹੁਣੇ ਹੁਣੇ ਚੀਰ ਸੰਘਣੀਆਂ ਧੁੰਦਾਂ
ਤੁਹਾਡੀ ਯਾਦ ਜ਼ਮਾਨੇ ਤੋਂ ਅੱਖ ਚੁਰਾ ਕੇ ਮਿਲੀ
ਸੁਲਗਦੇ ਸਮਿਆਂ ਦੇ ਮਸਲੇ, ਬੰਧੇਜ-ਸੂਲਾਂ ਤੋਂ
ਲਰਜ਼ਦੇ ਸਾਹਸ ਦਾ ਲੜ ਬਚਾ ਬਚਾ ਕੇ ਮਿਲੀ ।

ਮਿਲੇ ਨੇ ਰਾਹਾਂ 'ਚ ਪਿਆਸੇ ਹਜ਼ਾਰ ਕਿਰਨਾਂ ਦੇ ਦਿਲ
ਜਿਨ੍ਹਾਂ ਦੇ ਅੰਗਾਂ 'ਚ ਸੂਰਜ ਨੇ ਰੋਸ਼ਨੀ ਭਰੀ
ਉਹ ਲੀਰ ਲੀਰ ਮਿਲੇ ਨੇ ਹਜ਼ਾਰ ਪੌਣਾਂ ਦੇ ਵੇਸ
ਜਿਨ੍ਹਾਂ ਬੇਦਰਦ ਜ਼ਮਾਨੇ ਤੋਂ ਦਿਲਬਰੀ ਨਾ ਸਰੀ ।

ਮਿਲੀ ਹੈ ਰਮਾਂ 'ਚ ਬੱਚਿਆਂ ਦੀ ਪੈੜ ਦਰ ਦਰ ਤੇ
ਜਿਨ੍ਹਾਂ ਦੇ ਕਦਮਾਂ ਦੀ ਗਰਮੀ ਦੀ ਮਹਿਕ, ਜੀਅ ਨਾ ਭਰੇ
ਇਹੋ ਹੀ ਪੈੜਾਂ ਜੇ ਤੁਰ ਜਾਣ ਪਾਠਸ਼ਾਲਾ ਨੂੰ
ਤਾਂ ਮਹਿਕੇ ਧਰਤੀ ਦਾ ਕਣ ਕਣ ਤੇ ਦੋਸਤਾਨਾ ਕਰੇ ।

ਪਸਰਦੀ ਰਾਹਾਂ 'ਚ ਦੁਰਗੰਧ ਜਹੀ ਬਦੂਦ-ਹਵਾੜ੍ਹ
ਜਿੱਦ੍ਹੀ ਕੁਰਿਤਣ ਤੋਂ ਯਾਦਾਂ ਦੇ ਨੈਣ ਪਾਣੀ ਹੈ
ਮਿਲੇ ਨੇ ਮਰਦ, ਹਾਂ ਇਸ ਦਾ ਯਕੀਨ ਆਉਂਦਾ ਨਹੀਂ
ਮਿਲੀ ਹੈ ਜਨਨੀ ਕਿ ਹਿਰਖਾਂ ਭਰੀ ਕਹਾਣੀ ਹੈ ।

ਮਿਲੇ ਨੇ ਸੱਜਰੇ ਜਹੇ ਜਿਸਮ, ਆਸ-ਮਈ ਚਿਹਰੇ
ਜਿਨ੍ਹਾਂ ਦੇ ਨਜ਼ਰਾਂ ਦੇ ਚੁੰਮਣ ਫਿਜ਼ਾ ਵੀ ਨਸ਼ਿਆਏ
ਜਿਨ੍ਹਾਂ ਦੇ ਅੰਗਾਂ ਦੀ ਅੰਗਸ ਕਿ ਰੂਹ ਥਰਕ ਜਾਏ ।
ਜਿਨ੍ਹਾਂ ਦੇ ਸੀਨੇ ਦੀ ਧੜਕਣ ਕਿ ਦਿਲ ਮੁਰਕ ਜਾਏ ।

ਮਿਲੇ ਨੇ ਸੁੰਵਾਂ ਭਰੇ ਨੈਣ, ਓਦਰੇ ਪੈਂਡੀਂ
ਜਿਨ੍ਹਾਂ ਨੇ ਸੁਪਨੇ ਉਗਾਏ ਤਾਂ ਸੀ, ਮਰੁੰਡੇ ਗਏ
ਮਿਲੇ ਨੇ ਸੀਤ ਜਹੇ ਬੁੱਲ੍ਹ, ਬਾਂਝ ਜੂਹਾਂ ਤੇ
ਜਿਨ੍ਹਾਂ ਨੇ ਗੀਤ ਉਗਾਏ ਤਾਂ ਸੀ, ਕਰੁੰਡੇ ਗਏ ।

ਮਿਲੇ ਨੇ ਰਾਹਾਂ 'ਚ ਖ਼ੁਸ਼ਹਾਲ ਬਾਲ, ਸੁੱਚੇ-ਸੁਪਨ
ਉਹ ਤੜਕ ਸਾਰ ਹੀ ਜੰਮੇ ਕਣਕ ਦੇ ਤੂਇਆਂ ਜਹੇ
ਉਨ੍ਹਾਂ ਦੇ ਬੋਲਾਂ ਦਾ ਜੇ ਜਲ-ਤਰੰਗ ਥਰਕ ਉਠਿਆ
ਜ਼ਮੀਨ ਬਦਲੇਗੀ ਪਾਸਾ, ਤਾਂ ਫਿਰ ਸਮਾਂ ਨਾ ਕਹੇ !

ਤੁਹਾਡੀ ਯਾਦ ਤਾਂ ਆਈ ਹੈ ਚੀਰ ਕੇ ਧੁੰਦਾਂ
ਇਹ ਇੰਜ ਤੜਫਦੀ ਹੈ, ਬੈਠੀ ਹੈ ਜਿਉਂ ਅੰਗਾਰੇ ਤੇ
'ਇਹਦਾ ਟਿਕਾ ਉਨ੍ਹਾਂ ਰਾਹਾਂ ਨੇ ਖੋਹ ਲਿਆ ਹੋਵੇ
ਨਾ ਪੈ ਗਿਆ ਹੋਵੇ ਅਕਸ ਇਸਦਾ ਪਾਰੇ ਤੇ ।

# ਇਤਿਹਾਸਕ ਤੇ ਧਾਰਮਕ ਅਸਥਾਨ

www.PunjabiLibrary.com

# ਇਤਿਹਾਸਕ ਤੇ ਧਾਰਮਕ ਅਸਥਾਨ

ਜਿਵੇਂ ਆਰੰਭ ਵਿਚ ਲਿਖਿਆ ਗਿਆ ਹੈ, ਪੰਜਾਬ ਦਾ ਇਤਿਹਾਸ ਅਤੇ ਉਸ ਦੇ ਬਹੁਤ ਸਾਰੇ ਇਤਿਹਾਸਕ ਅਸਥਾਨ ਇਤਨੇ ਹੀ ਪਰਾਚੀਨ ਅਤੇ ਵਿਸ਼ੇਸ਼ਤਾ ਭਰਪੂਰ ਹਨ ਜਿਤਨੀ ਕਿ ਹਿੰਦੁਸਤਾਨ ਦੀ ਸਭਿਅਤਾ। ਕੁਝ ਸ਼ਹਿਰ ਤਾਂ ਆਰਯ ਲੋਕਾਂ ਦੇ ਇਥੇ ਆਉਣ ਤੋਂ ਵੀ ਪਹਿਲਾਂ ਦੇ ਹਨ ਅਤੇ ਕੁਝ ਉਨ੍ਹਾਂ ਦੇ ਇਥੇ ਆਉਣ ਪਰ ਵਸੇ। ਫੇਰ ਜਿਉਂ ਜਿਉਂ ਨਵੇਂ ਲੋਕ ਬਾਹਰੋਂ ਆਏ, ਨਵੇਂ ਰਾਜ ਬਣੇ, ਨਵੇਂ ਟਿਕਾਣੇ ਉਸਰੇ, ਲੋਕਾਂ ਵਿਚ ਰਾਜਸੀ, ਧਾਰਮਕ ਅਤੇ ਭਾਈਚਾਰਕ ਅਦਲਾ-ਬਦਲੀਆਂ ਹੋਈਆਂ ਅਤੇ ਲੋਕ ਆਪਣੇ ਪੁਰਾਣੇ ਅਸਥਾਨਾਂ ਤੋਂ ਬਾਹਰ ਨੂੰ ਪਸਰੇ, ਤਾਂ ਥਾਉਂ ਥਾਈਂ ਨਵੇਂ ਸ਼ਹਿਰ ਤੇ ਪਿੰਡ ਆਬਾਦ ਹੁੰਦੇ ਗਏ। ਕਈ ਵਾਰੀ ਬਿਦੇਸੀ ਤੇ ਅਸਥਾਈ ਵੈਰੀਆਂ ਦੀਆਂ ਵਾਹਰਾਂ ਆ ਪਈਆਂ ਅਤੇ ਕਈ ਵਾਰੀ ਦਰਿਆਵਾਂ ਨੇ ਆਪਣੇ ਰੁਖ ਬਦਲੇ ਜਿਸ ਨਾਲ ਕੁਝ ਪੁਰਾਣੇ ਸ਼ਹਿਰ ਤੇ ਪਿੰਡ ਉਜੜ ਗਏ ਅਤੇ ਨਵੇਂ ਦੂਸਰੇ ਥਾਈਂ ਜਾ ਵਸੇ।

ਦੇਸ ਵਿਚ ਅੰਗਰੇਜ਼ੀ ਰਾਜ ਹੋ ਜਾਣ ਨਾਲ ਹਾਲਾਤ ਕੁਝ ਬਦਲ ਗਏ। ਇਹ ਬਾਣੀਏ ਲੋਕ ਸਨ। ਜਿਥੇ ਜਿਥੇ ਇਨ੍ਹਾਂ ਨੇ ਆਪਣੇ ਵਪਾਰ ਦੇ ਅੱਡੇ ਬਣਾਏ ਅਤੇ ਕੋਠੀਆਂ ਅਸਥਾਪਨ ਕੀਤੀਆਂ, ਉਥੇ ਹੌਲੀ ਹੌਲੀ ਸ਼ਹਿਰ ਉੱਸਰ ਪਏ। ਰੇਲਾਂ ਬਣ ਜਾਣ ਨਾਲ ਹਰ ਵੱਡੇ ਸਟੇਸ਼ਨ ਦੇ ਆਲੇ ਦੁਆਲੇ ਆਬਾਦੀ ਹੋ ਗਈ ਜੋ ਵਧ ਕੇ ਪਿੰਡਾਂ ਅਤੇ ਸ਼ਹਿਰਾਂ ਦੀ ਸ਼ਕਲ ਧਾਰਣ ਕਰ ਗਈ। ਇਸੇ ਤਰ੍ਹਾਂ ਹੀ ਨਹਿਰਾਂ ਦੇ ਛੋਟੇ ਵੱਡੇ ਟਿਕਾਣਿਆਂ ਦਾ ਹਾਲ ਹੈ। ੧੯੪੭ ਵਿਚ ਦੇਸ ਦੀ ਵੰਡ ਵੇਲੇ ਆਬਾਦੀ ਦੇ ਤਬਾਦਲੇ ਨੇ ਸ਼ਹਿਰੀ ਜ਼ਿੰਦਗੀ ਵਿਚ ਇਕ ਨਵਾਂ ਇਨਕਲਾਬ ਪੈਦਾ ਕਰ ਦਿੱਤਾ ਹੈ। ਪੰਜਾਬ ਦੇ ਜਿਸ ਸ਼ਹਿਰ ਵਲ ਦੇਖੋ, ਲਹਿੰਦੇ ਵਲੋਂ ਆਏ ਵਪਾਰੀ ਲੋਕਾਂ ਦੀ ਵਸੋਂ ਨਾਲ ਚਹਿਲ-ਪਹਿਲ ਵਧ ਗਈ ਹੈ ਅਤੇ ਰਹਿਣ ਸਹਿਣ ਦੇ ਢੰਗਾਂ ਵਿਚ ਵੀ ਚੋਖਾ ਫ਼ਰਕ ਪੈ ਗਿਆ ਹੈ। ਇਹ ਹੀ ਨਹੀਂ, ਬਲਕਿ ਕਈ ਨਵੇਂ ਸ਼ਹਿਰ ਆਬਾਦ ਹੋ ਗਏ ਹਨ ਜੋ ਦੇਸ ਦੇ ਇਤਿਹਾਸ ਵਿਚ ਆਪਣੇ ਵਿਤ ਅਨੁਸਾਰ ਵਾਧੇ ਕਰ ਰਹੇ ਹਨ।

ਹੇਠਾਂ ਅਸੀਂ ਦੇਸ ਦੇ ਕੁਝ ਕੁ ਉੱਘੇ ਇਤਿਹਾਸਕ ਅਤੇ ਧਾਰਮਕ ਅਸਥਾਨਾਂ ਦਾ ਜ਼ਿਕਰ ਕਰ ਰਹੇ ਹਾਂ। ਜਿਹੜੇ ਸ਼ਹਿਰ ਆਮ ਮਸ਼ਹੂਰ ਹਨ ਅਤੇ ਜਿਨ੍ਹਾਂ ਸੰਬੰਧੀ ਵਾਕਫ਼ੀ ਸੌਖੇ ਹੀ ਪਰਾਪਤ ਹੋ ਸਕਦੀ ਹੈ ਉਨ੍ਹਾਂ ਦਾ ਵਰਣਨ ਸੰਖੇਪ ਨਾਲ ਕੀਤਾ ਹੈ, ਪਰ ਜਿਨ੍ਹਾਂ ਦਾ ਇਤਿਹਾਸ ਸਮੇਂ ਦੀ ਦੂਰੀ ਵਿਚ ਲੁਕ ਗਿਆ ਹੈ ਜਾਂ ਉਹ ਇਸ ਵੇਲੇ ਬਹੁਤੇ ਪਰਸਿੱਧ ਨਹੀਂ ਰਹੇ, ਉਨ੍ਹਾਂ ਬਾਬਤ ਜ਼ਰਾ ਕੁ ਵਿਸਥਾਰ ਹੈ।

## ਆਨੰਦਪੁਰ ਸਾਹਿਬ

ਤਹਿਸੀਲ ਊਨਾ, ਜ਼ਿਲਾ ਹੁਸ਼ਿਆਰਪੁਰ

ਰੋਪੜ ਤੋਂ ਉੱਤਰ ਨੂੰ ੨੨ ਮੀਲ ਅਤੇ ਨੰਗਲ ਡੈਮ ਤੋਂ ੧੩ ਮੀਲ ਦੱਖਣ ਚੜ੍ਹਦੇ ਨੂੰ,ਆਨੰਦਪੁਰ ਸਾਹਿਬ ਸਿੱਖਾਂ ਦਾ ਪਵਿੱਤਰ ਧਾਰਮਕ ਅਸਥਾਨ ਹੈ ਜਿਥੇ ਕੇਸਗੜ੍ਹ ਵਾਲੀ ਥਾਂ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਸੰਮਤ ੧੭੫੬ ਬਿਕਰਮੀ ਦੀ ਵਿਸਾਖੀ ਵਾਲੇ ਦਿਨ (੨੯ ਮਾਰਚ, ੧੬੯੯ ਈ. ਨੂੰ) ਸਿੱਖਾਂ ਦੇ ਭਰੇ ਦੀਵਾਨ ਵਿਚ ਕਿਰਪਾਨ ਨਾਲ ਅਜ਼ਮਾਇਸ਼ ਕਰ ਕੇ ਪੰਜ ਪਿਆਰੇ ਚੁਣੇ, ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਸਿੰਘ ਬਣਾ ਕੇ ਖ਼ਾਲਸਾ ਸਾਜਿਆ ਅਤੇ ਉਨ੍ਹਾਂ ਨੂੰ ਪੂਰਣ ਤੌਰ ਤੇ ਕੇਸਾਧਾਰੀ ਹੋਣ ਦੀ ਰਹਿਤ ਦੱਸੀ। ਇਸ ਅਸਥਾਨ ਤੇ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਇਹ ਨਗਰ ਨੌਵੇਂ ਗੁਰੂ ਤੇਗ਼ ਬਹਾਦੁਰ ਜੀ ਨੇ ਮਾਖੋਵਾਲ ਪਿੰਡ ਦੀ ਜ਼ਮੀਨ ਖ਼ਰੀਦ ਕੇ ਸੰਮਤ ੧੭੨੩

www.PunjabiLibrary.com




ਗੁਰਦੁਆਰਾ ਬਾਉਲੀ ਸਾਹਿਬ (ਗੋਇੰਦਵਾਲ)





ਗੁਰਦੁਆਰਾ ਗੋਇੰਦਵਾਲ ਸਾਹਿਬ





ਗੁਰੂ ਅਰਜਨ ਦੇਵ ਦਾ ਨਿਵਾਸ ਅਸਥਾਨ (ਗੋਇੰਦਵਾਲ)



ਲੋਹ ਗੜ੍ਹ (ਅਨੰਦਪੁਰ)




ਗੁਰਦੁਆਰਾ
ਬਾਬਾ ਗੁਰਦਿੱਤਾ ਜੀ
ਕੀਰਤਪੁਰ ਸਾਹਿਬ




ਗੁਰਦੁਆਰਾ ਬਾਬਾ ਗੁਰਦਿੱਤਾ ਜੀ — ਕੀਰਤਪੁਰ ਸਾਹਿਬ




ਸਾਈਂ ਬੁੱਢਣਸ਼ਾਹ ਦੀ ਸਮਾਧ
ਕੀਰਤਪੁਰ ਸਾਹਿਬ




ਗੁਰਦੁਆਰਾ ਕੇਸਗੜ੍ਹ (ਅਨੰਦਪੁਰ) ਦੂਰ ਦਾ ਦ੍ਰਿਸ਼



ਗੁਰਦੁਆਰਾ ਕੇਸਗੜ੍ਹ (ਅਨੰਦਪੁਰ) ਨੇੜੇ ਦਾ ਦ੍ਰਿਸ਼



ਅਕਾਲ ਤਖਤ (ਅੰਮ੍ਰਿਤਸਰ)




ਹਰਿਮੰਦਰ ਸਾਹਿਬ (ਅੰਮ੍ਰਿਤਸਰ)




ਗੁਰਦੁਆਰਾ ਡੇਹਰਾ ਸਾਹਿਬ ਮੁਕਤਸਰ




ਗੁਰਦੁਆਰਾ ਥੰਮ੍ਹ ਸਾਹਿਬ (ਕਰਤਾਰਪੁਰ)



ਗੁਰਦੁਆਰਾ ਸ਼ੀਸ਼ ਮਹੱਲ (ਕਰਤਾਰਪੁਰ)



ਗੁਰਦੁਆਰਾ ਤਰਨ ਤਾਰਨ (ਸਾਹਮਣੇ ਦਾ ਦ੍ਰਿਸ਼)




ਗੁਰਦੁਆਰਾ ਤਰਨ ਤਾਰਨ (ਪਿੱਛੇ ਦਾ ਦ੍ਰਿਸ਼)




ਹਰਿਮੰਦਰ ਸਾਹਿਬ ਤਰਨ ਤਾਰਨ (ਅਦਰਲਾ ਦ੍ਰਿਸ਼)




ਕਿੱਲਾ ਸਾਹਿਬ (ਗੁਰਦੁਆਰਾ ਖਡੂਰ ਸਾਹਿਬ)




ਗੁਰਦੁਆਰਾ ਗੁਰੂ ਅਮਰਦਾਸ (ਗੋਇੰਦਵਾਲ)




ਗੁਰਦੁਆਰਾ ਗੁਰੂ ਅਮਰਦਾਸ ਜੀ (ਖਡੂਰ ਸਾਹਿਬ)

ਬਿਕਰਮੀ (ਸੰਨ ੧੬੬੬ ਈ.) ਵਿਚ ਵਸਾਇਆ ਸੀ ਅਤੇ ਆਪਣੀ ਰਿਹਾਇਸ਼ ਏਥੇ ਕੀਤੀ ਸੀ। ਗੁਰੂ ਗੋਬਿੰਦ ਸਿੰਘ ਦੇ ਵੇਲੇ ਇਸ ਦੀ ਪ੍ਰਭਤਾ ਵਧ ਗਈ ਅਤੇ ਸਿੱਖੀ ਦੇ ਕੇਂਦਰ ਦੇ ਨਾਲੋ ਨਾਲ ਇਹ ਸਾਹਿਤ-ਰਚਨਾ ਦਾ ਵੀ ਇਕ ਉੱਘਾ ਕੇਂਦਰ ਬਣ ਗਿਆ। ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਅਨੇਕਾਂ ਲਿਖਾਰੀ ਆ ਇਕੱਤਰ ਹੋਏ ਜਿਨ੍ਹਾਂ ਨੇ ਬਹੁਤ ਸਾਰੇ ਗ੍ਰੰਥ ਰਚੇ ਅਤੇ ਸੰਸਕ੍ਰਿਤ ਵਿਚੋਂ ਪੰਜਾਬੀ ਜਾਂ ਬ੍ਰਜ-ਭਾਖਾ ਵਿਚ ਉਲਥਾਏ। ਸਿੱਖਾਂ ਦੀ ਚੜ੍ਹਦੀ ਕਲਾ ਨੂੰ ਵੇਖ ਕੇ ਪਹਾੜੀ ਰਾਜੇ ਅਤੇ ਮੁਗ਼ਲ ਕਰਮਚਾਰੀ ਉਨ੍ਹਾਂ ਦੇ ਵਿਰੋਧੀ ਹੋ ਗਏ। ਅੰਤ ਦਸੰਬਰ ਸੰਨ ੧੭੦੪ ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਛਡਣਾ ਪੈ ਗਿਆ ਜਿਥੇ ਕਿ ਫਿਰ ਉਹ ਨਾ ਆਏ ਅਤੇ ਸੰਨ ੧੭੦੮ ਵਿਚ ਨਦੇੜ (ਦੱਖਣ) ਵਿਚ ਸੁਰਗਵਾਸ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਰੱਖਿਆ ਲਈ ਪੰਜ ਕਿਲੇ ਤਿਆਰ ਕਰਾਏ ਸਨ, ਜਿਥੇ ਹੁਣ ਗੁਰਦੁਆਰੇ ਬਣੇ ਹੋਏ ਹਨ :

੧. ਆਨੰਦਗੜ੍ਹ, ੨. ਲੋਹਗੜ੍ਹ, ੩. ਫਤਿਹਗੜ੍ਹ, ੪. ਕੇਸ ਗੜ੍ਹ, ੫. ਹੋਲ ਗੜ੍ਹ।

ਆਨੰਦਪੁਰ ਵਿਚ ਹੇਠ ਲਿਖੇ ਇਤਿਹਾਸਕ ਗੁਰ-ਅਸਥਾਨ ਹਨ :

(੧) ਅਕਾਲ ਬੁੰਗਾ, ਸੀਸ ਗੰਜ ਦੇ ਇਹਾਤੇ ਅੰਦਰ, ਜਿਥੇ ਗੁਰੂ ਗੋਬਿੰਦ ਸਿੰਘ ਜੀ ਨੂੰ ਤਿਲਕ ਹੋਇਆ ਸੀ।

(੨) ਆਨੰਦਗੜ੍ਹ ਕਿਲਾ, ਸ਼ਹਿਰ ਆਨੰਦਪੁਰ ਤੋਂ ਦੱਖਣ ਵਲ।

(੩) ਸੀਸਗੰਜ, ਸ਼ਹਿਰ ਦੇ ਅੰਦਰ, ਜਿੱਥੇ ਦਿੱਲੀ ਤੋਂ ਆਏ ਸ੍ਰੀ ਗੁਰੂ ਤੇਗ਼ ਬਹਾਦੁਰ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ।

(੪) ਕੇਸਗੜ੍ਹ, ਜਿਥੇ ਗੁਰੂ ਜੀ ਨੇ ਖ਼ਾਲਸਾ ਸਾਜਿਆ ਸੀ।

(੫) ਗੁਰੂ ਕੇ ਮਹਿਲ, ਸ਼ਹਿਰ ਵਿਚ ਗੁਰੂ ਤੇਗ ਬਹਾਦੁਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਵਾਸ ਅਸਥਾਨ। ਇਥੇ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦਾ ਜਨਮ ਹੋਇਆ।

(੬) ਦਮਦਮਾ ਸਾਹਿਬ, ਸ਼ਹਿਰ ਤੋਂ ਪੱਛਮ ਵਲ, ਗੁਰੂ ਗੋਬਿੰਦ ਸਿੰਘ ਜੀ ਦਾ ਦੀਵਾਨ ਅਸਥਾਨ।

(੭) ਮੰਜੀ ਸਾਹਿਬ, ਗੁਰੂ ਕੇ ਮਹਿਲਾਂ ਪਾਸ, ਗੁਰੂ ਤੇਗ ਬਹਾਦੁਰ ਸਾਹਿਬ ਦਾ ਦੀਵਾਨ ਅਸਥਾਨ। ਇਥੇ ਹੀ ਕਸ਼ਮੀਰ ਦੇ ਪੰਡਤਾਂ ਨੇ ਗੁਰੂ ਜੀ ਪਾਸ ਫ਼ਰਿਆਦ ਕੀਤੀ ਸੀ।

(੮) ਮੰਜੀ ਸਾਹਿਬ (ਦੂਸਰਾ), ਸ਼ਹਿਰ ਵਿਚ ਜਿਥੇ ਸਾਹਿਬਜ਼ਾਦੇ ਪੜ੍ਹਦੇ ਰਹੇ ਸਨ। ਇਥੇ ਇਕ ਪੁਰਾਤਨ ਬੋਹੜ ਦਾ ਦਰਖ਼ਤ ਹੈ।

(੯) ਭੋਰਾ ਸਾਹਿਬ, ਗੁਰੂ ਕੇ ਮਹਿਲਾਂ ਅੰਦਰ, ਗੁਰੂ ਤੇਗ ਬਹਾਦੁਰ ਜੀ ਦਾ ਏਕਾਂਤ ਅਸਥਾਨ।

(੧੦) ਫ਼ਤਿਹਗੜ੍ਹ ਕਿਲਾ, ਸ਼ਹਿਰ ਵਿਚ ਥਾਣੇ ਦੇ ਪਾਸ। ਇਹ ਢਹਿ ਚੁਕਾ ਹੈ।

(੧੧) ਲੋਹਗੜ੍ਹ, ਸ਼ਹਿਰ ਤੋਂ ਨੈਰੱਤ ਕੋਣ (ਦੱਖਣ ਪੱਛਮ) ਵਿਚ। ਇਹ ਵੀ ਢਹਿ ਚੁਕਾ ਹੈ।

## ਅੰਮ੍ਰਿਤਸਰ

ਦਿੱਲੀ ਤੋਂ ਉੱਤਰ-ਲਹਿੰਦੇ ਨੂੰ ੨੭੮ ਮੀਲ

ਇਹ ਸ਼ਹਿਰ ਉਮਰ ਵਿਚ ਤਾਂ ਭਾਵੇਂ ਚਾਰ ਕੁ ਸੌ ਸਾਲ ਹੀ ਪੁਰਾਣਾ ਹੈ, ਪਰ ਆਪਣੀ ਇਤਿਹਾਸਕ, ਧਾਰਮਕ ਅਤੇ ਵਪਾਰਕ ਮਹੱਤਤਾ ਕਰਕੇ ਇਹ ਪੰਜਾਬ ਵਿਚ ਸਭ ਤੋਂ ਜ਼ਿਆਦਾ ਪਰਸਿੱਧ ਹੈ। ਇਸ ਦੀ ਨੀਂਹ ਸਿੱਖਾਂ ਦੇ ਤੀਸਰੇ ਗੁਰੂ ਅਮਰਦਾਸ ਦੀ ਆਗਿਆ ਅਨੁਸਾਰ ਚੌਥੇ ਗੁਰੂ ਰਾਮਦਾਸ ਨੇ ਹਾੜ ੧੬੨੧ ਬਿਕਰਮੀ, ਜੂਨ ਸੰਨ ੧੫੬੪ ਨੂੰ ਇਥੇ ਸੰਤੋਖਸਰ ਨਾਮੀ ਤਾਲ ਪੁਟਵਾ ਕੇ ਰੱਖੀ ਸੀ। ਕਹਿੰਦੇ ਹਨ ਕਿ ਪਰਾਚੀਨ ਰਿਖੀਆਂ ਦੇ ਸਮੇਂ ਇਹ ਇਕ ਤਪਸਥਾਨ ਹੁੰਦਾ ਸੀ ਅਤੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੇ ਵੀ ਇੱਥੇ ਚਰਨ ਪਾਏ ਸਨ। ਸੰਤੋਖਸਰ ਦੀ ਪੁਟਾਈ

ਦੇ ਦਸ ਸਾਲ ਪਿੱਛੋਂ ਗੁਰੂ ਰਾਮਦਾਸ ਨੇ ਸੰਮਤ ੧੬੩੧ ਬਿ. (ਸੰਨ ੧੫੭੪ ਈ.) ਵਿਚ ਇੱਥੇ ਪਿੰਡ 'ਚੱਕ ਗੁਰੂ' ਬੰਨ੍ਹਿਆ ਅਤੇ ਅੰਮ੍ਰਿਤਸਰ ਨਾਮੀ ਤਾਲ ਪੁਟਵਾਇਆ ਜੋ ਗੁਰੂ ਅਰਜਨ ਦੇ ਸਮੇਂ ਮੁਕੰਮਲ ਹੋਇਆ। ਸ਼ਹਿਰ ਦਾ ਨਾਉਂ ਸ਼ੁਰੂ ਵਿਚ ਰਾਮਦਾਸ ਪੁਰਾ ਸੀ, ਪਰ ਪਿੱਛੋਂ ਸਰੋਵਰ ਅਤੇ ਸ਼ਹਿਰ ਦੋਹਾਂ ਦਾ ਨਾਉਂ ਅੰਮ੍ਰਿਤਸਰ ਪਰਸਿੱਧ ਹੋ ਗਿਆ। ਹੋਲੀ ਹੋਲੀ ਇੱਥੇ ਵੱਖ ਵੱਖ ਜਾਤਾਂ ਅਤੇ ਕਿੱਤਿਆਂ ਦੇ ਲੋਕ ਆ ਆਬਾਦ ਹੋਏ ਅਤੇ ਬਾਹਰੋਂ ਲੋਕਾਂ ਦੀ ਆਵਾਜਾਈ ਨਾਲ ਰੌਣਕ ਵਧਦੀ ਗਈ। ਹੁਣ ਅੰਮ੍ਰਿਤਸਰ ਸਿੱਖਾਂ ਦਾ ਧਾਰਮਕ ਕੇਂਦਰ ਬਣ ਗਿਆ ਅਤੇ ਦੇਸ ਵਿਚ ਥਾਂ ਥਾਂ ਹਿੰਦੂ ਅਤੇ ਮੁਸਲਮਾਨ ਸਿੱਖ ਬਣਨੇ ਆਰੰਭ ਹੋ ਗਏ ਅਤੇ ਗੁਰੂ ਅਰਜਨ ਦੀ ਪ੍ਰਭਤਾ ਫੈਲ ਗਈ। ਇਹ ਗੱਲ ਜਹਾਂਗੀਰ ਬਾਦਸ਼ਾਹ ਸਹਾਰ ਨਾ ਸਕਿਆ। ਉਸ ਨੇ ਗੁਰੂ ਅਰਜਨ ਦੇ ਧਾਰਮਕ ਪਰਚਾਰ ਨੂੰ ਬੰਦ ਕਰਨ ਜਾਂ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਦੀ ਵਿਚਾਰ ਧਾਰੀ ਹੋਈ ਸੀ, ਪਰ ਕੋਈ ਬਿਧ ਨਾ ਬਣੀ। ਅੰਤ ਆਪਣੇ ਪੁੱਤਰ ਖ਼ੁਸਰੋ ਦੀ ਬਗ਼ਾਵਤ ਵੇਲੇ ਝੂਠੀਆਂ ਊਜਾਂ ਦੇ ਆਧਾਰ ਉਤੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿਤਾ। ਛੇਵੇਂ ਗੁਰੂ ਹਰਿਗੋਬਿੰਦ ਤੋਂ ਬਾਦ ਕੋਈ ਗੁਰੂ ਸਾਹਿਬ ਅੰਮ੍ਰਿਤਸਰ ਨਹੀਂ ਰਹੇ।

ਸੰਨ ੧੭੦੯ ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਚ ਕੁਝ ਸਿੰਘਾਂ ਅਤੇ ਚੂਹੜ ਮੱਲ ਖੱਤ੍ਰੀ ਦੇ ਆਦਮੀਆਂ ਵਿਚ ਨਿਗੂਣੀ ਜਿਹੀ ਗੱਲ ਤੋਂ ਤਕਰਾਰ ਹੋ ਗਿਆ। ਇਸ ਗੱਲ ਨੂੰ ਵਧਾ ਚੜ੍ਹਾ ਕੇ ਚੂਹੜ ਮੱਲ ਨੇ ਲਾਹੌਰ ਦੇ ਨਾਇਬ ਸੂਬੇਦਾਰ ਅਸਲਮ ਖ਼ਾਨ ਪਾਸ ਨਾਲਸ਼ ਜਾ ਕੀਤੀ ਅਤੇ ਪੱਟੀ ਦੇ ਅਮੀਨ ਹਰਿ ਸਹਾਇ ਦੇ ਨਾਉਂ ਪਰਵਾਨਾ ਲੈ ਆਇਆ। ਇਹ ਦੋਨੋਂ ਸਿੰਘਾਂ ਉਤੇ ਆ ਚੜ੍ਹੇ ਅਤੇ ਉਨ੍ਹਾਂ ਨੂੰ ਮਾਰ ਕੁਟ ਕੇ ਅੰਮ੍ਰਿਤਸਰੋਂ ਕੱਢ ਦੇਣ ਦੇ ਮਨਸੂਬੇ ਕਰਨ ਲੱਗੇ, ਪਰ ਲੜਾਈ ਵਿਚ ਹਰਿ ਸਹਾਇ ਮਾਰਿਆ ਗਿਆ। ਇਹ ਸੁਣ ਕੇ ਅਸਲਮ ਖ਼ਾਨ ਨੇ ਸਿੰਘਾਂ ਦੇ ਵਿਰੁਧ ਨੁਸ਼ਹਿਰਾ ਪੰਨੂਆਂ ਦੇ ਚੌਧਰੀ ਦੇਵੇ ਨੂੰ ਸਰਕਾਰੀ ਕੁਮਕ ਦੇ ਕੇ ਭੇਜਿਆ, ਪਰ ਉਹ ਵੀ ਸਿੰਘਾਂ ਪਾਸੋਂ ਹਾਰ ਖਾ ਕੇ ਭੱਜ ਨਿਕਲਿਆ। ਗੁਰੂ ਗੋਬਿੰਦ ਸਿਘ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਦ ਇਹ ਪਹਿਲੀ ਟੱਕਰ ਸੀ ਜੋ ਮੁਗ਼ਲ ਸਰਕਾਰ ਅਤੇ ਸਿੰਘਾਂ ਦੇ ਵਿਚਕਾਰ ਹੋਈ। ਇਸ ਵਿਚ ਪਰਾਪਤ ਹੋਈ ਫ਼ਤਿਹ ਨੇ ਸਿੰਘਾਂ ਦੇ ਹੌਂਸਲੇ ਵਧਾ ਦਿੱਤੇ ਅਤੇ ਉਹ ਅਗਲੀਆਂ ਟੱਕਰਾਂ ਲਈ ਤਿਆਰ ਹੋ ਗਏ।

ਬੰਦਾ ਸਿੰਘ ਦੇ ਵੇਲੇ ਅੰਮ੍ਰਿਤਸਰ ਵਿਚ ਮੁਗ਼ਲਾਂ ਨਾਲ ਸਿੰਘਾਂ ਦੀ ਕੋਈ ਲੜਾਈ ਨਹੀਂ ਹੋਈ। ਅਗਲਾ ਪਰਸਿੱਧ ਵਾਕਿਆ ਇੱਥੋਂ ਲਾਹੌਰ ਦੇ ਹਾਕਮ ਜ਼ਕਰੀਆ ਖ਼ਾਨ ਵੇਲੇ ਸ੍ਰੀ ਹਰਿਮੰਦਰ (ਦਰਬਾਰ) ਸਾਹਿਬ ਦੇ ਗ੍ਰੰਥੀ ਅਤੇ ਪਰਸਿੱਧ ਸਿਖ ਵਿਦਵਾਨ ਭਾਈ ਮਨੀ ਸਿੰਘ ਦੀ ਸੰਨ ੧੭੬੧ ਵਿਚ ਗ੍ਰਿਫ਼ਤਾਰੀ ਸੀ। ਇਨ੍ਹਾਂ ਨੂੰ ਲਾਹੌਰ ਲਿਜਾ ਕੇ ਬੰਦ ਬੰਦ ਕੱਟ ਕੇ ਕਤਲ ਕਰ ਦਿੱਤਾ ਗਿਆ। ਇਸ ਵੇਲੇ ਸਿੱਖਾਂ ਦੀ ਕਤਲ ਆਮ ਦੇ ਹੁਕਮ ਜਾਰੀ ਹੋਏ ਹੋਏ ਸਨ ਅਤੇ ਗਸ਼ਤੀ ਫ਼ੌਜਾਂ ਪਿੰਡਾਂ ਅਤੇ ਝੱਲਾਂ ਬੇਲਿਆਂ ਵਿਚ ਉਨ੍ਹਾਂ ਦੀ ਭਾਲ ਕਰਦੀਆਂ ਫਿਰਦੀਆਂ ਸਨ, ਅੰਮ੍ਰਿਤਸਰ ਦੇ ਇਰਦ ਗਿਰਦ ਪਹਿਰੇ ਲੱਗੇ ਹੋਏ ਸਨ ਅਤੇ ਹਰ ਆਉਂਦਾ ਜਾਂਦਾ ਸਿੰਘ ਫੜ ਲਿਆ ਜਾਂਦਾ ਅਤੇ ਲਾਹੌਰ ਲਿਜਾ ਕੇ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ। ਇਸ ਬਿਖੜੇ ਜ਼ਮਾਨੇ ਵਿਚ ਹਜ਼ਾਰਾਂ ਸਿੰਘ ਕਤਲ ਹੋ ਗਏ ਅਤੇ ਬਹੁਤ ਸਾਰੇ ਦੇਸ ਛੱਡ ਕੇ ਪਹਾੜਾਂ ਅਤੇ ਜੰਗਲਾਂ ਵਿਚ ਦਿਨ-ਕਟੀ ਕਰਨ ਲੱਗੇ। ਇਸ ਵੇਲੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਅਤੇ ਇਸ਼ਨਾਨ ਦੇ ਅਭਿਲਾਖੀ ਸਿੱਖ ਦੂਰੋਂ ਹੀ ਘੋੜਿਆਂ ਪਰ ਸਰਪਟ ਆਉਂਦੇ ਅਤੇ ਪਹਿਰੇਦਾਰਾਂ ਨੂੰ ਚੀਰਦੇ ਹੋਏ ਸਣੇ ਘੋੜਿਆਂ ਦੇ ਸਰੋਵਰ ਵਿਚ ਦੀ ਟੁੱਭੀਆਂ ਮਾਰਦੇ ਨਿਕਲ ਜਾਂਦੇ। ਕਈ ਰਸਤੇ ਵਿਚ ਹੀ ਸ਼ਹੀਦ ਹੋ ਜਾਂਦੇ, ਪਰ ਜੋ ਫੜੇ ਵੀ ਜਾਂਦੇ ਉਹ ਵੀ ਖਿੜੇ ਮੱਥੇ ਅਤਿ ਦੇ ਤਸੀਹੇ ਅਤੇ ਮੌਤ ਕਬੂਲ ਕਰ ਲੈਂਦੇ, ਪਰ ਧਰਮ ਤਿਆਗਣਾ ਪਰਵਾਨ ਨਾ ਕਰਦੇ। ਕਤਲਾਮਾਂ ਦਾ ਇਹ ਦੌਰ ਨਵੰਬਰ ਸੰਨ ੧੭੫੩ ਵਿਚ ਲਾਹੌਰ ਦੇ ਹਾਕਮ ਮੀਰ ਮੰਨੂ ਦੇ ਅੰਤਲੇ ਦਿਨਾਂ ਤਕ ਚਲਦਾ ਰਿਹਾ।

ਇਸ ਬਿਖੜੇ ਜ਼ਮਾਨੇ ਵਿਚ ਖ਼ਾਲਸੇ ਦੇ ਦੋ ਦਲ (ਬੁੱਢਾ ਦਲ ਅਤੇ ਤਰੁਣਾ ਦਲ) ਅਤੇ ਪੰਜ ਜਥੇ ਬਣੇ ਜੋ ਬਾਦ ਵਿਚ ਮਿਸਲਾਂ ਦਾ ਰੂਪ ਧਾਰ ਗਏ। ਅਹਿਮਦ ਸ਼ਾਹ ਦੁੱਰਾਨੀ ਦੇ ਹੱਲਿਆਂ ਵੇਲੇ ਜਦ ਸਿੰਘਾਂ ਨੇ ਪੈਰ ਪੈਰ

ਉੱਤੇ ਉਸ ਦਾ ਟਾਕਰਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਨੇ ਛਿੱਥਾ ਪੈ ਕੇ ਦੋ ਵਾਰੀ ਦਰਬਾਰ ਸਾਹਿਬ ਢੁਹਾ ਦਿੱਤਾ। ਪਹਿਲੀ ਵਾਰੀ ਚੌਥੇ ਹੱਲੇ ਵੇਲੇ ਸੰਨ ੧੭੫੭ ਵਿਚ ਅਤੇ ਦੂਸਰੀ ਵਾਰੀ ਵੱਡੇ ਘਲੂਘਾਰੇ ਤੋਂ ਬਾਦ ਅਪਰੈਲ ੧੭੬੨ ਨੂੰ ਜਦ ਕਿ ਦੁੱਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ, ਬੁੰਗੇ ਢੁਹਾ ਦਿੱਤੇ ਅਤੇ ਸਰੋਵਰ ਨੂੰ ਬੁੰਗਿਆਂ ਦੇ ਮਲਬੇ ਅਤੇ ਕਤਲ ਕੀਤੇ ਗਏ ਬੰਦਿਆਂ ਅਤੇ ਗਾਈਆਂ ਦੀਆਂ ਲਹੂ ਭਰੀਆਂ ਲੋਥਾਂ ਤੇ ਹੱਡੀਆਂ ਨਾਲ ਪੂਰ ਦਿੱਤਾ। ਤੀਸਰੀ ਵਾਰੀ ਅਹਿਮਦ ਸ਼ਾਹ ਨੇ ਆਪਣੇ ਸੱਤਵੇਂ ਹੱਲੇ ਵੇਲੇ ਸੰਨ ੧੭੬੪ ਵਿਚ ਦਰਬਾਰ ਸਾਹਿਬ ਉੱਤੇ ਆ ਧਾਵਾ ਕੀਤਾ ਜਦ ਕਿ ਪਹਿਲੀ ਦਸੰਬਰ ਨੂੰ ਸ਼ਾਹ ਦੀ ਛਤੀ ਹਜ਼ਾਰ ਫ਼ੌਜ ਦੇ ਟਾਕਰੇ ਬਾਬਾ ਗੁਰਬਖ਼ਸ਼ ਸਿੰਘ ਦੀ ਜਥੇਦਾਰੀ ਹੇਠ ਤੀਹ ਸਿੰਘ ਬੁੰਗਿਆਂ ਵਿਚੋਂ ਛਾਲਾਂ ਮਾਰਦੇ ਉੱਤਰੇ ਅਤੇ ਸਾਰਿਆਂ ਦੇ ਸਾਰੇ ਗੁਰੂ ਦੇ ਨਾਉਂ ਉਤੇ ਜਾਨਾਂ ਵਾਰ ਗਏ।

ਮਾਰਚ ਸੰਨ ੧੭੬੫ ਦੇ ਅੰਤ ਵਿਚ ਅਹਿਮਦਸ਼ਾਹ ਦੇ ਅਫ਼ਗਾਨਿਸਤਾਨ ਵਲ ਨੂੰ ਮੂੰਹ ਮੋੜਨ ਦੀ ਦੇਰ ਹੀ ਸੀ ਕਿ ਸੰਮਤ ੧੮੨੨ ਦੀ ਵਿਸਾਖੀ (੧੦ ਅਪਰੈਲ ੧੭੬੫) ਵਾਲੇ ਦਿਨ ਸਿਘਾਂ ਨੇ ਅੰਮ੍ਰਿਤਸਰ ਗੁਰਮਤਾ ਸੋਧ ਕੇ ੧੬ ਅਪਰੈਲ ਨੂੰ ਲਾਹੌਰ ਉੱਤੇ ਕਬਜ਼ਾ ਕਰ ਲਿਆ। ਇਸ ਨਾਲ ਪੰਜਾਬ ਉਤੇ ਬਦੇਸੀ ਹੱਲਿਆਂ ਨੂੰ ਠੱਲ੍ਹ ਪੈ ਗਈ ਅਤੇ ਮਿਸਲਦਾਰ ਸਰਦਾਰਾਂ ਵੇਲੇ ਅੰਮ੍ਰਿਤਸਰ ਦੀ ਮੁੜ ਉਸਾਰੀ ਹੋ ਗਈ। ਮਹਾਰਾਜਾ ਰਣਜੀਤ ਸਿੰਘ ਵੇਲੇ ਰਾਜ ਦਾ ਮੁਖ ਅਸਥਾਨ ਤਾਂ ਭਾਵੇਂ ਲਾਹੌਰ ਸੀ, ਪਰ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਭਤਾ ਚੜ੍ਹਦੀਆਂ ਕਲਾਂ ਵਿਚ ਹੁੰਦੀ ਗਈ।

ਮਾਰਚ ੧੮੪੯ ਵਿਚ ਪੰਜਾਬ ਵਿਚ ਅੰਗਰੇਜ਼ੀ ਰਾਜ ਹੋ ਗਿਆ। ਰਾਜ ਖੁੱਸ ਜਾਣ ਨਾਲ ਸਿੱਖਾਂ ਵਿਚ ਜੋ ਨਿਰਾਸਤਾ ਛਾ ਗਈ ਸੀ ਉਸ ਨੇ ਸਿੱਖਾਂ ਦੀ ਰੁਚੀ ਨੂੰ ਧਰਮ-ਪਰਚਾਰ ਅਤੇ ਵਿਦਿਆ-ਪਰਚਾਰ ਵਲ ਮੋੜਿਆ। ੧੮੭੩ ਵਿਚ ਪਹਿਲੀ ਸਿੰਘ ਸਭਾ ਇੱਥੇ ਕਾਇਮ ਹੋਈ ਅਤੇ ਇਹ ਲਹਿਰ ਹੋਰ ਥਾਈਂ ਵੀ ਪਸਰ ਗਈ ਅਤੇ ੧੮੯੨ ਵਿਚ ਇੱਥੇ ਖ਼ਾਲਸਾ ਕਾਲਜ ਦੀ ਨੀਂਹ ਧਰੀ ਜਾਣ ਨਾਲ ਛੇਤੀ ਹੀ ਹਰ ਪਾਸੇ ਸਿੱਖ ਸਕੂਲ ਖੁਲ੍ਹਣੇ ਸ਼ੁਰੂ ਹੋ ਗਏ। ਪਰ ਰਾਜਸੀ ਜਾਗਰਤ ਦੀ ਜਾਗ ਜ਼ਿਆਦਾ ਕਰਕੇ ਅਪਰੈਲ ੧੯੧੯ ਵਿਚ ਹੋਏ ਜੱਲ੍ਹਿਆਂ ਵਾਲੇ ਬਾਗ਼ ਦੇ ਹਾਦਸੇ ਤੋਂ ਬਾਦ ਲਗੀ। ਨਵੰਬਰ ੧੯੨੦ ਵਿਚ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅਤੇ ਦਸੰਬਰ ਵਿਚ ਸ਼ਰੋਮਣੀ ਅਕਾਲੀ ਦਲ ਕਾਇਮ ਹੋਣ ਨਾਲ ਅੰਮ੍ਰਿਤਰ ਗੁਰਦੁਆਰਾ ਸੁਧਾਰ ਲਹਿਰ ਦਾ ਕੇਂਦਰ ਬਣ ਗਿਆ ਅਤੇ ਸਰਕਾਰ ਨਾਲ ਟੱਕਰ ਸ਼ੁਰੂ ਹੋ ਗਈ। ਇਸ ਸੰਬੰਧ ਵਿਚ ਚਾਬੀਆਂ ਦਾ ਮੋਰਚਾ ਅਤੇ ਗੁਰੂ ਕਾ ਬਾਗ਼ ਅੰਮ੍ਰਿਤਸਰ ਅਤੇ ਜੈਤੋ (ਰਾਜ ਨਾਭਾ) ਦੇ ਮੋਰਚੇ ਇਤਿਹਾਸਕ ਮਹੱਤਤਾ ਰਖਦੇ ਹਨ। ੧੯੨੫ ਵਿਚ ਗੁਰਦੁਆਰਾ ਐਕਟ ਪਾਸ ਹੋ ਜਾਣ ਨਾਲ ਸਿੱਖਾਂ ਦੀ ਸਰਕਾਰ ਨਾਲ ਧਾਰਮਕ ਟੱਕਰ ਤਾਂ ਖ਼ਤਮ ਹੋ ਗਈ, ਪਰ ਆਪਸ ਵਿਚ ਧੜੇਬੰਦੀ ਪੈਦਾ ਹੋ ਗਈ ਜੋ ਬਾਦ ਵਿਚ ਕੋਝੀ ਸ਼ਕਲ ਅਖ਼ਤਿਆਰ ਕਰ ਗਈ।

੧੯੪੭ ਦੇ ਫ਼ਸਾਦਾਂ ਵਿਚ ਅੱਗਾਂ ਨਾਲ ਹੋਈ ਢਹਿ ਢੁਆਈ ਨਾਲ ਇਸ ਸ਼ਹਿਰ ਦਾ ਬਹੁਤ ਨੁਕਸਾਨ ਹੋਇਆ, ਪਰ ਇਕ ਇਹ ਫ਼ਾਇਦਾ ਵੀ ਹੋਇਆ ਕਿ ਸ਼ਹਿਰ ਦੇ ਖ਼ੁਲ੍ਹੇ ਅਤੇ ਖ਼ੂਬਸੂਰਤ ਬਣਨ ਦਾ ਮੌਕਾ ਬਣ ਗਿਆ ਜੋ ਸ਼ਾਇਦ ਹੋਰ ਕਿਸੇ ਤਰ੍ਹਾਂ ਨਾ ਬਣਦਾ।

ਸ੍ਰੀ ਦਰਬਾਰ ਸਾਹਿਬ, ਬਾਬਾ ਅਟੱਲ, ਖਾਲਸਾ ਕਾਲਜ, ਜੱਲ੍ਹਿਆਂਵਾਲਾ ਬਾਗ਼, ਰਾਮ ਬਾਗ਼ ਆਦਿ ਅਸਥਾਨਾਂ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾਂ ਇਥੇ ਸ਼ਹਿਰੋਂ ਲਹਿਦੀ ਵਲ ਦੁਰਗਿਆਣਾ ਮਦਰ ਹੈ ਜੋ ਹਰਿਮਦਰ ਸਾਹਿਬ ਦੇ ਨਮੂਨੇ ਉੱਤੇ ਬਣਾਇਆ ਗਿਆ ਹੈ।

## ਸਰਸਾ

ਇਹ ਸ਼ਹਿਰ ਜ਼ਿਲਾ ਹਿਸਾਰ ਵਿਚ ਹੈ, ਹਿਸਾਰੋਂ ੫੧ ਮੀਲ ਉੱਤਰ ਲਹਿੰਦੇ ਨੂੰ ਅਤੇ ਭਟਿੰਡੇ ਤੋਂ ੪੦ ਮੀਲ

ਦੱਖਣ ਨੂੰ । ਪੁਰਾਣੇ ਸਮੇਂ ਵਿਚ ਇਸ ਦਾ ਨਾਉਂ ਸ਼ੈਰਿਸ਼ਕਾ ਸੀ ਜਿਸ ਦਾ ਜ਼ਿਕਰ ਮਹਾਂਭਾਰਤ ਦੇ ਸਭਾ ਪਰਬ ਵਿਚ ਆਇਆ ਹੈ । ਇਕ ਕਥਾ ਇਹ ਵੀ ਹੈ ਕਿ ਸਾਢੇ ਤੇਰਾਂ ਸੌ ਸਾਲ ਹੋਏ ਇਸ ਨੂੰ ਕਿਸੇ ਰਾਜਾ ਸਰਸ ਨੇ ਵਸਾਇਆ ਸੀ । ਰਾਜਾ ਸਰਸ ਕਿਸ ਘਰਾਣੇ ਵਿੱਚੋਂ ਅਤੇ ਕਦ ਹੋਇਆ ਹੈ ਠੀਕ ਠੀਕ ਪਤਾ ਨਹੀਂ । ਹੋ ਸਕਦਾ ਹੈ, ਸਰਸੇ ਦੇ ਨਾਉਂ ਤੋਂ ਹੀ ਕਿਸੇ ਨੇ ਕਿਆਸ ਲਾ ਕੇ ਰਾਜੇ ਦੇ ਨਾਉਂ ਦਾ ਅੰਦਾਜ਼ਾ ਲਾ ਲਿਆ ਹੋਵੇ । ਕਈਆਂ ਨੇ ਇਸ ਦਾ ਨਾਉਂ ਸਰਸਤੀ ਵੀ ਲਿਖ ਦਿੱਤਾ ਹੈ ਜੋ ਠੀਕ ਨਹੀਂ ।

ਸੰਨ ੧੩੯੮ ਵਿਚ ਜਦ ਤੈਮੂਰ ਨੇ ਹਿੰਦੁਸਤਾਨ ਉੱਤੇ ਹੱਲਾ ਕੀਤਾ ਤਾਂ ਭਟਨੇਰ ਦੇ ਕਿਲੇ ਨੂੰ ਮਾਰ ਕੇ ਉਸ ਨੇ ਸਰਸੇ ਉੱਤੇ ਆ ਕਬਜ਼ਾ ਕੀਤਾ । ਇੱਥੋਂ ਤੈਮੂਰ ਸਮਾਣੇ ਵਿਚ ਦੀ ਹੁੰਦਾ ਹੋਇਆ ਦਿੱਲੀ ਪੁੱਜਾ ਜਿੱਥੇ ਦੀ ਕਤਲਾਮ ਤੇ ਲੁੱਟ ਹਾਲ ਤਕ ਲੋਕਾਂ ਵਿਚ ਉਸ ਦੇ ਨਾਉਂ ਨੂੰ ਕਲੰਕਤ ਕਰ ਰਹੀ ਹੈ । ਸ਼ੇਰ ਸ਼ਾਹ ਸੂਰੀ ਵੇਲੇ ਜਦ ਜੋਧਪੁਰੀਏ ਰਾਜੇ ਨੇ ਬੀਕਾਨੇਰੀਏ ਕਲਿਆਨ ਸਿੰਘ ਨੂੰ ਭਜਾ ਦਿੱਤਾ, ਤਾਂ ਕੁਝ ਚਿਰ ਲਈ ਸਰਸਾ ਕਲਿਆਨ ਸਿੰਘ ਦਾ ਮੁਖ ਅਸਥਾਨ ਬਣ ਗਿਆ । ਅਠਾਰ੍ਹਵੀਂ ਸਦੀ ਵਿਚ ਇੱਥੇ ਭੱਟੀ ਰਾਜਪੂਤਾਂ ਦਾ ਜ਼ੋਰ ਪੈ ਗਿਆ, ਜਿਨ੍ਹਾਂ ਪਾਸੋਂ ਸਰਸਾ ਸੰਨ ੧੭੭੪ ਵਿਚ ਮਹਾਰਾਜਾ ਅਮਰ ਸਿੰਘ ਪਟਿਆਲੀਏ ਨੇ ਜਿੱਤ ਲਿਆ, ਪਰ ੧੭੮੧ ਵਿਚ ਮਹਾਰਾਜੇ ਨੇ ਭੱਟੀਆਂ ਨਾਲ ਸੁਲਾਹ ਕਰ ਕੇ ਇਹ ਉਨ੍ਹਾਂ ਨੂੰ ਮੋੜ ਦਿੱਤਾ । ਸੰਨ ੧੭੮੩ ਵਿਚ ਦੇਸ ਵਿਚ ਬੜਾ ਭਾਰੀ ਕਾਲ ਪਿਆ ਜਿਸ ਨੂੰ ਚਾਲ੍ਹੀਏ (ਸੰਮਤ ੧੮੪੦ ਬਿਕਰਮੀ) ਦਾ ਕਾਲ ਕਹਿੰਦੇ ਹਨ । ਇਸ ਵਿਚ ਸਰਸਾ ਬਹੁਤ ਹੱਦ ਤਕ ਉਜੜ ਗਿਆ । ਸੰਨ ੧੮੧੮ ਵਿਚ ਭੱਟੀ ਸਰਦਾਰ ਨਵਾਬ ਜ਼ਾਬਤਾ ਖ਼ਾਨ ਨੂੰ ਹਾਰ ਦੇ ਕੇ ਅੰਗਰੇਜ਼ਾਂ ਨੇ ਇਸ ਨੂੰ ਆਪਣੇ ਰਾਜ ਵਿਚ ਮਿਲਾ ਲਿਆ । ਸੰਨ ੧੮੩੮ ਵਿਚ ਕਪਤਾਨ ਥੋਰਸਬੀ ਨੇ ਇਸ ਨੂੰ ਨਵੇਂ ਸਿਰਿਓਂ ਮੁੜ ਰੌਣਕ ਦਿੱਤੀ ਅਤੇ ਚਾਲ੍ਹੀਏ ਦੇ ਕਾਲ ਦੇ ਮਾਰੇ ਹੋਏ ਸ਼ਹਿਰ ਦੇ ਉੱਤਰ-ਚੜ੍ਹਦੇ ਵਲ ਨਵੀਂ ਆਬਾਦੀ ਕੀਤੀ । ਸੰਨ ੧੮੫੮ ਤੋਂ ੧੮੮੪ ਤਕ ਸਰਸਾ ਜ਼ਿਲਾ ਰਿਹਾ, ਜੋ ਤੋੜ ਕੇ ਹਿਸਾਰ ਅਤੇ ਫ਼ੀਰੋਜ਼ਪੁਰ ਵਿਚ ਵੰਡ ਦਿਤਾ ਗਿਆ ਅਤੇ ਸਰਸਾ ਜ਼ਿਲਾ ਹਿਸਾਰ ਦੀ ਇਕ ਤਹਿਸੀਲ ਹੀ ਰਹਿ ਗਈ ।

ਇਥੇ ਪੁਰਾਣੇ ਹਿੰਦੂ ਸਮਿਆਂ ਦਾ ਇਕ ਕਿਲਾ ਅਤੇ ਤਲਾਉ ਹੈ ।

## ਸਰਹੰਦ

ਸਰਹੰਦ ਆਮ ਲੋਕਾਂ ਦੇ ਖ਼ਿਆਲ ਨਾਲੋਂ ਬਹੁਤ ਹੀ ਪੁਰਾਣਾ ਸ਼ਹਿਰ ਹੈ ਜਿਸ ਦਾ ਕੁਝ ਕੁ ਅਨੁਮਾਨ ਮੀਲਾਂ ਵਿਚ ਆਲੇ ਦੁਆਲੇ ਫੈਲੀਆਂ ਹੋਈਆਂ ਇਸ ਦੀਆਂ ਢੱਠੀਆਂ ਇਮਾਰਤਾਂ ਅਤੇ ਥੇਹਾਂ ਤੋਂ ਲਗਦਾ ਹੈ । ਇਹ ਅੰਬਾਲੇ ਤੋਂ ਉੱਤਰ-ਲਹਿੰਦੇ ਨੂੰ ੨੮ ਮੀਲ ਅਤੇ ਪਟਿਆਲੇ ਤੋਂ ਉੱਤਰ ਨੂੰ ੨੩ ਮੀਲ ਦੀ ਵਿੱਥ ਤੇ ਹੈ ।

ਕਈਆਂ ਦਾ ਵਿਚਾਰ ਹੈ ਕਿ ਇਸ ਦਾ ਨਾਉਂ ਸਰਹਿੰਦ ਮੁਸਲਮਾਨਾਂ ਦੇ ਵੇਲੇ ਤੋਂ ਇਸ ਲਈ ਪਿਆ ਹੋਇਆ ਹੈ ਕਿ ਇਹ ਹਿੰਦੁਸਤਾਨ ਦੇ ਸਿਰ ਦੇ ਉੱਤੇ (ਸਰਿ-ਹਿੰਦ) ਉੱਤਰ ਵਲ ਆਖ਼ਰੀ ਸ਼ਹਿਰ ਹੈ । ਇਹ ਗੱਲ ਠੀਕ ਨਹੀਂ । ਇਹ ਅਸਥਾਨ ਮੁਸਲਮਾਨਾਂ ਦੇ ਇੱਥੇ ਆਉਣ ਤੋਂ ਬਹੁਤ ਪੁਰਾਣਾ ਹੈ ਅਤੇ ਇਸ ਦਾ ਮੁੱਢ ਪਰਾਚੀਨ ਆਰੀਆਂ ਦੇ ਸਮੇਂ ਤਕ ਜ਼ਰੂਰ ਜਾ ਪੁਜਦਾ ਹੈ । ਹੋ ਸਕਦਾ ਹੈ ਉਨ੍ਹਾਂ ਤੋਂ ਵੀ ਪਹਿਲਾਂ ਦਾ ਹੀ ਹੋਵੇ । ਹੁਣ ਤਕ ਦੇ ਸਾਡੇ ਗਿਆਨ ਅਨੁਸਾਰ ਇਸ ਦਾ ਪਹਿਲਾ ਜ਼ਿਕਰ ਪਰਾਸ਼ਰ-ਸੰਹਿਤਾ ਵਿਚ ਆਉਂਦਾ ਹੈ ਜਿੱਥੋਂ ਲੈ ਕੇ ਵਰਾਹ ਮਿਹਿਰ ਨੇ ਆਪਣੀ ਬ੍ਰਿਹਤ-ਸੰਹਿਤਾ ਵਿਚ ਇਸ ਦਾ ਵਰਣਨ ਕੀਤਾ ਹੈ । ਉਦੋਂ ਇਹ ਸਿਰ੍ਹੰਦ ਸ਼ਹਿਰ ਸ਼ਤ੍ਰੁਦਰ-ਦੇਸ ਦਾ ਮੁਖ ਅਸਥਾਨ ਹੁੰਦਾ ਸੀ ਅਤੇ ਇੱਥੇ ਸੈਰਿੰਧ ਨਾਉਂ ਦੀ ਆਰਯ ਜਾਤਿ ਦੇ ਲੋਕ ਵਸਦੇ ਸਨ । ਸੈਰਿੰਧ ਲੋਕਾਂ ਦੇ ਨਾਉਂ ਤੋਂ ਹੀ ਉਨ੍ਹਾਂ ਦੇ ਮੁਖ ਨਗਰ ਦਾ ਨਾਉਂ ਸਿਰ੍ਹੰਦ ਪਿਆ । ਸ਼ਤ੍ਰੁਦਰ ਦੇਸ ਇਕ ਵਿਸ਼ਾਲ ਇਲਾਕਾ ਹੁੰਦਾ ਸੀ ਜਿਸ ਦੇ ਉੱਤਰ ਵਲ ਸਤਲੁਜ ਦਰਿਆ ਸੀ ਜੋ ਕੁਲੂ ਦੀਆਂ ਪਹਾੜੀਆਂ ਦੇ ਦੱਖਣ ਤੋਂ ਆਰੰਭ ਹੋ ਕੇ ਤਿਹਾੜੇ ਤਕ ਲੁਧਿਆਣੇ ਦੇ ਲਹਿੰਦੇ ਨੂੰ ਇਸ ਦੀ ਹੱਦ ਬਣਾਉਂਦਾ ਸੀ । ਦੱਖਣ ਨੂੰ ਸਰਸੁਤੀ ਅਤੇ ਘੱਗਰ ਦੇ ਵਿਚਕਾਰ ਅਬਾਲੇ

ਤਕ ਜਾਂਦਾ ਸੀ ਅਤੇ ਥਾਨੇਸਰ ਇਸ ਦੀ ਦੱਖਣੀ ਹੱਦ ਉੱਤੇ ਸੀ । ਜੇ ਅੰਬਾਲੇ ਤੋਂ ਸ਼ਿਮਲੇ ਤਕ ਅਤੇ ਤਿਹਾੜੇ ਤੋਂ ਅੰਬਾਲੇ ਤਕ ਲਕੀਰਾਂ ਖਿੱਚੀਆਂ ਜਾਣ ਤਾਂ ਅਟੇ ਸਟੇ ਇਸ ਦੇਸ ਦੀਆਂ ਚੜ੍ਹਦੀਆਂ ਅਤੇ ਲਹਿੰਦੀਆਂ ਹੱਦਾਂ ਬਣ ਜਾਂਦੀਆਂ ਹਨ । ਅਜ ਕਲ ਦੇ ਭੂਗੋਲ ਅਨੁਸਾਰ ਲੁਧਿਆਣੇ ਦਾ ਜ਼ਿਲਾ, ਜ਼ਿਲਾ ਹੁਸ਼ਿਆਰਪੁਰ ਦੀ ਊਨਾ ਤਹਿਸੀਲ ਦੇ ਅਨੰਦਪੁਰ ਅਤੇ ਕੀਰਤਪੁਰ ਦੇ ਇਲਾਕੇ, ਨਾਲਾਗੜ੍ਹ ਅਤੇ ਸ਼ਿਮਲੇ ਦੇ ਇਲਾਕੇ, ਅੰਬਾਲਾ ਤਹਿਸੀਲ ਦਾ ਉੱਤਰ-ਚੜ੍ਹਦਾ ਪਾਸਾ, ਸਰਹੰਦ (ਫ਼ਤਿਹਗੜ੍ਹ ਸਾਹਿਬ), ਰਾਜਪੁਰਾ, ਨਾਭਾ ਅਤੇ ਪਟਿਆਲਾ ਸ਼ਤੁਦਰ ਦੇਸ ਵਿਚ ਆਉਂਦੇ ਹਨ ।

ਅਲ-ਬਿਰੂਨੀ ਆਪਣੀ ਪੁਸਤਕ ਅਲ-ਹਿੰਦ ਵਿਚ ਲਿਖਦਾ ਹੈ ਕਿ ਪਹਿਲੋਂ ਇਥੇ ਸੂਰਜਬੰਸੀ ਰਾਜੇ ਰਾਜ ਕਰਦੇ ਸਨ ਅਤੇ ਬਾਦ ਦੇ ਹਿਦੂ ਸਮੇਂ ਵਿਚ ਇਹ ਲਾਹੌਰ (ਰਾਜਧਾਨੀ ਬਠਿੰਡਾ) ਦੇ ਪਾਲ ਰਾਜਿਆਂ ਦਾ ਉੱਘਾ ਸਰਹੱਦੀ ਸ਼ਹਿਰ ਹੁੰਦਾ ਸੀ ਅਤੇ ਉਨ੍ਹਾਂ ਦੀ ਦੱਖਣੀ ਹੱਦ ਥਾਨੇਸਰ ਤੋਂ ਦੱਖਣ ਤਕ ਜਾਂਦੀ ਸੀ । ਫ਼ਰਿਸ਼ਤਾ ਦੀ ਲਿਖਤ ਅਨੁਸਾਰ ਸਰਹੰਦ ਕਾਬੁਲ ਦੇ ਬ੍ਰਾਹਮਣ ਸ਼ਾਹੀ ਰਾਜਿਆਂ ਦੀ ਚੜ੍ਹਦੀ ਸਰਹੱਦ ਹੁੰਦਾ ਸੀ ।

ਸੰਨ ੧੦੧੧ ਈ. ਵਿਚ ਗ਼ਜ਼ਨੀ ਦੇ ਮਹਿਮੂਦ ਦਾ ਧਿਆਨ ਪਹਿਲੀ ਵਾਰੀ ਇਧਰ ਹੋਇਆ ਅਤੇ ਉਸ ਨੇ ਇਸ ਨੂੰ ਲੁੱਟ ਪੁੱਟ ਕੇ ਤਬਾਹ ਕਰ ਦਿੱਤਾ ਅਤੇ ਥਾਨੇਸਰ ਦੇ ਮੰਦਰਾਂ ਅਤੇ ਸ਼ਹਿਰਾਂ ਨੂੰ ਢਾਹ ਦਿੱਤਾ, ਪਰ ਹਿੰਦੂਆਂ ਦਾ ਰਾਜ ਇਥੋਂ ਗੋਰੀਆਂ ਦੇ ਵੇਲੇ ਖ਼ਤਮ ਹੋਇਆ ਜਦ ਕਿ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ੧੧੯੩ ਵਿਚ ਫੜ ਕੇ ਕਤਲ ਕਰਵਾ ਦਿੱਤਾ । ਗ਼ੁਲਾਮ ਘਰਾਣੇ ਦੇ ਸੁਲਤਾਨ ਆਰਾਮ ਦੇ ਵੇਲੇ ਇਸ ਇਲਾਕੇ ਉੱਤੇ ਮਲਿਕ ਨਾਸਿਰੁਦੀਨ ਕੁਬਚਾ ਨੇ ਸੰਨ ੧੨੧੦ ਵਿਚ ਕਬਜ਼ਾ ਕਰ ਲਿਆ, ਪਰ ਇਲਤੁਤਮਸ਼ ਨੇ ਛੇਤੀ ਹੀ ਸਰਹੰਦ ਵਾਪਸ ਲੈ ਲਿਆ । ਨਾਸਿਰੁਦੀਨ ਮਹਿਮੂਦ (੧੨੪੬-੧੨੬੬ ਈ.) ਦੇ ਵੇਲੇ ਬਲਬਨ ਦੇ ਭਤੀਜੇ ਸ਼ੇਰ ਖ਼ਾਨ ਨੇ ਸਰਹੰਦ ਵਿਚ ਇਕ ਤਕੜਾ ਕਿਲਾ ਬਣਵਾਇਆ ਤਾ ਕਿ ਵੇਲੇ ਸਿਰ ਮੁਗ਼ਲਾਂ ਦਾ ਟਾਕਰਾ ਕੀਤਾ ਜਾ ਸਕੇ । ਸੰਨ ੧੩੬੦ ਵਿਚ ਫ਼ੀਰੋਜ਼ ਸ਼ਾਹ ਨੇ ਸਰਹੰਦ ਨੂੰ ਵੱਖਰਾ ਪਰਗਣਾ ਬਣਾ ਦਿੱਤਾ ਅਤੇ ਸਿਰਮੂਰ ਦੀ ਇਕ ਪਹਾੜੀ ਨੂੰ ਕੱਟ ਕੇ ਸਰਸੁਤੀ ਨਦੀ ਦਾ ਪਾਣੀ ਸਲੀਮਾ ਨਦੀ ਵਿਚ ਸੁਟ ਦਿੱਤਾ ਅਤੇ ਸਰਹੰਦ ਦੀ ਨਹਿਰ ਬਣਾ ਦਿੱਤੀ ਜਿਸ ਨਾਲ ਸੁਨਾਮ ਤਕ ਦਾ ਇਲਾਕਾ ਸਿੰਜਿਆ ਜਾਣ ਲਗ ਪਿਆ ।

ਸੱਯਦ ਖ਼ਿਜ਼ਰ ਖ਼ਾਨ ਦੇ ਆਖ਼ਰੀ ਦਿਨੀਂ ਸਰਹੰਦ ਦੀ ਹਕੂਮਤ ਲੋਧੀ ਅਫ਼ਗਾਨਾਂ ਪਾਸ ਸੀ । ਸੱਯਦ ਮੁਬਾਰਕ ਸ਼ਾਹ (੧੪੨੧-੧੪੩੫) ਦੇ ਵੇਲੇ ਗੱਖੜਾਂ ਨੇ ਲਾਹੌਰ ਅਤੇ ਜਾਲੰਧਰ ਉੱਤੇ ਪੈਰ ਜਮਾ ਕੇ ਸਰਹੰਦ ਉੱਤੇ ਆ ਹੱਲਾ ਕੀਤਾ । ਇੱਥੇ ਦਾ ਹਾਕਮ ਇਸਲਾਮ ਸ਼ਾਹ ਬੜੇ ਖ਼ਤਰੇ ਵਿਚ ਸੀ, ਪਰ ਸ਼ਾਹੀ ਫ਼ੌਜ ਦਿੱਲੀਉਂ ਆ ਪੁੱਜੀ ਅਤੇ ਗੱਖੜ ਅਕਤੂਬਰ ੧੪੨੧ ਵਿਚ ਮੁੜ ਲਾਹੌਰ ਵਲ ਨੂੰ ਭੱਜ ਗਏ ।

ਬਹਿਲੋਲ ਲੋਧੀ ਪੱਕਾ ਸਰਹੰਦੀ ਸੀ । ਉਹ ਇਥੇ ਹੀ ਪਲਿਆ ਤੇ ਵੱਡਾ ਹੋਇਆ ਸੀ ਅਤੇ ਇਥੇ ਹੀ ਹਾਕਮ ਬਣਿਆ, ਅਤੇ ਜਦ ਸਮਾਣੇ ਦੇ ਸੰਤ ਬਿੰਦਰਾਬਨ ਨੇ ਉਸ ਨੂੰ ਦਿੱਲੀ ਦੀ ਬਾਦਸ਼ਾਹੀ ਦੀ ਅਸੀਸ ਦਿੱਤੀ ਤਾਂ ਉਸ ਨੇ ਇਥੋਂ ਹੀ ਆਪਣੇ ਪੈਰ ਆਲੇ ਦੁਆਲੇ ਪਸਾਰਨੇ ਸ਼ੁਰੂ ਕੀਤੇ ਅਤੇ ਅੰਤ ਦਿੱਲੀ ਜਾ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ । ਇਸ ਵੇਲੇ ਸਰਹੰਦ ਵਿਚ ਇਕ ਸਾਈਂ ਫ਼ਕੀਰ ਸੱਯਦ ਅਮੀਰ ਰਿਹਾ ਕਰਦਾ ਸੀ ਜੋ ਮੀਰਿ-ਮੀਰਾਂ ਕਰਕੇ ਪਰਸਿੱਧ ਸੀ । ਇਸ ਉਪਰ ਬਹਿਲੋਲ ਲੋਧੀ ਦੀ ਬੜੀ ਸ਼ਰਧਾ ਸੀ ਅਤੇ ਇਸ ਨੇ ਆਪਣੀ ਧੀ ਬੀਬੀ ਹਾਜੀ ਤਾਜੀ ਸਾਈਂ ਨੂੰ ਵਿਆਹ ਦਿਤੀ । ਇਨ੍ਹਾਂ ਦੀ ਯਾਦ ਵਿਚ ਮੀਰ ਮੀਰਾਂ ਪਿੰਡ ਅਤੇ ਬੀਬੀ-ਸਰ ਤਲਾਉ ਬਣੇ ਹੋਏ ਹਨ ।

ਬਾਬਰ ਬਾਦਸ਼ਾਹ ਨੇ ਜਦ ੧੫੨੬ ਈ. ਵਿਚ ਇਬਰਾਹੀਮ ਲੋਧੀ ਨੂੰ ਪਾਣੀਪਤ ਦੀ ਲੜਾਈ ਵਿਚ ਹਾਰ ਦੇ ਕੇ ਹਿੰਦੁਸਤਾਨ ਦਾ ਰਾਜ ਸੰਭਾਲ ਲਿਆ ਤਾਂ ਸਰਹੰਦ ਵੀ ਉਸ ਦੇ ਤਹਿਤ ਵਿਚ ਆ ਗਿਆ । ਅਕਬਰ ਬਾਦਸ਼ਾਹ ਨੂੰ ਸਰਹੰਦ ਸ਼ਹਿਰ ਬਹੁਤ ਚੰਗਾ ਲੱਗਾ ਅਤੇ ਉਸ ਨੇ ਇਸ ਦੀ ਪ੍ਰਭਤਾ ਵਧਾਉਣ ਲਈ ਸਾਮਾਣਾ ਅਤੇ ਸੁਨਾਮ ਵੀ ਸਰਹੰਦ ਦੀ ਸਰਕਾਰ ਦੇ ਅਧੀਨ ਕਰ ਦਿੱਤੇ ਅਤੇ ਸਰਹੰਦ ਦਾ ਸੰਬੰਧ ਸਿੱਧਾ ਦਿੱਲੀ ਦੇ ਸੂਬੇ ਨਾਲ ਜੋੜ ਦਿਤਾ ।

ਜਹਾਂਗੀਰ ਦੇ ਵੇਲੇ ਇਥੇ ਇਕ ਸਾਈਂ ਲੋਕ ਅਤੇ ਵਿਦਵਾਨ ਸ਼ੇਖ ਅਹਿਮਦ ਫਾਰੂਕੀ ਸਰਹੰਦੀ (ਮੁਜੱਦਦ ਅਲਫ਼-ਸਾਨੀ) ਰਹਿੰਦਾ ਸੀ ਜਿਸ ਦਾ ਰੋਜ਼ਾ ਹੁਣ ਤਕ ਹਿੰਦੁਸਤਾਨ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਮੁਸਲਮਾਨਾਂ (ਖ਼ਾਸ ਕਰ ਨਕਸ਼ਬੰਦੀ ਫ਼ਿਰਕੇ) ਵਲੋਂ ਸਤਕਾਰਿਆ ਜਾਂਦਾ ਹੈ ਅਤੇ ਹਰ ਸਾਲ ਓਥੇ ਮੇਲਾ ਲਗਦਾ ਹੈ।

ਔਰੰਗਜ਼ੇਬ ਬਾਦਸ਼ਾਹ ਦੇ ਅੰਤਲੇ ਦਿਨੀਂ ਸੰਨ ੧੭੦੪ ਦੇ ਦਸੰਬਰ ਮਹੀਨੇ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਹੁਕਮ ਨਾਲ ਗੁਰੂ ਗੋਬਿੰਦ ਸਿੰਘ ਦੇ ਦੋ ਮਾਸੂਮ ਸਾਹਿਬਜ਼ਾਦੇ ਪਹਿਲੋਂ ਜੀਉਂਦੇ ਹੀ ਨੀਹਾਂ ਵਿਚ ਚਿਣ ਦਿਤੇ ਗਏ ਤੇ ਪਿਛੋਂ ਛੁਰਿਆਂ ਨਾਲ ਜ਼ਿਬਾਹ ਕਰ ਦਿਤੇ ਗਏ। ਇਸੇ ਕਰਕੇ ਸੰਨ ੧੭੧੦ ਦੀਆਂ ਗਰਮੀਆਂ ਵਿਚ ਸਿੱਖਾਂ ਦੇ ਜਰਨੈਲ ਬੰਦਾ ਸਿੰਘ ਬਹਾਦੁਰ ਨੇ ਸਰਹੰਦ ਉਤੇ ਧਾਵਾ ਆ ਬੋਲਿਆ ਅਤੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ। ਸਾਹਿਬਜ਼ਾਦਿਆਂ ਦੀ ਯਾਦ ਵਿਚ ਇਥੇ ਫ਼ਤਿਹਗੜ੍ਹ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ ਅਤੇ ਜਿਥੇ ਇਨ੍ਹਾਂ ਦਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਦਾ ਅੰਤਮ ਸਸਕਾਰ ਕੀਤਾ ਗਿਆ ਸੀ ਉਥੇ ਗੁਰਦੁਆਰਾ ਜੋਤੀ ਸਰੂਪ ਹੈ।

੧੪ ਜਨਵਰੀ ਸੰਨ ੧੭੬੪ ਨੂੰ ਸਿੰਘਾਂ ਨੇ ਸਰਹੰਦ ਦੇ ਨਵਾਬ ਜ਼ੈਨ ਖ਼ਾਨ ਨੂੰ ਹਾਰ ਦੇ ਕੇ ਸਰਹੰਦ ਫ਼ਤਿਹ ਕਰ ਲਿਆ। ਇਸ ਤਰ੍ਹਾਂ ਸਤਲੁਜੋਂ ਦੱਖਣ ਨੂੰ ਪੰਜਾਬ ਦਾ ਸਾਰਾ ਇਲਾਕਾ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ। ਅਗਲੇ ਸਾਲ ੧੬ ਅਪਰੈਲ ਨੂੰ ਸਿੰਘਾਂ ਨੇ ਲਾਹੌਰ ਵੀ ਫ਼ਤਿਹ ਕਰ ਲਿਆ, ਜਿਸ ਨਾਲ ਉੱਤਰੀ ਪੰਜਾਬ ਵਿਚ ਵੀ ਉਨ੍ਹਾਂ ਦਾ ਬੋਲ ਬਾਲਾ ਹੋ ਗਿਆ ਅਤੇ ਸੱਤ ਸੌ ਸਾਲ ਪਿਛੋਂ ਪਜਾਬ ਵਿਚ ਮੁੜ ਪੰਜਾਬੀਆਂ ਦਾ ਆਪਣਾ ਰਾਜ ਹੋਇਆ। ਸਰਹੰਦ ਦੀ ਫ਼ਤਿਹ ਤੋਂ ਬਾਦ ਇਸ ਸ਼ਹਿਰ ਨੂੰ ਕੋਈ ਵੀ ਆਪਣੇ ਕਬਜ਼ੇ ਵਿਚ ਨਹੀਂ ਸੀ ਲੈਣਾ ਚਾਹੁੰਦਾ, ਕਿਉਂਕਿ ਸਾਹਿਬਜ਼ਾਦਿਆਂ ਦੀ ਹੱਤਿਆ ਦੇ ਕਾਰਣ ਇਸ ਨੂੰ ਮਨਹੂਸ ਸਮਝਿਆ ਜਾਂਦਾ ਸੀ। ਇਸ ਲਈ ਗੁਰਮਤਾ ਕਰਕੇ ਸਿੰਘਾਂ ਨੇ ਇਹ ਸ਼ਹਿਰ ਭਾਈ ਬੁਢਾ ਸਿੰਘ ਨੂੰ ਅਰਦਾਸਾ ਕਰਵਾ ਦਿੱਤਾ ਅਤੇ ਉਸ ਪਾਸੋਂ ਫੇਰ ਪਟਿਆਲੇ ਦੇ ਮਹਾਰਾਜ ਬਾਬਾ ਆਲਾ ਸਿੰਘ ਨੇ ਪੰਜੀ ਹਜ਼ਾਰ ਰੁਪਏ ਨੂੰ ਖ਼ਰੀਦ ਲਿਆ। ਪੁਰਾਤਨ ਸਿੰਘ ਹੁਣ ਤਕ ਇਸ ਸ਼ਹਿਰ ਨੂੰ 'ਗੁਰੂ-ਮਾਰੀ' ਕਰਕੇ ਸਦਦੇ ਹਨ। ਸੰਨ ੧੯੪੮ ਵਿਚ ਇਹ ਸ਼ਹਿਰ ਵੀ ਪਟਿਆਲਾ ਰਿਆਸਤ ਦੇ ਨਾਲ ਹੀ ਪਟਿਆਲਾ ਯੂਨੀਅਨ ਵਿਚ ਚਲਾ ਗਿਆ ਅਤੇ ਸੰ: ੧੯੫੬ ਵਿਚ ਪੰਜਾਬ ਵਿਚ ਰਲ ਗਿਆ।

ਗੁਰਦੁਆਰਾ ਫਤਿਹਗੜ੍ਹ ਸਾਹਿਬ, ਜੋਤੀ ਸਰੂਪ ਅਤੇ ਰੋਜ਼ਾ ਮੁਜੱਦਦ ਅਲਫ਼-ਸਾਨੀ ਤੋਂ ਬਿਨਾਂ ਇਥੇ ਹੇਠ ਲਿਖੇ ਹੋਰ ਖ਼ਾਸ ਇਤਿਹਾਸਕ ਅਸਥਾਨ ਹਨ :

੧. ਮਸਜਦ ਸਧਨਾ ਕਸਾਈ
੨. ਰੋਜ਼ਾ ਤਾਜ ਬੀਬੀ
੩. ਖ਼ਾਨਕਾਹ ਮੀਆਂ ਬੰਦਗੀ ਸਾਹਿਬ
੪. ਮਕਬਰਾ ਹਾਜੀ ਮੁਹੰਮਦ
੫. ਗੁੰਬਦ ਉਸਤਾਦ ਸ਼ਾਗਿਰਦ
੬. ਬਾਗ ਆਮ ਖ਼ਾਸ
੭. ਜਹਾਜ਼ ਹਵੇਲੀ।

## ਸਾਮਾਣਾ

ਸਮਾਣਾ ਪਟਿਆਲੇ ਤੋਂ ੧੭ ਮੀਲ ਦੱਖਣ-ਲਹਿੰਦੇ ਅਤੇ ਸੁਨਾਮ ਤੋਂ ੨੨ ਮੀਲ ਚੜ੍ਹਦੇ ਨੂੰ ਹੈ। ਪਰੰਪਰਾ ਤੋਂ ਚਲੀ ਆ ਰਹੀ ਕਥਾ ਅਨੁਸਾਰ ਇਥੇ ਇਮਾਮਗੜ੍ਹ ਦੇ ਅਸਥਾਨ ਤੇ ਪੁਰਾਣੀ ਆਬਾਦੀ ਹੁੰਦੀ ਸੀ। ਜਦ ਈਰਾਨ ਦੇ ਸਾਮਾਨਵੀ ਘਰਾਣੇ ਦੇ ਕੁਝ ਲੋਕ ਉਥੋਂ ਉਠ ਕੇ ਇਥੇ ਆ ਆਬਾਦ ਹੋਏ ਤਾਂ ਇਸ ਦਾ ਨਾਉਂ ਉਨ੍ਹਾਂ ਦੇ ਨਾਉਂ ਪਰ ਸਮਾਣਾ ਪੈ ਗਿਆ। ਇਸ ਦਾ ਇਤਿਹਾਸ ਰਾਜਾ ਜੈਪਾਲ ਦੇ ਸਮੇਂ ਤੋਂ ਸਾਡੇ ਸਾਹਮਣੇ ਪਰਤੱਖ

ਹੈ । ਜਦ ਮੁਹੰਮਦ ਗ਼ੌਰੀ ਨੇ ਦਿੱਲੀ ਅਤੇ ਅਜਮੇਰ ਉਤੇ ਆਪਣਾ ਦਬਦਬਾ ਜਮਾ ਲਿਆ ਤਾਂ ਸਾਮਾਣਾ ਵੀ ਉਸ ਦੇ ਤਹਿਤ ਵਿਚ ਆ ਗਿਆ ਅਤੇ ਉਸ ਨੇ ਸੁਨਾਮ ਅਤੇ ਘੁੜਾਮ ਦੇ ਇਲਾਕਿਆਂ ਦੇ ਨਾਲ ਹੀ ਸੰਨ ੧੧੯੨ ਵਿਚ ਇਹ ਵੀ ਕੁਤਬੁਦੀਨ ਐਬਕ ਦੇ ਹਵਾਲੇ ਕਰ ਦਿੱਤਾ । 'ਤਜ਼ਜੀਅਤੁਲ-ਅਮਸਾਰ' ਦਾ ਕਰਤਾ ਅਬਦੁੱਲਾ ਵੱਸਾਫ਼ ਦਸਦਾ ਹੈ ਕਿ ਉਸ ਸਮੇਂ ਵਿਚ ਸਾਮਾਣਾ ਹਿਦੁਸਤਾਨ ਅਤੇ ਖੁਰਾਸਾਨ ਦੇ ਵਿਚਕਾਰ ਇਕ ਪਰਸਿੱਧ ਸ਼ਹਿਰ ਸੀ ਅਤੇ ਮੁਲਤਾਨ, ਜਾਲੰਧਰ ਅਤੇ ਸਰਹੰਦ ਵਰਗਾ ਸੀ । ਐਬਕ ਨੇ ਘੁੜਾਮ ਨੂੰ ਆਪਣਾ ਮੁਖ ਫੌਜੀ ਅੱਡਾ ਬਣਾ ਕੇ ਮੇਰਠ ਅਤੇ ਦਿੱਲੀ ਉਤੇ ਆਪਣਾ ਰਾਜ ਜਮਾ ਲਿਆ । ਸੰਨ ੧੨੫੭ ਵਿਚ ਸਾਮਾਣਾ ਗ਼ੁਲਾਮ ਘਰਾਣੇ ਦੇ ਬਾਦਸ਼ਾਹ ਨਾਸਿਰੁਦੀਨ ਮਹਿਮੂਦ (੧੨੪੬-੧੨੬੬) ਦੇ ਵਿਰੁਧ ਬਗ਼ਾਵਤ ਦਾ ਅਡਾ ਬਣ ਗਿਆ ਜਿਸ ਵਿਚ ਸਿੰਧ ਦਾ ਕਿਸ਼ੀ ਖ਼ਾਨ ਰਾਜਾ ਦੇਵਪਾਲ ਜੀਤਪੁਰੀਏ ਦੀ ਹਮਾਇਤ ਕਰ ਰਿਹਾ ਸੀ, ਪਰ ਚੂੰਕਿ ਇਸ ਦਾ ਭੇਦ ਵੇਲੇ ਤੋਂ ਪਹਿਲਾਂ ਹੀ ਖੁਲ੍ਹ ਗਿਆ ਇਸ ਲਈ ਇਹ ਬਗ਼ਾਵਤ ਸਿਰੇ ਨਾ ਚੜ੍ਹ ਸਕੀ ।

ਸਾਮਾਣਾ ਇਸ ਵੇਲੇ ਦਿੱਲੀ ਦੇ ਸੁਲਤਾਨ ਗ਼ਿਆਸੁੱਦੀਨ ਬਲਬਨ (੧੨੬੬-੧੨੮੬) ਦੇ ਭਤੀਜੇ ਸ਼ੇਰ ਖ਼ਾਨ ਦੀ ਜਾਗੀਰ ਵਿਚ ਸੀ । ਸ਼ੇਰ ਖ਼ਾਨ ਇਕ ਮੰਨਿਆ-ਪਰਮੰਨਿਆ ਚੰਗਾ ਹਾਕਮ ਅਤੇ ਸੂਰਬੀਰ ਸਿਪਾਹੀ ਸੀ ਪਰ ਉਸ ਨੂੰ ਉਸ ਦੇ ਆਪਣੇ ਚਾਚੇ ਗ਼ਿਆਸੁੱਦੀਨ ਨੇ ਹੀ ਮਰਵਾ ਦਿੱਤਾ ਅਤੇ ਸਾਮਾਣੇ ਦੀ ਜਾਗੀਰ ਤਿਮਰ ਖ਼ਾਨ ਸ਼ੰਮਸੀ ਨੂੰ ਦੇ ਦਿੱਤੀ ਗਈ ਜੋ ਕੁਝ ਚਿਰ ਪਿਛੋਂ ਬਲਬਨ ਨੇ ਆਪਣੇ ਪੁਤਰ ਬੁਗ਼ਰਾ ਖ਼ਾਨ ਨੂੰ ਦੇ ਦਿੱਤੀ । ਬੁਗਰਾ ਖ਼ਾਨ ਨੂੰ ਸਾਮਾਣੇ ਭੇਜਣ ਵੇਲੇ ਪਿਤਾ ਨੇ ਬੜੀਆਂ ਉੱਤਮ ਨਸੀਹਤਾਂ ਕੀਤੀਆਂ ਅਤੇ ਸ਼ਰਾਬ ਪੀਣ ਦੀ ਮਨਾਹੀ ਕੀਤੀ । ਫ਼ੌਜ ਅਤੇ ਉਨ੍ਹਾਂ ਦੀ ਤਨਖ਼ਾਹ ਵਧਾਉਣ ਅਤੇ ਅਫ਼ਸਰਾਂ ਨੂੰ ਰਾਜ਼ੀ ਰਖਣ ਦਾ ਹੁਕਮ ਦਿਤਾ ਤਾਕਿ ਮੌਕਾ ਆ ਬਣਨ ਪਰ ਉਹ ਮੁਗ਼ਲਾਂ ਦਾ ਟਾਕਰਾ ਕਰ ਸਕੇ ।

ਜ਼ਿਆ-ਉ-ਦੀਨ ਬਰਨੀ 'ਤਾਰੀਖਿ ਫ਼ੀਰੋਜ਼ ਸ਼ਾਹੀ' ਵਿਚ ਲਿਖਦਾ ਹੈ ਕਿ ਇਸ ਵੇਲੇ ਮੁਗ਼ਲਾਂ ਨੇ ਪੰਜਾਬ ਉਤੇ ਆ ਧਾਵਾ ਬੋਲਿਆ ਅਤੇ ਬਿਆਸਾ ਲੰਘ ਆਏ, ਪਰ ਗ਼ਿਆਸੁੱਦੀਨ ਦੇ ਪੁੱਤਰਾਂ ਮੁਹੰਮਦ ਸੁਲਤਾਨ ਅਤੇ ਬੁਗਰਾ ਖ਼ਾਨ ਅਤੇ ਮਿਰਜ਼ਾ ਯਾਰ ਬੇਗ ਬਰਲਾਸ ਨੇ ਉਨ੍ਹਾਂ ਨੂੰ ਦੁਆਬੇ ਵਿਚ ਰੋਕ ਦਿਤਾ ਅਤੇ ਸੁਲਤਾਨਪੁਰ ਲੋਧੀ ਦੇ ਲਾਗੇ ਹੋਈਆਂ ਲੜਾਈਆਂ ਵਿਚ ਭਾਂਜ ਦੇ ਕੇ ਪਿਛਾਂਹ ਨੂੰ ਧੱਕ ਦਿਤਾ । ਜਦ ਬੁਗਰਾ ਖ਼ਾਨ ਆਪਣੇ ਪਿਤਾ ਨਾਲ ਲਖਨੌਤੀ ਦੀ ਮੁਹਿਮ ਉਤੇ ਗਿਆ ਤਾਂ ਮਲਿਕ ਸਿਰਾਜ ਨੂੰ ਸਾਮਾਣੇ ਦਾ ਨਾਇਬ ਨਿਯਤ ਕੀਤਾ ਗਿਆ ਜਿਸ ਤੋਂ ਬਾਦ ਕੈਕੁਬਾਦ (੧੨੮੬-੮੮) ਦੇ ਵੇਲੇ ਮਲਿਕ ਜਲਾਲੁਦੀਨ ਫ਼ੀਰੋਜ਼ ਸਾਮਾਣੇ ਆਇਆ ਜੋ ਪਿਛੋਂ ਖਿਲਜੀ ਖ਼ਾਨਦਾਨ ਦਾ ਮੋਢੀ ਹੋਇਆ । ਇਹ ਬੜਾ ਨਿਆਇਕਾਰੀ, ਰਹਿਮ ਦਿਲ ਅਤੇ ਬਹਾਦੁਰ ਸੀ । ਇਸ ਨੇ ਸੰਨ ੧੨੯੧ ਵਿਚ ਪੰਜਾਬ ਵਿਚ ਮੁਗ਼ਲਾਂ ਨੂੰ ਹਾਰ ਦਿਤੀ । ਇਸ ਨੂੰ ਕਤਲ ਕਰਕੇ ਇਸ ਦਾ ਭਤੀਜਾ ਅਲਾਉਦੀਨ ਦਿੱਲੀ ਦਾ ਬਾਦਸ਼ਾਹ ਬਣਿਆ । ਇਸ ਦੇ ਸਮੇਂ (੧੨੯੬-੧੩੧੬ ਈ.) ਸਾਮਾਣੇ ਦੇ ਜਾਗੀਰਦਾਰ ਮਲਿਕ ਹਜ਼ਬਰੁਦੀਨ ਜ਼ਫ਼ਰ ਖ਼ਾਨ ਨੇ ਮੁਗ਼ਲਾਂ ਦੇ ਵਿਰੁਧ ਬੜੀ ਬਹਾਦੁਰੀ ਵਿਖਾਈ ਅਤੇ ੧੨੯੬ ਵਿਚ ਉਨ੍ਹਾਂ ਦੇ ਵਿਰੁਧ ਲੜਦਾ ਜੰਗ ਵਿਚ ਮਾਰਿਆ ਗਿਆ । ਇਸ ਤੋਂ ਬਾਦ ਦੇ ਸਾਮਾਣੇ ਦੇ ਹਾਕਮ ਮਲਿਕ ਅਲਮਾਸ ਬੇਗ ਅੱਲਾਗ ਖ਼ਾਨ ਨੂੰ ਅਲਾਉਦੀਨ ਖ਼ਿਲਜੀ ਨੇ ਰਾਜਪੂਤਾਂ ਦੇ ਪਰਸਿਧ ਕਿਲੇ ਰਣਥੰਬੋਰ ਨੂੰ ਸਰ ਕਰਨ ਲਈ ਚੁਣਿਆ ਸੀ । ਕੁਤਬੁਦੀਨ ਮੁਬਾਰਕ ਸ਼ਾਹ ਵੇਲੇ (੧੩੧੬-੧੩੨੧ ਈ.) ਸਾਮਾਣਾ ਮਲਿਕ ਬਹਾਉਦੀਨ ਦੀ ਜਾਗੀਰ ਵਿਚ ਸੀ । ੧੩੪੨ ਵਿਚ ਮੁਹੰਮਦ ਤੁਗਲਕ ਨੂੰ ਸਾਮਾਣੇ, ਸੁਨਾਮ ਅਤੇ ਘੁੜਾਮ ਵਿਚ ਮੰਡਾਹਰ, ਚੌਹਾਨ ਅਤੇ ਭੱਟੀ ਰਾਜਪੂਤਾਂ ਵਲੋਂ ਖੜੇ ਕੀਤੇ ਗਏ ਬਲਵਿਆਂ ਵਿਰੁਧ ਖ਼ੁਦ ਮੁਹਿੰਮ ਲੈ ਕੇ ਜਾਣਾ ਪਿਆ । 'ਤਾਰੀਖ਼ਿ ਫ਼ੀਰੋਜ਼ ਸ਼ਾਹੀ' ਵਿਚ ਜ਼ਿਆ-ਉ-ਦੀਨ ਬਰਨੀ ਨੇ ਇਨ੍ਹਾਂ ਦਾ ਕਾਫ਼ੀ ਵੇਰਵੇ ਸਹਿਤ ਹਾਲ ਦਿਤਾ ਹੈ । ਖਲਜੀਆਂ ਅਤੇ ਤੁਗ਼ਲਕਾਂ ਦੇ ਸਮੇਂ ਸਾਮਾਣਾ ਬੜੇ ਪਰਸਿੱਧ ਨਗਰਾਂ ਵਿਚੋਂ ਸੀ ਅਤੇ ਇਸਲਾਮੀ ਵਿਦਿਆ ਦਾ ਇਕ ਉੱਘਾ ਕੇਂਦਰ ਸੀ ਜਿਥੇ ਦਾ ਮੌਲਾਣਾ ਕਮਾਲੁਦੀਨ ਬੜਾ ਵਿਦਵਾਨ ਹੋ ਗੁਜ਼ਰਿਆ ਹੈ । ਜ਼ਰੂਰੀ ਮਸਲਿਆਂ ਵਿਚ ਸੁਲਤਾਨ ਫ਼ੀਰੋਜ਼ ਸ਼ਾਹ ਵੀ ਇਸ ਦੀ ਸਲਾਹ ਲਿਆ ਕਰਦਾ ਸੀ । ਆਪਣੇ ਅੰਤਲੇ ਦਿਨੀਂ ਸੁਲਤਾਨ

ਫ਼ੀਰੋਜ਼ ਸ਼ਾਹ ਨੇ ਜਦ ਮਲਿਕ ਸੁਲਤਾਨ ਸ਼ਾਹ ਖੁਸ਼ਦਿਲ ਨੂੰ ਨਿਯਤ ਕੀਤਾ ਕਿ ਸਾਮਾਣੇ ਦੇ ਹਾਕਮ ਅਲੀ ਖ਼ਾਨ ਅਫ਼ਗਾਨ ਨੂੰ ਗ੍ਰਿਫ਼ਤਾਰ ਕਰ ਕੇ ਹਕੂਮਤ ਮੁਹੰਮਦ ਸ਼ਾਹ ਦੇ ਹਵਾਲੇ ਕਰ ਦੇਵੇ ਤਾਂ ਖੁਸ਼ਦਿਲ ਆਪ ਹੀ ਹਾਕਮ ਬਣ ਬੈਠਾ। ਪਰ ਸਾਮਾਣੇ ਦੇ ਲੋਕਾਂ ਨੇ ਖੁਸ਼ਦਿਲ ਨੂੰ ਸੁਨਾਮ ਦੇ ਤਲਾਉ ਉਤੇ ਕਤਲ ਕਰ ਕੇ ਫ਼ੀਰੋਜ਼ ਸ਼ਾਹ ਦੇ ਪੁੱਤਰ ਮੁਹੰਮਦ ਨੂੰ ਨਗਰ ਕੋਟੋਂ ਸੱਦ ਭੇਜਿਆ। ਇਹ ਸਾਮਾਣੇ ਦੇ ਲੋਕਾਂ ਦੀ ਸਹਾਇਤਾ ਨਾਲ ਸੰਨ ੧੩੮੯ ਵਿਚ ਨਾਸਿਰੁਦੀਨ ਮੁਹੰਮਦ ਤੁਗਲਕ ਦੂਜੇ ਦੇ ਨਾਉਂ ਹੇਠ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ।

ਸੰਨ ੧੩੯੬ ਵਿਚ ਦਿੱਲੀ ਦੇ ਇਕ ਸਰਦਾਰ ਮੱਲੂ ਦੇ ਭਰਾ ਸਾਰੰਗ ਖ਼ਾਨ ਨੇ ਮੁਲਤਾਨ ਉਤੇ ਕਬਜ਼ਾ ਕਰ ਕੇ ਰਮਜ਼ਾਨ ੭੯੯ ਹਿਜਰੀ (ਮਈ ੧੩੯੭) ਨੂੰ ਸਾਮਾਣੇ ਨੂੰ ਆ ਘੇਰਾ ਪਾਇਆ। ਗ਼ਾਲਿਬ ਖ਼ਾਨ ਨੂੰ ਭਾਂਜ ਪੈ ਗਈ, ਪਰ ਅੰਤ ਤਾਤਾਰਖ਼ਾਨ ਦੀ ਸਹਾਇਤਾ ਨਾਲ ਮੁੜ ਸਾਮਾਣੇ ਆ ਸਕਿਆ। ਤੈਮੂਰ ਦੇ ਹੱਲੇ ਵੇਲੇ ਸਾਮਾਣਾ ਬਚਿਆ ਰਿਹਾ। ਤੁਗ਼ਲਕਾਂ ਦੇ ਅੰਤਮ ਦਿਨੀਂ ਇਥੇ ਪਹਿਲਾਂ ਬਹਿਰਾਮ ਖ਼ਾਨ ਅਤੇ ਫੇਰ ਬੈਰਾਮ ਹਾਕਮ ਸਨ। ਸੱਯਦ ਖ਼ਿਜ਼ਰ ਖ਼ਾਨ (੧੪੧੪-੧੪੨੧) ਦੇ ਸਮੇਂ ਸਾਮਾਣਾ ਜ਼ੀਰਕ ਖ਼ਾਨ ਦੇ ਤਹਿਤ ਵਿਚ ਸੀ ਜਿਸ ਨੇ ਬਾਗ਼ੀਆਂ ਨੂੰ ਦਬਾ ਕੇ ਦੇਸ ਵਿਚ ਅਮਨ ਕਾਇਮ ਕਰਨ ਦਾ ਯਤਨ ਕੀਤਾ।

ਇਸ ਸਮੇਂ ਸਾਮਾਣੇ ਵਿਚ ਇਕ ਮਹਾਤਮਾ ਸੰਤ ਬਿੰਦਰਾਬਨ ਬੜੇ ਪਰਸਿੱਧ ਹੋਏ ਹਨ ਇਨ੍ਹਾਂ ਨੇ ਬਹਿਲੋਲ ਲੋਧੀ ਦੇ ਬਾਦਸ਼ਾਹ ਬਣਨ ਦੀ ਭਵਿੱਖ-ਬਾਣੀ ਕੀਤੀ ਸੀ। ਇਸ ਦੀ ਸੋਭਾ ਸੁਣ ਕੇ ਇਕ ਵਾਰੀ ਬਹਿਲੋਲ ਇਸ ਦੇ ਦਰਸ਼ਨ ਕਰਨ ਲਈ ਸਾਮਾਣੇ ਆਇਆ। ਬਿੰਦਰਾਬਨ ਨੇ ਇਸ ਵਲ ਨਜ਼ਰ ਭਰ ਕੇ ਦੇਖਿਆ ਤੇ ਕਿਹਾ: "ਹੂੰ, ਤੂੰ ਹੈਂ ਜਿਸ ਨੇ ਦੋ ਹਜ਼ਾਰ ਨੂੰ ਦਿੱਲੀ ਦੀ ਬਾਦਸ਼ਾਹੀ ਮੁੱਲ ਲਈ ਹੈ ?" ਬਹਿਲੋਲ ਪਾਸ ਉਸ ਵੇਲੇ ਕੇਵਲ ੧੬੦੦ ਟਕਾ ਸੀ ਜੋ ਉਸ ਨੇ ਸੰਤਾਂ ਦੇ ਸਾਹਮਣੇ ਰੱਖ ਕੇ ਮੱਥਾ ਟੇਕ ਦਿੱਤਾ ਅਤੇ ਸੰਤ ਬਿੰਦਰਾਬਨ ਨੇ ਪਰਸੰਨ ਹੋ ਕੇ ਦਿੱਲੀ ਦੀ ਬਾਦਸ਼ਾਹੀ ਲਈ ਉਸ ਨੂੰ ਅਸੀਸ ਦਿੱਤੀ। ਸੱਯਦ ਸੁਲਤਾਨਾਂ ਦੇ ਹੱਥ ਹੌਲੀ ਹੌਲੀ ਕਮਜ਼ੋਰ ਅਤੇ ਢਿੱਲੇ ਹੁੰਦੇ ਜਾਣ ਨਾਲ ਬਹਿਲੋਲ ਦਾ ਜ਼ੋਰ ਪੈਂਦਾ ਗਿਆ ਅਤੇ ਲਾਹੌਰ, ਦੀਪਾਲਪੁਰ, ਸੁਨਾਮ, ਹਿਸਾਰ ਆਦਿ ਇਲਾਕੇ ਉਸ ਦੇ ਕਬਜ਼ੇ ਵਿਚ ਆ ਗਏ। ਸਰਹੰਦ ਉਸ ਦਾ ਮੁਖ ਅਸਥਾਨ ਸੀ। ਜਦ ਸੱਯਦ ਅਲਾਉਦੀਨ ਦਿੱਲੀ ਦਾ ਤਖ਼ਤ ਛੱਡ ਕੇ ਬਦਾਯੂੰ ਜਾ ਟਿਕਿਆ ਤਾਂ ਬਾਦਸ਼ਾਹੀ ਦੇ ਵੱਡੇ ਵਜ਼ੀਰ ਹਮੀਦ ਖ਼ਾਨ ਦੇ ਸੱਦੇ ਉਤੇ ਸੰਨ ੧੪੫੦ ਵਿਚ ਬਹਿਲੋਲ ਲੋਧੀ ਦਿੱਲੀ ਦਾ ਬਾਦਸ਼ਾਹ ਜਾ ਬਣਿਆ।

ਸੰਨ ੧੫੩੦ ਵਿਚ ਬਾਬਰ ਬਾਦਸ਼ਾਹ ਲਾਹੌਰੋਂ ਦਿੱਲੀ ਨੂੰ ਮੁੜ ਰਿਹਾ ਸੀ ਤਾਂ ਸਾਮਾਣੇ ਦੇ ਕਾਜ਼ੀ ਨੇ ਮੋਹਨ ਮੰਡਾਹਰ ਰਾਜਪੂਤ ਦੇ ਵਿਰੁਧ ਨਾਲਸ਼ ਕੀਤੀ ਕਿ ਉਸ ਨੇ ਕਾਜ਼ੀ ਦੀ ਜਾਗੀਰ ਲੁਟ ਲਈ ਹੈ ਅਤੇ ਉਸ ਦੇ ਪੁੱਤਰ ਨੂੰ ਮਾਰ ਦਿੱਤਾ ਹੈ। ਬਾਬਰ ਨੇ ਮੋਹਨ ਦੇ ਵਿਰੁਧ ਮੁਹਿੰਮ ਚੜ੍ਹਾ ਕੇ ਉਸ ਨੂੰ ਕੈਂਥਲ ਦੇ ਪਰਗਣੇ ਵਿਚ ਘੇਰਾ ਪਾ ਕੇ ਫੜ ਲਿਆ ਅਤੇ ਲੱਕ ਤਕ ਜ਼ਮੀਨ ਵਿਚ ਦਬਵਾ ਕੇ ਤੀਰ ਮਾਰ ਮਾਰ ਕੇ ਮਰਵਾ ਦਿਤਾ। ਅਕਬਰ ਅਤੇ ਉਸ ਤੋਂ ਬਾਦ ਦੇ ਮੁਗ਼ਲ ਬਾਦਸ਼ਾਹਾਂ ਦਾ ਧਿਆਨ ਸਰਹੰਦ ਵਲ ਹੋ ਜਾਣ ਕਰ ਕੇ ਸਾਮਾਣੇ ਦੀ ਪੁਛ ਹੌਲੀ ਹੌਲੀ ਘਟਦੀ ਗਈ। ਇਨ੍ਹਾਂ ਦੇ ਜ਼ਮਾਨੇ ਵਿਚ ਸਾਮਾਣਾ ਜਿਥੇ ਰੱਬ ਦੇ ਪਿਆਰੇ ਫ਼ਕੀਰਾਂ ਅਤੇ ਇਸਲਾਮੀ ਵਿਦਵਾਨਾਂ ਦਾ ਇਕ ਉਘਾ ਕੇਂਦਰ ਸੀ ਉਥੇ ਇਹ ਜੱਲਾਦਾਂ ਦੇ ਘਰਾਣਿਆਂ ਕਰਕੇ ਕਾਫ਼ੀ ਬਦਨਾਮ ਵੀ ਸੀ। ਸੱਯਦ ਜਲਾਲੁਦੀਨ ਜਿਸ ਨੇ ੧੬੭੫ ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ਼ ਬਹਾਦੁਰ ਜੀ ਨੂੰ ਕਤਲ ਕੀਤਾ ਸੀ, ਇਸੇ ਸ਼ਹਿਰ ਦਾ ਰਹਿਣ ਵਾਲਾ ਸੀ ਅਤੇ ਇਥੇ ਦੇ ਹੀ ਵਸਨੀਕ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਦੋ ਭਰਾ ਸਨ ਜਿਨ੍ਹਾਂ ਨੇ ਸੰਨ ੧੭੦੩ ਈਸਵੀ ਦੇ ਸਿਆਲੇ (ਪੋਹ ਦੇ ਮਹੀਨੇ) ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਹੁਕਮ ਨਾਲ ਗੁਰੂ ਗੋਬਿੰਦ ਸਿੰਘ ਦੇ ਅੱਠ ਅਤੇ ਛੇ ਸਾਲ ਦੇ ਮਾਸੂਮ ਬੱਚਿਆਂ ਨੂੰ ਜ਼ਿਬਾਹ ਕੀਤਾ ਸੀ। ਇਹ ਹੀ ਕਾਰਣ ਸੀ ਕਿ ਸੰਨ ੧੭੦੯ ਈ: ਦੀ ੨੬ ਨਵੰਬਰ ਨੂੰ ਸਿੰਘਾਂ ਦੇ ਆਗੂ ਬੰਦਾ ਸਿੰਘ ਬਹਾਦੁਰ ਨੇ ਇਸ ਸ਼ਹਿਰ ਉੱਤੇ ਹੱਲਾ ਕਰ ਕੇ ਇਸ ਨੂੰ ਬਰਬਾਦ ਕਰ ਦਿੱਤਾ ਸੀ। ਭਾਈ ਫ਼ਤਿਹ ਸਿੰਘ ਇਥੇ ਦਾ ਪਹਿਲਾ ਸਿੱਖ ਫ਼ੌਜਦਾਰ ਸੀ। ਪਰ ਸਿੱਖ ਇਥੇ ਬਹੁਤੀ ਦੇਰ ਟਿਕ ਨਾ ਸਕੇ ਅਤੇ ਜਦ ਖ਼ੁਦ

ਬਹਾਦੁਰ ਸ਼ਾਹ ਬਾਦਸ਼ਾਹ ਫ਼ੌਜਾਂ ਲੈ ਕੇ ਸਿੰਘਾਂ ਦੇ ਵਿਰੁਧ ਆ ਚੜ੍ਹਿਆ ਤਾਂ ਸੰਨ ੧੭੧੦ ਦੇ ਅੰਤ ਵਿਚ ਸਿੰਘਾਂ ਨੇ ਸਾਮਾਣਾ ਖਾਲੀ ਕਰ ਦਿੱਤਾ । ਸੰਨ ੧੭੪੨ ਵਿਚ ਬਾਬਾ ਆਲਾ ਸਿੰਘ ਫੂਲਕੇ ਸਰਦਾਰ ਨੇ ਇਸ ਨੂੰ ਆਪਣੇ ਤਹਿਤ ਵਿਚ ਲੈ ਲਿਆ ਅਤੇ ਸਨ ੧੭੬੧ ਵਿਚ ਅਹਿਮਦ ਸ਼ਾਹ ਦੁੱਰਾਨੀ ਨੇ ਬਾਬਾ ਆਲਾ ਸਿੰਘ ਦਾ ਇੱਥੇ ਕਬਜ਼ਾ ਪਰਵਾਨ ਕਰ ਲਿਆ । ਉਸ ਵੇਲੇ ਸਾਮਾਣੇ ਦੇ ਪਰਗਣੇ ਨਾਲ ੨੨੪ ਪਿੰਡ ਸਨ । ਉਦੋਂ ਤੋਂ ੨੦੭ ਸਾਲ ਤਕ ਇਹ ਪਟਿਆਲਾ ਰਾਜ ਵਿਚ ਰਿਹਾ । ਸੰਨ ੧੯੪੮ ਵਿਚ ਇਹ ਪਟਿਆਲਾ ਯੂਨੀਅਨ ਵਿਚ ਆ ਗਿਆ ਅਤੇ ਸੰਨ ੧੯੫੬ ਦੀ ਨਵੰਬਰ ਤੋਂ ਹੁਣ ਇਹ ਪੰਜਾਬ ਵਿਚ ਹੈ ।

ਹੋਰ ਦੇਖੋ ਸੁਨਾਮ ਅਤੇ ਘੁੜਾਮ ।

## ਸਿਆਲਕੋਟ
(ਪਾਕਿਸਤਾਨ)

ਸਿਆਲਕੋਟ ਲਾਹੌਰੋਂ ਉੱਤਰ-ਚੜ੍ਹਦੇ ਨੂੰ ੭੨ ਮੀਲ ਦੀ ਵਿੱਥ ਉੱਤੇ ਹੈ । ਇਹ ਪੰਜਾਬ ਦੇ ਕੁਝ-ਕੁ ਗਿਣਵੇਂ ਪਰਾਚੀਨ ਸ਼ਹਿਰਾਂ ਵਿਚੋਂ ਹੈ । ਸੰਸਕ੍ਰਿਤ ਪੁਸਤਕਾਂ ਵਿਚ ਇਸ ਦਾ ਨਾਉਂ ਸ਼ਾਕਲ ਆਉਂਦਾ ਹੈ ਅਤੇ ਬੁਧਾਂ ਦੇ ਸਾਹਿਤ ਵਿਚ ਸਾਗਲ । ਇਸ ਦੀ ਬੁਨਿਆਦ ਪਾਂਡਵਾਂ ਦੇ ਮਾਮੇ ਸ਼ੱਲ ਨੇ ਰਖੀ ਸੀ ਅਤੇ ਇਸੇ ਕਰ ਕੇ ਇਸ ਦਾ ਨਾਉਂ ਸ਼ੱਲਕੋਟ ਸੀ ਜੋ ਸਮਾਂ ਪੈ ਜਾਣ ਨਾਲ ਸਿਆਲਕੋਟ ਹੋ ਗਿਆ । ਸ਼ੱਲ ਦੀ ਭੈਣ ਦਾ ਨਾਉਂ ਮਾਦਰੀ ਇਸ ਕਰ ਕੇ ਸੀ ਕਿ ਉਹ ਇਸ ਇਲਾਕੇ ਮਦਰ ਦੇਸ ਦੀ ਜੰਮ-ਪਲ ਸੀ । ਯੂਨਾਨੀਆਂ ਵੇਲੇ ਇਹ ਉਨ੍ਹਾਂ ਦੀ ਪਰਸਿੱਧ ਰਾਜਧਾਨੀ ਸੀ ਅਤੇ ਮੇਨਿੰਦਰ (ਮਲਿੰਦ, ਸੰਨ ੧੪੦-੧੧੦ ਈਸਾ ਤੋਂ ਪਹਿਲਾਂ) ਇਥੇ ਹੀ ਰਾਜ-ਸਿੰਘਾਸਣ ਉਤੇ ਬੈਠਾ ਸੀ । ਵਾਯੂ ਪੁਰਾਣ ਅਨੁਸਾਰ ਇੱਥੇ ਅੱਠ ਯਵਨ ਰਾਜਿਆਂ ਨੇ ੮੨ ਵਰ੍ਹੇ ਰਾਜ ਕੀਤਾ ਸੀ । ਬਿਕਰਮਾਦਿਤ ਦੇ ਵੇਲੇ ਰਾਜਾ ਸਾਲਵਾਹਨ ਨੇ ਇਸ ਨੂੰ ਮੁੜ ਨਵੇਂ ਸਿਰੇ ਵਧਾ ਕੇ ਆਬਾਦ ਕੀਤਾ ਅਤੇ ਇਥੇ ਇਕ ਬੜਾ ਮਜ਼ਬੂਤ ਕਿਲਾ ਉਸਾਰਿਆ । ਸਾਲਵਾਹਨ ਦੇ ਦੋ ਉਘੇ ਪੁਤਰ ਸਨ, ਇਕ ਸੀ ਪੂਰਨ, ਜਿਸ ਦੀ ਕਥਾ ਪੰਜਾਬ ਦੇ ਖੂੰਜੇ ਖੂੰਜੇ ਵਿਚ ਪਰਸਿੱਧ ਹੈ ਅਤੇ ਦੂਸਰਾ ਸੀ ਰਾਜਾ ਰਸਾਲੂ ਜਿਸ ਦੀ ਗੱਖੜਾਂ ਦੇ ਸਰਦਾਰ ਰਾਜਾ ਹੋਡੀ ਨਾਲ ਜੰਗ ਰਹਿੰਦੀ ਸੀ । ਜਦ ਰਸਾਲੂ ਨੂੰ ਇਕ ਜੰਗ ਵਿਚ ਹਾਰ ਹੋ ਗਈ ਤਾਂ ਉਸ ਨੇ ਆਪਣੀ ਲੜਕੀ ਦਾ ਡੋਲਾ ਦੇ ਕੇ ਹੋਡੀ ਨਾਲ ਸੁਲਾਹ ਕਰ ਲਈ । ਹੋਡੀ ਨੇ ਸਿਆਲਕੋਟ ਦਾ ਰਾਜ ਮੁੜ ਰਸਾਲੂ ਨੂੰ ਦੇ ਦਿੱਤਾ ।

ਜਿਸ ਵੇਲੇ ਸ਼ਕ ਲੋਕਾਂ ਦਾ ਉੱਤਰੀ ਪੰਜਾਬ ਵਿਚ ਜ਼ੋਰ ਸੀ ਤਾਂ ਸਿਆਲਕੋਟ ਉਨ੍ਹਾਂ ਦਾ ਮੁਖ ਅਸਥਾਨ ਸੀ । ਆਪਣੇ ਪਿਤਾ ਤੋਰਮਾਨ ਦੀ ਮੌਤ ਤੋਂ ਬਾਦ ਸੰਨ ੫੧੦ ਈਸਵੀ ਵਿਚ ਮਿਹਿਰਕੁਲ ਨੇ ਸ਼ਾਕਲ ਨੂੰ ਆਪਣੀ ਰਾਜਧਾਨੀ ਬਣਾਇਆ । ਸੰਨ ੭੯੦ ਵਿਚ ਯੂਸਫ਼ਜ਼ਈ ਇਲਾਕੇ ਦੇ ਗੰਧੌਰਾਂ ਦੀ ਸਹਾਇਤਾ ਨਾਲ ਰਾਜਾ ਨਰੋਤ ਨੇ ਸਿਆਲਕੋਟ ਲੁੱਟ ਕੇ ਬਰਬਾਦ ਕਰ ਦਿੱਤਾ ਅਤੇ ਕਿਲਾ ਢਾ ਦਿੱਤਾ । ਬਾਰ੍ਹਵੀਂ ਸਦੀ ਦੇ ਅੰਤ ਵਿਚ ਮੁਹੰਮਦ ਗ਼ੌਰੀ ਨੇ ਇਥੇ ਮੁੜ ਇਕ ਮਜ਼ਬੂਤ ਕਿਲਾ ਬਣਵਾਇਆ । ਮੁਗ਼ਲਾਂ ਵੇਲੇ ਇਹ ਇਕ ਸਰਕਾਰ ਦਾ ਮੁਖ ਅਸਥਾਨ ਸੀ ਜਿਸ ਉਤੇ ਸੋਲ੍ਹਵੀਂ ਸਦੀ ਵਿਚ ਜੰਮੂ ਦੇ ਡੋਗਰੇ ਰਾਜਿਆਂ ਨੇ ਕਬਜ਼ਾ ਕਰ ਲਿਆ । ਸੰਨ ੧੭੭੩ ਵਿਚ ਰਣਜੀਤ ਦੇਵ ਦੀ ਮੌਤ ਤੋਂ ਬਾਦ ਇੱਥੇ ਭੰਗੀ ਸਿੱਖ ਸਰਦਾਰਾਂ ਦਾ ਤਹਿਤ ਹੋ ਗਿਆ ਜਿਨ੍ਹਾਂ ਪਾਸੋਂ ਇਹ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੇ ਲੈ ਲਿਆ । ੧੮੪੯ ਵਿਚ ਪੰਜਾਬ ਵਿਚ ਅੰਗਰੇਜ਼ਾਂ ਦਾ ਰਾਜ ਹੋ ਗਿਆ ਜੋ ਸੰਨ ੧੯੪੭ ਤਕ ਰਿਹਾ ਅਤੇ ਹਿੰਦੁਸਤਾਨ ਦੀ ਵੰਡ ਵੇਲੇ ਸਿਆਲਕੋਟ ਪਾਕਿਸਤਾਨ ਦੇ ਹਿੱਸੇ ਆਇਆ ।

ਇਮਾਮ ਅਲੀ-ਉਲ-ਹੱਕ ਦੀ ਦਰਗਾਹ ਤੋਂ ਇਲਾਵਾ ਇਥੇ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬੇਰ ਸਾਹਿਬ ਬੜਾ ਪਰਸਿੱਧ ਇਤਿਹਾਸਕ ਅਸਥਾਨ ਹੈ ।

## ਸੁਨਾਮ

ਪਟਿਆਲੇ ਤੋਂ ਲਹਿੰਦੇ-ਦੱਖਣ ਨੂੰ ੪੩ ਮੀਲ, ਸਾਮਾਣੇ ਤੋਂ ਲਹਿੰਦੇ ਨੂੰ ੨੪ ਮੀਲ, ਧੂਰੀ ਤੋਂ ਦੱਖਣ ਨੂੰ ੧੮ ਮੀਲ ਅਤੇ ਸੰਗਰੂਰ ਤੋਂ ਦੱਖਣ ਨੂੰ ੮ ਮੀਲ ।

ਇਹ ਸ਼ਹਿਰ ਕਦ ਵਸਿਆ, ਕਿਨ ਵਸਾਇਆ ਅਤੇ ਇਸ ਦਾ ਨਾਉਂ ਸੁਨਾਮ ਕਿਵੇਂ ਪਿਆ, ਇਸ ਸੰਬੰਧੀ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ । ਇਥੇ ਸੂਰਜ ਕੁੰਡ ਬਹੁਤ ਪੁਰਾਣਾ ਅਸਥਾਨ ਹੈ ਅਤੇ ਅਜ ਕਲ ਦੇ ਸੁਨਾਮ ਸ਼ਹਿਰ ਤੋਂ ਪਹਿਲਾਂ ਸ਼ਹਿਰ ਸੂਰਜ ਕੁੰਡ ਦੇ ਲਾਗੇ ਹੋਣ ਕਰ ਕੇ ਸੂਰਜਪੁਰ ਕਹਾਉਂਦਾ ਸੀ । ਅਜ ਕਲ ਦੀ ਵਸੋਂ ਪੁਰਾਣੇ ਕਿਲੇ ਦੇ ਕੋਟ ਦੇ ਅੰਦਰ ਸੀ ਜਿਥੇ ਕਿ ਉਨ੍ਹਾਂ ਨੂੰ ਮੁਸੀਬਤ ਵੇਲੇ ਸਿਰ ਲੁਕੋਣ ਲਈ ਆਉਣਾ ਪਿਆ ਕਰਦਾ ਸੀ । ਕੋਟ ਤੋਂ ਬਾਹਰ ਦੀ ਆਬਾਦੀ ਪਿਛੋਂ ਹੋਈ ਹੈ । ਮੁਸਲਮਾਨੀ ਹੱਲਿਆਂ ਤੋਂ ਬਾਦ ਇਸ ਸ਼ਹਿਰ ਨੇ ਦੇਸ ਦੇ ਇਤਿਹਾਸ ਵਿਚ ਕਾਫ਼ੀ ਹਿੱਸਾ ਪਾਇਆ । ਅਲ-ਬਿਰੂਨੀ ਆਪਣੀ ਪੁਸਤਕ ਅਲ-ਹਿੰਦ ਵਿਚ ਸੁਨਾਮ ਨੂੰ ਕਨੌਜ ਅਤੇ ਗਜ਼ਨੀ ਦੇ ਵਿਚਕਾਰ ਵੱਡੇ ਪਰਸਿੱਧ ਸ਼ਹਿਰਾਂ ਵਿਚੋਂ ਗਿਣਦਾ ਹੈ । ਜਿਸ ਵੇਲੇ ਮੁਹੰਮਦ ਗ਼ੌਰੀ ਨੇ ਹਿੰਦੁਸਤਾਨ ਉੱਤੇ ਹੱਲੇ ਕੀਤੇ ਉਸ ਵੇਲੇ ਤਕ ਸੁਨਾਮ ਉਤੇ ਹਿੰਦੂ ਰਾਜੇ ਰਾਜ ਕਰਦੇ ਸਨ । ਸ਼ੱਮਸੁਦੀਨ ਇਲਤੁਤਮਸ਼ ਨੇ ਇਹ ਸ਼ੇਰ ਖ਼ਾਨ ਨੂੰ ਜਾਗੀਰ ਦੇ ਤੌਰ ਤੇ ਦੇ ਦਿੱਤਾ । ਸ਼ੇਰ ਖ਼ਾਨ ਦੀ ਮੌਤ ਤੋਂ ਬਾਦ ਗਿਆਸੁੱਦੀਨ ਬਲਬਨ ਨੇ ਪਹਿਲਾਂ ਤਿਮਾਰ ਖ਼ਾਨ ਨੂੰ ਅਤੇ ਫੇਰ ਆਪਣੇ ਪੁੱਤਰ ਬੁਗਰਾ ਖ਼ਾਨ ਨੂੰ ਦੇ ਦਿੱਤਾ । ਇਸ ਵੇਲੇ ਸਾਮਾਣਾ ਅਤੇ ਸੁਨਾਮ ਇੱਕੋ ਜਾਗੀਰ ਵਿਚ ਸਨ । ਮੁਹੰਮਦ ਸ਼ਾਹ ਤੁਗ਼ਲਕ ਵੇਲੇ ਏਥੇ ਦੇ ਲੋਕਾਂ ਨੇ ਬਗ਼ਾਵਤ ਕਰ ਦਿੱਤੀ ਜਿਸ ਨੂੰ ਬੜੀ ਸਖ਼ਤੀ ਨਾਲ ਦਬਾਇਆ ਗਿਆ । ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਸਰਹੰਦ ਅਤੇ ਮਨਸੂਰਪੁਰ (ਛੀਟਾਂਵਾਲੇ) ਵਿਚ ਦੀ ਇੱਥੇ ਨੂੰ ਨਹਿਰ ਲਿਆਂਦੀ । ਸੰਨ ੧੩੯੮ ਵਿਚ ਤੈਮੂਰ ਨੇ ਇੱਥੇ ਹੱਲਾ ਕਰ ਕੇ ਇਸ ਨੂੰ ਉਜਾੜ ਦਿਤਾ ।

ਮੁਗ਼ਲ ਬਾਦਸ਼ਾਹ ਅਕਬਰ ਦੇ ਵੇਲੇ ਸਰਹੰਦ ਦੀ ਪੁੱਛ-ਗਿੱਛ ਵਧ ਗਈ ਅਤੇ ਸਾਮਾਣਾ ਅਤੇ ਸੁਨਾਮ ਪਿੱਛੇ ਪੈ ਗਏ । ਸੁਨਾਮ ਦਾ ਪਰਗਣਾ ਵੀ ਸਾਮਾਣੇ ਦੀ ਤਰ੍ਹਾਂ ਸਰਹੰਦ ਦੇ ਹੀ ਤਾਬਿਆ ਹੋ ਗਿਆ । ਅਠਾਰ੍ਹਵੀਂ ਸਦੀ ਦੇ ਅੱਧ ਵਿਚ ਜਦ ਬਾਬਾ ਆਲਾ ਸਿੰਘ ਨੇ ਆਪਣਾ ਰਾਜ ਵਧਾਉਣਾ ਸ਼ੁਰੂ ਕੀਤਾ ਤਾਂ ਸੁਨਾਮ ਉੱਤੇ ਕਬਜ਼ਾ ਕਰ ਲਿਆ । ੧੯੫੬ ਵਿਚ ਇਹ ਪਟਿਆਲਾ ਯੂਨੀਅਨ ਦੇ ਨਾਲ ਹੀ ਪੰਜਾਬ ਵਿਚ ਆ ਗਿਆ ।

ਸੁਨਾਮ ਨੇ ਕਈ ਇਕ ਪਰਸਿੱਧ ਧਾਰਮਕ ਅਤੇ ਵਿਦਵਾਨ ਹਸਤੀਆਂ ਨੂੰ ਜਨਮ ਦਿੱਤਾ ਹੈ ਜਿਨ੍ਹਾਂ ਵਿੱਚੋਂ ਭਾਈ ਮੂਲ ਚੰਦ ਖ਼ਾਸ ਉੱਘੇ ਹੋਏ ਹਨ । ਭਾਈ ਮੂਲ ਚੰਦ ਸੰਬੰਧੀ ਹਾਲ ਤਕ ਇਹ ਅਖਾਣ ਪਰਸਿੱਧ ਹੈ : 'ਬਾਬਾ ਮੂਲਾ ਬਚਨਾਂ ਦਾ ਪੂਰਾ' । ਇਨ੍ਹਾਂ ਦਾ ਡੇਰਾ ਸ਼ਹਿਰ ਤੋਂ ਮੀਲ ਕੁ ਬਾਹਰ ਹੈ । ਸ਼ਹਿਰ ਦੇ ਅੰਦਰ ਇਕ ਮੁਸਲਮਾਨੀ ਅਸਥਾਨ ਗੰਜਿ-ਸ਼ਹੀਦਾਂ ਹੈ ਜੋ ਢਹਿ ਢੇਰੀ ਹੋਇਆ ਹੋਇਆ ਹੈ । ਇਸ ਦੇ ਅੰਦਰ ਖੱਬੇ ਹੱਥ ਨਾਥਾਂ ਦੀਆਂ ਸਮਾਧਾਂ ਦੇ ਨਿਸ਼ਾਨ ਹਨ ਜਿੱਥੇ ਕਿ ਪੁਰਾਣੇ ਸਮੇਂ ਉਨ੍ਹਾਂ ਦਾ ਅਸਥਾਨ ਹੁੰਦਾ ਸੀ । ਮਾਲੂਮ ਹੁੰਦਾ ਹੈ ਕਿ ਪਹਿਲੋਂ ਇਹ ਹਿੰਦੂ ਜੋਗੀਆਂ ਦਾ ਅਸਥਾਨ ਸੀ ਜਦ ਸੰਨ ੧੩੯੮ ਵਿਚ ਤੈਮੂਰ ਨਾਲ ਜੰਗ ਹੋਈ, ਜੰਗ ਵਿਚ ਬਹੁਤ ਸਾਰੇ ਆਦਮੀ ਮਾਰੇ ਗਏ ਤਾਂ ਇੱਥੇ ਉਨ੍ਹਾਂ ਦੀਆਂ ਕਬਰਾਂ ਬਣਾ ਦਿੱਤੀਆਂ ਗਈਆਂ । ਉਸ ਤੋਂ ਬਾਦ ਇਸ ਦਾ ਨਾਉਂ ਗੰਜਿ ਸ਼ਹੀਦਾਂ ਹੋ ਗਿਆ । ਸ਼ਹਿਰੋਂ ਦੱਖਣ-ਚੜ੍ਹਦੀ ਵਲ ਨੂੰ ਪੀਰ ਬੰਨੋ ਬਨੋਈ ਦਾ ਮਜ਼ਾਰ ਹੈ ਜੋ ਮੁਸਲਮਾਨਾਂ ਦੀ ਪਰਸਿੱਧ ਜ਼ਿਆਰਤ ਗਾਹ ਸੀ । ਇਸ ਸ਼ਹਿਰ ਵਿਚ ਗੁਰੂ ਨਾਨਕ ਨੇ ਵੀ ਚਰਨ ਪਾਏ ਸਨ ਜਿਨ੍ਹਾਂ ਦੀ ਯਾਦ ਵਿਚ ਸ਼ਹਿਰ ਦੇ ਅੰਦਰ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ । ਹੋਰ ਦੇਖੋ ਸਾਮਾਣਾ ਅਤੇ ਘੁੜਾਮ ।

## ਸੁਲਤਾਨਪੁਰ ਲੋਧੀ

ਇਹ ਪੁਰਾਣਾ ਕਸਬਾ ਗਿਆਰ੍ਹਵੀਂ ਸਦੀ ਈਸਵੀ ਵਿਚ ਸੁਲਤਾਨ ਖ਼ਾਨ ਲੋਧੀ ਨੇ ਵਸਾਇਆ ਸੀ ਜੋ ਗ਼ਜ਼ਨੀ ਦੇ ਸੁਲਤਾਨ ਮਹਿਮੂਦ ਦਾ ਇਕ ਜਰਨੈਲ ਸੀ । ਇਹ ਜਲੰਧਰੋਂ ੨੮ ਮੀਲ ਦੱਖਣ ਲਹਿੰਦੇ ਨੂੰ, ਕਪੂਰਥਲੇ ਤੋਂ ੧੬

ਮੀਲ ਅਤੇ ਫ਼ੀਰੋਜ਼ਪੁਰੋਂ ੪੫ ਮੀਲ ਉਤਰ-ਚੜ੍ਹਦੇ ਨੂੰ ਹੈ । ਲੋਧੀ ਬਾਦਸ਼ਾਹਾਂ ਵੇਲੇ ਇਹ ਪੰਜਾਬ ਦੇ ਸੂਬੇ ਦੀ ਰਾਜਧਾਨੀ ਸੀ ਅਤੇ ਦੌਲਤ ਖ਼ਾਨ ਲੋਧੀ ਇੱਥੇ ਰਿਹਾ ਕਰਦਾ ਸੀ । ਇਸ ਦੇ ਸਮੇਂ ਹੀ ਗੁਰੂ ਨਾਨਕ ਆਪਣੇ ਬਹਿਨੋਈ ਭਾਈਆ ਜੈ ਰਾਮ ਪਾਸ ਇੱਥੇ ਆਏ ਸਨ ਅਤੇ ਮੋਦੀਖ਼ਾਨੇ ਵਿਚ ਕੰਮ ਕਰਦੇ ਸਨ । ਇੱਥੇ ਹੀ ਬੇਈਂ ਨਦੀ ਪਰ ਆਪ ਭਜਨ ਬੰਦਗੀ ਵਿਚ ਮਗਨ ਰਹਿੰਦੇ ਸਨ । ਇੱਥੇ ਹੀ ਆਪ ਨੇ 'ਨਾ ਹਮ ਹਿੰਦੂ ਨਾ ਮੁਸਲਮਾਨ' ਦਾ ਹੋਕਾ ਦਿੱਤਾ ਅਤੇ ਇੱਥੋਂ ਹੀ ਆਪ ਧਰਮ-ਪਰਚਾਰ ਲਈ ਬਾਹਰ ਨਿਕਲੇ ਸਨ । ਇੱਥੇ ਆਪ ਦੀ ਯਾਦ ਵਿਚ ਗੁਰਦੁਆਰੇ ਬਣੇ ਹੋਏ ਹਨ । ਬੇਈਂ ਦੇ ਕੰਢੇ ਦਾ ਗੁਰਦੁਆਰਾ ਬੇਰ ਸਾਹਿਬ ਬੜਾ ਸੁੰਦਰ ਹੈ ।

ਦਿੱਲੀ ਦੇ ਸੁਲਤਾਨਾਂ ਅਤੇ ਮੁਗ਼ਲ ਬਾਦਸ਼ਾਹਾਂ ਵੇਲੇ ਇਹ ਲਾਹੌਰੋਂ ਦਿੱਲੀ ਨੂੰ ਜਾਂਦੀ ਵਡੀ ਸੜਕ ਉੱਤੇ ਸੀ । ਇੱਥੇ ਜਹਾਂਗੀਰ ਬਾਦਸ਼ਾਹ ਦੀ ਬਣਾਈ ਹੋਈ ਇਕ ਸਰਾਂ ਹੈ ਜਿੱਥੇ ਅਜ ਕਲ ਤਹਿਸੀਲ ਹੈ । ਬੇਈਂ ਉਪਰ ਦੋ ਪੁਰਾਣੇ ਢੱਠੇ ਹੋਏ ਪੁਲ ਹਨ ਜਿਨ੍ਹਾਂ ਵਿੱਚੋਂ ਇਕ ਜਹਾਂਗੀਰ ਦੇ ਸਮੇਂ ਦਾ ਅਤੇ ਦੂਸਰਾ ਔਰੰਗਜ਼ੇਬ ਦੇ ਸਮੇਂ ਦਾ ਦੱਸਿਆ ਜਾਂਦਾ ਹੈ ।

ਬੇਈਂ ਤੋਂ ਪਾਰ ਉੱਤਰ ਵਲ ਨੂੰ ਗੁਰਦੁਆਰਾ ਬੇਰ ਸਾਹਿਬ ਤੋਂ ਉੱਤਰ ਚੜ੍ਹਦੀ ਵਲ ਉਜਾੜ ਵਿਚ ਇਕ ਪੁਰਾਣੀ ਗੁੰਬਦ ਵਾਲੀ ਇਮਾਰਤ ਹੈ ਜਿਸ ਨੂੰ ਹੁਜਰਾ ਹਜੀਰਾ ਕਹਿੰਦੇ ਹਨ । ਇਹ ਇਕ ਉੱਚੇ ਥੜ੍ਹੇ ਉੱਤੇ ਬਣੀ ਹੋਈ ਹੈ । ਇਸ ਦਾ ਚੁਕੰਧਾ ਢਹਿ ਚੁੱਕਾ ਹੋਇਆ ਹੈ । ਕਹਿੰਦੇ ਹਨ ਕਿ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਇੱਥੇ ਪੜ੍ਹਦੇ ਰਹੇ ਸਨ । ਜਦ ਸੰਨ ੧੭੩੯ ਈ. ਵਿਚ ਨਾਦਰਸ਼ਾਹ ਈਰਾਨੀ ਨੇ ਹਿੰਦੁਸਤਾਨ ਉੱਤੇ ਧਾਵਾ ਕੀਤਾ ਤਾਂ ਲਾਹੌਰੋਂ ਸਰਹੰਦ ਨੂੰ ਜਾਂਦੇ ਨੇ ਸੁਲਤਾਨਪੁਰ ਲੁਟ ਲਿਆ ਅਤੇ ਅੱਗ ਲਾ ਕੇ ਫੂਕ ਦਿੱਤਾ । ਨਵੰਬਰ ਸੰਨ ੧੭੫੩ ਈਸਵੀ ਵਿਚ ਲਾਹੌਰ ਦੇ ਹਾਕਮ ਮੀਰ ਮੰਨੂ ਦੀ ਮੌਤ ਤੋਂ ਬਾਦ ਜਦ ਪੰਜਾਬ ਵਿਚ ਸਿੰਘਾਂ ਦਾ ਬੋਲ-ਬਾਲਾ ਹੋਣ ਲਗ ਪਿਆ ਅਤੇ ਉਨ੍ਹਾਂ ਨੇ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਤਾਂ ਕਪੂਰਥਲੀਏ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਸੁਲਤਾਨਪੁਰ ਲੋਧੀ ਉੱਤੇ ਆਪਣਾ ਤਹਿਤ ਜਮਾ ਲਿਆ ਅਤੇ ਦੋ ਸੌ ਸਾਲ ਦੇ ਲਗਭਗ ਇਹ ਕਪੂਰਥਲਾ ਰਿਆਸਤ ਵਿਚ ਰਿਹਾ ਅਤੇ ਸੰਨ ੧੯੫੬ ਵਿਚ ਪਟਿਆਲਾ ਯੂਨੀਅਨ (ਜਿਸ ਦਾ ਕਪੂਰਥਲਾ ਰਿਆਸਤ ਹਿੱਸਾ ਸੀ) ਅਤੇ ਪੰਜਾਬ ਦੇ ਇਕ ਹੋ ਜਾਣ ਪਰ ਇਹ ਪੰਜਾਬ ਵਿਚ ਆ ਗਿਆ ।

ਗੁਰਦੁਆਰਾ ਬੇਰ ਸਾਹਿਬ ਤੋਂ ਇਲਾਵਾ ਇੱਥੇ ਹੋਰ ਗੁਰਦੁਆਰੇ ਇਹ ਹਨ : ਸੰਤ ਘਾਟ, ਹੱਟ ਸਾਹਿਬ, ਕੋਠੜੀ ਸਾਹਿਬ, ਗੁਰੂ ਕਾ ਬਾਗ਼, ਜਨਮ ਅਸਥਾਨ ਬਾਬਾ ਸ੍ਰੀ ਚੰਦ, ਧਰਮਸਾਲਾ ਗੁਰੂ ਅਰਜਨ ਸਾਹਿਬ ।

ਪੁਰਾਣੀ ਸਰਾਇ (ਤਹਿਸੀਲ) ਦੇ ਅੰਦਰ ਇਕ ਪੁਰਾਣੀ ਮਸੀਤ ਹੈ ਜੋ ਜਹਾਂਗੀਰ ਬਾਦਸ਼ਾਹ ਦੇ ਵੇਲੇ ਦੀ ਬਣੀ ਹੋਈ ਹੈ । ਸ਼ਹਿਰ ਤੋਂ ਲਹਿੰਦੀ ਵਲ ਸਰਾਇ ਤੋਂ ਡੇਢ ਕੁ ਸੌ ਗਜ਼ ਦੀ ਵਿੱਥ ਉੱਤੇ ਇਕ ਮਜ਼ਾਰ ਹੈ ਜਿਸ ਨੂੰ ਮਜ਼ਾਰ ਸ਼ਾਹ ਦੀਵਾਨ ਸਾਹਿਬ ਕਹਿੰਦੇ ਹਨ ।

## ਹਿਸਾਰ

ਹਿਸਾਰ ਹਰਿਆਣੇ ਦੇ ਇਲਾਕੇ ਦਾ ਇਕ ਪਰਸਿੱਧ ਸ਼ਹਿਰ ਹੈ । ਜ਼ਿਲਾ ਹਿਸਾਰ ਦਾ ਬਹੁਤ ਸਾਰਾ ਹਿੱਸਾ ਅਤੇ ਰੋਹਤਕ ਦੇ ਜ਼ਿਲੇ ਦੇ ਕੁਝ ਹਿੱਸੇ ਮਿਲਾ ਕੇ ਹਰਿਆਣਾ ਬਣਦਾ ਹੈ । ਹਿਸਾਰ (ਹਿਸਾਰਿ ਫ਼ੀਰੋਜ਼ਾ) ਸ਼ਹਿਰ ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਸੰਨ ੧੩੫੨ ਵਿਚ ਆਪਣੇ ਨਾਉਂ ਪੁਰ ਵਸਾਇਆ ਸੀ ਅਤੇ ੧੩੫੬ ਵਿਚ ਫ਼ਤਿਹਾਬਾਦ ਆਪਣੇ ਪੁੱਤਰ ਫ਼ਤਿਹ ਖ਼ਾਨ ਦੇ ਨਾਉਂ ਉੱਤੇ ਆਬਾਦ ਕੀਤਾ । ਹਿਸਾਰ ਦਾ ਪਹਿਲਾ ਨਾਉਂ ਹਿਸਾਰਿ-ਫ਼ੀਰੋਜ਼ਾ ਸੀ, ਜੋ ਸਮਾਂ ਬੀਤਦੇ ਜਾਣ ਨਾਲ ਹਿਸਾਰ ਹੀ ਰਹਿ ਗਿਆ । ਪਹਿਲੋਂ ਹਿਸਾਰ ਦਾ ਇਲਾਕਾ ਹਾਂਸੀ ਦੀ ਸਿਕਦਾਰੀ ਵਿਚ ਹੁੰਦਾ ਸੀ । ਇਸ ਸ਼ਹਿਰ ਨੂੰ ਵਸਾਉਣ ਤੋਂ ਬਾਦ ਇੱਥੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਫ਼ੀਰੋਜ਼ ਸ਼ਾਹ ਨੇ ਘੱਗਰ ਅਤੇ ਜਮਨਾ ਵਿੱਚੋਂ ਨਹਿਰਾਂ ਕੱਢ ਕੇ ਇੱਥੇ ਲਿਆਂਦੀਆਂ ।

ਸੰਨ ੧੩੯੮ ਵਿਚ ਜਦ ਤੈਮੂਰ ਨੇ ਹੱਲਾ ਕੀਤਾ ਅਤੇ ਭਟਨੇਰ ਨੂੰ ਮਾਰ ਕੇ ਜਦ ਉਹ ਸਰਸਾ ਅਤੇ ਫਤਿਹਾਬਾਦ ਵੱਲ ਨੂੰ ਵਧਿਆ ਤਾਂ ਲੋਕ ਭੱਜ ਨਿਕਲੇ, ਪਰ ਤੈਮੂਰ ਉਨ੍ਹਾਂ ਦੇ ਮਗਰ ਪੈ ਗਿਆ ਅਤੇ ਬੇਅੰਤ ਲੋਕਾਂ ਨੂੰ ਕਤਲ ਕਰ ਦਿੱਤਾ। ੧੪੦੮ ਵਿਚ ਹਿਸਾਰ ਬਾਗੀਆਂ ਦੇ ਹੱਥ ਆ ਗਿਆ, ਪਰ ਮੁਹੰਮਦ ਤੁਗ਼ਲਕ ਨੇ ਮੁੜ ਆਪਣੇ ਤਹਿਤ ਵਿਚ ਲੈ ਆਂਦਾ। ਪਰ ਤਿੰਨ ਵਰ੍ਹੇ ਪਿੱਛੋਂ ਸੰਨ ੧੪੧੧ ਵਿਚ ਇਹ ਸੱਯਦ ਖ਼ਿਜ਼ਰ ਖ਼ਾਨ ਦੇ ਹੱਥ ਆ ਗਿਆ ਜੋ ਸੰਨ ੧੪੧੪ ਵਿਚ ਦਿੱਲੀ ਦਾ ਬਾਦਸ਼ਾਹ ਬਣ ਗਿਆ। ਬਹਿਲੋਲ ਲੋਧੀ ਦੇ ਵੇਲੇ ਹਿਸਾਰ ਮੁਹੱਬਤ ਖ਼ਾਨ ਦੀ ਜਾਗੀਰ ਵਿਚ ਸੀ। ਮੁਗ਼ਲ ਬਾਦਸ਼ਾਹਾਂ ਦੇ ਵੇਲੇ ਇੱਥੇ ਕੋਈ ਖ਼ਾਸ ਘਟਨਾ ਨਹੀਂ ਹੋਈ। ਔਰੰਗਜ਼ੇਬ ਦੀ ਮੌਤ ਵੇਲੇ ਸੰਨ ੧੭੦੭ ਵਿਚ ਇੱਥੇ ਸ਼ਾਹਦਾਦ ਖ਼ਾਨ ਕਸੂਰੀ ਨਾਜ਼ਮ ਸੀ ਜਿਸ ਤੋਂ ਬਾਦ ੧੭੩੮ ਵਿਚ ਨਵਾਬ ਕਾਮਗਾਰ ਖ਼ਾਨ ਨਾਜ਼ਮ ਬਣਿਆ ਅਤੇ ਉਸ ਤੋਂ ਬਾਦ ਫ਼ੌਜਦਾਰ ਖ਼ਾਨ ਅਤੇ ਔਲੀਆ ਖ਼ਾਨ। ਸੰਨ ੧੭੩੧ ਤੋਂ ਫੂਲਕੀ ਮਿਸਲ ਦੇ ਸਰਦਾਰ ਬਾਬਾ ਆਲਾ ਸਿੰਘ ਦੀਆਂ ਭੱਟੀਆਂ ਨਾਲ ਝੜਪਾਂ ਸ਼ੁਰੂ ਹੋ ਗਈਆਂ! ਸੰਨ ੧੭੫੪ ਵਿਚ ਆਲਾ ਸਿੰਘ ਨੇ ਭੱਟੀਆਂ ਦੇ ਦੂਰ ਦੂਰ ਦੇ ਇਲਾਕੇ ਜਾ ਉਗਰਾਹੇ। ਭੱਟੀ ਸਰਦਾਰ ਮੁਹੰਮਦ ਅਮੀਨ ਸ਼ਾਹੀ ਫ਼ੌਜ ਦੀ ਸਹਾਇਤਾ ਲੈ ਕੇ ਆਲਾ ਸਿੰਘ ਨਾਲ ਟੱਕਰ ਲੈਣ ਲਈ ਆਇਆ, ਪਰ ਸ਼ਾਹੀ ਅਤੇ ਭੱਟੀਆਂ ਦੇ ਲਸ਼ਕਰ ਸਿੰਘਾਂ ਦੇ ਸਾਹਮਣੇ ਅੜ ਨਾ ਸਕੇ ਅਤੇ ਸੰਨ ੧੭੮੩ ਤਕ ਦਿੱਲੀ ਦੀ ਹਕੂਮਤ ਅਤੇ ਭੱਟੀਆਂ ਦੇ ਸਭ ਮਿਲਵੇਂ ਜਤਨ ਅਕਾਰਥ ਗਏ ਅਤੇ ਬਹੁਤ ਸਾਰੇ ਇਲਾਕੇ ਉੱਤੇ ਸਿੰਘਾਂ ਦਾ ਤਹਿਤ ਹੋ ਗਿਆ। ਪਰ ਸੰਨ ੧੭੮੩ (ਚਾਲ੍ਹੀਏ – ੧੮੪੦ ਬਿਕਰਮੀ) ਦੇ ਕਾਲ ਨੇ ਇਹ ਦੇਸ ਉਜਾੜ ਕੇ ਰਖ ਦਿੱਤਾ, ਜਿਸ ਕਰ ਕੇ ਸਿੰਘ ਕੁਝ ਕੁ ਆਪਣੇ ਇਲਾਕੇ ਵਲ ਨੂੰ ਪਿੱਛੇ ਹਟ ਗਏ।

ਅਠਾਰ੍ਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਜਹਾਜ਼ ਸਾਹਿਬ (ਜੌਰਜ ਟਾਮਸ) ਇਥੇ ਆ ਦੜਕਿਆ ਅਤੇ ਉਸ ਨੇ ਹਾਂਸੀ ਨੂੰ ਆਪਣਾ ਮੁੱਖ-ਅਸਥਾਨ ਬਣਾ ਕੇ ਆਪਣੀ ਇਕ ਰਿਆਸਤ ਖੜੀ ਕਰਨ ਦੇ ਜਤਨ ਆਰੰਭ ਦਿੱਤੇ, ਪਰ ਮਰਾਠਿਆਂ ਦੇ ਫਰਾਂਸੀਸੀ ਅਫ਼ਸਰ ਲੂਈ ਬੁਰਕਾਂ ਦੇ ਸਾਹਮਣੇ ਜੌਰਜ ਟਾਮਸ ਟਿਕ ਨਾ ਸਕਿਆ ਅਤੇ ਅਗਰੇਜ਼ੀ ਇਲਾਕੇ ਨੂੰ ਭੱਜ ਗਿਆ। ਛੇਤੀ ਹੀ ਪਿੱਛੋਂ ਅੰਗਰੇਜ਼ਾਂ ਅਤੇ ਮਰਾਠਿਆਂ ਵਿਚ ਜੰਗ ਛਿੜ ਪਈ ਅਤੇ ਲਾਸਵਾਰੀ ਅਤੇ ਅਰਗਾਉਂ ਦੀਆਂ ਲੜਾਈਆਂ ਤੋਂ ਬਾਦ ਸੰਨ ੧੮੦੩ ਵਿਚ ਹਿਸਾਰ ਦਾ ਇਲਾਕਾ ਅੰਗਰੇਜ਼ਾਂ ਦੇ ਕਬਜ਼ੇ 'ਚ ਆ ਗਿਆ ਜੋ ਸੰਨ ੧੯੪੭ ਤਕ ਟਿਕਿਆ ਰਿਹਾ।

## ਕਾਂਗੜਾ

ਪੁਰਾਣਾ ਨਾਉਂ : ਨਗਰਕੋਟ, ਕੋਟ ਕਾਂਗੜਾ, ਸੁਸਰਾਮ ਪੁਰ, ਸੁਸਰਾਮ ਨਗਰ

ਕਾਂਗੜਾ ਸ਼ਹਿਰ ਜ਼ਿਲ੍ਹਾ ਕਾਂਗੜਾ ਦਾ ਮੁਖ ਅਸਥਾਨ ਹੈ। ਇਕ ਪਰਾਚੀਨ ਸੰਮਤਾਵਲੀ ਅਨੁਸਾਰ ਕਾਂਗੜੇ ਦਾ ਪੁਰਾਣਾ ਕਟੋਚ ਘਰਾਣਾ ਈਸਾ ਤੋਂ ਡੇਢ ਹਜ਼ਾਰ ਸਾਲ ਪਹਿਲਾਂ ਤੋਂ ਚਲਿਆ ਆਉਂਦਾ ਹੈ ਜਿਸ ਦਾ ਰਾਜ ਜਲੰਧਰ ਦੇ ਇਲਾਕੇ ਤਕ ਪਸਰਿਆ ਹੋਇਆ ਸੀ। ਇਸ ਦਾ ਪਤਾ ਚੀਨੀ ਯਾਤਰੀ ਹਿਊਨ ਸਾਂਗ ਦੀ ਲਿਖਤ ਤੋਂ ਵੀ ਲਗਦਾ ਹੈ ਜਦੋਂ ਜਲੰਧਰ ਅਤੇ ਕਾਂਗੜੇ ਦਾ ਰਾਜ ਸਾਂਝਾ ਸੀ। ਮੁਸਲਮਾਨਾਂ ਦੇ ਆਉਣ ਪਰ ਕਟੋਚ ਮੈਦਾਨਾਂ ਤੋਂ ਪਹਾੜਾਂ ਨੂੰ ਧੱਕ ਦਿੱਤੇ ਗਏ ਤਾਂ ਉਨ੍ਹਾਂ ਦਾ ਮੁਖ-ਅਸਥਾਨ ਕਾਂਗੜਾ ਰਹਿ ਗਿਆ। ਇਸ ਵੇਲੇ ਕਈ ਹੋਰ ਛੋਟੀਆਂ ਛੋਟੀਆਂ ਰਿਆਸਤਾਂ ਬਣ ਗਈਆਂ। ਕਾਂਗੜੇ ਦੇ ਮੰਦਰ ਦੀ ਦੌਲਤ ਦੇ ਖਿੱਚੇ ਹੋਏ ਮਹਿਮੂਦ ਗਜ਼ਨਵੀ ਨੇ ੧੦੦੯ ਈ: ਵਿਚ ਇੱਥੇ ਹੱਲਾ ਕਰਕੇ ਇਸ ਨੂੰ ਲੁੱਟ ਲਿਆ। ਦੂਸਰੀ ਵਾਰੀ ੧੩੬੦ ਵਿਚ ਫੀਰੋਜ਼ ਤੁਗਲਕ ਨੇ ਇੱਥੇ ਆ ਲੁਟ ਮਚਾਈ ਅਤੇ ਇੱਥੇ ਦੀ ਮੂਰਤੀ ਮੋਮਨਾਂ ਦੇ ਪੈਰਾਂ ਹੇਠ ਲਤਾੜੇ ਜਾਣ ਲਈ ਸੜਕ ਉੱਤੇ ਸੁਟ ਦੇਣ ਵਾਸਤੇ ਮੱਕੇ ਭੇਜ ਦਿੱਤੀ।

ਸੰਨ ੧੫੫੬ ਵਿਚ ਅਕਬਰ ਬਾਦਸ਼ਾਹ ਨੇ ਇੱਥੇ ਕਬਜ਼ਾ ਕਰ ਲਿਆ, ਪਰ ਮੁਗ਼ਲਾਂ ਦੇ ਵੇਲੇ ਰਾਜਪੂਤਾਂ ਨਾਲ ਖੁਲ੍ਹ-ਦਿਲੀ ਦਾ ਵਰਤਾਉ ਹੁੰਦਾ ਰਿਹਾ ਜਿਸ ਕਰਕੇ ਇਹ ਉਨ੍ਹਾਂ ਦੇ ਰਾਜ-ਭਗਤ ਅਤੇ ਸਹਾਇਕ ਬਣ ਗਏ। ੧੬੪੬

ਈ. ਵਿਚ ਸ਼ਾਹ ਜਹਾਨ ਨੇ ਰਾਜਾ ਜਗਤ ਚੰਦ ਨੂਰਪੁਰੀਏ ਨੂੰ ਚੌਦਾਂ ਹਜ਼ਾਰ ਰਾਜਪੂਤਾਂ ਦੀ ਫ਼ੌਜ ਨਾਲ (ਅਫ਼ਗਾ-ਸਤਾਨ ਵਿਚ) ਬਲਖ਼ ਅਤੇ ਬਦਖ਼ਸ਼ਾਂ ਦੇ ਉਜ਼ਬਕਾਂ ਦੇ ਵਿਰੁਧ ਮੁਹਿੰਮ ਉੱਤੇ ਭੇਜਿਆ ਅਤੇ ੧੬੬੧ ਵਿਚ ਜਗਤ ਚੰਦ ਦੇ ਪੋਤੇ ਮਾਨਧਾਤਾ ਨੂੰ ਔਰੰਗਜ਼ੇਬ ਨੇ ਬਾਮੀਆਂਨ ਅਤੇ ਘੋੜਬੰਦ (ਅਫ਼ਗਾਨਿਸਤਾਨ) ਭੇਜਿਆ। ਜਦ ਅਹਿਮਦਸ਼ਾਹ ਦੁੱਰਾਨੀ ਦਾ ਪੰਜਾਬ ਵਿਚ ਜ਼ੋਰ ਪੈ ਗਿਆ ਤਾਂ ੧੭੬੨ ਦੇ ਅੰਤ ਵਿਚ ਅਫ਼ਗਾਨਿਸਤਾਨ ਨੂੰ ਮੁੜਣ ਵੇਲੇ ਉਸ ਨੇ ਰਾਜਾ ਘੁਮੰਡ ਚੰਦ ਕਟੌਚ ਨੂੰ ਆਪਣੀ ਵਲੋਂ ਜਲੰਧਰ ਦੁਆਬ ਦਾ ਹਾਕਮ ਬਣਾ ਦਿੱਤਾ।

ਸੰਨ ੧੭੭੪ ਵਿਚ ਕਨ੍ਹਈਆ ਮਿਸਲ ਦੇ ਆਗੂ ਸਰਦਾਰ ਜੈ ਸਿੰਘ ਨੇ ਕਾਂਗੜੇ ਉੱਤੇ ਕਬਜ਼ਾ ਕਰ ਲਿਆ, ਪਰ ੧੭੮੫ ਵਿਚ ਸੰਸਾਰ ਚੰਦ ਦੇ ਹਵਾਲੇ ਕਰ ਦਿੱਤਾ। ਸੰਸਾਰ ਚੰਦ ਬੜਾ ਪਰਸਿੱਧ ਰਾਜਾ ਹੋਇਆ ਹੈ। ਆਪਣਾ ਰਾਜ ਵਧਾਉਣ ਲਈ ਸੰਨ ੧੮੦੫ ਵਿਚ ਜਦ ਉਸ ਨੇ ਕਹਿਲੂਰੀ ਰਿਆਸਤ ਬਿਲਾਸਪੁਰ ਉੱਤੇ ਧਾਵਾ ਕਰ ਦਿੱਤਾ ਤਾਂ ਬਿਲਾਸਪੁਰ ਦੇ ਰਾਜੇ ਨੇ ਗੋਰਖਿਆਂ ਨੂੰ ਸੱਦ ਲਿਆ। ਗੋਰਖਿਆਂ ਨੇ ਇਸ ਇਲਾਕੇ ਵਿਚ ਉਹ ਊਧਮ ਮਚਾਇਆ ਕਿ ਸਾਰਾ ਪਹਾੜੀ ਇਲਾਕਾ ਕੰਬ ਉਠਿਆ। ਅੰਤ ਸੰਸਾਰ ਚੰਦ ਦੀ ਬੇਨਤੀ ਨੂੰ ਪਰਵਾਣ ਕਰ ਕੇ ਮਹਾਰਾਜਾ ਰਣਜੀਤ ਸਿੰਘ ਉਸ ਦੀ ਸਹਾਇਤਾ ਲਈ ਪੁੱਜਾ ਅਤੇ ੧੮੦੯ ਵਿਚ ਗੋਰਖਿਆਂ ਤੋਂ ਕਾਂਗੜੇ ਦੀ ਖਲਾਸੀ ਕਰਾਈ। ਸੰਨ ੧੮੨੮ ਵਿਚ ਜਦ ਸੰਸਾਰ ਚੰਦ ਦਾ ਪੁਤਰ ਅਨੁਰੋਧ ਚੰਦ ਤਖ਼ਤ ਛਡ ਕੇ ਹਰਿਦੁਆਰ ਨੂੰ ਚਲਾ ਗਿਆ ਤਾਂ ਕਾਂਗੜਾ ਮਹਾਰਾਜਾ ਰਣਜੀਤ ਸਿੰਘ ਦੇ ਤਹਿਤ ਵਿਚ ਆ ਗਿਆ ਅਤੇ ਅੰਗਰੇਜ਼ਾਂ ਨਾਲ ਸੰਨ ੧੮੪੫-੪੬ ਦੀ ਪਹਿਲੀ ਲੜਾਈ ਤੋਂ ਬਾਦ ਅੰਗਰੇਜ਼ੀ ਰਾਜ ਵਿਚ ਰਲਾ ਲਿਆ ਗਿਆ।

ਕਾਂਗੜਾ ਪਰਾਚੀਨ ਸਮੇਂ ਵਿਚ ਜੈਨੀਆਂ ਦਾ ਕੇਂਦਰ ਸੀ ਜਿਸ ਦਾ ਜ਼ਿਕਰ ਸੰਮਤ ੧੪੮੪ ਬਿਕਰਮੀ ਮਾਘ ਸੁਦੀ ੧੦ (੨੭ ਜਨਵਰੀ ਸੰਨ ੧੪੨੮ ਈ.) ਦੀ ਇਕ ਜੈਨ ਉਪਾਧਿਆਇ ਸ੍ਰੀ ਜੈ ਸਾਗਰ ਦੀ ਲਿਖੀ ਹੋਈ ਚਿੱਠੀ ਵਿਚ ਆਉਂਦਾ ਹੈ (ਵਿਗਿਅਪਤੀ ਤ੍ਰਿਵੇਣੀ, ੩੪-੪੬: ੮੫-੯੫)। ਪੁਰਾਣੇ ਜੈਨ ਮੰਦਰ ਮੁਸਲਮਾਨਾਂ ਹਥੋਂ ਨਸ਼ਟ ਹੋ ਚੁੱਕੇ ਹਨ। ਇੰਦਰੇਸ਼ਵਰ ਦਾ ਛੋਟਾ ਜਿਹਾ ਮੰਦਰ ਨੌਵੀਂ ਸਦੀ ਦਾ ਹੈ। ਭੌਨ ਵਿਚ ਬਰਜੇਸਵਰੀ ਦੇਵੀ ਦਾ ਮੰਦਰ ਆਪ ਬਹੁਤਾ ਪੁਰਾਣਾ ਨਹੀਂ, ਪਰ ਇਸ ਦੇ ਹੇਠਾਂ ਪੰਦਰ੍ਹਵੀਂ ਸਦੀ ਦਾ ਮੰਦਰ ਲੁਕਿਆ ਹੋਇਆ ਦੱਸੀਦਾ ਹੈ। ਸਰਦਾਰ ਦੇਸਾ ਸਿੰਘ ਮਜੀਠੀਏ ਨੇ ਸਿਖ ਰਾਜ ਸਮੇਂ ਇਸ ਦੀ ਪੂਰੀ ਤਰ੍ਹਾਂ ਮੁਰੰਮਤ ਕਰਵਾਈ ਸੀ। ਪਹਿਲਾ ਮੰਦਰ ਸੱਯਦ ਮੁਹੰਮਦ ਦੇ ਸਮੇਂ (ਸੰਨ ੧੪੩੫-੧੪੪੫ ਈ.) ਬਣਿਆ ਸੀ। ਉਦੋਂ ਸੰਸਾਰ ਚੰਦ ਪ੍ਰਥਮ ਕਾਂਗੜੇ ਦਾ ਰਾਜਾ ਸੀ। ੧੯੦੫ ਈ: ਦੇ ਭੁਚਾਲ ਨੇ ਕਾਂਗੜੇ ਦੇ ਕਿਲੇ (ਨਗਰ ਕੋਟ) ਅਤੇ ਮੰਦਰਾਂ ਨੂੰ ਢਹਿ ਢੇਰੀ ਕਰ ਦਿੱਤਾ ਸੀ।

## ਕੀਰਤਪੁਰ

### ਤਹਿਸੀਲ ਊਨਾ, ਜ਼ਿਲਾ ਹੁਸ਼ਿਆਰਪੁਰ

ਰੋਪੜ ਤੋਂ ੧੪ ਮੀਲ (ਰੇਲ ਰਾਹੀਂ ੧੭ ਮੀਲ) ਅਤੇ ਨੰਗਲ ਡੈਮ ਤੋਂ ੧੩ ਮੀਲ। ਕੀਰਤਪੁਰ ਛੇਵੇਂ ਗੁਰੂ ਹਰਿਗੋਬਿੰਦ ਨੇ ਕਹਿਲੂਰ ਦੇ ਰਾਜਾ ਤਾਰਾ ਚੰਦ ਪਾਸੋਂ ਜ਼ਮੀਨ ਖ਼ਰੀਦ ਕੇ ਸੰਮਤ ੧੬੮੩ (ਸੰਨ ੧੬੨੬ ਈ.) ਵਿਚ ਸਤਲੁਜ ਦਰਿਆ ਦੇ ਕੰਢੇ ਆਪਣੇ ਪੁਤਰ ਬਾਬਾ ਗੁਰਦਿੱਤਾ ਦੀ ਮਾਰਫ਼ਤ ਵਸਾਇਆ। ਇਥੇ ਹੇਠ ਲਿਖੇ ਪਰਸਿੱਧ ਧਾਰਮਕ ਅਤੇ ਇਤਿਹਾਸਕ ਅਸਥਾਨ ਹਨ :—

( ੧ ) ਸ਼ੀਸ਼ ਮਹਿਲ, ਸ਼ਹਿਰ ਦੇ ਵਿਚਕਾਰ ਗੁਰੂ ਸਾਹਿਬਾਨ ਦਾ ਨਿਵਾਸ ਅਸਥਾਨ, ਜਿਥੇ ਗੁਰੂ ਹਰਗੋਬਿੰਦ ਸੰਨ ੧੬੩੪ ਈ. (ਸੰਮਤ ੧੬੯੧ ਬਿਕਰਮੀ) ਵਿਚ ਆਏ ਸਨ। ਇੱਥੇ ਹੀ ਸ੍ਰੀ ਗੁਰੂ ਹਰਿਰਾਇ ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ।

( ੨ ) ਹਰਿਮੰਦਰ ਸਾਹਿਬ, ਸ਼ਹਿਰ ਦੇ ਵਿਚਕਾਰ, ਗੁਰੂ ਹਰਿਗੋਬਿੰਦ ਦਾ ਨਿਵਾਸ ਅਸਥਾਨ।

( ੩ ) ਗੁਰੂ ਕਾ ਖੂਹ, ਗੁਰੂ ਹਰਿਗੋਬਿੰਦ ਦਾ ਲਗਵਾਇਆ ਹੋਇਆ।

( ੪ ) ਚਰਨ ਕਮਲ, ਕੀਰਤਪੁਰ ਪਾਸ, ਗੁਰੂ ਨਾਨਕ ਦਾ ਗੁਰਦੁਆਰਾ, ਜਿੱਥੇ ਸਾਈਂ ਬੁੱਢਣ ਸ਼ਾਹ ਨੂੰ ਦਰਸ਼ਨ ਤੇ ਉਪਦੇਸ਼ ਦਿੱਤਾ ਸੀ।

( ੫ ) ਚੁਬੱਚਾ ਸਾਹਿਬ, ਸ਼ਹਿਰ ਦੇ ਵਿਚਕਾਰ, ਗੁਰੂ ਹਰਿਰਾਇ ਦੇ ਘੋੜਿਆਂ ਨੂੰ ਦਾਣਾ ਦੇਣ ਦਾ ਅਸਥਾਨ।

( ੬ ) ਤਖ਼ਤ ਸਾਹਿਬ, ਸ਼ਹਿਰ ਵਿਚ, ਗੁਰੂ ਹਰਿਰਾਇ ਅਤੇ ਗੁਰੂ ਹਰਿਕ੍ਰਿਸ਼ਨ ਦਾ ਤਿਲਕ ਅਸਥਾਨ।

( ੭ ) ਤੀਰ ਮੰਜੀ ਸਾਹਿਬ, ਕੀਰਤਪੁਰ ਤੋਂ ਅੱਧ ਕੁ ਮੀਲ ਦੱਖਣ ਵੱਲ, ਜਿਥੋਂ ਗੁਰੂ ਹਰਿਗੋਬਿੰਦ ਤੀਰ ਚਲਾਇਆ ਕਰਦੇ ਸਨ। ਇਹ ਬਾਬਾ ਗੁਰਦਿੱਤਾ ਦੇ ਦੇਹਰੇ ਪਾਸ ਹੈ।

( ੮ ) ਆਬਾਦੀ ਦੇ ਵਿਚਕਾਰ ਹਰਿਮੰਦਰ ਦੇ ਪਾਸ ਗੁਰੂ ਹਰਿਰਾਇ ਸਾਹਿਬ ਦਾ ਦੀਵਾਨ ਅਸਥਾਨ।

( ੯ ) ਦੇਹਰਾ ਬਾਬਾ ਗੁਰਦਿੱਤਾ, ਕੀਰਤਪੁਰ ਤੋਂ ਅੱਧ ਕੁ ਮੀਲ ਪਰ ਗੁਰੂ ਹਰਿਗੋਬਿੰਦ ਦੇ ਪੁੱਤਰ ਬਾਬਾ ਗੁਰਦਿੱਤਾ ਦਾ ਅੰਤਮ ਸਸਕਾਰ ਅਸਥਾਨ।

(੧੦) ਪਾਤਾਲ ਪੁਰੀ, ਕੀਰਤਪੁਰ ਤੋਂ ਦੋ ਕੁ ਫ਼ਰਲਾਂਗ ਦੱਖਣ-ਪੱਛਮ ਨੂੰ ਗੁਰੂ ਹਰਿਗੋਬਿੰਦ ਅਤੇ ਗੁਰੂ ਹਰਿਰਾਇ ਸਾਹਿਬ ਦੇ ਸਸਕਾਰ ਅਸਥਾਨ । ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਮੰਜੀ ਸਾਹਿਬ ਬਣਿਆ ਹੋਇਆ ਹੈ ਅਤੇ ਗੁਰੂ ਹਰਿਰਾਇ ਦਾ ਦੇਹਰਾ ਵੱਡਾ ਉੱਚਾ ਸੁਨਹਿਰੀ ਕਲਸ ਵਾਲਾ ਹੈ। ਗੁਰੂ ਹਰਿਕ੍ਰਿਸ਼ਨ ਦੀ ਬਿਭੂਤੀ ਵੀ ਦਿੱਲੀ ਤੋਂ ਲਿਆ ਕੇ ਇੱਥੇ ਰਖੀ ਗਈ ਸੀ, ਮੰਜੀ ਸਾਹਿਬ ਬਣਿਆ ਹੋਇਆ ਹੈ।

(੧੧) ਬੁੱਢਣ ਸ਼ਾਹ ਦਾ ਤਕੀਆ, ਕੀਰਤਪੁਰ ਤੋਂ ਦੱਖਣ ਵਲ ਅੱਧ ਕੁ ਮੀਲ ਤੇ ਬਾਬਾ ਗੁਰਦਿੱਤਾ ਜੀ ਦੇ ਦਰਬਾਰ ਪਾਸ, ਜਿੱਥੇ ਗੁਰੂ ਨਾਨਕ ਅਤੇ ਬਾਬਾ ਗੁਰਦਿੱਤਾ ਜੀ ਨੇ ਚਰਨ ਪਾਏ ਸਨ।

(੧੨) ਵਿਮਾਨਗੜ੍ਹ, ਕੀਰਤਪੁਰ ਵਿਚ ਉਹ ਅਸਥਾਨ ਜਿਥੇ ਦਿੱਲੀ ਤੋਂ ਆਇਆ ਗੁਰੂ ਤੇਗ਼ ਬਹਾਦਰ ਦਾ ਸੀਸ ਟਿਕਾਇਆ ਗਿਆ ਸੀ ; ਇਥੋਂ ਸੀਸ ਵਿਮਾਨ ਵਿਚ ਰੱਖ ਕੇ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਲੈ ਗਏ ਸਨ।

## ਕੁਰਖੇਤਰ

ਦਿੱਲੀ ਤੋਂ ੧੨੩ ਮੀਲ ਉੱਤਰ ਨੂੰ ਅਤੇ ਅੰਬਾਲੇ ਤੋਂ ੨੬ ਮੀਲ ਦੱਖਣ ਨੂੰ

ਕੁਰਖੇਤਰ ਦੇ ਇਲਾਕੇ ਦਾ ਜ਼ਿਕਰ ਪਹਿਲੇ ਅਧਿਆਇ ਵਿਚ ਕੀਤਾ ਜਾ ਚੁੱਕਾ ਹੈ। ਇਹ ਉਹ ਅਸਥਾਨ ਹੈ ਜਿਥੇ ਕੌਰਵਾਂ ਅਤੇ ਪਾਂਡਵਾਂ ਦੇ ਵਿਚਕਾਰ ਮਹਾਂਭਾਰਤ ਜੁੱਧ ਹੋਇਆ ਸੀ। ਪਰ ਇਹ ਮਹਾਨ ਜੁੱਧ ਇਕੱਲੇ ਕੁਰਖੇਤਰ ਜਾਂ ਥਾਨੇਸਰ ਦੇ ਅਸਥਾਨ ਤੇ ਹੀ ਨਹੀਂ ਸੀ ਹੋਇਆ ਬਲਕਿ ਇਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਵੀ। ਦ੍ਵੈਪਾਣ-ਹ੍ਰਦਾ ਥਾਨੇਸਰ ਵਿਚ ਹੈ। ਵਿਆਸਸਥਲੀ (ਬਸਥਲੀ) ਥਾਨੇਸਰੋਂ ਦਖਣ-ਲਹਿੰਦੇ ਨੂੰ ੧੭ ਮੀਲ ਹੈ। ਅਮੀਨ (ਜੋ ਅਭਿਮੰਨੂ ਕਸ਼ੇਤਰ ਦਾ ਛੋਟਾ ਹੋ ਗਿਆ ਰੂਪ ਮੰਨਿਆ ਜਾਂਦਾ ਹੈ), ਇਥੇ ਅਰਜਨ ਦਾ ਪੁੱਤਰ ਅਭਿਮੰਨੂੰ ਮਾਰਿਆ ਗਿਆ ਸੀ ਅਤੇ ਅਸ੍ਵਥਾਮਾ ਨੂੰ ਅਰਜਨ ਨੇ ਹਾਰ ਦੇ ਕੇ ਉਸ ਦੀ ਖੋਪਰੀ ਲਾਹ ਦਿਤ, ਸੀ, ਇਹ ਥਾਨੇਸਰੋਂ ਪੰਜ ਮੀਲ ਹੈ। ਇਥੇ ਹੀ ਅਦਿਤੀ ਦੀ ਕੁਖੋਂ ਸੂਰਜ ਨੇ ਜਨਮ ਲਿਆ ਸੀ। ਥਾਨੇਸਰੋਂ ਅਠ ਮੀਲ ਲਹਿੰਦੇ ਨੂੰ ਭੋਰਿ ਵਿਚ ਭੂਰੀਸ਼੍ਰਵ ਮਾਰਿਆ ਗਿਆ ਸੀ। ਚੱਕਰ ਤੀਰਥ ਦੇ ਅਸਥਾਨ ਤੇ ਸ੍ਰੀ ਕ੍ਰਿਸ਼ਨ ਨੇ ਭੀਸ਼ਮ ਪਿਤਾਮਾ ਨੂੰ ਮਾਰਨ ਲਈ ਆਪਣਾ ਚੱਕਰ ਚੁੱਕਿਆ ਸੀ। ਥਾਨੇਸਰੋਂ ਦੱਖਣ ਲਹਿੰਦੇ ਨੂੰ ੧੧ ਮੀਲ ਤੇ ਨਗਦੂ ਅਸਥਾਨ ਉਤੇ ਭੀਸ਼ਮ ਨੇ ਪਰਾਣ ਤਿਆਗੇ ਸਨ। ਥਾਨੇਸਰੋਂ ਲਹਿੰਦੇ ਔਜਸ ਘਾਟ ਦੇ ਦੱਖਣ ਨੂੰ ਅਸਥੀਪੁਰ ਵਿਚ ਜੁੱਧ ਵਿਚ ਮਾਰੇ ਗਏ ਸੂਰਮਿਆਂ ਦੇ ਸਰੀਰ ਇਕੱਠੇ ਕਰ ਕੇ ਅਗਨ-ਭੇਟ ਕੀਤੇ ਗਏ ਸਨ।

ਕੁਰਖੇਤਰ ਇਕ ਪਰਸਿੱਧ ਹਿੰਦੂ ਤੀਰਥ ਹੈ ਜਿਥੇ ਦੇਸ ਭਰ ਤੋਂ ਲੋਕ ਦਰਸ਼ਨ ਯਾਤਰਾ ਅਤੇ ਇਸ਼ਨਾਨ ਲਈ ਆਉਂਦੇ ਹਨ। ਇਸ ਦੀ ਮਹਾਨਤਾ ਨੂੰ ਹੋਰ ਉਚਿਆਂ ਕਰਨ ਅਤੇ ਰੌਣਕ ਨੂੰ ਵਧਾਉਣ ਲਈ ਸਰਕਾਰ ਪੰਜਾਬ ਨੇ ਇਥੇ ਇਕ ਸੰਸਕ੍ਰਿਤ ਮਹਾਂਵਿਦਿਆਲਾ ਕਾਇਮ ਕੀਤਾ ਹੈ ਅਤੇ ਹੋਰ ਕਈ ਯੋਜਨਾ ਬਣਾਈਆਂ ਹਨ।

## ਕੁੱਲੂ

ਪੁਰਾਣਾ ਨਾਉਂ : ਕੁਲੂਤ, ਕੌਲੂਤ

ਕਾਂਗੜੇ ਤੋਂ ਸਿੱਧਾ ਚੜ੍ਹਦੇ ਦੱਖਣ ਨੂੰ ੫੩ ਮੀਲ, ਜੋਗਿੰਦਰ ਨਗਰ ਤੋਂ ਚੜ੍ਹਦੇ ਨੂੰ ੨੦-੨੨ ਮੀਲ ਅਤੇ ਮੰਡੀ ਤੋਂ ਉੱਤਰ ਚੜ੍ਹਦੇ ਨੂੰ ੨੪ ਮੀਲ।

ਪਰਾਚੀਨ ਸਮੇਂ ਵਿਚ ਕੁਲੂ ਕੁਲਿੰਦ ਦੇਸ ਦਾ ਹਿੱਸਾ ਸੀ।

ਕੁੱਲੂ ਛੋਟੇ ਕਟੋਚ ਘਰਾਣਿਆਂ ਦੀਆਂ ਗਿਆਰਾਂ ਪਹਿਲੀਆਂ ਰਿਆਸਤਾਂ ਵਿਚੋਂ ਇਕ ਸੀ ਜੋ ਜਲੰਧਰ ਦੇ ਪੁਰਾਣੇ ਰਾਜ ਦਾ ਹਿੱਸਾ ਸਨ। ਅਸ਼ੋਕ ਨੇ ਇਥੇ ਇਕ ਸਤੂਪ ਬਣਵਾਇਆ ਸੀ, ਅਤੇ ਸੱਤਵੀਂ ਸਦੀ ਈਸਵੀ ਵਿਚ ਇਥੇ ਆਏ ਚੀਨੀ ਯਾਤਰੀ ਹਿਊਨ ਸਾਂਗ ਅਨੁਸਾਰ ਇਥੇ ਵੀਹ ਬੁਧ ਮੰਦਰ ਸਨ। ਹਾਲ ਤਕ ਵੀ ਬੁਧ ਸਭਿਅਤਾ ਦ ਚਿੰਨ੍ਹ ਇਥੇ ਮਿਲਦੇ ਹਨ ਜਿਨ੍ਹਾਂ ਦਾ ਜ਼ਿਕਰ ੧੯੦੭-੦੮ ਦੀ ਆਰਕਿਆਲੋਜੀਕਲ ਸਰਵੇ ਦੀ ਰਿਪੋਰਟ ਵਿਚ ਵੀ ਦਿੱਤਾ ਹੋਇਆ ਹੈ।

ਕੁੱਲੂ ਦਾ ਸਪਸ਼ਟ ਇਤਿਹਾਸ ਪੰਧਰਵੀਂ ਸਦੀ ਤੋਂ ਆਰੰਭ ਹੁੰਦਾ ਹੈ ਜਦ ਕਿ ਇਸ ਘਰਾਣੇ ਦਾ ਚੁਹੱਤਰਵਾਂ ਰਾਜਾ ਸੁਧ ਸਿੰਘ ਗੱਦੀ ਤੇ ਬੈਠਾ, ਅਤੇ ਇਹ ਲੜੀ ਉਨ੍ਹੀਵੀਂ ਸਦੀ ਤਕ ਚਲਦੀ ਰਹੀ ਜਦ ਕਿ ਰਾਜਾ ਬਿਕਰਮਾ ਸਿੰਘ ਵੇਲੇ ਗੋਰਖਿਆਂ ਨੇ ਇਸ ਪਹਾੜੀ ਇਲਾਕੇ ਉਤੇ ਕਬਜ਼ਾ ਕਰ ਲਿਆ। ਉਸ ਵੇਲੇ ਤਕ ਬਿਕਰਮਾ ਸਿੰਘ ਕਾਂਗੜੇ ਦੇ ਰਾਜਾ ਸੰਸਾਰ ਚੰਦ ਕਟੋਚ ਨੂੰ ਅਤੇ ਗੋਰਖਿਆਂ ਨੂੰ ਕਰ ਭਰਦਾ ਰਿਹਾ। ਜਦ ਗੋਰਖਿਆਂ ਪਾਸੋਂ ਇਹ ਇਲਾਕਾ ਛੁਡਾ ਲਿਆ ਗਿਆ ਤਾਂ ਰਾਜਾ ਅਜੀਤ ਸਿੰਘ ਅੰਗਰੇਜ਼ਾਂ ਦਾ ਤਾਬੇਦਾਰ ਬਣ ਗਿਆ। ਕੁਝ ਚਿਰ ਕੁੱਲੂ ਦਾ ਇਲਾਕਾ ਸਿੰਘਾਂ ਦੇ ਤਹਿਤ ਹੇਠ ਰਿਹਾ, ਪਰ ੧੮੪੫-੪੬ ਦੀ ਲੜਾਈ ਤੋਂ ਬਾਦ ਜਲੰਧਰ ਦੁਆਬ ਦੇ ਨਾਲ ਹੀ ਅੰਗਰੇਜ਼ਾਂ ਨੇ ਇਥੇ ਵੀ ਕਬਜ਼ਾ ਕਰ ਲਿਆ ਅਤੇ ਕੁੱਲੂ ਨੂੰ ਕਾਂਗੜੇ ਦੇ ਜ਼ਿਲੇ ਦਾ ਸਬ-ਡਿਵੀਜ਼ਨ ਬਣਾ ਦਿਤਾ।

ਕੁੱਲੂ ਦੇ ਇਲਾਕੇ ਦੇ ਬਹੁਤ ਸਾਰੇ ਪੱਥਰ ਦੇ ਮੰਦਰ ਰਾਜਾ ਜਗਤ ਸਿੰਘ ਦੇ ਸਮੇਂ (ਸੰਨ ੧੬੪੦—੧੬੭੦ ਈ.) ਦੇ ਬਣੇ ਹੋਏ ਹਨ ਅਤੇ ਇਹੋ ਹੀ ਰਘੁਨਾਥ ਦੀ ਮੂਰਤੀ ਅਵਧ ਤੋਂ ਕੁੱਲੂ ਲਿਆਇਆ ਸੀ।

## ਕੈਥਲ

ਪੁਰਾਣਾ ਨਾਉਂ : ਕਪਿਸਥਲ, ਕਵਿਤਲ (ਅਲ-ਬਿਰੂਨੀ), ਕੰਬਿਸਥੋਲੋਇ (ਏਰੀਅਨ)

ਕਰਨਾਲ ਤੋਂ ੩੮ ਮੀਲ ਲਹਿੰਦੇ ਉਤਰ ਨੂੰ, ਕੁਰਖੇਤਰ ਤੋਂ ੩੦ ਮੀਲ ਦੱਖਣ ਲਹਿੰਦੇ ਨੂੰ।

ਕਹਿੰਦੇ ਹਨ ਇਸ ਸ਼ਹਿਰ ਨੂੰ ਪਾਂਡਵਾਂ ਦੇ ਵਡੇ ਭਰਾ ਯੁਧਿਸ਼ਟਰ ਨੇ ਵਸਾਇਆ ਸੀ ਅਤੇ ਇਸ ਦਾ ਪੁਰਾਣਾ ਨਾਉਂ ਕਪਿਸਥਲ ਸੀ। ਇਥੇ ਇਕ ਅਸਥਾਨ ਰਾਮਾਇਣ ਦੇ ਪਰਸਿੱਧ ਰਾਮ-ਭਗਤ ਸੂਰਬੀਰ ਹਨੂਮਾਨ ਦੀ ਮਾਂ ਅੰਜਨੀ ਦਾ ਮੰਦਰ ਹੈ।

ਦਿੱਲੀ ਦੇ ਮੁਸਲਮਾਨ ਸੁਲਤਾਨਾਂ ਦੇ ਵੇਲੇ ਕੈਥਲ ਕਾਫ਼ੀ ਪਰਸਿੱਧ ਅਸਥਾਨ ਸੀ ਅਤੇ ਸੰਨ ੧੩੯੮ ਵਿਚ ਦਿੱਲੀ ਉਤੇ ਹੱਲਾ ਕਰਨ ਤੋਂ ਪਹਿਲਾਂ ਤੈਮੂਰ ਨੇ ਇਥੇ ਪੜਾਉ ਕੀਤਾ ਸੀ। ਉਹ ਲਿਖਦਾ ਹੈ ਕਿ ਇੱਥੇ ਦੇ ਲੋਕ ਅੱਗ-ਪੂਜ ਹਨ (ਉਸ ਨੇ ਬ੍ਰਾਹਮਣਾਂ ਨੂੰ ਹਵਨ ਕਰਦੇ ਦੇਖਿਆ ਹੋਣਾ ਹੈ)। ਅਕਬਰ ਬਾਦਸ਼ਾਹ ਦੇ ਵੇਲੇ ਇਸ ਸ਼ਹਿਰ ਦੀ ਮੁੜ ਨਵੇਂ ਸਿਰਿਉਂ ਰੌਣਕ ਵਧੀ ਅਤੇ ਇਥੇ ਇਕ ਕਿਲਾ ਬਣਾਇਆ ਗਿਆ। ਸਰਹੰਦ ਦੇ ਇਲਾਕੇ ਉਤੇ

ਸੰਨ ੧੭੬੪ ਵਿਚ ਜਦ ਸਿੰਘਾਂ ਦਾ ਕਬਜ਼ਾ ਅਤੇ ਹਰ ਪਾਸੇ ਉਨ੍ਹਾਂ ਦਾ ਬੋਲ ਬਾਲਾ ਹੋ ਗਿਆ ਤਾਂ ਸੰਨ ੧੭੬੭ ਵਿਚ ਕੈਂਥਲ ਭਾਈ ਗੁਰਬਖ਼ਸ਼ ਸਿੰਘ ਦੇ ਪੁੱਤਰ ਭਾਈ ਦੇਸੂ ਸਿੰਘ ਦੇ ਕਬਜ਼ੇ ਵਿਚ ਆ ਗਿਆ। ਭਾਈ ਦੇਸੂ ਸਿੰਘ ਦਾ ਪੁੱਤਰ ਭਾਈ ਲਾਲ ਸਿੰਘ ਅਤੇ ਉਨ੍ਹਾਂ ਦਾ ਪੁੱਤਰ ਭਾਈ ਉਦੈ ਸਿੰਘ ਹੋਇਆ। ਇਹ ਦੋਨੋਂ ਵਿਦਵਾਨ ਅਤੇ ਵਿਦਿਆ-ਪ੍ਰੇਮੀ ਹੋਏ ਹਨ। ਇਨ੍ਹਾਂ ਦੇ ਰਾਜ ਦੀ ਸੋਭਾ ਹਾਲ ਤਕ ਲੋਕਾਂ ਵਿਚ ਪਰਸਿੱਧ ਹੈ। ਭਾਈ ਉਦੈ ਸਿੰਘ ਦੇ ਦਰਬਾਰ ਵਿਚ ਕੈਂਥਲ ਰਹਿ ਕੇ ਪੰਜਾਬ ਦੇ ਪਰਸਿੱਧ ਕਵੀ ਭਾਈ ਸੰਤੋਖ ਸਿੰਘ ਨੇ 'ਗੁਰ ਪਰਤਾਪ ਸੂਰਜ ਗ੍ਰੰਥ (ਸੂਰਜ ਪਰਕਾਸ਼)', ਰਾਮਾਇਣ ਆਦਿ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ ਸੀ। ਭਾਈ ਉਦੈ ਸਿੰਘ ਦੀ ਕੋਈ ਸੰਤਾਨ ਨਹੀਂ ਸੀ ਇਸ ਲਈ ੧੫ ਮਾਰਚ ਸੰਨ ੧੮੪੩ ਨੂੰ ਉਨ੍ਹਾਂ ਦਾ ਦੇਹਾਂਤ ਹੋ ਜਾਣ ਪਿੱਛੋਂ ਅੰਗਰੇਜ਼ਾਂ ਨੇ ਇਥੇ ਕਬਜ਼ਾ ਕਰ ਲਿਆ ਅਤੇ ਜ਼ਿਲਾ ਬਣਾ ਦਿੱਤਾ। ਸੰਨ ੧੮੪੯ ਵਿਚ ਇਥੇ ਦਾ ਜ਼ਿਲਾ ਤੋੜ ਦਿਤਾ ਗਿਆ ਅਤੇ ਇਸ ਨੂੰ ਥਾਨੇਸਰ ਦੇ ਜ਼ਿਲੇ ਵਿਚ ਰਲਾ ਦਿਤਾ। ੧੮੬੨ ਵਿਚ ਥਾਨੇਸਰ ਨੂੰ ਤੋੜ ਕੇ ਜ਼ਿਲਾ ਕਰਨਾਲ ਨਾਲ ਮਿਲਾ ਦਿਤਾ ਗਿਆ।

ਕੈਥਲ ਵਿਚ ਕਈ ਮੁਸਲਮਾਨ ਫ਼ਕੀਰਾਂ ਦੇ ਮਕਬਰੇ ਹਨ ਜਿਨ੍ਹਾਂ ਵਿਚੋਂ ਸ਼ੇਖ਼ ਸਲਾਹ-ਉ-ਦੀਨ ਬਲਖ਼ੀ (ਸੰਨ ੧੨੪੬ ਈ.) ਦਾ ਮਜ਼ਾਰ ਸਭ ਤੋਂ ਪੁਰਾਣਾ ਹੈ। ਇਥੇ ਨੌਵੇਂ ਸਿਖ ਗੁਰੂ ਤੇਗ ਬਹਾਦੁਰ ਦੀ ਯਾਦ ਵਿਚ ਦੋ ਗੁਰਦੁਆਰੇ ਹਨ : ਇਕ ਠੰਢਾਰ ਤੀਰਥ ਪਰ ਅਤੇ ਦੂਸਰਾ ਸ਼ਹਿਰ ਵਿਚ। ਬਾਹਰ ਦੇ ਗੁਰਦੁਆਰੇ ਵਿਚ ਗੁਰੂ ਸਾਹਿਬ ਦੇ ਵੇਲੇ ਦਾ ਇਕ ਨਿੰਮ ਦਾ ਬਿਰਛ ਹੈ।

## ਖਡੂਰ ਸਾਹਿਬ

ਅੰਮ੍ਰਿਤਸਰ ਦੇ ਜ਼ਿਲੇ ਦੀ ਤਹਿਸੀਲ ਤਰਨ-ਤਾਰਨ ਵਿਚ (ਤਰਨ-ਤਾਰਨ ਤੋਂ ੧੦ ਮੀਲ ਦੱਖਣ ਚੜ੍ਹਦੇ ਨੂੰ) ਖਡੂਰ ਸਾਹਿਬ ਨਗਰ ਹੈ ਜਿਥੇ ਦੂਸਰੇ ਗੁਰੂ ਅੰਗਦ ਸਾਹਿਬ ਦੀ ਯਾਦ ਵਿਚ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਨੇ ਵੀ ਇਥੇ ਚਰਨ ਪਾਏ ਸਨ ਅਤੇ ਤੀਸਰੇ ਗੁਰੂ ਅਮਰਦਾਸ ਇਥੇ ਹੀ ਗੁਰੂ ਅੰਗਦ ਸਾਹਿਬ ਦੀ ਸੇਵਾ ਕਰਦੇ ਰਹੇ ਹਨ। ਵੱਡੇ ਗੁਰਦੁਆਰੇ ਤੋਂ ਇਲਾਵਾ ਇਥੇ ਹੋਰ ਗੁਰਦੁਆਰੇ ਇਹ ਹਨ :

( ੧ ) ਤਪਿਆਣਾ ਸਾਹਿਬ— ਪਿੰਡ ਤੋਂ ਉਤਰ-ਚੜ੍ਹਦੇ ਵਲ ਗੁਰੂ ਅੰਗਦ ਸਾਹਿਬ ਦਾ ਤਪ-ਅਸਥਾਨ ਜਿਸ ਦੇ ਪਾਸ ਤਾਲ ਦੇ ਕੰਢੇ ਉਤੇ ਭਾਈ ਬਾਲੇ ਦੀ ਸਮਾਧ ਹੈ।

( ੨ ) ਥੜ੍ਹਾ ਸਾਹਿਬ — ਉਹ ਚਬੂਤਰਾ ਜਿਥੇ ਸੇਵਾ ਤੋਂ ਵਿਹਲੇ ਹੋ ਕੇ ਗੁਰੂ ਅਮਰਦਾਸ ਭਜਨ ਕਰਿਆ ਕਰਦੇ ਸਨ।

( ੩ ) ਦੇਹੁਰਾ ਗੁਰੂ ਅਗਦ ਸਾਹਿਬ (ਜੋਤੀ ਜੋਤ ਸਾਹਿਬ)।

( ੪ ) ਮੱਲ ਅਖਾੜਾ, ਇਥੇ ਗੁਰੂ ਅੰਗਦ ਸਾਹਿਬ ਮੱਲਾਂ ਦੇ ਘੋਲ ਵੇਖਿਆ ਕਰਦੇ ਸਨ।

## ਗੋਇੰਦਵਾਲ

ਤਹਿਸੀਲ ਤਰਨ-ਤਾਰਨ, ਜ਼ਿਲਾ ਅੰਮ੍ਰਿਤਸਰ, ਤਰਨ-ਤਾਰਨ ਤੋਂ ਦੱਖਣ ਚੜ੍ਹਦੇ ਨੂੰ ੧੫ ਮੀਲ।

ਇਹ ਨਗਰ ਅਕਬਰ ਬਾਦਸ਼ਾਹ ਦੇ ਵੇਲੇ ਗੁਰੂ ਅਮਰਦਾਸ ਦੀ ਸਹਾਇਤਾ ਨਾਲ ਗੋਇੰਦਾ ਨਾਮੀ ਇਕ ਸਿੱਖ ਨੇ ਬਿਆਸਾ ਨਦੀ ਦੇ ਕੰਢੇ ਤੇ ਵਸਾਇਆ ਸੀ। ਇਹ ਅਸਥਾਨ ਚੂੰਕਿ ਉਸ ਵੇਲੇ ਦਿੱਲੀਓਂ ਲਾਹੌਰ ਨੂੰ ਜਾ ਰਹੀ ਸ਼ਾਹੀ ਸੜਕ ਉਤੇ ਇਕ ਪੱਤਣ ਸੀ ਇਸ ਲਈ ਛੇਤੀ ਹੀ ਇਥੇ ਰੌਣਕ ਹੋ ਗਈ ਅਤੇ ਇਹ ਇਕ ਪਰਸਿੱਧ ਸ਼ਾਹੀ ਪੜਾਉ ਬਣ ਗਿਆ।

ਗੁਰੂ ਅੰਗਦ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਮਾਰਚ ਸੰਨ ੧੫੫੨ ਵਿਚ ਜਦ ਗੁਰੂ ਅਮਰਦਾਸ ਗੁਰੂ-ਗੱਦੀ ਪਰ ਬਿਰਾਜਮਾਨ ਹੋਏ ਤਾਂ ਉਨ੍ਹਾਂ ਨੇ ਆਪਣੀ ਰਿਹਾਇਸ਼ ਇਥੇ ਕਰ ਲਈ। ਇਥੇ ਹੀ ਗੁਰੂ ਰਾਮਦਾਸ ਉਨ੍ਹਾਂ ਦੀ ਸੇਵਾ

ਵਿਚ ਆਏ; ਇਥੇ ਹੀ ਉਨ੍ਹਾਂ ਨੂੰ ਗੁਰਿਆਈ ਮਿਲੀ ਅਤੇ ਇਥੇ ਹੀ ਗੁਰੂ ਅਰਜਨ ਦਾ ਜਨਮ ਹੋਇਆ। ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਦਾ ਦੇਹਾਂਤ ਵੀ ਗੋਇੰਦਵਾਲ ਵਿਚ ਹੀ ਹੋਇਆ ਅਤੇ ਇਥੇ ਹੀ ਗੁਰੂ ਅਰਜਨ ਨੂੰ ਗੁਰਿਆਈ ਮਿਲੀ। ਗੁਰੂ ਅਮਰਦਾਸ ਦੇ ਪਰਿਵਾਰ ਦਾ ਨਿਵਾਸ-ਅਸਥਾਨ ਵੀ ਇਥੇ ਹੀ ਸੀ ਅਤੇ ਗੁਰੂ ਅਰਜਨ ਵੀ ਕਈ ਵਾਰੀ ਇਥੇ ਆ ਕੇ ਰਿਹਾ ਕਰਦੇ ਸਨ।

ਗੁਰੂ ਅਮਰਦਾਸ ਨੇ ਸੰਮਤ ੧੬੧੬ ਬਿਕਰਮੀ (ਸੰਨ ੧੫੫੯ ਈ.) ਵਿਚ ਇਥੇ ਇਕ ਬਾਉਲੀ ਖੁਦਵਾਈ ਜਿਸ ਦੀਆਂ ਚੁਰਾਸੀ ਪੌੜੀਆਂ ਹਨ। ਦਰਸ਼ਨਾਂ ਨੂੰ ਆਏ ਅਨੇਕਾਂ ਸ਼ਰਧਾਲੂ ਸਿੱਖ ਇਸ਼ਨਾਨ ਕਰਕੇ ਹਰ ਪੌੜੀ ਉਤੇ ਇਕ ਇਕ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਮਾਲੂਮ ਹੁੰਦਾ ਹੈ ਸੰਨ ੧੫੭੧ ਈ. ਦੀਆਂ ਗਰਮੀਆਂ ਵਿਚ ਅਕਬਰ ਬਾਦਸ਼ਾਹ ਜਦ ਪਾਕਪਟਨ ਦੀ ਜ਼ਿਆਰਤ ਕਰਕੇ ਲਾਹੌਰੋਂ ਅਜਮੇਰ ਵਲ ਨੂੰ ਤੁਰਿਆ ਤਾਂ ਉਸ ਨੇ ਰਸਤੇ ਵਿਚ ਗੋਇੰਦਵਾਲ ਦੇ ਅਸਥਾਨ ਤੇ ਗੁਰੂ ਅਮਰਦਾਸ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਦੇ ਕੁਝ ਲੈਣੋਂ ਨਾਂਹ ਕਰ ਦੇਣ ਉਤੇ ਉਸ ਨੇ ਕੁਝ ਪਿੰਡਾਂ ਦੀ ਜਾਗੀਰ ਉਨ੍ਹਾਂ ਦੀ ਲੜਕੀ ਬੀਬੀ ਭਾਨੀ ਨੂੰ ਦੇ ਦਿਤੀ। ਇਸ ਭੋਂ ਵਿਚ ਬੀਬੀ ਭਾਨੀ ਦੇ ਪਤੀ ਗੁਰੂ ਰਾਮਦਾਸ ਨੇ ਗੁਰੂ-ਚੱਕ ਪਿੰਡ ਬੱਧਾ, ਜਿਸ ਦਾ ਨਾਉਂ 'ਚੱਕ ਗੁਰੂ ਰਾਮਦਾਸ' ਪਿਆ ਅਤੇ ਜਿਸ ਦਾ ਬਾਦ ਵਿਚ ਨਾਉਂ ਸਰੋਵਰ ਦੇ ਨਾਉਂ ਕਰਕੇ ਅੰਮ੍ਰਿਤਸਰ ਪਰਸਿਧ ਹੋਇਆ।

ਸੰਨ ੧੫੯੮ ਦੇ ਅੰਤ ਨਵੰਬਰ ਦੇ ਮਹੀਨੇ ਜਦ ਅਕਬਰ ਬਾਦਸ਼ਾਹ ਗੋਇੰਦਵਾਲ ਪੁੱਜਾ ਤਾਂ ਇਥੇ ਗੁਰੂ ਅਰਜਨ ਦੇ ਦਰਸ਼ਨ ਕਰਨ ਆਇਆ ਅਤੇ ਬੜਾ ਪਰਸੰਨ ਹੋਇਆ। ਜਦ ਬਾਦਸ਼ਾਹ ਨੇ ਕੁਝ ਭੇਟਾ ਕਰਨੀ ਚਾਹੀ ਤਾਂ ਕਿ ਉਸ ਨੂੰ ਸੁਖ ਦੀ ਪਰਾਪਤੀ ਹੋਵੇ ਤਾਂ ਗੁਰੂ ਅਰਜਨ ਨੇ ਬਚਨ ਕੀਤਾ ਕਿ ਬਾਦਸ਼ਾਹਾਂ ਦਾ ਸੁਖ ਪਰਜਾ ਦੇ ਸੁਖ ਵਿਚ ਹੁੰਦਾ ਹੈ। ਇਸ ਵੇਲੇ ਕਾਲ ਪਿਆ ਹੋਇਆ ਹੋਣ ਕਰਕੇ ਪੰਜਾਬ ਦੀ ਪਰਜਾ ਦੁਖੀ ਹੈ। ਇਸ ਲਈ ਉਨ੍ਹਾਂ ਵਾਸਤੇ ਕੁਝ ਕਰਨਾ ਚਾਹੀਦਾ ਹੈ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਚੁਨਾਂਚਿ ਬਾਦਸ਼ਾਹ ਨੇ ਪੰਜਾਬ ਦਾ ਦਸ ਬਾਰਾਂ ਫ਼ੀ ਸਦੀ ਮਾਮਲਾ ਮਾਫ਼ ਕਰ ਦਿਤਾ। ਜਦ ਅਕਤੂਬਰ ਸੰਨ ੧੬੦੫ ਵਿਚ ਅਕਬਰ ਮਰ ਗਿਆ ਅਤੇ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ, ਤਾਂ ਬਾਗ਼ੀ ਸ਼ਾਹਜ਼ਾਦੇ ਖੁਸਰੋ ਦੀ ਸਹਾਇਤਾ ਕਰਨ ਦੀ ਊਜ ਲਾ ਕੇ ਉਸ ਨੇ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾ ਦਿਤਾ। ਇਸ ਤੋਂ ਬਾਦ ਸਿੱਖਾਂ ਅਤੇ ਮੁਗ਼ਲ ਰਾਜ ਦਾ ਅਜੋੜ ਹੀ ਰਿਹਾ।

ਮੁਗ਼ਲ ਰਾਜ ਵੇਲੇ ਗੋਇੰਦਵਾਲ ਇਕ ਬੜਾ ਵੱਡਾ ਸ਼ਹਿਰ ਸੀ ਅਤੇ ਸਿੰਘਾਂ ਦੇ ਵੇਲੇ ਤਕ ਇਸ ਦੀ ਪ੍ਰਭਤਾ ਕੁਝ ਕੁ ਬਣੀ ਰਹੀ, ਪਰ ਦਿੱਲੀ ਤੋਂ ਲਾਹੌਰ ਜਾਣ ਲਈ ਸਰਹੰਦ-ਲੁਧਿਆਣਾ-ਜਾਲੰਧਰ ਸੜਕ ਜ਼ਿਆਦਾ ਵਰਤੋਂ ਵਿਚ ਆਉਣ ਕਰਕੇ ਗੋਇੰਦਵਾਲ ਦੀ ਰੌਣਕ ਹੌਲੀ ਹੌਲੀ ਘਟਦੀ ਗਈ; ਅੰਤ ਅੰਗਰੇਜ਼ਾਂ ਦੇ ਵੇਲੇ ਇਸ ਪੱਤਣ ਦੀ ਕਦਰ ਉਕੀ ਹੀ ਘਟ ਗਈ ਅਤੇ ਸ਼ਹਿਰ ਦਾ ਬਹੁਤ ਸਾਰਾ ਉਜਾੜਾ ਹੋ ਗਿਆ। ਇਸ ਵੇਲੇ ਇਸ ਦੀ ਵਿਸ਼ੇਸ਼ਤਾ ਧਾਰਮਕ ਅਸਥਾਨ ਕਰਕੇ ਹੀ ਹੈ। ਇਥੇ ਇਹ ਖ਼ਾਸ ਉਘੇ ਅਸਥਾਨ ਹਨ :

(੧) ਗੁਰਦੁਆਰਾ ਹਵੇਲੀ ਸਾਹਿਬ, ਗੁਰੂ ਅਮਰਦਾਸ ਦਾ ਨਿਵਾਸ ਅਸਥਾਨ
(੨) ਬਾਉਲੀ ਸਾਹਿਬ
(੩) ਬਾਬਾ ਅਨੰਦ ਜੀ ਦਾ ਅਸਥਾਨ
(੪) ਖੂਹ ਗੁਰੂ ਰਾਮਦਾਸ
(੫) ਬਾਬਾ ਮੋਹਨ ਜੀ ਦਾ ਚੁਬਾਰਾ

## ਘੁੜਾਮ (ਕੁੜ੍ਹਾਮ)

ਪੁਰਾਣਾ ਨਾਉਂ : ਕੋਹਿ-ਰਾਮ, ਕੁਹਰਾਮ

ਇਸ ਵੇਲੇ ਇਹ ਇਕ ਛੋਟਾ ਜਿਹਾ ਪਿੰਡ ਹੈ ਜੋ ਪਟਿਆਲੇ ਤੋਂ ਦੱਖਣ (ਥੋੜਾ ਜਿਹਾ ਚੜ੍ਹਦੇ) ਨੂੰ ੧੯ ਮੀਲ ਦੀ ਵਿਥ ਪਰ ਹੈ। ਰਸਤਾ ਭੁੰਨਰ-ਹੇੜੀ ਵਿਚ ਦੀ ਜਾਂਦਾ ਹੈ ਜਿਥੋਂ ਇਹ ਐਨ ਦੱਖਣ ਨੂੰ ਅੱਠ ਮੀਲ ਹੈ ਅਤੇ ਰਾਜ ਪੁਰਾ ਰੇਲਵੇ ਸਟੇਸ਼ਨ ਤੋਂ ਦੱਖਣ ਲਹਿੰਦੇ ਨੂੰ ਸਿੱਧਾ ੨੯ ਮੀਲ ਹੈ।

ਘੁੜਾਮ ਇਕ ਬੜਾ ਪਰਾਚੀਨ ਅਸਥਾਨ ਹੈ ਅਤੇ ਪਰੰਪਰਾ ਤੋਂ ਚਲੀ ਆ ਰਹੀ ਇਕ ਕਥਾ ਅਨੁਸਾਰ ਰਾਮਾਇਣ ਦੇ ਮੁਖ ਨਾਇਕ ਸ੍ਰੀ ਰਾਮਚੰਦਰ ਦੇ ਨਾਨਕੇ ਇਥੇ ਸਨ। ਭਾਵੇਂ ਇਥੇ ਦਾ ਪਰਾਚੀਨ ਇਤਿਹਾਸ ਅਨੰਤ ਸਮਿਆਂ ਦੇ ਬੀਤ ਜਾਣ ਨਾਲ ਗੁੰਮ ਹੋ ਗਿਆ ਹੈ, ਪਰ ਇਸ ਦੇ ਆਲੇ ਦੁਆਲੇ ਦੀ ਭੋਂ ਵਿਚ ਰਲੀਆਂ ਹੋਈਆਂ ਠੀਕਰੀਆਂ ਅਤੇ ਰੋੜੇ ਇਸ ਗੱਲ ਦੇ ਪਰਤੱਖ ਗਵਾਹ ਹਨ ਕਿ ਕਿਸੇ ਦੂਰ ਦੇ ਜ਼ਮਾਨੇ ਵਿਚ ਇਹ ਇਕ ਵਿਸ਼ਾਲ ਅਤੇ ਧਨਾਢ ਅਸਥਾਨ ਸੀ। ਮੁਸਲਮਾਨੀ ਸਮਿਆਂ ਦੇ ਆਰੰਭ ਵਿਚ ਇਸ ਦਾ ਨਾਉਂ ਕੋਹਿ-ਰਾਮ ਜਾਂ ਕੁਹ-ਰਾਮ (ਰਾਮ ਦੀ ਪਹਾੜੀ) ਆਉਂਦਾ ਹੈ। ਹਸਨ ਨਿਜ਼ਾਮੀ ਦੀ ਪੁਸਤਕ ਤਾਜੁਲ-ਮੁਆਸਿਰ ਅਨੁਸਾਰ ਜਦ ਸੁਲਤਾਨ ਸ਼ਹਾਬੁਦੀਨ ਮੁਹੰਮਦ ਗ਼ੌਰੀ ਨੇ ਦਿੱਲੀ ਅਤੇ ਅਜਮੇਰ ਫ਼ਤਿਹ ਕਰ ਲਏ ਅਤੇ ਹਾਂਸੀ, ਸਰਸੂਤੀ (ਥਾਨੇਸਰ) ਅਤੇ ਸ਼ਿਵਾਲਕ ਪਹਾੜ ਦੇ ਇਲਾਕੇ ਉਸ ਦੇ ਤਹਿਤ ਵਿਚ ਆ ਗਏ ਤਾਂ ਘੁੜਾਮ ਉਤੇ ਵੀ ਸੁਲਤਾਨ ਦਾ ਰਾਜ ਹੋ ਗਿਆ। ਤਜ਼ਜੀਆਤੁਲ-ਅਮਸਾਰ ਵਾ ਤਜਰੀਆਤੁਲ-ਅਸਰਾਰ ਦਾ ਕਰਤਾ ਅਬਦੁੱਲਾ ਵੱਸਾਫ਼ ਘੁੜਾਮ (ਸੁਨਾਮ ਅਤੇ ਸਾਮਾਣਾ) ਨੂੰ ਖ਼ੁਰਾਸਾਨ ਅਤੇ ਹਿੰਦੁਸਤਾਨ ਦੇ ਵਿਚਕਾਰ ਵੱਡਿਆਂ ਸ਼ਹਿਰਾਂ ਵਿਚ ਗਿਣਦਾ ਹੈ ਅਤੇ ਇਸ ਨੂੰ ਮੁਲਤਾਨ, ਉੱਚ, ਜਲੰਧਰ, ਸਰਹੰਦ ਆਦਿ ਦੇ ਬਰਾਰਰ ਦਸਦਾ ਹੈ। ਸੰਨ ੧੧੯੨ ਵਿਚ ਗਜ਼ਨੀ ਨੂੰ ਮੁੜਦੇ ਹੋਏ ਮੁਹੰਮਦ ਗ਼ੌਰੀ ਨੇ ਘੁੜਾਮ ਅਤੇ ਸਾਮਾਣੇ ਦੇ ਇਲਾਕਿਆਂ ਦੀ ਹਕੂਮਤ ਕੁਤਬੁੱਦੀਨ ਐਬਕ ਦੇ ਹਵਾਲੇ ਕਰ ਦਿਤੀ ਸੀ ਜੋ ਬਾਦ ਵਿਚ ਸੰਨ ੧੨੦੬ ਈ. ਵਿਚ ਲਾਹੌਰ, ਹਿੰਦੁਸਤਾਨ ਦੇ ਪਹਿਲੇ ਮੁਸਲਮਾਨ ਬਾਦਸ਼ਾਹ ਦੀ ਹੈਸੀਅਤ ਵਿਚ ਤਖ਼ਤ ਉਤੇ ਬੈਠਾ।

ਘੁੜਾਮ ਨੂੰ ਆਪਣਾ ਮੁਖ-ਅਸਥਾਨ ਬਣਾ ਕੇ ਕੁਤਬਦੀਨ ਐਬਕ ਨੇ ਮੇਰਠ ਉਤੇ ਚੜ੍ਹਾਈ ਕੀਤੀ ਅਤੇ ਦਿੱਲੀ ਫ਼ਤਿਹ ਕੀਤੀ। ਅਗਲੇ ਸਾਲ ਕੋਲ (ਅਲੀਗੜ੍ਹ) ਉਤੇ ਕਬਜ਼ਾ ਕਰਕੇ ਦੇਸ ਉਤੇ ਆਪਣਾ ਅਧਿਕਾਰ ਜਮਾ ਲਿਆ। ਰਜ਼ੀਆ ਬੇਗ਼ਮ ਵੇਲੇ ਹੋਈਆਂ ਬਗ਼ਾਵਤਾਂ ਸਮੇਂ ਘੁੜਾਮ ਦਾ ਇਕ ਬੜੀ ਭਾਰੀ ਫ਼ੌਜੀ ਛਾਉਣੀ ਦੇ ਤੌਰ ਤੇ ਜ਼ਿਕਰ ਆਉਂਦਾ ਹੈ।

ਖ਼ਲਜੀ ਬਾਦਸ਼ਾਹਾਂ ਵੇਲੇ ਵੀ ਘੁੜਾਮ ਬੜੀ ਮਹੱਤਤਾ ਵਾਲਾ ਅਸਥਾਨ ਸੀ। ਜਦ ਆਪਣੇ ਚਾਚੇ ਜਲਾਲੁਦੀਨ ਨੂੰ ਜੁਲਾਈ ਸੰਨ ੧੨੯੫ ਵਿਚ ਧੋਖੇ ਨਾਲ ਮਾਰ ਕੇ ਅਲਾਉਦੀਨ ਖ਼ਲਜੀ ਤਖ਼ਤ ਦਾ ਵਾਲੀ ਬਣ ਗਿਆ ਤਾਂ ਉਸ ਨੇ ਕਈ ਸ਼ਾਹਜ਼ਾਦੇ ਅਤੇ ਸਰਦਾਰ ਕੈਦ ਵਿਚ ਪਾ ਦਿਤੇ ਅਤੇ ਅੰਨ੍ਹੇ ਕਰ ਦਿਤੇ ਅਤੇ ਜਲਾਲੁਦੀਨ ਦੇ ਪੁੱਤਰ ਅਰਕਲੀ ਖ਼ਾਨ ਦੇ ਹਿਮਾਇਤੀਆਂ ਨੂੰ ਘੁੜਾਮ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ। ਖ਼ੁਦ ਅਰਕਲੀ ਖ਼ਾਨ ਨੂੰ — ਜੋ ਲਾਹੌਰ, ਮੁਲਤਾਨ ਅਤੇ ਸਿੰਧ ਦਾ ਹਾਕਮ ਸੀ — ਅਤੇ ਉਸ ਦੇ ਖ਼ਾਸ ਮਿੱਤਰ ਅਰਸਲਾਂ ਖ਼ਾਨ ਸਾਮਾਣੇ ਵਾਲੇ ਨੂੰ ਸਾਮਾਣਿਓਂ ਫੜ ਕੇ ਭੜਾਇਚ ਭੇਜ ਦਿਤਾ ਜਿਥੇ ਉਹ ਕਤਲ ਕਰ ਦਿਤੇ ਗਏ। ਇਹ ਗੱਲ ੧੨੯੦ ਈ. ਦੀ ਹੈ।

ਮੁਹੰਮਦ ਤੁਗਲਕ ਦੇ ਸਮੇਂ (੧੩੨੫-੧੩੫੧ ਈ.) ਘੁੜਾਮ, ਸਾਮਾਣਾ ਅਤੇ ਸੁਨਾਮ ਦੇ ਇਲਾਕਿਆਂ ਵਿਚ ਦੋ ਬੜੀਆਂ ਭਾਰੀ ਬਗ਼ਾਵਤਾਂ ਹੋਈਆਂ ਅਤੇ ਖ਼ੁਦ ਬਾਦਸ਼ਾਹ ਨੂੰ ਬਾਗੀਆਂ ਦੇ ਵਿਰੁਧ ਚੜ੍ਹਾਈ ਕਰਨੀ ਪਈ। ਜ਼ਿਆ-ਉ-ਦੀਨ ਬਰਨੀ ਨੇ ਆਪਣੀ ਪੁਸਤਕ 'ਤਾਰੀਖਿ ਫ਼ੀਰੋਜ਼ ਸ਼ਾਹੀ' ਦਾ ਇਕ ਅਧਿਆਇ ਇਨ੍ਹਾਂ ਬਗ਼ਾਵਤਾਂ ਦੇ ਬਿਆਨ ਵਿਚ ਲਿਖਿਆ ਹੈ ਜਿਥੇ ਉਹ ਕਹਿੰਦਾ ਹੈ ਕਿ ਬਾਦਸ਼ਾਹ ਨੇ ਖ਼ੁਦ ਜਾ ਕੇ ਇਨ੍ਹਾਂ ਵਿਦਰੋਹਾਂ ਨੂੰ ਮਿਟਾਇਆ ਅਤੇ ਬਾਗ਼ੀ ਸਰਦਾਰਾਂ ਨੂੰ ਕੈਦ ਕਰਕੇ ਦਿੱਲੀ ਲੈ ਗਿਆ। ਕਈਆਂ ਨੂੰ ਮੁਸਲਮਾਨ ਬਣਾ ਲਿਆ ਅਤੇ ਕਈ ਇਸਤਰੀਆਂ ਬੱਚਿਆਂ ਸਮੇਤ ਗ਼ੁਲਾਮਾਂ ਦੀ ਤਰ੍ਹਾਂ ਸ਼ਾਹੀ ਅਮੀਰਾਂ ਦੀ ਸੇਵਾ ਵਿਚ ਦੇ ਦਿਤੇ ਗਏ।

ਇਸ ਤੋਂ ਬਾਦ ਘੁੜਾਮ ਦਾ ਜ਼ਿਕਰ ਸੱਯਦ ਘਰਾਣੇ ਦੇ ਸੁਲਤਾਨ ਸੱਯਦ ਮੁਹੰਮਦ ਸ਼ਾਹ (੧੪੩੫—੧੪੪੫ ਈ.) ਦੇ ਵੇਲੇ ਆਉਂਦਾ ਹੈ ਜਦੋਂ ਇਥੇ ਕੁਝ ਚਿਰ ਲਈ ਸਿੱਧੀਪਾਲ ਦਾ ਇਕ ਸੰਬੰਧੀ ਹਾਕਮ ਹੁੰਦਾ ਸੀ ਜਿਸ ਨੇ ਸੁਲਤਾਨ ਦੇ ਪਿਉ ਸੱਯਦ ਮੁਬਾਰਕ ਸ਼ਾਹ ਨੂੰ ਮਾਰਿਆ ਸੀ। ਜਦ ਸੰਨ ੧੩੬੦ ਈਸਵੀ ਵਿਚ ਫ਼ੀਰੋਜ਼ ਸ਼ਾਹ ਤੁਗ਼ਲਕ ਨੇ ਸਰਹੰਦ ਨੂੰ ਸਾਮਾਣੇ ਦੀ ਸ਼ਿੱਕ (ਹਕੂਮਤ) ਤੋਂ ਵੱਖਰਾ ਕਰਕੇ ਇਸ ਦਾ ਅੱਡਰਾ ਪਰਗਣਾ ਬਣਾ ਦਿਤਾ ਤਾਂ ਸਾਮਾਣਾ ਅਤੇ ਘੁੜਾਮ ਦੀ ਵਿਸੇਸ਼ਤਾ ਕੁਝ ਘਟ ਗਈ। ਮੁਗ਼ਲਾਂ ਦੇ ਵੇਲੇ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੀ ਵੱਡੀ ਸੜਕ ਪਾਨੀਪਤ, ਕਰਨਾਲ, ਅੰਬਾਲਾ ਅਤੇ ਲੁਧਿਆਣੇ ਵਿਚ ਦੀ ਬਣ ਜਾਣ ਨਾਲ ਘੁੜਾਮ-ਸਾਮਾਣਾ-ਸੁਨਾਮ ਭਟਿੰਡੇ ਵਾਲੀ ਸੜਕ ਵਗਣੋਂ ਘਟ ਗਈ ਅਤੇ ਘੁੜਾਮ ਦੀ ਪੁਰਾਣੀ ਪ੍ਰਭਤਾ ਮੱਠੀ ਪੈਂਦੀ ਗਈ ਜੋ ਅਠਾਰ੍ਹਵੀਂ ਸਦੀ ਦੇ ਆਰੰਭ ਤਕ ਬਹੁਤ ਥੋੜੀ ਰਹਿ ਗਈ।

ਸਾਮਾਣੇ ਨੂੰ ਫ਼ਤਿਹ ਕਰਨ ਤੋਂ ਬਾਦ ਘੁੜਾਮ ਪਹਿਲਾ ਅਸਥਾਨ ਸੀ ਜਿੱਥੇ ੧੭੧੦ ਨੂੰ ਬੰਦਾ ਸਿੰਘ ਬਹਾਦੁਰ ਨੇ ਚੜ੍ਹਾਈ ਕੀਤੀ ਸੀ। ਸਾਮਾਣੇ ਤੋਂ ਸ਼ਾਹਾਬਾਦ ਨੂੰ ਜਾਂਦਾ ਹੋਇਆ ਬੰਦਾ ਸਿੰਘ ਘੁੜਾਮ ਦੇ ਲਾਗੇ ਪੁੱਜਾ ਤਾਂ ਇੱਥੇ ਦੇ ਪਠਾਣ ਜ਼ਿਮੀਂਦਾਰ ਲੜਾਈ ਨੂੰ ਤਿਆਰ ਹੋ ਕੇ ਨਿਕਲ ਆਏ। ਪਰ ਇਨ੍ਹਾਂ ਨੇ ਬੰਦਾ ਸਿੰਘ ਅੱਗੇ ਕੀ ਅੜਨਾ ਸੀ? ਇਕ ਮਾਰ ਵੀ ਨਾ ਸਹਿ ਸਕੇ। ਕਸਬਾ ਲੁਟ-ਪੁਟ ਨਾਲ ਬਰਬਾਦ ਹੋ ਗਿਆ ਅਤੇ ਸਾਮਾਣੇ ਦੇ ਨਵੇਂ ਹਾਕਮ ਭਾਈ ਫ਼ਤਿਹ ਸਿੰਘ ਦੇ ਤਹਿਤ ਵਿਚ ਦੇ ਦਿੱਤਾ ਗਿਆ। ਪਰ ਜਦ ਮੁਗ਼ਲ ਰਾਜ ਦਾ ਮੁੜ ਜ਼ੋਰ ਪੈ ਗਿਆ ਤਾਂ ਘੁੜਾਮ ਸਿੰਘਾਂ ਦੇ ਹੱਥੋਂ ਖੁੱਸ ਗਿਆ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਇੱਥੇ ਮਲ੍ਹੀਖ਼ਾਨ ਬਿਸਵਦਾਰ ਦਾ ਅਧਿਕਾਰ ਸੀ। ਇਹ ਬੜਾ ਜ਼ਾਲਮ ਆਦਮੀ ਸੀ। ਇਸ ਵੇਲੇ ਬਾਬਾ ਆਲਾ ਸਿੰਘ ਪਟਿਆਲੀਏ ਦਾ ਬੋਲ-ਬਾਲਾ ਹੋ ਰਿਹਾ ਸੀ। ਸੋ ਘੁੜਾਮ ਦੇ ਕੁਝ ਮੁਖੀਏ ਪਟਿਆਲੇ ਪੁੱਜੇ ਅਤੇ ਰਾਖੀ ਲਈ ਬੇਨਤੀ ਕੀਤੀ। ਬਾਬਾ ਆਲਾ ਸਿੰਘ ਨੇ ਘੁੜਾਮ ਨੂੰ ਆਪਣੀ ਬਣ ਰਹੀ ਰਿਆਸਤ ਵਿਚ ਮਿਲਾ ਲਿਆ। ਸੰਨ ੧੭੬੧ ਈ. ਵਿਚ ਇਹ ਪਟਿਆਲੇ ਰਾਜ ਦਾ ਇਕ ਛੋਟਾ ਪਰਗਣਾ ਸੀ ਜਿਸ ਦੇ ਨਾਲ ਛੇ ਪਿੰਡ ਸਨ। ਮਹਾਰਾਜਾ ਕਰਮ ਸਿੰਘ ਨੇ ਘੁੜਾਮ ਦੀ ਠੇਰੀ ਉਤੇ ਪੁਰਾਣੇ ਢਹਿ ਚੁੱਕੇ ਕਿਲੇ ਦੀ ਥਾਂ ਇਕ ਛੋਟਾ ਜਿਹਾ ਕਿਲਾ ਬਣਾਇਆ ਅਤੇ ਉਸ ਦਾ ਨਾਉਂ ਰਾਮਗੜ੍ਹ ਰਖਿਆ। ਇਹ ਕਿਲਾ ਵੀ ਬੇਆਬਾਦ ਹੋ ਕੇ ਹੁਣ ਢਹਿ ਚੁੱਕਾ ਹੋਇਆ ਹੈ।

ਕਿਲੇ ਦੇ ਲਾਗੇ ਦੱਖਣ ਨੂੰ ਇਕ ਬਾਗ਼ ਹੈ ਜਿਸ ਦੇ ਆਲੇ-ਦੁਆਲੇ ਪੱਕੀ ਕੰਧ ਬਣੀ ਹੋਈ ਹੈ। ਇੱਥੇ ਸੱਯਦ ਮੀਰਾਂ ਭੀਖ ਦਾ ਰੋਜ਼ਾ ਹੈ ਜਿਸ ਨੂੰ ਮੀਰਾਂ ਸਾਹਿਬ ਦੀ ਦਰਗਾਹ ਕਹਿੰਦੇ ਹਨ। ਦਰਗਾਹ ਦੇ ਹਾਤੇ ਦੇ ਅੰਦਰ ਤਿੰਨ ਹੋਰ ਇਮਾਰਤਾਂ ਹਨ। ਇੱਥੇ ਇਕ ਮਹਾਂਦੇਵ ਸ਼ਿਵਜੀ ਦਾ ਮੰਦਰ ਅਤੇ ਸਖੀ-ਸਰਵਰ ਦੀ ਦਰਗਾਹ ਹੈ ਜਿਸ ਨੂੰ ਲਾਲਾਂ ਵਾਲਾ ਵੀ ਆਖਦੇ ਹਨ।

ਹੋਰ ਦੇਖੋ ਸਾਮਾਣਾ, ਸੁਨਾਮ, ਭਟਿੰਡਾ ਅਤੇ ਮਨਸੂਰਪੁਰ (ਛੀਂਟਾਂਵਾਲਾ)।

## ਚਿਤਪੁਰਨੀ

ਇਹ ਇਕ ਪਰਸਿੱਧ ਹਿੰਦੂ ਅਸਥਾਨ ਹੈ ਜਿੱਥੇ ਇਕ ਦੇਵੀ ਦਾ ਮੰਦਰ ਹੈ ਜਿਸਦਾ ਨਾਉਂ ਛਿੰਨਮਸਤਾ ਦੇਵੀ ਹੈ। ਹਿੰਦੂ ਖ਼ਿਆਲ ਅਨੁਸਾਰ ਇਹ ਦੇਵੀ ਚਿੰਤਤ (ਮਨ ਵਿਚ ਚਿਤਵੇ) ਸੰਕਲਪਾਂ ਜਾਂ ਇੱਛਾ ਦੇ ਪੂਰਨ ਕਰਨ ਵਾਲੀ ਹੈ, ਇਸੇ ਲਈ ਇਸ ਦੇਵੀ ਦਾ ਨਾਉਂ ਚਿੰਤਪੁਰਨੀ (ਚਿੰਤਾ ਪੂਰਨੀ) ਹੈ। ਇਸ ਦੇਵੀ ਦੇ ਨਾਉਂ ਉੱਤੇ ਹੀ ਪਿੰਡ ਦਾ ਨਾਉਂ ਵੀ ਚਿੰਤਪੁਰਨੀ ਹੋ ਗਿਆ ਹੈ।

## ਛੱਤ

ਛਤ ਇਕ ਪੁਰਾਣਾ ਕਸਬਾ ਰਾਜਪੁਰੇ ਤੋਂ ੯ ਮੀਲ ਅਤੇ ਬਨੂੜ ਤੋਂ ਸੱਤ ਮੀਲ ਚੜ੍ਹਦੇ ਨੂੰ ਹੈ। ਇਸ ਦਾ ਪੁਰਾਣਾ

ਨਾਉਂ ਲਖਨਉਤੀ ਦੱਸਿਆ ਜਾਂਦਾ ਹੈ। ਇਸ ਦੀਆਂ ਪੁਰਾਣੀਆਂ ਢਹਿ ਚੁਕੀਆਂ ਇਮਾਰਤਾਂ ਦੇ ਖੰਡਰਾਂ ਅਤੇ ਥੇਹਾਂ ਤੋਂ ਜੋ ਦੂਰ ਦੂਰ ਤਕ ਫੈਲੀਆਂ ਹੋਈਆਂ ਹਨ, ਪਤਾ ਲਗਦਾ ਹੈ ਕਿ ਮੁਸਲਮਾਨੀ ਸਮੇਂ ਇਹ ਇਕ ਬੜਾ ਵੱਡਾ ਅਤੇ ਧਨਾਢ ਕਸਬਾ ਹੁੰਦਾ ਸੀ। ਕਹਿੰਦੇ ਹਨ ਕਿ ਜਦ ਸ਼ਹਾਬੁਦੀਨ ਮੁਹੰਮਦ ਗ਼ੋਰੀ ਬਾਦਸ਼ਾਹ ਨੇ ਪ੍ਰਿਥਵੀ ਰਾਜ ਚੌਹਾਨ (ਪਰਸਿੱਧ ਰਾਇ ਪਥੌਰਾ) ਨੂੰ ਸੰਨ ੧੧੯੩ ਈ. ਵਿਚ ਤਰਾਈ ਦੀ ਲੜਾਈ ਵਿਚ ਗਰਿਫ਼ਤਾਰ ਕਰ ਲਿਆ ਤਾਂ ਉਸ ਨੂੰ ਇੱਥੇ ਇਕ ਐਸੇ ਮਕਾਨ ਵਿਚ ਕੈਦ ਰਖਿਆ ਸੀ ਜਿਸ ਦੀ ਛੱਤ ਨੌਂ ਇੰਚ ਮੋਟੇ ਲੋਹੇ ਦੀ ਸੀ। ਪ੍ਰਿਥਵੀ ਰਾਜ ਸ਼ਬਦ-ਵੇਧੀ ਬਾਣ ਚਲਾਉਣ ਵਿਚ ਐਸਾ ਮਾਹਰ ਸੀ ਕਿ ਜਿੱਥੋਂ ਵੀ ਕਿਸੇ ਦੀ ਆਵਾਜ਼ ਆਵੇ ਉੱਥੇ ਹੀ ਬਾਣ ਨਾਲ ਉਸ ਨੂੰ ਵਿੰਨ੍ਹ ਦਿੰਦਾ ਸੀ, ਰਸਤੇ ਵਿਚ ਭਾਵੇਂ ਕੁਝ ਵੀ ਕਿਉਂ ਨਾ ਆ ਜਾਵੇ। ਮੁਹੰਮਦ ਗ਼ੋਰੀ ਦੇ ਕਹਿਣ ਪਰ ਪ੍ਰਿਥਵੀ ਰਾਜ ਨੇ ਇਕ ਐਸਾ ਬਾਣ ਵਾਹਿਆ ਕਿ ਉਹ ਲੋਹੇ ਦੀ ਛੱਤ ਨੂੰ ਚੀਰ ਕੇ ਗ਼ੋਰੀ ਨੂੰ ਜਾ ਲੱਗਾ। ਇਸੇ ਸੰਬੰਧ ਵਿਚ ਇਹ ਕਹਿਣਾ ਇਤਿਹਾਸ ਵਿਰੁਧ ਹੈ ਕਿ ਪ੍ਰਿਥਵੀਰਾਜ ਦੇ ਇਸੇ ਬਾਣ ਨਾਲ ਗੌਰੀ ਦੀ ਮੌਤ ਹੋ ਗਈ ਕਿਉਂਕਿ ਗੌਰੀ ੧੩ ਵਰ੍ਹੇ ਪਿੱਛੋਂ ੧੪ ਮਾਰਚ ਸੰਨ ੧੨੦੬ ਈ. ਨੂੰ ਜਿਹਲਮ ਸ਼ਹਿਰ ਤੋਂ ਦਸ ਮੀਲ ਉੱਤਰ-ਲਹਿੰਦੇ ਨੂੰ ਰੋਹਤਾਸ ਦੇ ਅਸਥਾਨ ਤੇ ਗੱਖੜਾਂ ਦੇ ਹੱਥੋਂ ਮਾਰਿਆ ਗਿਆ ਸੀ।

ਪਹਿਲੋਂ ਪਹਿਲ ਉਹ ਮਹਲਾ ਜਿਸ ਵਿਚ ਉਪਰੋਕਤ ਮਕਾਨ ਸੀ, ਛੱਤ-ਵਾਲਾ ਕਰਕੇ ਪਰਸਿੱਧ ਹੋਇਆ, ਪਿੱਛੋਂ ਸਾਰਾ ਕਸਬਾ ਹੀ ਛੱਤ-ਵਾਲਾ ਵੱਜਣ ਲਗ ਪਿਆ। ਸਮਾਂ ਬੀਤਦੇ ਜਾਣ ਨਾਲ ਸ਼ਬਦ 'ਵਾਲਾ' ਡਿਗ ਪਿਆ ਅਤੇ ਕਸਬੇ ਦਾ ਨਾਉਂ ਛੱਤ ਹੀ ਰਹਿ ਗਿਆ।

ਇਹ ਦੋਨੋਂ ਕਸਬੇ ਛੱਤ ਅਤੇ ਬਨੂੜ ਇਕ ਦੂਸਰੇ ਵਲ ਨੂੰ ਹੋਲੀ ਹੌਲੀ ਇਸ ਤਰ੍ਹਾਂ ਵਧੇ ਕਿ ਇਕ ਦੂਸਰੇ ਦੇ ਲਾਗੇ ਹੀ ਪੁਜ ਗਏ ਅਤੇ ਵਿਚਕਾਰ ਬਹੁਤੀ ਜ਼ਿਆਦਾ ਵਿਥ ਨਾ ਰਹੀ ਅਤੇ ਦੋਨੋਂ ਇਕੱਠੇ ਇਕੋ ਰਲਵੇਂ ਸਾਂਝੇ ਨਾਉਂ ਛੱਤ-ਬਨੂੜ ਨਾਲ ਸਦੀਨ ਲਗ ਪਏ। ਛੱਤ ਕਸਬਾ ਬਨੂੜ ਦੀ ਇਕ ਬਸਤੀ ਜਿਹੀ ਬਣ ਗਿਆ। ਬਾਬਰ ਬਾਦਸ਼ਾਹ ਨੇ ਛੱਤ ਦਾ ਜ਼ਿਕਰ ਆਪਣੀ ਜੀਵਨ-ਕਥਾ 'ਤੁਜ਼ਕਿ ਬਾਬਰੀ' ਵਿਚ ਕੀਤਾ ਹੈ ਜਿਸ ਨੂੰ ਬੈਵਰਿੱਜ ਨੇ ਉਲਥਾ ਕਰਨ ਵੇਲੇ 'ਚਿਤਰ' ਪੜ੍ਹ ਲਿਆ ਹੈ। ਬਾਬਰ ਲਿਖਦਾ ਹੈ ਕਿ ੧੫੨੬ ਈ. ਵਿਚ ਜਦ ਮੈਂ ਬਨੂੜ ਠਹਿਰਿਆ ਹੋਇਆ ਸਾਂ ਤਾਂ ਮੈਂ ਘੱਗਰ ਨਦੀ ਦੇ ਕੰਢੇ ਛੱਤ ਨੂੰ ਸੈਰ ਕਰਨ ਗਿਆ ਅਤੇ ਉਸ ਤੋਂ ਵੀ ਅੱਗੇ ੬-੭ ਮੀਲ ਇਕ ਹੋਰ ਥਾਂ ਗਿਆ ਜੋ ਮੈਨੂੰ ਬਹੁਤ ਚੰਗੀ ਲੱਗੀ।

ਇਸ ਅਸਥਾਨ ਦਾ ਇਤਿਹਾਸ ਬਨੂੜ ਨਾਲ ਹੀ ਮਿਲਦਾ-ਜੁਲਦਾ ਹੈ। ਇਹ ਉਨ੍ਹਾਂ ਕੁਝ ਪਹਿਲੇ ਅਸਥਾਨਾਂ ਵਿਚੋਂ ਹੈ ਜਿੱਥੇ ਸਰਹੰਦ ਉਤੇ ਹੱਲਾ ਕਰਨ ਤੋਂ ਪਹਿਲਾਂ ਸੰਨ ੧੭੧੦ ਈ. ਵਿਚ ਬੰਦਾ ਸਿੰਘ ਬਹਾਦੁਰ ਨੇ ਕਬਜ਼ਾ ਕੀਤਾ ਸੀ। ਜਦ ਬੰਦਾ ਸਿੰਘ ਰੋਪੜ ਵਲ ਵਧ ਰਿਹਾ ਸੀ ਤਾਂ ਇੱਥੋਂ ਦੇ ਹਿਦੂਆਂ ਨੇ ਮੁਸਲਮਾਨਾਂ ਦੀਆਂ ਵਧੀਕੀਆਂ ਵਿਰੁਧ ਉਸ ਪਾਸ ਫ਼ਰਿਆਦ ਕੀਤੀ। ਬੰਦਾ ਸਿੰਘ ਉਨ੍ਹਾਂ ਦੀ ਸਹਾਇਤਾ ਲਈ ਇੱਥੇ ਪੁਜ ਗਿਆ ਅਤੇ ਛੱਤ ਉੱਤੇ ਕਬਜ਼ਾ ਕਰਕੇ ਇੱਥੇ ਇਕ ਸਿੱਖ ਆਮਿਲ ਨਿਯਤ ਕਰ ਦਿੱਤਾ, ਪਰ ਇਸ ਵੇਲੇ ਛੱਤ ਬਹੁਤ ਚਿਰ ਸਿੰਘਾਂ ਦੇ ਕਬਜ਼ੇ ਵਿਚ ਨਾ ਰਿਹਾ ਅਤੇ ਜਦ ਸੰਨ ੧੭੧੦ ਵਿਚ ਬਹਾਦਰ ਸ਼ਾਹ ਬਾਦਸ਼ਾਹ ਫ਼ੌਜ ਲੈ ਕੇ ਬੰਦਾ ਸਿੰਘ ਦੇ ਵਿਰੁਧ ਆ ਚੜ੍ਹਿਆ ਤਾਂ ਸਰਹੰਦ ਦੇ ਨਾਲ ਹੀ ਇਹ ਵੀ ਉਨ੍ਹਾਂ ਦੇ ਹੱਥੋਂ ਖੁੱਸ ਗਿਆ। ੩੧ ਮਾਰਚ ਸੰਨ ੧੭੬੧ ਦੇ ਲਿਖੇ ਹੋਏ ਅਹਿਮਦ ਸ਼ਾਹ ਦੁਰਾਨੀ ਦੇ ਵਜ਼ੀਰ ਸ਼ਾਹ-ਵਲੀ ਖ਼ਾਨ ਦੇ ਨਾਉਂ ਇਕ ਸ਼ੁੱਕੇ ਵਿਚ ਛੱਤ ਦਾ ਜ਼ਿਕਰ ਇਕ ਛੋਟੇ ਪਰਗਣੇ ਦੇ ਤੌਰ ਤੇ ਆਇਆ ਹੈ ਜਿਸ ਦੇ ਅਧੀਨ ਅੱਠ ਪਿੰਡ ਸਨ। ਜਨਵਰੀ ਸੰਨ ੧੭੬੪ ਵਿਚ ਸਰਹੰਦ ਦੀ ਫ਼ਤਿਹ ਵੇਲੇ ਇਹ ਪੱਕੇ ਤੌਰ ਤੇ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ ਅਤੇ ਫੇਰ ਰਿਆਸਤ ਪਟਿਆਲਾ ਵਿਚ ਰਲ ਗਿਆ। ਹੁਣ ਇਹ ਪੰਜਾਬ ਵਿਚ ਹੈ।

## ਜਾਲੰਧਰ

ਪੰਜਾਬ ਦਾ ਪਰਸਿੱਧ ਸ਼ਹਿਰ, ਜਿਸ ਦਾ ਇਤਿਹਾਸ ਮਹਾਂਭਾਰਤ ਤੋਂ ਵੀ ਪੁਰਾਣਾ ਹੈ। ਇਸ ਇਲਾਕੇ ਨੂੰ ਪੁਰਾਣੇ ਸਮੇਂ ਵਿਚ ਤ੍ਰਿਗਰਤ ਕਿਹਾ ਜਾਂਦਾ ਸੀ। ਇਹ ਤਿੰਨਾਂ ਪਾਣੀਆਂ (ਰਾਵੀ, ਬਿਆਸ ਅਤੇ ਸਤਲੁਜ) ਦਾ ਦੇਸ ਸੀ ਅਤੇ ਜਾਲੰਧਰ ਇਸ ਦਾ ਮੁਖ ਅਸਥਾਨ ਸੀ। ਕਾਂਗੜੇ ਦਾ ਇਲਾਕਾ ਵੀ ਇਸੇ ਵਿਚ ਸ਼ਾਮਲ ਸੀ। ਜੋਗਿਨੀ ਤੰਤਰ ਅਨੁਸਾਰ ਚੰਬਾ ਰਾਜ ਇਸ ਦੇ ਉੱਤਰ ਨੂੰ ਸੀ, ਮੰਡੀ ਅਤੇ ਸੁਕੇਤ ਇਸ ਦੇ ਚੜ੍ਹਦੇ ਵਲ ਅਤੇ ਸਤਲੁਜ ਚੜ੍ਹਦੇ-ਦੱਖਣ ਨੂੰ। ਚੀਨੀ ਯਾਤਰੀ ਹਿਊਨ ਸਾਂਗ ਵੇਲੇ ਇਸ ਦੀ ੧੬੭ ਮੀਲ ਲੰਬਾਈ ਅਤੇ ੧੩੩ ਮੀਲ ਇਸ ਦੀ ਚੁੜਾਈ ਸੀ। ਪਦਮ ਪੁਰਾਣ ਦੇ ਉੱਤਰ ਖੰਡ ਵਿਚ ਲਿਖਿਆ ਹੋਇਆ ਹੈ ਕਿ ਇਸ ਇਲਾਕੇ ਵਿਚ ਜਾਲੰਧਰ ਨਾਮੀ ਇਕ ਦੈਂਤ ਰਾਜ ਕਰਿਆ ਕਰਦਾ ਸੀ ਜਿਸ ਨੇ ਐਸੀ ਤਪੱਸਿਆ ਸਾਧੀ ਕਿ ਉਹ ਸਭ ਉੱਤੇ ਭਾਰੂ ਹੋ ਗਿਆ। ਅੰਤ ਸ਼ਿਵਜੀ ਮਹਾਰਾਜ ਨੇ ਧੋਖੇ ਨਾਲ ਉਸ ਉੱਤੇ ਕਾਬੂ ਪਾ ਲਿਆ ਅਤੇ ਜੋਗਿਨੀਆਂ ਨੇ ਉਸ ਦਾ ਸਰੀਰ ਭੱਛ ਲਿਆ। ਜਾਲੰਧਰ ਪੁਰਾਣ ਅਨੁਸਾਰ ਸ਼ਿਵ ਜੀ ਮਹਾਰਾਜ ਨੇ ਪਹਾੜ ਠੇਲ੍ਹ ਕੇ ਉਸ ਨੂੰ ਹੇਠ ਚੁਫਾਲ ਦੱਬ ਦਿੱਤਾ। ਜੁਆਲਾ ਮੁਖੀ ਪਾਸ ਉਸ ਦੇ ਮੂੰਹ ਵਿਚੋਂ ਅੱਗ ਦੀਆਂ ਲਾਟਾਂ ਨਿਕਲੀਆਂ। ਉਸ ਦੀ ਪਿੱਠ ਦੁਆਬੇ ਵਿਚ ਜਾਲੰਧਰ ਸੀ ਅਤੇ ਉਸ ਦੇ ਪੈਰ ਮੁਲਤਾਨ ਪਾਸ ਸਨ। ਇਸ ਦਾ ਸਾਫ਼ ਬੋਲੀ ਵਿਚ ਅਰਥ ਇਹ ਹੈ ਕਿ ਪਰਾਚੀਨ ਸਮਿਆਂ ਵਿਚ ਜਾਲੰਧਰ (ਤ੍ਰਿਗਰਤ) ਦਾ ਰਾਜ ਕਾਂਗੜੇ ਦੀ ਉੱਤਰੀ ਹਦ ਤੋਂ ਲੈ ਕੇ ਮੁਲਤਾਨ ਤਕ (ਦੁਆਬਾ ਬਿਸਤ ਜਲੰਧਰ ਅਤੇ ਬਾਰੀ ਦੁਆਬ ਵਿਚ) ਫੈਲਿਆ ਹੋਇਆ ਸੀ।

ਕਨਿਸ਼ਕ ਦੇ ਸਮੇਂ ਹੋਈ ਬੁਧ ਧਰਮੀਆਂ ਦੀ ਚੌਥੀ ਕੌਂਸਲ ਜਾਲੰਧਰ ਦੇ ਲਾਗੇ ਕੁਵਨ ਅਸਥਾਨ ਤੇ ਹੋਈ ਸੀ। (ਕੁਝ ਲੇਖਕਾਂ ਦਾ ਕਹਿਣਾ ਹੈ ਕਿ ਇਹ ਕਸ਼ਮੀਰ ਵਿਚ ਹੋਈ ਸੀ)। ਨੌਵੀਂ ਸਦੀ ਦੇ ਅੰਤ ਵਿਚ, ਰਾਜ-ਤਰੰਗਣੀ ਅਨੁਸਾਰ, ਕਸ਼ਮੀਰ ਦੇ ਰਾਜਾ ਸ਼ੰਕਰ ਚੰਦਰ ਨੇ ਤ੍ਰਿਗਰਤ ਦੇ ਰਾਜਾ ਪ੍ਰਿਥਵੀ ਚੰਦਰ ਨੂੰ ਹਾਰ ਦਿੱਤੀ। ਸੰਨ ੧੦੮੯ ਦੇ ਲਗਭਗ ਗਜ਼ਨਵੀ ਘਰਾਣੇ ਦੇ ਸੁਲਤਾਨ ਇਬਰਾਹੀਮ. (੧੦੫੯—੧੦੯੯ ਈ.) ਨੇ ਜਾਲੰਧਰ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਤੋਂ ਬਾਦ ਇਹ ਸੂਬਾ ਲਾਹੌਰ ਦੇ ਤਹਿਤ ਮੁਸਲਮਾਨੀ ਰਾਜ ਹੇਠਾਂ ਰਿਹਾ। ਸੱਯਦਾਂ ਦੇ ਵੇਲੇ (੧੪੧੪–੧੪੫੦ ਈ.) ਹਕੂਮਤ ਦਾ ਹੱਥ ਜ਼ਰਾ ਕੁਝ ਢਿੱਲਾ ਹੋ ਗਿਆ ਸੀ ਜਦ ਕਿ ਇਹ ਕੇਂਦਰੀ ਹਕੂਮਤ ਦੇ ਵਿਰੁਧ ਬਗ਼ਾਵਤਾਂ ਦਾ ਅੱਡਾ ਬਣ ਗਿਆ ਅਤੇ ਖੋਖਰਾਂ ਦੇ ਸਰਦਾਰ ਜਸਰਤ ਨੇ ਮੁਹਿੰਮਾਂ ਖੜੀਆਂ ਕਰ ਰੱਖੀਆਂ। ਸੰਨ ੧੫ .੫ ਵਿਚ ਜਦ ਹਮਾਯੂੰ ਬਾਦਸ਼ਾਹ ਮੁੜ ਹਿੰਦੁਸਤਾਨ ਦੇ ਰਾਜ ਸਿੰਘਾਸਣ ਲਈ ਯਤਨ ਕਰਨ ਵਾਸਤੇ ਈਰਾਨੋਂ ਆਇਆ ਤਾਂ ਜਲੰਧਰ ਦੇ ਲਾਗੇ ਹੀ ਉਸ ਦੀਆਂ ਹਿਮਾਇਤੀ ਫ਼ੌਜਾਂ ਦਾ ਇਕੱਠ ਹੋਇਆ ਸੀ ਅਤੇ ਜਲੰਧਰ ਦੇ ਨੇੜੇ ਹੀ ਉਸ ਦੇ ਪੁੱਤਰ ਅਕਬਰ ਬਾਦਸ਼ਾਹ ਨੇ ਸੰਨ ੧੫੬੦ ਈ. ਵਿਚ ਬੈਰਮ ਖ਼ਾਨ ਨੂੰ ਹਾਂਰ ਦਿਤੀ ਸੀ।

ਅਠਾਰ੍ਹਵੀਂ ਸਦੀ ਦੇ ਅੱਧ ਵਿਚ ਜਦ ਪੰਜਾਬ ਵਿਚ ਮੁਗ਼ਲ ਰਾਜ ਢਿੱਲਾ ਪੈ ਗਿਆ ਤਾਂ ਉਸ ਵੇਲੇ ਜਲੰਧਰ ਦਾ ਹਾਕਮ ਅਦੀਨਾ ਬੇਗ ਖ਼ਾਨ ਸੀ। ਚੌਥੇ ਹੱਲੇ ਵੇਲੇ ਸੰਨ ੧੭੫੭ ਵਿਚ ਦਿੱਲੀ ਤੋਂ ਮੁੜਦੇ ਹੋਏ ਅਹਿਮਦ ਸ਼ਾਹ ਦੁਰੱਾਨੀ ਨੇ ਨਾਸਰ ਅਲੀ ਜਲੰਧਰੀਏ ਦੇ ਕਹੇ ਕਰਤਾਰਪੁਰ ਦਾ ਗੁਰਦੁਆਰਾ ਥੰਮ ਸਾਹਿਬ ਫੂਕ ਦਿੱਤਾ ਸੀ ਅਤੇ ਸ਼ਹਿਰ ਵਿਚ ਕਤਲਾਮ ਅਤੇ ਲੁਟ ਮਚਾ ਦਿੱਤੀ ਸੀ ਅਤੇ ਅੰਮ੍ਰਿਤਸਰ ਦਰਬਾਰ ਸਾਹਿਬ ਢਾ ਦਿੱਤਾ ਸੀ। ਇਸ ਤੋਂ ਗ਼ੁੱਸਾ ਖਾ ਕੇ ਸਿੰਘ ਦੁੱਰਾਨੀਆਂ ਉੱਤੇ ਦੰਦ ਪੀਹਣ ਲਗ ਪਏ ਅਤੇ ਜਦ ਅਦੀਨਾ ਬੇਗ ਨੇ ਸੋਢੀ ਵਡਭਾਗ ਸਿੰਘ ਕਰਤਾਰਪੁਰੀਏ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਰਾਹੀਂ ਦੁੱਰਾਨੀਆਂ ਵਿਰੁਧ ਸਿੰਘਾਂ ਪਾਸੋਂ ਸਹਾਇਤਾ ਮੰਗੀ ਤਾਂ ਸਿੰਘਾਂ ਨੇ ਮਾਹਲਪੁਰ ਲਾਗੇ ਦੁਰਾਨੀਆਂ ਨੂੰ ਬੜੀ ਭਾਰੀ ਹਾਰ ਦਿੱਤੀ। ਬੁਲੰਦ ਖ਼ਾਨ ਤਾਂ ਲੜਾਈ ਵਿਚ ਮਾਰਿਆ ਗਿਆ ਅਤੇ ਮੁਰਾਦ ਖ਼ਾਨ ਭੱਜ ਨਿਕਲਿਆ। ਹੁਣ ਸੋਢੀ ਵਡਭਾਗ ਸਿੰਘ ਦੀ ਸ਼ਹਿ ਨਾਲ ਗ਼ੁੱਸੇ ਵਿਚ ਆਏ ਹੋਏ ਸਿੰਘਾਂ ਨੇ ਜਲੰਧਰ ਉੱਤੇ ਧਾਵਾ ਬੋਲ ਦਿੱਤਾ ਅਤੇ ਅੱਗ ਲਾ ਕੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ। ਅਦੀਨਾ ਬੇਗ ਖ਼ਾਨ ਨੇ ਇਕ ਲੱਖ ਪੰਝੀ ਹਜ਼ਾਰ ਰੁਪਿਆ ਸਿੰਘਾਂ ਨੂੰ ਦੇ ਕੇ ਸ਼ਹਿਰ ਦੀ ਖ਼ਲਾਸੀ ਕਰਾਈ। ਸੰਨ ੧੭੬੫ ਵਿਚ ਜਦ ਸਿੰਘਾਂ ਨੇ ਲਾਹੌਰ ਉੱਤੇ ਕਬਜ਼ਾ ਕਰਕੇ ਥਾਂ ਥਾਂ ਆਪਣੀਆਂ ਮੋਰਾਂ ਕਾਇਮ ਕਰ ਲਈਆਂ ਤਾਂ ਸੰਨ ੧੭੬੭ ਵਿਚ ਜਲੰਧਰ ਵਿਚ

ਸਰਦਾਰ ਖ਼ੁਸ਼ਾਲ ਸਿੰਘ ਸਿੰਘਪੁਰੀਏ (ਫ਼ੈਜ਼ੁੱਲਾਪੁਰੀਏ) ਨੇ ਕਬਜ਼ਾ ਕਰ ਲਿਆ। ਫਿਲੌਰ ਸਰਦਾਰ ਬੁਧ ਸਿੰਘ ਦਾ ਮੁਖ ਅਸਥਾਨ ਸੀ ਅਤੇ ਨਕੋਦਰ ਵਿਚ ਸਰਦਾਰ ਤਾਰਾ ਸਿੰਘ ਗੈਬਾ ਡਲੇਵਾਲੀਏ ਨੇ ਮੋਰ ਜਮਾ ਲਈ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਜਲੰਧਰ ਦੁਆਬੇ ਦਾ ਮੁਖ ਅਸਥਾਨ ਸੀ। ਸੰਨ ੧੮੪੫-੪੬ ਦੀ ਅੰਗਰੇਜ਼ਾਂ ਨਾਲ ਸਿੰਘਾਂ ਦੀ ਲੜਾਈ ਤੋਂ ਬਾਦ ਅੰਗਰੇਜ਼ਾਂ ਨੇ ਜਲੰਧਰ ਦੁਆਬ ਉੱਤੇ ਕਬਜ਼ਾ ਕਰ ਲਿਆ।

## ਜੁਆਲਾਮੁਖੀ

### ਤਹਿਸੀਲ ਡੇਰਾ ਗੋਪੀਪੁਰ ਜ਼ਿਲਾ ਕਾਂਗੜਾ

ਜੁਆਲਾਮੁਖੀ ਇਕ ਪੁਰਾਤਨ ਹਿੰਦੂ ਅਸਥਾਨ ਹੈ ਜੋ ਕਾਂਗੜੇ ਤੋਂ ਨਦੌਣ ਨੂੰ ਜਾ ਰਹੀ ਸੜਕ ਉਤੇ ੨੫ ਮੀਲ ਦੀ ਵਿੱਥ ਤੇ ਹੈ। ਇਥੇ ਦੇ ਢਹੇ ਹੋਏ ਮਕਾਨਾਂ ਅਤੇ ਮੰਦਰਾਂ ਦੇ ਖੰਡਰਾਂ ਤੋਂ ਪਤਾ ਲਗਦਾ ਹੈ ਕਿ ਇਹ ਚੋਖੀ ਵਸੋਂ ਵਾਲੀ ਥਾਂ ਹੁੰਦੀ ਸੀ, ਪਰ ਇਸ ਵੇਲੇ ਇਸ ਦੀ ਪਰਸਿੱਧੀ ਜੁਆਲਾਮੁਖੀ ਨਾਉਂ ਦੇ ਮੰਦਰ ਕਰਕੇ ਹੈ। ਇਕ ਪੁਰਾਣਕ ਕਥਾ ਅਨੁਸਾਰ ਜੁਆਲਾਮੁਖੀ ਉਨ੍ਹਾਂ ੫੨ ਅਸਥਾਨਾਂ ਵਿਚੋਂ ਹੈ ਜਿਥੇ ਸ਼ਿਵਜੀ ਮਹਾਰਾਜ ਦੀ ਸਤੀ ਇਸਤਰੀ ਦੇ ਵਿਸ਼ਨੂੰ ਦੇ ਸੁਦਰਸ਼ਨ ਚੱਕਰ ਨਾਲ ਕੱਟੇ ਗਏ ਅੰਗਾਂ ਵਿਚੋਂ ਜੀਭ ਡਿੱਗੀ ਸੀ। ਇਕ ਹੋਰ ਕਥਾ ਇਸ ਤਰ੍ਹਾਂ ਹੈ ਕਿ ਜਲੰਧਰ ਦੈਂਤ ਦੇ ਤਪ ਤੋਂ ਘਬਰਾ ਕੇ ਸ਼ਿਵਜੀ ਮਹਾਰਾਜ ਨੇ ਪਹਾੜ ਠੇਲ੍ਹ ਕੇ ਉਸ ਨੂੰ ਹੇਠਾਂ ਚੁਫਾਲ ਦੱਬ ਦਿੱਤਾ। ਜਲੰਧਰ ਦੇ ਮੂੰਹ ਵਿਚੋਂ ਜੁਆਲਾਮੁਖੀ ਦੇ ਅਸਥਾਨ ਤੇ ਅੱਗ ਦੀਆਂ ਲਾਟਾਂ ਨਿਕਲੀਆਂ (ਦੇਖੋ ਜਲੰਧਰ)। ਜੁਆਲਾਮੁਖੀ ਦਾ ਮੰਦਰ ਪਹਾੜ ਦੇ ਹੇਠੋਂ ਫੁਟ ਕੇ ਨਿਕਲਦੀ ਕੁਦਰਤੀ ਗੈਸ ਦੇ ਕੁੰਡ ਉਤੇ ਬਣਿਆ ਹੋਇਆ ਹੈ ਅਤੇ ਅੱਗ ਵਿਖਾਉਣ ਨਾਲ ਇਹ ਲਾਟ ਵਾਂਗ ਜਲ ਉਠਦੀ ਹੈ। ਪਰਾਚੀਨ ਹਿੰਦੂਆਂ ਨੇ ਇਸ ਨੂੰ ਪ੍ਰਕਿਰਤੀ ਦੇਵੀ ਦੀ ਸ਼ਕਤੀ ਦਾ ਪਰਗਟਾਵਾ ਜਾਣ ਕੇ ਇਸ ਦੀ ਪੂਜਾ ਆਰੰਭ ਦਿਤੀ। ਇਸ ਮੰਦਰ ਵਿਚ ਕੋਈ ਮੂਰਤੀ ਨਹੀਂ ਹੈ। ਅੰਦਰਲੇ ਕੁੰਡ ਦੀ ਕੰਧ ਵਿਚੋਂ ਕਈ ਹੋਰ ਥਾਈਂ ਵੀ ਤੇੜਾਂ ਵਿਚੋਂ ਗੈਸ ਨਿਕਲਦੀ ਹੈ। ਕੁੰਡ ਵਿਚੋਂ ਨਿਕਲਦੀ ਗੈਸ ਹੌਲੀ ਹੌਲੀ ਜਮ੍ਹਾਂ ਹੁੰਦੀ ਹੈ, ਇਸ ਲਈ ਜਦ ਦਰਸ਼ਕਾਂ ਦੀ ਭੀੜ ਜ਼ਿਆਦਾ ਹੋ ਜਾਏ ਤਾਂ ਪੁਜਾਰੀ ਲੋਕ ਘਿਉ ਦੀ ਜੋਤ ਨਾਲ ਲਾਟ ਨੂੰ ਜਾਰੀ ਰਖਦੇ ਹਨ। ਇਸ ਦੀ ਇਮਾਰਤ ਬਹੁਤੀ ਪੁਰਾਣੀ ਨਹੀਂ (ਪਹਿਲੀ ਮੁਸਲਮਾਨ ਸੁਲਤਾਨਾਂ ਨੇ ਨਸ਼ਟ ਭ੍ਰਸ਼ਟ ਕਰ ਦਿਤੀ ਸੀ) ਅਤੇ ਇਸ ਦਾ ਚਾਂਦੀ ਮੜ੍ਹਿਆ ਸੁੰਦਰ ਦਰਵਾਜ਼ਾ ਪੰਜਾਬ ਦੇ ਮਹਾਰਾਜਾ ਖੜਕ ਸਿੰਘ ਨੇ ਭੇਟ ਕੀਤਾ ਸੀ। ੪ ਅਪਰੈਲ ੧੯੦੫ ਨੂੰ ਆਏ ਕਾਂਗੜੇ ਦੇ ਭੁਚਾਲ ਨਾਲ ਮੰਦਰ ਨੂੰ ਬਹੁਤ ਨੁਕਸਾਨ ਪੁਜਾ ਸੀ।

ਜੁਆਲਾਮੁਖੀ ਮੰਦਰ ਦੇ ਲਾਗੇ ਹੀ ਛੇ ਗਰਮ ਪਾਣੀ ਦੇ ਚਸ਼ਮੇ ਹਨ। ਯਾਤਰੀਆਂ ਲਈ ਇਥੇ ਮਹਾਰਾਜਾ ਪਟਿਆਲਾ ਦੀ ਬਣਵਾਈ ਹੋਈ ਇਕ ਸਰਾਂ ਅਤੇ ਕਈ ਹੋਰ ਧਰਮਸਾਲਾਂ ਹਨ।

ਹੋਰ ਦੇਖੋ ਕਾਂਗੜਾ।

## ਤਰਨ ਤਾਰਨ

### ਜ਼ਿਲਾ ਅੰਮ੍ਰਿਤਸਰ

ਅੰਮ੍ਰਿਤਸਰ ਤੋਂ ਦੱਖਣ ਨੂੰ ੧੪ ਮੀਲ ਦੀ ਵਿਥ ਤੇ ਸ੍ਰੀ ਗੁਰੂ ਅਰਜਨ (ਸੰਨ ੧੫੬੧–੧੬੦੬ ਈ.) ਦਾ ਵਸਾਇਆ ਹੋਇਆ ਨਗਰ। ਗੁਰੂ ਸਾਹਿਬ ਨੇ ਪਿੰਡ ਖਾਰਾ ਅਤੇ ਪਲਾਸੂਰ ਦੀ ਜ਼ਮੀਨ ਇਕ ਲੱਖ ਸਤਵੰਜਾ ਹਜ਼ਾਰ ਰੁਪਦੇ ਨੂੰ ਖਰੀਦ ਕੇ ੧੭ ਵਸਾਖ ਸੰਮਤ ੧੬੪੭ (੧੩ ਅਪਰੈਲ, ੧੫੯੦ ਈ.) ਨੂੰ ਤਰਨ ਤਾਰਨ ਸਰੋਵਰ ਦੀ ਖੁਦਾਈ ਦਾ ਟੱਕ ਲਾਇਆ। ਸੰਨ ੧੫੯੬ ਵਿਚ ਗੁਰੂ ਜੀ ਨੇ ਨਗਰ ਆਬਾਦ ਕੀਤਾ। ਸਰੋਵਰ ਨੂੰ ਪੱਕਾ ਕਰਨ ਅਤੇ ਗੁਰਦੁਆਰਾ ਉਸਾਰਣ ਲਈ ਜੋ ਇੱਟਾਂ ਦੇ ਆਵੇ ਲਗਵਾਏ ਗਏ ਸਨ ਉਨ੍ਹਾਂ ਦੀਆਂ ਇੱਟਾਂ ਨੂਰਦੀਨ

ਦਾ ਪੁਤਰ ਅਮੀਰੁੱਦੀਨ ਜ਼ੋਰੀਂ ਚੁਕਵਾ ਕੇ ਲੈ ਗਿਆ ਅਤੇ ਸਰਾਇ (ਨੂਰਦੀਨ) ਅਤੇ ਆਪਣੇ ਮਕਾਨਾਂ ਨੂੰ ਲਾ ਲਈਆਂ । ਸੰਮਤ ੧੮੨੩ (ਸੰਨ ੧੭੬੬ ਈ.) ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਇਹ ਇਮਾਰਤਾਂ ਢੁਹਾ ਕੇ ਸਰੋਵਰ ਦੇ ਦੋ ਪਾਸੇ ਬਣਵਾਏ ਅਤੇ ਦੋ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਮੋਤੀ ਰਾਮ ਕਾਰਕੁਨ ਦੀ ਰਾਹੀਂ ਪੱਕੇ ਕਰਵਾਏ । ਪਿਛੋਂ ਕੰਵਰ ਨੌ-ਨਿਹਾਲ ਸਿੰਘ ਨੇ ਪਰਕਰਮਾ ਪੱਕੀ ਕਰਵਾਈ ਅਤੇ ਮੁਨਾਰਾ ਪੱਕਾ ਬਣਵਾਇਆ ।

ਸਰੋਵਰ ਦੇ ਕੰਢੇ ਪਰਕਰਮਾ ਵਿਚ ਸੁੰਦਰ ਸੁਨਹਿਰੀ ਗੁਰਦੁਆਰਾ ਬਣਿਆ ਹੋਇਆ ਹੈ । ਪਰਕਰਮਾ ਵਿਚ ਇਕ ਅਸਥਾਨ ਮੰਜੀ ਸਾਹਿਬ ਹੈ ਜਿਥੇ ਗੁਰੂ ਅਰਜਨ ਬੈਠ ਕੇ ਸਰੋਵਰ ਦੀ ਰਚਨਾ ਕਰਵਾਉਂਦੇ ਹੁੰਦੇ ਸਨ ਅਤੇ ਪਿਛੋਂ ਗੁਰੂ ਹਰਿਗੋਬਿੰਦ ਦੀਵਾਨ ਲਾਇਆ ਕਰਦੇ ਸਨ ।

ਤਰਨ ਤਾਰਨ ਸ਼ਹਿਰ ਤੋਂ ਬਾਹਰ ਗੁਰੂ ਅਰਜਨ ਦਾ ਜਾਰੀ ਕੀਤਾ ਹੋਇਆ ਕੋਹੜੀਆਂ ਦੇ ਇਲਾਜ ਅਤੇ ਆਰਾਮ ਲਈ ਆਸ਼ਰਮ ਹੈ । ਸਿੱਖਾਂ ਵਲੋਂ ਇਸ ਆਸ਼ਰਮ ਦਾ ਚੰਗਾ ਪੱਕਾ ਪਰਬੰਧ ਨਾ ਹੋਣ ਕਰਕੇ ਸੰਨ ੧੯੦੩ ਤੋਂ ਈਸਾਈ ਮਿਸ਼ਨ ਨੇ ਇਸ ਨੂੰ ਸੰਭਾਲ ਕੇ ਬੜੀ ਚੰਗੀ ਤਰ੍ਹਾਂ ਚਲਾ ਲਿਆ ਹੈ ।

## ਥਾਨੇਸਰ

ਸਥਾਨੇਸ਼ਵਰ, ਜ਼ਿਲਾ ਕਰਨਾਲ

ਦਿੱਲੀ ਤੋਂ ੯੮ ਮੀਲ ਉੱਤਰ ਨੂੰ, ਅੰਬਾਲੇ ਤੋਂ ੨੬ ਮੀਲ ਦਖਣ ਨੂੰ, ਅਤੇ ਕੁਰਖੇਤਰ ਤੋਂ ਦੋ ਢਾਈ ਮੀਲ ਲਹਿੰਦੇ ਨੂੰ, ਸਰਸਵਤੀ ਨਦੀ ਦੇ ਕੰਢੇ ਹਿੰਦੂਆਂ ਦਾ ਇਹ ਇਕ ਪਰਾਚੀਨ ਸਰੋਵਰ ਅਤੇ ਪਵਿੱਤਰ ਤੀਰਥ ਅਸਥਾਨ ਹੈ ਜਿਥੇ ਕਿ ਸ਼ਿਵਲਿੰਗ ਦੀ ਪੂਜਾ ਸਭ ਤੋਂ ਪਹਿਲਾਂ ਅਸਥਾਪਨ ਹੋਈ ਸੀ । ਮਹਾਭਾਰਤ ਦਾ ਯੁੱਧ ਇਸ ਤੋਂ ਦੱਖਣ-ਚੜ੍ਹਦੇ ਨੂੰ ਕੁਰਖੇਤਰ ਦੀ ਰਣਭੂਮੀ ਵਿਚ ਹੋਇਆ ਸੀ । ਥਾਨੇਸਰ ਦੇ ਦੱਖਣ ਦੇ ਇਲਾਕੇ ਨੂੰ ਜੋ ਸਰਸਵਤੀ ਅਤੇ ਦ੍ਰਿਸ਼ਦ੍ਵਤੀ ਨਦੀਆਂ ਦੇ ਵਿਚਕਾਰ ਹੈ ਕੁਰਖੇਤਰ, ਧਰਮਖੇਤਰ ਅਤੇ ਬ੍ਰਹਮਵਰਤ ਨਾਂਵਾਂ ਨਾਲ ਯਾਦ ਕੀਤਾ ਹੋਇਆ ਹੈ ਜਿਸ ਦਾ ਜ਼ਿਕਰ ਇਸ ਪੁਸਤਕ ਦੇ ਆਰੰਭ ਵਿਚ ਆ ਚੁੱਕਾ ਹੈ । ਪੁਰਾਣੇ ਸਾਹਿਤ ਵਿਚ ਇਸ ਸਰੋਵਰ ਦੇ ਕਈ ਨਾਉਂ ਆਏ ਹਨ ਜਿਵੇਂ ਕਿ ਬ੍ਰਹਮਸਰ, ਰਾਮਹ੍ਰਦ, ਵਾਯਵਸਰ, ਪਵਨਸਰ, ਆਦਿ । ਕਨਿੰਘਮ ਅਨੁਸਾਰ ਇਹ ੩੫੪੬ ਫ਼ੁਟ ਲੰਬਾ ਅਤੇ ੧੯੦੦ ਫ਼ੁਟ ਚੌੜਾ ਹੈ ।

ਇਕ ਪੁਰਾਣਕ ਕਥਾ ਅਨੁਸਾਰ ਕੁਰਖੇਤਰ ਦੇ ਸਰੋਵਰ ਦੇ ਕੰਢੇ ਪਾਂਡਵਾਂ ਅਤੇ ਕੌਰਵਾਂ ਦੇ ਸਾਂਝੇ ਬਜ਼ੁਰਗ ਕੁਰੂ ਨੇ ਤਪੱਸਿਆ ਕੀਤੀ ਸੀ । ਇੱਥੇ ਹੀ ਪਰਸੁਰਾਮ ਨੇ ਆਪਣੇ ਕੁਹਾੜੇ ਨਾਲ ਅਨੇਕ ਖੱਤਰੀਆਂ ਦਾ ਨਾਸ ਕੀਤਾ ਅਤੇ ਇੱਥੇ ਹੀ ਅੰਤ ਪੁਰੂਰਵਸ ਨੂੰ ਅਲੋਪ ਹੋ ਗਈ ਹੋਈ ਉਸ ਦੀ ਪ੍ਰੇਮਕਾ ਅਪੱਸਰਾਂ ਉਰਵਸ਼ੀ, ਆਪਣੀਆਂ ਚਾਰ ਹੋਰ ਸੁਰਗੀ ਅਪੱਸਰਾਂ ਸਖੀਆਂ ਨਾਲ ਕੌਲ ਫੁੱਲਾਂ ਨਾਲ ਭਰੇ ਸੁੰਦਰ ਸਰੋਵਰ ਵਿਚ ਕਲੋਲ ਕਰਦੀ ਦੇ ਦਰਸ਼ਨ ਹੋਏ ਸਨ । ਪਰ ਘੋੜਸਿਰੇ ਦਧਿਅੰਚ ਜਾਂ ਦਧੀਚ ਦੀ ਕਥਾ ਪਰੂਰਵਸ ਦੀ ਕਥਾ ਤੋਂ ਵੀ ਪੁਰਾਣੀ ਪਰਤੀਤ ਹੁੰਦੀ ਹੈ ਜਿਸ ਵਲ ਕਿ ਰਿਗਵੇਦ ਵਿਚ ਵੀ ਇਸ਼ਾਰਾ ਮਿਲਦਾ ਹੈ । ਇਸ ਨਾਲ ਥਾਨੇਸਰ ਦੇ ਸਰੋਵਰ ਦੀ ਪਰਾਚੀਨਤਾ ਰਿਗਵੇਦ ਦੇ ਸਮੇਂ ਤੋਂ ਵੀ ਪਹਿਲਾਂ ਦੀ ਹੋ ਜਾਂਦੀ ਹੈ ।

ਦਧਿਅੰਚ ਅਥਰਵਨ ਦਾ ਪੁੱਤਰ ਇਕ ਵੇਦਕ ਰਿਖੀ ਸੀ ਜਿਸ ਨੂੰ ਇੰਦਰ ਦੇਵਤਾ ਨੇ ਕੁਝ ਗੁਪਤ ਵਿਦਿਆ ਇਸ ਸ਼ਰਤ ਉਤੇ ਦਿੱਤੀ ਸੀ ਕਿ ਜੇ ਉਸ ਨੇ ਇਹ ਅਗੇ ਕਿਸੇ ਹੋਰ ਨੂੰ ਦੱਸੀ ਤਾਂ ਉਸ ਦਾ ਸਿਰ ਵੱਢ ਦਿੱਤਾ ਜਾਏਗਾ। ਅਸ਼ਵਨੀ ਕੁਮਾਰਾਂ ਨੇ ਉਸ ਨੂੰ ਇਹ ਵਿਦਿਆ ਉਨ੍ਹਾਂ ਨੂੰ ਸਿਖਾ ਦੇਣ ਲਈ ਮਨਾ ਲਿਆ ਅਤੇ ਇੰਦਰ ਦੇ ਕ੍ਰੋਪ ਤੋਂ ਬਚਾਉਣ ਲਈ ਉਸ ਦਾ ਸਿਰ ਲਾਹ ਕੇ ਰੱਖ ਲਿਆ ਅਤੇ ਉਸ ਦੀ ਥਾਂ ਘੋੜੇ ਦਾ ਸਿਰ ਉਸ ਦੀ ਧੌਣ ਉਤੇ ਲਾ ਦਿੱਤਾ । ਜਦ ਗ਼ੁੱਸੇ ਵਿਚ ਆ ਕੇ ਇੰਦਰ ਨੇ ਦਧਿਅੰਚ ਦਾ (ਘੋੜੇ ਦਾ ਲੱਗਾ ਹੋਇਆ) ਸਿਰ ਵੱਢ ਦਿੱਤਾ ਤਾਂ ਅਸ਼ਵਨੀ ਕੁਮਾਰਾਂ ਨੇ ਮੁੜ ਦਧਿਅੰਚ ਦਾ ਪਹਿਲਾ ਅਸਲੀ ਸਿਰ ਉਸ ਦੀ ਧੌਣ ਉਤੇ ਲਾ ਕੇ ਉਸ ਨੂੰ ਨਵਾਂ ਨਰੋਆ ਕਰ ਦਿੱਤਾ ।

ਜਿਤਨੀ ਦੇਰ ਦਧਿਅਚ ਧਰਤੀ ਉਤੇ ਜਿਉਂਦਾ ਰਿਹਾ, ਦੈਂਤਾਂ ਜਾਂ ਅਸੁਰਾਂ ਨੂੰ ਉਸ ਨੇ ਕਾਬੂ ਰਖਿਆ, ਪਰ ਉਸ ਦੇ ਪਿਛੋਂ ਇਨ੍ਹਾਂ ਦਾ ਜ਼ੋਰ ਹਰ ਥਾਂ ਵਧ ਗਿਆ। ਇਹ ਵੇਖ ਕੇ ਇੰਦਰ ਦੇਵਤਾ ਨੇ ਦਧਿਅੰਚ ਦਾ ਨਿਸ਼ਾਨ ਪਤਾ ਪੁਛਿਆ ਤਾਂ ਉਸ ਨੂੰ ਦੱਸਿਆ ਗਿਆ ਕਿ ਉਸ ਦਾ ਘੋੜੇ ਦਾ ਸਿਰ ਹੈ, ਜੋ ਕੁਰਖੇਤਰ ਦੇ ਲਾਗੇ ਥਾਨੇਸਰ ਦੇ ਸਰੋਵਰ ਤੋਂ ਮਿਲਿਆ ਹੈ। ਇੰਦਰ ਨੇ ਇਸ ਦੀਆਂ ਹੱਡੀਆਂ ਦੇ ਸ਼ਸਤਰ ਬਣਾ ਕੇ ਅਸੁਰਾਂ ਦਾ ਨਾਸ ਕੀਤਾ। ਮਹਾਂਭਾਰਤ ਅਤੇ ਪੁਰਾਣਾਂ ਵਿਚ ਆਈ ਕਥਾ ਅਨੁਸਾਰ ਦਧਿਅੰਚ ਨੇ ਆਪਣੇ ਪ੍ਰਾਣ ਇਸ ਲਈ ਤਿਆਗੇ ਸਨ ਕਿ ਇੰਦਰ ਅਤੇ ਦੇਵਤੇ ਵ੍ਰਿਤਾਂ ਅਤੇ ਅਸੁਰਾਂ ਦੇ ਨਾਸ ਕਰਨ ਲਈ ਉਸ ਦੀਆਂ ਹੱਡੀਆਂ ਦੇ ਹਥਿਆਰ ਬਣਾ ਸਕਣ। ਇਕ ਕਥਾ ਅਨੁਸਾਰ ਦਧਿਅੰਚ ਨੇ ਦਕਸ਼ ਦੇ ਜੱਗ ਨੂੰ ਭੰਗ ਕਰਨ ਲਈ ਸ਼ਿਵਜੀ ਮਹਾਂਦੇਵ ਦੀ ਸਹਾਇਤਾ ਕੀਤੀ ਸੀ।

ਪਰਾਚੀਨ ਕਥਾ ਅਨੁਸਾਰ ਥਾਨੇਸਰ ਦਾ ਕਿਲਾ ਕੁਰੂ ਦੇ ਖ਼ਾਨਦਾਨ ਦੇ ਰਾਜਾ ਦਿਲੀਪ ਨੇ ਜੋ ਪਾਂਡਵਾਂ ਤੋਂ ਪੰਜ ਪੀੜ੍ਹੀਆਂ ਪਹਿਲੋਂ ਹੋਇਆ ਹੈ, ਉਸਾਰਿਆ ਸੀ ਅਤੇ ਇਸ ਦੇ ੫੨ ਬੁਰਜ ਸਨ। ਇਸ ਵੇਲੇ ਇਹ ਸਭ ਕੁਝ ਥੇਹ ਬਣਿਆ ਹੋਇਆ ਹੈ।

ਵਰਾਹ-ਮਿਹਿਰ ਦੇ ਸਮੇਂ ਸੰਨ ੫੦੦ ਈ. ਵਿਚ ਥਾਨੇਸਰ ਦੇ ਸਰੋਵਰ ਦੀ ਬੜੀ ਪ੍ਰਭਤਾ ਸੀ ਅਤੇ ਇਸ ਦੀ ਲਿਖਤ ਦੇ ਆਧਾਰ ਪਰ ਅਬੂ-ਰੀਹਾਨ ਅਲ-ਬਿਰੂਨੀ ਆਪਣੀ ਪਰਸਿੱਧ ਪੁਸਤਕ 'ਅਲ-ਹਿੰਦ' ਵਿਚ ਕਹਿੰਦਾ ਹੈ ਕਿ ਚੰਦ ਗ੍ਰਹਿਣ ਦੇ ਵੇਲੇ ਹੋਰ ਸਾਰੇ ਸਰੋਵਰਾਂ ਦਾ ਜਲ ਥਾਨੇਸਰ ਦੇ ਸਰੋਵਰ ਦੀ ਯਾਤਰਾ ਕਰਦਾ ਹੈ। ਛੇਵੀਂ ਸਦੀ ਦੇ ਆਰੰਭ ਵਿਚ ਥਾਨੇਸਰ 'ਸ੍ਰੀ ਕੰਠ ਜਨਪਦ' ਦੀ ਰਾਜਧਾਨੀ ਸੀ ਜਿਸ ਦੀ ਥਾਪਣਾ 'ਹਰਸ਼-ਚਰਿਤ' ਦੇ ਕਰਤਾ ਬਾਣ ਭੱਟ ਅਨੁਸਾਰ ਪੁਸ਼ਪਭੂਤੀ ਨੇ ਕੀਤੀ ਸੀ। ਥਾਨੇਸਰ ਰਾਜ ਦੇ ਪਹਿਲੇ ਤਿੰਨ ਰਾਜਿਆਂ ਸੰਬੰਧੀ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਜੋ ਜਾਂ ਤਾਂ ਹੂਣਾਂ ਦੇ ਜਾਂ ਗੁਪਤਿਆਂ ਦੇ ਅਧੀਨ ਹੋਣਗੇ। ਪਰਭਾਕਰ ਵਰਧਨ ਪਹਿਲਾ ਰਾਜਾ ਹੈ ਜਿਸ ਦਾ ਜ਼ਿਕਰ ਬਾਣ ਭੱਟ ਨੇ ਕੀਤਾ ਹੈ। ਇਸ ਨੇ ਆਪਣੇ ਵੱਡੇ ਪੁੱਤਰ ਰਾਜਵਰਧਨ ਨੂੰ ਹੂਣਾਂ ਦੇ ਵਿਰੁਧ ਉੱਤਰ ਵਲ ਇਕ ਮੁਹਿੰਮ ਉਤੇ ਭੇਜਿਆ, ਪਰ ਪਰਭਾਕਰ-ਵਰਧਨ ਦੇ ਬੀਮਾਰ ਹੋ ਜਾਣ ਕਰਕੇ ਇਸ ਨੂੰ ਵਾਪਸ ਬੁਲਾ ਲਿਆ ਗਿਆ। ਰਾਜ-ਵਰਧਨ ਦੇ ਮੁੜਨ ਤੋਂ ਪਹਿਲਾਂ ਹੀ ਪਰਭਾਕਰ ਵਰਧਨ ਦਾ ਦੇਹਾਂਤ ਹੋ ਗਿਆ ਅਤੇ ਇਸ ਦੀ ਮਾਤਾ ਰਾਣੀ ਯਸ਼ੋਮਤੀ ਸਰਸਵਤੀ ਦੇ ਕੰਢੇ ਸਤੀ ਹੋ ਗਈ। ਰਾਜ-ਵਰਧਨ ਨੂੰ ਐਸਾ ਵੈਰਾਗ ਹੋਇਆ ਕਿ ਉਸ ਨੇ ਰਾਜ ਆਪਣੇ ਛੋਟੇ ਭਰਾ ਹਰਸ਼-ਵਰਧਨ ਨੂੰ ਦੇ ਕੇ ਸਾਧੂ ਹੋ ਜਾਣ ਦਾ ਫ਼ੈਸਲਾ ਕਰ ਲਿਆ। ਓਧਰ ਹਰਸ਼ ਵੀ ਰਾਜ ਦਾ ਭਾਰ ਆਪਣੇ ਸਿਰ ਨਹੀਂ ਸੀ ਲੈਣਾ ਚਾਹੁੰਦਾ ਅਤੇ ਸੰਸਾਰ ਤਿਆਗਣ ਦਾ ਵਿਚਾਰ ਕਰ ਰਿਹਾ ਸੀ। ਪਰ ਕਨੌਜ ਤੋਂ ਆਈਆਂ ਖ਼ਬਰਾਂ ਨੇ (ਕਿ ਮਾਲਵੇ ਦੇ ਰਾਜਾ ਨੇ ਗ੍ਰਹਿ-ਵਰਮਨ ਨੂੰ ਮਾਰ ਦਿੱਤਾ ਹੈ ਅਤੇ ਉਨ੍ਹਾਂ ਦੀ ਭੈਣ ਰਾਣੀ ਰਾਜੇਸ਼੍ਰੀ ਨੂੰ ਕੈਦ ਕਰ ਲਿਆ ਹੈ ਅਤੇ ਉਹ ਥਾਨੇਸਰ ਉਤੇ ਹੱਲਾ ਕਰਨ ਵਾਲਾ ਹੈ) ਇਹ ਵਿਚਾਰ ਉਲਟਾ ਦਿੱਤੇ। ਹਰਸ਼ ਨੂੰ ਥਾਨੇਸਰ ਛਡ ਕੇ ਰਾਜ-ਵਰਧਨ ਮਾਲਵੇ ਦੇ ਰਾਜੇ ਦੇ ਵਿਰੁਧ ਗਿਆ, ਪਰ ਮੁਹਿੰਮ ਦੇ ਅੰਤ ਤੇ ਉਹ ਗੌੜ ਦੇ ਰਾਜੇ ਦੇ ਹੱਥੋਂ ਮਾਰਿਆ ਗਿਆ। ਆਪਣੇ ਭਰਾ ਰਾਜ-ਵਰਧਨ ਦੀ ਮੌਤ ਤੋਂ ਬਾਦ ਹਰਸ਼-ਵਰਧਨ ਨੇ ਰਾਜ ਸੰਭਾਲ ਕੇ ਛੇਤੀ ਹੀ ਆਪਣੀ ਪ੍ਰਭਤਾ ਬਣਾ ਲਈ ਅਤੇ ਕੁਝ ਚਿਰ ਪਿਛੋਂ ਥਾਨੇਸਰ ਤੋਂ ਰਾਜਧਾਨੀ ਕਨੌਜ ਬਦਲ ਲਈ।

ਹਰਸ਼ ਵਰਧਨ ਦੇ ਸਮੇਂ ਚੀਨੀ ਯਾਤਰੀ ਹਿਊਨ-ਸਾਂਗ ਭਾਰਤ ਦੇ ਭ੍ਰਮਣ (੬੩੦ ਈ.) ਲਈ ਆਇਆ ਅਤੇ ਉਹ ਸੰਨ ੬੩੪ ਵਿਚ ਥਾਨੇਸਰ ਦਾ ਜ਼ਿਕਰ ਕਰਦਾ ਹੈ। ਹਰਸ਼ ਨੇ ਇਸ ਦਾ ਬੜਾ ਸਨਮਾਨ ਕੀਤਾ ਅਤੇ ਇਸ ਤੇ ਬਾਦ ਚੀਨ ਅਤੇ ਹਰਸ਼ ਵਿਚਕਾਰ ਮਿਤਰਾਨਾ ਸੰਬੰਧ ਕਾਇਮ ਹੋ ਗਏ। ਸੰਨ ੬੪੮ ਵਿਚ ਜਦ ਤੀਸਰੀ ਵਾਰ ਚੀਨੀ ਰਾਜਦੂਤ ਹਰਸ਼ ਦੇ ਦਰਬਾਰ ਵਿਚ ਆਇਆ ਤਾਂ ਉਸ ਨੂੰ ਪਤਾ ਲੱਗਾ ਕਿ ਸੈਨਾਪਤੀ ਅਰਜਨ ਨੇ ਰਾਜ ਉਤੇ ਕਬਜ਼ਾ ਕਰ ਲਿਆ ਹੈ ਅਤੇ ਇਸ ਘਰਾਣੇ ਦਾ ਰਾਜ ਖ਼ਤਮ ਹੋ ਗਿਆ ਹੈ। ਪਰ ਥਾਨੇਸਰ ਦੀ ਪੁਰਾਣੀ ਧਾਰਮਕ ਮਹੱਤਤਾ ਕਾਇਮ ਰਹੀ।

੧੦੧੪ ਈ. ਵਿਚ ਮਹਿਮੂਦ ਗ਼ਜ਼ਨਵੀ ਨੇ ਥਾਨੇਸਰ ਨੂੰ ਲੁਟ-ਪੁਟ ਕੇ ਬਰਬਾਦ ਕਰ ਦਿੱਤਾ। ੧੦੪੩ ਵਿਚ

ਭਾਵੇਂ ਮੁੜ ਹਿੰਦੂ ਰਾਜ ਇੱਥੇ ਕਾਇਮ ਹੋ ਗਿਆ ਸੀ, ਪਰ ਇਸ ਦੀ ਪੁਰਾਣੀ ਰੌਣਕ ਕਈ ਸੌ ਸਾਲ ਬਾਦ ਵੀ ਨਾ ਹੋ ਸਕੀ। ਸਿਕੰਦਰ ਲੋਧੀ ਦੇ ਵੇਲੇ (ਸੰਨ ੧੪੮੮—੧੫੧੭ ਈ.) ਤਕ ਇਹ ਮੁੜ ਕੁਝ ਵਸ ਗਿਆ ਮਾਲੂਮ ਹੁੰਦਾ ਹੈ ਜਦ ਕਿ ਉਸ ਨੇ ਇਸ ਨੂੰ ਲੁਟਣ ਦਾ ਵਿਚਾਰ ਕੀਤਾ ਸੀ। ਸੰਨ ੧੫੬੭ ਈ. ਨੂੰ ਅਪ੍ਰੈਲ ਦੇ ਮਹੀਨੇ ਸੂਰਜ-ਗ੍ਰਹਿਣ ਦੇ ਮੇਲੇ ਦੇ ਮੌਕੇ ਤੇ ਅਕਬਰ ਬਾਦਸ਼ਾਹ ਥਾਨੇਸਰ ਸੀ ਤਾਂ ਗਿਰਿ ਅਤੇ ਪੁਰੀ ਸੰਨਿਆਸੀਆਂ ਵਿਚ ਬੈਠਣ ਦੇ ਅਸਥਾਨ ਤੋਂ ਝਗੜਾ ਹੋ ਗਿਆ। ਬਾਦਸ਼ਾਹ ਪਾਸ ਪੁਰੀਆਂ ਨੇ ਸ਼ਕਾਇਤ ਕੀਤੀ, ਪਰ ਜਦ ਆਪਸ ਵਿਚ ਕੋਈ ਸਮਝੌਤਾ ਨਾ ਹੋ ਸਕਿਆ ਤਾਂ ਦੋਹਾਂ ਧਿਰਾਂ ਨੇ ਲੜ ਕੇ ਫ਼ੈਸਲਾ ਕਰ ਲੈਣ ਦੀ ਆਗਿਆ ਮੰਗੀ। ਬਾਦਸ਼ਾਹ ਨੇ ਆਗਿਆ ਦੇ ਦਿੱਤੀ ਅਤੇ ਸੰਨਿਆਸੀਆਂ ਵਿਚ ਆਪਸ ਵਿਚ ਲੜਾਈ ਹੋ ਪਈ। ਜਦ ਬਾਦਸ਼ਾਹ ਨੇ ਵੇਖਿਆ ਕਿ ਗਿਰਿ ਸੰਨਿਆਸੀਆਂ ਨੇ ਪੁਰੀਆਂ ਨੂੰ ਦੱਬ ਲਿਆ ਹੈ ਤਾਂ ਉਸ ਨੇ ਆਪਣੇ ਕੁਝ ਸਿਪਾਹੀ ਪੁਰੀਆਂ ਦੀ ਸਹਾਇਤਾ ਲਈ ਭੇਜ ਦਿੱਤੇ। ਇਸ ਤਰਾਂ ੨੦ ਬੰਦੇ ਮਾਰੇ ਗਏ ਅਤੇ ਕਈ ਜ਼ਖ਼ਮੀ ਹੋਏ। ਬਾਦਸ਼ਾਹ ਅਕਬਰ ਸੰਨਿਆਸੀ ਸਾਧਾਂ ਦੀ ਇਹ ਲੜਾਈ ਦੇਖ ਕੇ ਬੜਾ ਖ਼ੁਸ਼ ਹੋਇਆ।

ਮੁੱਲਾਂ ਅਹਿਮਦ ਲਿਖਦਾ ਹੈ ਕਿ ਅਕਬਰ ਦੇ ਵੇਲੇ ਥਾਨੇਸਰ ਦੇ ਸਰੋਵਰ ਦੇ ਵਿਚਕਾਰ ਬਣੀ ਹੋਈ ਮਸੀਤ ਨੂੰ ਢਾ ਕੇ ਹਿੰਦੂਆਂ ਇੱਥੇ ਮੰਦਰ ਬਣਾ ਲਿਆ। ਥਾਨੇਸਰ ਇਕ ਹਿੰਦੂ ਤੀਰਥ ਸੀ ਅਤੇ ਸਰੋਵਰ ਉਨ੍ਹਾਂ ਦਾ ਧਾਰਮਕ ਅਸਥਾਨ ਸੀ। ਇਸ ਲਈ ਸਰੋਵਰ ਦੇ ਵਿਚਕਾਰ ਕਿਸੇ ਮੰਦਰ ਨੂੰ ਢਾ ਕੇ ਪਹਿਲਾਂ ਮੁਸਲਮਾਨਾਂ ਨੇ ਮਸੀਤ ਬਣਾ ਦਿੱਤੀ ਹੋਣੀ ਹੈ ਜਿਸ ਦੀ ਥਾਂ ਹਿੰਦੂਆਂ ਨੇ ਮੁੜ ਮੰਦਰ ਬਣਾ ਦਿੱਤਾ। ਜਦ ਔਰੰਗਜ਼ੇਬ ਦਾ ਸਮਾਂ ਆਇਆ ਤਾਂ ਉਸ ਨੇ ਮੰਦਰ ਨੂੰ ਢਾ ਕੇ ਸਰੋਵਰ ਦੇ ਵਿਚਕਾਰ ਇਕ ਕਿਲਾ ਬਣਵਾ ਦਿੱਤਾ ਤਾਕਿ ਇੱਥੇ ਬੈਠ ਕੇ ਮੁਸਲਮਾਨ ਸਿਪਾਹੀ ਇਸ਼ਨਾਨ ਕਰਨ ਲਈ ਆਏ ਹਿੰਦੂਆਂ ਉਤੇ ਗੋਲੀ ਚਲਾ ਸਕਣ।

ਸੰਨ ੧੭੬੪ ਦੇ ਸ਼ੁਰੂ ਵਿਚ ਜਦ ਸਿੰਘਾਂ ਨੇ ਸਰਹੰਦ ਉਤੇ ਕਬਜ਼ਾ ਕਰ ਲਿਆ ਅਤੇ ਸਾਰੇ ਇਲਾਕੇ ਵਿਚ ਉਨ੍ਹਾਂ ਦਾ ਬੋਲ ਬਾਲਾ ਹੋ ਗਿਆ ਤਾਂ ਥਾਨੇਸਰ ਉਤੇ ਸਰਦਾਰ ਭੰਗਾ ਸਿੰਘ ਨੇ ਕਬਜ਼ਾ ਕਰ ਲਿਆ। ੧੮੫੦ ਵਿਚ ਇਹ ਸਰਕਾਰ ਅੰਗਰੇਜ਼ੀ ਦੇ ਤਹਿਤ ਵਿਚ ਆ ਗਿਆ। ਸੰਨ ੧੮੬੨ ਤਕ ਇਥੇ ਜ਼ਿਲਾ ਰਿਹਾ ਜਦ ਕਿ ਇਸ ਨੂੰ ਕਰਨਾਲ ਦੇ ਜ਼ਿਲੇ ਵਿਚ ਮਿਲਾ ਦਿੱਤਾ ਗਿਆ।

ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਦ ਸਰਕਾਰ ਹਿੰਦ ਨੇ ਕੁਰਖੇਤਰ ਵਲ ਖ਼ਾਸ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ ਅਤੇ ਇੱਥੇ ਸੰਸਕ੍ਰਿਤ ਯੂਨੀਵਰਸਿਟੀ ਦੇ ਕਾਇਮ ਹੋ ਜਾਣ ਨਾਲ ਹਿੰਦੂ ਸੱਭਿਅਤਾ ਦਾ ਇਹ ਕੇਂਦਰ ਮੁੜ ਸੁਰਜੀਤ ਹੁੰਦਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਥਾਨੇਸਰ ਦੇ ਭਾਗ ਵੀ ਮੁੜ ਜਾਗ ਪਏ ਦਿਸਦੇ ਹਨ।

## ਨਨਕਾਣਾ ਸਾਹਿਬ

### ਜ਼ਿਲਾ ਸ਼ੇਖ਼ੂਪੁਰਾ, (ਪਾਕਿਸਤਾਨ)

ਲਾਹੌਰ ਤੋਂ ਲਹਿੰਦੇ-ਦੱਖਣ ਨੂੰ ੪੮ ਮੀਲ ਦੀ ਵਿੱਥ ਤੇ ਪਰਸਿੱਧ ਧਾਰਮਕ ਅਸਥਾਨ ਨਨਕਾਣਾ ਸਾਹਿਬ ਹੈ ਜਿੱਥੇ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੇ ਸੰਨ ੧੪੬੯ ਈ. ਵਿਚ ਜਨਮ ਲਿਆ ਸੀ। ਪਹਿਲੇ ਇਸ ਦਾ ਨਾਉਂ ਰਾਇਪੁਰ ਹੁੰਦਾ ਸੀ, ਫੇਰ ਤਲਵੰਡੀ ਰਾਇ ਭੋਇ ਹੋਇਆ। ਪਿੱਛੋਂ ਗੁਰੂ ਨਾਨਕ ਦਾ ਜਨਮ ਅਸਥਾਨ ਹੋਣ ਕਰਕੇ ਇਸ ਦਾ ਨਾਉਂ ਨਨਕਾਣਾ ਸਾਹਿਬ ਹੋ ਗਿਆ। ਸਿੱਖ ਰਾਜ ਵੇਲੇ ਇਸ ਦੀ ਮਾਨ ਪਰਤਿਸ਼ਠਾ ਬਹੁਤ ਵਧ ਗਈ ਜੋ ਅੰਗਰੇਜ਼ੀ ਰਾਜ ਦੇ ਵੇਲੇ ਹੋਰ ਵੀ ਵਧਦੀ ਗਈ। ਜਨਮ ਅਸਥਾਨ ਇਕ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਇਸ ਨਾਲ ਅਠਾਰਾਂ ਹਜ਼ਾਰ ਏਕੜ ਜ਼ਮੀਨ ਅਤੇ ੯੮੯੨ ਰੁਪਏ ਸਾਲਾਨਾ ਜਾਗੀਰ ਸੀ। ਇੱਥੋਂ ਦੇ ਮਹੰਤ ਨਾਰਾਇਣ ਦਾਸ ਦਾ ਆਚਰਣ ਚੰਗਾ ਨਾ ਹੋਣ ਕਰਕੇ ਜਦ ਸੰਨ ੧੯੨੧ ਵਿਚ ਸਿੱਖ ਪੰਥ ਨੇ ਇਸ ਗੁਰਦੁਆਰੇ ਦਾ ਪਰਬੰਧ ਆਪਣੇ ਹਥ ਵਿਚ ਲੈਣ ਦਾ ਵਿਚਾਰ ਕੀਤਾ ਤਾਂ ਲਾਹੌਰ ਦੇ ਅੰਗਰੇਜ਼ ਕਮਿਸ਼ਨਰ ਦੀ ਸ਼ਹਿ ਨਾਲ ਮਹੰਤ ਨੇ ਸਿੰਘਾਂ ਨੂੰ ਰੋਕਣ ਲਈ ਹਥਿਆਰ ਜਮ੍ਹਾਂ ਕਰ ਲਏ ਅਤੇ ੨੦ ਫ਼ਰਵਰੀ ਦੀ ਸਵੇਰੇ ਗੁਰਦੁਆਰੇ ਗਏ ੧੩੦ ਦੇ ਲਗਭਗ ਸਿੱਖ ਗੋਲੀਆਂ ਨਾਲ

ਭੁਨ ਦਿੱਤੇ ਅਤੇ ਛਵੀਆਂ, ਗੰਡਾਸਿਆਂ ਨਾਲ ਟੋਟੇ ਕਰ ਕੇ ਇਨ੍ਹਾਂ ਵਿਚੋਂ ਕਈ ਭੱਠੀਆਂ ਵਿਚ ਪਾ ਕੇ ਜੀਉਂਦੇ ਹੀ ਫੂਕ ਦਿਤੇ। ਇਸ ਕੁਰਬਾਨੀ ਦੇ ਸਦਕੇ ਸਿੱਖਾਂ ਵਿਚ ਗੁਰਦੁਆਰਾ ਸੁਧਾਰ ਲਹਿਰ ਬੜੇ ਜ਼ੋਰ ਨਾਲ ਚੱਲ ਪਈ ਅਤੇ ਸਿੱਖ ਇਤਿਹਾਸਕ ਗੁਰਦੁਆਰੇ ੧੯੨੫ ਵਿਚ ਪਾਸ ਹੋਏ ਗੁਰਦੁਆਰਾ ਐਕਟ ਰਾਹੀਂ ਇਕ ਪ੍ਰਤੀਨਿਧ ਸਿਖ ਜਥੇਬੰਦੀ ਸ਼ਿਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਬੰਧ ਵਿਚ ਆ ਗਏ। ਇਸ ਤਰ੍ਹਾਂ ਨਨਕਾਣਾ ਸਾਹਿਬ ਦੇ ਗੁਰਦੁਆਰੇ ਵੀ ਇਸ ਕਮੇਟੀ ਨਾਲ ਸੰਬੰਧਤ ਹੋ ਗਏ। ੧੯੪੭ ਵਿਚ ਦੇਸ ਦੀ ਵੰਡ ਨਾਲ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਚਲਾ ਗਿਆ। ਅਜ ਕਲ ਓਥੇ ਦੇ ਗੁਰਦੁਆਰਿਆਂ ਦੇ ਪਰਬੰਧ ਲਈ ਥੋੜੇ ਜਿਹੇ ਸਿੱਖ ਸੇਵਾਦਾਰ ਕਮੇਟੀ ਵਲੋਂ ਰਹਿੰਦੇ ਹਨ।

ਜਨਮ ਅਸਥਾਨ ਤੋਂ ਬਿਨਾਂ ਇਸ ਥਾਂ ਹੇਠ ਲਿਖੇ ਹੋਰ ਗੁਰਦੁਆਰੇ ਹਨ :

੧. ਕਿਆਰਾ ਸਾਹਿਬ, ਨਗਰ ਤੋਂ ਪੂਰਬ ਵਲ ਲਾਗੇ ਹੀ ਉਹ ਅਸਥਾਨ ਜਿਥੇ ਗੁਰੂ ਨਾਨਕ ਸਾਹਿਬ ਨੇ ਖੇਤੀ ਹਰੀ ਕੀਤੀ ਸੀ।

੨. ਤੰਬੂ ਸਾਹਿਬ, ਨਗਰ ਤੋਂ ਉੱਤਰ ਵਲ, ਜਿਥੇ ਗੁਰੂ ਸਾਹਿਬ ਸੱਚੇ ਸੌਦੇ ਤੋਂ ਬਾਦ ਆ ਕੇ ਟਿਕੇ ਸਨ।

੩. ਪੱਟੀ ਸਾਹਿਬ, ਨਗਰ ਵਿਚ ਗੁਰਦੁਆਰਾ ਬਾਲ-ਲੀਲ੍ਹਾ ਦੇ ਪਾਸ ਹੀ, ਜਿਥੇ ਗੁਰੂ ਸਾਹਿਬ ਪਾਂਧੇ ਪਾਸ ਪੜ੍ਹਨੇ ਪਏ ਸਨ।

੪. ਬਾਲ-ਲੀਲ੍ਹਾ, ਆਬਾਦੀ ਦੇ ਵਿਚ, ਜਿਥੇ ਛੋਟੀ ਉਮਰ ਵਿਚ ਗੁਰੂ ਜੀ ਖੇਡਦੇ ਰਹੇ ਸਨ।

੫. ਮਾਲ ਜੀ ਸਾਹਿਬ, ਜਿਥੇ ਗੁਰੂ ਸਾਹਿਬ ਡੰਗਰ ਚਾਰਦੇ ਹੁੰਦੇ ਸਨ।

੬. ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਸਥਾਨ।

## ਨਾਰਨੌਲ

ਨਾਰਨੌਲ ਚੋਖਾ ਪੁਰਾਣਾ ਸ਼ਹਿਰ ਹੈ। ਇਹ ਰਿਵਾੜੀ ਤੋਂ ੩੭ ਮੀਲ ਦੱਖਣ-ਲਹਿੰਦੇ ਨੂੰ ਮਹਿੰਦਰਗੜ੍ਹ ੨੦ ਮੀਲ ਦੱਖਣ ਨੂੰ ਹੈ। ਇਹ ਸ਼ਹਿਰ ਕਦੋਂ ਆਬਾਦ ਹੋਇਆ ਅਤੇ ਇਸ ਦਾ ਪੁਰਾਣਾ ਇਤਿਹਾਸ ਕੀ ਹੈ, ਇਸ ਵੇਲੇ ਠੀਕ ਨਿਸਚੇ ਤੌਰ ਤੇ ਕੁਝ ਪਤਾ ਨਹੀਂ। ਇਕ ਲੋਕ-ਕਥਾ ਅਨੁਸਾਰ ਇਹ ਮਹਾਂਭਾਰਤ ਦੇ ਸਮੇਂ ਦਾ ਸ਼ਹਿਰ ਹੈ ਅਤੇ ਇਸ ਦਾ ਨਾਉਂ ਨਰ-ਰਾਸ਼ਟਰ ਸੀ। ਮਹਾਭਾਰਤ ਦੇ ਸਭਾ ਪਰਬ ਵਿਚ ਲਿਖਿਆ ਹੋਇਆ ਹੈ ਕਿ ਪਾਂਡਵਾਂ ਵਿੱਚੋਂ ਸਭ ਤੋਂ ਛੋਟੇ ਸਹਿਦੇਵ ਨੇ ਇਸ ਨੂੰ ਦਿੱਲੀ ਤੋਂ ਚੰਬਲ ਨਦੀ ਨੂੰ ਜਾਂਦੇ ਹੋਏ ਆਪਣੇ ਅਧੀਨ ਕੀਤਾ ਸੀ। ਇਕ ਕਥਾ ਇਹ ਹੈ ਕਿ ਹਜ਼ਾਰ ਕੁ ਵਰ੍ਹਾ ਹੋਇਆ ਇਹ ਸ਼ਹਿਰ ਆਬਾਦ ਹੋਇਆ ਸੀ ਅਤੇ ਚੂੰਕਿ ਢੋਸੀ ਦੀ ਪਹਾੜੀ ਤਕ ਅਤੇ ਆਲੇ ਦੁਆਲੇ ਸੰਘਣਾ ਜੰਗਲ ਹੁੰਦਾ ਸੀ ਜਿਸ ਵਿਚ ਸ਼ੇਰ ਹੁੰਦੇ ਸਨ, ਇਸ ਲਈ ਇਸ ਦਾ ਨਾਉਂ ਨਾਹਰ-ਹੋਲ (ਸ਼ੇਰਾਂ ਦਾ ਜੰਗਲ) ਹੋਇਆ। ਇਕ ਹੋਰ ਕਥਾ ਇਹ ਵੀ ਹੈ ਕਿ ਇਸ ਦਾ ਪੁਰਾਣਾ ਨਾਉਂ ਨਾਗ-ਨਿਓਲ ਹੁੰਦਾ ਸੀ ਅਤੇ ਉਹ ਇਸ ਤਰ੍ਹਾਂ ਪਿਆ ਕਿ ਜਦ ਸ਼ਹਿਰ ਦੀ ਨੀਂਹ ਧਰੀ ਜਾ ਰਹੀ ਸੀ ਤਾਂ ਇਥੇ ਇਕ ਨਾਗ ਅਤੇ ਨਿਉਲ ਦੇ ਆਪਸ ਵਿਚ ਲੜਾਈ ਕਰਦਿਆਂ ਦੇ ਦਰਸ਼ਨ ਹੋਏ ਸਨ।

ਕਹਿੰਦੇ ਹਨ ਕਿ ਪਹਿਲਾਂ ਇਥੇ ਜੋਗੀ ਲੋਕਾਂ ਦਾ ਅਧਿਕਾਰ ਹੁੰਦਾ ਸੀ ਅਤੇ ਉਹ ਆਤਮਕ ਸ਼ਕਤੀਆਂ ਅਤੇ ਰਿੱਧੀਆਂ ਸਿੱਧੀਆਂ ਕਰ ਕੇ ਬੜੇ ਪਰਸਿੱਧ ਸਨ। ਪਿੱਛੋਂ ਮੁਸਲਮਾਨਾਂ ਦੇ ਆਉਣ ਤਕ ਰਾਠੌੜ ਰਾਜਪੂਤਾਂ ਦਾ ਰਾਜ ਰਿਹਾ।

ਸੁਲਤਾਨ ਬਹਿਰਾਮ ਗ਼ਜ਼ਨਵੀ ਦੇ ਸਮੇਂ (੧੧੨੧-੧੧੫੨ ਈ.) ਇਕ ਪੀਰ ਹਜ਼ਰਤ ਤੁਰਕਮਾਨ ਇਥੇ ਆ ਆਬਾਦ ਹੋਇਆ। ਉਸ ਦੇ ਮੁਸਲਮਾਨ ਸਾਥੀਆਂ ਅਤੇ ਰਾਠੌੜਾਂ ਦੇ ਆਪਸ ਵਿਚ ਕਈ ਜੁੱਧ ਹੋਏ ਅਤੇ ਤੁਰਕਮਾਨ ੫੩੧ ਹਿਜਰੀ (੧੧੩੬-੩੭ ਈ.) ਨੂੰ ਇਥੇ ਮਾਰਿਆ ਗਿਆ। ਇਹ ਮੁਸਲਮਾਨਾਂ ਵਿਚ ਪੀਰ ਅਤੇ ਸ਼ਹੀਦ ਕਰ ਕੇ ਪੂਜਿਆ ਜਾਂਦਾ ਰਿਹਾ ਹੈ ਅਤੇ ਸ਼ਹਿਰ ਦੇ ਵਿਚਕਾਰ ਇਸ ਦਾ ਮਜ਼ਾਰ ਬਣਿਆ ਹੋਇਆ ਹੈ, ਜਿਸ ਦੀ ਹਾਲਤ ੧੯੪੭

ਦੇ ਖ਼ੂਨ ਖ਼ਰਾਬੇ ਤੋਂ ਬਾਦ ਖ਼ਸਤਾ ਹੋ ਗਈ ਹੋਈ ਹੈ।

ਜਦ ਸੁਲਤਾਨ ਸ਼ੱਮਸੁਦੀਨ ਇਲਤੁਤਮਸ਼ ਸੰਨ ੧੨੧੦ ਵਿਚ ਦਿੱਲੀ ਦੇ ਤਖ਼ਤ ਉਤੇ ਬੈਠਾ ਤਾਂ ਉਸ ਨੇ ਨਾਰਨੌਲ ਮਲਿਕ ਸੈਫ਼ੁੱਦੀਨ ਨੂੰ ਜਾਗੀਰ ਵਿਚ ਦੇ ਦਿੱਤਾ ਜੋ ਬਾਦ ਵਿਚ ਸੁਨਾਮ ਦੇ ਇਲਾਕੇ ਦਾ ਜਾਗੀਰਦਾਰ ਬਣਿਆ।

ਅਮੀਰ ਖੁਸਰੋ ਦੀਆਂ ਲਿਖਤਾਂ ਗ਼ੁੱਰਾ-ਤੁਲ-ਕਮਾਲ ਅਤੇ ਮਿਫ਼ਤਾਹ-ਉਲ-ਫ਼ੁਤੂਹ ਤੋਂ ਪਤਾ ਲਗਦਾ ਹੈ ਕਿ ਸੁਲਤਾਨ ਜਲਾਲੁਦੀਨ ਫ਼ੀਰੋਜ਼ ਖ਼ਲਜੀ ਦੇ ਸਮੇਂ (੧੨੮੮-੧੨੯੫ ਈ.) ਨਾਰਨੌਲ ਮਲਿਕ ਕਤਲਗਤਿਗੀਨ ਆਜ਼ਮ ਮੁਬਾਰਕ ਦੇ ਤਹਿਤ ਵਿਚ ਸੀ ਅਤੇ ਇਹ 'ਅਮੀਰ' ਕਰ ਕੇ ਪਰਸਿੱਧ ਸੀ। ਜਦ ਸੁਲਤਾਨ ਫ਼ੀਰੋਜ਼ ਸ਼ਾਹ ਝਾਈਂ ਦੇ ਰਾਏ ਦੇ ਵਿਰੁਧ ਮੁਹਿਮ ਲੈ ਕੇ ਗਿਆ ਤਾਂ ਅਮੀਰ ਵੀ ਉਸ ਦੇ ਨਾਲ ਗਿਆ ਅਤੇ ਇਨ੍ਹਾਂ ਨੇ ਗਵਰਧਨ ਸੈਣੀ ਨਾਮੀ ਇਕ ਹਿੰਦੂ ਸੂਰਬੀਰ ਅਤੇ ਉਸ ਦੇ ਦਸ ਹਜ਼ਾਰ ਸਾਥੀਆਂ ਨੂੰ ਹਾਰ ਦਿੱਤੀ। ਸੁਲਤਾਨ ਨੇ ਝਾਈਂ ਦੇ ਮੰਦਰ ਬਰਬਾਦ ਕਰ ਦਿੱਤੇ ਅਤੇ ਮੂਰਤੀਆਂ ਤੋੜ ਦਿੱਤੀਆਂ। ਇੱਥੋਂ ਦੀ ਲੁੱਟ ਮਾਰ ਵਿਚ ਮੁਸਲਮਾਨਾਂ ਦੇ ਹਥ ਇਤਨਾ ਮਾਲ ਅਤੇ ਸੋਨਾ ਚਾਂਦੀ ਲੱਗਾ ਕਿ ਭਿਖ-ਮੰਗੇ ਕੰਗਲੇ ਵੀ ਧਨਾਢ ਬਣ ਗਏ।

ਸੰਨ ੧੪੧੧ ਈ, ਵਿਚ ਜਦ ਸੱਯਦ ਖ਼ਿਜ਼ਰ ਖ਼ਾਨ ਨੇ ਨਾਰਨੌਲ ਉਤੇ ਚੜ੍ਹਾਈ ਕਰ ਕੇ ਲੁਟ ਮਚਾਈ ਤਾਂ ਉਸ ਵੇਲੇ ਇਥੇ ਇਕਲਾਮ ਖ਼ਾਨ ਬਹਾਦੁਰ ਨਾਹਰ ਹਾਕਮ ਸੀ। ਦੋ ਸਾਲ ਪਿਛੋਂ ਜਦ ਖ਼ਿਜ਼ਰ ਖ਼ਾਨ ਨੇ ਫਿਰ ਧਾਵਾ ਆ ਬੋਲਿਆ ਤਾਂ ਇਕਲਾਮ ਖ਼ਾਨ ਦੇ ਭਤੀਜੇ ਜਲਾਲ ਖ਼ਾਨ ਨੇ ਈਨ ਮੰਨ ਲਈ। ਇਸ ਤੋਂ ਅਗਲੇ ਸਾਲ ਸੰਨ ੧੪੧੪ ਵਿਚ ਖ਼ਿਜ਼ਰ ਖ਼ਾਨ ਦਿੱਲੀ ਦਾ ਸੁਲਤਾਨ ਬਣ ਗਿਆ। ਸੁਲਤਾਨ ਸੱਯਦ ਮਹਿਮੂਦ ਸ਼ਾਹ ਦੀ ਹਕੂਮਤ ਵੇਲੇ ਨਾਰਨੌਲ ਦਾ ਪਰਗਣਾ ਸਿੱਧੀ-ਪਾਲ ਅਤੇ ਸਾਧਾਰਣ ਪਾਸ ਸੀ ਜਿਨ੍ਹਾਂ ਨੇ ਕਿ ਸੁਲਤਾਨ ਦੇ ਪਿਤਾ ਮੁਬਾਰਕ ਸ਼ਾਹ ਨੂੰ ਕਤਲ ਕੀਤਾ ਸੀ।

ਨਾਰਨੌਲ ਦਾ ਸੂਰੀ ਅਫ਼ਗਾਨਾਂ ਨਾਲ ਬੜਾ ਡੂੰਘਾ ਸੰਬੰਧ ਰਿਹਾ ਹੈ ਜਿਨ੍ਹਾਂ ਵਿਚੋਂ ਸ਼ੇਰ ਸ਼ਾਹ ਸੂਰੀ ਹਿੰਦੁਸਤਾਨ ਦਾ ਇਕ ਬੜਾ ਪਰਸਿੱਧ ਬਾਦਸ਼ਾਹ ਹੋਇਆ ਹੈ। ਸ਼ੇਰ ਸ਼ਾਹ ਦਾ ਬਾਬਾ ਇਬਰਾਹੀਮ ਖ਼ਾਨ ਪਹਿਲੋਂ ਪਹਿਲ ਇਥੇ ਆਇਆ ਸੀ। ਇਸ ਨੂੰ ਹਿਸਾਰ (ਫ਼ੀਰੋਜ਼ਾ) ਦੇ ਜਮਾਲ ਖ਼ਾਨ ਸਾਰੰਗਖਾਨੀ ਵਲੋਂ ਚਾਲੀ ਸਵਾਰਾਂ ਦੇ ਖ਼ਰਚ-ਪੱਠੇ ਲਈ ਨਾਰਨੌਲ ਦੇ ਪਰਗਣੇ ਵਿਚ ਕੁਝ ਪਿੰਡ ਮਿਲੇ ਸਨ। ਇਬਰਾਹੀਮ ਖ਼ਾਨ ਦੀ ਮੌਤ ਤੋਂ ਬਾਦ ਉਸ ਦਾ ਪੁਤਰ ਹਸਨ ਖ਼ਾਨ ਨਾਰਨੌਲ ਦਾ ਜਾਗੀਰਦਾਰ ਬਣਿਆ। ਹਸਨ ਖ਼ਾਨ ਦਾ ਪੁੱਤਰ ਸ਼ੇਰ ਖ਼ਾਨ ਬਾਦ ਵਿਚ ਹਮਾਯੂੰ ਬਾਦਸ਼ਾਹ ਨੂੰ ਹਾਰ ਦੇ ਕੇ ਸੰਨ ੧੫੪੦ ਵਿਚ ਸ਼ੇਰ ਸ਼ਾਹ ਸੂਰੀ ਦੇ ਨਾਉਂ ਨਾਲ ਦਿੱਲੀ ਦੇ ਤਖ਼ਤ ਪੁਰ ਬੈਠਾ। ਪਰ ਅਫ਼ਗਾਨ ਬਹੁਤੀ ਦੇਰ ਤਕ ਰਾਜ ਨਾ ਸੰਭਾਲ ਸਕੇ ਅਤੇ ਸੋਲ੍ਹਵੇਂ ਵਰ੍ਹੇ ਹੀ ਸੰਨ ੧੫੫੫ ਵਿਚ ਹਮਾਯੂੰ ਨੇ ਮੁੜ ਦਿੱਲੀ ਦਾ ਤਖ਼ਤ ਆ ਕਾਬੂ ਕੀਤਾ।

ਹਮਾਯੂੰ ਦੀ ਮੌਤ ਤੋਂ ਬਾਦ ਉਸ ਦਾ ਪੁੱਤਰ ਅਕਬਰ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ ਤਾਂ ਹੀਮੂ ਬਾਣੀਏ ਨੇ ਨਵੰਬਰ ੧੫੫੬ ਨੂੰ ਉਸ ਦਾ ਰਾਹ ਰੋਕਣ ਦਾ ਜਤਨ ਕੀਤਾ, ਪਰ ਪਾਣੀਪਤ ਦੀ ਲੜਾਈ ਵਿਚ ਉਸ ਨੂੰ ਹਾਰ ਹੋ ਗਈ। ਸ਼ਾਹ ਕੁਲੀ ਖ਼ਾਨ ਮਹਿਰਮ ਨੇ ਹੀਮੂ ਨੂੰ ਲੜਾਈ ਵਿਚ ਗ੍ਰਿਫ਼ਤਾਰ ਕੀਤਾ ਸੀ। ਇਸ ਸੇਵਾ ਦੇ ਬਦਲੇ ਨਾਰਨੌਲ ਉਸ ਨੂੰ ਜਾਗੀਰ ਵਿਚ ਮਿਲਿਆ ਅਤੇ ਬਾਦ ਵਿਚ ਉਹ ਪੰਜਾਬ ਦਾ ਸੂਬੇਦਾਰ ਬਣਾਇਆ ਗਿਆ। ੧੫੬੨ ਵਿਚ ਨਾਰਨੌਲ ਮਿਰਜ਼ਾ ਸ਼ਰਫ਼-ਦੀਨ ਹੁਸੈਨ ਅਤੇ ਸ਼ਾਹ ਅਬੁਲ ਮੁਆਲੀ ਵਲੋਂ ਅਕਬਰ ਬਾਦਸ਼ਾਹ ਦੇ ਵਿਰੁਧ ਖੜੀ ਕੀਤੀ ਗਈ ਬਗ਼ਾਵਤ ਦਾ ਮੁਖ ਅਸਥਾਨ ਸੀ, ਪਰ ਇਹ ਸਿਰੇ ਨਾ ਚੜ੍ਹੀ।

ਜਦ ਸੰਨ ੧੫੭੭ ਵਿਚ ਅਕਬਰ ਨਾਰਨੌਲ ਦੇ ਰਸਤੇ ਦਿਲੀਓਂ ਪੰਜਾਬ ਨੂੰ ਗਿਆ ਤਾਂ ਦਸੰਬਰ ਦੇ ਮਹੀਨੇ ਇਥੇ ਇਕ ਬੜੀ ਭਾਰੀ ਮਜਲਸ ਕੀਤੀ ਗਈ ਜਿਸ ਵਿਚ ਰਾਜਾ ਟੋਡਰ ਮੱਲ ਅਤੇ ਖ੍ਵਾਜਾ ਸ਼ਾਹ ਮਨਸੂਰ ਦੀ ਸਲਾਹ ਨਾਲ ਮਹਿਕਮਾ ਟਕਸਾਲ ਦਾ ਸੁਧਾਰ ਕੀਤਾ ਗਿਆ ਅਤੇ ਇੱਥੇ ਹੀ ਜਲਾਲੀ ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ।

ਔਰੰਗਜ਼ੇਬ ਬਾਦਸ਼ਾਹ ਦੇ ਸਮੇਂ ਸੰਨ ੧੬੭੨ ਵਿਚ ਮੁੰਡੀਏ ਸਾਧੂ ਸਤਿਨਾਮੀਆਂ ਦੀ ਬਗਾਵਤ ਨਾਰਨੌਲ ਦੇ ਇਲਾਕੇ ਵਿਚ ਹੀ ਹੋਈ ਸੀ। ਇਹ ਕਲ੍ਹਾ ਇਕ ਨਿਗੂਣੀ ਜਿਹੀ ਗੱਲ ਤੋਂ ਛਿੜੀ ਸੀ। ਨਾਰਨੌਲ ਦੇ ਲਾਗੇ ਇਕ ਦਿਨ ਇਕ ਸਤਨਾਮੀ ਕਿਸਾਨ ਅਤੇ ਮੁਸਲਮਾਨ ਪਿਆਦੇ ਦੇ ਵਿਚਕਾਰ ਝਗੜਾ ਹੋ ਗਿਆ ਅਤੇ ਪਿਆਦੇ ਨੇ ਡਾਂਗ ਨਾਲ ਸਤਨਾਮੀ ਦਾ ਸਿਰ ਪਾੜ ਦਿੱਤਾ। ਇਹ ਗੱਲ ਵਧਦੀ ਵਧਦੀ ਧਾਰਮਕ ਫ਼ਸਾਦ ਦਾ ਰੂਪ ਧਾਰ ਗਈ। ਸਰਕਾਰ ਨੇ ਸਤਨਾਮੀਆਂ ਦੇ ਵਿਰੁਧ ਫ਼ੌਜੀ ਦਸਤੇ ਭੇਜੇ ਜਿਨ੍ਹਾਂ ਨੂੰ ਸਤਨਾਮੀਆਂ ਨੇ ਮਾਰ ਭਜਾਇਆ। ਉਨ੍ਹਾਂ ਨੇ ਨਾਰਨੌਲ ਦੇ ਫ਼ੌਜਦਾਰ ਨੂੰ ਵੀ ਭਜਾ ਦਿੱਤਾ ਅਤੇ ਸ਼ਹਿਰ ਉਤੇ ਕਬਜ਼ਾ ਕਰ ਲਿਆ। ਹੁਣ ਔਰੰਗਜ਼ੇਬ ਨੂੰ ਵੀ ਗ਼ੁੱਸਾ ਚੜ੍ਹ ਗਿਆ ਅਤੇ ਉਹ ਆਪ ਦਸ ਹਜ਼ਾਰ ਫ਼ੌਜ, ਬੜੇ ਬੜੇ ਅਫ਼ਸਰ ਅਤੇ ਤੋਪਾਂ ਲੈ ਕੇ ਸਤਨਾਮੀਆਂ ਦੇ ਵਿਰੁਧ ਮਾਰੋ ਮਾਰ ਕਰਦਾ ਜਾ ਪੁੱਜਾ ਅਤੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ।

ਮੁਹੰਮਦ ਸ਼ਾਹ ਰੰਗੀਲੇ ਵੇਲੇ (੧੭੧੯–੪੮) ਜਦ ਰਾਜਾ ਅਜੀਤ ਸਿੰਘ ਜੋਧਪੁਰੀਏ ਨੇ ਮੁਗ਼ਲ ਰਾਜ ਵਿਰੁਧ ਖੁਲ੍ਹੀ ਬਗ਼ਾਵਤ ਕਰ ਦਿੱਤੀ ਤਾਂ ਉਹ ਅਜਮੇਰ ਅਤੇ ਸਾਂਭਰ ਆਦਿ ਉਤੇ ਆਪਣਾ ਤਹਿਤ ਜਮਾ ਕੇ ਦਿੱਲੀ ਫ਼ਤਿਹ ਕਰਨ ਲਈ ਨਾਰਨੌਲ ਤਕ ਆ ਪੁੱਜਾ। ਅੱਗੋਂ ਬਾਦਸ਼ਾਹ ਵਲੋਂ ਸ਼ਰਫ਼ੁਦੌਲਾ ਇਰਾਦਤਮੰਦ ਖ਼ਾਨ, ਰਾਜਾ ਜੈ ਸਿੰਘ ਸਵਾਈ, ਰਾਜਾ ਗੋਪਾਲ ਸਿੰਘ ਭਦਾਵੜੀਆ, ਮੁਹੰਮਦ ਖ਼ਾਨ ਬੰਗਸ਼ ਆਦਿ ਲਗਭਗ ਇਕ ਲਖ ਸਵਾਰਾਂ ਨਾਲ ਨਾਰਨੌਲ ਵਲ ਨੂੰ ਚੜ੍ਹ ਤੁਰੇ। ਇਤਨਾ ਵੱਡਾ ਲਾਉ-ਲਸ਼ਕਰ ਦੇਖ ਕੇ ਅਜੀਤ ਸਿੰਘ ਦਿਲ ਛੱਡ ਗਿਆ ਅਤੇ ਨਾਰਨੌਲੋਂ ਭੱਜ ਕੇ ਜੋਧਪੁਰ ਨੂੰ ਮੁੜ ਗਿਆ। ਓਥੋਂ ਆਪਣੇ ਪੁੱਤਰ ਧੌਂਕਲ ਸਿੰਘ ਨੂੰ ਯਰਗ਼ਮਾਲ ਦੇ ਤੌਰ ਤੇ ਦੇ ਕੇ ਆਪਣੀ ਖਲਾਸੀ ਕਰਵਾਈ।

ਬਾਦਸ਼ਾਹ ਅਹਿਮਦਸ਼ਾਹ (੧੭੪੮–੧੭੫੪) ਦੀ ਹਕੂਮਤ ਦੇ ਆਰੰਭ ਵਿਚ ਨਾਰਨੌਲ ਦੀ ਫ਼ੌਜਦਾਰੀ ਸਆਦਤ ਖ਼ਾਨ ਪਾਸ ਸੀ ਅਤੇ ਉਸ ਤੋਂ ਬਾਦ ਇਮਾਦੁ-ਦੌਲਾ ਪਾਸ, ਜਿਸ ਨੂੰ ਅਜਮੇਰ ਦੀ ਸੂਬੇਦਾਰੀ ਵੀ ਮਿਲ ਗਈ ਸੀ। ਮੁਗ਼ਲ ਰਾਜ ਦੇ ਟੁਕੜੇ ਹੋ ਜਾਣ ਪਰ ਇਥੇ ਜੈਪੁਰ ਦੇ ਇਕ ਠਾਕੁਰ ਨੇ ਕਬਜ਼ਾ ਕਰ ਲਿਆ ਜਿਸ ਪਾਸੋਂ ਮਰਾਠਿਆਂ ਦੇ ਫ਼ਰਾਂਸੀਸੀ ਜਰਨੈਲ ਦੁ-ਬੁਆਇਨ ਨੇ ਨਾਰਨੌਲ ਖੋਹ ਲਿਆ। ਪਿਛੋਂ ਇਹ ਮੁਰਤਜ਼ਾ ਖ਼ਾਨ ਭੜਾਇਚ ਨੂੰ ਮਿਲ ਗਿਆ। ਸੰਨ ੧੮੫੭ ਦੇ ਗ਼ਦਰ ਵਿਚ ਮੁਰਤਜ਼ਾ ਖ਼ਾਨ ਦੀ ਸੰਤਾਨ ਵਿਚੋਂ ਨਵਾਬ ਅਬਦੁਰ ਰਹਿਮਾਨ ਖਾਨ (ਨਵਾਬ ਝੱਜਰ) ਮੁਗ਼ਲ ਬਾਦਸ਼ਾਹ ਦਾ ਹਮਾਇਤੀ ਬਣ ਕੇ ਬਲਵਈਆਂ ਨਾਲ ਰਲ ਗਿਆ, ਜਿਸ ਕਰਕੇ ਅੰਗਰੇਜ਼ਾਂ ਨੇ ਉਸ ਨੂੰ ਫਾਹੇ ਲਾ ਦਿਤਾ ਅਤੇ ਨਾਰਨੌਲ ਦਾ ਇਲਾਕਾ ਮਹਾਰਾਜਾ ਨਰਿੰਦਰ ਸਿੰਘ ਪਟਿਆਲੇ ਵਾਲੇ ਨੂੰ ਦੇ ਦਿਤਾ।

ਨਾਰਨੌਲ ਇਸ ਵੇਲੇ ਵੈਰਾਨ ਜਿਹੀ ਹਾਲਤ ਵਿਚ ਹੈ ਅਤੇ ਦੂਰ ਦੂਰ ਤਕ ਖੰਡਰ ਹੀ ਖੰਡਰ ਦਿਸਦੇ ਹਨ। ਇਥੇ ਹੇਠ ਲਿਖੇ ਅਸਥਾਨ ਖਾਸ ਵਿਸ਼ੇਸ਼ਤਾ ਵਾਲੇ ਹਨ :—

੧. ਮਕਬਰਾ ਇਬਰਾਹੀਮ ਖ਼ਾਨ ਸੂਰੀ, ਸ਼ਹਿਰ ਦੇ ਵਿਚਕਾਰ
੨. ਦਰਗਾਹ (ਰੌਜ਼ਾ) ਪੀਰ ਤੁਰਕਮਾਨ, ੫੩੧ ਹਿਜਰੀ, ਸ਼ਹਿਰ ਵਿਚ
੩. ਸਰਾਇ ਮੁਕੰਦ ਦਾਸ, ੧੦੬੧ ਹਿਜਰੀ
੪. ਧੋਬੀਆਂ ਵਾਲੀ ਮਸਜਦ–ਰਸ਼ੀਦ-ਖਾਨ ਬਿਨ ਸਈਦ ਖਾਨ ਕਾਕੜ, ੧੦੨੦ ਹਿਜਰੀ
੫. ਦਰਗਾਹ ਸ਼ੇਖ ਮੀਰਾਨ
੬. ਤਖਤ ਵਾਲੀ ਬੌੜੀ,
੭. ਮਕਬਰਾ ਨਵਾਬ ਸ਼ਾਹ ਕੁਲੀ ਖਾਨ, ੯੮੨ ਹਿਜਰੀ
੮. ਤਾਲਾਬ (ਹਰ ਗੋਪਾਲ) ਪੁਰਾਣੀ ਮੰਡੀ, ਭਾਦੋਂ ਸੁਦੀ ੧੩, ਸੰਮਤ ੧੬੩੪ (ਸੰਨ ੧੫੭੭)
੯. ਜਲ ਮਹਲ (ਸ਼ਾਹ ਕੁਲੀ ਖ਼ਾਨ), ੯੯੦ ਹਿਜਰੀ

੧੦. ਪਲਤੀਆਂ ਦੀ ਮਸਜਦ, ੧੦੮੮ ਹਿਜਰੀ

੧੧. ਛੱਤਾ ਰਾਇ ਮੁਕੰਦ। ਇਹ ਸੁੰਦਰ ਮਕਾਨ ਇਸ ਵੇਲੇ ਬੇਆਬਾਦ ਅਤੇ ਢੱਠਾ ਪਿਆ ਹੈ।

ਸ਼ਹਿਰ ਦੇ ਅੰਦਰ ਥੋੜਾ ਚਿਰ ਹੋਇਆ ਜ਼ਮੀਨ ਦੇ ਹੇਠੋਂ ਇਕ ਜੈਨ ਮੰਦਰ ਦਾ ਕੁਝ ਹਿੱਸਾ ਨਿਕਲਿਆ ਹੈ। ਇਸ ਦੇ ਨਾਲ ਹੀ ਇਕ ਬੜੀ ਵਡੀ ਮਸਜਦ ਹੈ। ਪਰਤੀਤ ਹੁੰਦਾ ਹੈ ਕਿ ਮੁਸਲਮਾਨੀ ਸਮੇਂ ਜੈਨ ਮੰਦਰ ਨੂੰ ਢਾਹ ਪੂਰ ਕੇ ਇਸ ਦੇ ਉਪਰ ਮਸਜਦ ਬਣਾ ਦਿਤੀ ਗਈ ਸੀ।

ਨਾਰਨੌਲ ਤੋਂ ਪੰਜ ਮੀਲ ਲਹਿੰਦੇ ਨੂੰ ਢੋਸੀ ਪਹਾੜੀ ਹੈ। ਇਸ ਦੇ ਧੁਰ ਉੱਪਰ ਪਿਆਲੇ ਦੀ ਸ਼ਕਲ ਦਾ ਮੈਦਾਨ ਹੈ ਜਿਸ ਦੇ ਆਲੇ ਦੁਆਲੇ ਪੁਰਾਣੇ ਕਿਲੇ ਦੀ ਢੱਠੀ ਹੋਈ ਕੰਧ ਹੈ। ਕਹਿੰਦੇ ਹਨ ਕਿ ਇਹ ਕਿਲਾ ਬੀਕਾਨੇਰ ਦੇ ਇਕ ਰਾਜਾ ਨੌਨਕਰਣ ਨੇ ਬਣਵਾਇਆ ਸੀ। ਇਥੇ ਇਕ ਮੰਦਰ ਹੈ ਜੋ ਚਵਨ ਰਿਸ਼ੀ ਦੀ ਯਾਦ ਵਿਚ ਬਣਿਆ ਹੋਇਆ ਹੈ। ਮੰਦਰ ਦੇ ਅੰਦਰ ਸ੍ਰੀ ਕ੍ਰਿਸ਼ਨ ਦੀ ਮੂਰਤੀ ਹੈ ਅਤੇ ਖੱਬੇ ਪਾਸੇ ਸ਼ਿਵਜੀ ਮਹਾਦੇਵ ਦੀ। ਚੌਂਕੀ ਉਤੇ ਚਵਨ ਰਿਖੀ ਦੀ ਮੂਰਤੀ ਅਸਥਾਪਨ ਹੈ। ਇਥੇ ਕੁਝ ਸਾਧੂਆਂ ਦੇ ਤਪ-ਅਸਥਾਨ ਅਤੇ ਗੁਫ਼ਾਂ ਹਨ। ਪਹਾੜੀ ਦੇ ਦੱਖਣ ਵਾਲੇ ਪਾਸੇ ਢਲਾਨ ਉਤੇ ਕੁਲਤਾਜਪੁਰ ਪਿੰਡ ਦੇ ਸਾਹਮਣੇ ਇਕ ਮੰਦਰ ਹੈ ਅਤੇ ਜੈਨੀਆਂ ਦੀਆਂ ਕੁਝ ਸਮਾਧਾਂ ਹਨ।

## ਨੈਣਾਂ ਦੇਵੀ

### ਤਹਿਸੀਲ ਊਨਾ, ਜ਼ਿਲਾ ਹੁਸ਼ਿਆਰਪੁਰ

ਆਨੰਦਪੁਰ ਸਾਹਿਬ ਤੋਂ ਸੱਤ ਕੋਹ ਉਤਰ ਚੜ੍ਹਦੇ ਵਲ ਪਹਾੜ ਦੀ ਟੀਸੀ ਉਤੇ ਨੈਣਾਂ ਦੇਵੀ ਨਾਮੀ ਪਿੰਡ ਹੈ ਜਿਸ ਵਿਚ ਦੁਰਗਾ ਦਾ ਅਸਥਾਨ ਹੈ। ਇਕ ਪੁਰਾਣਕ ਕਥਾ ਹੈ ਕਿ ਮਹਾਦੇਵ ਸ਼ਿਵਜੀ ਦੀ ਇਸਤਰੀ ਨੇ ਜਦ ਆਪਣੇ ਪਿਤਾ ਦਕਸ਼ (ਦੱਛ ਰਿਖੀ) ਦੇ ਜੱਗ ਵਿਚ ਆਪਣੇ ਪਤੀ ਦਾ ਨਿਰਾਦਰ ਦੇਖਿਆ ਤਾਂ ਉਸ ਨੇ ਜੱਗ ਕੁੰਡ ਵਿਚ ਡਿਗ ਕੇ ਪਰਾਣ ਦੇ ਦਿਤੇ। ਮਹਾਦੇਵ ਨੇ ਕ੍ਰੋਧ ਵਿਚ ਆ ਕੇ ਦਕਸ਼ ਦਾ ਜੱਗ ਨਸ਼ਟ-ਭ੍ਰਸ਼ਟ ਕਰ ਦਿਤਾ ਅਤੇ ਆਪਣੀ ਸਤੀ ਇਸਤਰੀ ਦੀ ਲੋਥ ਨੂੰ ਕੰਨ੍ਹੇ ਧਰੀ ਦਿਨੇ ਰਾਤ ਬਿਨਾਂ ਆਰਾਮ ਦੇ ਫਿਰਨ ਲੱਗਾ। ਲੋਥ ਦੀ ਇਹ ਹਾਲਤ ਦੇਖ ਕੇ ਵਿਸ਼ਨੂੰ ਨੇ ਸੁਦਰਸ਼ਨ ਚੱਕਰ ਨਾਲ ਲੋਥ ਦੇ ਅੰਗ ਟੁਕੜੇ ਟੁਕੜੇ ਕਰ ਦਿਤੇ। ਜਿੱਥੇ ਜਿੱਥੇ ਸਤੀ ਦਾ ਕੋਈ ਅੰਗ ਡਿਗਿਆ, ਉਹ ਅਸਥਾਨ ਪਵਿਤਰ ਮੰਨਿਆ ਗਿਆ। ਇਸ ਪਰਬਤ ਉਤੇ ਉਸ ਦੇ ਨੈਣ (ਅੱਖਾਂ) ਡਿੱਗੇ ਸਨ। ਇਸੇ ਲਈ ਇਸ ਦਾ ਨਾਉਂ ਨੈਣਾ ਦੇਵੀ ਹੈ।

ਕਹਿੰਦੇ ਹਨ ਕਿ ਜਦ ਬ੍ਰਾਹਮਣਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਕਤੀ ਪਰਾਪਤ ਕਰਨ ਵਾਸਤੇ ਦੇਵੀ ਪਰਗਟ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਇਸ ਪਾਜ ਨੂੰ ਉਘਾੜਨ ਲਈ ਨੈਣਾਂ ਦੇਵੀ ਦੀ ਟੀਸੀ ਉਤੇ ਹਵਨ ਕਰਵਾਉਣਾ ਸ਼ੁਰੂ ਕਰ ਦਿਤਾ, ਪਰ ਜਦ ਚੋਖਾ ਚਿਰ ਕੋਈ ਦੇਵੀ ਪਰਗਟ ਨਾ ਹੋਈ ਤਾਂ ਗੁਰੂ ਸਾਹਿਬ ਨੇ ਹਵਨ ਦੀ ਸਾਰੀ ਜਮ੍ਹਾਂ ਕੀਤੀ ਹੋਈ ਸਮੱਗਰੀ ਇਕੋ ਵਾਰ ਅਗਨ-ਭੇਟ ਕਰ ਦਿਤੀ। ਇਸ ਨਾਲ ਨੈਣਾਂ ਦੇਵੀ ਦੀ ਟੀਸੀ ਚੋਂ ਅੱਗ ਦੀਆਂ ਉੱਚੀਆਂ ਉੱਚੀਆਂ ਲਾਟਾਂ ਦੂਰੋਂ ਦੂਰੋਂ ਦੇਖ ਕੇ ਅਣਜਾਣ ਲੋਕਾਂ ਨੇ ਇਹੋ ਸਮਝਿਆ ਕਿ ਦੇਵੀ ਪਰਚੰਡ ਹੋ ਗਈ ਹੈ। ਜਦ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਇਸ ਸੰਬੰਧੀ ਪ੍ਰਸ਼ਨ ਕੀਤਾ ਤਾਂ ਆਪ ਨੇ ਆਪਣੇ ਗਾਤਰੇ ਚੋਂ ਕਿਰਪਾਨ ਕੱਢ ਕੇ ਆਖਿਆ : 'ਹੁਣ ਸਾਡੀ ਵਰ-ਦਾਤੀ ਦੇਵੀ ਤਾਂ ਇਹੋ ਹੈ!'

## ਪਹੋਆ

### ਤਹਿਸੀਲ ਕੈਥਲ, ਜ਼ਿਲਾ ਕਰਨਾਲ

ਥਾਨੇਸਰ ਤੋਂ ੧੬ ਮੀਲ ਅਤੇ ਕੁਰਖੇਤਰ ਰੇਲਵੇ ਸ਼ਟੇਸ਼ਨ ਤੋਂ ੧੮ ਮੀਲ ਲਹਿੰਦੇ ਨੂੰ ਸਰਸਵਤੀ ਨਦੀ

ਦੇ ਕੰਢੇ ਪਹੋਆ ਇਕ ਪਰਸਿਧ ਹਿੰਦੂ ਤੀਰਥ ਹੈ । ਇਸ ਦਾ ਪਰਾਚੀਨ ਨਾਉਂ ਪ੍ਰਿਥੂਦਕ (ਪ੍ਰਿਥੂ+ਉਦਕ) ਸੀ ਜਿਸ ਦੇ ਅਰਥ ਹਨ ਪ੍ਰਿਥੂ ਦਾ ਜਲ (ਸਰੋਵਰ) । ਪ੍ਰਿਥੂ ਮਨੂ ਸੁਯੰਭਵ ਦੇ ਖ਼ਾਨਦਾਨ ਵਿਚੋਂ ਅੰਗ ਦੇ ਪੁਤਰ ਰਾਜਾ ਵੇਣ ਦਾ ਪੁਤਰ ਸੀ । ਪਹੋਏ ਵਿਚੋਂ ਮਿਲੇ ਨੌਵੀਂ ਸਦੀ ਦੇ ਅੰਤ ਦੇ ਲੇਖਾਂ ਤੋਂ ਪਤਾ ਲਗਦਾ ਹੈ ਕਿ ਪਹੋਆ ਉਸ ਵੇਲੇ ਕਨੌਜ ਦੇ ਰਾਜਾ ਭੋਜ ਅਤੇ ਉਸ ਦੇ ਪੁਤਰ ਮਹੇਂਦਰਪਾਲ ਦੇ ਰਾਜ ਵਿਚ ਹੁੰਦਾ ਸੀ । ਇਕ ਹੋਰ ਲਿਖਤ ਤੋਂ ਪਤਾ ਲਗਦਾ ਹੈ ਕਿ ਤੁਮਾਰਾਂ ਦੇ ਇਕ ਘਰਾਣੇ ਨੇ ਇਥੇ ਵਿਸ਼ਨੂੰ ਦਾ ਇਕ ਤਿਹਰਾ ਮੰਦਰ ਬਣਵਾਇਆ ਸੀ । ਇਸ ਵੇਲੇ ਇਨ੍ਹਾਂ ਪਰਾਚੀਨ ਮੰਦਰਾਂ ਦੇ ਕੋਈ ਨਿਸ਼ਾਨ ਨਹੀਂ ਹਨ । ਮੁਸਲਮਾਨੀ ਰਾਜ ਵੇਲੇ ਇਹ ਢਾਹ ਦਿਤੇ ਗਏ ਹੋਣੇ ਹਨ । ਅਜ ਕਲ ਦੇ ਮੌਜੂਦਾ ਪਹੋਏ ਦੇ ਮੰਦਰ ਪਿਛਲੇ ਡੇਢ ਕੁ ਸੌ ਸਾਲ ਦੇ ਉਸਰੇ ਹੋਏ ਜਾਪਦੇ ਹਨ ।

ਸਰਹੰਦ ਦੀ ਫ਼ਤਿਹ ਤੋਂ ਬਾਦ ਜਦ ਇਸ ਇਲਾਕੇ ਵਿਚ ਸਿੰਘਾਂ ਦਾ ਰਾਜ ਹੋ ਗਿਆ ਤਾਂ ਪਹੋਆ ਭਾਈ ਸਾਹਿਬ ਕੈਂਥਲ ਦੇ ਕਬਜ਼ੇ ਵਿਚ ਆਇਆ । ਇਨ੍ਹਾਂ ਨੇ ਇਸ ਪੁਰਾਣੇ ਤੀਰਥ ਦੀ ਰੌਣਕ ਨੂੰ ਵਧਾਉਣ ਦਾ ਚੋਖਾ ਯਤਨ ਕੀਤਾ ਅਤੇ ਆਪਣਾ ਇਕ ਮਹਲ ਇਥੇ ਬਣਵਾਇਆ ਜੋ ਪਿਛੋਂ ਰੈਸਟ ਹਾਊਸ ਬਣ ਗਿਆ । ੧੫ ਮਾਰਚ ਸੰਨ ੧੮੪੩ ਨੂੰ ਜਦ ਕੈਂਥਲ ਪਤੀ ਭਾਈ ਉਦੇ ਸਿੰਘ ਬਿਨਾਂ ਨਰੀਨਾ ਸੰਤਾਨ ਦੇ ਗੁਜ਼ਰ ਗਏ ਤਾਂ ਅੰਗਰੇਜ਼ਾਂ ਨੇ ਧੱਕੋਜ਼ੋਰੀ ਉਨ੍ਹਾਂ ਦੀ ਰਾਣੀ ਦੇ ਹੱਕ ਦੀ ਪਰਵਾਹ ਨਾ ਕਰਦੇ ਹੋਏ ਕੈਂਥਲ-ਰਾਜ ਉਤੇ ਕਬਜ਼ਾ ਕਰ ਲਿਆ । ਇਸ ਤਰਾਂ ਅਪਰੈਲ ਸੰਨ ੧੮੪੩ ਵਿਚ ਪਹੋਆ ਅੰਗਰੇਜ਼ੀ ਰਾਜ ਵਿਚ ਮਿਲ ਗਿਆ ।

ਪਹੋਏ ਦੀ ਪੁਰਾਤਨ ਧਾਰਮਕ ਮਹੱਤਤਾ ਉਸੇ ਤਰ੍ਹਾਂ ਕਾਇਮ ਹੈ ਅਤੇ ਮੇਲਿਆਂ ਦੇ ਮੌਕੇ ਉਤੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਲੋਕ ਇਥੇ ਇਸ਼ਨਾਨ ਕਰਨ ਲਈ ਇਕੱਤਰ ਹੋ ਜਾਂਦੇ ਹਨ । ਦੱਖਣੀ ਮਰਾਠਿਆਂ ਨੇ ਆਪਣੀ ਪ੍ਰਭੁਤਾ ਵੇਲੇ ਸਰਸੁਤੀ ਦੇਵੀ ਅਤੇ ਯੁਧ-ਦੇਵਤਾ ਸ੍ਰੀ ਕਾਰਤਿਕ ਸਵਾਮੀ ਦੇ ਪ੍ਰਿਥੂਦਕੇਸ਼ਵਰ ਜਾਂ ਪ੍ਰਿਥੂਵੇਸ਼ਵਰ ਮੰਦਰ ਪਹੋਏ ਦੇ ਲਾਗੇ ਹੀ ਬਣਵਾਏ ਸਨ ਜਿਥੇ ਕਿ ਯਾਤਰੀ ਲੋਕ ਦਰਸ਼ਨ ਲਈ ਆਉਂਦੇ ਹਨ ।

ਇਥੇ ਗੁਰੂ ਨਾਨਕ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਦੋ ਗੁਰਦੁਆਰੇ ਹਨ, ਇਕ ਨਗਰ ਤੋਂ ਉਤਰ ਚੜ੍ਹਦੇ ਵਲ ਜੰਮੂ ਵਾਲੇ ਸ਼ਿਵਾਲੇ ਪਾਸ, ਅਤੇ ਦੂਸਰਾ ਨਗਰ ਵਿਚ ਸਰਸੁਤੀ ਦੇ ਕੰਢੇ ਹੈ ।

## ਪਟਿਆਲਾ

ਦਿੱਲੀ ਤੋਂ ੧੫੭ ਮੀਲ ਅਤੇ ਅੰਬਾਲੇ ਤੋਂ ੩੨ ਮੀਲ

ਇਹ ਸ਼ਹਿਰ ਪੁਰਾਣੀ ਰਿਆਸਤ ਪਟਿਆਲਾ ਅਤੇ ਪਿਛੋਂ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ ਦੀ ਰਾਜਧਾਨੀ ਹੁੰਦੀ ਸੀ ਅਤੇ ਹੁਣ ਕਮਿਸ਼ਨਰੀ ਅਤੇ ਜ਼ਿਲੇ ਦਾ ਮੁਖ ਅਸਥਾਨ ਹੈ ।

ਅਠਾਰ੍ਹਵੀਂ ਸਦੀ ਦੇ ਅੱਧ ਵਿਚ ਜਿੱਥੇ ਅਜ ਕਲ ਸ਼ਹਿਰ ਦੇ ਵਿਚਕਾਰ ਕਿਲਾ ਮੁਬਾਰਕ ਹੈ, ਇਕ ਠੇਰੀ ਹੁੰਦੀ ਸੀ ਜਿਸ ਨੂੰ ਪਟਣ ਵਾਲਾ ਥੇਹ ਸਦਦੇ ਸਨ । ਸੁਣੌਤ ਇਹ ਹੈ ਕਿ ਇੱਥੇ ਕੋਈ ਪਟਣ ਦੀ ਰਾਣੀ ਰਿਹਾ ਕਰਦੀ ਸੀ । ਹੁਣ ਤਕ ਪਰਾਪਤ ਹੋਇਆ ਲਿਖਤੀ ਇਤਿਹਾਸ ਕੋਈ ਸੂਹ ਨਹੀਂ ਦਿੰਦਾ ਕਿ ਇਹ ਰਾਣੀ ਕੌਣ ਸੀ ਅਤੇ ਕਿਸ ਸਮੇਂ ਹੋਈ ਹੈ । ਸ਼ਬਦ 'ਰਾਣੀ' ਤੋਂ ਇਹ ਪਰਤੀਤ ਹੁੰਦਾ ਹੈ ਕਿ ਉਹ ਹਿੰਦੂ ਸੀ । ਹੋ ਸਕਦਾ ਹੈ ਕਿ ਭੱਟੀ ਰਾਜਪੂਤਾਂ ਵਿੱਚੋਂ ਕੋਈ ਹੋਵੇ ਜਿਸ ਦਾ ਪਿੰਡ ਤੇ ਕਿਲਾ ਮੁਸਲਮਾਨਾਂ ਹੱਲਿਆਂ ਵੇਲੇ ਢਹਿ ਢੇਰੀ ਹੋ ਕੇ ਥੇਹ ਬਣ ਗਿਆ ਹੋਵੇ । ਪਟਿਆਲੇ ਅਤੇ ਇਸ ਦੇ ਆਲੇ ਦੁਆਲੇ ਵਸਦੇ ਜੱਟਾਂ ਦਾ ਕੋਈ ਘਰਾਣਾ ਐਸਾ ਨਹੀਂ ਜਿਸ ਵਿਚ ਕੋਈ ਰਾਣੀ ਹੋਈ ਹੋਵੇ ।

ਸੰਨ ੧੭੪੦ ਈ; ਦੇ ਇਰਦ ਗਿਰਦ ਪਟਣ ਦਾ ਥੇਹ ਪਟਿਆਲਿਓਂ ਸਾਢੇ ਕੁ ਤਿੰਨ ਮੀਲ ਦੀ ਵਿੱਥ ਤੇ ਸਨੌਰ ਦੇ ਜ਼ਿਮੀਂਦਾਰ ਮੁਹੰਮਦ ਸਾਲਿਹ ਖੋਖਰ ਦੀ ਤੱਲਕੇਦਾਰੀ ਵਿਚ ਸੀ । ਇਸ ਵੇਲੇ ਫੂਲਕਿਆਂ ਦੇ ਘਰਾਣੇ ਦੇ ਮਿਸਲ ਦਾਰ ਬਾਬਾ ਆਲਾ ਸਿੰਘ ਦਾ ਹਰ ਪਾਸੇ ਜ਼ੋਰ ਵਧ ਰਿਹਾ ਸੀ ਅਤੇ ਉਸ ਨੇ ਆਪਣਾ ਛੋਟਾ ਜਿਹਾ ਰਾਜ ਬਣਾ ਲਿਆ ਸੀ ਜਿਸ ਦਾ ਮੁਖ ਅਸਥਾਨ ਬਰਨਾਲਾ ਸੀ । ਹੌਲੀ ਹੌਲੀ ਇਸ ਦੀਆਂ ਮੱਲਾਂ ਮਾਰਾਂ ਹਿਸਾਰ ਤਕ ਜਾ ਪੁੱਜੀਆਂ ।

ਸੰਨ ੧੭੪੮ ਈ. ਵਿਚ ਵਿਚ ਜਦ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਦੁੱਰਾਨੀ ਨੇ ਹਿੰਦੁਸਤਾਨ ਤ ਹੱਲਾ ਕੀਤਾ ਤਾਂ ਬਾਬਾ ਆਲਾ ਸਿੰਘ ਨੇ ਹਿੰਦੁਸਤਾਨ ਦੀ ਕੇਂਦਰੀ ਮੁਗ਼ਲ ਹਕੂਮਤ ਦਾ ਸਾਥ ਦਿੱਤਾ ਸੀ ਜਿਸ ਨਾਲ ਆਮ ਲੋਕਾਂ ਵਿਚ ਉਸ ਦੀ ਪ੍ਰਭਤਾ ਵਧ ਗਈ। ਸੰਨ ੧੭੫੬ ਵਿਚ ਜਦ ਸਨੌਰ ਦੇ ਮੁਹੰਮਦ ਸਾਲਿਹ ਖੋਖਰ ਨੇ ਸਾਰੇ ਆਲੇ ਦੁਆਲੇ ਬਾਬਾ ਆਲਾ ਸਿੰਘ ਦਾ ਰਾਜ ਪਸਰਦਾ ਵੇਖਿਆ ਤਾਂ ਉਸ ਨੇ ਈਨ ਮੰਨ ਲਈ ਅਤੇ ਆਪਣੇ ੮੪ ਪਿੰਡ ਅਤੇ ਪਟਣ ਵਾਲਾ ਥੇਹ ਉਸ ਦੇ ਹਵਾਲੇ ਕਰ ਦਿੱਤੇ।

ਬਾਬਾ ਆਲਾ ਸਿੰਘ ਨੇ ਸਰਦਾਰ ਗੁਰਬਖ਼ਸ਼ ਸਿੰਘ ਕਾਲੇਕਾ ਨੂੰ ਇਲਾਕੇ ਦਾ ਪਰਬੰਧ ਕਰਨ ਲਈ ਨਿਯਤ ਕੀਤਾ। ਸੰਨ ੧੭੫੭ ਵਿਚ ਸਰਦਾਰ ਸੁਖਦਾਸ ਸਿੰਘ ਤੇ ਗੁਰਬਖ਼ਸ਼ ਸਿੰਘ ਦੀ ਸਲਾਹ ਅਨੁਸਾਰ ਪਟਿਆਲੇ ਦੇ ਪੁਰਾਤਨ ਥੇਹ ਉੱਤੇ ਇਕ ਕੱਚੀ ਗੜ੍ਹੀ ਅਤੇ ਰਿਹਾਇਸ਼ੀ ਮਕਾਨ ਬਣਾਏ ਗਏ ਅਤੇ ਪਿੱਛੋਂ ਜਦ ਵੱਡਾ ਕਿਲਾ ਮੁਬਾਰਕ ਬਣਨਾ ਆਰੰਭ ਹੋ ਗਿਆ ਤਾਂ ਗੜ੍ਹੀ ਵਾਲਾ ਥਾਂ ਇੱਥੇ ਆ ਵਸੇ ਸੋਢੀਆਂ ਨੂੰ ਦੇ ਦਿੱਤਾ ਜੋ ਹੁਣ ਤਕ 'ਸੋਢੀਆਂ ਦਾ ਘੇਰ' ਕਰ ਕੇ ਪਰਸਿੱਧ ਹੈ।

ਪਾਣੀਪਤ ਦੀ ਤੀਸਰੀ ਲੜਾਈ (ਸੰਨ ੧੭੬੧) ਵਿਚ ਬਾਬਾ ਆਲਾ ਸਿੰਘ ਨੇ ਬਿਦੇਸੀ ਹਮਲਾਵਰ ਅਹਿਮਦ ਸ਼ਾਹ ਦੁੱਰਾਨੀ ਦੇ ਵਿਰੁਧ ਮਰਾਠਿਆਂ ਦੀ ਖਾਧ-ਖ਼ੁਰਾਕ ਤੇ ਦਾਣੇ ਪੱਠੇ ਨਾਲ ਸਹਾਇਤਾ ਕੀਤੀ ਸੀ। ਉਸ ਦੇ ਬਦਲੇ ਘਲੂਘਾਰੇ (ਪੰਜ ਫ਼ਰਵਰੀ ੧੭੬੨) ਦੇ ਸਮੇਂ ਖ਼ੁਦ ਉਸ ਨੂੰ ਦੁੱਰਾਨੀ ਦੀ ਕੈਦ ਭੁਗਤਣੀ ਪਈ। ਜਨਵਰੀ ਸੰਨ ੧੭੬੪ ਵਿਚ ਜਦ ਸਿੰਘਾਂ ਨੇ ਸਰਹੰਦ ਫ਼ਤਹਿ ਕਰ ਕੇ ਬਾਬਾ ਆਲਾ ਸਿੰਘ ਨੂੰ ਬੇਚ ਦਿੱਤੀ ਤਾਂ ਉਸ ਦੀ ਪ੍ਰਭਤਾ ਹੋਰ ਵੀ ਵਧ ਗਈ।

ਸਰਹੰਦ ਦੀ ਫ਼ਤਿਹ ਤੋਂ ਮਹੀਨੇ ਦੇ ਅੰਦਰ ਹੀ ਬਾਬਾ ਆਲਾ ਸਿੰਘ ਨੇ ਪਟਿਆਲੇ ਦੇ ਕਿਲਾ ਮੁਬਾਰਕ ਦੀ ਨੀਂਹ ਰੱਖੀ ਅਤੇ ਸਰਹੰਦ ਤੋਂ ਉਜੜ ਕੇ ਪਟਿਆਲੇ ਆਏ ਲੋਕਾਂ ਨੂੰ ਵਸਣ ਲਈ ਜ਼ਮੀਨਾਂ ਦਿੱਤੀਆਂ ਜਿਸ ਨਾਲ ਇੱਥੇ ਦੀ ਰੌਣਕ ਚੋਖੀ ਵਧ ਗਈ। ਕਿਲੇ ਤੋਂ ਚੜ੍ਹਦੀ ਵਲ ਸਾਹਮਣੇ ਮੱਥੇ ਉਦੋਂ ਦਾ ਆਬਾਦ ਹੋਇਆ ਹੋਇਆ ਵੱਡਾ ਬਾਜ਼ਾਰ ਹੁਣ ਤਕ ਸਰਹੰਦੀ ਬਾਜ਼ਾਰ ਦੇ ਨਾਉਂ ਨਾਲ ਮਸ਼ਹੂਰ ਹੈ। ਕਿਲਾ ਮੁਬਾਰਕ ਬਾਬਾ ਆਲਾ ਸਿੰਘ ਦੇ ਪੋਤਰੇ ਮਹਾਰਾਜਾ ਅਮਰ ਸਿੰਘ ਦੇ ਵੇਲੇ ਮੁਕੰਮਲ ਹੋਇਆ ਜੋ ਉਨ੍ਹਾਂ ਦੇ ਦੇਹਾਂਤ ਤੋਂ ਬਾਦ ਸੰਨ ੧੭੬੫ ਵਿਚ ਪਟਿਆਲੇ ਦੀ ਗੱਦੀ ਪਰ ਬੈਠੇ।

ਸੰਨ ੧੭੬੪ ਵਿਚ ਦੁੱਰਾਨੀ ਨੇ ਹਿੰਦੁਸਤਾਨ ਉੱਤੇ ਸੱਤਵੀਂ ਵਾਰੀ ਹੱਲਾ ਕੀਤਾ। ਪਰ ਸਿੰਘ ਇਸ ਵੇਲੇ ਤਕੜੇ ਹੋ ਗਏ ਹੋਏ ਸਨ। ਦੁੱਰਾਨੀ ਦੀ ਕੋਈ ਪੇਸ਼ ਨਾ ਗਈ। ਸਿੰਘਾਂ ਨੂੰ ਰਾਜ਼ੀ ਕਰਨ ਲਈ ਉਸ ਨੇ ਸਤਲੁਜੋਂ ਦੱਖਣ ਨੂੰ ਰਾਜਗੀ ਦੇ ਨਿਸ਼ਾਨ ਧੌਂਸਾ ਤੇ ਝੰਡਾ (ਤਬਲ-ਓ-ਅਲਮ) ਬਾਬਾ ਆਲਾ ਸਿੰਘ ਨੂੰ ਦੇ ਦਿੱਤੇ ਅਤੇ ਅਗਲੀ ਵੇਰੀ ਰਾਜਾ-ਇ-ਰਾਜਗਾਨ ਦਾ ਖ਼ਿਤਾਬ ਅਤੇ ਆਪਣਾ ਸਿੱਕਾ ਚਲਾਉਣ ਦੀ ਆਗਿਆ ਮਹਾਰਾਜਾ ਅਮਰ ਸਿੰਘ ਨੂੰ ਦੇ ਗਿਆ। ਇਸ ਤੋਂ ਬਾਦ ਉਹ ਇਧਰ ਹੱਲਾ ਨਹੀਂ ਕਰ ਸਕਿਆ। ਇਸ ਤਰਾਂ ਹੁਣ ਪਟਿਆਲੇ ਦਾ ਰਾਜ ਮੁਗ਼ਲਾਂ ਅਤੇ ਦੁੱਰਾਨੀਆਂ ਦੋਹਾਂ ਤੋਂ ਸੁਤੰਤਰ ਹੋ ਕੇ ਵਧਣ ਫੁੱਲਣ ਲਗ ਪਿਆ। ਸੰਨ ੧੭੯੪ ਵਿਚ ਮਰਾਠਿਆਂ ਨੇ ਪਟਿਆਲੇ ਉੱਤੇ ਕਬਜ਼ਾ ਕਰਨ ਦੀ ਨੀਅਤ ਨਾਲ ਚੜ੍ਹਾਈ ਕਰ ਦਿੱਤੀ, ਪਰ ਮਹਾਰਾਜਾ ਸਾਹਿਬ ਸਿੰਘ ਦੀ ਭੈਣ ਬੀਬੀ ਸਾਹਿਬ ਕੌਰ ਨੇ ਰਾਜਗੜ੍ਹ ਦੇ ਪਿੰਡ ਕੋਲ ਇਨ੍ਹਾਂ ਨੂੰ ਐਸੀ ਭਾਂਜ ਦਿੱਤੀ ਕਿ ਮੁੜ ਕਿਸੇ ਨੇ ਪਟਿਆਲੇ ਵਲ ਮੂੰਹ ਨਾ ਕੀਤਾ।


ਉਨ੍ਹੀਵੀਂ ਸਦੀ ਦੇ ਆਰੰਭ ਵਿਚ ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੰਜਾਬ ਵਿਚ ਪਸਰਨ ਲੱਗਾ ਅਤੇ ਉਨ੍ਹਾਂ ਸਤਲੁਜ ਦੇ ਦੱਖਣ ਦੇ ਸਿੱਖ ਰਾਜਿਆਂ ਨੂੰ ਆਪਣੇ ਨਾਲ ਗੰਢਣ ਦਾ ਵਿਚਾਰ ਕੀਤਾ ਤਾਂ ਇਨ੍ਹਾਂ ਨੇ ਅਗਰੇਜ਼ਾਂ ਦੀ ਸ਼ਰਨ ਲੈ ਲਈ। ੧੮੫੭ ਦੇ ਗ਼ਦਰ ਵਿਚ ਹੋਰ ਪੰਜਾਬੀਆਂ ਦੀ ਤਰਾਂ ਪਟਿਆਲੇ ਵਾਲਿਆਂ ਨੇ ਮੁਗ਼ਲ ਬਾਦਸ਼ਾਹ ਨੂੰ ਦਿੱਲੀ ਦੇ ਤਖ਼ਤ ਉੱਤੇ ਬਿਠਾਉਣ ਲਈ, ਪੂਰਬੀਆਂ ਦਾ ਪੱਖ ਲੈਣਾ ਉਚਿਤ ਨਾ ਸਮਝਿਆ ਅਤੇ ਦਿੱਲੀ ਤੋਂ ਲੁਧਿਆਣੇ ਤਕ ਅਮਨ ਕਾਇਮ ਰੱਖਣ ਵਿਚ ਸਹਾਇਤਾ ਕੀਤੀ। ਮਹਾਰਾਜਾ ਮਹਿੰਦਰ ਸਿੰਘ ਬੜੇ ਵਿਦਿਆ-ਪ੍ਰੇਮੀ

ਸਨ ਜਿਨ੍ਹਾਂ ਦੇ ਸਮੇਂ ਵਿਚ ਪਟਿਆਲੇ ਵਿਚ ਮਹਿੰਦਰ ਕਾਲਜ ਦੀ ਨੀਂਹ ਰੱਖੀ ਗਈ ਜਿੱਥੇ ਕਿ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਸੀ। ਮਹਾਰਾਜਾ ਭੂਪਿੰਦਰ ਸਿੰਘ ਦੇ ਵੇਲੇ ਪਟਿਆਲਾ ਹਿੰਦੁਸਤਾਨ ਵਿਚ ਇਕ ਉੱਘਾ ਸ਼ਹਿਰ ਬਣ ਗਿਆ ਅਤੇ ਖੇਲਾਂ ਵਿਚ ਇਸ ਦੀ ਪਰਸਿੱਧੀ ਸਾਰੇ ਸੰਸਾਰ ਵਿਚ ਖਿੱਲਰ ਗਈ। ਮਹਾਰਾਜੇ ਦੀ ਸੂਝ-ਬੂਝ, ਮਾਨਸਕ ਉਦਾਰਤਾ, ਮਨੁੱਖਾਂ ਦੀ ਪਛਾਣ ਤੇ ਕਦਰ ਅਤੇ ਸਾਹਿੱਤ-ਸੇਵਾ ਆਪਣੀ ਮਿਸਾਲ ਆਪ ਹੀ ਸਨ। ਰਾਜਸੀ ਮੈਦਾਨ ਵਿਚ ਆਪ ਇਕ ਸਿਰ-ਕੱਢ ਵਿਅਕਤੀ ਸਨ ਅਤੇ ਚੋਖਾ ਚਿਰ ਹਿੰਦੁਸਤਾਨ ਦੇ ਨਰਿੰਦਰ ਮੰਡਲ (Chamber of Princes) ਦੇ ਪਰਧਾਨ ਰਹੇ। ਮਹਾਰਾਜ ਯਾਦਵਿੰਦਰ ਸਿੰਘ ਨੇ ਪਟਿਆਲੇ ਨੂੰ ਬਾਗ਼ਾਂ ਅਤੇ ਮਹਲਾਂ ਦਾ ਸ਼ਹਿਰ ਬਣਾਉਣ ਦਾ ਜਤਨ ਕੀਤਾ। ਔਲਿੰਪਿਕ ਸਟੇਡੀਅਮ, ਆਰਮੀ ਹੈਡਕੁਆਰਟਰਜ਼, ਸੋਲਜਰਜ਼ ਕਲੱਬ, ਬੈਂਕ ਆਫ਼ ਪਟਿਆਲਾ, ਜਿਮਖਾਨਾ ਕਲੱਬ, ਫੂਲ ਥੀਏਟਰ ਆਦਿ ਵਿਸ਼ਾਲ ਇਮਾਰਤਾਂ ਇਨ੍ਹਾਂ ਦੇ ਸਮੇਂ ਦੀ ਯਾਦ ਹਨ।


ਹਿੰਦੁਸਤਾਨ ਦੀ ਸੁਤੰਤਰਤਾ ਵੇਲੇ ਮਹਾਰਾਜਾ ਯਾਦਵਿੰਦਰ ਸਿੰਘ ਨੇ ਦੇਸ ਨੂੰ ਹੋਰ ਟੁਕੜਿਆਂ ਵਿਚ ਵੰਡ ਹੋਣ ਤੋਂ ਬਚਾਉਣ ਲਈ ਜੋ ਸੇਵਾ ਕੀਤੀ ਉਹ ਇਤਿਹਾਸ ਵਿਚ ਸਦਾ ਯਾਦ ਰਹੇਗੀ। ਇਹ ਪਟਿਆਲੇ ਦੀਆਂ ਫ਼ੌਜਾਂ ਹੀ ਸਨ ਜਿਨ੍ਹਾਂ ਨੇ ਵੇਲੇ ਸਿਰ ਸਿਰੀਨਗਰ ਪੁਜ ਕੇ ਵਧੇ ਆ ਰਹੇ ਪਾਕਿਸਤਾਨੀਆਂ ਦਾ ਮੂੰਹ ਭੁਆਂ ਕੇ ਉਨ੍ਹਾਂ ਨੂੰ ਪਿੱਛੇ ਧੱਕਿਆ ਅਤੇ ਕਸ਼ਮੀਰ ਨੂੰ ਉਨ੍ਹਾਂ ਦੇ ਹੱਥ ਆ ਜਾਣੋਂ ਬਚਾਇਆ ਸੀ। ੧੯੪੮ ਵਿਚ ਪਟਿਆਲਾ ਰਿਆਸਤ ਦੇ ਸੱਤ ਹੋਰ ਰਿਆਸਤਾਂ ਨਾਲ ਰਲ ਜਾਣ ਪਰ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ ਦਾ ਮੁਖ ਅਸਥਾਨ ਬਣ ਗਿਆ ਅਤੇ ਇਸ ਨੇ ਸਾਰੀ ਪਾਸੀਂ ਬੜੀ ਤੇਜ਼ੀ ਨਾਲ ਉੱਨਤੀ ਕਰਨੀ ਆਰੰਭ ਦਿੱਤੀ। ਮੈਡੀਕਲ ਕਾਲਜ, ਸਟੇਟ ਕਾਲਜ ਆਫ਼ ਐਜੂਕੇਸ਼ਨ, ਰਾਜਿੰਦਰਾ ਹਸਪਤਾਲ, ਇੰਜਨੀਅਰਿੰਗ ਕਾਲਜ, ਆਯੁਰਵੈਦਕ ਕਾਲਜ, ਸੈਂਟ੍ਰਲ ਪਬਲਿਕ ਲਾਇਬ੍ਰੇਰੀ, ਆਦਿ ਸੰਸਥਾਵਾਂ ਯੂਨੀਅਨ ਦੀਆਂ ਸਦੀਵੀ ਯਾਦਗਾਰਾਂ ਹਨ। ਜਦ ਪਟਿਆਲਾ ਯੂਨੀਅਨ (ਜੋ ਆਮ ਲੋਕਾਂ ਵਿਚ ਪੈਪਸੂ ਕਰ ਕੇ ਪਰਸਿੱਧ ਹੋ ਗਈ ਸੀ) ਅਤੇ ਪੰਜਾਬ ਮਿਲ ਕੇ ਇਕ ਹੋ ਗਏ ਤਾਂ ਪਟਿਆਲਾ ਸ਼ਹਿਰ ਕੇਵਲ ਕਮਿਸ਼ਨਰੀ ਅਤੇ ਜ਼ਿਲੇ ਦਾ ਮੁਖ ਅਸਥਾਨ ਹੀ ਰਹਿ ਗਿਆ ਅਤੇ ਰਾਜਧਾਨੀ ਦੀ ਪ੍ਰਭਤਾ ਚੰਡੀਗੜ੍ਹ ਚਲੀ ਗਈ।

ਉਪਰੋਕਤ ਅਸਥਾਨਾਂ ਤੋਂ ਇਲਾਵਾ ਇੱਥੇ ਮੋਤੀ ਬਾਗ਼ ਮਹੱਲ, ਗੁਰਦੁਆਰਾ ਮੋਤੀ ਬਾਗ਼, ਬਾਰਾਂਦਰੀ ਬਾਗ਼ ਤੇ ਮਹਲ, ਦੀਵਾਨ ਖ਼ਾਨਾ (ਕਿਲਾ ਮੁਬਾਰਕ ਅਤੇ ਦਰਬਾਰ ਹਾਲ) ਵੇਖਣ ਲਾਇਕ ਅਸਥਾਨ ਹੈ। ਕਿਲਾ ਮੁਬਾਰਕ ਵਿਚ ਬਾਬਾ ਆਲਾ ਸਿੰਘ ਦੇ ਬੁਰਜ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਸ਼ਸਤਰ ਅਤੇ ਕੁਝ ਹੋਰ ਇਤਿਹਾਸਕ ਯਾਦਗਾਰੀ ਵਸਤਾਂ ਹਨ। ਸ਼ਹਿਰ ਦੇ ਉੱਤਰ-ਚੜ੍ਹਦੇ ਵਲ ਨੌਵੇਂ ਗੁਰੂ ਤੇਗ਼ ਬਹਾਦਰ ਦੀ ਯਾਦ ਵਿਚ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਬਣਿਆ ਹੋਇਆ ਹੈ ਜਿਸ ਦੇ ਦੱਖਣ ਨੂੰ ਇਕ ਸੁੰਦਰ ਸਰੋਵਰ ਹੈ। ਇਹ ਗੁਰਦੁਆਰਾ ਦੱਖਣੀ ਪੰਜਾਬ ਦੇ ਉੱਘੇ ਧਾਰਮਕ ਅਸਥਾਨਾਂ ਵਿਚੋਂ ਹੈ।

ਪਟਿਆਲੇ ਤੋਂ ਪੰਜ ਮੀਲ ਚੜ੍ਹਦੇ-ਉੱਤਰ ਨੂੰ ਕਿਲਾ ਬਹਾਦਰ ਗੜ੍ਹ ਹੈ ਜੋ ਬਾਦਸ਼ਾਹ ਔਰੰਗਜ਼ੇਬ ਦੇ ਦੁਧ-ਭਰਾ ਨਵਾਬ ਸੈਫ਼-ਖ਼ਾਨ ਨੇ ਬਣਵਾਇਆ ਸੀ। ਇਸ ਦੇ ਅੰਦਰ ਹੀ ਉਸ ਦਾ ਵਸਾਇਆ ਹੋਇਆ ਪਿੰਡ ਸੈਫ਼ਾਬਾਦ ਹੁੰਦਾ ਸੀ। ਕਿਲੇ ਦੇ ਅੰਦਰਲੇ ਦਰਵਾਜ਼ੇ ਉੱਤੇ ਫ਼ਾਰਸੀ ਲਿਖਤ (ਆਬਾਦ ਨਮੂਦ ਸੈਫ਼ਖ਼ਾਨ ਸੈਫ਼ਾਬਾਦ) ਅਨੁਸਾਰ ਇਸ ਦੀ ਤਾਰੀਖ਼ ਸੰਨ ੧੦੬੭ ਹਿਜਰੀ ਅਰਥਾਤ ਸੰਨ ੧੬੫੮ ਈ. ਬਣਦੀ ਹੈ। ਕਿਲੇ ਦੇ ਅੰਦਰ ੧੦੭੭ ਹਿਜਰੀ, ੧੬੬੮ ਈ. ਦੀ ਉਸਰੀ ਹੋਈ ਮਸੀਤ ਹੁਣ ਤਕ ਮੌਜੂਦ ਹੈ। ਨਵਾਬ ਸੈਫ਼ਖ਼ਾਨ ਗੁਰੂ ਤੇਗ਼ ਬਹਾਦਰ ਜੀ ਦਾ ਪ੍ਰੇਮੀ ਸੀ ਅਤੇ ਉਸ ਦੇ ਸੱਦੇ ਪਰ ਕਿਲੇ ਵਿਚ ਜਿਸ ਅਸਥਾਨ ਤੇ ਗੁਰੂ ਜੀ ਠਹਿਰੇ ਸਨ, ਉੱਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਸੈਫ਼ਖ਼ਾਨ ਦੀ ਸੰਤਾਨ ਪਾਸੋਂ ਇਹ ਕਿਲਾ ਮਹਾਰਾਜਾ ਅਮਰ ਸਿੰਘ ਨੇ ਲੈ ਲਿਆ ਸੀ ਅਤੇ ਇਸ ਦੇ ਬਦਲੇ ਛੋਟੇ ਰਸੂਲਪੁਰ ਦੀ ਜਾਗੀਰ ਤੇ ਪੈਨਸ਼ਨ ਉਨ੍ਹਾਂ ਨੂੰ ਦੇ ਦਿੱਤੀ ਗਈ ਸੀ। ਸੰਨ ੧੮੩੭ ਈ. ਮਹਾਰਾਜਾ ਕਰਮ ਸਿੰਘ ਨੇ ਇਸ ਕਿਲੇ ਨੂੰ ਮੁੜ ਪੱਕਾ ਬਣਵਾਇਆ ਜੋ ਦਸ ਲਖ ਰੁਪਏ ਦੇ ਖ਼ਰਚ ਨਾਲ ਅੱਠਾਂ ਵਰ੍ਹਿਆਂ ਵਿਚ ਮੁਕੰਮਲ ਹੋਇਆ ਅਤੇ ਇਸ ਦਾ ਨਾਉਂ ਗੁਰੂ ਤੇਗ ਬਹਾਦਰ ਦੀ ਯਾਦ ਵਿਚ ਬਹਾਦਰਗੜ੍ਹ ਰਖਿਆ। ਕਿਲੇ ਦੇ ਅੰਦਰ



ਮੰਦਰ ਜਵਾਲਾਮੁਖੀ



ਮੰਦਰ ਡਾਡਾ ਸਿਬਾ (ਕਾਂਗੜਾ) – ਏਸ ਮੰਦਰ ਵਿਚ ਅਤੀ ਸੁੰਦਰ ਕੰਧ-ਚਿਤਰ ਹਨ

ਦੀਆਂ ਕੁਝ ਇਮਾਰਤਾਂ ਬੜੀਆਂ ਸੁੰਦਰ ਹਨ ।

ਕਿਲੇ ਦੇ ਸਾਹਮਣੇ ਰਾਜਪੁਰੇ ਨੂੰ ਜਾਂਦੀ ਸੜਕ ਪਾਰ ਉੱਤਰ ਵਲ ਨੂੰ ਬਾਗ ਵਿਚ ਵੀ ਗੁਰੂ ਤੇਗ ਬਹਾਦਰ ਦੀ ਯਾਦ ਵਿਚ ਇਕ ਗੁਰਦੁਆਰਾ ਹੈ। ਇੱਥੇ ਗੁਰੂ ਸਾਹਿਬ ਪਹਿਲੋਂ ਠਹਿਰੇ ਸਨ ਤੇ ਫੇਰ ਸੈਫ਼ਖਾਨ ਦੇ ਕਿਲੇ ਵਿਚ ਗਏ ਸਨ ।

## ਪਾਇਲ

ਪਾਇਲ ਦਾ ਕਸਬਾ ਦੋਰਾਹੇ ਤੋਂ ਛੇ ਮੀਲ ਦੱਖਣ ਨੂੰ ਅਤੇ ਚਾਵਾ ਰੇਲਵੇ ਸਟੇਸ਼ਨ ਤੋਂ ਪੰਜ ਮੀਲ ਦੱਖਣ-ਲਹਿੰਦੇ ਨੂੰ ਹੈ। ਇਹ ਇਕ ਪੁਰਾਣੇ ਥੇਹ ਉੱਤੇ ਵਸਿਆ ਹੋਇਆ ਹੈ ਜਿਸ ਦੀ ਬਾਬਤ ਕੁਝ ਪਤਾ ਨਹੀਂ ਲਗਦਾ। ਕਹਿੰਦੇ ਹਨ ਕਿ ਹਸਨ ਸ਼ਾਹ ਨਾਮੀ ਇਕ ਮੁਸਲਮਾਨ ਫ਼ਕੀਰ ਇੱਥੇ ਆ ਕੇ ਟਿਕਿਆ ਅਤੇ ਉਸ ਦੇ ਕਹਿਣ ਉਤੇ ਚਿਨਿਓਟ (ਲਹਿੰਦਾ ਪੰਜਾਬ-ਪਾਕਿਸਤਾਨ) ਦੇ ਕੁਝ ਹਿੰਦੂ ਸਿਉਨੀ ਖੱਤਰੀ ਵੀ ਇੱਥੇ ਆ ਵਸੇ। ਜਿਸ ਵੇਲੇ ਉਹ ਕੁਝ ਨੀਂਹਾਂ ਪੁਟ ਰਹੇ ਸਨ ਤਾਂ ਉਨ੍ਹਾਂ ਨੂੰ ਜ਼ਨਾਨੇ ਪੈਰਾਂ ਦਾ ਗਹਿਣਾ ਪਾਜ਼ੇਬ (ਪੰਜੇਬ, ਜਿਸ ਨੂੰ ਪਾਇਲ ਵੀ ਆਖਦੇ ਹਨ) ਮਿਲਿਆ। ਇਹ ਪਾਇਲ ਉਹ ਆਪਣੇ ਮੁਰਸ਼ਦ ਹਸਨ ਸ਼ਾਹ ਪਾਸ ਲੈ ਗਏ ਜਿਸ ਨੂੰ ਦੇਖ ਕੇ ਫ਼ਕੀਰ ਨੇ ਕਿਹਾ ਕਿ ਇਸ ਬਸਤੀ ਦਾ ਨਾਉਂ ਪਾਇਲ ਧਰ ਦਿਓ। ਹਸਨ ਸ਼ਾਹ ਦਾ ਇਸੇ ਥਾਂ ਦੇਹਾਂਤ ਹੋਇਆ ਅਤੇ ਉਸ ਦੇ ਮਜ਼ਾਰ ਉੱਤੇ ਇੱਥੇ ਮੁਸਲਮਾਨ ਹਰ ਸਾਲ ਮੇਲਾ ਕਰਿਆ ਕਰਦੇ ਸਨ ।

ਪਾਇਲ ਦੀ ਆਬਾਦੀ ਹੌਲੀ ਹੌਲੀ ਵਧਦੀ ਗਈ ਅਤੇ ਮੁਗ਼ਲ ਬਾਦਸ਼ਾਹਾਂ ਦੇ ਵੇਲੇ ਇਹ ਸਰਹੰਦ ਦੀ ਸਰਕਾਰ ਦਾ ਇਕ ਪਰਗਣਾ ਬਣ ਗਿਆ। ਸੰਨ ੧੫੭੩ ਵਿਚ ਜਦ ਅਕਬਰ ਬਾਦਸ਼ਾਹ ਦਾ ਇਕ ਰਿਸ਼ਤੇਦਾਰ ਪੰਜਾਬ ਨੂੰ ਭੱਜ ਆਇਆ ਤਾਂ ਉਸ ਨੇ ਰਾਹ ਵਿਚ ਸਰਹੰਦ ਲੁਟ ਲਿਆ ਅਤੇ ਇਰਦ ਗਿਰਦ ਦਾ ਇਲਾਕਾ ਉਜਾੜ ਦਿੱਤਾ ਅਤੇ ਪਾਇਲ ਆ ਕੇ ਉਸ ਦੇ ਸਾਥੀਆਂ ਨੇ ਇੱਥੇ ਦੇ ਮੁਸਲਮਾਨਾਂ ਉੱਤੇ ਬਹੁਤ ਅਤਿਆਚਾਰ ਕੀਤਾ। ਸੰਨ ੧੫੮੧ ਵਿਚ ਜਦ ਅਕਬਰ ਮੁਹਿਮ ਲੈ ਕੇ ਪੰਜਾਬ ਵਲ ਨੂੰ ਆਇਆ ਤਾਂ ਉਸ ਨੂੰ ਪਾਇਲ ਦੇ ਅਸਥਾਨ ਤੇ ਇਹ ਸ਼ੁਭ ਖ਼ਬਰ ਪੁੱਜੀ ਕਿ ਕਾਬਲ ਦਾ ਹਾਕਮ ਉਸ ਦਾ ਬਾਗੀ ਸੁਤੀਲਾ ਭਰਾ ਮੁਹੰਮਦ ਹਕੀਮ, ਜਿਸ ਨੇ ਪੰਜਾਬ ਉੱਤੇ ਹੱਲਾ ਕਰ ਦਿੱਤਾ ਸੀ ਅਤੇ ਲਾਹੌਰ ਉੱਤੇ ਚੜ੍ਹ ਆਇਆ ਸੀ, ਪੰਜਾਬ ਛੱਡ ਗਿਆ ਹੈ। ਅਕਬਰ ਬਾਦਸ਼ਾਹ ਕਾਬਲ ਪੁੱਜਾ, ਪਰ ਆਪਣੀ ਭੈਣ ਦੇ ਕਹਿਣ ਉੱਤੇ ਕਾਬਲ ਮੁੜ ਮੁਹੰਮਦ ਹਕੀਮ ਨੂੰ ਹੀ ਦੇ ਦਿੱਤਾ।

ਪਿਛਲੇਰੇ ਮੁਗ਼ਲ ਬਾਦਸ਼ਾਹਾਂ ਵੇਲੇ ਪਾਇਲ ਮਲੇਰਕੋਟਲੇ ਦੀ ਰਿਆਸਤ ਵਿਚ ਸ਼ਾਮਲ ਹੋ ਗਿਆ ਅਤੇ ਸੰਨ ੧੭੬੬ ਵਿਚ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਨੇ ਇਸ ਨੂੰ ਆਪਣੀ ਰਿਆਸਤ ਵਿਚ ਮਿਲਾ ਲਿਆ। ੧੯੫੬ ਵਿਚ ਜਦ ਪਟਿਆਲਾ ਯੂਨੀਅਨ ਅਤੇ ਪੰਜਾਬ ਇਕ ਹੋ ਗਏ ਤਾਂ ਇਹ ਪੰਜਾਬ ਵਿਚ ਆ ਗਿਆ।

## ਪਾਣੀਪਤ

### ਦਿੱਲੀ ਤੋਂ ੫੫ ਮੀਲ ਉੱਤਰ ਨੂੰ

ਪਾਣੀਪਤ ਉਨ੍ਹਾਂ ਪੰਜ ਪਰਾਚੀਨ ਸ਼ਹਿਰਾਂ ਵਿਚੋਂ ਹੈ ਜਿਨ੍ਹਾਂ ਦੀ ਮੰਗ ਪਾਂਡਵਾਂ ਨੇ ਕੌਰਵਾਂ ਪਾਸੋਂ ਕੀਤੀ ਸੀ। ਜੇ ਨਵੀਂ ਇਤਿਹਾਸਕ ਖੋਜ ਅਨੁਸਾਰ ਮਹਾਂਭਾਰਤ ਦੀ ਤਾਰੀਖ ਹਜ਼ਰਤ ਈਸਾ ਤੋਂ ੧੪੦੦ ਸਾਲ ਪਹਿਲਾਂ ਮੰਨ ਲਈਏ ਤਾਂ ਪਾਣੀਪਤ ੩੩੫੦ ਵਰ੍ਹੇ ਤੋਂ ਵਧ ਪੁਰਾਣਾ ਸਿਧ ਹੁੰਦਾ ਹੈ। ਸਰ ਸੱਯਦ ਅਹਿਮਦ ਖ਼ਾਨ 'ਅਸਾਰੁ-ਸਨਾਦੀਦ' ਵਿਚ ਲਿਖਦੇ ਹਨ ਕਿ ਇਹ ਸ਼ਹਿਰ ਰਾਜਾ ਦੁਰਬਲ ਰਾਏ ਦੇ ਪੁੱਤਰ ਰਾਜਾ ਡੰਡਪਾਣੀ ਨੇ ਵਸਾਇਆ ਸੀ। ਹੋ ਸਕਦਾ ਹੈ ਕਿ ਮਹਾਂਭਾਰਤ ਦੇ ਸਮੇਂ ਦਾ ਪਾਣੀਪਤ ਉੱਜੜ ਕੇ ਛੋਟਾ ਜਿਹਾ ਪਿੰਡ ਰਹਿ ਗਿਆ ਹੋਵੇ ਅਤੇ ਰਾਜਾ ਡੰਡਪਾਣੀ ਨੇ ਇਸ ਨੂੰ ਮੁੜ ਕੇ ਪੂਰੀ ਰੌਣਕ ਨਾਲ ਵਸਾਇਆ ਹੋਵੇ। ਸ਼ਹਿਰ ਦੇ ਵਿਚਕਾਰ ਜੋ ਬੜਾ ਵੱਡਾ ਥੇਹ ਹੈ, ਇਸ

ਬਾਬਤ ਕਹਿੰਦੇ ਹਨ ਕਿ ਇੱਥੇ ਅਰਜਨ ਨਾਮੀ ਇਕ ਰਾਜੇ ਦਾ ਕਿਲਾ ਹੁੰਦਾ ਸੀ ਜਿਸ ਦਾ ਪੱਕਾ ਕੋਟ ਅਤੇ ਪੰਦਰਾਂ ਦਰਵਾਜ਼ੇ ਹੁੰਦੇ ਸਨ। ਇਸ ਵੇਲੇ ਉੱਥੇ ਕੁਝ ਵੀ ਨਹੀਂ। ਸਮਾਂ ਪਾ ਕੇ ਸਭ ਕੁਝ ਢਹਿ ਢੇਰੀ ਹੋ ਚੁੱਕਾ ਹੋਇਆ ਹੈ। ਇਸ ਥੇਹ ਤੋਂ ਕਈ ਵਾਰੀ ਪੁਰਾਣੇ ਸਿੱਕੇ ਅਤੇ ਪਰਾਚੀਨ ਵਸਤਾਂ ਮਿਲਦੀਆਂ ਹਨ ਜੋ ਯੂਨਾਨੀਆਂ ਅਤੇ ਸਿਥੀਅਨ ਲੋਕਾਂ ਦੇ ਪਾਣੀਪਤ ਨਾਲ ਵਪਾਰਕ ਅਤੇ ਹੋਰ ਮੇਲ-ਜੋਲ ਦਾ ਪਤਾ ਦਿੰਦੀਆਂ ਹਨ।

ਜਦ ਮੁਹੰਮਦ ਬਿਨ ਕਾਸਿਮ ਨੇ ਸੰਨ ੭੧੧ ਈ. ਵਿਚ ਸਿੰਧ ਉੱਤੇ ਹੱਲਾ ਕੀਤਾ ਤਾਂ ਉਸ ਦੇ ਨਾਲ ਆਏ ਕੁਝ ਸੱਯਦ ਚੜ੍ਹਦੇ ਵਲ ਨੂੰ ਤੁਰੇ ਆਏ ਅਤੇ ਪਾਣੀਪਤ ਆ ਵਸੇ। ਇਨ੍ਹਾਂ ਵਿਚੋਂ ਇਕ ਸੱਯਦ ਇਸਮਾਈਲ ਨੂੰ ਇੱਥੇ ਦੇ ਰਾਜੇ ਨੇ ਮਰਵਾ ਦਿੱਤਾ। ਇਸ ਦੇ ਦੋ ਸਾਥੀਆਂ ਸੱਯਦ ਅਬੁਲ ਕਾਸਿਮ ਇਸਮਾਈਲ ਅਤੇ ਅਸਹਾਕ ਨੇ ਬਦਲਾ ਲੈਣ ਲਈ ਕੁਝ ਬੰਦੇ ਇਕੱਠੇ ਕਰ ਕੇ ਰਾਜੇ ਉੱਤੇ ਧਾਵਾ ਬੋਲ ਦਿੱਤਾ। ਲੜਾਈ ਵਿਚ ਸੱਯਦ ਵੀ ਮਾਰੇ ਗਏ ਅਤੇ ਰਾਜਾ ਵੀ। ਜਿੱਥੇ ਸੱਯਦ ਅਬੁਲ ਕਾਸਿਮ ਇਸਮਾਈਲ ਡਿਗ ਕੇ ਮਰਿਆ ਸੀ ਉੱਥੇ ਇਕ ਟੱਬਰ ਆਬਾਦ ਹੋ ਗਿਆ। ਉੱਥੇ ਇਸ ਵੇਲੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਸ਼ੁਹਦਾਪੁਰ ਪਿੰਡ ਆਬਾਦ ਹੈ ਜੋ ਪਾਣੀਪਤੋਂ ਤਿੰਨ ਕੁ ਮੀਲ ਲਹਿੰਦੇ ਵਲ ਹੈ। ਇਹ ਇੱਥੇ ਮੁਸਲਮਾਨਾਂ ਦੀ ਪਹਿਲੀ ਬਸਤੀ ਸੀ। ੧੦੧੧ ਈ. ਦੇ ਮਹਿਮੂਦ ਦੇ ਹੱਲੇ ਦੀ ਯਾਦ ਵਿਚ ਇੱਥੇ ਦੀ ਜਾਮਿਆ ਮਸਜਦ ਬਣੀ ਹੋਈ ਹੈ। ਬਾਦ ਦੇ ਜ਼ਮਾਨੇ ਵਿਚ ਇੱਥੇ ਬੇਅੰਤ ਸੂਫ਼ੀ ਅਤੇ ਦਰਵੇਸ਼ ਆਬਾਦ ਹੁੰਦੇ ਗਏ ਜਿਨ੍ਹਾਂ ਕਰਕੇ ਪਾਣੀਪਤ ਇਸਲਾਮੀ ਵਿਦਿਆ ਦਾ ਇਕ ਵੱਡਾ ਕੇਂਦਰ ਬਣ ਗਿਆ, ਪਰ ਪਾਣੀਪਤ ਦੀ ਸਭ ਤੋਂ ਵਧ ਪਰਸਿੱਧੀ ਸ਼ਾਹ ਸ਼ਰਫ਼ ਬੂ-ਅਲੀ ਕਲੰਦਰ ਕਰਕੇ ਹੋਈ ਜੋ ੧੨੦੮ ਈ. ਨੂੰ ਇੱਥੇ ਪੈਦਾ ਹੋਏ ਅਤੇ ੧੩੨੪ ਵਿਚ ਸੁਰਗਵਾਸ ਹੋਏ। ਇਹ ਬਜ਼ੁਰਗ ਰੱਬ ਦੇ ਬੜੇ ਪਿਆਰੇ ਅਤੇ ਕਰਾਮਾਤੀ ਮਸ਼ਹੂਰ ਸਨ ਅਤੇ ਇਨ੍ਹਾਂ ਦਾ ਮਜ਼ਾਰ ਹੁਣ ਤਕ ਮੁਸਲਮਾਨਾਂ ਲਈ ਇਕ ਪੂਜਨੀਕ ਜ਼ਿਆਰਤਗਾਹ ਹੈ।

ਪਾਣੀਪਤ ਲੜਾਈਆਂ ਦਾ ਇਕ ਅੱਡਾ ਬਣਿਆ ਰਿਹਾ ਹੈ, ਪਰ ਤਿੰਨ ਲੜਾਈਆਂ ਇਤਿਹਾਸ ਵਿਚ ਖ਼ਾਸ ਕਰਕੇ ਪਰਸਿੱਧ ਹਨ। ਪਹਿਲੀ ਲੜਾਈ ਬਾਬਰ ਅਤੇ ਇਬਰਾਹੀਮ ਲੋਧੀ ਦੇ ਵਿਚਕਾਰ ਸੰਨ ੧੫੨੬ ਨੂੰ ਹੋਈ ਜਿਸ ਵਿਚ ਬਾਬਰ ਬਾਦਸ਼ਾਹ ਦੀ ਜਿੱਤ ਨਾਲ ਹਿੰਦੁਸਤਾਨ ਵਿਚ ਮੁਗ਼ਲ ਰਾਜ ਦੀ ਜੜ੍ਹ ਲੱਗੀ।

ਦੂਜੀ ਲੜਾਈ ਸੂਰੀ ਬਾਦਸ਼ਾਹ ਮੁਹੰਮਦ ਸ਼ਾਹ ਅਦਲੀ ਦੇ ਵਜ਼ੀਰ ਹੀਮੂ ਬਾਣੀਏ ਅਤੇ ਅਕਬਰ ਬਾਦਸ਼ਾਹ ਦੇ ਦਰਮਿਆਨ ਨਵੰਬਰ ੧੫੫੬ ਵਿਚ ਹੋਈ। ਜਿੱਤ ਅਕਬਰ ਦੀ ਹੋਈ। ਤੀਸਰੀ ਲੜਾਈ ਵਿਚ ੧੪ ਜਨਵਰੀ ਸੰਨ ੧੭੬੧ ਨੂੰ ਅਹਿਮਦਸ਼ਾਹ ਦੁਰਾਨੀ ਨੇ ਮਰਾਠਿਆਂ ਨੂੰ ਲੱਕ-ਤੋੜਵੀਂ ਹਾਰ ਦੇ ਕੇ ਪੰਜਾਬ ਵਲ ਵਧਣ ਦੀਆਂ ਉਨ੍ਹਾਂ ਦੀਆਂ ਆਸਾਂ ਸਦਾ ਲਈ ਖ਼ਤਮ ਕਰ ਦਿਤੀਆਂ। ਸੰਨ ੧੭੬੫ ਵਿਚ ਜਦ ਸਿੰਘਾਂ ਨੇ ਪੰਜਾਬ ਫ਼ਤਿਹ ਕਰ ਲਿਆ ਤਾਂ ਪਾਣੀਪਤ ਕੁਝ ਚਿਰ ਉਨ੍ਹਾਂ ਦੇ ਕਬਜ਼ੇ ਵਿਚ ਰਿਹਾ ਅਤੇ ਫੇਰ ਅੰਗਰੇਜ਼ੀ ਰਾਜ ਵਿਚ ਰਲ ਗਿਆ।

ਮੁਗ਼ਲ ਰਾਜ ਵੇਲੇ ਪਾਣੀਪਤ ਨੇ ਕਈ ਧਾਰਮਕ ਵਿਦਵਾਨਾਂ ਅਤੇ ਰਾਜਸੀ ਆਗੂਆਂ ਨੂੰ ਜਨਮ ਦਿਤਾ ਜਿਨ੍ਹਾਂ ਵਿਚੋਂ ਇਕ ਸ਼ਮੱਸੁਦੌਲਾ ਲੁਤਫ਼ੱਲਾ ਖ਼ਾਨ ਬਿਹਾਰ ਦੇ ਬੜੇ ਨਾਮਵਰ ਹਾਕਮ ਹੋਏ ਹਨ। ਇਨ੍ਹਾਂ ਨੇ ਪਾਣੀਪਤ ਨੂੰ ਖ਼ੂਬਸੂਰਤ ਅਤੇ ਰੌਣਕਦਾਰ ਬਣਾਉਣ ਦੇ ਬੜੇ ਸੁਚੱਜੇ ਜਤਨ ਕੀਤੇ ਸਨ। ਇਸ ਵੇਲੇ ਇਹ ਵਪਾਰ ਦਾ ਇਕ ਚੰਗਾ ਕੇਂਦਰ ਹੈ।

## ਪੰਜੌਰ

ਅੰਬਾਲੇ ਤੋਂ ਉਤਰ-ਚੜ੍ਹਦੀ ਵਲ ੪੦ ਮੀਲ ਦੀ ਵਿੱਥ ਤੇ ਸ਼ਿਮਲੇ ਨੂੰ ਜਾ ਰਹੀ ਸੜਕ ਉਤੇ

ਪੰਜੌਰ ਦਾ ਬਾਗ਼ ਹਿੰਦੁਸਤਾਨ ਦੇ ਕੁਝ ਕੁ ਚੁਣਵੇਂ ਬਾਗਾਂ ਵਿਚੋਂ ਹੈ ਅਤੇ ਪੰਜਾਬ ਵਿਚ ਇਸ ਵੇਲੇ ਹੋਰ ਕੋਈ ਵੀ ਬਾਗ਼ ਸਾਰੇ ਪੱਖਾਂ ਤੋਂ ਇਸ ਦਾ ਟਾਕਰਾ ਨਹੀਂ ਕਰ ਸਕਦਾ। ਪੰਜੌਰ ਦਾ ਪਿੰਡ ਵੀ ਉਤਰੀ ਭਾਰਤ ਦੇ ਪਰਾਚੀਨ ਅਸਥਾਨਾਂ ਵਿਚੋਂ ਹੈ। ਪੁਰਾਣੇ ਹਿੰਦੂ ਮੰਦਰਾਂ ਅਤੇ ਸਰੋਵਰਾਂ ਦੇ ਨਿਸ਼ਾਨ ਅਤੇ ਥਾਂ ਥਾਂ ਤੋਂ ਜ਼ਮੀਨ ਹੇਠੋਂ ਨਿਕਲਦੀਆਂ

ਪੁਰਾਣੀਆਂ ਮੂਰਤੀਆਂ ਅਤੇ ਘੜੇ ਹੋਏ ਪੱਥਰ ਇਸ ਗੱਲ ਦੀ ਗਵਾਹੀ ਹਨ ਕਿ ਪਰਾਚੀਨ ਸਮਿਆਂ ਵਿਚ ਇਹ ਇਕ ਉੱਘਾ ਧਾਰਮਕ ਅਸਥਾਨ ਹੋ ਗੁਜ਼ਰਿਆ ਹੈ। ਇਸ ਦਾ ਪਹਿਲਾ ਨਾਉਂ ਪੰਚਪੁਰਾ ਜਾਂ ਪੰਜਪੁਰਾ ਹੁੰਦਾ ਸੀ ਅਤੇ ਇਸ ਦਾ ਸੰਬੰਧ ਪੰਜ ਪਾਂਡਵਾਂ ਨਾਲ ਜੋੜਿਆ ਜਾਂਦਾ ਹੈ। ਪਰਤੀਤ ਹੁੰਦਾ ਹੈ ਕਿ ਪਰਾਚੀਨ ਸਮਿਆਂ ਵਿਚ ਆਰਯਾਂ ਦੀ ਇਥੇ ਕੋਈ ਬਸਤੀ ਹੁੰਦੀ ਸੀ ਜੋ ਹੌਲੀ ਹੌਲੀ ਉਜੜ ਗਈ ਜਾਂ ਜ਼ਮੀਨ ਹੇਠਾਂ ਦਬ ਗਈ।

ਪੰਜੌਰ ਦਾ ਸਭ ਤੋਂ ਪਹਿਲਾ ਜ਼ਿਕਰ ਅਬੂ-ਰੀਹਾਨ ਅਲ-ਬਿਰੂਨੀ ਦੀ ਪੁਸਤਕ ਕਿਤਾਬ ਅਲ-ਹਿੰਦ ਅਤੇ ਮਿਨਹਾਜੁ ਸਿਰਾਜ ਦੀ ਤਬਕਾਤਿ ਨਾਸਿਰੀ ਵਿਚ ਆਉਂਦਾ ਹੈ। ਤੇਰ੍ਹਵੀਂ ਸਦੀ ਦੇ ਅੱਧ ਵਿਚ ਪੰਜੌਰ ਸਿਰਮੌਰ ਦੇ ਰਾਜਾ ਦੇ ਤਹਿਤ ਵਿਚ ਸੀ। ਇਸ ਦੀ ਸੁੰਦਰਤਾ ਨੇ ਸੁਲਤਾਨ ਸ਼ਮੱਸੁਦੀਨ ਇਲਤੁਤਮਸ਼ (੧੨੪੬—੧੨੬੬) ਨੂੰ ਐਸਾ ਮੋਹ ਲਿਆ ਕਿ ਉਸ ਨੇ ਪੰਜੌਰ ਸਿਰਮੌਰ ਪਾਸੋਂ ਖੋਹ ਲਿਆ ਅਤੇ ਇਸ ਦੇ ਮੰਦਰ ਅਤੇ ਸਰੋਵਰ ਢਾਹ ਕੇ ਬਰਬਾਦ ਕਰ ਦਿਤੇ। ਤਬਕਾਤਿ ਨਾਸਿਰੀ ਅਨੁਸਾਰ ਸੁਲਤਾਨ ਨਾਸਿਰੁਦੀਨ ਨੇ ਪੰਜੌਰ ਦੇ ਲਾਗੇ ੧੨੫੪ ਵਿਚ ਇਕ ਬੜੀ ਭਾਰੀ ਜਿਤ ਪਰਾਪਤ ਕੀਤੀ ਅਤੇ ਲੁਟ ਦਾ ਬੇਸ਼ੁਮਾਰ ਮਾਲ ਉਸ ਦੇ ਹੱਥ ਆਇਆ। ਜਨਵਰੀ ਸੰਨ ੧੩੯੯ ਵਿਚ ਜਦ ਤੈਮੂਰ ਦਿੱਲੀ ਤੋਂ ਵਾਪਸ ਮੁੜਿਆ ਜਾ ਰਿਹਾ ਸੀ ਅਤੇ ਲੁਟ ਦੀ ਭਾਲ ਵਿਚ ਇਥੋਂ ਦੀ ਲੰਘਿਆ ਤਾਂ ਕਾਲਕਾ ਦੀਆਂ ਪਹਾੜੀਆਂ ਪਾਸ ਉਸ ਨੇ ਰਾਜਾ ਰਤਨ ਸੈਨ (ਸ਼ਰਫ਼-ਦੀਨ ਯਜ਼ਦੀ ਦੇ ਜ਼ਫ਼ਰਨਾਮੇ ਅਨੁਸਾਰ ਰਾਏ ਰਤਨ) ਨੂੰ ਹਾਰ ਦੇ ਕੇ ਪੰਜੌਰ ਨੂੰ ਲੁਟ ਲਿਆ।

ਔਰੰਗਜ਼ੇਬ ਦੇ ਚੌਥੇ ਸਾਲ ਸੰਨ ੧੬੬੧ ਵਿਚ ਉਸ ਦੇ ਦੁਧ-ਭਰਾ ਫ਼ਿਦਾਈ ਖ਼ਾਨ ਨੇ ਪੰਜੌਰ ਨਾਹਨ ਦੇ ਰਾਜੇ ਕੋਲੋਂ ਖੋਹ ਲਿਆ ਅਤੇ ਆਪ ਇਥੇ ਰਹਿਣ ਲਗ ਪਿਆ। ਇਹ ਸ਼ਿਲਪਕਾਰੀ ਅਤੇ ਉਸਾਰੀ ਦੇ ਕੰਮ ਵਿਚ ਬੜਾ ਮਾਹਰ ਸੀ। ਇਸ ਨੇ ਲਾਹੌਰ ਦੇ ਸ਼ਾਲਾਮਾਰ ਬਾਗ਼ ਦੇ ਨਮੂਨੇ ਉਤੇ ਇਥੇ ਬਾਗ਼ ਬਣਵਾਇਆ ਅਤੇ ਇਮਾਰਤਾਂ ਉਸਾਰੀਆਂ ਜੋ ਤਿੰਨ ਸੌ ਸਾਲ ਗੁਜ਼ਰ ਜਾਣ ਪਰ ਵੀ ਆਪਣੀ ਛਬ ਪੂਰੀ ਤਰਾਂ ਦੇ ਰਹੀਆਂ ਹਨ। ਇਹ ਬਾਗ਼ ਗੁਲਾਬ ਦੇ ਫੁੱਲਾਂ ਲਈ ਖ਼ਾਸ ਤੌਰ ਤੇ ਪਰਸਿੱਧ ਸੀ। ਖੁਲਾਸਾ-ਤੁ-ਤਵਾਰੀਖ (ਸੰਨ ੧੬੯੬ ਈ.) ਦਾ ਲਿਖਾਰੀ ਮੁਨਸ਼ੀ ਸੁਜਾਨ ਰਾਇ ਭੰਡਾਰੀ ਬਟਾਲੀਆ ਦਸਦਾ ਹੈ ਕਿ ਜਦ ਉਹ ਫੁੱਲਾਂ ਦੀ ਰੁੱਤ ਵਿਚ ਉਥੇ ਗਿਆ ਤਾਂ ਉਸ ਰੋਜ਼ ੪੦ ਮਣ (ਆਲਮਗੀਰੀ) ਗੁਲਾਬ ਦੇ ਫੁੱਲ ਫ਼ਿਦਾਈ ਖ਼ਾਨ ਦੇ ਗੁਲਾਬਖ਼ਾਨੇ ਵਿਚ ਆਏ ਸਨ। ਸੁਜਾਨ ਰਾਇ ਕਹਿੰਦਾ ਹੈ ਕਿ ਪੰਜੌਰ ਵਿਚ ਭੀਮਾ ਦੇਵੀ ਦਾ ਇਕ ਬੜਾ ਪਰਾਚੀਨ ਅਤੇ ਪਵਿਤਰ ਮੰਦਰ ਹੈ। ਇਹ ਮੰਦਰ ਹੁਣ ਨਹੀਂ ਹੈ ਅਤੇ ਨਾ ਹੀ ਇਸ ਦੇ ਕੋਈ ਨਿਸ਼ਾਨ ਹਨ। ਮਲੂਮ ਹੁੰਦਾ ਹੈ ਕਿ ਇਹ ਔਰੰਗਜ਼ੇਬ ਦੇ ਅੰਤਲੇ ਦਿਨੀਂ ਜਾਂ ਉਸ ਤੋਂ ਬਾਦ ਦੇ ਜ਼ਮਾਨੇ ਵਿਚ ਢਹਿ ਕੇ ਬਰਬਾਦ ਹੋ ਗਿਆ। ਸੜਕੋਂ ਲਹਿੰਦੀ ਵਲ ਇਕ ਛੋਟਾ ਜਿਹਾ ਮੰਦਰ ਪੁਰਾਣੇ ਵਡੇ ਮੰਦਰ ਦੀ ਯਾਦ ਵਿਚ ਇਸੇ ਨਾਉਂ ਦਾ ਬਣਾਇਆ ਹੋਇਆ ਹੈ। ਇਸ ਵਲ ਵੀ ਇਸ ਵੇਲੇ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ।

ਫ਼ਿਦਾਈ ਖ਼ਾਨ ਬਹੁਤਾ ਚਿਰ ਪੰਜੌਰ ਵਿਚ ਨਾ ਰਿਹਾ, ਕਿਉਂਕਿ ਇਥੇ ਦੇ ਪਾਣੀ ਨਾਲ ਲੋਕਾਂ ਨੂੰ ਗਿੱਲ੍ਹੜ ਦੀ ਬਿਮਾਰੀ ਹੋ ਜਾਂਦੀ ਸੀ। ਫ਼ਿਦਾਈ ਖ਼ਾਨ ਦੇ ਚਲੇ ਜਾਣ ਪਿਛੋਂ ਨਾਹਨ ਦੇ ਰਾਜੇ ਨੇ ਫੇਰ ਇਥੇ ਕਬਜ਼ਾ ਕਰ ਲਿਆ।

ਸੰਨ ੧੭੬੪ ਵਿਚ ਜਦ ਸਿੰਘਾਂ ਨੇ ਸਰਹੰਦ ਉਤੇ ਕਬਜ਼ਾ ਕਰ ਲਿਆ ਤਾਂ ਕਈ ਛੋਟੀਆਂ ਛੋਟੀਆਂ ਰਿਆਸਤਾਂ ਉੱਗ ਪਈਆਂ ਜਿਨ੍ਹਾਂ ਵਿਚ ਇਕ ਮਨੀਮਾਜਰਾ ਵੀ ਸੀ। ਇਥੇ ਦੇ ਚੌਧਰੀ ਗਰੀਬ ਦਾਸ ਨੇ ਸੰਨ ੧੭੬੬ ਵਿਚ ਪੰਜੌਰ ਦੇ ਇਲਾਕੇ ਉਤੇ ਕਬਜ਼ਾ ਕਰ ਲਿਆ, ਪਰ ਉਹ ਦੋ ਸਾਲ ਤੋਂ ਵਧ ਇਸ ਨੂੰ ਰਖ ਨਾ ਸਕਿਆ। ਨਾਹਨ ਦੇ ਰਾਜਾ ਕੀਰਤ ਪ੍ਰਕਾਸ਼ ਨੇ ਆਪਣੇ ਮਿੱਤਰ ਪਟਿਆਲੇ ਦੇ ਮਹਾਰਾਜਾ ਅਮਰ ਸਿੰਘ ਪਾਸੋਂ ਸਹਾਇਤਾ ਮੰਗੀ। ਮਲਕ ਲਖਣਾ ਮਹਾਰਾਜੇ ਵਲੋਂ ਉਥੋਂ ਫੌਜ ਲੈ ਕੇ ਗਿਆ ਅਤੇ ੧੭੬੯ ਵਿਚ ਪੰਜੌਰ ਦੀ ਦੂਨ ਖ਼ਾਲੀ ਕਰਵਾ ਕੇ ਨਾਹਨ ਦੇ ਰਾਜੇ ਨੂੰ ਦੇ ਆਇਆ। ਪਰ ਮਨੀਮਾਜਰੇ ਵਾਲਿਆਂ ਨੇ ਨਾਹਨ ਪਾਸੋਂ ਪੰਜੌਰ ਫੇਰ ਖੋਹ ਲਿਆ। ਸੰਨ ੧੭੭੫ ਈ. ਵਿਚ

ਕੀਰਤ ਪਰਕਾਸ਼ ਨਾਹਣੀਆ ਮਰ ਗਿਆ। ਤਿੰਨ ਸਾਲ ਪਿਛੋਂ ਮਹਾਰਾਜਾ ਅਮਰ ਸਿੰਘ ਨੇ ਸਰਦਾਰ ਮਹਾਂ ਸਿੰਘ ਅਤੇ ਪਾਖਰ ਸਿੰਘ ਦੇ ਨਾਲ ਫ਼ੌਜ ਭੇਜ ਕੇ ਮੁੜ ਪੰਜੌਰ ਉਤੇ ਕਬਜ਼ਾ ਕਰ ਲਿਆ, ਪਰ ਚੂੰਕਿ ਨਾਹਨ ਵਾਲਿਆਂ ਕੋਲੋਂ ਇਸ ਨੂੰ ਸੰਭਾਲਿਆ ਨਹੀਂ ਸੀ ਗਿਆ ਇਸ ਲਈ ਇਸ ਨੂੰ ਪਟਿਆਲਾ ਰਾਜ ਵਿਚ ਰਲਾ ਲਿਆ ਗਿਆ।

ਮਰਾਠਿਆਂ ਦੇ ਫ਼ਰਾਂਸੀਸੀ ਜਰਨੈਲ ਲੂਈ ਬੂਰਕਾਨ ਨੇ ੧੭੯੨ ਵਿਚ ਇਥੇ ਆਪਣਾ ਤਹਿਤ ਆ ਜਮਾਇਆ ਅਤੇ ਪੰਜੌਰ ਦਾ ਕਿਲਾ ਢਾਹ ਦਿਤਾ ਜਿਸ ਦਾ ਇਸ ਵੇਲੇ ਕੋਈ ਨਿਸ਼ਾਨ ਵੀ ਬਾਕੀ ਨਹੀਂ ਹੈ। ਸੰਨ ੧੮੦੩ ਵਿਚ ਆਪਣੀ ਹਾਰ ਪਿਛੋਂ ਬੂਰਕਾਨ ਪੰਜੌਰ ਖਾਲੀ ਕਰ ਗਿਆ ਅਤੇ ਉਦੋਂ ਤੋਂ ਇਹ ਪਟਿਆਲਾ ਰਾਜ ਵਿਚ ਹੀ ਰਿਹਾ। ੧੮੧੦ ਵਿਚ ਥੋੜੇ ਚਿਰ ਲਈ ਇਥੇ ਗੋਰਖਾ ਜਰਨੈਲ ਅਮਰ ਸਿੰਘ ਥਾਪੇ ਦਾ ਖ਼ਤਰਾ ਪੈਦਾ ਹੋਇਆ ਸੀ, ਪਰ ਉਹ ਛੇਤੀ ਹੀ ਟਲ ਗਿਆ।

ਪਹਿਲੋਂ ਪਹਿਲ ਪੰਜੌਰ ਰਿਆਸਤ ਪਟਿਆਲਾ ਦੀ ਤਹਿਸੀਲ ਸੀ। ਸੰਨ ੧੮੬੧ ਵਿਚ ਮਹਾਰਾਜਾ ਨਰਿੰਦਰ ਸਿੰਘ ਨੇ ਇਸ ਨੂੰ ਜ਼ਿਲਾ ਬਣਾ ਦਿਤਾ, ਪਰ ਇਸ ਦਾ ਮੁਖ ਅਸਥਾਨ ਰਾਜ ਪੁਰਾ ਰਖਿਆ। ਉਸ ਵੇਲੇ ਇਸ ਦੀਆਂ ਚਾਰ ਤਹਿਸੀਲਾਂ ਸਨ : ਰਾਜਪੁਰਾ, ਬਨੂੜ, ਪੰਜੌਰ ਅਤੇ ਘਨੌਰ। ਸੰਨ ੧੯੧੮ ਵਿਚ ਪੰਜੌਰ ਦੀ ਨਜ਼ਾਮਤ ਬਦਲ ਕੇ ਨਜ਼ਾਮਤ ਕੋਹਿਸਤਾਨ ਬਣਾ ਦਿਤੀ ਗਈ ਅਤੇ ਪੰਜੌਰ ਕੰਡਾ ਘਾਟ ਦੀ ਤਹਿਸੀਲ ਵਿਚ ਪਾ ਦਿਤਾ ਗਿਆ।

ਇਥੇ ਧਾਰਾ ਛੇਤਰ ਜਾਂ ਧਾਰਾ ਮੰਡਲ ਨਾਉਂ ਦਾ ਪਰਸਿਧ ਹਿੰਦੂ ਮੰਦਰ ਹੈ। ਇਸ ਤੀਰਥ ਦੇ ਲਾਗੇ ਇਕ ਸਿਖ ਗੁਰਦੁਆਰਾ ਹੈ ਜੋ ਗੁਰੂ ਨਾਨਕ ਦੀ ਯਾਦ ਵਿਚ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਬਣਵਾਇਆ ਸੀ। ਜਦੋਂ ਗੁਰੂ ਮਹਾਰਾਜ ਮਰਦਾਨੇ ਦੇ ਨਾਲ ਇਥੇ ਆਏ ਸਨ ਉਦੋਂ ਪੰਜੌਰ ਭੁਆਣੇ ਦੇ ਰਾਜ ਵਿਚ ਹੁੰਦਾ ਸੀ ਅਤੇ ਇਥੇ ਰਾਜੇ ਦੇ ਹੁਕਮ ਨਾਲ ਸਾਰੀਆਂ ਵਸਤਾਂ ਦਾ ਇਕੋ ਹੀ ਭਾਉ ਸੀ, ਇਸੇ ਕਰਕੇ ਇਹ ਅਖਾਣ ਪਰਸਿਧ ਹੋ ਗਿਆ ਸੀ :

ਭੌਂਦੂ ਰਾਜ ਭੁਆਣੇ ਦਾ
ਇਕੋ ਭਾ ਆਟੇ ਦਾਣੇ ਦਾ।

ਪੰਜੌਰ ਦੀ ਮਸੀਤ ਵੀ ਮੁਸਲਮਾਨ ਹਾਕਮਾਂ ਦੇ ਸਮੇਂ ਦੀ ਇਤਿਹਾਸਕ ਯਾਦਗਾਰ ਹੈ। ਅਲੈਗਜ਼ੇਂਡਰ ਕਨਿੰਘਮ ਦੇ ਕਥਨ ਅਨੁਸਾਰ ਮੁਸਲਮਾਨ ਹਾਕਮਾਂ ਨੇ ਕਈ ਵਾਰੀ ਇਸ ਅਸਥਾਨ ਨੂੰ ਲੁਟ-ਪੁਟ ਕੇ ਬਰਬਾਦ ਕਰ ਦਿਤਾ ਸੀ ਅਤੇ ਇਥੋਂ ਦੇ ਮੰਦਰ ਢਾਹ ਕੇ ਉਨ੍ਹਾਂ ਦੇ ਮਲਬੇ ਨਾਲ ਇਹ ਮਸੀਤ ਉਸਾਰੀ ਸੀ। ਮਸਜਿਦ ਉਤੇ ਕੋਈ ਲਿਖਤ ਨਹੀਂ ਹੈ, ਪਰ ਪਰਸਿੱਧ ਕਥਾ ਅਨੁਸਾਰ ਇਹ ਵੀ ਫ਼ਿਦਾਈ ਖ਼ਾਨ ਨੇ ਹੀ ਬਣਵਾਈ ਸੀ। ਨਾਹਨ ਦੇ ਰਾਜਿਆਂ ਦੇ ਵੇਲੇ ਇਸ ਮਸੀਤ ਨੂੰ ਦਾਣੇ ਦੇ ਖਾਤੇ ਦੇ ਤੌਰ ਤੇ ਵਰਤਿਆ ਜਾਂਦਾ ਸੀ ਅਤੇ ਪਟਿਆਲਾ ਰਾਜ ਵੇਲੇ ਇਥੇ ਹਵਾਲਾਤ ਹੁੰਦੀ ਸੀ। ਮਹਾਰਾਜਾ ਭੂਪਿੰਦਰ ਸਿੰਘ ਦੇ ਵੇਲੇ ਇਹ ਮੁਸਲਮਾਨਾਂ ਨੂੰ ਦੇ ਦਿਤੀ ਗਈ ਸੀ।

ਧਾਰਾ ਛਤਰ ਤੀਰਥ ਦੀ ਛੱਤ ਦੇ ਸ਼ਤੀਰ ਉਤੇ ਪੁਰਾਣੀ ਸ਼ਾਰਦਾ ਵਿਚ ਚਾਰ ਸਤਰਾਂ ਦੀ ਇਕ ਲਿਖਤ ਹੈ ਜੋ ਸਾਢੇ ਚਾਰ ਫ਼ੁਟ ਲੰਬੀ ਅਤੇ ਨੌ ਇੰਚ ਚੌੜੀ ਹੈ। ਲਹਿੰਦੀ ਕੰਧ ਵਿਚ ਇਕ ਪੁਰਾਣੀ ਗੁਫ਼ਾ ਹੈ ਜੋ ੧੯੫੦ ਬਿਕਰਮੀ ਤੋਂ ਥੋੜਾ ਚਿਰ ਪਹਿਲਾਂ ਪੱਥਰਾਂ ਨਾਲ ਬੰਦ ਕੀਤੀ ਹੋਈ ਹੈ। ਇਸ ਦੇ ਲਾਗੇ ਹੀ ਸ਼ਿਵਜੀ ਦਾ ਮੰਦਰ ਹੈ।

ਕਬੀਰ ਚੌਰਾ ਦੇ ਅਸਥਾਨ ਦੀ ਇਕ ਕੰਧ ਵਿਚ ਅਤੇ ਤਲਾ ਉਤੇ ਰਘੂਬੰਸ ਬੌੜੀ ਤੋਂ ਲਿਆ ਕੇ ਕਈ ਮੂਰਤੀਆਂ ਜੜੀਆਂ ਹੋਈਆਂ ਹਨ।

ਪੰਜੌਰ ਦੇ ਇਰਦ ਗਿਰਦ ਦੇ ਪਿੰਡਾਂ ਵਿਚ ਹੇਠ ਲਿਖੇ ਮੰਦਰ ਹਨ :

੧. ਚੰਡੀ ਦੇਵੀ ੨. ਬਰਖੰਡੀ ਦੇਵੀ ੩. ਗਣੇਸ਼ ਦੇਵੀ ੪. ਜੈਂਤੀ ਦੇਵੀ ੫. ਲੰਕਾ ਕਾਲੀ ਕਾਲਕਾ ੬. ਮਨਸਾ ਦੇਵੀ (ਪਿਗਲਾਦੇਵੀ) ੭. ਬਾਲਾ ਸੁੰਦਰੀ ੮. ਮਨਸਾ ਦੇਵੀ (ਮਨੀ ਮਾਜਰਾ)।

## ਬਸੀ

ਸਰਹੰਦ ਤੋਂ ਤਿੰਨ ਮੀਲ ਉੱਤਰ ਨੂੰ ਬਸੀ ਨਾਉਂ ਦਾ ਕਸਬਾ ਹੈ ਜਿਸ ਨੂੰ ਬਸੀ ਪਠਾਣਾਂ ਕਹਿੰਦੇ ਹਨ। ਇਸ ਨੂੰ ਸ਼ੇਰ ਸ਼ਾਹ ਸੂਰੀ ਦੇ ਰਾਜ ਦੇ ਆਰੰਭ ਵਿਚ ਮਲਿਕ ਹੈਦਰ ਖ਼ਾਨ ਉਮਰਜ਼ਈ ਅਫ਼ਗਾਨ ਨੇ ਸੰਨ ੧੫੪੦ ਈ. ਵਿਚ ਵਸਾਇਆ ਅਤੇ ਇਸ ਦਾ ਨਾਉਂ ਆਪਣੇ ਨਾਉਂ ਉਤੇ ਰਖਿਆ। ਪਹਿਲੋਂ ਪਹਿਲ ਇਹ ਇਕ ਮਾਮੂਲੀ ਬਸਤੀ ਹੀ ਸੀ, ਪਰ ਜਦ ੧੭੬੪ ਦੇ ਆਰੰਭ ਵਿਚ ਸਰਹੰਦ ਉਜੜ ਗਿਆ ਅਤੇ ਬਸੀ ਉਤੇ ਡੱਲੇਵਾਲੀ ਮਿਸਲ ਦੇ ਸਰਦਾਰ ਦੀਵਾਨ ਸਿੰਘ ਨੇ ਕਬਜ਼ਾ ਕਰ ਲਿਆ ਤਾਂ ਵਸੋਂ ਦਾ ਰੁਖ ਇਧਰ ਨੂੰ ਹੋ ਜਾਣ ਨਾਲ ਇਸ ਦੀ ਪ੍ਰਭਤਾ ਵਧ ਗਈ। ਕੁਝ ਚਿਰ ਬਾਦ ਬਸੀ ਵੀ ਸਰਹੰਦ ਦੀ ਤਰ੍ਹਾਂ ਪਟਿਆਲਾ ਰਾਜ ਵਿਚ ਮਿਲਾ ਲਈ ਗਈ। ਸਰਦਾਰ ਦੀਵਾਨ ਸਿੰਘ ਡੱਲੇਵਾਲੀਏ ਦਾ ਪੁਰਾਣਾ ਕਿਲਾ ਅਜ ਕਲ ਹਵਾਲਾਤ ਦੇ ਤੌਰ ਤੇ ਵਰਤਿਆ ਜਾ ਰਿਹਾ ਹੈ। ਇਸ ਦੇ ਲਾਗੇ ਹੀ ਇਕ ਮਕਾਨ ਵਿਚ, ਜਿਸ ਨੂੰ ਦਰਬਾਰ ਸਾਹਿਬ ਕਿਹਾ ਜਾਂਦਾ ਸੀ, ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਦੀ ਦਾੜ੍ਹੀ ਦਾ ਇਕ ਵਾਲ ਤਬੱਰਕ ਦੇ ਤੌਰ ਤੇ ਸ਼ੀਸ਼ੇ ਦੀ ਅਲਮਾਰੀ ਵਿਚ ਰਖਿਆ ਹੋਇਆ ਹੁੰਦਾ ਸੀ ਅਤੇ ਹਰ ਸਾਲ ਹਜ਼ਰਤ ਮੁਹੰਮਦ ਦੀ ਮਿਰਤੂ ਦੇ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨ ਇਥੇ ਜ਼ਿਆਰਤ ਲਈ ਆਇਆ ਕਰਦੇ ਸਨ। ੧੯੪੭ ਤੋਂ ਬਾਦ ਇਹ ਮੇਲਾ ਬੰਦ ਹੋ ਗਿਆ ਹੈ ਜਦ ਕਿ ਇਸ ਇਤਿਹਾਸਕ ਯਾਦਗਾਰ ਦੇ ਮਤਵੱਲੀ ਬਸੀ ਤੋਂ ਹਿਜਰਤ ਕਰਕੇ ਪਾਕਿਸਤਾਨ ਚਲੇ ਗਏ ਸਨ

## ਬਨੂੜ

ਬਨੂੜ ਰਾਜਪੁਰੇ ਤੋਂ ਚੰਡੀਗੜ੍ਹ ਨੂੰ ਜਾਂਦੀ ਸੜਕ ਪਰ ੯–੧੦ ਮੀਲ ਦੀ ਵਿਥ ਪਰ ਹੈ। ਜਿਵੇਂ ਇਸ ਦੇ ਆਲੇ ਦੁਆਲੇ ਦੂਰ ਦੂਰ ਤਕ ਦੇ ਖੰਡਰਾਂ, ਠੇਰੀਆਂ ਅਤੇ ਮਕਾਨਾਂ ਅਤੇ ਮਸੀਤਾਂ ਤੋਂ ਪਤਾ ਲਗਦਾ ਹੈ, ਇਹ ਇਕ ਬੜਾ ਪੁਰਾਣਾ ਕਸਬਾ ਹੈ, ਪਰ ਇਸ ਦਾ ਇਤਿਹਾਸ ਬਹੁਤ ਹੱਦ ਤਕ ਸਮੇਂ ਦੀ ਦੂਰੀ ਵਿਚ ਗੁੰਮ ਗਿਆ ਹੈ। ਪਰਾਚੀਨ ਸਮਿਆਂ ਵਿਚ ਇਸ ਦਾ ਨਾਉਂ ਪੁਸ਼ਪਾ, ਪੁਸ਼ਪਾਵਤੀ ਜਾਂ ਪੋਹਪਾ ਨਗਰੀ ਅਰਥਾਤ ਫੁਲਾਂ ਦਾ ਸ਼ਹਿਰ ਹੁੰਦਾ ਸੀ ਅਤੇ ਇਹ ਚੰਬੇਲੀ ਦੇ ਅਤਰ ਲਈ ਖਾਸ ਤੌਰ ਤੇ ਪਰਸਿੱਧ ਸੀ। ਮਾਧਵਾਨਲ ਅਤੇ ਕਾਮ ਕੰਦਲਾ, ਜੋ ਬਿਕਰਮਾਦਿੱਤ ਦੇ ਸਮੇਂ ਹੋਏ ਹਨ ਅਤੇ ਇਸੇ ਨਾਉਂ ਦੇ ਨਾਟਕ ਦੇ ਨਾਇਕ ਤੇ ਨਾਇਕਾ ਹਨ, ਇੱਥੇ ਦੇ ਵਸਨੀਕ ਦੱਸੇ ਜਾਂਦੇ ਹਨ। ਮੁਗ਼ਲਾਂ ਦੇ ਵੇਲੇ ਇਥੇ ਦੇ ਗਵੱਈਏ ਅਤੇ ਵਜੰਤਰੀ ਦੂਰ ਦੂਰ ਤਕ ਮਸ਼ਹੂਰ ਸਨ। ਅਕਬਰ ਬਾਦਸ਼ਾਹ ਦੇ ਸਮੇਂ ਦੀ ਪਰਸਿੱਧ ਰਾਗਨ ਬੰਨੋ ਛੀਂਬਣ ਇੱਥੇ ਦੀ ਰਹਿਣ ਵਾਲੀ ਸੀ ਅਤੇ ਇਸ ਕਸਬੇ ਦਾ ਅਜ ਕਲ ਦਾ ਨਾਉਂ ਬਨੂੜ (ਬੰਨੋ–ਵੜ) ਬੰਨੋ ਕਰਕੇ ਹੀ ਪਿਆ ਕਿਹਾ ਜਾਂਦਾ ਹੈ। ਸਭ ਤੋਂ ਪੁਰਾਣੀ ਇਤਿਹਾਸਕ ਯਾਦਗਾਰ ਜੋ ਇਸ ਵੇਲੇ ਇੱਥੇ ਦੱਸੀ ਜਾਂਦੀ ਹੈ ਉਹ ਦਿੱਲੀ ਦੇ ਸੱਯਦ ਬਾਦਸ਼ਾਹ ਖ਼ਿਜ਼ਰ ਖ਼ਾਨ (੧੪੧੪—੧੪੨੧ ਈ.) ਦੇ ਪਿਤਾ ਮਲਿਕ ਸੁਲੇਮਾਨ ਦਾ ਢੱਠਾ ਹੋਇਆ ਮਕਬਰਾ ਹੈ। ਇਸ ਦੀ ਇਕ ਕੰਧ ਵਿਚ ਲੱਗੇ ਹੋਏ ਪੱਥਰ ਉਤੇ ਮਲਿਕ ਸੁਲੇਮਾਨ ਦੀ ਮੌਤ ਦੀ ਤਾਰੀਖ਼ ੮੦੮ ਹਿਜਰੀ (ਸੰਨ ੧੪੦੫ ਈ.) ਦਿੱਤੀ ਹੋਈ ਹੈ।

ਬਾਬਰ ਬਾਦਸ਼ਾਹ ਆਪਣੀ ਜੀਵਨ-ਕਥਾ ਤੁਜ਼ਕਿ ਬਾਬਰੀ ਵਿਚ ਲਿਖਦਾ ਹੈ ਕਿ ਰੋਪੜੋਂ ਚਲ ਕੇ ਉਹ ਕੁਰਾਲ (ਕੁਰਾਲੀ) ਵਿਚ ਦੀ ਹੋ ਕੇ ਇਕ ਹੋਰ ਥਾਉਂ ਲੰਘ ਕੇ ਫ਼ਰਵਰੀ ੧੫੨੬ ਨੂੰ ਘੱਗਰ ਦੇ ਕੰਢੇ ਤੇ ਬਨੂੜ ਪੁੱਜਾ (ਹੁਣ ਘੱਗਰ ਬਨੂੜੋਂ ਸੱਤ ਮੀਲ ਦੀ ਵਿੱਥ ਤੇ ਹੈ)। ਇੱਥੋਂ ਉਹ ਘੱਗਰ ਦੇ ਕੰਢੇ ਹੀ ਸੈਰ ਲਈ ਛੱਤ ਗਿਆ। ਬਨੂੜ ਅਤੇ ਛੱਤ ਦਾ ਆਲਾ ਦੁਆਲਾ ਬਾਬਰ ਨੂੰ ਬਹੁਤ ਚੰਗਾ ਲੱਗਾ ਅਤੇ ਕੁਝ ਮੀਲਾਂ ਉਤੇ ਉਸ ਨੇ ਇਕ ਬਾਗ਼ ਲਾਉਣ ਦਾ ਹੁਕਮ ਦਿੱਤਾ। ਅਕਬਰ ਬਾਦਸ਼ਾਹ ਦੇ ਵੇਲੇ ਬਨੂੜ ਸਰਕਾਰ ਸਰਹੰਦ ਦਾ ਇਕ ਮਹਾਲ ਬਣਾਇਆ ਗਿਆ ਅਤੇ ਅਠਾਰ੍ਹਵੀਂ ਸਦੀ ਦੇ ਆਰੰਭ ਤਕ ਇਸ ਦੀ ਇਹ ਵਿਸ਼ੇਸ਼ਤਾ ਕਾਇਮ ਰਹੀ।

ਗੁਰੂ ਗੋਬਿੰਦ ਸਿੰਘ ਦੀ ਆਗਿਆ ਪਾ ਕੇ ਜਦ ਬੰਦਾ ਸਿੰਘ ਬਹਾਦਰ ਪੰਜਾਬ ਪੁੱਜਾ ਤਾਂ ਉਸ ਨੇ ਸਰਹੰਦ ਉਤੇ

ਹੱਲਾ ਤੇ ਕਬਜ਼ਾ ਕਰਨ ਤੋਂ ਪਹਿਲਾਂ ਬਨੂੜ ਦੇ ਮਹਾਲ ਨੂੰ ਸੋਧ ਲੈਣਾ ਜ਼ਿਆਦਾ ਉਚਿਤ ਜਾਣਿਆ। ੨੭ ਵਿਸਾਖ ਸੰਮਤ ੧੭੬੭ (੨੪ ਅਪ੍ਰੈਲ ਸੰਨ ੧੭੧੦) ਨੂੰ ਬੰਦਾ ਸਿੰਘ ਨੇ ਇਸ ਕਸਬੇ ਉਤੇ ਚੜ੍ਹਾਈ ਕੀਤੀ, ਪਰ ਚੂੰਕਿ ਬਨੂੜੀਆਂ ਨੇ ਅੱਗੋਂ ਕੋਈ ਹੁੱਤ ਨਾ ਕੀਤੀ ਅਤੇ ਈਨ ਮੰਨ ਲਈ, ਇਸ ਲਈ ਇਸ ਨੂੰ ਕਿਸੇ ਨੇ ਨਾ ਛੇੜਿਆ।

ਮਲਿਕ ਸੁਲੇਮਾਨ ਦੇ ਮਕਬਰੇ ਤੋਂ ਬਿਨਾਂ ਬਨੂੜ ਵਿਚ ਇਕ ਪੁਰਾਣੇ ਸ਼ਾਹੀ ਕਿਲੇ ਦੇ ਖੰਡਰ ਹਨ ਜਿਸ ਦਾ ਨਾਉਂ ਜ਼ੁਲਮ ਗੜ੍ਹ ਕਰਕੇ ਪਰਸਿੱਧ ਹੈ। ਇਸੇ ਤਰਾਂ ਇਕ ਹੋਰ ਕਿਲਾ ਇੱਥੇ ਬੰਦਾ ਅਲੀ ਬੇਗ ਦਾ ਸੀ, ਜੋ ਪਿੱਛੋਂ ਦਾ ਹੈ।

ਅਹਿਮਦ ਸ਼ਾਹ ਦੁਰਾਨੀ ਦੇ ਵਜ਼ੀਰ ਸ਼ਾਹ-ਵਲੀ ਖ਼ਾਨ ਦੇ ੩੧ ਮਾਰਚ ਸੰਨ ੧੭੬੧ ਈ. ਦੇ ਇਕ ਸ਼ੁੱਕੇ ਤੋਂ ਪਤਾ ਲਗਦਾ ਹੈ ਕਿ ਪਾਣੀਪਤ ਦੀ ਤੀਸਰੀ ਲੜਾਈ ਵੇਲੇ ਬਨੂੜ ਇਕ ਪਰਗਣਾ ਹੁੰਦਾ ਸੀ ਅਤੇ ੩੭ ਪਿੰਡ ਇਸ ਦੇ ਤਹਿਤ ਵਿਚ ਸਨ। ਜਦ ਜਨਵਰੀ ੧੭੬੪ ਵਿਚ ਸਿੰਘਾਂ ਨੇ ਸਰਹੰਦ ਫ਼ਤਹਿ ਕਰ ਕੇ ਇਲਾਕੇ ਆਪੋ ਵਿਚ ਵੰਡ ਲਏ ਤਾਂ ਬਨੂੜ ਸਿੰਘਪੁਰੀਏ ਸਰਦਾਰਾਂ ਦੇ ਹਿੱਸੇ ਆਇਆ। ਪਿੱਛੋਂ ਇਨ੍ਹਾਂ ਪਾਸੋਂ ਮਹਾਰਾਜਾ ਅਮਰ ਸਿੰਘ ਪਟਿਆਲੀਏ ਨੇ ਲੈ ਲਿਆ ਅਤੇ ਇਸ ਨੂੰ ਰਿਆਸਤ ਪਟਿਆਲਾ ਦੀ ਇਕ ਤਹਿਸੀਲ ਬਣਾ ਦਿੱਤਾ। ਪੈਪਸੂ ਦੇ ਪੰਜਾਬ ਨਾਲ ਰਲ ਜਾਣ ਪਰ ਇਹ ਵੱਡੇ ਪੰਜਾਬ ਵਿਚ ਸ਼ਾਮਲ ਹੋ ਗਿਆ।

ਇਹ ਕਸਬਾ ਛੋਟੀਆਂ ਛੋਟੀਆਂ ਬਸਤੀਆਂ ਦਾ ਬਣਿਆ ਹੋਇਆ ਸੀ ਜਿਵੇਂ ਕਿ ਮਲਿਕ ਸੁਲੇਮਾਨ, ਇਬਰਾਹੀਮ ਖ਼ਾਨ, ਅਲੀਜ਼ੀਆਂ, ਸੂਰਤ ਸ਼ਾਹ ਕਾਕੜਾ, ਈਸੇ ਖ਼ਾਨ, ਸੱਯਦ ਵਾੜਾ ਅਤੇ ਪਟਾਖਪੁਰ। ਇਸ ਦੇ ਪਰਸਿੱਧ ਮਹੱਲੇ ਇਹ ਸਨ: ਰਾਜਪੂਤਾਂ, ਕਲਾਲਾਂ, ਸੱਯਦਾਂ, ਮਹਿਤਾਂ, ਕਾਇਥਾਂ ਅਤੇ ਹਿੰਦੂ-ਵਾੜਾ। ਆਮ ਤੌਰ ਤੇ ਇਸ ਦੇ ਹਰ ਮਹੱਲੇ ਵਿਚ ਉਹ ਹੀ ਲੋਕ ਆਬਾਦ ਸਨ ਜਿਨ੍ਹਾਂ ਦੇ ਨਾਉਂ ਨਾਲ ਇਹ ਮਸ਼ਹੂਰ ਸੀ।

੧੯੪੭ ਵਿਚ ਮੁਸਲਮਾਨਾਂ ਦੇ ਇੱਥੋਂ ਉਠ ਜਾਣ ਨਾਲ ਉਨ੍ਹਾਂ ਦੀਆਂ ਬਸਤੀਆਂ ਤੇ ਮਹੱਲਿਆਂ ਦੇ ਨਾਉਂ ਮਿਟਦੇ ਜਾ ਰਹੇ ਹਨ ਅਤੇ ਕੋਈ ਵੱਡੀ ਗੱਲ ਨਹੀਂ ਕਿ ਹੌਲੀ ਹੌਲੀ ਇਹ ਉੱਕੇ ਹੀ ਭੁਲ ਜਾਣ।

## ਬਰਨਾਲਾ

ਬਰਨਾਲਾ, ਜਿਸ ਦਾ ਸਰਕਾਰੀ ਕਾਗਜ਼ਾਂ ਵਿਚ ਦੂਸਰਾ ਨਾਉਂ ਅਨਾਹਦ ਗੜ੍ਹ ਹੈ, ਪਟਿਆਲਿਉਂ ਲਹਿੰਦੇ ਨੂੰ ੫੨ ਮੀਲ ਦੀ ਵਿੱਥ ਤੇ ਰਾਜਪੁਰਾ-ਬਠਿੰਡਾ ਰੇਲਵੇ ਲਾਈਨ ਪਰ ਹੈ।

ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਇਹ ਇਕ ਛੋਟਾ ਜਿਹਾ ਪਿੰਡ ਹੁੰਦਾ ਸੀ। ਫੂਲਕੇ ਬੰਸ ਦੇ ਸਰਦਾਰ ਆਲਾ ਸਿਘ ਨੇ ਜਦ ਪਹਿਲੋਂ ਪਹਿਲ ਆਲੇ ਦੁਆਲੇ ਪੈਰ ਪਸਾਰਨੇ ਸ਼ੁਰੂ ਕੀਤੇ ਤਾਂ ਉਸ ਨੇ ਬਰਨਾਲੇ ਉਤੇ ਕਬਜ਼ਾ ਕਰਕੇ ਇਸ ਨੂੰ ਆਪਣੇ ਵਧ ਰਹੇ ਰਾਜ ਦਾ ਮੁਖ ਅਸਥਾਨ ਬਣਾਇਆ। ਇਸ ਦੇ ਚੌਹੀਂ ਪਾਸੀਂ ਇਕ ਪੱਕਾ ਕੋਟ ਖਿਚ ਦਿੱਤਾ ਅਤੇ ਅੰਦਰ ਇਕ ਛੋਟਾ ਜਿਹਾ ਕਿਲਾ ਉਸਾਰਿਆ। ਇਸ ਨਾਲ ਬਰਨਾਲੇ ਅਤੇ ਆਲਾ ਸਿੰਘ ਦੀ ਸਾਰੇ ਇਲਾਕੇ ਵਿਚ ਮਸ਼ਹੂਰੀ ਹੋ ਗਈ। ਕਿਲੇ ਦੇ ਅੰਦਰਲੇ ਵੇਹੜੇ ਦੇ ਸਾਹਮਣੇ ਇਕ ਬੜੀ ਵੱਡੀ ਬਾਉਲੀ ਬਣੀ ਹੋਈ ਹੈ ਜਿਸ ਦੀਆਂ ੧੨੭ ਪੌੜੀਆਂ ਹਨ। ਬਰਨਾਲੇ ਤੋਂ ਹੀ ਆਲਾ ਸਿੰਘ ਨੇ ਬਾਹਰ ਮੱਲਾਂ ਮਾਰਨੀਆਂ ਸ਼ੁਰੂ ਕੀਤੀਆਂ ਅਤੇ ਚਾਲੀ ਵਰ੍ਹਿਆਂ ਵਿਚ ਇਕ ਚੋਖੀ ਰਿਆਸਤ ਬਣਾ ਲਈ। ੧੪ ਜਨਵਰੀ ਸੰਨ ੧੭੬੪ ਈ. ਨੂੰ ਜਦ ਬਾਬਾ ਆਲਾ ਸਿੰਘ ਦਾ ਮੁਖੀ ਵਿਰੋਧੀ ਸਰਹੰਦ ਦਾ ਨਵਾਬ ਜ਼ੈਨ ਖ਼ਾਨ ਸਿੰਘਾਂ ਨਾਲ ਲੜਾਈ ਵਿਚ ਮਾਰਿਆ ਗਿਆ ਅਤੇ ਸਾਰੇ ਇਲਾਕੇ ਵਿਚ ਸਿੰਘਾਂ ਦਾ ਰਾਜ ਹੋ ਗਿਆ ਤਾਂ ਬਾਬਾ ਆਲਾ ਸਿੰਘ ਨੇ ਬਰਨਾਲਿਉਂ ਉਠ ਕੇ ਪਟਿਆਲੇ ਨੂੰ ਪੱਕੀ ਤਰਾਂ ਆਪਣੀ ਰਾਜਧਾਨੀ ਬਣਾ ਲਿਆ।

ਜਿਨ੍ਹਾਂ ਦਿਨਾਂ ਵਿਚ ਬਾਬਾ ਆਲਾ ਸਿੰਘ ਹੌਲੀ ਹੌਲੀ ਆਪਣੇ ਰਾਜ ਦੀ ਉਸਾਰੀ ਕਰ ਰਿਹਾ ਸੀ, ਉਸ ਦੀ ਰਾਣੀ ਮਾਈ ਫਤਹਿ ਕੌਰ (ਜੋ ਇਤਿਹਾਸ ਵਿਚ ਜ਼ਿਆਦਾ ਤਰ ਮਾਈ ਫੱਤੋ ਕਰਕੇ ਪਰਸਿੱਧ ਹੈ) ਬੜੇ ਸੇਵਾ ਭਾਵ ਅਤੇ ਖੁਲ੍ਹੇ ਦਿਲ ਨਾਲ ਬਰਨਾਲੇ ਵਿਚ ਗੁਰੂ ਕਾ ਅਤੁਟ ਲੰਗਰ ਚਲਾਇਆ ਕਰਦੀ ਸੀ ਜਿੱਥੇ ਕਿ ਉਹ ਆਈਆਂ ਸੰਗਤਾਂ

ਦੀ ਬੜੇ ਪ੍ਰੇਮ ਨਾਲ ਖਿੜੇ ਮੱਥੇ ਆਪ ਸੇਵਾ ਕਰਦੀ ਸੀ। ਇੱਥੇ ਹਰ ਅਭਿਆਗਤ ਨੂੰ ਹਰ ਵੇਲੇ ਤਿਆਰ ਪਰਸ਼ਾਦਾ ਮਿਲਦਾ ਸੀ।

## ਬੈਜਨਾਥ

ਪੁਰਾਤਨ ਨਾਉਂ ਕੀੜ-ਗਰਾਮ, ਜ਼ਿਲਾ ਕਾਂਗੜਾ

ਕਾਂਗੜੇ ਤੋਂ ਚੜ੍ਹਦੇ ਦੱਖਣ ਨੂੰ ੩੦ ਮੀਲ ਅਤੇ ਪਾਲਮਪੁਰ ਤੋਂ ੧੧ ਮੀਲ ਦੀ ਵਿੱਥ ਪਰ ਬਿੰਨੂੰ (ਪਰਾਚੀਨ ਬਿੰਦੁਕ) ਨਦੀ ਦੇ ਦੱਖਣੀ ਕੰਢੇ ਤੇ ਬੈਜਨਾਥ ਨਾਮੀ ਪੁਰਾਤਨ ਹਿੰਦੂ ਤੀਰਥ ਹੈ ਜਿਥੇ ਵੈਦਨਾਥ ਦਾ ਮੰਦਰ ਹੈ। ਇਸ ਵਿਚ ਸ਼ਿਵ-ਲਿੰਗ ਦੀ ਮੂਰਤੀ ਅਸਥਾਪਨ ਹੈ। ਪਹਿਲਾਂ ਪਿੰਡ ਦਾ ਨਾਉਂ ਕੀੜ-ਗਰਾਮ ਜਾਂ ਕੀੜ-ਨਗਰ ਹੁੰਦਾ ਸੀ ਅਤੇ ਮੰਦਰ ਦਾ ਨਾਉਂ ਵੈਦਨਾਥ। ਪਿਛੋਂ ਹੌਲੀ ਹੌਲੀ ਦੋਹਾਂ ਦਾ ਨਾਉਂ ਹੀ ਬੈਜਨਾਥ ਹੋ ਗਿਆ। ਵੈਦ ਨਾਥ ਦੇ ਮੰਦਰ ਉਤੇ ਸ਼ਾਰਦਾ ਅੱਖਰਾਂ ਵਿਚ (ਸੰਨ ੧੨੦੪ ਈ. ਦੀਆਂ) ਦੋ ਲਿਖਤਾਂ ਹਨ ਜਿਨ੍ਹਾਂ ਤੋਂ ਕੀੜ-ਗਰਾਮ ਦੇ ਰਾਜਨਕਾਂ ਜਾਂ ਰਾਜਕੁਮਾਰਾਂ ਦੀਆਂ ਅੱਠ ਪੀੜ੍ਹੀਆਂ ਤਕ ਦਾ ਪਤਾ ਲਗਦਾ ਹੈ ਜੋ ਤ੍ਰਿਗਰਤ ਅਰਥਾਤ ਜਾਲੰਧਰ ਦੁਆਬ ਦੇ ਰਾਜਿਆਂ ਦੇ ਰਿਸ਼ਤੇਦਾਰ ਅਤੇ ਜਾਗੀਰਦਾਰ ਸਨ। ਝੱਖਪੁਰ ਵਿਚ ਇਨ੍ਹਾਂ ਰਾਣਿਆਂ ਦਾ ਕਿਲਾ ਹੁੰਦਾ ਸੀ ਜਿਸ ਦੇ ਨਿਸ਼ਾਨ ਮਿਟ ਚੁੱਕੇ ਹਨ। ਇਸ ਥਾਂ ਪਰ ਅੱਜ ਕਲ ਡਾਕ ਬੰਗਲਾ ਹੈ।

ਕੀੜ ਗਰਾਮ ਦਾ ਰਾਣਾ ਲਛਮਨ (ਲਕਸ਼ਮਨ) ਤ੍ਰਿਗਰਤ (ਜਾਲੰਧਰ-ਕਾਂਗੜਾ) ਦੇ ਰਾਜਾ ਜੈ ਚੰਦਰ ਦਾ ਜਾਗੀਰਦਾਰ ਸੀ। ਰਾਣਾ ਲਛਮਨ ਦੀ ਮਾਂ ਲਕਸ਼ਨਾ ਤ੍ਰਿਗਰਤ ਦੇ ਹਿਰਦੈ ਚੰਦਰ ਦੀ ਧੀ ਸੀ। ਇਕ ਲਿਖਤ ਵਿਚ ਦਰਜ ਹੈ ਕਿ ਰਾਣਾ ਲਕਸ਼ਮਨ ਦੇ ਇਲਾਕੇ ਵਿਚ ਸਿੱਧ ਦਾ ਪੁੱਤਰ ਮਨਿਉਕ ਨਾਮੀ ਇਕ ਵਪਾਰੀ ਰਹਿੰਦਾ ਸੀ। ਸਿੱਧ ਦਾ ਛੋਟਾ ਭਰਾ ਅਹੁਕ ਸੀ ਜਿਸ ਦੀ ਗੁਲ੍ਹਾਂ ਨਾਮੀ ਇਸਤਰੀ ਸੀ। ਇਨ੍ਹਾਂ ਦੋਹਾਂ ਭਰਾਵਾਂ ਨੇ ਸ਼ਿਵਜੀ ਦਾ ਮੰਦਰ ਅਤੇ ਮੰਡਪ ਬਣਵਾਏ। ਮੰਦਰ ਦੇ ਦਰਵਾਜ਼ੇ ਉਤੇ ਗੰਗਾ ਜਮਨਾ ਅਤੇ ਹੋਰ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਹਨ। ਮੰਦਰ ਸੁਸ਼ਰਮਨ ਦੇ ਨਗਰ (ਸੁਸਰਮਪੁਰ ਕਾਂਗੜੇ) ਦੇ ਦੋ ਮਿਸਤਰੀਆਂ ਅਸਿਕ ਦੇ ਪੁੱਤਰ ਨਾਇਕ ਅਤੇ ਸਮਨ ਦੇ ਪੁੱਤਰ ਥੋਧੁਕ ਨੇ ਪੱਥਰ ਘੜ ਕੇ ਸ਼ਾਮੂ ਦੀ ਸਲਾਹ ਨਾਲ ਬਣਾਇਆ।

ਭਾਵੇਂ ਵੈਦਨਾਥ ਦਾ ਮੰਦਰ ੪ ਅਪਰੈਲ ੧੯੦੫ ਈ. ਦੇ ਕਾਂਗੜੇ ਦੇ ਭੁਚਾਲ ਦੇ ਕੇਂਦਰ ਤੋਂ ਬਹੁਤਾ ਦੂਰ ਨਹੀਂ ਸੀ, ਪਰ ਇਸ ਨੂੰ ਉਸ ਭੁਚਾਲ ਨਾਲ ਬੜਾ ਹੀ ਘੱਟ ਨੁਕਸਾਨ ਪੁੱਜਾ ਹਾਲਾਂ ਕਿ ਲਾਗੇ ਦਾ ਸਿੱਧ ਨਾਥ ਦਾ ਮੰਦਰ ਬਿਲਕੁਲ ਢਹਿ ਢੇਰੀ ਹੋ ਗਿਆ ਸੀ।

ਬੈਜਨਾਥ ਦੇ ਮੰਦਰ ਦੇ ਲਾਗੇ ਹੀ ਇਕ ਸੰਨਿਆਸੀ ਸਾਧੂ ਦਾ ਬਣਵਾਇਆ ਕਿਦਾਰ-ਨਾਥ ਦਾ ਮੰਦਰ ਹੈ।

ਬਿੰਨੂੰ ਨਦੀ ਦੇ ਕੰਢੇ ਤੋਂ ਜ਼ਰਾ ਉਪਰ ਕਠੌਂਗ ਦਾ ਚਸ਼ਮਾ ਹੈ ਜਿਸ ਦਾ ਜਲ ਬੜਾ ਸੁਖਦਾਈ ਹੈ। ਕਹਿੰਦੇ ਹਨ ਕਿ ਕਾਂਗੜੇ ਦੇ ਰਾਜਾ ਸੰਸਾਰ ਚੰਦ ਲਈ ਪੀਣ ਦਾ ਪਾਣੀ ਇਸ ਚਸ਼ਮੇ ਤੋਂ ਜਾਂਦਾ ਸੀ। ਹੇਠਾਂ ਖੀਰ ਗੰਗਾ ਚਸ਼ਮਾ ਹੈ ਜਿਥੇ ਇਸ਼ਨਾਨ ਕਰਨਾ ਸਨਾਤਨੀ ਹਿੰਦੂ ਬੜਾ ਪਵਿੱਤਰ ਗਿਣਦੇ ਹਨ।

ਬੈਜਨਾਥ ਤੋਂ ਬਾਰਾਂ ਮੀਲ ਦੱਖਣ-ਲਹਿੰਦੇ ਨੂੰ ਇਕ ਉੱਚੀ ਪਹਾੜੀ ਦੀ ਟੀਸੀ ਉਤੇ ਆਸਾਪੁਰੀ ਦੇਵੀ ਦਾ ਮੰਦਰ ਹੈ।

## ਭਟਿੰਡਾ (ਬਠਿੰਡਾ)

ਭਟਿੰਡਾ ਪੰਜਾਬ ਦੇ ਬੜੇ ਪਰਸਿੱਧ ਪੁਰਾਤਨ ਇਤਿਹਾਸਕ ਅਸਥਾਨਾਂ ਵਿਚੋਂ ਹੈ। ਇਹ ਦਿੱਲੀਉਂ ਫ਼ੀਰੋਜ਼ਪੁਰ ਨੂੰ ਜਾਂਦੀ ਰੇਲਵੇ ਲਾਈਨ ਪਰ ਫ਼ੀਰੋਜ਼ਪੁਰੋਂ ੫੪ ਮੀਲ ਦੱਖਣ ਨੂੰ ਹੈ ਅਤੇ ਰਾਜਪੁਰਾ-ਭਟਿੰਡਾ ਰੇਲਵੇ ਲਾਈਨ ਦਾ ਆਖ਼ਰੀ ਸਟੇਸ਼ਨ ਪਟਿਆਲੇ ਤੋਂ ੯੨ ਮੀਲ ਲਹਿੰਦੇ ਨੂੰ ਹੈ।

ਪਰੰਪਰਾ ਤੋਂ ਚਲੀ ਆ ਰਹੀ ਲੋਕ-ਕਥਾ ਅਨੁਸਾਰ ਭਟਿੰਡੇ ਦਾ ਕਿਲਾ, ਜਿਸ ਦੇ ਆਲੇ ਦੁਆਲੇ ਹੌਲੀ ਹੌਲੀ ਇਸੇ ਨਾਉਂ ਦਾ ਸ਼ਹਿਰ ਉੱਸਰ ਪਿਆ ਹੈ, ੧੮੦੦ ਵਰ੍ਹੇ ਹੋਏ ਵਿਨੈਪਾਲ ਦੇ ਇਕ ਵਡੇਰੇ ਰਾਜਾ ਦੱਬ ਨੇ ਬਣਵਾਇਆ ਸੀ। ਪੁਰਾਣੀਆਂ ਵੱਡੀਆਂ ਇੱਟਾਂ ਜੋ ਇਸ ਵਿਚ ਲੱਗੀਆਂ ਹੋਈਆਂ ਹਨ ਅਤੇ ਹੁਣ ਤਕ ਕਈ ਥਾਈਂ ਦਿਸਦੀਆਂ ਹਨ, ਇਸ ਗੱਲ ਦਾ ਪਰਤੱਖ ਸਬੂਤ ਹਨ ਕਿ ਇਹ ਕਿਲਾ ਮੁਸਲਮਾਨਾਂ ਦੇ ਆਉਣ ਤੋਂ ਬਹੁਤ ਚਿਰ ਪਹਿਲਾਂ ਦਾ ਉੱਸਰਿਆ ਹੋਇਆ ਹੈ।

ਇਸ ਇਲਾਕੇ ਵਿਚ ਅਤੇ ਇਸ ਦੇ ਲਹਿੰਦੇ ਨੂੰ ਭੱਟੀ ਰਾਜਪੂਤਾਂ ਦੀ ਵਸੋਂ ਅਤੇ ਪੁਰਾਣੇ ਸਮੇਂ ਵਿਚ ਉਨ੍ਹਾਂ ਦਾ ਇਥੇ ਰਾਜ ਇਸ ਵਿਚਾਰ ਵਲ ਸਪਸ਼ਟ ਇਸ਼ਾਰਾ ਕਰਦੇ ਹਨ ਕਿ ਇਸ ਦਾ ਪੁਰਾਣਾ ਨਾਉਂ ਭੱਟੀਆਂ ਦਾ ਕੋਟ ਸੀ ਜੋ ਸਮੇਂ ਦੇ ਬੀਤਦੇ ਜਾਣ ਨਾਲ ਹੌਲੀ ਹੌਲੀ ਭੱਟੀਆਂ-ਦਾ, ਭੱਟੀਂ-ਡਾ ਜਾਂ ਭਟਿੰਡਾ ਹੋ ਗਿਆ ਅਤੇ ਜਦ ਪਿਛੋਂ ਇਹ ਨਾਉਂ ਫ਼ਾਰਸੀ ਲਿੱਪੀ ਵਿਚ ਲਿਖੀਣ ਲਗ ਪਿਆ ਤਾਂ ਬਠਿੰਡਾ ਬਣ ਗਿਆ। ਪਟਿਆਲਾ ਰਿਆਸਤ ਦੇ ਸਰਕਾਰੀ ਕਾਗਜ਼ਾਂ ਵਿਚ ਇਸ ਦਾ ਨਾਉਂ ਗੋਬਿੰਦ ਗੜ੍ਹ, ਪਟਿਆਲੇ ਦੇ ਮਹਾਰਾਜਾ ਕਰਮ ਸਿੰਘ (ਸੰਨ ੧੮੧੩—੧੮੪੫) ਨੇ ਗੁਰੂ ਗੋਬਿੰਦ ਸਿੰਘ ਦੇ ਇਥੇ ਬਿਰਾਜਣ ਦੀ ਯਾਦ ਵਿਚ ਧਰਿਆ ਸੀ। ਜਿਸ ਅਸਥਾਨ ਤੇ ਕਿਲੇ ਵਿਚ ਗੁਰੂ ਸਾਹਿਬ ਠਹਿਰੇ ਸਨ ਉਥੇ ਉਨ੍ਹਾਂ ਦੀ ਯਾਦ ਵਿਚ ਧੁਰ ਉਪਰ ਉਤਰ-ਚੜ੍ਹਦੀ ਗੁੱਠੇ ਗੁਰਦੁਆਰਾ ਬਣਿਆ ਹੋਇਆ ਹੈ।

ਬਠਿੰਡਾ ਲਾਹੌਰ ਦੇ ਰਾਜਾ ਜੈਪਾਲ ਦੀ ਰਾਜਧਾਨੀ ਹੁੰਦਾ ਸੀ ਅਤੇ ਉਸ ਦਾ ਰਾਜ ਲਮਗ਼ਾਨ (ਅਫ਼ਗਾਨਿਸਤਾਨ) ਤਕ ਸੀ। ਜਦ ਸਬੁਕਤਗੀਨ ਗ਼ਜ਼ਨੀ ਦਾ ਬਾਦਸ਼ਾਹ ਬਣਿਆ ਤਾਂ ਉਸ ਨੇ ਰਾਜਾ ਜੈਪਾਲ ਨੂੰ ਹਾਰ ਦੇ ਕੇ ਉਸ ਦੇ ਕੁਝ ਇਲਾਕੇ ਉੱਤੇ ਕਬਜ਼ਾ ਕਰ ਲਿਆ। ਸਬੁਕਤਗੀਨ ਦੀ ਮੌਤ ਤੋਂ ਬਾਦ ਰਾਜਾ ਜੈਪਾਲ ਨੇ ਆਪਣੇ ਖੁੱਸੇ ਹੋਏ ਇਲਾਕੇ ਮੁੜ ਪਰਾਪਤ ਕਰਨ ਦਾ ਯਤਨ ਕੀਤਾ, ਪਰ ਸਬੁਕਤਗੀਨ ਦੇ ਪੁੱਤਰ ਮਹਿਮੂਦ (ਗ਼ਜ਼ਨਵੀ) ਦੇ ਟਾਕਰੇ ਤੇ ਜੈਪਾਲ ਦੀ ਕੋਈ ਪੇਸ਼ ਨਾ ਗਈ ਅਤੇ ਉਹ ਸੰਨ ੧੦੦੧ ਵਿਚ ਹਾਰ ਖਾ ਕੇ ਕੈਦੀ ਬਣ ਗਿਆ। ਭਾਵੇਂ ਮਹਿਮੂਦ ਨੇ ਜੈਪਾਲ ਨੂੰ ਕਰ ਭਰਨ ਦੀ ਸ਼ਰਤ ਕਰ ਕੇ ਛੱਡ ਦਿੱਤਾ ਸੀ, ਪਰ ਉਹ ਆਪਣੀਆਂ ਹਾਰਾਂ ਦੀ ਨਮੋਸ਼ੀ ਸਹਿ ਨਾ ਸਕਿਆ ਅਤੇ ਰਾਜ ਆਪਣੇ ਪੁੱਤਰ ਅਨੰਦ (ਅਨੰਗ) ਪਾਲ ਦੇ ਹਵਾਲੇ ਕਰ ਕੇ ਆਪ ਜੀਉਂਦੇ-ਜੀ ਚਿਤਾ ਪਰ ਚੜ੍ਹ ਕੇ ਸੜ ਮਰਿਆ।

ਸੰਨ ੧੦੦੪ ਈ. ਵਿਚ ਮਹਿਮੂਦ ਨੇ ਭਟਿੰਡੇ ਉੱਤੇ ਫੇਰ ਚੜ੍ਹਾਈ ਆ ਕੀਤੀ ਅਤੇ ਹਿੰਦੂਆਂ ਨੂੰ ਹਾਰ ਹੋ ਜਾਣ ਪਰ ਉਸ ਨੇ ਕਿਲਾ ਲੁਟ ਪੁਟ ਕੇ ਬਰਬਾਦ ਕਰ ਦਿੱਤਾ ਅਤੇ ਕੇਵਲ ਉਨ੍ਹਾਂ ਦੀ ਹੀ ਜਾਨ ਬਖ਼ਸ਼ੀ ਗਈ ਜਿਨ੍ਹਾਂ ਇਸਲਾਮ ਧਰਮ ਕਬੂਲ ਕਰ ਲਿਆ। ਬੇਸ਼ੁਮਾਰ ਲੁੱਟ ਦਾ ਮਾਲ ਵਿਜਈਆਂ ਦੇ ਹੱਥ ਆਇਆ। ਸੋਨਾ, ਚਾਂਦੀ ਅਤੇ ਸ਼ਸਤਰਾਂ ਤੋਂ ਬਿਨਾਂ ਮਾਲ ਨਾਲ ਲੱਦੇ ਹੋਏ ੧੨੦ ਹਾਥੀ ਮਹਿਮੂਦ ਦੇ ਆਪਣੇ ਹਿੱਸੇ ਆਏ। ਹੁਣ ਸਾਢੇ ਸੱਤ ਸੌ ਵਰ੍ਹੇ ਲਈ ਭਟਿੰਡਾ ਮੁਸਲਮਾਨੀ ਹਕੂਮਤ ਹੇਠ ਆ ਗਿਆ।

ਮੁਹੰਮਦ ਗ਼ੋਰੀ ਨੇ ਭਟਿੰਡੇ ਦਾ ਕਿਲਾ ਅਤੇ ਇਲਾਕੇ ਆਪਣੇ ਜਰਨੈਲ ਕੁਤਬੁਦੀਨ ਐਬਕ ਦੇ ਤਹਿਤ ਵਿਚ ਦੇ ਦਿੱਤੇ ਜੋ ਬਾਦ ਵਿਚ ਹਿੰਦੁਸਤਾਨ ਦਾ ਪਹਿਲਾ ਮੁਸਲਮਾਨ ਬਾਦਸ਼ਾਹ (੧੨੦੫—੧੨੧੦ ਈ.) ਬਣਿਆ ਅਤੇ ਗ਼ੁਲਾਮ ਘਰਾਣੇ ਦਾ ਮੋਢੀ ਕਰ ਕੇ ਪਰਸਿੱਧ ਹੋਇਆ। ਐਬਕ ਦੀ ਮੌਤ ਤੋਂ ਛੇਤੀ ਹੀ ਬਾਅਦ ਨਾਸਰੁਦੀਨ ਕੁਬਚਾ ਨੇ ਆਪਣੀ ਆਜ਼ਾਦੀ ਦਾ ਐਲਾਨ ਕਰਕੇ ਸਿੰਧ, ਮੁਲਤਾਨ, ਭਟਿੰਡਾ, ਸਰਹੰਦ ਅਤੇ ਘੁੜਾਮ ਅਤੇ ਥਾਨੇਸਰ ਦੇ ਗੁਆਂਢੀ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਪਰ ਸੰਨ ੧੨੧੦ ਵਿਚ ਦਿੱਲੀ ਉੱਤੇ ਇਲਤੁਤਮਸ਼ ਨੇ ਆਪਣਾ ਰਾਜ ਕਾਇਮ ਕਰ ਲਿਆ ਅਤੇ ਕੁਬਚੇ ਨੂੰ ਭਜਾ ਦਿੱਤਾ। ਇਲਤੁਤਮਸ਼ ਦੇ ਵੇਲੇ (੧੨੧੦—੧੨੩੬ ਈ.) ਭਟਿੰਡਾ ਪਹਿਲਾਂ ਮਲਿਕ ਤਾਜੁਦੀਨ ਸ਼ੱਮਸੀ ਅਤੇ ਫੇਰ ਮਲਿਕ ਸ਼ੇਰ ਖ਼ਾਨ, ਮੁਹੰਮਦ ਸ਼ਾਹ ਅਤੇ ਨੁਸਰਤ ਖ਼ਾਨ ਦੇ ਤਹਿਤ ਵਿਚ ਸੀ।

ਇਸ ਤੋਂ ਬਾਦ ਭਟਿੰਡੇ ਦੇ ਇਤਿਹਾਸ ਵਿਚ ਦਿੱਲੀ ਦੀ ਮਲਿਕਾ ਸੁਲਤਾਨਾ ਰਜ਼ੀਆ ਬੇਗਮ (੧੨੩੬-੩੯ ਈ.) ਦਾ ਜ਼ਿਕਰ ਆਉਂਦਾ ਹੈ। ਰਜ਼ੀਆ ਬੇਗਮ ਬਾਦਸ਼ਾਹ ਇਲਤੁਤਮਸ਼ ਦੀ ਧੀ ਸੀ ਜੋ ਆਪਣੇ ਪਿਤਾ ਦੀ

ਮੌਤ ਤੋਂ ਬਾਦ ਆਪਣੇ ਨਾਲਾਇਕ ਭਰਾ ਦੀ ਥਾਂ ਤਖ਼ਤ ਉੱਤੇ ਬੈਠੀ, ਪਰ ਉਸ ਦਾ ਸਮਾਂ ਬਗ਼ਾਵਤਾਂ ਅਤੇ ਮੁਸੀਬਤਾਂ ਵਿਚ ਗੁਜ਼ਰਿਆ। ਪਹਿਲੋਂ ਉਸ ਦੇ ਵਿਰੁਧ ਲਾਹੌਰ ਦੇ ਸੂਬੇਦਾਰ ਨੇ ਬਗ਼ਾਵਤ ਖੜੀ ਕਰ ਦਿੱਤੀ ਅਤੇ ਫੇਰ ਭਟਿੰਡੇ ਦੇ ਹਾਕਮ ਮਲਿਕ ਅਲਤੂਨੀਆ ਨੇ। ਰਜ਼ੀਆ, ਅਲਤੂਨੀਆ ਨੂੰ ਸੋਧਣ ਲਈ ਫ਼ੌਜ ਲੈ ਕੇ ਭਠਿੰਡੇ ਪੁਜੀ, ਪਰ ਉਸ ਨੂੰ ਹਾਰ ਹੋ ਗਈ ਅਤੇ ਉਹ ਕੈਦ ਕਰਕੇ ਕਿਲੇ ਦੇ ਸੰਮਣ ਬੁਰਜ ਵਿਚ ਬੰਦ ਕਰ ਦਿੱਤੀ ਗਈ। ਪਿੱਛੋਂ ਰਜ਼ੀਆ ਨੇ ਅਲਤੂਨੀਆ ਨਾਲ ਵਿਆਹ ਕਰ ਲਿਆ, ਪਰ ਦਿੱਲੀ ਦਾ ਤਖ਼ਤ ਪਰਾਪਤ ਕਰਨ ਵਿਚ ਸਫ਼ਲ ਨਾ ਹੋ ਸਕੀ ਅਤੇ ੨੪ ਅਕਤੂਬਰ ੧੨੩੯ ਨੂੰ ਕੈਥਲ ਦੀ ਲੜਾਈ ਵਿਚ ਹਾਰ ਖਾ ਕੇ ਕੈਦ ਹੋ ਗਈ ਅਤੇ ੧੪ ਨਵੰਬਰ ਨੂੰ ਆਪਣੇ ਪਤੀ ਸਮੇਤ ਕਤਲ ਕਰ ਦਿੱਤੀ ਗਈ।

ਨਾਸਿਰੁੱਦੀਨ ਮਹਿਮੂਦ (੧੨੪੬-੧੨੬੬ ਈ.) ਦੇ ਸਮੇਂ ਪੰਜਾਬ ਦੀ ਹਕੂਮਤ (ਜਿਸ ਵਿਚ ਮੁਲਤਾਨ, ਭਟਨੇਰ, ਭਟਿੰਡਾ, ਸੁਨਾਮ ਅਤੇ ਸਰਹੰਦ ਵੀ ਸ਼ਾਮਲ ਸਨ) ਵਜ਼ੀਰ ਗਿਆਸੁਦੀਨ ਬਲਬਨ ਦੇ ਭਤੀਜੇ ਸ਼ੇਰ ਖ਼ਾਨ ਦੇ ਪਾਸ ਸੀ ਜਿਸ ਨੂੰ ਉਸ ਦੀ ਲਿਆਕਤ ਅਤੇ ਸੇਵਾ ਦੇ ਬਦਲੇ ਮੁਅੱਜ਼ਮ ਖ਼ਾਨ ਦਾ ਖ਼ਿਤਾਬ ਮਿਲਿਆ ਸੀ। ਜ਼ਿਆ-ਉ-ਦੀਨ ਬਰਨੀ ਦੀ ਤਾਰੀਖਿ ਫ਼ੀਰੋਜ਼-ਸ਼ਾਹੀ ਅਨੁਸਾਰ ਸ਼ੇਰ ਖ਼ਾਨ ਨੇ ਭਟਿਡਾ ਅਤੇ ਭਟਨੇਰ ਦੇ ਕਿਲਿਆਂ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਬੜਾ ਮਜ਼ਬੂਤ ਬਣਾ ਲਿਆ ਸੀ ਅਤੇ ਜਦ ਮੁਗ਼ਲਾਂ ਨੇ ਪੰਜਾਬ ਉੱਤੇ ਹੱਲੇ ਕਰਨੇ ਸ਼ੁਰੂ ਕੀਤੇ ਤਾਂ ਸ਼ੇਰ ਖ਼ਾਨ ਨੇ ਉਨ੍ਹਾਂ ਨੂੰ ਕਈ ਲੜਾਈਆਂ ਵਿਚ ਹਾਰ ਦਿੱਤੀ।

ਜਦ ਪੰਜਾਬ ਦੀ ਹਕੂਮਤ ਦਾ ਮੁਖ ਅਸਥਾਨ ਲਾਹੌਰ ਬਣ ਗਿਆ ਅਤੇ ਦਿੱਲੀ ਦੀ ਇਸਲਾਮੀ ਹਕੂਮਤ ਨਾਲ ਇਸ ਦਾ ਸੰਬੰਧ ਸਰਹੰਦ ਵਿਚ ਦੀ ਲੰਘਦੀ ਸੜਕ ਰਾਹੀਂ ਹੋ ਗਿਆ, ਜੋ ਕਿ ਇਕ ਸਰਕਾਰ ਦਾ ਮੁਖ ਅਸਥਾਨ ਸੀ ਤਾਂ ਭਟਿੰਡਾ ਹੌਲੀ ਹੌਲੀ ਪਿੱਛੇ ਪੈਂਦਾ ਗਿਆ। ਮੁਗ਼ਲਾਂ ਵੇਲੇ ਇਹ ਜੰਗਲ ਦੇ ਇਲਾਕੇ ਵਿਚ ਇਕ ਫ਼ੌਜੀ ਵਿਸ਼ੇਸ਼ਤਾ ਵਾਲਾ ਅਸਥਾਨ ਸੀ। ਸੰਨ ੧੭੫੪ ਵਿਚ ਬੁੱਢਾ ਦਲ ਦੀ ਸਹਾਇਤਾ ਨਾਲ ਫੂਲ-ਬੰਸੀ ਬਾਬਾ ਆਲਾ ਸਿੰਘ ਨੇ ਭਟਿੰਡੇ ਉੱਤੇ ਕਬਜ਼ਾ ਕਰ ਲਿਆ ਅਤੇ ਪਟਿਆਲੇ ਦੇ ਰਾਜ ਵਿਚ ਸ਼ਾਮਲ ਕਰ ਲਿਆ। ੧੯੫੬ ਵਿਚ ਜਦ ਪਟਿਆਲਾ ਯੂਨੀਅਨ ਅਤੇ ਪੰਜਾਬ ਇਕਮਿਕ ਹੋ ਗਏ ਤਾਂ ਭਟਿੰਡਾ ਵੀ ਪੰਜਾਬ ਵਿਚ ਸ਼ਾਮਲ ਹੋ ਗਿਆ। ਅਜ ਕਲ ਇਹ ਜ਼ਿਲੇ ਦਾ ਮੁਖ ਅਸਥਾਨ ਹੈ।

ਕਿਲੇ ਦੀ ਤਰ੍ਹਾਂ ਹੀ ਭਟਿੰਡੇ ਵਿਚ ਇਕ ਹੋਰ ਪੁਰਾਣੀ ਇਤਿਹਾਸਕ ਯਾਦਗਾਰ ਬਾਬਾ ਹਾਜੀ ਰਤਨ ਦਾ ਰੌਜ਼ਾ ਹੈ। ਪਰਾਚੀਨ ਕਥਾ ਅਨੁਸਾਰ ਰਤਨ ਰਾਜਾ ਵਿਨੈਪਾਲ ਦਾ ਵਜ਼ੀਰ ਸੀ। ਜਦ ਮੁਸਲਮਾਨਾਂ ਨੇ ਇੱਥੇ ਹੱਲਾ ਕੀਤਾ ਤਾਂ ਇਹ ਉਨ੍ਹਾਂ ਨਾਲ ਰਲ ਗਿਆ ਅਤੇ ਉਨ੍ਹਾਂ ਦੇ ਕਿਲੇ ਉੱਤੇ ਕਬਜ਼ਾ ਕਰ ਲੈਣ ਵਿਚ ਸਹਾਈ ਹੋਇਆ। ਇਸ ਨੇ ਇਸਲਾਮ ਧਰਮ ਧਾਰਣ ਕਰ ਲਿਆ ਸੀ ਅਤੇ ਹੱਜ ਕਰਨ ਲਈ ਮੱਕੇ ਗਿਆ ਸੀ। ਇਸੇ ਕਰਕੇ ਹੀ ਇਹ ਹਾਜੀ ਬਾਬਾ ਕਰ ਕੇ ਪਰਸਿੱਧ ਹੈ। ਇਸਲਾਮ ਲਈ ਇਸ ਦੀ ਸ਼ਰਧਾ ਅਤੇ ਪਰਚਾਰ ਦੀ ਲਗਨ ਕਰਕੇ ਇਸ ਦੀ ਮੰਨਤ ਹੋਣ ਲਗ ਪਈ ਅਤੇ ਇਸ ਦੇ ਮਕਬਰੇ (ਰੌਜ਼ੇ) ਦੀ ਜ਼ਿਆਰਤ ਕਰਨ ਲਈ ਲੋਕ ਦੂਰੋਂ ਦੂਰੋਂ ਆਉਣ ਲਗ ਪਏ।

ਕਿਲੇ ਦੇ ਅੰਦਰ ਉੱਪਰ ਗੁਰਦੁਆਰੇ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੋਰ ਗੁਰਦੁਆਰਾ ਬਾਬਾ ਹਾਜੀ ਰਤਨ ਦੇ ਰੌਜ਼ੇ ਦੇ ਪਾਸ ਉਸ ਅਸਥਾਨ ਤੇ ਹੈ ਜਿੱਥੇ ਗੁਰੂ ਸਾਹਿਬ ਦਾ ਡੇਰਾ ਸੀ। ਇਨ੍ਹਾਂ ਦੋਹਾਂ ਗੁਰਦੁਆਰਿਆਂ ਨੂੰ ਪੁਰਾਣੀ ਰਿਆਸਤ ਪਟਿਆਲਾ ਵਲੋਂ ਪੰਜਾਹ ਅਤੇ ਪੰਝੀ ਘੁਮਾਉਂ ਜ਼ਮੀਨ ਜਾਗੀਰ ਮਿਲੀ ਹੋਈ ਹੈ।

## ਮਹਿੰਦਰਗੜ੍ਹ

ਮਹਿੰਦਰਗੜ੍ਹ ਦਾ ਪੁਰਾਣਾ ਨਾਉਂ ਕਾਨੌਡ ਹੈ। ਇਹ ਦਿੱਲੀ ਬੀਕਾਨੇਰ ਰੇਲਵੇ ਲਾਈਨ ਉੱਤੇ ਰਿਵਾੜੀ ਅਤੇ ਲੋਹਾਰੂ ਦੇ ਵਿਚਕਾਰ ਹੈ ਅਤੇ ਦਾਦਰੀ ਤੋਂ ੨੪ ਮੀਲ ਦੱਖਣ ਨੂੰ ਹੈ। ਕਾਨੌਡ ਦੀ ਨੀਂਹ ਬਾਬਰ ਬਾਦਸ਼ਾਹ ਦੇ ਇਕ ਨਫ਼ਰ ਮਲਿਕ ਮਹਿਮੂਦ ਖ਼ਾਨ ਨੇ ਰਖੀ ਸੀ ਅਤੇ ਇਸ ਦਾ ਇਹ ਨਾਉਂ ਕਾਨੌਡੀ ਬ੍ਰਾਹਮਣਾਂ ਕਰਕੇ ਪਿਆ ਹੈ ਜੋ

ਇੱਥੇ ਸਭ ਤੋਂ ਪਹਿਲੋਂ ਆ ਕੇ ਆਬਾਦ ਹੋਏ ਸਨ। ਛੇਤੀ ਹੀ ਇਸ ਦੀ ਵਿਸ਼ੇਸ਼ਤਾ ਵਧਦੀ ਗਈ ਅਤੇ ਮੁਗ਼ਲ ਬਾਦਸ਼ਾਹਾਂ ਵੇਲੇ ਇਹ ਸਰਕਾਰ ਨਾਰਨੌਲ ਦੇ ਇਕ ਪਰਗਣੇ ਦਾ ਮੁਖ ਅਸਥਾਨ ਬਣ ਗਿਆ।

ਅਠਾਰ੍ਹਵੀਂ ਸਦੀ ਦੇ ਦੂਸਰੇ ਅੱਧ ਵਿਚ ਜਦ ਮੁਗ਼ਲ ਰਾਜ ਹੌਲੀ ਹੌਲੀ ਟੁਕੜੇ ਹੁੰਦਾ ਜਾ ਰਿਹਾ ਸੀ, ਕਨੌਡ ਉੱਤੇ ਜੈਪੁਰ ਦੇ ਇਕ ਠਾਕੁਰ ਨੇ ਕਬਜ਼ਾ ਕਰ ਲਿਆ, ਪਰ ਬਾਦਸ਼ਾਹ ਸ਼ਾਹ ਆਲਮ ਦੂਸਰੇ ਦੇ ਵਜ਼ੀਰ ਨਵਾਬ ਨੱਜਫ਼ ਕੁਲੀ ਖ਼ਾਨ ਨੇ ਕਨੌਡ ਛੇਤੀ ਹੀ ਉਸ ਪਾਸੋਂ ਖ਼ਾਲੀ ਕਰਵਾ ਲਿਆ। ਨਜਫ਼ ਕੁਲੀ ਖ਼ਾਨ ਦੀ ਮੌਤ ਤੋਂ ਬਾਦ ਇਹ ਉਸ ਦੀ ਵਿਧਵਾ ਬੇਗਮ ਪਾਸ ਰਿਹਾ। ਸੰਨ ੧੭੯੨ ਵਿਚ ਮਰਾਠਿਆਂ ਦੇ ਜਰਨੈਲ ਦੁ-ਬੁਆਇਨ ਨੇ ਇਕ ਹੋਰ ਫ਼ਰਾਂਸੀਸੀ ਜਰਨੈਲ ਪੈਰੋਂ ਦੀ ਕਮਾਨ ਹੇਠਾਂ ਕਨੌਡ ਉੱਤੇ ਕਬਜ਼ਾ ਕਰਨ ਲਈ ਫ਼ੌਜ ਭੇਜੀ ਤਾਂ ਇਸਮਾਈਲ ਬੇਗ ਨੇ ਬੇਗਮ ਨੂੰ ਸੁਨੇਹਾ ਭੇਜਿਆ ਕਿ ਉਹ ਮਰਾਠਿਆਂ ਦੇ ਵਿਰੁਧ ਡਟ ਜਾਏ ਅਤੇ ਆਪ ਉਸ ਦੀ ਸਹਾਇਤਾ ਲਈ ਪੁੱਜਾ। ਬੇਗਮ ਬੜੀ ਬਹਾਦੁਰੀ ਨਾਲ ਕਨੌਡ ਦੀ ਰਾਖੀ ਲਈ ਲੜੀ ਅਤੇ ਵੈਰੀ ਦਾ ਟਾਕਰਾ ਕਰਦੀ ਹੋਈ ਰਣਭੂਮੀ ਵਿਚ ਮਾਰੀ ਗਈ। ਇਸਮਾਈਲ ਬੇਗ ਨੇ ਜਰਨੈਲ ਪੈਰੋਂ ਦੀ ਈਨ ਮੰਨ ਲਈ। ਇਸ ਤਰਾਂ ਇਥੇ ਮਰਾਠਿਆਂ ਦਾ ਕਬਜ਼ਾ ਹੋ ਗਿਆ ਅਤੇ ਮਹਾਜੀ ਸਿੰਧੀਆ ਦੇ ਇਕ ਜਾਗੀਰਦਾਰ ਆਪਾ ਖੰਡੇ ਰਾਓ ਦੇ ਤਹਿਤ ਵਿਚ ਆ ਗਿਆ। ਕਨੌਡ ਦਾ ਕਿਲਾ ਮਰਾਠਿਆਂ ਨੇ ਬਣਵਾਇਆ। ਅੰਤ ਇਸ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ ਅਤੇ ਝੱਜਰ ਦੇ ਨਵਾਬ ਨੂੰ ਬਖ਼ਸ਼ ਦਿੱਤਾ। ਸੰਨ ੧੮੫੭ ਦੇ ਗ਼ਦਰ ਵਿਚ ਝੱਜਰ ਦਾ ਨਵਾਬ ਮੁਗ਼ਲ ਬਾਦਸ਼ਾਹ ਦਾ ਹਮਾਇਤੀ ਬਣ ਗਿਆ ਜਿਸ ਨੂੰ ਕਿ ਫ਼ਿਰ ਦਿੱਲੀ ਦੇ ਤਖ਼ਤ ਉੱਤੇ ਬਿਠਾਇਆ ਜਾ ਰਿਹਾ ਸੀ। ਅੰਗਰੇਜ਼ਾਂ ਨੇ ਨਵਾਬ ਨੂੰ ਫੜ ਕੇ ਫਾਹੇ ਲਾ ਦਿੱਤਾ ਅਤੇ ਜਨਵਰੀ ਸੰਨ ੧੮੬੧ ਈ. ਨੂੰ ੧੯,੩੮,੮੦੦ ਰੁਪਏ ਬਦਲੇ ਕਨੌਡ ਅਤੇ ਬੁਧੂਆਣਾ ਦੇ ਪਰਗਣੇ ਪਟਿਆਲਾ ਪਤੀ ਮਹਾਰਾਜਾ ਨਰਿੰਦਰ ਸਿੰਘ ਨੂੰ ਦੇ ਦਿੱਤੇ। ਮਹਾਰਾਜਾ ਨੇ ਕਨੌਡ ਦਾ ਨਾਉਂ ਵੀ ਬਦਲ ਕੇ ਮਹਿੰਦਰਗੜ੍ਹ ਰਖ ਦਿੱਤਾ ਅਤੇ ਜ਼ਿਲੇ ਦਾ ਨਾਉਂ ਵੀ ਮਹਿੰਦਰਗੜ੍ਹ ਕਰ ਦਿੱਤਾ ਭਾਵੇਂ ਇਸ ਦਾ ਮੁਖ ਅਸਥਾਨ ਨਾਰਨੌਲ ਹੀ ਰਿਹਾ। ਪਟਿਆਲਾ ਯੂਨੀਅਨ ਦੇ ਪੰਜਾਬ ਨਾਲ ਰਲ ਜਾਣ ਨਾਲ ਇਹ ਅਸਥਾਨ ਵੀ ਪੰਜਾਬ ਵਿਚ ਆ ਗਿਆ।

## ਮਨਸੂਰਪੁਰ – ਛੀਂਟਾਂ ਵਾਲਾ

ਮਨਸੂਰਪੁਰ, ਜੋ ਛੀਂਟਾਂਵਾਲਾ ਕਰਕੇ ਪਰਸਿੱਧ ਹੈ, ਇਕ ਬੜਾ ਪੁਰਾਣਾ ਪਿੰਡ ਹੈ ਜੋ ਰਾਜਪੁਰਾ-ਭਟਿੰਡਾ ਰੇਲਵੇ ਲਾਈਨ ਉੱਤੇ ਨਾਭੇ ਤੋਂ ੯ ਮੀਲ ਲਹਿੰਦੇ ਨੂੰ ਹੈ। ਇਸ ਦੀ ਬੁਨਿਆਦ ਮਨਸੂਰ-ਅਲੀ ਖ਼ਾਨ ਇਕ ਰਾਜਪੂਤ ਨੇ ਰਖੀ ਸੀ ਜੋ ਮੁਸਲਮਾਨਾਂ ਦੇ ਹਿੰਦੁਸਤਾਨ ਵਿਚ ਪਹਿਲੋਂ ਪਹਿਲ ਆਉਣ ਵੇਲੇ ਮੁਸਲਮਾਨ ਹੋਇਆ ਸੀ।

ਮਨਸੂਰਪੁਰ ਦਾ ਪਹਿਲਾ ਇਤਿਹਾਸਕ ਜ਼ਿਕਰ ਮਿਨਹਾਜੁ-ਸਰਾਜ ਦੀ ਪੁਸਤਕ ਤਬਕਾਤਿ-ਨਾਸਿਰੀ ਵਿਚ ਮਿਲਦਾ ਹੈ। ਉਹ ਦਸਦਾ ਹੈ ਕਿ ਗ਼ੁਲਾਮ ਘਰਾਣੇ ਦੇ ਬਾਦਸ਼ਾਹ ਇਲਤੁਤਮਸ਼ ਦੇ ਪੁੱਤਰ ਰੁਕਨੁਦੀਨ ਨੇ ਘੁਰਾਮ ਵਲ ਨੂੰ ਚੜ੍ਹਾਈ ਕਰਦੇ ਹੋਏ ਸੰਨ ੧੨੩੬ ਈ. ਵਿਚ ਮਨਸੂਰਪੁਰ ਦੇ ਲਾਗੇ ਆਪਣੇ ਬਾਗ਼ੀ ਅਫ਼ਸਰਾਂ ਨੂੰ ਹਾਰ ਦਿੱਤੀ ਅਤੇ ਕਈ ਇਕ ਤਾਜ਼ੀਕਾਂ ਨੂੰ ਕਤਲ ਕੀਤਾ ਸੀ। ਮਨਸੂਰਪੁਰ ਦੇ ਲਾਗੇ ਬਾਗੀਆਂ ਨੇ ਮੁੜ ਇਕ ਭਾਰੀ ਇਕੱਠ ਕੀਤਾ ਅਤੇ ਦਿੱਲੀ ਰੁਕਨੁਦੀਨ ਦੀ ਭੈਣ ਸੁਲਤਾਨਾ ਰਜ਼ੀਆ ਬੇਗਮ ਨਾਲ ਜਾ ਰਲੇ, ਜਿਸ ਨੇ ਹਿੰਦੁਸਤਾਨ ਦੇ ਤਖ਼ਤ ਉੱਤੇ ਬੈਠ ਕੇ ਆਪਣੇ ਭਾਈ ਨੂੰ ਕੈਦ ਕਰਨ ਦਾ ਹੁਕਮ ਦੇ ਦਿੱਤਾ।

ਸੁਲਤਾਨ ਨਾਸਿਰੁਦੀਨ ਮਹਿਮੂਦ (੧੨੪੬-੧੨੬੬) ਦੇ ਵੇਲੇ ਮਨਸੂਰਪੁਰ ਵਿਚ ਬਾਣ ਖਾਨ ਇਕ ਪਰਸਿੱਧ ਅਫ਼ਸਰ ਹੋਇਆ ਜੋ ਤੁਰਕਾਂ ਅਤੇ ਮਲਿਕ ਦੀ ਪਾਰਟੀ ਵਿਚ ਇਸ ਖ਼ਿਆਲ ਨਾਲ ਰਲ ਗਿਆ ਸੀ ਤਾਂ ਕਿ ਸੁਲਤਾਨ ਨੂੰ ਮਜਬੂਰ ਕਰਨ ਕਿ ਉਹ ਗਿਆਸੁਦੀਨ ਨੂੰ ਮੁੜ ਵਜ਼ੀਰ ਬਣਾ ਲਵੇ ਜਿਸ ਨੂੰ ਉਸ ਦੇ ਵੈਰੀਆਂ ਦੀਆਂ ਸਾਜ਼ਸ਼ਾਂ ਕਰ ਕੇ ਹਟਾ ਦਿੱਤਾ ਹੋਇਆ ਸੀ। ੧੨੫੫ ਈ. ਵਿਚ ਸੁਲਤਾਨ ਨਾਸਿਰੁਦੀਨ ਅਤੇ ਉਸ ਦੇ ਨਾਰਾਜ਼ ਹੋਏ ਹੋਏ ਅਫ਼ਸਰਾਂ ਵਿਚਕਾਰ ਸਮਝੌਤਾ ਹੋ ਗਿਆ ਅਤੇ ਗਿਆਸੁਦੀਨ ਮੁੜ ਦਿੱਲੀ ਦਾ ਵਜ਼ੀਰ ਬਣ ਗਿਆ।

ਤਾਰੀਖ਼ਿ ਮੁਬਾਰਕਸ਼ਾਹੀ ਦਾ ਲਿਖਾਰੀ ਯਾਹੀਆ ਬਿਨ ਅਹਿਮਦ ਸਰਹੰਦੀ ਫ਼ੀਰੋਜ਼ ਸ਼ਾਹ ਤੁਗ਼ਲਕ (੧੩੫੧–੧੩੮੮ ਈ.) ਵੇਲੇ ਕੱਢੀ ਗਈ ਨਹਿਰ ਦੇ ਸੰਬੰਧ ਵਿਚ ਮਨਸੂਰਪੁਰ ਦਾ ਜ਼ਿਕਰ ਕਰਦਾ ਹੈ। ਮਈ ੧੩੬੧ ਵਿਚ ਜਦ ਫ਼ੀਰੋਜ਼ ਸ਼ਾਹ ਸਿਰਮੌਰ ਦੀਆਂ ਪਹਾੜੀਆਂ ਵਿਚ ਗਿਆ ਤਾਂ ਉਸ ਨੇ ਹੁਕਮ ਦਿੱਤਾ ਕਿ ਇਕ ਪਹਾੜੀ ਨੂੰ ਕਟ ਕੇ ਸਰਸਾ ਦਾ ਪਾਣੀ ਜੋ ਉਸ ਵੇਲੇ ਸਤਲੁਜ ਵਿਚ ਡਿਗਦਾ ਸੀ, ਮੋੜ ਕੇ ਸਲੀਮਾ ਨਦੀ ਵਿਚ ਪਾ ਦਿਤਾ ਜਾਏ ਤਾਂ ਕਿ ਸਰਹੰਦ, ਮਨਸੂਰਪੁਰ ਵਿਚ ਦੀ ਹੋ ਕੇ ਸੁਨਾਮ ਵਲ ਨੂੰ ਜਾਂਦੀ ਨਦੀ ਵਿਚ ਸਦਾ ਹੀ ਪਾਣੀ ਵਗਦਾ ਰਹੇ। ਇਸ ਨਦੀ ਨੂੰ ਇਕ ਨਹਿਰ ਦੀ ਸ਼ਕਲ ਦੇ ਦਿੱਤੀ ਗਈ ਤਾਂ ਕਿ ਸਰਹੰਦ ਤੋਂ ਸੁਨਾਮ ਤਕ ਦੇ ਇਲਾਕੇ ਦੀ, ਜਿਸ ਵਿਚ ਮਨਸੂਰਪੁਰ ਵੀ ਸ਼ਾਮਲ ਸੀ, ਸਿੰਜਾਈ ਹੁੰਦੀ ਰਹੇ। ਜੁਲਾਈ ੧੪੨੦ ਵਿਚ ਸੁਲਤਾਨ ਸੱਯਦ ਖ਼ਿਜ਼ਰ ਖ਼ਾਨ (੧੪੧੨–੧੪੨੧ ਈ.) ਦੇ ਆਖ਼ਰੀ ਦਿਨੀਂ ਤੁਗਾਨ ਨਾਮੀ ਇਕ ਤੁਰਕੀ ਗ਼ੁਲਾਮ ਫ਼ੌਜੀ ਅਫ਼ਸਰ ਨੇ ਸਰਹੰਦ ਦੇ ਕਿਲੇ ਨੂੰ ਘੇਰਾ ਪਾ ਕੇ ਪਾਇਲ ਤੋਂ ਲੈ ਕੇ ਮਨਸੂਰਪੁਰ ਤਕ ਦਾ ਇਲਾਕਾ ਲੁਟ ਮਾਰਿਆ। ਖ਼ੈਰੁਦੀਨ ਦੀ ਕਮਾਨ ਹੇਠਾਂ ਇਕ ਸ਼ਾਹੀ ਫ਼ੌਜ ਉਸ ਦੇ ਵਿਰੁਧ ਚੜ੍ਹ ਕੇ ਆਈ ਜਿਸ ਨਾਲ ਸਾਮਾਣੇ ਦਾ ਜ਼ੀਰਕ ਖ਼ਾਨ ਵੀ ਸ਼ਾਮਲ ਹੋ ਗਿਆ। ਇਹ ਸੁਣ ਕੇ ਤੁਗਾਨ ਪੰਜਾਬ ਵਲ ਨੂੰ ਭਜ ਨਿਕਲਿਆ ਅਤੇ ਜਸਰਤ ਖੋਖਰ ਦੇ ਇਲਾਕੇ ਵਿਚ ਜਾ ਲੁਕਿਆ।

ਪੰਧਰ੍ਹਵੀਂ ਸਦੀ ਦੇ ਅਖ਼ੀਰ ਵਿਚ ਗੁਰੂ ਨਾਨਕ ਨੇ ਮਨਸੂਰਪੁਰ ਵਿਚ ਚਰਨ ਪਾਏ ਅਤੇ ਚੰਦਨ ਦਾਸ ਖੱਤਰੀ ਦੇ ਚੁਬਾਰੇ ਵਿਚ ਟਿਕਾਣਾ ਕੀਤਾ। ਇਹ ਮਕਾਨ ਜਰਿਆਂ ਵਾਲੀ ਹਵੇਲੀ ਵਿਚ ਹੈ ਜਿਸ ਦਾ ਚੁਬਾਰਾ ਇਸ ਵੇਲੇ ਨਹੀਂ ਹੈ। ਕੁਝ ਸ਼ਰਧਾਲੂ ਸਿਖਾਂ ਨੇ ਇਥੇ ਇਤਿਹਾਸਕ ਗੁਰਦੁਆਰਾ ਅਸਥਾਪਨ ਕਰਨ ਦਾ ਜਤਨ ਕੀਤਾ ਸੀ, ਪਰ ਉਹ ਸਫ਼ਲ ਨਾ ਹੋਏ। ੧੭੬੧ ਵਿਚ ਮਨਸੂਰਪੁਰ ਦਾ ਪਰਗਣਾ ਮਹਾਰਾਜਾ ਆਲਾ ਸਿੰਘ ਦੇ ਤਹਿਤ ਵਿਚ ਸੀ ਜਿਸ ਨਾਲ ੨੩ ਪਿੰਡ ਲਗੇ ਹੋਏ ਸਨ।

੧੮੦੬ ਈ. ਨੂੰ ਇੱਥੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਨਾਭੇ ਅਤੇ ਪਟਿਆਲੇ ਵਿਚ ਸਮਝੌਤਾ ਕਰਾਇਆ ਸੀ।

ਇੱਥੇ ਦੇ ਛੀਂਬੇ ਵੱਖਰੇ ਵੱਖਰੇ ਨਮੂਨਿਆਂ ਅਤੇ ਰੰਗਾਂ ਦੀਆਂ ਛੀਂਟਾਂ ਛਾਪਣ ਵਿਚ ਬੜੇ ਮਸ਼ਹੂਰ ਸਨ ਇਸੇ ਕਰ ਕੇ ਆਮ ਲੋਕਾਂ ਵਿਚ ਮਨਸੂਰਪੁਰ ਦਾ ਨਾਉਂ ਹੀ ਛੀਂਟਾਂ ਵਾਲਾ ਮਸ਼ਹੂਰ ਹੋ ਗਿਆ ਸੀ। ਜਿਉਂ ਜਿਉਂ ਸਮਾ ਬੀਤਦਾ ਗਿਆ ਮਨਸੂਰਪੁਰ ਨਾਉਂ ਲੋਕਾਂ ਨੂੰ ਭੁਲ ਹੀ ਗਿਆ।

ਪੁਰਾਣੀ ਪਟਿਆਲਾ ਰਿਆਸਤ ਵੇਲੇ ਛੀਂਟਾਂਵਾਲਾ ਸੁਨਾਮ ਦੀ ਨਿਜ਼ਾਮਤ ਵਿਚ ਹੁੰਦਾ ਸੀ ਅਤੇ ਇਸ ਨੂੰ ਭਵਾਨੀਗੜ੍ਹ ਦਾ ਠਾਣਾ ਲਗਦਾ ਸੀ। ਹੁਣ ਇਹ ਪੰਜਾਬ ਦੇ ਜ਼ਿਲਾ ਪਟਿਆਲਾ ਵਿਚ ਹੈ।

ਛੀਂਟਾਂਵਾਲੇ ਵਿਚ ਮਾਘੀ ਰਾਮ ਵੇਦਾਂਤੀ ਦਾ ਮੰਦਰ ਹੈ ਜੋ 'ਆਪੋ-ਆਪ' ਨਾਮੀ ਸੰਪਰਦਾਇ ਦਾ ਮੋਢੀ ਸੀ।

## ਮੁਕਤਸਰ

### ਜ਼ਿਲਾ ਫ਼ੀਰੋਜ਼ਪੁਰ

ਭਟਿੰਡੇ ਤੋਂ ਰੇਲ ਰਾਹੀਂ ੪੬ ਮੀਲ ਅਤੇ ਸਿੱਧਾ ੩੦-੩੧ ਉਤਰ-ਲਹਿੰਦੇ ਨੂੰ ਅਤੇ ਕੋਟ ਕਪੂਰੇ ਤੋਂ ੨੦ ਮੀਲ ਲਹਿੰਦੇ ਨੂੰ ਸਿਖਾਂ ਦਾ ਪਵਿੱਤਰ ਸਰੋਵਰ ਮੁਕਤਸਰ ਹੈ। ਇਸ ਥਾਂ ਉੱਤੇ ਪਹਿਲੇ ਪਾਣੀ ਦੀ ਢਾਬ ਹੁੰਦੀ ਸੀ ਜਿਸ ਨੂੰ 'ਖਿਦਰਾਣੇ ਦੀ ਢਾਬ' ਕਹਿੰਦੇ ਸਨ। ਚਾਰੇ ਪਾਸਿਆਂ ਤੋਂ ਆ ਕੇ ਇੱਥੇ ਇਤਨਾ ਪਾਣੀ ਜਮ੍ਹਾਂ ਹੋ ਜਾਂਦਾ ਸੀ ਕਿ ਸਾਲ ਭਰ ਦੂਰ ਦੂਰ ਦੇ ਪਿੰਡਾਂ ਦੇ ਆਦਮੀ ਅਤੇ ਪਸ਼ੂ ਪਾਣੀ ਪੀਣ ਲਈ ਇੱਥੇ ਆਉਂਦੇ ਸਨ।

ਦਸੰਬਰ ੧੭੦੪ ਵਿਚ ਆਨੰਦਪੁਰ ਛੱਡਣ ਤੋਂ ਬਾਦ ਚਮਕੌਰ ਸਾਹਿਬ ਦੀ ਜੰਗ ਦੇ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਜਦ ਮਾਲਵੇ ਵਲ ਆ ਗਏ ਤਾਂ ਵਜ਼ੀਰ ਖ਼ਾਨ ਹਾਕਮ ਸਰਹੰਦ ਫ਼ੌਜ ਸਮੇਤ ਉਨ੍ਹਾਂ ਦੇ ਪਿੱਛੇ ਲਗ ਤੁਰਿਆ। ਖਿਦਰਾਣੇ ਦੀ ਢਾਬ ਦੇ ਲਾਗੇ ਸਿੰਘਾਂ ਨੇ ਸ਼ਾਹੀ ਫ਼ੌਜ ਦਾ ਟਾਕਰਾ ਕੀਤਾ। ਸਭ ਤੋਂ ਪਹਿਲਾਂ ਮਾਈ ਭਾਗੋ ਅਤੇ ਉਸ ਦੇ ਸਾਥੀ ਸਿੰਘਾਂ ਨੇ ਵੈਰੀ ਨਾਲ ਲੋਹਾ ਲਿਆ ਅਤੇ ਵੱਡੀ ਬੀਰਤਾ ਨਾਲ ਸ਼ਹੀਦੀਆਂ ਪਾਈਆਂ। ਇੱਥੇ ਹੀ ਰਣਭੂਮੀ

ਵਿਚ ਆਪਣੇ ਅੰਤਮ ਸਮੇਂ ਬੇਨਤੀ ਕਰ ਕੇ ਭਾਈ ਮਹਾਂ ਸਿੰਘ ਨੇ ਕੁਝ ਸਿੰਘਾਂ ਦਾ ਅਨੰਦਪੁਰ ਸਾਹਿਬ ਵਿਚ ਗੁਰੂ ਸਾਹਿਬ ਨੂੰ ਲਿਖ ਕੇ ਦਿਤਾ ਹੋਇਆ ਬੇਦਾਵਾ-ਪੱਤਰ ਪੜਵਾਇਆ ਅਤੇ ਟੁੱਟੀ ਗੰਢੀ। ਗੁਰੂ ਗੋਬਿੰਦ ਸਿੰਘ ਨੇ ਇਥੇ ਸ਼ਹੀਦ ਹੋਏ ਸਿੰਘਾਂ ਦੀ ਕੁਰਬਾਨੀ ਤੋਂ ਪਰਸੰਨ ਹੋ ਕੇ ਉਨ੍ਹਾਂ ਨੂੰ 'ਮੁਕਤੇ' ਪਦਵੀ ਬਖ਼ਸ਼ੀ, ਇਸ ਢਾਬ–ਸਰੋਵਰ–ਦਾ ਨਾਉਂ 'ਮੁਕਤਸਰ' ਧਰਿਆ ਅਤੇ ਆਪਣੀ ਹੱਥੀਂ ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕੀਤਾ। ਸ਼ਹੀਦਗੰਜ ਮੁਕਤਸਰ ਸਰੋਵਰ ਦੇ ਕੰਢੇ ਉੱਤੇ ਹੈ। ਸਰੋਵਰ ਦੇ ਨਾਉਂ ਉੱਤੇ ਹੀ ਨਗਰ ਦਾ ਨਾਉਂ ਵੀ ਮੁਕਤਸਰ ਹੋ ਗਿਆ।

ਇੱਥੇ ਹੇਠ ਲਿਖੇ ਇਤਿਹਾਸਕ ਅਤੇ ਧਾਰਮਕ ਅਸਥਾਨ ਹਨ :

੧. ਸ਼ਹੀਦ ਗੰਜ, ਜਿੱਥੇ ਗੁਰੂ ਗੋਬਿਦ ਸਿੰਘ ਜੀ ਨੇ ਮੁਕਤਿਆਂ ਅਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਸੀ।

੨. ਟਿੱਬੀ ਸਾਹਿਬ ਗੁਰਦੁਆਰਾ, ਸ਼ਹਿਰ ਤੋਂ ਉਤਰ-ਲਹਿੰਦੇ ਵਲ ਉਹ ਠੇਰੀ ਜਾਂ ਟਿੱਬੀ ਹੈ, ਜਿੱਥੋਂ ਗੁਰੂ ਗੋਬਿੰਦ ਸਿੰਘ ਵੈਰੀ ਸੈਨਾ ਉਪਰ ਤੀਰ ਚਲਾਉਂਦੇ ਰਹੇ ਸਨ। ਗੁਰਦੁਆਰਾ ਸਾਹਿਬ ਦੀ ਲਾਗੇ ਦੀ ਜ਼ਮੀਨ ਵਿਚ ਹੁਣ ਗੌਰਮੈਂਟ ਕਾਲਜ ਬਣ ਗਿਆ ਹੈ।

੩. ਤੰਬੂ ਸਾਹਿਬ, ਜਿੱਥੇ ਸਿੰਘਾਂ ਦਾ ਡੇਰਾ ਸੀ।

੪. ਵੱਡਾ ਦਰਬਾਰ, ਜਿੱਥੇ ਗੁਰੂ ਗੋਬਿੰਦ ਸਿਘ ਜੀ ਬਿਰਾਜੇ ਸਨ। ਇਹ ਗੁਰਦੁਆਰਾ ਸਰੋਵਰ ਦੇ ਕੰਢੇ ਬੜਾ ਸੁੰਦਰ ਬਣਿਆ ਹੋਇਆ ਹੈ।

## ਲਾਹੌਰ

ਪਰਾਚੀਨ ਕਥਾ ਅਨੁਸਾਰ ਲਾਹੌਰ ਸ੍ਰੀ ਰਾਮ ਚੰਦਰ ਦੇ ਪੁੱਤਰ ਲਵ ਨੇ ਵਸਾਇਆ ਸੀ, ਪਰ ਇਸ ਦਾ ਪਹਿਲਾ ਇਤਿਹਾਸਕ ਜ਼ਿਕਰ ਹਿਊਨ ਸਾਂਗ ਦੀ ਲਿਖਤ ਵਿਚ ਆਉਂਦਾ ਹੈ ਜੋ ਸੰਨ ੬੩੦ ਵਿਚ ਜਾਲੰਧਰ ਨੂੰ ਜਾਂਦਾ ਹੋਇਆ ਇੱਥੋਂ ਦੀ ਲੰਘਿਆ ਸੀ। ਸੰਨ ੯੯੮ ਵਿਚ ਲਾਹੌਰ ਦੇ ਰਾਜਾ ਜੈਪਾਲ ਨੂੰ ਸਬੁਕਤਗੀਨ ਨੇ ਹਾਰ ਦਿੱਤੀ ਪਰ ੧੦੦੯ ਤਕ ਇੱਥੇ ਪਾਲ ਰਾਜਿਆਂ ਦਾ ਰਾਜ ਰਿਹਾ। ਗਿਆਰ੍ਹਵੀਂ ਸਦੀ ਤੋਂ ਸੋਲ੍ਹਵੀਂ ਸਦੀ ਦੇ ਅਰੰਭ ਤਕ ਲਾਹੌਰ ਨੂੰ ਕਦੀ ਘਟ ਹੀ ਸੁਖ ਦਾ ਸਾਹ ਆਇਆ। ਲਹਿੰਦੇ ਤੋਂ ਆਉਂਦੀਆਂ ਨਿੱਤ ਦੀਆਂ ਮੁਹਿੰਮਾਂ ਨੇ ਇਸ ਨੂੰ ਇਕ ਸ਼ਿਕਾਰਗਾਹ ਬਣਾਈ ਰੱਖਿਆ।

ਮੁਗ਼ਲਾਂ ਦੇ ਵੇਲੇ ਲਾਹੌਰ ਦੀ ਬੜੀ ਪ੍ਰਭਤਾ ਸੀ ਅਤੇ ਅਕਬਰ ਅਤੇ ਜਹਾਂਗੀਰ ਇਸ ਨੂੰ ਖ਼ਾਸ ਤੌਰ ਤੇ ਨਿਵਾਜਦੇ ਰਹੇ। ਜਹਾਂਗੀਰ ਅਤੇ ਉਸ ਦੀ ਮਲਿਕਾ ਨੂਰਜਹਾਨ ਦਾ ਇੱਥੇ ਹੀ ਦੇਹਾਂਤ ਹੋਇਆ ਅਤੇ ਉਨ੍ਹਾਂ ਦੇ ਮਕਬਰੇ ਰਾਵੀਓਂ ਪਾਰ ਲਹਿੰਦੇ ਵਲ ਸ਼ਾਹਦਰੇ ਵਿਚ ਹਨ। ਸ਼ਾਹ ਜਹਾਨ ਦੇ ਵੇਲੇ ਲਾਹੌਰ ਵਿਚ ਬੜੀ ਰੌਣਕ ਸੀ ਅਤੇ ਇਹ ੧੬-੧੭ ਮੀਲ ਦੇ ਘੇਰੇ ਵਿਚ ਵਸਦਾ ਸੀ ਅਤੇ ਬਹੁਤ ਸਾਰੀਆਂ ਸੁੰਦਰ ਇਮਾਰਤਾਂ ਇਸ ਦੇ ਸਮੇਂ ਵਿਚ ਬਣੀਆਂ। ਔਰੰਗਜ਼ੇਬ ਦੇ ਵੇਲੇ ਇਸ ਦੀ ਉੱਨਤੀ ਤੇ ਆਬਾਦੀ ਘਟਣੀ ਸ਼ੁਰੂ ਹੋ ਗਈ। ਬਹਾਦੁਰ ਸ਼ਾਹ ਦੇ ਵੇਲੇ ਜਦ ਸੰਨ ੧੭੧੦ ਈ. ਵਿਚ ਸਿੱਖਾਂ ਦੇ ਇਕ ਆਗੂ ਬੰਦਾ ਸਿੰਘ ਬਹਾਦੁਰ ਨੇ ਸਰਹੰਦ ਉਤੇ ਕਬਜ਼ਾ ਕਰ ਲਿਆ ਤਾਂ ਬਾਦਸ਼ਾਹ ਖ਼ੁਦ ਫ਼ੌਜ ਲੈ ਕੇ ਉਸ ਦੇ ਵਿਰੁਧ ਚੜ੍ਹਿਆ। ਬਹਾਦੁਰ ਸ਼ਾਹ ਨੇ ੧੦ ਦਸੰਬਰ ੧੭੧੦ ਨੂੰ ਫ਼ੌਜਦਾਰਾਂ ਦੇ ਨਾਉਂ ਸਿੰਘਾਂ ਦੀ ਕਤਲਾਮ ਦੇ ਹੁਕਮ ਜਾਰੀ ਕਰ ਦਿਤੇ ਕਿ ਜਿਥੇ ਕਿਤੇ ਵੀ ਸਿੱਖ ਮਿਲਣ ਕਤਲ ਕਰ ਦਿਤੇ ਜਾਣ। ਇਹ ਹੀ ਹੁਕਮ ਫ਼ੱਰੁਖਸੀਅਰ ਦੇ ਸਮੇਂ ਵਿਚ ਦੁਹਰਾਇਆ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਗ੍ਰਿਫ਼ਤਾਰ ਕਰ ਕੇ ਲਾਹੌਰ ਲਿਆਂਦੇ ਗਏ ਅਤੇ ਦਿੱਲੀ ਦਰਵਾਜ਼ੇ ਤੋਂ ਬਾਹਰ ਬਾਜ਼ਾਰ ਨਖ਼ਾਸ ਵਿਚ ਤਸੀਹੇ ਦੇ ਦੇ ਕੇ ਕਤਲ ਕਰ ਦਿਤੇ ਗਏ। ਇਥੇ ਦੇ ਸੂਬੇਦਾਰਾਂ ਅਬਦੁੱਸਮਦ ਖ਼ਾਨ, ਜ਼ਕਰੀਆ ਖ਼ਾਨ ਅਤੇ ਮੀਰ ਮੰਨੂੰ (ਸੰਨ ੧੭੧੫ ਤੋਂ ੧੭੫੨ ਤਕ) ਦੇ ਜ਼ਮਾਨੇ ਵਿਚ ਸਿੰਘਾਂ ਉਤੇ ਇਥੇ ਇਤਨੀਆਂ ਸਖ਼ਤੀਆਂ ਹੋਈਆਂ ਕਿ ਉਹ ਇਨ੍ਹਾਂ ਦੀ ਅਰਦਾਸ ਦਾ ਹੀ ਇਕ ਹਿੱਸਾ ਬਣ ਗਈਆਂ।

ਸੰਨ ੧੭੪੭ ਤੋਂ ਇਥੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਦੁੱਰਾਨੀ ਨੇ ਹੱਲੇ ਕਰਨੇ ਆਰੰਭ ਦਿਤੇ ਅਤੇ ਸੰਨ ੧੭੫੨ ਵਿਚ ਪੰਜਾਬ ਦੇ ਹਾਕਮ ਮੀਰ ਮੰਨੂੰ ਨੇ ਉਸ ਦੀ ਈਨ ਮੰਨ ਲਈ ਅਤੇ ੧੭੫੮ ਵਿਚ ਦਿੱਲੀ ਤੋਂ ਮੁੜਦੇ ਹੋਏ ਦੁੱਰਾਨੀ ਨੇ ਲਾਹੌਰ ਉੱਤੇ ਸਿੱਧਾ ਆਪਣਾ ਕਬਜ਼ਾ ਜਮਾ ਲਿਆ ਅਤੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਇਥੇ ਆਪਣਾ ਨਾਇਬ ਨਿਯੁਕਤ ਕਰ ਲਿਆ। ਪਰ ਅਗਲੇ ਸਾਲ ਹੀ ਉਸ ਨੂੰ ਲਾਹੌਰ ਖ਼ਾਲੀ ਕਰਨਾ ਪੈ ਗਿਆ। ਸੰਨ ੧੭੬੫ ਦੀ ਅਪਰੈਲ ਵਿਚ ਸਿੰਘਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਹੁਣ ਸੱਤ ਸੌ ਵਰ੍ਹਿਆਂ ਪਿਛੋਂ ਪਹਿਲੀ ਵਾਰੀ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਹੋਇਆ। ਸੰਨ ੧੭੯੯ ਵਿਚ ਲਾਹੌਰ ਦੇ ਵਸਨੀਕਾਂ ਦੀ ਪ੍ਰਾਰਥਨਾ ਨੂੰ ਪਰਵਾਣ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਰਾਜ ਆ ਕਾਇਮ ਕੀਤਾ। ਇਸ ਦੇ ਰਾਜ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸਭ ਭਰਾਵਾਂ ਦੀ ਤਰ੍ਹਾਂ ਵਸਦੇ ਸਨ। ਪਰ ਉਸ ਦੇ ਅੱਖਾਂ ਮੀਟਣ ਤੋਂ ਛੇਤੀ ਹੀ ਬਾਦ ਇਥੇ ਅੰਗਰੇਜ਼ ਆ ਪੁੱਜੇ ਅਤੇ ੧੮੪੯ ਵਿਚ ਉਨ੍ਹਾਂ ਨੇ ਪੰਜਾਬ ਆਪਣੇ ਰਾਜ ਵਿਚ ਮਿਲਾ ਲਿਆ। ਅੰਗਰੇਜ਼ੀ ਰਾਜ ਵੇਲੇ ਲਾਹੌਰ ਅਤੇ ਪੰਜਾਬ ਨੇ ਬੜੀ ਉੱਨਤੀ ਕੀਤੀ। ੧੯੧੯ ਵਿਚ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਜਨਰਲ ਡਾਇਰ ਵਲੋਂ ਨਿਹੱਥੇ ਪੰਜਾਬੀਆਂ ਉਤੇ ਗੋਲੀ ਚਲਾਏ ਜਾਣ ਪੁਰ ਪੰਜਾਬ ਵਿਚ ਰਾਜਸੀ ਅੰਦੋਲਨ ਵਧ ਗਿਆ। ਜਿਸ ਵੇਲੇ ਮੁਸਲਿਮ ਲੀਗੀ ਲੀਡਰਾਂ ਨੇ ਹਿੰਦੁਸਤਾਨ ਵਿਚ ਜ਼ੋਰ ਫੜਨਾ ਸ਼ੁਰੂ ਕੀਤਾ ਅਤੇ ਮੁਸਲਮਾਨਾਂ ਨੂੰ ਗ਼ੈਰ-ਮੁਸਲਮਾਨਾਂ ਦੇ ਵਿਰੁਧ ਭੜਕਾ ਕੇ ਥਾਂ ਥਾਂ ਦੁਖਦਾਈ ਹਾਲਾਤ ਪੈਦਾ ਕਰਨੇ ਆਰੰਭ ਦਿੱਤੇ ਤਾਂ ਪੰਜਾਬ ਦੇ ਵਡੇ ਵਜ਼ੀਰ ਸਰ ਸਿਕੰਦਰ ਹਯਾਤ ਖ਼ਾਨ ਨੇ ਲਾਹੌਰ ਵਿਚ ਮੁਸਲਿਮ ਲੀਗੀਆਂ ਨੂੰ ਠੱਲ੍ਹ ਪਾਈ ਰੱਖੀ, ਪਰ ਉਸ ਦੀ ਮੌਤ ਤੋਂ ਬਾਦ ਹਾਲਾਤ ਵਿਗੜ ਗਏ ਅਤੇ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਹੇਠ ਮੁਸਲਿਮ ਲੀਗੀ ਹਿੰਦੁਸਤਾਨ ਨੂੰ ਦੋ ਹਿੱਸਿਆਂ ਵਿਚ ਵੰਡਾ ਕੇ ਪਾਕਿਸਤਾਨ ਖੜਾ ਕਰ ਲੈਣ ਵਿਚ ਸਫਲ ਹੋ ਗਏ। ਇਸ ਤਰ੍ਹਾਂ ਲਹਿੰਦੇ ਪੰਜਾਬ ਦੇ ਪਾਕਿਸਤਾਨ ਵਿਚ ਚਲਾ ਜਾਣ ਨਾਲ ਲਾਹੌਰ ਵੀ ਪਾਕਿਸਤਾਨ ਵਿਚ ਚਲਾ ਗਿਆ। ਅਜ ਕਲ ਇਹ ਲਹਿੰਦੇ ਪਾਕਿਸਤਾਨ ਦਾ ਮੁਖ ਅਸਥਾਨ ਹੈ।

ਇਥੇ ਖ਼ਾਸ ਪਰਸਿੱਧ ਇਤਿਹਾਸਕ ਅਸਥਾਨ ਇਹ ਹਨ :—

ਕਿਲਾ ਲਾਹੌਰ (ਸ਼ਾਹੀ ਕਿਲਾ)
ਬਾਦਸ਼ਾਹੀ ਮਸੀਤ
ਸ਼ਾਲਾ ਮਾਰ ਬਾਗ਼
ਮਕਬਰਾ ਜਹਾਂਗੀਰ, ਸ਼ਾਹਦਰਾ
ਮਕਬਰਾ ਨੂਰਜਹਾਂ, ਸ਼ਾਹਦਰਾ
ਗੁਰਦੁਆਰਾ ਡੇਹਰਾ ਸਾਹਿਬ, ਗੁਰੂ ਅਰਜਨ ਸਾਹਿਬ ਜੀ
ਸਮਾਧ ਮਹਾਰਾਜਾ ਰਣਜੀਤ ਸਿੰਘ
ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ
ਗੁਰਦੁਆਰਾ ਛੇਵੀਂ ਪਾਤਸ਼ਾਹੀ ਮੁਜ਼ੰਗ
ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਜੀ
ਗੁਰਦੁਆਰਾ ਸ਼ਹੀਦ ਅਸਥਾਨ ਭਾਈ ਮਨੀ ਸਿੰਘ ਜੀ
ਸ਼ਹੀਦ ਅਸਥਾਨ ਹਕੀਕਤ ਰਾਏ
ਸਮਾਧ ਮਹਾਰਾਜਾ ਸ਼ੇਰ ਸਿੰਘ

## ਲੁਧਿਆਣਾ

ਸ਼ਹਿਰ ਲੁਧਿਆਣਾ ਕੋਈ ਪੌਣੇ ਪੰਜ ਸੌ ਸਾਲ ਪੁਰਾਣਾ ਹੈ, ਪਰ ਇਸ ਦੇ ਲਾਗੇ ਦੇ ਸੁਨੇਤ ਦੇ ਥੇਹ ਤੋਂ ਪਰਾਪਤ ਹੋਏ ਪੁਰਾਣੇ ਸਿੱਕਿਆਂ ਅਤੇ ਹੋਰ ਵਸਤਾਂ ਤੋਂ ਪਤਾ ਲਗਦਾ ਹੈ ਕਿ ਪਰਾਚੀਨ ਸਮਿਆਂ ਵਿਚ ਇਥੇ ਕਦੀ ਘੁੱਗ ਵਸੋਂ ਹੁੰਦੀ ਸੀ ਜੋ ਮੁਸਲਮਾਨੀ ਹੱਲਿਆਂ ਵੇਲੇ ਉੱਜੜ ਗਈ। ਇਸ ਵੇਲੇ ਦੇ ਸ਼ਹਿਰ ਲੁਧਿਆਣੇ ਦੀ ਥਾਂ ਤੇ ਮੀਰ-ਹੋਤਾਂ ਨਾਉਂ ਦਾ ਪਿੰਡ ਹੁੰਦਾ ਸੀ ਜੋ, ਮਾਲੂਮ ਹੁੰਦਾ ਹੈ, ਮੁਸਲਮਾਨੀ ਸਮੇਂ ਦੇ ਸ਼ੁਰੂ ਵਿਚ ਕਿਸੇ ਬਲੋਚ ਸਰਦਾਰ ਨੇ ਵਸਾਇਆ ਸੀ। ਹੋਤ ਬਲੋਚਾਂ ਦੀ ਇਕ ਵੱਡੀ ਜਾਤ ਹੈ ਅਤੇ 'ਮੀਰ' ਬਲੋਚਾਂ ਵਿਚ ਚੌਧਰੀ ਜਾਂ ਸਰਦਾਰ ਨੂੰ ਕਹਿੰਦੇ ਹਨ।

ਸਿਕੰਦਰ ਲੋਧੀ (੧੪੮੮–੧੫੧੭ ਈ.) ਵੇਲੇ ਇਸ ਇਲਾਕੇ ਵਿਚ ਕੁਝ ਬਲੋਚ ਧਾੜਵੀਆਂ ਨੇ ਲੁਟ ਮਾਰ ਕਰਨੀ ਸ਼ੁਰੂ ਕਰ ਦਿੱਤੀ ਜਿਸ ਤੋਂ ਤੰਗ ਆ ਕੇ ਲੋਕਾਂ ਨੇ ਬਾਦਸ਼ਾਹ ਪਾਸ ਫ਼ਰਿਆਦ ਕੀਤੀ। ਬਾਦਸ਼ਾਹ ਨੇ ਯੂਸਫ ਖ਼ਾਨ ਅਤੇ ਨਿਹੰਗ ਖ਼ਾਨ ਦੋ ਲੋਧੀ ਸਰਦਾਰਾਂ ਨੂੰ ਫ਼ੌਜ ਦੇ ਕੇ ਇਸ ਇਲਾਕੇ ਦੀ ਰਾਖੀ ਲਈ ਨਿਯਤ ਕੀਤਾ। ਇਨ੍ਹਾਂ ਨੇ ਮੀਰ-ਹੋਤਾਂ ਵਿਚ ਛਾਉਣੀ ਪਾ ਲਈ ਅਤੇ ਆਲ ਦੁਆਲੇ ਦੇ ਸਾਰੇ ਇਲਾਕੇ ਵਿਚ ਅਮਨ ਕਾਇਮ ਕਰ ਦਿੱਤਾ। ਇਸ ਵੇਲੇ ਖੋਖਰਾਂ ਨੇ ਵੀ ਜਾਲੰਧਰ ਦੁਆਬ ਵਿਚ ਲੁਟ ਮਚਾਈ ਹੋਈ ਸੀ। ਇਸ ਲਈ ਯੂਸਫ਼ ਖ਼ਾਨ ਦਰਿਆ ਟੱਪ ਕੇ ਖੋਖਰਾਂ ਦੇ ਵਿਰੁਧ ਦੁਆਬੇ ਨੂੰ ਚਲਾ ਗਿਆ ਅਤੇ ਸੁਲਤਾਨਪੁਰ ਲੋਧੀ ਜਾ ਟਿਕਿਆ ਅਤੇ ਨਿਹੰਗ ਖ਼ਾਨ ਨੇ ਮੀਰ ਹੋਤਾਂ ਵਿਚ ਪੱਕਾ ਡੇਰਾ ਪਾ ਲਿਆ ਅਤੇ ਇਸ ਦਾ ਨਾਉਂ ਲੋਧੀਆਨਾ ਧਰਿਆ ਜੋ ਪਿੱਛੋਂ ਹੌਲੀ ਹੌਲੀ ਲੁਧਿਆਣਾ ਹੋ ਗਿਆ। ਲੁਧਿਆਣੇ ਦੇ ਵਸਣ ਦੀ ਤਾਰੀਖ਼ ਸੰਨ ੮੯੮ ਹਿਜਰੀ ਦੱਸੀ ਜਾਂਦੀ ਹੈ ਜੋ ਸੰਨ ੧੪੯੨–੧੪੯੩ ਦੇ ਮੁਤਾਬਕ ਬੈਠਦੀ ਹੈ। ਨਿਹੰਗ ਖ਼ਾਨ ਦੇ ਪੋਤੇ ਜਲਾਲ ਖ਼ਾਨ ਨੇ ਲੁਧਿਆਣੇ ਵਿਚ ਸੁਨੇਤ ਦੀਆਂ ਇੱਟਾਂ ਨਾਲ ਪੱਕਾ ਕਿਲਾ ਬਣਵਾਇਆ ਅਤੇ ਇਸ ਦੀ ਰੌਣਕ ਨੂੰ ਤਰੱਕੀ ਦਿੱਤੀ। ਇਸ ਦੇ ਦੋ ਪੁੱਤਰਾਂ ਨੇ ਲੁਧਿਆਣੇ ਦੇ ਆਲੇ ਦੁਆਲੇ ਦੀ ਜ਼ਮੀਨ ਇੱਥੋਂ ਦੇ ਵਸਨੀਕਾਂ ਵਿਚ ਵੰਡ ਦਿੱਤੀ ਅਤੇ ਹੋਰ ਪਿੰਡ ਵਸਾ ਦਿੱਤੇ।

ਜਲਾਲ ਖ਼ਾਨ ਦੇ ਪੋਤਰਿਆਂ ਆਲੂ ਖ਼ਾਨ ਅਤੇ ਖ਼ਿਜ਼ਰ ਖ਼ਾਨ ਦੇ ਵੇਲੇ ਬਾਬਰ ਬਾਦਸ਼ਾਹ ਨੇ ਸੰਨ ੧੫੨੬ ਈ. ਵਿਚ ਇਬਰਾਹੀਮ ਲੋਧੀ ਪਾਸੋਂ ਹਿੰਦੁਸਤਾਨ ਦਾ ਰਾਜ ਆ ਖੋਹਿਆ। ਇਸ ਨਾਲ ਲੁਧਿਆਣੇ ਦੇ ਲੋਧੀ ਸਰਦਾਰ ਵੀ ਮੁਗ਼ਲਾਂ ਦੀ ਰੱਈਅਤ ਹੋ ਗਏ। ਇਨ੍ਹਾਂ ਦੀਆਂ ਹਵੇਲੀਆਂ ਕਿਲੇ ਦੇ ਪਾਸ ਹੁੰਦੀਆਂ ਸਨ ਜਿਥੇ ਇਹ ਕਈ ਪੀੜ੍ਹੀਆਂ ਤਕ ਰਹਿੰਦੇ ਰਹੇ। ਇਸ ਵੇਲੇ ਇਥੇ ਇਨ੍ਹਾਂ ਦਾ ਕੋਈ ਨਾਉਂ ਨਿਸ਼ਾਨ ਨਹੀਂ ਹੈ। ਹੋ ਸਕਦਾ ਹੈ ਕਿ ੧੮੫੭ ਦੇ ਗ਼ਦਰ ਦੇ ਦਿਨੀਂ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਕਿਲੇ ਤੋਂ ਤਿੰਨ ਸੌ ਗਜ਼ ਦੇ ਅੰਦਰ ਦੇ ਮਕਾਨ ਢੁਹਾਏ ਜਾਣ ਨਾਲ ਇਨ੍ਹਾਂ ਹਵੇਲੀਆਂ ਦਾ ਵੀ ਸਫ਼ਾਇਆ ਹੋ ਗਿਆ ਹੋਵੇ। ਲੋਧੀਆਂ ਦੇ ਵੇਲੇ ਇੱਥੋਂ ਦੀ ਵਸੋਂ ਕੋਈ ਪੰਜ-ਛੇ ਹਜ਼ਾਰ ਹੋਣੀ ਹੈ। ਮੁਗ਼ਲਾਂ ਵੇਲੇ ਚੂੰਕਿ ਹਕੂਮਤ ਦਾ ਧਿਆਨ ਬਹੁਤਾ ਸਰਹੰਦ ਦੀ ਤਰੱਕੀ ਵਲ ਹੋ ਗਿਆ, ਇਸ ਲਈ ਲੁਧਿਆਣਾ ਜ਼ਰਾ ਪਿੱਛੇ ਪੈ ਗਿਆ ਅਤੇ ਇਸ ਦੀ ਪੋਜ਼ੀਸ਼ਨ ਇਕ ਤਹਿਸੀਲ ਜਿਹੀ ਰਹਿ ਗਈ।

ਨਾਦਰਸ਼ਾਹ ਈਰਾਨੀ ਅਤੇ ਅਹਿਮਦਸ਼ਾਹ ਦੁੱਰਾਨੀ ਦੇ ਹੱਲਿਆਂ ਵੇਲੇ ਲੁਧਿਆਣੇ ਵਿਚ ਖ਼ੈਰ ਹੀ ਰਹੀ। ਰਾਜਸੀ ਗਠਜੋੜਾਂ ਅਤੇ ਧਨ ਦੌਲਤ ਦੇ ਵਡੇ ਅੱਡੇ ਚੂੰਕਿ ਦਿੱਲੀ ਅਤੇ ਲਾਹੌਰ ਸਨ, ਇਸ ਲਈ ਲੁਧਿਆਣਾ ਅੱਗਾਂ, ਲੁੱਟਾਂ ਅਤੇ ਕਤਲਾਮਾਂ ਦੀਆਂ ਆਫ਼ਤਾਂ ਤੋਂ ਬਚਿਆ ਰਿਹਾ। ਸੰਨ ੧੭੬੦ ਈ. ਵਿਚ ਜਦ ਕਿ ਦੇਸ਼ ਵਿਚ ਅਬਤਰੀ ਫ਼ੈਲੀ ਹੋਈ ਸੀ, ਲਾਹੌਰ ਦੇ ਇਰਦ ਗਿਰਦ ਅਤੇ ਮਾਝੇ ਤੇ ਦੁਆਬੇ ਵਿਚ ਸਿੰਘਾਂ ਦਾ ਜ਼ੋਰ ਵਧ ਰਿਹਾ ਸੀ, ਦਿੱਲੀ ਵਿਚ ਮਰਾਠੇ ਆ ਬੈਠੇ ਸਨ ਅਤੇ ਅਹਿਮਦ ਸ਼ਾਹ ਦੁੱਰਾਨੀ ਪੂਰਬ ਵਿਚ ਮਰਾਠਿਆਂ ਨਾਲ ਲੋਹਾ ਲੈਣ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਰਾਇ-ਕੋਟੀਆਂ ਨੇ ਲੁਧਿਆਣੇ ਦਾ ਕਿਲਾ ਆ ਮੱਲਿਆ ਅਤੇ ਸ਼ਹਿਰ ਉਤੇ ਕਬਜ਼ਾ ਕਰ ਲਿਆ। ਹੌਲੀ ਹੌਲੀ ਆਲੇ ਦੁਆਲੇ ਦਾ ਇਲਾਕਾ ਵੀ ਇਨ੍ਹਾਂ ਦੇ ਤਹਿਤ ਵਿਚ ਹੀ ਆ ਗਿਆ।

ਇਸ ਵੇਲੇ ਸਤਲੁਜ ਦਰਿਆ ਕਿਲੇ ਦੇ ਲਾਗੇ ਵਗਦਾ ਸੀ ਜਿੱਥੇ ਕਿ ਇਸ ਦਾ ਪੁਰਾਣਾ ਵਹਿਣ ਬੁੱਢਾ ਨਾਲਾ

ਜਾਂ ਬੁੱਢਾ ਦਰਿਆ ਕਰ ਕੇ ਪਰਸਿੱਧ ਹੈ । ੧੭੮੫ ਈ. ਦੀ ਬਰਸਾਤ ਵਿਚ ਬੇਥਵ੍ਹਾ ਹੜ੍ਹ ਆ ਗਿਆ ਤਾਂ ਪਾਣੀ ਆਪਣੇ ਸੱਜੇ ਕੰਢੇ ਤੋਂ ਉੱਛਲ ਕੇ ਹੋਰ ਸੱਜੇ ਨੂੰ ਨਵੇਂ ਵਹਿਣੇ ਪੈ ਗਿਆ । ਸਤਲੁਜ ਦੇ ਇਸ ਤਰ੍ਹਾਂ ਰੁਖ ਬਦਲ ਲੈਣ ਨਾਲ ਦਰਿਆ ਲੁਧਿਆਣੇ ਤੋਂ ਕੋਈ ਛੇ ਕੁ ਮੀਲ ਉੱਤਰ ਵਲ ਨੂੰ ਹਟ ਗਿਆ ਜਿਥੇ ਕਿ ਇਹ ਅਜ ਕਲ ਵਗ ਰਿਹਾ ਹੈ । ਇਸ ਤਰ੍ਹਾਂ ਜਾਲੰਧਰ ਦੁਆਬ ਦਾ ਪੰਜਾਹ ਕੁ ਮੀਲ ਲੰਬਾ ਅਤੇ ਪੰਜ ਛੇ ਮੀਲ ਚੌੜਾ ਇਲਾਕਾ ਲੁਧਿਆਣੇ ਵਿਚ ਆ ਰਲਿਆ ! ਇਸ ਨੂੰ ਹੁਣ ਬੇਟ ਦਾ ਇਲਾਕਾ ਸੱਦਦੇ ਹਨ ।

ਸੰਨ ੧੭੯੪ ਦੀ ਤਰ੍ਹਾਂ ੧੭੯੮ ਵਿਚ ਵੀ ਊਨੇ ਦੇ ਬੇਦੀ ਸਾਹਿਬ ਸਿੰਘ ਨੇ ਲੁਧਿਆਣੇ ਵਲ ਚੜ੍ਹਾਈ ਕਰ ਦਿਤੀ ਅਤੇ ਰਾਏ ਕੋਟ ਉਤੇ ਧਾਵਾ ਬੋਲ ਦਿਤਾ ਅਤੇ ਜਦ ਉਥੇ ਸਫ਼ਲਤਾ ਨਾ ਹੋ ਸਕੀ ਤਾਂ ਉਨ੍ਹਾਂ ਨੇ ਸੁਥਰਿਆਂ ਦੀ ਧਰਮਸਾਲਾ ਪਾਸ ਇਕ ਕੱਚੀ ਗੜ੍ਹੀ ਬਣਾ ਕੇ ਲੁਧਿਆਣੇ ਦੇ ਕਿਲੇ ਨੂੰ ਘੇਰਾ ਪਾ ਲਿਆ ਅਤੇ ਕੁਝ ਚਿਰ ਲਈ ਸ਼ਹਿਰ ਉਤੇ ਕਬਜ਼ਾ ਕਰ ਲਿਆ । ਇਹ ਗੱਲ ਦੇਖ ਕੇ ਰਾਇਕੋਟੀਏ ਰਾਇ ਇਲਿਆਸ ਨੇ ਹਾਂਸੀ ਦੇ ਜੋਰਜ ਟੌਮਸ ਨੂੰ ਸੱਦ ਭੇਜਿਆ । ਉਹ ਤਾਂ ਇਸ ਕਿਸਮ ਦੇ ਮੌਕੇ ਦੀ ਤਾੜ ਵਿਚ ਹੀ ਰਹਿੰਦਾ ਸੀ । ਉਸ ਨੇ ਝੱਟ ਲੁਧਿਆਣੇ ਵਲ ਨੂੰ ਧਾਈ ਕਰ ਦਿਤੀ । ਇਹ ਪਤਾ ਲਗਦੇ ਸਾਰ ਬੇਦੀ ਸਾਹਿਬ ਨੇ ਲੁਧਿਆਣਾ ਖਾਲੀ ਕਰ ਦਿਤਾ ਅਤੇ ਦਰਿਆ ਪਾਰ ਕਰ ਕੇ ਵਾਪਸ ਮੁੜ ਗਏ ।

ਸੰਨ ੧੮੦੨ ਈ. ਵਿਚ ਰਾਇ ਇਲਿਆਸ ਜਗਰਾਉਂ ਦੇ ਲਾਗੇ ਸ਼ਿਕਾਰ ਖੇਡਦਾ ਮਾਰਿਆ ਗਿਆ । ਉਸ ਦੀ ਕੋਈ ਉਲਾਦ ਨਹੀਂ ਸੀ । ਕੇਵਲ ਉਸ ਦੀ ਮਾਂ ਨੂਰੁ-ਨਿਸਾ ਅਤੇ ਇਸਤਰੀ ਭਾਗਭਰੀ ਹੀ ਪਿੱਛੇ ਸਨ । ਸੰਨ ੧੮੦੬ ਈ. ਵਿਚ ਜਦ ਮਹਾਰਾਜਾ ਰਣਜੀਤ ਸਿੰਘ ਨੇ ਇਸ ਪਾਸੇ ਚੜ੍ਹਾਈ ਕੀਤੀ ਤਾਂ ਇਨ੍ਹਾਂ ਨੂੰ ਕੁਝ ਪਿੰਡ ਗੁਜ਼ਾਰੇ ਲਈ ਜਾਗੀਰ ਦੇ ਕੇ ਇਲਾਕੇ ਉਤੇ ਕਬਜ਼ਾ ਕਰ ਲਿਆ ਅਤੇ ਸ਼ਹਿਰ ਲੁਧਿਆਣਾ ਤੇ ਕਿਲਾ ਅਤੇ ਆਲੇ ਦੁਆਲੇ ਦੇ ਕੁਝ ਪਿੰਡ ਆਪਣੇ ਮਾਮਾ ਰਾਜਾ ਭਾਗ ਸਿੰਘ ਜੀਂਦ ਵਾਲੇ ਨੂੰ ਦੇ ਦਿਤੇ । ਅਗਲੇ ਸਾਲ ਸੰਨ ੧੮੦੭ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਕੁਝ ਹੋਰ ਇਲਾਕੇ ਆਪਣੇ ਤਹਿਤ ਵਿਚ ਲੈ ਲਏ । ਸੰਨ ੧੮੦੮ ਵਿਚ ਨੈਪੋਲੀਅਨ ਬੋਨਾਪਾਰਟ ਵਲੋਂ ਹਿੰਦੁਸਤਾਨ ਵਲ ਚੜ੍ਹਾਈ ਦਾ ਖ਼ਤਰਾ ਨਾ ਰਹਿਣ ਕਰਕੇ ਅੰਗਰੇਜ਼ਾਂ ਦੀ ਪੰਜਾਬ ਵਲ ਰਾਜਨੀਤੀ ਦਾ ਰੁਖ ਬਦਲ ਗਿਆ ਅਤੇ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਮਾਲਵੇ ਦੇ ਰਾਜਿਆਂ ਅਤੇ ਸਰਦਾਰਾਂ ਨੂੰ ਪੰਜਾਬ ਨਾਲ ਇਕ ਮੁੱਠ ਕਰਨ ਦੇ ਜਤਨਾਂ ਵਿਚ ਰੋਕ ਪਾਉਣ ਦਾ ਫ਼ੈਸਲਾ ਕਰ ਲਿਆ । ਜਨਰਲ ਅਖਤਰ-ਲੌਨੀ ਫੌਜ ਲੈ ਕੇ ਫ਼ਰਵਰੀ ੧੮੦੯ ਵਿਚ ਲੁਧਿਆਣੇ ਆ ਬੈਠਾ । ਉਹ ਲੜਾਈ ਲਈ ਵੀ ਤਿਆਰ ਸੀ । ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਅਜੇ ਕਾਫ਼ੀ ਮਜ਼ਬੂਤ ਨਹੀਂ ਸੀ ਹੋਈ । ਦੂਸਰੇ ਪਾਸੇ ਸਾਰਾ ਹਿੰਦੁਸਤਾਨ ਅੰਗਰੇਜ਼ਾਂ ਦੀ ਪਿੱਠ ਉਤੇ ਸੀ । ਇਸ ਲਈ ਰਣਜੀਤ ਸਿੰਘ ਨੇ ਅੰਗਰੇਜ਼ਾਂ ਨਾਲ ਸੁਲਾਹ ਰੱਖਣੀ ਜ਼ਿਆਦਾ ਲਾਭਵੰਦ ਸਮਝੀ ਅਤੇ ੧੮੦੯ ਦਾ ਅਹਿਦਨਾਮਾ ਹੋ ਗਿਆ ।


ਲੁਧਿਆਣੇ ਵਿਚ ਅੰਗਰੇਜ਼ੀ ਛਾਉਣੀ ਕੁਝ ਥੋੜਾ ਚਿਰ ਲਈ ਰਖਣ ਦਾ ਹੀ ਵਿਚਾਰ ਸੀ, ਪਰ ਹੌਲੀ ਹੌਲੀ ਇਹ ਪੱਕੀ ਹੀ ਹੋ ਗਈ । ਜਨਰਲ ਅਖਤਰ-ਲੌਨੀ ਇਥੇ ਸੰਨ ੧੮੦੯ ਤੋਂ ਲੈ ਕੇ ਸੰਨ ੧੮੧੫ ਤਕ ਟਿਕਿਆ ਰਿਹਾ ਅਤੇ ਕਿਲੇ ਨੂੰ ਮੁਰੰਮਤ ਕਰਕੇ ਮਜ਼ਬੂਤ ਬਣਾ ਦਿਤਾ । ਸੰਨ ੧੮੩੪ ਵਿਚ ਜਦ ਰਾਜਾ ਸੰਗਤ ਸਿੰਘ ਜੀਂਦ ਵਾਲੇ ਦਾ ਦੇਹਾਂਤ ਹੋ ਗਿਆ ਤਾਂ ਅੰਗਰੇਜ਼ਾਂ ਨੇ ਲੁਧਿਆਣੇ ਅਤੇ ਆਲੇ-ਦੁਆਲੇ ਦੇ ਉਨ੍ਹਾਂ ਦੇ ਪਿੰਡਾਂ ਉਤੇ ਕਬਜ਼ਾ ਕਰ ਲਿਆ ।

ਸੰਨ ੧੮੪੨ ਵਿਚ ਜਦ ਅੰਗਰੇਜ਼ੀ ਫਜਾਂ ਪਠਾਣਾਂ ਪਾਸੋਂ ਬਦਲਾ ਲੈ ਕੇ ਅਫ਼ਗਾਨਿਸਤਾਨ ਤੋਂ ਮੁੜੀਆਂ ਤਾਂ ਸ਼ਾਹ ਸ਼ੁਜਾ-ਉਲ-ਮੁਲਕ ਦੇ ਟੱਬਰ ਕਬੀਲੇ ਵੀ ਡਰਦੇ ਮਾਰੇ ਉਨ੍ਹਾਂ ਦੇ ਨਾਲ ਹੀ ਹਿੰਦੁਸਤਾਨ ਨੂੰ ਆ ਗਏ । ਇਨ੍ਹਾਂ ਨੂੰ ਲੁਧਿਆਣੇ ਵਿਚ ਪਨਾਹ ਦਿਤੀ ਗਈ । ੧੮੫੭ ਦੇ ਗ਼ਦਰ ਦੇ ਬਾਗ਼ੀ ਨਵਾਬ ਅਬਦੁਰ-ਰਹਿਮਾਨ ਝੱਜਰ ਵਾਲੇ ਦੇ ਤਿੰਨ ਪੁਤਰਾਂ ਅਤੇ ਚਾਚੇ ਅਲੀ ਮੁਹੰਮਦ ਖ਼ਾਨ ਨੂੰ ਵੀ ਲੁਧਿਆਣੇ ਹੀ ਟਿਕਾਣਾ ਦਿਤਾ ਗਿਆ ।

ਅੰਗਰੇਜ਼ਾਂ ਦੀ ਸਿੱਘਾਂ ਨਾਲ ਸੰਨ ੧੮੪੫-੪੬ ਦੀ ਲੜਾਈ ਵੇਲੇ ਸਰਦਾਰ ਰਣਜੋਧ ਸਿੰਘ ਮਜੀਠੀਏ ਨੇ ਫਲੌਰ ਦੇ ਪੱਤਣੋਂ ਸਤਲੁਜ ਪਾਰ ਹੋ ਕੇ ਲੁਧਿਆਣੇ ਦੀ ਛਾਉਣੀ ਆ ਫੂਕੀ, ਪਰ ਇਸ ਤੋਂ ਵਧ ਸ਼ਹਿਰ ਦਾ ਕੋਈ ਨੁਕਸਾਨ ਨਹੀਂ ਹੋਇਆ।

ਸੰਨ ੧੮੫੪ ਵਿਚ ਲੁਧਿਆਣਿਉਂ ਛਾਉਣੀ ਚੁੱਕ ਲਈ ਹੋਈ ਸੀ ਅਤੇ ੧੮੫੭ ਦੇ ਗ਼ਦਰ ਵੇਲੇ ਕਿਲੇ ਵਿਚ ੩ ਨੰਬਰ ਦੇਸੀ ਪਲਟਣ ਦੇ ਥੋੜੇ ਜਿਹੇ ਸਿਪਾਹੀ ਹੀ ਸਨ। ਉਹ ਵੀ ਜਾਲੰਧਰ ਛਾਉਣੀ ਤੋਂ ਆ ਰਹੇ ਪੂਰਬੀਏ ਸਿਪਾਹੀਆਂ ਨਾਲ ਰਲ ਗਏ। ਇਸ ਗੱਲ ਦਾ ਫ਼ਾਇਦਾ ਉਠਾ ਕੇ ਸ਼ਹਿਰ ਦੇ ਲੋਕਾਂ ਨੇ ਗਿਰਜਾ ਘਰ ਅਤੇ ਈਸਾਈ ਮਿਸ਼ਨ ਦੇ ਮਕਾਨਾਂ ਨੂੰ ਅੱਗ ਲਾ ਦਿਤੀ ਅਤੇ ਪਾਦਰੀਆਂ ਦੇ ਘਰ ਲੁਟ ਲਏ। ਇਸ ਤੋਂ ਇਲਾਵਾ ਉਨ੍ਹਾਂ ਨੇ ਬਾਗ਼ੀ ਸਿਪਾਹੀਆਂ ਨੂੰ ਰੋਟੀ ਪਾਣੀ ਪਹੁੰਚਾਇਆ ਅਤੇ ਲੁਟਣ ਲਈ ਸਰਕਾਰੀ ਅਫ਼ਸਰਾਂ ਦੇ ਘਰਾਂ ਦੇ ਪਤੇ ਦਸੇ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਲੇ ਉਤੇ ਵਡੀਆਂ ਤੋਪਾਂ ਚੜ੍ਹਾਉਣ ਵਿਚ ਬਾਗ਼ੀਆਂ ਨੂੰ ਮੱਦਦ ਦਿਤੀ ਜਿਹੜੀਆਂ ਕਿ ਜਾਲੰਧਰ ਵਾਲੇ ਸਿਪਾਹੀ ਇਥੇ ਲਿਆਏ ਸਨ। ਪਰ ਜਦ ਤੋਪਾਂ ਚੜ੍ਹ ਗਈਆਂ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਲਦੀ ਵਿਚ ਉਹ ਗੋਲਾ ਬਾਰੂਦ ਸਭ ਪਿਛੇ ਹੀ ਭੁੱਲ ਆਏ ਹਨ। ਤੋਪਾਂ ਦੇ ਗੋਲੇ ਅਤੇ ਬਰੂਦ ਤਾਂ ਕਿਧਰੇ ਰਹੇ, ਬੰਦੂਕਾਂ ਦੀਆਂ ਗੋਲੀਆਂ ਵੀ ਉਨ੍ਹਾਂ ਪਾਸ ਕੋਈ ਨਹੀਂ ਸਨ। ਇਸ ਲਈ ਉਨ੍ਹਾਂ ਵਾਸਤੇ ਇਥੇ ਠਹਿਰਨਾ ਵਿਅਰਥ ਸੀ ਅਤੇ ਉਹ ਦਿੱਲੀ ਨੂੰ ਤੁਰ ਗਏ। ਇਸ ਤਰ੍ਹਾਂ ਸ਼ਹਿਰ ਲੁਧਿਆਣੇ ਦਾ ਬਹੁਤ ਕੁਝ ਬਚਾਉ ਹੋ ਗਿਆ।

ਲੁਧਿਆਣੇ ਵਿਚ ਈਸਾਈ ਮਿਸ਼ਨ ਸੰਨ ੧੮੩੪ ਵਿਚ ਕਾਇਮ ਹੋਇਆ ਜਦ ਕਿ ੫ ਨਵੰਬਰ ਨੂੰ ਪਾਦਰੀ ਜੇ. ਸੀ. ਲੋਰੀ ਅਮੈਰਿਕਨ ਪ੍ਰੈਸਬੀਟੀਰੀਅਨ ਸੋਸਾਇਟੀ ਵਲੋਂ ਇਥੇ ਪੁੱਜਾ। ਇਸ ਵੇਲੇ ਅਸਿਸਟੈਂਟ ਪੋਲੀਟੀਕਲ ਏਜੰਟ ਕਪਤਾਨ ਕਲਾਡ ਵੇਡ ਵਲੋਂ ਇਕ ਛੋਟਾ ਜਿਹਾ ਅੰਗਰੇਜ਼ੀ ਸਕੂਲ ਇਥੇ ਕੁਝ ਮਹੀਨਿਆਂ ਤੋਂ ਖੁਲ੍ਹਾ ਹੋਇਆ ਸੀ ਜੋ ਉਸ ਨੇ ੧੮੩੫ ਵਿਚ ਮਿਸ਼ਨ ਦੇ ਹਵਾਲੇ ਕਰ ਦਿਤਾ। ਇਹ ਪੰਜਾਬ ਵਿਚ ਪਹਿਲਾ ਅੰਗਰੇਜ਼ੀ ਸਕੂਲ ਸੀ। ਇਸੇ ਸਾਲ ਪਾਦਰੀ ਜੌਨ ਨੀਊਟਨ ਵਲੋਂ ਅਮੈਰਿਕਨ ਮਿਸ਼ਨ ਪ੍ਰੈਸ ਦੇ ਨਾਉਂ ਹੇਠ ਇਕ ਲਕੜੀ ਦਾ ਛਾਪਾ-ਖ਼ਾਨਾ ਜਾਰੀ ਕੀਤਾ ਗਿਆ ਜਿਥੋਂ ਪੰਜਾਬ ਦਾ ਪਹਿਲਾ ਅਖ਼ਬਾਰ ਫ਼ਾਰਸੀ ਵਿਚ 'ਅਖ਼ਬਾਰਿ ਲੁਧਿਆਨਾ' ਛਪਣਾ ਸ਼ੁਰੂ ਹੋਇਆ। ਪਾਦਰੀ ਲੋਰੀ ਸਾਹਿਬ ਇਥੇ ਸਾਲ ਤੋਂ ਵਧ ਨਾ ਰਹਿ ਸਕੇ ਅਤੇ ਉਨ੍ਹਾਂ ਦੀ ਥਾਂ ਨੀਊਟਨ ਸਾਹਿਬ ਲੁਧਿਆਣਾ ਮਿਸ਼ਨ ਦੇ ਆਗੂ ਬਣੇ। ਇਨ੍ਹਾਂ ਦੇ ਸਮੇਂ ਸੰਨ ੧੮੩੭ ਵਿਚ ਇਥੇ ਈਸਾਈ ਸੰਗਤ ਕਾਇਮ ਹੋਈ। ਨੀਊਟਨ ਸਾਹਿਬ ਨੇ ਪੰਜਾਬੀ ਬੋਲੀ ਦਾ ਵਿਆਕਰਣ ਅਤੇ ਕੁਝ ਹੋਰ ਪੁਸਤਕਾਂ ਰਚੀਆਂ ਅਤੇ ਸੰਨ ੧੮੫੪ ਵਿਚ ਪੰਜਾਬੀ ਕੋਸ਼ ਪਰਕਾਸ਼ਤ ਕੀਤਾ। ਭਾਵੇਂ ਜਨਵਰੀ ਸੰਨ ੧੮੪੬ ਅਤੇ ਸੰਨ ੧੮੫੭ ਵਿਚ ਮਿਸ਼ਨ ਪ੍ਰੈਸ ਫ਼ੂਕ ਦਿਤਾ ਗਿਆ ਸੀ, ਪਰ ਈਸਾਈ ਪਾਦਰੀਆਂ ਨੇ ਹੌਸਲਾ ਨਾ ਹਾਰਿਆ ਅਤੇ ਸਾਹਿਤ-ਸੇਵਾ ਦਾ ਕੰਮ ਜਾਰੀ ਰਖਿਆ। ਸੰਨ ੧੮੬੫ ਵਿਚ ਨਵੇਂ ਨੇਮ ਦਾ ਉਰਦੂ ਵਿਚ ਪਹਿਲਾਂ ਐਡੀਸ਼ਨ ਛਪਿਆ, ਅਤੇ ੧੮੬੮ ਵਿਚ ਪੂਰੀ ਇੰਜੀਲ। ਇਸੇ ਸਾਲ ਨਵੇਂ ਨੇਮ ਦਾ ਪੂਰਾ ਪੰਜਾਬੀ ਉਲੱਥਾ ਪਰਕਾਸ਼ਤ ਹੋਇਆ। ਇਸ ਤਰ੍ਹਾਂ ਸ਼ਹਿਰ ਲੁਧਿਆਣੇ ਦੇ ਈਸਾਈ ਮਿਸ਼ਨ ਨੇ ਵਿਦਿਆ ਅਤੇ ਸਾਹਿਤ ਦੇ ਮੈਦਾਨ ਵਿਚ ਪਹਿਲ ਕਰਕੇ ਪੰਜਾਬ ਦੀ ਅਗਵਾਈ ਕੀਤੀ ਹੈ।



# ਪੰਜਾਬ ਦੀ ਦੇਣ

www.PunjabiLibrary.com

# ਪੰਜਾਬ ਦੀ ਦੇਣ

ਪੰਜਾਬ ਭਾਰਤ ਦੇ ਉੱਤਰ-ਪੱਛਮ ਵਿਚ ਇਕ ਸੁੰਦਰ ਤਿਕੋਨਾ ਟੁਕੜਾ ਹੈ, ਜਿਸ ਨੂੰ ਪਰਸਿੱਧ ਪੰਜਾਬੀ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਨੇ ਭਾਰਤ ਦਾ ਛੱਤਰ ਆਖਿਆ ਹੈ :—

ਪੰਜਾਬ ! ਕਰਾਂ ਕੀ ਸਿਫ਼ਤ ਤਿਰੀ, ਸ਼ਾਨਾਂ ਦੇ ਸਭ ਸਾਮਾਨ ਤਿਰੇ
ਜਲ ਪੌਣ ਤਿਰਾ, ਹਰਿਔਲ ਤਿਰੀ, ਦਰਿਆ, ਪਰਬਤ, ਮੈਦਾਨ ਤਿਰੇ
ਭਾਰਤ ਦੇ ਸਿਰ ਤੇ ਛਤਰ ਤਿਰਾ, ਤੇਰੇ ਸਿਰ ਛਤਰ ਹਿਮਾਲਾ ਦਾ
ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿਚ ਸੇਕ ਜਵਾਲਾ ਦਾ ।

ਪਰ ਇਸ ਸੁੰਦਰ ਤੇ ਦਿਲ-ਖਿੱਚਵੇਂ ਪ੍ਰਾਂਤ ਦੇ ਇਤਿਹਾਸ ਸੰਬੰਧੀ ਹੁਣ ਤਕ, ਬਹੁਤ ਥੋੜ੍ਹੀ ਖੋਜ ਹੋਈ ਹੈ ਤੇ ਆਮ ਜਨਤਾ ਨੂੰ ਇਸ ਦੀ ਇਤਿਹਾਸਕ ਮਹੱਤਤਾ ਬਾਰੇ ਬਹੁਤ ਘਟ ਪਤਾ ਹੈ । ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਦੀਆਂ ਹੱਦਾਂ ਸਮੇਂ ਸਮੇਂ ਬਦਲਦੀਆਂ ਰਹੀਆਂ ਹਨ ਤੇ ਇਸ ਦਾ ਇਤਿਹਾਸ ਸਮੁੱਚੇ ਤੌਰ ਤੇ ਕਦੇ ਵੀ ਨਹੀਂ ਲਿਖਿਆ ਗਿਆ ।

ਸ੍ਰੀ ਰਵਿੰਦਰ ਨਾਥ ਲਿਖਦੇ ਹਨ, 'ਸਾਡਾ ਪੰਜਾਬ ਯੂਰਪ ਵਿਚ ਜਰਮਨੀ, ਪੱਛਮੀ ਏਸ਼ੀਆ ਵਿਚ ਦਜਲਾ-ਫ਼ਰਾਤ ਦੀ ਵਾਦੀ ਤੇ ਪੂਰਬੀ ਏਸ਼ੀਆ ਵਿਚ ਚੀਨ ਦੇ ਮੈਦਾਨ ਵਾਂਙ ਧਰਤੀ ਦੇ ਤਖ਼ਤੇ ਉੱਤੇ ਉਨ੍ਹਾਂ ਹਿੱਸਿਆਂ ਵਿਚੋਂ ਹੈ ਜਿਨ੍ਹਾਂ ਉੱਤੇ ਇਤਿਹਾਸ ਦੇ ਵਹਿਣ ਆਪਣੇ ਪੂਰੇ ਜ਼ੋਰ ਨਾਲ ਵਗਦੇ ਰਹੇ ਹਨ ! ਇਹ ਧਰਤੀ ਦਾ ਉਹ ਸੁੰਦਰ ਟੁਕੜਾ ਹੈ ਜਿਸ ਦੇ ਅਸਮਾਨਾਂ ਉੱਤੇ ਪਹਿਲੀ ਪ੍ਰਭਾਤ ਉਤਰੀ, ਜਿਸ ਦੇ ਤਪੋਬਨਾਂ ਵਿਚ ਸਾਮ ਗੀਤਾਂ ਦੀ ਪਹਿਲੀ ਕੂਕ ਉਠੀ ਅਤੇ ਜਿਥੇ ਭਾਰਤ ਦੇ ਪਹਿਲੇ ਸੱਭ੍ਯ ਮਨੁੱਖ ਨੇ ਜਨਮ ਲਿਆ ਅਤੇ ਜਿਥੇ ਭਾਰਤ ਦੀ ਸੰਸਕ੍ਰਿਤੀ ਪਹਿਲਾਂ ਪਹਿਲ ਉਦਗਮ ਹੋਈ ।'

ਪੰਜਾਬ ਦੇ ਪੁਰਾਤਨ ਸ਼ਹਿਰਾਂ—ਥਾਨੇਸਰ, ਰੋਪੜ, ਕੁਰੂਖੇਤਰ, ਪਾਨੀਪਤ, ਹਿਸਾਰ, ਹਾਂਸੀ, ਕਾਂਗੜਾ, ਜਲੰਧਰ, ਸਿਆਲਕੋਟ ਤੇ ਟੈਕਸਲਾ ਉੱਤੇ ਨਜ਼ਰ ਮਾਰਨ ਤੋਂ ਸਹਿਜੇ ਹੀ ਪਤਾ ਲਗ ਜਾਂਦਾ ਹੈ ਕਿ ਪੰਜਾਬ ਨੇ ਪੁਰਾਤਨ ਸਮੇਂ ਭਾਰਤ ਦੇ ਇਤਿਹਾਸ ਉੱਤੇ ਕਿੰਨਾ ਪ੍ਰਭਾਵ ਪਾਇਆ । ਇਸ ਦੀ ਧਰਤੀ ਨੂੰ ਬ੍ਰਹਮਰਿਸ਼ੀ ਦੇਸ਼ ਜਾਂ ਬ੍ਰਹਮਾਵਰਤ ਭਾਵ 'ਦੇਵਤਿਆਂ ਦੀ ਭੂਮੀ' ਕਿਹਾ ਜਾਂਦਾ ਰਿਹਾ ਹੈ ।

ਇਸੇ ਧਰਤੀ ਤੇ ਭਾਰਤ ਦੀ ਸਭ ਤੋਂ ਪਹਿਲੀ ਸਭਿਅਤਾ, ਤਾਮਰ-ਜੁਗ ਸਭਿਅਤਾ (Chalcolithic) ਜੰਮੀ ਤੇ ਫਲੀ । ਇਹ ਸਭਿਅਤਾ ਪੁਰਾਣੀ ਸੁਮੇਰੀ ਸਭਿਅਤਾ ਨਾਲ ਬਹੁਤ ਮਿਲਦੀ-ਜੁਲਦੀ ਸੀ । ਇਤਿਹਾਸਕਾਰ ਇਸ ਨੂੰ **'ਸਿੰਧੂ ਵਾਦੀ ਦੀ ਸਭਿਅਤਾ'** ਨਾਂ ਨਾਲ ਯਾਦ ਕਰਦੇ ਹਨ । ਸਤਲੁਜ ਦੇ ਕੰਢੇ ਰੋਪੜ ਵਿਚ ਹੋਈ ਖੁਦਾਈ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਅਜ ਤੋਂ ਛੇ ਸੱਤ ਹਜ਼ਾਰ ਸਾਲ ਪਹਿਲਾਂ, ਜਦ ਭਾਰਤ ਦੇ ਬਾਕੀ ਹਿੱਸੇ ਤੇ ਯੂਰਪ ਦੇ ਸਾਰੇ ਦੇਸ਼ ਅੰਧਕਾਰ ਵਿਚ ਸਨ, ਪੰਜਾਬੀ ਲੋਕ ਸ਼ਹਿਰਾਂ ਵਿਚ ਰਹਿੰਦੇ, ਖੇਤੀ ਬਾੜੀ ਕਰਦੇ, ਸੁੰਦਰ ਪੱਕੇ ਮਕਾਨਾਂ ਵਿਚ ਵੱਸਦੇ, ਸ਼ਿਵ ਤੇ ਸ਼ਕਤੀ ਦੀ ਪੂਜਾ ਕਰਦੇ ਤੇ ਸਿਹਤ ਦੇ ਅਸੂਲਾਂ ਤੋਂ ਭਲੀ ਪਰਕਾਰ ਜਾਣੂ ਸਨ ।

ਇਸੇ ਪੰਜਾਬ ਦੀ ਪਿਆਰੀ ਧਰਤੀ ਉੱਤੇ, ਇਸੇ ਦੇ ਵਸਨੀਕ ਰਿਸ਼ੀਆਂ ਨੇ ਸੰਸਾਰ ਦੀ ਸਭ ਤੋਂ ਪਰਸਿੱਧ ਤੇ ਪੁਰਾਤਨ ਰਚਨਾ ਰਿਗਵੇਦ ਦੀ ਰਚਨਾ ਕੀਤੀ । ਡਾਕਟਰ ਆਰ. ਕੇ. ਮੁਕਰਜੀ ਲਿਖਦੇ ਹਨ ਕਿ ਰਿਗਵੇਦ ਵਿਚ ਸਿੰਧ ਤੇ ਪੰਜਾਬ ਦੇ ਦਰਿਆਵਾਂ ਅਤੇ ਸਰਸਵਤੀ ਦਾ ਨਾਂ ਕਈ ਵਾਰੀ ਆਇਆ ਹੈ । ਜਿਸ ਤੋਂ ਸਿੱਟਾ ਇਹੋ ਨਿਕਲਦਾ ਹੈ ਕਿ

www.PunjabiLibrary.com

ਰਿਗਵੇਦ ਦਾ ਉਚਾਰਣ ਅਵੱਸ਼ ਇਨ੍ਹਾਂ ਦਰਿਆਵਾਂ ਵਾਲੇ ਦੇਸ਼ ਪੰਜਾਬ ਵਿਚ ਹੀ ਹੋਇਆ ਹੋਣਾ ਹੈ* ।

ਇਸੇ ਧਰਤੀ ਉਤੇ ਵੇਦਕ ਕਾਲ ਦੇ ਕੁਝ ਪਰਸਿੱਧ ਵੰਸ਼ਾਂ ਪੁਰੂ, ਕੁਰੂ-ਪੰਚਾਲ, ਅਨੂ, ਦਰੂਹਸੂ ਤੇ ਭਰਤਾਂ ਆਦਿ ਨੇ ਰਾਜ ਕੀਤਾ ।† ਇਸ ਦੇ ਤਪੋ ਬਨਾਂ ਵਿਚ ਪਰਸਿੱਧ ਵੇਦਕ ਰਿਸ਼ੀਆਂ ਉਦਾਲਕ, ਆਰੂਨੀ ਤੇ ਸ਼ਵੇਤਕੇਤੂ ਆਦਿ ਨੇ ਆਪਣੇ ਭਜਨ ਪਾਠ ਕੀਤੇ ਅਤੇ ਕਈ ਅਮੋਲਕ ਰਚਨਾਵਾਂ ਰਚੀਆਂ । ਇਥੇ ਹੀ ਸਭ ਤੋਂ ਪਰਸਿੱਧ ਮਹਾਂ ਗਿਆਨੀ ਯਾਗਵਲਕ ਨੇ ਆਰੰਨੀ ਕੋਲੋਂ ਸਿੱਖਿਆ ਪਰਾਪਤ ਕੀਤੀ । ਇਥੇ ਹੀ ਭਾਰਤ ਦੇ ਵੇਦਕ ਕਾਲ ਦਾ ਸਭ ਤੋਂ ਪਹਿਲਾ ਤੇ ਵੱਡਾ ਰਾਜਾ ਸੁਦਾਸ ਹੋਇਆ । ਇਥੇ ਹੀ ਆਰੀਆਂ ਦੀ ਪਹਿਲੀ ਵੱਡੀ ਲੜਾਈ ਹੋਈ ਤੇ ਇਥੇ ਹੀ ਭਾਰਤ ਦਾ ਸਭ ਤੋਂ ਪਹਿਲਾ ਸਾਮਰਾਜ ਸਥਾਪਤ ਹੋਇਆ । ਮੁਕਦੀ ਗੱਲ ਇਹ ਹੈ ਕਿ ਵੇਦਕ ਕਾਲ ਵਿਚ ਅਜ ਤੋਂ ਤਿੰਨ ਚਾਰ ਹਜ਼ਾਰ ਸਾਲ ਪਹਿਲੇ — ਪੰਜਾਬ ਦਾ ਇਤਿਹਾਸ ਹੀ ਭਾਰਤ ਦਾ ਇਤਿਹਾਸ ਸੀ ਤੇ ਪੰਜਾਬ ਦੀ ਸਭਿਅਤਾ ਚੋਟੀ ਉਤੇ ਸੀ । ਇਸੇ ਲਈ ਚਾਤ੍ਰਿਕ ਜੀ ਦੀਆਂ ਇਹ ਸਤਰਾਂ ਠੀਕ ਢੁਕਦੀਆਂ ਹਨ :—

'ਤੇਰੀ ਤਹਿਜ਼ੀਬ ਕਦੀਮੀ ਹੈ, ਇਕਬਾਲ ਤਿਰਾ ਲਾਸਾਨੀ ਹੈ' ।

ਤੇ

'ਕੁਦਰਤ ਪੰਘੂੜਾ ਘੜਿਆ ਸੀ, ਤੈਨੂੰ ਰਿਸ਼ੀਆਂ ਤੇ ਅਵਤਾਰਾਂ ਦਾ ।'

ਪਿਛਲੇਰੇ ਵੇਦਕ ਕਾਲ ਭਾਵ 'ਬੀਰ ਜੁਗ' ਵਿਚ ਮਹਾਂਭਾਰਤ ਦੀ ਲੜਾਈ ਇਸੇ ਵੀਰ-ਭੂਮੀ ਅਰਥਾਤ ਕੁਰੂਖੇਤਰ ਦੇ ਸਥਾਨ ਉਤੇ ਹੋਈ । ਇਹ ਸ਼ਹਿਰ ਅੰਬਾਲੇ ਤੋਂ ੨੦ ਮੀਲ ਤੇ ਅਤੇ ਭਾਰਤ ਦਾ ਇਕ ਮੰਨਿਆਂ-ਪਰਮੰਨਿਆਂ ਤੀਰਥ ਹੈ । ਇਸ ਦਾ ਸਰੋਵਰ ਅਤੇ ਖ਼ਾਸ ਕਰਕੇ ਸਨਯਾ ਹਿਤ ਜੋਤੀਸਰ ਤੇ ਬਾਣਗੰਗਾ ਬੜੀ ਇਤਿਹਾਸਕ ਮਹੱਤਾ ਦੇ ਮਾਲਕ ਹਨ । ਬਾਣਗੰਗਾ ਦਾ ਤਲਾਏ ਤਾਂ ਉਸ ਸਥਾਨ ਤੇ ਹੈ ਜਿਥੇ ਭੀਸ਼ਮ ਪਿਤਾਮਾ ਜੀ ਦਾ ਦਿਹਾਂਤ ਹੋਇਆ ਸੀ । (ਮਰਨ ਸਮੇਂ ਉਨ੍ਹਾਂ ਗੰਗਾ ਜਲ ਪੀਣ ਦੀ ਚਾਹ ਪਰਗਟ ਕੀਤੀ । ਕਹਿੰਦੇ ਹਨ ਕਿ ਅਰਜਨ ਨੇ ਆਪਣੇ ਤੀਰ ਨਾਲ ਧਰਤੀ ਪੁੱਟੀ ਤੇ ਉਥੋਂ ਗੰਗਾ ਦਾ ਪਾਣੀ ਫੁੱਟ ਨਿਕਲਿਆ, ਜਿਸ ਨਾਲ ਪਿਤਾਮਾ ਜੀ ਨੇ ਆਪਣੀ ਤੇਹ ਬੁਝਾਈ ਤੇ ਆਪਣੀ ਮਨੋਕਾਮਨਾ ਪੂਰੀ ਕੀਤੀ । ਇਸ ਤਲਾਬ ਦੀ ਬਾਬਤ ਕਿਹਾ ਜਾਂਦਾ ਹੈ ਕਿ ਜਦ ਸੂਰਜ-ਗ੍ਰਹਿਣ ਲਗਦਾ ਹੈ ਤਾਂ ਭਾਰਤ ਦੀਆਂ ਸਭ ਪਵਿੱਤਰ ਨਦੀਆਂ ਇਸ ਤਲਾਬ ਦੀ ਯਾਤਰਾ ਲਈ ਆਉਂਦੀਆਂ ਹਨ, ਇਸ ਲਈ ਕਈਆਂ ਦਾ ਖ਼ਿਆਲ ਹੈ ਕਿ ਉਸ ਵੇਲੇ ਇਸ ਵਿਚ ਇਸ਼ਨਾਨ ਕਰਨ ਵਾਲੇ ਨੂੰ ਸਭ ਤੀਰਥਾਂ ਦੇ ਇਸ਼ਨਾਨ ਦਾ ਮਹਾਤਮ ਪਰਾਪਤ ਹੋ ਜਾਂਦਾ ਹੈ । ਕਈ ਤਾਂ ਇਥੋਂ ਤੀਕ ਮੰਨਦੇ ਹਨ ਕਿ ਇਸ ਸਰੋਵਰ ਵਿਚ ਇਸ਼ਨਾਨ ਕਰਨ ਦਾ ਫਲ ਇਕ ਹਜ਼ਾਰ ਅਸ਼ਵਮੇਧ ਯੱਗ ਕਰਨ ਦੇ ਬਰਾਬਰ ਹੈ) । ਇਸੇ ਧਰਤੀ ਤੇ ਜੋਤੀਸਰ ਦੇ ਸਥਾਨ ਤੇ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਕਰਮ ਯੋਗੀ ਬਣਨ ਦਾ ਮਹਾਨ ਉਪਦੇਸ਼ ਦਿੱਤਾ ਜੋ ਕਿ ਸ੍ਰੀ ਮਦ ਭਗਵਤ ਗੀਤਾ ਵਿਚ ਅੰਕਿਤ ਹੈ । ਕੇਵਲ ਭਾਰਤ ਨੂੰ ਹੀ ਨਹੀਂ, ਸਗੋਂ ਸਾਰੇ ਵਿਸ਼ਵ ਨੂੰ ਭਗਵਤ ਗੀਤਾ ਵਰਗੀ ਪਰਸਿੱਧ ਤੇ ਅਦੁਤੀ ਪੁਸਤਕ ਦੇਣ ਦਾ ਮਾਣ ਵੀ ਪੰਜਾਬ ਨੂੰ ਹੀ ਹਾਸਲ ਹੈ ।

ਕੁਰੂਖੇਤਰ ਦੇ ਆਲੇ-ਦੁਆਲੇ ਦੀ ਚੱਪਾ ਚੱਪਾ ਧਰਤੀ ਭਾਰਤੀ ਇਤਿਹਾਸ ਵਿਚ ਮਹੱਤਾ ਰਖਦੀ ਹੈ । ਇਸ ਦੇ ਕੋਲ ਹੀ ਇਕ ਪਿੰਡ ਬਸਤਾਲੀ ਹੈ, ਜਿਥੇ ਕਿਹਾ ਜਾਂਦਾ ਹੈ ਕਿ ਮਹਾਂਭਾਰਤ ਦੇ ਕਰਤਾ ਰਿਸ਼ੀ ਵਿਆਸ ਰਹਿੰਦੇ ਰਹੇ ਸਨ । ਇਸ ਦੇ ਨੇੜੇ ਹੀ ਅਜਬੀਪੁਰ ਨਾਂ ਦਾ ਇਕ ਅਸਥਾਨ ਹੈ, ਜਿਥੇ ਕਿ ਮਹਾਂਭਾਰਤ ਦੇ ਜੁੱਧ ਵਿਚ ਮਾਰੇ ਗਏ ਜੋਧਿਆਂ ਨੂੰ ਸਸਕਾਰਿਆ ਗਿਆ ਸੀ । ਥਾਨੇਸਰ ਜਾਂ ਸਥਾਨੇਸ਼ਵਰ ਇਸੇ ਇਲਾਕੇ ਦਾ ਹੀ ਨਾਂ ਸੀ ਜਿਥੇ ਦਲੀਪ ਵਰਗੇ

* R. K. Mukerji : Ancient Indian Education p. 54.

† ਇਸੇ ਭਰਤ ਵੰਸ ਦੇ ਨਾਂ ਤੇ ਹੀ ਸਾਡੇ ਦੇਸ ਦਾ ਨਾਂ 'ਭਾਰਤ' ਰਖਿਆ ਗਿਆ । R. K. Mukerji, Ancient Indian Education. p. 145.

ਰਾਜਿਆਂ ਨੇ ਰਾਜ ਕੀਤਾ ਅਤੇ ਜਿਹੜਾ ਪਿਛੋਂ ਰਾਜਵਰਧਨ ਤੇ ਹਰਸ਼ਵਰਧਨ ਦੇ ਸਾਮਰਾਜਾਂ ਦਾ ਕੇਂਦਰ ਬਣਿਆ ਰਿਹਾ। ਇਸ ਟੁਕੜੇ ਦੀ ਪਵਿੱਤਰਤਾ ਤੇ ਮਹੱਤਾ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕਾਲੀਦਾਸ ਦਾ ਮੇਘਦੂਤ ਜਦ ਯੱਖ ਦਾ ਸੁਨੇਹਾ ਉਸ ਦੀ ਬਿਰਹਨ ਵਲ ਲਿਜਾਂਦਾ ਹੈ, ਤਾਂ ਉਹ ਸਰਸਵਤੀ ਦੇ ਇਸ ਪਵਿੱਤਰ ਅਸਥਾਨ ਨੂੰ ਵੇਖ ਕੇ, ਅਤੇ ਇਥੋਂ ਇਸ਼ਨਾਨ ਕਰਕੇ ਹੀ ਅਗੇ ਜਾਂਦਾ ਹੈ।*

ਰਾਮਾਇਣ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਦੋਂ ਅਵਧ ਤੇ ਪੰਜਾਬ ਆਪੋ ਵਿਚ ਇਕ ਚੰਗੀ ਵਗਦੀ ਸੜਕ ਨਾਲ ਜੁੜੇ ਹੋਏ ਸਨ, ਤੇ ਆਵਾਜਾਈ ਆਮ ਸੀ।†

ਬੀਰ ਯੁਗ ਤੋਂ ਪਿੱਛੋਂ ਦੇ ਸਮੇਂ ਵਿਚ ਵੀ ਪੰਜਾਬ ਦੀ ਮਹੱਤਤਾ, ਭਾਰਤੀ ਇਤਿਹਾਸ ਵਿਚ, ਉਸੇ ਤਰ੍ਹਾਂ ਕਾਇਮ ਰਹੀ। ਵੇਦਕ ਤੇ ਬੀਰ ਯੁਗ ਦੇ ਸਮੇਂ ਦੇ ਪੰਜਾਬ ਨੇ ਦੁਨੀਆਂ ਨੂੰ ਜਿੱਥੇ ਦੋ ਅਦੁੱਤੀ ਧਾਰਮਕ ਗ੍ਰੰਥ ਰਿਗਵੇਦ ਤੇ ਭਗਵਤ ਗੀਤਾ ਦਿੱਤੇ, ਉੱਥੇ ਪਰਾਚੀਨ ਸਮੇਂ ਦੀ ਸਭ ਤੋਂ ਪਰਸਿੱਧ ਰਚਨਾ ਪਾਣਿਨੀ ਦੇ ਅਸ਼ਟਾਧਿਆਈ, ਨੂੰ ਵੀ ਜਨਮ ਦੇਣ ਦਾ ਮਾਣ ਪਰਾਪਤ ਕੀਤਾ। ਮਹਾਂ ਰਿਸ਼ੀ ਪਾਣਿਨੀ, ਹਿਊਨਸਾਂਗ ਦੇ ਕਥਨ ਅਨੁਸਾਰ ਪੰਜਾਬ ਦਾ ਹੀ ਜੰਮਪਲ ਸੀ।‡ ਤੇ ਉਹ ਤਕਸ਼ਸ਼ਿਲਾ ਵਿਸ਼ਵ ਵਿਦਿਆਲਾ ਦਾ ਵਿਦਿਆਰਥੀ ਸੀ। ਪਾਣਿਨੀ ਨੇ ਸੰਸਕ੍ਰਿਤ ਵਿਆਕਰਣ ਨੂੰ ਇਕ ਵਿਗਿਆਨਕ ਤੌਰ ਤੇ ਨੇਮ-ਬਧ ਕੀਤਾ, ਤੇ ਇਸੇ ਲਈ ਉਸ ਨੂੰ ਟਕਸਾਲੀ ਸੰਸਕ੍ਰਿਤ ਦਾ ਮੋਢੀ ਕਿਹਾ ਜਾਂਦਾ ਹੈ।

ਬੀਰ ਯੁਗ ਪਿੱਛੋਂ, ਪੰਜਾਬ ਕਈ ਜਨ-ਪਦਾਂ ਵਿਚ ਵੰਡਿਆ ਗਿਆ। ੩੨੬ ਪੂਰਬ ਈ: ਵਿਚ ਹੋਏ ਸਿਕੰਦਰ ਦੇ ਹੱਲੇ ਵੇਲੇ, ਪੰਜਾਬ ਕਈ ਛੋਟੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਇਸ ਦੇ ਬਾਵਜੂਦ ਪੰਜਾਬੀਆਂ ਨੇ ਉਸ ਦਾ ਟਾਕਰਾ ਇੰਨੀ ਬਹਾਦਰੀ ਨਾਲ ਕੀਤਾ ਕਿ ਉਸ ਦੇ ਸਿਪਾਹੀਆਂ ਦੇ ਦਿਲਾਂ ਵਿਚ ਭਾਰਤੀ ਸੂਰਬੀਰਤਾ ਦਾ ਇੰਨਾ ਡਰ ਪੈ ਗਿਆ ਕਿ ਉਨ੍ਹਾਂ ਨੇ ਸਿਕੰਦਰ ਦੀ ਪਰੇਰਨਾ ਤੇ ਵੀ ਅਗਾਂਹ ਜਾਣੋਂ ਇਨਕਾਰ ਕਰ ਦਿੱਤਾ। ਪੰਜਾਬੀ ਸੂਰਬੀਰ ਪੋਰਸ ਦੀ ਬਹਾਦਰੀ ਭਾਰਤੀ ਇਤਿਹਾਸ ਵਿਚ ਵਿਸ਼ੇਸ਼ ਥਾਂ ਰਖਦੀ ਹੈ। ਇਹ ਪੰਜਾਬੀਆਂ ਦੀ ਦਲੇਰੀ ਤੇ ਬਹਾਦਰੀ ਸਦਕੇ ਸਿਕੰਦਰ ਦੇ ਹੱਲੇ ਦਾ ਅਸਰ ਬਾਕੀ ਭਾਰਤ ਉੱਤੇ ਵੀ ਕੋਈ ਖ਼ਾਸ ਨਾ ਪਿਆ। ਇੱਥੋਂ ਤਕ ਕਿ ਆਰ. ਕੇ. ਮੁਕਰਜੀ ਦੇ ਕਥਨ ਅਨੁਸਾਰ, 'ਸਿਕੰਦਰ ਦਾ ਹੱਲਾ ਇਕ ਧਾੜਾ ਤੇ ਤਮਾਸ਼ਾ ਜਿਹਾ ਬਣ ਕੇ ਹੀ ਰਹਿ ਗਿਆ ਅਤੇ ਸਿਕੰਦਰ ਇਸ ਵਿਸ਼ਾਲ ਤੇ ਅਮੀਰ ਦੇਸ਼ ਉੱਤੇ ਨਾ ਤਾਂ ਯੂਨਾਨੀ ਰਾਜ ਸਥਾਪਿਤ ਕਰ ਸਕਿਆ ਤੇ ਨਾ ਹੀ ਭਾਰਤੀ ਸਭਿਅਤਾ ਨੂੰ ਹੀ ਕੁਝ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕਰ ਸਕਿਆ।'

ਹਾਂ, ਬੁੱਧ ਧਰਮ ਦੇ ਸਮੇਂ ਭਾਰਤੀ ਇਤਿਹਾਸ ਵਿਚ ਪੰਜਾਬ ਦੀ ਉਹ ਮਹੱਤਾ ਨਾ ਰਹੀ, ਜਿਸ ਦਾ ਕਿ ਉਹ ਵੇਦਕ ਕਾਲ ਵਿਚ ਮਾਲਕ ਸੀ, ਪਰ ਇਸ ਦਾ ਭਾਵ ਇਹ ਨਹੀਂ ਕਿ ਪੰਜਾਬ ਦਾ ਇਸ ਸਮੇਂ ਦਾ ਇਤਿਹਾਸ ਇਸ ਪੱਖੋਂ ਬਿਲਕੁਲ ਹੀ ਕੋਰਾ ਹੈ। ਚੀਨੀ ਸੈਲਾਨੀਆਂ ਦੇ ਸਫ਼ਰਨਾਮਿਆਂ ਤੇ ਕਈ ਉੱਕਰੀਆਂ ਲਿਖਤਾਂ ਅਤੇ ਕਾਂਗੜਾ ਵਾਦੀ ਦੀਆਂ ਕਈ ਇਤਿਹਾਸਕ ਇਮਾਰਤਾਂ ਦੇ ਖੰਡਰਾਂ ਤੋਂ ਇਹ ਪਤਾ ਲਗਦਾ ਹੈ ਕਿ ਪੰਜਾਬ ਨੇ ਉਦੋਂ ਬੁੱਧ ਧਰਮ ਧਾਰਨ ਕਰ ਲਿਆ ਸੀ ਤੇ ਭਾਰਤ ਦੇ ਹੋਰ ਹਿੱਸਿਆਂ ਵਾਂਗ ਇੱਥੇ ਵੀ ਸਤੂਪ, ਚੇਤਯ ਵਿਹਾਰ ਤੇ ਮੱਠ ਕਾਇਮ ਹੋ ਗਏ ਸਨ। ਭਾਵੇਂ ਬਦੇਸ਼ੀ ਹੱਲਿਆਂ ਕਾਰਨ ਹੁੰਦੀ ਰਹੀ ਲੁੱਟ-ਮਾਰ ਤੇ ਭੰਨ-ਤੋੜ ਕਾਰਨ ਅਜੋਕੇ ਪੰਜਾਬ ਵਿਚ ਹੁਣ ਉਹ ਨਜ਼ਰ ਨਹੀਂ ਆਉਂਦੇ। ਕਈ ਹੋਰ ਇਤਿਹਾਸਕ ਸੋਮੇ ਦਸਦੇ ਹਨ ਕਿ ਕਨਿਸ਼ਕ ਦੇ ਰਾਜ ਸਮੇਂ, ਪਿਸ਼ਾਵਰ, ਟੈਕਸਲਾ ਤੇ ਸ਼ਾਕਲ (ਸਿਆਲਕੋਟ) ਨਾਂ ਦੇ ਅਸਥਾਨਾਂ ਵਿਚ ਬੁੱਧ ਧਰਮ ਦੇ ਬੜੇ ਬੜੇ ਮਠ ਤੇ ਵਿਹਾਰ ਸਥਾਪਿਤ ਸਨ ਨਗਰਕੋਟ ਤੇ ਕਾਂਗੜੇ ਦੇ ਕੋਲ ਕਨੀਆਰਾ ਤੇ ਪਠੀਆਰਾ ਦੇ ਅਸਥਾਨਾਂ ਤੋਂ ਮਿਲੀਆਂ ਸ਼ਿਲਾ-ਲਿਖਤਾਂ ਤੇ ਨਗਰਕੋਟ

* A. B. Keith : History of Sanskrit Literature P. 85

† Latif : History of the Punjab P. 37

‡ R. K. Mukerji : Ancient Indian Education p. 225

ਦੇ ਨਜ਼ਦੀਕ ਮਿਲੇ ਹੋਏ ਸਤੂਪ ਤੋਂ ਪਤਾ ਲਗਾ ਹੈ ਕਿ ਦੋ ਹਜ਼ਾਰ ਸਾਲ ਪਹਿਲੇ ਤ੍ਰਿਗਰਤ (ਕਾਂਗੜਾ) ਤੇ ਜਲੰਧਰ ਦੇ ਇਲਾਕਿਆਂ ਵਿਚ ਬੁੱਧ ਧਰਮ ਫ਼ੈਲਿਆ ਹੋਇਆ ਸੀ। ਹਿਸਾਰ ਜ਼ਿਲੇ ਦੇ ਕੋਲ ਤੋਸ਼ਮ ਅਸਥਾਨ ਦੇ ਖੰਡਰਾਂ ਅਤੇ ਰੋਹਤਕ ਜ਼ਿਲੇ ਦੇ ਪਿੰਡ ਬੋਹਰ ਅਸਥਾਨ ਦੇ ਖੰਡਰਾਂ ਤੋਂ ਵੀ ਪਤਾ ਲਗਦਾ ਹੈ ਕਿ ਉਸ ਇਲਾਕੇ ਵਿਚ ਵੀ ਅਜ ਤੋਂ ੨੦੦੦ ਸਾਲ ਪਹਿਲੇ ਬੁੱਧ ਮਤ ਦਾ ਅਸਰ ਸੀ।

ਚੀਨੀ ਯਾਤਰੂ ਫਾਹੀਆਨ ਜਿਸ ਨੇ ਕਿ ਗੁਪਤ ਵੰਸ ਦੇ ਰਾਜ ਸਮੇਂ ਭਾਰਤ ਦੀ ਯਾਤਰਾ ਕੀਤੀ, ਦਸਦਾ ਹੈ ਕਿ ਮਹਾਤਮਾ ਬੁੱਧ ਦੇ ਸਰੀਰ ਦੇ ਕੁਝ ਅੰਗਾਂ ਦਾ ਸਸਕਾਰ ਪੰਜਾਬ ਵਿਚ ਹੀ ਕੀਤਾ ਗਿਆ ਸੀ। ਉਹ ਇਹ ਵੀ ਲਿਖਦਾ ਹੈ ਕਿ ਪੰਜਾਬ ਨੂੰ ਉਸ ਵਕਤ ਪਿੱਟ੍ਹ ਕਿਹਾ ਜਾਂਦਾ ਸੀ ਤੇ ਬੁੱਧ ਧਰਮ ਦੀਆਂ ਦੋਵੇਂ ਸੰਪਰਦਾਵਾਂ-ਹੀਨਯਾਨ ਤੇ ਮਹਾਂਯਾਨ ਉਦੋਂ ਪੂਰੇ ਜ਼ੋਰਾਂ ਤੇ ਸਨ।

ਹਿਊਨਸਾਂਗ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਪੰਜਾਬ ਨੇ ਬੁੱਧ ਧਰਮ ਦੇ ਬੜੇ ਵਿਦਵਾਨ ਪੈਦਾ ਕੀਤੇ ਜਿਨ੍ਹਾਂ ਵਿਚ ਕੁਮਾਰਲਬੁੱਧ* ਆਸੰਗ ਤੇ ਵਸੂਬੰਧੂ ਵੀ ਸ਼ਾਮਲ ਹਨ। ਇਨ੍ਹਾਂ ਵਿਚੋਂ ਵਸੂਬੰਧੂ ਬੋਧੀ ਧਰਮ ਦੀ ਮਹਾਂਯਾਨ ਸ਼ਾਖ ਦਾ ਇਕ ਪਰਸਿੱਧ ਮਹਾਂ ਗਿਆਨੀ ਹੋਇਆ ਹੈ। ਸ੍ਰੀ ਜੈ ਚੰਦਰ ਵਿਦਿਆਲੰਕਾਰ ਦਾ ਵਿਚਾਰ ਹੈ ਕਿ ਵਸੂ-ਬੰਧੂ† ਦੀਆਂ ਲਿਖਤਾਂ ਨੇ ਭਾਰਤ ਦੇ ਸਭ ਤੋਂ ਉੱਘੇ ਵਿਦਵਾਨ ਸ੍ਰੀ ਸ਼ੰਕਰਾਚਾਰੀਆ ਉੱਤੇ ਬੜਾ ਅਸਰ ਪਾਇਆ। ਪੰਜਾਬ ਵਿਚ ਥਾਉਂ ਥਾਈਂ ਬੁਧ ਵਿਹਾਰ ਤੇ ਮੱਠ ਕਾਇਮ ਸਨ। ਸ਼ਾਕਲ ਬੁੱਧ ਧਰਮ ਦੀ ਹੀਨਯਾਨ ਸ਼ਾਖਾ ਦਾ ਮੁੱਖ ਕੇਂਦਰ ਸੀ। ਜਲੰਧਰ ਵਿਚ ੫੦ ਵਿਹਾਰ ਸਥਾਪਿਤ ਸਨ ਜਿਨ੍ਹਾਂ ਵਿਚ ਹੀਨਯਾਨ ਤੇ ਮਹਾਂਯਾਨ ਸੰਪਰਦਾਵਾਂ ਦੇ ਦੋ ਹਜ਼ਾਰ ਭਿਖਸ਼ੂ ਰਹਿ ਰਹੇ ਸਨ। ਇਨ੍ਹਾਂ ਵਿਚੋਂ ਇਕ ਵਿਹਾਰ ਨਗਰਧਨ ਵਿਚ ਹੀਊਨਸਾਂਗ ਖ਼ੁਦ ਚਾਰ ਮਹੀਨੇ ਰਿਹਾ ਅਤੇ ਇਸ ਦੇ ਪਰਸਿੱਧ ਅਚਾਰੀਆ ਚੰਦਰ ਵਰਮਾ ਕੋਲੋਂ ਅਭੀਧਰਮ ਗ੍ਰੰਥ ਦਾ ਗਿਆਨ ਪਰਾਪਤ ਕੀਤਾ।‡ ਬਿਆਸ ਦੇ ਕੋਲ ਇਕ ਸ਼ਹਿਰ ਕਲੌਟ ਦੇ ਲਾਗੇ ੨੦ ਬੁੱਧ-ਵਿਹਾਰ ਕਾਇਮ ਸਨ ਜਿਨ੍ਹਾਂ ਵਿਚ ਇਕ ਹਜ਼ਾਰ ਭਿਖਸ਼ੂ ਰਹਿੰਦੇ ਸਨ। ਥਾਨੇਸਰ ਤੇ ਨਗਰਕੋਟ ਦੇ ਪਰਸਿਧ ਨਗਰਾਂ ਵਿਚ ਵੀ ਕਈ ਮੱਠ ਤੇ ਵਿਹਾਰ ਸਥਾਪਿਤ ਸਨ। ਥਾਨੇਸਰ ਵਿਚ ਭਾਵੇਂ ਬ੍ਰਾਹਮਣ ਧਰਮ ਦਾ ਪਰਚਾਰ ਵਧੇਰੇ ਸੀ, ਪਰ ਹੀਨਯਾਨ ਮਤ ਦੇ ਕਈ ਮੱਠ ਤੇ ਵਿਹਾਰ ਵੀ ਕਾਇਮ ਸਨ। ਸਪਿੱਤੀ ਤੇ ਲਾਹੌਲ ਦੇ ਪਹਾੜੀ ਇਲਾਕਿਆਂ ਵਿਚ ਜਿਹੜਾ ਬੁਧ ਧਰਮ ਹੁਣ ਤਕ ਵਿਦਮਾਨ ਹੈ, ਉਹ ਉਦੋਂ ਦੇ ਪੰਜਾਬ ਦੇ ਬੋਧੀ ਭਿਖਸ਼ੂਆਂ ਦਾ ਹੀ ਫੈਲਾਇਆ ਹੋਇਆ ਹੈ।

ਬੁੱਧ ਕਾਲ ਵਿਚ ਪੰਜਾਬ ਦੀ ਮਹੱਤਾ, ਭਾਰਤੀ ਇਤਿਹਾਸ ਵਿਚ, ਇਕ ਹੋਰ ਕਾਰਨ ਕਰਕੇ ਵੀ ਸੀ, ਇੱਥੋਂ ਦੀ ਟੈਕਸਲਾ ਯੂਨੀਵਰਸਿਟੀ ਵਿਚ ਕਈ ਲੋਕ ਭਾਰਤ ਦੇ ਦੂਰ ਦੁਰਾਡੇ ਹਿੱਸਿਆਂ ਤੇ ਬਾਹਰਲੇ ਦੇਸਾਂ ਵਿਚੋਂ ਵਿਦਿਆ ਪਰਾਪਤ ਕਰਨ ਲਈ ਆਉਂਦੇ ਸਨ। ਆਧੁਨਿਕ ਸਮੇਂ ਦਾ ਪਰਸਿੱਧ ਭਾਰਤੀ ਇਤਿਹਾਸਕਾਰ ਆਰ. ਕੇ. ਮੁਕਰਜੀ ਲਿਖਦਾ ਹੈ, 'ਟੈਕਸਲਾ ਉਹ ਯੂਨੀਵਰਸਿਟੀ ਸੀ, ਜਿੱਥੇ ਵਿਦਵਾਨ ਲੋਕ ਕੇਵਲ ਉਚੇਰੀ ਵਿਦਿਆ ਲੈਣ ਲਈ ਨਹੀਂ ਸਗੋਂ ਪਰਾਪਤ ਕੀਤੇ ਹੋਏ ਗਿਆਨ ਨੂੰ ਹੋਰ ਵਧੇਰੇ ਪਰਪੱਕ ਤੇ ਸੰਪੂਰਨ ਕਰਨ ਲਈ ਆਇਆ ਕਰਦੇ ਸਨ। ਇਸ ਯੂਨੀਵਰਸਿਟੀ ਵਿਚ ਤਿੰਨ ਵੇਦਾਂ ਤੇ ਅਠਾਰਾਂ ਕਿਸਮਾਂ ਦੀ ਵਿਦਿਆ ਪੜ੍ਹਾਈ ਸਿਖਾਈ ਜਾਂਦੀ ਸੀ। ਅਰਥ ਸ਼ਾਸ਼ਤਰ ਦਾ ਕਰਤਾ ਅਚਾਰੀਆ ਚਾਣਕੱਜ ਕੌਟਿਲ ਇਸੇ ਯੂਨੀਵਰਸਿਟੀ ਤੋਂ ਪੜ੍ਹਿਆ ਸੀ। ਭਾਰਤ ਦਾ ਸਭ ਤੋਂ ਪਰਸਿੱਧ ਵੈਦ ਚਰਕ ਜੋ ਹਿਕਮਤ ਦੇ ਗਿਆਨ ਵਿਚ ਆਪਣਾ ਜੋੜ ਨਹੀਂ ਰਖਦਾ, ਇਸੇ ਯੂਨੀਵਰਸਿਟੀ ਦਾ ਇਕ ਚਮਕਦਾ ਸਿਤਾਰਾ ਸੀ। ਦ੍ਰਿੜਬਲ ਨਾਂ ਦਾ ਇਕ ਹੋਰ ਪਰਸਿੱਧ ਵੈਦ ਜੋ ਆਪਣੇ ਨਾਂ ਨਾਲ ਪੰਚਨਦ ਲਿਖਦਾ ਹੁੰਦਾ ਸੀ, ਇਸੇ

* ਕੁਮਾਰਲਬੁਧ ਬੁਧ ਇਤਿਹਾਸ ਵਿਚ ਉੱਨਾ ਹੀ ਪਰਸਿੱਧ ਹੈ ਜਿੰਨਾਂ ਕਿ ਨਾਗਾਰਜੁਨ ਤੇ ਅਸ਼ਵਘੋਸ਼।

† ਵਸੂਬੰਧੂ ਬੁਧ ਧਰਮ ਦੇ ਪਰਸਿੱਧ ਗ੍ਰੰਥ 'ਅਭੀਧਰਮ-ਕੋਸ਼-ਸੂਤ੍ਰ' ਦਾ ਕਰਤਾ ਹੈ।

‡ R. K. Mukerji, Ancient Indian Education P. 512.

ਯੂਨੀਵਰਸਿਟੀ ਦਾ ਇਕ ਉੱਘਾ ਲਾਲ ਸੀ ।

ਬੁੱਧ ਕਾਲ ਦੇ ਅੰਤ ਵਿਚ ਪੰਜਾਬ ਨੇ ਫਿਰ ਸਿਰ ਚੁੱਕਿਆ ਅਤੇ ਸੱਤਵੀਂ ਸਦੀ ਵਿਚ ਤਾਂ ਭਾਰਤ ਦੇ ਦੂਜੇ ਪਰਾਂਤਾਂ ਨਾਲੋਂ ਵਿਸ਼ੇਸ਼ਤਾ ਵੀ ਪਰਾਪਤ ਕਰ ਲਈ । ਪ੍ਰਭਾਕਰ ਵਰਧਨ ਤੇ ਹਰਸ਼ ਵਰਧਨ ਨੇ ਥਾਨੇਸਰ ਵਿਚ ਇਕ ਵਡਾ ਰਾਜ ਸਥਾਪਤ ਕੀਤਾ । ਇਸੇ ਪੰਜਾਬੀ ਰਾਜੇ, ਪ੍ਰਭਾਕਰ ਵਰਧਨ ਨੇ ਹੀ ਭਾਰਤ ਨੂੰ ਹੂਣਾਂ ਵਰਗੇ ਬਦੇਸ਼ੀ ਧਾੜਵੀਆਂ ਤੋਂ ਬਚਾਇਆ । ਉਸ ਦਾ ਸਮਕਾਲੀ ਇਤਿਹਾਸਕਾਰ ਬਾਣ ਭੱਟ ਲਿਖਦਾ ਹੈ, 'ਪ੍ਰਭਾਕਰ ਵਰਧਨ ਹੂਣ ਧਾੜਵੀਆਂ ਲਈ ਸ਼ੇਰ, ਸਿੰਧ ਵਾਦੀ ਦੇ ਰਾਜਿਆਂ ਲਈ ਸਾੜਵਾਂ ਬੁਖ਼ਾਰ, ਗੁਜਰਾਤ ਲਈ ਮੁਸੀਬਤ ਅਤੇ ਗੰਧਾਰ ਲਈ ਪਲੇਗ ਸੀ ।' ਪ੍ਰਭਾਕਰ ਵਰਧਨ ਦੇ ਪੁੱਤਰ, ਹਰਸ਼ ਵਰਧਨ ਨੇ ਪੰਜਾਬ ਦਾ ਨਾਂ ਹੋਰ ਉਘਾ ਕੀਤਾ । ਉਸ ਨੇ ਗੁਪਤ ਵੰਸ ਤੋਂ ਪਿਛੋਂ ਭਾਰਤ ਨੂੰ ਫਿਰ ਸੰਗਠਿਤ ਕੀਤਾ ਅਤੇ ਪੰਜਾਬ ਰਾਜ ਨੂੰ ਇਕ ਸਾਮਰਾਜ ਵਿਚ ਢਾਲ ਦਿਤਾ । ਇਤਿਹਾਸਕਾਰ ਉਸ ਦੀਆਂ ਜਿਤਾਂ, ਜੰਗਾਂ ਤੇ ਉਸ ਦੇ ਚੰਗੇ ਕੰਮਾਂ ਤੇ ਦਿਤ-ਦਾਨ ਨੂੰ ਮੁੱਖ ਰਖਦਿਆਂ ਉਸ ਦੀ ਤੁਲਨਾ ਕਨਿਸ਼ਕ, ਅਸ਼ੋਕ ਤੇ ਵਿਕ੍ਰਮਾਦਿਤ ਨਾਲ ਕਰਦੇ ਹਨ । ਉਹ ਇਕ ਮਹਾਂਦਾਨੀ ਸੀ । ਡਾਕਟਰ ਮੁਕਰਜੀ ਤਾਂ ਇਥੋਂ ਤੀਕ ਲਿਖਦੇ ਹਨ, 'ਪੁੰਨਦਾਨ ਵਿਚ ਤਾਂ ਭਾਰਤ ਕੀ ਦੁਨੀਆਂ ਦਾ ਕੋਈ ਵੀ ਰਾਜਾ ਉਸ ਦਾ ਟਾਕਰਾ ਨਹੀਂ ਕਰ ਸਕਦਾ । ਕਈ ਤਾਂ ਉਸ ਨੂੰ 'ਹਿੰਦ ਦਾ ਹਾਤਮ' ਕਹਿ ਕੇ ਯਾਦ ਕਰਦੇ ਹਨ ।*

੫੦੦੦ ਈਸਵੀ -ਪੂਰਬ ਤੋਂ ੬੪੮ ਈਸਵੀ ਤਕ ਦੇ ਭਾਰਤ ਦੇ ਸਭਿਆਚਾਰਕ ਇਤਿਹਾਸ ਦਾ ਉਪਰੋਕਤ ਅਧਿਐਨ ਇਸ ਗੱਲ ਦਾ ਸੂਚਕ ਹੈ, ਕਿ ਪਹਿਲੇ ਸਾਢੇ ਤਿੰਨ ਕੁ ਹਜ਼ਾਰ ਵਰ੍ਹਿਆਂ ਵਿਚ ਪੰਜਾਬ ਦਾ ਇਤਿਹਾਸ ਹੀ ਭਾਰਤ ਦਾ ਇਤਿਹਾਸ ਸੀ, ਅਤੇ ਪੰਜਾਬ ਹੀ ਭਾਰਤ ਦੀ ਸਭਿਅਤਾ ਤੇ ਸਭਿਆਚਾਰ ਦਾ ਚਿੰਨ੍ਹ ਤੇ ਕੇਂਦਰ ਸੀ । ਬੀਰ ਯੁਗ ਵਿਚ ਇਸ ਦੀ ਮਹੱਤਾ ਕਿਸੇ ਹੋਰ ਪ੍ਰਾਂਤ ਨਾਲੋਂ ਘਟ ਨਹੀਂ ਸੀ । ਸਿਕੰਦਰ ਉਤੇ ਤਾਂ ਇਸ ਦੇ ਜਾਇਆਂ ਦੀ ਬਹਾਦਰੀ ਨੇ ਇੰਨਾ ਪ੍ਰਭਾਵ ਪਾਇਆ, ਕਿ ਉਸ ਨੂੰ ਭਾਰਤ ਨੂੰ ਜਿੱਤਣ ਦਾ ਖ਼ਿਆਲ ਛੱਡਣਾ ਪੈ ਗਿਆ । ਬੁੱਧ ਕਾਲ ਵਿਚ ਵੀ ਪੰਜਾਬ ਕਿਸੇ ਹੋਰ ਰਾਜ ਨਾਲੋਂ ਪਿਛੇ ਨਾ ਰਿਹਾ, ਪਰ ਇਸ ਦੀ ਸਰਦਾਰੀ ਜਾਂਦੀ ਰਹੀ ਤੇ ਇਹ ਕਈ ਸੌ ਸਾਲ ਬਿਦੇਸੀ ਰਾਜਾਂ ਦਾ ਸ਼ਿਕਾਰ ਹੋ ਗਿਆ । ਅੰਤ ਸੱਤਵੀਂ ਸਦੀ ਵਿਚ, ਵਰਧਨ ਵੰਸ਼ ਦੇ ਉਘੇ ਰਾਜੇ, ਪ੍ਰਭਾਕਰ ਵਰਧਨ ਨੇ ਮੁੜ ਉੱਤਰੀ ਭਾਰਤ ਨੂੰ ਆਜ਼ਾਦ ਕਰਵਾਇਆ ਤੇ ਇਸ ਦੇ ਪੁੱਤਰ ਹਰਸ਼ ਨੇ ਪੰਜਾਬ ਦੀ ਸ਼ਾਨ ਨੂੰ ਚਾਰ ਚੰਨ ਲਾਏ ।

ਇਸੇ ਪੰਜਾਬ ਦੀ ਵੀਰਭੂਮੀ, ਜਿਵੇਂ ਆਰੀਆਂ ਦੇ ਵੇਲੇ ਉਨ੍ਹਾਂ ਦੀ ਸਭਿਅਤਾ ਦਾ ਪੰਘੂੜਾ ਬਣੀ ਰਹੀ ਸੀ, ਤਿਵੇਂ ਹੀ ਮੁਸਲਮਾਨਾਂ ਦੇ ਵੇਲੇ ਉਨ੍ਹਾਂ ਦੀ ਸਭਿਅਤਾ ਦਾ ਅਸਥਾਨ ਬਣ ਗਈ । ਇਥੇ ਹੀ ਉਨ੍ਹਾਂ ਦੇ ਵਲੀਆਂ ਫ਼ਕੀਰਾਂ (ਦਾਤਾ ਗੰਜ ਬਖਸ਼, ਬੂ-ਅਲੀਸ਼ਾਹ ਕਲੰਦਰ, ਸ਼ੇਖ ਫ਼ਰੀਦ ਦੀਨ ਸ਼ਕਰਗੰਜ ਆਦਿ) ਨੇ ਇਸਲਾਮ ਤੇ ਸੂਫ਼ੀ ਮਤ ਦਾ ਪਰਚਾਰ ਸ਼ੁਰੂ ਕੀਤਾ ਅਤੇ ਲੱਖਾਂ ਹਿੰਦ ਵਾਸੀਆਂ ਨੂੰ ਆਪਣੇ ਮੱਤ ਦਾ ਅਨੁਆਈ ਬਣਾਇਆ ।

ਗਜ਼ਨਵੀਆਂ ਤੇ ਗ਼ੌਰੀਆਂ ਦੀ ਅੱਖ ਵੀ ਪਹਿਲਾਂ ਪਹਿਲ ਇਸੇ ਧਰਤੀ ਉਤੇ ਟਿਕੀ । ਇਥੇ ਹੀ ਜੈਪਾਲ ਤੇ ਆਨੰਦਪਾਲ (ਦਸਵੀਂ ਤੇ ਯਾਰ੍ਹਵੀਂ ਸਦੀ ਦੇ ਸੂਰਬੀਰ ਪੰਜਾਬੀ ਰਾਜਿਆਂ) ਨੇ ਮਹਿਮੂਦ ਗ਼ਜ਼ਨਵੀ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਈਨ ਮੰਨਣ ਦੀ ਥਾਂ ਆਪਣੇ ਆਪ ਨੂੰ ਹੀ ਨਿਛਾਵਰ ਕਰ ਦਿਤਾ । ਆਨੰਦਪਾਲ ਦੀ ਬਾਬਤ ਕਿਹਾ ਜਾਂਦਾ ਹੈ, ਕਿ ਉਸ ਨੇ ਭਾਰਤ ਦੀ ਅਣਖ ਤੇ ਆਜ਼ਾਦੀ ਕਾਇਮ ਰਖਣ ਲਈ ਬਹੁਤ ਸਾਰੇ ਹੋਰ ਭਾਰਤੀ ਰਾਜਿਆਂ ਨਾਲ ਰਲ ਕੇ ਮਹਿਮੂਦ ਦਾ ਟਾਕਰਾ ਕੀਤਾ । ਇਹ ਗੱਲ ਵੱਖਰੀ ਹੈ, ਕਿ ਉਹ ਇਸ ਮੰਤਵ ਵਿਚ ਅਸਫ਼ਲ ਰਿਹਾ, ਪਰ ਪੰਜਾਬੀਆਂ ਨੂੰ ਇਸ ਗੱਲ ਦਾ ਮਾਣ ਜ਼ਰੂਰ ਰਹੇਗਾ, ਕਿ ਉਨ੍ਹਾਂ ਨੇ ਪੰਜਾਬ ਦੀ ਆਜ਼ਾਦੀ ਕਿਸੇ ਡਰ ਜਾਂ ਕਾਇਰਤਾ ਦਾ ਸ਼ਿਕਾਰ ਹੋ ਕੇ ਨਹੀਂ ਗਵਾਈ । ਇਸੇ ਧਰਤੀ ਉਤੇ ਹੀ ਫਿਰ ਮੁਹੰਮਦ ਗ਼ੌਰੀ ਤੇ ਭਾਰਤੀ ਰਾਜਿਆਂ

* R. K. Mukerji : Men & Thought in Ancient India.

ਦੀਆਂ ਦੋ-ਟੂਕ ਲੜਾਈਆਂ ਹੋਈਆਂ । ਇਸੇ ਦੇ ਤਰਾਵੜੀ ਨਾਂ ਦੇ ਇਕ ਨਗਰ ਵਿਚ ਮੁਹੰਮਦ ਗੌਰੀ ਨੂੰ ਇਕ ਪੰਜਾਬੀ ਰਾਜੇ ਗੋਵਿੰਦ ਰਾਏ ਨੇ ੧੧੯੧ ਈਸਵੀ ਵਿਚ ਜ਼ਖ਼ਮੀ ਕੀਤਾ । ਮੁਹੰਮਦ ਗ਼ੌਰੀ ਨੇ ਅਗਲੇ ਵਰ੍ਹੇ (੧੧੯੨ ਈਸਵੀ) ਇਸੇ ਸਥਾਨ ਤੇ ਫਿਰ ਕਾਮਯਾਬੀ ਪਰਾਪਤ ਕੀਤੀ ਅਤੇ ਸਾਰੇ ਉੱਤਰੀ ਭਾਰਤ ਨੂੰ ਪੱਕੇ ਤੌਰ ਤੇ ਆਪਣੇ ਅਧੀਨ ਕਰ ਲਿਆ । ਮਹਿਮੂਦ ਗ਼ਜ਼ਨਵੀਂ ਤੇ ਮੁਹੰਮਦ ਗ਼ੌਰੀ ਦੀ ਰਾਜਧਾਨੀ ਲਾਹੌਰ ਹੀ ਰਹੀ । ਮੁਹੰਮਦ ਗ਼ੌਰੀ ਤੋਂ ਬਾਅਦ ਕੁਤਬਦੀਨ ਐਬਕ ਤੇ ਅਰਾਮਸ਼ਾਹ (ਗ਼ੁਲਾਮਵੰਸ ਦੇ ਭਾਰਤੀ ਸੁਲਤਾਨਾਂ) ਦੀ ਰਾਜਧਾਨੀ ਵੀ ਲਾਹੌਰ ਹੀ ਸੀ । ਮਗਰੋਂ ਕਿਤੇ ਸੁਲਤਾਨ ਸ਼ੱਮਸੁਦੀਨ ਅਲਤਮਸ਼ ਨੇ ਲਾਹੌਰ ਨੂੰ ਛੱਡ ਕੇ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ ।

ਫਿਰ ਕੁਝ ਚਿਰ ਬਾਅਦ ਇਸੇ ਪੰਜਾਬ ਦੀ ਹਿੱਕ ਉਤੇ ਹੀ ਤਿੰਨ ਪਰਸਿੱਧ ਲੜਾਈਆਂ ਲੜੀਆਂ ਗਈਆਂ, ਜਿਨ੍ਹਾਂ ਨੂੰ ਕਿ ਪਾਣੀਪਤ ਦੀਆਂ ਲੜਾਈਆਂ ਕਹਿੰਦੇ ਹਨ ਤੇ ਜੋ ਭਾਰਤੀ ਇਤਿਹਾਸ ਦੀਆਂ ਤਿੰਨ ਯੁਗ-ਪਲਟਾਊ ਘਟਨਾਵਾਂ ਕਹੀਆਂ ਜਾ ਸਕਦੀਆਂ ਹਨ । ਇਨ੍ਹਾਂ ਵਿਚੋਂ ਪਹਿਲੀ ਨੇ ੧੫੨੬ ਈ: ਵਿਚ ਭਾਰਤ ਦੇ ਅਫ਼ਗਾਨ ਤੇ ਪਠਾਣ ਰਾਜ ਨੂੰ ਮਾਰ ਮੁਕਾ ਕੇ ਬਾਬਰ ਦਾ ਮੁਗ਼ਲ ਸਾਮਰਾਜ ਸਥਾਪਤ ਕਰ ਦਿਤਾ । ਦੂਜੀ (੧੫੫੬ ਈ:) ਨੇ ਅਫ਼ਗਾਨਾਂ ਦੀ ਭਾਰਤ ਉਤੇ ਮੁੜ ਰਾਜ ਕਰਨ ਦੀਆਂ ਰਹਿੰਦੀਆਂ ਆਸਾਂ ਉਤੇ ਵੀ ਪਾਣੀ ਫੇਰ ਦਿਤਾ ਅਤੇ ਇਸ ਦੇ ਸਿੱਟੇ ਵਜੋਂ ਮੁਗ਼ਲ ਰਾਜ ਦੀਆਂ ਨੀਹਾਂ ਪੱਕੀਆਂ ਹੋ ਗਈਆਂ । ਪਾਣੀਪਤ ਦੀ ਤੀਜੀ ਲੜਾਈ (ਜੋ ਸੰਨ ੧੭੬੧ ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਤੇ ਮਰਹੱਟਿਆਂ ਵਿਚਕਾਰ ਹੋਈ) ਨੇ ਮੁਗ਼ਲ ਰਾਜ ਜੜ੍ਹੋਂ ਹਿਲਾ ਦਿਤਾ ਅਤੇ ਮਰਹੱਟਿਆਂ ਦੇ ਉੱਤਰੀ ਹਿੰਦ ਉਤੇ ਰਾਜ ਕਰਨ ਦੇ ਸੁਫ਼ਨਿਆਂ ਨੂੰ ਵੀ ਮਿੱਟੀ ਵਿਚ ਮਿਲਾ ਦਿਤਾ । ਭਾਰਤੀ ਇਤਿਹਾਸ ਦਾ ਕੋਈ ਵੀ ਵਿਦਿਆਰਥੀ ਪੰਜਾਬ ਵਿਚ ਹੋਈਆਂ ਇਨ੍ਹਾਂ ਤਿੰਨ ਲੜਾਈਆਂ ਦੇ ਅਧਿਐਨ ਬਿਨਾਂ ਭਾਰਤ ਦੇ ਸਮੁੱਚੇ ਇਤਿਹਾਸ ਨੂੰ ਠੀਕ ਤਰ੍ਹਾਂ ਨਹੀਂ ਸਮਝ ਸਕਦਾ ।

ਭਾਰਤੀ ਇਤਿਹਾਸ ਵਿਚ ਮੁਸਲਮਾਨੀ ਰਾਜ-ਸਮੇਂ ਦੇ ਸਭ ਤੋਂ ਪਰਸਿੱਧ ਬਾਦਸ਼ਾਹ, ਅਕਬਰ ਮਹਾਨ ਦੀ ਤਾਜਪੋਸ਼ੀ ਦੀ ਰਸਮ, ਇਸੇ ਪੰਜਾਬ ਦੇ ਇਕ ਨਗਰ, ਕਲਾਨੌਰ ਵਿਚ ਹੋਈ ਸੀ । ਜਦ ਅਕਬਰ ਨੂੰ ਪਠਾਣੀ ਕਬੀਲਿਆਂ ਨਾਲ ਲੜਨਾ ਪਿਆ ਤਾਂ ਉਸ ਨੇ ਲਾਹੌਰ ਨੂੰ ਹੀ ਆਪਣੀ ਰਾਜਧਾਨੀ ਬਣਾ ਲਿਆ ਸੀ, ਫਿਰ ੧੫੮੬ ਤੋਂ ਲੈ ਕੇ ੧੫੯੧ ਈ: ਤਕ ਲਾਹੌਰ ਹੀ ਭਾਰਤੀ ਰਾਜ ਦੀ ਰਾਜਧਾਨੀ ਬਣਿਆ ਰਿਹਾ । ਅਕਬਰ ਨੇ ਸਤੀ ਰਸਮ ਦੀ ਮਨਾਹੀ ਤੇ ਵਿਧਵਾ ਪੁਨਰ-ਵਿਆਹ ਦੇ ਕਾਨੂੰਨ ਇਸੇ ਸਮੇਂ ਹੀ ਜਾਰੀ ਕੀਤੇ ਸਨ । ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਵੀ ਉਹਨੂੰ ਇਸੇ ਸਮੇਂ ਹੋਏ, ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ । ਜਹਾਂਗੀਰ ਬਾਦਸ਼ਾਹ ਦਾ ਅੰਤਲਾ ਸਮਾਂ ਵੀ ਬਹੁਤਾ ਪੰਜਾਬ ਵਿਚ ਹੀ ਗੁਜ਼ਰਿਆ । ਇੱਥੇ ਹੀ ਮੁਹੱਬਤ ਖ਼ਾਂ ਨੇ ਜਹਾਂਗੀਰ ਤੇ ਨੂਰਜਹਾਂ ਨੂੰ ਕੈਦ ਕੀਤਾ । ਜਹਾਂਗੀਰ ਨੇ ਆਪਣੇ ਪ੍ਰਾਣ ਵੀ ਇੱਥੇ ਹੀ ਤਿਆਗੇ ਤੇ ਉਸਨੂੰ ਦਫ਼ਨਾਇਆ ਵੀ ਇੱਥੇ (ਸ਼ਾਹਦਰੇ) ਹੀ ਗਿਆ, ਜਿੱਥੇ ਕਿ ਇਕ ਬੜਾ ਸ਼ਾਨਦਾਰ ਮਕਬਰਾ ਹੁਣ ਤਕ ਸਥਾਪਿਤ ਹੈ । ਪੰਜਾਬ ਦੀ ਧਰਤੀ ਨੇ ਇਸੇ ਸਮੇਂ ਕੁਝ ਅਜੇਹੇ ਯੋਧੇ ਵੀ ਪੈਦਾ ਕੀਤੇ, ਜਿਨ੍ਹਾਂ ਦਾ ਨਾਂ ਭਾਰਤੀ ਜੀਵਨ ਇਤਿਹਾਸ ਵਿਚ ਸਦਾ ਚਮਕਦਾ ਰਹੇਗਾ । ਜੈਪਾਲ, ਆਨੰਦਪਾਲ, ਰਾਜਾ ਗੋਬਿੰਦ ਰਾਏ, ਟੋਡਰ ਮਲ ਤੇ ਗੁਰੂ ਗੋਬਿੰਦ ਸਿੰਘ ਵਰਗੇ ਮੰਨੇ ਪ੍ਰਮੰਨੇ ਸੂਰਬੀਰਾਂ ਦੇ ਨਾਂ ਤਾਂ ਭਾਰਤੀ ਇਤਿਹਾਸ ਵਿਚ ਸਦਾ ਮਾਣ ਨਾਲ ਲਏ ਜਾਂਦੇ ਰਹਿਣਗੇ । ਇਸੇ ਪੰਜਾਬ ਨੇ, ਇਸੇ ਕਾਲ ਵਿਚ ਕੁਝ ਅਜੇਹੇ ਸ਼ਹੀਦ ਵੀ ਪੈਦਾ ਕੀਤੇ, ਜਿਨ੍ਹਾਂ ਦੀਆਂ ਸ਼ਹੀਦੀਆਂ ਨੇ ਭਾਰਤੀਆਂ ਉੱਤੇ ਬਹੁਤ ਡੂੰਘਾ ਅਸਰ ਕੀਤਾ ਤੇ ਪੰਜਾਬੀਆਂ ਨੂੰ ਸੁਤੰਤਰਤਾ ਸੰਗਰਾਮ ਲਈ ਤਿਆਰ-ਬਰ-ਤਿਆਰ ਕਰ ਦਿੱਤਾ । ਇਨ੍ਹਾਂ ਵਿੱਚੋਂ ਕੁਝ ਖ਼ਾਸ ਵਰਣਨਯੋਗ ਹਸਤੀਆਂ ਦੇ ਨਾਂ ਇਹ ਹਨ : ਗੁਰੂ ਅਰਜਨ ਦੇਵ ਜੀ, ਭਾਈ ਮਤੀ ਦਾਸ, ਭਾਈ ਦਿਆਲਾ, ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਪੰਜ ਪਿਆਰੇ, ਚਾਲ੍ਹੀ ਮੁਕਤੇ ਤੇ ਅਨੇਕਾਂ ਹੋਰ ਸਾਥੀ । ਸਿੱਖ ਗੁਰੂਆਂ ਦੇ ਪਰਚਾਰ ਤੇ ਕੁਰਬਾਨੀਆਂ ਨੇ ਪੰਜਾਬੀਆਂ ਵਿਚ ਅਜੇਹੀ ਰੂਹ ਫੂਕ ਦਿੱਤੀ ਕਿ ਉਹ ਅਬਦਾਲੀ ਜੇਹੇ ਜਾਬਰ ਧਾੜਵੀ ਨੂੰ ਵੀ ਦੰਦ-ਤੋੜਵੀਆਂ ਹਾਰਾਂ ਦੇਣ ਦੇ ਸਮਰੱਥ ਹੋ ਗਏ । ਪੰਜਾਬ ਦੇ ਸਿੱਖ ਸੂਰਬੀਰਾਂ ਦੀਆਂ ਅਜੇਹੀਆਂ ਅਦੁਤੀ ਜਿੱਤਾਂ ਤਾਂ ਭਾਰਤੀ ਇਤਿਹਾਸ ਵਿਚ ਖ਼ਾਸ ਮਹੱਤਾ ਰਖਦੀਆਂ ਹਨ, ਕਿਉਂ ਜੋ ਇਨ੍ਹਾਂ

ਕਰ ਕੇ ਹੀ ਅਫ਼ਗਾਨਾਂ ਦੀ ਭਾਰਤ ਉੱਤੇ ਮੁੜ (ਤੀਜੀ ਵਾਰ) ਰਾਜ ਕਾਇਮ ਕਰਨ ਦੀ ਕੋਸ਼ਿਸ਼ ਅਸਫ਼ਲ ਹੋ ਗਈ ਸੀ।

ਪੰਜਾਬ ਨੇ ਹੀ, ਇਸੇ ਸਮੇਂ ਕਈ, ਪਰਸਿੱਧ ਨੀਤੀਵੇਤਾ (ਸਿਆਸਤਦਾਨ) ਵੀ ਪੈਦਾ ਕੀਤੇ, ਜਿਨ੍ਹਾਂ ਦੀ ਨੀਤੀ-ਨਿਪੁੰਨਤਾ ਉੱਤੇ ਸਾਰੇ ਭਾਰਤ ਨੂੰ ਮਾਣ ਹੈ। ਅਜੋਕੇ ਇਤਿਹਾਸਕਾਰਾਂ ਨੇ ਇਹ ਸਿੱਧ ਕਰ ਦਿੱਤਾ, ਹੈ, ਕਿ ਸ਼ੇਰ ਸ਼ਾਹ ਸੂਰੀ ਪੰਜਾਬ ਦਾ ਹੀ ਜੰਮਪਲ ਸੀ। ਉਹ ਹੁਸ਼ਿਆਰਪੁਰ ਕੋਲ ਬਜਵਾੜੇ ਵਿਚ ਜੰਮਿਆ। ਇਹ ਉਹ ਸ਼ੇਰ ਸ਼ਾਹ ਹੈ, ਜਿਸ ਨੇ ਜ਼ਮੀਨ ਦੇ ਮਾਮਲਾ-ਉਗਰਾਹੀ ਦੀ ਲੀਹ ਤੋਰੀ ਅਤੇ ਸਾਰੇ ਭਾਰਤ ਨੂੰ ਇਕ ਕਰਨ ਲਈ ਸੜਕਾਂ ਦਾ ਇਕ ਵੱਡਾ ਜਾਲ ਵਿਛਾਇਆ ਤੇ ਸਰਾਵਾਂ ਬਣਵਾਈਆਂ। ਉਸ ਬਾਰੇ ਇਤਿਹਾਸਕਾਰ ਕੋਨ ਲਿਖਦਾ ਹੈ ਕਿ ਕਿਸੇ ਵੀ ਹੋਰ ਦੇਸੀ ਜਾਂ ਬਦੇਸੀ ਰਾਜੇ ਨੇ ਇੰਨੇ ਥੋੜੇ ਸਮੇਂ ਵਿਚ ਇੰਨਾਂ ਕੁਝ ਨਹੀਂ ਕਰ ਕੇ ਵਿਖਾਇਆ। ਕਰੁਕਸ ਦਸਦਾ ਹੈ ਕਿ ਸ਼ੇਰ ਸ਼ਾਹ ਹਿੰਦੁਸਤਾਨ ਦਾ ਪਹਿਲਾ ਬਾਦਸ਼ਾਹ ਸੀ, ਜਿਸ ਨੇ ਇਸ ਦੇਸ ਨੂੰ ਕੌਮਾਂਤਰੀ ਲੀਹਾਂ ਉੱਤੇ ਪਾਉਣ ਦਾ ਸਫ਼ਲ ਜਤਨ ਕੀਤਾ।

ਇਸੇ ਪੰਜਾਬ ਦੀ ਧਰਤੀ ਨੂੰ ਹੀ ਇਹ ਮਾਣ ਹੈ ਕਿ ਇਸ ਨੇ ਮੁਗ਼ਲ ਰਾਜ ਦੇ ਇਕ ਹੋਰ ਮੁੱਖ ਤੇ ਮਸ਼ਹੂਰ ਪਰਬੰਧਕ ਰਾਜਾ ਟੋਡਰ ਮੱਲ ਨੂੰ ਜਨਮ ਦਿੱਤਾ। ਉਹ ਜਾਤ ਦਾ ਟੰਡਨ ਖੱਤਰੀ ਤੇ ਲਾਹੌਰ ਕੋਲ ਚੂਨੀਆਂ ਦਾ ਵਸਨੀਕ ਸੀ। ਸ਼ੇਰਸ਼ਾਹ ਤੇ ਅਕਬਰ ਬਾਦਸ਼ਾਹ ਦੇ ਮਾਲੀ ਬੰਦੋਬਸਤ ਜੋ ਕਿ 'ਜ਼ਬਤੀ' ਪਰਣਾਲੀ ਕਰ ਕੇ ਪਰਸਿੱਧ ਹਨ ਤੇ ਜਿਸ ਦੀ ਇਤਿਹਾਸਕਾਰਾਂ ਨੇ ਬੜੀ ਪਰਸੰਸਾ ਕੀਤੀ ਹੈ, ਇਸਦਾ ਸੰਚਾਲਕ ਇਹੋ ਟੋਡਰਮਲ ਹੀ ਸੀ। ਉਸ ਸਮੇਂ ਹਿੰਦੂ ਲਈ ਵਜ਼ੀਰ ਬਣਨਾ ਬੜਾ ਕਠਨ ਸੀ, ਪਰ ਇਹ ਪੰਜਾਬੀ ਬੱਚਾ ਇੰਨਾਂ ਸੁਘੜ ਤੇ ਸਿਆਣਾ ਸੀ ਕਿ ਅਕਬਰ ਬਾਦਸ਼ਾਹ ਨੂੰ ਅਪ-ਣਾਉਣਾ ਹੀ ਪਿਆ, ਤੇ ਇਕ ਚੰਗੇ ਵਿਭਾਗ ਦਾ ਵਜ਼ੀਰ ਬਣਾ ਕੇ ਰਾਜਾ ਦਾ ਖ਼ਿਤਾਬ ਵੀ ਦੇ ਦਿੱਤਾ। ਟੋਡਰਮਲ ਇਕ ਲਾਇਕ ਮਾਲ ਮੰਤਰੀ ਹੋਣ ਤੋਂ ਛੁੱਟ ਇਕ ਸੂਰਬੀਰ ਜਰਨੈਲ ਵੀ ਸੀ। ਉਸ ਨੇ ਬੰਗਾਲ ਦੀ ਲੜਾਈ ਤੇ ਪੱਛਮੋਤਰੀ ਕਬਾਇਲੀ ਯੁੱਧਾਂ ਵਿਚ ਚੋਖਾ ਜੱਸ ਖੱਟਿਆ ਸੀ।

ਮੁਗ਼ਲ-ਕਾਲ ਦਾ ਇਕ ਹੋਰ ਪਰਸਿੱਧ ਪੰਜਾਬੀ ਸਾਅਦੁੱਲਾ ਖ਼ਾਂ ਸੀ। ਇਬਨ ਹਸਨ ਉਸ ਦਾ ਜ਼ਿਕਰ ਕਰਦਿਆਂ ਲਿਖਦਾ ਹੈ, 'ਉਹ ਨਿਰਸੰਦੇਹ ਸ਼ਾਹ ਜਹਾਨ ਦਾ ਸਭ ਤੋਂ ਚੰਗਾ ਤੇ ਵਿਦਵਾਨ ਦੀਵਾਨ ਸੀ। ਉਸ ਨੂੰ ਗ਼ਰੀਬਾਂ ਨਾਲ ਪਿਆਰ ਤੇ ਬੇਈਮਾਨਾਂ ਨਾਲ ਸਖ਼ਤ ਨਫ਼ਰਤ ਸੀ। ਉਹ ਇਕ ਭਾਰੀ ਯੋਧਾ ਵੀ ਸੀ ਅਤੇ ਕੰਧਾਰ ਦੀ ਲੜਾਈ ਵਿਚ ਬੜੀ ਸ਼ੋਭਾ ਪਰਾਪਤ ਕਰ ਚੁੱਕਾ ਸੀ।' ਇਬਨ ਹਸਨ ਇੱਥੋਂ ਤਕ ਲਿਖਦਾ ਹੈ, ਕਿ ਸਾਅਦੁਲਾ ਖ਼ਾਂ ਕੇਵਲ ਸ਼ਾਹਜਹਾਨ ਦਾ ਹੀ ਸਭ ਤੋਂ ਚੰਗਾ ਵਜ਼ੀਰ ਨਹੀਂ ਸੀ, ਸਗੋਂ ਸਾਰੇ ਮੁਗ਼ਲ ਵਜ਼ੀਰਾਂ ਵਿੱਚੋਂ ਚੋਟੀ ਦਾ ਵਜ਼ੀਰ ਸਮਝਿਆ ਜਾਂਦਾ ਸੀ*।

ਉਪਰੋਕਤ ਤਿੰਨ ਮਸ਼ਹੂਰ ਹਸਤੀਆਂ ਤੋਂ ਛੁੱਟ, ਪੰਜਾਬ ਨੇ ਇਸ ਸਮੇਂ 'ਹਾਸ ਰਸ ਦੇ ਖੇਤਰ ਵਿਚ ਵੀ ਕੁਝ ਪਰਸਿੱਧ ਵਿਅਕਤੀਆਂ ਪੈਦਾ ਕੀਤੀਆਂ। ਇਨ੍ਹਾਂ ਵਿੱਚੋਂ ਬੀਰਬਲ, ਸ਼ੇਖ਼ਚਿੱਲੀ ਤੇ ਸੁਥਰੇ ਦੇ ਨਾਂ ਬਹੁਤ ਉੱਘੇ ਹਨ ਅਤੇ ਲੱਖਾਂ ਭਾਰਤੀ ਹੁਣ ਤਕ ਉਨ੍ਹਾਂ ਦੀਆਂ ਕਥਾਵਾਂ ਤੇ ਵਾਰਤਾਵਾਂ ਪੜ੍ਹ ਸੁਣ ਕੇ ਆਪਣਾ ਦਿਲ ਪਰਚਾਉਂਦੇ ਹਨ।

ਜਿੱਥੋਂ ਤਕ ਇਸ ਕਾਲ ਦੇ ਧਾਰਮਕ ਖੇਤਰ ਦਾ ਸੰਬੰਧ ਹੈ, ਉਸ ਵਿਚ ਵੀ ਪੰਜਾਬ ਨੇ ਕੁਝ ਅਜੇਹੀਆਂ ਉੱਚ ਹਸਤੀਆਂ ਪੈਦਾ ਕੀਤੀਆਂ, ਜਿਨ੍ਹਾਂ ਦਾ ਨਾਂ ਭਾਰਤ ਦੇ ਇਤਿਹਾਸ ਵਿਚ ਸਦਾ ਚਮਕਦਾ ਰਹੇਗਾ। ਇਸੇ ਧਰਤੀ ਨੇ ਪਰਸਿੱਧ ਸਿੱਧ ਜੋਗੀਆਂ (ਜਿਨ੍ਹਾਂ ਨੂੰ ਨਾਥ ਜੋਗੀ ਜਾਂ ਕੰਨਪਾਟੇ ਜੋਗੀ ਵੀ ਕਹਿੰਦੇ ਹਨ) ਨੂੰ ਜਨਮ ਦਿੱਤਾ। ਭਾਰਤੀ ਨਾਥ ਜੋਗੀਆਂ ਦੇ ਬਾਰਾਂ ਗੁਰੂਆਂ ਜਾਂ ਆਚਾਰੀਆਂ ਵਿੱਚੋਂ ਤਿੰਨ ਪਰਸਿੱਧ ਗੁਰੂ ਗੋਰਖ ਨਾਥ, ਗੁਰੂ ਜਲੰਧਰ ਨਾਥ ਤੇ ਗੁਰੂ ਚਰਪਟ ਨਾਥ ਪੰਜਾਬ ਦੇ ਹੀ ਜੰਮਪਲ ਸਨ। ਇਨ੍ਹਾਂ ਦੇ ਮੱਠ ਮੰਦਰ, ਅਖਾੜੇ ਤੇ ਟਿੱਲੇ ਪੰਜਾਬ ਦੇ ਕਈ ਨਗਰਾਂ ਤੇ ਪਿੰਡਾਂ ਵਿਚ ਅਜੇ ਤਕ ਮਿਲਦੇ ਹਨ। ਡਾ: ਮੋਹਨ ਸਿੰਘ ਦਾ ਵਿਚਾਰ ਹੈ ਕਿ ਗੁਰੂ ਗੋਰਖ ਨਾਥ ਜੋਗੀਆਂ, ਨਾਥਾਂ ਤੇ

* Iben Hassan : Central Structure of the Mughal Empire, p. 200.

ਸੁਧਾਰਕਾਂ ਵਿੱਚੋਂ ਸਭ ਤੋਂ ਵੱਡਾ ਹੋਇਆ ਹੈ, ਤੇ ਉਸ ਦੇ ਹਠ ਜੋਗ ਦਾ ਪ੍ਰਭਾਵ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਹੈ ਜਿਹਾ ਕਿ ਆਸਾਮ, ਬੰਗਾਲ, ਉੜੀਸਾ ਤੇ ਮੱਧ ਭਾਰਤ ਆਦਿ।

ਇਨ੍ਹਾਂ ਨਾਥਾਂ ਜੋਗੀਆਂ ਤੋਂ ਇਲਾਵਾ, ਕੁਝ ਹੋਰ ਪਰਸਿਧ ਤੇ ਵਰਣਨਯੋਗ ਪੰਜਾਬੀ ਸੰਤਾਂ ਤੇ ਭਗਤਾਂ ਦੇ ਸ਼ੁਭ ਨਾਂ ਇਹ ਹਨ – ਬਾਬਾ ਲਾਲ, ਪਲਟੂ, ਵਲੀ ਰਾਮ, ਛੱਜੂ ਭਗਤ, ਜੱਲ੍ਹਣ ਜੱਟ ਤੇ ਅਨਾਥ ਦਾਸ। ਮੁਸਲਮਾਨ ਫ਼ਕੀਰਾਂ ਤੇ ਸੂਫ਼ੀਆਂ ਵਿੱਚੋਂ ਬਾਬਾ ਫ਼ਰੀਦ ਸ਼ੱਕਰਗੰਜ, ਦਾਤਾ ਗੰਜ ਬਖ਼ਸ਼, ਸ਼ਾਹ ਹੁਸੈਨ, ਮੀਆਂ ਮੀਰ ਤੇ ਬੁਲ੍ਹੇ ਸ਼ਾਹ ਦੇ ਨਾਂ ਪਰਸਿਧ ਹਨ।

ਪਰ ਉਸ ਸਮੇਂ ਦੇ ਪੰਜਾਬ ਦੀ ਸਭ ਤੋਂ ਪਰਸਿੱਧ ਦੈਵੀ ਤੇ ਅਮਰ ਹਸਤੀ ਗੁਰੂ ਨਾਨਕ ਸਾਹਿਬ ਹਨ, ਜਿਨ੍ਹਾਂ ਦੇ ਪਰਵੇਸ਼ ਨਾਲ "ਮਿਟੀ ਧੁੰਦ ਜਗ ਚਾਨਣੁ ਹੋਆ" ਅਤੇ ਜਿਨ੍ਹਾਂ ਨੇ 'ਮਾਨਸ ਤੇ ਦੇਵਤੇ ਕੀਏ, ਕਰਤ ਨ ਲਾਗੀ ਬਾਰ' ਅਨੁਸਾਰ ਲੋਕਾਂ ਨੂੰ ਮਾਨਵਤਾ ਦਾ ਸਬਕ ਪੜ੍ਹਾਇਆ। ਆਪ ਤੇ ਆਪ ਦੀਆਂ ਮਗਰਲੀਆਂ ਗੁਰਜੋਤਾਂ ਦੇ ਧਰਮ-ਪਰਚਾਰ ਸਦਕੇ ਭਗਤੀ ਲਹਿਰ ਦੀ ਵਾਗ ਪੰਜਾਬ ਦੇ ਹੱਥਾਂ ਵਿਚ ਆ ਗਈ। ਗੁਰੂ ਅਰਜਨ ਦੇਵ ਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹੀਦੀਆਂ ਨੇ ਜ਼ੁਲਮ ਦੀਆਂ ਜੜ੍ਹਾਂ ਉਖੇੜਨ ਵਿਚ ਬੜੀ ਮਦਦ ਕੀਤੀ। ਗੁਰੂ ਤੇਗ ਬਹਾਦਰ ਜੀ ਨੂੰ ਤਾਂ ਇਤਿਹਾਸਕਾਰ ਹੁਣ ਤਕ 'ਹਿੰਦ ਦੀ ਚਾਦਰ' ਕਹਿ ਕੇ ਯਾਦ ਕਰਦੇ ਹਨ।

ਬਚਿੱਤਰ ਨਾਟਕ ਵਿਚ ਗੁਰੂ ਦਸਮੇਸ਼ ਜੀ ਨੇ ਠੀਕ ਲਿਖਿਆ ਹੈ :—

'ਠੀਕਰ ਫੋਰ ਦਿਲੀਸ ਸਿਰ, ਪ੍ਰਭ ਪੁਰ ਕੀਓ ਪਇਆਨ
ਤੇਗ ਬਹਾਦਰ ਸੀ ਕ੍ਰਿਯਾ, ਕਰੀ ਨਾ ਕਿਨਹੂ ਆਨ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਨੂੰ ਜੱਥੇਬੰਦ ਕੀਤਾ ਤੇ ਇਸ ਦਾ ਨਾਂ ਖ਼ਾਲਸਾ ਪਥ ਰੱਖਿਆ। ਇਸ ਨਵੇਂ ਪੰਥ ਵਿਚ ਉਨ੍ਹਾਂ ਨੇ ਅਜੇਹੀ ਰੂਹ ਫੂਕ ਦਿੱਤੀ, ਜਿਸ ਕਾਰਨ ਸਿੰਘਾਂ ਨੇ 'ਦਿਲੀਸ਼ਵਰ' (ਦਿੱਲੀ ਦੇ ਤਾਕਤਵਰ ਬਾਦਸ਼ਾਹਾਂ) ਦੇ ਨਾਂ ਨਾਲ ਜੁੜਿਆ ਹੋਇਆ ਜਾਦੂ ਤੋੜ ਸੁੱਟਿਆ ਤੇ ਭਾਰਤੀਆਂ ਦੇ ਦਿਲ, ਦਿਮਾਗ਼ 'ਚੋਂ ਸਦਾ ਲਈ ਭੈ ਕੱਢ ਦਿੱਤਾ।

ਇਸੇ ਸਮੇਂ ਦੇ ਪੰਜਾਬ ਨੇ ਭਾਈ ਮਨੀ ਸਿੰਘ ਤੇ ਦੀਪ ਸਿੰਘ ਵਰਗੇ ਕੁਝ ਅਜੇਹੇ ਅਦੁਤੀ ਬੀਰਤਾ ਦੇ ਪੁਤਲੇ ਪੈਦਾ ਕੀਤੇ, ਜਿਹੜੇ ਕਿ ਸ਼ਾਇਦ ਹੀ ਕਿਸੇ ਹੋਰ ਦੇਸ ਨੇ ਪੈਦਾ ਕੀਤੇ ਹੋਣ। ਬਾਬਾ ਦੀਪ ਸਿੰਘ ਤਾਂ ਸਿਰ ਨੂੰ ਤਲੀ ਉਤੇ ਰੱਖ ਕੇ ਆਪਣੀ ਕੌਮੀ ਅਣਖ ਲਈ ਜੂਝਦੇ ਰਹੇ। ਭਾਈ ਮਨੀ ਸਿੰਘ ਨੇ ਆਪਣਾ ਬੰਦ ਬੰਦ ਕਟਵਾ ਕੇ ਬਲੀ ਦਿੱਤੀ, ਪਰ ਧਰਮ ਨਾ ਛੱਡਿਆ। ਜੇ ਸੱਚ ਪੁੱਛੋ ਤਾਂ ਪੰਜਾਬ ਦੀਆਂ ਸੰਸਾਰ-ਪਰਸਿੱਧ ਰਵਾਇਤਾਂ ਅਜੇਹੇ ਸਰਫ਼ਰੋਸ਼ਾਂ ਦੇ ਲਹੂ, ਮਿੱਝ ਤੇ ਹੱਡੀਆਂ ਉਤੇ ਹੀ ਉਸਰਦੀਆਂ ਪਸਰਦੀਆਂ ਰਹੀਆਂ ਹਨ।

ਪਿਛਲੇ ਮੁਗ਼ਲਈ ਕਾਲ ਤੇ ਸਿੱਖ ਰਾਜ ਸਮੇਂ ਦੇ ਪੰਜਾਬ ਦੀ ਦੇਣ (ਭਾਰਤੀ ਇਤਿਹਾਸ ਨੂੰ) ਵੀ ਘਟ ਮਹੱਤ-ਪੂਰਣ ਨਹੀਂ। ਇਸ ਸਮੇਂ ਦੇ ਪੰਜਾਬ ਨੇ ਅਜੇਹੇ ਸੂਰਬੀਰ ਪੈਦਾ ਕੀਤੇ ਜਿਨ੍ਹਾਂ ਨੇ ਮੁਗ਼ਲ ਰਾਜ ਨੂੰ ਜੜੋਂ ਹਿਲਾਉਣ ਤੇ ਸਿੱਖ ਰਾਜ ਨੂੰ ਸਥਾਪਿਤ ਕਰਨ ਲਈ ਬੜੀਆਂ ਘਾਲਾਂ ਘਾਲੀਆਂ ਤੇ ਇਸੇ ਕਰ ਕੇ ਭਾਰਤੀ ਇਤਿਹਾਸ ਵਿਚ ਆਪਣੀ ਵਿਸ਼ੇਸ਼ ਥਾਂ ਸਦਾ ਲਈ ਪਰਾਪਤ ਕਰ ਲਈ। ਇਨ੍ਹਾਂ ਵਿਚੋਂ ਬੰਦਾ ਸਿੰਘ ਬਹਾਦੁਰ, ਸ: ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਸ: ਜੱਸਾ ਸਿੰਘ ਰਾਮਗੜ੍ਹੀਆ, ਮਿਸਰ ਦੀਵਾਨ ਚੰਦ, ਸਰਦਾਰ ਹਰੀ ਸਿੰਘ ਨਲੂਆ, ਮਹਾਰਾਜਾ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਦੇ ਨਾਂ ਬੜੇ ਉਘੇ ਤੇ ਮਾਣ ਕਰਨ ਯੋਗ ਹਨ। ਬੰਦਾ ਬਹਾਦਰ ਨੇ ਤਾਂ ਪੰਜਾਬ ਵਿਚ ਮੁਗ਼ਲਾਂ ਨੂੰ ਹਰਾ ਕੇ ਭਾਰਤ ਨੂੰ ਅਨੁਭਵ ਕਰਾ ਦਿੱਤਾ ਕਿ ਮੁਗ਼ਲ ਰਾਜ ਕਿਤਨਾ ਖੋਖਲਾ ਸੀ। ਸਿੱਖ ਮਿਸਲਾਂ ਦੇ ਸਰਦਾਰਾਂ ਖ਼ਾਸ ਕਰ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗ਼ਲਾਂ ਤੇ ਮਟਹੱਟਾ ਤਾਕਤਾਂ ਨੂੰ ਹਰਾਉਣ ਵਾਲੇ ਅਹਿਮਦ ਸ਼ਾਹ ਅਬਦਾਲੀ ਦਾ ਕਾਫ਼ੀਆ ਇੰਨਾ ਤੰਗ ਕੀਤਾ ਕਿ ਉਹ ਭਾਰਤ ਤੇ ਰਾਜ ਕਰਨ ਦੇ ਸੁਫ਼ਨੇ ਸਦਾ ਲਈ ਛੱਡਣ ਤੇ ਮਜਬੂਰ ਹੋ ਗਿਆ। ਅੱਠ ਸੌ ਵਰ੍ਹੇ ਦੀ ਗ਼ੁਲਾਮੀ ਪਿਛੋਂ

ਪਜਾਬ ਨੂੰ ਮੁੜ ਆਜ਼ਾਦ ਕਰਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਤਾਂ ਭਾਰਤੀ ਇਤਿਹਾਸ ਦਾ ਹਰ ਵਿਦਿਆਰਥੀ ਜਾਣਦਾ ਹੈ। ਅੰਗਰੇਜ਼ੀ ਕਾਲ ਦਾ ਭਾਰਤੀ ਇਤਿਹਾਸ ਵੀ ਮਹਾਰਾਜਾ ਰਣਜੀਤ ਸਿੰਘ ਦੇ ਅਧਿਐਨ ਬਿਨਾਂ ਅਧੂਰਾ ਰਹਿ ਜਾਦਾ ਹੈ।

ਅੰਗਰੇਜ਼ਾਂ ਦੇ ਪੰਜਾਬ ਉਤੇ ਸਭ ਤੋਂ ਪਿਛੋਂ ਹੱਥ ਪਾਉਣ ਦਾ ਕਾਰਨ ਇਹੋ ਰਣਜੀਤ ਸਿੰਘ ਹੀ ਸੀ। ਸਮੁੱਚੇ ਹਿੰਦੁਸਤਾਨ ਵਿਚ, ਅਸਲੀ ਅਰਥਾਂ ਵਿਚ ਸੈਕੂਲਰ ਨੀਤੀ ਅਪਣਾਉਣ ਤੇ ਉਸ ਅਨੁਸਾਰ ਰਾਜ ਕਰਨ ਦਾ ਤਜਰਬਾ ਵੀ ਪਹਿਲਾਂ ਪਹਿਲ ਇਸੇ ਰਣਜੀਤ ਸਿੰਘ ਨੇ ਹੀ ਕੀਤਾ ਸੀ। ਉਸ ਨੇ ਦੱਸਿਆ ਕਿ ਇਸ ਦੇਸ ਵਿਚ ਸਫ਼ਲਤਾ ਨਾਲ ਰਾਜ ਕਰਨ ਲਈ ਧਰਮ ਦੇ ਮਾਮਲਿਆਂ ਵਿਚ ਨਿਰਪੱਖਤਾ ਤੇ ਸ਼ਹਿਨਸ਼ੀਲਤਾ ਵਰਤਣੀ ਅਤੀ ਜ਼ਰੂਰੀ ਹੈ। ਉਨ੍ਹਾਂ ਦੇ ਰਾਜ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਘਿਉ-ਖਿਚੜੀ ਹੋ ਕੇ ਵਸਦੇ ਰਹੇ। ਉਨ੍ਹਾਂ ਦੇ ਦਰਬਾਰ ਅਤੇ ਫ਼ੌਜੀ ਤੇ ਮੁਲਕੀ ਪਰਬੰਧ ਵਿਚ ਹਰ ਮਤ ਦੇ ਧਾਰਨੀ ਨੂੰ ਇਕੋ ਜਿਹਾ ਮਾਣ ਤੇ ਪਦਵੀ ਪਰਾਪਤ ਹੋਈ। ਇਸੇ ਲਈ ਉਨ੍ਹਾਂ ਦੇ ਪਰਸਿੱਧ ਤੇ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ ਉਨ੍ਹਾਂ ਦੇ ਰਾਜ ਦੀ ਸਮਾਪਤੀ ਤੇ ਅੰਗਰੇਜ਼ੀ ਰਾਜ ਦੇ ਪਰਵੇਸ਼ ਉਤੇ ਅਫ਼ਸੋਸ ਕਰਦਿਆਂ ਆਖਿਆ :—

ਰਾਜ਼ੀ ਬਹੁਤ ਰਹਿੰਦੇ, ਮੁਸਲਮਾਨ, ਹਿੰਦੂ, ਸਿਰ ਦੋਹਾਂ ਦੇ ਵੱਡੀ ਆਫ਼ਾਤ ਆਈ
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

[ਜੰਗ ਸਿੰਘਾਂ ਤੇ ਫ਼ਰੰਗੀਆਂ

ਸੰਨ ੧੮੫੭ ਦੇ ਅੰਦੋਲਨ ਤੋਂ ਬਾਅਦ ਭਾਰਤੀ ਇਤਿਹਾਸ ਦੀ ਸਭ ਤੋਂ ਪਰਸਿੱਧ ਘਟਨਾ 'ਆਜ਼ਾਦੀ ਦੀ ਲਹਿਰ' ਹੈ ਤੇ ਇਸ ਲਹਿਰ ਵਿਚ ਪੰਜਾਬ ਦਾ ਹਿੱਸਾ ਕਿਸੇ ਵੀ ਹੋਰ ਪ੍ਰਾਂਤ ਨਾਲੋਂ ਕਿਸੇ ਪੱਖੋਂ ਘੱਟ ਨਹੀਂ। ਇਤਿਹਾਸ ਦਾ ਖੋਜੀ ਤਾਂ ਇਹ ਵੀ ਕਹਿ ਸਕਦਾ ਹੈ ਕਿ ਲੋਕ-ਜਾਗ੍ਰਤੀ ਤੇ ਕੌਮੀ ਆਜ਼ਾਦੀ ਦੀ ਲਹਿਰ ਸਭ ਪ੍ਰਾਂਤਾਂ ਤੋਂ ਪਹਿਲਾਂ ਪੰਜਾਬ ਵਿਚ ਹੀ ਚਲੀ ਤੇ ਇਸ ਦੇ ਮੋਢੀ ਇਕ ਅਦੁਤੀ ਸੰਤ ਸਿਪਾਹੀ ਬਾਬਾ ਰਾਮ ਸਿੰਘ ਜੀ ਸਨ। ਇਨ੍ਹਾਂ ਦੇ ਚੇਲਿਆਂ (ਜਿਨ੍ਹਾਂ ਨੂੰ ਕੂਕੇ ਜਾਂ ਨਾਮਧਾਰੀ ਆਖਦੇ ਹਨ) ਨੇ ਅੰਗਰੇਜ਼ੀ ਰਾਜ ਵਿਰੁਧ ਖੁਲ੍ਹੇ ਤੌਰ ਤੇ ਆਵਾਜ਼ ਉਠਾਈ, ਸੁਦੇਸ਼ੀ ਤੇ ਨਾ-ਮਿਲਵਰਤਣ ਦਾ ਅਮਲੀ ਪਰਚਾਰ ਕੀਤਾ ਅਤੇ ਅੰਗਰੇਜ਼ੀ, ਕਚਹਿਰੀਆਂ, ਸੰਸਥਾਵਾਂ, ਰਹਿਣੀ-ਬਹਿਣੀ. ਖ਼ੁਰਾਕ ਪੁਸ਼ਾਕ, ਤਾਰ-ਡਾਕ ਅਤੇ ਆਵਾਜਾਈ ਦੇ ਸਾਧਨਾਂ ਦਾ ਪੂਰਾ ਬਾਈਕਾਟ ਕੀਤਾ। ਕੂਕਿਆਂ ਬਾਰੇ ਪਰਚਲਤ ਹੇਠ ਲਿਖੀਆਂ ਲੋਕ-ਬੋਲੀਆਂ ਤੋਂ ਪਤਾ ਲਗਦਾ ਹੈ ਕਿ ਉਹ ਬਦੇਸ਼ੀ ਰਾਜ ਦੇ ਕਿੰਨੇ ਕੁ ਵਿਰੁਧ ਸਨ :

ਕੂਕਿਆਂ ਦਾ ਪੰਥ ਨਿਰਾਲਾ
ਅੰਗਰੇਜ਼ਾਂ ਦੀ ਈਨ ਨ ਮੰਨਦੇ, ਮੰਗਿਆ ਦੇਣ ਨਾ ਹਾਲਾ
ਰਾਜ ਫ਼ਰੰਗੀਆਂ ਦਾ, ਚੰਦ ਰੋਜ਼ ਦਾ ਚਾਲਾ।

ਫਿਰ ਖ਼ੂਬੀ ਇਹ ਕਿ ਕੂਕਿਆਂ ਨੇ ਅੰਗਰੇਜ਼ਾਂ ਦੇ ਵਿਰੁਧ ਅਜੇਹੀ ਇਨਕਲਾਬੀ ਆਵਾਜ਼ ਉਸ ਵੇਲੇ ਉਠਾਈ, ਜਦੋਂ ਕਿ ਉਨ੍ਹਾਂ ਦੀ ਤਾਕਤ ਆਪਣੇ ਸਿਖਰ ਤੇ ਸੀ ਅਤੇ ਇਹ ਵਿਚਾਰ ਆਮ ਪਰਸਿੱਧ ਸੀ ਕਿ ਅੰਗਰੇਜ਼ੀ ਸਾਮਰਾਜ ਉਤੇ ਸੂਰਜ ਸਦਾ ਹੀ ਚਮਕਦਾ ਰਹੇਗਾ। ਅੰਬਾਲੇ ਡਵੀਜ਼ਨ ਦਾ ਸਮਕਾਲੀ ਕਮਿਸ਼ਨਰ ਡਬਲਯੂ ਮੈਕਨਕ ਲਿਖਦਾ ਹੈ, 'ਉਹ ਅਜੇਹੇ ਪੰਥ ਦੇ ਆਗੂ ਸਨ ਜਿਹੜਾ ਅੰਗਰੇਜ਼ੀ ਰਾਜ ਦਾ ਵੈਰੀ ਸੀ'। ਪੰਡਤ ਜਵਾਹਰ ਲਾਲ ਨਹਿਰੂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ*, 'ਬਾਬਾ ਰਾਮ ਸਿੰਘ ਜੀ ਨੇ ਆਪਣੀ ਮਾਤ-ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਜੋ ਮਹਾਨ ਗੌਰਵਸ਼ਾਲੀ ਪਰੀਸ਼ਰਮ ਕੀਤਾ ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖ਼ਤਿਆਰ ਕਰ ਕੇ ਹੀ ਸ਼ਾਨਦਾਰ

* ਸਤਿਯੁਗ ਦਾ 'ਬਸੰਤ ਅੰਕ' ੨੨ ਮਾਘ ੧੯੫੫।

ਕ਼ਾਮਯਾਬੀਆਂ ਪਰਾਪਤ ਕੀਤੀਆ ਹਨ।'

ਪੰਜਾਬ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਚਲੀਆਂ ਸਭ ਇਨਕਲਾਬੀ ਲਹਿਰਾਂ ਵਿਚ ਭਾਰਤ ਦੇ ਕਿਸੇ ਵੀ ਹੋਰ ਹਿੱਸੇ ਨਾਲੋਂ ਪਿਛੇ ਨਹੀਂ ਰਿਹਾ। ੧੯੦੭ ਵਿਚ ਭਾਰਤ ਵਿਚ ਇਕ ਤਕੜੀ ਇਨਕਲਾਬੀ ਲਹਿਰ ਚਲੀ। ਉਸ ਦੇ ਆਗੂ ਦੱਖਣ ਵਿਚ ਬਾਲ ਗੰਗਾ ਧਰ ਤਿਲਕ, ਬੰਗਾਲ ਵਿਚ ਬਿਪਨ ਚੰਦਰਪਾਲ ਤੇ ਪੰਜਾਬ ਵਿਚ ਲਾਲਾ ਲਾਜਪਤ ਰਾਏ ਸਨ। ਕਈ ਇਤਿਹਾਸਕਾਰ ਇਸ ਇਨਕਲਾਬੀ ਲਹਿਰ ਨੂੰ ਬਾਲ ਲਾਲ-ਪਾਲ ਲਹਿਰ ਵੀ ਕਹਿੰਦੇ ਹਨ, ਜਿਸ ਤੋਂ ਸਿੱਧ ਹੈ ਕਿ ਪੰਜਾਬ ਨੇ ਉਸ ਸਮੇਂ ਵੀ ਇਸ ਲਹਿਰ ਵਿਚ ਮਹੱਤ-ਪੂਰਣ ਹਿੱਸਾ ਪਾਇਆ। ੧੯੦੭ ਈ: ਵਿਚ ਪੰਜਾਬ ਸਰਕਾਰ ਨੇ ਕੋਲੋਨੀ ਬਿਲ ਪਾਸ ਕੀਤਾ, ਉਸ ਸਮੇਂ ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ ਨੇ ਪੰਜਾਬ ਵਿਚ ਅੰਗਰੇਜ਼ਾਂ ਵਿਰੁਧ ਜਾਗ੍ਰਤੀ ਦੀ ਲਹਿਰ ਚਲਾ ਦਿਤੀ। ਉਨ੍ਹਾਂ ਨੇ ਪੰਜਾਬ ਦੀ ਪੇਂਡੂ ਜਨਤਾ ਨੂੰ ਬਾਂਕੇ ਦਿਆਲ ਦੀ ਹੇਠ ਲਿਖੀ ਜੋਸ਼ੀਲੀ ਵੰਗਾਰ ਨਾਲ ਹਲੂਣ ਕੇ ਰਖ ਦਿਤਾ :—

'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ
ਲੁਟ ਲਿਆ ਮਾਲ ਤੇਰਾ, ਕੀਤਾ ਬੇਹਾਲ ਓਏ।'

ਅੰਗਰੇਜ਼ਾਂ ਨੇ ਇਨ੍ਹਾਂ ਇਨਕਲਾਬੀ ਲੀਡਰਾਂ ਨੂੰ ਦੇਸ ਨਿਕਾਲਾ ਦੇ ਦਿਤਾ, ਪਰ ਇਨ੍ਹਾਂ ਦੇ ਦੇਸ-ਨਿਕਾਲੇ ਨਾਲ ਪੰਜਾਬ ਵਿਚ ਆਜ਼ਾਦੀ ਦੀ ਸੁਲਘ ਚੁਕੀ ਚਿੰਗਾੜੀ ਬੁਝ ਨਾ ਸਕੀ। ਬਹੁਤ ਸਾਰੇ ਅਜ਼ਾਦ-ਖ਼ਿਆਲ ਪੰਜਾਬੀ ਬਦੇਸਾਂ ਵਲ ਨਿਕਲ ਟੁਰੇ ਅਤੇ ਮਲਾਇਆ, ਕੈਨੇਡਾ ਤੇ ਅਮਰੀਕਾ ਵਿਚ ਜਾ ਕੇ ਆਬਾਦ ਹੋ ਗਏ। ਬਾਹਰਲੇ ਦੇਸਾਂ ਵਿਚ ਰਹਿੰਦਿਆਂ ਉਨ੍ਹਾਂ ਦੀ ਆਪਣੇ ਦੇਸ ਲਈ ਆਜ਼ਾਦੀ ਦੀ ਚਾਹ ਨਾ ਕੇਵਲ ਕਾਇਮ ਹੀ ਰਹੀ ਸਗੋਂ ਉਥੋਂ ਦੇ ਆਜ਼ਾਦ ਲੋਕਾਂ ਨੂੰ ਵੇਖ ਕੇ ਹੋਰ ਮਘਣ ਲਗ ਪਈ ਤੇ ਉਨ੍ਹਾਂ ਨੇ ਉਥੇ ਇਕ ਸਭਾ ਬਣਾਈ ਜਿਸ ਦਾ ਨਾਂ 'ਹਿੰਦੁਸਤਾਨ ਗ਼ਦਰ ਪਾਰਟੀ' ਰਖਿਆ ਅਤੇ 'ਗਦਰ ਗੂੰਜਾਂ' ਨਾਂ ਦਾ ਇਕ ਅਖ਼ਬਾਰ ਵੀ ਚਲਾਇਆ। ਇਸ ਲਹਿਰ ਦੇ ਮੁਖੀ ਲੀਡਰਾਂ ਦੇ ਨਾਂ ਇਹ ਹਨ-ਬਾਬਾ ਸੋਹਨ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਪੰਡਤ ਹਰਦਿਆਲ ਤੇ ਬਾਬਾ ਹਰਨਾਮ ਸਿੰਘ ਲੰਡਾ। ਇਨ੍ਹਾਂ ਦਾ ਹੈਡਕੁਆਟਰ ਸਾਨਫ੍ਰਾਂਸਿਸਕੋ ਸੀ ਤੇ ਇਨ੍ਹਾਂ ਦਾ ਪ੍ਰੋਗਰਾਮ ਭਾਰਤ ਵਿਚੋਂ ਬਦੇਸੀ ਰਾਜ ਨੂੰ ਖ਼ਤਮ ਕਰਨਾ ਸੀ। 'ਗ਼ਦਰ ਗੂੰਜਾਂ' ਵਿਚ ਛਪਦੀਆਂ ਰਹੀਆਂ ਕੁਝ ਕਵਿਤਾਵਾਂ ਤੋਂ ਉਨ੍ਹਾਂ ਦੇ ਇਨਕਲਾਬੀ ਮੰਤਵ ਤੇ ਪਰੋਗਰਾਮ ਦਾ ਭਲੀ ਭਾਂਤ ਪਤਾ ਲਗਦਾ ਹੈ :—

'ਗ਼ਦਰ ਪਾਰਟੀ ਲੇਖਾ ਲੈਣਾ, ਕੰਮ ਨਹੀਂ ਕੋਈ ਚੋਰੀ ਦਾ
ਰਲ ਮਿਲ ਸਾਰੇ ਕਰੋ ਖ਼ਾਤਮਾ, ਕੌਮ ਫ਼ਰੰਗੀ ਗੋਰੀ ਦਾ।
ਗ਼ਦਰ ਪਾਰਟੀ ਬੀੜਾ ਚੁੱਕਿਆ, ਹਿੰਦ ਆਜ਼ਾਦ ਕਰਾਵਣ ਦਾ
ਆਓ ਸ਼ੇਰੋ! ਗ਼ਦਰ ਮਚਾਈਏ, ਵੇਲਾ ਨਹੀਂ ਖੁੰਝਾਵਣ ਦਾ।'

ਇਸੇ ਗ਼ਦਰ ਪਾਰਟੀ ਨਾਲ ਬਾਬਾ ਗੁਰਦਿਤ ਸਿੰਘ ਦੇ ਕਾਮਾਗਾਟਾ ਮਾਰੂ ਦਾ ਸਾਕਾ ਤੇ ਬਜਬਜ ਘਾਟ ਦੀ ਉਹ ਹਿਰਦੇ-ਵੇਧਕ ਘਟਨਾ ਸਬੰਧਤ ਹੈ, ਜਿਸ ਨੇ ਸਾਰੇ ਹਿੰਦੁਸਤਾਨ ਨੂੰ ਸੁਤੰਤਰਤਾ-ਪਰਾਪਤੀ ਲਈ ਹਲੂਣ ਕੇ ਰਖ ਦਿਤਾ ਸੀ।

੧੩ ਅਪਰੈਲ ੧੯੧੯ ਦੀ ਜੱਲ੍ਹਿਆਂ ਵਾਲੇ ਬਾਗ਼ ਦੀ ਦੁਰਘਟਨਾ ਭਾਰਤ ਦੇ ਆਜ਼ਾਦੀ ਇਤਿਹਾਸ ਵਿਚ ਇਕ ਖ਼ਾਸ ਥਾਂ ਰਖਦੀ ਹੈ। ਜਰਨਲ ਡਾਇਰ ਦੇ ਜ਼ੁਲਮ ਨੇ ਸਿਰਫ਼ ਪੰਜਾਬ ਵਿਚ ਹੀ ਇਕ ਅੱਗ ਨਹੀਂ ਸੀ ਲਾ ਦਿੱਤੀ, ਸਗੋਂ ਹਿੰਦੁਸਤਾਨ ਭਰ ਦੇ ਕਾਂਗਰਸੀ ਆਗੂਆਂ ਦੇ ਦਿਲਾਂ ਉਤੇ ਵੀ ਇਕ ਡੂੰਘਾ ਅਸਰ ਪਾਇਆ। ਅਕਾਲੀ ਲਹਿਰ ਨੇ ਵੀ ਹਿੰਦੁਸਤਾਨ ਦੇ ਸੁਤੰਤਰਤਾ ਸੰਗਰਾਮ ਵਿਚ ਬੜਾ ਅਹਿਮ ਹਿੱਸਾ ਪਾਇਆ। ਗੁਰੂ ਕਾ ਬਾਗ਼, ਨਨਕਾਣਾ ਸਾਹਿਬ ਤੇ ਜੈਤੋਂ ਦੇ ਮੋਰਚੇ 'ਸਤਿਆਗਹਿ ਅੰਦੋਲਨ' ਦੇ ਕੁਝ ਉਘੇ ਮੀਲ-ਪੱਥਰ ਹਨ।

ਇਸ ਲਹਿਰ ਸਦਕਾ ਕਈ ਪੰਜਾਬੀ ਕਵੀ ਅਤੇ ਲਿਖਾਰੀ ਪੈਦਾ ਹੋਏ। ਗਿਆਨੀ ਹੀਰਾ ਸਿੰਘ ਦਰਦ,

ਬਾਬੂ ਫ਼ੀਰੋਜ਼ ਦੀਨ ਸ਼ਰਫ਼, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਤੇ ਸ: ਵਿਧਾਤਾ ਸਿੰਘ ਤੀਰ ਵਰਗਿਆਂ ਨੇ ਇਸ ਲਹਿਰ ਤੋਂ ਪ੍ਰਭਾਵਿਤ ਹੋ ਕੇ ਅਜੇਹੇ ਦਰਦੀਲੇ ਲੇਖ ਤੇ ਕਵਿਤਾਵਾਂ ਲਿਖੀਆਂ ਕਿ ਪੰਜਾਬ ਇਕ ਤਰ੍ਹਾਂ ਇਨਕਲਾਬੀ ਸਰਗਰਮੀਆਂ ਦਾ ਅਖਾੜਾ ਬਣ ਗਿਆ। ੧੯੨੨ ਵਿਚ ਜਦੋਂ ਬਰਤਾਨਵੀ ਸਰਕਾਰ ਨੂੰ ਸਿੱਖਾਂ ਦੀ ਈਨ ਮੰਨ ਕੇ ਦਰਬਾਰ ਸਾਹਿਬ, ਅੰਮ੍ਰਿਤਸਰ ਦੀਆਂ ਚਾਬੀਆਂ ਵਾਪਸ ਦੇਣੀਆਂ ਪਈਆਂ, ਤਾਂ ਇਸ ਦੀ ਸੋਅ ਮਿਲਦਿਆਂ ਸਾਰ, ਕੌਮੀ ਲਹਿਰ ਦੇ ਨੇਤਾ, ਮਹਾਤਮਾ ਗਾਂਧੀ ਜੀ ਨੇ ਜਿਹੜੀ ਤਾਰ ਸਿੱਖਾਂ ਦੇ ਆਗੂ ਬਾਬਾ ਖੜਕ ਸਿੰਘ ਜੀ ਨੂੰ ਭੇਜੀ, ਉਸ ਦੇ ਸ਼ਬਦਾਂ ਤੇ ਭਾਵਾਂ ਉਤੇ ਪੰਜਾਬ ਵਾਸੀ ਜਿੰਨਾਂ ਵੀ ਮਾਣ ਕਰਨ ਥੋੜ੍ਹਾ ਹੈ। ਗਾਂਧੀ ਜੀ ਨੇ ਵਧਾਈ ਦੇਂਦਿਆਂ ਲਿਖਿਆ ਸੀ, 'ਇਸ ਮੋਰਚੇ ਦੀ ਸਫ਼ਲਤਾ ਹਿੰਦੁਸਤਾਨ ਦੀ ਆਜ਼ਾਦੀ ਲਈ ਪਹਿਲੀ ਨਿਰਣਾ-ਜਨਕ ਲੜਾਈ ਦੀ ਜਿਤ ਹੈ।'*

ਪੰਜਾਬ ਦੇ ਆਰੀਆ ਸਮਾਜੀ ਆਗੂਆਂ ਨੇ ਵੀ ਪੰਜਾਬ ਵਿਚ ਜਾਗ੍ਰਤੀ ਲਿਆਉਣ ਅਤੇ ਆਜ਼ਾਦੀ ਦੀ ਲਹਿਰ ਨੂੰ ਉਤੇਜਿਤ ਕਰਨ ਵਿਚ ਚੋਖਾ ਹਿੱਸਾ ਪਾਇਆ ਹੈ। ਲਾਲਾ ਲਾਜਪਤ ਰਾਏ ਜੀ ਇਸੇ ਲਹਿਰ ਦੀ ਉਪਜ ਸਨ। ਇਸ ਲਹਿਰ ਨੇ ਪੰਜਾਬੀਆਂ ਵਿਚ ਵਿਦਿਆ-ਪਰਚਾਰ ਦਾ ਚੰਗਾ ਚੋਖਾ ਕੰਮ ਕੀਤਾ ਤੇ ਪੜ੍ਹੀ ਲਿਖੀ ਜਨਤਾ ਵਿਚ ਸੁਤੰਤਰਤਾ ਦੇ ਭਾਵ ਉਤਪੰਨ ਕੀਤੇ।

ਇਥੇ ਇਹ ਦਸਣਾ ਵੀ ਕੁਥਾਂ ਨਹੀਂ ਹੋਵੇਗਾ, ਕਿ ਇਸ ਗੱਲ ਦਾ ਮਾਣ ਵੀ ਪੰਜਾਬ ਨੂੰ ਹੀ ਹੈ ਕਿ ਇੰਡੀਅਨ ਨੈਸ਼ਨਲ ਕਾਂਗਰਸ ਦਾ ੧੯੨੯ ਵਾਲਾ ਉਹ ਯਾਦਗਾਰੀ ਸਮਾਗਮ ਵੀ ਇਥੇ ਰਾਵੀ ਦੇ ਕੰਢੇ ਹੋਇਆ ਸੀ, ਜਿਸ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਭਾਰਤ ਦਾ ਨਿਸ਼ਾਨਾ ਪੂਰਨ ਸਵਰਾਜ ਦੀ ਪਰਾਪਤੀ ਹੈ। ਇਸ ਸਬੰਧੀ ਪੰਡਤ ਜਵਾਹਰ ਲਾਲ ਨਹਿਰੂ ਜੀ ਦਾ ਇਤਿਹਾਸਕ ਪ੍ਰਸਤਾਵ ਕਾਂਗਰਸ ਨੇ ਸਵੀਕਾਰ ਕਰ ਲਿਆ। ਇਥੇ ਹੀ, ਅਜ ਤੋਂ ੩੦ ਕੁ ਵਰ੍ਹੇ ਪਹਿਲਾਂ, ਦਮਾਮੇ ਉਤੇ ਚੋਟ ਪਈ ਅਤੇ ਪੂਰੇ ਤੌਰ ਤੇ ਆਜ਼ਾਦ ਹੋਣ ਲਈ ਲੱਕ ਬੰਨ੍ਹ ਲਿਆ ਗਿਆ। ਇਸੇ ਪੰਜਾਬ ਨੇ ਸ: ਭਗਤ ਸਿੰਘ ਤੇ ਸ੍ਰੀ ਰਾਜਗੁਰੂ ਵਰਗੇ ਅਜੇਹੇ ਨਿਧੜਕ ਦੇਸ਼ ਭਗਤ ਪੈਦਾ ਕੀਤੇ, ਜਿਨ੍ਹਾਂ ਦੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨੇ ਭਾਰਤੀ ਅਕਾਸ਼ ਨੂੰ ਗੂੰਜਾ ਦਿਤਾ ਅਤੇ ਜਿਨ੍ਹਾਂ ਦੀਆਂ ਕੁਰਬਾਨੀਆਂ ਨੇ ਆਜ਼ਾਦੀ ਦੀ ਲਹਿਰ ਵਿਚ ਇਕ ਨਵੀਂ ਰੂਹ ਫੂਕ ਦਿਤੀ।

ਪੰਜਾਬ ਨੇ ਅਜ਼ਾਦ ਹਿੰਦ ਫ਼ੌਜ ਵਿਚ ਵੀ ਵਧ ਚੜ੍ਹ ਕੇ ਹਿੱਸਾ ਲਿਆ। ਇਸ ਦੇ ਕੁਝ ਪਰਮੁੱਖ ਪੰਜਾਬੀ ਬਹਾਦਰਾਂ-ਜਰਨਲ ਮੋਹਨ ਸਿੰਘ, ਪ੍ਰੇਮ ਕੁਮਾਰ ਸਹਿਗਲ, ਸ਼ਾਹ ਨਿਵਾਜ਼, ਨਿਰੰਜਨ ਸਿੰਘ ਗਿੱਲ ਆਦਿ ਦੇ ਨਾਂ ਤਾਂ ਸਦਾ ਚਮਕਦੇ ਰਹਿਣਗੇ। ਫੇਰ ਇਥੇ ਹੀ ਬਸ ਨਹੀਂ, ਪੰਜਾਬ ਨੇ ਤਾਂ ਇਕ ਤਰ੍ਹਾਂ ਹਿੰਦ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਵੀ ਬਲੀ ਚੜ੍ਹਾ ਦਿਤੀ ਤੇ ਅਖ਼ੀਰ ੧੯੪੭ ਵਿਚ ਆਪਣੀ ਚਟਾਨ ਵਰਗੀ ਹਿੱਕ ਚਿਰਵਾ ਕੇ ਆਪਣੇ ਜਾਇਆਂ ਦੀਆਂ ਆਹੂਤੀਆਂ ਪਾ ਕੇ ਹਿੰਦੁਸਤਾਨ ਨੂੰ ਅਜ਼ਾਦ ਕਰਵਾਇਆ। ਇਸ ਦੀ ਇਹ ਅਦੁਤੀ ਕੁਰਬਾਨੀ ਆਧੁਨਿਕ ਭਾਰਤੀ ਇਤਿਹਾਸ ਦੀ ਸਭ ਤੋਂ ਅਹਿਮ ਤੇ ਹਿਰਦੇ-ਵੇਧਕ ਘਟਨਾ ਹੈ, ਜਿਸ ਦਾ ਅਧਿਐਨ ਇਸ ਦੀ ਅਹਿਮੀਅਤ ਸਮਝੇ ਬਿਨਾਂ ਅਧੂਰਾ ਹੈ।

ਆਜ਼ਾਦੀ ਤੇ ਬਰਬਾਦੀ ਤੋਂ ਛੇਤੀ ਪਿਛੋਂ ਹੀ, ਪੰਜਾਬ ਨੇ ਜਿਸ ਫੁਰਤੀ, ਹਿੰਮਤ ਤੇ ਸਵੈ-ਵਿਸ਼ਵਾਸ ਨਾਲ ਆਪਣੇ ਆਪ ਨੂੰ ਮੁੜ ਸੁਚੇਤ ਤੇ ਸਾਵਧਾਨ ਕੀਤਾ, ਉਹ ਵੀ ਹੈਰਾਨੀ-ਜਨਕ ਹੈ। ਨੰਗਲ ਭਾਖੜੇ ਤੇ ਚੰਡੀਗੜ੍ਹ ਵਰਗੀਆਂ ਮਹਾਨ ਯੋਜਨਾਵਾਂ ਨੂੰ ਵੀ ਇੰਨੇ ਥੋੜੇ ਸਮੇਂ ਤੇ ਅਜੇਹੀ ਬੇ-ਸਰੋ-ਸਾਮਾਨੀ ਦੀ ਹਾਲਤ ਵਿਚ ਨੇਪਰੇ ਚੜ੍ਹਾਉਣ ਵਿਚ ਪੰਜਾਬ ਨੇ ਜੋ ਉਦਮ ਤੇ ਉਤਸ਼ਾਹ, ਮਿਹਨਤ ਤੇ ਲਿਆਕਤ ਵਿਖਾਈ ਹੈ, ਉਸ ਉਤੇ ਅਜ ਵੀ ਸਾਰੇ ਭਾਰਤ ਨੂੰ ਯੋਗ ਮਾਣ ਹੈ।

---

* 'First decisive Battle of Indian freedom won: Congratulations' — M. K. Gandhi

# ਨਾਮਾਵਲੀ

## ੳ


ਉਚ – ੨
ਉਜ਼ਬਨਾਂ – ੪੯੫
ਉਜੈਨ – ੨੩, ੨੬
ਉੱਤਰ ਪਰਦੇਸ਼ – ੨੪੬, ੨੫੨
ਉਥਾਨਕਾ ਗ੍ਰੰਥ ਸਾਹਿਬ ਜੀ ਕੀ – ੩੯੯
ਉਦੇ ਸਿੰਘ ਭਾਈ – ੪੯੬, ੫੧੦
ਉਮਰਜ਼ਈ ਅਫ਼ਗਾਨ – ੫੧੭
ਉਮਰਾਓ ਸਿੰਘ ਮਜੀਠੀਆ – ੪੪
ਉੜੀਆ – ੩੮੦
ਉੜੀਸਾ – ੫੩੭
ਊਨਾ – ੪੮੫, ੪੯੩, ੫੧੨, ੫੭੨
ਓਕਾਕੁਗਾ – ੬੪
ਓਰੀਐਂਟਲ ਕਾਲਜ – ੪੩੧, ੪੩੬


## ਅ


ਅਸਹਾਕ – ੫੧੪, ੫੧੬
ਅਸ਼ਟਾ ਅਧਿਆਈ – ੯, ੫੩੨
ਅਸਮੀਆ – ੩੮੦
ਅਸਲਮ ਖ਼ਾਨ – ੪੮੨
ਅਸਲਮ ਬੇਗ – ੪੮੭
ਅਸ੍ਵਘੋਸ਼ – ੩੮੨, ੩੮੩, ੫੩੩
ਅਸ੍ਵਥਾਨ – ੪੯੪
ਅਸਿਕ – ੫੧੯
ਅਸ਼ੋਕ – ੨੨, ੩੮੧, ੪੯੫, ੫੩੩
ਅਹਿਮਦ – ੪੨੨, ੪੨੩, ੪੨੫, ੪੨੬
ਅਹਿਮਦ ਸ਼ਾਹ – ੨੮, ੩੧, ੪੨੫, ੪੮੨, ੪੮੩, ੪੮੯, ੪੯੫, ੫੩੫ ।
ਅਹਿਮਤ ਸ਼ਾਹ ਦੁਰਾਨੀ – ੪੮੨, ੪੮੩, ੫੦੦, ੫੦੧, ੫੧੧, ੫੧੪, ੫੧੮, ੫੨੫, ੫੨੬
ਅਹਿਮਦ ਖ਼ਾਨ ਸੱਯਦ – ੫੧੩
ਅਹਿਮਦ ਫ਼ਾਰੂਕਾ – ੪੮੬
ਅਹਿਮਦ ਯਾਰ – ੪੨੮
ਅਹਿਮਦ ਰਾਹੀ – ੪੫੩
ਅਕਬਰ – ੨੮, ੨੯, ੩੦, ੬੦, ੯੬, ੩੪੫, ੩੬੫, ੩੬੬, ੩੭੬, ੪੧੫, ੪੨੬, ੪੮੫, ੪੮੮, ੪੯੦, ੪੯੨, ੪੯੫, ੪੯੬, ੫੦੫, ੫੦੭, ੫੧੩, ੫੧੪, ੫੨੪, ੫੩੬ ।
ਅਖ਼ਤਰ ਲੋਨਾਂ – ੫੨੭
ਅਖ਼ਬਾਰੇ-ਲੁਧਿਆਣਾ – ੫੨੮
ਅਗ਼ਰਾ – ੪੨੬
ਅਜਬੁਰ ਦੀਨ – ੪੮੭
ਅਜਮੇਰ – ੨੬, ੪੧੩, ੪੮੭, ੪੯੭, ੪੯੮
ਅਜਾਇਬ ਚਿਤ੍ਰਕਾਰ – ੪੪੫
ਅਜੀਤ ਸਿੰਘ – ੪੬੮, ੪੬੯, ੪੯੫, ੫੩੯
ਅਜੀਤ ਸਿੰਘ ਜੋਧਪੁਰੀਆ – ੫੦੮
ਅਟੱਕ – ੧੬
ਅੱਡਣ ਸ਼ਾਹ – ੪੨੭, ੪੩੫
ਅਡੀ ਟਪਾ – ੧੫੨
ਅਥਰਵਵੇਦ – ੨੧, ੧੯੫, ੨੧੫, ੨੨੬, ੨੨੯
ਅੱਦਹ ਮਾਣ – ੩੮੪
ਅਦਲੇ ਅਕਬਰੀ – ੪੨੯
ਅਦਿੱਤੀ – ੪੯੪
ਅਦੀਨਾ ਬੇਗ – ੫੦੧
ਅਧਵਾਲ – ੪੪੧
ਅਨਾਹਦ ਗੜ੍ਹ – ੫੧੮
ਅਨਾਥ ਦਾਸ – ੫੩੭
ਅਨੀਰਸ ਚੰਦ – ੬੨
ਅਨੁਰੋਧ ਚੰਦ – ੪੯੩

ਅਨੰਗ ਪਾਲ – ੨੬
ਅਨੰਦ ਕੁਮਾਰ ਸਵਾਮੀ – ੮੧
ਅਨੰਦ ਪਾਲ – ੪੧੩, ੫੩੪, ੫੩੫
ਅਨੰਦ ਪੁਰ – ੭, ੧੦, ੨੧, ੩੦, ੧੯੬, ੨੧੩, ੪੭੨, ੪੮੧, ੪੮੪, ੪੮੫, ੫੦੯ ।
ਅਪਭ੍ਰੰਸ਼ – ੩੮੨, ੩੮੫
ਅਫ਼ਗਾਨਿਸਤਾਨ – ੨੩, ੩੭, ੫੨, ੪੮੩, ੫੧੧, ੫੨੦, ੫੨੫, ੫੨੭
ਅਬਦੁਸਮਦ ਖ਼ਾਨ – ੫੨੪
ਅਬਦੁਲ ਰਹਿਮਾਨ ਦੁਗ਼ਤਾਈ – ੯੪, ੫੨੭
ਅਬਦੁਲ ਵਸਾਫ਼ – ੪੮੭, ੪੯੯
ਅਬਦੁਲਾ – ੪੧੭
ਅਬਨਿੰਦ੍ਰ ਨਾਥ ਟੈਗੋਰ – ੯੩, ੯੪
ਅਬੁਲ ਕਾਸਮ – ੪੧੪
ਅਬੁਲ ਮੁਆਲੀ – ੫੦੭
ਅਬੂ ਬਕਰ – ੨੬
ਅਬੂ ਰੀਹਾਨ ਅਲ ਬੈਰੂਨੀ ੫੧੫
ਅਭੀ ਧਰਮ – ੫੪੦
ਅਮਰ ਸਿੰਘ ਮਹਾਰਾਜਾ – ੪੮੪, ੫੧੧, ੫੧੨, ੫੧੩, ੫੧੫, ੫੧੮ ।
ਅਮਰ ਕੋਟ – ੨੮
ਅਮਰ ਚਿਤਰਕਾਰ – ੪੬੮, ੪੬੯
ਅਮਰਦਾਸ ਗੁਰੂ – ੨੯, ੩੫੪, ੩੬੩, ੪੭੧, ੪੦੪, ੪੦੭, ੪੮੧, ੪੯੬ ।
ਅਮਰ ਨਾਥ ਸਹਿਗਲ – ੯੩
ਅਮਰੀਕ ਸਿੰਘ – ੪੪੮
ਅਮਰੀਕਨ – ੪੭੩
ਅਮਰੀਕਾ – ੫੩੯
ਅਮਾਮ ਗ਼ਜ਼ਾਲੀ – ੪੧੯
ਅਮਾਮ ਬਖਸ਼ – ੪੨੯
ਅਮੀਨ – ੪੯੪
ਅਮੀਰ – ੪੮੪
ਅਮੀਰ ਖ਼ੁਸਰੋ – ੪੧੪, ੪੨੩
ਅਮੀਰੁ ਦੀਨ – ੫੦੩
ਅਮੈਰਿਕਨ ਪ੍ਰੈਸਬੀਟੀਰੀਅਨ ਸੋਸਾਇਟੀ – ੫੨੮
ਅਰਗਾਉਂ – ੪੯੨
ਅਰਜਨ – ੧੯੮, ੪੯੪, ੫੦੪, ੫੧੪, ੫੩੧
ਅਰਜਨ ਗੁਰੂ – ੨੮, ੩੦, ੬੦, ੮੦, ੧੭੦, ੩੩੨, ੩੩੪, ੩੪੩, ੩੪੫, ੩੪੯, ੩੫੦, ੩੬੩, ੩੬੪, ੩੬੫, ੩੬੮, ੩੭੦, ੩੭੧, ੩੭੩, ੩੯੬, ੪੦੧, ੪੦੫, ੪੧੫, ੪੨੧, ੪੮੨, ੪੯੧, ੪੯੭, ੫੦੨, ੫੦੩, ੫੩੫ ।
ਅਰਧ ਮਾਗਧੀ – ੩੮੨
ਅਰਬ – ੩੫੧
ਅਰਾਮ ਸ਼ਾਹ – ੫੩੫
ਅਲਹਿਦ – ੪੮੫, ੪੯੦
ਅਲ ਬੈਰੂਨੀ – ੪੦੯, ੪੮੨, ੪੯੦, ੪੯੫
ਅਲ ਮੁਹੱਲਬ – ੨੬
ਅਲਾਉਦੀਨ ਖਲਜੀ – ੪੮੭, ੪੮੮, ੪੯੮
ਅਲਾਮ ਖ਼ਾਨ – ੪੮੭
ਅਲੀ ਹੈਦਰ – ੪੨੫
ਅਲੀ ਖ਼ਾਨ – ੪੮੮
ਅਲੀਜ਼ੀਆ – ੫੧੮
ਅਲੀ ਬੇਗ – ੫੧੮
ਅਲੀ ਮੁਹੰਮਦ ਖ਼ਾਨ – ੫੨੭
ਅਲੈਗਜ਼ੈਂਡਰ – ੫੧੬
ਅਵਸਤਾ – ੩੮੦
ਅਵਤਾਰ ਸਿੰਘ ਆਜ਼ਾਦ – ੪੪੨, ੪੭੪
ਅਵਧ – ੪੯੫, ੫੩੨
ਆਈ. ਸੀ. ਨੰਦਾ – ੪੪੬, ੪੪੮
ਆਈਨੇ-ਅਕਬਰੀ – ੯੬
ਆਸਾਮ – ੧੧੫, ੧੧੭, ੫੩੭
ਆਸੰਗ – ੫੩੩
ਆਦਿ ਸਾਖੀਆਂ – ੪੨੪
ਆਂਭੀ – ੨੨
ਆਰ. ਕੇ. ਮੁਕਰਜੀ – ੫੩੦, ੫੩੩
ਆਰਾਮ ਸੁਲਤਾਨ – ੪੮੪
ਆਰੀਆ – ੨, ੫੧੫
ਆਲਾ ਸਿੰਘ ਬਾਬਾ – ੪੮੬, ੪੮੯, ੪੯੦, ੪੯੨, ੪੯੯, ੫੧੦, ੫੧੧, ੫੧੨, ੫੧੮, ੫੨੧, ੫੨੩
ਆਲੂ ਖ਼ਾਨ – ੫੨੬
ਐਸ. ਐਸ. ਅਮੋਲ – ੪੪੬
ਐਡਵਿਨ ਆਰਨਲਡ – ੪੪੨
ਐਡਵਿਨਾ ਮਾਊਂਟ ਬੇਟਨ – ੫੬
ਐਤਰੇਯ – ੧੨
ਐਮ. ਐਸ. ਰੰਧਾਵਾ – ੧੮੧, ੪੫੨
ਐਮਨਾ ਬਾਦ – ੩੬੧
ਐਲ ਕੋਵਨ – ੩੩
ਔਰੰਗਜ਼ੇਬ – ੨੮, ੨੯, ੩੦, ੬੦, ੮੦, ੧੩੨, ੪੮੬,੪੯੧ ੫੦੫, ੫੦੮, ੫੧੫, ੫੨੪ ।
ਔਲੀਆ ਖ਼ਾਨ – ੪੯੨

ਅੰਗਦ ਗੁਰੂ – ੨੯, ੬੦, ੩੬੨, ੩੮੭, ੩੮੮, ੩੮੯, ੩੯੩, ੪੦੭, ੪੯੬ ।
ਅੰਗਰੇਜ਼ੀ – ੫੧੪
ਅੰਜਨੀ – ੪੯੫
ਅੰਬਾਲਾ – ੯੮, ੪੮੪, ੪੮੫, ੪੯੪, ੫੦੩, ੫੧੦, ੫੩੮
ਅੰਮ੍ਰਿਤਸਰ – ੮, ੩੦, ੩੩, ੩੭, ੮੨, ੮੮, ੧੬੧, ੧੬੬, ੧੯੬, ੨੦੯, ੩੫੦, ੪੩੧, ੪੩੩, ੪੮੧, ੪੮੨, ੪੯੭, ੫੦੧, ੫੦੫, ੫੨੫ ।
ਅੰਮ੍ਰਿਤਾ ਸ਼ੇਰਗਿਲ – ੪੪, ੮੭
ਅੰਮ੍ਰਿਤਾ ਪ੍ਰੀਤਮ – ੪੪, ੪੪੩, ੪੪੪, ੪੫੦, ੪੬੧, ੪੭੦

## ੲ

ਇਸਮਾਈਲ – ੫੧੪
ਇਕਲਾਮ ਖ਼ਾਨ ਬਹਾਦਰ ਨਾਹਰ – ੫੦੭
ਇਸਲਾਮ ਸ਼ਾਹ – ੪੮੪
ਇਜ਼ੁਦੌਲਾ – ੨੭
ਇਤਸਿੰਗ – ੪੦੯
ਇਬਨੇ ਧਮੀ – ੪੪੧
ਇਬਰਾਹੀਮ – ੨੬, ੨੮
ਇਬਰਾਹੀਮ ਸੁਲਤਾਨ – ੫੦੧
ਇਬਰਾਹੀਮ ਖ਼ਾਨ – ੫੦੭, ੫੧੮
ਇਬਰਾਹੀਮ ਖਾਨ ਸੂਰੀ – ੫੦੮
ਇਬਰਾਹੀਮ ਲੋਧੀ – ੫੧੪, ੫੮੫
ਇਮਾਮ ਅਲੀ ਉਲਾਕ – ੪੮੯
ਇਮਾਮ ਗੜ੍ਹ – ੪੮੬
ਈਰਾਕ – ੩੫੨, ੪੧੭
ਈਰਾਵਤੀ – ੮
ਇਲਤੁਤਾਮਸ਼ – ੨੭, ੪੮੫, ੫੨੦, ੫੨੨
ਇੰਡੀਅਨ ਨੈਸ਼ਨਲ ਕਾਂਗਰਸ – ੫੪੦
ਇੰਦਰ – ੫੦੪
ਇੰਦਰਜੀਤ ਸ਼ਾਹ – ੬੬
ਇੰਦਰ ਪਤ – ੪੨੭
ਇੰਦਰੇਸਵਰ – ੪੯੩
ਈਸ਼ਰ ਦਾਸ – ੪੩੧, ੪੩੪, ੪੩੫
ਈਸ਼ਵਰ ਚਿਤਰਕਾਰ – ੪੪੪, ੪੫੯, ੫੫੯
ਈਸਾ ਹਜ਼ਰਤ – ੫੧੩
ਈਸੇ ਖ਼ਾਨ – ੫੧੮
ਈਦ – ੨੧੩
ਈਰਾਨ – ੩੭, ੧੦੩, ੨੧੩, ੩੫੨, ੪੧੭, ੪੨੨

## ਸ

ਸੱਸੀ ਪੁੰਨੂੰ – ੧੧੪
ਸ਼ਹਾਬਦੀਨ – ੪੩੮
ਸਹਿਦੇਵ – ੫੦੬
ਸ਼ਹੀਦ ਅਸਥਾਨ ਹਕੀਕਤ ਰਾਏ – ੫੨੫
ਸ਼ਹੀਦ ਗੰਜ – ੩੧, ੫੨੪
ਸ਼ਕ – ੨੩
ਸ਼ਕਤੀ – ੫੩੦
ਸਕੰਦ ਗੁਪਤ – ੨੫
ਸ਼ਕੁੰਤਲਾ – ੨੦
ਸਕੈਂਡਨੇਵੀਆ – ੯੦
ਸ਼ਖੀ ਸੁਲਤਾਨ – ੨੦੫
ਸ਼ਤਪਥ – ੧੨
ਸ਼ਤਰੂ ਘਨ – ੭੪
ਸਤਲੁਜ – ੨, ੩, ੭, ੮, ੧੦, ੧੧, ੨੨, ੪੧੨, ੪੮੫, ੪੯੩, ੫੨੩, ੫੨੬, ੫੨੭, ੫੨੮
ਸਤਾ ਬਲਵੰਡ – ੪੨੨
ਸਤੀਸ਼ ਗੁਜਰਾਲ – ੮੮
ਸਥਾਨੇਸ਼ਵਰ – ੫੩੧
ਸਤੂਪ – ੫੩੨
ਸਦਾ ਰਾਮ – ੪੩੧
ਸਨੇਤ – ੨੩, ੫੨੬
ਸਨੌਰ – ੪੯੦, ੫੧੦, ੫੧੧
ਸਪਤ ਸਿੰਧੂ – ੨, ੨੧੬, ੪੧੩
ਸਪੇਨ – ੩੫੨
ਸਬਕਤਗ਼ੀਨ – ੪੧੩, ੫੨੦, ੫੨੪
ਸ਼ਮਸਦੀਨ ਅਲਤਮਸ਼ – ੪੯੦, ੫੧੫, ੫੩੫
ਸਮਸੁ ਦੌਲਾ – ੫੧੪
ਸ਼ਮਸ਼ੇਰ ਸਿੰਘ ਅਸ਼ੋਕ – ੪੪੬, ੪੫੨
ਸਮਾਧ ਮਹਾਰਾਜਾ ਸ਼ੇਰ ਸਿੰਘ – ੫੨੫
ਸਮਾਧ ਮਹਾਰਾਜਾ ਰਣਜੀਤ ਸਿੰਘ – ੫੨੫
ਸਮਨ – ੫੧੯
ਸਮੁੰਦਰ ਗੁਪਤ – ੨੪
ਸਰਸ – ੪੮੪
ਸਰਸਤੀ – ੪੮੪
ਸਰਸ੍ਵਤੀ – ੨, ੪, ੬, ੮, ੧੨, ੧੩, ੧੪, ੧੫, ੧੧੭, ੪੮੪, ੪੮੫, ੪੯੮, ੫੦੯, ੫੩੦
ਸਰਸ੍ਵਤੀ ਦੇਵੀ – ੫੧੦
ਸਰਸਾ – ੫, ੧੦, ੧੧, ੧੨, ੨੫, ੪੮੩, ੪੯੨

ਸਰਹੰਦ – ੪੧੩, ੪੮੪, ੪੮੬, ੪੮੭, ੪੮੮, ੪੯੦, ੪੯੨, ੪੯੫, ੪੯੮, ੪੯੯, ੫੦੦, ੫੧੩, ੫੧੭, ੫੧੮, ੫੨੦, ੫੨੧,੫੨੩, ੫੨੬
ਸ਼ਰਧਾ ਰਾਮ ਫਿਲੌਰੀ – ੪੩੫, ੪੫੦
ਸ਼ਰਫ਼ਦੀਨ – ੫੦੭, ੫੧੫
ਸ਼ਰਫ਼ ਦੌਲਾ – ੫੦੮
ਸਰਵਾਟਰ ਸਕਾਟ – ੪੪੦
ਸਰੂਪ ਦਾਸ ਭੱਲਾ – ੩੯੫
ਸੱਯਦ ਵਾੜਾ – ੫੧੮
ਸਰੀ ਚੰਦ – ੩੯੦
ਸਰੋਜਨੀ ਨੈਡੋ – ੨੧੯
ਸ਼੍ਰੋਮਣੀ ਗੁ. ਪ੍ਰ. ਕਮੇਟੀ – ੪੮੩
ਸ਼ਲ ਕੋਟ – ੪੮੯
ਸਲਾਉਦੀਨ ਬਲਖ਼ੀ – ੪੯੬
ਸਲੀਆ ਨਦੀ – ੫੨੩
ਸਲੀਮ – ੪੮੫
ਸਵਾਤ – ੨੩
ਸਾਅ ਦੁਲਾ – ੫੩੬
ਸ਼ਾਸਲ ਬੇਗ – ੪੮੮
ਸ਼ਾਹ ਅਨਾਇਤ ਕਾਦਰੀ – ੩੭੫, ੪੨੪
ਸ਼ਾਹ ਆਲਮ – ੫੨੨
ਸ਼ਾਹ ਸ਼ਰਫ਼ – ੪੨੨
ਸ਼ਾਹ ਸ਼ਰਫ਼ ਬੁਅਲੀ – ੫੧੪
ਸ਼ਾਹ ਹੁਸੈਨ – ੨੨, ੩੩੨, ੩੬੫, ੩੬੬, ੩੭੨, ੪੧੯, ੪੨੨, ੪੨੪, ੫੩੭
ਸ਼ਾਹ ਕਲੀ ਖ਼ਾਨ – ੫੦੭
ਸ਼ਾਹ ਜਹਾਨ – ੨੮, ੩੦, ੬੦, ੪੨੩, ੪੯੩, ੫੨੪, ੫੩੬
ਸ਼ਾਹਦਰਾ – ੨੮, ੫੨੪, ੫੩੫
ਸ਼ਾਹਦਾਦ ਖ਼ਾਨ – ੪੯੨
ਸ਼ਾਹ ਦਿਵਾਨ – ੪੯੧
ਸ਼ਾਹ ਨਿਵਾਜ਼ – ੫੪੦
ਸ਼ਾਹਬਾਦ – ੧੪
ਸ਼ਾਹ ਪੁਰ – ੨੪
ਸ਼ਾਹ ਮੁਹੰਮਦ – ੩੪੫, ੩੪੬, ੪੨੯, ੫੩੮
ਸ਼ਾਹ ਵਲੀ ਖ਼ਾਨ – ੫੦੦, ੫੧੮
ਸਾਹਿਬ ਸਿੰਘ – ੪੨੩, ੪੫੨, ੫੧੧
ਸਾਹਿਬ ਸਿੰਘ ਬੇਦੀ – ੫੨੭
ਸਾਹਿਬ ਸਿੰਘ ਮ੍ਰਿਗਿੰਦ – ੩੮੮
ਸਾਹਿਬ ਕੌਰ ਬੀਬੀ – ੫੧੧
ਸ਼ਾਕਲ – ੨੨੦, ੪੮੯
ਸ਼ਾਗਲ – ੪੮੯
ਸਾਖੀਆਂ ਗੁਰੂ ਅਮਰਦਾਸ ਭੱਲੇ ਕੀਆਂ – ੩੮੭
ਸਾਂਬੀ – ੩੦੭
ਸਾਂਦਲ ਬਾਰ – ੧੨੫, ੨੨੫, ੨੫੩
ਸਾਨ ਫ਼ਰਾਂਸਿਸਕੋ – ੫੨੭
ਸਾਮਵੇਦ – ੨੧
ਸਾਮਾਣਾ – ੪੮੪, ੪੮੫, ੪੮੬, ੪੮੭, ੪੮੯, ੪੯੮, ੪੯੯
ਸ਼ਾਮੂ – ੫੧੯
ਸਾਰਦਾ – ੩੯੭
ਸਾਰੰਗ – ੩
ਸਾਰੰਗ ਖ਼ਾਨ – ੪੮੮
ਸਾਲਵਾਹਨ – ੪੮੯
ਸ਼ਾਲਾਮਾਰ ਬਾਗ਼ – ੫੧੫, ੫੨੫
ਸਾਲਿਕ – ੪੫੩
ਸਿਆਲਕੋਟ – ੩, ੮, ੩੭, ੩੮, ੧੨੧, ੪੮੯, ੫੩੦, ੫੩੨
ਸਿਕੰਦਰ – ੪੨੪, ੫੩੨
ਸਿਕੰਦਰ ਲੋਧੀ – ੫੦੫, ੫੨੬
ਸਿਥਿਅਨ – ੫੧੪
ਸਿਧ ਨਾਥ – ੫੧੯
ਸਿਧ ਮਾਤ੍ਰਕਾ – ੪੦੯, ੪੧੦
ਸਿੰਧ – ੪੮੭, ੫੧੪, ੫੨੦
ਸਿੰਧਵਾਦੀ – ੫੩੪
ਸਿੰਧੀ – ੩੮੦
ਸਿਮਲਾ – ੫੧੪, ੪੮੪
ਸਿਰਮੌਰ – ੧੨, ੪੮੫, ੫੮੫, ੫੨੩
ਸਿਰਾਜ਼ – ੧੩੦, ੪੮੭
ਸਿਰੀ ਚੰਦ ਬਾਬਾ – ੪੯੧
ਸਿਲੀਅਰ – ੧੯੮
ਸਿਲੂਕਸ ਨਿਕਾਤੋਰ – ੨੨
ਸ਼ਿਵ – ੫੩੦
ਸ਼ਿਵ ਜੀ – ੫੦੧, ੫੦੨, ੫੦੯, ੫੧੫, ੫੧੯
ਸੀਤਾ ਰਾਮ ਕੋਹਲੀ – ੪੨੯
ਸੀਰੋਵਾਲ – ੩
ਸੁਸਰਾਮ ਨਗਰ – ੪੯੨
ਸੁਸਰਾਮ ਪੁਰ – ੪੯੨
ਸੁਹਦਾ ਪੁਰ – ੫੧੪
ਸੁਕਰਾਤ – ੭੯
ਸੁਕੇਤ – ੬੧, ੫੦੧
ਸੁਖਦਾਸ ਸਿੰਘ – ੫੧੧

ਸੁਖਪਾਲਵੀਰ ਸਿੰਘ ਹਸਰਤ – ੪੬੭
ਸੁਖਬੀਰ – ੪੪੫, ੪੬੧, ੪੬੨, ੪੭੫
ਸੁਜਾਨ ਸਿੰਘ – ੪੫੦
ਸੁਜਾਨ ਪੁਰ – ੬੩
ਸੁੰਦਰ ਦਾਸ ਆਸੀ –੪੪੫
ਸੁਦਾਸ ਰਾਜਾ – ੫੩੧
ਸੁਨਾਮ – ੪੮੫, ੪੮੬, ੪੮੭, ੪੮੮, ੪੯੦, ੪੯੮, ੪੯੯ ੫੨੧, ੫੨੩
ਸੁਬਰ – ੩੮, ੭੨
ਸੁਮਾ – ੭, ੧੦
ਸੁਰਜਨ – ੧੯੮
ਸੁਰਜੀਤ ਰਾਮਪੁਰੀ – ੪੬੪
ਸੁਰਾਸ਼ਟਰ – ੨੩
ਸੁਰਿੰਦਰ ਸਿੰਘ ਕੋਹਲੀ – ੪੫੨
ਸੁਰਿੰਦਰ ਸਿੰਘ ਨਰੂਲਾ – ੪੪੯, ੪੫੧, ੪੫੨
ਸੁਲਤਾਨ ਸ਼ਾਹ ਖ਼ੁਸ਼ਦਿਲ – ੪੮੮
ਸੁਲਤਾਨ ਪੁਰ ਲੋਧੀ–੧੦, ੩੮੮, ੪੮੭,੪੯੦, ੪੯੧,੫੨੬,
ਸੁਲਤਾਨ ਬਾਹੂ – ੪੧੬, ੪੧੯, ੪੨੨
ਸੁਲਤਾਨ ਲੋਧੀ – ੪੧੩
ਸੂਰਜ ਕੁੰਡ – ੪੯੦
ਸੂਰਜ ਪੁਰ – ੪੯੦
ਸੂਰਤ ਸ਼ਾਹ ਕਾਕੜਾ – ੫੧੮
ਸੂਰੀ ਅਫ਼ਗਾਨ – ੫੦੭
ਸ਼ੇਖ਼ ਚਿਲੀ – ੫੨੬
ਸ਼ੇਖ਼ੂਪੁਰਾ – ੮, ੧੨੧, ੧੨੨, ੫੦੫
ਸ਼ੇਰ ਸ਼ਾਹ ਸੂਰੀ – ੨੮, ੪੮੪, ੫੦੭, ੫੧੭, ੫੨੬
ਸ਼ੇਰ ਸਿੰਘ – ੪੫੨
ਸ਼ੇਰ ਸਿੰਘ ਸ਼ੇਰ – ੪੫੨
ਸ਼ੇਰ ਖ਼ਾਨ – ੨੭, ੪੮੫, ੪੮੭, ੪੯੦, ੫੦੭, ੫੨੧
ਸੇਵਾ ਰਾਮ – ੪੨੭
ਸੈਂਧਿ – ੪੮੫
ਸੈਫ਼ਾ ਬਾਦ – ੫੧੨
ਸੈਫ਼ੁਦੀਨ – ੫੦੭, ੫੧੨, ੫੧੩
ਸੈਫ਼ੁਦੀਨ ਕਿਚਲੂ – ੩੩
ਸੈਫ਼ੁਲ ਮਲੂਕ – ੪੩੨
ਸ਼ੈਰਿਸ਼ਕਾ – ੪੮੪
ਸੋਹਣੀ ਮਹੀਂਵਾਲ – ੬੦, ੧੧੪, ੨੭੧, ੨੯੦
ਸੋਹਰ – ੨੪੬
ਸੋਭਾ ਸਿੰਘ – ੯੪
ਸ਼ੋਰ ਕੋਟ – ੨੬
ਸੌਂਚੀ – ੧੪੭
ਸੌਰਸੈਨੀ – ੩੮੨
ਸੰਸਕ੍ਰਿਤ – ੩੭੯, ੩੮੦, ੩੮੧, ੩੮੪, ੪੦੨, ੪੦੩, ੪੦੪, ੪੦੫, ੪੮੧
ਸੰਸਾਰ ਚੰਦ ਰਾਜਾ – ੬੦, ੬੧, ੬੨, ੬੩ ੬੫, ੪੯੩, ੪੯੫, ੫੧੯
ਸ਼ਿਕਰ – ੪੧੭, ੪੧੮
ਸੰਗਤ ਸਿੰਘ – ੫੨੭
ਸੰਗਰੂਰ – ੪੯੦
ਸੰਘੋਲ – ੮
ਸੰਢੋਰਾ – ੧੩, ੩੧
ਸੰਤ ਸਿੰਘ ਸੇਖੋਂ – ੪੪੩, ੪੪੭, ੪੫੦,
ਸੰਤਰੇਣ – ੪੩੧, ੪੩੪
ਸੰਤੋਖ ਸਿੰਘ ਧੀਰ – ੪੫੦, ੪੬੧, ੪੬੨, ੪੭੧
ਸੰਤੋਖ ਸਿੰਘ ਭਾਈ – ੪੯੬
ਸੰਮੀ – ੧੨੫, ੧੨੬

## ਹ

ਹਸਤਨਪੁਰ – ੩੦
ਹਸਤੂ – ੬੩
ਹਸਨ ਸ਼ਾਹ – ੫੧੩
ਹਸਨ ਖ਼ਾਨ – ੫੦੭
ਹਸਨ ਨਿਜ਼ਾਮੀ – ੪੯੮
ਹਕੀਕਤ ਰਾਏ – ੪੨੬
ਹਜ਼ਰਤ ਈਸਾ – ੫੧੩
ਹਜ਼ਰਤ ਮੁਹੰਮਦ – ੫੧੭
ਹਜ਼ਾਰਾ – ੩੭
ਹਜ਼ਾਰਾ ਸਿੰਘ ਗਿਆਨੀ – ੪੩੭
ਹਜ਼ਾਰਾ ਸਿੰਘ ਗੁਰਦਾਸਪੁਰੀ – ੪੪੫, ੪੪੬, ੪੬੭
ਹਾਜੀ ਰਤਨ – ੫੨੧
ਹਠੂਰ – ੩੯੨, ੩੯੫, ੩੯੬, ੩੯੮, ੪੦੫, ੪੦੬, ੪੦੮
ਹਰਾਇਤੁਲਾ – ੪੩੩
ਹਨੂੰਮਾਨ – ੪੯੫
ਹਨੂੰਮਾਰ ਗੜ੍ਹ – ੧੩
ਹਮਦਮ – ੪੪੪
ਹਮਾਯੂੰ – ੯, ੨੮, ੫੦੧, ੫੦੭,
ਹਮੀਰ ਖ਼ਾਨ – ੪੮੮
ਹਰਸ਼ – ੪੧੩
ਹਰਸ਼ ਚਿਤਰ – ੨੫, ੫੦੪
ਹਰਸ਼ ਵਰਧਨ – ੨੫, ੫੩੨, ੫੩੪

ਹਰਸਰਨ ਸਿੰਘ – ੪੪੮
ਹਰਕਿਸ਼ਨ ਲਾਲ – ੮੯
ਹਰਚਰਨ ਸਿੰਘ – ੪੪੬, ੪੪੭
ਹਰਜੀਤ ਸਿੰਘ – ੪੫੨
ਹਰਦਿਆਲ ਸਿੰਘ ਸੀਕਰੀ – ੪੪੪
ਹਰਦਿਆਲ ਪੰਡਤ – ੫੩੯
ਹਰਦਿਤ ਸਿੰਘ ਡਾਕਟਰ – ੪੫੨
ਹਰਦੁਆਰ – ੧੮੮, ੧੮੬, ੩੫੬
ਹਰਨਾਕਸ਼ – ੨੧੨
ਹਰਨਾਮ ਸਿੰਘ ਸ਼ਾਨ – ੪੩੨
ਹਰਨਾਮ ਸਿੰਘ ਨਾਜ਼ – ੪੪੫, ੪੬੭
ਹਰਨਾਮ ਸਿੰਘ ਲੌਂਡਾ – ੫੩੯
ਹਰਭਜਨ ਸਿੰਘ – ੪੪੫, ੪੬੪, ੪੭੬
ਹਰਿਆਣਾ – ੪, ੫, ੬, ੭, ੧੬, ੧੯, ੨੨, ੨੩, ੨੫, ੨੬ ੯੭, ੯੮, ੧੦੨, ੧੦੪, ੧੦੭, ੧੦੮, ੧੧੭, ੧੩੫, ੧੩੬, ੧੬੩, ੧੬੪, ੧੬੫, ੧੭੦, ੧੭੩, ੧੭੪, ੧੭੯, ੧੮੪, ੪੧੩, ੪੯੧ ।
ਹਰਿ ਸਹਾਇ – ੪੮੨
ਹਰਿ ਕ੍ਰਿਸ਼ਣ ਗੁਰੂ – ੨੯, ੪੯੪
ਹਰਿ ਗੋਬਿੰਦ ਗੁਰੂ – ੨੮, ੩੦, ੮੦, ੨੦੯, ੩੪੯, ੩੬੫, ੩੬੯, ੩੭੧, ੩੭੨, ੩੭੩, ੩੯੬, ੪੦੪, ੪੦੫, ੪੮੨, ੪੯੩, ੫੦੬ ।
ਹਰਿੰਦਰ ਸਿੰਘ ਰੂਪ – ੪੪੧, ੪੫੨
ਹਰਿ ਮੰਦਰ – ੨੦੯, ੪੮੩
ਹਰਿ ਰਾਇ ਗੁਰੂ – ੨੮, ੨੯, ੩੦, ੪੯੩, ੪੯੪
ਹਰੀ ਸਿੰਘ ਨਲੂਆ – ੫੩੭
ਹਰੀ-ਕੇ-ਪੱਤਣ – ੯
ਹਾਸ਼ਮ – ੩੪੬, ੪੧੬, ੪੨੭, ੪੨੮
ਹਾਂਸੀ – ੧੨, ੨੭, ੪੧੫, ੪੯੧, ੪੯੨, ੪੯੮, ੫੧੭
ਹਾਜੀ ਤਾਜੀ ਸਾਂਈ – ੪੮੫
ਹਾਜੀ ਰਤਨ ਬਾਬਾ – ੧੯੮, ੫੨੧
ਹਾਫ਼ਜ਼ ਬਰਖ਼ੁਰਦਾਰ – ੪੨੩, ੪੨੮
ਹਾਮਦ ਸ਼ਾਹ – ੪੨੬, ੪੨੮
ਹਾਵੇਲ – ੯੩
ਹਿਊਨਸਾਂਗ – ੫, ੨੫, ੪੯੨, ੪੯੫, ੫੦੧, ੫੨੪, ੫੩੨, ੫੩੩,
ਹਿਸਾਰ – ੬, ੨੭, ੩੯, ੯੭, ੯੮, ੧੬੨, ੪੧੩, ੪੮੩, ੪੮੫, ੪੯੧, ੫੦੭, ੫੧੦, ੫੩੦, ੫੩੩
ਹਿੰਦੀ – ੩੮੦
ਹਿੰਦੁਸਤਾਨ – ੫੧੨, ੫੪੦
ਹਿਮਾਚਲ ਪਰਦੇਸ਼ – ੩, ੬, ੧੫, ੧੬, ੩੧, ੯੮
ਹਿਮਾਲਾ – ੨, ੧੫, ੧੬, ੧੭ ੫੩, ੬੪
ਹਿਰਦੇ ਚੰਦਰ – ੫੧੯
ਹੀਰ ਰਾਂਝਾ – ੬੦, ੧੧੪, ੨੫੬, ੨੭੦
ਹੀਰਾ ਸਿੰਘ ਦਰਦ – ੪੩੭, ੪੩੮, ੪੪੧, ੪੫੦, ੪੫੨, ੪੫੬, ੪੫੭, ੫੩੯
ਹੀਰੋ ਸ਼ੀਮਾ – ੪੭੩
ਹੁਸ਼ਿਆਰਪੁਰ – ੪, ੬, ੨੩, ੯੮, ੧੬੧, ੧੬੨, ੫੦੯, ੫੩੬
ਹੁਜਰਾ ਹਜ਼ੀਰ – ੪੯੧
ਹੂਣ – ੨੫, ੫੦੪, ੫੩੪
ਹੈਦਰ ਸ਼ੇਖ – ੧੯੭, ੨੦੪, ੨੦੫
ਹੇਮੂ – ੨੮, ੫੦੭, ੫੧੪
ਹੈਦਰ ਖਾਨ – ੫੧੭
ਹੋਤੀ – ੪੮੯
ਹੋਲਰ – ੨੪੬
ਹੋਲਾ ਮਹੱਲਾ – ੨੧੩
ਹੋਲਿਕਾ – ੨੧੨
ਹੋਲੀ – ੨੧੨


## ਕ


ਕਸ਼ਮੀਰ – ੨, ੮, ੧੭, ੨੧, ੨੫, ੨੯, ੩੨, ੫੨, ੫੫, ੧੨੭, ੪੧੩
ਕਸੂਰ – ੪੨੫
ਕਹਿਲੂਰ – ੧੦
ਕਹਿਲੂਰੀ – ੪੯੫
ਕਟੋਚ – ੨੫, ੨੬, ੪੯੨, ੫੦੪, ੫੧੦
ਕਣਿੰਦ – ੨੨, ੨੩
ਕਤਲਗਤਗੀਨ – ੫੦੭
ਕਥਾਕਲੀ – ੧੧੪ ੧੧੬, ੧੧੭
ਕਨ੍ਹਈਆ – ੩੭੩, ੪੨੭
ਕਨਿਸ਼ਕ – ੨੩, ੫੦੧, ੫੩੨, ੫੩੪,
ਕਨਿੰਘਮ – ੧੨, ੪੧੨, ੫੦੩, ੫੧੬
ਕਨੀਆਰਾ – ੫੩੨
ਕਪਿਸਥਲ – ੪੯੪
ਕਪੂਰ ਸਿੰਘ – ੪੪੮, ੪੫੨
ਕਪੂਰ ਸਿੰਘ ਨਵਾਬ – ੫੩੭
ਕਪੂਰਥਲਾ – ੪, ੩੮, ੪੯੦
ਕਬੱਡੀ – ੧੪੧, ੧੪੨

ਕਬੀਰ – ੫੯, ੪੦੦
ਕਬੀਰ ਚੌਰਾ – ੫੧੬
ਕਮਾਰਲ ਬੁਧ – ੫੩੩
ਕਮਾਲ ਦੀਨ – ੪੮੭
ਕਰਜ਼ਨ – ੪੧੨
ਕਰਤਾਰ ਸਿੰਘ ਸ਼ਮਸ਼ੇਰ – ੪੫੨
ਕਰਤਾਰ ਸਿੰਘ ਦਾਖਾ – ੩੬੨
ਕਰਤਾਰ ਸਿੰਘ ਦੁੱਗਲ – ੩੪੭, ੪੫੦
ਕਰਤਾਰ ਸਿੰਘ ਬਲੱਗਣ – ੪੪੫
ਕਰਤਾਰਪੁਰ – ੩੯੨, ੫੦੧
ਕਰਥੀ – ੧੩੪
ਕਰਨਾਲ – ੨੫, ੯੮, ੧੮੦, ੪੩੬, ੪੯੫, ੫੦੫, ੫੦੯,
ਕਰਮ – ੪੪੪
ਕਰਮ ਸਿੰਘ ਮਹਾਰਾਜਾ – ੪੯੯, ੫੧੬, ੫੨੦
ਕਰਮ ਨਾਰ – ੧੧੫
ਕਰੁਕਸ – ੫੩੬
ਕਲਾਡਵੈਡ – ੫੨੮
ਕਲਾਨੌਰ – ੨੮, ੫੩੫
ਕਲਾਲ – ੫੧੮
ਕਲਿਆਨ ਸਿੰਘ – ੪੮੪
ਕਾਇਥਾਂ – ੫੧੮
ਕਾਂਗੜਾ – ੪, ੬, ੭, ੫੩, ੫੮, ੫੯, ੬੦, ੬੧, ੬੨, ੮੪, ੯੮, ੧੦੩, ੧੦੮, ੧੧੭, ੧੩੨, ੧੬੩, ੧੬੮, ੧੭੧, ੪੯੨, ੪੯੫, ੫੦੧, ੫੦੨, ੫੧੯, ੫੩੦, ੫੩੨
ਕਾਜ਼ੀ ਕੋਟਲੇ ਦੀ ਮਾਰ – ੧੪੯
ਕਾਤਯਾਯਨ – ੩੮੧
ਕਾਦਰ ਯਾਰ – ੩੪੫, ੩੪੬, ੪੨੯
ਕਾਦੰਬਰੀ – ੧੨
ਕਾਨ੍ਹਾ – ੪੨੨
ਕਾਨੌਡ – ੫੨੧, ੫੨੨
ਕਾਬਲ – ੨੩, ੪੧੩, ੪੨੨, ੪੮੫, ੫੧੩
ਕਾਮ ਸੂਤਰ – ੬੯
ਕਾਮ ਕੰਦਲਾਂ – ੫੧੭
ਕਾਮ ਗ਼ਾਰਖਾਨ – ੪੯੨
ਕਾਮਧੇਨ ਤੰਤਰ – ੪੦੦
ਕਾਮਾ-ਗਾਟਾ-ਮਾਰੂ – ੩੩, ੫੩੯
ਕਾਰਤਿਕ – ੫੧੦
ਕਾਲਸੀ – ੧੨
ਕਾਲਕਾ – ੧੧, ੫੧੫, ੫੧੬
ਕਾਲੀ ਦਾਸ – ੨੪, ੪੪੫, ੫੩੨
ਕਾਲੀ ਦਾਸ ਗੁਜਰਾਂਵਾਲੀਆ – ੪੩੧, ੪੩੫
ਕਾਲੀ ਬੇਈ – ੭, ੧੦
ਕਿਸ਼ਨ ਸਿੰਘ – ੮੪
ਕਿਸ਼ਨ ਸਿੰਘ ਆਰਿਫ਼ – ੪੩੧, ੪੩੩, ੪੩੪
ਕਿਜ਼ੀ ਖਾਨ – ੪੮੭
ਕ੍ਰਿਸ਼ਣ – ੭੬, ੧੧੫, ੪੨੦
ਕ੍ਰਿਸ਼ਨ ਖੰਨਾ – ੯੦
ਕ੍ਰਿਸ਼ਨ ਲਾਲ – ੬੩
ਕਿੱਕਰ ਸਿੰਘ – ੧੪੦
ਕਿਕਲੀ – ੧੨੬, ੧੨੭
ਕਿਦਾਰ – ੨੪
ਕਿਪਲਿੰਗ – ੫੧
ਕਿਰਪਾ ਸਾਗਰ – ੪੪੦, ੪੪੮
ਕਿਰਪਾ ਰਾਮ ਨਾਜ਼ਮ – ੪੪੪
ਕਿਰਪਾਲ ਸਿੰਘ ਕਸੇਲ – ੪੪੧, ੪੪੩, ੪੫੨
ਕਿਲਾ ਲਾਹੌਰ – ੫੨੫
ਕੀਮੀਆਏ ਸਾਅਦਤ – ੪੨੭
ਕੀਰਤਨ – ੧੧੫
ਕੀਰਤਪੁਰ – ੪੮੫, ੪੯੩, ੪੯੪
ਕੀੜ ਕੜਾਂਗ – ੧੫੨
ਕੀੜ ਗਰਾਮ – ੫੧੯
ਕੁਸ਼ਤੀ – ੧੪੬
ਕੁੰਜਰਾਸ – ੧੧੫
ਕੁੰਜੂਆ – ੧੩੩
ਕੁਤਬੁ ਦੀਨ ਐਬਕ – ੨੭, ੪੮੭, ੪੯੮, ੫੨੦, ੫੩੫
ਕੁਤਬੁ ਦੀਨ ਬਖਿਤਿਆਰ ਕਾਕੀ – ੪੧੫
ਕੁਮਾਰ ਸਵਾਮੀ – ੬੨, ੬੩, ੬੪, ੮੪
ਕੁਮਾਰ ਗੁਪਤ – ੨੫
ਕੁਰਖੇਤਰ – ੪, ੫, ੧੩, ੧੯, ੨੦, ੧੯੬, ੪੯੪, ੪੯੫, ੫੦੩, ੫੩੦, ੫੩੧
ਕੁਰਾਲ (ਕੁਰਾਲੀ) – ੫੧੭
ਕੁਰੂ – ੫, ੨੧
ਕੁਲਤਾਜ ਪੁਰ – ੫੦੯
ਕੁਲਵੰਤ ਸਿੰਘ ਵਿਰਕ – ੪੫੦
ਕੁਲਿੰਦ – ੪੯੫
ਕੁਲੂਤ – ੨੩
ਕੁਲੂ – ੬, ੮, ੧੨, ੫੫, ੬੧, ੮੩, ੧੦੮, ੧੦੯, ੧੧੬, ੧੧੭, ੧੨੯, ੧੩੦, ੧੩੨, ੧੭੪, ੧੭੫, ੧੭੬, ੧੮੩, ੧੮੪, ੧੮੫, ੧੯੦, ੪੯੫
ਕੇਸਰ ਸਿੰਘ – ੪੫੦
ਕੇਸਰ ਸਿੰਘ ਛਿਬਰ – ੧੪੦, ੩੯੦

ਕੇਸ਼ਵ ਦਾਸ – ੫੯, ੬੨, ੬੫
ਕੇ. ਸੀ. ਆਰੀਅਨ – ੮੭
ਕੇਨ – ੫੩੬
ਕੈਕੇਇ ਦੇਸ – ੨੦
ਕੈਕੁਬਾਦ – ੪੮੭
ਕੇਥਲ – ੪੮੮, ੪੯੫, ੪੯੬, ੫੦੯, ੫੧੦, ੫੨੧
ਕੈਲ – ੯੭
ਕੋਹੇ-ਰਾਮ – ੪੯੮
ਕੋਹਿਸਤਾਨ – ੫੧੬
ਕੋਚੀਨ ਟਰਾਵਨਕੋਰ – ੮੧
ਕੋਟ ਕਪੂਰਾ – ੫੨੩
ਕੋਟਲਾ ਛਪਾਕੀ – ੧੪੯
ਕੋਬੇਗ ਐਨਿਉ – ੭੩
ਕੋਲ – ੪੯੮
ਕੋਨੋਡਾ – ੫੩੯
ਕੋਲੋਨੀ – ੫੩੯
ਕੰਸ – ੭੬
ਕੰਕਨ – ੩੮੯
ਕੰਡਾਘਾਟ – ੫੧੬
ਕਵੀ – ੭, ੧੫, ੧੭, ੧੮
ਕੰਵਲ ਕ੍ਰਿਸ਼ਨ – ੮੯

## ਖ

ਖਡੂਰ ਸਾਹਿਬ – ੪੯੬
ਖੜਕ ਸਿੰਘ – ੮੪, ੫੦੨
ਖੜਕ ਸਿੰਘ ਬਾਬਾ – ੫੪੦
ਖ਼ਲਾ – ੧੨੮
ਖਾਲਸਾ ਸਮਾਚਾਰ – ੪੩੨
ਖਾਲਸਾ ਕਾਲਜ – ੪੮੩
ਖਿਜ਼ਰ ਖਾਨ – ੨੮, ੪੮੫, ੪੮੮, ੪੯੨, ੫੧੭, ੫੨੬
ਖਿਦਰਾਣੇ ਦੀ ਢਾਬ – ੫੨੩
ਖਿਦੋ ਖੂੰਡੀ – ੧੪੫
ਖੀਰ ਗੰਗਾ ਚਸ਼ਮਾ – ੫੧੯
ਖੁਆਜ਼ਾ ਸ਼ਾਹ ਮਨਸੂਰ – ੫੦੭
ਖੁਸਰੋ – ੨੮, ੩੦, ੪੮੨
ਖੁਸਰੋ ਸ਼ਾਹਜ਼ਾਦਾ – ੪੯੭
ਖੁਸਰੋ ਮਲਿਕ – ੨੭
ਖੁਸ਼ਾਲ ਸਿੰਘ – ੫੦੨
ਖੁਰਸਾਨਾ – ੪੮੭
ਖੈਬਰ – ੩੨
ਖ਼ੈਰ ਦੀਨ – ੫੨੩
ਖੋਤਵਾਲ – ੪੧੫

## ਗ

ਗਜ਼ਨੀ – ੪੯੦
ਗਦਰੈਨ – ੧੩੨
ਗਦਰ ਗੂੰਜਾਂ – ੫੩੯
ਗੱਦੀ – ੧੩੨, ੧੩੩, ੧੩੪, ੧੭੧, ੧੭੨, ੧੮੧, ੧੮੩
ਗਣੇਸ਼ ਦੇਵੀ – ੫੧੬
ਗਰਬਾ – ੧੧੫
ਗਰੁੜ ਪੁਰਾਣ – ੧੮੬, ੧੯੦
ਗਰੁੜ ਬਾਹਨ – ੧੧੫
ਗਵਰਧਨ – ੫੦੭
ਗ੍ਰੰਥ ਸਾਹਿਬ (ਸ੍ਰੀ ਗੁਰੂ) – ੩੦, ੩੮, ੮੦, ੧੬੭, ੧੭੭, ੧੯੦, ੩੫੦, ੩੬੫, ੩੭੩, ੪੦੨, ੪੦੭, ੪੧੭, ੪੨੧।
ਗ੍ਰੰਥ ਹਰਦਿਆ ਰਾਮ ਜੀ – ੪੦੬
ਗਊ ਗੁਇਨ – ੮੭
ਗਾਂਧਾਰ – ੨੦, ੨੧, ੨੪, ੨੫, ੨੬, ੫੩੪
ਗਾਂਧੀ ਜੀ – ੪੯, ੫੪੦
ਗਾਮ – ੪੪੪
ਗਾਮਾ – ੧੪੦
ਗਾਲਿਬ ਖਾਨ – ੮੮
ਗਿਆਸੁੱਦੀਨ ਬਲੱਬਨ – ੪੮੭, ੪੮੫, ੫੨੨
ਗਿਆਨ ਸਿੰਘ – ੪, ੩੮੮, ੪੩੬, ੪੪੫, ੪੬੮
ਗਿਆਨ ਰਤਨਾਵਲੀ – ੪੨੭
ਗਿਧਾ – ੧੧੮, ੧੧੯, ੧੭੯, ੧੯੯, ੨੦੫
ਗਿਰਿ – ੫੦੫
ਗੀਤ ਗੋਵਿੰਦ – ੫੯, ੭੮
ਗੀਤਾ – ੧੮੬, ੧੯੦
ਗੁਆਲੀਅਰ – ੨੦੯
ਗੁੱਗਾ – ੨੬, ੧੯੮, ੧੯੯, ੨੦੨, ੨੦੬
ਗੁਜਰ – ੩੭, ੨੧੭
ਗੁਜਰਾਤ – ੧੧੫, ੧੨੧, ੨੧੭, ੪੩੩, ੫੩੪
ਗੁਜਰਾਤੀ – ੩੮੦
ਗੁਜਰਾਂਵਾਲਾ – ੩੨, ੧੬੧, ੪੩੪
ਗੁਰਸਹਾਏ – ੭੨, ੭੪

ਗੁਰਚਰਨ ਸਿੰਘ – ੯੪, ੪੫੨
ਗੁਰਚਰਨ ਸਿੰਘ ਜਸੂਜਾ – ੪੪੮
ਗੁਰਚਰਨ ਰਾਮਪੁਰੀ – ੪੪੫, ੪੬੪, ੪੭੬
ਗੁਰਦੁਆਰਾ ਸ਼ਹੀਦ ਅਸਥਾਨ ਭਾਈ ਮਨੀ ਸਿੰਘ – ੫੨੫
ਗੁਰਦੁਆਰਾ ਸ਼ਹੀਦ ਗੰਜ ਸਿੰਘਣੀਆਂ – ੫੨੫
ਗੁਰਦੁਆਰਾ ਸ਼ਹੀਦ ਗੰਜ ਭਾਈ ਤਾਰੂ ਸਿੰਘ ਜੀ – ੫੨੫
ਗੁਰਦੁਆਰਾ ਛੇਵੀਂ ਪਾਤਸ਼ਾਹੀ – ੫੨੫
ਗੁਰਦੁਆਰਾ ਡੇਹਰਾ ਸਾਹਿਬ – ੫੨੫
ਗੁਰਦਾਸ ਖੱਤਰੀ – ੪੨੬
ਗੁਰਦਾਸ ਭਾਈ – ੩੩੨, ੩੬੩, ੩੬੭, ੩੬੮, ੩੬੯, ੩੭੦
੩੭੫, ੪੧੭, ੪੨੧, ੪੨੨
ਗੁਰਦਿਆਲ ਸਿੰਘ ਖੋਸਲਾ – ੪੪੬, ੪੪੮
ਗੁਰਦਿਆਲ ਸਿੰਘ, ਫੁਲ – ੪੪੮
ਗੁਰਦਿਤ ਸਿੰਘ ਕੁੰਦਨ – ੪੪੫
ਗੁਰਪ੍ਰਤਾਪ ਸੂਰਜ ਗ੍ਰੰਥ – ੪੯੬
ਗੁਰਬਖ਼ਸ਼ ਸਿੰਘ – ੪੩੮, ੪੫੦, ੪੫੧, ੪੮੩, ੪੯੬,
ਗੁਰਬਖ਼ਸ਼ ਸਿੰਘ ਕੇਸਰੀ – ੪੦੫
ਗੁਰਬਖ਼ਸ਼ ਸਿੰਘ ਭਾਈ – ੪੯੬
ਗੁਰਬਚਨ ਸਿੰਘ ਤਾਲਿਬ – ੪੫੨
ਗੁਰਮੁਖ ਸਿਘ – ੪੩੬
ਗੁਰਮੁਖ ਸਿੰਘ ਜੀਤ – ੪੫੦, ੪੫੨
ਗੁਰਮੁਖ ਸਿੰਘ ਮੁਸਾਫਿਰ – ੪੩੭, ੪੪੧, ੪੫੦
ਗੁਰੂ ਕਾ ਬਾਗ਼ – ੩੩, ੫੩੯
ਗੁਰੂ ਗਿਰਾਰਥ ਕੋਸ਼ – ੪੦੫
ਗੁਲਕਾਰੀ – ੩੭
ਗੁਲਾਬ ਸਿੰਘ – ੪੩੪
ਗੁਲਾਮ ਮੁਹੰਮਦ ਚੱਠਾ – ੪੨੬
ਗੁਲਾਮ ਰਸੂਲ – ੪੩੪
ਗੁਲਾਮਵੰਸ – ੫੩੫
ਗੁਲ੍ਹਾਂ – ੫੧੯
ਗੁੱਲੀ ਡੰਡਾ – ੧੪੩
ਗੁਲੇਰ – ੬੦, ੬੧, ੭੦, ੭੧, ੭੨, ੭੩, ੭੪
ਗੁੜਗਾਉਂ (ਗੁੜਗਾਵਾਂ) ੩੯, ੯੮, ੧੦੭, ੧੮੬, ੧੯੦
ਗੋਇੰਦਵਾਲ – ੪੯੭
ਗੋਇੰਦਾ – ੪੯੬
ਗੋਕਲ – ੭੬
ਗੋਕਲ ਚੰਦ ਨਾਰੰਗ – ੪੧੯
ਗੋਪਾਚਲ – ੨੬
ਗੋਪਾਲ ਸਿੰਘ ਦਰਦੀ – ੪੪੪, ੪੫੨, ੪੫੯,
ਗੋਬਿੰਦ ਸਿੰਘ ਗੁਰੂ – ੩੩੩, ੩੩੪, ੩੪੦, ੩੪੪, ੩੪੯,
੩੭੨, ੩੭੩, ੩੭੪, ੩੭੫, ੪੨੧, ੪੨੪,
੪੮੧, ੪੮੨, ੪੮੮, ੪੯੪, ੫੦੯, ੫੧੦,
੫੧੨, ੫੧੭, ੫੨੧, ੫੨੩, ੫੨੪, ੫੩੫,
੫੩੭ ।
ਗੋਬਿੰਦ ਗੜ੍ਹ – ੫੨੦
ਗੋਬਿੰਦ ਰਾਏ (ਰਾਜਾ) – ੫੩੫
ਗੋਰਖਨਾਥ – ੪੧੪, ੪੧੫, ੫੩੬
ਗੋਵਰਧਨ – ੭੭
ਗੋਵਰਧਨ ਚੰਦ – ੬੧
ਗੋਵਿੰਦ ਰਾਏ – ੫੩੫
ਗੰਗ – ੫੯
ਗੰਗਾ – ੫੧੯
ਗੰਗਾ ਰਾਮ – ੪੩੧
ਗੰਡਾ ਸਿੰਘ – ੪੨੯, ੪੫੨
ਗੰਡੀਵਿੰਡ – ੪੪੨
ਗੰਗਾ – ੧੪੦
ਗੁਰਾਂ ਦਿੱਤਾ ਬਾਬਾ – ੪੯੩, ੪੯੪

## ਘ

ਘੱਗਰ – ੪੮੪, ੪੯੧, ੫੧੭
ਘਘਰੋਟ – ੪੪੧
ਘਨੌਰ – ੫੧੬
ਘਲੂਘਾਰੇ – ੫੧੧
ਘਿਰਥ – ੧੦੩
ਘੁੱਗਟ ਬਾਗ – ੩੯
ਘੁੜਾਮ – ੨੭, ੪੮੭, ੪੯੦, ੪੯੮, ੪੯੯, ੫੨੦, ੫੨੨
ਘੋੜੀਆਂ – ੨੩੮
ਘੋੜੀਆਂ ਤੇ ਸਵਾਰ – ੧੫੦

## ਚ

ਚਕ ਗੁਰੂ ਰਾਮ ਦਾਸ – ੪੯੭
ਚਕਵਾਲ – ੩੮
ਚਮਿਆਲੀ – ੩੯੪, ੩੯੬, ੩੯੭, ੩੯੮, ੪੦੪, ੪੦੫
ਚਰਖਾ – ੪੮, ੪੯
ਚਰਨ ਸਿੰਘ ਸ਼ਹੀਦ – ੪੩੮, ੪੪੧, ੪੫੧
ਚਰਨ ਸਿੰਘ ਡਾਕਟਰ – ੪੩੯, ੪੪੬
ਚਰਪਟ – ੪੧੪, ੪੧੫, ੫੩੬
ਚੜ੍ਹਤ ਸਿੰਘ – ੩੨

ਚਾਣਕਯ ਕੌਟਿਲ – ੫੩੩
ਚਾਰ ਸੌਦਾ – ੨੦, ੨੨
ਚਵਨ ਰਿਸ਼ੀ – ੫੦੯
ਚਾਵਾ – ੫੧੩
ਚਿਤਘੁਰਨੀ – ੪੯੯
ਚਿਨਿਓਟ – ੫੧੩
ਚੀਨ – ੫੨, ੫੩੦
ਚੂਹੜ ਮਲ ਖਤਰੀ – ੪੮੨
ਚੂੜਾ ਵੰਡ – ੧੮੫
ਚੇਤਜ – ੫੩੨
ਚੈਂਚਲੋ – ੧੩੩
ਚੌਟੰਗ – ੧੩
ਚੌਪ – ੩੮, ੪੦, ੪੧, ੪੨
ਚੰਡੀਗੜ੍ਹ – ੫੧੨
ਚੰਡੀ ਦੇਵੀ – ੫੧੬
ਚੰਦ ਬਰਦਾਈ – ੪੧੪
ਚੰਦਰ ਗੁਪਤ ਬਿਕਰਮਾਦਿਤ – ੨੪, ੨੫
ਚੰਦਰ ਗੁਪਤ ਮੌਰੀਆ – ੨੨, ੨੩
ਚੰਬਲ – ੨੨
ਚੰਬਲ ਨਦੀ – ੫੦੬
ਚੰਬਾ – ੭, ੮, ੮੩, ੧੬੧, ੧੬੮, ੧੬੯, ੧੭੦, ੧੭੪, ੧੭੫, ੧੮੩, ੧੮੪, ੩੯੩, ੩੯੫, ੩੯੯, ੪੧੫
ਚੰਬੇਲੀ – ੫੧੭

## ਛ

ਛਉ ਨਾਚ – ੧੧੭
ਛਛਟੋਲੀ – ੧੩
ਛਜੂ ਭਗਤ – ੪੨੨, ੫੩੭
ਛਟਾਪੂ – ੧੫੨
ਛਟੀ – ੧੬੪
ਛੱਤਾ ਰਾਇ ਮੁਕੰਦ – ੫੦੯
ਛਪਾਰ – ੧੯੭, ੧੯੮, ੨੦੦, ੨੦੬
ਛਮਾਸ – ੩੯
ਛਾਬੜਾ ਡਾਕਟਰ – ੩੯੪, ੩੯੬, ੩੯੮
ਛਿਨ ਮਸਤਾ ਦੇਵੀ – ੪੯੯
ਛੀਟਾਂਵਾਲਾ – ੫੨੨, ੫੨੩
ਛੇਹਰਟਾ – ੧੯, ੧੬੯
ਛੋਮੇਦੂ – ੨੨੩

## ਜ

ਜਸਰਤ ਖੋਖਰ – ੫੨੩
ਜਸਵੰਤ ਸਿੰਘ ਕੰਵਲ – ੪੪੯
ਜਸਵੰਤ ਸਿੰਘ ਨੇਕੀ – ੪੬੫
ਜਸਵੰਤ ਰਾਏ ਰਾਏ – ੪੪੫
ਜਸਾ ਸਿੰਘ ਆਹਲੂਵਾਲੀਆ – ੪੯੧, ੫੦੧
ਜਸਾ ਸਿੰਘ ਰਾਮਗੜ੍ਹੀਆ – ੫੦੩, ੫੩੭
ਜਸੋਦਾ ਨੰਦਨ – ੪੨੭
ਜੋਸ਼ੂਆ ਫ਼ਜ਼ਲਦੀਨ – ੪੩੮, ੪੫੦
ਜਹਾਂਗੀਰ – ੨੮, ੨੯, ੩੦, ੬੦, ੩੪੯, ੩੫੦, ੪੮੨, ੪੮੬, ੪੯੭, ੫੨੪, ੫੩੫।
ਜ਼ਕਰੀਆ ਖ਼ਾਨ – ੪੮੨, ੫੨੪
ਜਗ ਕੁੰਡ – ੫੦੯
ਜਗਤ ਸਿੰਘ – ੬੧, ੪੯੫
ਜਗਤ ਚੰਦ – ੪੯੩
ਜਗਦੀਸ਼ ਸਿੰਘ – ੪੫੨
ਜਗਰਾਉਂ – ੧੬੮, ੨੦੩, ੨੦੪, ੫੨੭
ਜਟ – ੩੭
ਜਮਨਾ – ੪੯੧, ੫੧੯
ਜਮਾਲ – ੪੧੪
ਜਮੀਲਾ ਬ੍ਰਿਜਭੂਸਨ – ੧੦੩
ਜਰਗ – ੨੦੨, ੨੦੩
ਜਰਮਨੀ – ੫੩੦
ਜਲਸਾ – ੧੨੯
ਜਲ੍ਹਣ ਜੱਟ – ੪੨੨, ੫੩੭
ਜਲ ਮਹੱਲ – ੫੦੮
ਜ਼ਲਮ ਗੜ੍ਹ – ੫੧੮
ਜਲਾਲ ਖ਼ਾਨ – ੫੦੭
ਜਲਾਲ ਦੀਨ – ੪੯੮
ਜਲਾਲ ਦੀਨ ਖ਼ੁਆਰ ਜ਼ਿਮੀ – ੨੭
ਜਲਾਲ ਦੀਨ ਫ਼ਿਰੋਜ਼ – ੪੮੭, ੫੦੭
ਜਲ੍ਹਿਆਂ ਵਾਲਾ ਬਾਗ਼ – ੩੩, ੪੮੩, ੫੦੧, ੫੨੫, ੫੩੯,
ਜਲੰਧਰ – ੪, ੨੭, ੯੮, ੪੮੫, ੪੮੭, ੪੯੫, ੪੯੮, ੫੦੬, ੫੧੯, ੫੨੬, ੫੨੭, ੫੨੮, ੫੩੦, ੫੩੩,
ਜਵਾਹਰ ਲਾਲ ਨਹਿਰੂ – ੫੩੮, ੫੪੦
ਜਵਾਲਾ ਮੁਖੀ – ੧੬੭, ੫੦੨
ਜਾਹ ਦਾਨ – ੩੭
ਜਾਖਲ – ੧੩
ਜ਼ਾਬਤਾ ਖ਼ਾਨ – ੪੮੪

ਜਾਮਾ ਮਸਜਿਦ – ੫੧੪
ਜ਼ਿਆਉਦੀਨ ਬਰਨੀ – ੪੮੭, ੪੯੮
ਜਿਹਲਮ – ੪੩੨, ੫੦੦
ਜੀਂਦ – ੩੮, ੧੬੧
ਜੀ. ਬੀ. ਸਿੰਘ – ੩੯੩, ੪੫੨
ਜ਼ੀਰਕ ਖ਼ਾਨ – ੫੨੩
ਜੇ. ਸੀ. ਲੋਰੀ – ੫੨੮
ਜੇਠਾ – ੩੮੭
ਜੈਸਲਮੇਰ – ੩੮੪
ਜੈ ਸਾਗਰ – ੪੯੩
ਜੈ ਸਿੰਘ ਰਾਜਾ – ੪੯੩, ੫੦੮
ਜੈ ਚੰਦਰ – ੫੧੯
ਜੈਂਤੀ ਦੇਵੀ – ੫੧੬
ਜੈਤੋਂ – ੩੩, ੪੮੩, ੫੩੯
ਜੈਦੇਵ – ੫੮, ੭੮
ਜੈਨ ਖ਼ਾਨ – ੪੮੬
ਜੈ ਪਾਲ – ੨੬, ੪੧੩, ੪੮੬, ੫੨੦, ੫੨੪, ੫੩੫
ਜੈ ਪੁਰ – ੫੦੮, ੫੨੨
ਜੈ ਰਾਮ – ੪੯੧
ਜੋਗ ਸਿੰਘ – ੪੩੫
ਜੋਗਿੰਦਰ ਨਗਰ – ੪੯੫
ਜੋਤੀ ਸਰ – ੫੩੨
ਜੋਧ ਸਿੰਘ ਪ੍ਰਿੰਸੀਪਲ – ੪੫੨
ਜੌਨ ਨਿਊਟਨ ਪਾਦਰੀ – ੩੯੨, ੫੨੮
ਜੌਰਜ ਟਾਮਸ – ੫, ੬, ੪੯੨, ੫੨੭
ਜੰਡ ਪਰਾਗਾ – ੧੫੨
ਜੰਡ ਪਲੰਗ – ੧੫੨
ਜੰਡ ਮੜੰਗ – ੧੫੨
ਜੰਮੂ – ੨੮, ੩੭, ੪੪੦

## ਝ

ਝੱਖ ਪੁਰ – ੫੧੯
ਝਜਰ – ੫੨੨, ੫੨੭
ਝਬਾਲ – ੧੬੯
ਝੰਗ – ੮, ੧੦੬
ਝੁਜਨੇ – ੨੪੬
ਝੰਮਰ – ੧੨੨, ੧੨੩, ੧੨੫, ੧੨੮

## ਟ

ਟੱਕੀ – ੪੧੨
ਟਾਹਣ ਜਾਂ ਗੀਟੇ – ੧੫੩
ਟਾਕਰੀ – ੩੯੩
ਟਿਪਰੀ – ੧੨੮
ਟਿਬੀ ਸਾਹਿਬ – ੫੨੪
ਟੀਹਰੀ ਗੜ੍ਹਵਾਲ – ੧੨, ੬੧
ਟੀਰਾ ਸੁਜਾਨਪੁਰ – ੬੧, ੬੨, ੭੨, ੭੪, ੭੫
ਟੈਕਸਲਾ – ੯੬, ੧੦੩, ੫੩੦, ੫੩੨
ਟੋਹਾਣਾ – ੧੧, ੧੩
ਟੋਡਰਮਲ – ੫੩੫ – ੫੩੬

## ਠ

ਠਾਕਣੀ – ੧੬੧
ਠਾਕਰ – ੪੩੨
ਠਾਕਰ ਸਿੰਘ – ੯੩
ਠੇਰੀ – ੫੨੪
ਠੰਢਾਰ ਤੀਰਥ – ੪੯੬

## ਡ

ਡਗਲਸ ਫੋਰਸਾਇਥ – ੩੩
ਡਮਟਾਲ – ੭੧
ਡਲਹੌਜ਼ੀ – ੪੧੨
ਡਲੇ ਵਾਲੀ ਮਿਸਲ – ੫੧੭
ਡਾਇਰ ਜਨਰਲ – ੩੩, ੫੨੫, ੫੩੯
ਡਾਰਲਿੰਗ – ੯੭
ਡੇਰਾ ਗਾਜ਼ੀਖ਼ਾਨ – ੩
ਡੰਡਾ ਛੁੱਕ – ੧੫੨
ਡੰਡਿਆ ਰਾਸ – ੧੨੮

## ਢ

ਢੁਬੇ – ੯੭
ਢੋਲ – ੧੨੫

## ਤ

ਤਕਸ਼ – ੨੦
ਤਕਸ਼ਸਿਲਾ – ੨੧, ੨੨,
ਤਖ਼ਤ ਸਿੰਘ – ੪੬੬
ਤਖ਼ਤ ਹਜ਼ਾਰਾ – ੪੨੩
ਤਜਕਰਾ ਤੁਲਵਾਕਿਆਤ – ੯
ਤਜ਼ਕੀਅਤੁਲ ਆਮਸਰ – ੪੮੭
ਤਪਿਆਣਾ ਸਾਹਿਬ – ੪੯੬
ਤਬਾਕਾਤਿ ਨਾਸਿਰੀ – ੫੧੫
ਤਰਕਮਾਨ – ੫੦੬, ੫੦੮
ਤਰਨ ਤਾਰਨ – ੧੯੬, ੧੯੭, ੪੯੬, ੫੦੨
ਤਲਵੰਡੀ ਰਾਇ ਭੋਇ – ੫੦੫
ਤਾਜ਼ਲ ਮੁਆਸਿਰ – ੪੯੮
ਤਾਰਾ ਸਿੰਘ – ੪੬੫, ੪੭੮, ੫੦੨
ਤਾਰਾ ਸਿੰਘ ਮਾਸਟਰ – ੪੪੮
ਤਾਰਾ ਸਿੰਘ ਵਿਰਕ – ੪੬੭
ਤਾਰਾ ਚੰਦ – ੪੯੩
ਤਾਰੀਖੇ ਸੁਲਤਾਨ ਬਾਹੂ – ੪੨੨
ਤਾਰੀਖੇ ਦਾਊਦੀ – ੪੧੭
ਤਾਰੀਖ਼ੇ ਫ਼ੀਰੋਜ਼ ਸ਼ਾਹੀ – ੪੮੭
ਤਿਹਾੜੇ – ੪੮੫
ਤਿੱਬਤ – ੯੦, ੧੨੯
ਤਿਮਾਰ ਖ਼ਾਨ – ੪੮੭, ੪੯੦
ਤਿਰਲੋਕ ਨਾਥ – ੧੬੭, ੧੮੨
ਤਿਰਲੋਚਨ ਪਾਲ – ੨੬
ਤ੍ਰਿਗਰਤ – ੨੧, ੫੧੯, ੫੩੩
ਤ੍ਰਿੰਜਣ – ੪੯, ੨੧੯, ੨੨੦, ੨੨੩
ਤਿਲਪਤਰਾ – ੩੮
ਤੀਆਂ – ੨੦੫, ੨੦੬
ਤੁਹਫ਼ਾਇ ਫ਼ਜ਼ਲ – ੪੩੨
ਤੁਜ਼ਕੇ ਬਾਬਰੀ – ੫੦੦
ਤੁਮਾਰਾਂ – ੫੧੦
ਤੁਰਕ – ੩੫੭
ਤੁਰਾਣ – ੫੨੩
ਤੁਲਸੀ ਦਾਸ – ੫੯
ਤੁਲਾ ਰਾਮ – ੭੧
ਤੇਗ਼ ਬਹਾਦਰ ਗੁਰੂ – ੨੯, ੩੦, ੮੦, ੪੭੨, ੫੧੦, ੫੧੨, ੫੧੩, ੫੩੭
ਤੇਜਾ ਸਿੰਘ ਸਾਬਰ – ੪੪੫
ਤੇਜਾ ਸਿੰਘ ਪ੍ਰਿੰਸੀਪਲ – ੪੪੩, ੪੫੧
ਤੇਰਾ ਸਿੰਘ ਚੰਨ – ੪੬੭
ਤੈਮੂਰ – ੨੮, ੪੮੪, ੪੯੦, ੪੯੨, ੪੯੫
ਤੈਮੂਰ ਸ਼ਾਹ – ੫੨੫
ਤੋਸ਼ਮ – ੫੩੩
ਤੋਰਮਾਨ – ੨੪
ਤੰਬੂ ਸਾਹਿਬ – ੫੦੬, ੫੨੪

## ਥ

ਥੜ੍ਹਾ ਸਾਹਿਬ – ੪੯੬
ਥਾਨੇਸਰ – ੫, ੧੩, ੨੫, ੨੭, ੪੮੫, ੫੦੩, ੫੦੪, ੫੦੫, ੫੨੦, ੫੩੦, ੫੩੩
ਥੋਟਸਬੀ – ੪੮੪

## ਦ

ਦਸਤੂਰ ਅਲ ਉਮਲ – ੪੨੪
ਦਸਮ ਗ੍ਰੰਥ – ੬੯
ਦਸਯੂ – ੨੦
ਦਸੂਹਾ – ੪੩੪
ਦਹੀਂ ਹਾਂਡੀ – ੧੧੫
ਦਹੀਂ ਕਲਾ – ੧੧੫
ਦਕਸ਼ – ੫੦੪
ਦਜਲਾ ਫ਼ਰਾਤ – ੫੩੦
ਦਮਦਮਾ – ੧੯੭, ੨੦੫
ਦਮੋਦਰ – ੩੪੫, ੪੨੩, ੪੨੫, ੪੨੬
ਦਰਿਅੰਰ – ੫੦੪
ਦਯਾ ਸਿੰਘ ਆਰਫ਼ – ੪੩੪
ਦਯਾ ਨੰਦ – ੪੩੦
ਦਰਸ਼ਨ ਸਿੰਘ ਆਵਾਰਾ – ੪੪੫, ੪੫੭
ਦਰਗਾਹ ਸ਼ੇਖ ਮੀਰਾਨ – ੫੦੮
ਦਰਬਾਰ ਸਾਹਿਬ – ੫੪੦
ਦਰ੍ਹਾ ਖ਼ੈਬਰ – ੪੧੨
ਦਲੀਪ – ੫੦੪, ੫੩੧
ਦੂੰਪਾਣਹੂਦਾ – ੪੯੪
ਦਾਤਾ ਗੰਜ ਬਖ਼ਸ਼ – ੪੧੯, ੫੩੪, ੫੩੭
ਦਾਦਰੀ – ੫੨੧
ਦਾਮਨ – ੪੪੪
ਦਾਰਾ ਸ਼ਿਕੋਹ – ੨੮, ੩੦, ੪੯੧

ਦਾਰਾ ਸਿੰਘ – ੧੪੦
ਦਿਆਲਾ ਭਾਈ – ੫੩੫
ਦ੍ਰਿਸ਼ਵਤੀ – ੪੧੩
ਦਿਤ ਸਿੰਘ – ੪੩੧, ੪੩੬
ਦਿੱਲੀ – ੬, ੨੫, ੨੬, ੨੭, ੨੯, ੩੬, ੮੪, ੯੨, ੯੪, ੪੧੨, ੪੧੩, ੪੧੫, ੪੨੫, ੪੮੪, ੪੮੫, ੪੮੭, ੪੯੧, ੪੯੨, ੪੯੪, ੪੯੬, ੪੯੮, ੪੯੯, ੫੦੧, ੫੦੬, ੫੦੭, ੫੧੦, ੫੧੧, ੫੧੩, ੫੨੦, ੫੨੧, ੫੨੨, ੫੨੫, ੫੨੮, ੫੩੫,
ਦਿਲੀ ਸ਼ਵਰ – ੫੩੭
ਦਿੱਲੀ ਦਰਵਾਜ਼ਾ – ੫੨੪
ਦਿਵਾਲੀ – ੨੦੯
ਦ੍ਰਿੜ੍ਹਬਲ – ੫੩੩
ਦੀਪ ਸਿੰਘ ਬਾਬਾ – ੫੩੭
ਦੀਵਾਨ ਸਿੰਘ – ੪੫੨, ੪੫੭
ਦੀਵਾਨ ਸਿੰਘ ਕਾਲੇ ਪਾਣੀ – ੪੪੧
ਦੀਵਾਨ ਚੰਦ ਮਿਸਰ – ੫੩੭
ਦੁਆਬਾ – ੫੨੬
ਦੁਸਹਿਰਾ – ੨੦੭, ੨੦੮
ਦੁਸ਼ਿਅੰਤ – ੫, ੨੦
ਦੁਖ ਨਿਵਾਰਨ – ੫੧੨
ਦੁ-ਬਆਇਨ – ੫੨੨
ਦੁਰਗਾ – ੫੦੯
ਦੁਰਗਿਆਣਾ ਮੰਦਰ – ੪੭੩
ਦੁਰਬਲ ਰਾਏ – ੫੧੩
ਦੁਰਜੋਧਨ – ੨੦
ਦੇਸਾ ਸਿੰਘ ਮਜੀਠੀਆ – ੪੯੫
ਦੇਸੂ ਸਿੰਘ ਭਾਈ – ੪੯੬
ਦੇਵ ਚੌਧਰੀ – ੪੮੨
ਦੇਵ ਨਾਗਰੀ – ੩੯੨
ਦੇਵ ਪਾਲ – ੪੮੭
ਦੇਵਾ ਧੰਮੀ – ੧੬੧
ਦੇਵਿੰਦਰ ਸਤਿਆਰਥੀ – ੧੨੦, ੪੪੪, ੪੫੦, ੪੫੧, ੪੬੦
ਦੇਵੀ ਦਾਸ – ੪੨੭
ਦੇਵੀ ਦਾਸ ਹਿੰਦੀ – ੪੪੪
ਦ੍ਰੋਪਦੋ – ੨੦
ਦ੍ਰੋਪਦੀ – ੨੦
ਦੌਲਤ ਖ਼ਾਨ ਲੋਧੀ – ੪੯੧
ਦੌਲਤ ਰਾਮ – ੪੩੧, ੪੩੫

## ਧ

ਧਨੀ ਰਾਮ ਚਾਤ੍ਰਿਕ – ੪੫੭, ੫੩੦
ਧਮਾਲ – ੧੨੩, ੧੨੮
ਧਰੂ ਦੇਵ ਚੰਦ – ੬੪, ੬੫
ਧਿਆਨ ਸਿੰਘ – ੮੪
ਧੁਲਹੰਡੀ – ੧੩੫
ਧੂਰੀ – ੪੮੦
ਧੌਂਕਲ ਸਿੰਘ – ੫੦੮
ਧੌਲੀ ਧਾਰ – ੬, ੭, ੬੪, ੧੩੨
ਧੰਨ ਰਾਜ – ੮੮
ਧੰਮਣ – ੧੬੪

## ਨ

ਨ. ਸ. ਵਿਓਲ – ੪੬੧, ੪੬੭, ੪੭੫
ਨਗਰ – ੪੯੪
ਨਗਰ ਕੋਟ – ੨੮, ੪੯੨, ੫੩੨
ਨਜਾਬਤ – ੪੨੬
ਨਜ਼ਾਮੀ – ੪੨੨
ਨਦੇੜ – ੩੦
ਨਦੌਣ – ੯, ੬੨, ੬੩, ੫੦੨
ਨਨਕਾਣਾ ਸਾਹਿਬ – ੩੩, ੧੯੭, ੫੦੫, ੫੦੬
ਨਮਬੋ ਕਿਸ਼ੋਰੀ ਸਿੰਘ ਲਾਹੌਰੀ – ੯੪
ਨਰ ਸਿੰਘ ਗੁਪਤ – ੨੫
ਨਰਦਕ – ੫
ਨਰ ਰਾਸ਼ਟਰ – ੫੦੬
ਨਰਾਇਣ ਸਿੰਘ – ੪੩੫, ੪੪੬
ਨਰਾਇਣ ਦਾਸ – ੫੦੫
ਨਰਿੰਜਨ ਸਿੰਘ ਗਿੱਲ – ੫੪੦
ਨਰਿੰਜਨ ਸਿੰਘ ਪ੍ਰਿੰਸੀਪਲ – ੪੪੮
ਨਰਿੰਦਰ ਸਿੰਘ ਮਹਾਰਾਜ – ੫੦੮, ੫੧੬
ਨਰਿੰਦਰਪਾਲ ਸਿੰਘ – ੪੪੯
ਨਰਿੰਦਰ ਮੰਡਲ – ੫੧੨
ਨਰੋਦ ਰਾਜਾ – ੪੮੯
ਨਵਤੇਜ ਸਿੰਘ – ੪੫੦
ਨਵਤੇਜ ਭਾਰਤੀ – ੪੬੮
ਨਾਸੁਰਦੀਨ – ੪੮੫, ੫੧੫, ੫੨੧
ਨਾਸੁਰਦੀਨ ਮਹਿਮੂਦ – ੪੮੫

ਨਾਹਨ – ੫੧੫, ੫੧੬
ਨਾਹਨ ਹੌਲ – ੫੦੬
ਨਾਗਰੀ – ੩੯੬, ੩੯੭
ਨਾਗਾਰਜੁਨ – ੫੩੩
ਨਾਟ ਸ਼ਾਸਤਰ – ੧੧੩, ੪੪੬
ਨਾਟੀ – ੧੩੧
ਨਾਦਰ ਸ਼ਾਹ – ੩੧, ੪੨੬, ੫੨੬, ੪੯੧
ਨਾਨਕ ਸਿੰਘ – ੪੪੮, ੪੪੯,
ਨਾਨਕ ਗੁਰੂ – ੪੫੬, ੪੮੧, ੪੮੯, ੪੯੦, ੪੯੧, ੫੦੨, ੫੧੦, ੫੧੬, ੫੩੭
ਨਾਭਾ – ੩੮, ੫੨੨
ਨਾਮ ਦੇਵ – ੬੦
ਨਾਮੂਰਅਲੀ – ੫੦੧
ਨਾਰਨੌਲ – ੫੦੬, ੫੦੭, ੫੦੮, ੫੦੯, ੫੨੨
ਨਾਰਮੰਡ – ੧੩੦
ਨਾਰਾ – ੧੧
ਨਾਲਾ ਗੜ੍ਹ – ੧੧, ੪੮੫
ਨਿਊਟਨ – ੫੨੮
ਨਿਊਯਾਰਕ – ੪੭੩
ਨਿਹਾਲ ਸਿੰਘ ਰਸ – ੪੪੬
ਨਿਹੰਗ ਖ਼ਾਨ – ੫੨੬
ਨਿਕਲਸਨ– ੪੧੭
ਨੀਲਕ – ੩੯
ਨੁਸਰਤ ਖ਼ਾਨ – ੫੨੦
ਨੂਰ ਜਹਾਂ – ੫੨੪, ੫੩੫
ਨੂਰਦੀਨ – ੫੦੨
ਨੂਰਪੁਰ – ੬੦, ੬੧, ੭੪, ੮੩, ੧੬੯
ਨੈਪੋਲੀਅਨ ਬੋਨਾਪਾਰਟ – ੫੨੭
ਨੈਣਾਂ ਦੇਵੀ – –੧੯੬, ੫੦੯
ਨੌਨ ਕਰਣ – ੫੦੯
ਨੌਨਿਹਾਲ ਸਿੰਘ – ੫੦੩
ਨੌਰੰਗ – ੪੫੦
ਨੰਗਲ – ੫੪੦
ਨੰਗਲ ਡੈਮ – ੪੭੨,੪੯੩
ਨੰਦ ਲਾਲ ਨੂਰਪੁਰੀ – ੪੪੫

## ਪ

ਪਸੀਆਂ ਵਾਲਾ – ੪੩੯
ਪਹੋਆ – ੫, ੨੬, ੧੮੮, ੧੮੯, ੫੦੯, ੫੧੦
ਪਗਵੰਡ – ੧੮੫
ਪਟਿਆਲਾ – ੩੮, ੯੮, ੧੦੫, ੧੬੨, ੪੮੪, ੪੮੫, ੪੯੯ ੫੦੦, ੫੦੨,੫੦੮, ੫੧੦, ੫੧੨
ਪਟਿਆਲਾ ਯੂਨੀਅਨ – ੪੯੦
ਪੱਟੀ ਸਾਹਿਬ – ੫੦੬
ਪਠਾਨ ਕੋਟ – ੯੮
ਪਤੰਜਲੀ – ੩੮੧, ੩੮੩
ਪਦਮਾਵਤ – ੫੯
ਪਰਭਾਕਰ ਵਰਧਨ – ੫੦੪
ਪਰਾਸ਼ਰ – ੯੨
ਪਰਾਸ਼ਰ ਸੰਹਿਤਾ – ੪੮੪
ਪਲਵਲ (ਗੁੜਗਾਉਂ) – ੧੬੭
ਪਾਉਂਟਾ – ੧੨
ਪਾਕ ਪਟਨ – ੨੬, ੪੧੫, ੪੨੫, ੪੯੭, ੪੯੮
ਪਾਕਿਸਤਾਨ – ੩, ੮, ੫੦੫, ੫੦੬
ਪਾਣਿਨੀ – ੯, ੨੧, ੩੮੧,
ਪਾਣੀਪਤ – ੨੮, ੪੮੫, ੫੦੭, ੫੧੧
ਪਾਂਡੂ (ਪਾਂਡੋ)– ੨੦, ੪੯ ੪੯੫
ਪਾਰਸ ਭਾਗ – ੪੨੭
ਪਾਲੀ – ੩੮੩
ਪਿਆਰਾ ਸਿੰਘ ਸਹਿਰਾਈ – ੪੪੪, ੪੬੨, ੪੭੪,
ਪਿਆਰਾ ਸਿੰਘ ਪਦਮ – ੪੨੭, ੪੨੮, ੪੫੨
ਪਿਆਰੇ ਸਾਹਿਬ – ੪੩੨, ੪੩੫
ਪਿਸ਼ਾਵਰ (ਪਿਸ਼ੌਰ) – ੨੩, ੨੪, ੩੭, ੩੮, ੪੧੨,
ਪਿਠੂ – ੧੫੧
ਪਿਪਲ ਯਾਤਰਾ – ੧੩੦
ਪ੍ਰਿਥਵੀ ਰਾਜ ਚੌਹਾਨ – ੨੭, ੪੮੫, ੫੦੦
ਪੀਪਾ – ੬੦
ਪੀਲ ਪਲਾਂਗਣ – ੧੫੦
ਪੀਲੂ – ੪੧੬, ੪੨੨, ੪੨੩, ੪੨੮
ਪੁਸ਼ਕਰ – ੨੦, ੨੩
ਪੁਸ਼ਕਰਾਵਤੀ – ੨੦, ੨੨
ਪੁਸ਼ਪ ਭਭੂਤੀ – ੫੦੪
ਪੁਸ਼ਪਾਤੀ – ੨੫
ਪੁਸ਼ਪਾ ਮਿੱਤ੍ਰ – ੨੫
ਪੂਗ – ੫੦੫
ਪੁਰੂ – ੨੨
ਪੂਰਨ ਸਿੰਘ – ੩੩੨, ੪੫੭
ਪੂਰਨ ਭਗਤ – ੩੦੬, ੩੧੮
ਪੈਸਾਚੀ – ੪੮੨

ਪੈਰਸ – ੨੨
ਪੰਜਨਦ – ੧੦
ਪੰਜਾ ਸਾਹਿਬ – ੧੯੭
ਪੰਜਾਬੀ ਗ੍ਰਾਮਰ – ੩੯੨
ਪੰਜਾਬੀ ਦਰਬਾਰ – ੪੩੮
ਪ੍ਰਕਾਸ਼ ਚੰਦ – ੬੧
ਪ੍ਰਭਜੋਤ ਕੌਰ – ੪੬੬
ਪ੍ਰਾਕ੍ਰਿਤ – ੩੮੧, ੩੮੨, ੩੮੩
ਪ੍ਰਾਣ ਨਾਥ ਮਾਗੋ – ੯੧
ਪ੍ਰਿਥੀ ਚੰਦ – ੩੭੦
ਪ੍ਰਿਥਵੀ ਸਿੰਘ – ੬੧
ਪ੍ਰੀਤਮ ਸਿੰਘ – ੪੨੭, ੪੫੨
ਪ੍ਰੀਤਮ ਸਿੰਘ ਸਫ਼ੀਰ – ੪੪੨, ੪੬੦, ੪੭੩
ਪ੍ਰੇਮ ਸਿੰਘ – ੪੫੨
ਪ੍ਰੇਮ ਸੁਮਾਰਗ – ੪੨੭
ਪ੍ਰੇਮ ਪ੍ਰਕਾਸ਼ ਸਿੰਘ – ੪੫੨

## ਫ

ਫ਼ਕੀਰ ਮੁਹੰਮਦ ਫ਼ਕੀਰ – ੪੫੨
ਫ਼ਜ਼ਲ ਸ਼ਾਹ – ੪੩੨
ਫ਼ਤਿਹ ਕੌਰ ਮਾਈ – ੫੧੮
ਫ਼ਤਿਹ ਬਾਦ – ੪੯੧, ੪੯੨
ਫ਼ਰਖਸੀਅਰ – ੩੧, ੫੨੪
ਫ਼ਰਦ ਫਕੀਰ – ੪੨੫
ਫ਼ਰਾਂਸੀਸੀ – ੫੧੬
ਫ਼ਰਿਸ਼ਤਾ – ੪੮੫
ਫ਼ਰੀਦ ਸ਼ਕਰਗੀਜ – ੫੩੪, ੫੩੭
ਫ਼ਰੀਦ ਕੋਟ – ੩੮
ਫ਼ਰੀਦੁ ਦੀਨ ਮੁਜ਼ੰਗੀ – ੪੩੨
ਫ਼ਲੋਰਾ ਐਨਸਟੀਲ – ੫੧
ਫ਼ਤੂਹਾ – ੧੨੮
ਫ਼ਾਹੀਆਨ – ੨੪
ਫਾਗ – ੧੩੫
ਫਾਜ਼ਲਕਾ – ੧੬੧
ਫ਼ਿਦਾਈ ਖ਼ਾਨ – ੫੧੫, ੫੧੬
ਫ਼ਿਲੌਰ – ੫੦੨
ਫ਼ੀਰੋਜ਼ ਸ਼ਾਹ – ੨੭, ੪੮੫
ਫ਼ੀਰੋਜ਼ ਸ਼ਾਹ ਸਰਹੰਦੀ – ੫੨੩
ਫ਼ੀਰੋਜ਼ ਸ਼ਾਹ ਤੁਗਲਕ – ੪੯੧, ੪੯੨, ੪੯੯
ਫ਼ੀਰੋਜ਼ਦੀਨ ਸ਼ਰਫ਼ – ੫੪੦
ਫ਼ੀਰੋਜ਼ਪੁਰ – ੪੦, ੯੮, ੧੬੬, ੧੭੪, ੪੮੪, ੪੯੧
ਫੁਲਕਾਰੀ – ੩੬, ੩੯
ਫੂਲਾ ਸਿੰਘ ਅਕਾਲੀ – ੫੩੭
ਫੋਗਲ ਡਾਕਟਰ – ੩੯੬, ੩੯੮
ਫੌਜਦਾਰ ਖਾਂ – ੪੯੨

## ਬ

ਬਸਤਾਲੀ – ੫੩੧
ਬਸੀ – ੫੧੭
ਬਸੀ ਪਠਾਨਾਂ – ੫੧੭
ਬਸੋਹਲੀ – ੮੩
ਬਸੰਤ-ਪੰਚਮੀ – ੨੧੨
ਬਹਾਦਰ ਸ਼ਾਹ – ੨੯, ੩੦, ੫੦੦, ੫੨੪
ਬਹਾਦਰ ਗੜ੍ਹ – ੫੧੨
ਬਹਾਵਲ ਪੁਰ – ੩, ੧੦, ੨੩, ੯੦, ੧੦੪, ੧੯੦
ਬਹਿਲ ਪ੍ਰੋਫ਼ੈਸਰ – ੪੪੬
ਬਹਿਲੋਲ – ੩੬੫, ੪੮੫, ੪੯੨
ਬਕਰੀਦ – ੨੧੨
ਬਜ ਬਜ ਘਾਟ – ੫੩੯
ਬਜਵਾੜੇ – ੫੩੬
ਬਠਿੰਡਾ (ਭਟਿੰਡਾ) – ੫, ੨੬, ੧੯੮, ੪੧੩, ੪੮੩, ੪੯੯, ੫੨੧, ੫੨੨ ।
ਬਦਖ਼ਸ਼ਾਂ – ੪੯੩
ਬਨਾਰਸ – ੫੯, ੪੨੨
ਬਨਾਰਸੀ ਦਾਸ – ੪੫੨
ਬਨੂੜ – ੫੧੬, ੫੧੭, ੫੧੮
ਬ੍ਰਹਮ – ੩੯੧
ਬ੍ਰਹਮਪੁਤਰ – ੨੫
ਬ੍ਰਹਮ ਰਿਸ਼ੀ – ੫੩੦
ਬ੍ਰਹਮਾਵਰਤ – ੫, ੧੩, ੧੪, ੫੩੦
ਬਰਕਤ ਰਾਮ – ੪੪੫
ਬਰਖੰਡੀ ਦੇਵੀ – ੫੧੬
ਬਰਜੇਸਵਰੀ – ੪੯੩
ਬਰਦਾ – ੪੬੫
ਬਰਨਾਲਾ – ੫੧੮
ਬਰਮਾ – ੪੯
ਬਲਖ – ੨੪, ੪੯੩,
ਬਲਬੀਰ ਸਿੰਘ – ੧੪੦

ਬਲਬੀਰ ਸਿੰਘ ਦਿਲ – ੪੫੨
ਬਲਰਾਮ – ੭੬
ਬਲਵੰਤ ਸਿੰਘ – ੪੪੬
ਬਲਵੰਤ ਸਿੰਘ ਚਤਰਥ – ੪੫੦
ਬਲਵੰਤ ਗਾਰਗੀ – ੪੪੭
ਬਲਵੰਤ ਬਾਵਾ – ੪੪੪, ੪੫੯
ਬਲੋਕ – ੬੧
ਬਲੋਚਿਸਤਾਨ – ੩
ਬਾਈਬਲ – ੪੨੯
ਬਾਂਕੇ ਦਿਆਲ – ੫੩੯
ਬਾਗ – ੩੬, ੩੭
ਬਾਂਗਰ – ੧੬
ਬਾਂਗੜ – ੫, ੯੭
ਬਾਛਲ – ੧੯੮
ਬਾਣ – ੧੨, ੨੫, ੩੮੧
ਬਾਣਗੰਗਾ – ੫੩੧
ਬਾਦਸ਼ਾਹੀ ਮਸੀਤ – ੫੨੫
ਬਾਂਦਰ ਪੂਛ – ੧੨
ਬਾਬਰ – ੨੮, ੬੦, ੪੧੬, ੪੮੫, ੫੦੦, ੫੧੪, ੫੧੭, ੫੨੬, ੫੩੫
ਬਾਬਲ -- ੨੨
ਬਾਬਾ ਲਾਲ – ੫੩੭
ਬਾਜਜ਼ੀਦ -- ੪੮੧
ਬਾਰਾਂ ਟਾਹਣ – ੧੫੫
ਬਾਰਾਂ ਬੀਟੀ – ੧੫੫
ਬਾਲ ਗੰਗਾ ਧਰ ਤਿਲਕ – ੫੨੯
ਬਾਲਾ ਸੁੰਦਰੀ – ੫੧੬
ਬਿਠੂਹਲਕਰ ਡਾਕਟਰ -- ੩੯੬
ਬਿਆਸਾ -- ੪੮੭, ੪੯੬
ਬਿਸ਼ਨ ਸਿੰਘ ਉਪਾਸ਼ਕ – ੪੪੫
ਬਿਹਾਰ -- ੨੫੨, ੫੧੪
ਬਿਹਾਰੀ ਲਾਲ -- ੫੯
ਬਿਹਾਰੀ ਲਾਲ ਪੁਰੀ – ੪੩੬
ਬਿਕਰਮਾ ਸਿੰਘ -- ੬੧, ੪੯੫
ਬਿਕਰਮਾ ਦਿੱਤ – ੫੧੭
ਬਿਪਨ ਚੰਦਰ ਪਾਲ – ੫੩੯
ਬਿਲ ਬਚਿਆਂ ਦੀਆਂ – ੪੭, ੪੮,
ਬਿਲਾਸਪੁਰ – ੧੦
ਬੀਕਾਨੇਰ – ੫, ੧੮੪, ੨੦੧, ੫੨੧
ਬੀਰ ਸਿੰਘ – ੬੧
ਬੀਰਬਲ – ੫੩੬
ਬੁਗਰਾ ਖ਼ਾਨ -- ੪੮੭
ਬੁਢਣ ਸ਼ਾਹ -- ੪੯੪
ਬੁਢਾ ਸਿੰਘ ਭਾਈ -- ੪੮੬
ਬੁਧ -- ੩੮੨
ਬੁਧ ਸਿੰਘ – ੪੩੮, ੪੪੬, ੪੫੨, ੫੦੨
ਬੁਧੂ ਸ਼ਾਹ ਪੀਰ – ੩੭੩
ਬੁਰਕਾਨ – ੫੧੬
ਬੁਲ੍ਹੇ ਸ਼ਾਹ – ੩੩੨, ੩੪੫, ੩੪੬, ੩੬੬, ੩੭੫, ੪੨੪, ੫੩੭
ਬੁਲੰਦ ਖ਼ਾਨ -- ੫੦੧
ਬੂ ਅਲੀ ਸ਼ਾਹ ਕਲੰਦਰ -- ੫੪੦
ਬੇਰ ਸਾਹਿਬ -- ੪੮੯
ਬੈਜ-ਨਾਥ – ੫੧੯
ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਦਾ -- ੩੯੦
ਬੰਸੀ ਧਰ – ੫੯
ਬੰਗਲਾ -- ੩੮੦
ਬੰਗਾਲ -- ੫੨, ੫੩੯, ੫੩੭
ਬੰਦਰਾਲ – ੪੪੧
ਬੰਦਾ ਸਿੰਘ ਬਹਾਦਰ – ੩੧, ੪੮੨, ੪੮੬, ੪੯੯, ੫੦੦, ੫੧੭, ੫੧੮, ੫੨੪, ੫੩੭
ਬੰਨੂੜ – ੫੦੦
ਬੰਨੋ ਡੀਂਗਣ – ੫੧੭
ਬੰਨੋ ਬਨੋਈ – ੪੯੦
ਬੰਬਈ – ੯੪, ੧੨੮
ਬਿੰਨੂੰ – ੫੧੯
ਬਿੰਦਰਾਬਨ – ੭੬, ੪੮੫
ਬਿੰਦੂਸਾਰ – ੨੨
ਬਿਲਾਸਪੁਰ – ੪੯੩

## ਭ

ਭਗਤ ਸਿੰਘ – ੫੪੦
ਭਗਤ ਰਤਨਾਵਲੀ – ੪੨੭
ਭਗਵਾਨ ਸਿੰਘ – ੪੩੧, ੪੩੩
ਭੋਜ – ੨੫
ਭੈਣੀ – ੩੩
ਭੱਟੀ – ੪੫੩
ਭੰਗੜਾ – ੧੧੬, ੧੨੧, ੧੨੨, ੧੩੭, ੨੦੫
ਭੰਗਾ ਸਿੰਘ – ੫੦੫

ਭਗੀਰਥ – ੬੭
ਭਟਨੇਰ – ੧੩, ੧੪, ੪੮੪, ੪੯੨, ੫੨੧
ਭਟਿਆਣਾ – ੪, ੫, ੬, ੧੬, ੧੯, ੨੨, ੨੫
ਭਦਾਵੜੀਆ – ੫੬੨
ਭਦੌੜ – ੨੦੧
ਭਬੇਸ ਸਨਿਆਨ – ੯੨
ਭਰਤ – ੨੦, ੭੪, ੫੩੯
ਭਰਤਮੁਨੀ – ੪੪੬
ਭਵਾਨੀ ਗੜ੍ਹ – ੫੨੩
ਭਾਖੜਾ – ੫੪੦
ਭਾਨੀ ਬੀਬੀ – ੪੯੭
ਭਾਰਤ ਨਾਟਿਆਂ – ੧੧੩, ੧੧੪
ਭਾਰਤੀ ਨਾਥ – ੫੩੬
ਭਿੰਬਰ – ੨੮
ਭੀਸ਼ਮ – ੪੯੪
ਭੀਸ਼ਮ ਪਿਤਾਮਾ – ੫੩੧
ਭੀਮਾ ਦੇਵੀ – ੫੧੫
ਭੁਆਣੇ – ੫੧੬
ਭੁਨਰਹੇੜੀ – ੪੯੮
ਭੂਪ ਸਿੰਘ – ੬੧
ਭੁਪਿੰਦਰ ਸਿੰਘ ਮਹਾਰਾਜਾ – ੫੧੨, ੫੧੬,

## ਮ

ਮਈਆ ਸਿੰਘ – ੪੩੧
ਮਸਊਦ – ੪੧੪
ਮਹਾਂ ਸਿੰਘ – ੪੨੬, ੫੧੬, ੫੨੪
ਮਹਾਂਦੇਵ – ੫੦੯
ਮਹਾਂਭਾਰਤ – ੪, ੫, ੧੩, ੩੮, ੫੨, ੬੨, ੧੩੨, ੧੯੪, ੩੮੩, ੩੮੪, ੪੮੪, ੫੦੩, ੫੦੬, ੫੧੩
ਮਹਾਂ ਰਾਸ – ੧੧੫
ਮਹਾਂਰਾਸ਼ਟਰੀ – ੨, ੩੮੨
ਮਹਿਤਾ – ੫੧੮
ਮਹਿਤਾਬ ਸਿੰਘ ਸ਼ੇਰਵਾਲੀਏ – ੪੨੯
ਮਹਿਮਾ ਪ੍ਰਕਾਸ਼ – ੩੯੫
ਮਹਿਰਵਾਨ ਜੀ ਦੀ ਪੋਥੀ – ੪੦੮
ਮਹਿੰਦਰ ਸਿੰਘ ਸਰਨਾ – ੪੫੦
ਮਹਿੰਦਰ ਸਿੰਘ ਮਹਾਰਾਜ – ੫੧੧
ਮਹਿੰਦਰ ਸਿੰਘ ਰੰਧਾਵਾ – ੧੦੭, ੧੩੨
ਮਹਿੰਦਰ ਗੜ੍ਹ – ੧੭੫, ੫੦੬, ੫੨੧, ੫੨੨
ਮਹਿਮੂਦ – ੨੬, ੨੭, ੪੮੫, ੫੧੪. ੫੨੦, ੫੩੪
ਮਹਿਮੂਦ ਸ਼ਾਹ – ੫੦੭
ਮਹਿਮੂਦ ਸੁਲਤਾਨ – ੪੯੦
ਮਹਿਮੂਦ ਖ਼ਾਨ ਮਲਕ – ੫੨੧
ਮਹਿਮੂਦ ਗਜ਼ਨਵੀ – ੪੧੩, ੪੯੨, ੫੭੪, ੫੩੪
ਮਹੇਂਦਰ ਪਾਲ – ੫੧੦
ਮਹਿਰ ਕੁਲ – ੨੪, ੨੫
ਮਕਬਰਾ ਜਹਾਂਗੀਰ – ੫੨੫
ਮਕਬਰਾ ਨੂਰਜਹਾਂ – ੫੨੫
ਮਟਕ – ੪੨੯
ਮਤਵਲੀ ਬਸੀ – ੫੧੭
ਮਤੀ ਦਾਸ – ੫੩੫
ਮਥਰਾ – ੨੩
ਮਦਰ – ੨੩
ਮਦਰ ਜਨਪਦ – ੨੧
ਮਦਰ ਦੇਸ – ੨੧
ਮਧ ਏਸ਼ੀਆ, – ੧੯, ੩੭
ਮਧੁਕਰ ਸ਼ਾਹ – ੫੯
ਮਨਸਾ ਦੇਵੀ (ਪਿੰਗਲ) – ੧੯੭, ੫੧੬
ਮਨਸੂਰ – ੪੧੮
ਮਨਸੂਰ ਅਲੀ ਖ਼ਾਨ – ੫੨੨
ਮਨਸੂਰ ਪੁਰ – ੪੯੦, ੪੯੯, ੫੨੨- ੫੨੩
ਮਨਿੰਦਰ– ੨੨
ਮਨੀ ਸਿੰਘ (ਭਾਈ) – ੪੨੭, ੪੩੫, ੪੮੨, ੫੩੭
ਮਨੀ ਮਹੇਸ਼ – ੧੬੭, ੧੮੨
ਮਨੀ ਮਾਜਰਾ – ੫੧੫, ੫੧੬
ਮੰਗੋਲੀਆ – ੯੦
ਮੰਨੂ – ੨੧, ੨੦੬
ਮੰਨੂ ਸਿਮ੍ਰਤੀ – ੨੩੬
ਮਰਦਾਨਾ – ੪੪੨, ੫੧੬
ਮਰਾਠਿਆਂ – ੫੧੪
ਮਰਾਠੀ – ੩੮੦
ਮਲਕ ਹਾਂਸ – ੪੨੫
ਮਲਕ ਮੁਹੰਮਦ ਜਾਇਸ਼ੀ – ੫੯
ਮਲਕ ਲਖਣਾ – ੫੧੫
ਮਲਾਣਾ – ੧੯੫
ਮਲਿਕ ਸੁਲੇਮਾਨ – ੫੧੭, ੫੧੮
ਮਲਿਕ ਸ਼ੇਰਖ਼ਾਨ – ੫੨੦
ਮਲੇਰ ਕੋਟਲਾ – ੩੩
ਮਲੋਈ – ੨੨
ਮਲੌਂਦ – ੩੩

ਮਾਖੋਵਾਲ – ੪੭੨
ਮਾਗਧੀ – ੩੮੨
ਮਾਘੀ – ੨੧੧, ੨੧੨
ਮਾਛੀ ਕੇ – ੪੨੮
ਮਾਝਾ – ੧੫੯
ਮਾਧਵ ਨਲ – ੫੧੭
ਮਾਧੂ ਪੁਰ – ੮
ਮਾਨਸਰੋਵਰ – ੧੦
ਮਾਨ ਸਿੰਘ – ੬੧
ਮਾਨ ਧਾਤਾ – ੪੯੩
ਮਾਰਕੰਡਾ – ੮, ੧੩, ੧੪, ੧੫
ਮਾਰਵਾਣੀ – ੧੨੫
ਮਾਲ ਜੀ ਸਾਹਿਬ – ੫੦੬
ਮਾਲਵਾ – ੪, ੨੬
ਮਿਸ਼ਨ ਪ੍ਰੈੱਸ – ੫੨੮
ਮਿਸਰ – ੧੦੩, ੩੫੨, ੪੧੭
ਮਿਸਿਜ਼ ਕਿਟੀ ਸ਼ਿਵਾਰਾਓ – ੫੭
ਮਿੰਟਗੁਮਰੀ – ੩, ੪, ੮, ੧੨੨, ੧੮੯
ਮਿੱਠਾ ਬੋਹੀਆ – ੧੬੧
ਮਿਰਜ਼ਾ ਸਾਹਿਬਾਂ – ੬੦, ੭੦, ੧੧੪, ੧੩੭, ੨੯੧, ੩੦੫
ਮਿਰਜ਼ਾ ਯਾਰ ਬੇਗ – ੪੮੭
ਮਿਲਖਾ ਸਿੰਘ – ੧੪੦
ਮੀਆਂ ਮੀਰ – ੩੫੦, ੫੩੭
ਮੀਰ ਹੋਤਾ – ੫੨੬
ਮੀਰ ਮੰਨੂ – ੪੮੨, ੪੯੧, ੫੨੫
ਮੀਰਾ ਬਖਸ਼ ਮਿਨਹਾਸ – ੪੪੮
ਮੁਅੱਜ਼ਮ ਖ਼ਾਨ – ੫੨੧
ਮੁਹੱਬਤ ਖ਼ਾਂ – ੪੯੨
ਮੁਹੱਬਤ ਖ਼ਾਨ – ੫੦੮, ੫੩੫
ਮੁਹੰਮਦ – ੧੫੧, ੪੧੭, ੪੧੮
ਮੁਹੰਮਦ ਅਫ਼ਜ਼ਲ – ੪੫੨
ਮੁਹੰਮਦ ਅਮੀਨ – ੪੯੨
ਮੁਹੰਮਦ ਸ਼ਾਹ ਅਦਲੀ – ੫੧੪, ੫੨੦
ਮੁਹੰਮਦ ਸ਼ਾਹ ਸੱਯਦ – ੪੯੯
ਮੁਹੰਮਦ ਸ਼ਾਹ ਰੰਗੀਲਾ – ੫੦੮
ਮੁਹੰਮਦ ਸਾਲਹਿ ਖੋਖਰ – ੫੧੦, ੫੧੧
ਮੁਹੰਮਦ ਹਕੀਮ – ੫੧੩
ਮੁਹੰਮਦ ਹੁਸੈਨ ਆਜ਼ਾਦ – ੪੩੨
ਮੁਹੰਮਦ ਗੌਰੀ – ੨੭, ੪੮੫, ੪੮੭, ੪੯੦, ੪੯੮, ੫੦੦, ੫੨੦, ੫੩੪
ਮੁਹੰਮਦ ਤੁਗ਼ਲਕ – ੪੯੨, ੪੯੮
ਮੁਹੰਮਦ ਬਖ਼ਸ਼ ਮੀਆਂ – ੪੨੯
ਮੁਹੰਮਦ ਬਿਨ ਕਾਸਮ – ੨੬, ੫੧੩
ਮੁਹੰਮਦ ਬੂਟਾ – ੪੩੨
ਮੁਹੰਮਦ ਪੀਰ – ੪੨੬
ਮੁਹੰਮਦ ਲਤੀਫ਼ – ੧੦੪
ਮੁਕਤਸਰ – ੧੯੬, ੧੯੭, ੫੨੩, ੫੨੪
ਮੁਕਬਲ – ੪੧੬, ੪੨੩, ੪੨੫, ੪੨੬, ੪੨੮
ਮੁਕੰਮ ਦਾਸ – ੫੦੮
ਮੁਖਲਸ ਗੜ੍ਹ – ੩੧
ਮੁਜ਼ਫਰ ਗੜ੍ਹ – ੮
ਮੁਬਾਰਕ ਸ਼ਾਹ – ੪੮੫, ੪੯੯, ੫੦੭
ਮੁਰਤਜ਼ਾ ਖ਼ਾਨ ਭੜ੍ਹਾਇਚ – ੫੦੮
ਮੁਲਤਾਨ –੪, ੮, ੨੨, ੨੫, ੨੬,੨੮, ੩੨, ੧੭੨, ੨੫੨, ੪੧੩, ੪੧੫, ੪੮੭, ੫੨੦, ੫੨੧
ਮੁਲਾਂ ਅਹਿਮਦ – ੫੦੫
ਮੂਲ ਚੰਦ – ੪੯੦
ਮੈਕਾਲਿਫ – ੪੨੩
ਮੋਹਨ ਸਿੰਘ – ੪੩੭, ੪੩੮, ੪੩੯, ੪੪੨, ੪੪੬, ੪੪੮, ੪੫੧, ੪੭੦
ਮੋਹਨ ਸਿੰਘ ਜਰਨੈਲ – ੫੪੦
ਮੋਹਨ ਸਿੰਘ ਡਾਕਟਰ – ੩੮੦ ੪੧੩, ੪੧੪, ੪੧੫, ੪੨੩, ੪੨੪, ੫੩੬
ਮੋਹਨ ਸਿੰਘ ਦੀਵਾਨਾ – ੪੪੧, ੪੫੦, ੪੫੨
ਮੋਹਨ ਸਿੰਘ ਵੈਦ – ੪੫੧
ਮੋਹਨੀ ਆਤਮਾ – ੧੧੫
ਮੋਹਿੰਜੋਦੜੋ – ੧੦੩
ਮੋਗਾ – ੨੩੦
ਮੌਲਾ ਬਖਸ਼ ਕੁਸ਼ਤਾ – ੪੩੮, ੪੪੧, ੪੫੨
ਮੰਡੀ – ੫੦੧
ਮੰਦਰ ਸੱਯਦ ਮੁਹੰਮਦ – ੪੯੩

## ਯ

ਯਸ਼ੋਧਰਮਨ – ੨੫
ਯਜੁਰ ਵੇਦ – ੨੧
ਯਰਗਮਾਲ – ੫੦੮
ਯਾਸਕ – ੧੦
ਯਾਗਵਲਖ – ੫੩੧
ਯਾਦਵਿੰਦਰ ਸਿੰਘ – ੫੧੨
ਯੁਧਿਸ਼ਟਰ – ੨੦, ੪੯੫

ਯੂਸਫ਼ ਖ਼ਾਨ – ੫੨੬
ਯੂਨਾਨ – ੪੨੪
ਯੂਨਾਨੀਆਂ – ੫੧੪
ਯੌਧਾਇ – ੨੨,

## ਰ

ਰਸਾਲੂ – ੩੧੯, ੩੨੯
ਰਸਿਕ ਪ੍ਰਿਯਾ – ੫੯, ੬੬
ਰਸ਼ੀਦ ਖ਼ਾਨ ਬਿਨ ਸਈਦ ਖ਼ਾਨ ਕਾਨੂੜ – ੫੦੮
ਰਸੂਲ ਪੁਰ – ੫੧੨
ਰਘੁਵੀਰ ਡਾਕਟਰ – ੪੦੯
ਰਘੂ ਨਾਥ – ੧੨੯, ੧੩੦
ਰਘੂ ਬੰਸ – ੫੧੬
ਰਜ਼ੀਆ ਅਲਤੂਨੀਆ – ੫੨੧
ਰਜ਼ੀਆ ਬੇਗਮ – ੫੨੦, ੫੨੨
ਰਣਜੀਤ ਸਿੰਘ ਮਹਾਰਾਜਾ – ੩੨, ੬੦, ੮੦, ੮੨, ੮੪, ੮੬, ੩੪੫, ੩੪੬, ੪੨੬, ੪੨੭, ੪੨੮, ੪੨੯ ੪੩੩, ੪੩੫, ੪੪੧, ੪੮੩, ੪੮੯, ੪੯੩, ੫੦੨, ੫੦੩, ੫੧੧, ੫੨੩, ੫੨੫, ੫੨੭, ੫੩੭, ੫੩੮
ਰਣਜੀਤ ਦੇਵ – ੪੮੯
ਰਣਜੋਧ ਸਿੰਘ ਮਜੀਠੀਆ – ੫੨੮
ਰਣਧੀਰ ਸਿੰਘ ਭਾਈ – ੩੯੦, ੪੪੪, ੪੫੧
ਰਤਨ ਸੈਨ – ੫੧੫
ਰਬ ਦੀ ਖੁਤੀ – ੧੫੦
ਰਵਿਦਾਸ – ੪੦੦
ਰਵਿੰਦਰ ਨਾਥ – ੫੩੦
ਰਾਇ ਇਲਿਅਸ – ੫੨੭
ਰਾਇ ਪੁਰ – ੫੦੫
ਰਾਜਸਥਾਨ – ੧੨੮
ਰਾਜ ਸਿੰਘ – ੬੧
ਰਾਜ ਗੜ੍ਹ – ੫੧੧
ਰਾਜ ਗੁਰੂ - ੫੪੦
ਰਾਜਪੁਰਾ – ੪੯੮, ੪੯੯, ੫੧੩, ੫੧੬, ੫੧੭, ੫੧੮, ੫੧੯, ੫੨੨
ਰਾਜਪੂਤਾਂ – ੫੦੬, ੫੧੮
ਰਾਜ ਵਰਧਨ – ੫੦੪
ਰਾਜੇਸ਼ਵਰੀ – ੫੦੪
ਰਾਠੌਰ – ੫੦੬
ਰਾਮ – ੭੪
ਰਾਮ ਸਰਨ ਦਾਸ – ੪੫੨
ਰਾਮ ਸਿੰਘ ਦੱਤ – ੪੫੦
ਰਾਮ ਸਿੰਘ ਨਾਮਧਾਰੀ / ਰਾਮ ਸਿੰਘ ਬਾਬਾ } ੩੩, ੪੩੦, ੫੩੮
ਰਾਮ ਕੁਮਾਰ – ੯੦, ੯੧
ਰਾਮ ਗੜ੍ਹ – ੪੯੮
ਰਾਮ ਗੁਣੀ – ੫੯
ਰਾਮ ਚੰਦਰ – ੪੯੮, ੫੨੪
ਰਾਮ ਤੀਰਥ – ੧੯੬
ਰਾਮ ਦਾਸ ਗੁਰੂ – ੪੮੧, ੪੮੭, ੫੯੬
ਰਾਮਦਾਸ ਪੁਰਾ – ੪੮੨
ਰਾਮ ਦਿਆਲ – ੬੫
ਰਾਮਪੁਰਾ (ਬੁਸ਼ਹਿਰ) – ੧੦
ਰਾਮਾਇਣ – ੧੪, ੫੨, ੬੨, ੪੯੫, ੪੯੬
ਰਾਮਾ ਨੁਜ – ੫੮,
ਰਾਮਾ ਨੰਦ – ੪੧੯
ਰਾਲਫ ਫਾਕਸ – ੨੫੩
ਰਾਵਲਪਿੰਡੀ – ੩੭, ੩੮, ੩੯, ੧੭੦
ਰਾਵੀ – ੫੪੦
ਰਿਗਵੇਦ – ੫, ੧੦, ੧੧, ੧੨, ੧੩, ੨੦, ੨੧, ੩੮੧, ੩੮੪, ੪੧੨, ੫੩੦
ਰਿਵਾੜੀ – ੨੮, ੫੦੬, ੫੨੮
ਰੁਕਨਦੀਨ – ੫੨੨
ਰੂਪਬਸੰਤ – ੧੧੪
ਰੂਪ ਚੰਦ – ੬੧
ਰੋਹਣੀ – ੭੬
ਰੋਹਤਕ – ੨੨, ੩੯, ੯੮, ੫੩੫
ਰੋਪੜ – ੪੭੨, ੪੯੩, ੫੦੦, ੫੧੭, ੫੩੦
ਰੋਬਨ ਸਟਾਇਨ ਸ੍ਰੀ ਮਤੀ – ੮੪
ਰੰਗ ਨਾਥ – ੫੮

## ਲ

ਲਹਿਣਾ – ੩੬੨, ੩੬੩
ਲਕਸਮਣ ਸੇਨ – ੫੮
ਲਕਸਮੀ ਜਾਗਰ – ੧੧੫, ੧੧੭
ਲਖ ਨੌਤੀ – ੪੮੭
ਲਾਜਪਤ ਰਾਇ – ੩੩, ੫੩੯, ੫੪੦
ਲਛਮਨ – ੭੪
ਲੱਦਾਖ – ੧੨੯
ਲਮਗਾਨ – ੨੬, ੪੧੩

ਲਵ – ੫੨੪
ਲਾਇਲਪੁਰ – ੮, ੧੨੨
ਲਾਈ ਹਰੋਬਾ – ੧੧੫
ਲਾਸਵਾਰੀ – ੪੯੨
ਲਾਹੌਰ – ੩, ੪, ੨੭, ੨੮, ੮੨, ੮੩, ੮੪, ੯੨, ੯੪, ੧੩੨, ੧੪੯, ੧੯੭, ੪੨੨, ੪੩੧, ੪੩੮, ੪੪੯, ੪੮੨, ੪੮੫, ੪੮੬, ੪੯੧, ੪੯੬, ੪੯੯, ੫੦੫, ੫੨੧, ੫੨੪, ੫੨੫, ੫੩੫, ੫੩੬
ਲਾਹੌਰਾ ਸਿੰਘ – ੪੩੧, ੪੩੫
ਲਾਜ ਪਾਲ ਲਹਿਰ – ੫੩੯
ਲਾਵਾਂ – ੨੪੧
ਲੁਧਿਆਣਾ – ੧੦, ੯੮, ੧੯੭, ੨੦੩, ੪੮੪, ੪੮੫, ੫੧੧ ੫੨੬, ੫੨੭, ੫੨੮
ਲੁਡੀ – ੧੨੮
ਲੂਈ ਬੁਰਕਾਂ – ੪੯੨
ਲੂਈ ਬੁਰਕਾਨ – ੫੧੬
ਲੋਹੜੀ – ੨੦੯, ੨੧੧, ੨੪੮
ਲੋਹਾਰੂ – ੧੬੩, ੫੨੧
ਲੰਕਾ – ੨੫
ਲੰਕਾ ਕਾਲੀ – ੫੧੬
ਲੰਬਾ ਗਰਾਓ – ੬੫

ਵ

ਵਸਿਸ਼ਟ – ੯
ਵਸੂ ਬੰਧੂ – ੫੩੩
ਵਜ਼ੀਰ – ੪੨੫
ਵਜ਼ੀਰ ਖ਼ਾਨ – ੨੯, ੩੦, ੪੮੬, ੫੨੩
ਵਡਭਾਗ ਸਿੰਘ – ੫੦੧
ਵਡਾਲਾ – ੪੩੨
ਵਰਾਹ ਮਹਿਰ – ੪੮੪
ਵਲੀ ਅਲਾ ਸਜਣ – ੪੩੩
ਵਲੀ ਰਾਮ – ੫੩੭
ਵਾਈਟ ਹਾਊਸ – ੪੭੩
ਵਾਸਦੇਵ – ੨੩, ੬੧, ੭੬
ਵਾਸ਼ਿੰਗਟਨ – ੪੭੩
ਵਾਰਸ ਸ਼ਾਹ – ੩੪੫, ੪੧੬, ੪੨੩, ੪੨੪, ੪੨੫, ੪੨੬, ੪੨੮, ੪੫੬
ਵਾਲਟ ਵਿਟਮੈਨ – ੪੪੦
ਵਿਆਸਥਰੀ – ੪੯੪
ਵਿਸ਼ਨੂੰ – ੫੦੯
ਵਿਸ਼ਵਾ ਮਿੱਤਰ – ੨੧
ਵਿਕਰਮਾਦਿਤ – ੫੩੪
ਵਿਦਿਆ ਪਤੀ – ੭੦
ਵਿਧਾਤਾ ਸਿੰਘ ਤੀਰ – ੪੪੧, ੫੪੦
ਵਿਨੈਪਾਲ – ੫੧੯, ੫੨੧
ਵਿਮਨ ਗੜ੍ਹ – ੪੯੪
ਵੀਰ ਸਿੰਘ – ੪੩੧, ੪੩੭, ੪੩੮, ੪੩੯, ੪੪੨, ੪੪੬, ੪੪੮, ੪੫੧, ੪੫੬
ਵੇਣ ਰਾਜਾ – ੫੧੦
ਵੇਦ – ੧੮੩
ਵੈਦ ਨਾਥ – ੫੧੯


www.PunjabiLibrary.com

www.PunjabiLibrary.com